24-2-82 3
16-3-82 32

82-1

Chief Reporter
Punjab Vidhan Sabha
Chandigarh

Original
Punjab
Digitiz
Panjab Digital Library

133

Original with:
Punjab Vidhan Sabha
Digitized by:
Panjab Digital Library

# PUNJAB VIDHAN SABHA

## DEBATES

*24th February, 1982*

Vol. IV—No. 1

## OFFICIAL REPORT

Chief Reporter
Punjab Vidhan Sabha
Chandigarh

CONTENTS

*Wednesday, the 24th February, 1982*

| | Page |
|---|---|
| Obituary References | (1) 1 |

Punjab Vidhan Sabha Secretariat, Chandigarh

Price : Rs. 6-25

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;-
Panjab Digital Library

# PUNJAB VIDHAN SABHA

*Wednesday, the 24th February, 1982*

*The Vidhan Sabha met in the Punjab Vidhan Sabha Hall, Vidhan Bhavan, Chandigarh, at 4-30 P.M. of the Clock. Mr. Speaker (Shri Brij Bhushan Mehra) in the Chair.*

## OBITUARY REFERENCES

**Mr Speaker :** I call upon the Leader of the House to make obituary references, ਜਿਹੜੇ ਲਿਸਟ ਵਿਚ 10 ਨਾਮ ਦਿਤੇ ਹਨ ਉਨ੍ਹਾਂ ਤੋਂ ਇਲਾਵਾ ਸ੍ਰੀ ਨਰਿੰਦਰ ਸਿੰਘ, ਸਾਬਕਾ ਐਮ.ਐਲ.ਸੀ. ਦਾ ਨਾਮ ਵੀ ਐਡ ਕਰ ਲਿਆ ਜਾਵੇ ।

**ਸਰਦਾਰ ਦਰਬਾਰਾ ਸਿੰਘ** (ਮੁੱਖ ਮੰਤਰੀ) : ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਸਾਬਕਾ ਰਾਜਪਾਲ ਸ੍ਰੀ ਜੈ ਸੁਖ ਲਾਲ ਹਾਥੀ ਸਾਡੇ ਤੋਂ ਹਮੇਸ਼ਾਂ ਲਈ ਵਿਛੜ ਗਏ ਹਨ । ਆਪ ਉਚੇ ਅਸੂਲਾਂ ਦੇ ਮਨੁੱਖ ਸਨ ਅਤੇ ਆਪ ਨੇ ਦੇਸ਼ ਦੀ ਕਾਫੀ ਲੰਮਾ ਅਰਸਾ ਵੱਖ ਵੱਖ ਸਮਰੱਥਾਵਾਂ ਵਿਚ ਸੇਵਾ ਕੀਤੀ ਜਿਸ ਨੇ ਸਹਿਣਸ਼ੀਲਤਾ ਅਤੇ ਬੇਗਰਜ਼ ਕੁਰਬਾਨੀ ਦੀਆਂ ਰਵਾਇਤਾਂ ਨੂੰ ਵਧੇਰੇ ਗੌਰਵਮਈ ਬਣਾਇਆ । ਭਾਰਤ ਦੇ ਮਿਸ਼੍ਰਤ ਸਭਿਆਚਾਰ ਦੇ ਚਿੰਨ੍ਹਾਂ ਵਜੋਂ ਆਪ ਨੂੰ ਸਾਰੇ ਦੇਸ਼ ਵਾਸੀਆਂ ਅਤੇ ਖਾਸ ਕਰਕੇ ਪੰਜਾਬੀਆਂ ਦਾ ਸਤਿਕਾਰ, ਪਿਆਰ ਅਤੇ ਪ੍ਰਸ਼ੰਸਾ ਪ੍ਰਾਪਤ ਸੀ । ਪਿਛੇ ਜਿਹੇ ਆਪ ਨੇ ਆਪਣਾ ਕਾਫੀ ਸਮਾਂ ਭਾਰਤੀਆ ਵਿਦਿਆ ਭਵਨ ਵੱਲ ਦਿਤਾ ਅਤੇ ਇਸ ਦੇ ਮੀਤ ਪ੍ਰਧਾਨ ਵੀ ਰਹੇ । ਆਪ ਗੰਧਰਵ ਮਹਾਂ ਵਿਦਿਆਲਾ, ਦਿੱਲੀ ਅਤੇ ਸੋਮ ਨਾਥ ਮੰਦਰ ਟਰੱਸਟ ਦੇ ਟਰੱਸਟੀ ਅਤੇ ਪ੍ਰਧਾਨ ਵੀ ਸਨ । ਅਸੀਂ ਉਨ੍ਹਾਂ ਦੀ ਭਾਰਤੀ ਸਭਿਆਚਾਰ ਨੂੰ ਦੇਣ ਨੂੰ ਸਤਿਕਾਰ ਸਹਿਤ ਯਾਦ ਕਰਦੇ ਹਾਂ ।

ਆਪ 24 ਸਤੰਬਰ, 1977 ਨੂੰ ਪੰਜਾਬ ਦੇ ਗਵਰਨਰ ਨਿਯੁਕਤ ਹੋਏ । ਪਹਿਲਾਂ ਆਪ ਹਰਿਆਣਾ ਦੇ ਗਵਰਨਰ ਸਨ । ਆਪ 1967 ਤੋਂ 1969 ਤਕ ਰਾਜ ਸਭਾ ਦੇ ਲੀਡਰ ਰਹੇ ਅਤੇ 1972 ਤੋਂ 1974 ਤਕ ਸੰਸਦ ਵਿਚ ਕਾਂਗਰਸ ਪਾਰਟੀ ਦੇ ਡਿਪਟੀ ਲੀਡਰ ਸਨ ।

ਆਪ ਸਾਡੀ ਇਤਿਹਾਸਕ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਇਸ ਤੋਂ ਪਿਛੋਂ ਆਪ ਲੋਕ ਸਭਾ ਜਾਂ ਰਾਜ ਸਭਾ ਨਾਲ ਮਈ, 1974 ਤਕ ਲਗਾਤਾਰ ਜੁੜੇ ਰਹੇ ਹਨ । ਭਾਵੇਂ ਸਮਾਜਕ ਜੀਵਨ ਵਿਚ ਜਾਂ ਇਕ ਪਾਰਲੀਮੈਂਟੇਰੀਅਨ ਵਜੋਂ ਜਾਂ ਰਾਜਪਾਲ ਵਜੋਂ ਆਪ ਹਮੇਸ਼ਾਂ ਲੋਕ-ਤੰਤਰ, ਮਾਨਵਵਾਦ, ਪਰਉਪਕਾਰਤਾ, ਸਮਾਜਵਾਦ ਅਤੇ ਧਰਮ ਨਿਰਪੱਖਤਾ ਕਾਰਨ ਪ੍ਰਸਿੱਧ ਰਹੇ ਹਨ ।

ਆਪ ਦੇ 2-2-1982 ਨੂੰ ਸਵਰਗਵਾਸ ਹੋਣ ਕਾਰਨ ਅਸੀਂ ਇਕ ਮਹਾਨ ਦੇਸ਼-ਭਗਤ ਗੁਆ ਲਿਆ ਹੈ ਜੋ ਸਮਾਜਿਕ, ਸਭਿਆਚਾਰਕ ਅਤੇ ਵਿਦਿਅਕ ਕੀਮਤਾਂ, ਜਿਨ੍ਹਾਂ ਲਈ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲਾਇਆ ਸੀ, ਲਈ ਪੂਰੀ ਤਰ੍ਹਾਂ ਵਚਨ-ਬੱਧ ਸਨ ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਲਾਲਾ ਜਗਤ ਨਾਰਾਇਣ ਦੇ ਬੇਵਕਤ ਚਲਾਣੇ ਕਾਰਨ ਸਾਨੂੰ ਇਕ ਪ੍ਰਸਿੱਧ ਸੁਤੰਤਰਤਾ ਸੰਗ੍ਰਾਮੀ ਅਤੇ ਉੱਘੇ ਪੱਤਰਕਾਰ ਦਾ ਘਾਟਾ ਪਿਆ ਹੈ। ਲਾਲਾ ਜੀ ਹਿੰਦ ਸਮਾਚਾਰ ਅਖਬਾਰਾਂ ਦੇ ਗਰੁਪ ਦੇ ਬਾਨੀ ਸੰਪਾਦਕ ਸਨ। ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਜੱਗ ਬਾਣੀ ਦੇ ਸੰਪਾਦਕ ਵਜੋਂ ਆਪ ਦੀ ਪੱਤਰਕਾਰੀ ਦੀ ਲੰਮੀ ਅਤੇ ਉੱਘੀ ਸੇਵਾ ਕਾਤਲ ਦੀ ਗੋਲੀ ਕਾਰਨ ਘੱਟ ਗਈ।

ਲਾਲਾ ਜੀ ਪੁਰਾਣੇ ਸੁਤੰਤਰਤਾ ਸੰਗਰਾਮੀ ਸਨ। ਮਹਾਤਮਾਂ ਗਾਂਧੀ ਅਤੇ ਲਾਲਾ ਲਾਜਪਤ ਰਾਏ ਦੇ ਪ੍ਰਭਾਵ ਅਧੀਨ ਆਪ ਦੇਸ਼ ਦੀ ਅਜ਼ਾਦੀ ਲਈ ਬਹਾਦਰੀ ਨਾਲ ਲੜੇ ਅਤੇ ਬਰਤਾਨਵੀ ਰਾਜ ਦੇ ਦੌਰਾਨ ਸੁਤੰਤਰਤਾ ਸਮੇਂ ਆਪ ਲਗਭਗ 10 ਸਾਲ ਕੈਦ ਰਹੇ। ਭਾਰਤੀ ਰਾਜਨੀਤਿਕ ਇਤਿਹਾਸ ਵਿਚ ਆਪ ਮਹਾਤਮਾਂ ਗਾਂਧੀ ਦੇ ਸੱਚੇ ਅਤੇ ਅਹਿੰਸਾ ਦੀ ਵਿਚਾਰਧਾਰਾ ਦੇ ਮਸ਼ਾਲਚੀ ਵਜੋਂ ਜਾਣੇ ਜਾਂਦੇ ਰਹਿਣਗੇ।

ਪੰਜਾਬ ਵਿਚ ਲਾਲਾ ਜੀ ਸਿਖਿਆ, ਟਰਾਂਸਪੋਰਟ ਅਤੇ ਸਿਹਤ ਵਿਭਾਗਾਂ ਦੇ ਮੰਤਰੀ ਰਹੇ ਅਤੇ 1952 ਅਤੇ ਫਿਰ 1956 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। 1964 ਵਿਚ ਆਪ ਰਾਜ ਸਭਾ ਦੇ ਆਜ਼ਾਦ ਉਮੀਦਵਾਰ ਦੇ ਤੌਰ ਤੇ ਚੁਣੇ ਗਏ।

ਆਪ ਦਬੇ ਕੁਚਲੇ ਅਤੇ ਗਰੀਬਾਂ ਦੇ ਬੁਲਾਰੇ ਅਤੇ ਉਚੇ ਆਦਰਸ਼ਾਂ ਅਤੇ ਕੀਮਤਾਂ ਦੇ ਵਿਆਖਿਆਕਾਰ ਸਨ। ਆਪ ਦੀ 9 ਸਤੰਬਰ, 1981 ਨੂੰ ਦੁਖਦਾਈ ਮੌਤ ਨਾਲ ਉਕਤ ਪੱਖੋਂ ਦੇਸ਼ ਦੀ ਸੇਵਾ ਦੇ ਇਕ ਲੰਮੇ ਰਿਕਾਰਡ ਦਾ ਅੰਤ ਹੋ ਗਿਆ।

ਸਪੀਕਰ ਸਾਹਿਬ, ਪੰਜਾਬ ਦੇ ਸਾਬਕਾ ਮੰਤਰੀ ਚੌਧਰੀ ਲਹਿਰੀ ਸਿੰਘ 4 ਅਕਤੂਬਰ, 1981 ਨੂੰ ਰੋਹਤਕ ਵਿਖੇ ਪਰਲੋਕ ਸਿਧਾਰ ਗਏ। ਉਹ 1946 ਵਿਚ ਖਜ਼ਰ ਹਿਯਾਤ ਖਾਨ ਦੀ ਅਕਾਲੀ-ਕਾਂਗਰਸ ਦੀ ਸਾਂਝੀ ਵਜ਼ਾਰਤ ਵਿਚ ਭੀਮ ਸੈਨ ਸੱਚਰ ਨਾਲ ਪਹਿਲੇ ਕਾਂਗਰਸੀ ਵਜ਼ੀਰ ਸਨ।

ਵੰਡ ਤੋਂ ਬਾਅਦ ਉਹ ਗੋਪੀ ਚੰਦ ਭਾਰਗਵ ਵਜ਼ਾਰਤ ਵਿਚ ਸ਼ਾਮਲ ਹੋ ਗਏ ਅਤੇ ਮਗਰੋਂ 1953 ਤਕ ਦੀਆਂ ਸਰਕਾਰਾਂ ਵਿਚ ਰਹੇ। ਉਨ੍ਹਾਂ ਦੀ ਮੌਤ ਨਾਲ ਰਾਜ ਨੇ ਇਕ ਅਜਿਹਾ ਉੱਘਾ ਸਿਆਸਤਦਾਨ ਖੋਹ ਲਿਆ ਹੈ ਜਿਹੜੇ ਸਦਾ ਹੀ ਰਾਜ ਦੇ ਵਿਕਾਸ ਅਤੇ ਉਨਤੀ ਲਈ ਤੱਤਪਰ ਰਹਿੰਦੇ ਸਨ।

ਸਪੀਕਰ ਸਾਹਿਬ, ਮੈਂ ਬਾਵਾ ਹਰਨਾਮ ਸਿੰਘ ਜੀ ਨੂੰ ਵੀ ਸਨਿਮਰ ਸ਼ਰਧਾਂਜਲੀ ਭੇਂਟ ਕਰਨੀ ਹੈ ਜਿਹੜੇ 1969-71 ਦੌਰਾਨ ਅਕਾਲੀ ਵਜ਼ਾਰਤ ਸਮੇਂ ਵਣ ਅਤੇ ਪਸ਼ੂ ਪਾਲਣ ਵਿਭਾਗ ਦੇ ਰਾਜ ਮੰਤਰੀ ਰਹਿ ਚੁਕੇ ਹਨ। ਉਹ ਪਾਰਲੀਮੈਂਟੇਰੀਅਨ ਸਨ ਅਤੇ 1954 ਵਿਚ ਪਹਿਲੀ ਵਾਰ ਪੈਪਸੂ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ ਅਤੇ ਬਾਦ ਵਿਚ 1957 ਅਤੇ 1962 ਵਿਚ ਦੋ ਵਾਰੀ ਪੰਜਾਬ ਵਿਧਾਨ ਸਭਾ ਦੇ ਮੈਂਬਰ ਵੀ ਚੁਣੇ ਗਏ ਸਨ।

ਉਨ੍ਹਾਂ ਦੀ ਵਿਸ਼ਲੇਸ਼ਆਤਮਕ ਸੂਝਬੂਝ, ਭਾਸ਼ਣਕਾਰੀ ਅਤੇ ਸੁਭਾਅ ਦੀ ਬੇਬਾਕੀ ਨੇ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਇਕ ਗਹਿਰੀ ਛਾਪ ਛਡੀ ਹੈ। ਉਨ੍ਹਾਂ ਨੇ ਆਪਣੇ ਵਿਚਾਰ ਦਲੇਰੀ ਅਤੇ ਸਪੱਸ਼ਟਤਾ ਨਾਲ ਪ੍ਰਗਟ ਕਰਨ ਤੋਂ ਕਦੇ ਸੰਕੋਚ ਨਹੀਂ ਕੀਤਾ। ਉਹ ਕਈ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਮੈਂਬਰ ਰਹੇ। 20 ਅਕਤੂਬਰ 1981 ਨੂੰ ਉਨ੍ਹਾਂ ਦੇ ਚਲਾਣੇ ਨਾਲ ਪੰਜਾਬ ਨੂੰ ਇਕ ਸੁਘੜ ਸਿਆਸਤਦਾਨ, ਤਜਰਬੇਕਾਰ ਪਾਰਲੀਮੈਂਟੇਰੀਅਨ ਅਤੇ ਸਮਾਜ ਸੇਵਕ ਵਿਛੋੜਾ ਦੇ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਸ੍ਰੀ ਹੰਸ ਰਾਜ ਕਪੂਰ, ਸਾਬਕਾ ਐਮ.ਐਲ.ਸੀ. ਸਨ। ਉਹ 16 ਨਵੰਬਰ, 1981 ਨੂੰ ਸਾਡੇ ਤੋਂ ਵਿਛੜ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਨੂੰ ਇਕ ਨਿਧੜਕ ਦੇਸ਼ ਭਗਤ ਦਾ ਘਾਟਾ ਪਿਆ ਹੈ ਜਿਸ ਨੇ ਆਜ਼ਾਦੀ ਅੰਦੋਲਨ ਵਿਚ ਹਿੱਸਾ ਲਿਆ ਸੀ। ਆਪ ਇਕ ਸੁਲਝੇ ਹੋਏ ਸਿਆਸਤਦਾਨ ਅਤੇ ਪਾਰਲੀਮੈਂਟੇਰੀਅਨ ਸਨ। ਵਿਧਾਨ ਸਭਾ ਦੇ ਇਤਿਹਾਸ ਵਿਚ ਉਨ੍ਹਾਂ ਦੀ ਦੇਣ ਪ੍ਰਸ਼ੰਸਾ ਅਤੇ ਸਨਮਾਨਯੋਗ ਹੈ। ਆਪ ਸਾਦਗੀ ਅਤੇ ਸੁਹਿਰਦਤਾ ਦੀ ਸਾਖਸ਼ਾਤ ਮੂਰਤ ਸਨ।

ਸਪੀਕਰ ਸਾਹਿਬ, ਚੌਧਰੀ ਅਮਰ ਸਿੰਘ ਦੇ ਸਵਰਗਵਾਸ ਹੋਣ ਨਾਲ ਅਸੀਂ ਇਕ ਦੇਸ਼ ਭਗਤ, ਪੌਲੀਟੀਸ਼ੀਅਨ ਔਰ ਸਮਝ ਨਾਲ ਕੰਮ ਕਰਨ ਵਾਲੇ ਇਨਸਾਨ ਨੂੰ ਖੋਹ ਲਿਆ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬੇਹਤਰੀਨ ਹਿੱਸਾ ਦੇਸ਼ ਦੀ ਅਜ਼ਾਦੀ ਲਈ ਬਤੀਤ ਕੀਤਾ। ਉਹ ਲੈਜਿਸਲੇਟਰ ਵੀ ਰਹੇ ਔਰ ਮਨਿਸਟਰ ਵੀ ਰਹੇ। ਉਹ ਹਮੇਸ਼ਾਂ ਹੀ ਡਿਸਿਪਲਿਨ ਵਿਚ ਰਹਿ ਕੇ ਕੰਮ ਕਰਨ ਵਾਲੇ ਸਨ। ਉਹ 1942 ਤੋਂ 1946 ਤਕ ਜੇਲ੍ਹ ਵਿਚ ਰਹੇ ਸਨ। ਉਨ੍ਹਾਂ ਨੇ ਭਾਰਤ ਦੀ ਅਜ਼ਾਦੀ ਦੀ ਲਹਿਰ ਵਿਚ ਮਹੱਤਵਪੂਰਨ ਹਿੱਸਾ ਪਾਇਆ। ਉਹ 1955 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਇਰੀਗੇਸ਼ਨ, ਕੋਆਪ੍ਰੇਟਿਵ ਔਰ ਪੰਚਾਇਤ ਵਿਭਾਗਾਂ ਦੇ ਡਿਪਟੀ ਮਨਿਸਟਰ ਰਹੇ। ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਬਹੁਤ ਲੰਮੇ ਸਮੇਂ ਤਕ ਮੈਂਬਰ ਰਹੇ ਔਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ। ਉਹ ਇਕ ਚੰਗੇ ਪਾਰਲੀ-ਮੈਂਟੇਰੀਅਨ ਸਨ ਅਤੇ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿਚ ਉਨ੍ਹਾਂ ਦਾ ਹਿੱਸਾ ਪ੍ਰਸ਼ੰਸਾ ਯੋਗ ਹੈ ਉਨ੍ਹਾਂ ਦੀ ਮੌਤ 2 ਦਸੰਬਰ, 1981 ਨੂੰ ਹੋਈ ਅਤੇ ਸਾਡੇ ਕੋਲੋਂ ਇਕ ਉਘੇ ਵਿਧਾਨਕਾਰ ਹਮੇਸ਼ਾਂ ਲਈ ਜੁਦਾ ਹੋ ਗਏ।

ਸਪੀਕਰ ਸਾਹਿਬ, ਭਾਈ ਜੋਧ ਸਿੰਘ ਇਕ ਸਿਖਿਆ ਸ਼ਾਸਤਰੀ ਸਨ ਅਤੇ ਇਕ ਪ੍ਰਸਿਧ ਵਿਦਵਾਨ ਵਜੋਂ ਸਤਿਕਾਰੇ ਜਾਂਦੇ ਸਨ। ਉਹ ਬੜੇ ਵੱਡੇ ਐਜੂਕੇਸ਼ਨਿਸਟ ਸਨ। ਉਨ੍ਹਾਂ ਦੀ ਇਜ਼ਤ ਤੇ ਮਾਣ ਸਭ ਸਕਾਲਰ ਵੀ ਕਰਦੇ ਸਨ। ਉਨ੍ਹਾਂ ਤੋਂ, ਸਪੀਕਰ ਸਾਹਿਬ, ਮੇਰੇ ਵਰਗੇ ਹੋਰ ਵੀ ਕਈ ਦੋਸਤ ਪੜ੍ਹੇ ਹੋਣਗੇ ਉਸ ਕਾਲਜ ਵਿਚ। ਪੰਜਾਬੀ ਅਤੇ ਸਿਖ ਸਾਹਿਤ ਦੇ ਵਿਕਾਸ ਲਈ ਉਨ੍ਹਾਂ ਦੀ ਦੇਣ ਬਹੁਤ ਵੱਡਮੁੱਲੀ ਅਤੇ ਮਹੱਤਵਪੂਰਣ ਹੈ। ਉਹ ਇਕ ਬਹੁਤ ਚੰਗੇ ਲਿਖਾਰੀ ਸਨ ਔਰ ਪੰਜਾਬ ਯੂਨੀਵਰਸਿਟੀ, ਲਾਹੌਰ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਸੈਨੇਟ ਦੇ ਮੈਂਬਰ ਵੀ ਰਹੇ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪਹਿਲੇ ਵਾਈਸ ਚਾਂਸਲਰ ਸਨ। ਉਨ੍ਹਾਂ ਦੀ ਕਾਬਲੀਅਤ ਔਰ ਸਿਆਣਪ ਦਾ ਯੂਨੀਵਰਸਿਟੀਆਂ ਨੇ ਕਾਫੀ ਫਾਇਦਾ ਉਠਾਇਆ ਹੈ। ਪਹਿਲਾਂ ਉਨ੍ਹਾਂ ਨੂੰ ਬ੍ਰਿਟਿਸ਼ ਗੌਰਮਿੰਟ ਵਲੋਂ 'ਸਰਦਾਰ ਬਹਾਦੁਰ' ਦਾ ਟਾਈਟਲ ਮਿਲਿਆ ਅਤੇ ਫਿਰ ਗੌਰਮਿਟ ਆਫ ਇੰਡੀਆ ਨੇ 'ਪਦਮ ਭੂਸ਼ਨ' ਦਿੱਤਾ। ਭਾਈ ਜੋਧ ਸਿੰਘ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ ਲਾਹੌਰ, ਸ਼ਿਮਲਾ ਅਤੇ ਚੰਡੀਗੜ੍ਹ ਵਿਖੇ ਮੈਂਬਰ ਰਹੇ। ਇਕ ਵਿਧਾਨਕਾਰ ਵਜੋਂ ਉਨ੍ਹਾਂ ਨੇ ਬਹੁਤ ਸ਼ਲਾਘਾਯੋਗ ਕੰਮ ਕੀਤਾ। ਉਹ ਜਿੰਨੀ ਦੇਰ ਵੀ ਇਥੇ ਰਹੇ ਹਨ ਉਨ੍ਹਾਂ ਦੀ ਇਜ਼ਤ ਤੇ ਮਾਣ ਸਾਰੇ ਲੋਕ ਕਰਦੇ ਸਨ। ਸਕਾਲਰਜ਼ ਵਿਚ ਖਾਸ ਤੌਰ ਤੇ ਉਹ ਜਾਣੇ ਜਾਂਦੇ ਸਨ ਅਤੇ ਸਾਰੇ ਜਾਣਦੇ ਹਨ ਕਿ ਉਹ ਕਿੰਨੀ ਉੱਚ ਕੋਟੀ ਦੇ ਲਿਖਾਰੀ ਔਰ ਸਮਝ ਵਾਲੇ ਇਨਸਾਨ ਸਨ। 4 ਦਸੰਬਰ, 1981 ਨੂੰ ਉਨ੍ਹਾਂ ਦੇ ਸਾਡੇ ਕੋਲੋਂ ਜੁਦਾ ਹੋਣ ਤੇ ਸਾਨੂੰ ਇਕ ਬਹੁਤ ਵੱਡਾ ਘਾਟਾ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਸਾਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਭੁਪਿੰਦਰ ਸਿੰਘ ਢਿਲੋਂ ਹਮੇਸ਼ਾਂ ਲਈ ਸਾਡੇ ਕੋਲੋਂ ਜੁਦਾ ਹੋ ਗਏ ਹਨ। ਉਹ ਬੜੇ ਐਮੀਨੈਂਟ ਜੂਰਿਸਟ ਸਨ ! ਉਹ 1967 ਵਿਚ ਐਡਵੋਕੇਟ ਜਨਰਲ, ਪੰਜਾਬ, ਨਿਯੁਕਤ ਹੋਏ ਅਤੇ ਤਰੱਕੀ ਦੇ ਕੇ 1970 ਵਿਚ ਬੈਂਚ ਵਿਚ ਸ਼ਾਮਲ ਕਰ ਲਏ ਗਏ। ਇਤਨੇ ਥੋੜ੍ਹੇ ਸਮੇਂ ਵਿਚ ਹੀ ਉਹ ਆਪਣੀ ਕਾਬਲੀਅਤ, ਦ੍ਰਿੜ੍ਹਤਾ ਅਤੇ ਅਕਲ-ਮੰਦੀ ਨਾਲ ਸਾਰੇ ਲੋਕਾਂ ਵਿਚ ਪ੍ਰੀਏ ਬਣੇ ਅਤੇ ਆਪਣੇ ਲਈ ਵਿਸ਼ੇਸ਼ ਸਥਾਨ ਬਣਾ ਲਿਆ ਸੀ। 13 ਦਸੰਬਰ, 1981 ਨੂੰ ਉਨ੍ਹਾਂ ਦੀ ਮੌਤ ਨਾਲ ਸਾਨੂੰ ਇਕ ਮਹਾਨ ਜੂਰਿਸਟ ਅਤੇ ਡੂੰਘੇ ਮਾਨਵੀ ਵਿਚਾਰਾਂ ਵਾਲੇ ਇਨਸਾਨ ਦਾ ਘਾਟਾ ਪਿਆ ਹੈ। ਉਨ੍ਹਾਂ ਦੀ ਜੁਦਾਈ ਦਾ ਸਾਨੂੰ ਬੜਾ ਦੁੱਖ ਹੋਇਆ ਹੈ।

ਸਪੀਕਰ ਸਾਹਿਬ, ਸ਼੍ਰੀ ਜਯੋਤੀਰਮਏ ਬਾਸੂ, ਸੀ.ਪੀ. (ਐਮ.) ਦੇ ਲੀਡਰ ਸਨ ਅਤੇ ਵੈਟਰਨ ਪਾਰਲੀਮੈਂਟਰੀਅਨ ਸਨ। ਉਹ ਬੜੇ ਦ੍ਰਿੜ੍ਹ ਵਿਸ਼ਵਾਸੀ ਅਤੇ ਉਤਸ਼ਾਹ ਵਾਲੇ ਸਨ। ਉਹ ਬਹੁਤ ਸਮੇਂ ਤੱਕ ਪਾਰਲੀਮੈਂਟ ਵਿਚ ਮੈਂਬਰ ਰਹੇ ਅਤੇ ਉਹ ਹਮੇਸ਼ਾਂ ਹੀ ਲੋਕਾਂ ਦੇ ਸਵਾਲ ਉਠਾਉਂਦੇ ਸਨ। ਉਹ ਮੁਲਕ ਦੇ ਕਾਜ਼ ਲਈ ਬੜੇ ਡੈਡੀਕੇਟਿਡ ਸਨ। ਜੋ ਵੀ ਉਨ੍ਹਾਂ ਵੱਲੋਂ ਸਵਾਲ ਜਾਂਦੇ ਸਨ ਉਨ੍ਹਾਂ ਨੂੰ ਉਹ ਬੜੀ ਸੂਝਤਾ ਨਾਲ ਭੇਜਦੇ ਸਨ। ਉਹ 1973-75 ਲਈ ਪਬਲਿਕ ਅਕਾਊਂਟਸ ਕਮੇਟੀ ਦੇ ਚੇਅਰਮੈਨ ਰਹੇ। ਮੈਂ ਜ਼ਾਤੀ ਤੌਰ ਤੇ ਜਾਣਦਾ ਹਾਂ ਕਿ ਉਨ੍ਹਾਂ ਨੇ ਬਹੁਤ ਮਿਹਨਤ ਕਰਕੇ ਬਹੁਤ ਸਾਰੇ ਸੁਝਾਓ ਐਸੇ ਦਿੱਤੇ ਹਨ ਜਿਨ੍ਹਾਂ ਤੇ ਸਰਕਾਰ ਅਮਲ ਕਰਕੇ ਦਰੁੱਸਤ ਵੀ ਕਰ ਸਕਦੀ ਹੈ ਅਤੇ ਅਗੇ ਨੂੰ ਤਰੱਕੀ ਦੇ ਜੋ ਜ਼ਰਾਏ ਹੋ ਸਕਦੇ ਹਨ ਉਹਨਾਂ ਲਈ ਵੀ ਉਨ੍ਹਾਂ ਨੇ ਫਾਇਦੇਮੰਦ ਗੱਲਾਂ ਕੀਤੀਆਂ। ਇਸ ਮੁਲਕ ਵਿਚ ਸਾਰੇ ਲੋਕ ਜਾਣਦੇ ਹਨ ਕਿ ਉਹ ਬਹੁਤ ਪ੍ਰਾਂਪਟ ਜਵਾਬ ਦੇਣ ਵਾਲੇ ਔਰ ਬਹੁਤ ਵਾਕਫੀਅਤ ਰਖਣ ਵਾਲੇ ਇਕ ਪੋਲੀਟੀਸ਼ੀਅਨ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਸਾਡੇ ਕੋਲੋਂ ਇਕ ਉਹ ਸ਼ਖਸੀਅਤ ਚਲੀ ਗਈ ਹੈ ਜਿਨ੍ਹਾਂ ਦੀ ਜਗ੍ਹਾ ਭਰਨੀ ਮੁਸ਼ਕਲ ਹੈ।

ਸਪੀਕਰ ਸਾਹਿਬ, ਸ਼੍ਰੀ ਮੋਹਨ ਲਾਲ ਸੁਖਾਡੀਆ ਨੂੰ ਕੌਣ ਨਹੀਂ ਜਾਣਦਾ। ਉਹ ਭਾਰਤ ਦੇ ਮਹਾਨ ਸਪੂਤ ਸਨ ਅਤੇ ਉਹ ਰਾਜਿਸਥਾਨ ਦੇ ਬਹੁਤ ਸਮੇਂ ਤਕ ਚੀਫ ਮਨਿਸਟਰ ਰਹੇ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਡੈਮੋਕਰੇਟਿਕ ਪ੍ਰਿੰਸੀਪਲਜ਼ ਲਈ ਬਤੀਤ ਕੀਤੀ। ਉਹ ਕੌਮ-ਪ੍ਰਸਤ ਅਤੇ ਸੈਕੂਲਰ ਸਨ। ਉਹ ਮਹਾਨ ਦੇਸ਼ ਭਗਤ ਸਨ ਅਤੇ 17 ਸਾਲ ਰਾਜਿਸਥਾਨ ਦੇ ਚੀਫ ਮਨਿਸਟਰ ਰਹੇ। ਉਹ 1980 ਦੀਆਂ ਆਮ ਚੋਣਾਂ ਵਿਚ ਕਾਂਗਰਸ (ਆਈ) ਦੇ ਟਿਕਟ ਉਤੇ ਉਦੈਪੁਰ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ। ਉਹ ਸੈਂਟਰਲ ਟੈਕਸੇਸ਼ਨ ਕਮੇਟੀ ਵਿਚ ਕੈਬਨਿਟ ਰੈਂਕ ਦੇ ਚੇਅਰਮੈਨ ਰਹੇ। 2 ਫ਼ਰਵਰੀ, 1982 ਨੂੰ ਉਹ ਹਮੇਸ਼ਾਂ ਲਈ ਸਾਡੇ ਕੋਲੋਂ ਜੁਦਾ ਹੋ ਗਏ। ਉਹ ਮੁਲਕ ਲਈ ਨਿਹਾਇਤ ਪਿਆਰ ਨਾਲ, ਸਮਝਦਾਰੀ ਨਾਲ ਤੇ ਤਜਰਬੇਕਾਰੀ ਨਾਲ ਕੰਮ ਕਰਨ ਵਾਲੇ ਇਨਸਾਨ ਸਨ ਅਤੇ ਉਨ੍ਹਾਂ ਦੇ ਸਾਡੇ ਕੋਲੋਂ ਜੁਦਾ ਹੋਣ ਨਾਲ ਸਾਨੂੰ ਬੜਾ ਘਾਟਾ ਪਿਆ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਸਰਦਾਰ ਨਰਿੰਦਰ ਸਿੰਘ, ਜੋ ਜਲੰਧਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਅਤੇ ਵਕੀਲ ਵੀ ਸਨ, ਉਹ ਸਾਡੇ ਇਥੇ ਐਮ.ਐਲ.ਸੀ. ਰਹੇ। ਉਹ ਆਪਣੇ ਪ੍ਰੋਫੈਸ਼ਨ ਵਿਚ ਬਹੁਤ ਕਾਮਯਾਬ ਸਨ। ਉਹ ਬੜੇ ਸੂਝਵਾਨ ਅਤੇ ਨਵੇਂ ਇਨੀਸ਼ੀਏਟਿਵਜ਼ ਲੈਣ ਵਾਲੇ ਇਨਸਾਨ ਸਨ। ਉਨ੍ਹਾਂ ਨੇ ਬੜੀ ਕਾਮਯਾਬੀ ਨਾਲ ਆਪਣੇ ਉਸ ਇਲਾਕੇ ਵਿਚ ਜੋ ਬੈਕਵਰਡ ਸੀ, ਆਪਣੀ ਕਾਫੀ ਦੇਣ ਦਿੱਤੀ ਹੈ। ਉਹ ਸਾਡੇ ਕੋਲੋਂ ਕਾਫੀ ਚੰਗਾ ਸਮਾਂ ਗੁਜ਼ਾਰ ਕੇ ਹਮੇਸ਼ਾਂ ਲਈ ਜੁਦਾ ਹੋ ਗਏ ਹਨ। ਸਾਨੂੰ ਉਨ੍ਹਾਂ ਦੇ ਚਲੇ ਜਾਣ ਨਾਲ ਬੜਾ ਦੁੱਖ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਹ ਜਿੰਨੇ ਵੀ ਸਜਣ ਸਾਡੇ ਕੋਲੋਂ ਹਮੇਸ਼ਾਂ ਲਈ ਜੁਦਾ ਹੋ ਗਏ ਹਨ ਉਨ੍ਹਾਂ ਦੇ ਦੁਖਿਤ ਪ੍ਰੀਵਾਰਾਂ ਨੂੰ ਸਾਡਾ ਜੋ ਗਰੀਫ ਪ੍ਰਸਤਾਵ ਹੈ, ਸ਼ੋਕ ਮਤਾ ਜੋ ਹੈ, ਉਹ ਭੇਜ ਦਿੱਤਾ ਜਾਵੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** (ਗਿੱਦੜਬਾਹਾ) : ਸਪੀਕਰ ਸਾਹਿਬ, ਪਿਛਲੇ ਕੁਝ ਸਮੇਂ ਦੇ ਦੌਰਾਨ ਸਾਡੇ ਦੇਸ਼ ਦੀਆਂ ਅਤੇ ਸਾਡੇ ਸੂਬੇ ਦੀਆਂ ਕੁਝ ਮਹਾਨ ਸ਼ਖਸ਼ੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ। ਸ੍ਰੀ ਜੈ ਸੁਖ ਲਾਲ ਹਾਥੀ 2 ਫਰਵਰੀ ਨੂੰ ਬਹੁਤ ਸਖਤ ਹਰਟ ਅਟੈਕ ਹੋਣ ਦੇ ਕਾਰਨ 73 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਹਾਥੀ ਜੀ ਨੇ ਆਪਣਾ ਲੀਗਲ ਕੈਰੀਅਰ ਬੰਬਈ ਤੋਂ ਸ਼ੁਰੂ ਕੀਤਾ ਅਤੇ ਰਾਜਕੋਟ ਸਟੇਟ ਵਿਚ ਡਿਸਟ੍ਰਿਕਟ ਅਤੇ ਸੈਸ਼ਨ ਜੱਜ ਰਹੇ। ਫਿਰ ਸਵਰਾਸ਼ਟਰਾ ਸਟੇਟ ਦੇ ਚੀਫ ਸੈਕਟਰੀ ਰਹੇ ਅਤੇ ਕਾਂਸਟੀ-ਚਿਊਐਂਟ ਅਸੈਂਬਲੀ ਦੇ ਮੈਂਬਰ ਰਹੇ। ਉਹ ਰਾਜ ਸਭਾ ਦੇ ਵਿਚ ਕਾਂਗਰਸ ਪਾਰਟੀ ਦੇ ਲੀਡਰ ਅਤੇ ਡਿਪਟੀ ਲੀਡਰ ਕਾਂਗਰਸ ਪਾਰਲੀਆਮੈਂਟਰੀ ਦੇ ਰਹੇ। ਬਹੁਤ ਅਰਸਾ ਤਕ ਮਨਿਸਟਰੀ ਵਿਚ ਰਹਿ ਕੇ ਸੇਵਾ ਕੀਤੀ। ਉਨ੍ਹਾਂ ਕੋਲ ਬਹੁਤ ਇੰਪਾਰਟੈਂਟ ਪੋਰਟਫੋਲੀਉ, ਜਿਵੇਂ ਹੋਮ ਅਫੇਅਰਜ਼ ਡਿਫੈਂਸ, ਲੇਬਰ ਅਤੇ ਰਿਹੈਬਲੀਟੇਸ਼ਨ ਰਹੇ। ਉਹ ਹਰਿਆਣਾ ਅਤੇ ਪੰਜਾਬ ਦੇ ਗਵਰਨਰ ਰਹੇ। ਕਿਹਾ ਜਾ ਸਕਦਾ ਹੈ ਕਿ ਉਹ ਪੋਲੀਟੀਸ਼ੀਅਨਜ਼ ਵਿਚੋਂ ਇਕ ਸੇਂਟ ਪੋਲੀਟੀਸ਼ੀਅਨਜ਼ ਸਨ। ਉਹ ਇਕ ਅਛੇ ਐਡਮਨਿਸਟਰੇਟਰ ਸਨ, ਸੋਸ਼ਲ ਵਰਕਰਜ਼ ਸਨ। ਉਨ੍ਹਾਂ ਦੀ ਬੇਵਕਤ ਮੌਤ ਦਾ ਸਾਰੇ ਮੁਲਕ ਨੂੰ ਘਾਟਾ ਪਿਆ ਹੈ ਅਤੇ ਪੰਜਾਬ ਆਪਣੇ ਇਕ ਸਚੇ ਹਮਦਰਦ ਤੋਂ ਵਾਂਝਿਆ ਰਹਿ ਗਿਆ ਹੈ।

ਸ੍ਰੀ ਮੋਹਨ ਲਾਲ ਸੁਖਾਡੀਆ, ਜਿਨ੍ਹਾਂ ਦਾ ਨਾਂ ਅੱਜ ਸਾਰੇ ਦੇਸ਼ ਦੇ ਲੋਕ ਜਾਣਦੇ ਹਨ, ਉਹ 66 ਸਾਲ ਦੀ ਉਮਰ ਵਿਚ ਹਰਟ ਅਟੈਕ ਨਾਲ ਅਕਾਲ ਚਲਾਣਾ ਕਰ ਗਏ। ਉਹ ਰਾਜਿਸਥਾਨ ਦੇ ਲਗਾਤਾਰ 17 ਸਾਲ ਚੀਫ ਮਨਿਸਟਰ ਰਹੇ ਔਰ 3 ਸਦਰਨ ਸਟੇਟ ਦੇ ਗਵਰਨਰ ਰਹੇ। ਇਹ ਕਿਹਾ ਜਾ ਸਕਦਾ ਹੈ ਕਿ ਉਹ ਰਾਜਿਸਥਾਨ ਨੂੰ ਬਿਲਟ ਕਰਨ ਵਾਲੀ ਸ਼ਖਸ਼ੀਅਤ ਸਨ। ਉਨ੍ਹਾਂ ਨੇ ਦੇਸ਼ ਦੀ ਅਣਥਕ ਤਰੀਕੇ ਨਾਲ ਸੇਵਾ ਕੀਤੀ। ਉਹ ਇਕ ਬਹੁਤ ਵਡੇ ਪੈਟਰੀਆਟ ਸਨ। ਉਹ ਇਕ ਸੀਜ਼ੰਡ ਸਟੇਟਸਮੈਨ ਸਨ ਔਰ ਉਨ੍ਹਾਂ ਦੀਆਂ ਕੁਆਲੀਟੀਜ਼ ਬਹੁਤ ਜ਼ਿਆਦਾ ਸਨ। ਮੌਤ ਤੋਂ ਪਹਿਲਾਂ ਉਨ੍ਹਾਂ ਨੂੰ ਸੈਂਟਰਲ ਸਰਕਾਰ ਨੇ ਸੇਲਜ਼ ਟੈਕਸ ਸਿੰਪਲੀਫਾਈ ਕਰਨ ਵਾਸਤੇ ਸੇਲਜ਼ ਟੈਕਸ ਕਮੇਟੀ ਦਾ ਚੇਅਰਮੈਨ ਬਣਾਇਆ ਹੋਇਆ ਸੀ ਅਤੇ ਉਸ ਨੂੰ ਕੈਬਨਿਟ ਰੈਂਕ ਦਿਤਾ ਹੋਇਆ ਸੀ।

ਕਾਮਰੇਡ ਜਯੋਤੀਰਮਏ ਬਾਸੂ, ਉਹ ਵੀ ਹਰਟ ਅਟੈਕ ਦੇ ਕਾਰਨ ਅਕਾਲ ਚਲਾਣਾ ਕਰ ਗਏ ਹਨ। ਉਹ ਦੇਸ਼ ਦੇ ਪ੍ਰਸਿਧ ਪਾਰਲੀਮੈਂਟੇਰੀਅਨ ਵਿਚੋਂ ਇਕ ਸਨ। ਉਹ 15 ਸਾਲ ਪਾਰਲੀਆਮੈਂਟ ਦੇ ਮੈਂਬਰ ਰਹੇ। ਉਨ੍ਹਾਂ ਨੇ ਪੀਜ਼ੈਂਟ ਅਤੇ ਵਰਕਿੰਗ ਕਲਾਸ ਦੀ ਬਹੁਤ ਸੇਵਾ ਕੀਤੀ। ਐਮਰਜੈਂਸੀ ਵਿਚ ਕਾਫੀ ਲੰਮੇਂ ਸਮੇਂ ਵਿਚ ਮੀਸਾ ਅਧੀਨ ਜੇਲ੍ਹ ਵਿਚ ਰਹੇ। ਉਹ ਇੰਡੋ-ਸੋਵੀਅਤ ਫਰੈਂਡਸ਼ਿਪ ਸੋਸਾਇਟੀ ਦੇ ਪ੍ਰੈਜ਼ੀਡੈਂਟ ਰਹੇ। ਉਹ ਬਹੁਤ ਸਾਰੀਆਂ ਟਰੇਡ ਯੂਨੀਅਨ ਆਰਗੇਨਾਈਜ਼ੇਸ਼ਨਜ਼ ਦੇ ਮੈਂਬਰ ਰਹੇ ਅਤੇ ਦੋ ਇੰਪਾਰਟੈਂਟ ਸੈਂਟਰਲ ਕਮੇਟੀਜ਼ ਪੀ.ਏ.ਸੀ. ਅਤੇ ਪੀ.ਯੂ.ਸੀ. ਦੇ ਚੇਅਰਮੈਨ ਰਹੇ।

ਸਪੀਕਰ ਸਾਹਿਬ, ਜਸਟਿਸ ਭੁਪਿੰਦਰ ਸਿੰਘ ਢਿਲੋਂ ਬਹੁਤ ਹੀ ਯੰਗ ਏਜ ਵਿਚ ਸਾਨੂੰ ਵਿਛੋੜਾ ਦੇ ਗਏ ਹਨ। ਉਹ ਫਰੀਦਕੋਟ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਲਾਇਲਪੁਰ ਕਾਲਜ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਅਤੇ ਫਿਰ ਖਾਲਸਾ ਕਾਲਜ ਜਲੰਧਰ ਅਤੇ ਫਿਰ ਬਰਜਿੰਦਰਾ ਕਾਲਜ, ਫਰੀਦਕੋਟ ਵਿਚੋਂ ਤਾਲੀਮ ਹਾਸਲ ਕੀਤੀ। ਉਨ੍ਹਾਂ ਨੇ ਅਲੀਗੜ੍ਹ ਮੁਸਲਮ ਯੂਨੀਵਰਸਿਟੀ ਤੋਂ ਐਲਐਲ.ਬੀ. ਦੀ ਡਿਗਰੀ ਹਾਸਲ ਕੀਤੀ। ਉਹ ਪੰਜਾਬ ਦੇ ਐਡੀਸ਼ਨਲ ਐਡਵੋਕੇਟ ਜਨਰਲ ਰਹੇ ਔਰ ਫਿਰ ਜਲਦੀ ਹੀ ਪੰਜਾਬ ਦੇ ਐਡਵੋਕੇਟ ਜਨਰਲ ਬਣ ਗਏ। 6 ਫਰਵਰੀ, 1970 ਨੂੰ ਉਹ ਹਾਈ ਕੋਰਟ ਦੇ ਜੱਜ ਬਣੇ ਔਰ ਥੋੜੇ ਚਿਰ ਵਿਚ ਐਜ਼ ਏ ਜੁਡਿਸ਼ਟ ਉਨ੍ਹਾਂ ਨੇ ਆਪਣੀ ਪੋਜ਼ੀਸ਼ਨ ਬਣਾਈ। ਇਹ ਚਰਚਾ ਸੀ ਕਿ ਉਹ ਜਲਦੀ ਹੀ ਸੁਪਰੀਮ ਕੋਰਟ ਦੇ ਜੱਜ ਬਣ ਜਾਣਗੇ। ਉਨ੍ਹਾਂ ਦੇ ਪਰੀਵਾਰ ਨਾਲ ਜੋ ਧੱਕਾ ਹੋਇਆ ਉਨ੍ਹਾਂ ਦੇ ਨਾਲ ਸੂਬੇ ਦੇ ਸਾਰੇ ਲੋਕਾਂ ਦੀ ਹਮਦਰਦੀ ਹੈ। ਉਨ੍ਹਾਂ ਦੇ ਇਕ ਭਰਾ ਜਿਹੜੇ ਸਾਡੇ ਸਦਨ ਦੇ ਮੈਂਬਰ ਸਨ ਉਹ ਕੁਝ ਸਮਾਂ ਪਹਿਲਾਂ ਅਕਾਲ ਚਲਾਣਾ ਕਰ ਗਏ ਅਤੇ ਕੁਝ ਚਿਰ ਪਹਿਲਾਂ ਉਨ੍ਹਾਂ ਦੇ ਫਾਦਰ ਸਾਹਿਬ ਅਕਾਲ ਚਲਾਣਾ ਕਰ ਗਏ। ਐਡਾ ਵੱਡਾ ਲਾਸ ਜਿਹੜਾ ਸੂਬੇ ਨੂੰ ਹੋਇਆ ਇਹ ਕਦੇ ਪੂਰਾ ਹੋਣ ਵਾਲਾ ਨਹੀਂ।

ਭਾਈ ਜੋਧ ਸਿੰਘ 100 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੇ ਪ੍ਰਾਇਮਰੀ ਐਜੂਕੇਸ਼ਨ ਭਾਵੇਂ ਇਕ ਪਿੰਡ ਦੇ ਸਕੂਲ ਵਿਚ ਲਈ ਪਰ ਬੀ.ਏ. ਔਰ ਐਮ.ਏ. ਦੇ ਇਮਤਿਹਾਨਾਂ ਵਿਚੋਂ ਉਸ ਵੇਲੇ ਸਾਰੀ ਸਟੇਟ ਵਿਚੋਂ ਅਵੱਲ ਨੰਬਰ ਤੇ ਰਹੇ ਸਨ। ਉਨ੍ਹਾਂ ਦਾ ਐਜੂਕੇਸ਼ਨ ਦਾ ਕੈਰੀਅਰ ਬਹੁਤ ਹੀ ਉੱਚਾ ਸੀ। ਉਸ ਦੇ ਬਾਦ ਉਨ੍ਹਾਂ ਨੇ 1905 ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਜੁਆਇਨ ਕੀਤਾ ਬਤੌਰ ਪ੍ਰੋਫੈਸਰ ਆਫ ਡੈਵੀਨਿਟੀ। ਉਹ ਖਾਲਸਾ ਹਾਈ ਸਕੂਲ, ਲਾਇਲਪੁਰ ਦੇ ਹੈਡਮਾਸਟਰ ਰਹੇ, ਫਿਰ ਉਹ ਪ੍ਰਿੰਸੀਪਲ ਖਾਲਸਾ ਕਾਲਜ, ਗੁਜਰਾਂਵਾਲਾ ਰਹੇ। ਉਨ੍ਹਾਂ ਨੇ ਫਿਰ ਖਾਲਸਾ ਕਾਲਜ, ਅੰਮ੍ਰਿਤਸਰ ਜੁਆਇਨ ਕਰ ਲਿਆ। ਬਤੌਰ ਲੈਕਚਰਾਰ ਅਤੇ 1936 ਵਿਚ ਪ੍ਰਿੰਸੀਪਲ ਬਣ ਗਏ। ਬਹੁਤ ਲੰਮਾ ਅਰਸਾ, ਯਾਨੀ 1952 ਤਕ ਖਾਲਸਾ ਕਾਲਜ ਦੇ ਪ੍ਰਿੰਸੀਪਲ ਰਹੇ। ਭਾਈ ਜੋਧ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਰਹੇ ਉਨ੍ਹਾਂ ਨੂੰ 'ਸਰਦਾਰ ਬਹਾਦੁਰ' ਦਾ ਖਿਤਾਬ ਬ੍ਰਿਟਿਸ਼ ਗੌਰਮਿੰਟ ਵਲੋਂ ਮਿਲਿਆ ਸੀ ਅਤੇ 'ਪਦਮ ਭੂਸ਼ਣ' ਗੌਰਮਿੰਟ ਆਫ ਇੰਡੀਆ ਨੇ ਦਿੱਤਾ। ਪੰਜਾਬ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ। ਉਹ ਸਿਖ ਲਿਟਰੇਚਰ ਦੇ ਬਹੁਤ ਵੱਡੇ ਵਿਦਵਾਨ ਸਨ ਔਰ ਪੰਜਾਬੀ ਅਤੇ ਇੰਗਲਿਸ਼ ਵਿਚ ਉਨ੍ਹਾਂ ਨੇ ਬਹੁਤ ਆਰਟੀਕਲ ਲਿਖੇ। ਉਹ ਬਹੁਤ ਵੱਡੇ ਸਪੀਕਰ ਸਨ। ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ—ਪਹਿਲਾਂ ਲਾਹੌਰ, ਫਿਰ ਸ਼ਿਮਲਾ ਅਤੇ ਫਿਰ ਚੰਡੀਗੜ੍ਹ। ਉਹ ਸਾਹਿਤ ਅਕਾਡਮੀ, ਲੁਧਿਆਣਾ ਦੇ ਫਾਊਂਡਰ ਸਨ ਅਤੇ ਪੰਜਾਬ ਟੈਕਸਟ ਬੁੱਕ ਕਮੇਟੀ ਦੇ ਮੈਂਬਰ ਸਨ। ਉਹ ਪੰਜਾਬ ਦੀ ਗੁੱਡਵਿਲ ਸੋਸਾਇਟੀ ਦੇ ਮੈਂਬਰ ਰਹੇ ਅਤੇ ਪੰਜਾਬ ਦਾ ਆਲ ਇੰਡੀਆ ਸਿਖ ਐਜੂਕੇਸ਼ਨ ਕਾਨਫਰੰਸਾਂ ਵਿਚ 3 ਵਾਰੀ ਪ੍ਰਧਾਨਗੀ ਕੀਤੀ। ਉਹ ਬਹੁਤ ਵਡੇ ਐਜੂਕੇਸ਼ਨਿਸਟ ਸਨ। ਐਜੂਕੇਸ਼ਨ ਦੇ ਖੇਤਰ ਵਿਚ ਉਨ੍ਹਾਂ ਦੀ ਮਹਾਨਤਾ ਯੂਨੀਕ ਸੀ ਅਤੇ ਉਨ੍ਹਾਂ ਦੀ ਐਜੂਕੇਸ਼ਨ ਵਿਚ ਜਿਹੜੀ ਕੰਟਰੀਬਿਊਸ਼ਨ ਸੀ ਉਹ ਲਫਜ਼ਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ।

ਲਾਲਾ ਜਗਤ ਨਰਾਇਣ, 83 ਸਾਲਾਂ ਦੀ ਉਮਰ ਵਿਚ ਚਲਾਣਾ ਕਰ ਗਏ। ਉਹ ਮਹਾਨ ਪੋਲੀਟੀਕਲ ਅਤੇ ਸੋਸ਼ਲ ਫਿਗਰ ਸਨ। ਉਹ ਐਜੂਕੇਸ਼ਨ ਮਨਿਸਟਰ ਰਹੇ। ਉਹ ਲਾਹੌਰ ਦੀ ਡਿਸਟ੍ਰਿਕਟ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਰਹੇ। ਉਹ ਪਹਿਲਾਂ ਐਮ.ਐਲ.ਏ. ਫਿਰ ਵਜ਼ੀਰ ਰਹੇ। ਉਹ ਬਹੁਤ ਅੱਛੇ ਜਰਨਲਿਸਟ ਸਨ ਅਤੇ ਫਰੀਡਮ ਫਾਈਟਰ ਸਨ। ਉਨ੍ਹਾਂ ਦੀ ਮੌਤ ਨਾਲ ਸੂਬੇ ਨੂੰ ਬਹੁਤ ਬੜਾ ਘਾਟਾ ਪਿਆ।

Original with;
Punjab Vidhan Sabha
Digitized by;
Panjab Digital Library

ਚੌਧਰੀ ਲਹਿਰੀ ਸਿੰਘ 4 ਅਕਤੂਬਰ, 1981 ਨੂੰ 82 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਉਹ ਸੀਜ਼ੰਡ ਅਤੇ ਐਲਡਰਲੀ ਪਾਰਲੀਆਮੈਂਟੇਰੀਅਨ ਸਨ। ਉਨ੍ਹਾਂ ਨੇ ਪਿੰਡਾਂ ਅਤੇ ਦਿਹਾਤੀ ਜ਼ਿੰਦਗੀ ਵਿਚ ਬਹੁਤ ਵੱਡਾ ਕੰਮ ਕੀਤਾ। ਹਰਿਆਣਾ ਔਰ ਪੰਜਾਬ ਦੇ ਨਾਲ ਸਿਸਟਮ ਦੀ ਡਿਵੈਲਪਮੈਂਟ ਵਿਚ ਉਨ੍ਹਾਂ ਨੇ ਬਹੁਤ ਵੱਡਾ ਹਿੱਸਾ ਪਾਇਆ। ਉਹ ਲਾਲਾ ਭੀਮ ਸੈਨ ਸੱਚਰ ਨਾਲ ਮਨਿਸਟਰ ਰਹੇ ਅਤੇ ਭਾਰਗਵ ਮਨਿਸਟਰੀ ਵਿਚ ਵੀ ਮਨਿਸਟਰ ਰਹੇ। ਉਨ੍ਹਾਂ ਨੇ ਸਾਂਝੇ ਪੰਜਾਬ ਦੀ ਵੀ ਸੇਵਾ ਕੀਤੀ।

ਚੌਧਰੀ ਅਮਰ ਸਿੰਘ ਜੋ 80 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ, ਉਹ ਬਹੁਤ ਵੱਡੇ ਫਰੀਡਮ ਫਾਈਟਰ ਸਨ। ਉਨ੍ਹਾਂ ਨੇ ਕੁਇਟ ਇੰਡੀਆ ਮੂਵਮੈਂਟ ਵਿਚ ਹਿੱਸਾ ਲਿਆ ਔਰ 1944 ਤਕ ਜੇਲ੍ਹ ਵਿਚ ਰਹੇ। ਉਨ੍ਹਾਂ ਨੇ ਗੁਰੂਕਾ ਬਾਗ਼ ਅਤੇ ਜੈਤੋ ਮੋਰਚਾ ਵਿਚ ਹਿੱਸਾ ਲਿਆ। ਉਹ ਪੰਜਾਬ ਲੈਜਿਸਲੇਟਿਵ ਅਸੈਂਬਲੀ ਅਤੇ ਕੌਂਸਲ ਦੇ ਮੈਂਬਰ ਰਹੇ, ਉਨ੍ਹਾਂ ਨੇ ਬਤੌਰ ਡਿਪਟੀ ਮਨਿਸਟਰ ਪੰਜਾਬ ਦੀ ਸੇਵਾ ਕੀਤੀ।

ਬਾਵਾ ਹਰਨਾਮ ਸਿੰਘ 66 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੇ ਸਿਖ ਨੈਸ਼ਨਲ ਕਾਲਜ, ਲਾਹੌਰ ਵਿਚੋਂ ਬੀ.ਏ. ਕੀਤੀ। ਪਾਰਟੀਸ਼ਨ ਤੋਂ ਬਾਦ ਉਹ ਕਪੂਰਥਲੇ ਆ ਗਏ ਅਤੇ ਆਪਣੀ ਲਬਾਣਾ ਬਰਾਦਰੀ ਦੇ ਲੀਡਰ ਰਹੇ। ਉਹ ਪੈਪਸੂ ਲੈਜਿਸਲੇਟਿਵ ਅਸੈਂਬਲੀ ਵਿਚ ਮੈਂਬਰ ਰਹੇ ਅਤੇ ਪੰਜਾਬ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਰਹੇ। ਉਹ ਮਨਿਸਟਰ ਆਫ ਸਟੇਟ ਵੀ ਰਹੇ। ਉਹ ਐਸ.ਜੀ.ਪੀ.ਸੀ. ਦੇ ਕਈ ਸਾਲ ਤਕ ਮੈਂਬਰ ਰਹੇ। ਉਹ ਬਹੁਤ ਸਾਰੀਆਂ ਐਜੂਕੇਸ਼ਨਲ ਇੰਨਸਟੀਚਿਊਸ਼ਨਜ਼ ਨਾਲ ਸਬੰਧਤ ਰਹੇ

ਸ੍ਰੀ ਹੰਸ ਰਾਜ ਕਪੂਰ, 86 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਉਹ ਵੀ ਬਹੁਤ ਵਡੇ ਫਰੀਡਮ ਫਾਈਟਰ ਸਨ। ਉਨ੍ਹਾਂ ਨੇ ਫਰੀਡਮ ਦੀ ਮੂਵਮੈਂਟ ਵਿਚ ਹਿੱਸਾ ਲਿਆ ਅਤੇ ਬਹੁਤ ਦਫ਼ਾ ਜੇਲ੍ਹ ਯਾਤਰਾ ਕੀਤੀ। ਉਹ 1952 ਤੋਂ 1960 ਤਕ ਐਮ.ਐਲ.ਸੀ. ਰਹੇ।

ਸਰਦਾਰ ਨਰਿੰਦਰ ਸਿੰਘ ਜਲੰਧਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ, ਉਹ ਅਕਾਲ ਚਲਾਣਾ ਕਰ ਗਏ। ਉਹ ਬਾਈ ਪ੍ਰੋਫੈਸ਼ਨ ਐਡਵੋਕੇਟ ਸਨ। ਉਹ ਪੰਜਾਬ ਲੈਜਿਸਲੇਟਿਵ ਕੌਂਸਲ ਦੇ ਮੈਂਬਰ ਰਹੇ। ਉਨ੍ਹਾਂ ਦੀ ਜਿਹੜੀ ਸੇਵਾ ਹੈ ਉਹ ਭੁਲਾਈ ਨਹੀਂ ਜਾ ਸਕਦੀ।

ਮੈਂ ਇਨ੍ਹਾਂ ਸਾਰੀਆਂ ਮਹਾਨ ਸ਼ਖਸ਼ੀਅਤਾਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਜੋ ਮਤਾ ਲੀਡਰ ਆਫ ਦੀ ਹਾਊਸ ਨੇ ਲਿਆਂਦਾ ਹੈ ਮੈਂ ਉਸ ਨਾਲ ਆਪਣੀ ਸਹਿਮਤੀ ਦਾ ਪ੍ਰਗਟਾਵਾ ਕਰਦਾ ਹਾਂ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਜਿਹੜਾ ਸ਼ੋਕ ਮਤਾ ਲੀਡਰ ਆਫ ਦੀ ਹਾਊਸ ਨੇ ਰਖਿਆ ਹੈ ਮੈਂ ਉਸਦੀ ਪ੍ਰੋੜ੍ਹਤਾ ਲਈ ਖੜਾ ਹੋਇਆ ਹਾਂ। ਅੱਜ ਸਾਡੇ ਪੰਜਾਬ ਅਤੇ ਹਿੰਦੁਸਤਾਨ ਦੀਆਂ ਬਹੁਤ ਮਹਾਨ ਸ਼ਖਸ਼ੀਅਤਾਂ ਅਤੇ ਕਾਨੂੰਨਦਾਨ ਸਾਡੇ ਕੋਲੋਂ ਵਿਛੜ ਗਏ ਹਨ। ਅਤੇ ਇਸ ਕਾਰਨ ਮੁਲਕ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਹ ਘਾਟਾ ਨਾ ਪੂਰਾ ਹੋਣ ਵਾਲਾ ਹੈ। ਇਨ੍ਹਾਂ ਵਿਚੋਂ ਸ੍ਰੀ ਜੈ ਸੁਖ ਲਾਲ ਹਾਥੀ ਸਾਡੇ ਪੰਜਾਬ ਦੇ ਅਤੇ ਹਰਿਆਣਾ ਦੇ ਗਵਰਨਰ ਰਹੇ ਹਨ ਅਤੇ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਵਿਚ ਵੀ ਉਹ ਬੜੇ ਅਹਿਮ ਔਹਦਿਆਂ ਤੇ ਵਜ਼ੀਰ ਰਹੇ ਹਨ। ਮੈਨੂੰ ਯਾਦ ਹੈ ਕਿ ਇਕ ਵਾਰੀ ਜਦੋਂ ਪੰਜਾਬ ਵਿਚ ਰਾਸ਼ਟਰਪਤੀ ਰਾਜ ਸੀ ਤਾਂ ਉਸ ਵੇਲੇ ਅਸੀਂ ਉਨ੍ਹਾਂ ਨੂੰ ਮਿਲਣ ਗਏ। ਅਸੀਂ ਜੋ ਉਨ੍ਹਾਂ ਨਾਲ ਗਲ ਬਾਤ ਕੀਤੀ ਸੀ ਉਨ੍ਹਾਂ ਨੇ ਉਸ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿਘ]

ਤੇ ਫੌਰੀ ਤੌਰ ਤੇ ਐਕਸ਼ਨ ਲੈਣ ਲਈ ਹਦਾਇਤਾਂ ਦੇ ਦਿਤੀਆਂ ਅਤੇ ਸਾਰੇ ਮਹਿਕਮਿਆਂ ਨੂੰ ਉਨ੍ਹਾਂ ਡੀਮਾਡਾਂ ਦੀ ਪੂਰਤੀ ਲਈ ਆਦੇਸ਼ ਦੇ ਦਿਤਾ। ਆਪ ਬੜੀ ਫੁਰਤੀ ਨਾਲ ਕੰਮ ਕਰਨ ਵਾਲੇ ਸਨ।

ਇਨ੍ਹਾਂ ਤੋਂ ਇਲਾਵਾ ਸ਼੍ਰੀ ਮੋਹਨ ਲਾਲ ਸੁਖਾਡੀਆ, ਰਾਜਿਸਥਾਨ ਦੇ ਬਹੁਤ ਲੰਮੇਂ ਸਮੇਂ ਲਈ ਚੀਫ ਮਨਿਸਟਰ ਰਹੇ ਹਨ ਅਤੇ ਉਸ ਤੋਂ ਬਾਅਦ ਹਿੰਦੁਸਤਾਨ ਦੇ ਦੱਖਣੀ ਰਾਜਾਂ ਵਿਚ ਗਵਰਨਰ ਵੀ ਰਹੇ ਹਨ। ਜਦੋਂ ਉਹ ਚੀਫ ਮਨਿਸਟਰ ਸਨ ਤਾਂ ਉਸ ਸਮੇਂ ਦੇ ਦੌਰਾਨ ਰਾਜਿਸਥਾਨ ਸਟੇਟ ਨੂੰ ਉੱਚਾ ਚੁਕਣ ਲਈ ਅਤੇ ਖੁਸ਼ਹਾਲ ਬਣਾਉਣ ਲਈ ਕਾਫੀ ਤਕੜੇ ਕਦਮ ਪੁੱਟੇ ਸਨ। ਉਹ ਵੀ ਸਾਡੇ ਕੋਲੋਂ ਵਿਛੜ ਗਏ ਹਨ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਭੁਪਿੰਦਰ ਸਿੰਘ ਢਿਲੋਂ ਵੀ ਸਾਡੇ ਕੋਲੋਂ ਵਿਛੜ ਗਏ ਹਨ। ਉਹ ਹਿੰਦੁਸਤਾਨ ਦੇ ਬਹੁਤ ਵੱਡੇ ਅਤੇ ਉੱਚ ਕੋਟੀ ਦੇ ਜੂਰਿਸਟ ਸਨ। ਉਨ੍ਹਾਂ ਨੂੰ ਖੁਦ ਪਿਛਲੇ ਸਮੇਂ ਵਿਚ ਬਹੁਤ ਵਡਾ ਸਦਮਾ ਪਹੁੰਚਿਆ। ਸਾਡੀ ਅਸੈਂਬਲੀ ਦੇ ਮਾਨਯੋਗ ਮੈਂਬਰ ਜੋ ਕਿ ਉਨ੍ਹਾਂ ਦੇ ਭਰਾ ਸਨ, ਸਾਡੇ ਕੋਲੋਂ ਵਿਛੜ ਗਏ ਸਨ। ਇਸ ਤੋਂ ਥੋੜ੍ਹੇ ਸਮੇਂ ਬਾਅਦ ਹੀ ਉਨ੍ਹਾਂ ਦੇ ਪਿਤਾ ਜੀ ਵੀ ਅਕਾਲ ਚਲਾਣਾ ਕਰ ਗਏ। ਇਸ ਤਰ੍ਹਾਂ ਇਸ ਪ੍ਰੀਵਾਰ ਨੂੰ ਬਹੁਤ ਵੱਡੀ ਮੁਸੀਬਤ ਦਾ ਇਤਨੇ ਥੋੜ੍ਹੇ ਸਮੇਂ ਵਿਚ ਸਾਹਮਣਾ ਕਰਨਾ ਪਿਆ ਹੈ। ਇਸ ਦੇ ਨਾਲ ਹੀ ਸਾਡੇ ਮੁਲਕ ਨੂੰ ਇਨ੍ਹਾਂ ਦੇ ਵਿਛੜ ਜਾਣ ਨਾਲ ਬਹੁਤ ਵੱਡਾ ਘਾਟਾ ਪਿਆ ਹੈ।

ਚੌਧਰੀ ਲਹਿਰੀ ਸਿੰਘ, ਭੀਮ ਸੈਨ ਸੱਚਰ ਜਦੋਂ ਚੀਫ ਮਨਿਸਟਰ ਸਨ, ਉਦੋਂ ਮੰਤਰੀ ਰਹੇ। ਉਹ ਵੀ ਸਾਡੇ ਨਾਲੋਂ ਵਿਛੜ ਗਏ ਹਨ।

ਬਾਵਾ ਹਰਨਾਮ ਸਿੰਘ ਵੀ ਸਟੇਟ ਮਨਿਸਟਰ ਰਹੇ ਹਨ। ਮੈਨੂੰ ਉਨ੍ਹਾਂ ਦੇ ਇਲਾਕੇ ਵਿਚ ਇਕ ਦੋ ਵਾਰੀ ਜਾਣ ਦਾ ਮੌਕਾ ਮਿਲਿਆ ਹੈ। ਉਹ ਆਪਣੇ ਹਲਕੇ ਵਿਚ ਬਹੁਤ ਪਾਪੂਲਰ ਸਨ ਅਤੇ ਲੋਕ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਸਨ। ਜਦੋਂ ਉਹ ਆਪਣੇ ਇਲਾਕੇ ਵਿਚ ਜਾਂਦੇ ਸਨ ਤਾਂ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋ ਜਾਂਦੇ ਸਨ। ਉਨ੍ਹਾਂ ਦੇ ਵਿਛੜ ਜਾਣ ਨਾਲ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸ਼੍ਰੀ ਹੰਸ ਰਾਜ ਕਪੂਰ, ਚੌਧਰੀ ਅਮਰ ਸਿੰਘ, ਭਾਈ ਜੋਧ ਸਿੰਘ ਤੇ ਸਰਦਾਰ ਨਰਿੰਦਰ ਸਿੰਘ ਵੀ ਸਾਡੇ ਕੋਲੋਂ ਵਿਛੜ ਗਏ ਹਨ।

ਇਨ੍ਹਾਂ ਤੋਂ ਇਲਾਵਾ ਹਿੰਦੁਸਤਾਨ ਦੇ ਇਕ ਬਹੁਤ ਵਡੇ ਮੰਨੇ ਪਰਮੰਨੇ ਪਾਰਲੀਮੈਂਟੇਰੀਅਨ ਕਾਮਰੇਡ ਜਯੋਤੀਰਮਏ ਬਾਸੂ ਵੀ ਸਾਡੇ ਕੋਲੋਂ ਵਿਛੜ ਗਏ ਹਨ। ਪਿਛਲੇ ਦਿਨਾਂ ਵਿਚ ਜਦੋਂ ਉਹ ਰੇਲਵੇ ਬੋਰਡ ਦੇ ਮੈਂਬਰ ਹੋਣ ਦੇ ਨਾਤੇ ਰਾਜਿਸਥਾਨ ਵਿਚ ਮੀਟਿੰਗ ਵਿਚ ਭਾਗ ਲੈਣ ਲਈ ਗਏ ਸਨ ਤਾਂ ਉਨ੍ਹਾਂ ਨੂੰ ਹਰਟ-ਅਟੈਕ ਹੋ ਗਿਆ। ਉਹ ਪਾਰਲੀਮੈਂਟ ਵਿਚ ਪੀ.ਏ.ਸੀ. ਦੇ 1974-75 ਵਿਚ ਚੇਅਰਮੈਨ ਰਹੇ। ਉਸ ਵੇਲੇ ਉਨ੍ਹਾਂ ਨੇ ਬਹੁਤ ਵੱਡੇ ਵੱਡੇ ਸਕੈਂਡਲ ਅਤੇ ਬਲੈਕ-ਮਨੀ ਦੇ ਮਸਲਿਆਂ ਨੂੰ ਐਕਸਪੋਜ਼ ਕੀਤਾ। ਇਸਤੋਂ ਇਲਾਵਾ ਪਬਲਿਕ ਇਸ਼ੂਜ਼ ਨੂੰ ਵੀ ਉਹ ਬਹੁਤ ਡੀਪਲੀ ਟੇਕ-ਅਪ ਕਰਦੇ ਸਨ ਅਤੇ ਹਾਊਸ ਦੇ ਸਾਹਮਣੇ ਪੇਸ਼ ਕਰਦੇ ਸਨ। ਇਸ ਸਿਲਸਿਲੇ ਵਿਚ ਅਖਬਾਰਾਂ ਵਿਚ ਵੀ ਬਹੁਤ ਵੱਡੀਆਂ ਗੱਲਾਂ ਆਈਆਂ ਸਨ। ਇਕ ਵਾਂਚੂ ਕਮੇਟੀ ਦੀ ਰਿਪੋਰਟ ਜਿਹੜੀ ਕਿ ਕਿਤਿਉਂ ਵੀ ਨਹੀਂ ਸੀ ਲਭ ਰਹੀ, ਉਨ੍ਹਾਂ ਨੇ ਉਹ ਹਾਊਸ ਦੀ ਮੇਜ਼ ਤੇ ਲਿਆ ਕੇ ਰੱਖ ਦਿਤੀ ਸੀ। ਸਰਕਾਰ ਨੇ ਉਸੇ ਵੇਲੇ ਉਸ ਤੇ ਫਾਲੋ-ਅਪ ਐਕਸ਼ਨ ਲੈਣ ਲਈ ਕਹਿ ਦਿਤਾ ਸੀ।

Original with;
Punjab Vidhan Sabha
Digitized by;
Panjab Digital Library

ਇਸ ਤੋਂ ਇਲਾਵਾ ਮਾਰੂਤੀ ਕਾਂਡ ਅਤੇ ਪਾਂਡੀਚਰੀ ਕਾਂਡ ਨੂੰ ਬੜਾ ਤਕੜਾ ਹੋ ਕੇ ਪਾਰਲੀਮੈਂਟ ਵਿਚ ਉਨ੍ਹਾਂ ਨੇ ਐੱਕਸਪੋਜ਼ ਕੀਤਾ ਸੀ। ਉਹ ਬਹੁਤ ਤਕੜੇ ਰਾਈਟਰ ਸਨ। ਉਹ ਗਰੀਬ ਲੋਕਾਂ, ਮਜ਼ਦੂਰ ਅਤੇ ਕਿਸਾਨਾਂ ਦੇ ਮੰਨੇ ਪਰਮੰਨੇ ਨੇਤਾ ਸਨ ਅਤੇ ਉਨ੍ਹਾਂ ਦੇ ਮਸਲੇ ਬੜੀ ਚੰਗੀ ਤਰ੍ਹਾਂ ਪਾਰਲੀਮੈਂਟ ਵਿਚ ਪੇਸ਼ ਕਰਦੇ ਰਹੇ ਹਨ। ਜਿਸ ਵੇਲੇ ਉਹ ਸਾਡੇ ਕੋਲੋਂ ਵਿਛੜੇ ਹਨ ਉਸ ਵੇਲੇ ਉਹ ਹਿੰਦ ਮਾਰਕਸਵਾਦੀ ਪਾਰਟੀ ਦੇ ਪਾਰਲੀਮੈਂਟਰੀ ਗਰੁਪ ਦੇ ਚੀਫ ਵਿੱਪ ਸਨ। ਉਨ੍ਹਾਂ ਦੀ ਮੌਤ ਨਾਲ ਹਿੰਦੁਸਤਾਨ ਦੀ ਮਜ਼ਦਰ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

ਪੰਜਾਬ ਦੇ ਬਹਤ ਵੱਡੇ ਲੀਡਰ ਲਾਲਾ ਜਗਤ ਨਰਾਇਣ ਦਾ ਪਿਛਲੇ ਸਮੇਂ ਵਿਚ ਨੈਸ਼ਨਲ ਹਾਈ ਵੇ ਤੇ ਦਿਨ ਦਿਹਾੜੇ ਕਤਲ ਕੀਤਾ ਗਿਆ। ਉਹ ਬਹਤ ਮੰਨੇ ਪ੍ਰਮੰਨੇ ਜਰਨਲਿਸਟ ਸਨ। ਇਸ ਤੋਂ ਇਲਾਵਾ ਉਹ ਮੰਨੇ ਪਰਮੰਨੇ ਸਿਆਸਤਦਾਨ ਵੀ ਸਨ। ਉਨ੍ਹਾਂ ਨੇ ਅਖਬਾਰ ਚਾਲੂ ਕੀਤੇ। ਭਾਵੇਂ ਸਾਡੇ ਉਨ੍ਹਾਂ ਨਾਲ ਵਿਚਾਰ ਨਹੀਂ ਸਨ ਮਿਲਦੇ ਪਰ ਐਮਰਜੈਂਸੀ ਵਿਚ ਉਨ੍ਹਾਂ ਨੇ ਡੈਮੋਕਰੇਟਿਕ ਵੈਲਿਊਜ਼ ਦੀ ਡੱਟ ਕੇ ਰਾਖੀ ਕੀਤੀ। ਉਨ੍ਹਾਂ ਦੇ ਕਾਤਲ ਅਜੇ ਤਕ ਨਹੀਂ ਫੜੇ ਗਏ। ਇਸ ਤਰ੍ਹਾਂ ਉਹ ਇਕ ਦੇਸ਼ ਭਗਤ, ਫਰੀਡਮ ਫਾਈਟਰ ਅਤੇ ਸਿਆਸਤਦਾਨ ਸਾਡੇ ਕੋਲੋਂ ਵਿਛੜ ਗਏ ਹਨ। ਇਸ ਨਾਲ ਸਾਡੇ ਮੁਲਕ ਅਤੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਹ ਘਾਟਾ ਨਾ ਪੂਰਾ ਹੋਣ ਵਾਲਾ ਹੈ।

ਮੈਂ, ਸਪੀਕਰ ਸਾਹਿਬ ਤਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਇਹ ਹਾਊਸ ਸਰਵ ਸੰਮਤੀ ਨਾਲ ਇਸ ਸ਼ੋਕ ਮਤੇ ਨੂੰ ਪਾਸ ਕਰਕੇ ਇਨ੍ਹਾਂ ਦੇ ਪਰਿਵਾਰਾਂ ਨੂੰ ਸਦਨ ਵਲੋਂ ਸੰਦੇਸ਼ ਭੇਜੇ। ਮੈਂ ਹਿੰਦ ਮਾਰਕਸੀ ਪਾਰਟੀ ਵਲੋਂ ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

**ਮਾਸਟਰ ਬਾਬੂ ਸਿਘ** (ਰਾਮਪੁਰਾ ਫੂਲ) : ਸਾਡੇ ਮੁੱਖ ਮੰਤਰੀ ਜੀ ਨੇ ਜਿਹੜਾ ਮਤਾ ਰਖਿਆ ਹੈ ਓਬਿਓਚਰੀ ਰੈਫਰੈਂਸਿਜ਼ ਦਾ, ਮੈਂ ਇਸ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਸ਼੍ਰੀ ਜੈ ਸੁਖ ਲਾਲ ਹਾਥੀ ਸਾਡੇ ਗਵਰਨਰ ਰਹੇ ਹਨ। ਉਹ ਪੰਜਾਬ ਨੂੰ ਬੜਾ ਪਿਆਰ ਕਰਦੇ ਸਨ ਅਤੇ ਪੰਜਾਬ ਤੇ ਉਨ੍ਹਾਂ ਨੂੰ ਬੜਾ ਮਾਣ ਸੀ। ਸਾਨੂੰ ਵੀ ਉਨ੍ਹਾਂ ਤੇ ਬੜਾ ਮਾਣ ਸੀ। ਉਹ ਪਹਿਲੇ ਹੋਮ ਵਰਗੇ ਅਹਿਮ ਮਹਿਕਮਿਆਂ ਤੇ ਸੈਂਟਰ ਵਿਚ ਵਜ਼ੀਰ ਰਹੇ। ਇਸ ਤੋਂ ਇਲਾਵਾ ਉਹ ਬਹੁਤ ਵੱਡੇ ਦੇਸ਼-ਭਗਤ ਅਤੇ ਇਨਸਾਨੀਅਤ ਦੀ ਸੇਵਾ ਵਿਚ ਕੰਮ ਕਰਨ ਵਾਲੇ ਸਨ। ਜਦੋਂ ਉਨ੍ਹਾਂ ਨੂੰ ਆਸਾਮ ਦੀ ਗਵਰਨਰੀ, ਗੁਜਰਾਤ ਦੀ ਪ੍ਰਧਾਨਗੀ ਅਤੇ ਇਸੇ ਤਰ੍ਹਾਂ ਪੰਜਾਬ ਦੇ ਗਵਰਨਰ ਦੇ ਤੌਰ ਤੇ ਐਕਸਟੈਨਸ਼ਨ ਦੀ ਪੇਸ਼ਕਸ਼ ਹੋਈ ਤਾਂ ਉਨ੍ਹਾਂ ਨੇ ਸਾਫ ਇਨਕਾਰ ਕਰ ਦਿਤਾ। ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਸੇਵਾ ਕਰਨੀ ਹੈ। ਵਿਦਿਆ ਪੀਠ ਵਿਚ ਬੜੀ ਲਗਨ ਨਾਲ ਅਤੇ ਡੀਵੋਸ਼ਨ ਨਾਲ ਉਨ੍ਹਾਂ ਨੇ ਸੇਵਾ ਕਰਨੀ ਸ਼ੁਰੂ ਕੀਤੀ ਸੀ। ਅਜਿਹੇ ਦੇਸ਼ ਭਗਤ ਦੇ ਸਾਡੇ ਕੋਲੋਂ ਵਿਛੜ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਲਾਲਾ ਜਗਤ ਨਰਾਇਣ ਵੀ ਬੜੇ ਵੱਡੇ ਦੇਸ਼ ਭਗਤ ਸਨ। ਉਹ ਪੰਜਾਬ ਦੇ ਵਿਦਿਆ ਮੰਤਰੀ ਵੀ ਰਹੇ ਹਨ। ਜਰਨਲਿਸਟ ਤਾਂ ਮੈਂ ਸਮਝਦਾ ਹਾਂ ਕਿ ਉਹ ਬਹੁਤ ਉੱਘੇ ਸਨ। ਉਨ੍ਹਾਂ ਦੇ ਬਾਅਦ ਰਮੇਸ਼ ਜੀ ਨੇ ਭਾਵੇਂ ਉਸੇ ਤਰ੍ਹਾਂ ਅਖਬਾਰ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਤਿੰਨਾਂ ਅਖਬਾਰਾਂ ਹਿੰਦ ਸਮਾਚਾਰ, ਪੰਜਾਬ ਕੇਸਰੀ ਅਤੇ ਯੁੱਗ ਬਾਣੀ ਦੇ ਐਡੀਟਰ ਸਨ। ਉਹ ਅਖਬਾਰ ਵਿਚ ਰੂਹ ਫੂਕ ਦਿੰਦੇ ਸਨ। ਉਨ੍ਹਾਂ ਦੀ ਛਾਪੀ ਹੋਈ ਖਬਰ ਪੜ੍ਹੇ ਬਗੈਰ ਲੋਕ ਰਹਿ ਨਹੀਂ ਸਨ ਸਕਦੇ। ਇਸ ਤੋਂ ਇਲਾਵਾ ਉਹ ਉੱਚ ਕੋਟੀ ਦੇ ਸਮਾਜ ਸੁਧਾਰਕ ਸਨ। ਕੁਰੱਪਸ਼ਨ ਦੇ ਖਿਲਾਫ ਮੇਰਾ ਖਿਆਲ ਹੈ ਕਿ ਉਹ ਹਰ ਵਕਤ ਲਿਖਦੇ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਮੌਤ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਨਾਲ ਸਾਡੇ ਕੋਲੋਂ ਇਕ ਉੱਘੀ ਸ਼ਖਸ਼ੀਅਤ, ਵੈਟਰਨ ਜਰਨਲਿਸਟ ਜੁੱਦਾ ਹੋ ਗਏ ਹਨ, ਜਿਸਦਾ ਖੱਪਾ ਅਸੀਂ ਪੂਰਾ ਨਹੀਂ ਕਰ ਸਕਦੇ।

ਚੌਧਰੀ ਲਹਿਰੀ ਸਿੰਘ ਨੇ ਆਪਣੀ ਵਜ਼ੀਰੀ ਦੇ ਸਮੇਂ ਕਿਸਾਨਾਂ ਦੀ ਅਤੇ ਆਪਣੇ ਹਲਕੇ ਦੀ ਬੜੀ ਸੇਵਾ ਕੀਤੀ ਹੈ। ਉਹ ਵੀ ਭੁਲਾਏ ਨਹੀਂ ਜਾ ਸਕਦੇ। ਉਹ ਬਹੁਤ ਵੱਡੇ ਦੇਸ਼ ਭਗਤ ਸਨ। ਬਾਵਾ ਹਰਨਾਮ ਸਿਘ ਵੀ ਸਾਡੇ ਕੋਲੋਂ ਜੁੱਦਾ ਹੋ ਗਏ ਹਨ। ਦੋ ਦਫਾ ਸਾਡੇ ਨਾਲ ਐਮ.ਐਲ.ਏ. ਰਹੇ ਹਨ। ਉਹ ਆਪ ਅਤੇ ਉਨ੍ਹਾਂ ਦੀ ਧਰਮ ਪਤਨੀ ਦੇਸ਼-ਭਗਤ ਸਨ ਅਤੇ ਉਨ੍ਹਾਂ ਦੀ ਦੇਸ਼ ਦੀ ਸੇਵਾ ਵਿਚ ਬੜੀ ਕੁਰਬਾਨੀ ਹੈ। ਖਾਸ ਕਰਕੇ ਲੁਬਾਣਾ ਕਮਿਊਨਿਟੀ ਵਿਚ ਉਹ ਬਹੁਤ ਹਰਦਿਲ ਅਜ਼ੀਜ਼ ਅਤੇ ਹਰਮਨ ਪਿਆਰੇ ਸਨ। ਉਹ ਪੰਜਾਬ ਦੇ ਮਨਿਸਟਰ ਵੀ ਰਹੇ ਸਨ। ਉਹ ਹੋਰ ਵੀ ਦੇਸ਼ ਦੀ ਸੇਵਾ ਕਰਦੇ ਪਰ ਉਨ੍ਹਾਂ ਨੂੰ ਉਮਰ ਹੋਰ ਨਹੀਂ ਮਿਲੀ ਔਰ ਉਹ ਸਾਡੇ ਤੋਂ ਵਿਛੜ ਗਏ ਹਨ।

ਫਿਰ ਸ੍ਰੀ ਹੰਸ ਰਾਜ ਕਪੂਰ ਜੀ ਵੀ ਸਾਡੇ ਤੋਂ ਵਿਛੜ ਗਏ ਹਨ। ਉਹ ਲੈਜਿਸਲੇਟਰ ਸਨ। ਉਹ ਚੰਗੇ ਉੱਘੇ ਦੇਸ਼ ਭਗਤ ਸਨ ਔਰ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਨੁਮਾਇਆ ਹਿੱਸਾ ਪਾਇਆ ਸੀ।

ਚੌਧਰੀ ਅਮਰ ਸਿੰਘ ਜੀ ਇਕ ਉੱਘੇ ਕਾਂਗਰਸੀ ਲੀਡਰ ਸਨ। ਸਪੀਕਰ ਸਾਹਿਬ, ਇਕ ਵਾਰੀ ਮੈਂ ਹੁਸ਼ਿਆਰਪੁਰ ਚਲਾ ਗਿਆ। ਉਥੇ ਮੈਂ ਜ਼ਿਲ੍ਹਾ ਕਾਂਗਰਸ ਦਾ ਦਫਤਰ ਵੇਖਿਆ ਔਰ ਵੇਖਿਆ ਕਿ ਉਨ੍ਹਾਂ ਨੇ ਕਾਂਗਰਸ ਦਾ ਦਫਤਰ ਬੜੇ ਹੀ ਤਰੀਕੇ ਨਾਲ ਸਜਾਇਆ ਹੋਇਆ ਸੀ। ਉਸ ਤੋਂ ਬਾਅਦ ਉਹ ਡਿਪਟੀ ਮਨਿਸਟਰ ਵੀ ਰਹੇ ਹਨ। ਉਹ ਦੇਸ਼ ਭਗਤ ਸਨ ਔਰ ਉਹ ਵੀ ਸਾਡੇ ਤੋਂ ਚਲੇ ਗਏ ਹਨ।

ਭਾਈ ਜੋਧ ਸਿੰਘ ਜੀ ਦੀ ਦੇਸ਼ ਨੂੰ ਆਪਣੀ ਹੀ ਦੇਣ ਹੈ ਔਰ ਖਾਸ ਤੌਰ ਤੇ ਪੰਜਾਬੀ ਔਰ ਅੰਗਰੇਜ਼ੀ ਵਿਚ ਜੋ ਉਨ੍ਹਾਂ ਨੇ ਉਲੱਥੇ ਔਰ ਟਰਾਂਸਲੇਸ਼ਨ ਕੀਤੇ ਹਨ ਉਨ੍ਹਾਂ ਤੋਂ ਉਨ੍ਹਾਂ ਦੀ ਵਿਦਵਤਾ ਵੇਖ ਕੇ ਉਨ੍ਹਾਂ ਦੀ ਸਾਰੇ ਹੀ ਸ਼ਲਾਘਾ ਕਰਦੇ ਹਨ। ਉਹ ਬੜੇ ਸਿਆਣੇ ਐਡਮਨਿਸ-ਟਰੇਟਰ ਸਨ। ਉਨ੍ਹਾਂ ਨੇ ਰੀਲੀਜਨ ਔਰ ਹਿਸਟਰੀ ਤੇ ਬਹੁਤ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਆਉਣ ਵਾਲੀ ਪੀੜੀ ਨੂੰ ਅਗਵਾਈ ਮਿਲੇਗੀ।

ਸਪੀਕਰ ਸਾਹਿਬ, ਜਸਟਿਸ ਭੁਪਿੰਦਰ ਸਿੰਘ ਢਿਲੋਂ, ਸਰਦਾਰ ਗੁਰਨਾਮ ਸਿੰਘ ਜੀ ਜਦੋਂ ਮੁੱਖ ਮੰਤਰੀ ਸਨ ਤਾਂ ਉਹ ਐਡਵੋਕੇਟ ਜਨਰਲ ਸਨ। ਜੱਜ 10/11 ਸਾਲਾਂ ਦੇ ਐਜ਼ ਐਡਵੋਕੇਟ ਦੇ ਤਜਰਬੇ ਤੋਂ ਬਾਅਦ ਹੀ ਬਣਦੇ ਹਨ ਔਰ ਮੇਰਾ ਖਿਆਲ ਹੈ ਕਿ ਅਜੇ ਇਨ੍ਹਾਂ ਦਾ ਤਜਰਬਾ ਛੇ ਮਹੀਨੇ ਜਾਂ ਸਾਲ ਦਾ ਹੀ ਹੋਇਆ ਸੀ ਕਿ ਇਹ ਆਪਣੀ ਸਿਆਣਪ ਦੇ ਨਾਲ ਜੱਜ ਬਣ ਗਏ। ਅਖੀਰ ਵਿਚ ਇਨ੍ਹਾਂ ਦੇ ਸੁਪ੍ਰੀਮ ਕੋਰਟ ਦੇ ਜੱਜ ਦੇ ਆਰਡਰ ਵੀ ਹੋ ਗਏ ਸਨ ਲੇਕਿਨ ਉਨ੍ਹਾਂ ਨੂੰ ਉਮਰ ਨੇ ਸਾਥ ਨਾ ਦਿਤਾ। ਉਨ੍ਹਾਂ ਦੇ ਭਰਾ ਸਰਦਾਰ ਜਸਮਤ ਸਿੰਘ ਢਿਲੋਂ ਦੀ ਡੈਥ ਹੋਏ ਨੂੰ ਅਜੇ ਥੋੜ੍ਹਾ ਚਿਰ ਹੀ ਹੋਇਆ ਸੀ। ਉਨ੍ਹਾਂ ਦੀ ਡੈਥ ਵੀ ਪੀ.ਜੀ.ਆਈ. ਵਿਚ ਇਕ ਲੱਤ ਤੇ ਮਾਮੂਲੀ ਜਿਹੀ ਬਹਾਨੇ ਕਰਕੇ ਹੋ ਗਈ ਸੀ। ਮੌਤ ਲਈ ਤਾਂ ਮੈਂ ਸਝਮਦਾ ਹਾਂ ਕਿ ਇਕ ਬਹਾਨਾ ਹੀ ਸੀ। ਢਿਲੋਂ ਸਾਹਿਬ ਦੇ ਪਿਤਾ ਇਕ ਉੱਘੇ ਲੀਡਰ ਸਨ। ਉਨ੍ਹਾਂ ਦੀ ਸਿਆਣਪ ਨਾਲ ਉਨ੍ਹਾਂ ਦੇ ਇਹ ਦੋਨੋਂ ਬੱਚੇ ਪੜ੍ਹੇ ਸਨ। ਜੇਕਰ ਉਹ ਜਿਊਂਦੇ ਰਹਿੰਦੇ ਤਾਂ ਸਾਡੇ ਪੰਜਾਬ ਨੂੰ ਬੜਾ ਮਾਣ ਮਿਲਣਾ ਸ ਉਨ੍ਹਾਂ ਨੇ ਸੁਪ੍ਰੀਮ ਕੋਰਟ ਦੇ ਚੀਫ ਜਸਟਿਸ ਰਿਟਾਇਰ ਹੋਣਾ ਸੀ ਲੇਕਿਨ ਉਮਰ ਨੇ ਉਨ੍ਹਾਂ ਦਾ ਸਾਥ ਨਾ ਦਿਤਾ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਸ੍ਰੀ ਮੋਹਨ ਲਾਲ ਸੁਖਾੜੀਆ ਚੀਫ ਮਨਿਸਟਰ ਦੇ ਤੌਰ ਤੇ ਖਾਸ ਤੌਰ ਤੇ ਮਸ਼ਹੂਰ ਹਨ। ਪੰਜਾਬ ਵਿਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਔਰ ਰਾਜਿਸਥਾਨ ਵਿਚ ਸ੍ਰੀ ਸੁਖਾੜੀਆ ਸਾਹਿਬ ਬਤੌਰ ਚੀਫ ਮਨਿਸਟਰ ਮਸ਼ਹੂਰ ਸਨ। ਸਪੀਕਰ ਸਾਹਿਬ, ਲਗਾਤਾਰ 17 ਸਾਲ ਚੀਫ ਮਨਿਸਟਰੀ ਕਰਨੀ ਕੋਈ ਮਾਮੂਲੀ ਗਲ ਨਹੀਂ ਹੈ। ਇਹ ਆਮ ਪ੍ਰਥਾ ਹੈ ਕਿ ਦੂਜੀ ਵਾਰੀ ਕੋਈ ਚੀਫ ਮਨਿਸਟਰ ਘੱਟ ਹੀ ਬਣਦਾ ਹੈ। ਉਹ ਇਕ ਉਘੇ ਦੇਸ਼ ਭਗਤ ਸਨ। ਉਨ੍ਹਾਂ ਨੂੰ ਸੈਂਟਰਲ ਟੈਕਸੇਸ਼ਨ ਕਮੇਟੀ ਦਾ ਚੇਅਰਮੈਨ ਲਗਾਇਆ ਗਿਆ ਸੀ ਪਰ ਉਨ੍ਹਾਂ ਦੀ ਉਮਰ ਨੇ ਸਾਥ ਨਾ ਦਿੱਤਾ। ਜੇਕਰ ਉਹ ਜਿਉਂਦੇ ਰਹਿੰਦੇ ਤਾਂ ਇਨ੍ਹਾਂ ਨੇ ਦੇਸ਼ ਦੀ ਹੋਰ ਸੇਵਾ ਕਰਨੀ ਸੀ। ਉਸ ਸੇਵਾ ਤੋਂ ਸਾਡਾ ਸਮਾਜ ਔਰ ਦੇਸ਼ ਸੱਖਣਾ ਰਹਿ ਗਿਆ ਹੈ।

ਸਪੀਕਰ ਸਾਹਿਬ, ਕਾਮਰੇਡ ਜਯੋਤੀਰਮਏ ਬਾਸੂ ਜੀ ਦੇ ਬਾਰੇ ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਸਾਹਿਬਾ ਨੇ ਵੀ ਕਿਹਾ ਸੀ ਕਿ ਉਹ ਇਕ ਬੜੇ ਹੀ ਸਿਆਣੇ ਐਡਮਨਿਸਟ੍ਰੇਟਰ ਸਨ ਉਹ ਪਤਾ ਨਹੀਂ ਕਿਥੋਂ ਸਕੈਂਡਲ ਕੱਢ ਕੇ ਲੈ ਆਉਂਦੇ ਸਨ। ਉਹ ਲੂ ਕੰਡੇ ਖੜੇ ਕਰਨ ਵਾਲੇ ਸਕੈਂਡਲ ਪਾਰਲੀਮੈਂਟ ਵਿਚ ਲਿਆਉਂਦੇ ਸਨ। ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੇ ਉਨ੍ਹਾਂ ਨੂੰ ਟਰੀ-ਬਿਊਟ ਪੇ ਕੀਤੇ, ਮੈਂ ਉਸ ਦਿਨ ਉਥੇ ਗਿਆ ਹੋਇਆ ਸੀ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਪਾਰਲੀਮੈਂਟ ਦੀ ਆਵਾਜ਼ ਮੱਧਮ ਪੈ ਗਈ ਹੈ। ਮੈਂ ਸਮਝਦਾ ਹਾਂ ਕਿ ਸਭ ਤੋਂ ਵੱਧ ਧੱਕਾ ਉਨ੍ਹਾਂ ਦੇ ਚਲੇ ਜਾਣ ਨਾਲ ਅਗਾਂਹ ਵਧੂ ਲਹਿਰ ਨੂੰ, ਕਿਸਾਨਾਂ ਨੂੰ ਔਰ ਮਜ਼ਦੂਰਾਂ ਦੇ ਕਾਜ਼ ਨੂੰ ਵੱਜਾ ਹੈ।

ਸਰਦਾਰ ਨਰਿੰਦਰ ਸਿੰਘ ਜੀ ਐਡਵੋਕੇਟ ਔਰ ਐਮ.ਐਲ.ਸੀ. ਰਹੇ ਹਨ। ਉਹ ਵੀ ਸਾਡੇ ਤੋਂ ਵਿਛੜ ਗਏ ਹਨ। ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੇ ਪਰੀਵਾਰਾਂ ਨੂੰ ਹਮਦਰਦੀ ਦਾ ਇਹ ਮਤਾ ਭੇਜਿਆ ਜਾਵੇ।

**ਡਾਕਟਰ ਭਗਤ ਸਿੰਘ** (ਪੱਕਾ ਕਲਾਂ, ਐਸ.ਸੀ) : ਸਪੀਕਰ ਸਾਹਿਬ, ਜੋ ਸ਼ੋਕ ਪ੍ਰਸਤਾਵ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਉਸ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ। ਸ੍ਰੀ ਜੈ ਸਖ ਲਾਲ ਹਾਥੀ ਜੀ ਦੇ ਨਾਮ ਤੋਂ ਸ਼ਾਇਦ ਹੀ ਕੋਈ ਪੰਜਾਬੀ ਨਾਵਾਕਿਫ ਹੋਵੇ। ਉਨ੍ਹਾਂ ਬਾਰੇ ਲੀਡਰ ਆਫ ਦੀ ਹਾਊਸ ਨੇ ਵੀ ਕਿਹਾ ਔਰ ਸਾਥੀਆਂ ਨੇ ਵੀ ਕਿਹਾ। ਉਹ ਐਜਕੇਸ਼ਨਿਸਟ ਵੀ ਸਨ, ਲੀਡਰ ਵੀ ਸਨ ਔਰ ਐਡਮਨਿਸਟਰੇਟਰ ਵੀ ਸਨ। ਉਨ੍ਹਾਂ ਨੇ ਦੇਸ਼ ਦੀ ਸੇਵਾ ਵਿਚ ਇਕ ਮਹਾਨ ਰੋਲ ਅਦਾ ਕੀਤਾ। ਉਹ ਇਤਨਾ ਚਿਰ ਸੈਂਟਰ ਵਿਚ ਰਹੇ ਸਨ, ਉਹ ਮਨਿਸਟਰ ਵੀ ਰਹੇ ਸਨ। ਮੁਖਤਲਿਫ ਡਿਪਾਰਟਮੈਂਟਸ ਉਨ੍ਹਾਂ ਪਾਸ ਰਹੇ। ਉਨ੍ਹਾਂ ਦੀਆਂ ਰਿਪੋਰਟਾਂ ਵੀ ਅਸੀਂ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਿਤਨੀ ਮਹਾਨ ਸ਼ਖਸ਼ੀਅਤ ਦੇ ਉਹ ਮਾਲਕ ਸਨ। ਮੇਰਾ ਖਿਆਲ ਹੈ ਕਿ ਇਹ ਹੀ ਉਨ੍ਹਾਂ ਨੂੰ ਇਕ ਵੱਡਾ ਟਰਬਿਊਟ ਹੈ ਕਿ ਅਸੀਂ ਉਨ੍ਹਾਂ ਦੀ ਸ਼ਖਸ਼ੀਅਤ ਤੋਂ ਸਿਖਿਆ ਲੈ ਕੇ ਦੇਸ਼ ਦੀ ਸੇਵਾ ਕਰਦੇ ਰਹੀਏ।

ਸਪੀਕਰ ਸਾਹਿਬ, ਭਾਈ ਸਾਹਿਬ ਭਾਈ ਜੋਧ ਸਿੰਘ ਜੀ ਵੀ ਸਾਡੇ ਤੋਂ ਵਿਛੜ ਗਏ ਹਨ। ਇਕ ਆਮ ਆਦਮੀਆਂ ਵਿਚੋਂ ਉਹ ਉਠ ਕੇ ਇਤਨੀ ਵੱਡੀ ਸ਼ਖਸ਼ੀਅਤ ਦੇ ਮਾਲਿਕ ਬਣੇ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਕੰਮ ਕੀਤਾ। ਡਿਵੀਨਿਟੀ ਦੇ ਪ੍ਰੋਫੈਸਰ ਵੀ ਰਹੇ ਔਰ ਕਾਲਜ ਦੇ ਪ੍ਰਿੰਸੀਪਲ ਵੀ ਰਹੇ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ਰੀਲੀਜਸ ਕੰਮ ਵਿਚ ਵੀ ਉਹ ਮੋਹਰੀ ਰਹੇ ਹਨ। ਉਨ੍ਹਾਂ ਨੇ ਜੋ ਪੁਸਤਕਾਂ ਲਿਖੀਆਂ ਹਨ ਉਨ੍ਹਾਂ ਤੋਂ ਉਨ੍ਹਾਂ ਦੀ ਸ਼ਖਸ਼ੀਅਤ ਦਾ ਪਤਾ ਲਗਦਾ ਹੈ। ਸਪੀਕਰ ਸਾਹਿਬ. ਉਨ੍ਹਾਂ ਦੇ ਚਲੇ ਜਾਣ ਨਾਲ ਮੈਂ ਘਾਟ ਤਾਂ ਨਹੀਂ ਕਹਿੰਦਾ

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਕਿਉਂਕਿ ਸੰਸਾਰ ਵਿਚੋਂ ਹਰ ਇਕ ਨੇ ਹੀ ਚਲੇ ਜਾਣਾ ਹੈ, ਉਨ੍ਹਾਂ ਦੀ ਉਮਰ 100 ਸਾਲਾਂ ਦੀ ਹੋ ਗਈ ਸੀ, ਪਰ ਜਿਹੜੀ ਉਨ੍ਹਾਂ ਦੀ ਕੰਟਰੀਬਿਊਸ਼ਨ ਹੈ ਉਹ ਸਾਡੇ ਲਈ ਇਕ ਮਹਾਨ ਗੱਲ ਹੈ।

ਸਪੀਕਰ ਸਾਹਿਬ, ਸਰਦਾਰ ਭੁਪਿੰਦਰ ਸਿੰਘ ਦਿਲੋਂ ਜੀ ਦੀ ਸ਼ਖਸ਼ੀਅਤ ਇਕ ਮਹਾਨ ਸ਼ਖਸ਼ੀਅਤ ਸੀ। ਉਹ ਉਸ ਉਮਰ ਵਿਚ ਚਲੇ ਗਏ ਹਨ ਜਿਸ ਵੇਲੇ ਹਾਲੇ ਬਹੁਤ ਉਨ੍ਹਾਂ ਦੀ ਉਮਰ ਸੇਵਾ ਕਰਨ ਦੀ ਸੀ, ਪਰ, ਸਪੀਕਰ ਸਾਹਿਬ, ਮੌਤ ਬੜੀ ਪਰਬਲ ਹੈ, ਇਸ ਦਾ ਕੌਣ ਮੁਕਾਬਲਾ ਕਰ ਸਕਦਾ ਹੈ। ਉਹ 36 ਸਾਲਾਂ ਦੀ ਉਮਰ ਵਿਚ ਐਡਵੋਕੇਟ ਜਨਰਲ ਬਣ ਗਏ ਸਨ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਹਿਸਟਰੀ ਵਿਚ ਇਤਨੀ ਛੋਟੀ ਉਮਰ ਵਿਚ ਐਡਵੋਕੇਟ ਜਨਰਲ ਬਣ ਜਾਣਾ ਇਸ ਨਾਲ ਦੀ ਹੋਰ ਕੋਈ ਮਿਸਾਲ ਨਹੀਂ ਹੈ। ਉਨ੍ਹਾਂ ਨੇ ਬੜੀ ਖਸ਼ਅਸਲੂਬੀ ਨਾਲ ਕੰਮ ਕੀਤਾ। ਉਹ ਹਾਈ ਕੋਰਟ ਦੇ ਜੱਜ ਬਣੇ ਔਰ ਉਸ ਔਹਦੇ ਤੇ ਰਹਿ ਕੇ ਉਨ੍ਹਾਂ ਨੇ ਜੋ ਜੱਜਮੈਂਟਾਂ ਲਿਖੀਆਂ ਉਨ੍ਹਾਂ ਤੇ ਸੁਪ੍ਰੀਮ ਕੋਰਟ ਦੇ ਜੱਜਾਂ ਔਰ ਵਕੀਲਾਂ ਨੇ ਡਿਸਕਸ਼ਨਾਂ ਕੀਤੀਆਂ ਅਤੇ ਪ੍ਰਸ਼ੰਸਾ ਕੀਤੀ। ਬੜੀ ਦੁਖ ਦੀ ਇਹ ਗਲ ਹੈ ਸਪੀਕਰ ਸਾਹਿਬ, ਕਿ ਉਨ੍ਹਾਂ ਦੇ ਪਰੀਵਾਰ ਨਾਲ ਬਹੁਤ ਧੱਕਾ ਹੋਇਆ ਹੈ। ਅਜੇ ਥੋੜ੍ਹੇ ਹੀ ਚਿਰ ਦੀ ਗਲ ਹੈ ਕਿ ਇਨ੍ਹਾਂ ਦੇ ਛੋਟੇ ਭਾਈ ਦੀ ਡੈਥ ਹੋ ਗਈ ਸੀ। ਇਨ੍ਹਾਂ ਦੇ ਛੋਟੇ ਭਾਈ ਬੜੇ ਹੋਨਹਾਰ ਸਨ, ਲੈਜਿਸਲੇਟਰ ਸਨ। ਉਨ੍ਹਾਂ ਨੇ ਅਜੇ ਲੋਕਾਂ ਦੀ ਸੇਵਾ ਕਰਨੀ ਸੀ ਲੇਕਿਨ ਕੁਦਰਤ ਨੂੰ ਮਨਜ਼ੂਰ ਨਹੀਂ ਸੀ। ਇਹ ਘਾਟ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਫੈਮਿਲੀ ਲਈ ਥੋੜ੍ਹੇ ਸਮੇਂ ਵਿਚ ਪਰੀ ਕਰਨੀ ਮੁਸ਼ਕਲ ਹੈ।

ਸਪੀਕਰ ਸਾਹਿਬ, ਕਾਮਰੇਡ ਜਯੋਤੀ ਰਮਏ ਬਾਸੂ ਇਕ ਉੱਘੇ ਪਾਰਲੀਮੈਂਟੇਰੀਅਨ ਸਨ। ਉਨ੍ਹਾਂ ਦੇ ਹਲਕੇ ਡਾਇਮੰਡ ਹਾਰਬਰ ਕਲਕੱਤਾ ਮੈਂ ਗਿਆ ਹਾਂ ਔਰ ਮੈਂ ਸਮਝਦਾ ਹਾਂ ਕਿ ਇਤਨੀ ਪਾਪੂ-ਲੈਰਿਟੀ ਵਾਲਾ ਮਨੁੱਖ ਮੈਂ ਨਹੀਂ ਵੇਖਿਆ। ਉਹ ਫੌਜ ਵਿਚ ਕਪਤਾਨ ਸਨ ਔਰ ਵਲਾਇਤ ਵਿਚ ਰਹੇ। ਉਨ੍ਹਾਂ ਦੀ ਸ਼ਖਸ਼ੀਅਤ ਐਸੀ ਸੀ ਕਿ ਜਿਥੇ ਵੀ ਉਹ ਖੜੇ ਹੋ ਗਏ ਫਿਰ ਖੜੇ ਰਹੇ। ਜਿਥੇ ਵੀ ਕੋਈ ਹੇਰਾ ਫੇਰੀ ਦਾ ਕੰਮ ਹੋਇਆ ਉਨ੍ਹਾਂ ਨੇ ਉਸ ਨੂੰ ਪਾਰਲੀਮੈਂਟ ਵਿਚ ਰੱਖਣ ਵਾਸਤੇ ਪਹਿਲ ਲਈ। ਉਹ ਜਿਸ ਵੀ ਪਾਰਲੀਮੈਂਟਰੀ ਕਮੇਟੀ ਦੇ ਚੇਅਰਮੈਨ ਬਣੇ ਉਨ੍ਹਾਂ ਨੇ ਜਨਤਾ ਦੇ ਹਿੱਤ ਨੂੰ ਅੱਗੇ ਰਖਿਆ ਔਰ ਲੋਕਾਂ ਦੀ ਜਾਣਕਾਰੀ ਵਾਸਤੇ ਰਾਤ ਦਿਨ ਇਕ ਕਰਕੇ ਕੰਮ ਕਰਦੇ ਰਹੇ ਔਰ ਬੜੇ ਸਕੈਂਡਲ ਪਕੜ ਕੇ ਐਡਮਨਿਸਟਰੇਸ਼ਨ ਨੂੰ ਹਲੂਣਾ ਦਿੰਦੇ ਰਹੇ। ਉਨ੍ਹਾਂ ਦਾ ਮਿਸ਼ਨ ਫਾਲੋ ਕਰਨ ਦੇ ਯੋਗ ਹੈ।

ਸਪੀਕਰ ਸਾਹਿਬ, ਚੋਧਰੀ ਲਹਿਰੀ ਸਿੰਘ ਜੀ ਵੀ ਸਾਡੇ ਤੋਂ ਵਿਛੜ ਗਏ ਹਨ। ਮੈਂ ਉਨਾਂ ਦਿਨਾਂ ਵਿਚ ਲਾਹੌਰ ਸੀ। ਚੋਧਰੀ ਲਹਿਰੀ ਸਿਘ ਜੀ ਬੜੇ ਹੀ ਸਿਆਣੇ ਅਤੇ ਖਲੂਸ ਵਾਲੇ ਮਨੁਖ ਸਨ ਜਦੋਂ ਯੂਨਾਈਟਿਡ ਪੰਜਾਬ ਵਿਖੇ ਲਾਹੌਰ ਵਿਖੇ ਕਾਂਗਰਸ ਅਤੇ ਯੂਨੀਅਨਿਸਟਾਂ ਦੀ ਕੁਲੀਸ਼ਨ ਗੌਰਮਿੰਟ ਕੁਲੀਸ਼ਨ ਗੌਰਮਿੰਟ ਬਣੀ ਸੀ ਤਾਂ ਉਸ ਵੇਲੇ ਉਹ ਇਰੀਗੇਸ਼ਨ ਅਤੇ ਪਾਵਰ ਮਨਿਸਟਰ ਬਣੇ ਸਨ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਵਿਚ ਜੋ ਕਾਬਲੀਅਤ ਸੀ ਉਹ ਪ੍ਰਸ਼ੰਸਾ ਯੋਗ ਸੀ। ਉਨ੍ਹਾਂ ਨੇ ਹਰਿਆਣੇ ਔਰ ਪੰਜਾਬ ਦੇ ਜੱਟਾਂ ਵਿਚ ਕੋਈ ਫਰਕ ਨਹੀਂ ਸੋਚਿਆ ਸੀ। ਉਨ੍ਹਾਂ ਨੇ ਜੁਆਇੰਟ ਪੰਜਾਬ ਦੇ ਵੇਲੇ ਹਰਿਆਣਾ ਔਰ ਪੰਜਾਬ ਦੇ ਜੱਟਾਂ ਵਿਚ ਮਿਲਵਰਤਨ ਪੈਦਾ ਕੀਤਾ। ਇਸ ਤਰਾਂ ਇਹ ਸਾਰਾ ਕਰੈਡਿਟ ਉਨ੍ਹਾਂ ਨੂੰ ਜਾਂਦਾ ਹੈ।

ਸ੍ਰੀ ਐਮ. ਐਲ. ਸੁਖਾਡੀਆ ਇਕ ਇਲੈਕਟਰੀਕਲ ਇੰਜਨੀਅਰ ਸਨ ਪਰ 1942 ਵਿਚ ਉਨ੍ਹਾਂ ਨੇ ਲੋਕ ਸੇਵਾ ਲਈ ਆਪਣਾ ਕੰਮ ਛੱਡ ਕੇ ਆਜ਼ਾਦੀ ਦੀ ਮੂਵਮੈਂਟ ਵਿਚ ਹਿਸਾ ਲਿਆ ਔਰ

Original with;
Punjab Vidhan Sabha
Digitized by;
Panjab Digital Library

ਉਸ ਤੋਂ ਬਾਅਦ ਉਹ ਇਸ ਸੇਵਾ ਵਿਚ ਲਗੇ ਰਹੇ। ਇਹ ਖੁਸ਼ੀ ਦੀ ਗਲ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਉਨ੍ਹਾਂ ਨੂੰ ਕਾਫੀ ਦੇਰ ਤਕ ਮੁੱਖ ਮੰਤਰੀ ਦੀ ਪਦਵੀ ਤੇ ਰਖਿਆ। ਮੈਂ ਸਮਝਦਾ ਹਾਂ ਕਿ ਉਨ੍ਹਾਂ ਅੰਦਰ ਯੋਗਤਾ ਸੀ, ਲਿਆਕਤ ਸੀ ਜਿਸ ਕਰਕੇ ਉਹ ਐਨੀ ਦੇਰ ਤਕ ਲੋਕਾਂ ਦੀ ਸੇਵਾ ਕਰਦੇ ਰਹੇ।

ਬਾਵਾ ਹਰਨਾਮ ਸਿੰਘ ਬੜੇ ਸਿਆਣੇ ਆਦਮੀ ਸਨ। ਉਹ ਕਾਫੀ ਸਮਾਂ ਮੇਰੇ ਨਾਲ ਵੀ ਰਹੇ ਹਨ। ਉਨ੍ਹਾਂ ਨੂੰ ਆਪਣੀ ਬਰਾਦਰੀ ਵਿਚ ਗੁਰੂ ਦਾ ਰੂਪ ਮੰਨਿਆ ਜਾਂਦਾ ਸੀ। ਉਨ੍ਹਾਂ ਨੇ ਇਸ ਹਾਊਸ ਵਿਚ ਵੀ ਕਾਫੀ ਕੰਮ ਕੀਤਾ ਹੈ ਜਿਹੜਾ ਕਿ ਸਾਨੂੰ ਹਮੇਸ਼ਾਂ ਯਾਦ ਰਹੇਗਾ।

ਸ਼੍ਰੀ ਹੰਸਰਾਜ ਕਪੂਰ ਜੀ ਦਾ ਸਾਥੋਂ ਵਿਛੜ ਜਾਣ ਤੇ ਸਾਨੂੰ ਬੜਾ ਦੁੱਖ ਹੈ। ਮੈਂ ਜ਼ਾਤੀ ਤੌਰ ਤੇ ਉਨ੍ਹਾਂ ਤੋਂ ਜਾਣੂ ਨਹੀਂ ਹਾਂ ਪਰ ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦਾ ਕਰੈਕਟਰ ਬੜਾ ਉੱਚਾ ਰਿਹਾ ਹੈ ਔਰ ਉਹ ਕਾਮਯਾਬ ਪੋਲੇਟੀਸ਼ਨ ਰਹੇ ਹਨ।

ਸਰਦਾਰ ਨਰਿੰਦਰ ਸਿੰਘ ਜਲੰਧਰ ਦੇ ਰਹਿਣ ਵਾਲੇ ਸਨ ਔਰ ਬੜੇ ਸਿਆਣੇ ਵਕੀਲ ਸਨ। ਬਾਅਦ ਵਿਚ ਉਹ ਅਪਰ ਹਾਊਸ ਦੇ ਮੈਂਬਰ ਵੀ ਰਹੇ। ਸਾਨੂੰ ਉਨ੍ਹਾਂ ਦੇ ਚਲੇ ਜਾਣ ਦਾ ਵੀ ਬੜਾ ਦੁੱਖ ਹੈ।

ਲਾਲਾ ਜਗਤ ਨਰਾਇਣ ਜੀ ਦਾ ਵੀ ਸਾਨੂੰ ਬਹੁਤ ਦੁੱਖ ਹੈ। ਉਹ ਬਹੁਤ ਸਾਧਾਰਨ ਵਿਅਕਤੀ ਸਨ। ਉਨ੍ਹਾਂ ਨੇ ਪਹਿਲੇ ਇਸ ਹਾਊਸ ਦੀ ਵੀ ਸੇਵਾ ਕੀਤੀ ਔਰ ਬਾਅਦ ਵਿਚ ਆਪਣੀ ਕਾਬਲੀਅਤ ਨਾਲ ਪੈਸਾ ਇਕਠਾ ਕਰਕੇ ਪ੍ਰੈਸ ਲਾ ਕੇ ਲੋਕਾਂ ਦੀ ਬੜੀ ਸੇਵਾ ਕੀਤੀ। ਜਦੋਂ ਉਹ ਜਿਉਂਦੇ ਸਨ ਤਾਂ ਵੀ ਅਸੀਂ ਉਨ੍ਹਾਂ ਦੇ ਬਾਰੇ ਕਾਫੀ ਹੰਗਾਮਾ ਸੁਣਦੇ ਰਹੇ ਅਤੇ ਮਰਨ ਤੋਂ ਬਾਅਦ ਵੀ ਕਾਫੀ ਹੰਗਾਮਾ ਰਿਹਾ। ਇਹ ਸਭ ਕੁਝ ਕੁਦਰਤ ਨੂੰ ਮਨਜ਼ੂਰ ਸੀ।

ਚੌਧਰੀ ਅਮਰ ਸਿੰਘ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਵੀ ਇਸ ਹਾਊਸ ਵਿਚ ਰਹਿ ਕੇ ਲੋਕਾਂ ਦੀ ਬੜੀ ਸੇਵਾ ਕੀਤੀ। ਸਾਨੂੰ ਉਨ੍ਹਾਂ ਦੇ ਜਾਣ ਦਾ ਬੜਾ ਦੁੱਖ ਹੈ।

ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਪਾਰਟੀ ਵਲੋਂ ਜੋ ਮਤਾ ਲੀਡਰ ਆਫ ਦੀ ਹਾਊਸ ਨੇ ਰਖਿਆ ਹੈ ਉਸ ਦੀ ਪ੍ਰੋੜਤਾ ਕਰਦਾ ਹਾਂ ਔਰ ਉਸ ਦੇ ਨਾਲ ਸ਼ਾਮਲ ਹੁੰਦਾ ਹਾਂ

ਸ਼੍ਰੀ **ਸਪੀਕਰ**: ਮੈਂ ਵੀ ਆਪਣੇ ਆਪ ਨੂੰ, ਜਿਹੜਾ ਦੁੱਖ ਦਾ ਇਜ਼ਹਾਰ ਇਸ ਸਦਨ ਵਿਚ ਕੀਤਾ ਗਿਆ ਹੈ, ਉਸ ਵਿਚ ਸ਼ਾਮਲ ਕਰਦਾ ਹਾਂ। ਇਨ੍ਹਾਂ ਹਸਤੀਆਂ ਦੇ ਵਿਛੜ ਜਾਣ ; ਨਾਲ ਸਾਡੇ ਮੁਲਕ ਅਤੇ ਸਾਡੇ ਪੰਜਾਬ ਤੇ ਇਕ ਡੂੰਘਾ ਅਸਰ ਪਿਆ ਹੈ ਔਰ ਇਹ ਅਸਰ ਕਾਫੀ ਦੇਰ ਤਕ ਰਹੇਗਾ। ਇਨ੍ਹਾਂ ਹਸਤੀਆਂ ਦੇ ਵਿਛੜ ਜਾਣ ਨਾਲ ਸਾਡੇ ਮੁਲਕ ਨੂੰ ਔਰ ਪੰਜਾਬ ਨੂੰ ਬੜਾ ਘਾਟਾ ਹੋਇਆ ਹੈ। ਲੇਕਿਨ ਰਬ ਦੀ ਮਰਜ਼ੀ ਅਗੇ ਸਾਡਾ ਸਿਰ ਝੁਕ ਜਾਂਦਾ ਹੈ।

ਇਸ ਦੇ ਨਾਲ ਮੈਂ ਅਰਜ਼ ਕਰਾਂਗਾ ਕਿ ਵਿਲੰਬਤ ਆਤਮਾਂ ਦੀ ਸ਼ਾਂਤੀ ਲਈ ਅਤੇ ਉਨ੍ਹਾਂ ਦੇ ਸਨਮਾਨ ਲਈ ਅਸੀਂ 2 ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਕਰੀਏ।

(ਇਸ ਸਮੇਂ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੇ 2 ਮਿੰਟ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ) ਅਗਰ ਹਾਊਸ ਦੀ ਮਰਜ਼ੀ ਹੋਵੇ ਤਾਂ ਇਹ ਹਾਊਸ ਦੇ ਸੈਂਟੀਮੈਂਟਸ ਇਨ੍ਹਾਂ ਵਿਛੜੀਆਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਹੋਈਆਂ ਹਸਤੀਆਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ।

ਅਵਾਜ਼ਾਂ : ਠੀਕ ਹੈ ਜੀ।

ਸ਼੍ਰੀ ਸਪੀਕਰ : ਹਾਊਸ ਕਲ੍ਹ ਮਿਤੀ 25 ਫਰਵਰੀ, 1982 ਤੱਕ ਸਵੇਰ ਦੇ 9.00 ਵਜੇ ਤੱਕ ਸਥਗਿਤ ਕੀਤਾ ਜਾਂਦਾ ਹੈ।

*5.25 ਸ਼ਾਮ (ਇਸ ਸਮੇਂ ਸਭਾ ਮਿਤੀ 25 ਫਰਵਰੀ, 1982 ਤੱਕ ਸਵੇਰ ਦੇ 9.00 ਵਜੇ ਤੱਕ ਸਥਗਿਤ* ਹੋ ਗਈ।)

41—4-5-82—325 ਕਾਪੀਆਂ—ਪੰਜਾਬ ਸਰਕਾਰ ਪ੍ਰੈਸ ਪਟਿਆਲਾ।

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©

1982
Published under the Authority of the Punjab
Vidhan Sabha and printed by the Controller,
Printing & Stationery, Punjab, at the Govt.
Press, Patiala.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*25th February, 1982*

Vol. IV—No. 2

OFFICIAL REPORT

CONTENTS

**Thursday, the 25th February, 1982**


| | Page |
|---|---|
| Starred Questions and Answers .. | (2)1 |
| Written Answers to Starred Questions laid on the Table of the House under Rule 38 .. | (2)21 |
| Unstarred Questions and Answers .. | (2)28 |
| Announcements by the Speaker *re* : | |
| (i) Governor's Address .. | (2)62 |
| (ii) Panel of Chairmen .. | (2)75 |
| First Report of the Business Advisory Committee .. | (2)75 |
| Announcement by the Secretary .. | (2)77 |
| Points of Order *re.* Discussion on the Ravi-Beas Waters Agreement .. | (2)78 |
| Walk-out .. | (2)80 |



PUNJAB VIDHAN SABHA SECRETARIAT, CHANDIGARH

**Price : Rs** Rs. [illegible] Paise



Original with;
Punjab Vidhan Sabha
Digitized by;
Panjab Digital Library

Points of Order *re*. Discussion on the Ravi-Beas Waters Agreement (*Resumption*) .. (2)80

Papers laid/re-laid on the Table .. (2)85

Walk-out .. (2)86

Papers laid/re-laid on the Table (*Resumption*) .. (2) 86

Walk-out .. (2)87

Resolution *re*: improving the conditions of the Tourist resorts in the State .. (2)88

Appendix .. (i)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Thursday, the 25th February, 1982**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਸਾਰੇ ਗੇਟ ਬੰਦ ਹਨ ਅਤੇ ਪੁਲਿਸ ਹੀ ਪੁਲਿਸ ਨਜ਼ਰ ਆ ਰਹੀ ਹੈ। ਗੇਟ ਸਾਰੇ ਖੁਲ੍ਹੇ ਹੋਣੇ ਚਾਹੀਦੇ ਹਨ।

**ਸਰਦਾਰ ਆਤਮਾ ਸਿੰਘ** : ਗੈਲਰੀਆਂ ਵਿਚ, ਸਪੀਕਰ ਸਾਹਿਬ, ਦਰਸ਼ਕ ਨਹੀਂ ਆ ਰਹੇ ਅਤੇ ਪੁਲਿਸ ਤੇ ਸੀ. ਆਈ. ਡੀ. ਦੇ ਬੰਦੇ ਹੀ ਬੈਠੇ ਹਨ। ਇਹ ਨਵਾਂ ਰਾਜ ਆਇਆ ਹੈ।

### Abolition of Chaukidara Tax

***1165. 1. Master Babu Singh**
**2. Comrade Sarwan Singh Dharamkot** } Will the Chief Minister be pleased to state —

(a) whether any ex-legislator wrote him a letter dated 10th April, 1981, suggesting the abolition of Chaukidara Tax in such villages as had been included within the Municipal limits of the Amritsar, Ludhiana and Jullundur Municipal Corporations ; if so, the details thereof ;

(b) whether the matter referred to in part (a) above has been considered and a final decision taken ; if so, the details thereof and if no decision has been taken as yet the date by which the matter is likely to be decided upon ?

**ਸਰਦਾਰ ਦਰਬਾਰਾ ਸਿੰਘ** : (ੳ) ਹਾਂ ਜੀ। ਸ੍ਰੀ ਸਤਿਆ ਪਾਲ ਡਾਂਗ, ਸਾਬਕ ਐਮ. ਐਲ. ਏ. ਦਾ ਇਕ ਪੱਤਰ ਮਿਤੀ 10-4-1981 ਪ੍ਰਾਪਤ ਹੋਇਆ ਸੀ, ਜਿਸ ਵਿਚ ਉਨ੍ਹਾਂ ਨੇ ਨਿਮਨ ਅਨੁਸਾਰ ਬੇਨਤੀ ਕੀਤੀ ਸੀ :—

(i) ਉਨ੍ਹਾਂ ਸਾਰੇ ਪਿੰਡਾਂ ਵਿੱਚ, ਜੋ ਮਿਉਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੀਆਂ ਹੱਦਾਂ ਵਿਚ ਆ ਗਏ ਹਨ, ਚੌਕੀਦਾਰਾ ਟੈਕਸ ਖਤਮ ਕੀਤਾ ਜਾਵੇ।

(ii) ਜੇਕਰ ਇਨ੍ਹਾਂ ਪਿੰਡਾਂ ਦੇ ਚੌਕੀਦਾਰਾਂ ਦੀਆਂ ਆਸਾਮੀਆਂ ਚਾਲੂ ਰੱਖਣਾ ਜ਼ਰੂਰੀ ਸਮਝਿਆ ਜਾਵੇ ਤਦ ਇਹ ਖਰਚਾ ਸਬੰਧਤ ਮਿਉਂਸਪਲ ਕਾਰਪੋਰੇਸ਼ਨ ਵਲੋਂ ਅਦਾ ਕਰਨਾ ਚਾਹੀਦਾ ਹੈ।

(iii) ਜੇਕਰ ਇਹ ਸਮਝਿਆ ਜਾਵੇ ਕਿ ਇਨ੍ਹਾਂ ਪਿੰਡਾਂ ਦੇ ਚੌਕੀਦਾਰਾਂ ਦੀਆਂ ਆਸਾਮੀਆਂ ਦੀ ਜ਼ਰੂਰਤ ਨਹੀਂ ਹੈ ਤਦ ਇਹ ਤਿੰਨੇ ਮਿਉਂਸਪਲ ਕਾਰਪੋਰੇਸ਼ਨਾਂ ਇਨ੍ਹਾਂ ਨੂੰ ਬਤੌਰ ਕਲਾਸ-4 ਕਰਮਚਾਰੀ ਰੱਖਣ।

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਬੀ) ਇਹ ਮਾਮਲਾ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਬਾਰੇ ਅੰਤਮ ਫੈਸਲਾ ਜਲਦੀ ਹੀ ਲਿਆ ਜਾਵੇਗਾ ।

**ਮਾਸਟਰ ਬਾਬੂ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ । ਇਫ ਜਾਂ ਵੈਦਰ ਲਾਕੇ ਸਵਾਲ ਦਾ ਜਵਾਬ ਦਿੱਤਾ ਗਿਆ ਹੈ। ਮਿਤੀ 10 ਅਪਰੈਲ, 1981 ਦਾ ਮਾਮਲਾ ਹੈ। ਮੁੱਖ ਮੰਤਰੀ ਜੀ ਕਮ-ਅਜ਼-ਕਮ ਕਨਕਰੀਟ ਜਵਾਬ ਦੇਣ ਅਤੇ ਦੱਸਣ ਕਿ ਫੈਸਲਾ ਕਰਨ ਵਿਚ ਹਿਚ ਕੀ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਸਵਾਲ ਦੇ ਮੁਤਾਬਿਕ ਹੀ ਜਵਾਬ ਦਿਤਾ ਗਿਆ ਹੈ। ਜੋ ਸਾਬਕਾ ਐਮ. ਐਲ. ਏ. ਨੇ ਆਪਣੇ ਪੱਤਰ ਵਿਚ ਲਿਖਿਆ ਸੀ, ਉਹ ਦੱਸ ਦਿਤਾ ਹੈ ਅਤੇ ਜਵਾਬ ਹੈ ਕਿ ਮੈਟਰ ਅੰਡਰ ਕੰਸੀਡਰੇਸ਼ਨ ਹੈ ਔਰ ਜਲਦੀ ਫੈਸਲਾ ਲਿਆ ਜਾਵੇਗਾ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮਿਊਂਸਪਲ ਕਾਰਪੋਰੇਸ਼ਨਾਂ ਵਿਚ ਪਿੰਡ ਆ ਗਏ ਹਨ ਅਤੇ ਇਸ ਤਰ੍ਹਾਂ ਉਹ ਪਿੰਡ ਕਾਰਪੋਰੇਸ਼ਨਾਂ ਦੇ ਅਧੀਨ ਆ ਗਏ ਹਨ। ਮੈਂ ਮੁੱਖ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਚੌਕੀਦਾਰਾ ਟੈਕਸ ਕਦੋਂ ਤਕ ਖਤਮ ਕਰ ਦੇਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਦਾ ਇਸੇ ਚਾਲੂ ਸਾਲ ਵਿਚ ਫੈਸਲਾ ਕਰ ਦਿਤਾ ਜਾਵੇਗਾ ।

**ਮਾਸਟਰ ਬਾਬੂ ਸਿੰਘ:** ਸਪੀਕਰ ਸਾਹਿਬ, ਤੁਸੀਂ ਜਵਾਬ ਵਿਚ 'ਏ' ਦੇ ਪਾਰਟ ਤਿੰਨ ਵੱਲ ਧਿਆਨ ਦਿਓ ਉਸ ਵਿਚ ਲਿਖਿਆ ਹੈ "ਜੇਕਰ ਇਹ ਸਮਝਿਆ ਜਾਵੇ ਕਿ ਇਨ੍ਹਾਂ ਪਿੰਡਾਂ ਦੇ ਚੌਕੀਦਾਰਾਂ ਦੀਆਂ ਆਸਾਮੀਆਂ ਦੀ ਜ਼ਰੂਰਤ ਨਹੀਂ ਹੈ ਤਦ ਇਹ ਤਿੰਨੇ ਮਿਊਂਸਪਲ ਕਾਰਪੋਰੇਸ਼ਨਾਂ ਇਨ੍ਹਾਂ ਨੂੰ ਬਤੌਰ ਕਲਾਸ-4 ਕਰਮਚਾਰੀ ਰੱਖਣ।' ਇਸ ਲਈ ਕਿਤਨਾ ਹੋਰ ਟਾਈਮ ਲੱਗੇਗਾ ?

**ਸ੍ਰੀ ਸਪੀਕਰ :** ਇਸ ਦਾ ਮੁੱਖ ਮੰਤਰੀ ਜੀ ਨੇ ਜਵਾਬ ਦੇ ਦਿਤਾ ਹੈ ਕਿ ਇਸੇ ਸਾਲ ਵਿਚ ਫੈਸਲਾ ਹੋ ਜਾਏਗਾ।

**ਸਰਦਾਰ ਬਲਦੇਵ ਸਿੰਘ ਖਿਆਲਾ :** ਸਪੀਕਰ ਸਾਹਿਬ, ਕਿਸੇ ਪਿੰਡ ਵਿਚ ਚੌਕੀਦਾਰਾ ਟੈਕਸ 2 ਰੁਪਏ ਹੈ, ਕਿਸੇ ਪਿੰਡ ਵਿਚ 5 ਰੁਪਏ ਹੈ ਅਤੇ ਕਿਸੇ ਪਿੰਡ ਵਿਚ 20 ਰੁਪਏ ਹੈ। ਇਹ ਕਿਸ ਮਿਕਦਾਰ ਵਿਚ ਲਿਆ ਜਾਂਦਾ ਹੈ ਅਤੇ ਇਹ ਫਰਕ ਕਿਉਂ ਹੁੰਦਾ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਲਈ ਵੱਖਰਾ ਨੋਟਿਸ ਚਾਹੀਦਾ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਸਵਾਲ ਦਾ ਜਵਾਬ ਦਿਤਾ ਹੈ ਕਿ ਇਸੇ ਚਾਲੂ ਸਾਲ ਵਿਚ ਫੈਸਲਾ ਕਰ ਦਿਤਾ ਜਾਵੇਗਾ। ਕੀ ਕਾਰਨ ਹੈ ਕਿ ਅਜੇ ਤਕ ਇਸ ਚੀਜ਼ ਦਾ ਫੈਸਲਾ ਨਹੀਂ ਹੋ ਸਕਿਆ ? ਅਸ਼ੋਰੈਂਸਿਜ਼ ਦੀਆਂ ਬਹੁਤ ਵੱਡੀਆਂ ਵੱਡੀਆਂ ਪੁਸਤਕਾਂ ਭਰੀਆਂ ਹੋਈਆਂ ਪਈਆਂ ਹਨ। ਚੌਕੀਦਾਰਾ ਟੈਕਸ ਕਿਸਾਨਾਂ ਤੋਂ ਉਗਰਾਉਂਦੇ ਹਨ। ਮੁੱਖ ਮੰਤਰੀ ਜੀ ਸਪੈਸੀਫਿਕ ਡੇਟ ਦੱਸਣ ਕਿ ਕਦੋਂ ਤਕ ਇਸ ਚੀਜ਼ ਦਾ ਫੈਸਲਾ ਕਰ ਦੇਣਗੇ ?

**ਸ੍ਰੀ ਸਪੀਕਰ :** ਇਸ ਦਾ ਜਵਾਬ ਆ ਚੁੱਕਾ ਹੈ। Next question please.

Original with;
Punjab Vidhan Sabha
Digitized by;
Panjab Digital Library

**Cases registered by the District Food and Supplies Controller, Amritsar**

***1169. 1. Comrade Raj Kumar**
**2. Comrade Saghar Singh** } Will the Chief Minister be pleased to state—

(a) whether any criminal cases were registered with the Amritsar Police through the S.S.P., Amritsar, by the District Food and Supplies Controller in the months of November and December, 1980 alleging that the accused had taken delivery of permits for cement by impersonating for some other persons who had applied for cement; if so, the date and number of FIR ; the name of the accused and the details of the exact charge/illegality in each case and the provisions of the law under which it was registered ;

(b) whether the challan in each of the said cases has been put up before the court, if not, why ?

**ਸ਼੍ਰੀ ਜੋਗਿੰਦਰ ਪਾਲ ਪਾਂਡੇ (ਸਿਹਤ ਮੰਤਰੀ) : (ੳ) ਨਹੀਂ ਜੀ।**

**(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।**

**ਕਾਮਰੇਡ ਰਾਜ ਕੁਮਾਰ** : ਅਸ਼ੋਕ ਕੁਮਾਰ ਪੁੱਤਰ ਸੋਹਨ ਲਾਲ, ਪਿੰਡ ਛੇਹਰਟਾ ਹੈ। ਤਿੰਨ ਬੰਦਿਆਂ ਦਾ ਜਿਹੜਾ ਸੀਮਿੰਟ ਸੀ, ਉਹ ਸ੍ਰੀ ਅਸ਼ੋਕ ਕੁਮਾਰ ਨੇ ਜਾਲ੍ਹੀ ਸੀਮਿੰਟ ਲੈ ਲਿਆ ਅਤੇ ਇਹ ਮਾਮਲਾ ਡੀ. ਐਫ. ਐਸ. ਸੀ. ਅਤੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੇ ਨੋਟਿਸ ਵਿਚ ਲਿਆਂਦਾ ਗਿਆ ਕਿ ਅਸ਼ੋਕ ਕੁਮਾਰ ਦੇ ਖਿਲਾਫ ਪਰਚਾ ਦਰਜ ਕੀਤਾ ਜਾਏ। ਜਿਹੜਾ ਫੂਡ ਡਿਪਾਰਟਮੈਂਟ ਦਾ ਆਫੀਸਰ ਸੀ, ਉਸ ਦੇ ਖਿਲਾਫ ਕਾਰਵਾਈ ਕੀਤੀ ਜਾਏ। ਸਪੀਕਰ ਸਾਹਿਬ, ਐਸ. ਐਸ. ਪੀ. ਦੇ ਨੋਟਿਸ ਵਿਚ ਇਹ ਚੀਜ਼ ਲਿਆਂਦੀ ਗਈ ਤਾਂ ਜਾ ਕੇ ਕੇਸ ਰਜਿਸਟਰ ਹੋਇਆ। ਅਗਰ ਫੂਡ ਐਂਡ ਸਪਲਾਈਜ਼ ਮਨਿਸਟਰ ਮੌਜੂਦ ਨਹੀਂ ਹਨ ਅਤੇ ਪਾਂਡੇ ਸਾਹਿਬ ਨੂੰ ਕੋਈ ਮਜ਼ਬੂਰੀ ਹੈ ਤਾਂ ਟਾਈਮ ਲੈ ਲੈਣ। ਐਫ. ਆਈ. ਆਰ. ਅੰਮ੍ਰਿਤਸਰ ਵਿਚ ਦਰਜ ਹੋਈ ਹੈ। ਫੂਡ ਡਿਪਾਰਟਮੈਂਟ ਦੇ ਆਫੀਸ਼ੀਅਲ ਦੇ ਖਿਲਾਫ ਅਜੇ ਤਕ ਕੋਈ ਕਾਰਵਾਈ ਨਹੀਂ ਹੋਈ। ਇਸ ਲਈ ਮਨਿਸਟਰ ਸਾਹਿਬ ਸਾਰਾ ਰਿਕਾਰਡ ਵੇਖ ਕੇ ਬਿਆਨ ਕਰਨ। ਇਨ੍ਹਾਂ ਦਾ ਇਹ ਜਵਾਬ ਠੀਕ ਨਹੀਂ ਹੈ।

**ਸਿਹਤ ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੂੰ ਸਵਾਲ ਕਰਨ ਦਾ ਰਾਈਟ ਹੈ ਅਤੇ ਸਪਲੀਮੈਂਟਰੀ ਕਰਨ ਦਾ ਵੀ ਰਾਈਟ ਹੈ। ਇਹ ਕਹਿਣਾ ਕਿ ਠੀਕ ਜਵਾਬ ਨਹੀਂ ਦਿਤਾ ਗਿਆ ਇਹ ਗਲਤ ਗਲ ਹੈ। ਨਵੰਬਰ ਅਤੇ ਦਸੰਬਰ, 1980 ਵਿਚ ਕੋਈ ਕੇਸ ਰਜਿਸਟਰ ਨਹੀਂ ਹੋਇਆ। ਅਗਰ ਕੇਸ ਰਜਿਸਟਰ ਨਹੀਂ ਹੋਇਆ ਤਾਂ ਐਕਸ਼ਨ ਕੀ ਲੈਣਾ ਹੈ। ਅਗਰ ਮਹੀਨਾ ਕੋਈ ਹੋਰ ਹੋਵੇ ਤਾਂ ਮੈਂਬਰ ਸਾਹਿਬਾਨ ਦੱਸਣ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਅੰਮ੍ਰਿਤਸਰ ਸ਼ਹਿਰ ਵਿਚ ਨਕਲੀ 300 ਬੋਰੀ ਸੀਮਿੰਟ ਦੀ ਪਕੜੀ ਗਈ ਹੈ। ਉਨ੍ਹਾਂ ਬੋਰੀਆਂ ਵਿਚ ਮਿੱਟੀ ਵੀ ਭਰੀ ਹੋਈ ਸੀ। ਉਨ੍ਹਾਂ ਦੇ ਖਿਲਾਫ ਕੋਈ ਕੇਸ ਰਜਿਸਟਰ ਨਹੀਂ ਹੋਇਆ। ਇਸ ਬਾਰੇ ਮਨਿਸਟਰ ਸਾਹਿਬ ਦੱਸਣ ਕਿ ਕੀ ਪੋਜ਼ੀਸ਼ਨ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਲਈ ਇਹ ਵੱਖਰਾ ਨੋਟਿਸ ਦੇ ਦੇਣ, ਜਵਾਬ ਦੇ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮਹੀਨਾ ਨਵੰਬਰ ਦੀ ਬਜਾਏ ਅਕਤੂਬਰ ਹੋ ਸਕਦਾ ਹੈ ਅਤੇ ਦਸੰਬਰ ਦੀ ਬਜਾਏ ਜਨਵਰੀ ਦਾ ਮਹੀਨਾ ਹੋ ਸਕਦਾ ਹੈ। ਸਪੀਕਰ ਸਾਹਿਬ, ਕਿਉਂਕਿ ਇਹ ਮਾਮਲਾ ਕੁਰੱਪਸ਼ਨ ਦਾ ਹੈ, ਇਸ ਲਈ ਕੀ ਮਨਿਸਟਰ ਸਾਹਿਬ ਅਸ਼ੋਰੈਂਸ ਦੇਣਗੇ ਕਿ ਉਹ ਆਪਣਾ 2-4 ਮਹੀਨਿਆਂ ਦਾ ਰਿਕਾਰਡ ਵੇਖ ਕੇ ਕਾਰਵਾਈ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਕਾਮਰੇਡ ਰਾਜ ਕੁਮਾਰ ਜੀ ਨੋਟਿਸ ਦੇ ਦੇਣ ਫਿਰ ਅਸੀਂ ਤਹਿਕੀਕਾਤ ਕਰਾਂਗੇ । ਇਸ ਬਾਰੇ ਪਾਰਟੀਕੁਲਰ ਲਿਖਕੇ ਦੇ ਦੇਣ।

**ਸ਼੍ਰੀ ਸਪੀਕਰ :** ਉਨ੍ਹਾਂ ਦੇ ਕਹਿਣ ਦਾ ਮਤਲਬ ਹੈ ਕਿ ਜੇਕਰ ਕੋਈ ਐਫ. ਆਈ. ਆਰ. ਰਜਿਸਟਰ ਹੋਈ ਹੋਵੇ ਤਾਂ ਉਸ ਬਾਰੇ ਡਿਪਾਰਟਮੈਂਟ ਨੂੰ ਲਿਖ ਦਿਓ।

**ਮੰਤਰੀ :** ਉਨ੍ਹਾਂ ਨੇ ਸਪੈਸੀਫਿਕ ਆਦਮੀ ਦਾ ਨਾਂ ਲੈ ਕੇ ਕਿਹਾ ਹੈ ਕਿ ਉਹ ਉਸ ਵਿਚ ਇਨਵਾਲਵਡ ਹੈ। ਫਿਰ ਇਹੀ ਗਲ ਇਹ ਲਿਖ ਕੇ ਦੇਣ, ਅਸੀਂ ਘੋਖ ਕਰ ਲਵਾਂਗੇ।

**ਪ੍ਰੋਫੈਸਰ ਬਲਵੰਤ ਸਿੰਘ :** ਜਿਸ ਤਰ੍ਹਾਂ ਅੰਮ੍ਰਿਤਸਰ ਵਿਚ ਸਕੈਂਡਲ ਹੋਏ ਹਨ ਉਸੇ ਤਰ੍ਹਾਂ ਹੀ ਲੁਧਿਆਣੇ ਦਾ ਹਾਲ ਹੈ। ਕੀ ਇਨ੍ਹਾਂ ਨੂੰ ਵੀ ਉਹ ਹੀ ਗੁਰ ਮੰਤਰ ਦਿੱਤਾ ਜਾ ਰਿਹਾ ਹੈ ?

**ਮੰਤਰੀ :** ਸਪੈਸੀਫਿਕ ਕੁਐਸਚਨ ਹੋਣੇ ਚਾਹੀਦੇ ਹਨ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਉਥੇ ਸੀਮਿੰਟ ਦੀ ਬਲੈਕ ਹੋ ਰਹੀ ਹੈ। ਇਹ ਜਿਹੜਾ ਅੰਮ੍ਰਿਤਸਰ ਵਿਚ ਵਾਕਿਆ ਹੋਇਆ ਹੈ ਇਹ ਬਹੁਤ ਬੜਾ ਵਾਕਿਆ ਹੈ। ਕੀ ਇਸ ਬਾਰੇ ਪੜਤਾਲ ਕਰਾਉਣ ਨੂੰ ਇਹ ਤਿਆਰ ਹਨ ? ਸਪੀਕਰ ਸਾਹਿਬ, ਇਹ ਤੁਹਾਡਾ ਆਪਣਾ ਸ਼ਹਿਰ ਹੈ। ਉਥੇ ਕਿੰਨੀ ਬਲੈਕ ਹੋ ਰਹੀ ਹੈ। ਸਰਕਾਰ ਕਿਉਂ ਨਹੀਂ ਉਥੇ ਸਕੈਂਡਲਾਂ ਨੂੰ ਫੜ ਰਹੀ । ਇਸ ਬਾਰੇ ਸਰਦਾਰ ਪ੍ਰਿਥੀਪਾਲ ਸਿੰਘ ਹੋਰਾਂ ਨੇ, ਜੋ ਕਿ ਬੜੇ ਜ਼ਿੰਮੇਵਾਰ ਮੈਂਬਰ ਹਨ, ਇਨ੍ਹਾਂ ਨੇ ਵੀ ਕਿਹਾ ਹੈ। ਸਪੀਕਰ ਸਾਹਿਬ, ਤੁਸੀਂ ਸਾਨੂੰ ਪ੍ਰੋਟੈਕਸ਼ਨ ਦਿਓ। ਇਨ੍ਹਾਂ ਨੂੰ ਕਹੋ ਕਿ ਇਹ ਇਸ ਬਾਰੇ ਇਨਕੁਆਇਰੀ ਕਰਨ ।

(ਕੋਈ ਉਤਰ ਨਹੀਂ ਆਇਆ ।)

---

**Grant of Leave Travel Concession to Government Employees**

***1166. Prof. Darbari Lal :** Will the Minister for Finance be pleased to state—

(a) whether it is a fact that the Second Pay Commission set up by the Government recommended the grant of Leave Travel Concession to Government employees ;

(b) whether there is any proposal under the consideration of the Government to grant Leave Travel Concession to its employees on the Central Pattern ?

**ਡਾਕਟਰ ਕੇਵਲ ਕ੍ਰਿਸ਼ਨ :** (ੳ) ਹਾਂ ਜੀ ।

(ਅ) ਨਹੀਂ ਜੀ ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਦਰਬਾਰੀ ਲਾਲ** : ਮਨਿਸਟਰ ਸਾਹਿਬ ਨੇ ਸਵਾਲ ਦੇ ਪਹਿਲੇ ਭਾਗ ਬਾਰੇ ਕਿਹਾ ਹੈ 'ਹਾਂ ਜੀ' ਔਰ ਇਸੇ ਸਵਾਲ ਦੇ ਦੂਸਰੇ ਭਾਗ ਬਾਰੇ ਇਨ੍ਹਾਂ ਨੇ ਜਵਾਬ ਦਿੱਤਾ ਹੈ 'ਨਹੀਂ ਜੀ'। ਪਹਿਲੇ ਭਾਗ ਵਿਚ ਇਹ ਹੈ ਕਿ ਪੇ ਕਮਿਸ਼ਨ ਦੀ ਰਿਪੋਰਟ ਵਿੱਚ ਹੈ ਕਿ ਤਮਾਮ ਇੰਪਲਾਈਜ਼ ਨੂੰ ਗਰਾਂਟ ਆਫ ਫਰੀ ਟਰੈਵਲ ਕਨਸੈਸ਼ਨ ਦਿੱਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, ਪੁਜ਼ੀਸ਼ਨ ਇਹ ਰਹੀ ਹੈ ਕਿ ਜਿਹੜੀ ਪੇ ਕਮਿਸ਼ਨ ਦੀ ਰਿਪੋਰਟ ਹੋਵੇ ਉਹ ਇਨ ਟੋਟੋ ਲਾਗੂ ਕਰ ਦਿੱਤੀ ਜਾਂਦੀ ਹੈ। ਨਾਲ ਦੀ ਗਵਾਂਢੀ ਹਰਿਆਣਾ ਸਟੇਟ, ਜੋ ਕਿ ਸਾਡੇ ਛੋਟੇ ਭਾਈ ਵਰਗੀ ਸਟੇਟ ਹੈ, ਜੇਕਰ ਉਥੇ ਇਹ ਕਨਸੈਸ਼ਨ ਦੇ ਦਿੱਤਾ ਗਿਆ ਹੈ ਤਾਂ ਇਹ ਸਾਡੀ ਸਟੇਟ ਨੂੰ, ਬੜੇ ਭਾਈ ਨੂੰ, ਇਹ ਕਨਸੈਸ਼ਨ ਇਥੇ ਦੇਣ ਵਿਚ ਕਿ ਇਤਰਾਜ਼ ਹੈ ?

**ਮੰਤਰੀ** : ਇਹ ਜੋ ਕਿਹਾ ਗਿਆ ਹੈ ਕਿ ਪੇ ਕਮਿਸ਼ਨ ਦੀ ਰਿਪੋਰਟ ਇਨ ਟੋਟੋ ਲਾਗੂ ਕਰ ਦਿੱਤੀ ਜਾਂਦੀ ਹੈ, ਅਜਿਹੀ ਗਲ ਨਹੀਂ ਹੈ। ਅਸਲ ਗਲ ਇਹ ਹੈ ਕਿ ਪੇ ਕਮਿਸ਼ਨ ਦੀਆਂ ਰਿਕੂ-ਮੈਂਡੇਸ਼ਨਜ਼ ਤੇ ਸਰਕਾਰ ਵਿਚਾਰ ਕਰਦੀ ਹੈ ਔਰ ਉਸ ਦੀਆਂ ਕੁਝ ਰਿਕੂਮੈਂਡੇਸ਼ਨਜ਼ ਮੰਨ ਲਈਆਂ ਜਾਂਦੀਆਂ ਹਨ ਔਰ ਕੁਝ ਨਹੀਂ ਮੰਨੀਆਂ ਜਾਂਦੀਆਂ। ਇਹ ਰਿਕੂਮੈਂਡੇਸ਼ਨ ਮੰਨਣ ਨਾਲ ਢਾਈ ਕਰੋੜ ਰੁਪਏ ਦਾ ਖਰਚਾ ਆਉਂਦਾ ਹੈ। ਅਜੇ ਤਕ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਕਰਮਚਾਰੀਆਂ ਨੂੰ ਸੈਰ ਸਪਾਟੇ ਵਾਸਤੇ ਅਸੀਂ ਅਜੇ ਇਹ ਕਨਸੈਸ਼ਨ ਨਹੀਂ ਦੇ ਸਕਾਂਗੇ।

**ਸ਼੍ਰੀ ਸੁਰਿੰਦਰ ਕਪੂਰ** : ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਮੁਲਾਜ਼ਮਾਂ ਦਾ ਸਵਾਲ ਹੈ ਇਸ ਬਾਰੇ ਸਰਕਾਰ ਕਦੋਂ ਤਕ ਫੈਸਲਾ ਕਰਨ ਦਾ ਵਿਚਾਰ ਰੱਖਦੀ ਹੈ ? ਇਹ ਕਨਸੈਸ਼ਨ ਮੁਲਾਜ਼ਮਾਂ ਨੂੰ ਕਦੋਂ ਤਕ ਦੇ ਦਿੱਤਾ ਜਾਏਗਾ ?

**ਮੰਤਰੀ** : ਅਜੇ ਤਕ ਇਹ ਮਾਮਲਾ ਵਿਚਾਰ ਅਧੀਨ ਨਹੀਂ ਹੈ। ਜਿਸ ਵੇਲੇ ਇਹ ਵਿਚਾਰ ਅਧੀਨ ਹੋਏਗਾ ਉਸ ਵੇਲੇ ਕੋਈ ਤਾਰੀਖ ਫਿਕਸ ਕਰ ਸਕਦੇ ਹਾਂ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਇਸ ਬਾਰੇ ਸਾਰੇ ਐਮ. ਐਲ. ਏਜ਼. ਇੰਟਰੈਸਟਡ ਹਨ ਔਰ ਇਸ ਵਿਚ ਸਾਰੇ ਇੰਪਲਾਈਜ਼ ਇਨਵਾਲਵਡ ਹਨ ਪਰ ਵਜ਼ੀਰ ਸਾਹਿਬ ਕਹਿ ਰਹੇ ਹਨ ਕਿ ਅਸੀਂ ਇਸ ਤੇ ਵਿਚਾਰ ਨਹੀਂ ਕਰ ਰਹੇ। ਕੀ ਇਹ ਸਾਰੇ ਮਹੌਲ ਨੂੰ ਦੇਖਦੇ ਹੋਏ ਸਰਕਾਰ ਇਸ ਤੇ ਵਿਚਾਰ ਕਰਨ ਨੂੰ ਤਿਆਰ ਹੈ ਜਾਂ ਨਹੀਂ ?

**ਮੰਤਰੀ** : ਇਹ ਮਾਮਲਾ ਮੁਲਾਜ਼ਮਾਂ ਨੂੰ ਲੀਵ ਟਰੈਵਲ ਕਨਸੈਸ਼ਨ ਦੇਣ ਦਾ ਹੈ ਔਰ ਇਸ ਤੇ ਢਾਈ ਕਰੋੜ ਰੁਪਏ ਦਾ ਖਰਚਾ ਆਉਂਦਾ ਹੈ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ ਅਜੇ ਇਹ ਖਰਚਾ ਕਰਨ ਦੇ ਸਮਰਥ ਨਹੀਂ ਹਾਂ।

---

## Excise Duty/Sales Tax collected from the Jullundur Cantonment

***1183. Shri Ram Lal Chitti :** Will the Minister for Finance be pleased to state the details of excise duty and sales tax collected by the Government from the area of Jullundur Cantonment during the years 1980-81 and 1981-82 (up-to-date) ?

Original with;
Punjab Vidhan Sabha
Digitized by;
Panjab Digital Library

ਡਾਕਟਰ ਕੇਵਲ ਕ੍ਰਿਸ਼ਨ: ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

ਸੂਚੀ

| ਸਾਲ | ਆਮਦਨ ਦੀ ਕਿਸਮ | ਕੁਲ ਆਮਦਨੀ |
|---|---|---|
| | | (ਰੁਪਏ) |
| 1980-81 | (ੳ) ਆਬਕਾਰੀ ਡਿਊਟੀ | 1,78,73,205.00 |
| | (ਅ) ਪੰਜਾਬ ਜਨਰਲ ਸੇਲਜ਼ ਟੈਕਸ | 21,31,065.00 |
| | (ੲ) ਸੈਂਟਰਲ ਸੇਲਜ਼ ਟੈਕਸ | 7,45,800.00 |
| | ਕੁੱਲ | 2,07,50,070.00 |
| 1981-82 (31-1-82) | (ੳ) ਆਬਕਾਰੀ ਡਿਊਟੀ | 2,36,95,251.00 |
| | (ਅ) ਪੰਜਾਬ ਜਨਰਲ ਸੇਲਜ਼ ਟੈਕਸ | 17,08,800.00 |
| | (ੲ) ਸੈਂਟਰਲ ਸੇਲਜ਼ ਟੈਕਸ | 6,40,300.00 |
| | ਕੁਲ | 2,60,44,351.00 |

**ਸ੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜੀ ਰਿਪੋਰਟ ਹਾਊਸ ਦੀ ਮੇਜ਼ ਤੇ ਰਖੀ ਹੈ ਉਸ ਵਿਚ ਹੈ ਕਿ ਜੋ ਜਲੰਧਰ ਕੈਨਟੋਨਮੈਂਟ ਏਰੀਆ ਤੋਂ ਟੈਕਸ ਦੀ ਕੁਲੈਕਸ਼ਨ ਕੀਤੀ ਗਈ ਹੈ ਉਹ 1980-81 ਵਿਚ 2,07,50,070 ਰੁਪਏ ਹੈ ਔਰ 1981-82 ਵਿਚ 2,60,44,351 ਰੁਪਏ ਹੈ। ਇਹ ਦੋ ਸਾਲਾਂ ਬਾਰੇ ਦੱਸਿਆ ਗਿਆ ਹੈ ਔਰ ਇਨ੍ਹਾਂ ਦੋ ਸਾਲਾਂ ਤੋਂ ਪਹਿਲਾਂ ਜੋ ਟੈਕਸ ਆਇਆ ਹੈ ਉਸ ਬਾਰੇ ਪਤਾ ਨਹੀਂ ਹੈ। ਜਿੰਨੀਆਂ ਨੋਟੀਫਾਈਡ ਏਰੀਆ ਕਮੇਟੀਆਂ ਹਨ ਜਾਂ ਪਿੰਡਾਂ ਤੋਂ ਜੋ ਸਰਕਾਰ ਨੂੰ ਥੋੜ੍ਹਾ ਬਹੁਤ ਟੈਕਸ ਆਉਂਦਾ ਹੈ, ਉਨ੍ਹਾਂ ਏਰੀਆਜ਼ ਦੀ ਡਿਵੈਲਪਮੈਂਟ ਵਾਸਤੇ ਸਰਕਾਰ ਬਹੁਤ ਖਰਚ ਕਰਦੀ ਹੈ, ਪਰ ਕੰਟੋਨਮੈਂਟ ਵਿਚ ਸਰਕਾਰ ਇਸ ਦੀ ਡਿਵੈਲਪਮੈਂਟ ਵਾਸਤੇ ਕੋਈ ਖਰਚ ਨਹੀਂ ਕਰਦੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਨਾਲ ਹੋਰ ਏਰੀਆਜ਼ ਦੀ ਡਿਵੈਲਪਮੈਂਟ ਵਾਸਤੇ ਸਰਕਾਰ ਖਰਚ ਕਰਦੀ ਹੈ, ਕੀ ਉਸੇ ਤਰ੍ਹਾਂ ਇਥੇ ਕੈਂਟੋਨਮੈਂਟ ਏਰੀਏ ਦੀ ਡਿਵੈਲਪਮੈਂਟ ਵਾਸਤੇ ਵੀ ਸਰਕਾਰ ਖਰਚ ਕਰੇਗੀ ?

**ਮੰਤਰੀ** : ਕੈਂਟੋਨਮੈਂਟ ਏਰੀਆ ਵਾਸਤੇ ਖਰਚ ਕੈਂਟੋਨਮੈਂਟ ਬੋਰਡ ਕਰਦਾ ਹੈ ਔਰ ਇਸ ਵਿਚ ਸਰਕਾਰ ਕੋਈ ਦਖਲ ਨਹੀਂ ਦਿੰਦੀ। ਅਗਰ ਕੈਂਟੋਨਮੈਂਟ ਦੇ ਏਰੀਏ ਵਾਸਤੇ ਕੈਂਟੋਨਮੈਂਟ ਬੋਰਡ ਕੋਈ ਸਕੀਮ ਬਣਾਵੇ ਔਰ ਉਸ ਸਕੀਮ ਲਈ ਪੰਜਾਬ ਸਰਕਾਰ ਤੋਂ ਸਹਾਇਤਾ ਮੰਗੇ ਤਾਂ ਉਸ ਸਕੀਮ ਤੇ ਵਿਚਾਰ ਕੀਤਾ ਜਾ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਆਬਕਾਰੀ ਟੈਕਸ ਜਿਹੜਾ ਕਿ ਸਰਕਾਰ ਵਸੂਲ ਕਰਦੀ ਹੈ, ਉਥੇ ਇਕ ਅਫਸਰ ਏ.ਡੀ.ਸੀ. ਹੈ ਜੋ ਕਿ ਅਗਰ ਦਸ ਬੋਤਲਾਂ ਪਕੜੀਆਂ ਜਾਣ ਤਾਂ 2,000 ਰੁਪਏ ਜੁਰਮਾਨਾ ਕਰਦਾ ਹੈ ਔਰ ਅਗਰ 2 ਬੋਤਲਾਂ ਪਕੜੀਆਂ ਜਾਣ ਤਾਂ 10,000 ਰੁਪਏ ਜੁਰਮਾਨਾ ਕਰਦਾ ਹੈ। ਕੀ ਇਸ ਬਾਰੇ ਇਨਕੁਆਇਰੀ ਕਰਾਈ ਜਾਏਗੀ ?

**ਮੰਤਰੀ :** ਇਸ ਗੱਲ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਇਹ ਲਿਖ ਕੇ ਦੇ ਦੇਣ, ਦੇਖ ਲਵਾਂਗੇ।

**ਸਰਦਾਰ ਗੁਰਨੈਬ ਸਿੰਘ ਬਰਾੜ :** ਮੰਤਰੀ ਸਾਹਿਬ ਨੇ ਕਿਹਾ ਹੈ ਕਿ ਕੈਂਟੋਨਮੈਂਟ ਏਰੀਆ ਦੀ ਡਿਵੈਲਪਮੈਂਟ ਦਾ ਪ੍ਰਬੰਧ ਕੈਂਟੋਨਮੈਂਟ ਬੋਰਡ ਕਰਦਾ ਹੈ। ਪਰ ਜੋ ਉਥੇ ਸ਼ਹਿਰੀ ਵਸਦੇ ਹਨ ਉਹ ਪੰਜਾਬ ਦੇ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਥੋਂ ਟੈਕਸ ਤਾਂ ਪੰਜਾਬ ਸਰਕਾਰ ਵਸੂਲ ਕਰਦੀ ਹੈ ਪਰ ਉਨ੍ਹਾਂ ਦੀ ਭਲਾਈ ਵਾਸਤੇ ਪੰਜਾਬ ਸਰਕਾਰ ਕੋਈ ਪੈਸਾ ਖਰਚ ਕਰਨਾ ਨਹੀਂ ਚਾਹੁੰਦੀ। ਕੈਂਟੋਨਮੈਂਟ ਬੋਰਡ ਜੋ ਕਿ ਸੈਂਟਰਲ ਗੌਰਮਿੰਟ ਦੇ ਅਧੀਨ ਹੈ ਉਹ ਸਾਡੀ ਗਲ ਸੁਣਦਾ ਨਹੀਂ ਹੈ। ਮੈਂ ਵੀ ਕੈਂਟੋਨਮੈਂਟ ਤੋਂ ਜਿੱਤ ਕੇ ਆਇਆ ਹਾਂ। ਉਥੇ ਕੈਂਟੋਨਮੈਂਟ ਬੋਰਡ ਦੇ ਅਫਸਰਾਂ ਵਿਚ ਅੰਗਰੇਜ਼ਸ਼ਾਹੀ ਹੈ। ਕੀ ਉਥੇ ਦੇ ਲੋਕਾਂ ਦੀ ਭਲਾਈ ਵਾਸਤੇ ਜੋ ਕੁਝ ਚਾਹੀਦਾ ਹੈ ਉਸ ਲਈ ਪੰਜਾਬ ਸਰਕਾਰ ਖਰਚਾ ਕਰੇਗੀ ?

**ਮੰਤਰੀ :** ਕੈਂਟੋਨਮੈਂਟ ਬੋਰਡ ਦੀ ਤਰਫੋਂ ਉਥੇ ਦੇ ਲੋਕਾਂ ਦੀ ਮੱਦਦ ਵਾਸਤੇ ਅਗਰ ਕੋਈ ਪੰਜਾਬ ਸਰਕਾਰ ਨੂੰ ਤਜਵੀਜ਼ ਆ ਜਾਏ ਤਾਂ ਪੰਜਾਬ ਸਰਕਾਰ ਉਸ ਤੇ ਵਿਚਾਰ ਕਰਨ ਨੂੰ ਤਿਆਰ ਹੈ।

**ਸ਼੍ਰੀ ਰਾਮ ਲਾਲ ਚਿੱਟੀ :** ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੈਂਟੋਨਮੈਂਟ ਬੋਰਡ ਅਗਰ ਕੋਈ ਸਕੀਮ ਬਣਾਕੇ ਇਨ੍ਹਾਂ ਨੂੰ ਭੇਜੇ ਤਾਂ ਉਸ ਤੇ ਪੰਜਾਬ ਸਰਕਾਰ ਵਿਚਾਰ ਕਰੇਗੀ। ਜਦੋਂ ਪੰਜਾਬ ਸਰਕਾਰ ਉਥੋਂ ਐਨਾ ਟੈਕਸ ਲੈਂਦੀ ਹੈ ਅਤੇ ਜਿਸ ਤਰ੍ਹਾਂ ਹੋਰ ਜਗ੍ਹਾ ਤੇ ਪੰਜਾਬ ਸਰਕਾਰ ਹਰੀਜਨਾਂ ਲਈ ਧਰਮਸ਼ਾਲਾਂ ਬਣਾਕੇ ਦਿੰਦੀ ਹੈ, ਉਥੇ ਡਿਸਪੈਂਸਰੀਆਂ ਖੋਲ੍ਹਦੀ ਹੈ, ਕੀ ਉਸੇ ਤਰ੍ਹਾਂ ਹੀ ਕੈਂਟੋਨਮੈਂਟ ਬੋਰਡ ਏਰੀਆ ਵਿਚ ਵੀ ਪੰਜਾਬ ਸਰਕਾਰ ਸਕੀਮ ਬਣਾਏਗੀ ਔਰ ਉਥੇ ਇਹ ਧਰਮਸ਼ਾਲਾਂ ਅਤੇ ਡਿਸਪੈਂਸਰੀਆਂ ਖੋਲ੍ਹੇਗੀ ?

**ਮੰਤਰੀ :** ਕੈਂਟੋਨਮੈਂਟ ਬੋਰਡ ਦਾ ਏਰੀਆ ਰਿਸਟ੍ਰਿਕਟਿਡ ਏਰੀਆ ਹੁੰਦਾ ਹੈ। ਉਥੋਂ ਦੀ ਡਿਵੈਲਪਮੈਂਟ ਜਾਂ ਕੰਸਟਰਕਸ਼ਨ ਦਾ ਜੋ ਕੁਝ ਵੀ ਕੰਮ ਹੈ ਉਹ ਬੋਰਡ ਦੀ ਮਰਜ਼ੀ ਨਾਲ ਹੁੰਦਾ ਹੈ। ਅਗਰ ਬੋਰਡ ਵਾਲੇ ਇਸ ਸਬੰਧੀ ਕੋਈ ਸਕੀਮ ਬਣਾਕੇ ਪੰਜਾਬ ਸਰਕਾਰ ਨੂੰ ਭੇਜਣ ਤਾਂ ਉਸ ਤੇ ਵਿਚਾਰ ਹੋ ਸਕਦੀ ਹੈ।

---

**Panchayat Land in village Raowali, Block Adampur, District Jullundur**

***1195. Comrade Kulwant Singh :** Will the Minister for Development and Panchayats be pleased to state—

(a) whether it is a fact that some people have unauthorisedly occupied the Panchayat land measuring about 4 kanals adjoining the Harijan Basti in village Raowali, Block Adampur, tehsil and district Jullundur ;

Original with;
Punjab Vidhan Sabha
Digitized by;
Panjab Digital Library

[Comrade Kulwant Singh]

(b) whether it is also a fact that two thirds of the Panchayat Members of the said village made a written complaint in June, 1981 about the said unauthorised possession to the B.D.O., Adampur ;

(c) if the reply to parts (a) and (b) above be in the affirmative, the details of the action so far taken to get the land unauthorised possession vacated ?

**ਸਰਦਾਰ ਸੰਤੋਖ ਸਿੰਘ ਰੰਧਾਵਾ :** (ੳ) ਹਾਂ ਜੀ।

(ਅ) ਹਾਂ ਜੀ।

(ੲ) ਬੀ.ਡੀ.ਓ. ਆਦਮਪੁਰ ਵਲੋਂ ਪੈਰਵੀ ਕਰਨ ਤੇ ਗਰਾਮ ਪੰਚਾਇਤ ਰਾਉਵਾਲੀ ਨੇ ਮਿਤੀ 4 ਜੂਨ, 1981 ਨੂੰ ਮਤਾ ਪਾਸ ਕਰਕੇ ਸਰਪੰਚ ਨੂੰ ਹਦਾਇਤ ਕੀਤੀ ਕਿ ਨਜਾਇਜ਼ ਕਾਬਜ਼ਾਂ ਨੂੰ ਬੇਦਖਲ ਕਰਨ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ, ਪਰੰਤੂ ਸਰਪੰਚ ਨੇ ਕੋਈ ਕਾਰਵਾਈ ਨਹੀਂ ਕੀਤੀ। ਉਸ ਨੂੰ ਮਿਤੀ 16 ਫਰਵਰੀ, 1982 ਨੂੰ ਮੁਅੱਤਲ ਕਰ ਦਿਤਾ ਹੈ। ਹੁਣ ਕੁਲੈਕਟਰ (ਡੀ.ਡੀ.ਪੀ.ਓ.) ਜਲੰਧਰ ਦੀ ਅਦਾਲਤ ਵਿਚ ਸਮਾਜਿਕ ਸਿਖਿਆ ਅਤੇ ਪੰਚਾਇਤ ਅਫਸਰ, ਆਦਮਪੁਰ ਦੀ ਮਾਰਫਤ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ, 1961 ਦੀ ਧਾਰਾ 7(1) ਅਧੀਨ ਨਜਾਇਜ਼ ਕਾਬਜ਼ਾਂ ਵਿਰੁੱਧ ਬੇਦਖਲੀ ਦੇ ਕੇਸ ਕਰਵਾ ਦਿਤੇ ਗਏ ਹਨ।

**ਕਾਮਰੇਡ ਕੁਲਵੰਤ ਸਿੰਘ :** ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਐਨੀ ਦੇਰ ਹੋ ਗਈ ਹੈ ਜਦੋਂ ਕਿ ਪਿੰਡ ਵਾਲਿਆਂ ਨੇ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਦੀ ਜ਼ਮੀਨ ਤੇ ਕਬਜ਼ਾ ਬਾਹਰ ਵਾਲਿਆਂ ਦਾ ਹੈ ਔਰ ਉਹ ਨਾਜਾਇਜ਼ ਕਬਜ਼ਾ ਹੈ। ਉਹ ਲੋਕ ਉਸ ਪਿੰਡ ਦੇ ਵਾਸੀ ਨਹੀਂ ਹਨ। ਪਹਿਲਾਂ ਝੁੱਗੀਆਂ ਬਣਾਈਆਂ ਸਨ ਔਰ ਹੁਣ ਪੱਕੇ ਮਕਾਨ ਬਣਾਏ ਹਨ। ਕੀ ਉਥੋਂ ਨਾਜਾਇਜ਼ ਕਬਜ਼ਾ ਜਲਦੀ ਖਤਮ ਕਰਾਉਣਗੇ ?

**ਮੰਤਰੀ :** ਸਪੀਕਰ ਸਾਹਿਬ, 26 ਜਨਵਰੀ, 1981 ਤੋਂ ਪਹਿਲਾਂ ਇਹ ਜਿਹੜੇ ਬਾਜੀਗਰ ਹਨ ਉਥੇ ਆ ਕੇ ਬੈਠੇ, ਉਨ੍ਹਾਂ ਨੇ ਸਰਪੰਚ ਨੂੰ ਮਿਲਕੇ ਕਿਹਾ ਕਿ ਸਾਨੂੰ ਪਲਾਟ ਦਿਤੇ ਜਾਣ। ਸਰਪੰਚ ਨੇ ਬਗੈਰ ਪੰਚਾਇਤ ਨੂੰ ਪੁਛੇ ਅਤੇ ਸੈਕਟਰੀ ਨੂੰ ਪੁਛੇ ਮਤਾ ਲਿਖ ਦਿਤਾ ਪਰ ਉਸ ਮਤੇ ਉਤੇ ਕਿਸੇ ਪੰਚ ਨੇ ਦਸਤਖਤ ਨਹੀਂ ਕੀਤੇ। ਇਸ ਤਰ੍ਹਾਂ ਪੰਚ 4 ਜੂਨ, 1981 ਨੂੰ ਬੀ.ਡੀ.ਪੀ.ਓ. ਕੋਲ ਗਏ ਕਿ ਸਰਪੰਚ ਨੇ ਸਾਨੂੰ ਪੁੱਛੇ ਬਗੈਰ ਹੀ ਮਤਾ ਕਰ ਲਿਆ ਹੈ ਇਸ ਲਈ ਉਨ੍ਹਾਂ ਬਾਜੀਗਰਾਂ ਨੂੰ ਬੇਦਖਲ ਕੀਤਾ ਜਾਵੇ। ਆਦਮਪੁਰ ਦੇ ਐਸ.ਈ.ਪੀ.ਓ. ਨੇ ਇਨ ਟਾਈਮ ਕੁਲੈਕਟਰ ਨੂੰ ਕੇਸ ਦਾਇਰ ਨਹੀਂ ਕੀਤਾ। ਜਿਥੇ ਸਰਪੰਚ ਨੂੰ ਸਸਪੈਂਡ ਕੀਤਾ ਹੈ ਕਿਉਂਕਿ ਉਸ ਨੇ ਪੰਚਾਇਤ ਨੂੰ ਪੁੱਛੇ ਬਗੈਰ ਹੀ ਮਤਾ ਕਰ ਲਿਆ ਉਥੇ ਮੁਨਾਸਿਬ ਇਨਕੁਆਇਰੀ ਕਰਕੇ ਦੂਜੇ ਅਫਸਰਾਂ/ਆਦਮੀਆਂ ਦੇ ਖਿਲਾਫ ਵੀ ਕਾਰਵਾਈ ਕਰਾਂਗੇ।

**ਕਾਮਰੇਡ ਕੁਲਵੰਤ ਸਿੰਘ :** ਮਨਿਸਟਰ ਸਾਹਿਬ ਨੇ ਜਿਸ ਤਰ੍ਹਾਂ ਦੱਸਿਆ ਹੈ ਇਨ੍ਹਾਂ ਵਾਲੀ ਗੱਲ ਸਹੀ ਹੈ। ਸਰਪੰਚ ਨੇ ਪੈਸੇ ਲੈ ਕੇ ਬਾਜੀਗਰਾਂ ਨੂੰ ਪਲਾਟ ਦਿਤੇ। ਇਸ ਵਿਚ ਹੋਰ ਅਫਸਰ ਵੀ ਆਉਂਦੇ ਹਨ। ਹੁਣ ਅਸੰਬਲੀ ਵਿਚ ਕੁਐਸਚਨ ਆਉਣ ਤੇ ਉਸ ਨੂੰ ਸਸਪੈਂਡ ਕੀਤਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ ਇਹੋ ਜਿਹੇ ਨਾਜਾਇਜ਼ ਕੰਮ ਸਰਪੰਚ ਪੈਸੇ ਲੈ ਕੇ ਕਰਦੇ ਹਨ, ਇਸ ਤਰ੍ਹਾਂ

Original with;
Punjab Vidhan Sabha
Digitized by;
Panjab Digital Library

ਪਲਾਟ ਦਿੰਦੇ ਹਨ. ਉਹ ਵੀ ਬਾਹਰ ਦੇ ਆਦਮੀਆਂ ਨੂੰ ਅਤੇ ਉਹ ਵੀ ਬਗੈਰ ਪੰਚਾਇਤ ਦੀ ਮਨਜ਼ੂਰੀ ਦੇ, ਕੀ ਅਜਿਹੇ ਸਰਪੰਚ ਦੇ ਖਿਲਾਫ ਇਹ ਐਕਸ਼ਨ ਲੈਣਗੇ ਅਤੇ ਅਜਿਹੇ ਕਬਜ਼ਿਆਂ ਨੂੰ ਇਹ ਕਦੋਂ ਤੁੜਵਾਉਣਗੇ ?

**ਮੰਤਰੀ** : ਮੈਂ ਦੱਸਿਆ ਹੈ ਕਿ ਸਰਪੰਚ ਨੂੰ ਸਸਪੈਂਡ ਕਰਨ ਦੇ ਬਾਅਦ ਉਸ ਦੇ ਖਿਲਾਫ ਇਨਕੁਆਇਰੀ ਕੀਤੀ ਜਾ ਰਹੀ ਹੈ ਅਤੇ ਉਸ ਉਤੇ ਯੋਗ ਐਕਸ਼ਨ ਲਿਆ ਜਾਵੇਗਾ। ਜਿਹੜੇ ਅਫਸਰਾਂ ਨੇ ਇਨ ਟਾਇਮ ਕੁਲੈਕਟਰ ਕੋਲ ਦਾਅਵਾ ਦਾਇਰ ਨਹੀਂ ਕੀਤਾ, ਮੈਂ ਪਹਿਲਾਂ ਕਿਹ ਹੈ ਕਿ ਉਨ੍ਹਾਂ ਦੀ ਵੀ ਇਨਕੁਆਇਰੀ ਕਰਕੇ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ ।

———

## Digging of Kandi Canal in Balachaur Assembly Constituency

***1171. Master Dalip Chand** : Will the Minister for Agriculture and Irrigation be pleased to state the time by which the digging of Kandi Canal in the Balachaur Assembly Constituency is likely to be taken in hand ?

**ਚੌਧਰੀ ਕਾਂਸ਼ੀ ਰਾਮ** : ਸਾਲ 1982-83 ਵਿਚ ।

**ਮਾਸਟਰ ਦਲੀਪ ਚੰਦ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਸਾਲ 1982-83 ਵਿਚ। ਮੈਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਇਸ ਨਹਿਰ ਤੋਂ ਗੜ੍ਹਸ਼ੰਕਰ ਅਤੇ ਬਲਾਚੌਰ ਵਿਚ ਰਹਿ ਜਾਣਗੇ, ਕੀ ਉਨ੍ਹਾਂ ਲਈ ਲਿਫਟ ਇਰੀਗੇਸ਼ਨ ਦਾ ਸਾਧਨ ਮੁਹੱਈਆ ਕਰਨਗੇ ?

**ਮੰਤਰੀ** : ਇਸ ਸਕੀਮ ਤਹਿਤ 258 ਕਿਊਸਿਕਸ ਪਾਣੀ ਹੋਵੇਗਾ ਅਤੇ ਉਸ ਦੀ ਮੈਕਸੀਮਮ ਯੁਟੇਲਿਟੀ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਪਹਿਲੇ ਫੇਜ਼ ਦੀ ਜਿਹੜੀ ਮੌਜੂਦਾ ਕੰਡੀ ਕੇਨਾਲ ਬਣ ਰਹੀ ਹੈ ਉਹ ਕਦੋਂ ਤਕ ਮੁਕੰਮਲ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਪਹਿਲਾਂ ਮਨਿਸਟਰ ਵੀ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ 33 ਕਰੋੜ ਰੁਪਏ ਦੀ ਸਕੀਮ ਹੈ ਅਤੇ ਇਹ 5 ਸਾਲਾ ਪਲਾਨ ਵਿਚ ਕੰਪਲੀਟ ਹੋ ਜਾਵੇਗੀ।

**ਪੰਡਿਤ ਸਰਵਣ ਰਾਮ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੇ ਇਲਾਵਾ ਜਿਹੜਾ ਉਪਰ ਬੇਟ ਦਾ ਏਰੀਆ ਹੈ ਉਸ ਏਰੀਆ ਦੇ 23-24 ਪਿੰਡਾਂ ਵਿਚ ਲਿਫਟ ਇਰੀਗੇਸ਼ਨ ਮਨਜ਼ੂਰ ਕਰਨ ਦਾ ਕੀ ਇਰਾਦਾ ਹੈ ?

**ਮੰਤਰੀ** : ਇਹ ਸਾਰੀ ਗੱਲ ਪਾਣੀ ਅਤੇ ਪੈਸੇ ਦੀ ਅਵੇਲੇਬਿਲਿਟੀ ਤੇ ਮੁਨੱਸਰ ਕਰਦੀ ਹੈ । ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਇਹ ਪਾਣੀ 258 ਕਿਊਸਿਕਸ ਹੈ ਅਤੇ ਉਸ ਪਾਣੀ ਦੀ ਜ਼ਿਆਦਾ ਤੋਂ ਜ਼ਿਆਦਾ ਯੁਟੇਲਿਟੀ ਕਰਨ ਦੀ ਕੋਸ਼ਿਸ਼ ਕਰਾਂਗੇ। ਜੇ ਪਾਣੀ ਬਚ ਗਿਆ ਤਾਂ ਬੇਟ ਏਰੀਆ ਨੂੰ ਵੀ ਕੰਸਿਡਰ ਕਰਾਂਗੇ।

**ਪੰਡਿਤ ਸਰਵਣ ਰਾਮ** : ਜਿਥੇ ਸਵਾਂ ਨਦੀ ਚਲਦੀ ਹੈ ਉਥੇ ਲਿਫਟ ਇਰੀਗੇਸ਼ਨ ਕਰਕੇ ਪਾਣੀ ਦਿਤਾ ਜਾ ਸਕਦਾ ਹੈ ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ ਵਿਚ ਕੀਤਾ ਗਿਆ ਹੈ। ਕੀ ਇਹ ਉਸੇ ਤਰ੍ਹਾਂ ਸਾਡੇ ਵੀ ਉਥੇ ਕਰਨਗੇ ?

*Original with;*
Punjab Vidhan Sabha
*Digitized by;*
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਨੂੰ ਹੋਰ ਪਾਸੇ ਲੈ ਗਏ ਹਨ। ਫਿਰ ਵੀ ਮੈਂ ਕਹਾਂਗਾ ਕਿ ਜੇ ਕੋਈ ਐਸੀ ਗਲ ਹੈ ਤਾਂ ਇਹ ਐਸੀ ਕੋਈ ਪਰਪੋਜ਼ਲ ਦੇ ਦੇਣਗੇ ਤਾਂ ਉਸ ਉਤੇ ਅਮਲ ਕਰਾਂਗੇ ਅਤੇ ਸੋਚਾਂਗੇ।

---

**Payment of Compensation for the Chand Bhan Drain**

***1175. 1. Comrade Saghar Singh**
**2. Comrade Kulwant Singh** } Will the Minister for Agriculture and Irrigation be pleased to state—

(a) whether it is a fact that compensation for the land acquired for the Chand Bhan drain in Faridkot District has not been paid in certain villages till to-day despite the fact that the land was acquired long ago ;

(b) whether the Irrigation Department received any representation (s) from the said villages during the last 3 years (1979, 1980 and 1981), if so, the action so far taken/proposed to be taken in this behalf ?

**ਚੌਧਰੀ ਬਾਸ਼ੀ ਰਾਮ** : (ੳ) ਹਾਂ ਜੀ, ਚੰਦ ਭਾਨ ਡਰੇਨ ਬਣਾਉਣ ਲਈ ਪਿੰਡ ਰਨਸੀਨ ਕਲਾਂ, ਤਹਿਸੀਲ ਮੋਗਾ, ਜ਼ਿਲ੍ਹਾ ਫਰੀਦਕੋਟ ਵਿਚ ਪ੍ਰਾਪਤ ਕੀਤੀ ਜ਼ਮੀਨ ਲਈ ਮੁਆਵਜ਼ਾ ਅਜੇ ਨਹੀਂ ਦਿਤਾ ਗਿਆ ਹੈ।

(ਅ) ਹਾਂ ਜੀ, ਜ਼ਮੀਨ ਦੇ ਮੁਆਵਜ਼ੇ ਦੀ ਅਦਾਇਗੀ ਲਈ ਅਰਜ਼ੀਆਂ 1979 ਵਿਚ ਪ੍ਰਾਪਤ ਹੋਈਆਂ ਸਨ। ਪਿੰਡ ਰਨਸੀਨ ਕਲਾਂ ਦੀ ਜ਼ਮੀਨ ਪ੍ਰਾਪਤ ਕਰਨ ਲਈ ਭੌਂ ਦਸਤਾਵੇਜ ਤਿਆਰੀ ਅਧੀਨ ਹਨ। ਜ਼ਮੀਨ ਦੇ ਮਾਲਕਾਂ ਨੂੰ ਅਦਾਇਗੀ ਭੌਂ ਪ੍ਰਾਪਤੀ ਐਕਟ ਅਧੀਨ ਅਧਿ-ਸੂਚਨਾਵਾਂ ਜਾਰੀ ਹੋਣ ਮਗਰੋਂ ਅਤੇ ਭੌਂ ਪ੍ਰਾਪਤੀ ਕੁਲੈਕਟਰ, ਪਟਿਆਲਾ ਵਲੋਂ ਅਵਾਰਡ ਸੁਣਾਏ ਜਾਣ ਉਪਰੰਤ ਕੀਤੀ ਜਾਵੇਗੀ।

**ਕਾਮਰੇਡ ਸੱਘਰ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਸਵਾਲ ਦਾ ਜਵਾਬ ਦਿਤਾ ਹੈ, ਮੇਰਾ ਖਿਆਲ ਹੈ ਕਿ ਉਨ੍ਹਾਂ ਨੇ ਮੇਰੇ ਸਵਾਲ ਨੂੰ ਪੜ੍ਹਿਆ ਨਹੀਂ ਹੈ। ਮੇਰਾ ਸਵਾਲ ਇਹ ਸੀ ਕਿ ਜਿਥੋਂ ਦੀ ਚੰਦ ਭਾਨ ਡਰੇਨ ਲੰਘਦੀ ਹੈ ਉਥੇ ਦੇ ਪਿੰਡ ਰਨਸੀਨ ਕਲਾਂ, ਪਿੰਡ ਪੱਤੋ ਹੀਰਾਂ ਅਤੇ ਪਿੰਡ ਖਟੀ ਦੇ ਕਿਸਾਨਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ। ਹੁਣ ਇਹ ਕਹਿੰਦੇ ਹਨ ਕਿ ਐਕਟ ਦੇ ਅਧੀਨ ਅਸੀਂ ਸੋਚ ਰਹੇ ਹਾਂ। ਅਰਜ਼ੀਆਂ 1979 ਵਿਚ ਲਈਆਂ। ਸਪੀਕਰ ਸਾਹਿਬ, 1963-64 ਦੀ ਡਰੇਨ ਉਥੋਂ ਦੀ ਲੰਘਦੀ ਹੈ ਪਰ ਇਹ ਹਾਲਾਂ ਤੱਕ ਵੀ ਉਨ੍ਹਾਂ ਕਿਸਾਨਾਂ ਨੂੰ ਇਗਨੋਰ ਕਰੀ ਜਾ ਰਹੇ ਹਨ। ਇਨ੍ਹਾਂ ਦਾ ਹੁਣ ਦਾ ਜਵਾਬ ਤਸੱਲੀਬਖਸ਼ ਨਹੀਂ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਲਈ ਕੀ ਦੇਰੀ ਹੈ ਅਤੇ ਉਨ੍ਹਾਂ ਨੂੰ ਇਹ ਕਦੋਂ ਤੱਕ ਮੁਆਵਜ਼ਾ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਨੇ ਕਿਹਾ ਹੈ ਕਿ ਚੰਦ ਭਾਨ ਡਰੇਨ ਵਿਚ ਆਈ ਜ਼ਮੀਨ ਦਾ ਕੰਪੇਨਸੇਸ਼ਨ ਨਹੀਂ ਦਿਤਾ ਗਿਆ। ਇਹ ਗਲ ਇਨ੍ਹਾਂ ਦੀ ਠੀਕ ਹੈ। ਮੈਂ ਜਿਹੜਾ ਜਵਾਬ ਦਿਤਾ ਹੈ ਉਹ ਇਹ ਹੈ ਕਿ ਅੰਡਰ ਸੈਕਸ਼ਨ-4 ਅਤੇ ਅੰਡਰ ਸੈਕਸ਼ਨ-6 ਅਸੀਂ ਨੋਟੀਫੀਕੇਸ਼ਨ ਕਰਾਂਗੇ। ਲੈਂਡ ਐਕੁਜ਼ੀਸ਼ਨ ਅਫਸਰ ਅਵਾਰਡ ਡਿਕਲੇਅਰ ਕਰੇਗਾ ਅਤੇ ਉਸ ਦੇ ਬਾਅਦ ਪੈਸੇ ਦਿਤੇ ਜਾਣਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਇਹ ਜਿਹੜੀ ਡਰੇਨ ਬਾਰੇ ਚੌਧਰੀ ਸਾਹਿਬ ਨੂੰ ਸਵਾਲ ਪੁਛਿਆ ਗਿਆ ਸੀ ਉਸ ਬਾਰੇ ਉਨ੍ਹਾਂ ਨੇ ਢਿੱਲਾ ਜਿਹਾ ਜਵਾਬ ਦਿਤਾ ਹੈ । ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਜਿੰਨੀਆਂ ਡਰੇਨਾਂ ਹੁਣ ਤਕ ਪੰਜਾਬ ਵਿਚ ਬਣਾਈਆਂ ਗਈਆਂ ਹਨ ਉਨ੍ਹਾਂ ਦੇ ਮੁਆਵਜ਼ੇ ਅਜੇ ਤਕ ਲੋਕਾਂ ਨੂੰ ਨਹੀਂ ਦਿਤੇ ਗਏ। ਲੋਕੀਂ ਉਨ੍ਹਾਂ ਡਰੇਨਾਂ ਨੂੰ ਵਾਹੀ ਜਾਂਦੇ ਹਨ ਅਤੇ ਪੁਟੀ ਜਾਂਦੇ ਹਨ । ਇਸ ਕਿਸਮ ਦੀਆਂ ਜਲੰਧਰ ਵਿਚ ਸ਼ਿਕਾਇਤਾਂ ਹਨ। ਇਸ ਲਈ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਦੇਣਾ ਚਾਹੀਦਾ ਹੈ । ਇਸ ਲਈ ਕੀ ਇਹ ਯਕੀਨ ਦੁਆਉਣਗੇ ਕਿ ਇਹ ਉਨ੍ਹਾਂ ਡਰੇਨਾਂ ਦਾ ਮੁਆਵਜ਼ਾ ਛੇਤੀ ਦੇ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਨੇ ਕਈ ਕਿਸਮ ਦਾ ਰਲਿਆ ਮਿਲਿਆ ਸਵਾਲ ਕੀਤਾ ਹੈ। ਉਹ ਕਹਿੰਦੇ ਹਨ ਕਿ ਡਰੇਨਾਂ ਦਾ ਕੰਪੈਨਸੇਸ਼ਨ ਨਹੀਂ ਦਿਤਾ ਗਿਆ। ਮੈਂ ਕਹਿੰਦਾ ਹਾਂ ਕਿ ਐਸੀ ਗੱਲ ਹੈ ਤਾਂ ਸਾਡੇ ਨੋਟਿਸ ਵਿਚ ਲਿਆਓ। ਬਾਕੀ ਮੈਂ ਪਹਿਲਾਂ ਅਰਜ਼ ਕਰ ਚੁਕਾ ਹਾਂ ਕਿ ਅੰਡਰ ਸੈਕਸ਼ਨ-4 ਅਤੇ 6 ਨੋਟੀਫੀਕੇਸ਼ਨ ਹੋਵੇਗੀ। ਅਵਾਰਡ ਡਿਕਲੇਅਰ ਹੋਣਾ ਹੈ ਅਤੇ ਫਿਰ ਪੈਸੇ ਦਿਆਂਗੇ। ਬਾਕੀ ਜਿਸ ਤਰ੍ਹਾਂ ਕਾਮਰੇਡ ਕੁਲਵੰਤ ਸਿੰਘ ਨੇ ਕਿਹਾ ਹੈ, ਕੋਈ ਐਸੀ ਗੱਲ ਹੈ ਤਾਂ ਮਹਿਕਮੇ ਦੇ ਨੋਟਿਸ ਵਿਚ ਲਿਆਓ। ਜਿਥੋਂ ਤਕ ਨਾਜਾਇਜ਼ ਕਬਜ਼ੇ ਦੀ ਗਲ ਹੈ ਉਹ, ਸਪੀਕਰ ਸਾਹਿਬ, ਨਾ ਇਥੇ ਗਲ ਛੇੜਨੀ ਚਾਹੀਦੀ ਹੈ ਅਤੇ ਨਾ ਹੀ ਸਵਾਲ ਵਿੱਚੋਂ ਉਠਦੀ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਚੰਦ ਭਾਨ ਡਰੇਨ ਦੀ ਜ਼ਮੀਨ ਦਾ ਮੁਆਵਜ਼ਾ ਦੇਣ ਦੀ ਗਲ ਇਥੇ ਕੀਤੀ ਗਈ ਹੈ ਅਤੇ ਅੱਜ ਇਸ ਗੱਲ ਨੂੰ 18 ਸਾਲ ਹੋ ਗਏ ਹਨ ਪਰ ਮੁਆਵਜ਼ਾ ਕਿਸਾਨਾਂ ਨੂੰ ਕੋਈ ਨਹੀਂ ਦਿੱਤਾ ਗਿਆ। ਇਹ ਜ਼ਮੀਨ 1964 ਵਿੱਚ ਲਈ ਗਈ ਸੀ ਅਤੇ 1964 ਤੋਂ ਲੈ ਕੇ ਹੁਣ ਤਕ ਇਨਫਲੇਸ਼ਨ ਬਹੁਤ ਵੱਧ ਗਈ ਹੈ। ਕਿਸਾਨਾਂ ਨੂੰ ਮੁਆਵਜ਼ਾ ਕਿਹੜੇ ਰੇਟ ਤੇ ਦਿੱਤਾ ਜਾਵੇਗਾ ਅਤੇ ਕਦੋਂ ਤਕ ਦਿੱਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਕਾਮਰੇਡ ਸਾਹਿਬ ਕਈ ਸਾਲਾਂ ਤੋਂ ਐਮ. ਐਲ. ਏ. ਚਲੇ ਆਉਂਦੇ ਹਨ। ਮੈਂ ਕਿਹਾ ਹੈ ਕਿ ਸੈਕਸ਼ਨ-4 ਅਤੇ ਸੈਕਸ਼ਨ-6 ਦੀ ਨੋਟੀਫੀਕੇਸ਼ਨ ਹੋਵੇਗੀ, ਉਸ ਦੇ ਬਾਅਦ ਅਵਾਰਡ ਹੋਵੇਗਾ ਅਤੇ ਉਸ ਤੋਂ ਬਾਅਦ ਕੰਪੈਨਸੇਸ਼ਨ ਦਿੱਤਾ ਜਾਵੇਗਾ।

**ਕਾਮਰੇਡ ਸੱਘੜ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ 2-3 ਜਵਾਬ ਦਿੱਤੇ ਹਨ ਪਰ ਹਾਊਸ ਨੂੰ ਵਿਸ਼ਵਾਸ ਵਿੱਚ ਨਹੀਂ ਲਿਆ। ਕੀ ਮਨਿਸਟਰ ਸਾਹਿਬ ਉਨ੍ਹਾਂ ਅਫ਼ਸਰਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਜਿਨ੍ਹਾਂ ਨੇ 1963-64 ਤੋਂ ਲੈ ਕੇ ਹੁਣ ਤਕ ਨੋਟੀਫੀਕੇਸ਼ਨ ਨਹੀਂ ਕੀਤੀ ਅਤੇ ਹੁਣ ਅਸੰਬਲੀ ਵਿੱਚ ਕੁਐਸਚਨ ਆਉਣ ਤੇ ਇਹ ਗੱਲ ਕਹੀ ਗਈ ਹੈ। ਜਿਹੜੀ ਜ਼ਮੀਨ ਪਹਿਲਾਂ ਉਸ ਵਕਤ ਇਕ ਹਜ਼ਾਰ ਰੁਪਏ ਦਾ ਕਿਲਾ ਸੀ ਅੱਜ ਉਹ 25 ਹਜ਼ਾਰ ਰੁਪਏ ਦਾ ਕਿੱਲਾ ਹੋ ਗਈ ਹੈ। ਲੋਕਾਂ ਨੂੰ ਮੁਆਵਜ਼ਾ ਮਿਲਿਆ ਨਹੀਂ, ਡਰੇਨ ਉਥੋਂ ਦੀ ਜਾ ਰਹੀ ਹੈ, ਪਾਣੀ ਜਾ ਰਿਹਾ ਹੈ ਪਰ ਲੋਕਾਂ ਨੂੰ ਇਨ੍ਹਾਂ ਨੇ ਕੋਈ ਪੈਸਾ ਨਹੀਂ ਦਿਤਾ। ਇਹ ਸਰਾਸਰ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ । ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਹੁਣ ਇਹ ਕਦੋਂ ਤਕ ਉਨ੍ਹਾਂ ਨੂੰ ਮੁਆਵਜ਼ਾ ਦੇ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਕਾਮਰੇਡ ਜੀ ਨੇ ਜਿਹੜਾ ਸਪਲੀਮੈਂਟਰੀ ਕੀਤਾ ਹੈ ਉਹ ਇਹ ਹੈ ਕਿ ਜਿਨ੍ਹਾਂ ਅਫ਼ਸਰਾਂ ਨੇ ਅਣਗਹਿਲੀ ਕੀਤੀ ਹੈ ਕੀ ਉਨ੍ਹਾਂ ਦੇ ਖਿਲਾਫ਼ ਕੋਈ ਕਾਰਵਾਈ ਕਰੋਗੇ ? ਜ਼ਰੂਰ ਕਰਾਂਗੇ। ਦੂਸਰਾ ਮੈਂ ਇਹ ਕਿਹਾ ਹੈ ਕਿ ਸੈਕਸ਼ਨ-4 ਔਰ ਸੈਕਸ਼ਨ-6 ਦਾ ਨੋਟੀਫੀਕੇਸ਼ਨ ਹੋਵੇਗਾ ਅਤੇ ਉਸ ਤੋਂ ਬਾਅਦ ਅਵਾਰਡ ਹੋਵੇਗਾ। ਅਵਾਰਡ ਨੋਟੀਫੀਕੇਸ਼ਨ ਤੋਂ ਬਾਅਦ ਹੁੰਦਾ ਹੈ। ਜੋ ਮੈਂ ਕਿਹਾ ਹੈ ਉਸ ਦਾ ਮਤਲਬ ਹੁਣ ਤੁਸੀਂ ਕੱਢ ਲਓ।

**ਸ੍ਰੀ ਸਪੀਕਰ:** ਮਨਿਸਟਰ ਸਾਹਿਬ, ਆਨਰੇਬਲ ਮੈਂਬਰਜ਼ ਨੇ ਇਹ ਗਲ ਕਹੀ ਹੈ ਕਿ 1964 ਤੋਂ ਪੋਜ਼ੇਸ਼ਨ ਲੈ ਲਿਆ ਗਿਆ ਹੈ। ਪਹਿਲਾਂ ਤਾਂ ਨੋਟੀਫੀਕੇਸ਼ਨ ਸੈਕਸ਼ਨ-4 ਦਾ ਹੁੰਦਾ ਹੈ, ਫਿਰ ਸੈਕਸ਼ਨ-6 ਦਾ ਹੁੰਦਾ ਹੈ ਅਤੇ ਫਿਰ ਉਸ ਤੋਂ ਬਾਅਦ ਅਵਾਰਡ ਹੁੰਦਾ ਹੈ। ਮੈਂਬਰ ਸਾਹਿਬਾਨ ਇਹ ਕਲੀਅਰ ਕਰਾਉਣਾ ਚਾਹੁੰਦੇ ਹਨ ਕਿ 1964 ਤੋਂ ਜ਼ਮੀਨ ਲਈ ਗਈ ਹੈ ਪਰ ਸੈਕਸ਼ਨ-4 ਦਾ ਨੋਟੀਫੀਕੇਸ਼ਨ ਹੁਣ ਤਕ ਕਿਉਂ ਨਹੀਂ ਹੋਇਆ ?

**ਮੰਤਰੀ :** ਸਪੀਕਰ ਸਾਹਿਬ, ਕੰਪੇਨਸੇਸ਼ਨ ਅਵਾਰਡ ਜਿਹੜਾ ਡਿਕਲੇਅਰ ਹੁੰਦਾ ਹੈ ਉਹ ਆਫਟਰ ਨੋਟੀਫੀਕੇਸ਼ਨ ਹੁੰਦਾ ਹੈ। ਨੋਟੀਫੀਕੇਸ਼ਨ ਹੁਣ ਹੋਵੇਗਾ ਤਾਂ ਹੀ ਉਸ ਦੇ ਬਾਅਦ ਅਵਾਰਡ ਹੋਵੇਗਾ। That is not related with possession, Award is related with notification. ਕੰਪੇਨਸੇਸ਼ਨ ਪੋਜੇਸ਼ਨ ਨਾਲ ਲਿੰਕਡ ਨਹੀਂ ਹੈ ਉਹ ਤਾਂ ਨੋਟੀਫੀਕੇਸ਼ਨ ਨਾਲ ਲਿੰਕਡ ਹੈ।

**ਸਰਦਾਰ ਆਤਮਾ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ 1964 ਵਿੱਚ ਜ਼ਮੀਨ ਐਕੁਆਇਰ ਕੀਤੀ ਗਈ। ਉਸ ਵਕਤ ਜ਼ਮੀਨ ਦੀ ਕੀਮਤ 5 ਹਜ਼ਾਰ ਰੁਪਏ ਏਕੜ ਸੀ ਅਤੇ ਅੱਜ ਜ਼ਮੀਨ ਦਾ ਰੇਟ ਵੱਧ ਗਿਆ ਹੈ ਔਰ 30 ਜਾਂ 40 ਹਜ਼ਾਰ ਰੁਪਏ ਏਕੜ ਤਕ ਹੋ ਗਈ ਹੈ। ਕੀ ਸੈਕਸ਼ਨਜ਼-4 ਅਤੇ 6 ਦਾ ਨੋਟੀਫੀਕੇਸ਼ਨ ਕਰਨ ਦੇ ਬਾਅਦ ਸਰਕਾਰ ਨੇ ਕਿਸਾਨਾਂ ਨੂੰ ਜੋ ਮੁਆਵਜ਼ਾ ਦੇਣਾ ਹੈ ਉਹ ਉਸ ਰੇਟ ਦੇ ਮੁਤਾਬਿਕ ਦੇਣਗੇ ਜਾਂ ਅੱਜ ਦੇ ਰੇਟ ਦੇ ਮੁਤਾਬਿਕ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ, ਮੈਂ 2-3 ਦਫਾ ਕਲੀਅਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸੈਕਸ਼ਨ-4 ਔਰ ਸੈਕਸ਼ਨ-6 ਦੇ ਨੋਟੀਫੀਕੇਸ਼ਨ ਤੋਂ ਬਾਅਦ ਅਵਾਰਡ ਹੋਵੇਗਾ। ਜਦੋਂ ਨੋਟੀਫੀਕੇਸ਼ਨ ਹੁਣ ਹੋਵੇਗੀ ਤਾਂ ਉਸ ਦਾ ਅਵਾਰਡ ਵੀ ਅੱਜ ਦੇ ਹਾਲਾਤ ਦੇ ਮੁਤਾਬਿਕ ਹੋਵੇਗਾ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ:** ਸਿੱਧਾ ਕਹਿ ਦਿਓ ਨਾ।

**ਮੰਤਰੀ:** ਜੱਥੇਦਾਰ ਸਾਹਿਬ, ਮੈਂ ਇਸ ਤੋਂ ਵੱਧ ਹੋਰ ਕੀ ਕਹਾਂ।

---

### Local Bus Service by the Municipal Corporation, Amritsar

***1168. 1. Comrade Kulwant Singh**
**2. Comrade Saghar Singh** } Will the Minister for Local Government be pleased to state—

(a) whether it is a fact that the local bus service in Amritsar was taken over by the Municipal Corporation, Amritsar, under the orders of the Government ; if so, the date on which it was taken over ;

(b) whether the Corporation and/or its Advisory Committee have brought to the notice of the Government that the said bus

Original with;
Punjab Vidhan Sabha
Digitized by;
Panjab Digital Library

service is incurring heavy losses ; if so, the total loss incurred since the date referred to in part (a) ;

(c) whether there is any proposal under the consideration of the Government to financially help the said Corporation to make good the losses; if so, the time by which a final decision in this respect is likely to be taken ?

**Shri Sardari Lal Kapur** : (a) Yes Sir, on 1st January, 1980.

(b) Yes Sir. The Municipal Corporation, Amritsar, has incurred loss of Rs. 64.42 lacs till 31st December, 1981.

(c) No Sir.

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲ ਬੇਨਤੀ ਕਰਾਂਗਾ ਕਿ ਮਨਿਸਟਰ ਸਾਹਿਬ ਦਾ ਘਰ ਵੀ ਕਾਰਪੋਰੇਸ਼ਨ ਵਿਚ ਹੈ । ਇਨ੍ਹਾਂ ਕਾਰਪੋਰੇਸ਼ਨਾਂ ਵਿੱਚ ਜਿੰਨਾ ਵੀ ਇਨ੍ਹਾਂ ਨੂੰ ਘਾਟਾ ਪਿਆ ਹੈ ਕੀ ਉਸ ਤੇ ਫਿਰ ਕੋਈ ਵਿਚਾਰ ਕਰਨਗੇ ? ਇਕ ਤਾਂ, ਸਪੀਕਰ ਸਾਹਿਬ, ਬੱਸਾਂ ਜਿਹੜੀਆਂ ਉਥੇ ਹਨ ਉਹ ਬਿਲਕੁਲ ਪੀਪੇ ਹਨ, ਵਜਦੇ ਫਿਟਦੇ ਹਨ ਔਰ ਲੋਕਾਂ ਦੇ ਕਪੜੇ ਪਾੜਦੇ ਫਿਰਦੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ਇਸ ਦੇ ਲਈ ਕੁਝ ਨਹੀਂ ਦਿਤਾ ਜਾਵੇਗਾ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਗਰੀਬ ਲੋਕਾਂ ਨੇ ਉਨ੍ਹਾਂ ਦੇ ਵਿਚ ਸਫਰ ਕਰਨਾ ਹੈ ਉਨ੍ਹਾਂ ਦੇ ਨਾਲ ਕਿੰਨਾ ਕੁ ਇਨਸਾਫ ਹੋਵੇਗਾ ? ਇਨ੍ਹਾਂ ਨੇ ਜਵਾਬ ਦੇ ਦਿੱਤਾ ਹੈ 'ਨਹੀਂ ਜੀ '। ਕੀ ਕੋਈ ਸਰਕਾਰ ਦੇ ਵਿਚਾਰ ਗੋਚਰੇ ਗਲ ਹੋ ਸਕਦੀ ਹੈ ?

ਨਾਲ ਹੀ, ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਹ ਗਲ ਲਿਆਉਣੀ ਚਾਹੁੰਦਾ ਹਾਂ ਕਿ ਬਦਕਿਸਮਤੀ ਨਾਲ ਕਾਰਪੋਰੇਸ਼ਨ ਦੇ 25 ਕਿਲੋਮੀਟਰ ਦੇ ਏਰੀਏ ਵਿਚ ਬੱਸ ਸਰਵਿਸ ਜੋ ਕਰਨੀ ਹੈ ਉਹ ਵੀ ਇਸੇ ਕਾਰਪੋਰੇਸ਼ਨ ਨੇ ਕਰਨੀ ਹੈ। ਪਿੰਡਾਂ ਦੇ ਲੋਕ ਪੈਦਲ ਚਲਦੇ ਹਨ ਅਤੇ ਪਿੰਡਾਂ ਵਿੱਚ ਬੱਸਾਂ ਨਹੀਂ ਜਾਂਦੀਆਂ। ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਘਾਟਾ ਪੂਰਾ ਕਰਕੇ ਪਿੰਡਾਂ ਵਿਚ ਵੀ ਬੱਸ ਸਰਵਿਸ ਦੇਣਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਜਿਹੜੀਆਂ ਬੱਸਾਂ ਮਿਲੀਆਂ ਹਨ, ਇਹ ਸਾਨੂੰ ਪਹਿਲੀ ਸਰਕਾਰ ਨੇ ਦਿਤੀਆਂ ਹਨ ਔਰ ਡਬੇ ਦਿਤੇ ਹਨ, ਬਿਲਕੁਲ ਨਿਕੰਮੇ। ਅਸੀਂ ਇਸ ਨੂੰ ਕੁਝ ਠੀਕ ਕੀਤਾ ਹੈ ਅਤੇ ਕੁਝ ਹੋਰ ਬਸਾਂ ਵਧਾਈਆਂ ਹਨ। ਅੰਮ੍ਰਿਤਸਰ ਵਿਚ ਵਧਾਈਆਂ ਹਨ ਔਰ ਹੌਲੀ ਹੌਲੀ ਕਰਕੇ ਇਸ ਘਾਟੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਹ ਗਰੀਵੈਂਸਿਜ਼ ਕਮੇਟੀ ਵਿੱਚ ਉਦੋਂ ਬੈਠੇ ਸਨ ਜਦੋਂ ਜਲੰਧਰ ਬਾਰੇ ਗੱਲ ਹੋਈ ਸੀ ਕਿ ਉਥੇ ਇਨ੍ਹਾਂ ਵਿਚ ਪੁਰਜ਼ੇ ਜਿਹੜੇ ਪਾਏ ਜਾਂਦੇ ਹਨ ਉਹ ਜਾਲ੍ਹੀ ਪਾਏ ਜਾਂਦੇ ਹਨ। ਇਨ੍ਹਾਂ ਦੇ ਉਥੇ ਬੈਠਿਆਂ ਸਾਰੀ ਗਲ ਹੋਈ ਸੀ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਹੜੇ ਜਾਲ੍ਹੀ ਪੁਰਜ਼ੇ ਪਾਏ ਜਾਂਦੇ ਹਨ ਜਾਂ ਪੁਰਜ਼ਿਆਂ ਦੀ ਕੋਈ ਚੋਰੀ ਹੁੰਦੀ ਹੈ ਉਸ ਦੇ ਵਾਸਤੇ ਕੋਈ ਇਹੋ ਜਿਹਾ ਉਪਾਅ ਕਰਨਗੇ ਤਾਕਿ ਉਹ ਰੁਕ ਸਕੇ ?

**ਮੰਤਰੀ** : ਸਪੀਕਰ ਸਾਹਿਬ, ਉਸ ਦੇ ਲਈ ਉਪਾਅ ਕੀਤਾ ਜਾਵੇਗਾ ਅਤੇ ਇਸ ਦੇ ਵਿਚ ਕੁਝ ਲੋਕ ਜਿਹੜੇ ਚੋਰੀ ਕਰਦੇ ਹੋਣਗੇ ਉਨ੍ਹਾਂ ਨੂੰ ਠੀਕ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਪਿਛਲੀ ਵਾਰੀ ਜਦੋਂ ਡਾਕਟਰ ਸਾਹਿਬ ਲੋਕਲ ਬਾਡੀਜ਼ ਦੇ ਮਨਿਸਟਰ ਸਨ, ਉਨ੍ਹਾਂ ਨੇ ਹਾਊਸ ਵਿਚ ਅਸ਼ੋਰੈਂਸ ਦਿੱਤੀ ਸੀ ਕਿ ਜੇਕਰ ਨਿਗਮ ਟਰਾਂਸਪੋਰਟ ਨੂੰ ਘਾਟਾ ਪਏਗਾ ਤਾਂ ਇਹ ਨਿਗਮ ਟਰਾਂਸਪੋਰਟ ਰੋਡਵੇਜ਼ ਟਰਾਂਸਪੋਰਟ ਨੂੰ ਵਾਪਸ ਦੇ ਦੇਣਗੇ। ਹੁਣ 3 ਲੱਖ ਰੁਪਏ ਮਹੀਨਾ ਨਿਗਮ ਟਰਾਂਸਪੋਰਟ ਨੂੰ ਘਾਟਾ ਪੈ ਰਿਹਾ ਹੈ; ਕੀ ਇਹ ਰੋਡਵੇਜ਼ ਨੂੰ ਵਾਪਸ ਕਰ ਦੇਣਗੇ ਔਰ ਜੋ ਆਸ਼ਵਾਸਨ ਦਿਤੀ ਸੀ ਉਸ ਨੂੰ ਪੂਰਾ ਕਰਨਗੇ ?

**ਵਿੱਤ ਮੰਤਰੀ** : ਕੋਈ ਐਸੀ ਅਸ਼ੋਰੈਂਸ ਨਹੀਂ ਦਿੱਤੀ ਗਈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਲੁਧਿਆਣਾ ਕਾਰਪੋਰੇਸ਼ਨ ਵਿਚ ਵੀ ਟਰਾਂਸਪੋਰਟ ਵਿਚ 50 ਲੱਖ ਰੁਪਏ ਦੇ ਕਰੀਬ ਘਾਟਾ ਹੈ। ਸ਼ਹਿਰ ਦੀ ਡਿਵੈਲਪਮੈਂਟ ਰੁਕ ਗਈ ਹੈ ਕਿਉਂਕਿ ਸਾਰਾ ਕਾਰਪੋਰੇਸ਼ਨ ਦਾ ਪੈਸਾ ਟਰਾਂਸਪੋਰਟ ਤੇ ਲਗ ਜਾਂਦਾ ਹੈ। ਐਸੇ ਹਾਲਾਤ ਵਿਚ ਕੀ ਮਨਿਸਟਰ ਸਾਹਿਬ ਟਰਾਂਸਪੋਰਟ ਵਾਪਸ ਲੈਣ ਨੂੰ ਤਿਆਰ ਹਨ ; ਦੂਸਰੇ ਕੀ ਇਹ ਅਨਇੰਪਲਾਇਡ ਗਰੈਜੂਏਟਸ ਆਦਿ ਨੂੰ ਬੱਸਾਂ ਦੇ ਰੂਟ ਪਰਮਿਟਸ ਦੇਣਗੇ ਤਾਕਿ ਇਹ ਜਿਹੜਾ ਘਾਟਾ ਹੈ ਨਿਕਲ ਜਾਏ ?

**ਸਥਾਨਕ ਸਰਕਾਰ ਮੰਤਰੀ** : ਇਹ ਸੁਆਲ ਇਸ ਦੇ ਨਾਲ ਸਬੰਧਤ ਨਹੀਂ ਹੈ। ਅਗਰ ਕੋਈ ਗਰੈਜੂਏਟਸ ਆ ਕੇ ਰਿਕੁਐਸਟ ਕਰਨਗੇ ਤਾਂ ਅਸੀਂ ਵਿਚਾਰ ਕਰ ਲਵਾਂਗੇ।

**ਸ਼੍ਰੀ ਸਪੀਕਰ** : ਮੈਂਬਰ ਸਾਹਿਬ ਇਹ ਜਾਣਨਾ ਚਾਹੁੰਦੇ ਹਨ ਚੂੰਕਿ ਕਾਰਪੋਰੇਸ਼ਨਾਂ ਨੂੰ ਘਾਟਾ ਪੈ ਰਿਹਾ ਹੈ ਅਤੇ ਕਾਰਪੋਰੇਸ਼ਨਾਂ ਦੇ ਡਿਵੈਲਪਮੈਂਟਸ ਦੇ ਕੰਮ ਰੁਕੇ ਹੋਏ ਹਨ ; ਮੇਰਾ ਖਿਆਲ ਹੈ ਕਿ ਇਸ ਦਾ ਜਵਾਬ ਤਾਂ ਟਰਾਂਸਪੋਰਟ ਮਨਿਸਟਰ ਹੀ ਦੇ ਸਕਣਗੇ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਦੇ ਦੌਰਾਨ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ ਕਰੀਬ 65 ਲੱਖ ਰੁਪਏ ਦਾ ਘਾਟਾ ਪਿਆ ਹੈ ਜਦ ਕਿ ਕਾਰਪੋਰੇਸ਼ਨ ਦੀ ਆਮਦਨ ਦਾ ਕੋਈ ਖਾਸ ਸਾਧਨ ਨਹੀਂ। ਕਾਰਪੋਰੇਸ਼ਨ ਨੂੰ ਟੁੱਟੀਆਂ ਬੱਸਾਂ ਦੇ ਦਿੱਤੀਆਂ ਜਿਹੜੀਆਂ ਚਲ ਨਹੀਂ ਸਕਦੀਆਂ। ਨਾ ਹੀ ਕਾਰਪੋਰੇਸ਼ਨ ਕੋਲ ਰੁਪਿਆ ਹੈ ਉਨ੍ਹਾਂ ਬੱਸਾਂ ਨੂੰ ਚਲਾਉਣ ਵਾਸਤੇ। ਕੀ ਸਰਕਾਰ ਉਹ ਬੱਸਾਂ ਵਾਪਸ ਲੈਣ ਵਾਸਤੇ ਮਨ ਬਣਾਏਗੀ ਤਾਕਿ ਕਾਰਪੋਰੇਸ਼ਨ ਆਪਣਾ ਪੈਸਾ ਸ਼ਹਿਰ ਦੀ ਸਫਾਈ ਆਦਿ ਤੇ ਲਾ ਸਕੇ। ਅੱਜ ਅੰਮ੍ਰਿਤਸਰ ਵਿਚ ਇਤਨੀ ਗੰਦਗੀ ਹੈ ਕਿ ਉਹ ਸਭ ਨਾਲੋਂ ਜ਼ਿਆਦਾ ਗੰਦਾ ਸ਼ਹਿਰ ਬਣ ਗਿਆ ਹੈ।

**ਮੰਤਰੀ** : ਅਸੀਂ ਹੋਰ ਪੈਸਾ ਲਾ ਕੇ ਅੰਮ੍ਰਿਤਸਰ 15 ਨਵੀਆਂ ਬੱਸਾਂ ਲਾ ਦਿੱਤੀਆਂ ਹਨ। ਜਿਥੇ ਜਿਥੇ ਕੋਈ ਇਸ ਤਰ੍ਹਾਂ ਦੀ ਗੱਲ ਹੈ ਉਥੇ ਬੱਸਾਂ ਲਾ ਕੇ ਠੀਕ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਔਰ ਜਿਹੜੇ ਕੋਈ ਹੋਰ ਲੂਪਹੋਲਜ਼ ਹੋਣਗੇ ਉਨ੍ਹਾਂ ਨੂੰ ਵੀ ਬੰਦ ਕਰਾਂਗੇ। ਲੋਕਾਂ ਨੂੰ ਬੱਸ ਸਰਵਿਸ ਤਾਂ ਦੇਣੀ ਹੈ, ਅਸੀਂ ਠੀਕ ਤਰੀਕੇ ਨਾਲ ਬੱਸਾਂ ਚਲਾਵਾਂਗੇ ਅਤੇ ਜਿਹੜਾ ਘਾਟਾ ਹੈ ਉਹ ਹੌਲੀ ਹੌਲੀ ਠੀਕ ਕਰਾਂਗੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਲੁਧਿਆਣਾ ਕਾਰਪੋਰੇਸ਼ਨ ਕੋਲ ਇਤਨੇ ਪੈਸੇ ਨਹੀਂ ਹਨ ਕਿ ਉਨ੍ਹਾਂ ਦੀਆਂ ਬੱਸਾਂ ਦੇ ਜਿਹੜੇ ਪੁਰਜ਼ੇ ਜਾਂ ਟਾਇਰ ਆਏ ਹੋਏ ਹਨ ਉਹ ਛੁਡਾ ਸਕਣ। ਜਿਸ ਵੇਲੇ ਬੱਸਾਂ ਦਿਤੀਆਂ ਸਨ ਤਾਂ ਉਸ ਵੇਲੇ ਇਹ ਗਲ ਹੋਈ ਸੀ ਕਿ ਅਗਰ ਕੋਈ ਘਾਟਾ ਪਿਆ ਤਾਂ ਸਰਕਾਰ ਗ੍ਰਾਂਟ ਦੀ ਸ਼ਕਲ ਵਿਚ ਪੈਸੇ ਦੇਵੇਗੀ। ਕੀ ਉਸ ਗਲ ਦੇ ਮੱਦੇਨਜ਼ਰ ਕਾਰਪੋਰੇਸ਼ਨਾਂ ਨੂੰ ਪੈਸੇ ਦਿਤੇ ਜਾਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ: ਇਹ ਤਾਂ ਤੁਹਾਡੇ ਵੇਲੇ ਦੀ ਕੋਈ ਗਲ ਹੋਣੀ ਹੈ, ਇਸ ਦਾ ਤੁਹਾਨੂੰ ਪਤਾ ਹੋਣਾ ਹੈ। ਸਾਥੋਂ ਤਾਂ ਇਹ ਪੁਛੋ ਕਿ ਅਸੀਂ ਕਿਸ ਤਰ੍ਹਾਂ ਬੱਸਾਂ ਚਲਾਉਣੀਆਂ ਹਨ।

**Mr. Speaker**: Next Question.

**ਸਰਦਾਰ ਹਰਚੰਦ ਸਿੰਘ ਬਰਾੜ**: ** ** **

**ਸ਼੍ਰੀ ਸਪੀਕਰ**: ਇਹ ਜਿਹੜਾ ਬਿਨਾ ਆਗਿਆ ਬੋਲਿਆ ਗਿਆ ਹੈ, ਐਕਸਪੰਜ ਕੀਤਾ ਜਾਂਦਾ ਹੈ।

---

**Quarters constructed under the Subsidised Industrial Housing Scheme**

***1167. 1. Master Babu Singh**
**2. Comrade Sarwan Singh Dharamkot** } Will the Minister for Welfare and Labour be pleased to state—

(a) whether any quarters constructed in Amritsar (Near Ghampur and Chheharta) under the subsidised Industrial Housing scheme for industrial workers have been lying vacant for quite some time ; if so, the number of such quarters ; the date on which those were constructed, and the total expenditure incurred thereon ;

(b) the reasons for which the said quarters have not yet been allotted;

(c) the time by which those quarters are likely to be allotted ?

**ਚੌਧਰੀ ਜਗਤ ਰਾਮ**: (ੳ) (I) ਛੇਹਰਟਾ (ਅੰਮ੍ਰਿਤਸਰ) ਵਿਖੇ 402 ਉਦਯੋਗਿਕ ਮਕਾਨ ਉਸਾਰੀ ਅਧੀਨ ਹਨ ਅਤੇ ਇਨ੍ਹਾਂ ਮਕਾਨਾਂ ਦੀ ਉਸਾਰੀ ਅਜੇ ਮੁਕੰਮਲ ਨਹੀਂ ਹੈ।

(II) ਕੁਲ ਅਨੁਮਾਨਤ ਖਰਚਾ 32,96,200 ਰੁਪਏ ਹੈ।

(ਅ) ਮਕਾਨ ਅਜੇ ਮੁਕੰਮਲ ਨਹੀਂ ਹੋਏ ਹਨ ਅਤੇ ਇਨ੍ਹਾਂ ਦਾ ਕਬਜ਼ਾ ਅਜੇ ਕਿਰਤ ਵਿਭਾਗ ਨੂੰ ਨਹੀਂ ਦਿਤਾ ਗਿਆ।

(ੲ) ਜਦੋਂ ਇਹ ਮਕਾਨ ਮੁਕੰਮਲ ਹੋ ਜਾਣਗੇ ਅਤੇ ਇਨ੍ਹਾਂ ਦਾ ਕਬਜ਼ਾ ਕਿਰਤ ਵਿਭਾਗ ਨੂੰ ਦਿਤਾ ਜਾਵੇਗਾ, ਉਹ ਯੋਗ ਕਿਰਤੀਆਂ ਨੂੰ ਅਲਾਟ ਕਰ ਦਿਤੇ ਜਾਣਗੇ।

**ਮਾਸਟਰ ਬਾਬੂ ਸਿੰਘ**: ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਆਪਣੇ ਜਵਾਬ ਵਿਚ ਦੱਸਿਆ ਹੈ ਕਿ 402 ਇੰਡਸਟਰੀਅਲ ਹਾਉਸਿਜ਼ ਤਿਆਰ ਹੋ ਰਹੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚੋਂ ਡੇਢ ਦੋ ਸੌ ਮਕਾਨ ਮੁਕੰਮਲ ਹੋ ਚੁਕੇ ਹਨ। ਮੈਂ ਪੁਛਣਾ ਚਾਹੁੰਦਾ ਹਾਂ ਕਿ ਆਇਆ ਇਹ ਯਕਮੁਸ਼ਤ ਅਲਾਟ ਕਰਨਗੇ ਜਾਂ ਜਿਹੜੇ ਬਣ ਚੁਕੇ ਹਨ ਕੀ ਉਨ੍ਹਾਂ ਨੂੰ ਅਲਾਟ ਕਰਨ ਵਾਸਤੇ ਤਿਆਰ ਹਨ ?

**ਮੰਤਰੀ**: ਜਿਹੜੇ ਮੁਕੰਮਲ ਹੋ ਚੁਕੇ ਹੋਣਗੇ ਉਹ ਅਲਾਟ ਕਰ ਦਿਤੇ ਜਾਣਗੇ। ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ 1976 ਵਿਚ ਇਹ ਸਕੀਮ ਬਣੀ ਸੀ ਪਰ 1979 ਤਕ ਇਹ ਮਕਾਨ ਮੁਕੰਮਲ ਨਹੀਂ ਹੋਏ। ਹੁਣ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ ਹੈ ਅਤੇ ਅਸੀਂ ਮੁਕੰਮਲ ਕਰ ਰਹੇ ਹਾਂ। ਇਹ ਮਕਾਨ ਪੂਰੇ ਮੁਕੰਮਲ ਕਰਕੇ ਦਿਤੇ ਜਾਣਗੇ।

---

****Expunged as ordered by the Chair.**

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਗੱਲ ਠੀਕ ਹੈ ਕਿ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਸਰਕਾਰ ਨੂੰ ਲਿਖਿਆ ਹੈ ਕਿ ਇਤਨੇ ਮਕਾਨ ਮੁਕੰਮਲ ਹੋ ਚੁਕੇ ਹਨ ਅਤੇ ਉਨ੍ਹਾਂ ਦਾ ਕਬਜ਼ਾ ਲੈ ਲਿਆ ਜਾਵੇ ਪਰ ਕਬਜ਼ਾ ਨਹੀਂ ਲਿਆ ਜਾ ਰਿਹਾ ?

**ਮੰਤਰੀ** : ਸਪੀਕਰ ਸਾਹਿਬ, ਇਹ ਬੜੇ ਸੁਲਝੇ ਹੋਏ ਆਨਰੇਬਲ ਮੈਂਬਰ ਹਨ । ਉਹ ਮਕਾਨ ਦਿਸਦੇ ਹਨ ਕਿ ਤਿਆਰ ਹੋ ਗਏ ਹਨ, ਪਰ ਉਨ੍ਹਾਂ ਵਿਚ ਨਾ ਅਜੇ ਪਾਣੀ ਚਾਲੂ ਕੀਤਾ ਗਿਆ ਹੈ, ਨਾ ਗਲੀਆਂ ਪੱਕੀਆਂ ਕੀਤੀਆਂ ਗਈਆਂ ਹਨ, ਸ਼ੀਸ਼ੇ ਨਹੀਂ ਲਗੇ ਹੋਏ ਅਤੇ ਦਰਵਾਜ਼ੇ ਨਹੀਂ ਲਗੇ। ਜਿਸ ਤਰ੍ਹਾਂ ਮੈਂ ਪਹਿਲਾਂ ਕਹਿ ਚੁਕਾ ਹਾਂ ਕਿ 1979 ਤਕ ਉਥੇ ਕੋਈ ਕੰਮ ਨਹੀਂ ਕੀਤਾ ਗਿਆ, ਹੁਣ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਹੈ ਅਤੇ ਉਹ ਮਕਾਨ ਮੁਕੰਮਲ ਕਰ ਰਹੀ ਹੈ ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮੱਦਦ ਚਾਹੁੰਦਾ ਹਾਂ। ਮੈਂ ਪਹਿਲਾਂ ਇਹ ਪੁੱਛਿਆ ਸੀ ਕਿ 402 ਵਿਚੋਂ ਕਿਤਨੇ ਮਕਾਨ ਤਿਆਰ ਹੋ ਚੁੱਕੇ ਹਨ। ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਕਿ 150-200 ਦੇ ਕਰੀਬ ਤਿਆਰ ਹੋ ਚੁੱਕੇ ਹਨ । ਇਹ ਠੀਕ ਹੈ ਕਿ ਇਨ੍ਹਾਂ ਨੇ ਆਪਣੇ ਜਵਾਬ ਵਿਚ ਚੀਫ ਮਨਿਸਟਰ ਸਾਹਿਬ ਦੀ ਤਾਰੀਫ ਕੀਤੀ ਹੈ। 1976 ਦੀ ਸਕੀਮ ਸੀ। ਉਦੋਂ ਦੀ ਪੈਂਡਿੰਗ ਪਈ ਹੈ। ਪਰ ਇਨ੍ਹਾਂ ਦੀ ਦੋ ਸਾਲ ਦੀ ਹਕੂਮਤ ਤੋਂ ਬਾਅਦ ਵੀ ਇਹ ਪੂਰੀ ਨਹੀਂ ਹੋਈ, ਫਿਰ ਫਖਰ ਇਹ ਕਿਹੜੀ ਗਲ ਦਾ ਕਰਦੇ ਹਨ । ਆਨਰੇਬਲ ਮੈਂਬਰ ਸ਼੍ਰੀ ਸੇਵਾ ਰਾਮ ਨੇ ਦੱਸਿਆ ਹੈ ਕਿ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਸਰਕਾਰ ਨੂੰ ਲਿਖਿਆ ਹੈ ਕਿ ਇਤਨੇ ਮਕਾਨ ਮੁਕੰਮਲ ਹੋ ਚੁਕੇ ਹਨ ਉਨ੍ਹਾਂ ਦਾ ਕਬਜ਼ਾ ਲੈ ਲਿਆ ਜਾਵੇ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਅਲਾਟ-ਮੈਂਟ ਵਿੱਚ ਹਿੱਚ ਕੀ ਹੈ। ਇਹ ਮਕਾਨ ਗਰੀਬ ਮਜ਼ਦੂਰਾਂ ਨੂੰ ਕਿਉਂ ਨਹੀਂ ਅਲਾਟ ਕਰਦੇ ?

**ਮੰਤਰੀ** : ਜਿਸ ਵੇਲੇ ਇਹ ਤਿਆਰ ਹੋ ਜਾਣਗੇ ਅਤੇ ਉਨ੍ਹਾਂ ਦੀ ਚਿੱਠੀ ਆ ਜਾਵੇਗੀ ਕਿ ਇਹ ਤਿਆਰ ਹਨ ਤਾਂ ਅਸੀਂ ਮਜ਼ਦੂਰਾਂ ਨੂੰ ਦੇ ਦਿਆਂਗੇ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਜਿਹੜੀ ਗਲ ਆਨਰੇਬਲ ਮੈਂਬਰ ਸ਼੍ਰੀ ਸੇਵਾ ਰਾਮ ਹੋਰਾਂ ਨੇ ਕਹੀ ਹੈ ਉਸ ਪਾਸੇ ਵਜ਼ੀਰ ਸਾਹਿਬ ਜਾ ਹੀ ਨਹੀਂ ਰਹੇ। ਉਨ੍ਹਾਂ ਨੇ ਕਿਹਾ ਹੈ ਕਿ ਹਾਊਸਿੰਗ ਡਿਵੈਲਪਮੈਂਟ ਬੋਰਡ ਨੇ ਕਈ ਵਾਰ ਕਿਹਾ ਹੈ ਕਿ ਮਕਾਨ ਤਿਆਰ ਹਨ, ਤੁਸੀਂ ਇਹ ਲੈ ਲਓ। ਅਗਰ ਇਹ ਗਲ ਸੱਚ ਹੈ ਤਾਂ ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਉਂ ਨਹੀਂ ਉਹ ਮਕਾਨ ਲੈ ਕੇ ਗਰੀਬ ਮਜ਼ਦੂਰਾਂ ਨੂੰ ਅਲਾਟ ਕੀਤੇ ਜਾ ਰਹੇ ?

**ਮੰਤਰੀ** : ਉਨ੍ਹਾਂ ਨੇ ਸਾਨੂੰ ਲਿਖਿਆ ਸੀ। ਅਸੀਂ ਵੇਖਿਆ ਕਿ ਇਹ ਅਜੇ ਮੁਕੰਮਲ ਨਹੀਂ ਹਨ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਮਕਾਨ ਪੂਰੀ ਤਰ੍ਹਾਂ ਮੁਕੰਮਲ ਕਰ ਦਿਓ, ਅਸੀਂ ਫਿਰ ਮਜ਼ਦੂਰਾਂ ਨੂੰ ਅਲਾਟ ਕਰ ਦਿਆਂਗੇ।

**ਸ਼੍ਰੀ ਓਮ ਪ੍ਰਕਾਸ਼** ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਇਹ ਮਕਾਨ ਅਜੇ ਤਿਆਰ ਨਹੀਂ, ਇਸ ਵਾਸਤੇ ਕਬਜ਼ਾ ਨਹੀਂ ਲਿਆ ਗਿਆ। ਲੁਧਿਆਣੇ ਵਿਚ ਛੇ ਸਾਲਾਂ ਤੋਂ 200 ਮਕਾਨ ਅਤੇ ਪਿਛਲੇ ਚਾਰ ਸਾਲਾਂ ਤੋਂ 200 ਹੋਰ ਮਕਾਨ ਤਿਆਰ ਹਨ । ਕਬਜ਼ਾ ਵੀ ਇਨ੍ਹਾਂ ਨੇ ਲੈ ਲਿਆ ਹੈ, ਫਿਰ ਉਨ੍ਹਾਂ ਦੀ ਅਲਾਟਮੈਂਟ ਹੁਣ ਤਕ ਕਿਉਂ ਨਹੀਂ ਕੀਤੀ ਗਈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਸ ਸਵਾਲ ਨਾਲ ਇਸ ਸਪਲੀਮੈਂਟਰੀ ਦਾ ਕੋਈ ਤੁਅੱਲਕ ਨਹੀਂ ਹੈ । ਇਹ ਅਲਹਿਦਾ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗੇ ।

---

### Labour Courts in the State

***1170. 1. Comrade Raj Kumar**
**2. Comrade Kulwant Singh** } Will the Minister for Welfare and Labour be pleased to state—

(a) the number of Labour Courts in the State and the name of the towns at which the headquarters of each of the Courts is located ;

(b) the jurisdiction of each of the said Labour Courts ;

(c) whether there is any proposal under the consideration of the Government for setting up a separate Labour Court for each district in the State; if so, the time by which a final decision in the matter is likely to be taken ?

**ਚੌਧਰੀ ਜਗਤ ਰਾਮ** : (ੳ) ਚਾਰ, ਜਿਨ੍ਹਾਂ ਦੇ ਸਦਰ ਮੁਕਾਮ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਜਲੰਧਰ ਵਿਖੇ ਹਨ ।

(ਅ) ਕਿਰਤ ਕੋਰਟਾਂ ਦਾ ਅਧਿਕਾਰ ਖੇਤਰ ਹੇਠ ਪ੍ਰਕਾਰ ਹੈ :—

| ਕਿਰਤ ਕੋਰਟ | ਅਧਿਕਾਰ ਖੇਤਰ |
|---|---|
| 1 ਜਲੰਧਰ | 1. ਜ਼ਿਲ੍ਹਾ ਜਲੰਧਰ |
| | 2. ਜ਼ਿਲ੍ਹਾ ਕਪੂਰਥਲਾ |
| | 3. ਜ਼ਿਲ੍ਹਾ ਹੁਸ਼ਿਆਰਪੁਰ |
| 2 ਲੁਧਿਆਣਾ | ਜ਼ਿਲ੍ਹਾ ਲੁਧਿਆਣਾ |
| 3 ਪਟਿਆਲਾ | 1. ਜ਼ਿਲ੍ਹਾ ਪਟਿਆਲਾ |
| | 2. ਜ਼ਿਲ੍ਹਾ ਬਠਿੰਡਾ |
| | 3. ਜ਼ਿਲ੍ਹਾ ਸੰਗਰੂਰ |
| | 4. ਜ਼ਿਲ੍ਹਾ ਰੋਪੜ |
| | 5. ਜ਼ਿਲ੍ਹਾ ਫਰੀਦਕੋਟ |
| | 6. ਜ਼ਿਲ੍ਹਾ ਫਿਰੋਜ਼ਪੁਰ |
| 4 ਅੰਮ੍ਰਿਤਸਰ | 1. ਜ਼ਿਲ੍ਹਾ ਅੰਮ੍ਰਿਤਸਰ |
| | 2. ਜ਼ਿਲ੍ਹਾ ਗੁਰਦਾਸਪੁਰ |

Original with;
Punjab Vidhan Sabha
Digitized by;
Panjab Digital Library

[ਭਲਾਈ ਮੰਤਰੀ]

(ੲ) ਹਾਲ ਦੀ ਘੜੀ ਰਾਜ ਵਿਚ ਹਰ ਇਕ ਜ਼ਿਲ੍ਹੇ ਲਈ ਵੱਖਰੀ ਵੱਖਰੀ ਲੇਬਰ ਕੋਰਟ ਕਾਇਮ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪਰ ਰਾਜ ਵਿਚ ਦੋ ਹੋਰ ਕਿਰਤ ਕੋਰਟਾਂ ਕਾਇਮ ਕਰਨ ਬਾਰੇ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ ਜੋ ਜਵਾਬ ਵਜ਼ੀਰ ਸਾਹਿਬ ਨੇ ਹਾਊਸ ਵਿਚ ਦਿਤਾ ਹੈ ਉਸ ਦੇ ਮੁਤਾਬਿਕ ਪਟਿਆਲੇ ਦੀ ਲੇਬਰ ਕੋਰਟ ਨੂੰ ਜ਼ਿਲ੍ਹਾ ਪਟਿਆਲਾ, ਬਠਿੰਡਾ, ਸੰਗਰੂਰ, ਰੋਪੜ, ਫਰੀਦਕੋਟ ਅਤੇ ਫ਼ਿਰੋਜ਼ਪੁਰ ਦੇ ਇੰਡਸਟਰੀਅਲ ਡਿਸਪਿਊਟਸ ਡੀਲ ਕਰਨੇ ਪੈਂਦੇ ਹਨ। ਤੁਸੀਂ ਖੁਦ ਅੰਦਾਜ਼ਾ ਲਗਾ ਲਓ ਕਿ ਛੇ ਜ਼ਿਲ੍ਹਿਆਂ, ਜਿਨ੍ਹਾਂ ਵਿਚ ਨਵੀਂ ਇੰਡਸਟਰੀ ਲਗ ਰਹੀ ਹੈ ਅਤੇ ਇੰਡਸਟਰੀਅਲਾਈਜ਼ੇਸ਼ਨ ਦਾ ਪ੍ਰਾਸੈਸ ਤੇਜ਼ੀ ਨਾਲ ਵੱਧ ਰਿਹਾ ਹੈ, ਦੇ ਕੇਸ ਇਕ ਲੇਬਰ ਕੋਰਟ ਕਿਸ ਤਰ੍ਹਾਂ ਡੀਲ ਕਰ ਸਕਦੀ ਹੈ। ਇਸ ਤੋਂ ਇਲਾਵਾ ਅੰਮ੍ਰਿਤਸਰ, ਜਿਹੜਾ ਸਭ ਤੋਂ ਵੱਡਾ ਸਨਅਤੀ ਸ਼ਹਿਰ ਸੀ ਕਿਸੇ ਵਕਤ ਅਤੇ ਅੱਜ ਵੀ ਹੈ, ਉਸ ਦੇ ਨਾਲ ਗੁਰਦਾਸਪੁਰ ਜ਼ਿਲ੍ਹੇ ਦੇ ਚਾਰ ਇੰਡਸ-ਟਰੀਅਲ ਸੈਂਟਰਾਂ ਦੇ ਕੇਸ ਡੀਲ ਹੋਣ ਲਈ ਆਉਂਦੇ ਹਨ। ਇਸੇ ਤਰ੍ਹਾਂ ਜਲੰਧਰ ਦੀ ਲੇਬਰ ਕੋਰਟ ਨਾਲ ਵੀ ਤਿੰਨ ਜ਼ਿਲ੍ਹੇ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਕੇਸ ਆਉਂਦੇ ਹਨ। ਹੁਸ਼ਿਆਰਪੁਰ ਵਿਚ ਵੀ ਇੰਡਸਟਰੀ ਕਾਫੀ ਵੱਧ ਰਹੀ ਹੈ। ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਸਾਰੇ ਪੰਜਾਬ ਵਿੱਚ ਇੰਡਸਟਰੀ ਵੱਧ ਰਹੀ ਹੈ ਅਤੇ ਉਸ ਦੇ ਨਾਲ ਨਾਲ ਹੀ ਇੰਡਸਟਰੀਅਲ ਡਿਸਪਿਊਟਸ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਹੈ, ਕੀ ਕੋਈ ਐਸੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਹਰ ਜ਼ਿਲ੍ਹੇ ਵਿਚ ਲੇਬਰ ਕੋਰਟ ਬਣ ਜਾਵੇ ? ਇਨ੍ਹਾਂ ਨੇ ਕਿਹਾ ਹੈ ਕਿ ਦੋ ਲੇਬਰ ਕੋਰਟਾਂ ਖੋਲ੍ਹਣੀਆਂ ਜ਼ੇਰੇ-ਗੌਰ ਹਨ। ਕੀ ਹਰ ਜ਼ਿਲ੍ਹੇ ਵਿੱਚ ਅਲਹਿਦਾ ਲੇਬਰ ਕੋਰਟ ਬਣਾਉਣ ਦੀ ਤਜਵੀਜ਼ ਇਨ੍ਹਾਂ ਦੇ ਵਿਚਾਰ ਅਧੀਨ ਹੈ ?

**ਮੰਤਰੀ** : ਦੋ ਲੇਬਰ ਕੋਰਟਸ ਨਵੀਆਂ ਇਸੇ ਕਰਕੇ ਖੋਲ੍ਹਣੀਆਂ ਹਨ ਕਿ ਜਿਥੇ ਕੰਮ ਜ਼ਿਆਦਾ ਹੋਵੇਗਾ ਉਥੇ ਖੋਲ੍ਹ ਦਿਆਂਗੇ। ਅਗਰ ਕੰਮ ਇਸ ਨਾਲੋਂ ਵੀ ਜ਼ਿਆਦਾ ਹੋ ਜਾਵੇਗਾ ਤਾਂ ਸਰਕਾਰ ਇਸ ਤੇ ਵੀ ਵਿਚਾਰ ਕਰ ਲਵੇਗੀ ?

---

## Upgradation of Schools in the State

***1182. Comrade Sarwan Singh Cheema** : Will the Minister for Education be pleased to state—

(a) the total number of schools which were upgraded from Primary to Middle and from Middle to High Schools in the State during the year 1981-82 ;

(b) the number and names of schools so upgraded in district Jullundur during the said period ?

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੳ) (I) ਪ੍ਰਾਇਮਰੀ ਤੋਂ ਮਿਡਲ .. 66

(II) ਮਿਡਲ ਤੋਂ ਹਾਈ .. 84

(ਅ) ਸਾਲ 1981-82 ਦੌਰਾਨ ਜ਼ਿਲ੍ਹਾ ਜਲੰਧਰ ਵਿਚ ਅਪਗਰੇਡ ਕੀਤੇ ਗਏ ਸਕੂਲਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

(I) ਪ੍ਰਾਇਮਰੀ ਤੋਂ ਮਿਡਲ .. 11

Original with;
Punjab Vidhan Sabha
Digitized by;
Panjab Digital Library

(II) ਮਿਡਲ ਤੋਂ ਹਾਈ .. 8

ਇਨ੍ਹਾਂ ਸਕੂਲਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

ਸੂਚੀ

| ਪ੍ਰਾਇਮਰੀ ਤੋਂ ਮਿਡਲ | ਮਿਡਲ ਤੋਂ ਹਾਈ |
|---|---|
| 1. ਟਾਹਲੀ | 1. ਸੁਨਾਰ ਕਲਾਂ |
| 2. ਬੀਰ ਪਿੰਡ | 2. ਗੋਹਾਵਰ |
| 3. ਢਾਡੇ | 3. ਸੂਢ |
| 4. ਮਜ਼ਾਰੀ | 4. ਬਲਾਚੌਰ |
| 5. ਕੰਗਰੋਰ | 5. ਜੀ.ਐਮ.ਐਸ. ਗਾਂਧੀ ਕੈਂਪ |
| 6. ਗੜ੍ਹੀ ਫਤਹਿ ਚੱਕ | 6. ਖੋਸਰੋਪੁਰ |
| 7. ਤਲਵੰਡੀ ਬੂਟੀਆਂ | 7. ਮਹੱਲਾ ਅਬਾਦਪੁਰਾ, ਜਲੰਧਰ |
| 8. ਸ਼ੇਖੇ ਪਿੰਡ | 8. ਬਲੋਆਨਾ ਦੋਆਬਾ |
| 9. ਊਧੋਪੁਰ ਬਰਸਾਲ | |
| 10. ਲੋਂਡੇਵਾਲੀ | |
| 11. ਨੰਗਲ ਸਲਾਲਾ | |

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਈ ਹਲਕੇ ਵਿਧਾਨ ਸਭਾ ਦੇ ਐਸੇ ਹਨ ਜਿਥੇ ਦੋ-ਦੋ, ਤਿੰਨ-ਤਿੰਨ ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਬਣਾ ਦਿਤੇ ਹਨ। ਮੇਰਾ ਗਵਾਂਢੀ ਹਲਕਾ ਨਕੋਦਰ ਦਾ ਚੀਫ ਮਨਿਸਟਰ ਸਾਹਿਬ ਦਾ ਹੈ, ਉਥੇ ਦੋ ਤਿੰਨ ਪ੍ਰਾਇਮਰੀ ਸਕੂਲ ਅਪਗ੍ਰੇਡ ਕਰਕੇ ਮਿਡਲ ਬਣਾ ਦਿਤੇ ਗਏ ਹਨ। ਉਸ ਦੇ ਨਾਲ ਲਗਦਾ ਨੂਰਮਹਿਲ ਦਾ ਮੇਰਾ ਹਲਕਾ ਹੈ, ਉਥੇ ਇਕ ਵੀ ਪ੍ਰਾਇਮਰੀ ਸਕੂਲ ਨੂੰ ਅਪਗ੍ਰੇਡ ਕਰਕੇ ਮਿਡਲ ਨਹੀਂ ਕੀਤਾ ਗਿਆ । ਇਹ ਵਿਤਕਰਾ ਕਿਉਂ ਹੈ ? ਦੂਸਰਾ ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਪ੍ਰਾਇਮਰੀ ਤੋਂ ਮਿਡਲ ਅਪਗ੍ਰੇਡ ਹੋਣ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ, ਗਿਣਤੀ ਵੀ ਠੀਕ ਹੈ, ਕੀ ਉਨ੍ਹਾਂ ਨੂੰ ਪ੍ਰਾਇਮਰੀ ਤੋਂ ਮਿਡਲ ਬਣਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦੇ ਦੋ ਹਿੱਸੇ ਹਨ। ਪਹਿਲਾ ਸਵਾਲ ਉਨ੍ਹਾਂ ਦਾ ਇਹ ਹੈ ਕਿ ਵਿਤਕਰਾ ਕਿਉਂ ਕੀਤਾ ਜਾਂਦਾ ਹੈ। ਕਿਸੇ ਹਲਕੇ ਵਿਚ ਅਪਗ੍ਰੇਡ ਕਰ ਦਿੱਤੇ ਜਾਂਦੇ ਹਨ ਅਤੇ ਕਿਸੇ ਹਲਕੇ ਵਿਚ ਅਪਗ੍ਰੇਡ ਸਕੂਲ ਨਹੀਂ ਕੀਤੇ ਜਾਂਦੇ। ਇਸ ਸਬੰਧ ਵਿਚ ਮੈਂ ਅਰਜ਼ ਕਰਨੀ ਹੈ ਕਿ ਕਿਸੇ ਕਿਸਮ ਦਾ ਕੋਈ ਵਿਤਕਰਾ ਸਕੂਲ ਖੋਲ੍ਹਣ ਜਾਂ ਅਪਗ੍ਰੇਡ ਕਰਨ ਵਿਚ ਨਹੀਂ ਕੀਤਾ ਜਾਂਦਾ। ਪਹਿਲਾਂ ਹੁੰਦਾ ਹੋਵੇਗਾ, ਮੈਂ ਉਸ ਗੱਲ ਦਾ ਜ਼ਿੰਮੇਵਾਰ ਨਹੀਂ ਹਾਂ।

**Sardar Baldev Singh Maan** : I challenge the statement of the Minister on the floor of the House. He is misleading the House. I want to move a Privilege Motion against him.

**ਸ੍ਰੀ ਸਪੀਕਰ** : ਤੁਸੀਂ ਲਿਖ ਕੇ ਦੇ ਦਿਓ।

**ਸਰਦਾਰ ਬਲਦੇਵ ਸਿੰਘ ਮਾਨ** : ਤੁਸੀਂ ਹਾਊਸ ਦੀ ਕਮੇਟੀ, ਸਪੀਕਰ ਸਾਹਿਬ, ਬਣਾ ਦਿਓ।

**ਸ੍ਰੀ ਸਪੀਕਰ** : ਤੁਸੀਂ ਲਿਖ ਕੇ ਦੇ ਦਿਓ।

**ਮੰਤਰੀ** : ਹਮੇਸ਼ਾਂ ਤੋਂ ਸਕੂਲ ਅਪਗ੍ਰੇਡ ਕੀਤੇ ਜਾਂਦੇ ਹਨ। ਇਸ ਲਈ ਮਹਿਕਮੇ ਨੇ ਕੁਝ ਖਾਸ ਗਾਈਡ ਲਾਈਨਜ਼ ਮੁਕਰਰ ਕੀਤੀਆਂ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਵਾਬ ਦੇਣ ਲਗਿਆਂ ਇੰਟਰਫੀਅਰੈਂਸ ਨਹੀਂ ਹੋਣੀ ਚਾਹੀਦੀ। ਉਨ੍ਹਾਂ ਗਾਈਡ ਲਾਈਨਜ਼ ਦੇ ਮੁਤਾਬਿਕ ਸਕੂਲ ਅਪਗ੍ਰੇਡ ਕੀਤੇ ਜਾਂਦੇ ਹਨ। ਸਕੂਲ ਅਪਗ੍ਰੇਡ ਆਨ ਮੈਰਿਟ ਕੀਤੇ ਜਾਂਦੇ ਹਨ। ਦੂਸਰਾ ਸਵਾਲ ਕਾਮਰੇਡ ਸਰਵਣ ਸਿੰਘ ਚੀਮਾ ਨੇ ਇਹ ਕੀਤਾ ਹੈ ਕਿ ਜਿਹੜੇ ਪ੍ਰਾਇਮਰੀ ਤੋਂ ਮਿਡਲ ਅਪਗ੍ਰੇਡ ਹੋਣ ਲਈ ਸਾਰੀਆਂ ਸ਼ਰਤਾਂ ਸਕੂਲ ਪੂਰੀਆਂ ਕਰਦੇ ਹਨ ਕੀ ਉਨ੍ਹਾਂ ਨੂੰ ਕਰ ਦਿਤਾ ਜਾਵੇਗਾ। ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਨੀ ਹੈ ਕਿ ਸਕੂਲਾਂ ਨੂੰ ਜਿਸ ਵੇਲੇ ਅਪਗ੍ਰੇਡ ਕਰਨਾ ਹੁੰਦਾ ਹੈ, ਉਹ ਫੰਡਜ਼ ਦੀ ਪ੍ਰੋਵੀਜ਼ਨ ਦੇ ਮੁਤਾਬਿਕ ਕੀਤਾ ਜਾਂਦਾ ਹੈ। ਇਹ ਸਾਰੀਆਂ ਚੀਜ਼ਾਂ ਫੰਡਜ਼ ਨਾਲ ਸਬੰਧਤ ਹਨ। ਜਿਉਂ ਜਿਉਂ ਫੰਡਜ਼ ਮਿਲਦੇ ਜਾਂਦੇ ਹਨ, ਅਸੀਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਪੂਰਾ ਕਰੀ ਜਾਂਦੇ ਹਾਂ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੇਰੇ ਗਵਾਂਢ ਜਾਂ ਹੋਰ ਵੀ ਜਿੱਥੇ ਸਕੂਲ ਅਪਗਰੇਡ ਕੀਤੇ ਜਾਂਦੇ ਹਨ ਉਥੇ ਵਾਸਤੇ ਤਾਂ ਬਜਟ ਹੁੰਦਾ ਹੈ ਪਰ ਜਦੋਂ ਸਾਡੀ ਵਾਰੀ ਆਉਂਦੀ ਹੈ ਤਾਂ ਪਹਿਲਾਂ ਤਾਂ ਉਹ ਸਕੂਲ ਅਪਗਰੇਡ ਕਰਨ ਲਈ ਵਿਚਾਰ ਅਧੀਨ ਨਹੀਂ ਆਉਂਦੇ ਔਰ ਜੇਕਰ ਵਿਚਾਰ ਅਧੀਨ ਆ ਵੀ ਜਾਣ ਤਾਂ ਬਜਟ ਨਹੀਂ ਹੁੰਦਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਕਿਸਮ ਦਾ ਵਿਤਕਰਾ ਦੂਰ ਕਰਨ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਸਵਾਲ ਦਾ ਜਵਾਬ ਵਿਸਥਾਰ ਨਾਲ ਦੇ ਦਿਤਾ ਹੈ। ਇਸ ਸਪਲੀਮੈਂਟਰੀ ਵਿਚ ਮੈਂਬਰ ਸਾਹਿਬ ਨੇ ਕੋਈ ਨਵੀਂ ਚੀਜ਼ ਨਹੀਂ ਪੁਛੀ।

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਐਸੇ ਕਿਤਨੇ ਅਸੰਬਲੀ ਹਲਕੇ ਹਨ ਜਿਥੇ ਕਿ ਪਿਛਲੇ ਸਾਲ ਕੋਈ ਵੀ ਸਕੂਲ ਅਪਗਰੇਡ ਨਹੀਂ ਕੀਤਾ ਗਿਆ ?

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਕਈ ਦਫਾ ਆ ਚੁਕਾ ਹੈ। ਸਕੂਲਾਂ ਨੂੰ ਅਪਗਰੇਡ ਕਰਨ ਵਾਸਤੇ ਅਸੰਬਲੀ ਹਲਕਾ ਯੂਨਿਟ ਨਹੀਂ ਗਿਣਿਆਂ ਜਾਂਦਾ ਔਰ ਅਸੰਬਲੀ

Original with;
Punjab Vidhan Sabha
Digitized by;
Panjab Digital Library

ਹਲਕਿਆਂ ਦੀ ਬਿਨਾ ਤੇ ਸਕੂਲ ਨਹੀਂ ਖੋਲ੍ਹੇ ਜਾਂਦੇ। ਅਸੀਂ ਲੋਕਾਂ ਦੀ ਲੋੜ ਵੇਖਦੇ ਹਾਂ ਔਰ ਜਿੱਥੇ ਸਕੂਲ ਖੋਲ੍ਹਣ ਦੀ ਜਾਂ ਅਪਗਰੇਡ ਕਰਨ ਦੀ ਲੋੜ ਹੁੰਦੀ ਹੈ ਉਥੇ ਹੀ ਖੋਲ੍ਹੇ ਜਾਂਦੇ ਹਨ ਜਾਂ ਅਪਗ੍ਰੇਡ ਕੀਤੇ ਜਾਂਦੇ ਹਨ।

**Mr. Speaker:** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### Establishment of Civil Aviation Clubs in the State

***1192. Sardar Baldev Singh Maan :** Will the Minister of State for Transport be pleased to state whether there is any proposal under the consideration of Government for establishing more Civil Aviation Clubs in the State, if so, the names of the towns where these are likely to be established.?

**ਸਰਦਾਰ ਅਵਤਾਰ ਸਿੰਘ ਗਟਵਾਲੀ :** ਹਾਂ ਜੀ, ਦੋ ਥਾਵਾਂ ਤੇ, ਅਰਥਾਤ ਬਠਿੰਡਾ ਅਤੇ ਫਰੀਦਕੋਟ।

---

### Tourist Complex at Nadampur, District Sangrur

***1191. Sardar Baldev Singh Maan:** Will the Minister of State for Housing and Tourism be pleased to state whether there is any proposal under the consideration of Government to establish a Tourist Complex at Nadampur, District Sangrur, if so, the time by which it is likely to be finalised ?

**ਸਰਦਾਰਨੀ ਰਾਜਿੰਦਰ ਕੌਰ ਭੱਠਲ :** ਨਹੀਂ ਜੀ।

---

### Innstallation of Tubewell for the Water Supply in village Bhaddi

***1172. Master Dalip Chand :** Will the Minister of State for Rehabilitation and Industries be pleased to state the time by which the tubewell for the water supply in village Bhaddi in the Balachaur Assembly Constituency is likely to be installed ?

**ਸਰਦਾਰ ਦਰਸ਼ਨ ਸਿੰਘ ਕੇ. ਪੀ. :** ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਕੋਈ ਪੱਕਾ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ।

---

### Cement Supplies to Jullundur District

***1181. Comrade Sarwan Singh Cheema :** Will the Minister of State for Food and Supplies be pleased to state—

(a) the total quantity of cement supplied to Jullundur district during the year 1981 ;

Original with;
Punjab Vidhan Sabha
Digitized by;
Panjab Digital Library

[Comrade Sarwan Singh Cheema]

(b) the quantity of cement out of that referred to in part (a) supplied Municipal Committee-wise and Block-wise in the said district during the said period;

(c) the steps the Government proposes to take to overcome the shortage of cement ?

ਸ੍ਰੀ ਭਗਵਾਨ ਦਾਸ : (ੳ) 630,262 ਬੋਰੀਆਂ ।

(ਅ)

| ਲੜੀ ਨੰ: | ਮਿਉਂਸਪਲ ਕਮੇਟੀ | ਸੀਮਿੰਟ ਸਪਲਾਈ ਕੀਤਾ (ਬੋਰੀਆਂ ਵਿਚ) | ਲੜੀ ਨੰ: | ਬਲਾਕ | ਸੀਮਿੰਟ ਸਪਲਾਈ ਕੀਤਾ (ਬੋਰੀਆਂ ਵਿਚ) |
|---|---|---|---|---|---|
| 1. | ਕਰਤਾਰਪੁਰ | 5,947 | 1. | ਜਲੰਧਰ ਈਸਟ | 19,054 |
| 2. | ਬੰਗਾ | 7,623 | 2. | ਜਲੰਧਰ ਵੈਸਟ | 36,251 |
| 3. | ਨਕੋਦਰ | 3,638 | 3. | ਰੁੜਕਾ ਕਲਾਂ | 13,325 |
| 4. | ਨਵਾ ਸ਼ਹਿਰ | 4,051 | 4. | ਬੰਗਾ | 17,787 |
| 5. | ਨੂਰਮਹਿਲ | 3,283 | 5. | ਨਕੋਦਰ | 8,489 |
| 6. | ਫਿਲੌਰ | 3,487 | 6. | ਨਵਾਂ ਸ਼ਹਿਰ | 12,485 |
| 7. | ਆਦਮਪੁਰ | 1,800 | 7. | ਨੂਰ ਮਹਿਲ | 7,659 |
| 8. | ਅਲਾਵਾਲਪੁਰ | 1,200 | 8. | ਸ਼ਾਹਕੋਟ | 14,753 |
| 9. | ਰਾਹੋਂ | 1,300 | 9. | ਫਿਲੌਰ | 8,136 |
| | | 32,329 | 10. | ਆਦਮਪੁਰ | 25,789 |
| | | | 11. | ਭੋਗਪੁਰ | 28,614 |
| | | | 12. | ਔੜ | 3,730 |
| | | | | | 1,96,072 |

(ੲ) ਕੇਂਦਰੀ ਸਰਕਾਰ ਨੂੰ ਮੁੱਖ ਮੰਤਰੀ ਜੀ ਦੇ ਪੱਧਰ ਤੇ ਵੀ ਸਮੇਂ ਸਮੇਂ ਤੇ ਬੇਨਤੀ ਕੀਤੀ ਗਈ ਹੈ ਕਿ ਸਾਡੀ ਸੀਮਿੰਟ ਦੀ ਤਿਮਾਹੀ ਐਲੋਕੇਸ਼ਨ ਵਧਾ ਦਿੱਤੀ ਜਾਵੇ ਅਤੇ ਐਲੋਕੇਸ਼ਨ ਦੇ ਵਿਰੁੱਧ ਡਿਸਪੈਚੀਜ਼ ਨੂੰ ਤੇਜ਼ ਕੀਤਾ ਜਾਵੇ। ਸਾਲ 1981 ਦੌਰਾਨ 1980 ਦੇ ਮੁਕਾਬਲੇ ਵਿਚ ਸੀਮਿੰਟ ਦੀ

Original with;
Punjab Vidhan Sabha
Digitized by;
Panjab Digital Library

ਸਪਲਾਈ ਪੁਜ਼ੀਸ਼ਨ ਵਿਚ ਸੁਧਾਰ ਹੋਇਆ ਕਿਉਂ ਜੋ 1981 ਵਿਚ ਕੁਲ 721,195 ਟਨ ਸੀਮਿੰਟ ਰਾਜ ਵਿਚ ਪ੍ਰਾਪਤ ਹੋਇਆ ਜਦੋਂ ਕਿ ਸਾਲ 1980 ਦੌਰਾਨ 524,035 ਟਨ ਸੀਮਿੰਟ ਪ੍ਰਾਪਤ ਹੋਇਆ ਸੀ। ਅਸੀਂ ਕੇਂਦਰੀ ਉਦਯੋਗ ਮੰਤਰਾਲੇ ਨੂੰ ਮਿਤੀ 3 ਫਰਵਰੀ, 1982 ਨੂੰ ਮੁੜ ਬੇਨਤੀ ਕੀਤੀ ਹੈ ਕਿ ਪੰਜਾਬ ਦਾ ਸੀਮਿੰਟ ਦਾ ਕੋਟਾ 4.76 ਲੱਖ ਟਨ ਪ੍ਰਤੀ ਤਿਮਾਹੀ ਕੀਤਾ ਜਾਵੇ ਅਤੇ ਕੁਆਰਟਰਲੀ ਐਲੋਕੇਸ਼ਨ ਦੇ ਵਿਰੁੱਧ 100 ਫੀ ਸਦੀ ਡਿਸਪੈਚੇਜ਼ ਯਕੀਨੀ ਬਣਾਈਆਂ ਜਾਣ।

---

## Allotment of Residential Plots to persons whose Agricultural Land has been Acquired for Setting up Urban Estate S.A.S. Nagar (Mohali)

*1206. **Comrade Saghar Singh :** Will the Chief Minister be pleased to state—

(a) whether any scheme exists or is under the consideration of the Government to allot residential plots to the persons whose agricultural land has been acquired by the Punjab Government for setting up the Urban Estate, S.A.S. Nagar (Mohali); if so, the details there of;

(b) if the reply to part (a) above be in the affirmative, the number of applications received since 1970 and the number of applicants who have been allotted plots so far, categorywise;

(c) the time by which the remaining applicants are likely to be allotted plots ;

(d) the criteria adopted for the allotment of such plots ?

**ਸਰਦਾਰ ਦਰਬਾਰਾ ਸਿੰਘ :** (ੳ) ਜਿਨ੍ਹਾਂ ਲੋਕਾਂ ਦੀ ਸ਼ਹਿਰੀ ਮਿਲਖ ਸਥਾਪਤ ਕਰਨ ਲਈ ਭੋਂ ਪ੍ਰਾਪਤ ਕੀਤੀ ਜਾਂਦੀ ਹੈ, ਨੂੰ ਪਲਾਟ ਅਲਾਟ ਕਰਨ ਸਬੰਧੀ ਪਾਲਸੀ ਦੀ ਕਾਪੀ ਹਾਊਸ ਦੇ ਟੇਬਲ ਤੇ ਪੇਸ਼ ਹੈ। (ਅਨੁਲੱਗ I)

(ਅ) ਸਟੇਟਮੈਂਟ ਹਾਊਸ ਦੇ ਟੇਬਲ ਦੇ ਪੇਸ਼ ਕੀਤੀ ਜਾਂਦੀ ਹੈ। (ਅਨੁਲੱਗ II)

(ੲ) ਉਹ ਮਿਤੀ ਜਦ ਤੱਕ ਕਿ ਸਾਰੇ ਬਿਨੈਕਾਰਾਂ ਨੂੰ ਪਲਾਟ ਅਲਾਟ ਕਰ ਦਿੱਤੇ ਜਾਣਗੇ ਦੱਸੀ ਜਾਣੀ ਮੁਸ਼ਕਿਲ ਹੈ।

(ਸ) ਪਲਾਟ ਅਲਾਟ ਕਰਨ ਸਬੰਧੀ ਕਰਾਇਟੇਰੀਆ ਪਾਲਿਸੀ ਵਿੱਚ ਦਰਜ ਹੈ ਜਿਸ ਦੀ ਇਕ ਕਾਪੀ ਹਾਊਸ ਦੇ ਟੇਬਲ ਤੇ ਪੇਸ਼ ਕੀਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

[Chief Minister]

ANNEXURE I

GOVERNMENT OF PUNJAB

**Department of Housing and Urban Development**

**(Urban Development I Branch)**

To

The Director,
Housing and Urban Development Punjab,
Chandigarh.

Memo No. 3/64/81-2UD(1)/12332.

Dated, Chandigarh the, 29th September, 1981.

*Subject*:.—Policy regarding the allotment of plots to the oustees in the Urban Estates.

Reference your memo No. 3UD(1-C)-81/13407 , dated 9th September, 1981, on the subject noted above.

2. The Government have decided to allot the plots to the oustees as under—

(i) The plot shall be allotted to an oustee in the Urban Estate for his bonafide residence. This will be subject to the condition that the oustee or his family which means wife and minor children, do not own another plot or house within an Urban area.

(ii) No application from the oustees shall be received after a period of three years from the date of acquisition of land. The oustees shall be allotted plots on first-come-first-served basis.

(iii) Individual oustee shall not be allotted plots measuring more than 200 sq. yds. The criteria for the allotment of plots upto 200 sq. yds. shall b as under:—

| Land acquired | Size of plot | Gross annual income |
|---|---|---|
| (a) 1/2 acre to 3 acres | 100 sq. yds. | Upto Rs. 8,000 |
| (b) Above 3 acres upto 5 acres | 150 sq. yds. | Above Rs. 8,000 Upto Rs. 12,000/- |
| (c) Above 5 acres | 200 sq. yds. | Above Rs. 12,000 upto Rs. 20,000/ |

**Explanation 'A'**

However, if on the land acquired there were built up properties, 100 sq. yds. plot may be allotted although the area acquired may be less than 1/2 acre. This will be subject to the Gross annual income criteria.

**Explanation 'B'**

It is specially stated here that both the requirements i.e. regarding land acquired as also the income shall have to be met before any person becomes eligible.

(iv) 10% each of the plots measuring 200 sq. yds. and less shall be reserved for allotment to the oustees. If the number of applications of the oustees is less, the remaining plots reserved for oustees shall be allotted as per policy.

Original with;
Punjab Vidhan Sabha
Digitized by;
Panjab Digital Library

(v) where the land acquired was owned jointly all the oustees would be entitled jointly for one plot only.

(vi) The other conditions for the allotment shall be the same as in the case of general public except that the allottees shall not be allowed to sell the plot or building constructed thereon before the lapse of 10 years.

3. You are requested to take action accordingly.

(Sd.) . . . . ,

Joint Secretary, Urban Development (B).

## ANNEXURE II

**Statement showing the numbers of oustees, who applied for allotment in Urban Estates S.A.S. Nagar, number of oustees who have been accommodated and number of pending applications at S.A.S. Nagar**

| Serial No. | Size of plot | | Nos. of oustees who had applied | Nos. of oustees who have been accommodated | Nos. of pending applications |
|---|---|---|---|---|---|
| 1 | One Kanal | .. | 235 | 18 | 217 |
| 2 | 16 marlas | .. | Nil | Nil | Nil |
| 3 | 10 marlas | .. | 277 | 88 | 189 |
| 4 | 8/7½ marlas | .. | 290 | 45 | 245 |
| 5 | 6 marlas | | 18 | 1 | 17 |
| 6 | 4 marlas | .. | 33 | 9 | 24 |

*Note*.—Allotment yet to be started in phase XI except 5 plots of 4 marlas allotted as per orders of court.

## Loss of Life due to Drinking of Spurious Liquor in Villages Dhatonda/Mulepur

*1179. **Sardar Dalip Singh Pandhi**: Will the Chief Minister be pleased to state—

(a) whether any loss of life occurred in November, 1981 by drinking of spurious liquor in villages Dhatonda/Mulepur, of Police Station Mulepur, District Patiala, if so, the details thereof ?

(b) if the reply to part (a) above be in the affirmative whether any action has been taken against the accused/guilty persons, if so, the details thereof ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ : (ੳ) ਹਾਂ ਜੀ, ਇਸ ਸਬੰਧ ਵਿਚ ਦਲੀਪ ਸਿੰਘ, ਬਹਾਦਰ ਸਿੰਘ, ਸੰਤ ਸਿੰਘ, ਗੁਰਦੀਪ ਸਿੰਘ, ਸਰਵਣ ਸਿੰਘ, ਮੁਕੰਦ ਸਿੰਘ, ਬੰਤ ਸਿੰਘ, ਮਿਸ਼ਰਾ ਸਿੰਘ, ਸੁਰਜੀਤ ਸਿੰਘ ਦੀ ਨਕਲੀ ਸ਼ਰਾਬ ਪੀਣ ਨਾਲ ਮੌਤ ਹੋਈ। ਗੁਰਦੇਵ ਸਿੰਘ ਅਤੇ ਛੋਟਾ ਸਿੰਘ ਦੀ ਅੱਖਾਂ ਦੀ ਜੋਤ ਨਕਲੀ ਸ਼ਰਾਬ ਪੀਣ ਕਰਕੇ ਜਾਂਦੀ ਰਹੀ ਜਿਸਤੇ ਮੁੱਕਦਮਾ ਨੰ: 114, ਮਿਤੀ 21/11/81 ਅਧਿ-302/307/328/326/120 ਬੀ. ਆਈ. ਪੀ. ਸੀ. ਥਾਣਾ ਮੂਲੇਪੁਰ ਵਿਚ ਦਰਜ ਕੀਤਾ ਗਿਆ।

(ਅ) ਦੋਸ਼ੀ ਉਮਦਤ, ਮਾਨ ਸਿੰਘ, ਕੇਸਰ ਸਿੰਘ, ਬਰਿਜ ਮੋਹਨ, ਰਵੇਲ ਸਿੰਘ, ਬਾਬੂ ਸਿੰਘ, ਰਜਿੰਦਰ ਕੁਮਾਰ ਅਤੇ ਵਿਜੇ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਪਾਸੋਂ 2 ਕਾਰਾਂ, 1 ਪਸਤੌਲ, 2 ਕਾਰਤੂਸ 12 ਬੋਰ ਅਤੇ ਇਕ 3·3 ਬੋਰ ਰਾਈਫਲ ਬਰਾਮਦ ਹੋਈ। ਮੁਕਦਮੇ ਦੀ ਤਫਤੀਸ਼ ਹੋ ਰਹੀ ਹੈ ਅਤੇ ਚਲਾਨ ਮੁਕੰਮਲ ਕਰਕੇ ਜਲਦ ਹੀ ਅਦਾਲਤ ਵਿਚ ਭੇਜ ਦਿਤਾ ਜਾਵੇਗਾ।

---

**Auction of Canal Plots on both sides of the Sirhind Canal at Ropar**

***1176. Sardar Parkash Singh Majitha**: Will the Minister for Agriculture and Irrigation be pleased to state:—

(a) whether the Irrigation Department auctioned Canal Plots on both the sides of the Sirhind Canal at Ropar in 1981;

(b) if the reply to part(a) above tbe in affirmative the number of plots auctioned so far and the number of those yet to be auctioned ;

(c) the time by which the remaining plots are likely to be auctioned ?

ਚੌਧਰੀ ਬਾਂਸ਼ੀ ਰਾਮ : (ੳ) ਹਾਂ ਜੀ,

(ਅ) 14 ਪਲਾਟ ਨੀਲਾਮ ਕੀਤੇ ਜਾ ਚੁੱਕੇ ਹਨ 41 ਪਲਾਟ ਅਜੇ ਨੀਲਾਮ ਹੋਣ ਵਾਲੇ ਹਨ।

(ੲ) ਮਾਰਚ, 1982 ਦੇ ਦੌਰਾਨ।

---

**Amount Earmarked under the Basti Sudhar Scheme**

***1224. Sardar Parkash Singh Majitha** : Will the Minister for Welfare and Labour be pleased to state—

(a) the amounts earmarked under the Basti Sudhar Scheme during the years 1979-80 and 1980-81, district-wise ;

(b) the details of the amounts spent districtwise and yearwise out of those referred to in part (a) above?

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ : (ੳ) ਸਾਲ 1979-80 ਅਤੇ 1980-81 ਦੌਰਾਨ ਜ਼ਿਲ੍ਹੇਵਾਰ ਮਨਜ਼ੂਰ ਕੀਤੀ ਗਈ ਰਕਮ ਦਾ ਵੇਰਵਾ ਅਨੁਲੱਗ 'ਏ' ਤੇ ਨੱਥੀ ਹੈ।

(ਅ) ਸਾਲ 1979-80 ਅਤੇ 1980-81 ਦੌਰਾਨ ਮਿੱਥੇ ਉਪਬੰਧ ਵਿਚੋਂ ਜ਼ਿਲ੍ਹਾਵਾਰ ਅਤੇ ਸਾਲਵਾਰ ਕੀਤੇ ਗਏ ਖਰਚੇ ਦਾ ਵੇਰਵਾ ਵੀ ਅਨੁਲੱਗ 'ਏ' ਤੇ ਹੈ।

**ANNEXURE 'A'**

| Serial No. | Name of the District | 1979-80 Amount sanctioned | 1979-80 Amount spent | 1980-81 Amount sanctione | 1980-81 Amount spent |
|---|---|---|---|---|---|
| | | Rs. | Rs. | Rs. | Rs. |
| 1 | Amritsar | .. 2,69,600 | 2,69,600 | 3,40,019 | 3,40,019 |
| 2 | Bhatinda | .. 4,26,993 | 4,26,993 | 4,40,798 | 4,40,798 |
| 3 | Faridkot | .. 3,56,011 | 3,56,011 | 2,15,454 | 2,15,454 |
| 4 | Ferozepur | .. 2,76,000 | 2,76,000 | 1,35,338 | 1,35,338 |
| 5 | Gurdaspur | .. 4,14,816 | 4,14,816 | 2,28,848 | 2,28,848 |
| 6 | Hoshiarpur | .. 7,60,216 | 7,60,216 | 7,63,536 | 7,63,536 |
| 7 | Jullundur | .. 8,18,692 | 8,18,692 | 28,82,783 | 28,82,783 |
| 8 | Kapurthala | .. 4,33,505 | 4,33,505 | 1,14,579 | 1,14,579 |
| 9 | Ludhiana | .. 4,70,520 | 4,70,520 | 7,56,976 | 7,56,976 |
| 10 | Patiala | .. 5,91,543 | 5,91,543 | 3,46,649 | 3,46,649 |
| 11 | Ropar | .. 18,22,928 | 13,22,923 | 63,122 | 63,422 |
| 12 | Sangrur | .. 7,09,176 | 7,09,176 | 1,61,578 | 1,61,578 |
| | | .. 68,50,000 | 68,50,000 | 64,50,000 | 64,50,000 |
| | Electricity | 1,50,000 | 1,50,000 | 1,50,000 | 1,50,000 |
| | Grand Total | 70,00,000 | 70,00,000 | 66,00,000 | 66,00,000 |

## Installation of Statue of Dr. B.R. Ambedkar

***1240. Sardar Dalip Singh Pandhi** : Will the Chief Minister be pleased to state whether the previous/present Government had/has any proposal to instal a statue of Dr. B.R. Ambedkar anywhere in the State, if so, the details thereof and the time by which it is likely to materialise ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਜੋਗਿੰਦਰ ਪਾਲ ਪਾਂਡੇ (ਸੂਚਨਾ ਤੇ ਲੋਕ ਸੰਪਰਕ ਮੰਤਰੀ)**: ਜੀ ਹਾਂ। ਜਲੰਧਰ, ਪਟਿਆਲਾ ਅਤੇ ਹੁਸ਼ਿਆਰਪੁਰ। ਇਹਨਾਂ ਬੁੱਤਾਂ ਦੇ ਬਣਵਾਉਣ ਤੇ ਜੋ ਖਰਚ ਹੋਣਾ ਹੈ ਉਹ ਮਿਉਂਸਪਲ ਕਾਰਪੋਰੇਸ਼ਨ, ਜਲੰਧਰ ਅਤੇ ਨਗਰਪਾਲਿਕਾਵਾਂ ਪਟਿਆਲਾ ਅਤੇ ਹੁਸ਼ਿਆਰਪੁਰ ਵਲੋਂ ਕੀਤਾ ਜਾਣਾ ਹੈ। ਜਿਸ ਸਮੇਂ ਵੀ ਇਹ ਲੋੜੀਂਦੀ ਧੰਨਰਾਸ਼ੀ ਉਪਲਬੱਧ ਕਰ ਦੇਣਗੇ, ਬੁੱਤ ਬਣਵਾ ਕੇ ਸਥਾਪਤ ਕਰ ਦਿੱਤੇ ਜਾਣਗੇ।

---

## UNSTARRED QUESTIONS AND ANSWERS

### Grant of stipends to the Wards of Industrial Workers

176. 1. **Comrade Raj Kumar**
2. **Comrade Buta Singh**
3. **Comrade Sohan Singh** } : Will the Minister for Welfare and Labour be pleased to state:—

(a) whether the Labour Welfare Board grants stipends for education to the wards of industrial workers; if so, the categories of such wards (students) ; the amount of stipend and the terms and conditions on which it is granted in the case of each category ;

(b) the category-wise and the centre (town) wise number of such students who were getting such stipend from 1st November, 1979 to 1st November, 1981 ?

**ਚੌਧਰੀ ਜਗਤ ਰਾਮ**: (ੳ) ਪੰਜਾਬ ਲੇਬਰ ਵੈਲਫੇਅਰ ਬੋਰਡ ਰਾਜ ਦੇ ਉਦਯੋਗਿਕ ਕਾਮਿਆਂ ਦੇ ਬੱਚਿਆਂ ਨੂੰ ਹਰ ਸਾਲ ਹੇਠ ਲਿਖੇ ਵੇਰਵੇ/ਸ਼ਰਤਾਂ ਦੇ ਆਧਾਰ ਤੇ ਵਜ਼ੀਫੇ ਦਿੰਦਾ ਹੈ:--

| ਲੜੀ ਨੰ: | ਸ਼੍ਰੇਣੀ | ਰਕਮ (ਰੁਪਏ ਪ੍ਰਤੀ ਮਹੀਨਾ) |
|---|---|---|
| 1. | ਪ੍ਰਮਾਣਿਤ ਸਕੂਲ/ਕਾਲਜਾਂ ਵਿਚ 9ਵੀਂ, 10ਵੀ, 11ਵੀਂ/ਪ੍ਰੈਪ ਅਤੇ ਉਚ ਕਲਾਸਾਂ ਦੇ ਵਿਦਿਆਰਥੀ (ਕਾਲਜਾਂ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪਿਛਲੇ ਸਾਲਾਨਾ ਇਮਤਿਹਾਨ ਵਿਚ ਘੱਟੋ ਘੱਟ 45% ਨੰਬਰ ਲੈਣੇ ਜ਼ਰੂਰੀ ਹਨ) | 30 |
| 2. | ਆਈ.ਟੀ.ਆਈ. ਦੇ ਸਾਰੇ ਤਕਨੀਕੀ ਟ੍ਰੇਡਾਂ ਪਾਲੀਟੈਕਨੀਕਲ, ਨਰਸਿੰਗ, ਡਿਸਪੈਂਸਿੰਗ, ਆਯੁਰਵੈਦਿਕ ਆਦਿ ਕੋਰਸਾਂ ਦੇ ਵਿਦਿਆਰਥੀ ਅਤੇ ੳ.ਟੀ., ਜੇ.ਬੀ.ਟੀ., ਬੀ.ਐਡ. ਅਤੇ ਐਲ.ਐਲ.ਬੀ. ਆਦਿ ਦੇ ਵਿਦਿਆਰਥੀ | 50 |
| 3. | ਮੈਡੀਕਲ/ਇੰਜੀਨੀਅਰਿੰਗ ਡਿਗਰੀ ਕੋਰਸ ਦੇ ਵਿਦਿਆਰਥੀ | 100 |

ਵਜ਼ੀਫੇ ਦੇਣ ਦੀਆਂ ਸ਼ਰਤਾਂ

Original with; Punjab Vidhan Sabha Digitized by; Panjab Digital Library

(ੳ) ਬੋਰਡ ਵੱਲੋਂ ਸਾਲ 1981-82 ਤੋਂ ਉਪਰੋਕਤ ਦਰਸਾਏ ਵਜ਼ੀਫ਼ਿਆਂ ਸਬੰਧੀ ਉਦਯੋਗਿਕ ਕਿਰਤੀ ਦੀ ਵੇਤਨ ਸੀਮਾ 500 ਰੁਪਏ ਤੋਂ ਵਧਾ ਕੇ 650 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ।

(ਅ) ਵਜ਼ੀਫੇ ਟੈਕਨੀਕਲ, ਨਾਨ-ਟੈਕਨੀਕਲ ਕੋਰਸਾਂ ਲਈ ਇਸ ਸ਼ਰਤ ਤੇ ਦਿੱਤੇ ਜਾਂਦੇ ਹਨ ਕਿ ਸਬੰਧਤ ਵਿਦਿਆਰਥੀ ਹਰ ਵਿਦਿਅਕ ਸਾਲ ਆਪਣੀ ਸੰਸਥਾ ਦੇ ਮੁੱਖੀ ਪਾਸੋਂ ਇਹ ਸਰਟੀਫਿਕੇਟ ਲੈ ਕੇ ਪੇਸ਼ ਕਰੇਗਾ ਕਿ ਉਹ ਵਾਰਸ਼ਿਕ ਪ੍ਰੀਖਿਆ ਪਾਸ ਕਰਕੇ ਅਗਲੀ ਸ਼੍ਰੇਣੀ ਵਿਚ ਦਾਖਲ ਹੋ ਕੇ ਕੋਰਸ/ਟ੍ਰੇਨਿੰਗ ਜਾਰੀ ਰੱਖ ਰਿਹਾ ਹੈ। ਇਸ ਤੋਂ ਉਪਰੰਤ ਆਪਣੇ ਪਿਤਾ/ਮਾਤਾ/ਗਾਰਡੀਅਨ ਸਬੰਧੀ ਉਨ੍ਹਾਂ ਦੇ ਅਦਾਰੇ ਦੇ ਮੈਨੇਜਰ/ਮਾਲਕ ਪਾਸੋਂ ਉਦਯੋਗਿਕ ਕਿਰਤੀ ਦੇ ਤੌਰ ਤੇ ਕੰਮ ਕਰਦੇ ਰਹਿਣ ਅਤੇ ਮਾਸਕ ਵੇਤਨ ਬਾਰੇ ਵੀ ਸਰਟੀਫਿਕੇਟ ਪੇਸ਼ ਕਰੇਗਾ।

(ੲ) ਜਿਹੜਾ ਵਿਦਿਆਰਥੀ ਕਿਸੇ ਵਾਰਸ਼ਿਕ ਪ੍ਰੀਖਿਆ ਵਿਚ ਫੇਲ੍ਹ ਹੋ ਜਾਏਗਾ, ਉਸ ਨੂੰ ਅੱਗੋਂ ਵਜ਼ੀਫਾ ਨਹੀਂ ਮਿਲੇਗਾ।

(ਸ) ਵਿਦਿਆਰਥੀ ਨੂੰ ਆਪਣੀ ਸੰਸਥਾ/ਇੰਸਟੀਚਿਊਟ/ਯੂਨੀਵਰਸਿਟੀ ਦੇ ਮੁੱਖੀ ਪਾਸੋਂ ਇਹ ਸਰਟੀਫਿਕੇਟ ਲੈ ਕੇ ਦੇਣਾ ਪਵੇਗਾ ਕਿ ਉਹ ਯੂਨੀਵਰਸਿਟੀ/ਸੰਸਥਾ ਜਾਂ ਕਿਸੇ ਹੋਰ ਸਾਧਨ ਤੋਂ ਕੋਈ ਵਜ਼ੀਫਾ ਨਹੀਂ ਲੈ ਰਿਹਾ।

(ਹ) ਵਜ਼ੀਫਾ ਉਦਯੋਗਿਕ ਕਿਰਤੀ ਦੇ ਉਸ ਪੋਤਾ/ਪੋਤੀ/ਭਾਈ/ਭੈਣ ਨੂੰ ਵੀ ਦਿੱਤਾ ਜਾਂਦਾ ਹੈ ਜੋ ਯਤੀਮ ਹੋਵੇ ਅਤੇ ਉਹ ਦਾਦਾ/ਭਾਈ/ਭੈਣ ਤੇ ਹੀ ਪੂਰਨ ਤੌਰ ਤੇ ਨਿਰਭਰ ਹੋਵੇ।

(ਕ) ਉਹ ਉਦਯੋਗਿਕ ਕਿਰਤੀ ਜੋ ਮੁਲਾਜ਼ਮਤ ਕਰਦੇ ਹੋਏ ਖੁਦ ਕਿਸੇ ਮਾਨਤਾ ਪ੍ਰਾਪਤ ਸੰਸਥਾ ਜਾਂ ਯੂਨੀਵਰਸਿਟੀ ਦੁਆਰਾ ਸ਼ਾਮ ਦੀ ਕਲਾਸ ਵਿਚ ਉਪਰੋਕਤ ਕਿਸੇ ਕੋਰਸ/ਕਲਾਸ ਵਿਚ ਵਿਦਿਆ ਪ੍ਰਾਪਤ ਕਰਦਾ ਹੋਵੇ, ਨੂੰ ਵੀ ਹੋਰਨਾਂ ਦੇ ਬੱਚਿਆਂ ਵਾਂਗ ਉਨਾਂ ਹੀ ਮਾਸਕ ਵਜ਼ੀਫਾ ਦਿੱਤਾ ਜਾਵੇਗਾ; ਜੇਕਰ ਉਹ ਬਾਕੀ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੋਵੇ।

Original with;
Punjab Vidhan Sabha
Digitized by;
Panjab Digital Library

(ਅ) ਮਿਤੀ 1 ਨਵੰਬਰ, 1979 ਤੋਂ 31 ਮਾਰਚ, 1981 ਤੱਕ ਵਜ਼ੀਫਾ ਲੈਣ ਵਾਲੇ ਵਿਦਿਆਰਥੀਆਂ ਦੀ ਸ਼੍ਰੇਣੀਵਾਰ ਅਤੇ ਕੇਂਦਰਵਾਰ (ਸ਼ਹਿਰਵਾਰ) ਗਿਣਤੀ ਹੇਠ ਲਿਖੇ ਅਨੁਸਾਰ ਹੈ:--

| ਸ਼੍ਰੇਣੀ | ਕੇਂਦਰਾਂ ਦੇ ਨਾਂ (ਸ਼ਹਿਰ) | | | | | | | | |
|---|---|---|---|---|---|---|---|---|---|
| | ਅੰਮ੍ਰਿਤਸਰ | ਬਟਾਲਾ | ਜਲੰਧਰ | ਹੁਸ਼ਿਆਰਪੁਰ | ਲੁਧਿਆਣਾ | ਪਟਿਆਲਾ | ਮੋਗਾ | ਮੁਹਾਲੀ | ਕੁੱਲ ਜੋੜ |
| 1 | 2 | 3 | 4 | 5 | 6 | 7 | 8 | 9 | 10 |
| 9ਵੀਂ, 10ਵੀਂ, 11ਵੀਂ/ਪ੍ਰੈਪ ... | 389 | 590 | 105 | 100 | 21 | 107 | 9 | 154 | 1,475 |
| ਬੀ.ਏ.-1 ਤੋਂ ਐਮ. ਏ./ ਐਮ.ਐਸ.ਸੀ. ਆਦਿ ... | 40 | 51 | 19 | 10 | 6 | 2 | ... | 6 | 134 |
| ਤਕਨੀਕੀ ਡਿਪਲੋਮਾ, ਡਿਗਰੀ ਕੋਰਸ (ਮੈਡੀਕਲ), ਇੰਜੀਨੀਅਰਿੰਗ ਸਮੇਤ | 76 | 50 | 10 | 12 | 9 | 13 | 6 | 49 | 225 |
| ਕੁਲ ... | 505 | 691 | 134 | 122 | 36 | 122 | 15 | 209 | 1,834 |

ਨੋਟ:--ਮਿਤੀ 1 ਅਪ੍ਰੈਲ, 1981 ਤੋਂ ਬਾਅਦ ਕਿਰਤੀਆਂ ਦੇ ਬੱਚਿਆਂ ਨੂੰ ਵਜ਼ੀਫੇ ਦੇਣ ਦਾ ਕੰਮ ਜਾਰੀ ਹੈ ਅਤੇ ਇਸ ਸਬੰਧ ਵਿਚ ਬੋਰਡ ਨੇ ਸਾਲ 1981-82 ਦੇ ਸਾਲਾਨਾ ਬਜਟ ਵਿਚ 4 ਲੱਖ ਰੁਪਏ ਦੀ ਰਾਸ਼ੀ ਦਾ ਉਪਬੰਧ ਕੀਤਾ ਹੋਇਆ ਹੈ।

Original with; Punjab Vidhan Sabha Digitized by; Panjab Digital Library

## Surplus Evacuee Agricultural Land

**180. (1) Comrade Raj Kumar**
**(2) Comrade Buta Singh**
**(3) Comrade Sohan Singh** : Will the Minister of State for Rehabilitation and Industries be pleased to state the area of surplus evacuee agricultural land still available for disposal and the manner in which it is proposed to be disposed of ?

**ਸਰਦਾਰ ਦਰਸ਼ਨ ਸਿੰਘ ਕੇ.ਪੀ.** : (ੳ) 133,398 ਏਕੜ ਮਤਰੂਕਾ ਜ਼ਮੀਨ (59,891 ਕਾਸ਼ਤਾਂ ਰਕਬਾ ਅਤੇ 75,507 ਗੈਰ-ਕਾਸ਼ਤਾਂ) ਨਿਪਟਾਰੇ ਲਈ ਇਸ ਸਮੇਂ ਹੈ। ਕਾਸ਼ਤਾ ਪੇਂਡੂ ਨਿਕਾਸੀ ਜ਼ਮੀਨ ਦੇ ਨਿਪਟਾਰੇ ਲਈ ਸਰਕਾਰ ਨੇ ਨਜਾਇਜ਼ ਕਾਬਜ਼ਾਂ ਪਾਸੋਂ ਰੱਖੀ 1978 ਤੋਂ ਕਬਜ਼ੇ ਦੇ ਆਧਾਰ ਤੇ 10 ਏਕੜ ਜਿਸ ਦੇ ਵਿੱਚ ਨਜਾਇਜ਼ ਕਾਬਜ਼ ਦੀ ਆਪਣੀ ਜ਼ਮੀਨ ਜੇਕਰ ਹੋਵੇ, ਟਰਾਂਸਫਰ ਕਰਨ ਵਾਸਤੇ ਅਰਜ਼ੀਆਂ ਮੰਗੀਆਂ ਸਨ। ਉਹ ਜ਼ਮੀਨ ਜਿਹੜੀ ਕਿਸੇ ਕਾਬਜ਼ ਨੂੰ ਕਬਜ਼ੇ ਦੇ ਆਧਾਰ ਤੇ ਟਰਾਂਸਫਰ ਨਹੀਂ ਕੀਤੀ ਜਾ ਸਕਦੀ ਉਸ ਦਾ ਨਿਪਟਾਰਾ ਸੀਮਤ ਬੋਲੀ ਰਾਹੀਂ ਨਿਯਮ ਨੰ: 6 ਭਾਗ ਚੌਥਾ, ਪੰਜਾਬ ਪੈਕਿਜ ਡੀਲ ਪ੍ਰਾਪਰਟੀਜ਼ (ਡਿਸਪੋਜ਼ਲ) ਰੂਲਜ਼, 1976 ਰਾਹੀਂ ਕੀਤਾ ਜਾਣਾ ਹੈ। ਬੰਜਰ ਕਦੀਮ ਅਤੇ ਗੈਰ-ਮੁਮਕਨ ਜ਼ਮੀਨ ਦੇ ਨਿਪਟਾਰੇ ਬਾਰੇ ਇਹ ਫੈਸਲਾ ਕੀਤਾ ਗਿਆ ਹੈ ਕਿ 20 ਏਕੜ ਜਾਂ ਇਸ ਤੋਂ ਉਪਰ ਵਾਧੂ ਨਿਕਾਸੀ ਭੌਂ ਦੇ ਟੁਕੜੇ ਵਣ ਵਿਭਾਗ ਨੂੰ ਦਖਰੱਤ ਲਾਉਣ ਵਾਸ਼ਤੇ, ਉਦਯੋਗ ਵਿਭਾਗ ਨੂੰ ਪੇਂਡੂ ਉਦਯੋਗ ਵਾਸਤੇ ਅਤੇ ਗਰਾਮ ਪੰਚਾਇਤ ਨੂੰ ਸਾਂਝੇ ਮੰਤਵ ਲਈ ਵੇਚ ਦਿੱਤੇ ਜਾਣ ਤੇ ਜਿਹੜਾ ਇਹੋ ਜਿਹਾ ਰਕਬਾ ਬਕਾਇਆ ਬਚੇਗਾ ਉਸ ਦਾ ਨਿਪਟਾਰਾ ਖੁਲ੍ਹੀ ਬੋਲੀ ਰਾਹੀਂ ਕੀਤਾ ਜਾਣਾ ਹੈ।

(ਅ) 1,595 ਏਕੜ ਸ਼ਹਿਰੀ ਮਤਰੂਕਾ ਜ਼ਮੀਨ (1,152 ਏਕੜ ਕਾਸ਼ਤਾਂ ਅਤੇ 443 ਏਕੜ ਗੈਰ-ਕਾਸ਼ਤਾਂ) ਨਿਪਟਾਰੇ ਲਈ। ਇਸ ਦਾ ਨਿਪਟਾਰਾ ਹੇਠ ਲਿਖੇ ਅਨੁਸਾਰ ਕੀਤਾ ਜਾਣਾ ਹੈ:--

(1) ਲੈਸੀ ਜਾਂ ਸਬ-ਲੈਸੀ ਨੂੰ ਨਿਯਮ ਨੰ: 34 ਚੈਪਟਰ 5-ਏ ਡਿਸਪਲੇਸਡ ਪਰਸਨ (ਕੰਪਨਸੇਸ਼ਨ ਐਂਡ ਰੀਹੈਬਲੀਟੇਸ਼ਨ) ਰੂਲਜ਼, 1955 ਹੇਠ 15,000 ਰੁਪਏ ਦੀ ਕੀਮਤ ਤੱਕ ਦਿੱਤੀ ਜਾਣੀ ਹੈ।

(2) ਗੱਲਬਾਤ ਰਾਹੀਂ ਰਜਿਸਟਰਡ ਸੰਸਥਾ ਸਰਕਾਰੀ ਵਿਭਾਗ, ਅੱਧ-ਸਰਕਾਰੀ ਵਿਭਾਗ, ਕੋਆਪ੍ਰੇਟਿਵ ਸੋਸਾਇਟੀ ਅਤੇ ਕੋਆਪ੍ਰੇਟਿਵ ਬਾਡੀਜ਼ ਅਤੇ ਪਬਲਿਕ ਸੰਸਥਾਵਾਂ ਸਰਕਾਰ ਵਲੋਂ ਦਰਸਾਈ ਗਈ ਕੀਮਤ ਤੇ।

(3) ਕਬਜ਼ੇ ਦੇ ਆਧਾਰ ਤੇ ਉਨ੍ਹਾਂ ਨਜਾਇਜ਼ ਕਾਬਜ਼ਾਂ ਨੂੰ ਜਿਨ੍ਹਾਂ ਨੇ ਖਾਲੀ ਜ਼ਮੀਨ ਤੇ ਜਨਵਰੀ, 1977 ਤੋਂ ਪਹਿਲਾਂ ਉਸਾਰੀ ਕਰ ਲਈ ਸੀ ਅਤੇ ਇਹ ਰਕਬਾ ਖਰੀਦਣ ਵਾਸਤੇ ਮਿਥੀ ਮਿਤੀ ਅੰਦਰ 31 ਦਸੰਬਰ, 1977 ਤੋਂ ਪਹਿਲੋਂ ਬਿਨੈ ਪੱਤਰ ਸਬੰਧਤ ਤਹਿਸੀਲਦਾਰ (ਵਿਕਰੀ) ਨੂੰ ਦਿੱਤਾ ਸੀ, ਨੂੰ ਮੌਜੂਦਾ ਬਾਜ਼ਾਰੀ ਕੀਮਤ ਤੇ ਦਿੱਤਾ ਜਾਣਾ ਹੈ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮੁੜਵਸਾਊ ਅਤੇ ਉਦਯੋਗ]

(4) ਉਨ੍ਹਾਂ ਜ਼ਮੀਨਾਂ ਜਿਹੜੀਆਂ ਕਬਜ਼ੇ ਦੇ ਆਧਾਰ ਤੇ ਟਰਾਂਸਫਰ ਨਹੀਂ ਹੋ ਸਕਦੀਆਂ ਜਾਂ ਜਿਹੜੀਆਂ ਕਿ ਕਿਸੇ ਹੋਰ ਸਾਂਝੇ ਮੰਤਵ ਲਈ ਨਹੀਂ ਚਾਹੀਦੀਆਂ ਉਨ੍ਹਾਂ ਦਾ ਨਿਪਟਾਰਾ ਖੁਲ੍ਹੀ ਬੋਲੀ ਰਾਹੀਂ ਕੀਤਾ ਜਾਂਦਾ ਹੈ।

---

**Unstarred Question No. 181**

(Extension was asked for in respect of Unstarred Question No. 181)

---

**Unstarred Question No. 182**

**(Extension was asked for in respect of Unstarred Question No. 182)**

**Desilting Tails of Basarke, Khem Karan and Sabhraon Distributaries**

177. 1. **Sardar Major Singh Ubboke**
2. **Jathedar Naranjan Singh Patti** : Will the Minister for Agriculture and Irrigation be pleased to state:—

(a) the dates when the tails of the Basarke, Khemkaran and Sabhraon Distributaries of the Uppar Bari Doab Canal System were desilted last ;

(b) whether any amount has been earmarked for the maintenance and desilting of the Upper Bari Doab Canal System during the current financial year ;

(c) the steps taken to ensure regular supply of canal water at the tail ends of the above mentioned distributaries ?

**ਚੌਧਰੀ ਕਾਂਸ਼ੀ ਰਾਮ :** (ੳ) ਜਿੱਥੋਂ ਤੱਕ ਰਿਕਾਰਡ ਉਪਲਬਧ ਹੈ ਬਾਸਰਕੇ ਰਜਵਾਹੇ ਦੀ ਸਫਾਈ ਪਿਛਲੇ 18 ਸਾਲਾਂ ਤੋਂ ਨਹੀਂ ਹੋਈ। ਖੇਮਕਰਨ ਰਜਵਾਹੇ ਦੇ ਟੇਲਜ਼ ਦੀ ਸਫਾਈ ਫਰਵਰੀ, 1980 ਵਿਚ ਕੀਤੀ ਗਈ ਸੀ। ਸਭਰਾਓ ਬਰਾਂਚ ਦੀਆਂ ਧਾਰਾ ਡਿਸਟਰੀਬਿਊਟਰੀ ਅਤੇ ਪੱਟੀ ਡਿਸਟਰੀਬਿਊਟਰੀ ਦੀ ਸਫਾਈ ਦਾ ਕੰਮ ਤਰਤੀਬਵਾਰ ਮਾਰਚ, 1980 ਅਤੇ ਫਰਵਰੀ, 1981 ਵਿਚ ਕੀਤਾ ਗਿਆ ਸੀ।

(ਅ) ਹਾਂ ਜੀ।

---

*For Unstarred Questions Nos. 181 and 182, Please *see* Appendix to this Debate.

Original with;
Punjab Vidhan Sabha
Digitized by;
Panjab Digital Library

(ਦ) ਜ਼ਰੂਰਤ ਅਨੁਸਾਰ ਸਫ਼ਾਈ ਅਤੇ ਠੀਕ ਰਖ ਰਖਾ ਕੇ ਕੀਤਾ ਗਿਆ ਹੈ ।

---

**Construction of a Bridge at Village Bhikhiwind on Sohal Drain**

178. 1. **Sardar Major Singh Ubboke**
2. **Jathedar Naranjan Singh Patti** : Will the Minister for Agriculture and Irrigation be pleased to state whether there is any scheme under the consideration of the Government to construct a bridge at village Bhikhiwind on the Sohal Drain in District Amritsar in order to open the Bhikhiwind Bank on Shahbazpur road for traffic ; if so, the time by which the construction work thereon is likely to be taken in hand ?

**ਸਰਦਾਰ ਬੇਅੰਤ ਸਿੰਘ (ਲੋਕ ਨਿਰਮਾਣ ਮੰਤਰੀ) :** ਨਹੀਂ ਜੀ ।

---

**Brick-lining of Khem Karan Branch of Upper Bari Doab Canal**

179. 1. **Sardar Major Singh Ubboke**
2. **Jathedar Naranjan Singh Patti** : Will the Minister for Agriculture and Irrigation be pleased to state:—

(a) the time by which the work on brick-lining of Khemkaran Branch of Upper Bari Doab Canal is likely to be completed ;

(b) the total expenditure likely to be incurred on brick-lining the said branch, together with the expenditure so far incurred thereon ;

(c) whether any scheme to construct bridges on the main roads and passages and Gow Ghats, while brick-lining the said branch of the canal is being formulated.

**ਚੌਧਰੀ ਕਾਂਸ਼ੀ ਰਾਮ :** (ੳ) ਖੇਮ ਕਰਨ ਰਜਬਾਹੇ ਦੇ ਪੱਕੇ ਕਰਨ ਦੇ ਕੰਮ ਬਾਰੇ ਆਸ ਕੀਤੀ ਜਾਂਦੀ ਹੈ ਕਿ ਇਹ 30-6-82 ਤੱਕ ਪੂਰਾ ਹੋ ਜਾਵੇਗਾ ।

(ਅ) ਖੇਮਕਰਨ ਰਜਬਾਹੇ ਨੂੰ ਪੱਕਾ ਕਰਨ ਤੇ ਕੁੱਲ 78.20 ਲੱਖ ਰੁਪਏ ਖਰਚ ਆਉਣਗੇ ਅਤੇ ਹੁਣ ਤੱਕ 63.80 ਲੱਖ ਰੁਪਏ ਇਸ ਰਜਬਾਹੇ ਤੇ ਖਰਚ ਹੋ ਚੁਕੇ ਹਨ ।

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

(ੲ) ਨਵੇਂ ਪੁੱਲ ਬਣਾਉਣ ਦਾ ਕੋਈ ਉਪਬੰਧ ਨਹੀਂ । ਪੁਰਾਣੇ ਪੁੱਲਾਂ ਨੂੰ ਹੀ ਮੁਰੰਮਤ ਕੀਤਾ ਜਾ ਰਿਹਾ ਹੈ। ਪਸ਼ੂਆਂ ਦੇ ਪਾਣੀ ਪੀਣ ਵਾਸਤੇ ਘਾਟ ਸਾਰੇ ਪਿੰਡਾਂ ਦੇ ਨਜ਼ਦੀਕ ਬਣਾਏ ਜਾ ਰਹੇ ਹਨ।

---

## Allotment of Evacuee Land to Harijan Families of Village Amam Nagar, District Patiala

187. **Sardar Lal Singh :** Will the Minister of State for Rehabilitation and Industries be pleased to state:

(a) whether the Rehabilitation Department allotted any evacuee land to 19 Harijan families of village Amam Nagar, district Patiala in accordance with the Government policy in the year 1966-67 ;

(b) if the reply to part (a) above be in the affirmative whether the possession of the said land has since been handed over to the said allottees; if not, the reasons therefor ;

(c) whether it is a fact that the allottees of the said land have paid some instalments to the Government, if so, the number thereof ?

**ਸਰਦਾਰ ਦਰਸ਼ਨ ਸਿੰਘ ਕੇ. ਪੀ. :** (ੳ) ਕੋਈ ਨਿਕਾਸੀ ਪੇਂਡੂ ਜ਼ਮੀਨ ਪਿੰਡ ਅਮਾਮ ਨਗਰ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ਵਿੱਚ ਸਾਲ 1966-67 ਵਿੱਚ ਹਰੀਜਨਾਂ ਨੂੰ ਅਲਾਟ ਨਹੀਂ ਕੀਤੀ ਗਈ। ਪਰ 952 ਕਨਾਲ 2 ਮਰਲੇ ਮਤਰੂਕਾ ਪੇਂਡੂ ਭੌਂ ਸੀਮਤ ਬੋਲੀ ਵਿੱਚ ਤਹਿਸੀਲਦਾਰ ਵਿਕਰੀ, ਪਟਿਆਲਾ ਨੇ ਸਾਲ 1966 ਵਿੱਚ 26 ਹਰੀਜਨਾਂ ਨੂੰ ਵੇਚੀ ਸੀ।

(ਅ) ਇਨ੍ਹਾਂ 26 ਬੋਲੀ ਦੇਣ ਵਾਲਿਆਂ ਵਿੱਚੋਂ ਸਿਰਫ 8 ਵਿਅਕਤੀਆਂ ਨੂੰ ਜਿਨ੍ਹਾਂ ਦੀ ਸੇਲ ਸਬੰਧਤ ਅਧਿਕਾਰੀ ਨੇ ਮੰਨਜ਼ੂਰ ਕੀਤੀ ਸੀ ਨੂੰ ਵੇਚੀ ਗਈ ਜ਼ਮੀਨ ਦਾ ਕਬਜ਼ਾ ਦਿੱਤਾ ਗਿਆ ਸੀ। ਬਾਕੀ ਦੇ 18 ਬੋਲੀ ਦੇਣ ਵਾਲਿਆਂ ਨੂੰ ਕਬਜ਼ਾ ਨਹੀਂ ਦਿੱਤਾ ਜਾ ਸਕਿਆ ਕਿਉਂਜੋ ਉਨ੍ਹਾਂ ਨੂੰ ਵੇਚੀ ਗਈ ਜ਼ਮੀਨ ਬਾਅਦ ਵਿੱਚ ਗੈਰ-ਮਤਰੂਕਾ ਪਾਈ ਗਈ ਸੀ।

(ੲ) ਉਨ੍ਹਾਂ 18 ਹਰੀਜਨਾਂ ਜਿਨ੍ਹਾਂ ਦੀ ਬੋਲੀ ਮੰਨਜ਼ੂਰ ਨਹੀਂ ਕੀਤੀ ਗਈ ਨੇ ਬੋਲੀ ਦੇ ਖ਼ਤਮ ਹੋਣ ਤੋਂ ਬਾਅਦ ਸਿਰਫ ਬੋਲੀ ਦਾ 1/5 ਹਿੱਸਾ ਹੀ ਜਮ੍ਹਾਂ ਕਰਾਇਆ ਸੀ। ਇਨ੍ਹਾਂ ਵਿਅਕਤੀਆਂ ਪਾਸੋਂ ਬਾਕੀ ਦੀ ਰਕਮ ਦੀਆਂ ਕਿਸ਼ਤਾਂ ਵਸੂਲ ਕਰਨ ਦਾ ਸਵਾਲ ਹੀ ਨਹੀਂ ਉਠਦਾ। ਬਾਕੀ ਦੇ 8 ਬੋਲੀ

Original with;
Punjab Vidhan Sabha
Digitized by;
Panjab Digital Library

ਦੇਣ ਵਾਲਿਆਂ ਵਿਚੋਂ ਜਿਨ੍ਹਾਂ ਦੀ ਬੋਲੀ ਪ੍ਰਵਾਨ ਕਰ ਦਿੱਤੀ ਗਈ ਸੀ, ਉਨ੍ਹਾਂ ਵਿਚੋਂ ਸਿਰਫ 2 ਵਿਅਕਤੀਆਂ ਨੇ ਪੂਰੀ ਰਕਮ ਜਮ੍ਹਾਂ ਕਰਵਾਈ ਹੈ ਤੇ ਬਾਕੀ ਦੇ 6 ਵਿਅਕਤੀਆਂ ਪਾਸੋਂ ਬੋਲੀ ਦੀ ਬਾਕੀ ਰਕਮ ਵਸੂਲਣ ਯੋਗ ਹੈ।

---

## Villages of District Faridkot selected under the Harijan Basti Sudhar Scheme

184. **Comrade Saghar Singh** : Will the Minister for Welfare and Labour be pleased to state:

(a) the number and names of the villages of District Faridkot selected under the Harijan Basti Sudhar Scheme during the years 1979-80, 1980-81 and 1981-82 ;

(b) whether the construction work in the villages referred to in part (a) above has since been started ; if so, the names of the villages wherein the work is in progress together with the names of such villages wherein the work has since been completed ;

(c) the time by which the work is likely to be started in the remaining villages ?

**Chaudhri Jagat Ram** : (a) The number and names of the villages of Faridkot District are enclosed, at Annexure 'A'.

(b) The details of the villages referred to in part (a) above wherein the work is in progress/completed are enclosed at Annexure 'B'.

(c) As per reply to part (b) above, the work has already started in the villages selected under the scheme.

### ANNEXURE 'A'

**Year-wise list of Villages of District Faridkot selected under Basti Sudhar Scheme**

| Year | S. No. | Name of the Village |
|---|---|---|
| 1979-80 | 1 | Rania |
| | 2 | Bilaspur |
| | 3 | Mehan Baddar |
| | 4 | Nathu Wala |
| 1980-81 | 1 | Malout |
| | 2 | Rania (Supplementary) |
| 1981-82 (so far) | 1 | Rania (Supplementary) |

Original with;
Punjab Vidhan Sabha
Digitized by;
Panjab Digital Library

[Minister for Welfare and Labour]

ANNEXURE 'B'

**Year-wise List of Villages of District Faridkot wherein the work has been started/ completed**

| Year | S. No. | Name of the Village | Position of the Project |
|---|---|---|---|
| 1979-80 | 1 | Ranian | 87% work is completed ; work had started in 1979-80. |
| | 2 | Bilaspur | Work is completed. |
| | 3 | Mahan Baddar | 90% work is completed. |
| | 4 | Nathuwala | 10% work is completed. |
| 1980-81 | 1 | Malout (Supplementary) | 90% work is completed. |
| | 2 | Ranian (Supplementary) | 87% work is completed ; work had started in 1979-80. |
| 1981-82 | 1 | Ranian (Supplementary) | 87% work is completed ; work had started in 1979-80. |

## Pension Section of the Social Welfare Department at Faridkot

**191. Comrade Saghar Singh :** Will the Minister for Welfare and Labour be pleased to state:

(a) the date on which the office of the Pension Section of Social Welfare Department at Faridkot started functioning;

(b) the number of applications for old age pension/widow pension/ financial aid to orphan children from Faridkot District pending categorywise as on the date referred to in part (a) above;

(c) the number of new applications for pension/aid under each of the said three categories received by the said office after the date referred to in part (a) above and upto 31st December, 1981 ;

(d) the total number of applicants who were sanctioned pension/ aid during the period referred to in part (c) above categorywise ;

(e) the total number of applications rejected categorywise, during the period referred to in part (c) above ;

(f) the total number of applications categorywise, pending in the said office as on 31st January, 1982 ?

Original with;
Punjab Vidhan Sabha
Digitized by;
Panjab Digital Library

ਚੌਧਰੀ ਜਗਤ ਰਾਮ : (ੳ) 11 ਨਵੰਬਰ, 1980

| | ਬੁਢਾਪਾ ਪੈਨਸ਼ਨ | ਵਿਧਵਾ ਅਤੇ ਨਿਆਸਰਿਤ ਔਰਤਾਂ ਨੂੰ ਵਿੱਤੀ ਸਹਾਇਤਾ | ਆਸਰਿਤ ਬੱਚਿਆਂ ਲਈ ਵਿੱਤੀ ਸਹਾਇਤਾ |
|---|---|---|---|
| (ਅ) | 2,978 | 1,440 | 138 |
| (ੲ) | 4,036 | 1,193 | 195 |
| (ਸ) | 872 | 308 | 76 |
| (ਹ) | 974 | 541 | 30 |
| (ਕ) (1) ਅਧੂਰੀਆਂ ਵਾਪਸ ਕੀਤੀਆਂ ਅਰਜ਼ੀਆਂ ਦੀ ਗਿਣਤੀ | 5,168 | 1,784 | 227 |
| (2) ਉਪਰੋਕਤ ਦਫਤਰ ਵਿੱਚ 31 ਜਨਵਰੀ, 1982 ਨੂੰ ਬਕਾਇਆ ਅਰਜ਼ੀਆਂ ਦੀ ਗਿਣਤੀ | ਨਿੱਲ | ਨਿੱਲ | ਨਿੱਲ |

## Setting up a Sub-Depot of Punjab Roadways, Moga at Nihal Singh Wala

**192. Comrade Saghar Singh :** Will the Minister of State for Transport be pleased to state whether there is any proposal under the consideration of the Government to set up a sub-depot of the Punjab Roadways, Moga at Nihal Singh Wala ; if so, the time by which it is likely to be set up ?

**ਸਰਦਾਰ ਅਵਤਾਰ ਸਿੰਘ ਗਟਵਾਲੀ** : ਨਹੀਂ ਜੀ।

## Construction of a Building for the Bus Stand at Moga

**185. (1) Master Babu Singh**
**(2) Comrade Saghar Singh** } : Will the Minister of State for Transport be pleased to state whether there is any proposal under the consideration of the Government to construct a building for the Bus Stand at Moga; if so, the details thereof and the time by which it is likely to be constructed?

**ਸਰਦਾਰ ਅਵਤਾਰ ਸਿੰਘ ਗਟਵਾਲੀ** : ਹਾਂ ਜੀ, ਮੋਗਾ ਵਿਖੇ ਬੱਸ ਸਟੈਂਡ ਬਣਾਉਣ ਦੀ ਤਜਵੀਜ਼ ਹੈ। ਇਸ ਮੰਤਵ ਲਈ ਜ਼ਮੀਨ ਖਰੀਦੀ ਗਈ ਹੈ। ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਭਵਿੱਖ ਵਿਚ ਸਾਰੇ ਬੱਸ ਸਟੈਂਡ ਸਥਾਨਕ ਸੰਸਥਾਵਾਂ ਜਿਵੇਂ ਕਿ ਮਿਉਂਸੀਪਲ ਕਮੇਟੀਆਂ,

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਟਰਾਂਸਪੋਰਟ]

ਮਾਰਕੀਟ ਕਮੇਟੀਆਂ, ਪੰਚਾਇਤ ਸੰਮਤੀਆਂ, ਗ੍ਰਾਮ ਪੰਚਾਇਤਾਂ ਆਦਿ ਵਲੋਂ ਉਸਾਰੇ ਜਾਣਗੇ। ਇਸ ਸਮੇਂ ਮੋਗਾ ਵਿਖੇ ਬਸ ਸਟੈਂਡ ਦੀ ਉਸਾਰੀ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ।

---

## Missing Link Roads in Bhatinda and Faridkot Districts

**186. (1) Master Babu Singh**
**(2) Comrade Saghar Singh** } : Will the Minister for Public Works be pleased to state the names of the missing link roads connecting villages in Districts of Bhatinda and Faridkot and the time by which these missing link roads are likely to be completed ?

**ਸਰਦਾਰ ਬੇਅੰਤ ਸਿੰਘ**: ਇਹ ਗੱਲ ਸਪੱਸ਼ਟ ਨਹੀਂ ਕਿ ਮਾਨਯੋਗ ਮੈਂਬਰਾਂ ਦਾ "ਮਿਸਿੰਗ ਲਿੰਕ ਰੋਡਜ਼ ਕੋਨੈਕਟਿੰਗ ਵਿਲੇਜਜ਼" ਤੋਂ ਕੀ ਭਾਵ ਹੈ। ਪਰੰਤੂ ਇਹ ਦੱਸਿਆ ਜਾਂਦਾ ਹੈ ਕਿ ਬਠਿੰਡਾ ਅਤੇ ਫਰੀਦਕੋਟ ਜ਼ਿਲ੍ਹਿਆਂ ਦੇ ਸਾਰੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜ ਦਿੱਤਾ ਗਿਆ ਹੋਇਆ ਹੈ।

---

## Construction of new Water Works in areas falling under Moga Division of Public Health Branch

**188. (1) Master Babu Singh**
**(2) Comrade Saghar Singh** } : Will the Minister of State for Rehabilitation and Industries be pleased to state whether there is any scheme under the consideration of the Government to construct new water works in the areas falling under the jurisdiction of Moga Division of the Public Health Branch of Public Works Department, if so, the names of the villages covered by the scheme and the time by which those works are likely to be constructed ?

**ਸਰਦਾਰ ਦਰਸ਼ਨ ਸਿੰਘ ਕੇ. ਪੀ.**: ਨਹੀਂ ਜੀ।

---

## Splitting up of Agricultural Service Co-operative Societies

**189. 1. Master Babu Singh**
**2. Comrade Saghar Singh** } : Will the Minister of State for Co-operation be pleased to state whether there is any scheme under the consideration of the Government to split up the Agricultural Service Co-operative Societies which were integrated during the period of the previous Ministry and revert to the old system of having single Co-operative Society for each village; if so, the time by which it is likely to be implemented ?

**ਸਰਦਾਰ ਬੀਰ ਪਾਲ ਸਿੰਘ**: ਮਾਮਲਾ ਵਿਚਾਰ ਅਧੀਨ ਹੈ।

---

Original with; Punjab Vidhan Sabha Digitized by; Panjab Digital Library

**Issuance of Arm Licences by the District Magistrate, Patiala**

**193. Sardar Dalip Singh Pandhi :** Will the Chief Minister be pleased to state whether any arm licences have been issued by the District Magistrate, Patiala since June, 1980, if so; the up-to-date details thereof ; if not, the reasons therefor ?

**ਸਰਦਾਰ ਦਰਬਾਰਾ ਸਿੰਘ** : ਜੂਨ, 1980 ਤੋਂ ਹੁਣ ਤੱਕ ਜ਼ਿਲ੍ਹਾ ਮੈਜਿਸਟਰੇਟ, ਪਟਿਆਲਾ ਵੱਲੋਂ 931 ਹਥਿਆਰਾਂ ਦੇ ਲਾਇਸੰਸ ਦਿੱਤੇ ਗਏ ਹਨ, ਜਿਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ :—

| ਰਾਈਫਲਾਂ | ਗੰਨਾਂ | ਪਸਤੌਲ |
|---|---|---|
| 141 | 384 | 406 |

------

**Deaths in the State due to Jaundice**

**195. Sardar Dalip Singh Pandhi :** Will the Minister for Health be pleased to state—

(a) whether any death was caused by Jaundice in the State during the last year and in January, 1982 ; if so, the details thereof ;

(b) the details of the steps taken/proposed to be taken to eradicate the said disease ?

**ਸ੍ਰੀ ਜੋਗਿੰਦਰ ਪਾਲ ਪਾਂਡੇ** (ੳ) 164 ਮੌਤਾਂ ਸਾਲ 1981 ਵਿਚ ਅਤੇ 12 ਮੌਤਾਂ ਜਨਵਰੀ, 1982 ਵਿਚ ਹੋਈਆਂ।

(ਅ) ਪੀਲੀਆ ਆਪਣੇ ਆਪ ਵਿਚ ਕੋਈ ਬਿਮਾਰੀ ਨਹੀਂ ਹੈ। ਇਹ ਤਾਂ ਕੇਵਲ ਉਸ ਬਿਮਾਰੀ ਦੇ ਅਧਿਐਨ ਸਬੰਧੀ ਕੁੱਝ ਅੰਦਰਲੇ ਚਿੰਨ ਹਨ ਜਿਹੜੇ ਕਿ ਜਿਗਰ ਦੀ ਬਿਮਾਰੀ ਅਤੇ ਸ਼ਰੀਰ ਦੇ ਹੋਰ ਸਿੰਪਟਮਜ਼ ਨਾਲ ਸਬੰਧਤ ਹਨ। ਪੀਣ ਦੇ ਪਾਣੀ ਅਤੇ ਹੋਰ ਪਾਣੀ ਦੇ ਸਾਧਨਾਂ ਵਿਚ ਦਵਾਈ ਛਿੜਕਣ ਨਾਲ ਅਤੇ ਖਾਣ ਪੀਣ ਵਾਲੀਆਂ ਚੀਜ਼ਾਂ ਜਿਨ੍ਹਾਂ ਤੇ ਮੱਖੀਆਂ ਜਾਂ ਗਰਦ ਪੈ ਸਕਦੀ ਹੈ, ਦੀ ਵਿਕਰੀ ਦੀ ਮਨਾਹੀ ਨਾਲ ਪੀਲੀਏ ਨੂੰ ਰੋਕਿਆ ਜਾ ਸਕਦਾ ਹੈ।

---

**Receipt of Pig Iron and Coal in the State**

**194. Shri Ram Lal Chitti :** Will the Chief Minister be pleased to state the quantity of pig iron and coal received in the State during the last two years, i.e., 1980 and 1981 together with details of distribution thereof separately ?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ :** ਸੂਚਨਾ ਸਟੇਟਮੈਂਟ ਵਿਚ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸਟੇਟਮੈਂਟ

| ਸਾਲ 1980 ਦੇ ਦੌਰਾਨ ਰਾਜ ਵਿਚ ਪ੍ਰਾਪਤ ਹੋਇਆ ਕੁੱਲ ਕੱਚਾ ਲੋਹਾ | ਸਾਲ 1981 ਦੇ ਦੌਰਾਨ ਰਾਜ ਵਿਚ ਪ੍ਰਾਪਤ ਹੋਇਆ ਕੁੱਲ ਕੱਚਾ ਲੋਹਾ |
|---|---|
| 55 ਰੈਕ–(1,10,000 ਟਨ) | 44 ਰੈਕ–(88,000 ਟਨ) |

ਕੱਚੇ ਲੋਹੇ ਦੀ ਵੰਡ ਦਾ ਡਿੱਪੂ-ਵਾਈਜ਼ ਵੇਰਵਾ

| ਡਿੱਪੂ ਦਾ ਨਾਂ | ਸਾਲ 1980 ਵਿਚ ਵੰਡਿਆ ਗਿਆ ਕੱਚਾ ਲੋਹਾ | | 1981 ਵਿਚ ਵੰਡਿਆ ਗਿਆ ਕੱਚਾ ਲੋਹਾ |
|---|---|---|---|
| | ਰੈਕ | | ਰੈਕ |
| ਬਟਾਲਾ | 24 | ਇਨ੍ਹਾਂ 24 ਰੈਕਾਂ ਵਿਚ ਐਸੋਸੀਏਸ਼ਨ ਵਲੋਂ ਸਟੀਲ ਅਥਾਰਿਟੀ ਆਫ ਇੰਡੀਆ ਤੋਂ 6 ਰੈਕ ਸਿੱਧੇ ਮੰਗਵਾਏ ਗਏ ਵੀ ਸ਼ਾਮਿਲ ਹਨ। | 17 |
| ਸੂਰਾ ਨੱਸੀ | 4 | | 4 |
| ਲੁਧਿਆਣਾ | 14 | | 13 |
| ਗੁਰਾਇਆ | 7 | | 7 |
| ਅੰਮ੍ਰਿਤਸਰ | 6 | | 3 |

| ਸਾਲ 1980 ਦੇ ਦੌਰਾਨ ਰਾਜ ਵਿਚ ਪ੍ਰਾਪਤ ਹੋਇਆ | | ਸਾਲ 1981 ਦੇ ਦੌਰਾਨ ਰਾਜ ਵਿਚ ਪ੍ਰਾਪਤ ਹੋਇਆ | |
|---|---|---|---|
| ਹਾਰਡ ਕੋਕ | ਸਟੀਮ ਕੋਲ | ਹਾਰਡ ਕੋਕ | ਸਟੀਮ ਕੋਲ |
| 1927 ਵੈਗਨ | 5500 ਵੈਗਨ | 904 ਵੈਗਨ | 6674 ਵੈਗਨ |

Original with;
Punjab Vidhan Sabha
Digitized by;
Panjab Digital Library

ਸਟੀਮ ਕੋਲ ਅਤੇ ਹਾਰਡ ਕੋਕ ਦੀ ਵੰਡ ਦਾ ਜ਼ਿਲ੍ਹੇ ਵਾਰ ਵੇਰਵਾ :—

| ਜ਼ਿਲ੍ਹੇ ਦਾ ਨਾਂ | 1980 ਵਿਚ ਵੰਡਿਆ | | 1981 ਵਿਚ ਵੰਡਿਆ | |
|---|---|---|---|---|
| | ਸਟੀਮ ਕੋਲ | ਹਾਰਡ ਕੋਕ | ਸਟੀਮ ਕੋਲ | ਹਾਰਡ ਕੋਕ |
| | (ਵੈਗਨਾਂ ਵਿੱਚ) | (ਵੈਗਨਾਂ ਵਿੱਚ) | (ਵੈਗਨਾਂ ਵਿੱਚ) | (ਵੈਗਨਾਂ ਵਿੱਚ) |
| ਅੰਮ੍ਰਿਤਸਰ | 1,368 | 158 | 1,378 | 130 |
| ਬਠਿੰਡਾ | 362 | 14 | 746 | 2 |
| ਫਿਰੋਜ਼ਪੁਰ | 18 | 3 | 16 | 1 |
| ਫਰੀਦਕੋਟ | 155 | 22 | 178 | 8 |
| ਗੁਰਦਾਸਪੁਰ | 237 | 572 | 137 | 134 |
| ਹੁਸ਼ਿਆਰਪੁਰ | 24 | 11 | 64 | 1 |
| ਜਲੰਧਰ | 1 470 | 792 | 846 | 315 |
| ਕਪੂਰਥਲਾ | 421 | 13 | 622 | 50 |
| ਲੁਧਿਆਣਾ | 848 | 273 | 1,146 | 239 |
| ਪਟਿਆਲਾ | 434 | 23 | 1,348 | 14 |
| ਰੋਪੜ | 85 | 19 | 115 | 4 |
| ਸੰਗਰੂਰ | 68 | 27 | 149 | 6 |
| ਜੋੜ | 5,500 | 1,927 | 6,745 | 904 |

**Interest-free loans to Industrialists in the State**

**196. Shri Om Parkash Gupta :** Will the Chief Minister be pleased to state :—

(a) the names of the Industrialists in the State who were granted interest-free loans during the years 1978, 1979 and 1980 and the criteria adopted for granting the same ;

(b) whether any of the industrialists referred to in part (a) above have been found mis-utilizing the loans; if so, their names and the action taken against them ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਰਬਾਰਾ ਸਿੰਘ :(ੳ) ਉਨ੍ਹਾਂ ਉਦਯੋਗਿਕ ਯੂਨਿਟਾਂ ਦੀ ਸੂਚੀ ਜਿਨ੍ਹਾਂ ਨੂੰ ਸਾਲ 1978-79, 1979-80, 1980-81 ਵਿੱਚ ਵਿਆਜ ਰਹਿਤ ਕਰਜ਼ਾ ਦਿਤਾ ਗਿਆ ਹੈ, ਅਨੁਲਗ 1, 2 ਅਤੇ 3 ਤੇ ਨੱਥੀ ਹੈ।

ਵਿਆਜ ਰਹਿਤ ਕਰਜ਼ਾ ਦੇਣ ਸਬੰਧੀ ਕਰਾਈਟੇਰੀਆ ਮੋਟੇ ਤੌਰ ਤੇ ਅਨੁਲੱਗ 4 ਤੇ ਦਿੱਤਾ ਜਾਂਦਾ ਹੈ।

(ਅ) ਜੀ, ਨਹੀਂ।

## ANNEXURE I

**List of Units which were granted Interest-free Loans during the year 1978-79**

| Serial No. | Name of the Party | | Amount |
|---|---|---|---|
| | | | Rs. |
| 1. | M/s Friends P.V.C. Industries, Dhuri (Sangrur) | .. | 27,960 ·00 |
| 2. | M/s Friends Manufacturing Co., Kot Kapura | .. | 7,240 ·00 |
| 3. | M/s Joshi Foundry & Engg. Works (Regd.), Batala | .. | 5,020 ·00 |
| 4. | M/s Atlas Marketing & Mfg. Co. Pvt. Ltd., S.A.S. Nagar | .. | 23,680 ·00 |
| 5. | M/s Agro-Chemical & Oil Industries, Barnala | .. | 15,650 ·00 |
| 6. | M/s Kamla Industries (India), Hadiabad, Phagwara | .. | 6,000 ·00 |
| 7. | M/s Mahavir Jain Industries, Hoshiarpur | .. | 13,040 ·00 |
| 8. | M/s Patiala Tools Corpn., Patiala | .. | 23,920 ·00 |
| 9. | M/s P. G. Industries, Amritsar | .. | 3,525 ·00 |
| 10. | M/s Laxmi Plastic Industries, Dhuri | .. | 8,580 ·00 |
| 11. | M/s Yashka Industries, Ludhiana | .. | 7,910 ·00 |
| 12. | M/s Saggu Foundry & Engg. Works, Batala | .. | 6,980 ·00 |
| 13. | M/s R. K. Industries, Moga | .. | 16,670 ·00 |
| 14. | M/s Vee Kay Industries, Batala | .. | 24,230 ·00 |
| 15. | M/s Pavitar Foundary, Batala | .. | 4,650 ·00 |
| 16. | M/s United Mfg. Co. Kot-Kapura | .. | 13,640 ·00 |
| 17. | M/s Bharat Foundry & Engg. Works, S.A.S. Nagar | .. | 5,640 ·00 |
| 18. | M/s S. P. International Pvt. Ltd., Dhandari Kalan | .. | 2,01,160 ·00 |
| 19. | M/s Mehta Pharmaceutical Pvt. Ltd., Chheharta, Amritsar | .. | 2,84,710 ·00 |
| 20. | M/s Hero Rubber Industries, Dina Nagar | .. | 11,180 ·00 |
| 21. | M/s Vardhman Jain Industries, Hoshiarpur | .. | 1,730 ·00 |
| 22. | M/s Malhotra Briquettees, Amritsar | .. | 3,950 ·00 |
| 23. | M/s Laxmi Silicate & Chemical Works Srana, Pathankot | .. | 11,450 ·00 |
| 24. | M/s Allied Agriculture Industries, Batala | .. | 21,680 ·00 |

Original with;
Punjab Vidhan Sabha
Digitized by;
Panjab Digital Library

| Serial No. | Name of the Party | Amount |
|---|---|---|
| | | Rs. |
| 25. | M/s Mohali Steels Pvt. Ltd., S.A.S. Nagar .. | 8,210·00 |
| 26. | M/s S.R.K. Textile, Amritsar .. | 9,210·00 |
| 27. | M/s India Steel & Screw Factory, Amritsar .. | 3,170·00 |
| 28. | M/s Guru Nanak Cement Pipe Workshop Co-operative Society Ltd., P.O. Meharbanpur, G.T. Road, Jandiala Guru (Amritsar) .. | 19,910·00 |
| 29. | M/s S. M. Wood Compressing Shuttle Co. (Pvt). Ltd., Amritsar .. | 58,875·00 |
| 30. | M/s D. Oil Solvent Industries Pvt. Ltd., Kotkapura .. | 1,39,923·00 |
| 31. | M/s Maghan Paper Mills Pvt. Ltd., Ram Nagar (Sibian), Sangrur .. | 1,00,230·00 |
| 32. | M/s Reshmi Dyeing & Chemical Works, Dhandari Kalan .. | 10,810·00 |
| 33. | M/s Sabala Laboratories, Amritsar .. | 8,600·00 |
| 34. | M/s Chawala Steel Enterprises, Amritsar .. | 5,020·00 |
| 35. | M/s Aroma Tractor Motor & Cycle Parts Mfg. Corpn. Ltd., Dhandari Kalan .. | 53,030·00 |
| 36. | M/s Ranbir Chemical Industries Pvt. Ltd., Kharar .. | 5,00,000·00 |
| 37. | M/s Industrial Fastners of India, S.A.S. Nagar .. | 3,530·00 |
| 38. | M/s Super Steel Industries, G.T. Road, Amritsar .. | 5,100·00 |
| 39. | M/s Amco Laboratories, Jandiala Guru, Amritsar .. | 27,560·00 |
| 40. | M/s Raja Ram Corn Products Pvt. Ltd., S.A.S. Nagar .. | 5,00,000·00 |
| 41. | M/s Punjab Tractors Ltd., S.A.S. Nagar .. | 5,00,000·00 |
| 42. | M/s Consort Plastics Pvt. Ltd., S.A.S. Nagar .. | 15,700·00 |
| 43. | M/s H.P.M. Pipe Industries, Jandiala Guru (Amritsar) .. | 13,170·00 |
| 44. | M/s Oriental & Ceramics Refractories Pvt. Ltd., Daun, district Ropar .. | 54,620·00 |
| 45. | M/s R. K. Machine Tools Pvt. Ltd., Ludhiana .. | 5,00,000·00 |
| 46. | M/s Metal Pressing, S.A.S. Nagar .. | 11,670·00 |
| 47. | M/s Punjab Anand Batteries Ltd., S.A.S. Nagar .. | 5,00,000·00 |
| 48. | M/s Rahon Hosy., Ludhiana .. | 2,84,560·00 |
| 49. | M/s United Steel Balls Pvt. Ltd., S.A.S. Nagar .. | 28,100·00 |
| 50. | M/s Prince Rubber Industries, Jullundur .. | 2,35,200·00 |
| 51. | M/s Ranbaxy Laboratories, S.A.S. Nagar .. | 3,43,550·00 |
| 52. | M/s Sudha Pharmaceuticals Pvt. Ltd., S.A.S. Nagar .. | 1,47,540·00 |

Original with;
Punjab Vidhan Sabha
Digitized by;
Panjab Digital Library

[Chief Minister]

| Serial No. | Name of the Party | | Amount |
|---|---|---|---|
| | | | Rs. |
| 53. | M/s Sudha Pharmaceuticals Pvt. Ltd., S.A.S. Nagar | .. | 31,790·00 |
| 54. | M/s Mittal Wire netting Industries, Amritsar | .. | 2,380·00 |
| 55. | M/s Kaysons Industries, Amritsar | .. | 13,700·00 |
| 56. | M/s Jyoti Industries, Dhandari Kalan | .. | 1,46,640·00 |
| 57. | M/s Laxmi Board Mills, P.O. Adambal, Hoshiarpur | .. | 5,570·00 |
| 58. | M/s J. D. Forgings Pvt. Ltd., Dhandari Kalan | .. | 19,990·00 |
| 59. | M/s Marjara Plastic Industries, Ludhiana | .. | 45,570·00 |
| 60. | M/s Friends Manufacturing Co., Kot-Kapura | .. | 12,150·00 |
| 61. | M/s Malwa Paper Board Mills, Kot Kapura | .. | 4,320·00 |
| 62. | M/s Rubican Steels, S.A.S. Nagar | .. | 50,150·00 |
| 63. | M/s Punjab Spun Pipe Co., V. Balongi (Ropar) | .. | 41,920·00 |
| 64. | M/s Oil Solvent Industries, Ltd., Kot Kapura | .. | 5,00,000·00 |
| 65. | M/s Nayyar Industries, Ludhiana | .. | 46,370·00 |
| 66. | M/s K. K. K. Mills, Ludhiana | .. | 1,35,870·00 |
| 67. | M/s Suran Engg. Lakshman Singh, S.A.S. Nagar | .. | 1,24,600·00 |
| 68. | M/s Amar Polifabs Pvt. Ltd., S.A.S. Nagar | .. | 53,600·00 |
| 69. | M/s Atul Foundry & Engg. Works, Batala | .. | 59,550·00 |
| 70. | M/s Jagmohan Engg. Works, Batala | .. | 4,575·00 |
| 71. | M/s Ambika Engg. & Allied Industries, Batala | .. | 40,880.00 |
| 72. | M/s Gupta Chemicals, Gurdaspur | .. | 15,520·00 |
| 73. | M/s Continental Indl. Corpn., Batala | .. | 15,790·00 |
| 74. | M/s Gagan Industries, Jullundur | .. | 21,460·00 |
| 75. | M/s C. R. Auluck & Sons Pvt. Ltd., Ludhiana | .. | 2,61,800·00 |
| 76. | M/s Mahavir Spinning Mills Ltd., Hoshiarpur | .. | 5,00,000·00 |
| 77. | M/s Victor Tools Corpn., Jullundur | .. | 2,60,530·00 |
| 78. | Dimplex Woollen Mills, Amritsar | ... | 1,10,400.00 |
| 79. | M/s Saroop Sons Industries, Dhandari Kalan | .. | 92,000·00 |
| 80. | M/s Amar Machine Tools (Pvt.) Ltd., Ludhiana | .. | 1,01,500·00 |
| 81. | M/s Majestic Auto Ltd., Dhandari Kalan | .. | 3,27,300·00 |
| 82. | M/s J. A. Machine Tools, Batala | .. | 11,81,10·00 |
| 83. | M/s Ajay Machine Tools Regd., Batala | .. | 20,400·00 |

Original with;
Punjab Vidhan Sabha
Digitized by;
Panjab Digital Library

| Serial No. | Name of the Party | | Amount |
|---|---|---|---|
| | | | Rs |
| 84. | M/s Gupta Steel Industries, S.A.S. Nagar | .. | 56,700·00 |
| 85. | M/s Pooja Chemicals, Dhandari Kalan | .. | 33,100 00 |
| 86. | M/s Inder Enterprises, S.A.S. Nagar | .. | 9,990·00 |
| 87. | M/s Alfa Fastners India, Ludhiana | .. | 34,870·00 |
| 88. | M/s Baij Nath-Asharfi Lal, S.A.S. Nagar | .. | 49,300·00 |
| 89. | M/s Moonga Bros. Pvt. Ltd., Dhandari Kalan | .. | 1,38,450·00 |
| 90. | M/s Ashoka Rubber Industries, Mansa | .. | 12,700·00 |
| 91. | M/s R. D. Jain Indl. Corpn., Ludhiana | .. | 36,500·00 |
| 92. | M/s Suresh Steel Industries, Kot Kapura | .. | 26,700·00 |
| 93. | Hind Insulated Cable Co., Bhatinda | .. | 16,400·00 |
| 94. | Badal Bal Auto Gears, Dasuya | .. | 15,710·00 |
| 95. | M/s Bharat Bhushan & Bros., Batala | .. | 1,980·00 |
| 96. | M/s Molins of India Ltd., S.A.S. Nagar | .. | 5,00,000·00 |
| 97. | M/s Metro Tyres Pvt. Ltd., Ludhiana | .. | 3,17,100·00 |
| 98. | M/s Oriental Carpet Mfg .(India) Ltd., Chheharta | .. | 5,00,000·00 |
| 99. | M/s Bawa Industries (Regd.), Phagwara | .. | 12,380·00 |
| 100. | M/s Lakshmi Silicate & Chemicals Works, Sarna | .. | 13,620·00 |
| 101. | M/s New Normal Foundry Regd., Batala | .. | 94,030·00 |
| 102. | M/s Venus Industrial Corpn., Ludhiana | .. | 55,200·00 |
| 103. | M/s Balaji Udyog, Dhandari Kalan | .. | 9,160·00 |
| 104. | M/s Jai Indl. Corpn., Tanda Urmar, Hoshiarpur | .. | 38,000·00 |
| 105. | M/s O. K. Hosy. Mills, Ludhiana | .. | 1,92,220·00 |
| 106. | M/s Atlas Marketing & Mfg. C. Pvt. Ltd., S.A.S. Nagar | .. | 17,800·00 |
| 107. | M/s Mohail Steel Pvt. Ltd., S.A.S. Nagar | .. | 7,550·00 |
| 108. | M/s National Rubber Industries, Verka (Amritsar) | .. | 1,22,710·00 |
| 109. | M/s Veeco Industries, S.A.S. Nagar | .. | 21,120·00 |
| 110. | M/s Swastika Foundry & Engg. Woıks, Batala | .. | 40,320·00 |
| 111. | M/s Rajindra Agro. Industries, Ludhiana | .. | 30,470·00 |
| 112. | M/s Pipepack, Ludhiana | .. | 14,030·00 |
| 113. | M/s Madhu Steel Industries, Batala | .. | 50,460·00 |
| 114. | M/s Kamal Bros., Batala | .. | 10,880·00 |
| 115. | M/s Shri Krishna Engg. Works, Batala | .. | 4,002·00 |

Original with;
Punjab Vidhan Sabha
Digitized by;
Panjab Digital Library

[Chief Minister]

## ANNEXURE—II

**List of Units which were granted Interest Free Loans during the year 1979-80.**

| Sr. No. | Name of the Party | | Amount |
|---|---|---|---|
| | | | Rs |
| 1. | M/s. Pearl woollen Mills I.A., Ludhiana | .. | 4,17,240 |
| 2. | „ Hindustan Tools & Forgings P. Ltd., Focal Point Rajpura, District Patiala | .. | 3,08,300 |
| 3. | „ Mehta pharmaceuticals P. Ltd., Chheharta (ASR) | .. | 3,54,700 |
| 4. | „ Punjab Cement Const. Co. C—61. Focal point SAS. Nagar | .. | 24,850 |
| 5. | „ M.R. Bhumbl & sons, 60—C, Focal point Dhandari Kalan (Ldh) | .. | 22,350 |
| 6. | „ Rai Engg. Corpn., Factory Road, Kotkapura | .. | 45,350 |
| 7. | „ Arkay' Co., G.T. Road, Batala | .. | 2,010 |
| 8. | „ Joshi Foundry & Engg. Works, Batala | .. | 10,450 |
| 9. | „ Engg. International E—29, Dhandari Kalan (Ldh) | .. | 36,050 |
| 10. | „ Patiala Tools Corpn., Indl. Estate, Patiala | .. | 14,770 |
| 11. | „ R.K. Engineers (India) Hadiabad, (Phagwara) Distt. Kapurthala | .. | 7,360 |
| 12. | „ Oriental Ceramics & Refractors P. Ltd., Vill. Daoon, Distt. Ropar. | .. | 64,880 |
| 13. | „ Rashtriya Engg. Works, G.T. Road, Batala | .. | 46,280 |
| 14. | „ Pilot Iron Foundry, G.T. Road, Batala | .. | 13,620 |
| 15. | „ Sanyog Enterprises 848/9, Gate Khaeana, Amritsar | .. | 7,000 |
| 16. | „ R.K. Industries, Gandhi Road, Moga | .. | 19,810 |
| 17. | „ United Genl. Ind. E—4. Indl. Focal Pt. SAS Nagar (Ropar) | .. | 2,17,570 |
| 18. | „ Punjab pre-stressed concrete works, Ltd. A—I. Focal Point SAS. Nagar | .. | 1,54,440 |
| 19. | „ PK Industries D—70 SAS. Nagar (Mohali) Distt. Ropar | .. | 23,960 |
| 20. | „ Punjab Tractors Ltd. Focal Pt. SAS. Nagar | .. | 5,00,000 |
| 21. | „ Ashwani Nut Bolts Ind., Batala | .. | 19,700 |
| 22. | „ R.K. Foundry & Engg. Works, G.T. Road, Batala | .. | 24,840 |
| 23. | Rajesh Machine Tools, G.T. Road, Batala | .. | 5,810 |
| 24. | „ Ajay Founders & Engineers, Faizpura Rd., Batala | .. | 20,340 |
| 25. | Amardeep Foundry & Engg. Works, G.T. Road, Batala | .. | 33,380 |

Original with;
Punjab Vidhan Sabha
Digitized by;
Panjab Digital Library

| Sr. No. | | Name of the Party | | Amount |
|---|---|---|---|---|
| | | | | Rs |
| 26. | M/s. | Laxmi Plastic Industries, Dhobi Ghat, Dhuri | .. | 5,840 |
| 27. | „ | Ahuja Indl. Corpn. E—26, Focal Pt. Dhandari Kalan | .. | 7,110 |
| 28. | „ | Ravi Metals 218, East Mohan Nagar, Amritsar | .. | 23,110 |
| 29. | „ | Rama Jain Cycle Ind. 102. I.A.A., Ludhiana | .. | 10,980 |
| 30. | „ | Greatway Foundry & Engg. Works, G.T. Road, Batala | .. | 15,870 |
| 31. | „ | Gopal Foundry, G.T. Road, Batala | .. | 3,650 |
| 32 | „ | Zandu Foundry works, Faizpura Road, Batala | .. | 25,380 |
| 33. | „ | A.K. Engineers G.T. Road, Batala | .. | 12,130 |
| 34. | „ | Allied Agricultural Ind., 11—I.E., Batala | .. | 17,250 |
| 35. | „ | Rakesh Enterprises, 341—I.A.A. Ludhiana | .. | 7,980 |
| 36. | „ | Pardeep Kumar Bros, V.P.O Verka (ASR) | .. | 1,46,790 |
| 37. | „ | Kapurthala Indl. Corpn., 652 I. A—B, Ludhiana | .. | 9,100 |
| 38. | „ | Techno Indl. Enterprises, 237, Indl. Area. A. Ludhiana | .. | 16,300 |
| 39. | „ | G.S. Mankoo & Co., 84—R., Indl. Area. A., Ludhiana | .. | 35,140 |
| 40. | „ | Sandeep Foundry, G.T. Road, Batala | .. | 19,760 |
| 41. | „ | Shri Krishna Engg. Works, New Market, Batala | .. | 1,808 |
| 42. | „ | Alfa Machinery G.T. Road, Batala | .. | 40,860 |
| 43. | „ | Shama Iron of Steel & Co., G.T. Road, Batala | .. | 16,650 |
| 44. | „ | Parbhat Foundry & Workshop (Regd)., Batala | .. | 38,440 |
| 45. | „ | Kulbir Engg. Works., Murgi Khanna, Batala | .. | 7,690 |
| 46. | „ | Bedi Iron Foundry, Jull. Road, Batala | .. | 8,160 |
| 47. | „ | Saggu Iron Ind., Guru Nank Nagar, Simbla, Batala | .. | 4,960 |
| 48. | „ | Baba Gnesh Ji Tech., Ind. Kashmir Road, Batala | .. | 3,990 |
| 49. | „ | Raja Ram Corn products (Pb.) Pvt. Ltd., SAS Nagar | .. | 5,00,000 |
| 50. | „ | Jai Industries, G.T. Road, Batala | .. | 21,290 |
| 51. | „ | Sona Engg. Corpn. 303, Indl. Area. A., Ludhiana | .. | 7,770 |
| 52. | „ | Sona Engg. Corpn. 303, Indl. Area. A., Ludhiana | .. | 7,770 |
| 53. | „ | Hind Metal & Allied Ind., —Indl. Estate, Batala | .. | 26,120 |
| 54. | „ | Vee Kayan Ind., G.T. Road, Batala | .. | 17,150 |
| 55. | „ | Maghan Paper Mills (P) Ltd., Ram Nagar Sibian, Sangrur | | 1,78,000 |
| 56. | „ | Consort Plastics (P) Ltd., S.A.S. Nagar | .. | 26,200 |
| 57. | „ | Vir Candle & Greasel Works, Prem Basti, Sangrur | .. | 5,660 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | | Name of the Party | Amount |
|---|---|---|---|
| | | | Rs |
| 58. | M/S | Universal Indl. Corpn., G.T. Road, Batala .. | 7,060 |
| 59. | „ | Bharat Steel Ind., Khokar Road, Mansa .. | 13,850 |
| 60. | „ | Friends P.V.C. Ind. Nehru Market, M. Kotla Road, Dhuri | 27,960 |
| 61. | „ | Yashka Ind., E-101, Focal Point, Dhandari Kalan .. | 16,200 |
| 62. | „ | Neelam Plastic Ind., B-9, Indl. Estate, Bhatinda .. | 8,660 |
| 63. | „ | R.D. Steel Ind., G.T. Road, Batala .. | 22,460 |
| 64. | „ | Chanan Forgings & Allied Ind. (P) Ltd., D-12, E.P. Dhandari Kalan .. | 43,390 |
| 65. | „ | Bharat Bhushan & Bros., G.T. Road, Batala .. | 1,980 |
| 66. | „ | Garg Engg. & Allied Ind., Batala .. | 56,730 |
| 67. | „ | S. M. Wood Compressing Shuttle Co. (P) Ltd., 285, E.M.N., Amritsar .. | 65,520 |
| 68. | „ | Goyal Aluminium Works, I.E., Bhatinda .. | 12,920 |
| 69. | „ | Reshmi Detergents & Chemical Works, E-78, Focal Point, Dhandari Kalan .. | 15,470 |
| 70. | „ | S.K.I. Industries, Aliwal Road, Batala .. | 11,200 |
| 71. | „ | Himachal Foundry, G.T. Road, Batala .. | 5,840 |
| 72. | „ | Swastika Enterprises, Putligarh, St. No. 2, Amritsar .. | 30,000 |
| 73. | „ | Pivot Fabric, B-28, Focal Point S.A.S Nagar (Ropar) .. | 13,300 |
| 74. | „ | S.M. Hydrolam, 285, East Mohan Nagar, Amritsar .. | 13,510 |
| 75. | „ | P. Sons (India), Bhagat Nagar, Phagwara .. | 4,840 |
| 76. | „ | Diamond Plastic Products, S.A.S. Nagar .. | 29,700 |
| 77. | „ | Ranbir Chemical Industries (P) Ltd., Kharar (Ropar) .. | 2,17,800 |
| 78. | „ | Baij Nath Asharfi Lal B-33, F.P., S.A.S. Nagar (Ropar) .. | 61,120 |
| 79. | „ | Saggu Foundry & Engg. Works, G.T. Road, Batala .. | 11,700 |
| 80. | „ | Badalia Auto Gears, Rural Indl. Estate, Shed No. 182, Dasuya | 16,700 |
| 81. | „ | P.G. Industries C/o Chatiwind Gate Near Chatha Rice Mills, Amritsar .. | 3,380 |
| 82. | „ | United Manufacturing Co. Road, Kotkapura .. | 14,680 |
| 83. | „ | Rajindra Agro Industries, 356, I.A.A., Ludhiana .. | 42,750 |
| 84. | „ | Hindustan Tools & Forgings (P) Ltd., Rajpura (Patiala) .. | 1,08,240 |
| 85. | „ | Munjal Synthetics (P) Ltd., C-21, F.P. Dhandari Kalan, Ludhiana .. | 48,270 |

Original with;
Punjab Vidhan Sabha
Digitized by;
Panjab Digital Library

| Sr. No. | Name of the Party | Amount |
|---|---|---|
| | | Rs |
| 86. | M/S Munjal Synthetics (P) Ltd. L—21 F. P. Dhandari Kalan | 54,850 |
| 87. | „ Balaji Udyog E-15, F.P. Dhandari Kalan (Ludhiana) .. | 17,200 |
| 88. | „ Kamla Industries, (India) Hadiabad, Phagwara, Distt. Kapurthala .. | 7,170 |
| 89. | „ Grewal Radio Co. Pvt. Ltd., F.P. Dhandari Kalan, Ludhiana | 28,100 |
| 90. | „ Sagar Plastic Industries Mlk. Road Dhuri (Sangrur) .. | 4,190 |
| 91. | „ Agro Chemical Ind., Dhanaula Road, Barnala .. | 21,710 |
| 92. | „ Prince Sports, Batala .. | 4,810 |
| 93. | „ Kayjay Engg. Ind., E-2, F.P. Dhandari Kalan, Ludhiana .. | 60,590 |
| 94. | „ Jayanti Plastic Ind., Sabzi Mandi, Kurali (Ropar) .. | 7,240 |
| 95. | „ National Plastic Corpn., Amritsar .. | 14,080 |
| 96. | „ United Steel Ind. D-54 F.P., S.A.S. Nagar, Distt. Ropar .. | 7,400 |
| 97. | „ Pressure Cookers and Appliances Ltd., Hoshiarpur .. | 5,00,000 |
| 98. | „ S.P. International Pvt. Ltd., 3-A.F.P., Dhandari Kalan .. | 1,06,390 |
| 99. | „ Goel Industries, Batala .. | 13,140 |
| 100. | „ Forgement Engineers, E-42, F.P Dhandari Kalan, Ludhiana | 11,370 |
| 101. | „ Mahavir Industries, Batala .. | 5,220 |
| 102. | „ Best Engineering Works (Regd), Rly. Road, Batala .. | 21,810 |
| 103. | „ Packwell Products (India), E. 174, F.P., Dhandari Kalan .. | 4,795 |
| 104. | „ Bhatinda Chem. & Banaspati Mills Pvt. Ltd., Bhatinda .. | 5,00,000 |
| 105. | „ Ajanta Exports E-83, F.P., Dhandari Kalan (Ludhiana)) .. | 24,100 |
| 106. | „ B.S. Kohli Synthetics (P) Ltd., 141 Indl. Area A., Ludhiana | 18,450 |
| 107. | „ Koshliya Plastic Works, Kurali, Distt. Ropar .. | 3,930 |
| 108. | „ Steel Crafts (India) Shed. No. E-83, Indl. Area, Ludhiana | 14,980 |
| 109. | „ Punjstar Standard Electronics Ltd., S.A.S. Nagar .. | 4,22,560 |
| 110. | „ Kanwal Engineers, E-21, F.P., Ludhiana .. | 45,220 |
| 111. | „ Mankoo Ind., 678, Indl. Area-B., Ludhiana .. | 75,700 |
| 112. | „ Majestic Auto Ltd., C-48, F.P. Dhandari Kalan, Ludhiana | 5,00,000 |
| 113. | „ Luthra Indl. Engg. Corpn., C-60, F.P., S.A.S. Nagar .. | 3,320 |
| 114. | „ K. K. K. Mills 145 Indl. Area A., Ludhiana .. | 46,870 |
| 115. | „ Amar Polyfabs (P) Ltd., B-45, F. P. SAS, Nagar, (Ropar) | 63,500 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name of the Party | Amount |
|---|---|---|
| | | Rs |
| 116. | M/s Prince Rubber Industries, S-130, I.A., Jullundur .. | 3,69,170 |
| 117. | ,, Cannon Forging and Allied Ind. (p)Ltd., F. P., Dhandari Kalan, Ludhiana .. | 52,670 |
| 118. | ,, Nayyar Industries, 135 Indl. Area, A. Ludhiana .. | 56,370 |
| 119. | M/s. Sri Ganesh Ind. E-35, F. P., Dhandari Kalan, Ludhjana .. | 28,280 |
| 120. | M/s. Metal Pressings D-48, F. P. S.A.S. Nagar, District Ropar .. | 21,190 |
| 121. | M/s. Marjara Plastic Ind. 128, I. A. A., Ludhiana .. | 88,040 |
| 122. | M/s. Yashka Ind. E. 101, F. P. Dhandari Kalan .. | 30,050 |
| 123. | M/s. Pooja Chemicals E-16, F. P. Dhandari Kalan (Ludhiana) .. | 32,100 |
| 124. | M/s. Gee Dee Traders, Batala .. | 3,800 |
| 125. | M/s. Gurdev Agro Industries, Bhawanigarh .. | 4,670 |
| 126. | M/s. R. D. Jain Indl. Corpn., G. T. Road, Ludhiana .. | 36,790 |
| 127. | M/s. Atam Wheels (India) E-44, F. P. Dhandari Kalan (Ludhiana) | 47,590 |
| 128. | M/s. Monga Bros. (P) Ltd., B-16, F. P. Dhandari Kalan (Ludhiana) | 1,46,200 |
| 129. | M/s. G. S. Mankoo 84-R Indl. Area, B. Ludhiana .. | 44,870 |
| 130. | M/s. Hind Insulated Cable Co., Indl. Estate, Bhatinda .. | 14,500 |
| 131. | M/s. Saria Foundry and Engg. Works, Kakarwal Bridge, Dhuri .. | 7,220 |
| 132. | M/s. Stylo Indl. Vill. Dhaha, District, Hoshiarpur .. | 29,175 |
| 133. | M/s. Ajay Machine Tools, G. T. Road, Batala .. | 22,120 |
| 134. | M/s. Consort Plastic (P) Ltd., D-114, FP, S.A.S. Nagar .. | 33,450 |
| 135. | M/s. Pb. Cement Const. Co., C-6, F. P., S. A. S. Nagar .. | 71,350 |
| 136. | M/s. Techno Enterprises 237, I. A. A., Ludhiana .. | 16,300 |
| 137. | M/s. P. K. Industries D-70, F. P. S. A. S. Nagar, District Ropar | 53,630 |
| 138. | M/s. S. R. Industries E-184, F. P. Dhandari Kalan, Ludhiana .. | 24,480 |
| 139. | M/s. Kapurthala Indl. Corpn. E-65, F. P. Dhandari Kalan, Ludhiana | 12,380 |
| 140. | M/s. United Steel Balls D-43, F. P. S.A.S. Nagar (Ropar) .. | 33,460 |
| 141. | M/s. Shiv Forgings 95-B. Indl. Area, A. Ludhiana .. | 1,08,600 |
| 142. | M/s. Inder Enterprises B-39, F. P. S. A. S. Nagar, District Ropar | 19,720 |
| 143. | M/s. Kumar Engg., Co. G. T. Road, Batala .. | 97,000 |
| 144. | M/s. Ranbaxy Lab. Ltd., A II, F. P., S. A. S. Nagar .. | 5,00,000 |
| 145. | M/s. Agro Chemical Ind. Dhanaula Road, Barnala .. | 28,400 |
| 146. | M/s. United Steel Indl., S. A. S. Nagar .. | 7,400 |

Original with;
Punjab Vidhan Sabha
Digitized by;
Panjab Digital Library

| Sr. No. | Name of the Party | Amount |
|---|---|---|
| | | Rs |
| 147. | M/s. Rajesh Machine Tools, G. T. Road, Batala .. | 5,800 |
| 148. | M/s. Aulakh Entrepreneurs D-68, F. P. S.A.S. Nagar (Ropar) .. | 9,740 |
| 149. | M/s Aulakh Entrepreneurs D-68, F.P. S. A. S. Nagar(Ropar) .. | 8,000 |
| 150. | M/s. Packwell Products (India) E-174, F. P. Dhandari Kalan, Ludhiana .. | 7,450 |
| 151. | M/s. Rubican Steels D-32, S.A.S., Nagar .. | 68,500 |
| 152. | M/s. Bharat Mech. Works, Ferozepur .. | 3,950 |
| 153. | M/s. Modern Enamel Works, Ferozepur .. | 30,130 |
| 154. | M/s. Oriental Carpet Manufactures (India) Ltd., G. T. Road, Amritsar | 5,00,000 |
| 155. | M/s. Kay Jay Engg. Industries E-2 F. P. Dhandari Kalan, Ludhiana | 1,07,700 |
| 156. | M/s. Jit Shah Iron Foundry, G. T. Road, Batala .. | 23,900 |
| 157. | M/s. Gupta Chemical, Kahnuwan Road, Gurdaspur .. | 15,690 |
| 158. | M/s. Ahuja Indl. Corpn. E-26, F. P. Dhandari Kalan (Ludhiana) | 20,560 |
| 159. | M/s. Best Engineering Works Regd. Rly. Road, Batala .. | 38,260 |
| 160. | M/s. Preet Plastics E-8, F. P. Dhandari Kalan (Ludhiana) .. | 26,380 |
| 161. | M/s. Gupta Steel Ind. C-17, F. P., S. A. S. Nagar .. | 18,800 |
| 162. | M/s. Venus Indl. Corpn. 424 Indl. Area, Ludhiana .. | 57,100 |
| 163. | M/s. Victor tools Corpn. E-8, Indl. Area, Jullundur .. | 2,70,300 |
| 164. | M/s Bedi Iron Foundry , Batala .. | 23,700 |
| 165. | M/s. Jagmohan Engineering Industries, Batala .. | 5,100 |
| 166. | M/s. Kumar International, G. T. Road, Batala .. | 7,000 |
| 167. | M/s. Veekayan Industries, G. T. Road, Batala .. | 27,100 |
| 168. | M/s. Ravi Metals, Amritsar .. | 29,100 |
| 169. | M/s. Vir Candle and Greese work, Sangrur .. | 8,400 |
| 170. | M/s. Ambika Forgings Model House Road, Jullundur .. | 50,900 |
| 171. | M/s. O. K. Hosy. Mills (P) Ltd., 865, Indl. Area, Ludhiana .. | 23,22,000 |
| 172. | M/s Metro tyres (P) Ltd. 503, Indl. Area, Ludhiana .. | 3,89,000 |
| 173. | M/s. R. K. Machine Tools Pvt. Ltd., I. A. A., Ludhiana .. | 5,00,000 |
| 174. | M/s. Suresh Steel Ind., Kotkapura .. | 32,300 |
| 175. | M/s. Vinod Indl. Corpn. Regd. E-24, F. P. Dhandari Kalan, Ludhiana ... | 61,000 |
| 176. | M/s. S. M. Hydrolum 285, East Mohan Nagar, Amritsar .. | 15,000 |
| 177. | M/s. R. K. Foundry and Engg. Works, G. T. Road, Batala .. | 27,200 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name of the Party | Amount |
|---|---|---|
| | | Rs |
| 178. | M/s. Ajanta Exports F-83, F. P. Dhandari Kalan, Ludhiana .. | 26,800 |
| 179. | M/s. C. R. Aulucks and Sons Pvt. Ltd., 426, I. A. A., Ludhiana | 4,01,000 |
| 180. | M/s. Sudha Pharmaceutical (P) Ltd., B-26, F. P. S.A.S. Nagar, Ropar | 2,11,200 |
| 181. | M/s. Friends P. V. C. Indl., Dhuri .. | 27,960 |
| 182. | M/s Mahabir Jain Indl., Hoshiarpur .. | 9,400 |
| 183. | M/s. Gauri Farm Equipments E-109, F. P. Dhandari Kalan .. | 5,000 |
| 184. | M/s. Oswal Spinning and Weaving Mills Ltd., 230-I.A.A., Ludhiana .. | 5,00,000 |
| 185. | M/s. Engineers International E-29, F. P. Dhandari Kalan, Ludhiana | 37,440 |
| 186. | M/s. Supreme Forgings 424 Indl. Area, A, Ludhiana .. | 1,21,900 |
| 187. | M/s. Alfa Machinery Makers G. T. Road, Batala .. | 86,960 |
| 188. | M/s. Ambika Forgings, Basti Sheikh, Jullundur .. | 83,700 |
| 189. | M/s. Kanwal Engineers. E. 21-F. P. Dhandari Kalan Ludhiana | 64,000 |
| 190. | M/s. Steel Crafts (India) B-83, Indl. Estate, Ludhiana .. | 21,600 |
| 191. | M/s. J. A. Machine Tools, G. T. Road, Batala .. | 12,000 |
| 192. | M/s. Rahon Hosy. Indl. Area, A, Ludhiana .. | 2,84,600 |
| 193. | M/s. Baij Nath Asharfilal (TD) B-33, F. P. S. A. S. Nagar, Ropar | 80,300 |
| 194. | M/s. Pb. Allied Industries, S. A. S. Nagar, Ropar .. | 1,66,900 |

## ANNEXURE III

**List of units which were granted Interest Free Loans during the year 1980-81**

| Serial No. | Name of Party | Amount |
|---|---|---|
| 1. | M/s. Amardeep Foundry and Engg. Works, Batala .. | 37,100 |
| 2. | M/s. Greatway Foundry and Engg. Works, Batala .. | 25,300 |
| 3. | M/s. Pb. United Forges Ltd., Rail Majra .. | 4,32,600 |
| 4. | M/s. Maghan Paper Mill, Sangrur .. | 2,03,000 |
| 5. | M/s. K. P. Industries, Ferozepur .. | 14,270 |
| 6. | M/s. Shama Iron and Steel Co., Batala .. | 16,600 |
| 7. | M/s. Neelam Plastic Industries, Bhatinda .. | 9,400 |
| 8. | M/s. De. Oil Solvent Industries, Kotkapura .. | 3,32,460 |

Original with;
Punjab Vidhan Sabha
Digitized by;
Panjab Digital Library

| Sr. No. | Name of the Party | Amount |
|---|---|---|
| | | Rs. |
| 9. | M/s. Bhatinda Chemicals and Banaspati Mills, Pvt. Ltd., Bhatinda | 5,00,000 |
| 10. | M/s. Jai Industries, Batala .. | 34,700 |
| 11. | M/s. Ambika Engg., and Allied Industries, Batala .. | 40,800 |
| 12. | M/s. Bharat Tele-communications Industries, Dhandari Kalan .. | 13,100 |
| 13. | M/s. Nath Sanito Corporation, Hoshiarpur .. | 12,500 |
| 14. | M/s. Ashoka Rubber Industries, Mansa .. | 15,000 |
| 15. | M/s. Mankoo Steel Crafts, F. P., Ludhiana .. | 8,400 |
| 16. | M/s. Rajinder Dass and Co., S.A.S. Nagar .. | 56,200 |
| 17. | M/s. Bharat Steel Industries, Mansa .. | 7,700 |
| 18. | M/s. Sanjog Enterprises, Amritsar .. | 11,200 |
| 19. | M/s. Guru Nanak Cement Pipe CIS., Jandiala Guru .. | 44,000 |
| 20. | M/s. Mala Paper Board Mills, Kotkapura .. | 24,300 |
| 21. | M/s Mala Paper Board Mills,Kotkapura .. | 40,000 |
| 22. | M/s. Mahavir Spg., Mills Ltd., Hoshiarpur .. | 5,00,000 |
| 23. | M/s Glaxy Pharmaceuticals Ltd., Bhatinda .. | 45,900 |
| 24. | M/s. Batala Veg. Oil Mills, Batala .. | 25,300 |
| 25. | M/s. Luthra Indl. Engg. Corpn., S.A.S. Nagar .. | 4,000 |
| 26. | M/s. Ram Partap Ramehswar Dass, M-Gobindgarh .. | 59,800 |
| 27. | M/s. Oriental Ceramics and Refractories P. Ltd., Daon .. | 76,800 |
| 28. | M/s. Hindustan Tool and Forgings, P. Ltd., Rajpura .. | 4,52,000 |
| 29. | M/s. Inder Enterprises, S.A.S. Nagar .. | 33,100 |
| 30. | M/s. Punjab Tractors Ltd., S.A.S. Nagar .. | 5,00,000 |
| 31. | M/s. Raja Ram Corn. Products, S. A. S. Nagar .. | 5,00,000 |
| 32. | M/s. Shiv Iron Foundry and Engg. Works, Batala .. | 21,800 |
| 33. | M/s. Parbhat Foundry and Workshop, Batala .. | 43,700 |
| 34. | M/s. R. K. Industries, Moga .. | 40,400 |
| 35. | M/s. Kumar Enterprises, Batala .. | 23,500 |
| 36. | M/s. Kumar Enterprise, Batala .. | 22,700 |
| 37. | M/s. B. S. Kohli Synthetics P. Ltd., Ludhiana .. | 24,500 |
| 38. | M/s. Balaji Udyog, Ludhiana .. | 16,700 |
| 39. | M/s. G. K. Enterprises, Ludhiana .. | 12,200 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name of the Party | | Amount |
|---|---|---|---|
| | | | Rs. |
| 40. | M/s G.K. Enterprises, Ludhiana | .. | 20,500 |
| 41. | M/s Rashtriya Engineering Works, Batala | .. | 32,000 |
| 42. | M/s United Manufacturing Co., Kotkapura | .. | 19,800 |
| 43. | M/s Lahore Trading Co., Batala | .. | 4,100 |
| 44. | M/s Lahore Trading Co., Batala | .. | 9,700 |
| 45. | M/s Joshi Foundry & Engineering Works (Regd.), Batala | .. | 15,200 |
| 46. | M/s Sandeep Foundry, Batala | .. | 21,200 |
| 47. | M/s Birdi Engg. & Foundry Works, Ahmedgarh | .. | 5,000 |
| 48. | M/s Kumar Engg. Co., Batala | .. | 34,300 |
| 49. | M/s P.V.C. Pipe Industries, Bhatinda | .. | 25,300 |
| 50. | M/s Mittal Wire Netting Industries, Amritsar | .. | 3,000 |
| 51. | M/s Sagar Plastic Industries, Dhuri | .. | 12,400 |
| 52. | M/s Hoshiarpur Distt. Co-op., Milk Producers Union Ltd., Hoshiarpur | .. | 3,60,000 |
| 53. | M/s Goel Industries (India), Batala | .. | 18,000 |
| 54. | M/s Pardeep Kumar Bros., Amritsar | .. | 1,46,700 |
| 55. | M/s Ashwani Nut Bolts Industries, Batala | .. | 27,800 |
| 56. | M/s Punjab Industrial Corporation, Ludhiana | .. | 23,100 |
| 57. | M/s Rajindra Agro Industries, Ludhiana | .. | 54,800 |
| 58. | M/s Ram Partap-Rameswar Dass, Mandi Gobindgarh | .. | 43,400 |
| 59. | M/s Atlas Marketing & Mfg. Co., P. Ltd., S.A.S., Nagar | .. | 47,400 |
| 60. | M/s New Norton Engg. Works, Batala | .. | 19,800 |
| 61. | M/s Bhatinda Chemicals & Banaspati Mills (P) Ltd., Bhatinda | .. | 5,00,000 |
| 62. | M/s Sarla Foundry & Engg. Works, Dhuri | .. | 9,500 |
| 63. | M/s Goel Aluminium Works., Bhatinda | .. | 21,000 |
| 64. | M/s Mahavir Jain Industries, Hoshiarpur | .. | 9,500 |
| 65. | M/s New Norton Engg., Works. Batala | .. | 22,800 |
| 66. | M/s Sigma Industries, Bhatinda | .. | 8,200 |
| 67. | M/s Jai Industries, Batala | .. | 34,700 |
| 68. | M/s Electrodes India, Bhatinda | .. | 17,400 |
| 69. | M/s Metal Pressings., S.A.S., Nagar | .. | 32,300 |
| 70. | M/s Amar Polyfabs (P) Ltd., S.A.S. Nagar | .. | 63,600 |

Original with;
Punjab Vidhan Sabha
Digitized by;
Punjab Digital Library

| Sr. No. | Name of the Party | Amount |
|---|---|---|
| | | Rs. |
| 71. | M/s Punjab Pre-stressed Concrete Works, S.A.S. Nagar .. | 3,59,800 |
| 72. | M/s Shiv Forgings, Ludhiana .. | 1,43,100 |
| 73. | M/s Manjit Industries, S.A.S. Nagar .. | 6,100 |
| 74. | M/s Atamwheels (India), Ludhiana .. | 75,400 |
| 75. | M/s Bachan Industries, Barnala .. | 3,800 |
| 76. | M/s Pearl Woollen Mills, Ludhiana .. | 1,75,100 |
| 77. | M/s Shakti Casting, Malerkotla .. | 17,500 |
| 78. | M/s Prince Sports, Batala .. | 5,200 |
| 79. | M/s Ashwani Nuts & Bolts Industries, Batala .. | 27,700 |
| 80. | M/s Birdi Engg. Foundry Works, Ahmedgarh .. | 10,400 |
| 81. | M/s Suraj Industries, Bhatinda .. | 2,08,500 |
| 82. | M/s Laxmi Board Mills, Hoshiarpur .. | 10,100 |
| 83. | M/s Lahore Trading Co., Batala .. | 12,100 |
| 84. | M/s Vijay Vallabh Cycle Ind., Malerkotla .. | 8,700 |
| 85. | M/s Sr. Cycle Industries, Malerkotla .. | 6,100 |
| 86. | M/s Neelam Plastic Industries, Bhatinda .. | 20,400 |
| 87. | M/s Malwa Paper Mills, Kotkapura .. | 49,400 |
| 88. | M/s Surinder Kumar Varinder & Co., Batala .. | 15,800 |
| 89. | M/s Kumar Internationals, Batala .. | 7,800 |
| 90. | M/s Kanwal Engg., Ludhiana .. | 85,000 |
| 91. | M/s Mehta Pharmaceuticals, Amritsar .. | 3,87,000 |
| 92. | M/s Modern Enamel Works, Ferozepur .. | 47,000 |
| 93. | M/s Sarla Foundry & Engg. Works, Dhuri .. | 12,500 |
| 94. | M/s Ashoka Rubber Industries, Mansa .. | 17,300 |
| 95. | M/s Baij Nath-Ashrafi Lal, S.A.S. Nagar .. | 1,07,500 |
| 96. | M/s Shergill Enterprises, S.A.S. Nagar .. | 38,800 |
| 97. | M/s Rubican Steels, S.A.S. Nagar .. | 88,100 |
| 98. | M/s Packwell Products (India), D. Kalan .. | 19,800 |
| 99. | M/s Punjab Cement Const. Co., S.A.S. Nagar .. | 48,800 |
| 100. | M/s Nath Sanito Corpn., Hoshiarpur .. | 15,600 |
| 101. | M/s Bharat Mech. Works., Ferozepur .. | 4,900 |
| 102. | M/s DCM Engg. Products, Asron .. | 5,00,000 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name of the Party | | Amount |
|---|---|---|---|
| | | | Rs. |
| 103. | M/s DCM Engg. Products, Asron | .. | 5,00,000 |
| 104. | M/s Ambica Forgings, Jullundur | .. | 1,19,300 |
| 105. | M/s Rajindra AGRO Industries, Ludhiana | .. | 72,100 |
| 106. | M/s Bee Gee Plastic Industries, Bhatinda | .. | 6,600 |
| 107. | M/s Maheshwari Paint & Varnish Works, Hoshiarpur | .. | 14,200 |
| 108. | M/s Jai Indl. Corpn., Hoshiarpur | .. | 50,500 |
| 109. | M/s Gupta Chemicals, Gurdaspur | .. | 17,400 |
| 110. | M/s. S.M. Hydrolum P. Ltd., Amritsar | .. | 15,000 |
| 111. | M/s PVC Pipe Industries, Bhatinda | .. | 16,400 |
| 112. | M/s Glaxy Pharmaceuticals P. Ltd., Bhatinda | .. | 66,400 |
| 113. | M/s AMAR Indl. & Fine Chemicals, Hoshiarupur | .. | 52,800 |
| 114. | M/s Sai Udyog, Ludhiana | .. | 18,700 |
| 115. | M/s Manjit Industries, SAS Nagar | .. | 6,200 |
| 116. | M/s Veeco Industries, Mohali | .. | 29,000 |
| 117. | M/s Hindustan Tools & Forgings P. Ltd., Rajpura | .. | 5,00,000 |
| 118. | M/s P.K. Industries, S.A.S., Nagar | .. | 59,700 |
| 119. | M/s Punjab Electronics Components, SAS Nagar | .. | 50,600 |
| 120. | M/s Punjab Electronics Components, SAS Nagar | .. | 7,14,400 |
| 121. | M/s Omex Engineers, Ludhiana | .. | 1,30,700 |
| 122. | M/s Sanjiv Industries Corpn., Kotkapura | .. | 15,500 |
| 123. | M/s Emkay Industries, Ludhiana | .. | 29,100 |
| 124. | M/s Electrodes (India) Bhatinda | .. | 24,800 |
| 125. | M/s Sri Ganesh Industries, Ludhiana | .. | 25,100 |
| 126. | M/s Stylo Industries, Mandiala (Hoshiarpur) | .. | 40,700 |
| 127. | M/s Oswal Spg. & Wvg., Mills, Ludhiana | .. | 5,00,000 |
| 128. | M/s Mukerian Papers Ltd., Mukerian | .. | 2,64,100 |
| 129. | M/s Preet Plastics, Dhandari Kalan | .. | 31,000 |
| 130. | M/s Engineers International, Ludhiana | .. | 53,400 |
| 131. | M/s Consort Plastics (P) Ltd. S.A.S., Nagar | .. | 53,000 |
| 132. | M/s Pb. United Forges Ltd., Rail Majra | .. | 5,00,000 |
| 133. | M/s Goyal Aluminium Works, Bhatinda | .. | 28,700 |

Original with;
Punjab Vidhan Sabha
Digitized by;
Panjab Digital Library

| Sr. No. | Name of the party | Amount |
|---|---|---|
| | | Rs. |
| 134 | M/s Woodland Paper Board Mills Packages, Mandiala .. | 58,000 |
| 135 | M/s Universal Industries, Ludhiana .. | 12,100 |
| 136 | M/s Rattan Paper Mills, Amritsar .. | 2,97,600 |
| 137 | M/s Nayyar Industries, Ludhiana .. | 46,600 |
| 138 | M/s Rattan Paper Mills, Amritsar .. | 1,39,500 |
| 139 | M/s Kashmir Trading Co., Gurdaspur .. | 10,700 |
| 140 | M/s Seth Enterprises (P) Ltd., Amritsar .. | 2,63,300 |
| 141 | M/s Maghan Paper Mills (P) Ltd., Sangrur .. | 2,69,200 |
| 142 | M/s DCM Engg., Products, Asron .. | 5,00,000 |
| 143 | M/s Supreme Forgings, Ludhiana .. | 1,61,000 |
| 144 | M/s En. En. Engg., Works, Ludhiana .. | 6,400 |
| 145 | M/s Pressure Cookers & Appliances Ltd., Hsr. .. | 5,00,000 |
| 146 | M/s Aulakh Enterpreneurs, SAS Nagar .. | 15,200 |
| 147 | M/s Luthra Indl. Engg. Corpn., SAS Nagar .. | 6,600 |
| 148 | M/s Anand Aggarwal Oil P. Ltd., Kapurthala .. | 7,00,000 |
| 149 | M/s Yashka Industries, Ludhiana .. | 43,300 |
| 150 | M/s Vandna Industries, Kotkapura .. | 15,900 |
| 151 | M/s Mahavir Spg. Mills, Hoshiarpur .. | 5,00,000 |
| 152 | M/s Lakshmi Silicate & Chemical Works, Sarna .. | 16,900 |
| 153 | M/s United Steel Balls, SAS Nagar .. | 26,100 |
| 154 | M/s Pb. Semi-conductor Devices Ltd. SAS Nagar .. | 3,52,200 |
| 155 | M/s Anand Aggarwal Oil P. Ltd., Kapurthala .. | 2,22,000 |
| 156 | M/s Scalco Industries, Rampura Phul .. | 87,700 |
| 157 | M/s Punjab Food Products E—19, Industrial Focal Point, Bhatinda | 13,580 |
| 158 | M/s Punjab Enterprises, Mansa Road, Bhatinda .. | 19,285 |
| 159 | M/s Pinoor Enterprises, E—15, Industrial Focal Point, Bnatinda | 6,216 |
| 160 | M/s Kosva Industries, E—2, Industrial Focal Point, Bhatinda | 8,467 |
| 161 | M/s Kohinoor Metal Products Ind. E—3, Industrial Focal Point, Bhatinda .. | 21,203 |
| 162 | M/s G & G Metal Products, B—5, Industrial Estate, Bhatinda | 10,500 |
| 163 | M/s Super Rubber Industies Mansa Road, Bhatinda .. | 21,785 |
| 164 | M/s Kiran Rubber Industries, Mansa .. | 3,137 |

Original with;
Punjab Vidhan Sabha
Digitized by;
Panjab Digital Library

[Chief Minister[

| Sr. No. | Name of tnc party | Amount |
|---|---|---|
| | | Rs. |
| 165 | M/s. Jai Krishan Petro Chemicals, Bhatinda .. | 6,866 |
| 166 | M/s. S.D. Industries, 359, Industrial Area A. Ludhiana .. | 13,600 |
| 167 | M/s. Astra Engineering Industries, E—28, Focal Point, Dhandari Kalan | 9,950 |
| 168 | M/s. National Industies E—128, Focal Point, Dhandari Kalan | 47,470 |
| 169 | M/s. Jyoti Steels E—100 Focal Point, Dhandari Kalan | 58,280 |
| 170 | M/s. Standard Wires Cables, D—110, Focal point Khanna .. | 24,700 |
| 171 | M/s. Ferozepur Metal Works, Ferozepur .. | 3,115 |
| 172 | M/s. Partap Synthetic Rasins Hariana Road, Hoshiarpur .. | 18,760 |
| 173 | M/s. Sumesh Tarpene Industries, Bharwain Road, Hohsiarpur | 23,055 |
| 174 | M/s. Accutimes Village Chak Gujjran, P.O. Piplanwala,(Hoshairpur) | 32,678 |
| 175 | M/s. Pee Aar. Rubber Mills, Vill. Bhaha, P.O. Mandialan, Hoshairpur .. | 22,705 |
| 176 | M/s. Darshan Steel & Metal Works, Kotla Gaunspur, Bharwain Road (Hoshiarpur) .. | 7,308 |
| 177 | M/s. Mohindru Pine Industries, Bharwain Road, Hoshiarpur .. | 27,612 |
| 178 | M/s. Narindera Industries, VPO. Nasrala (Hoshiarpur) .. | 11,551 |
| 179 | M/s. Supreme Chemicals V. Chak Gujran P.O. Piplanwala (Hoshiarpur) .. | 9,379 |
| 180 | M/s. Global Rubber Co. Jullundur Road, Nasrala (Hoshiarpur) | 6,973 |
| 181 | M/s. Virdi Bobiens Industries (P) Limited EMN Amritsar .. | 11,140 |
| 182 | M/s. Golden Paints & Chemicals Amritsar | 7,897 |
| 183 | M/s. Freedom Rubbers G.T. Road, Amritsar .. | 52,756 |
| 184 | M/s. Northern Screw Industries, 275, EMN Amritsar .. | 20,774 |
| 185 | M/s. Kanwar Industries, Sultanwind Road, Amritsar .. | 9,787 |
| 186 | M/s. Kanwar Industries, Sultanwind Road, Amritsar .. | 12,180 |
| 187 | M/s. Northern Screw Industries, 275, E.M.N, Amritsar .. | 14,888 |
| 188 | M/s. G.S. Industrial Electornics Ch. Lachmansar, Amritsar .. | 770 |
| 189 | M/s. Jay Vee Pharmaceuticals, 16, Gopal Nagar, Amritsar .. | 8,584 |
| 190 | M/s. B. R. Tools, Mfg. I.S. IC. Jullundur .. | 31,000 |
| 191 | M/s. A.T. Engineering Works, D—16, SAS Nagar .. | 4,406 |
| 192 | M/s. Kalsi Enterprises, G—41, SAS Nagar .. | 56,240 |
| 193 | M/s. Karan Industries, E—88, Phase R. VIII, SAS Nagar .. | 12,441 |

Original with;
Punjab Vidhan Sabha
Digitized by;
Panjab Digital Library

| Sr. No. | Name of the party. | Amount |
|---|---|---|
| | | Rs. |
| 194 | M/s. K. P.R. Industries, D—210, SAS Nagar .. | 15,830 |
| 195 | M/s. M.B. Industries, D—18, Phase I, SAS Nagar .. | 6,090 |
| 196 | M/s. Mai Steel E—84, Phase VIII, SAS Nagar .. | 44,900 |
| 197 | Parex Pharmaceuticals C—43, Phase III, Mohali .. | 48,540 |
| 198 | M/s. Arrow Rubber (P) Limited, Dhawankhan Jagir, District Kapurthala .. | 21,867 |
| 199 | M/s. Workwell (India) V. Chachoki, Phagwara .. | 1,000 |
| 200 | M/s. Arun El ctricals VPO Mansoorwal, District Kapurthala .. | 7,332 |
| 201 | M/s. Diamond Rubbers, V. Dhawankija Jagir Teh. and district Kapurthala .. | 40,000 |
| 202 | M/s. Perfect Electricals Near Punjab Markfed, Kapurthala .. | 7,790 |
| 203 | M/s. Rakesh Kumar Vijay Kumar Singla V. Chak Hakim, G.T Road, Phagwara .. | 4,143 |
| 204 | M/s. Rajinder Singh & Sons. V. Chochoki Road, Phagwara .. | 6,155 |
| 205 | M/s. Aro Silicate & Chemical Works' V. Sapror, G.T. Road Phagwara .. | 6,917 |
| 206 | M/s. Goolson Agriculture Wheel Industries Kotkapura .. | 17,378 |
| 207 | M/s. Kisan Steel Discs Malout .. | 84,407 |
| 208 | M/s. Pankaj Auto Industries & Foundries, Kotkapura .. | 23,596 |
| 209 | M/s. Romesh Stone Wares Kotkapura .. | 63,068 |
| 210 | M/s. Kisan Steel Discs Malout .. | 92,186 |
| 211 | M/s. Technico Steel Industries Kotkapura .. | 19,292 |
| 212 | M/s. Bhumi Sudhar Chemicals Industries. Sangrur .. | 25,650 |
| 213 | M/s. Hindustan Cycle Industries Malerkotla .. | 13,350 |
| 214 | M/s. Super Jatindra Pipes Jandiali Kalan .. | 10,900 |
| 215 | M/s. Parkash Plastics Industries, Dhuri .. | 14,350 |
| 216 | M/s. Geeta Metal Industries Barnala .. | 32,750 |
| 217 | M/s. National Steels Industries, Barnala .. | 11650 |
| 218 | M/s. Cotton Mills, Barnala .. | 6,450 |
| 219 | M/s. Shingar Tool Vear Industries, Dhuri .. | 3,200 |
| 220 | M/s. Kanwal Engineering Works, Malerkotla .. | 22,900 |
| 221 | M/s. Poly Plastic Barnala .. | 40,400 |
| 222 | M/s. Khalsa Engg. Co., G.T. Road, Batala .. | 55,000 |

Original with;
Punjab Vidhan Sabha
Digitized by;
Panjab Digital Library

[Chief Minister]

| Sr. No. | Name of the party | Amount |
|---|---|---|
| | | Rs. |
| 223 | M/s. Labh Industries, Bhullar Road, Batala .. | 10,000 |
| 224 | M/s. Rajesh Engineering Industries, G.T. Road, Batala .. | 11,700 |
| 225 | M/s. Rajesh Engg. Industries, G.T. Road, Batala .. | 27,800 |
| 226 | M/s. Punjab Steel Corporation, Shakarpur, Batala .. | 67,300 |
| 227 | M/s. R.S. Enterprises, Batala .. | 11,400 |
| 228 | M/s. B.M. Agro Industries, Batala .. | 6,000 |
| 229 | M/s. New Khalsa Machinery Corporaton, Batala .. | 39,800 |
| 230 | M/s. H.S. Foundry, Circular Road, Batala .. | 13,400 |
| 231 | M/s. Jay Kay Mech. Works, G.T. Road, Batala .. | 3,000 |
| 232 | M/s. Jay Kay Foundry, Batala .. | 15,000 |
| 233 | M/s. Jindal Enterprises, Batala .. | 13,500 |
| 234 | M/s. Jindal Enterprises, Batala .. | 13,500 |

## ANNEXURE-IV

Interest Free loans are given under the old policy of grant of incentives effective from 16-2-73 and under the new Policy of incentive effective from 1-4-78.

The following categories of Industrial units are eligible for the grant of interest free loans under old policy :—

(i) New Industrial units set up on or after 16-2-73 in Indl. Focal points/Indl. Areas/Indl. Estates set up by the Punjab Government.

(ii) New Industrial units set up under the Special Employment programme of the Government of India/State Govt. anywhere in the State.

(iii) New Units set up in the backward Districts/border districts/sub-mountain areas and bet areas.

Under the new policy of incentives effective from 1-4-78, the State has been divided into four Area-Groups and incentives are given in a graded manner keeping in view the backwardness of each region. The highest incentives are given in the areas considered least develpoed. All new units set up anywhere in the State are eligible for the grant of interest Free Loans under the new policy with varying rates of entitlements applicable to each Area-Group where a unit has been set up.

The grant of interest free loans under both the aforesaid policies are further subject to the rules formulated under the respective policies.

## Widow and Old age pension

197. **Shri Om Parkash Gupta** : Will the Minister for Welfare and Labour be pleased to state—

(a) the number of applications for widow and old age pension received during the years 1980 and 1981 in District Ludhiana category-wise ;

Original with;
Punjab Vidhan Sabha
Digitized by;
Panjab Digital Library

(b) the number of applicants out of those referred to in part (a) above, (i) who were granted pensions and (ii) whose applications were rejected during the said period, categorywise;

(c) the number of applications out of those referred to in part(a) above which are still pending categorywise ?

| | ਸਾਲ | | ਵਿਧਵਾ ਪੈਨਸ਼ਨ | ਬੁਢਾਪਾ ਪੈਨਸ਼ਨ |
|---|---|---|---|---|
| ਚੌਧਰੀ ਜਗਤ ਰਾਮ | | | | |
| (ੳ) | 1980 | ... ... | 1,082 | 2,848 |
| | 1981 | ... | 1,048 | 2,132 |
| | ਜੋੜ | ... | 2,130 | 4,980 |
| (ਅ) (i) | | ... | 208 | 589 |
| (ii) | | ... | 205 | 808 |
| (ੲ) (i) | ਅਰਜ਼ੀਆਂ ਅਧੂਰੀਆਂ ਹੋਣ ਕਾਰਣ ਵਾਪਸ ਕੀਤੀਆਂ ਗਈਆਂ | ... | 1,251 | 3,061 |
| (ii) | ਪੈਂਡਿੰਗ ਅਰਜ਼ੀਆਂ | ... | 466 | 522 |

---

**Construction of culverts on Sabuwal to Dariewal**

198. **Sardar Atma Singh** : Will the Minister for Public Works be pleased to state—

(a) the year in which the pucca link road from village Sabuwal to Dariewal in tehsil Sultanpur Lodhi was constructed ;

(b) the total mileage of the road mentioned in part (a) above;

(c) the total number of culverts required to be constructed on the said road together with the number of those which have since been constructed :

(d) whether any step is being taken for the construction of the remaining culverts ? If so the estimated expenditure likely to be incurred thereon ;

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ : (ੳ) ਸਬੰਧਤ ਸੜਕ ਇਕ ਨਹੀਂ ਬਲਕਿ ਦੋ ਸੜਕਾਂ ਹਨ ਜਿਨ੍ਹਾਂ ਨੂੰ ਸਾਲ 1979 ਅਤੇ 1975 ਵਿਚ ਵੱਖਰਾ ਵੱਖਰਾ ਮੰਨਜ਼ੂਰ ਤੇ ਪੱਕਾ ਕੀਤਾ ਗਿਆ ਸੀ।

| | | |
|---|---|---|
| (ਅ) (1) ਠੱਠਾ ਖੀਰਾਂਵਾਲੀ ਤੋਂ ਸਾਬੂਵਾਲ ਸੜਕ | ... | 0--30 ਕਿਲੋਮੀਟਰ |
| (2) ਠੱਠਾ ਖੀਰਾਂਵਾਲੀ ਤੋਂ ਦਾਰੇਵਾਲ | ... | 1.40 ਕਿਲੋਮੀਟਰ |
| ਕੁੱਲ | ... | 1.70 ਕਿਲੋਮੀਟਰ |

(ੲ) ਅੱਠ। ਸਾਰੀਆਂ ਪੁਲੀਆਂ ਬਣ ਚੁਕੀਆਂ ਹਨ।

(ਸ) ਕੋਈ ਕਲਵਰਟ ਬਣਾਉਣਾ ਬਾਕੀ ਨਹੀਂ ਰਹਿੰਦਾ।

---

## ANNOUNCEMENTS BY THE SPEAKER *RE*:—

### (i) Governor's Address

**Mr. Speaker :** In pursuance of Rule 18 of the Rules of Procedure and Conduct of Business in the Punjab Vidhan Sabha (Punjab Legislative Assembly), I have to report that the Governor was pleased to Address the Punjab Vidhan Sabha on the 24th February, 1982 under Article 176(1) of the Constitution.

A copy of the Address is laid on the Table of the House.

ਸ੍ਰੀਮਾਨ ਸਪੀਕਰ ਅਤੇ ਮੈਂਬਰ ਸਾਹਿਬਾਨ,

ਅੱਠਵੀਂ ਵਿਧਾਨ ਸਭਾ ਦੇ ਚੌਥੇ ਇਜਲਾਸ ਵਿਚ ਆਉਣ ਤੇ ਮੈਂ ਆਪ ਜੀ ਦਾ ਹਾਰਦਿਕ ਸੁਆਗਤ ਕਰਦਾ ਹਾਂ। ਪੰਜਾਬ ਦੇ ਰਾਜਪਾਲ ਦੇ ਤੌਰ ਤੇ ਇਹ ਮੇਰਾ ਪਹਿਲਾ ਭਾਸ਼ਣ ਹੈ, ਅਤੇ ਮੈਂ ਇਸ ਮਹਾਨ ਸਦਨ ਨੂੰ ਸੰਬੋਧਨ ਕਰਨ ਵਿਚ ਫ਼ਖਰ ਮਹਿਸੂਸ ਕਰ ਰਿਹਾ ਹਾਂ। ਮੈਂ ਇਸ ਮੌਕੇ ਤੇ ਆਪਜੀ ਨੂੰ ਅਤੇ ਪੰਜਾਬ ਦੇ ਮਿਹਨਤੀ ਅਤੇ ਦੇਸ਼ ਭਗਤ ਲੋਕਾਂ ਨੂੰ ਨਵੇਂ ਅਤੇ ਖੁਸ਼ਹਾਲ ਸਾਲ ਲਈ ਸੁਭ ਕਾਮਨਾਵਾਂ ਭੇਂਟ ਕਰਨ ਦੀ ਖੁਸ਼ੀ ਵੀ ਲੈਣਾ ਚਾਹੁੰਦਾ ਹਾਂ।

2. ਸਾਲ 1982, ਜਿਹੜਾ ਅਜੇ ਸ਼ੁਰੂ ਹੀ ਹੋਇਆ ਹੈ, ਸਾਡੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੀ ਦੇ ਸ਼ਬਦਾਂ ਵਿਚ ਉਤਪਾਦਕਤਾ ਦਾ ਸਾਲ ਹੋਵੇਗਾ। ਇਸ ਲਈ ਸਮੁੱਚੇ ਉਤ-ਪਾਦਨ ਨੂੰ, ਜ਼ਰਾਇਤੀ ਅਤੇ ਉਦਯੋਗਿਕ ਖੇਤਰਾਂ ਦੀ ਪੈਦਾਵਾਰ ਨੂੰ ਵਧਾਉਣ ਲਈ ਮੌਜੂਦਾ ਸਮਰਥਾ ਅਤੇ ਵਸੀਲਿਆਂ ਦੀ ਵੱਧ ਤੋਂ ਵੱਧ ਅਤੇ ਸੁਯੋਗ ਵਰਤੋਂ ਉਤੇ ਵਧੇਰੇ ਜ਼ੋਰ ਦਿਤਾ ਜਾਵੇਗਾ। ਸਮਾ-ਜਕ ਨਿਆਂ ਦੇ ਨਾਲ ਨਾਲ ਲਗਾਤਾਰ ਆਰਥਕ ਵਿਕਾਸ ਨੂੰ ਹੋਰ ਤੇਜ਼ ਕਰਨ ਲਈ ਮੇਰੀ ਸਰਕਾਰ ਨਵੇਂ 20 ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ ਨੂੰ ਪੂਰੇ ਤੌਰ ਤੇ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਇਸੇ ਲਈ ਮੇਰੀ ਸਰਕਾਰ ਨੇ ਸਾਲ 1982 ਨੂੰ ਠੀਕ ਹੀ 'ਅਮਲ' ਦਾ ਸਾਲ ਕਰਾਰ ਦਿਤਾ ਹੈ (ਥੰਪਿੰਗ)। ਸਮੇਂ ਬੱਧ ਆਧਾਰ ਤੇ 20 ਨੁਕਾਤੀ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਲਈ ਸਾਰੇ ਖੇਤਰਾਂ ਵਿਚ ਪੁਰਜ਼ੋਰ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ

Original with;
Punjab Vidhan Sabha
Digitized by;
Panjab Digital Library

ਇਸ ਮੰਤਵ ਲਈ ਇਕ ਵਿਸ਼ੇਸ਼ ਅਗਵਾਈ ਸੈਲ ਕਾਇਮ ਕੀਤਾ ਗਿਆ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਪ੍ਰੋਗਰਾਮ ਗਰੀਬੀ ਸਮਾਪਤ ਕਰਨ, ਨਾਬਰਾਬਰੀਆਂ ਖਤਮ ਕਰਨ ਅਤੇ ਸਾਡੇ ਸਮਾਜਕ ਢਾਂਚੇ ਵਿਚੋਂ ਅਨਿਆਂ ਅਤੇ ਅਸਮਾਨਤਾ ਨੂੰ ਦੂਰ ਕਰਨ ਲਈ ਸਹਾਈ ਸਿੱਧ ਹੋਵੇਗਾ। ਇਸ ਲਈ ਲਗਾਤਾਰ ਸਖਤ ਮਿਹਨਤ ਅਤੇ ਏਕਤਾ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਬਣਾਉਣ ਲਈ ਵੱਧ ਤੋਂ ਵੱਧ ਯਤਨ ਕਰਨ ਦੀ ਲੋੜ ਹੈ।

3. ਪਿਛੇ ਜਿਹੇ ਕੁਝ ਰਾਸ਼ਟਰ-ਵਿਰੋਧੀ ਤਾਕਤਾਂ ਨੇ ਰਾਜ ਵਿਚ ਅਮਨ ਅਤੇ ਕਾਨੂੰਨ ਦੀ ਵਿਵਸਥਾ ਨੂੰ ਵਿਗਾੜਨ ਅਤੇ ਫ਼ਿਰਕੂ ਤੇ ਧਾਰਮਿਕ ਤਨਾਉ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਮੇਰੀ ਸਰਕਾਰ ਨੇ ਕਾਨੂੰਨ ਤੇ ਵਿਵਸਥਾ ਤੋੜਨ ਦੀ ਕੋਸ਼ਿਸ਼ ਕਰਨ ਵਾਲੇ ਅਨਸਰਾਂ ਦਾ ਪਤਾ ਲਾਉਣ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਤੁਰੰਤ ਅਤੇ ਪੁਰ ਅਸਰ ਕਾਰਵਾਈ ਕੀਤੀ। ਮਿਤੀ 22 ਸਤੰਬਰ, 1981 ਨੂੰ ਚੰਡੀਗੜ੍ਹ ਵਿਖੇ ਪ੍ਰਧਾਨ ਮੰਤਰੀ ਜੀ ਦੀ ਆਮਦ ਨਾਲ ਰਾਜ ਦੇ ਮਾਹੌਲ ਉਤੇ ਸੁਖਾਵਾਂ ਅਸਰ ਪਿਆ। ਰਾਜ ਸਰਕਾਰ ਦੁਆਰਾ ਪਹਿਲਾਂ ਹੀ ਸਥਾਪਿਤ ਕੀਤੀ ਨਾਗਰਿਕ ਪਰਿਸ਼ਦ ਦੀ ਇਕ ਮੀਟਿੰਗ, ਪੰਜਾਬ ਦੇ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ 29 ਸਤੰਬਰ, 1981 ਨੂੰ ਚੰਡੀਗੜ੍ਹ ਵਿਖੇ ਕੀਤੀ ਜਾ ਚੁਕੀ ਹੈ। ਇਸ ਮੀਟਿੰਗ ਨੇ ਵੀ ਲੋਕਾਂ ਦੀਆਂ ਚਿੰਤਾਵਾਂ ਤੇ ਤਨਾਉ ਨੂੰ ਕਾਫ਼ੀ ਹਦ ਤਕ ਘਟਾਇਆ ਹੈ। ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਜ਼ਿਲ੍ਹਾ ਅਮਨ ਕਮੇਟੀਆਂ ਬਣਾਈਆਂ ਗਈਆਂ ਹਨ। ਪਰਿਸ਼ਦ ਦੀ ਦੂਜੀ ਮੀਟਿੰਗ ਮੇਰੀ ਪ੍ਰਧਾਨਗੀ ਹੇਠ ਪਿਛੇ ਜਿਹੇ ਹੋਈ ਜਿਸ ਵਿਚ ਸਾਰੀਆਂ ਵਿਰੋਧੀ ਪਾਰਟੀਆਂ ਨੇ ਹਿੱਸਾ ਲਿਆ। ਇਨ੍ਹਾਂ ਉਪਾਵਾਂ ਦੇ ਫਲਸਰੂਪ, ਕੁਝ ਗੁਮਰਾਹ, ਰਾਸ਼ਟਰ-ਵਿਰੋਧੀ ਅਤੇ ਫਿਰਕੂ ਅਨਸਰਾਂ ਦੀਆਂ ਸਰਗਰਮੀਆਂ ਦੇ ਬਾਵਜੂਦ ਫਿਰਕੂ ਸਥਿਤੀ ਸ਼ਾਂਤ ਰਹੀ ਹੈ। ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹਨ, ਮੇਰੀ ਸਰਕਾਰ ਧਰਮ-ਨਿਰਪੱਖ ਨੀਤੀਆਂ ਨੂੰ ਅਪਣਾ ਕੇ ਅਤੇ ਅਤਿਵਾਦੀ ਅਨਸਰਾਂ ਦੀਆਂ ਰਾਸ਼ਟਰ-ਵਿਰੋਧੀ ਸਰਗਰਮੀਆਂ ਨੂੰ ਕਾਬੂ ਵਿਚ ਰਖ ਕੇ ਕੌਮੀ ਯਕਜਹਿਤੀ ਕਾਇਮ ਰਖਣ ਲਈ ਵਚਨਬੱਧ ਹੈ।

4. ਵਿਅਕਤੀਆਂ ਵਿਰੁੱਧ ਹਰ ਪ੍ਰਕਾਰ ਦੇ ਜੁਰਮਾਂ ਵਿਚ ਕਾਫ਼ੀ ਕਮੀ ਹੋਈ ਹੈ। ਮੁਜਰਮਾਂ ਦੇ 78 ਗਰੋਹ ਫੜੇ ਗਏ ਅਤੇ ਉਨ੍ਹਾਂ ਤੋਂ 15 ਲੱਖ ਰੁਪਏ ਦਾ ਮਾਲ ਬਰਾਮਦ ਕੀਤਾ ਗਿਆ। ਟ੍ਰੈਫਿਕ ਕਾਨੂੰਨ ਨੂੰ ਅਸਰਦਾਰ ਬਣਾਉਣ ਲਈ ਰਾਜ ਦੀਆਂ ਸਾਰੀਆਂ ਵੱਡੀਆਂ ਸੜਕਾਂ ਤੇ ਮੋਬਾਈਲ ਗਸ਼ਤ ਸ਼ੁਰੂ ਕਰ ਦਿਤੀ ਗਈ ਹੈ।

5. ਪੁਲਿਸ ਕਰਮਚਾਰੀਆਂ ਦੀ ਭਲਾਈ ਲਈ, ਸਾਲ 1981-82 ਦੇ ਦੌਰਾਨ ਮਕਾਨ ਉਸਾਰਨ ਵਾਸਤੇ 1 ਕਰੋੜ 85 ਲੱਖ ਰੁਪਏ ਦੇ ਫੰਡ ਮੁਹੱਈਆ ਕੀਤੇ ਗਏ। (ਥੰਪਿੰਗ) ਪੁਲਿਸ ਕਰਮਚਾਰੀਆਂ ਨੂੰ ਮਕਾਨਾਂ ਦੀਆਂ ਹੋਰ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਰਾਹੀਂ ਹੁਡਕੋ ਤੋਂ 2 ਕਰੋੜ 29 ਲੱਖ ਰੁਪਏ ਦੇ ਵਧੀਕ ਫੰਡ ਪ੍ਰਾਪਤ ਹੋਣ ਦੀ ਸੰਭਾਵਨਾ ਹੈ।

6. ਮੇਰੀ ਸਰਕਾਰ ਰਾਜ ਵਿਚ ਇਕ ਈਮਾਨਦਾਰ ਅਤੇ ਸਵੱਛ ਪ੍ਰਸ਼ਾਸਨ ਪ੍ਰਦਾਨ ਕਰਨ ਲਈ ਪੂਰੀ ਤਰਾਂ ਵਚਨ ਬੱਧ ਹੈ। (ਥੰਪਿੰਗ) ਸਾਲ 1981 ਵਿਚ 105 ਕਰਮਚਾਰੀ, ਜਿਨ੍ਹਾਂ ਵਿਚ 14 ਗਜ਼ਟਿਡ ਅਧਿਕਾਰੀ ਅਤੇ ਇਕ ਗੈਰ-ਸਰਕਾਰੀ ਵਿਅਕਤੀ ਸ਼ਾਮਲ ਸਨ, ਰਿਸ਼ਵਤ ਲੈਂਦੇ ਰੰਗੇ ਹੱਥੀਂ ਫੜੇ ਗਏ। ਇਸ ਤੋਂ ਇਲਾਵਾ 21 ਗਜ਼ਟਿਡ ਅਧਿਕਾਰੀਆਂ ਸਮੇਤ 61 ਕਰਮਚਾਰੀਆਂ ਵਿਰੁੱਧ 40 ਕੇਸ ਭਿਰਸ਼ਟਾਚਾਰ ਰੋਕਥਾਮ ਐਕਟ ਅਧੀਨ ਰਜਿਸਟਰ ਕੀਤੇ ਗਏ। 2 ਗਜ਼ਟਿਡ ਅਧਿਕਾਰੀਆਂ ਸਮੇਤ 35 ਸਰਕਾਰੀ ਕਰਮਚਾਰੀਆਂ ਅਤੇ 12 ਗੈਰ-ਸਰਕਾਰੀ ਵਿਅਕਤੀਆਂ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਵੱਖ ਵੱਖ ਅਦਾਲਤਾਂ ਵਿਚ ਕਾਨੂੰਨ ਅਧੀਨ ਸਜ਼ਾ ਦਿੱਤੀ ਗਈ। 7 ਗਜ਼ਟਿਡ ਅਧਿਕਾਰੀਆਂ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

ਅਤੇ 61 ਹੋਰ ਸਰਕਾਰੀ ਕਰਮਚਾਰੀਆਂ ਦੀ ਵਿਭਾਗੀ ਤੌਰ ਤੇ ਪੜਤਾਲ ਕੀਤੀ ਗਈ ਅਤੇ ਸਜ਼ਾਵਾਂ ਦਿੱਤੀਆਂ ਗਈਆਂ। ਚੌਕਸੀ ਬਿਊਰੋ ਵਲੋਂ ਕੀਤੀਆਂ ਗਈਆਂ ਪੜਤਾਲਾਂ ਦੇ ਸਿੱਟੇ ਵਜੋਂ 89 ਗਜ਼ਟਿਡ ਅਧਿਕਾਰੀਆਂ ਅਤੇ 81 ਸਰਕਾਰੀ ਕਰਮਚਾਰੀਆਂ ਵਿਰੁੱਧ ਕਾਰਵਾਈ ਦੀ ਸਿਫ਼ਾਰਸ਼ ਕੀਤੀ ਗਈ। ਮੇਰੀ ਸਰਕਾਰ ਈਮਾਨਦਾਰ ਅਫ਼ਸਰਾਂ ਦੀ ਪੂਰੀ ਪੂਰੀ ਹੌਸਲਾ ਅਫ਼ਜ਼ਾਈ ਕਰਦੀ ਰਹੇਗੀ ਅਤੇ ਕੋਈ ਵੀ ਬੇਈਮਾਨ ਅਫ਼ਸਰ ਛੱਡਿਆ ਨਹੀਂ ਜਾਵੇਗਾ। (ਥੰਪਿੰਗ)

7. ਰਾਵੀ-ਬਿਆਸ ਦੇ ਵਾਧੂ ਪਾਣੀ ਦੀ ਵੰਡ ਸਬੰਧੀ ਚਲਿਆ ਆ ਰਿਹਾ ਚਿਰੋਕਾ ਝਗੜਾ ਰਾਸ਼ਟਰੀ ਹਿਤ ਅਨੁਸਾਰ ਨਿਪਟਾ ਲਿਆ ਗਿਆ ਹੈ। (ਥੰਪਿੰਗ)

8. ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹੀ ਹਨ ਕਿ ਖੇਤੀਬਾੜੀ ਦੇ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਲੋੜ ਸੁਯੋਗ ਅਤੇ ਕਾਫੀ ਸਿੰਜਾਈ ਸਹੂਲਤਾਂ ਦੀ ਪ੍ਰਾਪਤੀ ਹੈ। ਸਾਲ 1981-82 ਦੇ ਦੌਰਾਨ ਨਵੀਆਂ ਸਿੰਜਾਈ ਸਕੀਮਾਂ ਨੂੰ ਅਮਲ ਵਿਚ ਲਿਆ ਕੇ 39,000 ਹੈਕਟੇਅਰ ਰਕਬੇ ਲਈ ਸਿੰਜਾਈ ਦੀਆਂ ਨਵੀਆਂ ਸਹੂਲਤਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਰਜਵਾਹੇ ਅਤੇ ਸੂਇਆਂ ਨੂੰ ਪੱਕਾ ਕਰਕੇ 21,000 ਹੈਕਟੇਅਰ ਰਕਬੇ ਵਿਚ ਸਿੰਜਾਈ ਦੀਆਂ ਸਹੂਲਤਾਂ ਵੱਧ ਜਾਣ ਦੀ ਆਸ ਹੈ। ਆਉਣ ਵਾਲੇ 1982-83 ਸਾਲ ਦੇ ਦੌਰਾਨ ਨਵੀਆਂ ਸਿੰਜਾਈ ਸਕੀਮਾਂ ਦੇ ਫਲਸਰੂਪ 29,000 ਹੈਕਟੇਅਰ ਰਕਬੇ ਵਿਚ ਅਤੇ ਰਜਵਾਹਿਆਂ ਅਤੇ ਸੂਇਆਂ ਨੂੰ ਪੱਕਿਆਂ ਕਰਨ ਨਾਲ 15,000 ਹੈਕਟੇਅਰ ਹੋਰ ਰਕਬੇ ਵਿਚ ਸਿੰਜਾਈ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ। ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਅਗਲੇ ਸਾਲ ਦੇ ਦੌਰਾਨ, 3,500 ਕਿਲੋਮੀਟਰ ਖਾਲਾਂ ਪੱਕੀਆਂ ਕਰ ਰਹੀ ਹੈ, ਜਿਸ ਨਾਲ 28,000 ਹੈਕਟੇਅਰ ਰਕਬੇ ਦੀ ਸਿੰਜਾਈ ਹੋ ਸਕੇਗੀ। ਰਾਜ ਵਿਚ ਜਿਥੇ ਸੇਮ ਨਾਲ ਨੁਕਸਾਨ ਹੁੰਦਾ ਹੈ, ਉਸਨੂੰ ਰੋਕਣ ਵਲ ਵੀ ਮੇਰੀ ਸਰਕਾਰ ਨੇ ਉਚਿਤ ਧਿਆਨ ਦਿੱਤਾ ਹੈ ਅਤੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਚਾਲੂ ਵਿੱਤੀ ਸਾਲ ਦੇ ਦੌਰਾਨ 2 ਕਰੋੜ ਰੁਪਏ ਖਰਚ ਕੀਤੇ ਗਏ ਹਨ। ਵਿਸ਼ਵ ਬੈਂਕ ਸਹਾਇਤਾ ਪ੍ਰਾਜੈਕਟ ਦੇ ਸਹਿਯੋਗ ਨਾਲ ਕੰਡੀ ਦੇ ਪਛੜੇ ਹੋਏ ਇਲਾਕੇ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

9. ਬਿਜਲੀ ਦੀ, ਵਿਸ਼ੇਸ਼ ਕਰਕੇ ਜ਼ਰਾਇਤੀ ਅਤੇ ਉਦਯੋਗਿਕ ਖੇਤਰਾਂ ਵਿਚ ਮੰਗ ਅਤੇ ਪ੍ਰਾਪਤੀ ਵਿਚਕਾਰ ਵੱਡੇ ਖੱਪੇ ਨੂੰ ਮੁੱਖ ਰਖਦੇ ਹੋਏ, ਮੇਰੀ ਸਰਕਾਰ ਨੇ ਯੋਜਨਾ ਦਾ ਖਰਚ ਮਿੱਥਣ ਦੇ ਮਾਮਲੇ ਵਿਚ ਬਿਜਲੀ ਦੇ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। (ਥੰਪਿੰਗ) ਸਾਲ 1982-83 ਲਈ 385 ਕਰੋੜ ਰੁਪਏ ਦੀ ਕੁਲ ਯੋਜਨਾ ਲਾਗਤ ਵਿਚੋਂ, ਜੋ ਆਪਣੇ ਆਪ ਵਿਚ ਪਿਛਲੇ ਸਾਲ ਦੀ 340 ਕਰੋੜ ਰੁਪਏ ਦੀ ਕੁਲ ਲਾਗਤ ਨਾਲੋਂ 13 ਪ੍ਰਤੀਸ਼ਤ ਵੱਧ ਹੈ, ਇਸ ਖੇਤਰ ਵਾਸਤੇ 189.38 ਕਰੋੜ ਰੁਪਏ ਦੀ ਰਕਮ, ਜੋ ਕੁਲ ਯੋਜਨਾ ਖਰਚ ਦਾ 49% ਹੈ, ਰਖੀ ਗਈ ਹੈ (ਥੰਪਿੰਗ)। ਜਦੋਂ ਕਿ ਸਾਲ 1981-82 ਵਿਚ 133.60 ਕਰੋੜ ਰੁਪਏ ਦੀ ਰਕਮ ਟਿੱਕੀ ਗਈ ਸੀ, ਜਿਹੜੀ ਕਿ ਕੁਲ ਯੋਜਨਾ ਖਰਚ ਦਾ 39% ਸੀ। ਚਲ ਰਹੇ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਮੁਕੰਮਲ ਕਰਨ ਲਈ ਵੀ ਜ਼ੋਰਦਾਰ ਉੱਦਮ ਕੀਤੇ ਗਏ ਹਨ ਅਤੇ ਆਨੰਦਪੁਰ ਸਾਹਿਬ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਹੋਰ ਪ੍ਰਾਜੈਕਟਾਂ ਨੂੰ ਚਾਲੂ ਕਰਨ ਦੀ ਮਿਤੀ ਨੂੰ ਕਾਫ਼ੀ ਅਗੇਤਰੇ ਨਿਸ਼ਚਿਤ ਕਰਕੇ ਇਨ੍ਹਾਂ ਤੋਂ ਛੇਤੀ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਨੰਦਪੁਰ ਸਾਹਿਬ ਅਤੇ ਮੁਕੇਰੀਆਂ ਪ੍ਰਾਜੈਕਟਾਂ ਦੇ ਪਹਿਲੇ ਯੂਨਿਟ 1982-83 ਦੇ ਦੌਰਾਨ ਚਾਲੂ ਕਰ ਦਿਤੇ ਜਾਣਗੇ। ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਗੁਆਂਢੀ ਰਾਜਾਂ ਦੀਆਂ ਹਾਈਡਲ ਪ੍ਰਾਜੈਕਟ ਸਕੀਮਾਂ ਵਿਚ ਹਿਸਾ ਪਾਉਣ ਦੀਆਂ ਸੰਭਾਵਨਾਵਾਂ ਬਾਰੇ

Original with;
Punjab Vidhan Sabha
Digitized by;
Panjab Digital Library

ਵੀ ਵਿਚਾਰ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਮੇਰੀ ਸਰਕਾਰ ਨਹਿਰਾਂ ਦੀਆਂ ਝਾਲਾਂ ਤੋਂ ਮਾਈਕਰੋ ਬਿਜਲੀ ਪੈਦਾ ਕਰਨ ਦੀਆਂ ਕੁਝ ਸਕੀਮਾਂ ਨੂੰ ਵੀ ਹੱਥ ਵਿਚ ਲੈਣ ਬਾਰੇ ਸੋਚ ਰਹੀ ਹੈ। ਇਸ ਕੰਮ ਲਈ ਇਕ ਪ੍ਰਾਜੈਕਟ ਖੋਜ-ਸੰਗਠਨ ਸਥਾਪਤ ਕੀਤਾ ਗਿਆ ਹੈ, ਜਿਹੜਾ ਕਿ ਸਮੇਂ ਬੱਧ ਪ੍ਰੋਗਰਾਮ ਦੇ ਅਧਾਰ ਤੇ 125 ਮੈਗਾਵਾਟ ਦੀ ਸਮਰੱਥਾ ਦੀਆਂ ਸੰਭਾਵੀ ਸਕੀਮਾਂ ਨੂੰ ਅੰਤਮ ਰੂਪ ਦੇਵੇਗਾ।

10. ਭਾਰਤ ਸਰਕਾਰ ਬੈਰਾ ਸਿਉਲ ਪ੍ਰਾਜੈਕਟ ਅਤੇ ਸਿੰਗਰੋਲੀ ਸੁਪਰ ਪਾਵਰ ਥਰਮਲ ਸਟੇਸ਼ਨ ਤੋਂ ਵੀ ਰਾਜ ਨੂੰ ਬਿਜਲੀ ਦੇਣ ਲਈ ਸਹਿਮਤ ਹੋ ਗਈ ਹੈ। ਅਸੀਂ ਭਾਰਤ ਸਰਕਾਰ ਨੂੰ ਹੋਰ ਕੇਂਦਰੀ ਪ੍ਰਾਜੈਕਟਾਂ, ਜਿਵੇਂ ਕਿ ਰਾਜਸਥਾਨ ਪ੍ਰਮਾਣੂ ਪਲਾਂਟ, ਤੋਂ ਬਿਜਲੀ ਦੇਣ ਲਈ ਵੀ ਬੇਨਤੀ ਕਰ ਰਹੇ ਹਾਂ। ਕੇਂਦਰੀ ਸਰਕਾਰ ਸਾਡੇ ਰਾਜ ਵਿਚ ਇਕ ਪ੍ਰਮਾਣੂ ਪਾਵਰ ਪਲਾਂਟ ਲਾਉਣ ਲਈ ਵੀ ਸਾਡੀ ਬੇਨਤੀ ਉਤੇ ਵਿਚਾਰ ਕਰ ਰਹੀ ਹੈ।

11. ਮੇਰੀ ਸਰਕਾਰ ਨੇ ਲਾਈਨਾਂ ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਸੁਧਾਰ ਸਕੀਮ ਨੂੰ ਅਮਲ ਵਿਚ ਲਿਆਉਣ ਲਈ ਪ੍ਰਭਾਵਸ਼ਾਲੀ ਕਦਮ ਉਠਾਏ ਹਨ। ਲਾਈਨਾ ਦਾ ਨੁਕਸਾਨ ਜਿਹੜਾ 1979-80 ਵਿਚ 22.9 ਪ੍ਰਤੀਸ਼ਤ ਸੀ, 1980-81 ਵਿਚ ਘਟ ਕੇ 20.03 ਪ੍ਰਤੀਸ਼ਤ ਰਹਿ ਗਿਆ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਸਾਲ 1981-82 ਦੇ ਅੰਤ ਤਕ ਇਹ ਨੁਕਸਾਨ ਹੋਰ ਵੀ ਕਾਫ਼ੀ ਘਟ ਜਾਏਗਾ।

12. ਮੇਰੀ ਸਰਕਾਰ ਨੇ ਸਾਇੰਸ ਅਤੇ ਟੈਕਨਾਲੋਜੀ ਨਾਂ ਦਾ ਇਕ ਨਵਾਂ ਵਿਭਾਗ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜਿਹੜਾ ਨਵੀਨਤਮ ਗਿਆਨ ਅਤੇ ਖੋਜ ਦੇ ਸਿੱਟਿਆਂ ਦੀ ਵਰਤੋਂ ਕਰਕੇ ਰਾਜ ਦੇ ਉਦਯੋਗਾਂ ਅਤੇ ਖੇਤੀਬਾੜੀ ਦਾ ਵਿਕਾਸ ਕਰੇਗਾ। ਇਹ ਵਿਭਾਗ ਸ਼ਕਤੀ ਦੇ ਸਥਾਈ ਸੋਮਿਆਂ, ਜਿਵੇਂ ਕਿ ਸੂਰਜੀ ਸ਼ਕਤੀ, ਬਾਇਓ ਸ਼ਕਤੀ ਅਤੇ ਪੌਣ ਸ਼ਕਤੀ ਦੀ ਲਾਹੇਵੰਦ ਵਰਤੋਂ ਦੇ ਪ੍ਰੋਗਰਾਮ ਉਲੀਕੇਗਾ।

13. ਮੇਰੀ ਸਰਕਾਰ ਦੁਆਰਾ ਕਾਰਜ-ਭਾਰ ਸੰਭਾਲਣ ਦੇ ਸਮੇਂ ਤੋਂ ਅਪਣਾਈਆਂ ਗਈਆਂ ਅਗਾਂਹਵਧੂ ਪਾਲਸੀਆਂ ਦੇ ਨਤੀਜੇ ਵਜੋਂ ਰਾਜ ਵਿਚ ਬਹੁਮੁਖੀ ਵਿਕਾਸ ਹੋਇਆ ਹੈ, ਖੁਸ਼ਹਾਲੀ ਵਧੀ ਹੈ ਅਤੇ ਸਮਾਜਿਕ ਲਿਆਂ ਦੀ ਸਥਾਪਨਾ ਹੋਈ ਹੈ। ਰਾਜ ਵਿਚ ਭਾਰੀ ਅਤੇ ਲੰਮੇ ਸੋਕੇ ਦੇ ਬਾਵਜੂਦ ਜ਼ਰਾਇਤੀ ਪੈਦਾਵਾਰ ਵਿਚ ਵਾਧਾ ਹੋਇਆ ਹੈ। ਆਸ ਹੈ ਕਿ ਖਰੀਫ 1981 ਦੀ ਚਾਵਲ ਦੀ ਪੈਦਾਵਾਰ 36.50 ਲੱਖ ਮੀਟਰਕ ਟਨ ਤਕ ਪਹੁੰਚ ਜਾਵੇਗੀ ਜੋ ਹੁਣ ਤਕ ਸਭ ਤੋਂ ਉਚਾ ਰਿਕਾਰਡ ਹੋਵੇਗੀ। ਅਸਲ ਵਿਚ ਫਰਵਰੀ, 1982 ਦੇ ਪਹਿਲੇ ਹਫਤੇ ਤਕ ਲਗ ਭਗ 51 ਲੱਖ ਮੀਟਰਕ ਟਨ ਤੋਂ ਵੱਧ ਝੋਨਾ ਮੰਡੀਆਂ ਵਿਚ ਆ ਚੁਕਾ ਸੀ।(ਥੰਪਿੰਗ) ਜਦ ਕਿ ਪਿਛਲੇ ਸਾਲ ਇਸ ਸਮੇਂ ਦੇ ਦੌਰਾਨ 43.88 ਲੱਖ ਮੀਟਰਕ ਟਨ ਝੋਨਾ ਪਹੁੰਚਿਆ ਸੀ। ਸਖਤ ਸੋਕੇ ਦੇ ਬਾਵਜੂਦ ਝੋਨੇ ਦੀ ਪੈਦਾਵਾਰ ਵਿਚ ਹੋਇਆ ਇਹ ਵਾਧਾ ਤਾਂ ਹੀ ਸੰਭਵ ਹੋ ਸਕਿਆ ਹੈ ਕਿਉਂਕਿ ਝੋਨੇ ਦੀ ਫਸਲ ਦੇ ਦਿਨਾਂ ਵਿਚ ਹੋਰ ਪਾਸਿਆਂ ਤੋਂ ਰੋਕ ਕੇ ਟਿਊਬਵੈੱਲਾਂ ਨੂੰ ਯਕੀਨੀ ਤੌਰ ਤੇ 12 ਘੰਟੇ ਬਿਜਲੀ ਦੇਣ ਦਾ ਸੁਚੇਤ ਯਤਨ ਕੀਤਾ ਗਿਆ। (ਥੰਪਿੰਗ) ਭਾਵੇਂ ਇਸ ਨਾਲ ਪੰਜਾਬ ਰਾਜ ਬਿਜਲੀ ਬੋਰਡ ਨੂੰ ਆਪਣੀ ਆਮਦਨ ਵਿਚ ਕਾਫੀ ਘਾਟਾ ਬਰਦਾਸ਼ਤ ਕਰਨਾ ਪਿਆ। ਇਹ ਬੜੇ ਮਾਣ ਦੀ ਗੱਲ ਹੈ ਕਿ ਪੰਜਾਬ ਕੇਂਦਰੀ ਪੂਲ ਲਈ ਸਭ ਤੋਂ ਵੱਧ ਅਨਾਜ ਮੁਹੱਈਆ ਕਰਨ ਵਾਲਾ ਰਾਜ ਚਲਿਆ ਆ ਰਿਹਾ ਹੈ। ਸਾਡੇ ਰਾਜ ਲਈ 26 ਲੱਖ ਮੀਟਰਕ ਟਨ ਚਾਵਲ ਦੀ ਖਰੀਦ ਦਾ ਨਿਸ਼ਾਨਾ ਰਖਿਆ ਗਿਆ ਹੈ ਪਰ ਸਾਨੂੰ ਯਕੀਨ ਹੈ ਕਿ ਅਸੀਂ 29 ਲੱਖ ਮੀਟਰਕ ਟਨ ਚਾਵਲ ਕੇਂਦਰੀ ਪੂਲ ਵਿਚ ਪਾਵਾਂਗੇ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

14. ਮੇਰੀ ਸਰਕਾਰ ਨੇ 226 ਥਾਵਾਂ ਤੇ ਨਵੀਆਂ ਮੰਡੀਆਂ ਬਣਾਉਣ ਦਾ ਮਾਸਟਰ ਪਲਾਨ ਤਿਆਰ ਕੀਤਾ ਹੈ, ਜਿਨ੍ਹਾਂ ਵਿਚੋਂ 110 ਮੰਡੀਆਂ ਸ਼ਹਿਰੀ ਹਲਕਿਆਂ ਵਿਚ ਅਤੇ 116 ਦਿਹਾਤੀ ਖੇਤਰਾਂ ਵਿਚ ਹੋਣਗੀਆਂ। ਨਵੀਆਂ ਮੰਡੀਆਂ ਵਸਾਉਣ ਲਈ 99 ਥਾਵਾਂ ਤੇ ਜ਼ਮੀਨ ਹਾਸਲ ਕੀਤੀ ਜਾ ਚੁਕੀ ਹੈ ਅਤੇ 50 ਮੰਡੀਆਂ ਦੀ ਸਥਾਪਨਾ ਦਾ ਕਾਰਜ ਮੁਕੰਮਲ ਕੀਤਾ ਜਾ ਚੁਕਾ ਹੈ। ਯੰਤਰਾਂ ਦ ਪ੍ਰਬੰਧ ਅਤੇ ਹੋਰ ਸਹੂਲਤਾਂ ਮੁਹੱਈਆ ਕਰਕੇ ਮੌਜੂਦਾ ਮੰਡੀਆਂ ਨੂੰ ਵੀ ਸੁਧਾਰਨ ਦੀ ਤਜਵੀਜ਼ ਹੈ।

15. ਵਪਾਰਿਕ ਫਸਲਾਂ ਦੀ ਪੈਦਾਵਾਰ ਵਧਾਉਣ ਦੇ ਖੇਤਰ ਵਿਚ ਮੇਰੀ ਸਰਕਾਰ ਦੀ ਕਾਰ-ਗੁਜ਼ਾਰੀ ਬਹੁਤ ਪ੍ਰਭਾਵਸ਼ਾਲੀ ਰਹੀ ਹੈ। ਸਾਲ 1980 81 ਦੇ ਦੌਰਾਨ ਕਪਾਹ ਦੀ ਉਪਜ 11.78 ਲੱਖ ਗੰਢਾਂ ਸੀ, ਜਦੋਂ ਕਿ ਇਸ ਸਾਲ ਇਹ ਉਪਜ ਵੱਧ ਕੇ 13 ਲੱਖ ਗੰਢਾਂ ਹੋ ਜਾਵੇਗੀ। ਇਸੇ ਤਰ੍ਹਾਂ ਸਾਲ 1980-81 ਦੇ ਦੌਰਾਨ ਗੰਨੇ ਦੀ ਉਪਜ 3.97 ਲੱਖ ਮੀਟਰਕ ਟਨ ਤੋਂ ਵੱਧ ਕੇ ਸਾਲ 1981-82 ਦੇ ਦੌਰਾਨ 5.55 ਲੱਖ ਮੀਟਰਕ ਟਨ ਹੋ ਜਾਣ ਦੀ ਆਸ ਹੈ। ਪੰਜਾਬ ਸਰਕਾਰ ਵਲੋਂ ਗੰਨੇ ਦੀਆਂ ਉਚਿਤ ਕੀਮਤਾਂ ਦੇ ਐਲਾਨ ਕਰਨ ਅਤੇ ਕਪਾਹ ਦੀਆਂ ਮੰਡੀਆਂ ਵਿਚ ਮਾਰਕਫੈਡ ਵਲੋਂ ਕੀਤੇ ਕਾਰਗਰ ਕਾਰਜਾਂ ਸਦਕਾ ਇਨ੍ਹਾਂ ਫਸਲਾਂ ਦੇ ਉਤਪਾਦਕਾਂ ਨੂੰ ਚੰਗੀਆਂ ਕੀਮਤਾਂ ਮਿਲੀਆਂ ਹਨ। ਇਹ ਸਾਰੀਆਂ ਪ੍ਰਾਪਤੀਆਂ ਰਾਜ ਸਰਕਾਰ ਦੁਆਰਾ ਰਸਾਇਣਿਕ ਖਾਦਾਂ ਦੀ ਵਰਤੋਂ ਨੂੰ 112 ਕਿਲੋ ਗਰਾਮ ਪ੍ਰਤੀ ਹੈਕਟੇਅਰ ਤਕ ਵਧਾਉਣ ਲਈ ਕੀਤੇ ਗਏ ਲਗਾਤਾਰ ਯਤਨਾਂ ਸਦਕਾ ਵੀ ਹੋਈਆਂ ਹਨ, ਜੋ ਕਿ ਦੁਨੀਆਂ ਦੇ ਵਿਕਸਿਤ ਦੇਸ਼ਾਂ ਵਿਚ ਰਸਾਇਣਿਕ ਖਾਦਾਂ ਦੀ ਖਪਤ ਦੇ ਬਰਾਬਰ ਬੈਠਦੀ ਹੈ ਇਸੇ ਤਰ੍ਹਾਂ ਉਨਤ ਬੀਜਾਂ ਦੀ ਸਪਲਾਈ ਅਤੇ ਕਣਕ ਨੂੰ ਕੁੰਗੀ ਦੀ ਬਿਮਾਰੀ ਤੋਂ ਬਚਾਉਣ ਲਈ ਧੂਪ ਲੁਆ ਕੇ ਇਸ ਦਾ ਸੁਧਾਰ ਕਰਨ ਦੀ ਵਿਧੀ ਨੂੰ ਅਪਣਾ ਕੇ ਪੈਦਾਵਾਰ ਵਿਚ ਵਾਧਾ ਕੀਤਾ ਗਿਆ ਹੈ। ਸ਼ੋਰੇ ਕੱਲਰ ਵਾਲੀ ਜ਼ਮੀਨ ਦੇ ਸੁਧਾਰ ਨਾਲ ਵੀ ਇਸ ਕੰਮ ਵਿਚ ਕਾਫੀ ਸਹਾਇਤਾ ਮਿਲੀ ਹੈ। ਸਾਲ 1981-82 ਵਾਸਤੇ ਇਸ ਕਾਰਜ ਲਈ 4.42 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜਿਸ ਨਾਲ 32,000 ਹੈਕਟੇਅਰ ਰਕਬੇ ਦਾ ਸੁਧਾਰ ਕੀਤਾ ਜਾਵੇਗਾ। ਪਿਛਲੇ ਦੋ ਸਾਲਾਂ ਵਿਚ ਜਿਪਸਮ ਲਈ ਦਿਤੀ ਗਈ ਸਬਸਿਡੀ ਅਤੇ ਵੰਡਿਆ ਗਿਆ ਕੁਲ ਜਿਪਸਮ ਮਜਮੂਈ ਤੌਰ ਤੇ ਕਿਸੇ ਵੀ ਦੋ ਸਾਲਾਂ ਨਾਲੋਂ ਵੱਧ ਹੈ।

16. ਮੇਰੀ ਸਰਕਾਰ, ਕਰਜ਼ਿਆਂ ਦੀ ਵੰਡ ਲਈ ਵਿਸ਼ੇਸ਼ ਕਰਕੇ ਕਿਸਾਨਾਂ ਦੇ ਕਮਜ਼ੋਰ ਵਰਗਾਂ ਨੂੰ ਸਹਿਕਾਰੀ ਸਭਾਵਾਂ ਰਾਹੀਂ ਕਰਜ਼ੇ ਦੇਣ ਨੂੰ ਵਿਸ਼ੇਸ਼ ਮਹੱਤਤਾ ਦੇਂਦੀ ਰਹੇਗੀ। ਮੁਢਲੀਆਂ ਜ਼ਰਾਇਤੀ ਸੇਵਾ ਸੁਸਾਇਟੀਆਂ ਅਤੇ ਕੇਂਦਰੀ ਸਹਿਕਾਰੀ ਬੈਂਕ ਸਾਲ 1981-82 ਦੇ ਦੌਰਾਨ ਅਲਪ ਕਾਲੀ ਅਤੇ ਦਰਮਿਆਨੇ ਸਮੇਂ ਦੇ ਕੁਲ 250 ਕਰੋੜ ਰੁਪਏ ਦੇ ਕਰਜ਼ੇ ਦੇਣ ਦੇ ਯੋਗ ਹੋਣਗੇ। (ਥੰਪਿੰਗ) ਜਦੋਂ ਕਿ ਸਾਲ 1980-81 ਦੇ ਦੌਰਾਨ ਇਹ ਕਰਜ਼ੇ 220 ਕਰੋੜ ਰੁਪਏ ਦੇ ਸਨ। ਆਉਂਦੇ ਸਾਲ ਦੇ ਦੌਰਾਨ 275 ਕਰੋੜ ਰੁਪਏ ਤਕ ਦੇ ਕਰਜ਼ੇ ਦਿੱਤੇ ਜਾਣ ਦੀ ਸੰਭਾਵਨਾ ਹੈ। (ਥੰਪਿੰਗ) ਵਿਅਕਤੀਗਤ ਕਰਜ਼ੇ ਦੀ ਹੱਦ 12,000 ਰੁਪਏ ਤੋਂ ਵਧਾ ਕੇ 15,000 ਰੁਪਏ ਕਰ ਦਿਤੀ ਗਈ ਹੈ। (ਥੰਪਿੰਗ) ਬਾਗਬਾਨੀ, ਮੁਰਗੀ-ਪਾਲਣ ਅਤੇ ਡੇਅਰੀ ਫਾਰਮਿੰਗ ਦੇ ਵਿਕਾਸ ਲਈ ਦੀਰਘਕਾਲੀ ਕਰਜ਼ੇ ਦੇਣ ਵਾਸਤੇ ਪ੍ਰੋਗਰਾਮ ਬਣਾਏ ਗਏ ਹਨ।

17. ਜ਼ਰਾਇਤੀ ਪੈਦਾਵਾਰ ਵਿਚ ਵਿਭਿੰਨਤਾ ਲਿਆਉਣ ਲਈ ਬਾਗਬਾਨੀ ਦੇ ਵਿਕਾਸ ਵਾਸਤੇ ਇਕ ਵਿਸ਼ਾਲ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਮੰਤਵ ਲਈ 1.00 ਕਰੋੜ ਰੁਪਏ ਦੇ ਸੰਸਥਾਵੀ ਵਿੱਤ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ 1.1 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

ਇਹ ਖਰਚ 2,000 ਹੈਕਟੇਅਰ ਹੋਰ ਰਕਬੇ ਨੂੰ ਫਲਦਾਰ ਬੂਟਿਆਂ, 2,000 ਹੈਕਟੇਅਰ ਨੂੰ ਆਲੂਆਂ ਅਤੇ 5,000 ਹੈਕਟੇਅਰ ਨੂੰ ਸਬਜ਼ੀਆਂ ਦੀ ਕਾਸ਼ਤ ਅਧੀਨ ਲਿਆਉਣ ਵਿਚ ਸਹਾਈ ਹੋਵੇਗਾ। ਇਸੇ ਤਰ੍ਹਾਂ ਚੰਗੇਰੇ ਭੋਂ-ਪ੍ਰਬੰਧ ਲਈ 2.5 ਕਰੋੜ ਰੁਪਏ ਅਤੇ ਜੰਗਲਾਤ ਅਤੇ ਭੋਂ-ਸੰਭਾਲ ਸਕੀਮ ਨੂੰ ਲਾਗੂ ਕਰਨ ਲਈ 1.18 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਇਹ ਰਕਮ ਰਾਸ਼ਟਰੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ ਅਧੀਨ ਉਪਬੰਧ ਕੀਤੇ ਗਏ 30 ਲੱਖ ਰੁਪਏ ਤੋਂ ਇਲਾਵਾ ਹੈ। ਫਾਰਮਾਂ ਵਿਚ ਬ੍ਰਿਛ ਲਾਉਣ ਦੇ ਪ੍ਰੋਗਰਾਮ ਅਧੀਨ 2.5 ਕਰੋੜ ਪੌਦੇ ਸਪਲਾਈ ਕਰਨ ਦੀ ਤਜਵੀਜ਼ ਹੈ।

18. ਪਸ਼ੂ-ਧਨ ਦੇ ਵਿਕਾਸ ਵਲ ਉਚਿਤ ਧਿਆਨ ਨਾ ਦੇਣ ਕਾਰਨ ਦਿਹਾਤੀ ਆਰਥਕਤਾ ਨੂੰ ਨੁਕਸਾਨ ਪੁਜ ਸਕਦਾ ਹੈ। ਇਸ ਲਈ ਮੇਰੀ ਸਰਕਾਰ ਨੇ 5.50 ਲੱਖ ਪਸ਼ੂਆਂ ਨੂੰ ਮਸਨੂਈ ਟੀਕੇ ਲਾ ਕੇ ਨਸਲ ਸੁਧਾਰਨ ਦਾ ਟੀਚਾ ਮਿਥਿਆ ਹੈ। ਡੇਅਰੀ ਵਿਕਾਸ ਲਈ 724 ਛੋਟੇ ਡੇਅਰੀ ਯੂਨਿਟ ਸਥਾਪਤ ਕੀਤੇ ਗਏ ਹਨ ਅਤੇ ਅਜਿਹੇ 100 ਹੋਰ ਯੂਨਿਟ ਵਿੱਤੀ ਸਾਲ ਦੇ ਅੰਤ ਤਕ ਕਾਇਮ ਕੀਤੇ ਜਾਣਗੇ। ਦਿਹਾਤੀ ਇਲਾਕਿਆਂ ਵਿਚ ਦੁੱਧ ਉਤਪਾਦਕਾਂ ਦਾ ਦੁੱਧ ਖਰੀਦਣ ਲਈ 10 ਨਵੇਂ ਦੁੱਧ ਠੰਢਾ ਕਰਨ ਵਾਲੇ ਕੇਂਦਰ ਕਾਇਮ ਕੀਤੇ ਜਾ ਰਹੇ ਹਨ, ਜਿਹੜੇ ਛੇਤੀ ਹੀ ਮੁਕੰਮਲ ਹੋ ਜਾਣਗੇ। ਪੰਜਾਬ ਡੇਅਰੀ ਵਿਕਾਸ ਕਾਰਪੋਰੇਸ਼ਨ ਦੇ ਯਤਨਾਂ ਸਦਕਾ ਰਾਜ ਵਿਚ ਤਰਲ ਦੁੱਧ ਦੀ ਸਪਲਾਈ 30 ਪ੍ਰਤੀਸ਼ਤ ਵੱਧ ਗਈ ਹੈ (ਥੰਪਿੰਗ) ਅਤੇ ਇਹ ਦੱਸਣ ਵਿਚ ਮੈਨੂੰ ਖੁਸ਼ੀ ਹੈ ਕਿ ਦੁੱਧ ਦੀ ਜੀਅ-ਪ੍ਰਤੀ ਰੋਜ਼ਾਨਾ ਉਪਲੱਬਧੀ 541 ਗਰਾਮ ਤਕ ਪਹੁੰਚ ਗਈ ਹੈ (ਥੰਪਿੰਗ) ਜਿਹੜੀ ਕਿ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। (ਥੰਪਿੰਗ) ਰਾਜ ਤੇਜ਼ੀ ਨਾਲ ਸਫੈਦ ਇਨਕਲਾਬ ਦੇ ਟੀਚੇ ਵਲ ਵੱਧ ਰਿਹਾ ਹੈ ਅਤੇ ਇਸ ਮੰਤਵ ਲਈ 'ਅਨੰਦ' ਦੇ ਨਮੂਨੇ ਉਤੇ ਹੀ 1,553 ਸੁਸਾਇਟੀਆਂ ਕਾਇਮ ਕੀਤੀਆਂ ਜਾ ਚੁੱਕੀਆਂ ਹਨ ਅਤੇ ਸਾਲ 1982-83 ਵਿਚ 833 ਹੋਰ ਸੁਸਾਇਟੀਆਂ ਸੰਗਠਤ ਕੀਤੀਆਂ ਜਾਣਗੀਆਂ। ਜਲੰਧਰ, ਹੁਸ਼ਿਆਰਪੁਰ ਅਤੇ ਬਠਿੰਡਾ ਵਿਖੇ ਦੁੱਧ ਪਲਾਂਟਾਂ ਦੀ ਸਮਰਥਾ ਵਿਚ ਵਾਧਾ ਕੀਤਾ ਜਾ ਰਿਹਾ ਹੈ ਅਤੇ ਪਟਿਆਲਾ ਤੇ ਗੁਰਦਾਸਪੁਰ ਵਿਖੇ ਨਵੇਂ ਪਲਾਂਟ ਲਾਉਣ ਦੇ ਕੰਮ ਨੂੰ ਹੱਥ ਵਿਚ ਲਿਆ ਗਿਆ ਹੈ। ਮੱਛੀ ਪਾਲਣ ਦੇ ਵਿਕਾਸ ਨੂੰ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। 1981-82 ਦੇ ਅੰਤ ਤਕ 1,000 ਹੈਕਟੇਅਰ ਪਾਣੀ ਵਾਲੇ ਰਕਬੇ ਨੂੰ ਮੱਛੀ ਪਾਲਣ ਅਧੀਨ ਲਿਆਂਦਾ ਜਾਵੇਗਾ ਅਤੇ ਆਉਂਦੇ ਸਾਲ ਇਸ ਰਕਬੇ ਵਿਚ 200 ਹੈਕਟੇਅਰ ਦਾ ਹੋਰ ਵਾਧਾ ਕੀਤਾ ਜਾਵੇਗਾ।

19. ਮੈਨੂੰ ਖੁਸ਼ੀ ਹੈ ਕਿ ਬਿਜਲੀ ਦੀ ਤੰਗੀ ਦੇ ਬਾਵਜੂਦ ਮੇਰੀ ਸਰਕਾਰ ਰਾਜ ਵਿਚ ਉਦਯੋਗਿਕ ਵਿਕਾਸ ਦੀ ਰਫਤਾਰ ਨੂੰ ਵਧਾਉਣ ਵਿਚ ਸਫਲ ਹੋਈ ਹੈ। ਸਾਲ 1981-82 ਦੇ ਵਿੱਤੀ ਸਾਲ ਦੇ ਦੌਰਾਨ ਵੱਡੇ ਅਤੇ ਦਰਮਿਆਨੇ ਪੱਧਰ ਦੇ ਸੈਕਟਰਾਂ ਦੇ 18 ਯੂਨਿਟਾਂ ਨੇ ਉਤਪਾਦਨ ਆਰੰਭ ਕਰ ਦਿਤਾ ਹੈ ਅਤੇ ਸਾਲ ਦੇ ਅੰਤ ਤੋਂ ਪਹਿਲਾਂ 12 ਯੂਨਿਟਾਂ ਦੇ ਚਾਲੂ ਹੋ ਜਾਣ ਦੀ ਸੰਭਾਵਨਾ ਹੈ। ਨੰਗਲ ਵਿਖੇ ਅਮੋਨੀਅਮ ਕਲੋਰਾਈਡ ਸੋਡਾ ਐਸ਼ ਪ੍ਰਾਜੈਕਟ ਅਤੇ ਕਾਸਟਕ ਸੋਡਾ ਪ੍ਰਾਜੈਕਟ ਦੀ ਉਸਾਰੀ ਦੇ ਕੰਮ ਨੂੰ ਹੱਥ ਵਿਚ ਲੈ ਲਿਆ ਗਿਆ ਹੈ। ਸਾਲ 1982 83 ਦੇ ਦੌਰਾਨ ਮੇਰੀ ਸਰਕਾਰ ਤਿੰਨ ਹੋਰ ਵੱਡੇ ਪੈਮਾਨੇ ਦੇ ਪ੍ਰਾਜੈਕਟ ਜਿਵੇਂ ਜੀ ਆਈ ਐਸ ਲੈਂਪ ਤੇ ਫਲੋਰੈਸੈਂਟ ਟਿਊਬਾਂ, ਟੈਲੀ-ਸੰਚਾਰ ਤਾਰਾਂ ਅਤੇ ਪੋਲਿਸਟਰ ਰੇਸ਼ੇ ਦੇ ਨਿਰਮਾਣ ਦੇ ਕੰਮ ਨੂੰ ਹੱਥ ਵਿਚ ਲੈਣ ਦੀ ਆਸ ਕਰਦੀ ਹੈ। ਲਾਈਟ ਕਮਰਸ਼ਲ ਗੱਡੀਆਂ ਦੇ ਪ੍ਰਾਜੈਕਟ ਸਬੰਧੀ ਸਾਨੂੰ ਹਾਲ ਵਿਚ ਹੀ ਪਰਵਾਨਗੀ ਮਿਲੀ ਹੈ। ਇਸ ਪ੍ਰਾਜੈਕਟ ਨੂੰ ਵੀ ਛੇਤੀ ਹੀ ਅਮਲੀ ਰੂਪ ਦਿਤਾ ਜਾਵੇਗਾ। ਪਟਿਆਲੇ ਵਿਖੇ ਅਹਿਮ ਡੀਜ਼ਲ ਕੰਪੋਨੈਂਟ ਵਰਕਸ਼ਾਪ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ ਗਿਆ ਹੈ। (ਥੰਪਿੰਗ) ਜਿਸ ਵਿਚ ਸਾਲ 1982 83 ਦੇ ਦੌਰਾਨ ਕਾਫੀ ਪ੍ਰਗਤੀ ਹੋਣ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸਪੀਕਰ]

20. ਹੱਥ-ਖੱਡੀ ਸਨਅਤ ਜੋ ਨਵੇਂ 20 ਨੁਕਾਤੀ ਪ੍ਰੋਗਰਾਮ ਦਾ ਅਹਿਮ ਹਿੱਸਾ ਹੈ, ਦੇ ਵਿਕਾਸ ਲਈ ਪੰਜਾਬ ਰਾਜ ਹੱਥ ਖੱਡੀ ਅਤੇ ਕਪੜਾ ਵਿਕਾਸ ਕਾਰਪੋਰੇਸ਼ਨ ਨੇ ਰਾਜ ਵਿਚ ਹੱਥ ਖੱਡੀ ਤੇ ਕਪੜੇ ਦੇ ਵਿਕਾਸ ਲਈ ਭਾਰਤ ਸਰਕਾਰ ਤੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਲਗ ਭਗ 88 ਕਰੋੜ ਰੁਪਏ ਦੀ ਲਾਗਤ ਵਾਲੀ ਇਕ ਸੰਗਠਿਤ ਸਕੀਮ ਨੂੰ ਅਮਲੀ ਰੂਪ ਦੇਣ ਦਾ ਕੰਮ ਸ਼ੁਰੂ ਕਰ ਦਿਤਾ ਹੈ।

21. ਮੈਂ ਆਪ ਨੂੰ ਇਹ ਦੱਸਣ ਵਿਚ ਖੁਸ਼ੀ ਅਨੁਭਵ ਕਰਦਾ ਹਾਂ ਕਿ ਸੰਭਾਵੀ ਸੰਨਤਕਾਰਾਂ ਨੂੰ ਹਰ ਕਿਸਮ ਦੀ ਅਗਵਾਈ ਇਕੋ ਥਾਂ ਤੋਂ ਦੇਣ ਲਈ "ਉਦਯੋਗ ਸਹਾਇਕ" ਨਾਂ ਦਾ ਸਨਅੱਤੀ ਵਿਕਾਸ ਸੈਲ ਕਾਇਮ ਕੀਤਾ ਜਾ ਚੁਕਾ ਹੈ। (ਥੰਪਿੰਗ) ਇਹ ਸਕੀਮ ਵਿਸ਼ੇਸ਼ ਤੌਰ ਤੇ ਵਿਦੇਸ਼ਾਂ ਵਿਚ ਵਸੂਦੇ ਉਨਾਂ ਪੰਜਾਬੀਆਂ ਲਈ ਲਾਹੇਵੰਦ ਹੋਵੇਗੀ ਜਿਹੜੇ ਪੰਜਾਬ ਵਿਚ ਵਾਪਸ ਆ ਕੇ ਇਥੇ ਉਦਯੋਗ ਸਥਾਪਿਤ ਕਰਨਾ ਚਾਹੁੰਦੇ ਹਨ। ਗੋਇੰਦਵਾਲ ਸਾਹਿਬ ਕੇਂਦਰੀ ਉਦਯੋਗਿਕ ਕੰਪਲੈਕਸ ਪ੍ਰੋਜੈਕਟ ਲਈ ਲਗ ਭਗ 500 ਏਕੜ ਜ਼ਮੀਨ ਪ੍ਰਾਪਤ ਕਰ ਲਈ ਗਈ ਹੈ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਦਾ ਕੰਮ ਜੰਗੀ ਪੱਧਰ ਤੇ ਕੀਤਾ ਜਾ ਰਿਹਾ ਹੈ।

22. "ਮਾਰਕਫੈਡ" ਨੇ ਚਾਰ ਮੀਟਰਿਕ ਟਨ ਪ੍ਰਤੀ ਘੰਟੇ ਦੀ ਸਮਰਥਾ ਵਾਲੀਆਂ ਚਾਰ ਚਾਵਲ ਮਿਲਾਂ ਅਤੇ ਕਪਾਹ ਵੇਲਣ ਵਾਲੇ ਦੋ ਪ੍ਰਾਸੈਸਿੰਗ ਯੂਨਿਟ ਕਾਇਮ ਕੀਤੇ ਸਨ। ਅਬੋਹਰ, ਮਾਨਸਾ, ਮਲੋਟ ਅਤੇ ਤਪਾ ਵਿਖੇ ਨਵੀਆਂ ਸਹਿਕਾਰੀ ਕਤਾਈ ਮਿੱਲਾਂ, ਕੋਟ ਕਪੂਰਾ ਵਿਖੇ ਕਪਾਹ ਵੇਲਣ ਦਾ ਪ੍ਰਾਸੈਸਿੰਗ ਯੂਨਿਟ ਅਤੇ ਨਕੋਦਰ ਵਿਖੇ ਕਾਟਨ ਵੇਸਟ ਪਲਾਂਟ ਕਾਇਮ ਕੀਤਾ ਜਾ ਰਿਹਾ ਹੈ। (ਥੰਪਿੰਗ) ਬੁਣਾਈ ਸੈਕਟਰ ਦੇ ਅਧੀਨ ਗੋਇੰਦਵਾਲ ਸਾਹਿਬ ਵਿਖੇ ਵੀ ਇਕ ਸਹਿਕਾਰੀ ਕਤਾਈ ਮਿਲ ਕਾਇਮ ਕੀਤੀ ਜਾ ਰਹੀ ਹੈ। ਸਤਿਕਾਰਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਹਾਲ ਦੀ ਸਫਲ "ਐਂਟਾਰਕਟਿਕ ਮੁਹਿੰਮ" ਵਿਚ ਜਿਹੜੇ ਇਲੈਕਟ੍ਰਾਨਿਕ ਯੰਤਰ ਅਤੇ ਵਾਇਰਲੈਸ ਸੈਟ ਵਰਤੇ ਗਏ ਹਨ ਉਹ ਪੰਜਾਬ ਦੇ ਇਕ ਸਰਕਾਰੀ ਖੇਤਰ ਦੀ ਉਪਜ ਹਨ। (ਥੰਪਿੰਗ)

23. ਰਾਜ ਵਿਚ ਸਾਰੇ ਕਾਮਿਆਂ ਦੇ ਪਰਿਵਾਰਾਂ ਨੂੰ 3,600 ਰੁਪਏ ਸਾਲਾਨਾ ਦੀ ਘਟ ਤੋਂ ਘਟ ਮਜ਼ਦੂਰੀ ਦੇ ਪ੍ਰਵਾਨਿਤ ਰਾਸ਼ਟਰੀ ਪੱਧਰ ਤੋਂ ਉਪਰ ਚੁਕਣ ਲਈ ਸਰਕਾਰ ਨੇ 1 ਜਨਵਰੀ, 1982 ਤੋਂ ਉਦਯੋਗਿਕ ਕਾਮਿਆਂ ਦੇ ਅਸਿਖਿਅਤ ਵਰਗ ਲਈ ਘਟੋ ਘੱਟ ਮਜ਼ਦੂਰੀ 225 ਰੁਪਏ ਤੋਂ ਵਧਾ ਕੇ 340 ਰੁਪਏ ਮਾਹਵਾਰ ਕਰ ਦਿਤੀ ਹੈ। (ਥੰਪਿੰਗ) ਜ਼ਰਾਇਤੀ ਕਾਮਿਆਂ ਲਈ 1979 ਵਿਚ 9.70 ਰੁਪਏ ਪ੍ਰਤੀ ਦਿਹਾੜੀ ਬਿਨਾਂ ਖੁਰਾਕ ਅਤੇ 7.70 ਰੁਪਏ ਖੁਰਾਕ ਸਮੇਤ ਦੇ ਮੁਕਾਬਲੇ ਤੇ ਹੁਣ ਘਟੋ ਘਟ ਦਿਹਾੜੀ ਦਾ ਰੇਟ 14 ਰੁਪਏ ਖੁਰਾਕ ਤੋਂ ਬਿਨਾਂ (ਥੰਪਿੰਗ) ਅਤੇ 11 ਰੁਪਏ ਖੁਰਾਕ ਦੇ ਨਾਲ ਨਿਸ਼ਚਿਤ ਕੀਤਾ ਗਿਆ ਹੈ। ਕੰਡੀ ਖੇਤਰ ਵਿਚ ਜ਼ਰਾਇਤੀ ਮਜ਼ਦੂਰੀ ਦੇ ਦਰ ਵਧਾ ਕੇ ਪੰਜਾਬ ਦੇ ਦੂਜੇ ਇਲਾਕਿਆਂ ਦੇ ਬਰਾਬਰ ਕਰ ਦਿੱਤੇ ਗਏ ਹਨ।

24. ਦਿਹਾਤੀ ਕਾਮਿਆਂ ਨੂੰ ਆਪਣੀਆਂ ਸ਼ਿਕਾਇਤਾਂ ਦੀ ਨਵਿਰਤੀ ਵਿਚ ਸੌਖ ਪਹੁੰਚਾਉਣ ਲਈ 12 ਨਵੇਂ ਕਿਰਤ ਤੇ ਸਮਝੌਤਾ ਅਧਿਕਾਰੀ (ਥੰਪਿੰਗ) ਨਿਯੁਕਤ ਕੀਤੇ ਗਏ ਹਨ ਤਾ ਜੋ ਦਿਹਾਤੀ ਖੇਤਰ ਵਿਚ ਆਵਾਸੀ ਅਤੇ ਹੋਰ ਮਜ਼ਦੂਰਾਂ ਦੀਆਂ ਸਮਸਿਆਵਾਂ ਵਲ ਧਿਆਨ ਦਿੱਤਾ ਜਾ ਸਕੇ।

25. ਆਰਥਕ ਖੁਸ਼ਹਾਲੀ ਦੇ ਨਾਲ ਨਾਲ ਉਸ ਦੇ ਲਾਭਾਂ ਦੀ ਨਿਆਂ ਪੂਰਨ ਵੰਡ ਵੀ ਕੀਤੀ ਜਾਣੀ ਚਾਹੀਦੀ ਹੈ। ਇਸ ਮੰਤਵ ਲਈ ਮੇਰੀ ਸਰਕਾਰ ਨੇ ਜ਼ਰੂਰੀ ਵਸਤਾਂ ਦੀ ਵੰਡ ਲਈ ਪ੍ਰਚੂਨ ਦੁਕਾਨਾਂ ਦਾ ਜਾਲ ਵਿਛਾ ਦਿਤਾ ਹੈ। ਪ੍ਰਚੂਨ ਦੁਕਾਨਾਂ ਦੀ ਗਿਣਤੀ, ਜੋ ਸਤੰਬਰ 1980 ਵਿਚ

Original with;
Punjab Vidhan Sabha
Digitized by;
Panjab Digital Library

7,296 ਸੀ, ਨੂੰ ਵਧਾ ਕੇ ਜਨਵਰੀ, 1982 ਵਿਚ 10,321 ਕਰ ਦਿਤਾ ਗਿਆ। ਇਹ ਵਾਧਾ 41% ਬਣਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਜਨਤਕ ਵੰਡ ਪ੍ਰਣਾਲੀ ਦੇ ਲਾਭ ਸਮਾਜ ਦੇ ਕਮਜ਼ੋਰ ਵਰਗਾਂ ਤਕ ਜ਼ਰੂਰ ਪਹੁੰਚਣ, ਇਕ ਨਵੀਂ ਸਹਾਇਤਾ ਸਕੀਮ 15 ਅਗਸਤ 1981 ਤੋਂ ਅਰੰਭ ਕੀਤੀ ਗਈ ਹੈ। ਇਸ ਸਕੀਮ ਦਾ ਲਾਭ ਸਮਾਜ ਦੇ ਉਸ ਕਮਜ਼ੋਰ ਵਰਗ ਦੇ ਵਿਅਕਤੀਆਂ ਨੂੰ ਮਿਲੇਗਾ ਜਿਨ੍ਹਾਂ ਦੀ ਆਮਦਨ 3,600 ਰੁਪਏ ਸਾਲਾਨਾ ਤੋਂ ਘੱਟ ਹੈ। ਚੌਥੇ ਵਰਗ ਦੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਨੂੰ ਵੀ ਇਸ ਤੋਂ ਲਾਭ ਪਹੁੰਚੇਗਾ। ਇਸ ਸਕੀਮ ਅਧੀਨ ਆਟਾ, ਮੰਗੀ, ਉੜਦ ਅਤੇ ਤਾੜ ਦਾ ਤੇਲ ਰਿਆਇਤੀ ਦਰਾਂ ਤੇ ਮੁਹੱਈਆ ਕੀਤੇ ਜਾਣਗੇ। ਸਹਿਕਾਰੀ ਖੇਤਰ ਰਾਹੀਂ ਵੀ ਜ਼ਰੂਰੀ ਵਸਤਾਂ ਸਪਲਾਈ ਕੀਤੀਆਂ ਜਾ ਰਹੀਆਂ ਹਨ। ਸਾਲ 1981-82 ਦੇ ਦੌਰਾਨ ਇਸ ਖੇਤਰ ਰਾਹੀਂ 10 ਕਰੋੜ ਰੁਪਏ ਦੀਆਂ ਵਸਤਾਂ ਵੇਚੀਆਂ ਗਈਆਂ ਅਤੇ 1982-83 ਤਕ 35 ਕਰੋੜ ਰੁਪਏ ਦੀਆਂ ਵਸਤਾਂ ਵੇਚਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। (ਥੰਪਿੰਗ)

26. ਸਾਫ ਸੁਥਰਾ ਪੀਣ ਯੋਗ ਪਾਣੀ ਮੁਹੱਈਆ ਕਰਨਾ ਇਕ ਸਭਿਅ ਲੋਕ ਭਲਾਈ ਰਾਜ ਵਿਚ ਅਤਿ ਜ਼ਰੂਰੀ ਲੋੜ ਹੈ। ਹੁਣ ਤਕ ਕੀਤੇ ਸਰਵੇਖਣ ਅਨੁਸਾਰ 12,188 ਵਸਦੇ ਪਿੰਡਾਂ ਵਿਚੋਂ 3,712 ਪਿੰਡਾਂ ਨੂੰ ਸਮੱਸਿਆ ਵਾਲੇ ਪਿੰਡ ਕਰਾਰ ਦਿੱਤਾ ਗਿਆ ਹੈ। ਇਨ੍ਹਾਂ ਪਿੰਡਾਂ ਵਿਚ ਜਾਂ ਤਾਂ ਪਾਣੀ ਸੌਖੀ ਤਰ੍ਹਾਂ ਮਿਲਦਾ ਹੀ ਨਹੀਂ ਜੇ ਮਿਲਦਾ ਹੈ ਤਾਂ ਉਹ ਪੀਣ ਯੋਗ ਨਹੀਂ ਹੁੰਦਾ। ਮਾਰਚ, 1982 ਦੇ ਅਖੀਰ ਤਕ 2,085 ਪਿੰਡਾਂ ਵਿਚ ਦਿਹਾਤੀ ਜਲ ਸਪਲਾਈ ਸਕੀਮਾਂ ਮੁਕੰਮਲ ਹੋ ਜਾਣਗੀਆਂ 70 ਹੋਰ ਪਿੰਡਾਂ ਨੂੰ 1982–83 ਦੇ ਵਿੱਤੀ ਸਾਲ ਦੇ ਦੌਰਾਨ ਪਾਈਪਾਂ ਰਾਹੀਂ ਜਲ ਸਪਲਾਈ ਦਿਤੀ ਜਾਏਗੀ।

27. ਸਾਲ 1981–82 ਦੇ ਦੌਰਾਨ ਸ਼ਹਿਰੀ ਮਿਲਖਾਂ ਅਤੇ ਰਾਜ ਵਿਚ ਨਵੀਆਂ ਅਨਾਜ ਮੰਡੀਆਂ ਵਿਚ ਜਨ-ਸਿਹਤ ਸਹੂਲਤਾਂ ਦੇਣ ਲਈ, ਜੀਵ-ਜੰਤੂ ਪਾਰਕ ਛੱਤ ਬੀੜ ਅਤੇ ਨੰਗਲ ਵਿਖੇ ਸੀਵਰੇਜ ਸਕੀਮ ਨੇਪਰੇ ਚਾੜ੍ਹਨ ਲਈ 10.00 ਕਰੋੜ ਰੁਪਏ ਦਾ ਉਪ ਬੰਧ ਕੀਤਾ ਗਿਆ ਹੈ।

28. ਮਕਾਨ ਉਸਾਰੀ, ਵਿਸ਼ੇਸ਼ ਕਰ ਕੇ ਸਮਾਜ ਦੇ ਕਮਜ਼ੋਰ ਵਰਗਾਂ ਲਈ ਮਕਾਨਾਂ ਦੀ ਸਮੱਸਿਆ ਵੱਲ ਮੇਰੀ ਸਰਕਾਰ ਦਾ ਵਿਸ਼ੇਸ਼ ਧਿਆਨ ਰਿਹਾ ਹੈ। ਦਿਹਾਤੀ ਇਲਾਕਿਆਂ ਵਿਚ 100 ਵਰਗ ਗਜ਼ ਦੀਆਂ 2,97,046 ਥਾਵਾਂ ਬੇ ਜ਼ਮੀਨੇ ਜ਼ਰਾਇਤੀ ਕਾਮਿਆਂ ਨੂੰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੀ ਬਹੁ ਗਿਣਤੀ ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਹੈ। ਇਨ੍ਹਾਂ ਥਾਵਾਂ ਤੇ ਮਕਾਨ ਉਸਾਰੀ ਦਾ ਕਾਰਜ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੂੰ ਸੌਂਪਿਆ ਗਿਆ ਹੈ, ਜਿਸ ਨੂੰ ਮੂਲ ਧਨ ਸਰਕਾਰ ਵਲੋਂ ਦਿਤਾ ਗਿਆ ਹੈ। ਮਾਰਚ, 1981 ਦੇ ਅਖੀਰ ਤਕ 10,697 ਮਕਾਨ ਉਸਾਰੇ ਗਏ ਸਨ। ਚਾਲੂ ਵਿਤੀ ਸਾਲ ਦੇ ਅਖੀਰ ਤਕ 10,000 ਹੋਰ ਮਕਾਨ ਉਸਾਰੇ ਜਾਣ ਦੀ ਸੰਭਾਵਨਾ ਹੈ। (ਥੰਪਿੰਗ) ਕਰਮਚਾਰੀਆਂ ਲਈ ਵਖ ਵੱਖ ਥਾਵਾਂ ਤੇ 2,266 ਮਕਾਨ ਉਸਾਰੀ ਅਧੀਨ ਹਨ। ਦਿਹਾਤੀ ਅਤੇ ਸ਼ਹਿਰੀ ਇਲਾਕਿਆਂ ਵਿਚ 39,864 ਵਿਅਕਤੀਆਂ ਨੂੰ ਮਕਾਨ ਬਣਾਉਣ ਲਈ ਕਰਜ਼ੇ ਦਿੱਤੇ ਜਾ ਚੁਕੇ ਹਨ ਅਤੇ ਇਹ ਪ੍ਰੋਗਰਾਮ ਜਾਰੀ ਰੱਖਿਆ ਜਾ ਰਿਹਾ ਹੈ।

29. ਇਸ ਰਾਜ ਦੀ ਆਰਥਕਤਾ ਵਿਚ ਰੋਡ ਟਰਾਂਸਪੋਰਟ ਨੂੰ ਮਹੱਤਵ-ਪੂਰਨ ਥਾਂ ਪ੍ਰਾਪਤ ਹੈ। ਬਸ ਸੇਵਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਅਪਰੈਲ 1980 ਤੋਂ ਲੈ ਕੇ ਹੁਣ ਤਕ ਬਸਾਂ ਦੀ ਗਿਣਤੀ ਵਿਚ 1,152 ਗਡੀਆਂ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ 300 ਪੁਰਾਣੀਆਂ ਬਸਾਂ ਨੂੰ ਠੀਕ ਕਰ ਕੇ ਵਰਤੋਂ ਯੋਗ ਬਣਾਇਆ ਗਿਆ ਹੈ। ਇਸ ਦੇ ਸਿੱਟੇ ਵਜੋਂ ਸਰਕਾਰੀ ਟਰਾਂਸਪੋਰਟ ਵਲੋਂ ਤਹਿ ਕੀਤਾ ਜਾਂਦਾ ਫਾਸਲਾ 7.49 ਲੱਖ ਕਿਲੋ ਮੀਟਰ ਹੋ ਗਿਆ ਹੈ, ਜਿਹੜਾ ਪਿਛਲੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਸਾਲ ਨਾਲੋਂ 1.84 ਲੱਖ ਕਿਲੋ ਮੀਟਰ ਪ੍ਰਤੀ ਦਿਨ ਜਿਆਦਾ ਹੈ। ਚੰਡੀਗੜ੍ਹ ਅਤੇ ਅੰਮ੍ਰਿਤਸਰ ਦੇ ਦਰਮਿਆਨ ਨਵੀਂ ਏਅਰ ਕੰਡੀਸ਼ਨਡ ਬਸ ਸੇਵਾ ਚਾਲੂ ਕੀਤੀ ਗਈ ਹੈ।

30. ਪੰਜਾਬ ਦੇ ਲੋਕਾਂ, ਖ਼ਾਸ ਕਰ ਕੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੂੰ ਇਹ ਜਾਣ ਕੇ ਖ਼ੁਸ਼ੀ ਹੋਵੇਗੀ ਕਿ ਅੰਮ੍ਰਿਤਸਰ ਵਿਖੇ ਏਅਰ ਕਾਰਗੋ ਕੰਪਲੈਕਸ ਦੀ ਸਥਾਪਨਾ ਨਾਲ ਤੇ ਅੰਮ੍ਰਿਤਸਰ-ਬਰਮਿੰਘਮ ਵਿਚਕਾਰ ਅੰਤਰ-ਰਾਸ਼ਟਰੀ ਉਡਾਣਾਂ ਸ਼ੁਰੂ ਹੋ ਜਾਣ ਨਾਲ ਸਾਡੀਆਂ ਦੋ ਚਿਰੋਕੀਆਂ ਮੰਗਾਂ ਪੂਰੀਆਂ ਹੋ ਗਈਆਂ ਹਨ ( ਥਪਿੰਗ) ਅਤੇ ਇਹ ਸਹੂਲਤਾਂ ਰਾਜ ਦੀਆਂ ਉਦਯੋਗਿਕ ਅਤੇ ਵਪਾਰਕ ਸਰਗਰਮੀਆਂ ਨੂੰ ਤੇਜ਼ ਕਰਨ ਵਿਚ ਸਹਾਈ ਹੋਣਗੀਆਂ। ਮਾਨ ਯੋਗ ਮੈਂਬਰਾਂ ਨੂੰ ਇਹ ਜਾਣ ਕੇ ਵੀ ਖ਼ੁਸ਼ੀ ਹੋਵੇਗੀ ਕਿ ਦਿੱਲੀ ਅਤੇ ਲੁਧਿਆਣਾ ਵਿਚਕਾਰ ਵਾਯੂ ਦੂਤ ਹਵਾਈ ਸੇਵਾ ਜਲਦੀ ਹੀ ਸ਼ੁਰੂ ਹੋ ਰਹੀ ਹੈ। (ਥੰਪਿੰਗ)

31. ਇਕ ਅਗਾਂਹ ਵਧੂ ਰਾਜ ਲਈ ਸੜਕਾਂ ਦੇ ਵਿਸਤ੍ਰਿਤ ਜਾਲ ਅਤੇ ਵਿਕਸਿਤ ਪ੍ਰਣਾਲੀ ਦਾ ਹੋਣੀ ਅਤਿਅੰਤ ਜ਼ਰੂਰੀ ਹੈ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਸਾਰੇ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜ ਦਿਤਾ ਗਿਆ ਹੈ, ਸਿਵਾਏ 187 ਪਿੰਡਾਂ ਦੇ ਜਿਨ੍ਹਾਂ ਨੂੰ ਭੂਗੋਲਕ ਜਾਂ ਹੋਰ ਕਾਰਨਾਂ ਕਰ ਕੇ ਜੋੜਿਆ ਨਹੀਂ ਜਾ ਸਕਦਾ। ਇਸ ਵੇਲੇ ਦਿਹਾਤੀ ਸੜਕਾਂ ਦੀ ਲਬਾਈ 25,120 ਕਿਲੋ-ਮੀਟਰ ਹੈ, ਜਿਸ ਦੇ ਚਾਲੂ ਵਿੱਤੀ ਸਾਲ ਦੇ ਅੰਤ ਤੇ 25,220 ਕਿਲੋਮੀਟਰ ਤਕ ਵੱਧ ਜਾਣ ਦੀ ਸੰਭਾਵਨਾ ਹੈ।

32. ਇਹ ਯਕੀਨੀ ਬਣਾਉਣ ਲਈ ਕਿ ਮਕਾਨਾਂ ਅਤੇ ਸੜਕਾਂ ਦੀ ਉਸਾਰੀ ਦਾ ਕੰਮ ਤੇਜ਼ ਰਫ਼ਤਾਰ, ਕਫ਼ਾਇਤਮੰਦੀ ਅਤੇ ਕੁਸ਼ਲਤਾ ਨਾਲ ਕੀਤਾ ਜਾਵੇ, ਮੇਰੀ ਸਰਕਾਰ ਰਾਜ ਵਿਚ ਇਕ "ਨਿਰ-ਮਾਣ ਕਾਰਪੋਰੇਸ਼ਨ' ਕਾਇਮ ਕਰਨ ਦਾ ਵਿਚਾਰ ਰਖਦੀ ਹੈ। ਇਕ ਸਰਕਾਰੀ ਅਦਾਰੇ ਦੀ ਹੈਸੀਅਤ ਵਿਚ ਇਹ ਕਾਰਪੋਰੇਸ਼ਨ ਸੰਸਥਾਵੀ ਵਿੱਤ ਦੀ ਵਰਤੋਂ ਕਰ ਸਕੇਗੀ ਅਤੇ ਅਜਾਰਾਦਾਰੀ ਨੂੰ ਖਤਮ ਕਰਨ ਵਿਚ ਸਹਾਈ ਹੋਵੇਗੀ। ਇਸ ਨਾਲ ਉਸਾਰੀ ਦੇ ਖ਼ਰਚੇ ਘਟਣਗੇ ਅਤੇ ਹੋਰ ਥਾਵਾਂ ਉਤੇ ਕੀਤੇ ਜਾਣ ਵਾਲੇ ਨਿਰਮਾਣ ਕਾਰਜਾਂ ਤੋਂ ਮਨਾਫ਼ਾ ਪ੍ਰਾਪਤ ਹੋਣ ਲਗ ਪਵੇਗਾ।

33. ਭਾਰਤ ਦੇ ਪ੍ਰਧਾਨ ਮੰਤਰੀ ਜੀ ਨੇ ਨਵੇਂ 20 ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ ਵਿਚ 6 ਤੋਂ 14 ਸਾਲ ਦੀ ਉਮਰ ਗਰੁਪ ਦੇ ਸਾਰੇ ਬੱਚਿਆਂ ਲਈ ਮੁਢਲੀ ਸਿਖਿਆ ਦੇ ਪ੍ਰਬੰਧ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਪੰਜਾਬ ਦੇਸ਼ ਭਰ ਵਿਚ ਪਹਿਲਾ ਰਾਜ ਹੈ ਜਿਸ ਨੇ 1981-82 ਦੇ ਅੰਤ ਤਕ ਪੂਰੀ ਹੋਣ ਵਾਲੀ ਛੇਵੀਂ ਪੰਜ ਸਾਲਾ ਯੋਜਨਾ ਲਈ ਨਿਸ਼ਚਿਤ ਕੀਤੇ ਟੀਚੇ ਪ੍ਰਾਪਤ ਕਰ ਲਏ ਹਨ। (ਥੰਪਿੰਗ) 6-11 ਸਾਲ ਦੀ ਉਮਰ ਗਰੁੱਪ ਦੇ 100 ਪ੍ਰਤੀਸ਼ਤ ਲੜਕੇ ਅਤੇ ਲੜਕੀਆਂ ਨੂੰ ਸਕੂਲਾਂ ਵਿਚ ਦਾਖਲ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਰਾਜ ਵਿਚ ਸਾਲ 1990 ਤਕ ਅਨਪੜ੍ਹਤਾ ਨੂੰ ਖ਼ਤਮ ਕਰਨ ਲਈ ਪ੍ਰਭਾਵਸ਼ਾਲੀ ਕਦਮ ਉਠਾਏ ਜਾ ਰਹੇ ਹਨ। 11-14 ਸਾਲ ਦੀ ਉਮਰ ਗਰੁੱਪ ਦੇ ਸਕੂਲ ਛੱਡ ਜਾਣ ਵਾਲੇ ਬੱਚਿਆਂ ਲਈ ਗੈਰ-ਰਸਮੀ ਕਿਸਮ ਦੀ ਸਿਖਿਆ ਦਾ ਪ੍ਰਬੰਧ ਕਰਨ ਵਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਸਾਲ 1982-83 ਵਿਚ ਅਜਿਹੇ ਵਿਦਿਆਰਥੀਆਂ ਲਈ 600 ਗੈਰ-ਰਸਮੀ ਸਿਖਿਆ ਕੇਂਦਰ ਖੋਲ੍ਹੇ ਜਾਣਗੇ। ਇਸ ਕਿਸਮ ਦੇ ਮੌਜੂਦਾ 2,440 ਕੇਂਦਰਾਂ ਦੀ ਗਿਣਤੀ ਵਧਾ ਕੇ 3,990 ਕਰ ਦੇਣ ਦੀ ਤਜਵੀਜ਼ ਹੈ।

Original with;
Punjab Vidhan Sabha
Digitized by;
Panjab Digital Library

34. ਮੇਰੀ ਸਰਕਾਰ ਦੀ ਰਾਜ ਦੇ ਦਿਹਾਤੀ ਅਤੇ ਪਛੜੇ ਇਲਾਕਿਆਂ ਵਿਚ ਨਵੇਂ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਉਸਾਰਨ ਲਈ 1 ਕਰੋੜ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ। (ਥੰਪਿੰਗ) ਪ੍ਰਾਇਮਰੀ ਅਧਿਆਪਕਾਂ ਦੀ ਤਰੱਕੀ ਦੇ ਰਾਹ ਖੋਲਣ ਲਈ 1,500 ਕੇਂਦਰ ਮੁੱਖ ਅਧਿਆਪਕਾਂ ਅਤੇ 8 500 ਮੁੱਖ ਅਧਿਆਪਕਾਂ ਦੀਆਂ ਆਸਾਮੀਆਂ ਕਾਇਮ ਕੀਤੀਆਂ ਜਾ ਰਹੀਆਂ ਹਨ । ਗੁਣਾਤਮਕ ਸੁਧਾਰ ਲਿਆਉਣ ਲਈ ਅਤੇ ਵਿਦਿਅਕ ਪੱਧਰ ਉਚਾ ਕਰਨ ਲਈ ਸਾਲ ਦੇ ਦੌਰਾਨ ਕਾਇਮ ਕੀਤੀ ਵਿਦਿਅਕ ਖੋਜ ਅਤੇ ਸਿਖਲਾਈ ਦੀ ਸਟੇਟ ਕੌਂਸਲ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਪੱਧਰਾਂ ਤੇ ਪਾਠ-ਕ੍ਰਮ ਵਿਚ ਸੋਧ ਕਰਨ ਅਤੇ ਸੁਧਾਰ ਲਿਆਉਣ ਦਾ ਵਿਸ਼ੇਸ਼ ਕਾਰਜ ਸੌਂਪਿਆ ਗਿਆ ਹੈ।

35. ਸਿਖਿਆ ਨੂੰ ਰੋਜ਼ਗਾਰ ਮੁੱਖੀ ਬਣਾਉਣ ਲਈ ਰਾਜ ਦੇ 100 ਹਾਈ ਸਕੂਲਾਂ ਵਿਚ ਸਾਲ 1980-81 ਦੇ ਦੌਰਾਨ ਪੇਸ਼ਾਵਾਰਾਨਾ ਵਿਦਿਅਕ ਪ੍ਰੋਗਰਾਮ ਸ਼ੁਰੂ ਕੀਤੇ ਗਏ ਸਨ । ਇਹ ਵਿਦਿਆ-ਰਥੀਆਂ ਨੂੰ ਮੈਟ੍ਰਿਕ ਤੋਂ ਪਿਛੋਂ ਤਕਨੀਕੀ ਕਿੱਤਿਆਂ ਦੀ ਸਿਖਲਾਈ ਦੇ ਕੇ ਕੰਮ ਕਰਨ ਦੇ ਯੋਗ ਬਣਾਉਂਦੀ ਹੈ। ਇਹ ਸਕੀਮ ਪਹਿਲਾਂ 1974-75 ਵਿਚ ਸ਼ੁਰੂ ਕੀਤੀ ਗਈ ਸੀ ਪਰ ਪਹਿਲੀ ਸਰਕਾਰ ਨੇ ਇਸ ਨੂੰ ਬੰਦ ਕਰ ਦਿੱਤਾ ਸੀ, ਜੋ ਹੁਣ ਫਿਰ ਸ਼ੁਰੂ ਕੀਤੀ ਗਈ ਹੈ। ਚਾਲੂ ਸਾਲ ਵਿਚ ਵੀ ਪੇਸ਼ਾ-ਵਾਰਾਨਾ ਸਿਖਿਆ ਦਾ ਪ੍ਰੋਗਰਾਮ 100 ਹੋਰ ਸਕੂਲਾਂ ਵਿਚ ਸ਼ੁਰੂ ਕੀਤਾ ਜਾ ਰਿਹਾ ਹੈ। ਸਾਲ 1982-83 ਵਿਚ ਇਸ ਪ੍ਰੋਗਰਾਮ ਨੂੰ ਜਾਰੀ ਰਖਣ ਲਈ 76.34 ਲੱਖ ਰੁਪਏ ਦਾ ਉਪ ਬੰਧ ਕੀਤਾ ਗਿਆ ਹੈ।

36. ਪੰਜਾਬ ਦੇ ਲੋਕਾਂ ਨੇ ਹਮੇਸ਼ਾਂ ਹੀ ਰਾਸ਼ਟਰੀ ਏਕਤਾ, ਦੇਸ਼-ਭਗਤੀ, ਸਹਿਨਸ਼ੀਲਤਾ ਅਤੇ ਭਰਾਤਰੀ ਭਾਵ ਦੇ ਮਹਾਨ ਆਦਰਸ਼ਾਂ ਪ੍ਰਤੀ ਵਚਨ ਬੱਧ ਹੋਣ ਦਾ ਸਬੂਤ ਦਿੱਤਾ ਹੈ। ਆਪ ਨੂੰ ਇਹ ਦੱਸਣ ਵਿਚ ਮੈਂਨੂੰ ਬਹੁਤ ਖੁਸ਼ੀ ਹੈ ਕਿ ਕੌਮੀ ਯਕ ਜਹਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਮੇਰੀ ਸਰਕਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਕੌਮੀ ਏਕਤਾ ਦੀ ਇਕ ਚਿਅਰ ਪ੍ਰਸਿੱਧ ਰਾਸ਼ਟਰਵਾਦੀ ਅਤੇ ਦੇਸ਼ ਭਗਤ ਤਾਮਿਲ ਮਹਾਂ ਕਵੀ ਸੁਬਰਾਮਨੀਅਮ ਭਾਰਤੀ ਦੇ ਨਾਂ ਹੇਠ ਕਾਇਮ ਕਰਨ ਦੀ ਪਹਿਲ ਕੀਤੀ ਹੈ । (ਥੰਪਿੰਗ) ਆਪ ਨੂੰ ਇਹ ਜਾਣ ਕੇ ਹੋਰ ਵੀ ਖ਼ੁਸ਼ੀ ਹੋਵੇਗੀ ਕਿ ਸਾਡੇ ਸੁਝਾਉ ਤੇ ਤਾਮਿਲਨਾਡੂ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ ਹੇਠ ਧਾਰਮਿਕ ਅਧਿਐਨ ਦੀ ਇਕ ਚਿਅਰ ਕਾਇਮ ਕਰਨ ਦਾ ਫ਼ੈਸਲਾ ਕੀਤਾ ਹੈ। (ਥੰਪਿੰਗ)

37. ਮੇਰੀ ਸਰਕਾਰ ਨੇ ਹੁਣੇ ਹੁਣੇ ਇਕ ਸਿਖਿਆ ਸੁਧਾਰ ਕਮਿਸ਼ਨ ਦੀ ਕਾਇਮੀ ਦਾ ਐਲਾਨ ਕੀਤਾ ਹੈ । ਇਹ ਕਮਿਸ਼ਨ ਸਿਖਿਆ ਦੇ ਸਾਰੇ ਪੱਖਾਂ ਬਾਰੇ ਅਧਿਐਨ ਕਰੇਗਾ ਅਤੇ ਛੇ ਮਹੀਨਿਆਂ ਦੇ ਅੰਦਰ ਅੰਦਰ ਆਪਣੀਆਂ ਸਿਫ਼ਾਰਸ਼ਾਂ ਪੇਸ਼ ਕਰੇਗਾ । (ਥੰਪਿੰਗ) ਮੈਂਨੂੰ ਵਿਸ਼ਵਾਸ ਹੈ ਕਿ ਪ੍ਰਸਿੱਧ ਸਿਖਿਆ-ਸ਼ਾਸਤਰੀ ਅਤੇ ਉਘੇ ਸਿਖਿਆ ਪ੍ਰਬੰਧਕ ਜੋ ਇਸ ਕਮਿਸ਼ਨ ਦੇ ਮੈਂਬਰ ਹਨ, ਸਿਖਿਆ ਪ੍ਰਣਾਲੀ ਵਿਚ ਲੋੜੀਂਦੇ ਸੁਧਾਰ ਕਰ ਸਕਣਗੇ ਤਾਂ ਜੋ ਇਸ ਨੂੰ ਅਜ ਦੇ ਹਾਲਾਤ ਅਨੁਸਾਰ ਹੋਰ ਉਪਯੋਗੀ ਬਣਾਇਆ ਜਾ ਸਕੇ ਅਤੇ ਨੌਜਵਾਨ ਵਿਚ ਅਜਿਹੀਆਂ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਣ ਜਿਹੜੀਆਂ ਕੌਮੀ ਏਕਤਾ, ਦੇਸ਼-ਭਗਤੀ ਅਤੇ ਕੌਮੀ ਗੌਰਵ ਨੂੰ ਵਧਾਉਣ ਵਾਲੀਆਂ ਹੋਣ।

38. ਬੇਰੋਜ਼ਗਾਰੀ, ਅਪੂਰਨ ਰੋਜ਼ਗਾਰ ਅਤੇ ਗ਼ਰੀਬੀ ਦੀ ਸਮੱਸਿਆ ਦਾ ਹੱਲ ਲਭਣ ਦੀ ਲੋੜ ਮੇਰੀ ਸਰਕਾਰ ਦਾ ਕਾਫ਼ੀ ਧਿਆਨ ਖਿੱਚ ਰਹੀ ਹੈ । ਇਸ ਲਈ ਮੇਰੀ ਸਰਕਾਰ ਸਬੰਧਤ ਖੇਤਰਾਂ ਦੇ ਲੋਕਾਂ ਨੂੰ ਆਪਣੀ ਸੂਝ ਬੂਝ ਅਨੁਸਾਰ, ਆਪਣੇ ਇਲਾਕੇ ਦੀਆਂ ਉਪਜਾਂ ਲਈ ਲੋੜੀਂਦੇ ਕੱਚੇ ਮਾਲ ਅਤੇ ਮੰਡੀਆਂ ਦੀ ਪ੍ਰਾਪਤੀ ਦੇ ਅਨੁਕੂਲ, ਸਵੈ-ਰੋਜ਼ਗਾਰ ਦੀਆਂ ਸਕੀਮਾਂ ਅਪਣਾਉਣ ਵਿਚ ਉਤਸ਼ਾਹ, ਅਗਵਾਈ ਅਤੇ ਸਹਾਇਤਾ ਦੇ ਰਹੀ ਹੈ। ਰੋਜ਼ਗਾਰ ਦਫਤਰਾਂ ਵਿਚ ਰਜਿਸਟਰ ਹੋਏ ਪੜ੍ਹੇ ਲਿਖੇ ਬੇਰੋਜ਼ਗਾਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਵਿਅਕਤੀਆਂ ਨੂੰ ਭੱਤਾ ਦੇਣ ਦੀ ਸਕੀਮ ਹੋਰ ਵਿਆਪਕ ਬਣਾਈ ਗਈ ਹੈ ਅਤੇ 30 ਨਵੰਬਰ, 1981 ਤਕ 11,810 ਵਿਅਕਤੀਆਂ ਨੂੰ 26.24 ਲੱਖ ਰੁਪਏ ਵੰਡੇ ਗਏ ਹਨ। 1982-83 ਲਈ 70 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ । ਬਦੇਸ਼ੀ ਰੋਜ਼ਗਾਰ ਅਤੇ ਸਿਖਲਾਈ ਸੂਚਨਾ ਬਿਉਰੋ, ਜੋ 1971 ਵਿਚ ਕਾਇਮ ਕੀਤਾ ਗਿਆ ਸੀ, ਨੇ ਬਦੇਸ਼ਾਂ ਵਿਚ ਆਸਾਮੀਆਂ ਲਈ ਰਜਿਸਟਰ ਹੋਏ ਬਿਨੈਕਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ ਹੈ। 1981 ਵਿਚ ਇਸ ਬਿਉਰੋ ਨੇ ਬਦੇਸ਼ੀ ਰੋਜ਼ਗਾਰ ਲਈ 4,837 ਵਿਅਕਤੀ ਰਜਿਸਟਰ ਕੀਤੇ। ਇਰਾਕ ਅਤੇ ਸਊਦੀ ਅਰਬ ਦੇ ਪ੍ਰਾਜੈਕਟਾਂ ਲਈ ਉਸਾਰੀ ਠੇਕੇ ਲੈਣ ਵਾਲੀਆਂ ਭਾਰਤੀ ਫਰਮਾਂ ਤੋਂ ਪ੍ਰਾਪਤ ਹੋਈਆਂ 1,187 ਆਸਾਮੀਆਂ ਲਈ ਬਿਉਰੋ ਨੇ 3,474 ਬਿਨੈਕਾਰਾਂ ਨੂੰ ਇੰਟਰਵਿਊ ਲਈ ਭੇਜਿਆ ।

39. ਮੇਰੀ ਸਰਕਾਰ ਇਸ ਗੱਲ ਦੀ ਤੀਬਰ ਚਾਹਵਾਨ ਹੈ ਕਿ ਜਿੰਨੀ ਛੇਤੀ ਹੋ ਸਕੇ ਰਾਜ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੋਜ਼ਗਾਰ ਮੁਹਈਆ ਕੀਤਾ ਜਾਵੇ। ਇਸ ਮਨੋਰਥ ਲਈ ਮੇਰੀ ਸਰਕਾਰ ਸਾਲ 1982-83 ਦੇ ਦੌਰਾਨ 'ਉਦਯੋਗਕ ਪ੍ਰਬੰਧ ਅਤੇ ਵਿਕਾਸ' ਸਬੰਧੀ ਇਕ ਸਿਖਰ ਇਨਸਟੀਚਿਊਟ ਕਾਇਮ ਕਰਨ ਦੀ ਤਜਵੀਜ਼ ਰਖਦੀ ਹੈ। ਇਹ ਇਨਸਟੀਚਿਊਟ ਦੇਸ਼ ਵਿਚ ਆਪਣੇ ਕਿਸਮ ਦੀ ਪਹਿਲੀ ਸੰਸਥਾ ਹੋਵੇਗੀ ਅਤੇ ਸਨਅਤਕਾਰੀ ਅਤੇ ਉਦਯੋਗਿਕ ਪ੍ਰਬੰਧ ਵਿਚ ਸਿਖਲਾਈ ਦੇਣ ਲਈ, ਜੋ ਕਿ ਰਾਜ ਵਿਚ ਵਰਤਮਾਨ ਤਕਨੀਕੀ ਸੰਸਥਾਵਾਂ ਦੇ ਢਾਂਚੇ ਦੇ ਅਨੁਕੂਲ ਹੋਵੇਗੀ, ਅਮਲੀ ਸਿਖਿਆ ਦੇਣ ਵਾਲੀ ਇਕ ਸਿਖਰ ਸੰਸਥਾ ਦੇ ਤੌਰ ਤੇ ਕੰਮ ਕਰੇਗੀ । ਆਸ ਕੀਤੀ ਜਾਂਦੀ ਹੈ ਕਿ ਇਸ ਇਨਸਟੀਚਿਊਟ ਰਾਹੀਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਆਪਣੇ ਕੰਮ ਧੰਦੇ ਸ਼ੁਰੂ ਕਰਨ ਵਿਚ ਉਤਸ਼ਾਹ ਮਿਲੇਗਾ ।

40. ਰਾਜ ਦੇ ਸਰਕਾਰੀ ਅਦਾਰਿਆਂ ਵਿਚ ਕੰਮ ਕਰਦੇ ਅਫਸਰਾਂ ਨੂੰ ਨਵੀਨਤਮ ਪ੍ਰਬੰਧਕੀ ਵਿਧੀਆਂ ਦੀ ਜਾਣਕਾਰੀ ਦੇਣ ਲਈ ਮੇਰੀ ਸਰਕਾਰ ਨੇ 'ਪੰਜਾਬ ਰਾਜ ਲੋਕ ਪ੍ਰਸ਼ਾਸਨ ਇਨਸਟੀਚਿਊਟ' ਦੇ ਕੰਮ ਕਾਜ ਵਿਚ ਹੋਰ ਸੁਧਾਰ ਕਰਨ ਦਾ ਫ਼ੈਸਲਾ ਕੀਤਾ ਹੈ । ਪ੍ਰਬੰਧਕੀ ਮਾਮਲਿਆਂ ਦੇ ਇਕ ਉਘੇ ਮਾਹਿਰ ਦੀਆਂ ਸੇਵਾਵਾਂ ਇਨਸਟੀਚਿਊਟ ਦੇ ਡਾਇਰੈਕਟਰ ਵਜੋਂ ਨਿਯੁਕਤ ਕੀਤੇ ਜਾਣ ਲਈ ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਰਾਜ ਦੇ ਸਰਕਾਰੀ ਅਦਾਰਿਆਂ ਵਿਚ ਲੱਗੀ ਭਾਰੀ ਪੂੰਜੀ ਨੂੰ ਧਿਆਨ ਵਿਚ ਰਖਦੇ ਹੋਏ ਮੇਰੀ ਸਰਕਾਰ ਲੋਕ ਪ੍ਰਸ਼ਾਸਨ ਇਨਸਟੀਚਿਊਟ ਵਿਚ ਇਕ ਪ੍ਰਬੰਧਕੀ ਡਵੀਜ਼ਨ ਕਾਇਮ ਕਰਨ ਦੀ ਤਜਵੀਜ਼ ਰਖਦੀ ਹੈ ਤਾਂ ਜੋ ਪ੍ਰਬੰਧਕੀ ਅਦਾਰਿਆਂ ਨੂੰ ਚਲਾਉਣ ਲਈ ਲੋੜੀਂਦੀ ਪ੍ਰਬੰਧਕੀ ਪ੍ਰਤਿਭਾ ਦਾ ਤੇਜ਼ੀ ਨਾਲ ਵਿਕਾਸ ਕੀਤਾ ਜਾ ਸਕੇ। ਇਸੇ ਤਰ੍ਹਾਂ ਰਾਜ ਵਿਚ ਸਥਾਨਕ ਸੰਸਥਾਵਾਂ ਦੇ ਕੰਮ-ਕਾਰ ਵਿਚ ਸੁਧਾਰ ਲਿਆਉਣ ਲਈ ਨਗਰ ਪਾਲਕਾ ਪ੍ਰਬੰਧ ਸਬੰਧੀ ਇਕ ਖੋਜ ਅਤੇ ਸਿਖਲਾਈ ਕੇਂਦਰ ਕਾਇਮ ਕੀਤਾ ਜਾਵੇਗਾ ।

41. ਚਾਲੂ ਸਾਲ ਦੇ ਦੌਰਾਨ 200 ਨਵੇਂ ਉਪ ਸਿਹਤ ਕੇਂਦਰ, 10 ਦੰਦਾਂ ਦੇ ਹਸਪਤਾਲ, ਸ਼ਹਿਰੀ ਗੰਦੀ ਬਸਤੀਆਂ ਲਈ 5 ਡਿਸਪੈਂਸਰੀਆਂ, 10 ਆਯੁਰਵੈਦਿਕ ਡਿਸਪੈਂਸਰੀਆਂ ਅਤੇ 8 ਹੋਮਿਓਪੈਥਿਕ ਡਿਸਪੈਂਸਰੀਆਂ ਖੋਲ ਕੇ ਸਿਹਤ ਤੇ ਡਾਕਟਰੀ ਸੇਵਾਵਾਂ ਦੇ ਮੁਢਲੇ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ। ਇਹ ਵੀ ਆਸ ਕੀਤੀ ਜਾਂਦੀ ਹੈ ਕਿ ਸਾਲ ਦੇ ਦੌਰਾਨ 150 ਨਵੇਂ ਉਪ ਕੇਂਦਰੀ ਖੋਲ੍ਹੇ ਜਾਣਗੇ ਅਤੇ 3,000 ਦੇਸੀ ਦਾਈਆਂ ਨੂੰ ਵੀ ਸਿਖਲਾਈ ਦਿਤੀ ਜਾ ਰਹੀ ਹੈ ਤਾ ਕਿ ਸਾਲ ਦੇ ਅੰਤ ਤਕ ਰਾਜ ਦੇ ਲਗ ਭਗ ਹਰੇਕ ਪਿੰਡ ਨੂੰ ਇਕ ਸਿਖਲਾਈ ਪ੍ਰਾਪਤ ਦਾਈ ਦਿਤੀ ਜਾ ਸਕੇ । ਇਕ ਵਿਸ਼ੇਸ਼ ਸਕੂਲ ਸਿਹਤ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜਿਸ ਦੇ ਤਹਿਤ 9 ਲੱਖ ਸਕੂਲ ਜਾਣ ਵਾਲੇ ਬੱਚਿਆਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਅਤੇ ਬਿਮਾਰ ਬੱਚਿਆਂ ਦਾ ਇਲਾਜ ਕੀਤਾ ਗਿਆ। 4 ਗੁਲੂਕੋਸ ਸੈਲਾਈਨ ਤਿਆਰ ਕਰਨ ਵਾਲੇ

Original with;
Punjab Vidhan Sabha
Digitized by;
Panjab Digital Library

ਪਲਾਂਟ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਅਤੇ ਫ਼ਰੀਦਕੋਟ ਵਿਖੇ ਲਾਉਣੇ ਪ੍ਰਵਾਨ ਕੀਤੇ ਗਏ ਆਉਂਦੇ ਸਾਲ ਵਿਚ 80 ਉਪ ਕੇਂਦਰ ਹੋਰ ਖੋਲਣ ਅਤੇ 40 ਬਲਾਕਾਂ ਵਿਚ ਸਿਹਤ ਗਾਈਡ ਸਕੀਮ ਚਾਲੂ ਕਰਨ ਦੀ ਤਜਵੀਜ਼ ਹੈ। ਪਰਿਵਾਰ ਭਲਾਈ ਦੇ ਖੇਤਰ ਵਿਚ, ਪ੍ਰਗਤੀ ਦੀ ਗਤੀ ਨੂੰ ਤੇਜ਼ ਕੀਤਾ ਗਿਆ ਅਤੇ ਭਾਰਤ ਸਰਕਾਰ ਦੁਆਰਾ ਨਿਸ਼ਚਿਤ ਕੀਤੇ ਪਰਿਵਾਰ ਨਿਯੋਜਨ ਦੇ ਟੀਚਿਆਂ ਤੋਂ ਅੱਗੇ ਲੰਘ ਜਾਣ ਦੀ ਆਸ ਹੈ ।

42. ਸਤਿਕਾਰ ਯੋਗ ਮੈਂਬਰਾਂ ਨੂੰ ਯਾਦ ਹੋਵੇਗਾ ਕਿ ਸਮਾਜ ਦੇ ਆਰਥਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਅਕਤੀਆਂ ਦੀ ਸਹੀ ਗਿਣਤੀ ਦਾ ਪਤਾ ਲਾਉਣ ਲਈ ਵਿਸ਼ੇਸ਼ ਸਰਵੇਖਣ ਕੀਤਾ ਗਿਆ ਸੀ, ਜਿਸ ਦੇ ਸਿੱਟੇ ਵਜੋਂ 7,40,789 ਪੀਲੇ ਕਾਰਡ ਆਰਥਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਅਕਤੀਆਂ ਨੂੰ ਜਾਰੀ ਕੀਤੇ ਗਏ ਹਨ। ਕਿਉਂਕਿ ਮੇਰੀ ਸਰਕਾਰ ਛੋਟੇ ਅਤੇ ਸੀਮਾਂਤੀ ਕਿਸਾਨਾਂ ਅਤੇ ਸਮਾਜ ਦੇ ਹੋਰ ਕਮਜ਼ੋਰ ਵਰਗਾਂ ਦੀ ਸਹਾਇਤਾ ਕਰਨ ਲਈ ਵਚਨ ਬੱਧ ਹੈ, ਇਸ ਲਈ ਰਾਜ ਸਰਕਾਰ ਪੀਲੇ ਕਾਰਡਾਂ ਵਾਲੇ ਵਿਅਕਤੀਆਂ ਨੂੰ ਵਿਆਜ ਰਹਿਤ ਕਰਜ਼ੇ ਦੇ ਰਹੀ ਹੈ। ਇਤਨੀ ਹੀ ਰਕਮ ਦੀ ਕੇਂਦਰੀ ਗਰਾਂਟ ਤੋਂ ਇਲਾਵਾ 3 ਕਰੋੜ 54 ਲੱਖ ਰੁਪਏ ਦੀ ਰਕਮ ਮੁਹਈਆ ਕੀਤੀ ਜਾ ਰਹੀ ਹੈ। ਦਿਹਾਤੀ ਵਿਕਾਸ ਏਜੰਸੀਆਂ ਦੁਆਰਾ ਹੱਥ ਵਿਚ ਲਈਆਂ ਗਈਆਂ ਸਕੀਮਾਂ ਤੋਂ ਪਿਛਲੇ ਸਾਲ ਦੇ ਅੰਤ ਤਕ 40,263 ਵਿਅਕਤੀਆਂ ਨੇ ਲਾਭ ਪ੍ਰਾਪਤ ਕੀਤਾ ਹੈ। ਆਸ ਹੈ ਕਿ ਸਾਲ 1982-83 ਦੇ ਦੌਰਾਨ 94,400 ਵਿਅਕਤੀਆਂ ਨੂੰ ਇਹੋ ਜਿਹੇ ਲਾਭ ਪ੍ਰਾਪਤ ਹੋਣਗੇ । (ਥੰਪਿੰਗ) ਇਹ ਪੜਤਾਲ ਕੀਤੀ ਜਾ ਰਹੀ ਹੈ ਕਿ ਪੀਲੇ ਕਾਰਡਾਂ ਵਾਲੇ ਵਿਅਕਤੀ ਸਚਮਚ ਹੀ ਸਮਾਜ ਦੇ ਪਛੜੇ ਵਰਗ ਦੇ ਮੈਂਬਰ ਹਨ।

43. ਮੇਰੀ ਸਰਕਾਰ ਦੇ ਸਮਾਜ-ਆਰਥਕ ਉਦੇਸ਼ ਭੋਂ-ਸੁਧਾਰ ਉਪਾਵਾਂ ਤੋਂ ਬਿਨਾਂ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇਸ ਲਈ ਮੇਰੀ ਸਰਕਾਰ ਨੇ 24,529 ਹਕਦਾਰ ਵਿਅਕਤੀਆਂ ਨੂੰ 95,880 ਸਟੈਂਡਰਡ ਏਕੜ ਜ਼ਮੀਨ ਅਲਾਟ ਕੀਤੀ ਹੈ। ਕਿਉਂ ਜੋ ਮੇਰੀ ਸਰਕਾਰ ਨਵੇਂ 20 ਨੁਕਾਤੀ ਸਮਾਜ-ਆਰਥਕ ਪ੍ਰੋਗਰਾਮ ਲਈ ਵਚਨ ਬੱਧ ਹੈ ਇਸ ਲਈ ਭੋਂ ਸੁਧਾਰ ਦੇ ਉਪਾ ਆਉਂਦੇ ਸਾਲਾਂ ਵਿਚ ਪੂਰੇ ਜ਼ੋਰ ਨਾਲ ਲਾਗੂ ਕੀਤੇ ਜਾਣਗੇ। ਰਾਜ ਦੀ ਕਿਸੇ ਇਕ ਯੂਨੀਵਰਸਿਟੀ ਵਿਚ ਦਿਹਾਤੀ ਵਿਕਾਸ ਸਬੰਧੀ ਖੋਜ ਕੇਂਦਰ ਕਾਇਮ ਕਰਨ ਦੀ ਤਜਵੀਜ਼ ਹੈ ਤਾਂ ਜੋ ਦਿਹਾਤੀ ਵਿਕਾਸ ਦੇ ਪ੍ਰੋਗਰਾਮਾਂ ਲਈ ਸੁਧਰੀ ਹੋਈ ਕਾਰਜ ਵਿਧੀ ਅਪਣਾਈ ਜਾ ਸਕੇ ।

44. ਅਨੁਸੂਚਿਤ ਜਾਤੀ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪੰਜਾਬ ਪਛੜੀਆਂ ਸ਼੍ਰੇਣੀਆਂ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਆਮਦਨ ਪੈਦਾ ਕਰਨ ਵਾਲੀਆਂ ਸਕੀਮਾਂ ਲਈ ਬੈਂਕਾਂ ਦੇ ਸਹਿਯੋਗ ਨਾਲ ਕਰਜ਼ਿਆਂ ਦਾ ਪ੍ਰਬੰਧ ਕਰਨ ਵਿਚ ਲੱਗੀਆਂ ਹੋਈਆਂ ਹਨ। ਸਰਕਾਰ ਵਲੋਂ ਵਿਆਜ ਦੀ ਪੂਰੀ ਛੋਟ ਦਿਤੀ ਜਾਂਦੀ ਹੈ। ਸਾਲ 1980-81 ਦੇ ਦੌਰਾਨ ਅਨੁਸੂਚਿਤ ਜਾਤੀ ਭੋਂ-ਵਿਕਾਸ ਅਤੇ ਵਿੱਤ ਕਾਰਪੋ-ਰੇਸ਼ਨ ਨੇ 22,223 ਵਿਅਕਤੀਆਂ ਨੂੰ 7 ਕਰੋੜ 70 ਲੱਖ ਰੁਪਏ ਦੇ ਕਰਜ਼ੇ ਦਿੱਤੇ ਅਤੇ ਪਛੜੀਆਂ ਸ਼੍ਰੇਣੀਆਂ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ 38,067 ਵਿਅਕਤੀਆਂ ਨੂੰ 13 ਕਰੋੜ 81 ਲੱਖ ਰੁਪਏ ਦੇ ਕਰਜ਼ੇ ਦਿੱਤੇ। ਸਾਲ 1981-82 ਵਿਚ ਦਸੰਬਰ ਦੇ ਅੰਤ ਤਕ 7 ਕਰੋੜ 57 ਲੱਖ ਰੁਪਏ ਦੀ ਰਕਮ ਦੇ ਕਰਜ਼ੇ ਅਨੁਸੂਚਿਤ ਜਾਤੀ ਭੋਂ-ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੁਆਰਾ 22,008 ਵਿਅਕਤੀਆਂ ਨੂੰ ਦਿਤੇ ਜਾ ਚੁਕੇ ਹਨ। ਪਛੜੀਆਂ ਸ਼੍ਰੇਣੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ 16,008 ਵਿਅਕਤੀਆਂ ਨੂੰ 5 ਕਰੋੜ 88 ਲੱਖ ਰੁਪਏ ਦੇ ਕਰਜ਼ੇ ਦਿੱਤੇ ਹਨ।

45. ਹਰੀਜਨ ਬਸਤੀਆਂ ਵਿਚ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰ ਕੇ, ਧਰਮਸ਼ਾਲਾਂ ਦੀ ਉਸਾਰੀ ਕਰਕੇ ਅਤੇ ਵਿਮੁਕਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਨੂੰ ਮਕਾਨਾਂ ਦੀ ਉਸਾਰੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

ਲਈ ਮਾਲੀ ਸਹਾਇਤਾ ਦੇ ਕੇ ਉਨ੍ਹਾਂ ਦੇ ਰਹਿਣ ਸਹਿਣ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

46. ਲੋੜਵੰਦ ਲੋਕਾਂ ਨੂੰ ਸਮਾਜਕ ਸੁਰੱਖਿਆ ਮੁਹਈਆ ਕਰਨ ਦੀ ਨੀਤੀ ਦੇ ਅਨੁਸਾਰ ਸਰਕਾਰ ਨੇ ਰਾਜ ਵਿਚ ਸਮਾਜਕ ਅਤੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਮਾਲੀ ਸਹਾਇਤਾ ਦੇਣੀ ਜਾਰੀ ਰਖੀ ਹੈ। 31 ਮਾਰਚ, 1981 ਤਕ ਬੁਢਾਪਾ ਪੈਨਸ਼ਨ ਸਕੀਮ ਦੇ ਤਹਿਤ 94,278 ਪੈਨਸ਼ਨਾਂ, ਵਿਧਵਾਵਾਂ ਅਤੇ ਬੇਸਹਾਰਾ ਇਸਤਰੀਆਂ ਨੂੰ ਮਾਲੀ ਸਹਾਇਤਾ ਸਕੀਮ ਦੇ ਤਹਿਤ 25,018 ਪੈਨਸ਼ਨਾਂ ਅਤੇ ਆਸਰਿਤ ਬੱਚਿਆਂ ਨੂੰ ਮਾਲੀ ਸਹਾਇਤਾ ਸਕੀਮ ਦੇ ਤਹਿਤ 7,737 ਪੈਨਸ਼ਨਾਂ ਮਨਜ਼ੂਰ ਕੀਤੀਆਂ ਗਈਆਂ (ਥੰਪਿੰਗ) ਅਕਤੂਬਰ ਦੇ ਅੰਤ ਤਕ ਇਨ੍ਹਾਂ ਦੀ ਗਿਣਤੀ ਕ੍ਰਮਵਾਰ 98,400, 27,100 ਅਤੇ 7,900 ਤਕ ਪਹੁੰਚ ਗਈ । ਲਾਭ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ ਹੋਰ ਵਧ ਜਾਣ ਦੀ ਸੰਭਾਵਨਾ ਹੈ । ਚਾਲੂ ਵਿੱਤੀ ਸਾਲ ਦੇ ਦੌਰਾਨ ਇਨ੍ਹਾਂ ਸਕੀਮਾਂ ਤੇ ਕ੍ਰਮਵਾਰ 4.17 ਕਰੋੜ ਰੁਪਏ 1.27 ਕਰੋੜ ਰੁਪਏ ਅਤੇ 42.21 ਲੱਖ ਰੁਪਏ ਖ਼ਰਚ ਕਰਨ ਦੀ ਤਜਵੀਜ਼ ਹੈ।

47. ਸਾਲ 1981 ਵਿਚ, ਜਿਸ ਨੂੰ ਕਿ ਅਪਾਹਜਾਂ ਲਈ ਅੰਤਰ-ਰਾਸ਼ਟਰੀ ਵਰ੍ਹਾ ਘੋਸ਼ਿਤ ਕੀਤਾ ਗਿਆ ਸੀ, ਪੱਕੇ ਤੌਰ ਤੇ ਅਪਾਹਜ ਵਿਅਕਤੀਆਂ ਨੂੰ 50 ਰੁਪਏ ਮਾਹਵਾਰ ਦੇ ਹਿਸਾਬ ਨਾਲ ਮਾਲੀ ਸਹਾਇਤਾ ਮੁਹੱਈਆ ਕਰਨ ਦੀ ਇਕ ਨਵੀਂ ਸਕੀਮ ਸ਼ੁਰੂ ਕੀਤੀ ਗਈ ਹੈ। ਚਾਲੂ ਵਿੱਤੀ ਸਾਲ ਦੇ ਅੰਤ ਤਕ ਇਸ ਸਕੀਮ ਅਧੀਨ ਲਗ ਭਗ 1,000 ਵਿਅਕਤੀਆਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ ।

48. ਮੇਰੀ ਸਰਕਾਰ ਨੂੰ ਸੁਤੰਤਰਤਾ ਸੰਗਰਾਮੀਆਂ ਜਿਨ੍ਹਾਂ ਨੇ ਆਪਣਾ ਜੀਵਨ ਦੇਸ਼ ਦੀ ਆਜ਼ਾਦੀ ਦੇ ਲੇਖੇ ਲਾ ਦਿਤਾ, ਦੇ ਹਿੱਤਾਂ ਦਾ ਹਮੇਸ਼ਾਂ ਹੀ ਧਿਆਨ ਰਿਹਾ ਹੈ। ਪੰਜਾਬ ਸਰਕਾਰ ਨੇ 14 ਜਨਵਰੀ, 1981 ਤੋਂ ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ 50 ਰੁਪਏ ਤੋਂ ਵਧਾ ਕੇ 100 ਰੁਪਏ ਮਾਹਵਾਰ ਕਰ ਦਿੱਤੀ ਹੈ। (ਥੰਪਿੰਗ) ਕੌਮੀ ਸੇਵਕ ਸਹਾਇਤਾ ਫ਼ੰਡ ਵਿਚੋਂ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਉਚਿਤ ਯਕ ਮੁਸ਼ਤ ਗ੍ਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ।

49. ਮੇਰੀ ਸਰਕਾਰ ਦਾ ਸਦਾ ਹੀ ਇਹ ਯਤਨ ਰਿਹਾ ਹੈ ਕਿ ਸਾਬਕਾ ਫ਼ੌਜੀਆਂ ਅਤੇ ਉਨ੍ਹਾਂ ਤੇ ਆਸਰਿਤਾਂ ਦੀ ਹਾਲਤ ਨੂੰ ਸੁਧਾਰਿਆ ਜਾਵੇ। ਸੇਵਾ ਮੁਕਤ ਫ਼ੌਜੀਆਂ/ਸਾਬਕਾ ਫ਼ੌਜੀਆਂ ਦੀ ਨਿਯੁਕਤੀ ਵਿਚ ਕਮੀ ਨੂੰ ਦੂਰ ਕਰਨ ਲਈ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਜਿਥੇ ਰਾਖਵੇਂ ਕੋਟੇ ਵਿਚ ਯੋਗ ਸਾਬਕਾ ਫ਼ੌਜੀ ਉਪਲਬਧ ਨਾ ਹੋਣ, ਉਥੇ ਵਖ ਵਖ ਰਾਖਵੀਆਂ ਆਸਾਮੀਆਂ ਲਈ ਸਾਬਕਾ ਫ਼ੌਜੀਆਂ ਦੇ ਆਸਰਿਤ ਲੜਕੇ/ਲੜਕੀਆਂ, ਜੋ ਯੋਗਤਾ ਉਮਰ ਆਦਿ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਨੂੰ ਵਿਚਾ-ਰਿਆ ਜਾਵੇ । (ਥਪਿੰਗ) ਪੰਜਾਬ ਸਾਬਕਾ ਫ਼ੌਜੀ ਕਾਰਪੋਰੇਸ਼ਨ ਨੇ ਵੀ ਸਾਬਕਾ ਫ਼ੌਜੀਆਂ ਦੇ ਕਲਿਆਣ ਵਿਚ ਆਪਣਾ ਹਿੱਸਾ ਪਾਇਆ ਹੈ। ਇਸ ਨੇ 1981-82 ਦੇ ਦੌਰਾਨ 4 ਕਰੋੜ ਰੁਪਏ ਤੋਂ ਵੱਧ ਦੇ ਕਰ-ਜ਼ਿਆਂ ਦੀਆਂ ਅਰਜ਼ੀਆਂ ਭਿਜਵਾਈਆਂ ਹਨ। (ਥੰਪਿੰਗ)

50. ਸਨਮਾਨਯੋਗ ਮੈਂਬਰ ਸਾਹਿਬਾਨ, ਮੈਂ ਆਪ ਨੂੰ ਉਹ ਨੀਤੀਆਂ ਅਤੇ ਪੋਗਰਾਮ ਦੱਸੇ ਹਨ, ਜੋ ਮੇਰੀ ਸਰਕਾਰ ਨੇ ਆਰਥਕ ਪ੍ਰਗਤੀ ਦੀ ਰਫਤਾਰ ਵਧਾ ਕੇ ਪੈਦਾਵਾਰ ਵਧਾਉਣ ਅਤੇ ਸਮਾਜ-ਆਰਥਕ ਭਿੰਨਤਾਵਾਂ ਤੇ ਨਾ ਬਰਾਬਰੀਆਂ ਘਟਾਉਣ ਦੇ ਦੂਹਰੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਅਪਣਾਏ ਹਨ ਅਤੇ ਜਿਨ੍ਹਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਅਜੋਕੇ ਸਮੇਂ ਦੀ ਵੰਗਾਰ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜ ਸਾਨੂੰ ਮਿਲ ਜੁਲ ਕੇ ਉਸਾਰੂ ਅਤੇ ਭਰਵਾਂ ਹੰਭਲਾ ਮਾਰਨ ਦੀ ਪ੍ਰੇਰਨਾ ਦਿੰਦੇ ਹਨ

Original with;
Punjab Vidhan Sabha
Digitized by;
Panjab Digital Library

ਮੈਨੂੰ ਵਿਸ਼ਵਾਸ ਹੈ ਕਿ ਆਪ ਸਾਰਿਆਂ ਦੇ ਸਰਗਰਮ ਮਿਲਵਰਤਣ ਨਾਲ ਅਸੀਂ ਇਨ੍ਹਾਂ ਉਦੇਸ਼ਾਂ ਨੂੰ ਪੂਰਿਆਂ ਕਰ ਸਕਾਂਗੇ ਅਤੇ ਆਉਣ ਵਾਲੀਆਂ ਸਮੱਸਿਆਵਾਂ ਦਾ ਬਹਾਦਰੀ ਨਾਲ ਮੁਕਾਬਲਾ ਕਰ ਸਕਾਂਗੇ ।

(ਥੰਪਿੰਗ)

ਜੈ ਹਿੰਦ

## (ii) Panel of Chairmen

**Mr. Speaker** : Rule 13(1) of the Rules of Procedure and Conduct of Business in the Punjab Vidhan Sabha (Punjab Legislative Assembly) ਦੇ ਅਧੀਨ ਮੈਂ ਨਿਮਨ-ਲਿਖਤ ਮੈਂਬਰਾਂ ਨੂੰ ਪੈਨਲ ਆਫ਼ ਚੇਅਰਮੈਨ ਲਈ ਨਿਯੁਕਤ ਕਰਦਾ ਹਾਂ :--

1. ਸਰਦਾਰ ਲਾਲ ਸਿੰਘ ।
2. ਸ਼੍ਰੀ ਓਮ ਪ੍ਰਕਾਸ਼ ਗੁਪਤਾ ।
3. ਸ਼੍ਰੀ ਰਾਮ ਸਵਰੂਪ ਬਾਗੀ ।
4. ਸਰਦਾਰ ਸਰਵਣ ਸਿੰਘ ਫਿਲੌਰ ।

---

## FIRST REPORT OF THE BUSINESS ADVISORY COMMITTEE

**MR. Speaker** : I have to present to the House the First Report of the Business Advisory Committee. The Report reads as under :—

After some discussion, it was recommended that the following business be transacted at the sittings of the Punjab Vidhan Sabha from 25th February, 1982 to 14th March, 1982 :—

| | |
|---|---|
| Thursday, the 25th February (9.00 A.M.) | (i) Laying of papers on the Table of the House.<br>(ii) Presentation of the Reports of the Comptroller and Auditor General of India for the year 1979-80 ; and<br>(iii) Non-official Business. |
| Friday, the 26th February.(9.00 A.M.) | Discussion on the Governor's Address. |
| Saturday, the 27th February. | Off day |
| Sunday, the 28th February. | Holiday |
| Monday, the Ist March (2.00 P.M.) | Resumption of discussion on the Governor's Address. |
| Tuesday, the 2nd March (9.00 A.M.) | (i) Presentation of the Supplementary Estimates (2nd Instalment) 1981-82 ; and<br>(ii) Resumption of discussion on the Governor's Address. |

Original with;
Punjab Vidhan Sabha
Digitized by;
Panjab Digital Library

[Mr. Speaker]

| | |
|---|---|
| Wednesday, the 3rd March (9.00 A.M.) | Resumption of discussion on the Governor's Address and Vote on the Motion of Thanks. |
| Thursday, the 4th March (9.00 A.M.) | Non-official Business |
| Friday, the 5th March (9.00 A.M.) | (i) Discussion and Voting on Demands for Grants in respect of Supplementary Estimates (2nd Instalment) 1981-82 ; and<br>(ii) Appropriation Bill in respect of the Supplementary Estimates (2nd Instalment) 1981-82. |
| Saturday, the 6th March. | Off day. |
| Sunday, the 7th March. | Holiday. |
| Monday, the 8th March. | Off day. |
| Tuesday, the 9th March. | Holiday. |
| Wednesday, the 10th March. | Holiday. |
| Thursday, the 11th March (2.00 P.M.) | Non-official Business. |
| Friday, the 12th March,(9.00 A.M.) | Presentation of the Budget Estimates for the year 1982-83. |
| Saturday, the 13th March | Off day. |
| Sunday, the 14th March. | Holiday. |

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

**Finance Minister (Doctor Kewal Krishan)** : Sir, I beg to move—

That this House agrees with the recommendations contained in the First Report of the Business Advisory Committee.

**Mr. Speaker** : Motion moved—

That this House agrees with the recommendations contained in the First Report of the Business Advisory Committee.

**Mr. Speaker** : Question is—

That this House agrees with the recommendations contained in the First Report of the Business Advisory Committee.

*The motion was Carried unanimously.*

---

Original with;
Punjab Vidhan Sabha
Digitized by;
Panjab Digital Library

## ANNOUNCEMENT BY THE SECRETARY

**ਸਕੱਤਰ :** ਮੈਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਤੀਜੇ ਮੌਨਸੂਨ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਬਿੱਲ ਜਿਨ੍ਹਾਂ ਤੇ, ਰਾਸ਼ਟਰਪਤੀ/ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ, ਦਰਸਾਉਂਦਾ ਵਿਵਰਣ ਸਦਨ ਦੀ ਮੇਜ਼ ਤੇ ਰਖਦਾ ਹਾਂ :--

**ਵਿਵਰਣ**

1. ਪੰਜਾਬ ਰਜਿਸਟਰੇਸ਼ਨ ਵੈਧੀਕਰਣ ਬਿਲ, 1981।
2. ਪੰਜਾਬ ਪਛੜੀਆਂ ਸ਼੍ਰੇਣੀਆਂ ਜ਼ਮੀਨ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ (ਸੋਧਨਾ) ਬਿਲ, 1981 ।
3. ਪੰਜਾਬ ਨਮਿੱਤਣ (ਨੰ: 4) ਬਿਲ, 1981 ।
4. ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਆਰਜ਼ੀ ਅਧਿਲੰਘਣ) ਦੂਜੀ ਸੋਧਨਾ ਬਿਲ, 1981 ।
5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਦੂਜੀ ਸੋਧਨਾ) ਬਿਲ, 1981 ।
6. ਪੰਜਾਬ ਸ਼ਹਿਰੀ ਮਿਲਖਾਂ (ਵਿਕਾਸ ਅਤੇ ਵਿਨਿਯਮਨ) ਸੋਧਨਾ ਬਿਲ, 1981।
7. ਪੰਜਾਬ ਰਾਜ ਵਿਧਾਨ ਮੰਡਲ ਦੇ ਮੈਂਬਰ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮਨ) ਸੋਧਨਾ ਬਿਲ, 1981 ।
8. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) ਸੋਧਨਾ ਬਿਲ, 1981।
9. ਪੰਜਾਬ ਜ਼ਮੀਨ ਸੁਧਾਰ ਸਕੀਮਾਂ (ਸੋਧਨਾ) ਬਿਲ, 1981।
10. ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 1981।
11. ਪੰਜਾਬ ਰਾਜ ਵਿਧਾਨ ਮੰਡਲ (ਆਯੋਗਤਾ ਤੇ ਰੋਕ) ਸੋਧਨਾ ਬਿਲ, 1981।
12. ਪੰਜਾਬ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ (ਸੋਧਨਾ) ਬਿਲ, 1981।
13. ਪੰਜਾਬ ਬਿਜਲੀ (ਡਿਊਟੀ) (ਸੋਧਨਾ) ਬਿਲ, 1981 ।
14. ਦੰਦਾਂ ਦੇ ਡਾਕਟਰ (ਪੰਜਾਬ ਸੋਧਨਾ ਅਤੇ ਵੈਧਤਾ) ਬਿਲ, 1981।
15. ਉਤਰੀ ਭਾਰਤ ਨਹਿਰਾਂ ਅਤੇ ਜਲ ਨਿਕਾਸ (ਪੰਜਾਬ ਸੋਧਨਾ) ਬਿਲ, 1981।
16. ਪੰਜਾਬ ਸਹਿਕਾਰੀ ਸਭਾਵਾਂ (ਸੋਧਨਾ) ਬਿਲ, 1981 ।

———

Original with;
Punjab Vidhan Sabha
Digitized by;
Panjab Digital Library

## POINTS OF ORDER *RE*. DISCUSSION ON THE RAVI-BEAS WATERS AGREEMENT

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਬੋਲਣ ਲਈ ਖੜ੍ਹੇ ਹੋਏ ਅਤੇ ਨਾਲ ਹੀ ਮਾਨਯੋਗ ਮੈਂਬਰ ਸਰਦਾਰ ਪ੍ਰਕਾਸ਼ ਸਿੰਘ ਮਜੀਠਾ, ਸਰਦਾਰ ਦਲੀਪ ਸਿੰਘ ਪਾਂਧੀ ਖੜੇ ਹੋ ਗਏ। ਸ੍ਰੀ ਸਪੀਕਰ ਨੇ ਵਿਰੋਧੀ ਧਿਰ ਦੇ ਨੇਤਾ ਨੂੰ ਬੋਲਣ ਲਈ ਆਗਿਆ ਦਿਤੀ।)

(ਇਸ ਸਮੇਂ ਮਾਨਯੋਗ ਮੈਂਬਰ, ਕਾਮਰੇਡ ਕੁਲਵੰਤ ਸਿੰਘ, ਕਾਮਰੇਡ ਸਰਵਣ ਸਿੰਘ ਚੀਮਾਂ, ਪ੍ਰੋਫੈਸਰ ਬਲਵੰਤ ਸਿੰਘ ਅਤੇ ਕਾਮਰੇਡ ਸੱਘੜ ਸਿੰਘ ਖੜੇ ਹੋ ਕੇ ਬੋਲਣ ਲਗ ਪਏ। ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਵੀ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ।)

** ** **

**ਸ੍ਰੀ ਸਪੀਕਰ** : ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਬੋਲਣ ਲਈ ਕਿਹਾ ਹੈ। ਉਨ੍ਹਾਂ ਤੋਂ ਬਾਅਦ ਤੁਸੀਂ ਜੋ ਕੁਝ ਕਹਿਣਾ ਹੋਵੇਗਾ ਕਹਿ ਲੈਣਾ। Please sit down (*Interruptions*) ਜੋ ਕੁਝ ਮੇਰੀ ਆਗਿਆ ਤੋਂ ਬਿਨਾ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ)

Please sit down ਮੈਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੂੰ ਟਾਈਮ ਦਿਤਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਅੱਜ ਨਾਨ-ਆਫੀਸ਼ਲ ਡੇ ਹੈ। ਇਸ ਡੇ ਦੀ ਇੰਪਾਰਟੈਂਸ ਇਹ ਹੈ ਕਿ ਹਰ ਇਕ ਮੈਂਬਰ ਨੂੰ ਰਾਈਟ ਹੈ ਕਿ ਉਹ ਕੋਈ ਵੀ ਇਸ਼ੂ ਇਸ ਹਾਉਸ ਵਿਚ ਲੈ ਆਵੇ ਅਤੇ ਉਸ ਤੇ ਡਿਸਕਸ਼ਨ ਹੋਵੇ। ਇਸ ਲਈ ਮੈਂ ਔਰ ਮੇਰੇ ਸਾਥੀਆਂ ਨੇ ਇਕ ਰੈਜ਼ੋਲਿਊਸ਼ਨ ਲਿਆਂਦਾ ਸੀ ਜਿਸ ਦੀ ਵਰਡਿੰਗ ਇਹ ਸੀ ਕਿ..................

"This House Disapproves the Agreement signed by the Chief Minister of Punjab on 31st December, 1981 with the Chief Ministers of Haryana and Rajasthan on the sharing of Ravi-Beas Waters and also the action of the Punjab Government withdrawing the petition from the Supreme Court".

ਜਨਾਬ ਵਲੋਂ ਇਸ ਤੇ ਹੁਕਮ ਆ ਗਿਆ ਹੈ ਕਿ ਇਹ ਮੈਟਰ ਸਬਜੂਡਿਸ ਹੈ। ਮੈਂ ਇਸ ਸਿਲਸਿਲੇ ਵਿਚ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਜ਼ਰੂਰ ਇਸ ਮਾਮਲੇ ਤੇ ਗੌਰਮਿੰਟ ਕੋਲੋਂ ਰਿਪੋਰਟ ਮੰਗੀ ਹੋਣੀ ਹੈ ਔਰ ਪੜ੍ਹੀ ਹੋਣੀ ਹੈ। ਅਸਲ ਵਿਚ ਇਹ ਹੈ ਕਿ ਇਹ ਮਾਮਲਾ ਸਬਜੂਡਿਸ ਨਹੀਂ ਹੈ। ਉਸ ਦੇ ਕਾਰਣ ਇਹ ਹਨ ਕਿ ਜਿਹੜੀ ਰਿੱਟ ਕੀਤੀ ਗਈ ਸੀ ਉਹ ਐਡਮਿਟ ਨਹੀਂ ਸੀ ਹੋਈ। ਉਸ ਵਿਚ ਸਿਰਫ ਨੋਟਿਸ ਹੀ ਦਿੱਤੇ ਗਏ ਸਨ। ਜਦੋਂ ਤਕ ਕੋਈ ਰਿੱਟ ਐਡਮਿਟ ਨਾ ਹੋਵੇ ਉਹ ਮਾਮਲਾ ਸਬਜੂਡਿਸ ਨਹੀਂ ਹੋ ਸਕਦਾ। ਮੈਂ ਇਸ ਸਬੰਧ ਵਿਚ ਲੀਗਲ ਐਕਸਪਰਟਸ ਦੀ ਰਾਏ ਵੀ ਲਈ ਹੈ ਔਰ ਹੋਰ ਸਾਰੇ ਲੀਗਲ ਐਸਪੈਕਟਸ ਵੇਖੇ ਹਨ। ਇਸ ਇਸ਼ੂ ਨੂੰ ਚੀਫ ਮਨਿਸਟਰ ਸਾਹਿਬ ਨੇ ਅਤੇ ਪ੍ਰਾਈਮ ਮਨਿਸਟਰ ਸਾਹਿਬ ਨੇ ਇਕਨੌਮੀਕਲ ਐਂਗਲ ਤੋਂ ਨਹੀਂ ਲਿਆ ਬਲਕਿ ਕਿਸੇ ਹੋਰ ਐਂਗਲ ਤੋਂ ਲਿਆ ਹੈ। ਲੇਕਿਨ ਅਸੀਂ ਇਸ ਇਸ਼ੂ ਨੂੰ ਇਕਨੌਮੀਕਲ ਐਂਗਲ ਨਾਲ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਵੇਖਣਾ ਹੈ ਔਰ ਇਹ ਵੇਖਣਾ ਹੈ ਕਿ ਇਸ ਨਾਲ ਪੰਜਾਬ ਸਟੇਟ ਦਾ ਔਰ ਪੰਜਾਬ ਦੇ ਕਿਸਾਨਾਂ ਦਾ ਕਿੰਨਾਂ ਨੁਕਸਾਨ ਹੁੰਦਾ ਹੈ। ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਡਾ ਹਾਉਸ ਸੁਪਰੀਮ ਹੈ। ਇਸ ਲਈ ਇਹ ਕਹਿਣਾ ਕਿ ਇਹ ਮਾਮਲਾ ਇਥੇ ਡਿਸਕਸ ਨਹੀਂ ਹੋ ਸਕਦਾ, ਇਹ ਠੀਕ ਨਹੀਂ। ਕੱਲ ਨੂੰ ਜੇ ਕਿਸੇ ਵੀ ਕਾਰਪੋਰੇਸ਼ਨ ਤੇ ਜਾਂ ਬਿਜਲੀ ਬੋਰਡ ਤੇ ਕੋਈ ਰਿੱਟ ਹੋ ਜਾਵੇ ਤਾਂ ਇਹ ਕਹਿਣ ਕਿ ਇਹ ਮਾਮਲਾ ਇਥੇ ਡਿਸਕਸ ਨਹੀਂ ਹੋ ਸਕਦਾ, ਇਹ ਕਿਵੇਂ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ ਹਾਉਸ ਸੁਪਰੀਮ ਹੈ। ਇਹੋ ਜਿਹੇ ਮਾਮਲੇ ਇਥੇ ਡਿਸਕਸ ਹੋਣੇ ਚਾਹੀਦੇ ਹਨ।

ਫਿਰ ਇਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਹ ਇਸ ਗਵਰਨਰ ਐਡਰੈਸ ਵਿਚ ਵੀ ਮੈਨਸ਼ਨ ਕੀਤਾ ਗਿਆ ਹੈ। ਜੇ ਗਵਰਨਰ ਐਡਰੈਸ ਵਿਚ ਇਹ ਮੈਨਸ਼ਨ ਕੀਤਾ ਗਿਆ ਹੈ ਤਾਂ ਨੈਚ-ਰੁਲੀ ਇਹ ਇਥੇ ਡਿਸਕਸ ਹੋਣਾ ਹੈ। ਇਹ ਸਾਡਾ ਬਹੁਤ ਵਡਾ ਰਾਈਟ ਹੈ ਜਿਹੜਾ ਕਿ ਖੋਹਿਆ ਜਾ ਰਿਹਾ ਹੈ। ਇਸ ਲਈ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਆਪਣੀ ਰੂਲਿੰਗ ਨੂੰ ਰੀਵਾਈਜ਼ ਕਰੋ ਤਾਕਿ ਅਸੀਂ ਇਸ ਥਾਂ ਤੇ ਇਕ ਬਹੁਤ ਵਡਾ ਮਾਮਲਾ, ਜਿਹੜਾ ਕਿ ਪੰਜਾਬ ਦੇ ਲੋਕਾਂ ਨਾਲ ਧੱਕਾ ਹੋਇਆ ਹੈ, ਪੰਜਾਬ ਦੀ ਇਕਾਨਮੀ ਸ਼ੈਟਰ ਹੋ ਜਾਣੀ ਹੈ, ਉਸ ਨੂੰ ਡਿਸਕਸ ਕਰ ਸਕੀਏ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਬੜਾ ਹੈਰਾਨ ਹਾਂ ਕਿ ਇਹੋ ਜਿਹੀ ਗੱਲ ਬਾਦਲ ਸਾਹਿਬ ਜਿਹੜੇ ਕਿ ਨਾ ਸਿਰਫ ਮੁੱਖ ਮੰਤਰੀ ਹੀ ਰਹੇ ਹਨ, ਬਲਕਿ ਸੈਂਟਰ ਦੇ ਵਜ਼ੀਰ ਵੀ ਰਹੇ ਹਨ ਅਤੇ ਬੜੇ ਵੱਡੇ ਪੋਲਿਟੀਸ਼ਨ ਹਨ, ਉਹ ਕਹਿਣ ਕਿ ਇਹ ਮਾਮਲਾ ਸਬਜੁਡਿਸ ਨਹੀਂ ਹੈ। ਸਪੀਕਰ ਸਾਹਿਬ, any matter which is pending for adjudication in any court ਦਾ ਮਤਲਬ ਇਹ ਹੈ ਕਿ ਇਹ ਮਾਮਲਾ ਸਬਜੁਡਿਸ ਹੈ। ਫਿਰ, ਸਪੀਕਰ ਸਾਹਿਬ, ਇਹ ਜੋ ਵੀ ਸੁਪਰੀਮ ਕੋਰਟ ਵਿਚ ਗਏ ਹਨ, ਚਾਹੇ ਉਹ ਬਾਦਲ ਸਾਹਿਬ ਹਨ, ਰਵੀ ਇੰਦਰ ਸਿੰਘ ਜਾਂ ਬਲਦੇਵ ਸਿੰਘ ਮਾਨ ਹਨ, ਉਹ ਇੰਡੀਵਿਜੁਅਲ ਤੌਰ ਤੇ ਨਹੀਂ ਗਏ ਬਲਕਿ ਲੋਕਾਂ ਦੀ ਨੁਮਾਇੰਦਗੀ ਕਰਦੇ ਹੋਏ ਉਥੇ ਗਏ ਹਨ। ਸਪੀਕਰ ਸਾਹਿਬ, ਸਵਾਲ ਇਹ ਹੈ ਕਿ ਇਹ ਜਿਹੜੀ ਰਿੱਟ ਪੈਟੀਸ਼ਨ ਸੀ ਇਹ 1979 ਤੋਂ ਲੈ ਕੇ 1981 ਤਕ ਚਲਦੀ ਰਹੀ ਔਰ ਮੈਰਿਟਸ ਤੇ ਇਸ ਨੂੰ ਡਿਸਕਸ ਕੀਤਾ ਗਿਆ। ਇਸ ਲਈ ਮੈਂ ਸਮਝਦਾ ਹਾਂ ਕਿ ਜਿਹੜੀ ਤੁਹਾਡੀ ਰੂਲਿੰਗ ਹੈ ਇਹ ਬਿਲਕੁਲ ਸਹੀ ਹੈ। ਕੋਈ ਚੀਜ਼ ਜਿਹੜੀ ਐਨਾ ਸਮਾਂ ਹਾਈ ਕੋਰਟ ਜਾਂ ਸੁਪਰੀਮ ਕੋਰਟ ਵਿਚ ਪੈਂਡਿੰਗ ਰਹੀ ਹੋਵੇ ਉਹ ਸਬਜੁਡਿਸ ਹੁੰਦੀ ਹੈ। ਹੁਣ ਜੇ ਤੁਸੀਂ ਆਪਣੇ ਫੈਸਲੇ ਨੂੰ ਰੀਵਾਈਜ਼ ਕਰੋਗੇ ਤਾਂ ਇਹ ਬੜੀ ਭੈੜੀ ਰਿਵਾਇਤ ਹੋਵੇਗੀ।

**ਕਾਮਰੇਡ ਰਾਜ ਕੁਮਾਰ:** ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਜਿਹੜਾ ਪ੍ਰਸ਼ਨ ਅੱਜ ਇਥੇ ਆਦਰਣੀਯ ਬਾਦਲ ਜੀ ਨੇ ਉਠਾਇਆ ਹੈ ਇਹ ਇਕ ਅਹਿਮ ਸਵਾਲ ਹੈ। ਜੋ ਫੈਸਲਾ ਪੰਜਾਬ ਦੇ ਮੁੱਖ ਮੰਤਰੀ, ਹਰਿਆਣਾ ਔਰ ਰਾਜਿਸਥਾਨ ਦੇ ਮੁੱਖ ਮੰਤਰੀ ਔਰ ਸੈਂਟਰਲ ਗੌਰਮਿੰਟ ਨਾਲ ਮਿਲਕੇ ਰਾਵੀ-ਬਿਆਸ ਦੀ ਪਾਣੀ ਦੀ ਵੰਡ ਸਬੰਧੀ ਅਵਾਰਡ ਦਿਤਾ ਗਿਆ ਸੀ ਉਹ ਸਰਾਸਰ ਪੰਜਾਬ ਦੇ ਲੋਕਾਂ ਨਾਲ ਅਨਿਆਏ ਹੋਇਆ ਸੀ। ਇਸ ਕਰਕੇ ਜਿਹੜਾ ਪਾਣੀ ਦਾ ਹਿੱਸਾ ਪੰਜਾਬ ਦੇ ਹਿੱਸੇ ਆਉਂਦਾ ਹੈ ......

Original with;
Punjab Vidhan Sabha
Digitized by;
Panjab Digital Library

**ਵਿੱਤ ਮੰਤਰੀ** : ਸਪੀਕਰ ਸਾਹਿਬ, ਕੀ ਇਸ ਤੇ ਡਿਸਕਸ਼ਨ ਸ਼ੁਰੂ ਕਰ ਦਿੱਤੀ ਹੈ ?

**Sardar Ravi Inder Singh** : Sir, the Hon'ble Minister for Parliamentary Affairs has requested that the discussion should be started. We are on the same stand.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਇਹ ਮਾਮਲਾ ਇਕ ਸਟੇਟ ਦਾ ਦੂਸਰੀ ਸਟੇਟ ਦੇ ਨਾਲ ਤੁਅੱਲਕ ਰਖਦਾ ਹੈ। ਇਹ ਕੋਈ ਕਿਸੇ ਮੁਲਕ ਦਾ ਦੂਸਰੇ ਮੁਲਕ ਨਾਲ ਸਬੰਧ ਨਹੀਂ ਰਖਦਾ, ਇਹ ਰਿਪੇਅਰਨ ਸਟੇਟ ਦਾ ਮਾਮਲਾ ਹੈ। ਇਹ ਸਾਰੇ ਇਲਾਕੇ ਸਿੰਧ ਬੇਸਨ ਦੇ ਇਲਾਕੇ ਹਨ, ਇਸ ਕਰਕੇ ਇਹ ਜਿਹੜਾ ਪਾਣੀ ਦੀ ਤਕਸੀਮ ਦਾ ਸਵਾਲ ਹੈ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇਸ ਮਾਮਲੇ ਨੂੰ ਇਕ ਵਸੀਹ ਨਜ਼ਰੀਏ ਨਾਲ ਲੈਣਾ ਚਾਹੀਦਾ ਹੈ। ਇਸ ਲਈ ਮੇਰੀ ਰਿਕੁਐਸਟ ਹੈ ਕਿ ਇਸ ਮਾਮਲੇ ਵਿਚ ਜਿਹੜੀਆਂ ਵੀ ਸਟੇਟਸ ਸ਼ਾਮਲ ਹਨ ਭਾਵੇਂ ਉਹ ਰਾਜਿਸਥਾਨ ਹੈ, ਹਰਿਆਣਾ ਹੈ ਜਾਂ ਪੰਜਾਬ ਹੈ, ਇਨ੍ਹਾਂ ਵਿਚ ਜਿਹੜੀਆਂ ਆਲ ਇੰਡੀਆ ਪਾਰਟੀਆਂ ਹਨ ਔਰ ਪੰਜਾਬ ਵਿਚ ਜਿਹੜੀ ਮੁੱਖ ਆਪੋਜ਼ੀਸ਼ਨ ਪਾਰਟੀ ਹੈ, ਮੈਂ ਸਮਝਦਾ ਹਾਂ ਕਿ ਇਨ੍ਹਾਂ ਸਾਰਿਆਂ ਨੂੰ ਇਕੱਠੇ ਕਰਕੇ ਇਸ ਗੱਲ ਤੇ ਵਿਚਾਰ ਕਰਨਾ ਚਾਹੀਦਾ ਹੈ ਔਰ ਇਹ ਜਿਹੜਾ ਪਾਣੀ ਦੀ ਤਕਸੀਮ ਦਾ ਮਾਮਲਾ ਹੈ ਇਸ ਨੂੰ ਨੇਪਰੇ ਚਾੜ੍ਹਨਾ ਚਾਹੀਦਾ ਹੈ। ਅੱਜ ਪੰਜਾਬ ਦੇ ਲੋਕਾਂ ਵਿਚ ਇਸ ਗੱਲ ਦੀ ਚਿੰਤਾ ਹੈ ਕਿ ਜਿਸ ਆਧਾਰ ਤੇ ਇਸ ਦਾ ਫੈਸਲਾ ਹੋਇਆ ਹੈ ਇਸ ਵਿਚ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਲਈ ਮੇਰੀ ਰਾਏ ਹੈ ਕਿ ਸਬੰਧਤ ਸਟੇਟਸ ਦੀਆਂ ਆਲ ਇੰਡੀਆ ਪਾਰਟੀਆਂ ਔਰ ਪੰਜਾਬ ਦੀ ਮੁੱਖ ਆਪੋਜ਼ੀਸ਼ਨ ਪਾਰਟੀ ਨੂੰ ਨਾਲ ਲੈ ਕੇ ਇਸ ਤੇ ਫਿਰ ਵਿਚਾਰ ਕਰਨਾ ਚਾਹੀਦਾ ਹੈ।

**ਸਰਦਾਰ ਰਵੀ ਇੰਦਰ ਸਿੰਘ** : ਸਪੀਕਰ ਸਾਹਿਬ, ਇਹ ਪਾਰਟੀ ਵਲੋਂ ਮੂਵ ਨਹੀਂ ਸੀ ਹੋਇਆ ਬਲਕਿ ਇਹ ਰੈਜ਼ੋਲਿਊਸ਼ਨ ਮੈਂ ਮੂਵ ਕੀਤਾ ਹੈ।

**ਮਾਸਟਰ ਚੰਦ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਵੇ।

## WALK OUT

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਜੇਕਰ ਤੁਸੀਂ ਸਾਨੂੰ ਸੁਣਨ ਲਈ ਤਿਆਰ ਨਹੀਂ ਹੋ ਤਾਂ ਅਸੀਂ ਐਜ਼ ਏ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਵੇਲੇ ਸੀ.ਪੀ.ਆਈ. (ਐਮ) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ।)

## POINTS OF ORDER *RE*. DISCUSSION ON THE RAVI-BEAS WATERS AGREEMENT (*Resumption*)

**ਸਰਦਾਰ ਰਵੀ ਇੰਦਰ ਸਿੰਘ** : ਸਪੀਕਰ ਸਾਹਿਬ, ਮੈਨੂੰ ਬੜਾ ਹੀ ਅਫਸੋਸ ਹੈ ਕਿ ਇਹ ਬੜਾ ਅਹਿਮ ਮਸਲਾ ਹੈ ਜਿਸ ਦੇ ਮੁਤੱਲਕ ਹਾਊਸ ਦੇ ਕਾਨੂੰਨ ਦੇ ਤਹਿਤ ਨਾਨ-ਆਫੀਸ਼ੀਅਲ ਰੈਜ਼ੋਲਿਊਸ਼ਨ ਲਿਆਂਦਾ ਗਿਆ ਹੈ। ਰਾਵੀ-ਬਿਆਸ ਪਾਣੀ ਬਾਰੇ ਜਿਹੜਾ ਐਗਰੀਮੈਂਟ ਹੋਇਆ ਹੈ, ਉਸ ਤੇ ਡਿਸਕਸ਼ਨ ਕਰਨ ਲਈ ਤੁਹਾਡੇ ਸਾਹਮਣੇ ਰੈਜ਼ੋਲਿਊਸ਼ਨ ਰਖਿਆ ਗਿਆ ਸੀ। ਸਪੀਕਰ ਸਾਹਿਬ, ਇਹ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਮਸਲਾ ਕੇਵਲ ਕਾਂਗਰਸੀਆਂ ਦਾ ਨਹੀਂ ਹੈ। ਇਹ ਮਸਲਾ ਕੋਈ ਇਕੱਲੀ ਅਕਾਲੀ ਪਾਰਟੀ ਦਾ ਨਹੀਂ ਹੈ, ਨਾ ਹੀ ਸੀ.ਪੀ.ਆਈ ਅਤੇ ਸੀ.ਪੀ.ਆਈ. (ਐਮ) ਵਾਲਿਆਂ ਦਾ ਹੈ। ਤੁਸੀਂ ਵੀ ਚਾਹੁੰਦੇ ਹੋ ਅਤੇ ਪੰਜਾਬ ਦੇ ਸਾਰੇ ਲੋਕ ਵੀ ਚਾਹੁੰਦੇ ਹਨ। ਇਸ ਲਈ ਇਥੇ ਡਿਸਕਸ਼ਨ ਕਰਨ ਦਾ ਕੋਈ ਤਰੀਕਾ ਲੱਭਣਾ ਹੈ। ਕੱਲ ਜੋ ਗਵਰਨਰ ਸਾਹਿਬ ਨੇ ਐਡਰੈਸ ਪੜ੍ਹਿਆ ਹੈ ਉਸ ਦੇ ਵਿਚ ਵੀ ਰਾਵੀ-ਬਿਆਸ ਦੇ ਪਾਣੀ ਦਾ ਜ਼ਿਕਰ ਕੀਤਾ ਗਿਆ ਹੈ। ਇਸ ਦਾ ਮਤਲਬ ਹੈ ਕਿ ਜਦੋਂ ਗਵਰਨਰ ਸਾਹਿਬ ਦਾ ਐਡਰੈਸ ਇਥੇ ਹਾਊਸ ਵਿਚ ਡਿਸਕਸ ਹੋਣਾ ਹੈ ਤਾਂ ਮੈਂਬਰ ਸਾਹਿਬਾਨ ਜ਼ਰੂਰ ਇਸ ਇਸ਼ੂ ਤੇ ਡਿਸਕਸ ਕਰਨਗੇ। ਇਸ ਲਈ, ਸਪੀਕਰ ਸਾਹਿਬ, ਇਹ ਸਬਜੁਡਿਸ ਮਸਲਾ ਕਿਵੇਂ ਹੋਇਆ ? ਇਹ ਮਸਲਾ ਬੜਾ ਅਹਿਮ ਹੈ। ਇਸ ਲਈ ਅਸੀਂ ਰੈਜ਼ੋਲਿਊਸ਼ਨ ਦੀ ਮੰਗ ਕੀਤੀ ਹੈ ਬਲਕਿ ਮੰਗ ਤਾਂ ਸਾਨੂੰ ਐਡਜਰਨਮੈਂਟ ਮੋਸ਼ਨ ਦੀ ਕਰਨੀ ਚਾਹੀਦੀ ਸੀ। ਇਸ ਲਈ ਜੋ ਤੁਸੀਂ ਰੂਲਿੰਗ ਦਿੱਤੀ ਹੈ ਕੀ ਉਹ ਗਲਤ ਨਹੀਂ ਹੈ ? ਸਪੀਕਰ ਸਾਹਿਬ, ਜਿਸ ਕੁਰਸੀ ਤੇ ਤੁਸੀਂ ਬੈਠੇ ਹੋ ਇਹ ਕੁਰਸੀ ਬੜੀ ਹੀ ਅਹਿਮ ਹੈ। ਇਕੋ ਵੇਲੇ ਦੋ ਸੁਜੈਸ਼ਨਜ਼ ਨਹੀਂ ਦੇਣੀਆਂ ਚਾਹੀਦੀਆਂ। ਮੁਮਕਿਨ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਇਹ ਚਾਹੁੰਦੀ ਹੋਵੇ ਕਿ ਇਸ ਬਾਰ ਗਲਬਾਤ ਬਜਟ ਵਿਚ ਹੀ ਹੋ ਜਾਵੇ ਕਿਤੇ ਵੋਟਿੰਗ ਨਾ ਹੋ ਜਾਏ ਕਿਉਂਕਿ ਉਧਰ ਬੈਠੇ ਮੈਂਬਰ ਸਾਹਿਬਾਨ ਵੀ ਖਿਲਾਫ ਨਾ ਹੋ ਜਾਣ।

**ਸਰਦਾਰ ਪਰੇਮ ਸਿੰਘ ਲਾਲਪੁਰਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਗੰਭੀਰ ਮਸਲਾ ਹੈ। ਇਸ ਨਾਲ ਪੰਜਾਬ ਦੀ ਇਕੋਨੋਮੀ ਦਾ ਹੀ ਸਵਾਲ ਨਹੀਂ ਹੈ ਬਲਕਿ ਪੰਜਾਬ ਦੇ ਭਵਿੱਖ ਦਾ ਵੀ ਸਵਾਲ ਹੈ। ਤੁਸੀਂ, ਸਪੀਕਰ ਸਾਹਿਬ, ਕਿਹਾ ਹੈ ਕਿ ਇਹ ਮਾਮਲਾ ਸਬਜੁਡਿਸ ਹੈ। ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਪੈਰਾ-7 ਵਿਚ ਕਿਹਾ ਹੈ:--

"ਰਾਵੀ-ਬਿਆਸ ਦੇ ਵਾਧੂ ਪਾਣੀ ਦੀ ਵੰਡ ਸਬੰਧੀ ਚਲਿਆ ਆ ਰਿਹਾ ਚਿਰੋਕਾ ਝਗੜਾ ਰਾਸ਼ਟਰੀ ਹਿਤ ਅਨੁਸਾਰ ਨਿਪਟਾ ਲਿਆ ਗਿਆ ਹੈ।"

ਇਸ ਦਾ ਮਤਲਬ ਹੈ ਕਿ ਇਹ ਕੋਈ ਸਬਜੁਡਿਸ ਮਸਲਾ ਨਹੀਂ ਹੈ। ਇਹ ਮਸਲਾ ਹਾਊਸ ਵਿਚ ਡਿਸਕਸ ਹੋ ਸਕਦਾ ਹੈ। ਸਪੀਕਰ ਸਾਹਿਬ, ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਿਤਾਂ ਨੂੰ ਮੁੱਖ ਰਖਦੇ ਹੋਏ ਅਤੇ ਪੰਜਾਬ ਸਰਕਾਰ ਦੀਆਂ ਸਟੇਟਮੈਂਟਾਂ ਨੂੰ ਮੁੱਖ ਰਖਦੇ ਹੋਏ ਕਿ ਬਹੁਤ ਜ਼ਿਆਦਾ ਮਿਕਦਾਰ ਵਿਚ ਪਾਣੀ ਲੈ ਲਵਾਂਗੇ ਪਰ, ਸਪੀਕਰ ਸਾਹਿਬ, ਪੰਜਾਬ ਦੀ ਡੇਢ ਕਰੋੜ ਵਸੋਂ ਦੁਬਿਧਾ ਵਿਚ ਫਸੀ ਹੋਈ ਹੈ। ਹੁਣ ਤੁਸੀਂ ਆਪ ਅੰਦਾਜ਼ਾ ਲਗਾਓ ਕਿ ਇਸ ਫੈਸਲੇ ਨਾਲ ਪੰਜਾਬ ਦੇ ਲੋਕਾਂ ਦਾ ਭਲਾ ਹੋਇਆ ਹੈ ਜਾਂ ਨੁਕਸਾਨ ਹੋਇਆ ਹੈ ? ਇਸ ਫੈਸਲੇ ਨਾਲ ਹਾਨੀ ਹੋਈ ਹੈ ਔਰ ਪੰਜਾਬ ਦੇ ਲੋਕ ਹਨੇਰੇ ਵਿਚ ਬੈਠੇ ਹਨ। ਪੰਜਾਬ ਦੀ ਅਸੰਬਲੀ ਹੀ ਇਕ ਐਸੀ ਥਾਂ ਹੈ ਜਿਥੇ ਆਪੋਜ਼ੀਸ਼ਨ ਨੇ ਆਪਣਾ ਪੱਖ ਪੇਸ਼ ਕਰਨਾ ਹੈ ਅਤੇ ਸਰਕਾਰ ਨੇ ਆਪਣਾ ਪੱਖ ਪੇਸ਼ ਕਰਨਾ ਹੈ ਕਿ ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬ ਨੂੰ ਬਹੁਤ ਭਾਰੀ ਦੇਣ ਦਿਤੀ ਹੈ ਜਾਂ ਪੰਜਾਬ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਦੇ ਪੈਰਾ-7 ਦੇ ਤਹਿਤ ਇਹ ਮਸਲਾ ਸਬਜੁਡਿਸ ਨਹੀਂ ਹੈ। ਇਸ ਮਸਲੇ ਨੂੰ ਹਾਊਸ ਵਿਚ ਖੁੱਲ੍ਹੇ ਤੌਰ ਤੇ ਡਿਸਕਸ ਕਰਨਾ ਚਾਹੀਦਾ ਹੈ। ਪੰਜਾਬ ਦੇ ਕੁਝ ਲੋਕ ਇਸ ਚੀਜ਼ ਦੇ ਹੱਕ ਵਿਚ ਹਨ ਅਤੇ ਕਾਫੀ ਖਿਲਾਫ ਹਨ। ਐਸੇ ਗੰਭੀਰ ਮਸਲੇ ਉਤੇ ਮੈਂ ਸਮਝਦਾ ਹਾਂ ਕਿ ਬਹੁਤ ਕੁਝ ਹੋ ਸਕਦਾ ਹੈ। ਪਰ ਪੰਜਾਬ ਦੇ ਕਿਸਾਨ ਕਹਿੰਦੇ ਹਨ ਕਿ ਸਾਡੇ ਨਾਲ ਬੇਇਨਸਾਫੀ ਹੋਈ ਹੈ। ਪੰਜਾਬ ਦੇ ਲੋਕਾਂ ਨਾਲ ਧੱਕਾ ਹੋਇਆ ਹੈ। ਪੰਜਾਬ ਔਰ ਹਰਿਆਣਾ ਦੀ ਵੰਡ 60:40 ਦੀ ਰੇਸ਼ੋ ਨਾਲ ਹੋਈ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪਰੇਮ ਸਿੰਘ ਲਾਲਪੁਰਾ]

ਪਾਣੀ ਦਾ ਜੋ ਫੈਸਲਾ ਹੋਇਆ ਹੈ, ਉਹ ਤੁਹਾਡੇ ਸਾਹਮਣੇ ਹੈ। ਇਸ ਲਈ, ਸਪੀਕਰ ਸਾਹਿਬ, ਇਹ ਮਸਲਾ ਹਾਊਸ ਵਿਚ ਜ਼ਰੂਰ ਡਿਸਕਸ ਕਰਨਾ ਚਾਹੀਦਾ ਹੈ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਕਹਿਣਾ ਚਾਹਵਾਂਗਾ ਕਿ ਤੁਸੀਂ ਰੂਲਜ਼ ਆਫ ਪ੍ਰੋਸੀਜ਼ਰ ਦੇ ਮੁਤਾਬਿਕ ਠੀਕ ਕਿਹਾ ਹੈ।

It is written in the book entitled Practice and Procedure in Parliament by Kaul & Shakdher ;

> "It is well established rule that discussion on the matter which is sub judice is out of order."

Thus you have given a correct decision. Para 7 of the Governor's Address is as under:—

> "A long standing dispute pending for the least several years regarding the sharing of surplus Ravi-Beas waters has been settled in the national interest."

ਇਸ ਵਿਚ ਕੋਈ ਐਸੀ ਚੀਜ਼ ਨਹੀਂ ਹੈ। ਸਪੀਕਰ ਸਾਹਿਬ, ਇਨ੍ਹਾਂ ਵਲੋਂ ਇਹ ਮਸਲਾ ਕੋਰਟ ਵਿਚ ਲਿਜਾਇਆ ਗਿਆ ਹੈ। ਜੇਕਰ ਇਹ ਮਸਲਾ ਕੋਰਟ ਵਿਚ ਨਾ ਜਾਂਦਾ ਤਾਂ ਫਿਰ ਇਥੇ ਇਹ ਮਸਲਾ ਡਿਸਕਸ ਹੋ ਸਕਦਾ ਸੀ। ਇਸ ਲਈ ਪਹਿਲਾਂ ਇਹ ਮਸਲਾ ਕੋਰਟ ਵਿਚੋਂ ਵਾਪਿਸ ਲੈ ਲੈਣ ਤਾਂ ਫਿਰ ਸਾਨੂੰ ਹਾਊਸ ਵਿਚ ਇਹ ਮਸਲਾ ਡਿਸਕਸ ਕਰਨ ਲਈ ਕੋਈ ਇਤਰਾਜ਼ ਨਹੀਂ ਹੋਵੇਗਾ। ਇਸ ਲਈ ਇਹ ਮਸਲਾ ਸਬਜੁਡਿਸ ਹੋਣ ਕਰਕੇ ਜੋ ਤੁਸੀਂ ਫੈਸਲਾ ਕੀਤਾ ਹੈ, ਉਹ ਠੀਕ ਫੈਸਲਾ ਕੀਤਾ ਗਿਆ ਹੈ। ਇਸ ਲਈ ਇਹ ਮਾਮਲਾ ਇਥੇ ਹਾਊਸ ਵਿਚ ਡਿਸਕਸ ਨਹੀਂ ਹੋਣਾ ਚਾਹੀਦਾ।

**ਰਾਜ ਮੰਤਰੀ, ਟਰਾਂਸਪੋਰਟ** : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਰਾਵੀ-ਬਿਆਸ ਦੇ ਪਾਣੀ ਦਾ ਮਸਲਾ ਹੈ। ਸਰਕਾਰ ਨੇ ਫੈਸਲਾ ਕੀਤਾ ਸੀ ਔਰ ਐਗਰੀਮੈਂਟ ਹੋਇਆ ਸੀ। ਉਸ ਬਾਰੇ ਸਟੇਟਮੈਂਟਸ ਵੀ ਆਈਆਂ ਹਨ। ਗਵਰਨਰ ਐਡਰੈਸ ਵਿਚ ਵੀ ਕਿਹਾ ਗਿਆ ਹੈ। ਇਸ ਮਸਲੇ ਬਾਰੇ ਕਈ ਮੈਂਬਰ ਸਾਹਿਬਾਨ ਨੇ ਪ੍ਰੈਸ ਵਿਚ ਆਪਣੀਆਂ ਸਟੇਟਮੈਂਟਸ ਦਿੱਤੀਆਂ। ਪਰ ਇਹ ਸਬਜੁਡਿਸ ਉਦੋਂ ਹੋਇਆ ਜਦੋਂ ਕਿ ਇਹ ਹਾਈ ਕੋਰਟ ਵਿਚ ਚਲੇ ਗਏ ਔਰ ਉਸ ਨੂੰ ਚੈਲੰਜ ਕੀਤਾ। ਉਸ ਵਿਚ ਇਥੋਂ ਦੇ ਇੱਕ ਮੈਂਬਰ ਸਾਹਿਬ ਦੇ ਦਸਤਖਤ ਹਨ। ਜੇਕਰ ਇਹ ਚਾਹੁੰਦੇ ਹਨ ਕਿ ਇਹ ਮਸਲਾ ਇਥੇ ਡਿਸਕਸ ਹੋਵੇ ਤਾਂ ਕੋਰਟ ਵਿਚੋਂ ਉਸ ਨੂੰ ਵਿਦਡਰਾਅ ਕਰ ਲੈਣਾ ਚਾਹੀਦਾ ਹੈ। ਕਿਉਂਕਿ ਇਹ ਕੋਰਟ ਵਿਚ ਚਲੇ ਗਏ ਹਨ ਇਸ ਲਈ ਇਹ ਮਸਲਾ ਇਥੇ ਡਿਸਕਸ ਨਹੀਂ ਹੋ ਸਕਦਾ।

**ਸਰਦਾਰ ਰਵੀ ਇੰਦਰ ਸਿੰਘ** : ਗਵਰਨਰ ਐਡਰੈਸ ਵਿਚ ਪੈਰਾ ਨੰਬਰ 7 ਵਿਚ ਗਵਰਨਰ ਸਾਹਿਬ ਨੇ ਇਹ ਗਲ ਕਹੀ ਹੈ ਕਿ ਇਹ ਫੈਸਲਾ ਨੈਸ਼ਨਲ ਇੰਟਰੈਸਟ ਵਿਚ ਹੋਇਆ ਹੈ। ਇਹ ਮੇਰਾ ਰਾਈਟ ਹੈ ਕਿ ਮੈਂ ਇਸ ਗਲ ਦਾ ਡਿਸਪਿਊਟ ਕਰਾਂ ਕਿ ਇਹ ਨੈਸ਼ਨਲ ਇੰਟਰੈਸਟ ਵਿਚ ਹੋਇਆ ਹੈ ਪਰ ਪੰਜਾਬ ਦੇ ਇੰਟਰੈਸਟ ਵਿਚ ਨਹੀਂ ਹੈ। ਇਸ ਤਰ੍ਹਾਂ ਕਰਨ ਦਾ ਮੇਰਾ ਰਾਈਟ ਹੈ। ਜਾਂ ਫਿਰ ਇਹ ਗਵਰਨਰ ਐਡਰੈਸ ਦਾ ਪੈਰਾ ਨੰਬਰ 7 ਉੜਾ ਦਿਓ।

**ਸਰਦਾਰ ਬਸੰਤ ਸਿੰਘ ਖਾਲਸਾ** : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦੋਂ ਇਹ ਚੀਜ਼ ਗੌਰਮਿੰਟ ਨੇ ਆਪ ਗਵਰਨਰ ਐਡਰੈਸ ਵਿਚ ਦੇ ਦਿੱਤੀ ਹੈ ਤਾਂ ਫਿਰ ਇਸ ਤੇ ਡਿਸਕਸ਼ਨ ਹੋਣੀ

Original with;
Punjab Vidhan Sabha
Digitized by;
Panjab Digital Library

ਲਾਜ਼ਮੀ ਹੈ ਔਰ ਤੁਸੀਂ ਇਸ ਤੇ ਡਿਸਕਸ਼ਨ ਹੋਣ ਤੋਂ ਰੋਕ ਨਹੀਂ ਸਕਦੇ। ਤੁਸੀਂ ਹੁਣੇ ਫੈਸਲਾ ਰੱਦ ਕਰ ਦਿੱਤਾ ਹੈ। ਇਹ ਹਾਊਸ ਜਿਸ ਦੇ ਤੁਸੀਂ ਮੈਂਬਰ ਤੇ ਸਪੀਕਰ ਹੋ, ਸੁਪਰੀਮ ਹੈ। ਪਰ ਤੁਸੀਂ ਇਹ ਫੈਸਲਾ ਰੱਦ ਕਰ ਕੇ ਇਸ ਦੀ ਮਰਿਆਦਾ ਭੰਗ ਕੀਤੀ ਹੈ।

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਇਹ ਬੜਾ ਮਹੱਤਵਪੂਰਨ ਮਾਮਲਾ ਹੈ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਜੇਕਰ ਇਹ ਚਾਹੁੰਦੇ ਹਨ ਕਿ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ਤਾਂ ਇਹ ਰਿੱਟ ਆਪਣੀ ਵਾਪਸ ਲੈ ਲੈਣ ਅਸੀਂ ਇਸ ਤੇ ਡਿਸਕਸ਼ਨ ਕਰਾ ਲੈਂਦੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਡਿਸਕਸ਼ਨ ਕਰਾਉਣ ਤੋਂ ਬਾਅਦ ਇਸ ਤੇ ਵੋਟਿੰਗ ਕਰਾਉਣ ਨੂੰ ਤਿਆਰ ਹਨ ਔਰ ਫਿਰ ਕੀ ਇਹ ਵੋਟਿੰਗ ਨੂੰ ਮੰਨਣਗੇ ? ਜੇਕਰ ਵੋਟਿੰਗ ਵਿਚ ਫੈਸਲਾ ਇਨ੍ਹਾਂ ਦੇ ਖਿਲਾਫ ਹੋ ਗਿਆ ਤਾਂ ਕੀ ਫਿਰ ਇਹ ਇਸ ਨੂੰ ਮੰਨਣਗੇ ? ਰੂਲਜ਼ ਆਫ ਪ੍ਰੋਸੀਜ਼ਰ ਐਂਡ ਕੰਡਕਟ ਆਫ ਬਿਜ਼ਨੈਸ ਦੇ ਰੂਲ-14 ਨੂੰ ਤੁਸੀਂ ਭੰਗ ਕਰ ਸਕਦੇ ਹੋ। ਇਸ ਰੂਲ ਨੂੰ ਭੰਗ ਕਰਕੇ ਪਬਲਿਕ ਇੰਟ੍ਰੈਸਟ ਔਰ ਸਟੇਟ ਦੇ ਇੰਟਰੈਸਟ ਨੂੰ ਮੁੱਖ ਰਖਦੇ ਹੋਏ ਇਸ ਤੇ ਡਿਸਕਸ਼ਨ ਜ਼ਰੂਰ ਕਰਾਓ।

**ਸ੍ਰੀ ਸਪੀਕਰ**: ਇਸ ਦੇ ਮੁਤੱਅਲਕ ਕੋਈ ਦੋ ਰਾਵਾਂ ਨਹੀਂ ਕਿ ਇਹ ਮਾਮਲਾ ਬਹੁਤ ਮਹੱਤਵ-ਪੂਰਨ ਸੀ ਔਰ ਮੈਂ ਵੀ ਇਸ ਗਲ ਤੇ ਬੜੇ ਡੂੰਘੇ ਵਿਚਾਰ ਤੋਂ ਬਾਅਦ ਇਸ ਰੈਜ਼ੋਲਿਊਸ਼ਨ ਨੂੰ ਰਿਜੈਕਟ ਕੀਤਾ ਕਿਉਂਕਿ ਰੂਲਜ਼ ਵਿਚ ਬੜਾ ਕਲੀਅਰ ਪ੍ਰੋਵੀਜ਼ਨ ਹੈ ਕਿ ਜਿਹੜਾ ਮਾਮਲਾ ਕੋਰਟ ਅਧੀਨ ਹੋਵੇ ਉਹ ਹਾਊਸ ਵਿਚ ਨਹੀਂ ਉਠਾਇਆ ਜਾ ਸਕਦਾ। ਪੈਟੀਸ਼ਨ ਮੇਰੇ ਕੋਲ ਹੈ ਔਰ ਸਾਰਾ ਮਾਮਲਾ ਇਸ ਵਿਚ ਐਜੀਟੇਟ ਕੀਤਾ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਜਿਹੜਾ ਐਗਰੀਮੈਂਟ ਹੋਇਆ ਹੈ ਇਹ ਫਾਰਸ ਹੈ। ਕੋਈ ਚੀਜ਼ ਐਸੀ ਇਥੇ ਨਹੀਂ ਲਿਆ ਸਕਦੇ। ਇਸ ਲਈ ਮੇਰੇ ਕੋਲ ਸਿਵਾਏ ਇਸ ਨੂੰ ਰਿਜੈਕਟ ਕਰਨ ਦੇ ਹੋਰ ਕੋਈ ਚਾਰਾ ਨਹੀਂ ਸੀ ਕਿਉਂਕਿ ਕੋਰਟ ਵਿਚ ਰਿੱਟਸ ਕੀਤੀਆਂ ਹੋਈਆਂ ਹਨ। ਪਰ ਮੈਂਬਰ ਸਾਹਿਬਾਨ ਦੀ ਚਿੰਤਾ ਨੂੰ ਦੇਖਦੇ ਹੋਏ ਕਿ ਇਸ ਮੁਤੱਲਕ ਬਹਿਸ ਹੋਣੀ ਚਾਹੀਦੀ ਹੈ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਚੈਂਬਰ ਵਿਚ ਮੀਟਿੰਗ ਕਰ ਲਓ, ਜਿਥੇ ਸਰਕਾਰ ਵੀ ਆ ਜਾਏ ਔਰ ਆਪੋਜ਼ੀਸ਼ਨ ਵਾਲੇ ਵੀ ਆ ਜਾਣ ਅਤੇ ਉਥੇ ਇਸ ਪ੍ਰਤੀ ਕੋਈ ਰਸਤਾ ਕਢਣ ਦੀ ਕੋਸ਼ਿਸ਼ ਕਰਾਂਗੇ। ਪਰ ਮੈਂ ਇਹ ਫਿਰ ਕਹਿਣਾ ਚਾਹੁੰਦਾ ਹਾਂ ਕਿ ਰੂਲਜ਼ ਆਫ ਬਿਜ਼ਨੈਸ ਨਾਲ ਮੈਂ ਬੜਾ ਹੋਇਆ ਹਾਂ।

**ਸਰਦਾਰ ਬਸੰਤ ਸਿੰਘ ਖਾਲਸਾ**: ** ** **

**ਸ੍ਰੀ ਸਪੀਕਰ**: ਇਹ ਐਕਸਪੰਜ ਕੀਤਾ ਜਾਂਦਾ ਹੈ। ਗਵਰਨਰ ਐਡਰੈਸ ਵਿਚ ਇਸ ਬਾਰੇ ਕਿਹਾ ਗਿਆ ਹੈ। ਇਸ ਦੇ ਮੈਰਿਟਸ ਔਰ ਡੀ-ਮੈਰਿਟਸ ਵਿਚ ਤੁਸੀਂ ਨਹੀਂ ਗਏ। ਮੈਂਬਰ ਸਾਹਿਬਾਨ ਮੇਰੇ ਚੈਂਬਰ ਵਿਚ ਆ ਜਾਣ ਅਗਰ ਕੋਈ ਹਲ ਨਿਕਲ ਸਕਿਆ ਤਾਂ ਜ਼ਰੂਰ ਕਢਾਂਗੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਤੁਸੀਂ ਆਪ ਮੰਨਦੇ ਹੋ ਕਿ ਮਸਲਾ ਬਹੁਤ ਗੰਭੀਰ ਹੈ। ਸਾਰੇ ਪੰਜਾਬ ਦੇ ਲੋਕ ਇਸ ਨੂੰ ਸਮਝਦੇ ਹਨ ਕਿ ਇਹ ਬਹੁਤ ਗੰਭੀਰ ਮਸਲਾ ਹੈ। ਦੋਨਾਂ ਪਾਸਿਆਂ ਦੇ ਵਿਊਜ਼ ਵੀ ਇਸ ਬਾਰੇ ਆ ਗਏ ਹਨ। ਰੂਲਿੰਗ ਪਾਰਟੀ ਇਹ ਕਹਿੰਦੀ ਹੈ ਕਿ ਅਸੀਂ ਬਹੁਤ ਕੁਝ ਖੱਟ ਲਿਆ ਹੈ ਔਰ ਆਪੋਜ਼ੀਸ਼ਨ ਪਾਰਟੀਆਂ ਵਾਲੇ ਕਹਿੰਦੇ ਹਨ ਕਿ ਇਸ ਨਾਲ ਪੰਜਾਬ ਉਜੜ ਜਾਏਗਾ। ਸਾਡੇ ਕੋਲ ਇਸ ਹਾਊਸ ਤੋਂ ਬਗੈਰ ਕੋਈ ਹੋਰ ਫੋਰਮ ਨਹੀਂ ਜਿਥੇ ਕਿ ਇਸ ਮਸਲੇ ਬਾਰੇ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]
ਕਹਿ ਸਕੀਏ ਔਰ ਇਸ ਤੋਂ ਵੱਡਾ ਪੁਆਇੰਟ ਕਹਿਣ ਨੂੰ ਸਾਡੇ ਕੋਲ ਹੋਰ ਕੋਈ ਨਹੀਂ ਹੈ। ਹੋਰ ਸਟੇਟਾਂ ਵਾਲੇ, ਰਾਜਿਸਥਾਨ ਵਾਲੇ, ਹਰਿਆਣਾ ਵਾਲੇ ਸਾਨੂੰ ਲੁੱਟ ਕੇ ਲੈ ਗਏ ਹਨ। ਇਸ ਬਾਰੇ ਸਾਡੀ ਗੌਰਮਿੰਟ ਨੂੰ ਐਕਸਪਲੇਨ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਦੀਪ ਮਾਲਾ ਕੀਤੀ ਹੈ। (ਵਿਘਨ) ਜੇਕਰ ਸਰਕਾਰ ਸਮਝਦੀ ਹੈ ਕਿ ਅਸੀਂ ਬਹੁਤ ਕੁਝ ਖੱਟ ਲਿਆ ਹੈ ਤਾਂ ਫਿਰ ਇਹ ਐਕਸਪਲੇਨ ਕਰਨ। ਇਹ ਸਰਕਾਰ ਦੇ ਆਪਣੇ ਇੰਟਰੈਸਟ ਵਿਚ ਹੈ ਕਿ ਇਹ ਦੱਸਣ ਕਿ ਇਨ੍ਹਾਂ ਨੇ ਕੀ ਕੀਤਾ ਹੈ। ਜਦੋਂ ਅਸੀਂ ਸਰਕਾਰ ਵਿਚ ਸਾਂ ਤਾਂ ਅਸੀਂ ਸੈਂਟਰ ਵਿਚ ਗਏ। ਅਸੀਂ ਉਨ੍ਹਾਂ ਨੂੰ ਕੇਸ ਦੱਸ ਕੇ ਰੀ-ਓਪਨ ਕਰਾਇਆ ਸੀ। ਸੁਪਰੀਮ ਕੋਰਟ ਵਿਚ ਰਿੱਟ ਕੀਤੀ ਸੀ। ਇਨ੍ਹਾਂ ਨੇ ਰਿੱਟ ਵਾਪਸ ਲੈ ਲਈ ਹੈ (ਸ਼ੇਮ, ਸ਼ੇਮ)

**ਸ਼੍ਰੀ ਸਪੀਕਰ** : ਮੈਂ ਇਹ ਸੁਝਾਓ ਦਿੱਤਾ ਹੈ ਕਿ ਮੇਰੇ ਚੈਂਬਰ ਵਿਚ ਆ ਜਾਓ। ਮੁੱਖ ਮੰਤਰੀ ਜੀ ਉਥੇ ਆ ਜਾਣਗੇ ਔਰ ਆਪੋਜ਼ੀਸ਼ਨ ਦੇ ਮੈਂਬਰ ਸਾਹਿਬਾਨ ਵੀ ਉਥੇ ਆ ਜਾਣ। ਉਥੇ ਇਸ ਬਾਰੇ ਡਿਸਕਸ ਕਰਾਂਗੇ ਔਰ ਅਗਰ ਕੋਈ ਵਾਇਆ ਮੀਡੀਆ ਨਿਕਲ ਸਕਿਆ ਤਾਂ ਰੂਲਜ਼ ਅਨੁਸਾਰ ਜ਼ਰੂਰ ਕੱਢਣ ਦੀ ਕੋਸ਼ਿਸ਼ ਕਰਾਂਗੇ।

**ਡਾਕਟਰ ਕੇਵਲ ਕ੍ਰਿਸ਼ਨ** : ਇਨ੍ਹਾਂ ਨੂੰ ਅਦਾਲਤ ਤੋਂ ਇਹ ਕੇਸ ਵਿਦਡਰਾਅ ਕਰ ਲੈਣਾ ਚਾਹੀਦਾ ਹੈ, ਜੇਕਰ ਇਹ ਇਸ ਤੇ ਡਿਸਕਸ਼ਨ ਕਰਾਉਣਾ ਚਾਹੁੰਦੇ ਹਨ।

**ਸਰਦਾਰ ਰਵੀਇੰਦਰ ਸਿੰਘ** : ਹੋ ਸਕਦਾ ਹੈ ਕਿ ਸਾਡੇ ਕਈ ਬੰਦੇ ਅਜਿਹੇ ਹੋਣ ਜੋ ਡਿਸਕਸ਼ਨ ਕਰਾਉਣ ਦੇ ਹੱਕ ਵਿਚ ਹੋਣ ਔਰ ਕਈ ਨਾ ਹੋਣ। ਇਸੇ ਤਰ੍ਹਾਂ ਹੀ ਕਈ ਬੰਦੇ ਕਾਂਗਰਸ ਪਾਰਟੀ ਵਿਚ ਅਜਿਹੇ ਹੋਣ ਜੋ ਇਸ ਦੇ ਹੱਕ ਵਿਚ ਹੋਣ ਔਰ ਕਈ ਨਾ ਹੋਣ। ਇਸ ਲਈ ਇਸ ਨਾਲ ਪਾਰਟੀ ਦਾ ਕੋਈ ਤੁਅੱਲਕ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਮਾਨ** : ਇਸ ਤੇ ਡਿਸਕਸ਼ਨ ਹੋਵੇ, ਕੀ ਇਹ ਇਸ ਲਈ ਵੋਟਿੰਗ ਕਰਾਉਣ ਨੂੰ ਤਿਆਰ ਹਨ ?

**ਵਿੱਤ ਮੰਤਰੀ** : ਗਵਰਨਰ ਐਡਰੈਸ ਤੇ ਵੋਟਿੰਗ ਤਾਂ ਹੋਣੀ ਹੀ ਹੈ।

**ਸ਼੍ਰੀ ਸਪੀਕਰ** : ਇਹ ਗੱਲ ਚੈਂਬਰ ਵਿਚ ਹੋ ਸਕਦੀ ਹੈ ਜਿਥੇ ਸਰਕਾਰ ਦੇ ਵੀ ਨੁਮਾਇੰਦੇ ਬੈਠੇ ਹੋਣ ਅਤੇ ਤੁਹਾਡੇ ਵੀ ਨੁਮਾਇੰਦੇ ਬੈਠੇ ਹੋਣ। ਹਾਊਸ ਬੜੀ ਦੇਰ ਤਕ ਚਲਣਾ ਹੈ।

**ਸਰਦਾਰ ਰਵੀ ਇੰਦਰ ਸਿੰਘ** : ਸਪੀਕਰ ਸਾਹਿਬ, ਮੈਂ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ। ਮੇਰੀ ਬੇਨਤੀ ਹੈ ਕਿ ......

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਤੁਹਾਡੀ ਰੂਲਿੰਗ ਸਟੈਂਡ ਕਰਦੀ ਹੈ, ਇਸ ਲਈ ਇਨ੍ਹਾਂ ਨੂੰ ਇਸ ਤੇ ਬੋਲਣਾ ਨਹੀਂ ਚਾਹੀਦਾ। ਹੁਣ ਅਜਿਹੀ ਗਲ ਇਨ੍ਹਾਂ ਨੂੰ ਨਹੀਂ ਕਰਨੀ ਚਾਹੀਦੀ।

**ਸਰਦਾਰ ਰਵੀ ਇੰਦਰ ਸਿੰਘ** : ਮੈਨੂੰ ਤੁਹਾਡੀ ਗਲ ਸਮਝ ਨਹੀਂ ਆਈ। ਸਪੀਕਰ ਸਾਹਿਬ, ਤੁਸੀਂ ਰਲਿੰਗ ਦੇ ਦਿਤੀ ਉਸ ਦੇ ਉੱਤੇ ਮੈਂ ਕਲੈਰੀਫੀਕੇਸ਼ਨ ਸੀਕ ਕਰਨਾ ਚਾਹੁੰਦਾ ਹਾਂ। ਤੁਸੀਂ ਕਿਹਾ

Original with;
Punjab Vidhan Sabha
Digitized by;
Panjab Digital Library

ਕਿ ਜਿਹੜੇ ਮੈਂਬਰ ਇਸ ਮਸਲੇ ਉਤੇ ਐਜੀਟੇਟਿਡ ਹਨ ਉਹ ਤੁਹਾਡੇ ਚੈਂਬਰ ਵਿਚ ਆ ਜਾਣ। ਤੁਸੀਂ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਇਸ ਬਾਰੇ ਕਿਹਾ ਹੈ। ਸਪੀਕਰ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਜਿਹੜੇ ਹਨ ਉਨ੍ਹਾਂ ਦਾ ਆਪਣਾ ਸਵਾਲ ਹੋਵੇਗਾ। ਪਰ ਮੇਰਾ ਸਵਾਲ ਇਹ ਹੈ ਕਿ ਮੈਂ ਅਤੇ 20--25 ਹੋਰ ਆਦਮੀਆਂ ਨੇ ਇਹ ਮਸਲਾ ਉਠਾਇਆ ਹੈ। ਕੀ ਤੁਸੀਂ ਸਾਰੀ ਆਪੋਜ਼ੀਸ਼ਨ ਨੂੰ ਆਪਣੇ ਚੈਂਬਰ ਵਿਚ ਇਨਵਾਈਟ ਕਰ ਰਹੇ ਹੋ ? ਜੇ ਤੁਸੀਂ ਸਾਰੀ ਆਪੋਜ਼ੀਸ਼ਨ ਨੂੰ ਆਪਣੇ ਚੈਂਬਰ ਵਿਚ ਇਨਵਾਈਟ ਕਰ ਰਹੇ ਹੋ ਤਾਂ ਫਿਰ ਸਾਰੀ ਗੌਰਮਿੰਟ ਨੂੰ ਕਿਉਂ ਨਹੀਂ ਇਨਵਾਈਟ ਕਰ ਰਹੇ ? ਇਸ ਤਰ੍ਹਾਂ ਤਾਂ ਫਿਰ ਤੁਹਾਡੇ ਚੈਂਬਰ ਵਿਚ ਦੂਸਰਾ ਅਸੰਬਲੀ ਚੈਂਬਰ ਬਣ ਜਾਵੇਗਾ। (ਵਿਘਨ) ਗਵਰਨਰ ਐਡਰੈਸ ਵਿਚ ਜਿਹੜਾ ਪੈਰਾ ਨੰਬਰ 7 ਹੈ ਉਸ ਨੂੰ ਡਿਲੀਟ ਕਰ ਦਿਓ ਉਸੇ ਗਰਾਊਂਡ ਤੇ ਜਿਸ ਤਰ੍ਹਾਂ ਸਾਡੇ ਰੈਜ਼ੋਲਿਊਸ਼ਨ ਨੂੰ ਤੁਸੀਂ ਸਟਰਾਈਕ ਡਾਊਨ ਕੀਤਾ ਹੈ। ਨਹੀਂ ਤਾਂ ਤੁਸੀਂ ਗਵਰਨਰ ਐਡਰੈਸ ਤੇ ਡਿਸਕਸ਼ਨ ਵੇਲੇ ਇਸ ਇਸ਼ੂ ਤੇ ਤੁਸੀਂ ਕੀ ਕਹਿਕੇ ਡਿਸਕੱਸ਼ਨ ਰੋਕੋਗੇ ? ਦੂਸਰਾ ਮੇਰੇ ਮਾਨਯੋਗ ਮੈਂਬਰ ਸਰਦਾਰ ਬਲਦੇਵ ਸਿੰਘ ਮਾਨ ਨੇ ਜੋ ਗਲ ਕਹੀ ਹੈ ਉਹ ਐਬਸੋਲੂਟਲੀ ਕੁਰੈਕਟ ਹੈ । ਜਿਸ ਗਹਿਰਾਈ ਨਾਲ ਤੁਸੀਂ ਜ਼ਿਕਰ ਕੀਤਾ ਅਸੀਂ ਵੀ ਉਸ ਗਲ ਨੂੰ ਸਮਝਦੇ ਹਾਂ। ਤੁਹਾਨੂੰ ਵੀ ਇਸ ਬਾਰੇ ਦਰਦ ਹੈ। ਰਾਵੀ-ਬਿਆਸ ਵਾਟਰ ਦਾ ਮਸਲਾ ਸਾਰੇ ਪੰਜਾਬ ਨਾਲ ਤੁਅੱਲਕ ਰਖਦਾ ਹੈ। ਸੋ ਜੇ ਤੁਹਾਨੂੰ ਇਸ ਬਾਰੇ ਦਰਦ ਹੈ ਤਾਂ ਸਾਨੂੰ ਵੀ ਦਰਦ ਹੈ। ਤੁਸੀਂ ਆਪਣੀ ਪਾਵਰ ਯੂਜ਼ ਕਰੋ ਅਤੇ ਜਿਹੜੇ ਰੂਲ ਇਸ ਦੀ ਡਿਸਕਸ਼ਨ ਵਿਚ ਰੁਕਾਵਟ ਪਾਉਂਦੇ ਹਨ ਉਨ੍ਹਾਂ ਨੂੰ ਸਸਪੈਂਡ ਕਰੋ ਅਤੇ ਇਸ ਦੇ ਉਤੇ ਡਿਸਕਸ਼ਨ ਅਲਾਓ ਕਰੋ। ਜੇ ਤੁਹਾਡੇ ਚੈਂਬਰ ਵਿਚ ਸਾਰੇ ਜਣੇ ਚਲੇ ਜਾਵਾਂਗੇ ਤਾਂ ਫਿਰ ਇਹ ਗਲ ਚੱਲ ਨਹੀਂ ਸਕਦੀ।

**ਸ਼੍ਰੀ ਸਪੀਕਰ**: ਮੈਂ ਜਿਹੜੀ ਰੂਲਿੰਗ ਦਿਤੀ ਹੈ, ਉਹ ਠੀਕ ਦਿਤੀ ਹੈ । ਇਸ ਉਤੇ ਡਿਸਕਸ਼ਨ ਨਹੀਂ ਹੋ ਸਕਦੀ।

**ਵਿਕਾਸ ਮੰਤਰੀ**: ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਤੁਹਾਡੀ ਰੂਲਿੰਗ ਕਾਇਮ ਹੈ, ਇਸ ਲਈ ਇਸ ਉਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ। ਇਸ ਮਾਮਲੇ ਨੂੰ ਤੁਸੀਂ ਰੀਓਪਨ ਨਾ ਕਰਵਾਓ । (ਵਿਘਨ)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ** ** **

**ਸ਼੍ਰੀ ਸਪੀਕਰ**: ਇਹ ਐਕਸਪੰਜ ਕੀਤਾ ਜਾਂਦਾ ਹੈ।

## PAPERS LAID/RE-LAID ON THE TABLE

**Finance Minister (Doctor Kewal Krishan)** : Sir, I beg to lay on the Table—

(i) the Punjab Panchayat Samitis and Zila Parishads (Temporary Supersession) Second Amendment Ordinance, 1981(Punjab Ordinance No. 11 of 1981);

(ii) the Puhjab Agricultural Producc Markets(Second Amendment) Ordinance 1981(Punjab Ordinance No. 12 of 1981) ;

**Expungea as ordered by the Chair.

Original with;
Punjab Vidhan Sabha
Digitized by;
Panjab Digital Library

[Finance Ministerl

(iii) and the Punjab General Sales Tax (Amendment) Ordinance, 1982 (Punjab Ordinance No. 1 of 1982)

*as required under Article* 213(2)(*a*) *of the Constitution of India.*

## WALK-OUT

(At this stage all the Members of C.P.I. present in the House staged a walk-out)

## PAPERS LAID/RE-LAID ON THE TABLE (*Resumption*)

**Finance Minister (Doctor Kewal Krishan)** : Sir, I beg to re-lay on the Table—

(i) the Punjab Motor Vehicles(Sixth Amendment) Rules, 1980 ;

(ii) the Punjab Motor Vechicles(First Amendment) Rules, 1981 ; and

(iii) Notification No. S.O. 2.21/C.A. 4/39/S. 129.A/81. dated the 23rd April, 1981 ;

*as required under section* 133(3) *of the Motor Vehicles Act*, 1939.

Sir, I also beg to re-lay on the Table the Punjab Privately Managed Recognised Schools Employees (Security of Service) Rules, 1981, as required under section 15(3) of the Punjab Privately Managed Recognised Schools Employees (Security of Service) Act, 1979.

Sir, I also lay on the table:—

(1) the Punjab Motor Vehicles(Third Amendment) Rules, 1981, as required under section 133(3) of the Motor Vehicles Act, 1939.

(2) Chapter II of Part I of the Annual Administration Report of the Local Audit Department, Punjab for the year 1978-79.

(3) the 5th Annual Report and Accounts of the Punjab Film and News Corporation Limited for the year 1977-78, as required under section 619-A(3)(b) of the Companies Act, 1956.

(4) the Annual Reports and Accounts of the Punjab State Warehousing Corporation for the years from 1972-73 to 1980-81, as required under section 31(11) of the Warehousing Corporation Act, 1962.

(5) the Annual Administration Report of the Punjab State Electricity Board for the year 1973-74, as required under section 75 of the Electricity (Supply) Act, 1948.

(6) the First and Second Annual Reports of the Punjab State Seeds Corporation Limited for the years 1976-77 and 1977-78 respectively, as required under section 619A(3)(b) of the Companies Act, 1956.

(7) the 8th, 9th , 10th, 11th, 12th and 13th Annual Reports and Accounts of the Punjab Land Development and Reclamation Corporation Limited for the years from 1972-73 to 1977-78 , as required under section 619A(3)(b) of the Companies Act, 1956.

(8) the Balance Sheets of the Punjab School Education Board for the years from 1978-79 to 1979-80, as required under section 19(5) of the Punjab School Education Board Act, 1969.

(9) the 1st Annual Report and Accounts of the Punjab Tourism Development Corporation Limited for the year 1979-80, as required under section 619A(3)(b) of the Companies Act, 1956.

Original with;
Punjab Vidhan Sabha
Digitized by;
Panjab Digital Library

(10) the Annual Statement of the Accounts of the Punjab Housing Development Board for the year 1979-80, as required under section 68(3) of the Punjab Housing Development Board Act, 1972.

(11) the First Report of the Commissioner for Scheduled Castes and Scheduled Tribes for the period July, 1978 to March, 1979.

(12) the 26th Report of the Commissioner for Scheduled Castes and Scheduled Tribes for the year 1978-79 (Part-I).

(13) the Fourth Annual Report of the Punjab Backward Classes Land Development and Finance Corporation for the year 1979-80 as required under section 27(6) of the Punjab Backward Classes Land Development and Finance Corporation Act, 1976.

(14) the Punjab Prevention of Beggary (First Amendment) Rules, 1982, as required under section 17(3) of the Punjab Prevention of Beggary Act, 1971.

(15 (i) the Finance Accounts, 1979-80 ;

(ii) the Appropriation Accounts, 1979-80;

(iii) the Report of the Comptroller and Auditor-General of India (Civil) for the year 1979-80 ;

(iv) the Report of the Comptroller and Auditor-General of India (Commercial) for the year 1979-80 ;

and

(v) the Reports of the Comptoller and Auditor-General of India (Revenue Receipts) for the year 1979-80 ;

*as required under Article* 151(2) *of the Constitution of India.*

## WALK-OUT

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਸਪੀਕਰ ਸਾਹਿਬ, ਤੁਸੀਂ ਫਰਮਾਇਆ ਸੀ, ਅਸੀਂ ਇਕੱਠੇ ਹੋ ਕੇ ਗਲ ਕਰਨ ਨੂੰ ਤਿਆਰ ਹਾਂ। ਸਾਰੀ ਆਪੋਜ਼ੀਸ਼ਨ ਐਜੀਟੇਟਿਡ ਹੈ, ਕੁਝ ਸਾਥੀ ਚਲੇ ਵੀ ਗਏ ਹਨ। ਮੇਰਾ ਸੁਝਾਓ ਹੈ ਕਿ ਤੁਸੀਂ 15 ਮਿੰਟ ਲਈ ਹਾਊਸ ਐਡਜਰਨ ਕਰ ਦਿਓ ਅਤੇ ਅਸੀਂ ਤੁਹਾਡੇ ਕੋਲ ਉਥੇ ਚੈਂਬਰ ਵਿਚ ਆਉਣ ਨੂੰ ਤਿਆਰ ਹਾਂ।

**Mr. Speaker :** The House will continue.

ਮੈਂ ਡਿਪਟੀ ਸਪੀਕਰ ਸਾਹਿਬ ਨੂੰ ਇਥੇ ਬਿਠਾ ਦਿੰਦਾ ਹਾਂ ਅਤੇ ਮੈਂ ਚੈਂਬਰ ਵਿਚ ਚਲਾ ਜਾਂਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਤੁਸੀਂ ਸਾਡੀ ਗਲ ਨਹੀਂ ਮੰਨਦੇ। ਅਸੀਂ ਇਸ ਗਲ ਤੇ ਪਰੋਟੈਸਟ ਕਰਦੇ ਹਾਂ ਔਰ ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਵਕਤ ਸ਼੍ਰੋਮਣੀ ਅਕਾਲੀ ਦਲ (ਐਲ) ਅਤੇ ਸ਼੍ਰੋਮਣੀ ਅਕਾਲੀ ਦਲ (ਟੀ) ਦੇ ਸਦਨ ਵਿਚ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ ਅਤੇ ਉਹ ਜਾਂਦੇ ਜਾਂਦੇ ਨਾਹਰੇ ਲਗਾ ਰਹੇ ਸਨ ** ** ** **)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

10.53A.M. | (At this stage the Deputy Speaker occupied the Chair)

**Mr. Deputy Speaker :** The slogans which are being raised should not be recorded.

## RESOLUTION RE. IMPROVING THE CONDITIONS OF THE TOURIST RESORTS IN THE STATE

**Shri Sant Ram Singla (Samana) :** Sir, I beg to move—

This House recommends to the Government to improve the conditions of the tourist resorts in the State so as to attract more tourists in the State.

ਡਿਪਟੀ ਸਪੀਕਰ ਸਾਹਿਬ, ਵੀਹਵੀਂ ਸਦੀ ਦਾ ਜਿਹੜਾ ਇਤਿਹਾਸ ਹੈ ਉਸ ਦੇ ਪਹਿਲੇ 30-40 ਸਾਲਾਂ ਵਿਚ ਦੁਨੀਆਂ ਦੀਆਂ 2 ਵੱਡੀਆਂ ਜੰਗਾਂ ਹੋਈਆਂ। ਜਿਹੜੇ ਦੁਨੀਆਂ ਦੇ ਵਡੇ-ਵਡੇ ਪਾਵਰ ਬਲਾਕ ਹਨ ਉਨ੍ਹਾਂ ਦੀ ਐਕਸਪੈਨਸ਼ਨਿਸਟ ਦੀ ਟੈਂਡੈਂਸੀ ਸੀ। ਫਿਰ ਮਹਾਤਮਾ ਗਾਂਧੀ ਜੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਲੀਡਰਸ਼ਿਪ ਥੱਲੇ ਲੋਕ ਇਕੱਠੇ ਹੋਏ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਕ ਨਵੀਂ ਸੋਚ ਦਿਤੀ। ਮਹਾਤਮਾ ਗਾਂਧੀ ਜੀ ਨਾਨ-ਅਲਾਇਨਮੈਂਟ ਵਿਚ ਵਿਸ਼ਵਾਸ ਰਖਦੇ ਸਨ। ਉਸ ਸੋਚ ਦੇ ਸਦਕੇ ਦੁਨੀਆਂ ਵਿਚ ਉਨ੍ਹਾਂ ਨੇ ਏਕਤਾ ਅਤੇ ਆਪਸ ਵਿੱਚ ਭਾਈਚਾਰਾ ਕਾਇਮ ਕੀਤਾ। ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਪੀਸਫੁਲ ਕੋਐਗਜ਼ਿਸਟੈਂਸ ਦਾ ਨਾਹਰਾ ਲਾਇਆ। ਉਸ ਨਾਹਰੇ ਨੂੰ ਸਾਕਾਰ ਕਰਨ ਵਾਸਤੇ ਟੂਰਿਜ਼ਮ ਦੇ ਲਈ ਸਾਨੂੰ ਬਹੁਤ ਚੰਗੀ ਤਰ੍ਹਾਂ ਸੋਚਣਾ ਚਾਹੀਦਾ ਹੈ। ਟੂਰਿਜ਼ਮ ਦੀ ਇਤਨੀ ਵੱਡੀ ਤਾਕਤ ਹੈ ਅਤੇ ਇਹ ਤਾਕਤ ਮੁਲਕਾਂ ਨੂੰ ਇਕਠਾ ਕਰਨ ਦੀ ਸ਼ਕਤੀ ਰਖਦੀ ਹੈ ਅਤੇ ਅੱਜ ਮੈਂ ਉਸ ਟੂਰਿਜ਼ਮ ਦੇ ਮਤੇ ਤੇ ਬੋਲ ਰਿਹਾ ਹਾਂ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੀ ਆਜ਼ਾਦੀ ਤੋਂ ਬਾਅਦ ਹਿੰਦੁਸਤਾਨ ਦੇ ਵਿਧਾਨ ਦੇ ਪ੍ਰੀਐਮਬਲ ਵਿਚ, ਕਾਂਸਟੀਚਿਊਸ਼ਨ ਆਫ਼ ਇੰਡੀਆ ਦੇ ਪ੍ਰੀਐਮਬਲ ਵਿਚ ਇਹ ਸ਼ਬਦ ਲਿਖੇ ਹਨ:

Fraternity assuring the dignity of the individual and the unity and integrity of the nation.

ਨੈਸ਼ਨਲ ਇੰਟੈਗਰੇਸ਼ਨ ਜਿਹੜੀ ਹੈ, ਹਿੰਦੁਸਤਾਨ ਦੀ ਇੰਟੈਗਰੇਸ਼ਨ ਜਿਹੜੀ ਹੈ ਉਸ ਦੇ ਵਿਚ ਯੂਨਿਟੀ ਅਤੇ ਇ-ਮੋਸ਼ਨਲ ਇੰਟੈਗਰੇਸ਼ਨ ਜ਼ਰੂਰੀ ਹੈ। ਇਸ ਲਿਹਾਜ਼ ਨਾਲ ਵੀ ਟੂਰਿਜ਼ਮ ਦਾ ਵੱਡਾ ਰੋਲ ਹੈ ਤਾ ਕਿ ਮੁਲਕ ਇਕ ਮਜ਼ਬੂਤ ਨੇਸ਼ਨ ਬਣ ਸਕੇ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ ਕਿ ਮੇਰੇ ਅਕਾਲੀ ਵੀਰ ਇਥੇ ਬੜਾ ਰੌਲਾ ਪਾਉਂਦੇ ਹਨ ਅਤੇ ਹੁਣ ਹਾਊਸ ਛੱਡ ਕੇ ਬਾਹਰ ਚਲੇ ਗਏ ਹਨ; ਉਨ੍ਹਾਂ ਦੀ ਕੋਸ਼ਿਸ਼ ਨਾਲ, ਉਨ੍ਹਾਂ ਦੀ ਜਦੋ ਜਹਿਦ ਨਾਲ ਸਾਡਾ ਪੰਜਾਬ ਇਕ ਬਹੁਤ ਛੋਟਾ ਸੂਬਾ ਬਣਿਆ। ਇਥੇ ਪੰਜਾਬੀ ਸੂਬਾ ਬਣਿਆ। ਜਿੰਨੇ ਫਾਰੇਸਟਸ ਸਨ, ਹਿੱਲ ਸਟੇਸ਼ਨ ਸਨ ਉਹ ਸਾਰੇ ਨਿਕਲ ਗਏ ਔਰ ਸੂਬੇ ਦੀ ਜੋ ਹੱਦਬੰਦੀ ਹੈ ਉਹ ਬਹੁਤ ਥੋੜ੍ਹੀ ਜਿਹੀ ਹੋ ਕੇ ਰਹਿ ਗਈ ਹੈ। ਪੰਜਾਬ ਦੀ ਹੱਦ-ਬੰਦੀ ਦੇ ਜੰਮੂ-ਕਸ਼ਮੀਰ ਇਕ ਪਾਸੇ ਹੈ ਅਤੇ ਦੂਸਰੇ ਪਾਸੇ ਹਿਮਾਚਲ ਪ੍ਰਦੇਸ਼ ਹੈ। ਆਪ ਨੂੰ ਪਤਾ ਹੈ ਕਿ ਜੰਮੂ ਕਸ਼ਮੀਰ ਔਰ ਹਿਮਾਚਲ ਪ੍ਰਦੇਸ਼ ਦੋਨੋਂ ਹੀ ਟੂਰਿਸਟ ਸਪਾਟ ਹਨ। ਸ੍ਰੀ ਨਗਰ ਵਾਲੇ ਪਾਸੇ ਨੂੰ ਜ਼ਿਆਦਾ ਅਹਿਮੀਅਤ ਹੈ ਔਰ ਸਾਰੀ ਦੁਨੀਆਂ ਦੇ ਲੋਕ ਉਥੇ ਆਉਂਦੇ ਹਨ। ਪੰਜਾਬ ਦੀ ਰੂਪ-ਰੇਖਾ ਜੋ ਹੈ ਉਹ ਟੂਰਿਸਟਸ ਨੂੰ ਅਟਰੈਕਸ਼ਨ ਦਿੰਦੀ ਹੈ। ਸਾਡੇ ਪੰਜਾਬ ਦੀ ਪੋਟੈਂਸ਼ੀਅਲ ਵੀ ਬਹੁਤ ਜ਼ਿਆਦਾ ਹੈ ਲੇਕਿਨ ਇਥੇ ਕੰਪੀਟੀਸ਼ਨ ਬੜਾ ਹਾਰਡ ਹੈ। ਸਾਨੂੰ ਜੰਮੂ ਕਸ਼ਮੀਰ, ਸ੍ਰੀ ਨਗਰ ਔਰ ਹਿਮਾਚਲ ਨਾਲ ਕੰਪੀਟ ਕਰਨਾ ਪੈਂਦਾ ਹੈ। ਜਿਹੜਾ ਟੂਰਿਜ਼ਮ ਡੀਪਾਰਟਮੈਂਟ ਸੀ ਉਸ ਵਿਚ ਖਾਸ ਤੌਰ ਤੇ ਉਦੋਂ ਕੰਮ ਕੀਤਾ ਗਿਆ ਜਦੋਂ ਇਥੇ ਪੰਜਾਬ ਵਿਚ ਸਾਲ 1972-73 ਵਿਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ। ਪੰਜਾਬ ਦੇ ਮੁੱਖ ਮੰਤਰੀ ਜਦੋਂ ਗਿਆਨੀ ਜ਼ੈਲ ਸਿਘ ਜੀ ਸਨ ਉਨ੍ਹਾਂ

Original with;
Punjab Vidhan Sabha
Digitized by;
Panjab Digital Library

ਨੂੰ ਇਮੋਸ਼ਨਲ ਅਤੇ ਨੈਸ਼ਨਲ ਇੰਟੈਗਰੇਸ਼ਨ ਲਈ ਟੂਰਿਜ਼ਮ ਦੀ ਮਹੱਤਤਾ ਦਾ ਪਤਾ ਸੀ ਇਸ ਲਈ ਉਨ੍ਹਾਂ ਦੀ ਸਰਕਾਰ ਨੇ ਇਹ ਡੀਪਾਰਟਮੈਂਟ ਬਣਾਇਆ ਅਤੇ ਇਸ ਨੂੰ ਬੜੀ ਅਹਿਮੀਅਤ ਦਿਤੀ । ਉਸ ਵਕਤ ਸਾਡੇ ਸ੍ਰੀ ਜੋਗਿੰਦਰ ਪਾਲ ਜੀ ਪਾਂਡੇ ਟੂਰਿਜ਼ਮ ਦੇ ਵਜ਼ੀਰ ਸਨ ਜਿਹੜੇ ਅੱਜ ਵੀ ਪੰਜਾਬ ਦੇ ਕੈਬਨਿਟ ਮਨਿਸਟਰ ਹਨ, ਉਨ੍ਹਾਂ ਨੇ ਉਸ ਪਾਸੇ ਵਲ ਆਪਣਾ ਕਾਫੀ ਧਿਆਨ ਦਿਤਾ ਅਤੇ ਉਨ੍ਹਾਂ ਦੀ ਅਣਥਕ ਮਿਹਨਤ ਦਾ ਸਦਕਾ ਯੂਥ ਹੋਸਟਲ, ਅੰਮ੍ਰਿਤਸਰ, ਫਲੋਟਿੰਗ ਰੈਸਟੋਰੈਂਟ, ਰੋਪੜ ਵਿਚ ਟੂਰਿਸਟਸ ਕਮਲੈਪਕਸ ਬਣੇ। ਇਸੇ ਤਰ੍ਹਾਂ ਛੱਤ ਬੀੜ, ਖਨੌਰੀ, ਬਾਘਾ ਪੁਰਾਣਾ, ਫਗਵਾੜਾ, ਸ਼ੰਭੂ ਟੂਰਿਸਟਸ ਰਿਜ਼ਾਰਟ, ਮਾਟਲਜ਼ ਅਤੇ ਬੀਅਰ ਬਾਰ ਕਰੀਏਟ ਕਰਨ ਦੀ ਕੋਸ਼ਿਸ਼ ਕੀਤੀ ਗਈ । ਲੇਕਿਨ ਅਕਾਲੀ ਭਰਾ, ਜਿਨ੍ਹਾਂ ਨੂੰ ਇਸ ਦੀ ਅਹਿਮੀਅਤ ਦਾ ਨਹੀਂ ਪਤਾ, ਜਿਹੜੇ ਡਿਸ-ਇੰਟੈਗਰੇਸ਼ਨ ਵਿਚ ਬੀਲੀਵ ਕਰਦੇ ਹਨ, ਇਮੋਸ਼ਨਲ ਇੰਟੈਗਰੇਸ਼ਨ ਵਿਚ ਬੀਲੀਵ ਨਹੀਂ ਕਰਦੇ ਉਨ੍ਹਾਂ ਨੇ ਇਸ ਪਾਸੇ ਵਲ ਕੋਈ ਧਿਆਨ ਨਹੀਂ ਦਿਤਾ। ਡਿਪਟੀ ਸਪੀਕਰ ਸਾਹਿਬ, ਸਰਹਿੰਦ ਵਿਚ ਫਲੋਟਿੰਗ ਰੈਸਟੋਰੈਂਟ ਦੇ ਕੋਲ ਬਾਈ ਚਾਂਸ ਇਕ ਬੱਸ ਦਾ ਐਕਸੀਡੈਂਟ ਹੋਇਆ ਤਾਂ ਇਨ੍ਹਾਂ ਦੀ ਅਕਾਲੀ ਪਾਰਟੀ ਦੇ ਕਿਸੇ ਵੱਡੇ ਲੀਡਰ ਨੇ ਇਹ ਕਿਹਾ ਕਿ ਇਥੇ ਫਲੋਟਿੰਗ ਰੈਸਟੋਰੈਂਟ ਹੈ ਇਸ ਕਰ ਕੇ ਇਹ ਐਕਸੀਡੈਂਟ ਹੋਇਆ ਹੈ ਔਰ ਜੇ ਇਹ ਨਾ ਹੁੰਦਾ ਤਾਂ ਇਹ ਐਕਸੀਡੈਂਟ ਨਹੀਂ ਸੀ ਹੋਣਾ। ਇਸ ਲਈ ਇਸ ਰੈਸਟੋਰੈਂਟ ਨੂੰ ਬੰਦ ਕਰ ਦਿਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਤੋਂ ਪਹਿਲਾਂ ਜਿਹੜੀ ਅਕਾਲੀ ਸਰਕਾਰ ਸੀ ਉਸ ਨੇ ਇਸ ਟੂਰਿਜ਼ਮ ਦੇ ਲਈ ਲੋਕਾਂ ਵਿਚ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਦੋ ਢਾਈ ਸਾਲ ਇਨ੍ਹਾਂ ਦੀ ਸਰਕਾਰ ਵੇਲੇ ਟੂਰਿਜ਼ਮ ਵਾਲੇ ਪਾਸੇ ਕੋਈ ਧਿਆਨ ਨਹੀਂ ਦਿਤਾ ਗਿਆ ਅਤੇ ਪੰਜਾਬ ਸਟੇਟ ਵਿਚ ਟੂਰਿਜ਼ਮ ਦੀ ਮੂਵਮੈਂਟ ਨੂੰ ਬਹੁਤ ਸੈਟਬੈਕ ਪਹੁੰਚਿਆ । ਪੰਜਾਬ ਵਿਚ, ਡਿਪਟੀ ਸਪੀਕਰ ਸਾਹਿਬ, ਟੂਰਿਜ਼ਮ ਪੋਟੈਂਸ਼ੀਅਲ ਹੈ । ਮਾਧੋਪੁਰ ਹੈ, ਅੰਮ੍ਰਿਤਸਰ ਹੈ, ਕੈਨਾਲਜ਼ ਹਨ, ਫਾਰੈਸਟਸ ਹਨ ਔਰ ਹੋਰ ਮਾਨੂੰਮੈਂਟਸ ਬਹੁਤ ਵੱਡੇ ਹਨ, ਲੈਂਡ ਸਕੇਪਸ ਹਨ । ਇਸ ਪੰਜਾਬ ਦੀ ਧਰਤੀ ਤੇ ਅਨੰਦਪੁਰ ਸਾਹਿਬ ਹੈ ਜਿਥੇ ਖਾਲਸੇ ਦਾ ਜਨਮ ਹੋਇਆ, ਰੋਜ਼ਾ ਸ਼ਰੀਫ ਜੋ ਸਰਹਿੰਦ ਵਿਖੇ ਹੈ, ਸਵਾਮੀ ਰਾਮ ਤੀਰਥ ਹੈ ਜਿਥੇ ਲਵ ਤੇ ਕੁਸ਼ ਅਤੇ ਮਾਤਾ ਸੀਤਾ ਨੇ ਬਾਲਮੀਕ ਦੇ ਆਸ਼ਰਮ ਤੇ ਵਿਸ਼ਰਾਮ ਕੀਤਾ। ਇਸ ਪੰਜਾਬ ਦੀ ਧਰਤੀ ਤੇ ਮੇਰੇ ਆਪਣੇ ਸ਼ਹਿਰ ਸਮਾਣਾ ਵਿਚ ਹੀਰ ਰਾਂਝੇ ਦੀ ਸਮਾਧ ਹੈ । ਇਸ ਪੰਜਾਬ ਦੀ ਧਰਤੀ ਤੇ ਮਾਤਾ ਕੋਸ਼ਲਿਆ ਦਾ ਜਨਮ ਸਥਾਨ ਅਤੇ ਸ੍ਰੀ ਰਾਮ ਚੰਦਰ ਜੀ ਦੇ ਨਾਨਕੇ ਹਨ। ਖਨੌਰੀ ਵਿਚ ਜ਼ਫ਼ਰ-ਨਾਮਾ ਲਿਖਿਆ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਇਥੇ ਚਿਣੇ ਗਏ । ਪੰਜਾਬ ਦਾ ਇਕ ਬਹੁਤ ਵਡਾ ਇਤਿਹਾਸ ਹੈ । ਇਸ ਦੇ ਇਲਾਵਾ ਸ਼ਹੀਦ ਭਗਤ ਸਿੰਘ ਜੀ ਦੀ ਸਮਾਧੀ ਹੈ। ਇਸ ਦੇ ਨਾਲ ਹੀ ਇਥੇ ਬਹੁਤ ਸਾਰੀਆਂ ਹਿਸਟੋਰੀਕਲ ਅਤੇ ਰਿਲੀਜੀਅਸ ਪਲੇਸਿਜ਼ ਹਨ। ਪੰਜਾਬ ਵਿਚ ਟੂਰਿਜ਼ਮ ਦਾ ਇਤਨਾ ਪੋਟੈਂਸ਼ੀਅਲ ਹੈ ਪਰ ਅਸੀਂ ਕੋਈ ਧਿਆਨ ਨਹੀਂ ਦਿਤਾ। ਮੈਂ ਕਿਸੇ ਨੂੰ ਕ੍ਰਿਟੀਸਾਈਜ਼ ਕਰਨ ਵਾਸਤੇ ਨਹੀਂ ਕਹਿ ਰਿਹਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਸੋਚ ਪੈਦਾ ਨਹੀਂ ਕੀਤੀ ਗਈ। ਟੂਰਿਜ਼ਮ ਦੀ ਅਹਿਮੀਅਤ ਨੂੰ ਸਮਝਿਆ ਨਹੀਂ ਗਿਆ । ਇਸ ਦੇ ਨਾਲ ਕਿੰਨੀਆਂ ਚੀਜ਼ਾਂ ਸਬੰਧਤ ਹਨ। ਇਹ ਐਜੂਕੇਸ਼ਨ ਦਾ ਮੀਡੀਆ ਹੈ। ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਦਾ ਮੁੱਦਾ ਲੋਕਾਂ ਵਿਚ ਭਾਈਚਾਰਾ ਪੈਦਾ ਕਰਨਾ, ਸਾਂਝੀ ਵਾਲਤਾ ਲਿਆਉਣਾ ਅਤੇ ਸਾਡੇ ਸੂਬੇ ਦੇ ਕੱਲਚਰ ਦਾ ਪ੍ਰਚਾਰ ਕਰਨਾ ਹੈ। ਮੈਂ ਡਿਪਾਰਟਮੈਂਟ ਦੇ ਅਧਿਕਾਰੀਆਂ ਨੂੰ, ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਟੂਰਿਜ਼ਮ ਬਾਰੇ ਆਪਣੀ ਸੋਚ ਬਦਲਣ । ਇਸ ਦਾ ਮਤਲਬ ਪੈਸਾ ਕਮਾਉਣਾ ਨਹੀਂ ਬਲਕਿ ਸਾਡੇ ਸੂਬੇ ਦੀ ਜਿਉਂਦੀ ਜਾਗਦੀ ਤਸਵੀਰ ਪੈਦਾ ਕਰਨਾ ਹੈ। ਲੋਕਾਂ ਨੂੰ ਦੱਸਣਾ ਹੈ ਕਿ ਸਾਡਾ ਕੱਲਚਰ ਕੀ ਹੈ ਅਤੇ ਦੂਸਰੇ ਸੂਬਿਆਂ ਦੇ ਲੋਕਾਂ ਨਾਲ ਭਾਈ ਚਾਰਾ ਵਧਾਉਣਾ ਹੈ। ਇਸ ਦਾ ਵੱਡਾ ਮਕਸਦ ਹੈ ਮਿਉਚਲ ਕੋਆਪਰੇਸ਼ਨ ਅਤੇ ਦੂਜੇ ਲੋਕਾ ਵਿਚ ਕਾਨਫੀਡੈਂਸ ਪੈਦਾ ਕਰਨਾ ਹੈ। ਸਾਡੀ ਸਰਕਾਰ ਦੀ ਇਹ ਸੋਚ ਹੋਣੀ ਚਾਹੀਦੀ ਹੈ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੰਤ ਰਾਮ ਸਿੰਗਲਾ]

ਕਿ ਅਸੀਂ ਪ੍ਰਾਫਿਟ ਬੇਸ ਤੇ ਕੰਮ ਨਹੀਂ ਕਰਨਾ। ਜਿਸ ਤਰ੍ਹਾਂ ਹੋਰ ਸੂਬਿਆਂ ਵਾਲੇ ਟੂਰਿਜ਼ਮ ਦੀਆਂ ਟੂਰਿ-ਟਸ ਨੂੰ ਫੈਸੀਲਿਟੀਜ਼ ਦੇ ਰਹੇ ਹਨ ਉਹ ਸਾਰੀਆਂ ਦੇਣੀਆਂ ਚਾਹੀਦੀਆਂ ਹਨ । ਹਰਿਆਣਾ ਦਾ ਟੂਰਿਜ਼ਮ ਡਿਪਾਰਟਮੈਂਟ ਇਸ ਖੇਤਰ ਵਿਚ ਬਹੁਤ ਅੱਗੇ ਹੈ । ਇਸੇ ਤਰ੍ਹਾਂ ਦੂਸਰੇ ਸੂਬਿਆਂ ਵਿਚ ਵੀ ਇਹ ਡਿਪਾਰਟਮੈਂਟ ਅਗੇ ਹਨ । ਹਿਮਾਚਲ ਪ੍ਰਦੇਸ਼ ਲੈ ਲਵੋ, ਰਾਜਿਸਥਾਨ ਲੈ ਲਵੋ ; ਸਾਨੂੰ ਵੀ ਉਨ੍ਹਾਂ ਦੀਆਂ ਲੀਹਾਂ ਤੇ ਚਲਣਾ ਚਾਹੀਦਾ ਹੈ। ਮੈਂ ਕਹਿੰਦਾ ਹਾਂ ਕਿ ਸਾਡੇ ਛੱਤ ਬੀੜ ਬਹੁਤ ਵੱਡਾ ਕੰਪਲੈਕਸ ਹੈ। ਜਿਹੜਾ ਵੀ ਸਾਡੇ ਇਥੇ ਚੰਡੀਗੜ੍ਹ ਆਵੇ ਉਸ ਨੂੰ ਬਜਾਏ ਪਿੰਜੌਰ ਲਿਜਾਣ ਦੇ ਛੱਤ ਬੀੜ ਲਿਜਾਣਾ ਚਾਹੀਦਾ ਹੈ। ਯੂ. ਪੀ. ਵਿਚ ਜਿਸ ਤਰ੍ਹਾਂ ਦੀ ਜਿਮਕਾਰਪਟ ਜਗਾ ਹੈ ਉਸੇ ਤਰ੍ਹਾਂ ਸਾਡ ਇਥੇ ਹਰੀਕੇ ਪੱਤਣ ਹੈ। ਉਥੇ ਬਰਡ ਸੈਂਕਚੁਅਰੀ ਬਣਾਈ ਜਾ ਸਕਦੀ ਹੈ। ਬਰਡਜ਼ ਰਸ਼ੀਆ ਵਿਚੋਂ ਆਉਂਦੇ ਹਨ। ਬਿੰਦਰਾ-ਬਨ ਗਾਰਡਨਜ਼ ਵਿੱਚ ਹਰ ਸਾਲ ਲਾਈਟ ਤੇ 85 ਲੱਖ ਰੁਪਏ ਖਰਚੇ ਜਾਂਦੇ ਹਨ। ਉਹ ਸੰਡੇ ਨੂੰ ਇਕ ਰੁਪਿਆ ਟਿਕਟ ਲਾਉਂਦੇ ਹਨ ਅਤੇ ਉਸ ਨਾਲ 40 ਹਜ਼ਾਰ ਰੁਪਏ ਰੋਜ਼ ਦੀ ਇਨਕਮ ਬਣ ਜਾਂਦੀ ਹੈ। ਸਾਡੇ ਅੰਮ੍ਰਿਤਸਰ ਵਿਚ ਜਲਿਆਂ ਵਾਲਾ ਬਾਗ ਹੈ ਉਥੇ ਲਾਈਟ ਐਂਡ ਸਾਊਂਡ ਦਾ ਪ੍ਰੋਗਰਾਮ ਕੀਤਾ ਜਾ ਸਕਦਾ ਹੈ ਅਤੇ ਇਹ ਸੋਰਸ ਆਫ਼ ਇਨਕਮ ਵੀ ਬਣ ਸਕਦਾ ਹੈ। ਜਿਨ੍ਹਾਂ ਚਿਰ ਤਕ ਅਸੀਂ ਮੈਂਟਲੀ ਕਲੀਅਰ ਨਹੀਂ ਹੋ ਜਾਂਦੇ ਕਿ ਇਹ ਪ੍ਰਾਫਿਟ ਮੇਕਿੰਗ ਪਰਾਪੋਜ਼ੀਸ਼ਨ ਨਹੀਂ ਹੈ ਤਦ ਤਕ ਇਹ ਟੂਰਿਜ਼ਮ ਡਿਪਾਰਟਮੈਂਟ ਤਰੱਕੀ ਨਹੀਂ ਕਰ ਸਕਦਾ ।

ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਹਿੰਦ ਪਾਸ ਕੈਨਾਲ ਹੈ ਇਸ ਦੀ ਬਰਿਕ ਲਾਈਨਿੰਗ ਕਰ ਦਿਤੀ ਜਾਏ ਤਾਂ ਉਸ ਕੈਨਾਲ ਵਿਚ ਬੋਟਿੰਗ ਕੀਤੀ ਜਾ ਸਕਦੀ ਹੈ। ਉਥੇ ਫਲੋਟਿੰਗ ਹੱਟਸ ਕਰੀਏਟ ਕਰ ਸਕਦੇ ਹਾਂ। ਇਹ ਇਕ ਨਵੀਂ ਚੀਜ਼ ਹੋਵੇਗੀ। ਅਸੀਂ ਇਸ ਪਾਸੇ ਬਹੁਤ ਧਿਆਨ ਨਹੀਂ ਦਿਤਾ । ਇਹ ਜਿਹੜੇ ਸਾਡੇ ਟੂਰਿਸਟ ਕੰਪਲੈਕਸ ਹਨ ਇਹ ਫਾਇਨਾਂਸ਼ਲੀ ਵਾਇਬਲ ਵੀ ਬਣ ਸਕਦੇ ਹਨ। ਸਾਡੇ ਪਿਛੇ ਜਿਹੜੇ ਬਾਘਾ, ਖਨੌਰੀ, ਕਰਤਾਰ ਪੁਰ ਆਦਿ 4, 5 ਕੰਪਲੈਕਸ ਬਣੇ ਸਨ ਉਨ੍ਹਾਂ ਦੇ ਬਣਾਉਣ ਤੇ ਪੈਸਾ ਤਾਂ ਖਰਚ ਕਰ ਦਿਤਾ ਪਰ ਉਥੇ ਬੀਅਰ ਬਾਰ ਦੇ ਲਸੰਸ ਨਹੀਂ ਦਿਤੇ । ਸਾਰ ਕੰਪਲੈਕਸਿਜ਼ ਤੇ ਬਿਲਡਿੰਗਜ਼ ਬਣੀਆਂ ਹੋਈਆਂ ਹਨ, ਫਰਨੀਚਰ ਲਗੇ ਹੋਏ ਹਨ ਪਰ ਲਸੰਸ ਨਹੀਂ ਮਿਲ ਕਿਉਂਕਿ ਜਿਹੜੇ ਪ੍ਰਾਈਵੇਟ ਹੋਟਲਾਂ ਵਾਲੇ ਹਨ ਉਹ ਬਾਟਲਨੈਕਸ ਕਰੀਏਟ ਕਰਦੇ ਹਨ। ਬਾਘਾ ਬਾਰਡਰ ਤੇ ਸਾਡਾ ਕੋਈ ਟੂਰਿਸਟ ਸੈਂਟਰ ਨਹੀਂ ਬਣਿਆ ਹੋਇਆ । ਮੈਂ ਕਹਿੰਦਾ ਹਾਂ ਕਿ ਉਥੇ ਸਾਡਾ ਸੈਂਟਰ ਹੋਣਾ ਚਾਹੀਦਾ ਹੈ। ਪਾਕਿਸਤਾਨ ਦੇ ਬੰਦੇ ਜਦੋਂ ਆਉਣ ਤਾਂ ਉਨ੍ਹਾਂ ਨੂੰ ਪਤਾ ਲਗ ਜਾਣਾ ਚਾਹੀਦਾ ਹੈ ਕਿ ਉਹ ਹਿੰਦੁਸਤਾਨ ਵਿਚ ਆ ਗਏ ਹਨ ਅਤੇ ਇਥੇ ਦੀ ਸਰਕਾਰ ਜਿਉਂਦੀ ਜਾਗਦੀ ਹੈ। ਹੁਣ ਟੈਕਸੀਆਂ ਵਾਲੇ ਜਿਹੜੇ ਨਾਰਮਲ ਰੇਟ ਫਿਕਸ ਕੀਤੇ ਹੋਏ ਹਨ ਉਸ ਨਾਲੋਂ ਲੋਕਾਂ ਕੋਲੋਂ ਦੁਗਣੇ ਚਾਰਜ ਕਰ ਲੈਂਦੇ ਹਨ। ਉਥੇ ਕੋਈ ਇਨਫਰਮੇਸ਼ਨ ਸੈਂਟਰ ਨਹੀਂ। ਇਨਫਰਮੇਸ਼ਨ ਸੈਂਟਰਜ਼ ਬਣਾਉਣਾ ਬਹੁਤ ਜ਼ਰੂਰੀ ਹੈ। ਸਾਡੇ ਰੇਲਵੇ ਸਟੇਸ਼ਨਾਂ ਤੇ ਕੋਈ ਇਨਫਰਮੇਸ਼ਨ ਸੈਂਟਰਜ਼ ਨਹੀਂ ਹਨ। ਬਾਕੀ ਹਰ ਸਟੇਟਾਂ ਦੇ ਰੇਲਵੇ ਸਟੇਸ਼ਨਾਂ ਤੇ ਸੈਂਟਰਜ਼ ਹਨ। ਦੂਸਰੀਆਂ ਸਟੇਟਾਂ ਵਿਚ ਜਾਓ ਤਾਂ ਐਸੇ ਕੰਪਲੈਕਸਿਜ਼ ਤੇ ਗੌਰ-ਮਿੰਟ ਨੇ ਸ਼ਰਾਬ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ । ਅਸੀਂ ਵੀ ਲਿਕਰ ਵੈਂਡਜ਼ ਕਾਰਪੋਰੇਸ਼ਨ ਨੂੰ ਦੇ ਸਕਦੇ ਹਾਂ। ਇਸ ਨਾਲ ਕਾਰਪੋਰੇਸ਼ਨ ਦੇ ਫਾਇਨਾਂਸਿਜ਼ ਵਧ ਸਕਦੇ ਹਨ ਅਤੇ ਉਹ ਆਪਣੇ ਪੈਰ੍ਹਾਂ ਤੇ ਖੜ੍ਹੇ ਹੋ ਸਕਦੇ ਹਨ। ਕਨਫਿਸਕੇਟਿਡ ਗੁਡਜ਼ ਦੀਆਂ ਦੁਕਾਨਾਂ ਖੋਲ੍ਹ ਕੇ ਦਿਤੀਆਂ ਜਾ ਸਕਦੀਆਂ ਹਨ ਜਿਸ ਨਾਲ ਕਾਰਪੋਰੇਸ਼ਨ ਨੂੰ ਫ਼ਾਇਦਾ ਹੋ ਸਕਦਾ ਹੈ । ਅਗਰ ਕਿਸੇ ਜਗ੍ਹਾ ਸਾਡੀ ਕਾਰਪੋਰੇਸ਼ਨ ਨੇ ਕੋਈ ਜਗ੍ਹਾ ਦੁਕਾਨ ਵਗੈਰਾ ਖੋਲ੍ਹਣ ਲਈ ਲੈਣੀ ਹੋਵੇ ਤਾਂ ਉਸ ਨੂੰ ਸਰਕਾਰ ਕੋਈ ਜ਼ਮੀਨ ਐਕੁਆਇਰ ਕਰ ਕੇ ਨਹੀਂ ਦਿੰਦੀ ਬਲਕਿ ਮਾਰਕਿਟ ਪ੍ਰਾਈਸ ਤੇ ਲੈਣੀ ਪੈਂਦੀ ਹੈ ਪਰ ਬਜਟ ਇਤਨਾ ਥੋੜ੍ਹਾ ਹੁੰਦਾ ਹੈ। ਮੈਂ

Original with;
Punjab Vidhan Sabha
Digitized by;
Panjab Digital Library

ਦੱਸਦਾ ਹਾਂ ਕਿ ਪਿਛਲੇ ਸਾਲ ਸਾਡੇ ਸਿਰਫ 45 ਲੱਖ ਰੁਪਿਆ ਰਖਿਆ ਗਿਆ ਜਦ ਕਿ ਹਰਿਆਣਾ ਵਿਚ 1.25 ਕਰੋੜ ਰੁਪਿਆ ਰਖਿਆ ਸੀ। ਅਸੀਂ ਕਰੋੜਾਂ ਰੁਪਏ ਐਜੂਕੇਸ਼ਨ ਤੇ ਖਰਚ ਕਰ ਰਹੇ ਹਾਂ ਜੇਕਰ ਇਕ ਦੋ ਕਰੋੜ ਰੁਪਏ ਟੂਰਿਜ਼ਮ ਤੇ ਖਰਚ ਕਰ ਦੇਈਏ ਤਾਂ ਇਹ ਸਾਡੀ ਇੰਪਲਾਇਮੈਂਟ ਐਵੇਨਿਊ ਬਣ ਸਕਦੀ ਹੈ। ਲੋਕਾਂ ਨੂੰ ਇੰਪਲਾਇਮੈਂਟ ਮਿਲ ਸਕਦੀ ਹੈ। ਇਸ ਪਾਸੇ ਥੋੜ੍ਹਾ ਜਿਹਾ ਧਿਆਨ ਦੇਣ ਦੀ ਲੋੜ ਹੈ। ਕੋਈ ਵੀ ਡਿਪਾਰਟਮੈਂਟ ਕੋਆਪਰੇਟ ਨਹੀਂ ਕਰਦਾ। ਹਾਰਟੀਕਲਚਰ ਦਾ ਮਹਿਕਮਾ ਹੈ ਜਾਂ ਟਾਊਨ ਪਲਾਨਿੰਗ ਦਾ ਮਹਿਕਮਾ ਹੈ, ਬਿਨਾ ਪੈਸੇ ਕੋਈ ਗਲ ਨਹੀਂ ਕਰਦੇ। ਇਸ ਲਈ ਇਸ ਮਹਿਕਮੇਂ ਨੂੰ ਕਿਸੇ ਵੀ ਚੀਜ਼ ਦੀ ਫੈਸਿਲਿਟੀ ਅਵੇਲੇਬਲ ਨਹੀਂ ਹੈ। ਪਿੰਜੌਰ ਵਿਚ ਹਾਰਟੀਕਲਚਰ ਡਿਪਾਰਟਮੈਂਟ ਵਾਲੇ ਕੰਮ ਕਰਦੇ ਹਨ ਪਰ ਉਥੇ ਦੀ ਜਿਹੜੀ ਇਨਕਮ ਹੈ ਉਹ ਟੂਰਿਜ਼ਮ ਡਿਪਾਰਟਮੈਂਟ ਕੋਲ ਜਾਂਦੀ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਡਿਪਾਰਟਮੈਂਟਸ ਦੀ ਆਪਸ ਵਿਚ ਕੁਆਰਡੀਨੇਸ਼ਨ ਹੋਣੀ ਚਾਹੀਦੀ ਹੈ। ਇਹ ਮਹਿਕਮਾ ਇੰਡੀ-ਪੈਂਡੈਂਟ ਕੰਮ ਨਹੀਂ ਕਰ ਸਕਦਾ। ਇਸ ਦਾ ਕੰਮ ਸੂਬ ਦੇ ਹਰ ਪੱਖ ਨੂੰ ਉੱਚਾ ਕਰਨਾ ਹੈ। ਇਸ ਨੂੰ ਹਰ ਡਿਪਾਰਟਮੈਂਟ ਨੂੰ ਕੋਆਪ੍ਰੇਟ ਕਰਨਾ ਚਾਹੀਦਾ ਹੈ। ਇਸ ਨੇ ਸੂਬੇ ਦੀ ਕੱਲਚਰ ਨੂੰ ਉਪਰ ਲੈ ਕੇ ਜਾਣਾ ਹੈ। ਸਾਡੇ ਊਸ਼ਾ ਇਨਸਟੀਚਿਊਟ ਵਿਚ ਹੋਟਲ ਮੈਨੇਜਮੈਂਟ ਦਾ ਅਤੇ ਪਾਣੀਪਤ ਵਿਚ ਹੋਟਲ ਮੈਨੇਜਮੈਂਟ ਦਾ ਕੋਰਸ ਹੈ। ਜਿੰਨੀ ਦੇਰ ਤਕ ਅਸੀਂ ਆਪਣੇ ਬੰਦੇ ਪੂਰੇ ਕੁਆਲੀਫਾਈ ਨਹੀਂ ਕਰਾਂਗੇ, ਅਸੀਂ ਇਸ ਕਾਰਪੋਰੇਸ਼ਨ ਨੂੰ ਇੰਪਰੂਵ ਨਹੀਂ ਕਰ ਸਕਾਂਗੇ। ਇਸ ਦੇ ਨਾਲ ਇੰਪਲਾਇਮੈਂਟ ਪੋਟੈਂਸ਼ੀਅਲ ਵੀ ਵਧੇਗੀ। ਜਿਹੜੇ ਬੰਦੇ ਅਸੀਂ ਟਰੇਂਡ ਕਰਾਗੇ ਉਹ ਬਾਹਰ ਜਾ ਕੇ ਤਾਜ ਹੋਟਲ ਵਿਚ ਜਾਂ ਹੋਰ ਕਿਸੇ ਹੋਟਲ ਵਿਚ ਕੰਮ ਕਰ ਸਕਣਗੇ।

ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਹਿੰਦੁਸਤਾਨ ਦੇ ਨਕਸ਼ੇ ਵਿਚ ਪੰਜਾਬ ਦੇ ਸੂਬੇ ਦੀ ਇਕ ਬਹੁਤ ਵੱਡੀ ਕੱਲਚਰ ਹੈ। ਦੁਨੀਆਂ ਦੇ ਲੋਕ ਇਸ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਇਥੇ ਏਅਰ ਬੇਸ ਨਹੀਂ ਹਨ। ਬਠਿੰਡੇ, ਪਟਿਆਲੇ ਏਅਰ ਬੇਸ ਬਣਨੇ ਚਾਹੀਦੇ ਹਨ। ਲੁਧਿਆਣਾ ਵਾਲਾ ਬਣ ਰਿਹਾ ਹੈ ਅਤੇ ਅੰਮ੍ਰਿਤਸਰ ਵਾਲਾ ਕੰਮ ਕਰ ਰਿਹਾ ਹੈ। ਲੋਕਾਂ ਨੂੰ ਇਸ ਪਾਸੇ ਵਧੀਆ ਫੈਸਿਲੀਟੀਜ਼ ਮਿਲਣੀਆਂ ਚਾਹੀਦੀਆਂ ਹਨ। ਲੋਕ ਅੱਜ ਇਹ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਸਫਰ ਵਿਚ ਬਹੁਤ ਜ਼ਿਆਦਾ ਵਕਤ ਲਗੇ। ਬੇਅਰਾਮੀ ਨਾਲ ਕੋਈ ਸਫਰ ਨਹੀਂ ਕਰਨਾ ਚਾਹੁੰਦਾ। ਉਹ ਚਾਹੁੰਦੇ ਹਨ ਕਿ ਹਵਾਈ ਜਹਾਜ਼ ਵਿਚ ਬੈਠ ਕੇ ਪੰਜਾਬ ਆਉਣ। ਇਸ ਤਰੀਕੇ ਨਾਲ ਪੰਜਾਬ ਦਾ ਕਲਚਰ ਵੱਧ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਏਸ਼ੀਆ ਵਿਚ ਸਭ ਨਾਲੋਂ ਘੱਟ ਫਾਰਨ ਟੂਰਿਸਟ ਆ ਰਿਹਾ ਹੈ ਅਤੇ ਹਿੰਦੁਸਤਾਨ ਵਿਚ ਪੰਜਾਬ ਵਿਚ ਸਭ ਨਾਲੋਂ ਘੱਟ ਟੂਰਿਸਟ ਆ ਰਿਹਾ ਹੈ। ਦੁਨੀਆਂ ਵਿੱਚ ਜਿਤਨਾ ਟੂਰਿਸਟ ਜਾਂਦਾ ਹੈ ਉਸਦਾ ਸਿਰਫ 8% ਏਸ਼ੀਆ ਵਿੱਚ ਆਉਂਦਾ ਹੈ। ਟੂਰਿਸਟ ਦੀ ਅਟਰੈਕਸ਼ਨ ਲਈ ਫੈਸਿਲਟੀ ਆਫ ਟਰਾਂਸਪੋਰਟ ਅਤੇ ਕਮਿਊਨੀਕੇਸ਼ਨ ਬਹੁਤ ਜ਼ਰੂਰੀ ਹੈ। ਇਸ ਦੇ ਇਲਾਵਾ ਇਕ ਗਲ ਹੋਰ ਬੜੀ ਜ਼ਰੂਰੀ ਹੈ ਕਿ ਟੂਰਿਸਟ ਸ਼ਾਈ ਹੁੰਦਾ ਹੈ। ਟੂਰਿਸਟ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਪੀਸਫੁਲ ਜਗ੍ਹਾ ਤੇ ਰਹੇ। ਉਹ ਆਰਾਮ ਕਰਨ ਆਉਂਦਾ ਹੈ। ਪਰ ਮੇਰੇ ਕੁਝ ਅਕਾਲੀ ਵੀਰ ਪੰਜਾਬ ਦੇ ਅਮਨ ਨੂੰ ਭੰਗ ਕਰਨਾ ਚਾਹੁੰਦੇ ਹਨ। ਇਸ ਲਈ ਮੈਂ ਕਹਾਂਗਾ ਕਿ ਪੰਜਾਬ ਵਿੱਚ ਟੂਰਿਸਟਸ ਆਉਣ ਦੇ ਰਸਤੇ ਵਿਚ ਇਹ ਵੀ ਬੜੀ ਰੁਕਾਵਟ ਹੈ। ਇਸ ਲਈ ਪੰਜਾਬ ਦੇ ਅਮਨ ਨੂੰ ਕਾਇਮ ਰਖਣਾ ਚਾਹੀਦਾ ਹੈ। ਇਸ ਤਰ੍ਹਾਂ ਬਾਹਰ ਤੋਂ ਲੋਕ ਆ ਕੇ ਇਥੋਂ ਦੀ ਸਭਿਅਤਾ ਨੂੰ ਵੇਖ ਸਕਣਗੇ। ਮੈਂ ਦਸਣਾ ਚਾਹੁੰਦਾ ਹਾਂ ਕਿ ਟੂਰਿਜ਼ਮ ਸਟੇਟ ਦਾ ਫਲੈਗ ਕੈਰੀਅਰ ਹੁੰਦਾ ਹੈ। ਇਹ ਸਟੇਟ ਦੀ ਜਿਉਂਦੀ ਜਾਗਦੀ ਤਸਵੀਰ ਹੁੰਦਾ ਹੈ। ਮੈਂ ਕਹਾਂਗਾ ਕਿ ਪਬਲਿਕ ਰਿਲੇਸ਼ਨਜ਼ ਡਿਪਾਰਟਮੈਂਟ ਨਾਲੋਂ ਟੂਰਿਜ਼ਮ ਡਿਪਾਰਟਮੈਂਟ ਤੇ ਜ਼ਿਆਦਾ ਖਰਚ ਕਰੋ। ਇਸ ਤਰ੍ਹਾਂ ਹਰ ਪਾਸੇ ਤੁਹਾਡੀ ਪ੍ਰਗਤੀ ਹੋਵੇਗੀ। ਸਾਡੇ ਬੀਬੀ ਜੀ ਨਵੇਂ ਵਜ਼ੀਰ ਬਣੇ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੰਤ ਰਾਮ ਸਿੰਗਲਾ]

ਕਿ ਉਹ ਬੜੇ ਐਨਰਜ਼ੈਟਿਕ ਹਨ, ਮਿਹਨਤੀ ਹਨ। ਉਹ ਇਸ ਡਿਪਾਰਟਮੈਂਟ ਵਿਚ ਪੂਰੀ ਤਰ੍ਹਾਂ ਜਾਨ ਪਾਉਣ। ਪੈਸੇ ਖਰਚਣ ਨਾਲ ਬਹੁਤਾ ਫਰਕ ਨਹੀਂ ਪੈਣਾ, ਪਰ ਫਾਇਦਾ ਬਹੁਤ ਹੋਵੇਗਾ।

ਆਖਿਰ ਵਿੱਚ, ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਸਰਵ-ਸੰਮਤੀ ਨਾਲ ਪਾਸ ਕਰਕੇ ਸਰਕਾਰ ਨੂੰ ਭੇਜਿਆ ਜਾਵੇ। ਇਸ ਵਿੱਚ ਕੋਈ ਕੰਟਰੋਵਰਸੀ ਨਹੀਂ ਹੈ। ਇਹ ਸਾਰੇ ਲੋਕਾਂ ਦੇ ਜਜ਼ਬਾਤ ਦੀ ਗਲ ਹੈ। ਕੋਈ ਝਗੜੇ ਵਾਲੀ ਗਲ ਨਹੀਂ ਹੈ। ਇਤਨੀ ਗਲ ਕਹਿੰਦਾ ਹੋਇਆ ਮੈਂ ਆਪ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ।

**Mr. Deputy Speaker**: Motion moved—

> This house recommends to the Government to improve the conditions of the tourist resorts in the State so as to attract more tourists in the State.

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਸ੍ਰੀ ਸੰਤ ਰਾਮ ਸਿੰਗਲਾ ਜੀ ਵੱਲੋਂ ਪੇਸ਼ ਹੋਇਆ ਹੈ ਕਿ ਪੰਜਾਬ ਵਿਚ ਟੂਰਿਜ਼ਮ ਨੂੰ ਹੋਰ ਬੜ੍ਹਾਵਾ ਦਿੱਤਾ ਜਾਵੇ ਤਾਂ ਕਿ ਬਾਹਰੋਂ ਜ਼ਿਆਦਾ ਸੈਲਾਨੀ, ਟੂਰਿਸਟ ਇਸ ਪਾਸੇ ਅਟਰੈਕਟ ਹੋਣ, ਮੈਂ ਇਸ ਦੀ ਪ੍ਰੋੜਤਾ ਕਰਨ ਵਾਸਤੇ ਖੜਾ ਹੋਇਆ ਹਾਂ। ਸਿੰਗਲਾ ਜੀ ਨੇ ਬੜੇ ਵਿਸਥਾਰ ਨਾਲ ਹਿੰਦੁਸਤਾਨ ਦੀ ਤਾਰੀਖ ਦੀ ਵਿਆਖਿਆ ਕੀਤੀ ਹੈ। ਦੁਨੀਆਂ ਵਿਚ ਕਈ ਮੁਲਕ ਐਸੇ ਹਨ ਜਿਥੇ ਮੌਸਮ ਇਕੋ ਜਿਹਾ ਰਹਿੰਦਾ ਹੈ ਅਤੇ ਰਹਿਣ ਸਹਿਣ ਵੀ ਤਕਰੀਬਨ ਇਕੋ ਜਿਹਾ ਹੁੰਦਾ ਹੈ। ਹਿੰਦੁਸਤਾਨ ਇੱਕ ਐਸਾ ਮੁਲਕ ਹੈ ਜਿੱਥੇ ਇਨਤਹਾ ਦੀ ਸਰਦੀ ਵੀ ਹੁੰਦੀ ਹੈ, ਇਨਤਹਾ ਦੀ ਗਰਮੀ ਵੀ ਹੁੰਦੀ ਹੈ, ਦਰਮਿਆਨਾ ਮੌਤਦਿਲ ਮੌਸਮ ਵੀ ਹੁੰਦਾ ਹੈ, ਪਹਾੜ ਵੀ ਹਨ, ਬਰਫ ਵੀ ਗਿਰਦੀ ਹੈ। ਇਸ ਤਰ੍ਹਾਂ ਦੇ ਮੁਲਕ ਵਲ ਸੈਲਾਨੀਆਂ ਦੀ ਬੜੀ ਅਟ੍ਰੈਕਸ਼ਨ ਹੁੰਦੀ ਹੈ। ਪਰ ਬਦਕਿਸਮਤੀ ਨਾਲ ਪੰਜਾਬ ਹਿੰਦੁਸਤਾਨ ਵਿੱਚ ਇੱਕ ਐਸਾ ਸੂਬਾ ਹੈ ਜਿਹੜਾ ਬਹੁਤ ਛੋਟਾ ਹੋ ਗਿਆ ਹੈ। ਪੰਜਾਬ ਦਰਾ ਖ਼ੈਬਰ ਤੋਂ ਲੈ ਕੇ ਦਿੱਲੀ ਤਕ, ਦਿੱਲੀ ਤੋਂ ਅਗੇ ਤੀਕ ਅਤੇ ਅੱਜ ਦਾ ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਇਹ ਸਾਰਾ ਇਕ ਬੜਾ ਪੰਜਾਬ ਹੁੰਦਾ ਸੀ। ਇਸ ਸਾਈਡ ਤੇ ਮੇਰੇ ਵੀਰ (ਅਕਾਲੀ ਪਾਰਟੀ ਵਲ ਇਸ਼ਾਰਾ) ਬੈਠੇ ਨਹੀਂ। ਇਨ੍ਹਾਂ ਦੀ ਮੇਹਰਬਾਨੀ ਨਾਲ ਇਹ ਸੂਬਾ ਛੋਟਾ ਜਿਹਾ ਰਹਿ ਗਿਆ ਹੈ। ਲੇਕਿਨ ਇਸ ਛੋਟੇ ਜਿਹੇ ਸੂਬੇ ਵਿਚ ਵੀ ਅਜੇ ਐਸੀਆਂ ਐਸੀਆਂ ਜਗ੍ਹਾਂ ਹਨ, ਐਸੇ ਐਸੇ ਮੁਕਾਮ ਹਨ ਜਿਥੇ ਨਾ ਕੇਵਲ ਵਿਦੇਸ਼ਾਂ ਦੇ ਟੂਰਿਸਟ ਬਲਕਿ ਹਿੰਦੁਸਤਾਨ ਦੇ ਦੂਸਰਿਆਂ ਸੂਬਿਆਂ ਦੇ ਟੂਰਿਸਟ ਵੀ ਆਉਂਦੇ ਹਨ। ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਬੜੀ ਇਤਿਹਾਸਿਕ ਜਗ੍ਹਾ ਹੈ ਅਤੇ ਧਾਰਮਿਕ ਸਥਾਨ ਹੈ। ਇਥੇ ਸ੍ਰੀ ਹਰਿਮੰਦਰ ਸਾਹਿਬ, ਦੁਰਗਿਆਨਾ ਮੰਦਰ, ਜਲ੍ਹਿਆਂ ਵਾਲਾ ਬਾਗ ਅਤੇ ਰਾਮ ਤੀਰਥ ਆਦਿ ਇਸ ਤਰ੍ਹਾਂ ਦੇ ਬੜੇ ਅਸਥਾਨ ਹਨ। ਭਾਖੜਾ ਡੈਮ ਹੈ ਜਿਹੜਾ ਕਿ ਹਿੰਦੁਸਤਾਨ ਦੇ ਸਵਰਗੀਏ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਜੀ ਦੇ ਕਥਨ ਅਨੁਸਾਰ ਇਕ ਸਾਡਾ ਮਹਾਨ ਮੰਦਰ ਹੈ ਅਤੇ ਪੂਜਣਯੋਗ ਹੈ। ਉਹ ਵੀ ਬੜੀ ਅਟ੍ਰੈਕਸ਼ਨ ਵਾਲੀ ਜਗ੍ਹਾ ਹੈ। ਅਨੰਦਪੁਰ ਸਾਹਿਬ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਜਨਮ ਦਿੱਤਾ ਸੀ, ਉਹ ਵੀ ਬੜੀ ਅਟ੍ਰੈਕਟਿਵ ਜਗ੍ਹਾ ਹੈ। ਮੇਰੇ ਮੋਹਤਰਮ ਸਾਥੀ ਜਿਨ੍ਹਾਂ ਨੇ ਇਹ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਉਨ੍ਹਾਂ ਨੇ ਬੜੀ ਵਿਸਥਾਰ ਨਾਲ ਇਹ ਚੀਜ਼ ਬਿਆਨ ਕੀਤੀ ਹੈ। ਮੈਂ ਇਕ ਗੱਲ ਕਹਿਣਾ ਚਾਹਾਂਗਾ ਕਿ ਇਸ ਪਾਸੇ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਪਿਛਲੇ ਕੁਝ ਚਾਰ ਪੰਜ ਸਾਲਾਂ ਤੋਂ ਇਸ ਪਾਸੇ ਥੋੜ੍ਹਾ ਜਿਹਾ ਧਿਆਨ ਦਿੱਤਾ ਗਿਆ ਹੈ। ਇਹ ਇਕ ਇੰਡਸਟਰੀ ਵੀ ਹੈ। ਬਾਹਰ ਦੇ ਲੋਕ ਜੋ ਇਥੇ

Original with;
Punjab Vidhan Sabha
Digitized by;
Panjab Digital Library

ਆਉਂਦੇ ਹਨ ਉਨ੍ਹਾਂ ਨੂੰ ਕਈ ਜਗ੍ਹਾ ਰਹਿਣ ਸਹਿਣ ਅਤੇ ਖਾਣ ਪੀਣ ਦੀ ਮੁਸ਼ਕਲ ਆਉਂਦੀ ਹੈ। ਸਾਡੇ ਕੋਲ ਥੋੜ੍ਹੇ ਬਹੁਤ ਕੰਪਲੈਕਸ ਹਨ। ਇਸ ਲਈ ਜਿਥੇ ਮੈਂ ਇਸ ਰੈਜ਼ੋਲਿਊਸ਼ਨ ਦੀ ਹਮਾਇਤ ਕਰਦਾ ਹਾਂ, ਉਥੇ ਤੁਹਾਡੇ ਜ਼ਰੀਏ, ਡਿਪਟੀ ਸਪੀਕਰ ਸਾਹਿਬ, ਸਾਡੀ ਮੰਤਰੀ ਸਾਹਿਬਾ, ਜੋ ਕਿ ਆਪਣੇ ਮਹਿਕਮੇ ਵਿਚ ਮੈਂ ਸਮਝਦਾ ਹਾਂ ਕਿ ਕਾਫੀ ਦਿਲਚਸਪੀ ਲੈ ਰਹੇ ਹਨ, ਉਨ੍ਹਾਂ ਕੋਲ ਬੇਨਤੀ ਕਰਾਂਗਾ ਕਿ ਉਹ ਪੰਜਾਬ ਦੀ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ ਵੱਲ ਧਿਆਨ ਦੇਣ। ਸੂਬੇ ਵਿਚ ਹੋਰ ਵੀ ਬੋਰਡ ਅਤੇ ਕਾਰਪੋਰੇਸ਼ਨਾਂ ਹਨ। ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਘਾਟੇ ਵਿਚ ਕਿਉਂ ਜਾਂਦੀ ਹੈ। ਇਹ ਨਫੇ ਵਿਚ ਵੀ ਜਾ ਸਕਦੀ ਹੈ। ਪਰ ਟੂਰਿਜ਼ਮ ਨੂੰ ਬੜ੍ਹਾਵਾ ਦੇਣ ਲਈ ਇਸ ਦੇ ਨਫੇ ਨੁਕਸਾਨ ਵੱਲ ਬਹੁਤਾ ਧਿਆਨ ਨਹੀਂ ਦੇਣਾ ਚਾਹੀਦਾ। ਬੀਬੀ ਜੀ ਇਸ ਪਾਸੇ ਧਿਆਨ ਦੇਣ। ਅੱਜ ਹੋਟਲ ਦੀ ਇੰਡਸਟਰੀ, ਰੈਸਟੋਰੈਂਟ ਦੀ ਇੰਡਸਟਰੀ ਕਾਫੀ ਜ਼ੋਰਾਂ ਤੇ ਹੈ। ਪ੍ਰਾਈਵੇਟ ਸੈਕਟਰ ਵਿਚ ਇਹ ਲੋਕ ਲੱਖਾਂ ਕਰੋੜਾਂ ਰੁਪਿਆ ਕਮਾ ਰਹੇ ਹਨ। ਜੇਕਰ ਇਸ ਵਲ ਪੂਰਾ ਧਿਆਨ ਦਿੱਤਾ ਜਾਵੇ ਤਾਂ ਜਿਥੇ ਸਾਡੇ ਪੰਜਾਬ ਦੀ ਟੂਰਿਜ਼ਮ ਨੂੰ ਬੜ੍ਹਾਵਾ ਮਿਲੇਗਾ ਉਥੇ ਇਹ ਨਫੇ ਵਿੱਚ ਵੀ ਜਾ ਸਕਦੀ ਹੈ। ਜਿੰਨਾ ਭੀ ਸਰਕਾਰ ਨੇ ਪਿਛਲੇ ਕੁਝ ਅਰਸੇ ਵਿਚ ਕੰਮ ਕੀਤਾ ਹੈ ਉਹ ਸ਼ਲਾਘਾਯੋਗ ਹੈ। ਜਿਹੜਾ ਨੀਲੋਂ ਟੂਰਿਸਟ ਰਿਜ਼ਾਰਟ ਬਣਿਆ ਹੈ, ਰੋਪੜ ਝੀਲ ਉਤੇ ਟੂਰਿਸਟ ਕੰਪਲੈਕਸ ਜਾਂ ਅੰਮ੍ਰਿਤਸਰ ਦੇ ਨਜ਼ਦੀਕ ਵਾਘਾ ਬਾਰਡਰ ਹੈ ਉਥੇ ਵੀ ਸਰਕਾਰ ਨੂੰ ਟਰਾਂਸਪੋਰਟ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਦੱਸਿਆ ਜਾਂਦਾ ਹੈ ਕਿ ਜਿਹੜੇ ਲੋਕ ਬਾਹਰੋਂ ਵਾਘਾ ਬਾਰਡਰ ਵਗੈਰਾ ਵੇਖਣ ਜਾਂਦੇ ਹਨ ਤਾਂ ਟੈਕਸੀਆਂ ਵਾਲੇ ਜ਼ਿਆਦਾ ਕਿਰਾਇਆ ਵਸੂਲ ਕਰ ਲੈਂਦੇ ਹਨ। ਬਾਹਰ ਤੋਂ ਆਏ ਲੋਕਾਂ ਤੋਂ ਕੁਲੀ ਵੀ ਜ਼ਿਆਦਾ ਪੈਸੇ ਚਾਰਜ ਕਰਦੇ ਹਨ। ਉਥੇ ਟੂਰਿਜ਼ਮ ਡਿਪਾਰਟਮੈਂਟ ਦਾ ਆਪਣਾ ਟਰਾਂਸਪੋਰਟ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਉਥੇ ਭਾਵੇਂ ਕੁਲੀ ਡੇਲੀ ਵੇਜਿਜ਼ ਤੇ ਰੱਖੇ ਜਾਣ ਜਾਂ ਪਰਮਾਨੈਂਟ ਤੌਰ ਤੇ ਭਰਤੀ ਕੀਤੇ ਜਾਣ। ਉਥੇ ਕੁਲੀ ਵੀ ਰੱਖਣੇ ਚਾਹੀਦੇ ਹਨ ਤਾਕਿ ਜਿਹੜੇ ਲੋਕ ਬਾਹਰੋਂ ਇਥੇ ਆਉਂਦੇ ਹਨ ਉਹ ਇਹ ਨਾ ਮਹਿਸੂਸ ਕਰਨ ਕਿ ਪੰਜਾਬ ਵਿਚ ਉਨ੍ਹਾਂ ਦੇ ਕਪੜੇ ਲਾਹ ਲਏ ਗਏ ਹਨ ਜਾਂ ਜ਼ਿਆਦਾ ਕਰਾਇਆ ਜਾਂ ਮਜ਼ਦੂਰੀ ਚਾਰਜ ਕੀਤੀ ਗਈ ਹੈ। ਸਾਡੇ ਟੂਰਿਸਟ ਰਿਜ਼ਾਰਟਾਂ ਵਿਚ ਰਹਿਣ ਸਹਿਣ ਦੀ ਅੱਛੀ ਸਹੂਲਤ ਹੋਣੀ ਚਾਹੀਦੀ ਹੈ। ਅੰਮ੍ਰਿਤਸਰ ਵਿਚ ਇਕ ਇੰਟਰਨੈਸ਼ਨਲ ਹੋਟਲ ਬਣਾਇਆ ਗਿਆ ਹੈ। ਉਸ ਵਲ ਕਾਫੀ ਧਿਆਨ ਦਿਤਾ ਜਾ ਰਿਹਾ ਹੈ। ਉਥੇ ਇਕ ਯੂਥ ਹੋਸਟਲ ਹੈ, ਨੰਗਲ ਭੀ ਪੁਆਇੰਟ ਬਣਾਇਆ ਹੈ, ਸਰਹਿੰਦ ਵਿਖੇ ਆਮ ਖਾਸ ਬਾਗ ਬਣਾਇਆ ਗਿਆ ਹੈ, ਗੁਲਮੋਹਰ ਟੂਰਿਸਟ ਕੰਪਲੈਕਸ ਜਾਂ ਹੋਰ ਜਿਹੜੇ ਨਵੇਂ ਕੰਪਲੈਕਸਿਜ਼ ਦਾ ਜੋ ਭੀ ਕੰਮ ਸ਼ੁਰੂ ਹੋਇਆ ਹੈ ਉਸ ਪਾਸੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ। ਪੰਜ ਛੇ, ਦੇ ਕਰੀਬ ਇਹ ਕੰਪਲੈਕਸ ਹਨ। ਇਨ੍ਹਾਂ ਵੱਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਕਿ ਲੋਕਾਂ ਦੀ ਇਸ ਪਾਸੇ ਅਟਰੈਕਸ਼ਨ ਵਧੇ। ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਸ ਰੈਜ਼ੋਲਿਊਸ਼ਨ ਦੀ ਹਮਾਇਤ ਕਰਦਾ ਹਾਂ ਔਰ ਨਾਲ ਦੀ ਨਾਲ ਜੋ ਮੈਂ ਸੁਝਾਓ ਦਿੱਤੇ ਹਨ ਟੂਰਿਸਟ ਰਿਜ਼ਾਰਟਾਂ ਨੂੰ ਜ਼ਿਆਦਾ ਅਟਰੈਕਟਿਵ ਬਣਾਉਣ ਵਾਸਤੇ ਆਸ ਹੈ ਕਿ ਸਰਕਾਰ ਉਨ੍ਹਾਂ ਤੇ ਵਿਚਾਰ ਕਰਕੇ ਅਮਲ ਕਰੇਗੀ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਜਿੱਥੇ ਹੋਰ ਖਰਚੇ ਕਰਦੀ ਹੈ, ਇਸ ਪਾਸੇ ਵੀ ਖਰਚ ਕਰਨ ਵਾਸਤੇ ਜ਼ਿਆਦਾ ਪੈਸੇ ਰੱਖੇ ਜਾਣ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਫਿਰ ਪੁਰਜ਼ੋਰ ਹਮਾਇਤ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਸ ਨੂੰ ਯੂਨਾਨੀਮਸਲੀ ਪਾਸ ਕੀਤਾ ਜਾਵੇ। ਧੰਨਵਾਦ।

**ਸਰਦਾਰ ਗੁਰਨੈਬ ਸਿੰਘ ਬਰਾੜ** (ਫਿਰੋਜ਼ਪੁਰ, ਛਾਉਣੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਰੈਜ਼ੋਲਿਊਸ਼ਨ ਤੇ ਬੋਲਣ ਦਾ ਮੌਕਾ ਦਿਤਾ ਹੈ। ਜੋ ਰੈਜ਼ੋਲਿਊਸ਼ਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਗੁਰਨੈਬ ਸਿੰਘ ਬਰਾੜ]
ਸਿੰਗਲਾ ਜੀ ਨੇ ਲਿਆਂਦਾ ਹੈ ਮੈਂ ਇਸ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ। ਇਸ ਰੈਜ਼ੋ-ਲਿਊਸ਼ਨ ਦੇ ਸਬੰਧ ਵਿਚ ਜੋ ਮੇਰੇ ਤੋਂ ਪਹਿਲਾਂ ਸਾਥੀ ਬੋਲੇ ਹਨ, ਸਿੰਗਲਾ ਸਾਹਿਬ ਬੋਲੇ ਹਨ ਜਾਂ ਧੰਨੋਵਾਲੀਆ ਜੀ ਬੋਲੇ ਹਨ ਉਨ੍ਹਾਂ ਨੇ ਕਾਫੀ ਸੁਝਾਓ ਦਿਤੇ ਹਨ। ਮੈਂ ਵੀ ਚੰਦ ਇਕ ਗੱਲਾਂ ਪੰਜਾਬ ਟੂਰਿਜ਼ਮ ਦੇ ਵਾਸਤੇ ਕਹਿਣੀਆਂ ਚਾਹੁੰਦਾ ਹਾਂ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਪੇਅਰੈਂਟ ਸਟੇਟ ਹੁੰਦੇ ਹੋਏ ਵੀ ਇਸ ਤੋਂ ਹਰਿਆਣਾ ਸਟੇਟ ਟੂਰਿਜ਼ਮ ਦੇ ਵਿਚ ਬਹੁਤ ਅੱਗੇ ਨਿਕਲ ਚੁਕੀ ਹੈ । ਇਥੋਂ ਤਕ ਕਿ ਹਰਿਆਣੇ ਵਾਲਿਆਂ ਨੂੰ ਫਾਰਨ ਕੰਟਰੀਜ਼ ਵਿਚ ਵੀ ਟੂਰਿਸਟ ਕੰਪਲੈਕਸ ਬਣਾਉਣ ਦੇ ਕਾਂਟਰੈਕਟ ਮਿਲ ਰਹੇ ਹਨ। ਪੰਜਾਬ ਦੇ ਵਿਚ ਵੀ ਬਹੁਤ ਅਜਿਹੀਆਂ ਥਾਵਾਂ ਹਨ ਜਿਨ੍ਹਾਂ ਨੂੰ ਡਿਵੈਲਪ ਕੀਤਾ ਜਾ ਸਕਦਾ ਹੈ। ਬਦਕਿਸਮਤੀ ਨਾਲ ਸਾਡੇ ਪਾਸ ਹਿੱਲ ਸਟੇਸ਼ਨ ਕੋਈ ਨਹੀਂ ਰਿਹਾ। ਜੋ ਪੰਜਾਬ ਦੇ ਹਿੱਲ ਸਟੇਸ਼ਨ ਸਨ ਉਹ ਅਕਾਲੀ ਭਰਾਵਾਂ ਦੀ ਮੇਹਰਬਾਨੀ ਨਾਲ ਸਾਡੇ ਤੋਂ ਨਿਕਲ ਚੁਕੇ ਹਨ ਪਰ ਇਕ ਹਿੱਲ ਸਟੇਸ਼ਨ ਹੈ ਜੋ ਕਿ ਸਾਡੇ ਪਾਸ ਰਹਿ ਗਿਆ ਹੈ, ਜਿਸ ਦਾ ਨਾਉਂ "ਕਟੋਰੀ" ਹੈ। ਉਸ ਨੂੰ ਡਿਵੈਲਪ ਕੀਤਾ ਜਾਣਾ ਚਾਹੀਦਾ ਹੈ। ਉਥੇ ਪੰਜਾਬ ਦੇ ਲੋਕ ਜਾ ਸਕਦੇ ਹਨ। ਉਹ ਅੱਛਾ ਟੂਰਿਸਟ ਸਪਾਟ ਹੈ। ਮੈਂ ਆਪ ਉਥੇ ਜਾ ਕੇ ਆਇਆ ਹਾਂ। ਟੂਰਿਜ਼ਮ ਡਿਪਾਰਟਮੈਂਟ ਦਾ ਇਕ ਨੀਲੋਂ ਕੰਪਲੈਕਸ ਹੈ, ਸਰਹਿੰਦ ਕੰਪਲੈਕਸ ਹੈ, ਮੈਂ ਸੁਝਾਓ ਦੇਵਾਂਗਾ ਕਿ ਜਿਸ ਤਰ੍ਹਾਂ ਹਰਿਆਣਾ ਰੋਡਵੇਜ਼ ਦੀਆਂ ਏਅਰ ਕੰਡੀਸ਼ਨਡ ਔਰ ਡੀਲਕਸ ਬੱਸਾਂ ਚੰਡੀਗੜ੍ਹ ਤੋਂ ਦਿੱਲੀ ਨੂੰ ਜਾਂਦੀਆਂ ਹਨ ਤਾਂ ਟੂਰਿਸਟ ਸਪਾਟਸ ਤੇ ਰੁਕਦੀਆਂ ਹਨ ਇਸੇ ਤਰ੍ਹਾਂ ਹੀ ਪੰਜਾਬ ਦੀਆਂ ਬੱਸਾਂ ਟੂਰਿਸਟ ਰਿਜ਼ਾਰਟਸ ਤੇ ਰੁਕ ਕੇ ਜਾਇਆ ਕਰਨ। ਉਸ ਨਾਲ ਇਕ ਤਾਂ ਲੋਕਾਂ ਨੂੰ ਖਾਣ ਪੀਣ ਦਾ ਮੌਕਾ ਮਿਲਦਾ ਹੈ ਔਰ ਦੂਸਰਾ ਟੂਰਿਜ਼ਮ ਡਿਪਾਰਟਮੈਂਟ ਨੂੰ ਵੀ ਇਨਕਰਜਮੈਂਟ ਮਿਲਦੀ ਹੈ।

ਹੁਣ ਮੈਂ ਆਪਣੇ ਇਲਾਕੇ ਫਿਰੋਜ਼ਪੁਰ ਬਾਰੇ ਕਹਿਣਾ ਚਾਹੁੰਦਾ ਹਾਂ। ਉਥੇ ਹੁਸੈਨੀਵਾਲਾ ਬਾਰਡਰ ਤੋਂ ਲੈ ਕੇ ਲੁਧਿਆਣਾ ਤਕ ਕੋਈ ਵੀ ਟੂਰਿਸਟ ਕੰਪਲੈਕਸ ਨਹੀਂ ਬਣਾਇਆ ਹੋਇਆ। ਜੋ ਨਕਸ਼ਾ ਬਣਾਇਆ ਹੋਇਆ ਹੈ, ਜੋ ਕਿ ਨੀਲੋਂ ਵਿਚ ਲੱਗਿਆ ਹੋਇਆ ਹੈ, ਉਥੇ ਸ਼ੋਅ ਕੀਤਾ ਹੋਇਆ ਹੈ। ਫਿਰੋਜ਼ਸ਼ਾਹ ਵਿਚ ਐਂਗਲੋ ਸਿੱਖ ਮੈਮੋਰੀਅਲ ਬਣਿਆ ਹੋਇਆ ਹੈ। ਉਸ ਉਤੇ ਟੂਰਿਸਟ ਕੰਪਲੈਕਸ ਬਣਾਇਆ ਜਾਣਾ ਚਾਹੀਦਾ ਹੈ। ਉਸ ਦੀ ਵੀ ਬੜੀ ਅਟਰੈਕਸ਼ਨ ਲੋਕਾਂ ਨੂੰ ਹੋ ਸਕਦੀ ਹੈ ਕਿਉਂਕਿ ਉਥੇ ਜੋ ਸਿੱਖਾਂ ਔਰ ਅੰਗਰੇਜ਼ਾਂ ਦੀਆਂ ਲੜਾਈਆਂ ਹਨ ਉਨ੍ਹਾਂ ਬਾਰੇ ਵੀ ਉਥੋਂ ਜਾਣਕਾਰੀ ਮਿਲਦੀ ਹੈ। ਉਥੇ ਬਾਰਡਰ ਤੇ ਸਰਦਾਰ ਭਗਤ ਸਿੰਘ ਜੀ ਦੀ ਸਮਾਧ ਬਣੀ ਹੋਈ ਹੈ। ਫਾਇਨਾਂਸ ਮਨਿਸਟਰ ਸਾਹਿਬ ਵੀ ਉਥੇ ਗਏ ਸਨ, ਉਨ੍ਹਾਂ ਨੇ ਵੀ ਉਥੇ ਅਨਾਊਂਸਮੈਂਟ ਕੀਤੀ ਸੀ, ਮੁੱਖ ਮੰਤਰੀ ਸਾਹਿਬ ਵੀ ਗਏ ਸਨ ਪਰ ਉਥੇ ਕੋਈ ਕੰਮ ਸ਼ੁਰੂ ਨਹੀਂ ਹੋਇਆ। ਉਥੇ ਸ਼ਹੀਦਾਂ ਦੀਆਂ ਸਮਾਧਾਂ ਬਣੀਆਂ ਹੋਈਆਂ ਹਨ ਔਰ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਵੇਖਣ ਲਈ ਜਾਂਦੇ ਹਨ ਔਰ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕਰਨ ਜਾਂਦੇ ਹਨ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਵੀ ਟੂਰਿਸਟ ਕੰਪਲੈਕਸ ਬਣਾਇਆ ਜਾਵੇ। ਸਰਕਾਰ ਨੇ ਇਸ ਵਾਸਤੇ ਫੰਡਜ਼ ਵੀ ਐਲੋਕੇਟ ਕੀਤੇ ਸਨ ਪਰ ਹਾਲੇ ਤਕ ਕੋਈ ਕਦਮ ਨਹੀਂ ਚੁਕਿਆ ਗਿਆ। ਇਸ ਲਈ ਮੇਰਾ ਸੁਝਾਓ ਹੈ ਕਿ ਟੂਰਿਸਟ ਰਿਜ਼ਾਰਟਸ ਨੂੰ ਮੌਰ ਅਟਰੈਕਟਿਵ ਬਣਾਉਣ ਵਾਸਤੇ ਜਿਸ ਤਰ੍ਹਾਂ ਕਿ ਹਰਿਆਣੇ ਵਿਚ ਹੈ ਜਾਂ ਹੋਰ ਜਗ੍ਹਾ ਹੈ, ਉਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਸਰਹਿੰਦ ਜਾਂ ਹੋਰ ਜਿਹੜੇ ਟੂਰਿਸਟ ਰਿਜ਼ਾਰਟਸ ਹਨ ਉਥੇ ਛੋਟੀਆਂ ਛੋਟੀਆਂ ਸ਼ਾਪਸ ਖੋਲ੍ਹੀਆਂ ਜਾਣ ਔਰ ਉਥੇ ਕਨਫਿਸਕੇਟਿਡ ਚੀਜ਼ਾਂ ਵੇਚੀਆਂ ਜਾਣ ਤਾਕਿ ਜੋ ਲੋਕ ਬਾਹਰੋਂ ਆਉਂਦੇ ਹਨ ਉਹ ਉਨ੍ਹਾਂ ਨੂੰ ਖਰੀਦ ਸਕਣ। ਹਿਮਾਚਲ ਪ੍ਰਦੇਸ਼ ਵਿਚ ਔਰ ਹੋਰ ਵੀ ਕਈਆਂ ਥਾਵਾਂ ਤੇ ਜਿਥੇ

Original with;
Punjab Vidhan Sabha
Digitized by;
Panjab Digital Library

ਟੂਰਿਸਟ ਰਿਜ਼ਾਰਟਸ ਹਨ ਉਥੇ ਬੀਅਰ ਬਾਰਜ਼ ਖੋਲ੍ਹੀਆਂ ਹੋਈਆਂ ਹਨ, ਇਸ ਤਰ੍ਹਾਂ ਜੇਕਰ ਬਾਰ ਦੇ ਨਾਲ ਹਾਰਡਡਰਿੰਕ ਹੋਵੇ ਤਾਂ ਚੰਗੀ ਗੱਲ ਹੈ।

ਇਕ ਸੁਝਾਓ ਹੋਰ ਦੇਣਾ ਹੈ। ਟੂਰਿਜ਼ਮ ਕਾਰਪੋਰੇਸ਼ਨ ਹੈ ਉਸ ਨੂੰ ਚਾਹੀਦਾ ਹੈ ਕਿ ਟੂਰਿਸਟਾਂ ਵਾਸਤੇ ਜ਼ਿਆਦਾ ਬੱਸਾਂ ਰੱਖਣ ਔਰ ਲੋਕਾਂ ਨੂੰ ਜ਼ਿਆਦਾ ਪਰਮਿਟ ਇਸ ਕੰਮ ਵਾਸਤੇ ਦੇਣੇ ਚਾਹੀਦੇ ਹਨ । ਉਸ ਨਾਲ ਇਕ ਤਾਂ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਔਰ ਦੂਸਰਾ ਟੂਰਿਸਟਾਂ ਨੂੰ ਚੰਗੀਆਂ ਬੱਸਾਂ ਤੇ ਟਰੈਵਲ ਕਰਨ ਦੀ ਸਹੂਲਤ ਮਿਲੇਗੀ। ਡਿਪਟੀ ਸਪੀਕਰ ਸਾਹਿਬ, ਸਾਡੇ ਫਿਰੋਜ਼ਪੁਰ ਵਿਚ ਐਰੋਡਰਮ ਬੜਾ ਪੁਰਾਣਾ ਬਣਿਆ ਹੋਇਆ ਹੈ। ਉਸ ਨੂੰ ਵੀ ਏਅਰ ਲਿੰਕ ਨਾਲ ਜੇਕਰ ਲਿੰਕ ਕੀਤਾ ਜਾਵੇ ਤਾਂ ਸਰਕਾਰ ਦਾ ਬਹੁਤਾ ਖਰਚਾ ਨਹੀਂ ਹੋਵੇਗਾ ਪਰ ਉਸ ਨਾਲ ਲੋਕਾਂ ਨੂੰ ਕਾਫ਼ੀ ਸਹੂਲਤ ਮਿਲ ਸਕੇਗੀ। ਉਹ ਪੁਰਾਣੇ ਜ਼ਮਾਨੇ ਦਾ ਬਣਿਆ ਹੋਇਆ ਹੈ।

ਮੈਂ ਜ਼ਿਆਦਾ ਵਕਤ ਨਹੀਂ ਲੈਂਦਾ। ਸਾਡੇ ਮਨਿਸਟਰ ਸਾਹਿਬਾ ਬੈਠੇ ਹਨ, ਇਹ ਵੀ ਇਸ ਪਾਸੇ ਕਾਫੀ ਦਿਲਚਸਪੀ ਰਖਦੇ ਹਨ । ਇਸ ਲਈ ਮੈਂ ਆਸ ਕਰਾਂਗਾ ਕਿ ਜੋ ਮੈਂ ਸੁਝਾਓ ਦਿਤੇ ਹਨ ਉਨ੍ਹਾਂ ਤੇ ਇਹ ਅਮਲ ਕਰਾਉਣ ਦੀ ਕਿਰਪਾ ਕਰਨਗੇ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.) : ਸਰ, ਮਤੇ ਦੀ ਸਪਿਰਟ ਬੜੀ ਚਗੀ ਹੈ। ਸਰਕਾਰ ਨੂੰ ਇਸ ਮਤੇ ਨੂੰ ਅਪਰੂਵ ਕਰਨ ਵਿੱਚ ਕੋਈ ਰੁਕਾਵਟ ਪੇਸ਼ ਨਹੀ ਆਉਣੀ ਚਾਹੀਦੀ ਕਿਉਂਕਿ ਇਸ ਨਾਲ ਜੋ ਟੂਰਿਸਟ ਰਿਜ਼ਾਰਟਸ ਹਨ ਉਹ ਜ਼ਿਆਦਾ ਅਟਰੈਕਟਿਵ ਹੋ ਸਕਣਗੇ, ਉਹ ਤਰੱਕੀ ਕਰਨਗੇ ਉਨ੍ਹਾਂ ਦੀ ਮਦਦ ਹੋਵੇਗੀ; ਲੇਕਿਨ ਡਿਪਟੀ ਸਪੀਕਰ ਸਾਹਿਬ ਇਨ੍ਹਾਂ ਦਾ ਪ੍ਰਬੰਧ ਢਿੱਲਾ ਹੈ। ਤਿੰਨ ਚਾਰ ਵਾਕਿਆਤ ਇਸ ਸਰਕਾਰ ਦੇ ਰਾਜ ਵਿਚ ਹੋਏ ਹਨ । ਉਨ੍ਹਾਂ ਕੰਪਲੈਕਸਾਂ ਦੀ ਔਰ ਉਥੇ ਗਏ ਲੋਕਾਂ ਦੀ ਸੇਵਾ ਸੰਭਾਲ ਬਿਲਕੁਲ ਨਹੀਂ ਹੈ। ਸਰਹਿੰਦ ਦਾ ਰੈਸਟੋਰੈਂਟ ਤੁਸੀਂ ਵੇਖਿਆ ਹੋਣਾ ਹੈ। ਉਸ ਦੀ ਬਿਲਡਿੰਗ ਚੰਗੀ ਨਹੀਂ । ਉਥੇ ਰਹਿਣ ਸਹਿਣ ਦੀ ਥਾਂ ਨਹੀਂ। ਉਥੇ 3-4 ਵਾਕਿਆਤ ਅਜਿਹੇ ਹੋਏ ਹਨ ਜਿਹੜੇ ਕਿ ਬਹੁਤ ਮਾੜੇ ਹਨ ਜਿਸ ਕਰਕੇ ਮੁਲਾਜ਼ਮਾਂ ਵਿਚ ਬੜੀ ਰਿਜ਼ੈਂਟ-ਮੈਂਟ ਹੈ। ਇਸੇ ਤਰ੍ਹਾਂ ਰੋਪੜ ਵਿਚ ਕਈ ਵਾਕਿਆਤ ਹੋਏ ਹਨ। ਉਥੇ ਰੂਲਿੰਗ ਪਾਰਟੀ ਦੇ ਆਦਮੀਆਂ ਨੇ ਇਹੋ ਜਿਹੇ ਕੰਮ ਕੀਤੇ ਹਨ ਪਰ ਅਜੇ ਤਕ ਉਨ੍ਹਾਂ ਤੇ ਕੋਈ ਕੇਸ ਨਹੀਂ ਚਲਾਇਆ ਗਿਆ। ਇਕ ਮਿਸਟਰ ਵਾਲੀਆ ਹੈ ਉਸ ਦੀ ਬੜੀ ਦੁਰਦਸ਼ਾ ਹੋਈ ਹੈ। ਇਸ ਵਿਚ ਸੀ. ਐਮ. ਸਾਹਿਬ ਨੇ ਇੰਟਰ-ਵੀਨ ਕੀਤਾ ਸੀ। ਦਿੱਲੀ ਵਿਚ ਇਸੇ ਤਰ੍ਹਾਂ ਦੁਰਦਸ਼ਾ ਹੋਈ। ਕਮਰੇ ਨਹੀਂ ਮਿਲਦੇ ਸਨ, ਪਰ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਸਰਹਿੰਦ ਜਿਹੜਾ ਕੇਸ ਹੋਇਆ, ਉਹ ਹਾਲੇ ਤਕ ਜ਼ੇਰੇ ਤਫਤੀਸ਼ ਹੈ । ਮੁਲਾਜ਼ਮਾਂ ਵਿਚ ਬੜੀ ਰਿਜ਼ੈਂਟਮੈਂਟ ਹੈ । ਕਈ ਮੁਲਾਜ਼ਮ ਹਾਲੇ ਵੀ ਹਸਪਤਾਲ ਵਿਚ ਹਨ ਪਰ ਅਜੇ ਤਕ ਕਿਸੇ ਦਾ ਚਲਾਨ ਨਹੀਂ ਕੀਤਾ ਗਿਆ । ਇਸ ਲਈ ਮੇਰੀ ਇਹ ਸਬਮਿਸ਼ਨ ਹੈ ਕਿ ਪਹਿਲੇ ਇਸ ਸਰਕਾਰ ਨੂੰ ਇਨ੍ਹਾਂ ਰੈਸਟੋਰੈਂਟਾਂ ਦਾ ਪ੍ਰਬੰਧ ਠੀਕ ਕਰਨਾ ਚਾਹੀਦਾ ਹੈ । ਇਨ੍ਹਾਂ ਵਿਚ ਕੋਈ ਪੁਲੀਟੀਕਲ ਇੰਟਰਫੀਅਰੈਂਸ ਨਹੀਂ ਕਰਨੀ ਚਾਹੀਦੀ। ਜਿਹੜੇ ਕਮਰੇ ਹਨ ਉਹ ਮਹਿੰਗੇ ਨਹੀਂ ਹੋਣੇ ਚਾਹੀਦੇ ਸੱਸਤੇ ਹੋਣੇ ਚਾਹੀਦੇ ਹਨ । ਬਾਹਰਲੇ ਬੰਦਿਆਂ ਨੂੰ ਚਾਹੇ ਇਹ ਮਹਿੰਗੇ ਦੇ ਦਿਓ ਪਰ ਆਮ ਬੰਦਿਆਂ ਲਈ ਇਹ ਸੱਸਤੇ ਹੋਣੇ ਚਾਹੀਦੇ ਹਨ । ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਫਿਰ, ਡਿਪਟੀ ਸਪੀਕਰ ਸਾਹਿਬ, ਜਿਹੜਾ ਅੰਮ੍ਰਿਤਸਰ ਵਿਖੇ ਯੂਥਸ ਲਈ ਟੂਰਿਸਟ ਕੰਪਲੈਕਸ ਬਣਿਆ ਸੀ। ** **

ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਪਹਿਲੇ ਇਨ੍ਹਾਂ ਦਾ ਪ੍ਰਬੰਧ ਠੀਕ ਕਰਨਾ ਚਾਹੀਦਾ ਹੈ। ** **

ਮੈਨੂੰ ਅਫਸੋਸ ਹੈ ਕਿ ਸਾਡੀ ਸਰਕਾਰ ਇਸ ਪਾਸੇ ਵੱਲ ਬਿਲਕੁਲ ਧਿਆਨ ਨਹੀਂ ਦੇ ਰਹੀ। ਤੁਸੀਂ ਬਾਹਰਲੇ ਮੁਲਕਾਂ ਵਿਚ ਚਲੇ ਜਾਓ। ਉਥੇ ਬੜੇ ਸਸਤੇ ਰੈਸਟੋਰੈਂਟ ਹਨ, ਅੱਛਾ ਪ੍ਰਬੰਧ ਹੈ ਪਰ ਇਥੇ ਤਾਂ ਬਹੁਤ ਬੁਰਾ ਹਾਲ ਹੈ। ਚਵਾਨੀ ਦਾ ਚਾਹ ਦਾ ਕੱਪ 2 ਰੁਪਏ ਨੂੰ ਮਿਲਦਾ ਹੈ। ਸ਼ਰਾਬਾਂ ਚਲਦੀਆਂ ਹਨ ਔਰ ਹਰ ਤਰ੍ਹਾਂ ਦੀ ਆਯਾਸ਼ੀ ਹੁੰਦੀ ਹੈ। ਮੈਂ ਸਮਝਦਾ ਹਾਂ ਕਿ ਜੇ ਇਹ ਰੈਸਟੋਰੈਂਟ ਨਹਿਰਾਂ ਦੇ ਕੰਢਿਆਂ ਤੇ ਖੋਲ੍ਹੇ ਜਾਣ ਤਾਂ ਠੀਕ ਹੈ ** ** ** **

**ਸਰਦਾਰ ਗੁਰਨੈਬ ਸਿੰਘ ਬਰਾੜ** : ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ ਜੀ. ਬੀ. ਰੋਡ ਔਰ ਹੋਰ ਬਲਾਤਕਾਰਾਂ ਦੀਆਂ ਗਲਾਂ ਕਰਦੇ ਹਨ ਇਨ੍ਹਾਂ ਨੂੰ ਕਹੋ ਕਿ ਇਹ ਟੂਰਿਜ਼ਮ ਦੀ ਡਿਵੈਲਪਮੈਂਟ ਦੀ ਗਲ ਕਰਨ। ਇਹੋ ਜਿਹੇ ਜਿਹੜੇ ਰਿਮਾਰਕਸ ਹਨ ਉਹ ਐਕਸਪੰਜ ਕਰਨੇ ਚਾਹੀਦੇ ਹਨ।

**ਸ਼੍ਰੀ ਡਿਪਟੀ ਸਪੀਕਰ** : ਪਾਂਧੀ ਸਾਹਿਬ, ਡਿਵਲਪਮੈਂਟ ਦੀਆਂ ਗਲਾਂ ਕਰੋ। ਇਹ ਜਿਹੜਾ ਇਰਰੈਲੇਵੈਂਟ ਬੋਲ ਰਹੇ ਹਨ ਉਹ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਰੈਲੇਵੈਂਟ ਹੀ ਹਾਂ। ਇਨ੍ਹਾਂ ਰੈਸਟੋਰੈਂਟਾਂ ਤੇ ਖਾਣਾ ਬਹੁਤ ਮਹਿੰਗਾ ਹੈ ਇਹ ਸੱਸਤਾ ਹੋਣਾ ਚਾਹੀਦਾ ਹੈ। ਭਾਖੜਾ ਡੈਮ ਤੇ ਇਹੋ ਜਿਹਾ ਰੈਸਟੋਰੈਂਟ ਖੋਲ੍ਹਣਾ ਚਾਹੀਦਾ ਹੈ, ਪੌਂਗ ਡੈਮ ਤੇ ਖੋਲ੍ਹਣਾ ਚਾਹੀਦਾ ਹੈ। ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਜਿਥੇ ਜਿਥੇ ਇਹ ਰੈਸਟ ਹਾਊਸ ਖੋਲ੍ਹਣ ਉਨਾਂ ਦੇ ਨਾਲ ਸ਼ਹੀਦਾਂ ਦੇ ਬੁੱਤ ਲਾਉਣੇ ਚਾਹੀਦੇ ਹਨ। ਡਾਕਟਰ ਅੰਬੇਦਕਰ ਦਾ ਬੁੱਤ ਲਾਉਣਾ ਚਾਹੀਦਾ ਹੈ। ** ** **
ਜਿਨ੍ਹਾਂ ਨੇ ਇਸ ਦੇਸ਼ ਦੀ ਆਜ਼ਾਦੀ ਵਾਸਤੇ ਜਾਨਾਂ ਦਿੱਤੀਆਂ ਹਨ ਉਨ੍ਹਾਂ ਦੇ ਬੁੱਤ ਲਾਉਣੇ ਚਾਹੀਦੇ ਹਨ। ਮੈਂ ਤਾਂ ਇਹ ਸਮਝਦਾ ਹਾਂ ਕਿ ਇਹ ਜਿਹੜੀ ਕਾਰਪੋਰੇਸ਼ਨ ਹੈ ਇਹ ਇਕ ਬਰਾਏਨਾਮ ਕਾਰਪੋਰੇਸ਼ਨ ਹੈ। ਇਸ ਵਿਚ ਪੁਲਿਟੀਕਲ ਇੰਟਰਫੀਅਰੈਂਸ ਬਹੁਤ ਹੈ। ** **

**ਸ਼੍ਰੀ ਡਿਪਟੀ ਸਪੀਕਰ** : ਪਾਂਧੀ ਸਾਹਿਬ ਜੋ ਇਰਰੈਲੇਵੈਂਟ ਬੋਲ ਰਹੇ ਹਨ ਉਹ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਜੇ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਫਿਰ ਕੀ ਹੋਵੇਗਾ। ਸੋ ਇਹ ਸਰਕਾਰ ਆਪ ਹੀ ਖਾਈ ਜਾ ਰਹੀ ਹੈ। ਇਸ ਕਰ ਕੇ ਇਹ ਕਾਰਪੋ-ਰੇਸ਼ਨ ਘਾਟੇ ਵੱਲ ਜਾ ਰਹੀ ਹੈ। ਫਿਰੋਜ਼ਪੁਰ ਔਰ ਸੰਗਰੂਰ ਵਰਗੀ ਜਗ੍ਹਾ ਤੇ ਕੋਈ ਰੈਸਟ ਹਾਊਸ ਨਹੀਂ, ਕੋਈ ਹੋਟਲ ਨਹੀਂ। ਜਿਥੇ ਇਹ ਹੋਟਲ ਚਾਹੀਦੇ ਹਨ ਉਥੇ ਇਹ ਨਹੀਂ ਬਣਾਉਂਦੇ। ਜਿਹੜੇ ਬਣੇ ਹਨ ਉਨ੍ਹਾਂ ਦੀ ਕੋਈ ਦੇਖ ਭਾਲ ਨਹੀਂ ਹੋ ਰਹੀ। ** **
ਇਸ ਕਰ ਕੇ ਇਨ੍ਹਾਂ ਰੈਸਟੋਰੈਂਟਾਂ ਵਿਚ ਬੜੀ ਪੁਲਿਟੀਕਲ ਇੰਟਰਫੀਅਰੈਂਸ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ**: ਪਾਂਧੀ ਸਾਹਿਬ, ਰੈਲੇਵੈਂਟ ਬੋਲੋ ।

**ਸਰਦਾਰ ਦਲੀਪ ਸਿੰਘ ਪਾਂਧੀ** : ਪੁਲਿਸ ਨਾਲ ਮਿਲ ਕੇ ਮੁਲਾਜ਼ਮਾਂ ਨੂੰ ਤੰਗ ਕੀਤਾ ਜਾ ਰਿਹਾ ਹੈ । ਡੇਰਾ ਬੱਸੀ ਵਿਚ ਡੀ. ਐਸ. ਪੀ. ਦੀ ਮੌਜੂਦਗੀ ਵਿਚ ਜੋ ਮੁਲਾਜ਼ਮਾਂ ਦਾ ਹਾਲ ਹੋਇਆ ਉਹ ਸਭ ਨੂੰ ਪਤਾ ਹੈ । ਇਸ ਕਰ ਕੇ ਮੁਲਾਜ਼ਮਾਂ ਵਿਚ ਬੜੀ ਰਿਜ਼ੈਂਟਮੈਂਟ ਹੈ । ਜੇ ਉਹ ਕੁਝ ਬੋਲਦੇ ਹਨ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਕਢਿਆ ਜਾਂਦਾ ਹੈ। ਅੱਜ ਕਲ ਨੌਕਰੀ ਮਿਲਦੀ ਨਹੀਂ । ਫਿਰ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ** ** **

**ਸ੍ਰੀ ਡਿਪਟੀ ਸਪੀਕਰ** : ਇਹ ਇਰਰਲੇਵੈਂਟ ਪੋਰਸ਼ਨ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਮੁਲਾਜ਼ਮ ਬੋਲ ਨਹੀਂ ਸਕਦੇ । ਨੌਕਰੀ ਜਲਦੀ ਨਹੀਂ ਮਿਲਦੀ ** ** ** ਔਰ ਉਨ੍ਹਾਂ ਨਾਲ ਜਿਹੜੇ ਮੁਲਾਜ਼ਮ ਬੋਲਦੇ ਹਨ ਉਨ੍ਹਾਂ ਤੇ ਕੇਸ ਬਣਾ ਕੇ ਬਦਲ ਦਿਤਾ ਜਾਂਦਾ ਹੈ ਔਰ ਨੌਕਰੀ ਤੋਂ ਕਢਿਆ ਜਾਂਦਾ ਹੈ ......

**ਸ੍ਰੀ ਡਿਪਟੀ ਸਪੀਕਰ** : ਤੁਸੀਂ ਰੈਲੇਵੈਂਟ ਬੋਲੋ । ਇਰਰੈਲੇਵੈਂਟ ਪੋਰਸ਼ਨ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਗੱਲ ਇਰਰੈਲੇਵੈਂਟ ਨਹੀਂ ਕਰ ਰਿਹਾ। ਤੁਸੀਂ ਕਿਹੜੇ ਲਫਜ਼ ਐਕਸਪੰਜ ਕਰਵਾ ਰਹੇ ਹੋ ? ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ ਔਰ ਜਿਹੜਾ ਵਿਭਚਾਰ ਇਨ੍ਹਾਂ ਹੋਟਲਾਂ ਵਿਚ ਹੋ ਰਿਹਾ ਹੈ ਇਸ ਨੂੰ ਰੋਕਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਕਹਾਵਤ ਹੈ ਕਿ "ਯਥਾ ਰਾਜਾ ਤਥਾ ਪਰਜਾ" । ਇੱਕ ਬੀਬੀ ਬੜੀ ਅੱਛੀ ਹੁੰਦੀ ਸੀ ਪਰ ਉਸ ਬੀਬੀ ਦੀ ਕੋਈ ਗੱਲ ਨਹੀਂ ਸੀ ਸੁਣਦਾ । ਕਿਸੇ ਮਹਿਕਮੇ ਨੂੰ ਵੇਖ ਲਵੋ ਪਰ ਕੋਈ ਪੁਛ ਪਰਤੀਤ ਨਹੀਂ ਹੁੰਦੀ । ਅਫ਼ਸਰਾਂ ਦਾ ਰਾਜ ਹੈ ਜੋ ਵੀ ਅਫਸਰ ਫੈਸਲਾ ਕਰ ਦਿੰਦਾ ਹੈ, ਉਹੀ ਲਾਗੂ ਹੋ ਜਾਂਦਾ ਹੈ । ਬਿਊਰੋਕਰੈਟਸ ਦੀ ਬਜਾਏ ਨਾਨ-ਆਫੀਸ਼ਿਅਲਜ਼ ਚੇਅਰਮੈਨ ਹੋਣੇ ਚਾਹੀਦੇ ਹਨ । ਜੇਕਰ ਕਾਰਪੋਰੇਸ਼ਨ ਦਾ ਠੀਕ ਪ੍ਰਬੰਧ ਹੋਵੇ ਤਾਂ ਲੋਕਾਂ ਨੂੰ ਇਨਸਾਫ ਮਿਲ ਸਕਦਾ ਹੈ। ਸ਼ਡਿਊਲਡ ਕਾਸਟਸ ਅਤੇ ਬੈਕਵਰਡ ਕਲਾਸਿਜ਼ ਦੇ ਬੱਚਿਆਂ ਨੂੰ ਕੋਈ ਨਹੀਂ ਰਖਦਾ । ਮੈਂ ਚੈਲੰਜ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਕਾਰਪੋਰੇਸ਼ਨਾਂ ਵਿਚ 1% ਵੀ ਸ਼ਡਿਊਲਡ ਕਾਸਟਸ ਅਤੇ ਬੈਕ-ਵਰਡ ਕਲਾਸਿਜ਼ ਦੇ ਬੱਚੇ ਨਹੀਂ ਹੋਣਗੇ । ਪੰਜਾਬ ਦੇ ਲੋਕ ਭੁੱਖ ਨਾਲ ਮਰ ਰਹੇ ਹਨ । ਦੋ ਚਾਰ ਅਦਾਰੇ ਹਨ ਜਿਥੇ ਕਿ ਸਰਕਾਰ ਪੈਸਾ ਕਮਾ ਸਕਦੀ ਹੈ। ਇਕ ਟਰਾਂਸਪੋਰਟ ਅਤੇ ਦੂਸਰਾ ਕਾਰਪੋਰੇਸ਼ਨਾਂ ਹਨ। ਪਰ ਇਹ ਘਾਟੇ ਵਿੱਚ ਜਾ ਰਹੀਆਂ ਹਨ। 35% ਪੈਸਾ ਸਰਕਾਰੀ ਮੁਲਾਜ਼ਮਾਂ ਤੇ ਖਰਚ ਹੋ ਜਾਂਦਾ ਹੈ। ਇਸ ਤੇ ਚੈਕ ਹੋਣਾ ਚਾਹੀਦਾ ਹੈ । ਗਰੀਬ ਲੋਕਾਂ ਨੂੰ ਪੈਸਾ ਨਹੀਂ ਮਿਲ ਰਿਹਾ। ਇਸ ਸਰਕਾਰ ਦਾ ਕੋਈ ਫਾਇਦਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ਅਫ਼ਸਰਸ਼ਾਹੀ ਨੂੰ ਮਨ ਮਾਨੀਆਂ ਕਰਨ ਤੋਂ ਰੋਕੋ । ਛੋਟੇ ਮੁਲਾਜ਼ਮ ਅਫ਼ਸਰਾਂ ਦੇ ਘਰੀਂ ਕੰਮ ਕਰਦੇ ਹਨ ਪਰ ਤਨਖਾਹ ਦਫਤਰੋਂ ਲੈਂਦੇ ਹਨ । ਕੱਲ੍ਹ ਹੀ ਅਖਬਾਰ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਵਿਚ ਆਇਆ ਹੈ ਔਰ ਬੇਸ਼ਕ ਤੁਸੀਂ ਵੀ ਪੜ੍ਹ ਲਓ। ਇਥੇ ਲਿਖਿਆ ਹੈ ਕਿ ਇਹ ਜਗ੍ਹਾ ** ** ਸੇਫ ਹੈ। ਹੋਸਟਲ ਵਿਚ ਰੋਟੀ ਦਾ ਵੀ ਠੀਕ ਪ੍ਰਬੰਧ ਨਹੀਂ ਹੈ। ਸਾਡੀ ਰੋਟੀ ਦਾ ਵੀ ਠੀਕ ਪ੍ਰਬੰਧ ਕਰਨਾ ਚਾਹੀਦਾ ਹੈ। ਤੁਸੀਂ ਰੋਪੜ ਕੰਪਲੈਕਸ ਵਿਚ ਰਹਿ ਨਹੀਂ ਸਕਦੇ, ਉਥੇ ਕੋਈ ਸਹੂਲਤਾਂ ਨਹੀਂ ਹਨ। ਰੂਲ ਕੋਈ ਨਹੀਂ ਉਥੇ ਬਣਾਏ ਗਏ। ਉਥੇ ਸਾਰੀ ਚੀਜ਼ ਨੂੰ ਕੰਟਰੋਲ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਤੇਲ ਮਹਿੰਗਾ ਹੋ ਗਿਆ ਹੈ, ਘਿਓ ਮਹਿੰਗਾ ਹੋ ਗਿਆ ਹੈ। ਕੋਈ ਚੀਜ਼ ਨਹੀਂ ਮਿਲ ਰਹੀ। ਦੂਜੇ ਪਾਸੇ ਹਰਿਆਣਾ ਸਰਕਾਰ ਨੇ ਕਿਤਨੀ ਤਰੱਕੀ ਕੀਤੀ ਹੈ ਅਤੇ ਦੂਸਰੀਆਂ ਸਟੇਟਾਂ ਨੇ ਹੋਰ ਕਿਤਨੀ ਤਰੱਕੀ ਕੀਤੀ ਹੈ। ਇਥੇ ਵਜ਼ੀਰਾਂ ਨੂੰ ਕਾਰਾਂ ਅਤੇ ਕੋਠੀਆਂ ਮਿਲੀਆਂ ਹੋਈਆਂ ਹਨ ਪਰ ਵਜ਼ੀਰ ਕਾਰਾਂ ਅਤੇ ਕੋਠੀਆਂ ਵਿਚ ਬੈਠਣ ਲਈ ਨਹੀਂ ਬਣਾਏ ਬਲਕਿ ਲੋਕਾਂ ਦੀ ਸੇਵਾ ਕਰਨ ਲਈ ਵਜ਼ੀਰ ਬਣਾਏ ਗਏ ਹਨ।**ਰੋਪੜ ਔਰ ਸਰਹਿੰਦ ਵਾਲਾ ਕੰਪਲੈਕਸ ਦੇਖ ਲਓ, ਉਥੇ ਕੋਈ ਠੀਕ ਪ੍ਰਬੰਧ ਨਹੀਂ ਹੈ। ਲੋਕਾਂ ਵਿਚ ਬਹੁਤ ਰਿਜ਼ੈਂਟਮੈਂਟ ਹੈ। ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ ਅਤੇ ਲੋਕਾਂ ਨਾਲ ਵਧੀਕੀਆਂ ਹੁੰਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੰਬੇ ਰੂਟਸ ਵਾਲੀਆਂ ਗੱਡੀਆਂ ਬੱਸ ਸਟੈਂਡਾਂ ਤੇ ਨਹੀਂ ਖੜ੍ਹਦੀਆਂ ਬਲਕਿ ਹੋਟਲਾਂ ਵਾਲਿਆਂ ਤੋਂ 80/- ਰੁਪਏ ਰੋਜ਼ ਦੇ ਲੈ ਲੈਂਦੇ ਹਨ ਅਤੇ ਬੱਸਾਂ ਆਪਣੀ ਮਰਜ਼ੀ ਦੇ ਨਾਲ ਡਰਾਈਵਰ ਰੋਕਦੇ ਹਨ। ਗੋਬਿੰਦਗੜ੍ਹ ਅੱਡੇ ਦਾ ਬੁਰਾ ਹਾਲ ਹੈ। ਗੋਬਿੰਦਗੜ ਦਾ ਅੱਡਾ ਅਜੇ ਤਕ ਚਾਲੂ ਨਹੀਂ ਹੋਇਆ। ਉਸ ਅੱਡੇ ਦਾ ਸੰਜੇ ਗਾਂਧੀ ਨੇ ਉਦਘਾਟਨ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਸਾਰੇ ਅੱਡਿਆਂ ਤੇ ਕਾਰਪੋਰੇਸ਼ਨ ਦੀਆਂ ਦੁਕਾਨਾਂ ਹੋਣੀਆਂ ਚਾਹੀਦੀਆਂ ਹਨ ਜਿਥੋਂ ਸਾਫ਼ ਸੁਥਰੀਆਂ ਚੀਜ਼ਾਂ ਮਿਲਣ ਅਤੇ ਚੀਜ਼ਾਂ ਵਿਚੋਂ ਮੱਖੀਆਂ ਅਤੇ ਜ਼ਹਿਰ ਨਾ ਨਿਕਲੇ। (ਘੰਟੀ) ਪੰਜਾਬ ਦੀਆਂ ਕਾਰਪੋਰੇਸ਼ਨਾਂ ਦੀ ਡਿਵੈਲਪਮੈਂਟ ਕਰਨੀ ਚਾਹੀਦੀ ਹੈ। ਫਲੋਟਿੰਗ ਰੈਸਟੋਰੈਂਟ ਤੇ ਬੱਸ ਰੁਕਣੀ ਚਾਹੀਦੀ ਹੈ। ਲੰਬੇ ਰੂਟਾਂ ਵਾਲੀਆਂ ਬੱਸਾਂ ਉਥੇ ਰੁਕਣੀਆਂ ਚਾਹੀਦੀਆਂ ਹਨ। ਗੁਰਦਵਾਰਾ ਤਰਨ ਤਾਰਨ ਅਤੇ ਦਮਦਮਾ ਸਾਹਿਬ ਵਿਖੇ ਟੂਰਿਸਟ ਰਿਜ਼ਾਰਟ ਹੋਣੇ ਚਾਹੀਦੇ ਹਨ। ਉਥੇ ਗਾਣੇ ਵਜਾਣੇ ਅਤੇ ਨਾਚ ਬੰਦ ਹੋਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਬਹੁਤ ਬੁਰਾ ਹਾਲ ਹੋ ਰਿਹਾ ਹੈ। ਭੁੱਖ ਨਾਲ ਲੋਕ ਮਰ ਰਹੇ ਹਨ। ਕਿਸਾਨਾਂ ਨੂੰ ਕਣਕ ਦਾ ਰੇਟ ਠੀਕ ਨਹੀਂ ਦਿਤਾ। ਤੇਲ ਨਹੀਂ ਮਿਲਦਾ, ਚੀਨੀ ਨਹੀਂ ਮਿਲਦੀ, ਗਰੀਬਾਂ ਨੂੰ ਸੱਸਤੇ ਭਾਅ ਤੇ ਚੀਜ਼ਾਂ ਨਹੀਂ ਮਿਲਦੀਆਂ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਤੁਸੀਂ ਸਾਰੀਆਂ ਚੀਜ਼ਾਂ ਤੇ ਕੰਟਰੋਲ ਕਰੋ। ਇਨ੍ਹਾਂ ਨੂੰ ਚਲਾਉਣ ਲਈ ਇਕ ਨਾਨ-ਆਫੀਸ਼ਿਅਲ ਕਮੇਟੀ ਬਣਾਉਣੀ ਚਾਹੀਦੀ ਹੈ।

**ਚੌਧਰੀ ਮਾਤੂ ਰਾਮ** (ਮਲੋਟ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਦੀ ਤਾਈਦ ਕਰਨ ਲਈ ਖੜਾ ਹੋਇਆ ਹਾਂ। ਮੇਰੇ ਤੋਂ ਪਹਿਲਾਂ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੇ ਹਾਊਸ ਨੂੰ ਹਸਾ ਹਸਾ ਕੇ ਜੋਕਰ ਦੇ ਤੌਰ ਤੇ ਕੰਮ ਕੀਤਾ ਹੈ। (ਹਾਸਾ) ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਸਿਰਫ ਇਹ ਅਰਜ਼ ਕਰਾਂਗਾ ਕਿ ਹਿੰਦੁਸਤਾਨ ਬਹੁਤ ਵੱਡਾ ਦੇਸ਼ ਹੈ। ਜਿਸ ਤਰ੍ਹਾਂ ਸ੍ਰੀ ਧੰਨੋਵਾਲੀਆ ਜੀ ਨੇ ਦੱਸਿਆ ਹੈ ਕਿ ਸਾਡਾ ਬਹੁਤ ਵੱਡਾ ਦੇਸ਼ ਹੈ ਅਤੇ ਸਾਡੇ ਦਿਲ ਵਿਚ ਬੰਬਈ, ਕਲਕਤਾ ਅਤੇ ਹੋਰ ਸ਼ਹਿਰਾਂ ਨੂੰ ਦੇਖਣ ਲਈ ਖਿੱਚ ਹੁੰਦੀ ਹੈ। ਉਸੇ ਤਰਾਂ ਬੰਬਈ, ਕਲਕਤਾ ਅਤੇ ਹੋਰ ਸ਼ਹਿਰਾਂ ਦੇ ਲੋਕਾਂ ਨੂੰ ਪੰਜਾਬ ਵੇਖਣ ਲਈ ਖਿੱਚ ਹੁੰਦੀ ਹੈ। ਅਸੀਂ ਪਿਛੇ ਕਲਕਤਾ ਵਗੈਰਾ ਗਏ ਅਤੇ ਕਲਕਤਾ ਵਿਚ ਰਹਿਣ ਵਾਲੇ ਲੋਕਾਂ ਨੇ ਸਾਨੂੰ ਕਿਹਾ ਕਿ ਤੁਸੀਂ ਬੜੇ ਲੱਕੀ ਹੋ ਕਿ ਪੰਜਾਬ ਵਿਚ ਰਹਿੰਦੇ ਹੋ। ਪੰਜਾਬ ਬੜਾ ਅੱਛਾ ਹੈ। ਅਸੀਂ ਵੀ ਪੰਜਾਬ ਵੇਖਣ ਲਈ ਜਾਵਾਂਗੇ। ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਮਹਿਕਮੇ ਨੂੰ ਹੋਰ ਅੱਛਾ ਬਣਾਇਆ ਜਾਏ ਤਾ ਕਿ ਬਾਹਰ ਤੋਂ ਆਉਣ ਵਾਲੇ ਲੋਕਾਂ ਨੂੰ ਹੋਰ ਵੱਧ ਸਹੂਲਤਾਂ ਮਿਲ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਕਣ । ਪੰਜਾਬ ਵਿਚ ਜਿਹੜੇ ਬਾਹਰ ਤੋਂ ਲੋਕ ਆਉਂਦੇ ਹਨ, ਉਹ ਹਿਸਟੋਰੀਕਲ ਪਲੇਸਿਜ਼ ਵੇਖਦੇ ਹਨ। ਅਗਰ ਉਹ ਸ਼ਹੀਦ ਭਗਤ ਸਿੰਘ ਦੀ ਸਮਾਧੀ ਨੂੰ ਵੇਖਣ ਲਈ ਜਾਂਦੇ ਹਨ ਤਾਂ ਉਥੇ ਇਕ ਅੱਛਾ ਉਨ੍ਹਾਂ ਦੇ ਠਹਿਰਣ ਲਈ ਕੰਪਲੈਕਸ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੀ ਰੋਟੀ ਪਾਣੀ ਦਾ ਠੀਕ ਪ੍ਰਬੰਧ ਹੋਣਾ ਚਾਹੀਦਾ ਹੈ। ਉਨਾਂ ਨੂੰ ਰੋਟੀ ਪਾਣੀ ਦੀ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਲਈ ਸਰਕਾਰ ਨੂੰ ਇਕ ਅੱਛਾ ਕੰਪਲੈਕਸ ਉਥੇ ਬਣਾਉਣਾ ਚਾਹੀਦਾ ਹੈ । ਉਥੇ ਦੇ ਮਨੇਜਰ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਕਿ ਜਿਹੜੇ ਲੋਕ ਬਾਹਰੋਂ ਆਉਣ ਉਨ੍ਹਾਂ ਨੂੰ ਵੈਲਕਮ ਕਰਨ, ਇੱਜ਼ਤ ਨਾਲ ਬਿਠਾਉਣ ਅਤੇ ਰੋਟੀ ਪਾਣੀ ਪੁੱਛਣ ਤਾ ਕਿ ਉਹ ਲੋਕ ਵਾਪਿਸ ਜਾ ਕੇ ਕਹਿਣ ਕਿ ਪੰਜਾਬ ਵਿਚ ਬੜਾ ਚੰਗਾ ਇੰਤਜ਼ਾਮ ਹੈ। ਸਾਡਾ ਉਥੇ ਬੜਾ ਹੀ ਸਵਾਗਤ ਹੋਇਆ ਸੀ। ਸਾਡੇ ਇਥੇ ਮੈਨੇਜਰਾਂ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ। ਉਨ੍ਹਾਂ ਦੀ ਡਿਊਟੀ ਹੋਣੀ ਚਾਹੀਦੀ ਹੈ ਕਿ ਉਹ ਸੈਲਾਨੀਆਂ ਦੀ ਇੱਜ਼ਤ ਕਰਨ। ਇਸ ਤਰ੍ਹਾਂ ਕਰਨ ਨਾਲ ਪੰਜਾਬ ਦੀ ਵਾਹ ਵਾਹ ਹੋਏਗੀ ਔਰ ਬਾਹਰਲੇ ਲੋਕਾਂ ਵਿਚ ਪੰਜਾਬ ਨੂੰ ਦੇਖਣ ਦੀ ਕਸ਼ਿਸ਼ ਹੋਵੇਗੀ । ਹੁਣ ਬੀਬੀ ਭੱਠਲ ਨੇ ਇਹ ਮਹਿਕਮਾਂ ਸੰਭਾਲ ਲਿਆ ਹੈ। ਇਨ੍ਹਾਂ ਦੇ ਵਿਚਾਰ ਬਹੁਤ ਅੱਛੇ ਹਨ। ਇਸ ਮਹਿਕਮੇ ਦੀ ਕਾਰਪੋਰੇਸ਼ਨ ਦੇ ਐਮ. ਡੀ. ਨਾਲ ਵੀ ਮੇਰਾ ਵਿਚਾਰ ਵਟਾਂਦਰਾ ਹੋਇਆ ਸੀ। ਉਹ ਵੀ ਕੋਸ਼ਿਸ਼ ਕਰ ਰਹੇ ਹਨ ਕਿ ਇਸ ਮਹਿਕਮੇ ਦਾ ਕੰਮ ਠੀਕ ਤਰ੍ਹਾਂ ਨਾਲ ਚੱਲੇ। ਪਹਿਲਾਂ ਜੋ ਟੂਰਿਸਟ ਰਿਜ਼ਾਰਟਸ ਬਣੇ ਹੋਏ ਸਨ ਉਨ੍ਹਾਂ ਦੀ ਹਾਲਤ ਅੱਛੀ ਨਹੀਂ ਸੀ ਔਰ ਇਸ ਤਰ੍ਹਾਂ ਲਗਦੇ ਸਨ ਜਿਸ ਤਰ੍ਹਾਂ ਕਿ ਕੋਈ ਗਊਸ਼ਾਲਾ ਹੋਵੇ। ਮੈਂ ਕਈ ਥਾਵਾਂ ਤੇ ਗਿਆ ਹਾਂ । ਉਥੇ ਹਾਲਤ ਅੱਛੀ ਨਹੀਂ ਹੈ। ਕਈ ਥਾਵਾਂ ਤੇ ਪਿਆਜ਼ ਸੜੇ ਹੋਏ ਦੀ ਬਦਬੂ ਆਉਂਦੀ ਸੀ। ਮੈਂ ਉਥੇ ਦੇ ਮੈਨੇਜਰ ਨੂੰ ਬੁਲਾ ਕੇ ਕਿਹਾ, ਉਹ ਇਕ ਸਰਦਾਰ ਮੁੰਡਾ ਸੀ। ਮੈਂ ਉਸ ਨੂੰ ਕਿਹਾ ਕਿ ਤੂੰ ਇਥੇ ਗੰਦ ਖਿਲਾਰ ਰਿਹਾ ਹੈਂ । ਇਥੇ ਸੈਲਾਨੀਆਂ ਨੇ ਬਾਹਰੋਂ ਆਉਣਾ ਹੈ। ਉਨ੍ਹਾਂ ਨੂੰ ਚੰਗੀਆਂ ਚੀਜ਼ਾਂ ਖਿਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਵਾਪਸ ਜਾ ਕੇ ਕਹਿਣ ਕਿ ਪੰਜਾਬ ਵਿਚ ਕਿੰਨਾ ਅੱਛਾ ਪ੍ਰਬੰਧ ਹੈ। ਉਹ ਕਹਿਣ ਲੱਗਾ ਕਿ ਅੱਗੇ ਤੋਂ ਠੀਕ ਕੰਮ ਹੋਏਗਾ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟੂਰਿਸਟ ਸਥਾਨਾਂ ਦੇ ਮੈਨੇਜਰਾਂ ਨੂੰ, ਵੇਟਰਾਂ ਨੂੰ ਔਰ ਬੈਰਿਆਂ ਨੂੰ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਤਾ ਕਿ ਉਹ ਸੈਲਾਨੀਆਂ ਨੂੰ ਪਿਆਰ ਨਾਲ ਬਠਾਉਣ ਔਰ ਉਨ੍ਹਾਂ ਨਾਲ ਚੰਗਾ ਸਲੂਕ ਕਰਨ ।

ਮੈਂ ਮਨਿਸਟਰ ਸਾਹਿਬਾ ਅੱਗੇ ਔਰ ਸਰਕਾਰ ਅੱਗੇ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਮਹਿਕਮੇਂ ਨੂੰ ਚੰਗਾ ਬਣਾਉਣਾ ਚਾਹੀਦਾ ਹੈ ਤਾ ਕਿ ਪਹਿਲਾਂ ਹਿੰਦੁਸਤਾਨ ਦੇ ਲੋਕਾਂ ਵਿੱਚ ਫਿਰ ਹਿੰਦੁਸਤਾਨ ਤੋਂ ਬਾਹਰ ਦੇ ਲੋਕਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਦੇਖਣ ਦੀ ਕਸ਼ਿਸ਼ ਪੈਦਾ ਹੋਵੇ ।

**ਕਾਮਰੇਡ ਕੁਲਵੰਤ ਸਿੰਘ (ਆਦਮ ਪੁਰ)** : ਡਿਪਟੀ ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਮਸਲਾ ਹੈ ਜਿਸ ਤੇ ਵਿਚਾਰ ਹੋ ਰਹੀ ਹੈ। ਮੈਂਬਰ ਸਾਹਿਬਾਨ ਵਲੋਂ ਕਈ ਸੁਝਾਓ ਆ ਰਹੇ ਹਨ । ਪਾਂਧੀ ਸਾਹਿਬ ਦਾ ਇਸ ਤਰ੍ਹਾਂ ਕਹਿਣਾ, ਇਹ ਗਲ ਅੱਤ ਕਥਨੀ ਨਹੀਂ ਹੋਏਗੀ, ਕਿ ਜੋ ਕੁਝ ਹੁਣ ਸੈਲਾਨੀ ਸਥਾਨਾਂ ਵਿਚ ਹੋ ਰਿਹਾ ਹੈ ਉਹ ਸ਼ੋਭਦਾ ਨਹੀਂ ਹੈ। ਜੇਕਰ ਕੋਈ ਉਨ੍ਹਾਂ ਬਾਰੇ ਕਹਿੰਦਾਹੈ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਕਿਹਾ ਜਾਂਦਾ ਹੈ। ਸਵਾਲ ਇਹ ਹੈ ਕਿ ਟੂਰਿਜ਼ਮ ਇਕ ਇੰਡਸਟਰੀ ਹੈ ਜਿਸ ਦੇ ਨਾਲ ਪੰਜਾਬ ਦੀ ਤਰੱਕੀ ਬੱਝੀ ਹੋਈ ਹੈ। ਇਸ ਦੀ ਤਰੱਕੀ ਨੂੰ ਅਗਾਂਹ ਲਿਜਾਣ ਲਈ ਕੀ ਕੁਝ ਹੋ ਰਿਹਾ ਹੈ ਇਸ ਤੇ ਵਿਚਾਰ ਹੋਣਾ ਹੈ। ਇਸ ਰੈਜ਼ੋਲਿਊਸ਼ਨ ਵਿਚ ਲਿਖਿਆ ਹੈ ਕਿ ਇਸ ਕੰਮ ਵਿਚ ਤਰੱਕੀ ਲਿਆਂਦੀ ਜਾਣੀ ਚਾਹੀਦੀ ਹੈ। ਜੋ ਮਾੜਾ ਕੰਮ ਹੁੰਦਾ ਹੈ ਉਸ ਨੂੰ ਮਾੜਾ ਕਹਿਣਾ ਚਾਹੀਦਾ ਹੈ। ਇਨ੍ਹਾਂ ਸਥਾਨਾਂ ਤੋਂ ਜਿਥੇ ਪੰਜਾਬੀਅਤ ਦੀ ਪੰਜਾਬ ਦੇ ਲੋਕਾਂ ਦੀ ਖੁਸ਼ਬੂ ਆਉਣੀ ਹੈ ਉਥੇ ਐਨੀ ਗਿਰਾਵਟ ਆ ਗਈ ਹੈ ਕਿ ਉਸ ਵਿਚ ਸੁਧਾਰ ਦੀ ਲੋੜ ਹੈ। ਮੈਂ ਇਹ ਨਹੀਂ ਕਹਿੰਦਾ ਕਿ ਉਥੇ ਗਰੀਬ ਜਾਂਦੇ ਹਨ ਜਾਂ ਅਮੀਰ ਜਾਂਦੇ ਹਨ। ਜਿਸ ਦੀ ਜੇਬ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਵਿਚ ਪੈਸੇ ਨਹੀਂ ਉਹ ਉਥੇ ਨਹੀਂ ਜਾ ਸਕਦਾ। ਫਿਰ ਪੰਜਾਬ ਦੇ ਗਰੀਬ ਲੋਕ ਜਿਨ੍ਹਾਂ ਦੀ ਪਰਸੈਂਟੇਜ ਪੰਜਾਬ ਸਰਕਾਰ ਦੇ ਕਹਿਣ ਮੁਤਾਬਿਕ 38% ਹੈ ਉਹ ਲੋਕ ਇਨ੍ਹਾਂ ਸੈਲਾਨੀ ਸਥਾਨਾਂ ਤੇ ਕਿਵੇਂ ਜਾ ਸਕਦੇ ਹਨ। ਸੁਨਾਮ ਇਕ ਪੁਰਾਣਾ ਹਿਸਟਾਰੀਕਲ ਸ਼ਹਿਰ ਹੈ। ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਦਰਿਆਵਾਂ ਦੇ ਕੰਢਿਆਂ ਤੇ ਲੋਕ ਵਸਦੇ ਹਨ ਉਥੇ ਦੀ ਤਰੱਕੀ ਵਾਸਤੇ ਸਭ ਕੁੱਝ ਹੋਇਆ ਹੈ। ਪਰ ਸੁਨਾਮ ਵਰਗਾ ਹਿਸਟਾਰੀਕਲ ਸ਼ਹਿਰ ਹੋਵੇ ਜਿਥੋਂ ਦੇ ਲੋਕਾਂ ਨੇ ਪੰਜਾਬ ਦਾ ਨਾਂ ਸਾਰੀ ਦੁਨੀਆਂ ਵਿਚ ਉੱਚਾ ਕੀਤਾ ਹੋਏ ਉਥੇ ਵਾਸਤੇ ਅਸੀਂ ਕੀ ਕਰ ਸਕਦੇ ਹਾਂ ਔਰ ਕੀ ਕਰਨਾ ਚਾਹੀਦਾ ਹੈ, ਇਹ ਸਾਡੇ ਸਾਹਮਣੇ ਚਾਹੀਦਾ ਹੈ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਕਰਨੈਲ ਸਿੰਘ ਔਰ ਹੋਰ ਕਈ ਗਦਰੀ ਬਾਬੇ ਹਨ। ਉਨ੍ਹਾਂ ਥਾਵਾਂ ਤੇ ਕੁਝ ਨਹੀਂ ਕੀਤਾ ਗਿਆ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਇਨ੍ਹਾਂ ਥਾਵਾਂ ਵਲ ਵੀ ਧਿਆਨ ਦੇਵੇ।

ਇਹ ਠੀਕ ਹੈ ਕਿ ਇਨ੍ਹਾਂ ਨੇ ਨੀਲੋਂ ਵਿਖੇ ਟੂਰਿਸਟ ਰਿਜ਼ਾਰਟ ਬਣਾਇਆ ਅਤੇ ਹੋਰ ਵੀ ਕਈ ਦਰਿਆਵਾਂ ਦੇ ਕੰਢਿਆਂ ਤੇ ਜਾਂ ਡੈਮਾਂ ਤੇ ਇਹ ਬਣਾਉਣੇ ਚਾਹੀਦੇ ਹਨ। ਪੀ. ਏ. ਸੀ. ਦੀ ਕਮੇਟੀ ਵਿਚ ਬਰਾੜ ਸਾਹਿਬ ਸਾਡੇ ਨਾਲ ਸਾਊਥ ਵਿਚ ਗਏ ਸਨ। ਉਥੇ ਜੋ ਲੋਕਾਂ ਦੇ ਦਿਲਪਰਚਾਵੇ ਲਈ ਕੰਮ ਕੀਤਾ ਗਿਆ ਹੈ ਉਹ ਇਥੇ ਨਹੀਂ ਹੈ। ਸਾਧਾਰਨ ਪੱਠੇ ਵੱਢਣ ਵਾਲੇ ਆਦਮੀ ਵੀ ਉਥੇ ਮੌਜੂਦ ਸਨ। ਇਥੇ ਵੀ ਇਹੋ ਜਿਹੇ ਸਥਾਨ ਤਿਆਰ ਕੀਤੇ ਜਾਣ ਜਿਥੇ ਸਾਧਾਰਨ ਆਦਮੀ ਆਪਣੇ ਦਿਲਪਰਚਾਵੇ ਲਈ ਸ਼ਾਮ ਨੂੰ ਕੰਮ ਕਾਜ ਤੋਂ ਵਿਹਲੇ ਹੋ ਕੇ ਉਥੇ ਕੁਝ ਚਿਰ ਲਈ ਜਾ ਸਕਣ। ਉਥੇ ਡੈਮ ਤੇ ਲੋਕ ਬੈਠੇ ਸ਼ਰਾਬ ਨਹੀਂ ਪੀਂਦੇ ਸਨ। ਉਥੇ ਡੈਮ ਦਾ ਪਾਣੀ ਅੱਗੇ ਜਾ ਕੇ ਖੇਤਾਂ ਵਿਚ ਜਾਂਦਾ ਸੀ। ਉਥੇ ਸਾਧਾਰਣ ਆਦਮੀ ਕਿਤੇ ਦਸ ਆਦਮੀ ਬੈਠੇ ਸਨ ਔਰ ਕਿਤੇ 20 ਆਦਮੀ ਬੈਠੇ ਆਪਣੀਆਂ ਦਿਲਦੀਆਂ ਗਲਾਂ ਕਰਦੇ ਸਨ। ਇਥੇ ਵੀ ਇਹੋ ਜਿਹੇ ਸਥਾਨ ਬਣਨੇ ਚਾਹੀਦੇ ਹਨ, ਜਿਥੇ ਇੰਡਸਟਰੀਅਲ ਵਰਕਰਜ਼ ਅਤੇ ਹੋਰ ਵਰਕਰਜ਼ ਬੈਠ ਕੇ ਫਾਇਦਾ ਉਠਾ ਸਕਣ। ਇਸ ਵੇਲੇ ਜੋ ਟੂਰਿਸਟ ਸਥਾਨ ਹਨ ਉਥੇ ਜਿਸ ਦੀ ਜੇਬ ਵਿਚ ਦਸ ਪੰਦਰਾਂ ਰੁਪਏ ਨਹੀਂ ਉਹ ਵਿਚਾਰਾ ਚਾਹ ਵੀ ਨਹੀਂ ਉਥੇ ਪੀ ਸਕਦਾ। ਹਰ ਪੰਜਾਬੀ ਦਾ ਹੱਕ ਬਣਦਾ ਹੈ ਕਿ ਉਸ ਨੂੰ ਇਹ ਸਹੂਲਤ ਮਿਲੇ। ਇਸ ਲਈ ਜਿਸ ਤਰ੍ਹਾਂ ਕਿ ਚੌਧਰੀ ਮਾਤੂ ਰਾਮ ਜੀ ਨੇ ਕਿਹਾ ਹੈ ਇਥੇ ਦੇ ਸਥਾਨ ਦੀ ਮੈਨੇਜਮੈਂਟ ਨੂੰ ਟਰੇਨਿੰਗ ਦੇਣੀ ਚਾਹੀਦੀ ਹੈ ਕਿ ਉਨ੍ਹਾਂ ਲੋਕਾਂ ਨਾਲ ਵਿਹਾਰ ਅੱਛਾ ਹੋਵੇ। ਇਹ ਵੀ ਸੋਚਣਾ ਚਾਹੀਦਾ ਹੈ ਕਿ ਹਰ ਗਰੀਬ ਆਦਮੀ ਇਨ੍ਹਾਂ ਸਥਾਨਾਂ ਤੇ ਜਾਣ ਦੇ ਕਾਬਲ ਹੋਵੇ ਜਿਥੇ ਜਾ ਕੇ ਉਹ ਵਿਚਾਰਾ ਆਪਣੇ ਦਿਲ ਦਾ ਬੋਝ ਲਾਹ ਸਕੇ। ਦੁਨੀਆਂ ਬਹੁਤ ਦੁਖੀ ਹੈ ਔਰ ਲੋਕ ਸ਼ਰਾਬ ਪੀ ਰਹੇ ਹਨ। ਸਰਕਾਰ ਨੇ ਸ਼ਰਾਬ ਦੀ ਬੋਤਲ ਦੀ ਕੀਮਤ 21 ਰੁਪਏ ਮਿਥੀ ਸੀ ਪਰ ਇਹ ਕਿਤੇ ਵੀ 30/- ਰੁਪਏ ਫੀ ਬੋਤਲ ਤੋਂ ਘੱਟ ਨਹੀਂ ਮਿਲਦੀ। ਲੋਕ ਜਿਸ ਰੇਟ ਤੇ ਸ਼ਰਾਬ ਮਿਲ ਜਾਏ ਉਹ ਉਸ ਰੇਟ ਤੇ ਲੈ ਕੇ ਪੀਂਦੇ ਹਨ। ਅੱਜ ਕੰਮ ਕਾਜ ਐਨਾ ਵਧ ਗਿਆ ਹੈ ਕਿ ਲੋਕਾਂ ਦੇ ਮਨ ਤੇ ਇਸ ਦਾ ਬਹੁਤ ਬੋਝ ਹੈ। ਉਹ ਵਿਚਾਰੇ ਆਪਣਾ ਮਨ ਹਲਕਾ ਕਰਨ ਲਈ ਸ਼ਰਾਬ ਪੀਂਦੇ ਹਨ ਪਰ ਉਹ ਵੀ ਉਨਾਂ ਨੂੰ 30/- ਰੁਪਏ ਫੀ ਬੋਤਲ ਤੋਂ ਘੱਟ ਨਹੀਂ ਮਿਲਦੀ ਹੈ। ਸਰਕਾਰ ਨੇ ਕਿਹਾ ਸੀ ਕਿ ਸ਼ਰਾਬ ਦੀ ਬੋਤਲ 21 ਰੁਪਏ ਫੀ ਬੋਤਲ ਮਿਲੇਗੀ। ਇਹ ਵੀ ਕਿਹਾ ਗਿਆ ਸੀ ਕਿ ਨਵਾਂ ਸ਼ੀਰਾ ਆਉਣ ਤੇ ਫਿਰ 21 ਰੁਪਏ ਫੀ ਬੋਤਲ ਮਿਲ ਜਾਇਆ ਕਰੇਗੀ। ਪਰ ਕਿਸੇ ਠੇਕੇ ਤੇ 21/- ਰੁਪਏ ਫੀ ਬੋਤਲ ਨਹੀਂ ਮਿਲਦੀ। ਸਰਕਾਰ ਨੂੰ ਸਭ ਤੋਂ ਜ਼ਿਆਦਾ ਆਮਦਨੀ ਸ਼ਰਾਬ ਤੋਂ ਹੈ। ਇਸ ਲਈ ਜੋ ਲੋਕ ਸ਼ਰਾਬ ਪੀਣ ਵਾਲੇ ਹਨ ਜਿਹੜੇ ਜ਼ਿਆਦਾ ਟੈਕਸ ਪੇ ਕਰਦੇ ਹਨ ਪੰਜਾਬ ਸਰਕਾਰ ਉਨ੍ਹਾਂ ਨਾਲ ਮਖੌਲ ਕਰ ਰਹੀ ਹੈ।

ਇਹ ਜਿਹੜੇ ਸਥਾਨ ਹਨ ਉਥੇ ਇਸ ਗਲ ਦਾ ਵੀ ਖਿਆਲ ਰਖਿਆ ਜਾਵੇ ਕਿ ਜਿਹੜੇ ਗਰੀਬ ਲੋਕ 5—10 ਜਾਂ 15 ਰੁਪਏ ਦਿਹਾੜੀ ਕਮਾਉਂਦੇ ਹਨ ਉਹ ਵੀ ਉਥੇ ਜਾ ਸਕਨ। ਜੇ ਕਿਤੇ ਉਹ ਗਰੀਬ ਲੋਕ ਨੀਲੋਂ ਜਿਹੇ ਸਥਾਨ ਦੇ ਕੋਲੋਂ ਦੀ ਲੰਘਦੇ ਹਨ ਤਾਂ ਉਹ ਵੀ ਉਥੋਂ ਚਾਹ ਦੀ ਪਿਆਲੀ

Original with;
Punjab Vidhan Sabha
Digitized by;
Panjab Digital Library

ਪੀ ਸਕਣ। ਜੇ ਅਜਿਹਾ ਨਾ ਹੋ ਸਕਿਆ ਤਾਂ ਫਿਰ ਇਨ੍ਹਾਂ ਸਥਾਨਾਂ ਦਾ ਕੋਈ ਫਾਇਦਾ ਨਹੀਂ। ਫਿਰ ਤਾਂ ਇਹ ਹੋਵੇਗਾ ਕਿ ਜਿਨ੍ਹਾਂ ਕੋਲ ਦੋ ਕਿਸਮ ਦੀ ਮਾਇਆ ਹੋਵੇਗੀ ਉਹ ਲੋਕ ਹੀ ਉਥੇ ਜਾ ਸਕਣ-ਗੇ। ਇਨ੍ਹਾਂ ਸਥਾਨਾਂ ਤੇ ਅਜਿਹਾ ਪ੍ਰਬੰਧ ਹੋਵੇ ਕਿ ਆਮ ਗਰੀਬ ਲੋਕ ਵੀ ਉਥੇ ਜਾ ਸਕਣ। ਜੇ ਗਰੀਬ ਲੋਕ ਉਥੇ ਜਾਣਗੇ ਤਾਂ ਹੀ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਹੁਸੈਨੀਵਾਲਾ ਟੂਰਿਜ਼ਮ ਕੰਪਲੈਕਸ ਦਾ ਪਿਛੋਕੜ ਕੀ ਹੈ ਅਤੇ ਹੋਰ ਹਿਸਟੋਰੀਕਲ ਪਲੇਸਿਜ਼ ਦੀ ਮਹੱਤਤਾ ਕੀ ਹੈ ? ਅੱਜ ਕੀ ਹੈ ਕਿ ਸਾਧਾਰਨ ਆਦਮੀ ਸੁਨਾਮ, ਹੁਸੈਨੀਵਾਲਾ ਨਹੀਂ ਜਾ ਸਕਦਾ।

ਡਿਪਟੀ ਸਪੀਕਰ ਸਾਹਿਬ, ਫਿਲੌਰ ਵਿਖੇ ਰਣਜੀਤਗੜ੍ਹ ਬਾਰੇ ਕਿਹਾ ਗਿਆ ਸੀ। ਉਸ ਬਾਰੇ ਪਤਾ ਨਹੀਂ ਕੀ ਹੋਇਆ ਹੈ। ਉਹ ਇਕ ਇਤਿਹਾਸਕ ਅਸਥਾਨ ਹੈ। ਉਥੇ ਜਿਹੜਾ ਕੰਮ ਸ਼ੁਰੂ ਹੋਣਾ ਸੀ ਉਹ ਨਹੀਂ ਹੋਇਆ। ਉਥੇ ਕੰਮ ਛੇਤੀ ਤੋਂ ਛੇਤੀ ਸ਼ੁਰੂ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜਿਥੇ ਜਿਥੇ ਵੀ ਕਿਸੇ ਦੇਸ਼ ਭਗਤ ਦੀ ਯਾਦਗਾਰ ਹੋਵੇ ਉਸ ਵੱਲ ਧਿਆਨ ਦਿੱਤਾ ਜਾਵੇ। ਮੈਂ ਤੁਹਾਨੂੰ ਦੱਸਦਾ ਹਾਂ ਕਿ ਗਦਰੀ ਬਾਬਾ ਬਲਵੰਤ ਸਿੰਘ ਨੇ ਉਸ ਵੇਲੇ ਹਿੰਦੁਸਤਾਨ ਵਿੱਚ ਮੂਵਮੈਂਟ ਸ਼ੁਰੂ ਕੀਤੀ ਸੀ। ਇਹੋ ਜਿਹੇ ਪੁਰਾਣੇ ਦੇਸ਼ ਭਗਤਾਂ ਦਾ ਜਿਹੜਾ ਵਿਰਸਾ ਹੈ ਉਸ ਨੂੰ ਕਾਇਮ ਕਰਨ ਲਈ ਧਿਆਨ ਦੇਣਾ ਚਾਹੀਦਾ ਹੈ, ਭਾਵੇਂ ਉਹ ਦਰਿਆਵਾਂ ਦੇ ਕੰਢਿਆਂ ਤੇ ਹੈ ਜਾਂ ਨਹਿਰਾਂ ਦੇ ਕੰਢਿਆਂ ਤੇ ਹੈ।

ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਟੂਰਿਜ਼ਮ ਡਿਪਾਰਟਮੈਂਟ ਮੁਨਾਫੇ ਵਿਚ ਨਹੀਂ ਘਾਟੇ ਵਿਚ ਜਾ ਰਿਹਾ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਦੇਸ਼ ਭਗਤਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾਣ, ਉਨ੍ਹਾਂ ਦਾ ਵਿਰਸਾ ਸੰਭਾਲਿਆ ਜਾਵੇ, ਜਿਵੇਂ ਕਿ ਲਾਲਾ ਲਾਜਪਤ ਰਾਏ ਪੁਰਾਣੇ ਦੇਸ਼ ਭਗਤ ਹਨ, ਜਿਨ੍ਹਾਂ ਉਤੇ ਸਾਡੀ ਆਉਣ ਵਾਲੀ ਪੀੜ੍ਹੀ ਫਖਰ ਨਾਲ ਕਹਿ ਸਕਦੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਇਹ ਸਥਾਨ ਹਰ ਗਰੀਬ ਆਦਮੀ ਦੀ ਅਪਰੋਚ ਵਿਚ ਹੋਣ ਅਤੇ ਜਿਥੇ ਹਰ ਆਦਮੀ ਆਪਣਾ ਛੋਟਾ ਮੋਟਾ ਕੰਮ ਛੱਡਕੇ ਆਪਣੇ ਬੱਚਿਆਂ ਨੂੰ ਅਤੇ ਆਪਣੇ ਗਵਾਂਢੀਆਂ ਨੂੰ ਵੀ ਲੈ ਜਾ ਸਕੇ। ਅੱਜ ਸਾਡੇ ਪੰਜਾਬ ਦੇ ਜਿੰਨੇ ਮੇਲੇ ਲਗਦੇ ਹਨ ਚਾਹੇ ਉਹ ਧਾਰਮਿਕ ਮੇਲੇ ਹਨ ਜਾਂ ਦੂਸਰੇ ਮੇਲੇ ਹਨ ਉਹ ਇਸ ਕਰਕੇ ਲੱਗਦੇ ਹਨ ਕਿ ਲੋਕਾਂ ਦਾ ਦਿਲ ਪ੍ਰਚਾਵਾ ਹੋ ਸਕੇ ਅਤੇ ਉਨ੍ਹਾਂ ਦੀ ਮਾਨਸਿਕ ਭੁੱਖ ਦੂਰ ਹੋ ਸਕੇ। ਇਸ ਲਈ ਇਹ ਜਿਹੜੇ ਇਤਿਹਾਸਕ ਥਾਂ ਹਨ ਉਨ੍ਹਾਂ ਥਾਵਾਂ ਦੀ ਮਹਾਨਤਾ ਨੂੰ ਦੇਖਦੇ ਹੋਏ ਅਤੇ ਸਾਰੇ ਲੋਕਾਂ ਦੇ ਦਿਲ ਪ੍ਰਚਾਵੇ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਥਾਵਾਂ ਤੇ ਹੋਰ ਸਹੂਲਤਾਂ ਵਧਾਈਆਂ ਜਾਣ। ਫਿਰ ਲੋਕਾਂ ਨੂੰ ਉਨ੍ਹਾਂ ਥਾਵਾਂ ਦੀ ਜਾਣਕਾਰੀ ਵੀ ਦਿੱਤੀ ਜਾਵੇ ਅਤੇ ਪੁਰਾਣੀ ਪ੍ਰੰਪਰਾ ਨੂੰ ਵੀ ਕਾਇਮ ਰੱਖਿਆ ਜਾਵੇ। ਅੱਜ ਪੰਜਾਬ ਵਿੱਚ ਜਿਹੜੀਆਂ ਛੋਟੀਆਂ ਮੋਟੀਆਂ ਗੱਲਾਂ ਵੱਖ-ਵਾਦੀ ਦੀਆਂ ਹਨ ਇਹ ਵੀ ਜਾਣ ਬੁੱਝ ਕੇ ਉਨ੍ਹਾਂ ਥਾਵਾਂ ਤੋਂ ਨਿਕਲਦੀਆਂ ਹਨ ਪਰ ਜੇ ਸਾਰੇ ਮੱਤਾਂ ਦੇ ਲੋਕ ਉਥੇ ਜਾਣਗੇ ਤਾਂ ਉਨ੍ਹਾਂ ਵਿੱਚ ਏਕਤਾ ਹੋਵੇਗੀ। ਇਸ ਲਈ ਮੈਂ ਸੁਝਾਓ ਦਿਆਂਗਾ ਕਿ ਸਰਕਾਰ ਇਨ੍ਹਾਂ ਘਾਟਾਂ ਨੂੰ ਦੂਰ ਕਰੇ ਅਤੇ ਇਨ੍ਹਾਂ ਸਥਾਨਾਂ ਦੀ ਤਰੱਕੀ ਕਰੇ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** (ਸੰਗਰੂਰ) ਡਿਪਟੀ ਸਪੀਕਰ ਸਾਹਿਬ, ਅੱਜ ਜੋ ਇਹ ਮਤਾ ਪੰਜਾਬ ਟੂਰਿਜ਼ਮ ਦੇ ਸੁਧਾਰ ਬਾਰੇ ਹਾਊਸ ਵਿਚ ਆਇਆ ਹੈ ਇਸ ਦੇ ਵੱਖ ਵੱਖ ਪਹਿਲੂਆਂ ਤੇ ਡਿਸਕਸ਼ਨ ਹੋਈ ਹੈ ਅਤੇ ਹੋ ਰਹੀ ਹੈ। ਜਿਥੇ ਇਹ ਇਕ ਇੰਡਸਟਰੀ ਹੈ, ਸਟੇਟ ਨੂੰ ਇਸ ਦੇ ਰਾਹੀਂ ਪੈਸਾ ਆਉਣਾ ਹੈ ਉਥੇ ਇਹ ਇਕ ਬਹੁਤ ਵੱਡਾ ਸਾਧਨ ਹੈ ਪੰਜਾਬ ਦੀ ਕਲਚਰ ਨੂੰ, ਪੰਜਾਬ ਦੀ ਬੋਲੀ ਨੂੰ, ਪੰਜਾਬ ਦੇ ਇਤਿਹਾਸ ਨੂੰ ਉਜਾਗਰ ਕਰਨ ਦਾ। ਸਾਰੀ ਦੁਨੀਆਂ ਵਿਚੋਂ, ਹਿੰਦੁਸਤਾਨ ਦੇ ਸੂਬਿਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਵਿਚੋਂ ਲੋਕ ਇਥੇ ਆਉਂਦੇ ਹਨ, ਉਨ੍ਹਾਂ ਨੂੰ ਪੰਜਾਬ ਬਾਰੇ ਜਾਣਕਾਰੀ ਦਿੰਦਾ ਹੈ। ਉਸ ਦਾ ਸਿਰਫ ਇਹ ਹੀ ਮਕਸਦ ਨਹੀਂ ਕਿ ਉਥੇ ਜੋ ਕੰਪਲੈਕਸ ਬਣ ਗਿਆ ਉਸ ਵਿੱਚ ਇਕੱਲਾ ਸੁਧਾਰ ਹੀ ਆਏ ਸਗੋਂ ਜਿਥੇ ਵੀ ਕਈ ਐਗਜ਼ੀਬੀਸ਼ਨ ਹੋਵੇ, ਕੋਈ ਇੰਟਰਨੈਸ਼ਨਲ ਜਾਂ ਨੈਸ਼ਨਲ ਪੱਧਰ ਤੇ ਕੋਈ ਮੇਲਾ ਹੋਵੇ ਉਥੇ ਪੰਜਾਬ ਦੀ ਕਲਚਰ ਅਤੇ ਪੰਜਾਬ ਦੇ ਵਿਰਸੇ ਨੂੰ ਦੱਸਿਆ ਜਾਵੇ। ਬੀਬੀ ਰਾਜਿੰਦਰ ਕੌਰ ਇਸ ਮਹਿਕਮੇ ਦੇ ਇੰਚਾਰਜ ਹਨ। ਉਨ੍ਹਾਂ ਨੂੰ ਇਸ ਪਾਸੇ ਬਹੁਤ ਟਾਈਮ ਨਹੀਂ ਮਿਲਿਆ ਕਿਉਂਕਿ ਉਨ੍ਹਾਂ ਦੇ ਪਰੀਵਾਰ ਵਿਚ ਕੁਝ ਐਸੇ ਹਾਲਾਤ ਹੋਣ ਕਾਰਨ ਉਹ ਇਸ ਪਾਸੇ ਜ਼ਿਆਦਾ ਧਿਆਨ ਨਹੀਂ ਦੇ ਸਕੇ। ਲੇਕਿਨ ਇਸ ਟੂਰਿਜ਼ਮ ਡੀਵੈਲਪਮੈਂਟ ਕਾਰਪੋਰੇਸ਼ਨ ਵਲੋਂ ਇੰਟਰਨੈਸ਼ਨਲ ਲੈਵਲ ਤੇ ਜਿਹੜੀ ਇਕ ਬਹੁਤ ਵੱਡੀ ਗਲਤੀ ਹੋਈ ਉਹ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਹਿੰਦੁਸਤਾਨ ਵਿਚ ਇਸ ਸਾਲ ਨਵੰਬਰ ਵਿੱਚ ਏਸ਼ੀਅਨ ਗੇਮਜ਼ ਹੋ ਰਹੀਆਂ ਹਨ। ਪੰਜਾਬ ਨੂੰ ਇਸ ਬਾਰੇ ਮਾਣ ਵੀ ਹੈ ਕਿ ਪੰਜਾਬ ਦਾ ਉਸ ਵਿੱਚ, ਉਸ ਦੀ ਐਡਮਨਿਸਟਰੇਸ਼ਨ ਵਿੱਚ, ਉਸ ਕਮੇਟੀ ਵਿੱਚ ਸਭ ਤੋਂ ਵੱਡਾ ਹੱਥ ਹੈ। ਉਸ ਕਮੇਟੀ ਦੇ ਆਰਗੇਨਾਈਜ਼ਰ ਚੇਅਰਮੈਨ ਸਰਦਾਰ ਬੂਟਾ ਸਿੰਘ ਹਨ, ਵਾਈਸ ਚੇਅਰਮੈਨ ਸਰਦਾਰ ਉਮਰਾਓ ਸਿੰਘ ਹਨ ਅਤੇ ਐਡੀਸ਼ਨਲ ਸੈਕਟਰੀ ਜਨਰਲ ਸ਼੍ਰੀ ਕੇ.ਐਸ.ਬੈਂਸ ਹਨ। ਮੈਂ ਵੀ ਐਗਜ਼ੈਕਟਿਵ ਬੋਰਡ ਦਾ ਮੈਂਬਰ ਹਾਂ। 32—33 ਮੁਲਕਾਂ ਦੀਆਂ ਟੀਮਾਂ ਨੇ ਗੇਮਾਂ ਵਿਚ ਭਾਗ ਲੈਣਾ ਹੈ, 14-15 ਜਗ੍ਹਾਂ ਉਤੇ ਗੇਮਾਂ ਹੋਣੀਆਂ ਹਨ ਅਤੇ 8-10 ਜਗ੍ਹਾਂ ਉਤੇ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਹੈ। ਆਈ.ਟੀ.ਡੀ.ਸੀ. ਨੇ ਅਤੇ ਡੀ.ਡੀ.ਏ. ਨੇ ਆਪਣੇ ਵਲੋਂ ਆਫਰ ਦਿੱਤੀ ਕਿ ਸਾਨੂੰ ਇਸ ਥਾਂ ਉਤੇ ਪ੍ਰਬੰਧ ਕਰਨ ਦਾ ਮੌਕਾ ਦਿੱਤਾ ਜਾਵੇ। ਸਾਡੇ ਪੰਜਾਬ ਦੀ ਉਸ ਕਮੇਟੀ ਵਿਚ ਮੈਜਾਰਿਟੀ ਹੈ ਔਰ ਐਨੇ ਅਹੁਦੇਦਾਰ ਉਸ ਵਿੱਚ ਹਨ ਪਰ ਸਾਡੀ ਪੰਜਾਬ ਦੀ ਕਾਰਪੋਰੇਸ਼ਨ ਵਲੋਂ ਕੁਝ ਨਾ ਹੋਇਆ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਹਰਿਆਣਾ ਦੇ ਇਸ ਕਾਰਪੋਰੇਸ਼ਨ ਦੇ ਜਿਹੜੇ ਚੇਅਰਮੈਨ ਹਨ ਉਹ ਫਾਈਨੈਂਸ਼ਲ ਕਮਿਸ਼ਨਰ ਰੈਂਕ ਦੇ ਹਨ ਅਤੇ ਚੀਫ ਮਨਿਸਟਰ ਦੇ ਪ੍ਰਿੰਸੀਪਲ ਸੈਕਟਰੀ ਹਨ, ਉਹ ਦੋ ਵਾਰੀ ਗਏ ਅਤੇ ਐਮ.ਡੀ. ਵੀ ਗਿਆ। ਉਨ੍ਹਾਂ ਨੇ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਨੇ ਕਈ ਥਾਵਾਂ ਤੇ ਆਪਣੇ ਪ੍ਰਬੰਧ ਦੀ ਜ਼ਿਮੇਵਾਰੀ ਵੀ ਲਈ ਲੇਕਿਨ ਸਾਡੇ ਵਲੋਂ ਨਾ ਕਾਰਪੋਰੇਸ਼ਨ ਦਾ ਚੇਅਰਮੈਨ ਗਿਆ, ਉਹ ਬਹੁਤ ਬਿਜ਼ੀ ਹੈ, ਨਾ ਕੋਈ ਐਮ.ਡੀ. ਗਿਆ ਸਿਰਫ ਜੂਨੀਅਰ ਅਫਸਰ ਉਥੇ ਗਿਆ ਅਤੇ ਉਹ ਵੀ ਉਦੋਂ ਗਿਆ ਜਦੋਂ ਫੈਸਲਾ ਹੋ ਚੁੱਕਾ ਸੀ। ਇਸ ਕਰਕੇ ਇਸ ਤਰ੍ਹਾਂ ਦੀ ਜੋ ਅਣਗਹਿਲੀ ਹੋਈ ਹੈ, ਇਸ ਵਿਚ ਜੋ ਵੀ ਅਫਸਰ ਜ਼ਿੰਮੇਵਾਰ ਹੋਵੇ ਜਾਂ ਅਹੁਦੇਦਾਰ ਜ਼ਿਮੇਵਾਰ ਹੋਵੇ ਉਸ ਦਾ ਜ਼ਰੂਰ ਨੋਟਿਸ ਲੈਣਾ ਚਾਹੀਦਾ ਹੈ। ਇਹ ਮੈਂ ਇਸ ਹਾਊਸ ਵਿੱਚ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਰਾਜਿੰਦਰ ਕੌਰ ਭੱਠਲ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ। ਇਸ ਦੇ ਨਾਲ ਹੀ ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ, ਜਿਵੇਂ ਬਾਕੀ ਮੈਂਬਰਾਂ ਨੇ ਕਿਹਾ ਹੈ, ਇਸ ਦੇ ਵਿੱਚ ਸੁਧਾਰ ਲਿਆਉਣ ਲਈ ਹੋਰ ਵੀ ਉਪਰਾਲੇ ਕਰਨੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਮੈਂ ਅਨੰਦਪੁਰ ਸਾਹਿਬ ਵਿਖੇ ਦਸ਼ਮੇਸ਼ ਅਕੈਡਮੀ ਵਿਚ ਆਪਣੇ ਬੱਚੇ ਦੀ ਐਡਮਿਸ਼ਨ ਦੇ ਸਿਲਸਿਲੇ ਵਿੱਚ ਗਿਆ ਤਾਂ ਜਦੋਂ ਅਸੀਂ ਉਥੇ ਜੋ ਹੱਟਸ ਹਨ ਉਥੇ ਗਏ ਅਤੇ ਅਸੀਂ ਕਿਹਾ ਕਿ ਸਾਡੇ ਲਈ ਚਾਹ ਬਣਾ ਕੇ ਦਿਓ, ਅਸੀਂ ਚਾਹ ਪੀਣੀ ਚਾਹੁੰਦੇ ਹਾਂ ਤਾਂ ਸਾਨੂੰ ਉਥੇ ਕਿਹਾ ਗਿਆ ਕਿ ਜਿਹੜੇ ਬੰਦੇ ਇਥੇ ਰਿਹਾਇਸ਼ ਰਖਦੇ ਹਨ, ਜਿਹੜੇ ਠਹਿਰੇ ਹੋਏ ਹਨ ਉਨ੍ਹਾਂ ਨੂੰ ਹੀ ਇਥੇ ਚਾਹ ਮਿਲ ਸਕਦੀ ਹੈ। ਉਥੇ ਜਿਹੜੀਆਂ ਹੱਟਸ ਬਣਾਈਆਂ ਹਨ ਉਨ੍ਹਾਂ ਵਿਚ ਇਸ ਕਿਸਮ ਦਾ ਇੰਤਜ਼ਾਮ ਹੋਣਾ ਚਾਹੀਦਾ ਹੈ। ਅਨੰਦਪੁਰ ਸਾਹਿਬ ਬਹੁਤ ਵੱਡੀ ਇਤਿਹਾਸਕ ਜਗ੍ਹਾ ਹੈ, ਜਿਥੇ ਬਹੁਤ ਸਾਰੇ ਲੋਕ ਦਰਸ਼ਨਾਂ ਵਾਸਤੇ ਦੂਰੋਂ ਦੂਰੋਂ ਆਉਂਦੇ ਹਨ। ਬਾਹਰ ਦੁਨੀਆਂ ਵਿੱਚ ਵੀ ਜੋ ਸਿੱਖ ਬੈਠੇ ਹਨ ਜਾਂ ਦੂਸਰੇ ਲੋਕ ਹਨ ਉਹ ਵੀ ਇਹੀ ਸਮਝਦੇ ਹਨ ਕਿ ਇਹ ਬਹੁਤ

Original with;
Punjab Vidhan Sabha
Digitized by;
Panjab Digital Library

ਵੱਡਾ ਇਤਿਹਾਸਿਕ ਅਸਥਾਨ ਹੈ ਅਤੇ ਉਥੇ ਲੋਕ ਆਉਂਦੇ ਰਹਿੰਦੇ ਹਨ ਪਰ ਜਦੋਂ ਕਿ ਉਥੇ ਹੱਟਸ ਵਗੈਰਾ ਬਣੀਆਂ ਹੋਈਆਂ ਹਨ ਅਤੇ ਬਹੁਤ ਵੱਡਾ ਸਾਰਾ ਬੋਰਡ ਲਿਖ ਕੇ ਲਾਇਆ ਹੋਇਆ ਹੈ ਜੇ ਉਥੇ ਚਾਹ ਵੀ ਪੀਣ ਨੂੰ ਨਾ ਮਿਲ ਸਕੇ ਜਾਂ ਚੰਗੀ ਰੋਟੀ ਵੀ ਖਾਣ ਨੂੰ ਨਾ ਮਿਲ ਸਕੇ ਅਤੇ ਬੈਠਣ ਦਾ ਵੀ ਪੂਰਾ ਪ੍ਰਬੰਧ ਨਾ ਹੋਵੇ ਤਾਂ ਇਹ ਬੜੀ ਮਾੜੀ ਗਲੱ ਹੈ। ਇਸ ਦੇ ਵਿੱਚ, ਡਿਪਟੀ ਸਪੀਕਰ ਸਾਹਿਬ, ਕਮੀਆਂ ਦਾ ਵੀ ਕਾਰਨ ਹੈ। ਇਕ ਕਾਰਨ ਇਹ ਵੀ ਹੈ ਕਿ ਇਸ ਟੂਰਿਜ਼ਮ ਕਾਰਪੋਰੇਸ਼ਨ ਦਾ ਜਿਹੜਾ ਚੇਅਰਮੈਨ ਨੌਮੀਨੇਟ ਕੀਤਾ ਹੈ ਉਹ ਚੀਫ਼ ਸੈਕਟਰੀ ਹੈ ਅਤੇ ਉਸ ਕੋਲ ਤਾਂ ਇਤਨੀ ਫੁਰਸਤ ਹੀ ਨਹੀਂ ਕਿ ਇਸ ਪਾਸੇ ਵੱਲ ਕੋਈ ਧਿਆਨ ਦੇ ਸਕੇ। ਇਸ ਦਾ ਚੇਅਰਮੈਨ ਕੋਈ ਐਸਾ ਆਦਮੀ ਲਾਉਣਾ ਚਾਹੀਦਾ ਹੈ ਜਿਹੜਾ ਇਸ ਪਾਸੇ ਕੋਈ ਧਿਆਨ ਦੇ ਸਕੇ ਅਤੇ ਟੂਰਿਜ਼ਮ ਤੋਂ ਜਾਣੂ ਵੀ ਹੋਵ। ਸਰਦਾਰ ਬੀਰਦਵਿੰਦਰ ਸਿੰਘ ਜੀ ਇਥੇ ਹਾਉਸ ਵਿਚ ਬੈਠੇ ਹਨ। ਅਸੀਂ ਕਹਿੰਦੇ ਹਾਂ ਕਿ ਜੇ ਤੁਸੀਂ ਉਸ ਨੂੰ ਵਜ਼ੀਰ ਨਹੀਂ ਸੀ ਬਣਾਇਆ ਤਾਂ ਟੂਰਿਜ਼ਮ ਕਾਰਪੋਰਸ਼ਨ ਦਾ ਚੇਅਰਮੈਨ ਹੀ ਬੱਣਾ ਦਿੰਦੇ। ਇਸ ਵਕਤ ਇਸ ਦੇ ਚੇਅਰਮੈਨ ਚੀਫ਼ ਸੈਕਟਰੀ ਹਨ ਔਰ ਉਨ੍ਹਾਂ ਪਾਸ ਇਸ ਪਾਸੇ ਵਲ ਧਿਆਨ ਦੇਣ ਨੂੰ ਟਾਈਮ ਹੀ ਨਹੀਂ ਹੈ। ਉਨ੍ਹਾਂ ਦੇ ਬਾਰੇ ਇਹ ਗੱਲ ਵੀ ਮਸ਼ਹੂਰ ਹੈ ਕਿ ਉਹ ਸੁਪਰ ਚੀਫ਼ ਮਨਿਸਟਰ ਹਨ ਔਰ ਉਨ੍ਹਾਂ ਨੂੰ ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਵਾਸਤੇ ਟਾਈਮ ਨਹੀਂ ਮਿਲਦਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਅਖ਼ਬਾਰਾਂ ਵਿੱਚ ਪੜ੍ਹਿਆ ਹੋਣਾ ਹੈ। ਇਕ ਕੈਬਨਿਟ ਦੀ ਮੀਟਿੰਗ ਹੋਈ ਅਤੇ ਉਸ ਵਿੱਚ ਕੁਝ ਫੈਸਲੇ ਹੋਏ ਪਰ ਉਸ ਮੀਟਿੰਗ ਵਿਚ ਚੀਫ਼ ਸੈਕਟਰੀ ਹਾਜ਼ਰ ਨਹੀਂ ਸਨ। ਹੋਰ ਵੀ ਵੱਡੇ ਵੱਡੇ ਅਫ਼ਸਰ ਹੋਣਗੇ ਅਤੇ ਪੂਰੀ ਕੈਬਨਿਟ ਨੇ ਫੈਸਲੇ ਕੁਝ ਕੀਤੇ ਪਰ ਅਖ਼ਬਾਰਾਂ ਵਿੱਚ ਆਇਆ ਕਿ ਫੈਸਲੇ ਅਸੀਂ ਇਸ ਕਰਕੇ ਨਹੀਂ ਦੱਸ ਰਹੇ ਕਿਉਂਕਿ ਚੀਫ਼ ਸੈਕਟਰੀ ਅੱਜ ਹਾਜ਼ਰ ਨਹੀਂ ਸਨ। ਜੋ ਆਦਮੀ ਇਤਨੀ ਵੱਡੀ ਇੰਪਾਰਟੈਂਸ ਰਖਦਾ ਹੋਵੇ, ਜੋ ਸਟੇਟ ਦੇ ਇਤਨੇ ਕੰਮ ਕਰਦਾ ਹੋਵੇ ਉਸ ਕੋਲੋਂ ਇਨ੍ਹਾਂ ਛੋਟੀਆਂ ਛੋਟੀਆਂ ਗੱਲਾਂ ਵਾਸਤੇ ਟਾਈਮ ਕਿਥੋਂ ਨਿਕਲ ਸਕਦਾ ਹੈ ਜੋ ਜਾ ਕੇ ਕਹੇ ਕਿ ਸਾਨੂੰ ਵੀ ਕੋਈ ਕੰਪਲੈਕਸ ਦਿਓ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀ ਦੇਰ ਪਬਲਿਕਮੈਨ ਕੋਈ ਇਮਾਨਦਾਰੀ ਨਾਲ ਉਥੇ ਜਾ ਕੇ ਕੰਮ ਨਹੀਂ ਕਰਦਾ ਇਹ ਕੰਮ ਨਹੀਂ ਹੋ ਸਕਦਾ ਅਤੇ ਇਸ ਵਿੱਚ ਕੋਈ ਸੁਧਾਰ ਨਹੀਂ ਹੋ ਸਕਦਾ। ਮੇਰੀ ਬੇਨਤੀ ਹੈ ਕਿ ਇਹ ਕ੍ਰਿਟਿਸਾਈਜ਼ ਕਰਨ ਦੀ ਗਲ ਨਹੀਂ, ਕੋਈ ਟੀਕਾ ਟਿੱਪਣੀ ਦੀ ਗਲ ਨਹੀਂ, ਜਿੰਨੇ ਵੀ ਇਥੇ ਮਾਨਯੋਗ ਮੈਂਬਰਜ਼ ਬੈਠੇ ਹਨ ਹਰ ਇਕ ਦੀ ਇਹੀ ਇੱਛਾ ਹੈ ਕਿ ਪੰਜਾਬ ਸਟੇਟ ਦਾ ਬਾਕੀ ਦੁਨੀਆਂ ਦੇ ਵਿੱਚ, ਹਿੰਦੁਸਤਾਨ ਬਾਕੀ ਦੇ ਸੂਬਿਆਂ ਦੇ ਅੰਦਰ ਨਾਮ ਰੌਸ਼ਨ ਹੋ ਸਕੇ ਅਤੇ ਸਾਡੀ ਕਲਚਰ ਬਾਰੇ, ਪੰਜਾਬ ਦੀ ਹਿਸਟਰੀ ਬਾਰੇ ਦੱਸਿਆ ਜਾਵੇ। ਇਹ ਸਾਰਾ ਕੁਝ ਤਾਂ ਹੀ ਮੁਮਕਿਨ ਹੈ ਜੇ ਟੂਰਿਜ਼ਮ ਵੱਲ ਕੋਈ ਧਿਆਨ ਦਿੱਤਾ ਜਾਵੇ। ਇਹ ਟੂਰਿਜ਼ਮ ਹੀ ਹੈ ਜਿਸ ਨੇ ਸਾਰੇ ਪੰਜਾਬ ਦੀ ਕਲਚਰ, ਇਤਿਹਾਸ਼ ਔਰ ਇਤਿਹਾਸਕ ਜਗ੍ਹਾ ਦੇ ਬਾਰੇ ਦੱਸਣਾ ਹੈ। ਇਸ ਲਈ ਮੈਂ ਵੀ ਇਸ਼ ਰੈਜ਼ੋਲਿਊਸ਼ਨ ਨਾਲ ਬਿਲਕੁਲ ਸਹਿਮਤ ਹਾਂ ਕਿ ਸਰਕਾਰ ਨੂੰ ਪੁਰਜ਼ੋਰ ਲਫਜ਼ਾਂ ਵਿਚ ਕਿਹਾ ਜਾਵੇ ਕਿ ਇਸ ਵਿੱਚ ਸੁਧਾਰ ਕੀਤਾ ਜਾਵੇ ਔਰ ਸੁਧਾਰ ਕਰਕੇ ਪੰਜਾਬ ਦਾ ਨਾਮ ਬਾਕੀ ਥਾਵਾਂ ਤੇ ਵੀ ਰੌਸ਼ਨ ਕੀਤਾ ਜਾਵੇ। ਇਤਨਾ ਕਹਿ ਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਹਰਚਰਨ ਸਿੰਘ ਹੀਰੋ** (ਜ਼ੀਰਾ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊ-ਸ਼ਨ ਸ੍ਰੀ ਸੰਤ ਰਾਮ ਜੀ ਸਿੰਗਲਾ ਨੇ ਲਿਆਂਦਾ ਹੈ ਕਿ ਟੂਰਿਜ਼ਮ ਕੰਪਲੈਕਸ ਵਿਚ ਸੁਧਾਰ ਲਿਆਂਦਾ ਜਾਵੇ, ਇਹ ਇਕ ਬੜਾ ਚੰਗਾ ਰੈਜ਼ੋਲਿਊਸ਼ਨ ਹੈ। ਮੈਂ ਇਸ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਸਾਡਾ ਟੂਰਿਜ਼ਮ ਡੀਪਾਰਟਮੈਂਟ ਚਲ ਰਿਹਾ ਹੈ ਉਸ ਦੇ ਨਾਲ ਇਹ ਮੁਮਕਿਨ ਨਹੀਂ ਕਿ ਇਸ ਦੇ ਵਿਚ ਕੁਝ ਸੁਧਾਰ ਹੋ ਸ਼ਕੇ। ਜਿਵੇਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਸਾਡੇ ਨਾਲ ਲਗਦੀ ਹਰਿਆਣਾ ਸਟੇਟ ਹੈ ਜਿਸ ਦੇ ਬਾਰੇ ਮੇਰੇ ਸਾਥੀਆਂ ਨੇ ਬਹੁਤ ਕੁੱਝ ਕਿਹਾ ਹੈ ਮੈਂ ਦੁਹਰਾਉਣਾ ਨਹੀਂ ਚਾਹੁੰਦਾ, ਉਨ੍ਹਾਂ ਦੀ ਮਿਸਾਲ ਸਾਹਮਣੇ ਰਖ ਕੇ ਅਤੇ ਉਨ੍ਹਾਂ ਦੀਆਂ ਲੀਹਾਂ ਤੇ ਚੱਲ ਕੇ ਜੇ ਟੂਰਿਜ਼ਮ ਵਿਚ ਤਰੱਕੀ ਕੀਤੀ ਜਾ ਸਕਦੀ ਹੈ ਤਾਂ ਕੀਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਆਉਣ ਲਈ ਫਾਰਨਰਜ਼ ਤਰਸਦੇ ਹਨ। ਪੰਜਾਬ ਦੇ ਲੋਕ ਜਿਤਨੇ ਮਿਹਨਤੀ ਹਨ, ਪੰਜਾਬ ਦੇ ਕਾਮੇ ਜਿਤਨੇ ਮਿਹਨਤੀ ਹਨ, ਪੰਜਾਬ ਦੇ ਕਿਸਾਨ ਜਿਤਨੇ ਮਿਹਨਤੀ ਹਨ ਅਤੇ ਜਿਨ੍ਹਾਂ ਦੀ ਸਾਰੀ ਦੁਨੀਆਂ ਵਿਚ ਧਾਕ ਬੱਝੀ ਹੋਈ ਹੈ ਉਨ੍ਹਾਂ ਨੂੰ ਦੇਖਣ ਲਈ ਫਾਰਨਰਜ਼ ਪੰਜਾਬ ਵਿੱਚ ਆਉਣਾ ਚਾਹੁੰਦੇ ਹਨ ਅਤੇ ਇਹ ਸੋਚਦੇ ਹਨ ਕਿ ਅਸੀਂ ਪੰਜਾਬ ਨੂੰ ਉਥੇ ਜਾ ਕੇ ਦੇਖੀਏ ਪਰ ਜਦੋਂ ਟੂਰਿਜ਼ਮ ਦੀਆਂ ਫੈਸਿਲਿਟੀਜ਼ ਵੱਲ ਵੇਖਦੇ ਹਨ, ਕਿਤੇ ਠਹਿਰਨ ਨੂੰ ਕੋਈ ਚੰਗੀ ਜਗ੍ਹਾ ਨਹੀਂ: ਸੜਕਾਂ ਤੇ ਕੋਈ ਟੂਰਿਸਟ ਕੰਪਲੈਕਸ ਨਹੀਂ ਬਣੇ ਹੋਏ ਤਾਂ ਉਹ ਇਥੇ ਆਉਣ ਤੋਂ ਥੋੜ੍ਹਾ ਜਿਹਾ ਝਿਜਕਦੇ ਹਨ। ਟੂਰਿਜ਼ਮ ਹੀ ਇਕ ਐਸਾ ਸਾਧਨ ਹੈ ਜਿਹੜਾ ਫਾਰਨਰਜ਼ ਨਾਲ ਲਿੰਕ ਮਿਲਾ ਸਕਦਾ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਹੀਰੋ ਸਾਹਿਬ, ਤੁਹਾਨੂੰ ਸ਼ਾਇਦ ਭੁਲੇਖਾ ਹੈ ਕਿ ਸਾਡੇ ਵਾਲੀਆਂ ਸੀਟਾਂ ਤੇ ਬੈਠੇ ਹੋ, ਹੁਣ ਤੁਸੀਂ ਕਾਂਗਰਸ ਬੈਂਚਾਂ ਤੇ ਬੈਠੇ ਹੋ, ਤਾਰੀਫ ਦੀਆਂ ਗੱਲਾਂ ਕਰੋ।

**ਸਰਦਾਰ ਹਰਚਰਨ ਸਿੰਘ ਹੀਰੋ** : ਜੋ ਮੇਰਾ ਦਿਲ ਕਰੇਗਾ, ਮੈਂ ਕਹਾਂਗਾ। ਇਸ ਦੇ ਵਿੱਚ ਅਸੀਂ ਸੁਧਾਰ ਕਰਨਾ ਹੈ ਔਰ ਸੁਧਾਰ ਲਿਆਉਣ ਦੀਆਂ ਗੱਲਾਂ ਮੈਂ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਨੈਸ਼ਨਲ ਹਾਈਵੇਜ਼ ਜੋ ਹਨ ਜਾਂ ਸਟੇਟ ਹਾਈਵੇਜ਼ ਜੋ ਹਨ ਉਨ੍ਹਾਂ ਤੇ ਚੰਗਾ ਪ੍ਰਬੰਧ ਕਰਨਾ ਚਾਹੀਦਾ ਹੈ। ਟੂਰਿਸਟ ਕੰਪਲੈਕਸ ਖੋਲ੍ਹਣੇ ਚਾਹੀਦੇ ਹਨ ਤਾਕਿ ਲੋਕ ਉਥੇ ਚਾਹ ਪਾਣੀ ਪੀ ਸਕਣ, ਆਰਾਮ ਕਰ ਸਕਣ। ਇਸ ਦੇ ਵੱਲ ਪਹਿਲਾਂ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਹੁਣ ਬੀਬੀ ਭੱਠਲ ਜੀ ਨਵੇਂ ਮੰਤਰੀ ਬਣੇ ਹਨ। ਉਨ੍ਹਾਂ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਪਾਸੇ ਬਜਟ ਵੀ ਪਹਿਲਾਂ ਘੱਟ ਦਿੱਤਾ ਗਿਆ ਹੈ, ਹੁਣ ਜੋ ਬਜਟ ਆ ਰਿਹਾ ਹੈ ਉਸ ਦੇ ਵਿਚ ਉਨ੍ਹਾਂ ਨੂੰ ਆਪ ਬਜਟ ਜ਼ਿਆਦਾ ਰਖਾਉਣਾ ਚਾਹੀਦਾ ਹੈ ਔਰ ਆਪ ਜ਼ਿਆਦਾ ਬਜਟ ਰਖਾ ਕੇ ਇਸ ਨੂੰ ਤਰੱਕੀ ਦੇ ਰਾਹ ਵਲ ਲਿਜਾਣਾ ਚਾਹੀਦਾ ਹੈ। ਹੁਣ ਤੁਸੀਂ ਦੇਖੋ ਕਿ ਯੂ.ਪੀ. ਵਿੱਚ ਜਾਂ ਰਾਜਿਸਥਾਨ ਵਿਚ ਭਰਤਪੁਰ ਬਰਡ ਸੈਂਕਚੁਅਰੀ ਬੜੀ ਚੰਗੀ ਹੈ। ਸਾਡੇ ਇਥੇ ਪੰਜਾਬ ਵਿਚ ਹਰੀਕੇ ਪੱਤਣ ਬਹੁਤ ਸੋਹਣੀ ਬਰਡ ਸੈਂਕਚੁਅਰੀ ਬਣ ਸਕਦੀ ਹੈ, ਟੂਰਿਸਟ ਕੰਪਲੈਕਸ ਉਥੇ ਬੜਾ ਚੰਗਾ ਬਣ ਸਕਦਾ ਹੈ। 175 ਕਿਸਮ ਦੇ ਬਰਡ ਰਸ਼ੀਆ ਤੋਂ ਔਰ ਦੂਸਰੇ ਮੁਲਕਾਂ ਤੋਂ ਇਥੇ ਆਉਂਦੇ ਹਨ। ਉਨ੍ਹਾਂ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਕਈਆਂ ਨੂੰ ਰਿੰਗ ਪਾ ਕੇ ਛੱਡੇ ਹੋਏ ਹਨ। ਕੰਮ ਤਾਂ ਸ਼ੁਰੂ ਹੈ ਪਰ ਇਤਨੀ ਢਿੱਲ ਨਾਲ ਇਹ ਕੰਮ ਸ਼ੁਰੂ ਹੈ ਕਿ ਮੈਨੂੰ ਨਹੀਂ ਲਗਦਾ ਕਿ ਇਹ ਛੇਤੀ ਛੇਤੀ ਸਿਰੇ ਚੜ੍ਹ ਸਕੇ। ਹਰੀਕੇ ਪੱਤਣ ਝੀਲ ਹੈ। ਉਥੇ ਦੋ ਦਰਿਆਵਾਂ ਦਾ ਸੰਗਮ ਹੈ ਅਤੇ ਬਹੁਤ ਸੋਹਣਾ ਸਪਾਟ ਹੈ। ਆਈ-ਲੈਂਡ 16-17 ਬਣ ਸਕਦੇ ਹਨ। ਜੋ ਦੇਖਣ ਲਈ ਫਾਰਨਰਜ਼ ਆਉਣ, ਉਨ੍ਹਾਂ ਨੂੰ ਵਾਚ ਕਰਨ ਤਾਕਿ ਸਾਨੂੰ ਫ਼ਾਰੇਨ ਐਕਸਚੇਂਜ ਵੀ ਆ ਸਕੇ। ਇਹ ਹਰੀਕੇ ਪੱਤਣ ਦੁਨੀਆਂ ਵਿੱਚ ਇਕ ਬਹੁਤ ਸੋਹਣਾ ਸਥਾਨ ਬਣ ਸਕਦਾ ਹੈ ਜੇ ਇਸ ਵੱਲ ਧਿਆਨ ਦਿਤਾ ਜਾਵੇ। ਸਾਡੇ ਗਵਰਨਰ ਸਾਹਿਬ ਵੀ ਉਥੇ 2 ਵਾਰੀ ਹੋ ਕੇ ਆਏ ਹਨ। ਪਿੱਛੇ ਜਿਹੇ ਪਾਂਡੇ ਸਾਹਿਬ ਵੀ ਉਥੋਂ ਹੋ ਕੇ ਆਏ ਹਨ ਅਤੇ ਸਾਡੇ ਚੀਫ ਮਨਿਸਟਰ ਸਾਹਿਬ ਵੀ ਉਥੇ ਹੋ ਕੇ ਆਏ ਹਨ। ਮੈਂ ਬੀਬੀ ਭੱਠਲ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਵੀ ਉਥੇ ਜਾ ਕੇ ਉਹ ਸਥਾਨ ਦੇਖ ਕੇ ਆਉਣ, ਕਿਉਂਕਿ ਅੰਮ੍ਰਿਤਸਰ ਇੰਟਰਨੈਸ਼ਨਲ ਏਅਰ ਪੋਰਟ ਬਣ ਗਿਆ ਹੈ। ਉਥੋਂ ਸਾਰਾ 30—35 ਮੀਲ ਦੇ ਡਿਸਟੈਂਸ ਤੇ ਹੈ। ਉਥੇ ਫਾਰਨਰਜ਼ ਜਾ ਸਕਦੇ

Original with;
Punjab Vidhan Sabha
Digitized by;
Panjab Digital Library

ਹਨ ਜਿਸ ਦੇ ਨਾਲ ਸਾਨੂੰ ਫਾਰਨ ਐਕਸਚੇਂਜ ਆ ਸਕਦੀ ਹੈ । ਪੰਜਾਬ ਵਿਚ ਹੋਰ ਵੀ ਇਹੋ ਜਿਹੀਆਂ ਕਈ ਥਾਵਾਂ ਹਨ, ਉਨ੍ਹਾਂ ਵਲ ਵੀ ਧਿਆਨ ਦਿਤਾ ਜਾਵੇ। ਜੇ ਹਰੀਕੇ ਪੱਤਣ ਇਕ ਚੰਗਾ ਸਪਾਟ ਬਣ ਜਾਵੇ ਤਾਂ ਸਾਨੂੰ ਇਸ ਦੇ ਨਾਲ ਫਾਰਨ ਐਕਸਚੇਂਜ ਕਾਫੀ ਆ ਸਕਦੀ ਹੈ ਅਤੇ ਪੰਜਾਬ ਦੀ ਇਕਾਨੋਮੀ ਠੀਕ ਹੋ ਸਕਦੀ ਹੈ ਔਰ ਇਹ ਆਮਦਨ ਦਾ ਵੀ ਇਕ ਸਾਧਨ ਬਣ ਸਕਦਾ ਹੈ । ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗੌਰਮਿੰਟ ਕੋਲ ਸਕੀਮਾਂ ਹਨ ਪਰ ਇਕੱਲਾ ਟੂਰਿਸਟ ਡੀਪਾਰਟਮੈਂਟ ਕੁਝ ਨਹੀਂ ਕਰ ਸਕਦਾ। ਜਿਵੇਂ ਮੇਰੇ ਵੀਰ ਸਿੰਗਲਾ ਸਾਹਿਬ ਨੇ ਕਿਹਾ ਸੀ ਇਹ ਕੋਆਰਡੀਨੇਸ਼ਨ ਦੇ ਤੌਰ ਤੇ ਮਹਿਕਮਾ ਹੈ । ਜਿਸ ਦੇ ਨਾਲ ਇਰੀਗੇਸ਼ਨ ਦਾ ਵੀ ਸਬੰਧ ਹੈ, ਟਾਊਨ ਐਂਡ ਕੰਟਰੀ ਪਲਾਨਿੰਗ ਦਾ ਵੀ ਸਬੰਧ ਹੈ ਅਤੇ ਹੋਰ ਵੀ ਬਹੁਤ ਸਬੰਧਤ ਮਹਿਕਮੇ ਹਨ। ਅਗਰ ਸਾਰੇ ਮਹਿਕਮੇ ਇਸ ਦੀ ਮੱਦਦ ਕਰਨ ਤਾਂ ਇਥੇ ਬਹੁਤ ਵਧੀਆ ਕੰਪਲੈਕਸ ਬਣ ਸਕਦੇ ਹਨ। ਹਰੀਕੇ ਪੱਤਣ ਇਕ ਝੀਲ ਹੈ ਉਥੇ ਇਕ ਬੂਟੀ ਆ ਰਹੀ ਹੈ ਉਹ ਸੁਕ ਕੇ ਥਲੇ ਬੈਠ ਜਾਂਦੀ ਹੈ। ਅਗਰ ਉਹ ਬੂਟੀ ਇਸ ਤਰ੍ਹਾਂ ਵਧਦੀ ਗਈ ਤਾਂ ਉਥੇ ਪਾਣੀ ਨਹੀਂ ਰਹਿਣਾ। ਬੂਟੀ ਕੱਢਣ ਦੇ ਸਾਧਨ ਇਰੀਗੇਸ਼ਨ ਮਹਿਕਮੇ ਦੇ ਤਹਿਤ ਹਨ । ਜਿੰਨੇ ਸਾਡੇ ਇਸ ਵਕਤ ਟੂਰਿਸਟ ਕੰਪਲੈਕਸ ਬਣੇ ਹੋਏ ਹਨ ਉਥੇ ਉਨੀਆਂ ਸਹੂਲਤਾਂ ਨਹੀਂ ਮਿਲਦੀਆਂ ਜਿੰਨੀਆਂ ਮਿਲਣੀਆਂ ਚਾਹੀਦੀਆਂ ਹਨ। ਉਥੇ ਦੇ ਸਟਾਫ਼ ਦਾ ਬੋਲਣ ਚਾਲਣ ਦਾ ਢੰਗ ਬੜਾ ਪੋਲਾਈਟ ਹੋਣਾ ਚਾਹੀਦਾ ਹੈ । ਜਦੋਂ ਭਰਤੀ ਕੀਤੀ ਜਾਏ ਤਾਂ ਸਟਾਫ਼ ਸੁੰਦਰ, ਸੋਹਣਾ ਅਤੇ ਬਾਤ ਚੀਤ ਵਿਚ ਪੋਲਾਈਟ ਹੋਵੇ, ਇਸ ਗਲ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿਉਂਕਿ ਉਥੇ ਦੇ ਇੰਪਲਾਈਜ਼ ਤੇ ਵੀ ਅਟਰੈਕਸ਼ਨ ਮੁਨਹੱਸਰ ਹੈ। First impression is the last impression. ਜਿਹੜਾ ਕਾਊਂਟਰ ਤੇ ਬੈਠਦਾ ਹੈ ਉਸ ਵਿਚ ਇਹ ਸਾਰੇ ਗੁਣ ਹੋਣੇ ਚਾਹੀਦੇ ਹਨ।

ਸਰਹਿੰਦ ਸਾਡਾ ਫਲੋਟਿੰਗ ਰੈਸਟੋਰੈਂਟ ਹੈ। ਉਥੇ ਬੀਅਰ ਬਾਰ ਉੱਪਰ ਹੈ ਤੇ ਕਿਚਨ ਥੱਲੇ ਹੈ। ਕਿਚਨ ਦੀ ਜਿਹੜੀ ਗਰਮੀ ਹੈ ਉਹ ਉਪਰ ਪਹੁੰਚਦੀ ਹੈ। ਜਿਹੜੀਆਂ ਇਹੋ ਜਿਹੀਆਂ ਗਲਤੀਆਂ ਹਨ ਉਨ੍ਹਾਂ ਵਿਚ ਸੁਧਾਰ ਕਰਨਾ ਚਾਹੀਦਾ ਹੈ।

ਸਾਡੇ ਨੀਲੋਂ ਰੈਸਟੋਰੈਂਟ ਹੈ। ਉਥੇ ਬੱਸਾਂ ਰੁਕਣੀਆਂ ਚਾਹੀਦੀਆਂ ਹਨ। ਅਗਰ ਉਥੇ ਬੱਸਾਂ ਰੁਕਣ ਤਾਂ ਲੋਕ ਸਾਡਾ ਦੁੱਧ ਵਗੈਰਾ ਪੀ ਸਕਦੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਇਹੋ ਜਿਹੇ ਜਿਥੇ ਵੀ ਸਾਡੇ ਸਥਾਨ ਹਨ ਉਥੇ ਬੱਸ ਸਟਾਪ ਹੋਣੇ ਚਾਹੀਦੇ ਹਨ। ਇਸੇ ਤਰ੍ਹਾਂ ਰੋਪੜ ਵਾਲਾ ਹੈ ਉਥੇ ਵੀ ਬੱਸਾਂ ਨਹੀਂ ਰੁਕਦੀਆਂ। ਉਥੇ ਜਿਹੜੇ ਬੋਰਡ ਲਗੇ ਹੋਏ ਹਨ ਉਨ੍ਹਾਂ ਦੇ ਸਵਿਚ ਨੰਗੇ ਹਨ । ਕੋਈ ਬਿਜਲੀ ਦੇ ਕਰੰਟ ਨਾਲ ਮਰ ਸਕਦਾ ਹੈ, ਉਹ ਠੀਕ ਕਰਨੇ ਚਾਹੀਦੇ ਹਨ । ਮੈਂ ਤਾਂ ਇਹ ਵੀ ਕਹਾਂਗਾ ਕਿ ਇਹ ਜਿਹੜਾ ਟੂਰਿਸਟ ਡਿਪਾਰਟਮੈਂਟ ਹੈ ਇਹ ਇਕ ਇੰਡਸਟਰੀ ਹੈ। ਇਸ ਨੂੰ ਸੇਲਜ਼ ਟੈਕਸ ਵਗੈਰਾ ਤੋਂ ਛੋਟ ਮਿਲਣੀ ਚਾਹੀਦੀ ਹੈ, ਕਿਉਂਕਿ ਇਹ ਖਾਣ ਪੀਣ ਦੀਆਂ ਚੀਜ਼ਾਂ ਰਖਦਾ ਹੈ। ਇਸ ਤਰ੍ਹਾਂ ਨਾਲ ਇਹ ਥੋੜ੍ਹਾ ਬਹੁਤ ਮੁਨਾਫ਼ਾ ਵੀ ਕੱਢ ਸਕਦਾ ਹੈ। ਇਸ ਦੇ ਇਲਾਵਾ ਮੈਂ ਵੇਖਿਆ ਹੈ ਕਿ ਇਸ ਦੇ ਸਟਾਫ਼ ਨੂੰ ਫੈਸਿਲਿਟੀਜ਼ ਨਹੀਂ । ਸਟਾਫ਼ ਨੂੰ ਦੂਰੋਂ ਦੂਰੋਂ ਆਉਣਾ ਪੈਂਦਾ ਹੈ। ਉਥੇ ਸਟਾਫ਼ ਦੇ ਕੁਆਟਰ ਬਣਾਉਣੇ ਚਾਹੀਦੇ ਹਨ। ਜੇਕਰ ਸਟਾਫ਼ ਨੂੰ ਸਹੂਲਤ ਦਿਆਂਗੇ ਤਾਂ ਹੀ ਸਟਾਫ਼ ਕੰਮ ਕਰਨ ਦਾ ਚਾਹਵਾਨ ਹੋਵੇਗਾ। ਹੁਣ ਬੀਬੀ ਜੀ ਕੋਲ ਇਹ ਮਹਿਕਮਾ ਆਇਆ ਹੈ ਅਤੇ ਇਸ ਮਹਿਕਮੇ ਦੇ ਡਾਇਰੈਕਟਰ ਵੀ ਬੜੇ ਹਿੰਮਤੀ ਹਨ । ਉਨ੍ਹਾਂ ਨੇ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਅਗਰ ਸਾਡੀ ਬੀਬੀ ਜੀ ਨੂੰ ਵਿਹਲ ਮਿਲੇ ਤਾਂ ਇਹ ਦੋਵੇਂ ਬੀਬੀਆਂ ਮਿਲ ਕੇ ਇਸ ਮਹਿਕਮੇ ਵਿਚ ਸੁਧਾਰ ਲਿਆ ਸਕਦੀਆਂ ਹਨ ਅਤੇ ਇਹ ਮਹਿਕਮਾ ਤਰੱਕੀ ਕਰ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਆਖਿਰ ਵਿਚ ਮੈਂ ਇਕ ਬੇਨਤੀ ਕਰਾਂਗਾ ਕਿ ਇਸ ਦੇ ਲਈ ਇਕ ਐਡਵਾਈਜ਼ਰੀ ਕਮੇਟੀ ਜ਼ਰੂਰ ਹੋਣੀ ਚਾਹੀਦੀ ਹੈ। ਇਸ ਕਮੇਟੀ ਵਿਚ ਐਮ.ਐਲ.ਏਜ਼ ਵੀ ਲਏ ਜਾ ਸਕਦੇ ਹਨ, ਆਪੋਜ਼ੀਸ਼ਨ ਦੇ ਵੀ ਅਤੇ ਰੂਲਿੰਗ ਪਾਰਟੀ ਦੇ ਵੀ। ਉਹ ਕਮੇਟੀ ਆਪਣੇ ਅੱਛੇ ਸੁਝਾਓ ਦੇ ਸਕਦੀ ਹੈ ਅਤੇ ਇਸ ਮਹਿਕਮੇ ਦੀ ਤਰੱਕੀ ਕੀਤੀ ਜਾ ਸਕਦੀ ਹੈ। ਹਰੀਕੇ ਪੱਤਣ ਦਾ ਟੂਰਿਸਟ ਕੰਪਲੈਕਸ ਬਣਾਉਣ ਲਈ 50 ਲੱਖ ਰੁਪਿਆ ਚਾਹੀਦਾ ਹੈ ਤਾਂ ਹੀ ਉਥੇ ਕੁਝ ਹੋ ਸਕਦਾ ਹੈ। ਇਸ ਤੋਂ ਇਲਾਵਾ ਮੈਂ ਦੱਸਦਾ ਹਾਂ ਕਿ ਫਿਰੋਜ਼ਪੁਰ ਜ਼ਿਲ੍ਹੇ ਵਿਚ ਕੋਈ ਵੀ ਕੰਪਲੈਕਸ ਨਹੀਂ ਹੈ। ਇਹ ਵੀ ਚੰਗੀ ਗਲ ਨਹੀਂ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ।

**ਸਰਦਾਰ ਆਤਮਾ ਸਿੰਘ :** (ਸੁਲਤਾਨਪੁਰ ਲੋਧੀ) : ਡਿਪਟੀ ਸਪੀਕਰ ਸਾਹਿਬ, ਗੋਇੰਦਵਾਲ ਇਕ ਬਹੁਤ ਮਹਾਨ ਸਥਾਨ ਹੈ। ਗੋਇੰਦਵਾਲ ਸਾਹਿਬ ਨੂੰ ਅਤੇ ਸੁਲਤਾਨਪੁਰ ਲੋਧੀ ਨੂੰ ਜੋੜਨ ਲਈ ਅਕਾਲੀ ਸਰਕਾਰ ਨੇ 4 ਕਰੋੜ ਰੁਪਏ ਖਰਚ ਕਰਕੇ ਦਰਿਆ ਬਿਆਸ ਤੇ ਇਕ ਪੁੱਲ ਬਣਾਇਆ ਅਤੇ ਆਵਾਜਾਈ ਦੀਆਂ ਸਹੂਲਤਾਂ ਦਿਤੀਆਂ ਸਨ। ਹੁਣ ਸਰਕਾਰ ਨੇ ਗੋਇੰਦਵਾਲ ਸਾਹਿਬ ਨੂੰ ਬੜਾ ਵੱਡਾ ਇੰਡਸਟਰੀਅਲ ਕੰਪਲੈਕਸ ਬਣਾਉਣ ਦਾ ਕੰਮ ਸ਼ੁਰੂ ਕੀਤਾ ਹੈ। ਇਹ ਪੁਲ ਬਣਨ ਨਾਲ ਸੁਲਤਾਨਪੁਰ ਲੋਧੀ ਵਿਚ ਜਿਥੇ ਗੁਰੂ ਨਾਨਕ ਦੇਵ ਜੀ ਨੇ 15 ਸਾਲ ਗੁਜ਼ਾਰੇ, ਗੁਰੂ ਅਮਰਦਾਸ ਜੀ ਨੇ 12 ਸਾਲ ਗਾਗਰ ਢੋਹ ਢੋਹ ਕੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ, ਇਹ ਇਕ ਬੜਾ ਵੱਡਾ ਮਹਾਨ ਸਥਾਨ ਹੈ। ਇਥੇ ਯਾਤਰੀਆਂ ਦੀ ਆਵਾਜਾਈ ਦਿਨ ਬਦਿਨ ਵੱਧ ਹੋ ਰਹੀ ਹੈ । ਦੂਸਰੇ ਗੋਇੰਦਵਾਲ ਇਕ ਵੱਡਾ ਸਨੱਅਤੀ ਕੇਂਦਰ ਬਣ ਰਿਹਾ ਹੈ, ਇਥੇ ਦੀ ਆਬਾਦੀ ਬਹੁਤ ਵਧਣੀ ਹੈ । ਮੈਂ ਬੀਬੀ ਭੱਠਲ ਨੂੰ ਸੁਝਾਓ ਭੇਜਿਆ ਸੀ ਕਿ ਇਥੇ 2, 3 ਕਿਲੋਮੀਟਰ ਦੀ ਇਕ ਬਹੁਤ ਵੱਡੀ ਪਾਣੀ ਦੀ ਝੀਲ ਹੈ ਉਸ ਨੂੰ ਡਿਵੈਲਪ ਕਰ ਲੈਣ। ਉਹ ਡਲ ਲੇਕ ਵਰਗੀ ਲੇਕ ਬਣ ਸਕਦੀ ਹੈ । ਉਸ ਵਿਚ ਬੇੜੀਆਂ ਤੇ ਸ਼ਿਕਾਰੇ ਰਖ ਕੇ ਸੈਲਾਨੀਆਂ ਦਾ ਮਨੋਰੰਜਨ ਹੋ ਸਕਦਾ ਹੈ। ਉਹ ਬਾਊਲੀ ਦੇ ਸਥਾਨ ਤੇ ਇਸ਼ਨਾਨ ਕਰਨਗੇ ਅਤੇ ਸਰਕਾਰ ਦੀ ਪ੍ਰਸ਼ੰਸਾ ਕਰਨਗੇ। ਸੁਲਤਾਨਪੁਰ ਲੋਧੀ ਦੀ ਵੇਂਈ ਨਦੀ, ਜਿਥੇ ਗੁਰੂ ਨਾਨਕ ਦੇਵ ਜੀ ਨੇ ਟੁੱਬੀ ਲਾਈ ਸੀ ਅਤੇ 3 ਦਿਨ ਅਲੋਪ ਰਹੇ, ਇਕ ਪਵਿੱਤਰ ਸਥਾਨ ਹੈ। ਉਥੇ ਯਾਤਰੀਆਂ ਦੇ ਇਸ਼ਨਾਨ ਕਰਨ ਲਈ 1969 ਵਿਚ ਡੇਢ ਲੱਖ ਰੁਪਿਆ ਖਰਚ ਕੀਤਾ ਅਤੇ 620 ਫੁੱਟ ਲੰਮੀਆਂ ਤੇਰਾਂ ਪੌੜੀਆਂ ਬਣਾ ਦਿੱਤੀਆਂ ਅਤੇ ਘਾਟ ਦੇ ਸਾਹਮਣੇ ਪੱਥਰ ਦੀ ਪਿਚਿੰਗ ਕਰਵਾਈ ਤੇ ਦੂਜੇ ਪਾਸੇ ਸਿਧੀ ਬਣ ਗਈ। ਫਿਰ ਸਾਡੀ ਬੇਰ ਸਾਹਿਬ ਗੁਰਦੁਆਰੇ ਦੇ ਲਾਗੇ ਨਦੀ ਦੇ ਪਾਣੀ ਨੂੰ ਠੋਕਰ ਲਗਾ ਕੇ ਪਾਣੀ ਜਮ੍ਹਾਂ ਕਰਕੇ ਝੀਲ ਬਣਾਉਣ ਦੀ ਸਕੀਮ ਸੀ ਜਿਥੇ ਰੈਸਟ ਹਾਊਸ ਹੈ ਪੰਜਾਬ ਗੌਰਮਿੰਟ ਦਾ ਉਥੋਂ ਤਕ ਵੇਂਈ ਨਦੀ ਨੂੰ ਸਿਧੀ ਨਹਿਰ ਬਣਾ ਕੇ, ਦੋਨੋ ਪਾਸੇ ਪਟੜੀ ਬਣਾ ਕੇ, ਗਰਾਸ ਲਗਾ ਕੇ, ਆਰਨਾਮੈਂਟਲ ਟਰੀਜ਼ ਲਗਾ ਕੇ ਸੈਲਾਨੀਆਂ ਦਾ ਕੇਂਦਰ ਬਣ ਸਕਦਾ ਹੈ। ਅਗਰ ਉਥੇ ਪਾਣੀ ਜਮ੍ਹਾਂ ਹੋ ਜਾਏ ਤਾਂ ਇਹ ਵੀ ਇਕ ਝੀਲ ਬਣ ਸਕਦੀ ਹੈ ਜਿਥੇ ਸ਼ਿਕਾਰੇ ਅਤੇ ਬੋਟਾਂ ਸੈਲਾਨੀਆਂ ਵਾਸਤੇ ਰੱਖੀਆ ਜਾ ਸਕਦੀਆਂ ਹਨ।

ਪਿਛਲੇ ਸਾਲ ਕਪੂਰਥਲਾ ਵਿਚ ਵੇਂਈ ਨਦੀ ਉਪਰ ਇਕ ਕਾਂਜਲੀ ਸਥਾਨ ਹੈ ਜਿਥੇ ਜ਼ਿਲ੍ਹਾ ਪੱਧਰ ਤੇ ਟੂਰਿਸਟ ਸਪਾਟ ਡਿਵੈਲਪ ਕਰਨ ਦਾ ਯਤਨ ਕੀਤਾ ਗਿਆ। 1979–80 ਵਿਚ ਸ੍ਰੀ ਪੀ.ਡੀ. ਵਸ਼ਿਸ਼ਟ ਡਿਪਟੀ ਕਮਿਸ਼ਨਰ ਸਨ। ਮੈਂ ਉਨ੍ਹਾਂ ਦੀ ਪ੍ਰਸ਼ੰਸਾ ਕਰਾਂਗਾ ਕਿ ਉਨ੍ਹਾਂ ਨੇ ਪਬਲਿਕ ਤੋਂ ਫੰਡਜ਼ ਰੇਜ਼ ਕਰਕੇ ਉਸ ਸਪਾਟ ਨੂੰ ਸੁੰਦਰ ਬਣਾਉਣ ਦਾ ਯਤਨ ਕੀਤਾ। ਮੈਂ ਵੀ ਉਚੇਂ ਇਕ ਵਾਰੀ ਦੌਰੇ ਤੇ ਗਿਆ ਸੀ ਅਤੇ 5 ਹਜ਼ਾਰ ਰੁਪਏ ਦੇ ਕੇ ਆਇਆ ਸੀ। ਉਥੇ ਮੋਟਰ ਬੋਟਾਂ ਖਰੀਦੀਆਂ

Original with;
Punjab Vidhan Sabha
Digitized by;
Panjab Digital Library

ਗਈਆਂ, ਸ਼ਿਕਾਰੇ ਖਰੀਦੇ ਗਏ। ਲੇਕਿਨ ਟੂਰਿਜ਼ਮ ਡਿਪਾਰਟਮੈਂਟ ਨੇ ਉਸ ਟੂਰਿਸਟ ਸਪਾਟ ਨੂੰ ਉੱਨਤ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਸਪਾਟ ਜੀ.ਟੀ. ਰੋਡ ਤੋਂ ਕੇਵਲ ਦੋ ਢਾਈ ਕਿਲੋਮੀਟਰ ਦੇ ਫਾਸਲੇ ਤੇ ਹੈ। ਇਥੇ ਵੀਕ-ਐਂਡ ਤੇ ਲੋਕੀਂ ਜਲੰਧਰ, ਅੰਮ੍ਰਿਤਸਰ, ਫਿਰੋਜ਼ਪੁਰ ਅਤੇ ਹੋਰਨਾਂ ਥਾਵਾਂ ਤੋਂ ਯਾਤਰਾ ਕਰਨ ਲਈ ਅਤੇ ਕੁਝ ਘੰਟਿਆਂ ਦੇ ਸਮੇਂ ਲਈ ਆਰਾਮ ਕਰਨ ਲਈ ਆਉਂਦੇ ਹਨ। ਉਸ ਟੂਰਿਸਟ ਸਪਾਟ ਨੂੰ ਅਜੇ ਤਕ ਇਸ ਡਿਪਾਰਟਮੈਂਟ ਨੇ ਉੱਨਤ ਨਹੀਂ ਕੀਤਾ। ਮੈਂ ਬੀਬੀ ਜੀ ਨੂੰ ਬੇਨਤੀ ਕਰਾਂਗਾ ਕਿ ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ ਔਰ ਕਾਂਜਲੀ, ਇਨ੍ਹਾਂ ਤਿੰਨਾਂ ਥਾਵਾਂ ਨੂੰ ਡਿਵੈਲਪ ਕਰਨ। ਇਨ੍ਹਾਂ ਥਾਵਾਂ ਤੇ ਜਾਂ ਨੀਲੋਂ ਵਗੈਰਾ ਹੋਰਨਾਂ ਥਾਵਾਂ ਤੇ ਸੈਲਾਨੀ ਜਾਂਦੇ ਹਨ ਅਤੇ ਰੋਟੀ ਖਾਂਦੇ ਹਨ ਜਾਂ ਚਾਹ ਪੀਂਦੇ ਹਨ ਤਾਂ ਉਨ੍ਹਾਂ ਦੇ ਕੱਪੜੇ ਲਾਹ ਲਏ ਜਾਂਦੇ ਹਨ। ਉਸ ਦੇ ਮੁਕਾਬਲੇ ਵਿਚ ਹਰਿਆਣੇ ਚਲੇ ਜਾਓ, ਹਿਮਾਚਲ ਵਿਚ ਚਲੇ ਜਾਓ, ਉਥੇ 'ਨੋ ਪ੍ਰਾਫਿਟ ਨੋ ਲਾਸ' ਦੇ ਬੇਸਿਜ਼ ਤੇ ਖਾਣਾ ਸੈਲਾਨੀਆਂ ਨੂੰ ਮਿਲਦਾ ਹੈ। ਇਹੀ ਕਾਰਨ ਹੈ ਕਿ ਪੰਜਾਬ ਨਾਲੋਂ ਹਰਿਆਣਾ ਅਤੇ ਹਿਮਾਚਲ ਵਿਚ ਸੈਲਾਨੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਜੇ ਅਸੀਂ ਭੁੱਲ ਭੁਲੇਖੇ ਕਦੇ ਨੀਲੋਂ, ਰੋਪੜ ਜਾਂ ਲੁਧਿਆਣੇ ਦੇ ਨੇੜੇ ਕਿਸੇ ਟੂਰਿਸਟ ਸਪਾਟ ਤੇ ਚਲੇ ਜਾਈਏ ਤਾਂ ਉਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਪੈਸੇ ਇਸ ਤਰ੍ਹਾਂ ਚਾਰਜ ਕੀਤੇ ਜਾਂਦੇ ਹਨ ਕਿ ਦੁਬਾਰਾ ਜਾਣ ਦਾ ਮੁੜ ਕੇ ਕੋਈ ਨਾਂ ਹੀ ਨਾ ਲਵੇ। ਇਸ ਲਈ ਮੈਂ ਇਹ ਵੀ ਸੁਝਾਓ ਦੇਣਾ ਚਾਹਾਂਗਾ ਕਿ ਜੇਕਰ ਸਰਕਾਰ ਦਾ ਇਹ ਨਿਸ਼ਾਨਾ ਹੈ ਕਿ ਇਨ੍ਹਾਂ ਸਥਾਨਾਂ ਨੂੰ ਡਿਵੈਲਪ ਕਰਨਾ ਹੈ ਅਤੇ ਜੋ ਸੈਲਾਨੀ ਆਪਣੇ ਦੇਸ਼ ਜਾਂ ਵਿਦੇਸ਼ ਤੋਂ ਇਥੇ ਆਉਂਦੇ ਹਨ ਉਹ ਉਥੇ ਆਰਾਮ ਕਰ ਸਕਣ ਅਤੇ ਠੀਕ ਤਰ੍ਹਾਂ ਨਾਲ ਠਹਿਰ ਸਕਣ ਤਾਂ 'ਨੋ ਪ੍ਰਾਫਿਟ ਨੋ ਲਾਸ' ਦੇ ਬੇਸਿਜ਼ ਤੇ ਲੋਕਾਂ ਦੀ ਸੇਵਾ ਕਰਨੀ ਚਾਹੀਦੀ ਹੈ। ਕਪੜੇ ਲਾਹੁਣ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਪੰਜਾਬ ਵਿਚ ਸਰਵੇ ਕਰਨਾ ਚਾਹੀਦਾ ਹੈ ਅਤੇ ਜਿਤਨੀਆਂ ਵੀ ਇਸ ਤਰ੍ਹਾਂ ਦੀਆਂ ਥਾਵਾਂ ਹੋ ਸਕਦੀਆਂ ਹਨ ਉਨ੍ਹਾਂ ਨੂੰ ਡਿਵੈਲਪ ਕਰਨਾ ਚਾਹੀਦਾ ਹੈ। ਮੈਂ ਤਿੰਨ-ਚਾਰ ਮਹੀਨੇ ਵਿਦੇਸ਼ਾਂ ਵਿਚ ਵੀ ਘੁੰਮ ਕੇ ਆਇਆ ਹਾਂ। ਮੈਂ ਅਮਰੀਕਾ ਵਿਚ ਵੀ ਗਿਆ, ਕੈਨੇਡਾ ਵਿਚ ਵੀ ਗਿਆ ਅਤੇ ਯੂ.ਕੇ. ਵਿਚ ਵੀ ਗਿਆ। ਉਥੇ ਦੇ ਲੋਕ ਪੰਜ. ਦਿਨ ਡੱਟ ਕੇ ਕੰਮ ਕਰਦੇ ਹਨ, ਬੜੀ ਮਿਹਨਤ ਨਾਲ ਕੰਮ ਕਰਦੇ ਹਨ। ਲੇਕਿਨ ਸ਼ਨਿਚਰਵਾਰ ਅਤੇ ਐਤਵਾਰ, ਦੋ ਦਿਨ ਉਹ ਬਤੌਰ ਵੀਕ-ਐਂਡ ਮਨਾਉਂਦੇ ਹਨ। ਉਹ ਆਪਣੇ ਪਰਿਵਾਰਾਂ ਸਮੇਤ ਇਨ੍ਹਾਂ ਟੂਰਿਸਟ ਸਪਾਟਾਂ ਤੇ ਜਾਂਦੇ ਹਨ, ਨਦੀਆਂ ਅਤੇ ਦਰਿਆਵਾਂ ਦੇ ਕੰਢਿਆਂ ਤੇ ਦੋ ਦਿਨ ਆਰਾਮ ਕਰਕੇ, ਆਪਣੀ ਥਕਾਵਟ ਲਾਹਕੇ ਪੰਜ ਦਿਨ ਫਿਰ ਆਪਣੀ ਡਿਊਟੀ ਦਿੰਦੇ ਹਨ। ਮੈਂ ਇਹ ਬੇਨਤੀ ਕਰਾਂਗਾ ਕਿ ਸਾਨੂੰ ਵੀ ਇਸ ਤਰ੍ਹਾਂ ਆਪਣੇ ਸਪਾਟ ਡਿਵੈਲਪ ਕਰਨੇ ਚਾਹੀਦੇ ਹਨ। ਮੇਰੇ ਕਹਿਣ ਦਾ ਭਾਵ ਇਹ ਨਹੀਂ ਕਿ ਸਟੇਟ ਦੇ ਚੀਫ਼ ਸੈਕਟਰੀ ਨੂੰ ਜੋ ਇਸ ਮਹਿਕਮੇ ਦੇ ਇਨਚਾਰਜ ਹਨ ਜਾਂ ਐਮ.ਡੀ. ਨੂੰ ਸੈਰ ਕਰਨ ਲਈ ਬਾਹਰਲੇ ਮੁਲਕਾਂ ਵਿਚ ਭੇਜਿਆ ਜਾਵੇ ਉਥੋਂ ਦੇ ਟੂਰਿਸਟ ਸਪਾਟ ਵੇਖਣ ਲਈ। ਇਹ ਰੁਪਿਆ ਇਸ ਤਰ੍ਹਾਂ ਖਰਚ ਕਰਨ ਦੀ ਬਜਾਏ ਇਨ੍ਹਾਂ ਥਾਵਾਂ ਨੂੰ ਡਿਵੈਲਪ ਕਰਨ ਲਈ ਖਰਚ ਕਰੋ ਅਤੇ ਸੈਲਾਨੀਆਂ ਨੂੰ ਸਸਤੇ ਭਾਅ ਤੇ ਚੀਜ਼ਾਂ ਦੇਣ ਦਾ ਪ੍ਰਬੰਧ ਕਰੋ। ਮੈਂ ਬੀਬੀ ਜੀ ਨੂੰ ਬੇਨਤੀ ਵੀ ਕੀਤੀ ਸੀ। ਇਕ ਲੰਮੀ ਚੌੜੀ ਚਿੱਠੀ ਵੀ ਲਿਖੀ ਸੀ। ਇਨ੍ਹਾਂ ਨੇ ਮੈਨੂੰ ਜਵਾਬ ਭੇਜਿਆ ਕਿ ਅਸੀਂ ਇਸ ਤੇ ਵਿਚਾਰ ਕਰ ਰਹੇ ਹਾਂ। ਮਹਿਕਮੇ ਨੂੰ ਇਹ ਚਿੱਠੀ ਭੇਜ ਦਿੱਤੀ ਹੈ। ਮੈਂ ਇਹ ਵੀ ਬੇਨਤੀ ਕੀਤੀ ਸੀ ਕਿ ਤੁਸੀਂ ਆਓ ਮੈਂ ਤੁਹਾਡੇ ਨਾਲ ਜਾ ਕੇ ਸਾਰੀਆਂ ਥਾਵਾਂ ਦਿਖਾਵਾਂਗਾ ਕਿ ਕਿਥੇ ਕਿਥੇ ਕੀ ਕੁਝ ਕਰਨਾ ਚਾਹੀਦਾ ਹੈ। ਲੇਕਿਨ ਅੱਜ ਉਨ੍ਹਾਂ ਦੇ ਪਰਿਵਾਰ ਤੇ ਕਸ਼ਟ ਹੈ ਜਿਸ ਕਾਰਨ ਉਹ ਸਮਾਂ ਨਹੀਂ ਦੇ ਸਕਦੇ। ਮੈਂ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਦਾ ਇਹ ਕਸ਼ਟ ਦੂਰ ਹੋਵੇ ਤਾਕਿ ਉਹ ਵਿਹਲੇ ਹੋ ਕੇ, ਬੇਫਿਕਰ ਹੋ ਕੇ ਇਹ ਸੇਵਾ ਜੋ ਉਨ੍ਹਾਂ ਦੇ ਜ਼ਿੰਮੇ ਲੱਗੀ ਹੈ ਇਨ੍ਹਾਂ ਅਸਥਾਨਾਂ

Original with;
Punjab Vidhan Sabha
Digitized by;
Panjab Digital Library

[ਸ਼ਰਦਾਰ ਆਤਮਾ ਸਿੰਘ]

ਨੂੰ ਡਿਵੈਲਪ ਕਰਨ ਦੀ ਉਹ ਪੂਰੀ ਕਰ ਸਕਣ । ਪਾਂਧੀ ਸਾਹਿਬ ਨੇ ਜਿਨ੍ਹਾਂ ਗੱਲਾਂ ਵੱਲ ਧਿਆਨ ਦਵਾਇਆ ਹੈ ਉਨ੍ਹਾਂ ਨੂੰ ਨਾ ਦੁਹਰਾਉਂਦਾ ਹੋਇਆ ਮੈਂ ਸਿਰਫ ਇਸ਼ਾਰਾ ਮਾਤਰ ਇਹ ਬੇਨਤੀ ਕਰਾਂਗਾ ਕਿ ਬੀਬੀ ਜੀ ਇਕ ਦੇਸ਼ ਭਗਤ ਦੀ ਹੋਣਹਾਰ ਸਪੁਤਰੀ ਹੈ, ਜਿਨ੍ਹਾਂ ਨੇ ਸਾਰੀ ਉਮਰ ਦੇਸ਼ ਦੀ ਸੇਵਾ ਲਈ, ਆਜ਼ਾਦੀ ਲਈ ਬੜੀ ਵੱਡੀ ਕੁਰਬਾਨੀ ਕੀਤੀ ਹੈ । ਬੀਬੀ ਜੀ ਦਾ ਜਨਮ ਵੀ ਜੇਲ੍ਹ ਵਿਚ ਹੋਇਆ। ਇਕ ਦੇਸ਼ ਭਗਤ ਅਤੇ ਇਮਾਨਦਾਰ ਦੀ ਸਪੁਤਰੀ ਕਦੇ ਇਹ ਚੀਜ਼ ਬਰਦਾਸ਼ਤ ਨਹੀਂ ਕਰੇਗੀ ਕਿ ਉਨ੍ਹਾਂ ਦੇ ਵਿਭਾਗ ਵਿਚ ਕੋਈ ਕਰਮਚਾਰੀ ਬੇਈਮਾਨੀ ਕਰੇ। ਕੋਈ ਕਰਮਚਾਰੀ ਸਰਕਾਰ ਦੇ ਖਜ਼ਾਨੇ ਦੇ ਪੈਸੇ ਲੁੱਟ ਕੇ ਖਾਏ ਅਤੇ ਕੋਈ ਕਰਮਚਾਰੀ ਭੈੜੀਆਂ ਚੀਜ਼ਾਂ ਲਿਆ ਕੇ ਸਰਕਾਰ ਦੇ ਇਸ ਵਿਭਾਗ ਨੂੰ ਬਦਨਾਮ ਕਰਨ ਦਾ ਯਤਨ ਕਰੇ। ਮੈਨੂੰ ਆਸ ਹੈ ਕਿ ਬੀਬੀ ਜੀ ਇਸ ਗੱਲ ਨੂੰ ਅਲਾਓ ਨਹੀਂ ਕਰਨਗੇ। ਮੈਂ ਆਸ ਕਰਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਲੈਣ ਲਈ, ਨਿਮਾਣਿਆਂ ਨੂੰ ਮਾਣ ਅਤੇ ਨਿਤਾਣਿਆਂ ਨੂੰ ਤਾਣ ਬਖਸ਼ਣ ਵਾਲੇ ਤੋਂ ਮਾਣ ਤੇ ਤਾਣ ਪ੍ਰਾਪਤ ਕਰਨ ਲਈ ਬੀਬੀ ਜੀ ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ ਨੂੰ ਨਹੀਂ ਭੁੱਲਣਗੇ ਅਤੇ ਜਦੋਂ ਪਹਿਲੀ ਫੁਰਸਤ ਮਿਲੇਗੀ ਤਾਂ ਇਨ੍ਹਾਂ ਦੋਨਾਂ ਧਾਰਮਿਕ ਅਸਥਾਨਾਂ ਦਾ ਵਿਕਾਸ ਕਰਨਗੇ। ਕੇ.ਪੀ. ਸਾਹਿਬ ਵੀ ਬੈਠੇ ਹਨ। ਮੈਂ ਇਨ੍ਹਾਂ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਅਨੰਦਪੁਰ ਸਾਹਿਬ ਨੂੰ ਡਿਵੈਲਪ ਕੀਤਾ, ਰਾਮਤੀਰਥ ਨੂੰ ਡਿਵੈਲਪ ਕੀਤਾ ਅਤੇ ਫਤਿਹਗੜ੍ਹ ਸਾਹਿਬ ਨੂੰ ਡਿਵੈਲਪ ਕੀਤਾ। ਯਾਤਰੀਆਂ ਦੀ ਸਹੂਲਤ ਲਈ ਬਾਥ ਰੂਮ ਅਤੇ ਫਲੱਸ਼ ਸਿਸਟਮ ਦਾ ਸਿਲਸਿਲਾ ਜਾਰੀ ਕੀਤਾ ਹੈ । ਮੈਂ ਹੁਣ ਪਰਪੋਜ਼ਲ ਭੇਜੀ ਹੈ। ਆਪਣੀ ਸਰਕਾਰ ਵੇਲੇ ਵੀ ਯਤਨ ਕਰਦਾ ਰਿਹਾ ਹਾਂ। ਪਰ ਬਿਉਰੋਕਰੇਸੀ ......

**ਸਰਦਾਰ ਪ੍ਰਿਥੀ ਪਾਲ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਗਲਤ ਬਿਆਨੀ ਕਰ ਰਹੇ ਹਨ। ਇਹ ਸਾਰੇ ਕੰਮ ਕਾਂਗਰਸ ਸਰਕਾਰ ਨੇ ਕੀਤੇ ਹਨ।

**ਸਰਦਾਰ ਆਤਮਾ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਕਰਨ ਇਨ੍ਹਾਂ ਨੂੰ ਵੀ ਇਨਾਮ ਦੇ ਦਿਆਂਗੇ। ਇਸ ਬਿਉਰੋਕਰੇਸੀ ਨੇ ਪਬਲਿਕਮੈਨਾਂ ਦੀ ਗਲ ਨੂੰ ਸਿਰੇ ਨਹੀਂ ਚੜ੍ਹਨ ਦਿਤਾ। ਮੈ ਯਤਨ ਕਰਦਾ ਰਿਹਾ ਹਾਂ ਕਿ ਸੁਲਤਾਨਪੁਰ ਲੋਧੀ ਅਤੇ ਗੋਇੰਦਵਾਲ ਸਾਹਿਬ ਵਿਚ ਯਾਤਰੀਆਂ ਲਈ ਬਾਥ ਰੂਮ ਬਣ ਜਾਣ ਅਤੇ ਫਲੱਸ਼ ਸਿਸਟਮ ਦਾ ਪ੍ਰਬੰਧ ਹੋ ਜਾਵੇ। ਪਰ ਮੈਂ ਕੇ.ਪੀ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਦਾ ਕਰੈਡਿਟ ਲੈ ਲੈਣ। ਬਿਉਰੋਕਰੈਟਿਕ ਲੋਕਾਂ ਨੂੰ ਲਗਾਮ ਦੇਣ। ਜਿਥੇ ਜਿਥੇ ਵੀ ਇਨ੍ਹਾਂ ਚੀਜ਼ਾਂ ਦੀ ਲੋੜ ਹੈ ਭਾਵੇਂ ਉਹ ਸਥਾਨ ਹਿੰਦੂਆਂ ਦਾ ਹੈ, ਸਿੱਖਾਂ ਦਾ ਹੈ, ਇਸਾਈਆਂ ਦਾ ਹੈ, ਮੁਸਲਮਾਨਾਂ ਦਾ ਹੈ ਜਾਂ ਰਵੀਦਾਸ ਦੇ ਭਗਤਾਂ ਦਾ ਹੈ, ਇਨ੍ਹਾਂ ਸਾਰਿਆਂ ਦਾ ਸਰਵੇ ਕੀਤਾ ਜਾਵੇ ਅਤੇ ਉਥੇ ਯਾਤਰੀਆਂ ਨੂੰ ਸਹੂਲਤਾਂ ਦਿਤੀਆਂ ਜਾਣ। ਇਨ੍ਹਾਂ ਸ਼ਬਦਾਂ ਨਾਲ ਮੈਂ ਸਿੰਗਲਾ ਜੀ ਦਾ ਧੰਨਵਾਦ ਕਰਦਾ ਹੋਇਆ ਉਨ੍ਹਾਂ ਨੂੰ ਵਧਾਈ ਦਿਆਂਗਾ ਕਿ ਉਨ੍ਹਾਂ ਨੇ ਇਹ ਮਤਾ ਲਿਆ ਕੇ ਇਸ ਹਾਊਸ ਵਿਚ ਇਹ ਗਲਾਂ ਕਹਿਣ ਦਾ ਮੌਕਾ ਦਿਤਾ ਹੈ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਟੂਰਿਜ਼ਮ ਦੇ ਬਾਰੇ ਮਤਾ ਹਾਊਸ ਵਿਚ ਆਇਆ ਹੈ। ਮੈਂ ਇਸ ਦੇ ਬਾਰੇ ਦੋ ਚਾਰ ਗੱਲਾਂ ਕਰਨਾ ਚਾਹੁੰਦਾ ਹਾਂ। ਪਹਿਲੀ ਗੱਲ ਮੈਂ ਇਸ ਦੇ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਲੋੜੀਂਦੇ ਫੰਡ ਤਾਂ ਹਨ ਹੀ ਨਹੀਂ। ਇਸ ਦੇ ਨਾਲ ਹੀ ਜਦੋਂ ਤਕ ਲੋੜੀਂਦੇ ਫੰਡਜ਼ ਦੇ ਨਾਲ ਇਸ ਡਿਪਾਰਟਮੈਂਟ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਪੂਰੀਆਂ ਸਹੂਲਤਾਂ ਨਹੀਂ ਮਿਲਣਗੀਆਂ, ਉਨ੍ਹਾਂ ਦੇ ਗਰੇਡ ਦਰੁਸਤ ਨਹੀਂ ਹੋਣਗੇ, ਉਨ੍ਹਾਂ ਦੀਆਂ

Original with;
Punjab Vidhan Sabha
Digitized by;
Panjab Digital Library

ਨੌਕਰੀਆਂ ਸੁਰੱਖਿਅਤ ਨਹੀਂ ਹੋਣਗੀਆਂ ਤਦ ਤਕ ਆਪਾਂ ਕਿਵੇਂ ਇਹ ਇੱਛਾ ਕਰ ਸਕਦੇ ਹਾਂ ਕਿ ਉਹ ਸਾਡੀ ਸੇਵਾ ਕਰਨਗੇ ਅਤੇ ਬਾਹਰ ਤੋਂ ਆਏ ਹੋਏ ਲੋਕਾਂ ਨੂੰ ਚੰਗਾ ਸਾਮਾਨ ਦੇ ਸਕਣਗੇ। ਜਦੋਂ ਤਕ ਆਪਾਂ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਾਂਗੇ ਤਦ ਤਕ ਅਸੀਂ ਉਨ੍ਹਾਂ ਤੋਂ ਇਹ ਆਸ ਨਹੀਂ ਕਰ ਸਕਦੇ। ਮੈਂ ਉਮੀਦ ਕਰਦਾ ਹਾਂ ਕਿ ਬੀਬੀ ਭੱਠਲ ਜੀ ਨੇ ਇਸ ਮਹਿਕਮੇ ਦਾ ਚਾਰਜ ਸੰਭਾਲਿਆ ਹੈ, ਪਹਿਲਾਂ ਤਾਂ ਮੁੱਖ ਮੰਤਰੀ ਸਾਹਿਬ ਕੋਲ ਬੜਾ ਭਾਰ ਸੀ, ਹੁਣ ਥੋੜ੍ਹਾ ਵੰਡਣ ਦੀ ਕੋਸ਼ਿਸ਼ ਉਨ੍ਹਾਂ ਨੇ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਰਮਚਾਰੀਆਂ ਦੀਆਂ ਜਿਹੜੀਆਂ ਮੰਗਾਂ ਹਨ ਉਹ ਮੰਨਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਇਕ ਡੈਪੂਟੇਸ਼ਨ ਪਿਛਲੀ ਵਾਰੀ ਮਿਲਿਆ ਸੀ ਔਰ ਸਰਕਾਰ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਸੀ ਕਿ ਉਨ੍ਹਾਂ ਦੀਆਂ ਮੰਗਾਂ ਪਰਵਾਨ ਕੀਤੀਆਂ ਜਾਣਗੀਆਂ ਔਰ ਉਨ੍ਹਾਂ ਦੀ ਸਰਵਿਸ ਪ੍ਰਤੀ ਬਾਕਾਇਦਾ ਤੌਰ ਤੇ ਨਿਯਮ ਬਣਾਏ ਜਾਣਗੇ, ਪਰੋਮੋਸ਼ਨਾਂ ਹੋਣਗੀਆਂ। ਮੈਂ ਉਮੀਦ ਕਰਦਾ ਹਾਂ ਕਿ ਬੀਬੀ ਜੀ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਦੇਣਗੇ। ਜੇਕਰ ਯੋਗ ਫੰਡਾਂ ਦੀ ਪ੍ਰੋਵੀਜ਼ਨ ਸਰਕਾਰ ਇਨ੍ਹਾਂ ਰਿਜ਼ਾਰਟਾਂ ਵਾਸਤੇ ਕਰੇ ਤਾਂ ਹੀ ਇਹ ਚੰਗਾ ਪ੍ਰਭਾਵ ਬਾਹਰੋਂ ਆਏ ਲੋਕਾਂ ਤੇ ਪਾ ਸਕਦੇ ਹਨ। ਹੁਣ ਤਾਂ ਉਹ ਹਨੇਰੇ ਸਵੇਰੇ ਹੀ ਵਰਤੇ ਜਾਂਦੇ ਹਨ। ਮੇਰੇ ਸਾਥੀ ਹੀਰੋ ਸਾਹਿਬ ਚਲੇ ਗਏ ਹਨ। ਡਿਪਟੀ ਸਪੀਕਰ ਸਾਹਿਬ, ਜੇਕਰ ਉਥੇ ਸ਼ਾਮ ਨੂੰ ਜਾਈਏ ਤਾਂ ਪਤਾ ਲਗਦਾ ਹੈ ਕਿ ਦਿਨੇ ਤਾਂ ਉਥੇ ਕੋਈ ਨਹੀਂ ਆਉਂਦਾ ਪਰ ਸ਼ਾਮ ਨੂੰ ਜ਼ਰੂਰ ਕੁਝ ਭੱਦਰ ਪੁਰਸ਼ ਮਿਲਦੇ ਹਨ ਔਰ ਉਹ ਉਥੇ ਆ ਕੇ ਭੱਦਰ ਕਾਰਵਾਈਆਂ ਕਰਦੇ ਹਨ। ਦਿਨ ਨੂੰ ਕੋਈ ਰੌਣਕ ਨਹੀਂ ਹੁੰਦੀ। ਉਨ੍ਹਾਂ ਰਿਜ਼ਾਰਟਾਂ ਨੂੰ ਚੰਗੀਆਂ ਕਾਰਵਾਈਆਂ ਕਰਨ ਵਾਸਤੇ, ਲੋਕਾਂ ਦੀ ਸਹੂਲਤ ਵਾਸਤੇ ਵਰਤਿਆ ਜਾ ਸਕਦਾ ਹੈ ਪਰ ਇਹ ਤਾਂ ਹੀ ਹੋ ਸਕਦਾ ਹੈ ਜੇਕਰ ਟੂਰਿਸਟ ਰਿਜ਼ਾਰਟ ਚੰਗੇ ਹੋਣ। ਉਨ੍ਹਾਂ ਨੂੰ ਚੰਗਾ ਬਣਾਉਣ ਲਈ ਜ਼ਰੂਰੀ ਹੈ ਕਿ ਸਾਨੂੰ ਉਨ੍ਹਾਂ ਵੱਲ ਖਾਸ ਧਿਆਨ ਦੇਣਾ ਪਵੇਗਾ।

ਪਹਿਲੀ ਗੱਲ ਤਾਂ ਇਹ ਹੈ ਕਿ ਉਥੇ ਸਫੀਸ਼ੈਂਟ ਚੀਜ਼ਾਂ ਵਾਜਿਬ ਭਾਵਾਂ ਤੇ ਮਿਲਦੀਆਂ ਹੋਣ। ਟੂਰਿਸਟ ਰਿਜ਼ਾਰਟ ਐਸੀਆਂ ਥਾਵਾਂ ਤੇ ਹੋਣ ਜਿਹੜੀਆਂ ਕਿ ਇਤਿਹਾਸਕ ਮਹਾਨਤਾ ਰੱਖਦੀਆਂ ਹੋਣ। ਡਿਪਟੀ ਸਪੀਕਰ ਸਾਹਿਬ, ਸਾਡਾ ਪੰਜਾਬ ਇਤਿਹਾਸ ਦੇ ਪੱਖੋਂ ਬੜਾ ਹੀ ਅਮੀਰ ਹੈ। ਠੀਕ ਹੈ ਕਿ ਕਸ਼ਮੀਰ ਔਰ ਹਿਮਾਚਲ ਪ੍ਰਦੇਸ਼ ਵਿਚ ਕੁਦਰਤੀ ਨਜ਼ਾਰੇ ਹਨ ਪਰ ਪੰਜਾਬ ਇਤਿਹਾਸਿਕ ਤੌਰ ਤੇ ਵੀ ਉਨ੍ਹਾਂ ਜਿਨਾਂ ਹੀ ਅਮੀਰ ਹੈ। ਜੇਕਰ ਟੂਰਿਜ਼ਮ ਡਿਪਾਰਟਮੈਂਟ ਇਸ ਪਾਸੇ ਨੂੰ ਸੋਧ ਦੇਵੇ ਤਾਂ ਇਹ ਦੂਜਿਆਂ ਸੂਬਿਆਂ ਵਾਸਤੇ ਔਰ ਬਾਕੀ ਮੁਲਕਾਂ ਵਾਸਤੇ ਇਕ ਆਕਰਸ਼ਣ ਦਾ ਕੇਂਦਰ ਬਣ ਸਕਦੇ ਹਨ ਔਰ ਇਸ ਤਰ੍ਹਾਂ ਨਾਲ ਦੇਸ਼ ਵਿਚ ਇਕਸੁਰਤਾ ਪੈਦਾ ਹੁੰਦੀ ਹੈ। ਜਿਹੜਾ ਇਨ੍ਹਾਂ ਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਮੁੜ ਮੁੜ ਕੇ ਕਹਿਣਾ ਪੈਂਦਾ ਹੈ ਕਿ ਸਾਡਾ ਦੇਸ਼ ਇਕ ਹੈ, ਇਹ ਨਹੀਂ ਕਹਿਣਾ ਪਵੇਗਾ। ਸਾਡੇ ਇਤਿਹਾਸ ਤੋਂ ਹੀ ਇਸ ਗੱਲ ਦਾ ਪ੍ਰਗਟਾਵਾ ਹੁੰਦਾ ਹੈ ਕਿ ਮੁਗਲਾਂ ਦੇ ਖਿਲਾਫ ਕਿਸ ਤਰ੍ਹਾਂ ਭਾਰਤ ਦੇ ਲੋਕ ਸਾਂਝੇ ਤੌਰ ਤੇ ਲੜਦੇ ਰਹੇ ਹਨ, ਭਾਰਤ ਦੀ ਆਖੰਡਤਾ ਨੂੰ ਕਾਇਮ ਰੱਖਣ ਲਈ ਕਿਸ ਤਰ੍ਹਾਂ ਨਾਲ ਲੋਕ ਇਕੱਠੇ ਹੋ ਕੇ ਸੰਘਰਸ਼ ਕਰਦੇ ਰਹੇ ਹਨ। ਪਰ, ਡਿਪਟੀ ਸਪੀਕਰ ਸਾਹਿਬ, ਹੁਣ ਟੂਰਿਸਟ ਰਿਜ਼ਾਰਟਾਂ ਵਿਚ ਕੀ ਹੁੰਦਾ ਹੈ, ਉਹ ਦਾਰੂ ਪੀਣ ਦੇ ਕੇਂਦਰ ਬਣੇ ਹੋਏ ਹਨ।

**ਸਰਦਾਰ ਪ੍ਰਿਥੀਪਾਲ ਸਿੰਘ:** ਕੀ ਤੁਸੀਂ ਆਪਣੀ ਗੱਲ ਕਰਦੇ ਹੋ ?(ਹਾਸਾ)

**ਪ੍ਰੋਫੈਸਰ ਬਲਵੰਤ ਸਿੰਘ :** ਮੈਂ ਤਾਂ ਨਹੀਂ ਪੀਂਦਾ, ਬਾਕੀ ਜਿਵੇਂ ਕਹੋਗੇ ਕਰ ਲਵਾਂਗੇ। ਸੋ, ਡਿਪਟੀ ਸਪੀਕਰ ਸਾਹਿਬ, ਉਹ ਟੂਰਿਸਟ ਹੱਟਸ ਸਾਡੇ ਅੱਜ ਇਕ ਪਰਟੀਕੂਲਰ ਕਲਾਸ ਵਾਸਤੇ ਹੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਵਰਤੇ ਜਾ ਰਹੇ ਹਨ। ਉਹ ਕਿਹੜੀ ਕਲਾਸ ਹੈ ? ਜਿਹੜੇ ਆਪਣਾ ਵੇਹਲਾ ਟਾਈਮ ਗੁਜ਼ਾਰਨਾ ਚਾਹੁੰਦੇ ਹਨ ਉਹ ਉਥੇ ਚਲੇ ਜਾਂਦੇ ਹਨ। ਅਵਾਮ ਨੂੰ ਉਹ ਰਿਜ਼ਾਰਟਸ ਖਿੱਚ ਨਹੀਂ ਸਕੇ ਕਿਉਂਕਿ ਉਨ੍ਹਾਂ ਦੀ ਆਰਥਿਕ ਹਾਲਤ ਹੀ ਇਸ ਤਰ੍ਹਾਂ ਦੀ ਹੈ ਔਰ ਨਾ ਹੀ ਉਹ ਅਵਾਮ ਦੇ ਆਕਰਸ਼ਣ ਦਾ ਬਿੰਦੂ ਬਣਦੇ ਹਨ। ਉਥੇ ਤਾਂ ਕਾਰਖਾਨੇਦਾਰ ਜੋ ਕਿ ਸਿਆਸਤ ਵਿਚ ਮੌਜਾਂ ਲੁੱਟਦੇ ਹਨ, ਜਾਂਦੇ ਹਨ। ਤੁਹਾਨੂੰ ਗੁੱਸਾ ਨਹੀਂ ਕਰਨਾ ਚਾਹੀਦਾ। ਇਹ ਰਿਜ਼ਾਰਟਸ ਆਕਰਸ਼ਣ ਦਾ ਬਿੰਦੂ ਤਾਂ ਬਣ ਸਕਦੇ ਹਨ ਜੇਕਰ ਲੋੜ ਵਾਲੀਆਂ ਥਾਵਾਂ ਤੇ ਇਹ ਹੋਣ। ਡਿਪਟੀ ਸਪੀਕਰ ਸਾਹਿਬ, ਤੁਸੀਂ ਅੰਮ੍ਰਿਤਸਰ ਤੋਂ ਦਿੱਲੀ ਨੂੰ ਜਾਓ ਤਾਂ ਰਸਤੇ ਵਿਚ ਜਿੱਥੇ ਸਵਾਰੀਆਂ ਨੂੰ ਭੋਜਨ ਪਾਣੀ ਕਰਨਾ ਪੈਂਦਾ ਹੈ ਉਥੇ ਦੇ ਦੁਕਾਨਦਾਰ ਸਵਾਰੀਆਂ ਦੀ ਖੱਲ ਉਤਾਰਦੇ ਹਨ। ਰਾਤ ਨੂੰ ਤਾਂ ਉਹ ਦੋ ਦੋ ਰੁਪਏ ਦਾ ਚਾਹ ਦਾ ਕੱਪ ਦਿੰਦੇ ਹਨ। ਇਸ ਲਈ ਜੇਕਰ ਆਪਣਾ ਮਹਿਕਮਾ ਕੁਝ ਐਸੀਆਂ ਥਾਵਾਂ ਤੇ ਹੱਟਸ ਖੋਲ੍ਹੇ ਜਿਹੜੀਆਂ ਇਤਿਹਾਸਕ ਮਹਾਨਤਾ ਰੱਖਦੀਆਂ ਹੋਣ ਔਰ ਉਥੇ ਬੱਸਾਂ ਖੜ੍ਹੀਆਂ ਹੋ ਕੇ ਅੱਗੇ ਜਾਇਆ ਕਰਨ ਤਾਂ ਇਸ ਨਾਲ ਇਕ ਤਾਂ ਆਮਦਨ ਵਧੇਗੀ ਔਰ ਦੂਸਰਾ ਲੋਕਾਂ ਨੂੰ ਸਹੂਲਤ ਮਿਲੇਗੀ। ਸੋ, ਇਤਿਹਾਸਿਕ ਥਾਵਾਂ ਨੂੰ ਜੇਕਰ ਡਿਵੈਲਪ ਕੀਤਾ ਜਾਵੇ ਤਾਂ ਉਹ ਡਿਵੈਲਪ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ ਮਾਛੀਵਾੜਾ ਹੈ, ਜਿਸ ਜਗ੍ਹਾ ਨਾਲ ਲੋਕਾਂ ਦੇ ਜਜ਼ਬਾਤ ਜੁੜੇ ਹਨ, ਜਿਥੇ ਕਿ ਸਾਡੇ ਦਸਵੇਂ ਗੁਰੂ ਸਾਹਿਬ ਨੇ ਆਪਣੇ ਜੀਵਨ ਦੇ ਪਲ ਬਿਤਾਏ ਸਨ, ਜੇਕਰ ਇਸ ਤਰ੍ਹਾਂ ਦੀਆਂ ਥਾਵਾਂ ਨੂੰ ਟੂਰਿਸਟ ਕੰਪਲੈਕਸ ਬਣਾਉਣ ਵਾਲੀ ਲਿਸਟ ਵਿਚ ਸ਼ਾਮਲ ਕੀਤਾ ਜਾਵੇ ਤਾਂ ਇਹ ਚੰਗਾ ਹੈ। ਹੋਰ ਵੀ ਇਸ ਤਰ੍ਹਾਂ ਦੀਆਂ ਕਈ ਥਾਵਾਂ ਹਨ ਜਿਨ੍ਹਾਂ ਨੂੰ ਡਿਵੈਲਪ ਕੀਤਾ ਜਾਣਾ ਚਾਹੀਦਾ ਹੈ । ਸਪੈਸ਼ਲ ਮੈਗਜ਼ੀਨ ਟੂਰਿਸਟਾਂ ਵਾਸਤੇ ਨਿਕਲਣੇ ਚਾਹੀਦੇ ਹਨ। ਇਕ ਐਡਵਾਈਜ਼ਰੀ ਕਮੇਟੀ ਜ਼ਰੂਰ ਬਣਾਉਣੀ ਚਾਹੀਦੀ ਹੈ ਔਰ ਉਸ ਕਮੇਟੀ ਦਾ ਚੇਅਰਮੈਨ ਵਧੀਆ ਬੰਦੇ ਨੂੰ ਲਗਾਉਣਾ ਚਾਹੀਦਾ ਹੈ, ਸਾਡੀ ਪਾਰਟੀ ਦਾ ਭਾਵੇਂ ਉਸ ਕਮੇਟੀ ਵਿੱਚ ਕੋਈ ਨਾ ਲੈਣਾ, ਆਪਣੀ ਪਾਰਟੀ ਦੇ ਹੀ ਬੰਦੇ ਲੈ ਲੈਣ ਸਾਨੂੰ ਕੋਈ ਇਤਰਾਜ਼ ਨਹੀਂ ਹੈ ਪਰ ਕਮੇਟੀ ਜ਼ਰੂਰ ਹੋਣੀ ਚਾਹੀਦੀ ਹੈ ਔਰ ਉਸ ਕਮੇਟੀ ਦੀ ਐਡਵਾਈਸ ਦੇ ਮੁਤਾਬਿਕ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਚੰਗੇ ਆਰਟਿਸਟ ਔਰ ਲਿਖਾਰੀ ਉਸ ਕਮੇਟੀ ਨਾਲ ਜੋੜੇ ਜਾਣੇ ਚਾਹੀਦੇ ਹਨ ਔਰ ਐਸੀਆਂ ਕਿਤਾਬਾਂ ਔਰ ਮੈਗਜ਼ੀਨ ਹੋਣੇ ਚਾਹੀਦੇ ਹਨ ਜਿਨ੍ਹਾਂ ਤੋਂ ਉਨ੍ਹਾਂ ਥਾਵਾਂ ਦੀ ਖਿੱਚ ਲੋਕਾਂ ਦੇ ਮਨਾਂ ਵਿਚ ਵਧੇ । ਇਸ ਤਰ੍ਹਾਂ ਕਰਨ ਨਾਲ ਇਕ ਤਾਂ ਲਿਖਾਰੀ ਲੋਕਾਂ ਨੂੰ, ਆਰਟਿਸਟਾਂ ਨੂੰ ਰੁਜ਼ਗਾਰ ਮਿਲੇਗਾ, ਕਿਉਂਕਿ ਆਮ ਤੌਰ ਤੇ ਆਰਟਿਸਟ ਬੇਰੁਜ਼ਗਾਰ ਹੀ ਰਹਿੰਦੇ ਹਨ।

ਆਖਿਰ ਵਿਚ ਮੈਂ ਫਿਰ ਇਹ ਕਹਾਂਗਾ ਕਿ ਟੂਰਿਜ਼ਮ ਡਿਪਾਰਟਮੈਂਟ ਦੇ ਕਰਮਚਾਰੀਆਂ ਦੀਆਂ ਮੰਗਾਂ ਜ਼ਰੂਰ ਮੰਨਣੀਆਂ ਚਾਹੀਦੀਆਂ ਹਨ। ਮੈਂ ਆਸ ਕਰਦਾ ਹਾਂ ਕਿ ਸਰਕਾਰ ਉਨ੍ਹਾਂ ਨੂੰ ਜ਼ਰੂਰ ਮੰਨੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਸਟਰ ਬਾਬੂ ਸਿੰਘ**: ਡਿਪਟੀ ਸਪੀਕਰ ਸਾਹਿਬ, ਰੈਜ਼ੋਲਿਉਸ਼ਨ ਬੜਾ ਚੰਗਾ ਹੈ । ਇਹ ਸਰਵ-ਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ। ਪਰ ਸਰਕਾਰ ਦੀ ਇਨਟੈਨਸ਼ਨ ਇਹ ਜਾਪਦੀ ਹੈ ਕਿ ਉਹ ਇਸ ਨੂੰ ਟਾਕ ਓਵਰ ਕਰਨਾ ਚਾਹੁੰਦੀ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਇਸ ਨੂੰ ਪਾਸ ਕਰਾਉਣਾ ਚਾਹੀਦਾ ਹੈ ਤਾਂਕਿ ਹੋਰ ਵੀ ਕੋਈ ਚੰਗਾ ਰੈਜ਼ੋਲਿਉਸ਼ਨ ਆ ਸਕੇ।

**ਚੌਧਰੀ ਜਗਜੀਤ ਸਿੰਘ**: (ਕਰਤਾਰਪੁਰ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਸਿੰਗਲਾ ਸਾਹਿਬ ਨੇ ਜਿਹੜਾ ਰੈਜ਼ੋਲਿਉਸ਼ਨ ਲਿਆਂਦਾ ਹੈ ਮੈਂ ਉਸ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਾਡਾ ਪੰਜਾਬ ਬਹੁਤ ਵੱਡਾ ਪੰਜਾਬ ਸੀ ਇਥੇ ਬਹੁਤ ਅੱਛੀਆਂ ਅੱਛੀਆਂ ਜਗ੍ਹਾ, ਪਹਾੜ ਤੇ ਝੀਲਾਂ

Original with;
Punjab Vidhan Sabha
Digitized by;
Panjab Digital Library

ਹੁੰਦੇ ਸਨ ਪਰ ਉਹ ਸਭ ਅਕਾਲੀਆਂ ਦੀ ਕਿਰਪਾ ਨਾਲ ਇਥੋਂ ਨਿਕਲ ਗਏ ਹਨ। ਪਰ ਫਿਰ ਵੀ ਛੋਟੇ ਪੰਜਾਬ ਦਾ ਇਤਿਹਾਸ ਮਹਾਨ ਹੈ। ਇਥੇ ਬਹੁਤ ਸਾਰੀਆਂ ਜਗ੍ਹਾ ਹਨ ਜਿਨ੍ਹਾਂ ਨੂੰ ਅਸੀਂ ਟੂਰਿਸਟ ਕੰਮਪਲੈਕਸ ਬਣਾ ਕੇ ਉਨ੍ਹਾਂ ਦੀ ਅਹਿਮੀਅਤ ਨੂੰ ਹੋਰ ਵਧਾ ਸਕਦੇ ਹਾਂ ਔਰ ਇਸ ਦੀ ਜਿਹੜੀ ਕਲਚਰ ਹੈ ਉਸ ਨੂੰ ਰੌਸ਼ਨ ਕਰ ਸਕਦੇ ਹਾਂ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਸਰਕਾਰ ਨੂੰ ਸੁਝਾਓ ਦੇਵਾਂਗਾ।

ਪਹਿਲੀ ਗੱਲ ਤਾਂ ਇਹ ਹੈ ਕਿ ਸਾਡੇ ਟੂਰਿਸਟ ਡਿਪਾਰਟਮੈਂਟ ਦੇ ਜਿਹੜੇ ਕਰਮਚਾਰੀ ਹਨ ਉਨ੍ਹਾਂ ਵਿਚ ਐਸੇ ਟਰੇਂਡ ਗਾਈਡ ਰੱਖਣੇ ਚਾਹੀਦੇ ਹਨ ਤਾਂਕਿ ਜਿਹੜਾ ਵੀ ਟੂਰਿਸਟ ਆਵੇ, ਉਨ੍ਹਾਂ ਨੂੰ ਪੰਜਾਬ ਦੇ ਇਤਿਹਾਸ ਬਾਰੇ, ਪੰਜਾਬ ਦੀ ਕਲਚਰ ਬਾਰੇ, ਔਰ ਪੰਜਾਬ ਦੀਆਂ ਅੱਛੀਆਂ ਅੱਛੀਆਂ ਚੀਜ਼ਾਂ ਬਾਰੇ ਜਾਣੂ ਕਰਵਾਇਆ ਜਾ ਸਕੇ।

ਸਰਦਾਰ ਦਰਬਾਰਾ ਸਿੰਘ ਜੀ ਨੇ ਸਿੱਖੀ ਦਾ ਧੁਰਾ ਗੋਇੰਦਵਾਲ ਸਾਹਿਬ ਬਾਰੇ ਜਿੱਥੇ ਕਿ ਪਹਿਲਾਂ ਕੋਈ ਤਰੱਕੀ ਦਾ ਕੰਮ ਨਹੀਂ ਹੋਇਆ ਸੀ, ਉਨ੍ਹਾਂ ਨੇ ਉਥੇ ਇਕ ਆਪਣੀ ਹੀ ਨੇਚਰ ਦਾ ਵੱਡਾ ਕੰਪਲੈਕਸ ਬਣਵਾ ਕੇ ਇਕ ਵੱਡਾ ਪ੍ਰੋਗਰਾਮ ਦਿੱਤਾ। ਉਸ ਸਥਾਨ ਦੀ ਤਰੱਕੀ ਦਾ ਪ੍ਰੋਗਰਾਮ ਦਿੱਤਾ ਔਰ ਉਸ ਦੀ ਜ਼ਿਆਦਾ ਅਹਿਮੀਅਤ ਵਧਾਉਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਹੀ ਬਾਬੇ ਬਕਾਲੇ ਵੀ ਟੂਰਿਸਟ ਕੰਪਲੈਕਸ ਬਣਾਉਣਾ ਚਾਹੀਦਾ ਹੈ। ਉਥੇ ਸਾਡੇ ਨੌਂਵੇਂ ਗੁਰੂ, ਗੁਰੂ ਤੇਗ ਬਹਾਦਰ ਜੀ, ਹਿੰਦ ਦੀ ਚਾਦਰ ਬਣਕੇ ਪ੍ਰਗਟ ਹੋਏ ਸਨ। ਇਸ ਲਈ ਉਥੇ ਵੀ ਕੰਪਲੈਕਸ ਬਣਾ ਕੇ ਉਥੇ ਦੀ ਮਹਾਨਤਾ ਹੋਰ ਵਧਾਉਣੀ ਚਾਹੀਦੀ ਹੈ। ਉਥੇ ਲੋਕ ਅਸ਼ੀਰਵਾਦ ਲੈਣ ਵਾਸਤੇ ਆਉਂਦੇ ਹਨ, ਉਨ੍ਹਾਂ ਨੂੰ ਵੀ ਟੂਰਿਸਟ ਰਿਜ਼ਾਰਟ ਦੀ ਸਹੂਲਤ ਪ੍ਰਾਪਤ ਹੋ ਸਕਦੀ ਹੈ। ਇਸ ਤਰ੍ਹਾਂ ਰਾਮ ਤੀਰਥ ਵਿੱਚ ਵੀ ਟੂਰਿਸਟ ਰਿਜ਼ਾਰਟ ਬਣਾਇਆ ਜਾ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਵਿੱਚ ਇਕ ਸਫੈਦ ਵੇਈਂ ਚਹੇੜੂ ਕੋਲ ਦੀ ਵਗਦੀ ਹੈ। ਉਥੇ ਨੈਚਰਲ ਪਾਣੀ ਵਹਿੰਦਾ ਹੈ। ਉਥੇ ਝੀਲ ਬਣ ਸਕਦੀ ਹੈ। ਸਾਡੇ ਮੋਹਤਰਮ ਰਾਜਪਾਲ ਸਾਹਿਬ ਵੀ ਉਥੇ ਗਏ ਸਨ ਅਤੇ ਉਨ੍ਹਾਂ ਨੇ ਨਰੀਖਣ ਵੀ ਕੀਤਾ ਸੀ। ਡਰੇਨੇਜ ਡਿਪਾਰਟਮੈਂਟ ਨੇ ਉਸ ਦਾ ਨਕਸ਼ਾ ਵਗੈਰਾ ਵੀ ਤਿਆਰ ਕੀਤਾ ਸੀ। ਸੋ ਮੈਂ ਤੁਹਾਡੀ ਮਾਰਫਤ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇਸ ਵੱਲ ਧਿਆਨ ਦੇਣ ਔਰ ਇਥੇ ਇਕ ਕੰਪਲੈਕਸ ਜਲਦੀ ਬਣਾਉਣਾ ਚਾਹੀਦਾ ਹੈ। ਹਰ ਤਰ੍ਹਾਂ ਦੀਆਂ ਟੂਰਿਸਟ ਨੂੰ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂਕਿ ਸਾਡੇ ਟੂਰਿਸਟ ਉਥੇ ਆ ਕੇ ਪੂਰਾ ਸਵਾਦ ਮਾਣ ਸਕਣ। ਇਸ ਦੇ ਨਾਲ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਜਿਥੇ ਸਾਡੇ ਟੂਰਿਸਟ ਕੰਪਲੈਕਸ ਬਣੇ ਹੋਏ ਹਨ ਜਾਂ ਜਿਥੇ ਉਹ ਬਣਾਏ ਜਾ ਰਹੇ ਹਨ ਉਥੇ ਖਾਣ ਪੀਣ ਦੇ ਤਰੀਕੇ ਵਿੱਚ ਕੁਝ ਹੋਰ ਸੁਧਾਰ ਕਰਨਾ ਚਾਹੀਦਾ ਹੈ। ਸਿਰਫ ਕਮਾਈ ਨੂੰ ਹੀ ਸਾਧਨ ਨਹੀਂ ਬਣਾਉਣਾ ਚਾਹੀਦਾ ਬਲਕਿ ਸਸਤੇ ਭਾਅ ਤੇ ਟੂਰਿਸਟਸ ਨੂੰ ਖਾਣ ਪੀਣ ਵਾਲੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ ਤਾਂਕਿ ਆਮ ਲੋਕ ਇਸ ਦਾ ਫਾਇਦਾ ਉਠਾ ਸਕਣ ਔਰ ਆਮ ਲੋਕ ਉਥੇ ਜਾ ਸਕਣ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਕਿ ਇਨ੍ਹਾਂ ਕੰਪਲੈਕਸਾਂ ਦੇ ਨਾਲ ਜਿਹੜੇ ਪ੍ਰਾਈਵੇਟ ਹੋਟਲ ਹਨ ਉਹ ਉਨ੍ਹਾਂ ਦੇ ਮੁਕਾਬਲੇ ਜ਼ਿਆਦਾ ਕਾਮਯਾਬ ਹਨ। ਉਹ ਇਸ ਕਰਕੇ ਕਾਮਯਾਬ ਹਨ ਕਿਉਂਕਿ ਉਥੇ ਜਿਹੜੀ ਸਰਵਿਸ ਹੈ ਉਹ ਬੜੀ ਚੰਗੀ ਹੁੰਦੀ ਹੈ। ਸੋ ਮੈਂ ਇਹ ਵੀ ਬੇਨਤੀ ਕਰਾਂਗਾ ਕਿ ਜਿੰਨੇ ਵੀ ਸਰਕਾਰ ਨੇ ਟੂਰਿਸਟ ਰਿਜ਼ਾਰਟ ਜਾਂ ਹੋਟਲ ਬਣਾਏ ਹਨ ਉਥੇ ਖਾਣ ਪੀਣ ਵਾਸਤੇ ਸਰਵਿਸ ਦਾ ਪ੍ਰਬੰਧ ਚੰਗਾ ਕਰਨਾ ਚਾਹੀਦਾ ਹੈ। ਇਸ ਵਿੱਚ ਜ਼ਰੂਰ ਸੁਧਾਰ ਕਰਨਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਇਸ ਦੇ ਨਾਲ ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਜਿਥੇ ਜਿਥੇ ਇਹ ਟੂਰਿਸਟ ਕੰਪਲੈਕਸ ਬਣੇ ਹਨ ਉਥ ਬਸ ਸਟਾਪ ਬਣਨੇ ਚਾਹੀਦੇ ਹਨ ਤਾਂਕਿ ਜਿਹੜਾ ਸਾਡਾ ਏਮ ਹੈ ਇਨ੍ਹਾਂ ਨੂੰ ਚੰਗੀ ਹਾਲਤ ਵਿਚ ਚਲਾਉਣ ਦਾ ਉਹ ਪੂਰਾ ਹੋ ਸਕੇ। ਜਿਹੜੀਆਂ ਬੱਸਾਂ ਪ੍ਰਾਈਵੇਟ ਦੁਕਾਨਾਂ ਦੇ ਅੱਗੇ ਜਾ ਕੇ ਰੁਕਦੀਆਂ ਹਨ ਉਥੇ ਖਾਣ ਪੀਣ ਦੀਆਂ ਚੀਜ਼ਾਂ ਕੁਝ ਮਹਿੰਗੀਆਂ ਮਿਲਦੀਆਂ ਸਨ। ਇਸ ਲਈ ਸਾਡੀ ਸਰਕਾਰ ਨੂੰ ਇਹ ਬਸ ਸਟਾਪ ਇਨ੍ਹਾਂ ਕੰਪਲੈਕਸਾਂ ਦੇ ਸਾਹਮਣੇ ਬਣਾਉਣੇ ਚਾਹੀਦੇ ਹਨ ਤਾਂਕਿ ਇਹ ਚੰਗੀ ਤਰ੍ਹਾਂ ਕਾਮਯਾਬ ਹੋ ਸਕਣ। ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿੰਨੇ ਵੀ ਕੰਪਲੈਕਸ ਬਣੇ ਹਨ ਉਨ੍ਹਾਂ ਵਿਚ ਸੁਧਾਰ ਕੀਤਾ ਜਾਵੇ ਔਰ ਬੜੇ ਸ਼ਾਨਦਾਰ ਤਰੀਕੇ ਨਾਲ ਬਣਾਏ ਜਾਣ। ਉਥੇ ਆਲ੍ਹਾ ਦਰਜੇ ਦੇ ਫੁੱਲ ਲਾਏ ਜਾਣ ਜਿਹੜੇ ਕਿ ਲੋਕਾਂ ਦੇ ਮਨਾਂ ਨੂੰ ਖਿੱਚਣ। ਇਨ੍ਹਾਂ ਕੰਪਲੈਕਸਾਂ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਜਾਇਆ ਜਾਵੇ ਤਾਂਕਿ ਉਥੇ ਲੋਕ ਜਾਣ ਔਰ ਆਨੰਦ ਮਾਣ ਸਕਣ। ਮੈਂ ਇਸ ਲਈ ਤੁਹਾਡੀ ਮਾਰਫਤ ਸਰਕਾਰ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਸ ਡਿਪਾਰਟਮੈਂਟ ਵਾਸਤੇ, ਇਸ ਕਾਰਪੋਰੇਸ਼ਨ ਵਾਸਤੇ ਜ਼ਿਆਦਾ ਪੈਸਾ ਰਖਣਾ ਚਾਹੀਦਾ ਹੈ ਤਾਂਕਿ ਲੋਕਾਂ ਨੂੰ ਪੂਰੀ ਸਹੂਲਤ ਮਿਲ ਸਕੇ। ਪੰਜਾਬ ਦੇ ਲੋਕ ਔਰ ਬਾਹਰ ਤੋਂ ਆਉਣ ਵਾਲੇ ਲੋਕ ਇਥੇ ਆਕੇ ਠਹਿ-ਰਣ ਔਰ ਖੁਸ਼ੀ ਮਹਿਸੂਸ ਕਰਨ। ਇਸ ਤੋਂ ਇਲਾਵਾ ਪੰਜਾਬ ਤੋਂ ਬਾਹਰ ਦਿੱਲੀ ਵੀ ਠਹਿਰਨ ਲਈ ਇਹ ਕੰਪਲੈਕਸ ਬਣਾਉਣੇ ਚਾਹੀਦੇ ਹਨ ਕਿਉਂਕਿ ਦਿੱਲੀ ਸਾਡੇ ਬਹੁਤ ਸਾਰੇ ਲੋਕ ਜਾਂਦੇ ਹਨ ਔਰ ਹੋਰ ਸਟੇਟਸ ਦੇ ਲੋਕ ਵੀ ਆਉਂਦੇ ਹਨ। ਇਸ ਤਰ੍ਹਾਂ ਨਾਲ ਸੱਭਿਅਤਾ ਦਾ ਫੈਲਾਓ ਹੋਵੇਗਾ। ਫਿਰ ਏਅਰ ਕੰਡੀਸ਼ਨਡ ਬੱਸਾਂ ਵੀ ਚਲਾਉਣੀਆਂ ਚਾਹੀਦੀਆਂ ਹਨ ਤਾਂ ਕਿ ਪੰਜਾਬ ਦੇ ਟੂਰਿਸਟ ਅਤੇ ਹੋਰ ਸਟੇਟਸ ਦੇ ਟੂਰਿਸਟ ਇਥੇ ਆਕੇ ਰਹਿਣ। ਇਸ ਨਾਲ ਸਾਡੀ ਸਭਿਅਤਾ ਦਾ ਹਿੰਦੁਸਤਾਨ ਦੇ ਲੋਕਾਂ ਵਿਚ ਫੈਲਾਓ ਹੋਵੇਗਾ ਔਰ ਭਾਈਚਾਰਾ ਵਧੇਗਾ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਹ ਜਿਹੜਾ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ ਇਸ ਦੀ ਪ੍ਰੋੜਤਾ ਕਰਦਾ ਹਾਂ ਔਰ ਇਹ ਕਹਿੰਦਾ ਹਾਂ ਕਿ ਇਸ ਨੂੰ ਸਰਵਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ, ਕੇਂਦਰੀ) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਮਾਨਯੋਗ ਸੰਤ ਰਾਮ ਸਿੰਗਲਾ ਸਾਹਿਬ ਵਲੋਂ ਰਖਿਆ ਗਿਆ ਹੈ ਮੈਂ ਇਸ ਦੀ ਪ੍ਰੋੜਤਾ ਕਰਨ ਲਈ ਖੜਾ ਹੋਇਆ ਹਾਂ ਔਰ ਆਪਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਵਿਚਾਰ ਪ੍ਰਗਟ ਕਰਨ ਦਾ ਮੌਕਾ ਦਿੱਤਾ ਹੈ।

ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਧਰਤੀ ਨੂੰ ਦੁਨੀਆਂ ਵਿਚ ਇਕ ਚਾਨਣ ਮੁਨਾਰਾ ਮੰਨਿਆ ਗਿਆ ਹੈ। ਪੰਜਾਬ ਦੀ ਧਰਤੀ ਤੇ ਰਿਸ਼ੀ-ਮੁਨੀਆਂ, ਪੀਰ-ਪੈਗੰਬਰਾਂ ਔਰ ਗੁਰੂਆਂ ਨੇ ਦਰਿਆਵਾਂ ਦੇ ਕਿਨਾਰੇ ਬੈਠ ਕੇ ਸੰਸਕ੍ਰਿਤੀ ਤਾਂ ਮੈਂ ਨਹੀਂ ਕਹਿੰਦਾ, ਪਰ ਹੋਰ ਕਈ ਚੀਜ਼ਾਂ ਵਿਚ ਅਡੀਸ਼ਨ ਕੀਤੀ। ਦੁਨੀਆਂ ਦੀ ਸਭ ਤੋਂ ਪੁਰਾਣੀ ਕਿਤਾਬ ਰਿਗ ਵੇਦ ਦਾ ਜਨਮ ਪੰਜਾਬ ਦੀ ਧਰਤੀ ਤੇ ਹੋਇਆ। ਸਾਨੂੰ ਇਸ ਦਾ ਮਾਣ ਹੈ। ਅੰਮ੍ਰਿਤਸਰ ਵਿਖੇ ਗੁਰੂ ਅਰਜਨ ਦੇਵ ਨੇ ਗੁਰੂ ਗਰੰਥ ਸਾਹਿਬ ਦੀ ਰਚਨਾ ਕੀਤੀ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਸ਼ੁਰੂ ਤੋਂ ਲੈ ਕੇ ਅਖੀਰ ਤਕ ਲੋਕਾਂ ਦੇ ਮਨ ਵਿਚ ਇਹ ਚਾਹ ਰਹੀ ਹੈ ਕਿ ਅਜਿਹੀ ਥਾਂ ਤੇ ਬੈਠਿਆ ਜਾਵੇ ਜਿਹੜੀ ਮਨ ਨੂੰ ਲੁਭਾਵਨੀ ਹੋਵੇ। ਅਜਿਹੀ ਥਾਂ ਹੋਵੇ ਜਿਥੇ ਇਨਸਾਨ ਆਪਣੀਆਂ ਪੁਰਾਣੀਆਂ ਗੱਲਾਂ ਭੁਲ ਕੇ ਨਵੀਆਂ ਗਲਾਂ ਸੋਚ ਸਕੇ ਔਰ ਸਾਰੇ ਮਨ ਦਾ ਦੁਖ ਭੁਲਾ ਸਕੇ।

Original with;
Punjab Vidhan Sabha
Digitized by;
Panjab Digital Library

ਪੰਜਾਬ ਵਿੱਚ ਕੋਈ ਜ਼ਿਆਦਾ ਟੂਰਿਸਟ ਰਿਜ਼ਾਰਟ ਤਾਂ ਨਹੀਂ ਹਨ। ਇਹ ਸਾਡੀ ਬਦਕਿਸਮਤੀ ਹੈ। ਜਦੋਂ ਅਸੀਂ ਬਾਹਰਲੇ ਦੇਸ਼ਾਂ ਵਿਚ ਵੇਖਦੇ ਹਾਂ ਤਾਂ ਉਨ੍ਹਾਂ ਨੇ ਅਜਿਹੇ ਚੰਗੇ ਰਿਜ਼ਾਰਟ ਬਣਾਏ ਹੋਏ ਹਨ ਕਿ ਉਥੋਂ ਦੇ ਲੋਕ ਹਰ ਸ਼ਨਿਚਰਵਾਰ ਅਤੇ ਐਤਵਾਰ ਨੂੰ ਬੈਠ ਕੇ ਜ਼ਿੰਦਗੀ ਦਾ ਆਨੰਦ ਪ੍ਰਾਪਤ ਕਰਦੇ ਹਨ। 5-4 ਦਿਨ ਕੰਮ ਕਰਨ ਤੋਂ ਬਾਅਦ ਉਹ 2 ਦਿਨ ਇਥੇ ਆਕੇ ਪੂਰਾ ਅਰਾਮ ਕਰਦੇ ਹਨ। ਇਹ ਸਾਡੀ ਬਦਕਿਸਮਤੀ ਹੈ ਕਿ ਪੰਜਾਬ ਵਿਚ ਕੋਈ ਸਮੁੰਦਰ ਤਾਂ ਨਹੀਂ ਹੈ ਪਰ ਜਿਹੜੇ ਦਰਿਆ ਹਨ ਸਾਨੂੰ ਉਨ੍ਹਾਂ ਦਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ। ਇਸ ਸਿਲਸਿਲੇ ਵਿਚ ਵੀ ਅਸੀਂ ਆਪਣੇ ਗਵਾਂਢੀ ਪ੍ਰਾਂਤ ਹਰਿਆਣਾ ਨੂੰ ਵੇਖ ਕੇ ਆਪਣੇ ਆਪਨੂੰ ਨੰਬਰ ਦੋ ਤੇ ਸਮਝਦੇ ਹਾਂ। ਪਰ ਅਸਲ ਵਿਚ ਕਈ ਹੋਰ ਸਟੇਟਸ ਟੂਰਿਸਟ ਰਿਜ਼ਾ-ਰਟ ਬਣਾਉਣ ਵਿਚ ਕਾਫੀ ਅੱਗੇ ਹਨ। ਸਾਡੀ ਸਰਕਾਰ ਦੀ ਬਦਕਿਸਮਤੀ ਹੈ ਕਿ ਸਾਡੇ ਪੰਜਾਬ ਵਿਚੋਂ ਜਿੰਨੇ ਵੀ ਪਹਾੜੀ ਇਲਾਕੇ ਸਨ ਉਹ ਪੰਜਾਬ ਤੋਂ ਬਾਹਰ ਚਲੇ ਗਏ ਹਨ। ਪੰਜਾਬ ਦੇ ਪੁਰਾਣੇ ਇਤਿਹਾਸ ਬਾਰੇ ਮੈਂ ਹੁਣ ਕੁਝ ਨਹੀਂ ਕਹਿਣਾ ਚਾਹੁੰਦਾ ਪਰ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੇ ਜਨਸੰਘ ਨਾਲ ਮਿਲ ਕੇ ਅੰਦੋਲਨ ਚਲਾਇਆ ਔਰ ਬਦਕਿਸਮਤੀ ਨਾਲ ਜਿੰਨੇ ਸਾਡੇ ਪਹਾੜੀ ਇਲਾਕੇ ਸਨ ਉਹ ਪੰਜਾਬ ਨਾਲੋਂ ਵੱਖਰੇ ਹੋ ਗਏ। ਪਿਛਲੀ ਵਾਰ ਜਦੋਂ ਅਸੀਂ ਕਮੇਟੀ ਨਾਲ ਮਨਾਲੀ ਗਏ ਸੀ ਔਰ ਉਥੇ ਜਾ ਕੇ ਸ਼ਾਨਦਾਰ ਜਗ੍ਹਾ ਵੇਖੀਆਂ ਤਾਂ ਉਸ ਵੇਲੇ ਸਾਰੇ ਮੈਂਬਰਾਂ ਨੇ ਇਹ ਮਹਿਸੂਸ ਕੀਤਾ ਸੀ ਕਿ ਸਾਡੇ ਪੰਜਾਬ ਕੋਲੋਂ ਇਕ ਬਹੁਤ ਹੀ ਸੁੰਦਰ ਜਗ੍ਹਾ ਨਿਕਲ ਗਈ ਹੈ ਔਰ ਸਿਰਫ ਹੁਣ ਮੈਦਾਨੀ ਇਲਾਕਾ ਹੀ ਰਹਿ ਗਿਆ ਹੈ। ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਹੁਣ ਵੀ ਕੋਈ ਘਬਰਾਉਣ ਵਾਲੀ ਗੱਲ ਨਹੀਂ। ਜੇ ਆਬੂਧਾਬੀ ਅਤੇ ਹੋਰ ਇਹੋ ਜਿਹੇ ਰੇਗਿਸਤਾਨ ਇਲਾਕੇ ਨੂੰ ਮਾਡਰਨ ਤਕਨੀਕ ਨਾਲ ਸਜਾਇਆ ਜਾ ਸਕਦਾ ਹੈ ਤਾਂ ਫਿਰ ਸਾਡੇ ਕੋਲ ਤਾਂ ਕੁਦਰਤ ਦੀ ਕਾਫੀ ਦੇਣ ਹੈ। ਸਾਨੂੰ ਇਨ੍ਹਾਂ ਦਾ ਪੂਰਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ।

ਇਕ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਕੋਲ ਖਾਸ ਤੌਰ ਤੇ ਦਰਿਆ ਬਿਆਸ ਦੇ ਕਿਨਾਰੇ ਜਿਹੜੀ ਜਗ੍ਹਾ ਹੈ ਉਥੇ ਕੋਈ ਡਿਵੈਲਪਮੈਂਟ ਨਹੀਂ ਕਰ ਸਕੇ। ਜਲੰਧਰ ਔਰ ਅੰਮ੍ਰਿਤਸਰ ਦੇ ਵਿਚਕਾਰ ਦਰਿਆ ਬਿਆਸ ਤੇ ਜੀ. ਟੀ. ਰੋਡ ਦੇ ਨਾਲ ਇਕ ਆਰਟੀ-ਫੀਸ਼ੀਅਲ ਝੀਲ ਬਣਾਉਣੀ ਚਾਹੀਦੀ ਹੈ। ਜੇ ਇਥੇ ਝੀਲ ਬਣਾਈ ਜਾਵੇ ਤਾਂ ਇਹ ਬਹੁਤ ਸੁੰਦਰ ਜਗ੍ਹਾ ਬਣ ਸਕਦੀ ਹੈ ਔਰ ਕਾਫੀ ਟੂਰਿਸਟਸ ਨੂੰ ਅਟਰੈਕਟ ਕਰ ਸਕਦੀ ਹੈ। ਇਸ ਤੋਂ ਇਲਾਵਾ ਹੋਰ ਵੀ ਟੂਰਿਸਟ ਰਿਜ਼ਾਰਟਸ ਬਣਾਏ ਜਾ ਰਹੇ ਹਨ ਉਹ ਜ਼ਿਆਦਾ ਅਟਰੈਕਟਿਵ ਹੋਣੇ ਚਾਹੀਦੇ ਹਨ

ਡਿਪਟੀ ਸਪੀਕਰ ਸਾਹਿਬ, ਸਾਡਾ ਅੰਮ੍ਰਿਤਸਰ ਸ਼ਹਿਰ ਸਾਰੇ ਹਿੰਦੁਸਤਾਨ ਦਾ ਧਾਰਮਿਕ ਸ਼ਹਿਰ ਹੈ ਜਿੱਥੇ ਟੂਰਿਸਟ ਸਭ ਤੋਂ ਵੱਧ ਜਾਂਦੇ ਹਨ। ਉਹ ਬੜੀ ਅੱਛੀ ਜਗ੍ਹਾ ਸੀ। ਪੰਜਾਬ ਵਿਚ ਜਿਹੜਾ ਟੂਰਿਸਟ ਆਉਂਦਾ ਹੈ, ਉਹ ਅੰਮ੍ਰਿਤਸਰ ਜ਼ਰੂਰ ਜਾਂਦਾ ਹੈ। ਉਥੇ ਜਲ੍ਹਿਆਂ ਵਾਲਾ ਬਾਗ ਹੈ। ਹਰਮੰਦਰ ਸਾਹਿਬ ਹੈ। ਜਲ੍ਹਿਆਂ ਵਾਲੇ ਬਾਗ ਦੀ ਧਰਤੀ ਚੰਗੀ ਤਰ੍ਹਾਂ ਡਿਵੈਲਪ ਨਹੀਂ ਕਰ ਸਕੀ। ਉਥੇ ਇੰਟਰਨੈਸ਼ਨਲ ਹੋਟਲ ਬਣਿਆ ਹੈ। ਇਹ ਰੈਸਟੋਰੈਂਟ ਬਹੁਤ ਮਹਿੰਗਾ ਹੈ। ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੈ। ਆਮ ਆਦਮੀ ਦੋ ਤਿੰਨ ਸੌ ਰੁਪਿਆ ਰੋਜ਼ ਦਾ ਨਹੀਂ ਦੇ ਸਕਦਾ। ਇਸ ਲਈ ਮੇਰੀ ਰਾਏ ਹੈ ਕਿ ਮਿਡਲ ਕਲਾਸ ਦੇ ਬੰਦਿਆਂ ਲਈ ਅਤੇ ਆਮ ਆਦਮੀ ਲਈ ਉਥੇ ਫਲੈਟ ਜ਼ਰੂਰ ਬਣਾਇਆ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਜਿਤਨੇ ਵੀ ਸਾਡੇ ਟੂਰਿਸਟ ਰਿਜ਼ਾਰਟ ਹਨ, ਉਨ੍ਹਾਂ ਦੇ ਨਾਂ ਪਿੰਕਕਾਸੀਆ, ਅਮਲਤਾਸ ਅਤੇ ਮੰਗਲੂਲੀਆ ਆਦਿ ਹਨ। ਇਨ੍ਹਾਂ ਦੇ ਨਾਂ ਪੰਜਾਬੀ ਭਾਸ਼ਾ ਵਿਚ ਲੱਭੇ ਜਾਣ ਤਾਂਕਿ ਆਮ ਆਦਮੀ ਨੂੰ ਵੀ ਪਤਾ ਲਗ ਸਕੇ। ਜਿਹੜੇ ਨਾਂ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਇਸ ਵੇਲੇ ਰਖੇ ਗਏ ਹਨ, ਉਹ ਆਮ ਆਦਮੀ ਤਾਂ ਸਮਝ ਹੀ ਨਹੀਂ ਸਕਦਾ। ਇਹ ਨਾਂ ਸਿਰਫ ਪੜ੍ਹੇ ਲਿਖੇ ਲੋਕ ਹੀ ਸਮਝ ਸਕਦੇ ਹਨ ਜਾਂ ਵੱਡੇ ਵੱਡੇ ਲੋਕ ਹੀ ਸਮਝ ਸਕਦੇ ਹਨ। ਜਿਹੜਾ ਉਥੋਂ ਦਾ ਸਟਾਫ ਹੈ, ਉਹ ਵੈਲ ਟਰੇਂਡ ਹੋਣਾ ਚਾਹੀਦਾ ਹੈ। ਉਨ੍ਹਾਂ ਦਾ ਬੀਹੇਵੀਅਰ ਠੀਕ ਹੋਣਾ ਚਾਹੀਦਾ ਹੈ । ਉਨ੍ਹਾਂ ਨੂੰ ਮਹਿਮਾਨਾਂ ਦੀ ਇੱਜ਼ਤ ਕਰਨ ਦਾ ਪਤਾ ਹੋਣਾ ਚਾਹੀਦਾ ਹੈ। ਸਟਾਫ ਵਿਚ ਐਪਟੀਚੂਡ ਡਿਵੈਲਪ ਕਰਨਾ ਚਾਹੀਦਾ ਹੈ ਬਲਕਿ ਉਨ੍ਹਾਂ ਕੰਪਲੈਕਸਾਂ ਵਿਚ ਉਨਾਂ ਲੋਕਾਂ ਨੂੰ ਸੇਵਾ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ ਜਿਨ੍ਹਾਂ ਦੇ ਦਿਲ ਵਿਚ ਸੇਵਾ ਭਾਵਨਾ ਹੋਵੇ। ਇਹ ਨਾ ਹੋਵੇ ਕਿ ਜਿਸ ਦੀ ਸਿਫਾਰਸ਼ ਹੋਵੇ ਉਸ ਨੂੰ ਰੱਖ ਲਿਆ ਜਾਵੇ । ਇਹ ਕੰਪਲੈਕਸ ਪਾਪੂਲੇਰਾਈਜ਼ ਹੋਣੇ ਚਾਹੀਦੇ ਹਨ ਤਾਂਕਿ ਸਭ ਨੂੰ ਪਤਾ ਲਗ ਸਕੇ। ਭਾਵੇਂ ਐਡਵਰਟਾਈਜ਼ਮੈਂਟ ਦੇ ਜ਼ਰੀਏ ਜਾਂ ਕਿਸੇ ਹੋਰ ਤਰੀਕੇ ਦੇ ਨਾਲ ਪਾਪੂਲਰ ਹੋਵੇ। ਜਿਸ ਤਰ੍ਹਾਂ ਮਾਨਯੋਗ ਮੈਂਬਰਾਂ ਨੇ ਇਥੇ ਹਾਊਸ ਵਿੱਚ ਦਸਿਆ ਹੈ ਕਿ ਲੰਬੇ ਰੂਟ ਵਾਲੀਆਂ ਬੱਸਾਂ ਹੋਟਲਾਂ ਤੇ ਖੜ੍ਹਦੀਆਂ ਹਨ ਅਤੇ ਅੱਡਿਆਂ ਤੇ ਨਹੀਂ ਖੜਦੀਆਂ ਕਿਉਂਕਿ ਡਰਾਈਵਰ ਨੂੰ ਮੁਫਤ ਵਿਚ ਰੋਟੀ ਵਗੈਰਾ ਮਿਲ ਜਾਂਦੀ ਹੈ। ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਫੂਡ ਜ਼ਿੰਦਗੀ ਦਾ ਸਪਾਇਸ ਹੈ। ਫੂਡ ਚੰਗੀ ਹੋਣੀ ਚਾਹੀਦੀ ਹੈ। ਟੂਰਿਸਟਾਂ ਵਾਸਤੇ ਚਾਹ ਪਾਣੀ ਦਾ ਚੰਗਾ ਇੰਤਜ਼ਾਮ ਹੋਵੇ ਅਤੇ ਲੋਕਾਂ ਨੂੰ ਪਤਾ ਲਗ ਸਕੇ ਕਿ ਇਥੋਂ ਸਸਤੀਆਂ ਚੀਜ਼ਾਂ ਮਿਲਦੀਆਂ ਹਨ। ਜੀ. ਟੀ. ਰੋਡ ਉਤੇ ਤਾਂ ਕਾਫੀ ਟੂਰਿਸਟਾਂ ਵਾਸਤੇ ਇੰਤਜ਼ਾਮ ਹੈ। ਚੰਡੀਗੜ੍ਹ ਤੋਂ ਜਦੋਂ ਫਿਰੋਜ਼ਪੁਰ, ਅਬੋਹਰ, ਫਾਜ਼ਿਲਕਾ ਬੱਸ ਜਾਂਦੀ ਹੈ ਤਾਂ ਰਸਤੇ ਵਿਚ ਕੋਈ ਟੂਰਿਸਟ ਰਿਜ਼ਾਰਟ ਨਹੀਂ ਹੈ। ਜੇਕਰ ਰਸਤੇ ਵਿਚ ਕੋਈ ਟੂਰਿਸਟ ਰਿਜ਼ਾਰਟ ਬਣਾਇਆ ਜਾਏ ਤਾਂ ਕਾਫੀ ਆਮਦਨ ਹੋ ਸਕਦੀ ਹੈ । ਰਸਤੇ ਵਿਚ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਇਸ ਲਈ ਕਾਰਪੋਰੇਸ਼ਨ ਵਲੋਂ ਜਾਂ ਅਰਬਨ ਡਿਵੈਲਪਮੈਂਟ ਵਲੋਂ ਸਸਤੇ ਭਾਅ ਤੇ ਚੀਜ਼ਾਂ ਦੇਣ ਲਈ ਦੁਕਾਨਾਂ ਖੋਲਣੀਆਂ ਚਾਹੀਦੀਆਂ ਹਨ। ਜਿਹੜਾ ਕੰਪਲੈਕਸ ਬਣਾਇਆ ਜਾਏ, ਡਿਪਟੀ ਸਪੀਕਰ ਸਾਹਿਬ, ਉਥੇ ਟਰੇਂਡ ਆਦਮੀ ਕੰਮ ਕਰਨ, ਜਿਹੜਾ ਚੰਗਾ ਭੋਜਨ ਵਗੈਰਾ ਬਣਾ ਕੇ ਲੋਕਾਂ ਨੂੰ ਦੇ ਸਕਣ। ਜਿਹੜਾ ਭੋਜਨ ਮਿਲੇ ਉਹ ਸਸਤਾ ਮਿਲੇ ਤਾਂਕਿ ਗਰੀਬ ਆਦਮੀ ਨੂੰ ਵੀ ਫਾਇਦਾ ਹੋਵੇ। ਮੈਂ ਕਹਾਂਗਾ ਕਿ ਇਸ ਮਤੇ ਨੂੰ ਸਵੀਕਾਰ ਕਰ ਲਿਆ ਜਾਵੇ।

**ਸਰਦਾਰ ਬਸੰਤ ਸਿੰਘ ਖਾਲਸਾ** (ਦਾਖਾ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਥੋੜ੍ਹਾ ਜਿਹਾ ਬੋਲਣ ਦਾ ਸਮਾਂ ਦਿੱਤਾ ਹੈ। ਸ਼੍ਰੀ ਸੰਤ ਰਾਮ ਸਿੰਗਲਾ ਜੀ ਨੇ ਇਹ ਮਤਾ ਲਿਆ ਕੇ ਬੜੀ ਅੱਛੀ ਗੱਲ ਕੀਤੀ ਹੈ। ਸਾਡਾ ਪੰਜਾਬ ਇਸ ਖੇਤਰ ਵਿਚ ਸਭ ਤੋਂ ਅੱਗੇ ਹੈ। ਟੂਰਿਜ਼ਮ ਵਿਚ ਪੰਜਾਬ ਨੇ ਪਹਿਲੇ ਸਾਲ ਨਾਲੋਂ ਬੜੀ ਤਰੱਕੀ ਕੀਤੀ ਹੈ । ਅਸੀਂ ਆਪਣੇ ਸੂਬੇ ਨੂੰ ਨਿੰਦਦੇ ਨਹੀਂ ਹਾਂ। ਜਦੋਂ ਅਸੀਂ ਬਾਹਰਲੇ ਮੁਲਕਾਂ ਦੀ ਮਿਸਾਲ ਦੇ ਸਕਦੇ ਹਾਂ ਔਰ ਬਾਹੇਰਲੇ ਮੁਲਕ ਨੂੰ ਚੰਗਾ ਕਿਹਾ ਜਾ ਸਕਦਾ ਹੈ ਤਾਂ ਫਿਰ ਇਹ ਵਾਜਿਬ ਹੈ ਕਿ ਹਰਿਆਣਾ ਸਾਡੇ ਨਾਲੋਂ ਇਸ਼ ਗਲ ਵਿਚ ਲੀਡ ਲਈ ਬੈਠਾ ਹੈ। ਜੇਕਰ ਸਾਡੇ ਵਜ਼ੀਰ ਹਰਿਆਣਾ ਸਟੇਟ ਵਿੱਚ ਜਾਣ ਤਾਂ ਉਥੇ ਜਾਕੇ ਉਹ ਸਾਡੇ ਵਜ਼ੀਰ ਨਾਲ ਕਿਸ ਤਰ੍ਹਾਂ ਬੀਹੇਵ ਕਰਦੇ ਹਨ ਅਤੇ ਉਨ੍ਹਾਂ ਦਾ ਜਿਹੜਾ ਐਕਸਪੀਰੀਐਂਸ ਹੈ, ਉਹ ਸ਼ਲਾਘਾ ਯੋਗ ਹੈ। ਉਹ ਬੜੇ ਸਤਿਕਾਰ ਨਾਲ ਸੀ-ਔਫ ਕਰਦੇ ਹਨ। ਸਾਡੇ ਵਜ਼ੀਰ ਦੀ ਸੇਵਾ ਕਰਦੇ ਹਨ। ਇਹ ਸਾਰਾ ਖਰਚ ਹਰਿਆਣਾ ਸਰਕਾਰ ਦਿੰਦੀ ਹੈ ਤਾਂਕਿ ਚੰਗੀ ਤਰਾਂ ਅਟੈਂਡ ਕਰਨ ਅਤੇ ਉਨ੍ਹਾਂ ਦੀ ਚੰਗੀ ਸੇਵਾ ਕੀਤੀ ਜਾਵੇ ਤਾਂਕਿ ਉਹ ਵਜੀਰ ਵਾਪਿਸ ਜਾਕੇ ਇਸ ਸੂਬੇ ਦੀ ਸ਼ਲਾਘਾ ਕਰਨ। ਡਿਪਟੀ ਸਪੀਕਰ ਸਾਹਿਬ, ਮੈਂ ਇਥੇ ਤੁਹਾਨੂੰ ਥੋੜ੍ਹੀਆਂ ਜਿਹੀਆਂ ਸੁਜੇਸ਼ਨਾਂ ਦੇਣੀਆਂ ਹਨ। ਜਿਹੜਾ ਕੰਪਲੈਕਸ, ਡਿਪਟੀ ਸਪੀਕਰ ਸਾਹਿਬ, ਨੀਲੋਂ ਅਤੇ ਭੱਟੀਆਂ ਬਣਾਇਆ ਗਿਆ ਹੈ ਉਹ ਕੰਪਲੈਕਸ ਸਿਰਫ ਅਮੀਰ ਆਦਮੀਆਂ ਲਈ ਹੀ ਹੈ ਅਤੇ ਐਸ਼-ਇਸ਼ਰਤ

Original with;
Punjab Vidhan Sabha
Digitized by;
Panjab Digital Library

ਲਈ ਹੀ ਹੈ। ਜੇਕਰ ਕੋਈ ਭਲਾਮਾਣਸ ਆਦਮੀ ਜਾਂ ਸੈਲਾਨੀ ਉਥੇ ਜਾਣਾ ਚਾਹੇ ਤਾਂ ਉਸ ਨੂੰ ਉਥੇ ਥਾਂ ਨਹੀਂ ਮਿਲਦੀ। ਉਹ ਕੰਪਲੈਕਸ ਸਿਰਫ ਤਕੜੇ ਆਦਮੀ ਦੇ ਖਾਣ-ਪੀਣ ਲਈ ਹੀ ਹੈ। ਇਹ ਠੀਕ ਹੈ ਕਿ ਇੰਡਸਟਰੀ ਦੇ ਹਿਸਾਬ ਨਾਲ ਉਥੇ ਇਨਕਮ ਹੋਵੇ ਪਰ ਸੈਲਾਨੀ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਸ ਲਈ ਇਥੇ ਕੋਈ ਜਗ੍ਹਾ ਨਹੀਂ ਹੈ। ਇਹ ਬੁਰੀ ਗੱਲ ਹੈ। ਇਸ ਵੱਲ ਪੰਜਾਬ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਰਹਿੰਦ ਦਾ ਜਿਹੜਾ ਕੰਪਲੈਕਸ ਹੈ ਉਹ ਠੀਕ ਬਣਿਆ ਹੋਇਆ ਹੈ ਪਰ ਕੰਪਲੈਕਸ ਲਈ ਉਹ ਥਾਂ ਠੀਕ ਨਹੀਂ ਹੈ ਕਿਉਂਕਿ ਉਥੇ ਐਕਸੀਡੈਂਟ ਦਾ ਬਹੁਤ ਡਰ ਰਹਿੰਦਾ ਹੈ। ਪਿਛੇ ਉਥੇ ਇਕ ਬੱਸ ਡਿਗੀ ਸੀ ਅਤੇ ਕਿਵੇਂ ਲਾਸ਼ਾਂ ਕੱਢੀਆਂ ਗਈਆਂ ਹਨ। ਜਦੋਂ ਇਨ-ਕੁਆਇਰੀ ਕੀਤੀ ਗਈ ਤਾਂ ਜਿਹੜੀ ਰਿਪੋਰਟ ਆਈ ਸੀ, ਉਸ ਵਿਚ ਵੀ ਸਭ ਤੋਂ ਵੱਡੀ ਗੱਲ ਥਾਂ ਬਾਰੇ ਲਿਖੀ ਗਈ ਸੀ ਕਿ ਇਹ ਕੰਪਲੈਕਸ ਠੀਕ ਥਾਂ ਤੇ ਨਹੀਂ ਬਣਾਇਆ ਹੋਇਆ। ਮੈਂ, ਡਿਪਟੀ ਸਪੀਕਰ ਸਾਹਿਬ, ਸਮਝਦਾ ਹਾਂ ਕਿ ਐਸਾ ਕੰਪਲੈਕਸ ਜ਼ਰੂਰ ਹੋਣਾ ਚਾਹੀਦਾ ਹੈ ਪਰ ਉਸਦੇ ਲਈ ਉਹ ਜਗ੍ਹਾ ਠੀਕ ਨਹੀਂ ਹੈ। ਦੂਜਾ ਮੈਂ, ਡਿਪਟੀ ਸਪੀਕਰ ਸਾਹਿਬ, ਕਹਾਂਗਾ ਕਿ ਲੁਧਿਆਣਾ, ਫਿਰੋਜ਼ਪੁਰ ਰੋਡ ਤੇ ਕੋਈ ਕੰਪਲੈਕਸ ਐਸਾ ਨਹੀਂ ਜਿਥੇ ਤੁਸੀਂ ਸੈਲਾਨੀਆਂ ਨੂੰ ਅਟੈਂਡ ਕਰ ਸਕੋ। ਸੈਲਾਨੀ ਕਿਤੇ ਬੈਠ ਸਕਣ ਅਤੇ ਕੁਝ ਖਾ ਪੀ ਸਕਣ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਗਰਾਉਂ ਦੇ ਨੇੜੇ ਤੇੜੇ ਕਿਤੇ ਕੰਪਲੈਕਸ ਜ਼ਰੂਰ ਬਣਾਉਣਾ ਚਾਹੀਦਾ ਹੈ।

ਸਤਲੁਜ ਦਰਿਆ ਦੇ ਪਰਲੇ ਬੰਨੇ ਰਣਜੀਤ ਗੜ੍ਹ ਹੈ। ਸਤਲੁਜ ਤੋਂ ਲਾਡੋਵਾਲ ਵਿਚਕਾਰ ਅਜਿਹੀ ਥਾਂ ਹੈ ਜਿਥੇ ਜੇਕਰ ਝੀਲ ਬਣਾ ਸਕੋ ਤਾਂ ਉਸ ਦਾ ਫਾਇਦਾ ਭੱਟੀਆਂ ਵਾਲੇ ਕੰਪਲੈਕਸ ਨੂੰ ਵੀ ਹੋਵੇਗਾ। ਜੋ ਟੂਰਿਜ਼ਮ ਦਾ ਟੇਸਟ ਰਖਦੇ ਹਨ ਇਹ ਝੀਲ ਬਣਨ ਨਾਲ ਰਣਜੀਤਗੜ੍ਹ ਨੂੰ ਵੀ ਕਾਫੀ ਫਾਇਦਾ ਹੋਏਗਾ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਤੁਹਾਨੂੰ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਕਿ ਜੋ ਕੰਮ ਇਸ ਵੇਲੇ ਪੰਜਾਬ ਵਿਚ ਟੂਰਿਜ਼ਮ ਲਈ ਹੋ ਰਹੇ ਹਨ ਇਨ੍ਹਾਂ ਵਿਚ ਜੋ ਕਮੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਵਾਸਤੇ ਆਪਣੇ ਸੁਝਾਓ ਦੇਵੇ। ਦੂਸਰੇ ਉਹ ਕਮੇਟੀ ਬਾਹਰਲਿਆਂ ਸੂਬਿਆਂ ਵਿਚ ਜਾਵੇ ਔਰ ਫਿਰ ਇਥੇ ਆਕੇ ਆਪਣੀ ਰਿਪੋਰਟ ਦੇਵੇ ਜਿਸ ਨਾਲ ਇਸ ਕੰਮ ਵਿਚ ਹੋਰ ਬੜ੍ਹਾਵਾ ਮਿਲ ਸਕੇ। ਇਹ ਠੀਕ ਹੈ ਕਿ ਇਥੇ ਅੱਗੇ ਹੀ ਕਾਫੀ ਕੰਮ ਇਸ ਪੱਖ ਤੋਂ ਹੋਇਆ ਹੈ ਪਰ ਫਿਰ ਵੀ ਇਹ ਕਮੇਟੀ ਦੀ ਰਿਪੋਰਟ ਤੋਂ ਐਸੀਆਂ ਸਕੀਮਾਂ ਆ ਸਕਦੀਆਂ ਹਨ ਜੋ ਕਿ ਸਾਨੂੰ ਇਥੇ ਅਪਣਾਉਣ ਵਿਚ ਫਾਇਦਾ ਹੋ ਸਕੇ।

ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਮੇਟੀਆਂ ਨਾਲ ਮੈਨੂੰ ਬਾਹਰ ਜਾਣ ਦਾ ਮੌਕਾ ਮਿਲਿਆ ਹੈ। ਬਾਹਰ ਦੇ ਸੂਬਿਆਂ ਵਿਚ ਤਕਰੀਬਨ ਹਰ ਟੂਰਿਜ਼ਮ ਡਿਪਾਰਟਮੈਂਟ ਕੋਲ ਆਪਣੀ ਬੱਸ ਹੈ। ਪਰ ਇਥੇ ਪੰਜਾਬ ਵਿਚ ਟੂਰਿਜ਼ਮ ਡਿਪਾਰਟਮੈਂਟ ਕੋਲ ਆਪਣੀ ਕੋਈ ਬਸ ਨਹੀਂ ਹੈ। ਜੋ ਕਮੇਟੀਆਂ ਬਾਹਰੋਂ ਆਉਂਦੀਆਂ ਹਨ ਉਨ੍ਹਾਂ ਲਈ ਇਥੋਂ ਦਾ ਟੂਰਿਜ਼ਮ ਡਿਪਾਰਟਮੈਂਟ ਕੋਈ ਬੱਸ ਨਹੀਂ ਦੇ ਸਕਦਾ। ਸਾਡੇ ਟੂਰਿਜ਼ਮ ਡਿਪਾਰਟਮੈਂਟ ਕੋਲ ਵੀ ਆਪਣੀ ਬੱਸ ਹੋਣੀ ਚਾਹੀਦੀ ਹੈ।

ਇਹ ਜੋ ਮੈਂ ਸੁਜੈਸ਼ਨਜ਼ ਦਿੱਤੀਆਂ ਹਨ ਇਨ੍ਹਾਂ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਤਾਂ ਕ ਟੂਰਿਜ਼ਮ ਦੇ ਮਹਿਕਮੇ ਵਿਚ ਹੋਰ ਜ਼ਿਆਦਾ ਸੁਧਾਰ ਆ ਸਕੇ।

ਧੰਨਵਾਦ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ** (ਸਰਹਿੰਦ): ਡਿਪਟੀ ਸਪੀਕਰ ਸਾਹਿਬ, ਇਸ ਮਹੱਤਵ ਪੂਰਨ ਰੈਜ਼ੋਲਿਊਸ਼ਨ ਤੇ, ਜੋ ਸਿੰਗਲਾ ਜੀ ਨੇ ਪੇਸ਼ ਕੀਤਾ ਹੈ, ਬਹੁਤ ਸਾਰੇ ਆਨਰੇਬਲ ਮੈਂਬਰਜ਼ ਨੇ ਆਪਣੇ ਵਿਚਾਰ ਰਖੇ ਹਨ। ਮੇਰਾ ਖਿਆਲ ਹੈ ਕਿ ਇਸ ਕਿਸਮ ਦਾ ਰੈਜ਼ੋਲਿਊਸ਼ਨ ਪਹਿਲੀ ਵਾਰੀ ਹਾਊਸ ਵਿਚ ਪੇਸ਼ ਕੀਤਾ ਜਾ ਰਿਹਾ ਹੈ। ਮੈਂ ਇਹ ਵੇਖਿਆ ਹੈ ਕਿ ਮੈਂਬਰ ਸਾਹਿਬਾਨ ਨੇ ਆਪਣੇ ਵਿਚਾਰ ਪ੍ਰਗਟ ਕਰਨ ਲਗਿਆਂ ਕਈ ਵਾਰੀ ਕਾਫੀ ਰਿਜ਼ਰਵੇਸ਼ਨਜ਼ ਰਖੀਆਂ ਹਨ। ਟੂਰਿਜ਼ਮ ਜਾਂ ਜੋ ਸੈਰ ਸਪਾਟੇ ਦਾ ਮਹਿਕਮਾ ਹੈ ਜੋ ਮਸਲਾ ਅਸੀਂ ਡਿਸਕਸ ਕਰ ਰਹੇ ਹਾਂ ਉਹ ਕੁਝ ਹੈ। ਇਸ ਕਿਸਮ ਦੀਆਂ ਸਾਨੂੰ ਕਾਫ਼ੀ ਸਾਰੀਆਂ ਰਿਜ਼ਰਵੇਸ਼ਨਜ਼ ਛੱਡ ਕੇ ਖੁਲ੍ਹ ਦਿਲੀ ਨਾਲ ਉਹ ਡਿਸਕਸ ਕਰਨਾ ਚਾਹੀਦਾ ਹੈ। ਬਾਹਰਲੇ ਮੁਲਕਾਂ ਵਿਚ ਵੇਖਣ ਵਿਚ ਆਇਆ ਹੈ ਖਾਸ ਕਰਕੇ ਈਸਟਰਨ ਯੂਰਪ ਵਿਚ ਮੈਨੂੰ ਪਿਛਲੇ ਸਾਲ ਜਾਣ ਦਾ ਮੌਕਾ ਮਿਲਿਆ। ਉਥੇ ਟੂਰਿਜ਼ਮ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ ਹੈ। ਟੂਰਿਜ਼ਮ ਰਾਹੀਂ ਹੀ ਉਥੇ ਦੇਸ਼ ਦੀ ਸੱਭਿਅਤਾ ਦੇ ਇਤਿਹਾਸ ਦਾ ਜ਼ਿਕਰ ਕੀਤਾ ਜਾਂਦਾ ਹੈ। ਬਾਹਰਲੇ ਲੋਕਾਂ ਨੂੰ ਉਥੋਂ ਦੇ ਇਤਿਹਾਸ ਦੀ ਜਾਣਕਾਰੀ ਟੂਰਿਜ਼ਮ ਰਾਹੀਂ ਦਿਤੀ ਜਾਂਦੀ ਹੈ। ਸਾਡੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਅਛੇ ਸੁਝਾਓ ਦਿਤੇ ਹਨ ਪਰ ਉਸ ਦੇ ਨਾਲ ਹੀ ਨਾਲ ਅਸੀਂ ਟੂਰਿਸਟ ਰਿਜ਼ਾਰਟ ਔਰ ਰਿਲੀਜਸ ਪਲੇਸਿਜ਼ ਨੂੰ ਮਿਕਸ ਅੱਪ ਕਰਦੇ ਰਹੇ ਹਾਂ। ਟੂਰਿਸਟ ਰਿਜ਼ਾਰਟ ਤੇ ਲੋਕ ਕਿਸੇ ਹੋਰ ਚੇਤਨਤਾ ਨਾਲ ਜਾਂਦੇ ਹਨ ਔਰ ਧਾਰਮਿਕ ਸਥਾਨਾਂ ਤੇ ਲੋਕ ਕਿਸੇ ਹੋਰ ਚੇਤੰਨਤਾ ਨਾਲ ਜਾਂਦੇ ਹਨ। ਇਸ ਲਈ ਸੈਰ ਸਪਾਟੇ ਵਾਲੀ ਥਾਂ ਨੂੰ ਧਾਰਮਿਕ ਸਥਾਨ ਨਾਲ ਜੋੜਨਾ ਇਨਸਾਫ ਨਹੀਂ ਹੋਏਗਾ ਔਰ ਨਾ ਹੀ ਉਸ ਸੋਚ ਨਾਲ ਇਨਸਾਫ ਹੋਏਗਾ ਜਿਸ ਸੋਚ ਨਾਲ ਲੋਕ ਇਨ੍ਹਾਂ ਸਥਾਨਾਂ ਤੇ ਜਾਂਦੇ ਹਨ।

ਮੈਂ ਸਮਝਦਾ ਹਾਂ ਕਿ ਹਰ ਵਿਅਕਤੀ ਚਾਹੁੰਦਾ ਹੈ ਕਿ ਉਹ ਕੁਝ ਸਮਾਂ ਆਲੇ ਦੁਆਲੇ ਨਾਲੋਂ ਟੁੱਟ ਕੇ ਏਕਾਂਤ ਵਿਚ ਗੁਜ਼ਾਰੇ।

"ਮਾਨਾ ਕੇ ਦਿਲ ਕੇ ਪਾਸ ਰਹੇ ਪਾਸਬਾਂ
ਲੇਕਿਨ ਕਭੀ ਕਭੀ ਉਸ ਕੋ ਤਿਨਹਾ ਭੀ ਛੋੜ ਦੇ।"

ਬਾਬੂ ਆਤਮਾ ਸਿੰਘ ਵਰਗਿਆਂ ਦਾ ਵੀ ਦਿਲ ਕਰਦਾ ਹੈ ਕਿ ਭੀੜੀ ਪਜਾਮੀ ਦੀ ਬਜਾਏ ਕਦੀ ਬੈਲ ਬਾਟਮ ਪਾਈ ਹੋਵੇ। ਕਈ ਕਮੇਟੀਆਂ ਵਿਚ ਅਸੀਂ ਦੋਵਾਂ ਨੇ ਇਕੱਠੇ ਕੰਮ ਕੀਤਾ ਹੈ। ਮੈਨੂੰ ਯਾਦ ਹੈ ਕਿ ਜਿੰਨੀ ਦਿਲਚਸਪੀ ਬਾਹਰ ਜਾਣ ਵਿਚ ਅਤੇ ਵੱਧ ਤੋਂ ਵੱਧ ਥਾਵਾਂ ਵੇਖਣ ਵਿਚ ਅਤੇ ਕੁਦਰਤ ਦਾ ਅਨੰਦ ਮਾਣਨ ਵਿਚ ਇਹ ਲੈਂਦੇ ਸਨ ਸ਼ਾਇਦ ਹੋਰ ਕੋਈ ਐਨੀ ਦਿਲਚਸਪੀ ਨਹੀਂ ਲੈਂਦਾ ਸੀ। ਬਾਬੂ ਆਤਮਾ ਸਿੰਘ ਜੀ ਜਿਨ੍ਹਾਂ ਕਮੇਟੀਆਂ ਦੇ ਮੈਂਬਰ ਹਨ ਉਨ੍ਹਾਂ ਵਿਚ ਇਨ੍ਹਾਂ ਦੀ 100 ਫੀ ਸਦੀ ਹਾਜ਼ਰੀ ਹੈ ਔਰ ਜੇਕਰ ਕੋਈ ਕਮੇਟੀ ਬਾਹਰ ਗਈ ਹੈ ਤਾਂ ਇਨ੍ਹਾਂ ਨੇ ਕੋਈ ਚਾਂਸ ਮਿਸ ਨਹੀਂ ਕੀਤਾ। ਜਦੋਂ ਅਸੀਂ ਇਨ੍ਹਾਂ ਦੇ ਨਾਲ ਜਾਂਦੇ ਹਾਂ ਤਾਂ ਸਾਨੂੰ ਇਨ੍ਹਾਂ ਦੀ ਅਗਵਾਈ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ। ਇਹ ਹਮੇਸ਼ਾ ਉਚੀ ਤੋਂ ਉਚੀ ਚੋਟੀ ਔਰ ਡੂੰਘੀ ਤੋਂ ਡੂੰਘੀ ਝੀਲ ਵਿਚ ਜਾਣ ਨੂੰ ਤਿਆਰ ਹੁੰਦੇ ਹਨ।

ਇਨ੍ਹਾਂ ਨੇ ਸੁਝਾਓ ਦਿਤਾ ਹੈ ਕਿ ਸੁਲਤਾਨ ਪੁਰ ਦੇ ਨੇੜੇ ਝੀਲ ਬਣਾ ਦਿਤੀ ਜਾਏ। ਖਾਲਸਾ ਜੀ ਨੇ ਕਿਹਾ ਹੈ ਕਿ ਸਤਲੁਜ ਦੇ ਨੇੜੇ ਝੀਲ ਬਣਾ ਦੇਣੀ ਚਾਹੀਦੀ ਹੈ। ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਜੋ ਟੂਰਿਸਟ ਰਿਜ਼ਾਰਟ ਸਰਹਿੰਦ ਦੇ ਨੇੜੇ ਬਣਿਆ ਹੋਇਆ ਹੈ ਉਸ ਨੂੰ ਚੁਕ ਦਿਓ। ਇਸ ਦਾ ਮਤਲਬ ਹੋਇਆ ਕਿ ਇਨ੍ਹਾਂ ਦਾ ਬਣਾ ਦਿਓ ਔਰ ਸਾਡਾ ਚੁਕ ਦਿਓ। ਇਨ੍ਹਾਂ ਦਾ ਕਹਿਣਾ ਹੈ ਕਿ ਪਿਛੇ ਜਿਹੇ ਜੋ ਸਰਹਿੰਦ ਦੇ ਨੇੜੇ ਐਕਸੀਡੈਂਟ ਹੋਇਆ ਸੀ ਉਹ ਇਸ ਕਰਕੇ ਹੋਇਆ ਸੀ ਕਿਉਂਕਿ ਉਥੇ ਜੋ ਟੂਰਿਸਟ ਰਿਜ਼ਾਰਟ ਬਣਿਆ ਹੋਇਆ ਹੈ ਉਸ ਵਲ ਡਰਾਈਵਰ ਦਾ ਧਿਆਨ ਚਲਾ ਗਿਆ ਸੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਚਹੇੜੂ ਵੀ ਐਕਸੀਡੈਂਟ ਹੋਇਆ ਸੀ ਪਰ ਉਥੇ ਤਾਂ ਫਲੋਟਿੰਗ

Original with;
Punjab Vidhan Sabha
Digitized by;
Panjab Digital Library

ਰੇਸਟੋਰੇਂਟ ਨਹੀਂ ਸੀ । ਖਾਲਸਾ ਜੀ ਦੇ ਕਹਿਣ ਅਨੁਸਾਰ ਜੇਕਰ ਆਲੇ ਦੁਆਲੇ ਖੂਬਸੂਰਤ ਚੀਜ਼ ਦੇਖਣ ਨਾਲ ਕੋਈ ਐਕਸੀਡੈਂਟ ਹੋ ਜਾਂਦਾ ਹੈ ਤਾਂ ਫਿਰ ਦਿੱਲੀ ਤੋਂ ਲੈ ਕੇ ਇਥੇ ਤਕ ਜੋ ਰਸਤੇ ਵਿਚ ਖੂਬਸੂਰਤ ਚੀਜ਼ ਹੈ ਉਸ ਨੂੰ ਡੀਮਾਲਿਸ਼ ਕਰ ਦੇਣਾ ਚਾਹੀਦਾ ਹੈ। ਇਹ ਕਹਿੰਦੇ ਹਨ ਕਿ ਸਰਹਿੰਦ ਫਲੋਟਿੰਗ ਰੇਸਟੋਰੇਂਟ ਹੋਣ ਕਰਕੇ ਉਥੇ ਐਕਸੀਡੈਂਟ ਹੋ ਗਿਆ ਇਹ ਮੰਨਣ ਵਾਲੀ ਗਲ ਨਹੀਂ ਹੈ। ਖਾਲਸਾ ਜੀ ਤਾਂ ਗੁਰਸਿੱਖ ਹਨ ਇਨ੍ਹਾਂ ਨੂੰ ਤਾਂ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਜੋ ਕੁਝ ਹੋਣਾ ਹੁੰਦਾ ਹੈ ਉਹ ਹੋ ਕੇ ਰਹਿੰਦਾ ਹੈ। ਦੁਨੀਆਂ ਵਿਚ ਜੋ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ ਉਹ ਇਸ ਕਰ ਕੇ ਨਹੀਂ ਵਾਪਰਦੀਆਂ ਕਿ ਉਥੇ ਟੂਰਿਸਟ ਰਿਜ਼ਾਰਟ ਹੁੰਦੇ ਹਨ। ਮਾੜੀਆਂ ਘਟਨਾਵਾਂ ਗੁਰਦਵਾਰਿਆਂ ਅਤੇ ਮੰਦਰਾਂ ਵਿਚ ਵੀ ਹੋ ਜਾਂਦੀਆਂ ਹਨ। ਸੈਰ ਸਪਾਟੇ ਦੀਆਂ ਥਾਵਾਂ ਤੇ ਵੀ ਮਾੜੇ ਬੰਦੇ ਹੁੰਦੇ ਹਨ ਅਤੇ ਉਥੇ ਮਾੜੇ ਕੰਮ ਹੁੰਦੇ ਹਨ। ਉਨ੍ਹਾਂ ਨੂੰ ਅਸੀਂ ਰੋਕ ਨਹੀਂ ਸਕਦੇ। ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਆਲਾ ਦੁਆਲਾ ਸਵੱਛ ਬਣਾਇਆ ਜਾ ਸਕੇ। ਪ੍ਰੋਫੈਸਰ ਦਰਬਾਰੀ ਲਾਲ ਦੇ ਸੁਝਾਓ ਨਾਲ ਮੈਂ ਸਹਿਮਤ ਹਾਂ। ਇਨ੍ਹਾਂ ਦੇ ਨਾਂ ਐਸੇ ਰਖਣੇ ਚਾਹੀਦੇ ਹਨ ਜਿਹੜੇ ਆਮ ਲੋਕਾਂ ਦੀ ਸਮਝ ਵਿਚ ਆ ਸਕਣ। ਟੂਰਿਜ਼ਮ ਔਰ ਕਲਚਰ ਨੂੰ ਨਖੇੜਿਆ ਨਹੀਂ ਜਾ ਸਕਦਾ ਔਰ ਇਹ ਇਕੱਠੇ ਹੀ ਹਨ। ਕਲਚਰ ਰਾਹੀਂ ਹੀ ਟੂਰਿਜ਼ਮ ਦਾ ਵਿਕਾਸ ਹੋ ਸਕਦਾ ਹੈ। ਕਲਚਰ ਰਾਹੀਂ ਹੀ ਸਾਰੇ ਵਿਸ਼ਵ ਦਾ ਇਤਿਹਾਸ ਜੋ ਐਗਜ਼ਿਬੀਟਿਵ ਹੈ ਉਸ ਦਾ ਵਿਕਾਸ ਹੋ ਸਕਦਾ ਹੈ। ਮੈਂ ਸੁਜ਼ੈਸ਼ਨ ਦੇਣੀ ਚਾਹੁੰਦਾ ਹਾਂ ਕਿ ਇਨ੍ਹਾਂ ਟੂਰਿਜ਼ਮ ਰਿਜ਼ਾਰਟਸ ਦੇ ਜਿਹੜੇ ਪੁਰਾਣੇ ਨਾਮ ਹਨ ਜਿਵੇਂ ਸਰਹਿੰਦ ਦਾ ਆਮ ਖਾਸ ਬਾਗ ਦਾ ਪੁਰਾਣਾ ਨਾਮ ਹੈ ਉਸ ਦਾ ਪੁਰਾਣਾ ਨਾਮ ਚਲਿਆ ਆਉਂਦਾ ਹੈ, ਕੁਝ ਥਾਵਾਂ ਤੇ ਨਵੇਂ ਟੂਰਿਜ਼ਮ ਰਿਜ਼ਾਰਟ ਵੀ ਬਣੇ ਹਨ ਉਨ੍ਹਾਂ ਦੇ ਨਾਮ ਪੰਜਾਬ ਦੇ ਦਰਿਆਵਾਂ ਤੇ ਪੰਜਾਬ ਦੇ ਰਸਮ ਅਤੇ ਪਹਿਰਾਵੇ ਤੇ ਨਾਮ ਰੱਖੇ ਜਾ ਸਕਦੇ ਹਨ। ਕਿਸੇ ਦਾ ਨਾਮ ਤ੍ਰਿਮਨ, ਕਿਸੇ ਦਾ ਨਾਮ ਤੀਆਂ ਰਖਿਆ ਜਾ ਸਕਦਾ ਹੈ। ਕਿਸੇ ਦਾ ਨਾਮ ਮੇਲੇ ਨਾਲ ਜੋੜਿਆ ਜਾ ਸਕਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਇਸ ਪਾਸੇ ਵਲ ਧਿਆਨ ਦਿਤਾ ਜਾਵੇ। ਜਿਥੇ ਜਿਥੇ ਸਾਡੇ ਟੂਰਿਸਟ ਰਿਜ਼ਾਰਟਸ ਹਨ ਉਥੇ ਕੋਸ਼ਿਸ਼ ਕੀਤੀ ਜਾਵੇ ਕਿ ਪੁਰਾਣੇ ਕਵੀਆਂ ਦੀਆਂ ਚੰਗੀਆਂ ਟੂਕਾਂ ਲਿਖੀਆਂ ਜਾਣ; ਜਿਵੇਂ ਕਿ ਵਾਰਸ ਸ਼ਾਹ ਦੀਆਂ ਟੂਕਾਂ ਹਨ, ਭਾਈ ਵੀਰ ਸਿੰਘ ਦੀਆਂ ਟੂਕਾਂ ਹਨ ਅਤੇ ਪ੍ਰੋਫੈਸਰ ਪੂਰਨ ਸਿੰਘ ਦੀਆਂ ਟੂਕਾਂ ਹਨ, ਜਿਨ੍ਹਾਂ ਵਿਚੋਂ ਪੰਜਾਬ ਦੀ ਪੁਰਾਣੀ ਸੱਭਿਆਚਾਰ ਦੀ ਝਲਕ ਨਜ਼ਰ ਆਉਂਦੀ ਹੋਵੇ। ਉਨ੍ਹਾਂ ਟੂਰਿਸਟ ਰਿਜ਼ਾਰਟਸ ਤੇ ਸੈਲਾਨੀਆਂ ਦੇ ਮਨ ਪ੍ਰਚਾਵੇ ਲਈ ਇਹ ਲਿਖਿਆ ਹੋਵੇ ਕਿ ਹੁਣ ਇਸ ਤੋਂ ਅੱਗੇ ਇਹ ਚੀਜ਼ ਆਵੇਗੀ। ਉਸ ਦਾ ਵਰਣਨ 10-15 ਲਾਈਨਾਂ ਵਿਚ ਕੀਤਾ ਹੋਵੇ। ਫਿਰ ਜੇ ਕਿਸੇ ਦੇਸ਼ ਭਗਤ ਜਾਂ ਸ਼ਹੀਦ ਬਾਰੇ ਦਿਤਾ ਗਿਆ ਹੋਵੇ ਤਾਂ ਉਸ ਦੀ ਫਲਾਣੀ ਸ਼ਹਾਦਤ ਬਾਰੇ ਦਿੱਤਾ ਜਾਣਾ ਚਾਹੀਦਾ ਹੈ। ਹਰ ਇਕ ਚੀਜ਼ ਦੀ ਮਹੱਤਤਾ ਬਾਰੇ ਉਥੇ ਪੂਰੀ ਜਾਣਕਾਰੀ ਦਿਤੀ ਜਾਣੀ ਚਾਹੀਦੀ ਹੈ। ਜਿੰਨਾਂ ਕਲਚਰਲ ਵਿਰਸਾ ਸਾਡੇ ਪੰਜਾਬ ਦਾ ਅਮੀਰ ਹੈ ਮੈਂ ਨਹੀਂ ਸਮਝਦਾ ਕਿ ਐਨਾ ਕਿਸੇ ਹੋਰ ਕੰਟਰੀ ਦਾ ਕਲਚਰਲ ਵਿਰਸਾ ਅਮੀਰ ਹੋਵੇ। ਪਿੰਡਾਂ ਵਿਚ ਤੁਹਾਨੂੰ ਆਮ ਲੋਕ ਬੜੇ ਖੂਬਸੂਰਤ ਗੀਤ ਗਾਉਂਦੇ ਮਿਲਣਗੇ। ਉਨ੍ਹਾਂ ਦੀ ਆਵਾਜ਼ ਬਹੁਤ ਅੱਛੀ ਹੁੰਦੀ ਹੈ ਅਤੇ ਗੀਤ ਬਹੁਤ ਸੁਹਣੇ ਹੁੰਦੇ ਹਨ। ਪਸ਼ੂ ਚਾਰਦੇ ਗਾਉਂਦੇ ਨਜ਼ਰ ਆਉਣਗੇ ਪਰ ਉਹ ਮੰਚ ਤੇ ਨਹੀਂ ਆ ਸਕਦੇ। ਪਰ ਉਨ੍ਹਾਂ ਦੇ ਗੀਤ ਅਤੇ ਆਵਾਜ਼ ਬਹੁਤ ਅੱਛੀ ਹੁੰਦੀ ਹੈ। ਇਸ ਲਈ ਪਿੰਡਾਂ ਵਿਚੋਂ ਐਸੇ ਲੋਕਾਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਬਹੁਤ ਅੱਛੀ ਬੰਸਰੀ ਵਜਾਉਣ ਵਾਲੇ ਪਿੰਡਾਂ ਵਿਚੋਂ ਮਿਲ ਸਕਦੇ ਹਨ। ਉਨ੍ਹਾਂ ਨੂੰ ਟੂਰਿਸਟ ਰਿਜ਼ਾਰਟਸ ਤੇ ਬੰਸਰੀ ਵਜਾਉਣ ਲਈ ਰੱਖਿਆ ਜਾ ਸਕਦਾ ਹੈ। ਸੈਲਾਨੀ ਆਪਣੀ ਮਰਜ਼ੀ ਨਾਲ ਉਨ੍ਹਾਂ ਨੂੰ ਸੁਣ ਕੇ ਜੋ ਮਰਜ਼ੀ ਦੇ ਜਾਣ। ਫਿਰ ਇਸੇ ਤਰ੍ਹਾਂ ਹੀ ਇਨ੍ਹਾਂ ਟੂਰਿਸਟ ਰਿਜ਼ਾਰਟਸ ਤੇ ਹੀਰ ਗਾਉਣ ਵਾਲੇ ਰੱਖੇ ਜਾ ਸਕਦੇ ਹਨ। ਸੈਲਾਨੀ ਉਨ੍ਹਾਂ ਨੂੰ ਸੁਣ ਕੇ ਆਪਣੀ ਮਰਜ਼ੀ ਨਾਲ ਜੋ ਮਰਜ਼ੀ ਹੋਵੇ ਦੇ ਜਾਣ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਇਥੇ ਬੜੇ ਜ਼ੋਰ ਨਾਲ ਕਿਹਾ ਗਿਆ ਕਿ ਉਥੇ ਸ਼ਰਾਬ ਨਹੀਂ ਹੋਣੀ ਚਾਹੀਦੀ। ਪਰ ਮਨੋ ਸ਼ਾਇਦ ਇਸ ਗਲ ਲਈ ਕੋਈ ਵੀ ਤਿਆਰ ਨਾ ਹੋਵੇ। ਹਰ ਸੂਬੇ ਦੀ ਸਰਕਾਰ, ਸਾਡੀ ਸਰਕਾਰ ਕਰੋੜਾਂ ਰੁਪਏ ਐਕਸਾਈਜ਼ ਡਿਊਟੀ ਤੋਂ ਕਮਾਉਂਦੀ ਹੈ ਅਤੇ ਉਸ ਨਾਲ ਸੂਬੇ ਦਾ ਕੰਮ ਕਾਜ ਚਲਦਾ ਹੈ। ਹਰ ਜਗ੍ਹਾ ਦੇ ਉਤੇ ਰੰਗ ਵਾਲੀਆਂ ਬੋਤਲਾਂ/ਰੰਗ ਪਾ ਕੇ ਬੋਤਲਾਂ ਲਟਕਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਖਿਆਲ ਹੁੰਦਾ ਹੈ ਕਿ ਕੋਈ ਇਸ ਮਾਣ ਤੋਂ ਵਾਂਝਾ ਨਾ ਰਹਿ ਜਾਵੇ। (ਵਿਘਨ) ਮੈਂ ਦਸਣਾ ਚਾਹੁੰਦਾ ਹਾਂ ਕਿ ਬਾਹਰਲੇ ਦੇਸ਼ਾਂ ਵਿੱਚ ਵੀ ਲੀਕਰ ਵੈਂਡਜ਼ ਹਨ ਪਰ ਉਥੇ ਅਸੀਂ ਦੇਖਦੇ ਹਾਂ ਕਿ ਉਹ ਫਾਰੇਨਰਜ਼ ਵਾਸਤੇ ਵੈਂਡਜ਼ ਹਨ। ਰਸ਼ੀਆ ਵਿਚ ਵੀ ਇਸ ਤਰ੍ਹਾਂ ਹੈ। ਫਾਰੇਨਰਜ਼ ਵਾਸਤੇ ਉਨ੍ਹਾਂ ਲਿਕਰ ਵੈਂਡਜ਼ ਟੂਰਿਸਟ ਥਾਵਾਂ ਤੇ ਖੋਲ੍ਹੇ ਹੋਏ ਹਨ। ਇਹ ਠੀਕ ਹੈ ਕਿ ਟੂਰਿਸਟ ਇੰਡਸਟਰੀ ਨੂੰ ਵਾਧਾ ਹੋਵੇਗਾ, ਇਸ ਨਾਲ ਇਨਕਮ ਵੀ ਵਧੇਗੀ ਪਰ ਉਥੇ ਹਰ ਬੰਦੇ ਨੂੰ ਜਾਣ ਦਾ ਮੌਕਾ ਮਿਲਣਾ ਚਾਹੀਦਾ ਹੈ। ਉਥੇ ਨੋ ਪ੍ਰਾਫਿਟ ਨੋ ਲਾਸ ਦੇ ਬੇਸਿਜ਼ ਤੇ ਪਰਸ਼ਾਦਾ ਮਿਲਣਾ ਚਾਹੀਦਾ ਹੈ ਅਤੇ ਸੇਵਾ ਹੋਣੀ ਚਾਹੀਦੀ ਹੈ ਅਤੇ ਕਿਸੇ ਕਿਸਮ ਦਾ ਇਮਤਿਆਜ਼ ਨਹੀਂ ਹੋਣਾ ਚਾਹੀਦਾ। ਪਰ ਜੇ ਅਜਿਹਾ ਨਹੀਂ ਹੋਣਾ ਤਾਂ ਫਿਰ ਇਹ ਟੂਰਿਸਟ ਰਿਜ਼ਾਰਟ ਨਾ ਹੋਏ ਸਗੋਂ ਇਹ ਪਿੰਗਲਵਾੜਾ ਹੋਏ। ਫਿਰ ਉਥੇ ਮਾੜੇ ਕਮਰੇ ਦੇ ਥੋੜ੍ਹੇ ਪੈਸੇ ਲਏ ਜਾਣ ਅਤੇ ਚੰਗੇ ਕਮਰੇ ਦੇ ਚੰਗੇ ਪੈਸੇ ਲਏ ਜਾਣ। ਸੈਰ ਸਪਾਟਿਆਂ ਦੀਆਂ ਥਾਵਾਂ ਦੀ ਖੂਬਸੂਰਤੀ ਅਤੇ ਉਨ੍ਹਾਂ ਦੀ ਡਿਗਨਿਟੀ ਜ਼ਰੂਰ ਬਹਾਲ ਰੱਖਣੀ ਚਾਹੀਦੀ ਹੈ। ਜੇ ਕੋਈ ਇਨ੍ਹਾਂ ਸਥਾਨਾਂ ਤੇ ਜਾਂਦਾ ਹੈ ਤਾਂ ਉਸ ਨੂੰ ਕੋਈ ਟੈਕਸ ਨਹੀਂ ਲਗਦਾ। ਕੋਈ ਫਲੋਟਿੰਗ ਰੈਸਟੋਰੈਂਟ ਦੇਖਣ ਜਾਂਦਾ ਹੈ ਤਾਂ ਉਸ ਉਤੇ ਕੋਈ ਟੈਕਸ ਨਹੀਂ ਲਗਦਾ ਪਰ ਜੇ ਉਥੇ ਤੁਰਦੇ ਫਿਰਦੇ ਉਸ ਦਾ ਦਿਲ ਬਹਿਲ ਜਾਵੇ ਅਤੇ ਉਹ ਚਾਹ ਦਾ ਕੱਪ ਪੀ ਲਵੇ ਤਾਂ ਉਸ ਦੇ ਪੈਸੇ ਲਗਣਗੇ ਪਰ ਇਥੇ ਇਹ ਨਹੀਂ ਹੋਵੇਗਾ ਕਿ ਪਰਸ਼ਾਦਾ ਤਾਂ ਗੁਰਦਆਰੇ ਤੋਂ ਛਕ ਲਿਆ ਅਤੇ ਸੈਰ ਉਥੇ ਦੀ ਕਰ ਲਈ। ਜਦ ਅਸੀਂ ਬਾਹਰਲੇ ਦੇਸ਼ਾਂ ਵਿਚ ਜਾਂਦੇ ਹਾਂ ਤਾਂ ਉਥੇ ਜਦ ਅਸੀਂ ਬੱਸ ਆਦਿ ਵਿਚ ਬੈਠ ਕੇ ਅੱਗੇ ਜਾਣਾ ਹੁੰਦਾ ਹੈ ਤਾਂ ਉਥੇ ਸਾਨੂੰ ਰਸੀਵ ਕਰਨ ਵਾਸਤੇ ਟੂਰਿਜ਼ਮ ਡਿਪਾਰਟਮੈਂਟ ਵਾਲੇ ਆਉਂਦੇ ਹਨ। ਖੂਬਸੂਰਤ ਬੱਸਾਂ ਹੁੰਦੀਆਂ ਹਨ। ਪੜ੍ਹੇ ਲਿਖੇ ਲੜਕੇ ਅਤੇ ਲੜਕੀਆਂ ਹੁੰਦੀਆਂ ਹਨ। ਉਹ ਬੜੇ ਖੂਬਸੂਰਤ ਲਫਜ਼ਾਂ ਵਿਚ ਬਿਆਨ ਕਰਦੇ ਹਨ। ਕੋਈ ਸਵਾਲ ਪੁਛੋ, ਉਸ ਦਾ ਉਹ ਬੜੇ ਸੋਹਣੇ ਢੰਗ ਨਾਲ ਬਿਆਨ ਕਰਦੇ ਹਨ।

**ਸਰਦਾਰ ਬਸੰਤ ਸਿੰਘ ਖਾਲਸਾ :** ਡਿਪਟੀ ਸਪੀਕਰ ਸਾਹਿਬ, ਟਾਈਮ ਬਹੁਤ ਥੋੜ੍ਹਾ ਰਹਿੰਦਾ ਹੈ। ਹਾਲਾਂ ਵਜ਼ੀਰ ਨੇ ਵੀ ਜਵਾਬ ਦੇਣਾ ਹੈ। ਤੁਸੀਂ ਇਸ ਨੂੰ ਪਾਸ ਕਰਵਾਓ।

**ਸਰਦਾਰ ਬੀਰਦਵਿੰਦਰ ਸਿੰਘ :** ਮੈਂ ਅਰਜ਼ ਕਰ ਰਿਹਾ ਸੀ ਕਿ ਜਦ ਅਸੀਂ ਉਥੇ ਬੱਸ ਵਿਚ ਜਾਂਦੇ ਹਾਂ ਤਾਂ ਬੜੀ ਅੱਛੀ ਤਰ੍ਹਾਂ ਗਾਈਡ ਕੀਤਾ ਜਾਂਦਾ ਹੈ। ਸਾਰੇ ਰਸਤੇ ਆਦਿ ਦੀ ਬੜੀ ਚੰਗੀ ਤਰ੍ਹਾਂ ਜਾਣ ਪਛਾਣ ਕਰਾਈ ਜਾਂਦੀ ਹੈ। ਰਸਤੇ ਵਿਚ ਕੋਈ ਇਤਿਹਾਸਕ ਜਗ੍ਹਾ ਆਉਂਦੀ ਹੈ ਤਾਂ ਉਸ ਬਾਰੇ ਬਿਆਨ ਕਰਦੇ ਹਨ। ਖੇਤੀਬਾੜੀ ਬਾਰੇ ਗੱਲ ਹੋਵੇ, ਉਸ ਬਾਰੇ ਚੰਗੀ ਤਰ੍ਹਾਂ ਦੱਸਦੇ ਹਨ, ਉਸ ਦੀ ਯੀਲਡ ਬਾਰੇ ਦੱਸਦੇ ਹਨ---ਮਤਲਬ ਕਿ ਹਰ ਕਿਸਮ ਦੀ ਜਾਣਕਾਰੀ ਚੰਗੀ ਤਰ੍ਹਾਂ ਮਿਲ ਸਕਦੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ :** ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬਾ ਨੇ ਜਵਾਬ ਦੇਣਾ ਹੈ, ਹਾਊਸ 2 ਵਜੇ ਤਕ ਕਰ ਲਓ। ਵਜ਼ੀਰ ਸਾਹਿਬਾ ਨੂੰ ਕਹੋ ਕਿ ਉਹ ਜਵਾਬ ਦੇਣ। ਜੇ ਇਸ ਤਰ੍ਹਾਂ ਨਹੀਂ ਕਰਨਾ ਤਾਂ ਫਿਰ ਅੱਜ ਦੀ ਦਿਹਾੜੀ ਐਵੇਂ ਹੀ ਗਈ।

**ਸਰਦਾਰ ਬੀਰ ਦਵਿੰਦਰ ਸਿੰਘ :** ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕੁਝ ਬੇਨਤੀਆਂ ਕੀਤੀਆਂ ਹਨ। ਮੈਂ ਇਹ ਅਰਜ਼ ਕਰਾਂਗਾ ਕਿ ਸਰਕਾਰ ਉਨ੍ਹਾਂ ਤੇ ਪੂਰਾ ਧਿਆਨ ਦੇ ਕੇ ਇਸ ਦੇ ਵਿਚ

Original with;
Punjab Vidhan Sabha
Digitized by;
Panjab Digital Library

ਸੁਧਾਰ ਕਰੇ। ਬਜਟ ਇਥੇ ਜੋ ਇਸ ਦਾ ਸੀ ਉਸ ਦੇ ਬਾਰੇ ਵੀ ਮੈਂ ਦੱਸਣਾ ਚਾਹੁੰਦਾ ਹਾਂ। ਇਥੇ ਇਤਨੀਆਂ ਲੰਮੀਆਂ ਚੌੜੀਆਂ ਗੱਲਾਂ ਕੀਤੀਆਂ ਗਈਆਂ ਹਨ, ਮੈਂ ਇਕ ਗਲ ਕਹਿ ਕੇ ਤੁਹਾਡੇ ਕੋਲੋਂ ਮੁਆਫੀ ਚਾਹਵਾਂਗਾਂ। ਬਜਟ ਵਿਚ ਟੂਰਿਜ਼ਮ ਦੀ ਇਹ ਹਾਲਤ ਹੈ ਕਿ ਇਸ ਦੇ ਲਈ ਬਹੁਤ ਘੱਟ ਪੈਸਾ ਰਖਿਆ ਗਿਆ ਹੈ। ਹਰਿਆਣੇ ਵਿਚ ਸ਼ਾਇਦ 5 ਕਰੋੜ ਰੁਪਏ ਦਾ ਬਜਟ ਹੈ, ਇਨ੍ਹਾਂ ਨੇ ਵੀ ਸ਼ਾਇਦ 5 ਕਰੋੜ ਦਾ ਹੀ ਰਖਿਆ ਸੀ ਪਰ ਉਹ ਵੀ ਘਟਾ ਦਿਤਾ।

**Mr. Deputy Speaker :** The House stands adjoured till 9.00 A.M. on Friday, the 26th February, 1982.

(*The Sabha then adiourned till* 9.00 *A.M on Friday the* 26*th February,* 1982)

(*1-30 P.M.)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA

*Dated 25th February, 1982*

Vol. IV—No. 2

# UNSTARRED QUESTIONS AND ANSWERS

## Surplus and Inferior Evacuee Land

**181.** (1) **Comrade Raj Kumar**
(2) **Comrade Buta Singh**
(3) **Comrade Sohan Singh** : Will the Minister of State for Rehabilitation and Industries be pleased to state the area of surplus evacuee agri. Land and inferior evacuee Land which have been handed over to the Forest or Soil Conservation Department upto-date ?

**Sardar Darshan Singh K. P.** : 26, 570 Acres of Ghair Mumkin evacuee Land has been transferred to the Forest Department. No evacuee Land has, however, been sold to the Soil Conservation Department.

2, 452 Acres. 6 Kanals and 11 Marlas of Inferior Evacuee Land has been transferred by the Revenue Department to the Forest Department for the purpose of afforestation. No Inferior Evacuee Land has been sold to the Soil Conservation Department.

---

## Inferior Evacuee Land for Scheduled Castes etc.

**182.** (1) **Comrade Raj Kumar**
(2) **Comrade Buta Singh**
(3) **Comrade Sohan Singh** : Will the Minister of State for Rehabilitation and Industries be pleased to state—

(a) the area of inferior evacuee land leased out to Scheduled Castes and other weaker Sections upto date ;

(b) the area of such level sold out to the above said sections ;

**ਸਰਦਾਰ ਗੁਰਦਰਸ਼ਨ ਸਿੰਘ (ਮਾਲ ਮੰਤਰੀ)** : (ੳ) 21736 ਏਕੜ 5 ਕਨਾਲ ਤੇ 1 ਮਰਲਾ ।

(ਅ) 7,919 ਏਕੜ 4 ਕਨਾਲ ਅਤੇ 14 ਮਰਲੇ ।

4797/P.V.S.—Govt. Preess, Chd.

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

*Original with;*
Punjab Vidhan Sabha
*Digitized by;*
Panjab Digital Library

© 1982
Published under the authority of the Punjab Vidhan Sabha and printed by U.T. Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*26th February, 1982*

Vol. IV—No. 3

OFFICIAL REPORT

## CONTENTS

**Friday, the 26th February, 1982**


| | | PAGE |
|---|---|---|
| Starred Questions and Answers | .. | (3)1 |
| Written Answers to Starred Questions laid on the Table of the House under Rule 38 | .. | (3)19 |
| Unstarred Questions and Answers | .. | (3)32 |
| Squatting on the Floor of the House | .. | (3)35 |
| Walk-out (s) | .. | (3)38 |
| Statement by the Chief Minister *re.* the death of Shri Jit Singh of Bassi Pathana | .. | (3)38 |
| Call Attention Notices under Rule 66 | .. | (3)39 |
| Paper laid on the Table | .. | (3)44 |
| LEGISLATIVE BUSINESS: | | |
| Bill: | | |
| The Punjab New Townships (Street Lighting and Water Supply) Fees (Repealing)———,1982 (*Introduced*) | .. | (3)45 |



PUNJAB VIDHAN SABHA SECRETARIAT, CHANDIGARH.

Rs. 40.00 Paise

Price Rs



Original with;
Punjab Vidhan Sabha
Digitized by;
Panjab Digital Library

| | | PAGE |
|---|---|---|
| Points of Order regarding the situation arising out of the agreement *re*. the distribution of Ravi-Beas Waters | .. | (3)45 |
| Discussion on Governor's Address | .. | (3)47 |
| Extension of time of the Sitting | .. | (3)80 |
| Discussion on Governor's Address (*Resumption*) | .. | (3)80 |

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Friday, the 26th February,* 1982.

*The Vidhan Sabha met in the Punjab Vidhan Sabha Hall, Vidhan Bhavan, Chandigarh, at* 9·00 *A.M. of the Clock. Mr. Speaker* (*Shri Brij Bhushan Mehra*) *in the Chair.*

---

## STARRED QUESTIONS AND ANSWERS

---

### Creation of new Sub-Division of PSEB at Badali Ala Singh

*1186. **Sardar Bir Devinder Singh**: Will the Chief Minister be pleased to state whether there is any proposal under consideration to create a new Sub-Division of PSEB at Badali Ala Singh in addition to the existing suburban Sub-Division at Bassi Pathana to meet the demand of the area; if so, the approximate time by which it is likely to materialise ?

**Doctor Kewal Krishan (Finance Minister)**: There is no proposal to create a new Sub-Division of the Punjab State Electricity Board at Badali Ala Singh. However, the headquarters of the existing Sub-Urban Sub-Division of Bassi Pathana has been shifted permanently to Badali Ala Singh, since the 7th December, 1981.

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸ਼ਾਇਦ ਉਨ੍ਹਾਂ ਦੇ ਨੋਟਿਸ ਵਿਚ ਹੋਵੇ ਕਿ ਬੱਸੀ ਪਠਾਣਾ ਤੋਂ ਬਡਾਲੀ ਆਲਾ ਸਿੰਘ ਸਬ-ਸਟੇਸ਼ਨ ਸ਼ਿਫਟ ਕਰਨ ਤੇ ਰਾਜਪੁਰੇ ਦੇ 25, 30 ਪਿੰਡ ਵੀ ਉਸ ਦੇ ਨਾਲ ਜੋੜੇ ਗਏ ਹਨ। ਹੁਣ ਦੇ ਸਬ-ਡਵੀਜ਼ਨ ਤੇ ਪਹੁੰਚਣ ਲਈ ਦੂਰ ਦੇ ਜਿਹੜੇ ਪਿੰਡ ਹਨ ਉਨ੍ਹਾਂ ਨੂੰ ਕੋਈ 22 ਕਿਲੋਮੀਟਰ ਦਾ ਸਫ਼ਰ ਤਹਿ ਕਰ ਕੇ ਜਾਣਾ ਪੈਂਦਾ ਹੈ। ਨਵੇਂ ਹਾਲਾਤ ਦੀ ਰੋਸ਼ਨੀ ਵਿਚ, ਕੀ ਕੋਈ ਵਿਚਾਰ ਕਰਨਗੇ ਕਿ ਬੱਸੀ ਪਠਾਣਾ ਵੀ ਸਬ-ਸਟੇਸ਼ਨ ਬਣਾਇਆ ਜਾਏਗਾ ?

**ਮੰਤਰੀ**: ਮੈਂਬਰ ਸਾਹਿਬ ਦੇ ਸੁਝਾਅ ਤੇ ਵਿਚਾਰ ਕੀਤਾ ਜਾਏਗਾ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਬਿਜਲੀ ਬੋਰਡ ਨੇ ਸਾਰੇ ਅਖਬਾਰਾਂ ਵਿਚ ਪਬ-ਲਿਸਿਟੀ ਦਿਤੀ ਕਿ ਸੀ. ਐਮ. ਸਾਹਿਬ ਬਡਾਲੀ ਪਿੰਡ ਵਿਖੇ ਬਿਜਲੀ ਦੇ ਸਬ-ਸਟੇਸ਼ਨ ਦਾ ਉਦਘਾਟਨ ਕਰਨ ਲਈ ਆਉਣਗੇ । ਪਰ ਸੀ. ਐਮ. ਸਾਹਿਬ ਉਥੇ ਨਹੀਂ ਪਹੁੰਚੇ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਤੇ ਕਿੰਨਾਂ ਰੁਪਿਆ ਖਰਚ ਹੋਇਆ ?

**ਸ਼੍ਰੀ ਸਪੀਕਰ** : ਸੁਆਲ ਦੇ ਨਾਲ ਜਿਹੜੀ ਚੀਜ਼ ਰੈਲੇਵੈਂਟ ਹੋਵੇ, ਉਹੀ ਪੁਛੋ । ਇਸ ਤਰ੍ਹਾਂ ਕਰਕੇ ਕੁਐਸਚਨ ਆਵਰ ਦਾ ਟਾਈਮ ਜ਼ਾਇਆ ਨਾ ਕੀਤਾ ਜਾਏ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਤੁਸੀਂ ਸੈਪਰੇਟ ਨੋਟਿਸ ਦੇ ਦਿਓ, ਮੈਂ ਇਹ ਡਿਸਅਲਾਉ ਕਰਦਾ ਹਾਂ ਕਿਉਂ ਕਿ ਇਹ ਰੈਲੇਵੈਂਟ ਨਹੀਂ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਜਵਾਬ ਦੇ ਲੈਣ ਦਿਓ, ਤੁਸੀਂ ਮੈਨੂੰ ਪਹਿਲਾਂ ਅਲਾਉ ਕੀਤਾ ਹੈ, ਤੁਸੀਂ ਸਾਡੀ ਪ੍ਰੋਟੈਕਸ਼ਨ ਕਰੋ । ਸਪੀਕਰ ਸਾਹਿਬ, ਉਥੇ ਬਿਜਲੀ ਨਹੀਂ ਹੈ, ਕਾਰਖਾਨੇ ਬੰਦ ਪਏ ਹਨ। ਉਥੇ ਸੀ.ਐਮ. ਸਾਹਿਬ ਨਹੀਂ ਪਹੁੰਚੇ ਕਿੰਨੀ ਪੁਲਿਸ ਉਥੇ ਬੈਠੀ ਰਹੀ ਔਰ ਦੂਸਰੇ ਲੋਕ ਇੰਤਜ਼ਾਰ ਕਰਦੇ ਰਹੇ । ਇਹ ਜਿਹੜੀ ਟਰਾਂਸਫਰ ਦੀ ਗੱਲ ਕਰਦੇ ਹਨ ਇਹ ਬਿਲਕੁਲ ਨਹੀਂ ਹੋਇਆ, ਮੈਂ ਇਸ ਨੂੰ ਚੈਲੰਜ ਕਰਦਾ ਹਾਂ । ਬੱਸੀ ਪਠਾਣਾ ਦੇ ਲੋਕਾਂ ਨੂੰ ਸ਼ਿਫਟ ਕਰਨ ਤੇ ਨੁਕਸਾਨ ਹੁੰਦਾ ਹੈ, ਕੀ ਉਥੇ ਨਵਾਂ ਸਬ-ਡਿਵੀਜ਼ਨ ਖੋਲ੍ਹਿਆ ਜਾਏਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਬ-ਡਵੀਜ਼ਨ ਸ਼ਿਫ਼ਟ ਕੀਤਾ ਹੈ ਬਡਾਲੀ ਆਲਾ ਸਿੰਘ, ਉਹ ਉਥੇ ਹੀ ਰਹੇਗਾ। ਅਗਰ 3 ਹਜ਼ਾਰ ਤੋਂ 8 ਹਜ਼ਾਰ ਤਕ ਕੁਨੈਕਸ਼ਨਜ਼ ਹੋਣ ਤਾਂ ਨਵਾਂ ਸਬ-ਡਿਵੀ-ਜ਼ਨ ਕਰੀਏਟ ਕੀਤਾ ਜਾਂਦਾ ਹੈ । ਅਸੀਂ ਸਾਰਾ ਤਖਮੀਨਾ ਕਰਕੇ ਵਿਚਾਰ ਗੋਚਰੇ ਕੀਤਾ ਹੈ ਕਿ ਬੱਸੀ ਪਠਾਣਾ ਵੀ ਰਖਿਆ ਜਾਏ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਬਿਜਲੀ ਦੀ ਵੈਸੇ ਸ਼ਾਰਟੇਜ ਹੈ, ਲਾਈਨਾਂ ਬਹੁਤ ਲੰਬੀਆਂ ਹਨ ਬਿਜਲੀ ਦਾ ਨੁਕਸਾਨ ਹੁੰਦਾ ਹੈ, ਕਿਸਾਨ ਦਾ ਨੁਕਸਾਨ ਹੁੰਦਾ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਬਿਜਲੀ ਦੇ ਹੋਰ ਜ਼ਿਆਦਾ ਸਬ-ਸਟੇਸ਼ਨ ਖੋਲ੍ਹੇ ਜਾਣਗੇ ਤਾਂ ਕਿ ਬਿਜਲੀ ਦੀ ਸਪਲਾਈ ਠੀਕ ਕੀਤੀ ਜਾ ਸਕੇ ?

**ਮੁੱਖ ਮੰਤਰੀ** : ਇਸ ਤੋਂ ਤਾਂ ਇਹ ਸੁਆਲ ਨਹੀਂ ਉਠਦਾ, ਵੈਸੇ ਕਾਲ ਅਟੈਨਸ਼ਨ ਮੋਸ਼ਨ ਆਈ ਹੋਈ ਹੈ, ਮੈਂ ਉਸ ਤੇ ਜਵਾਬ ਦੇ ਦਿਆਂਗਾ ।

---

**Cases of Smuggling of Opium and Silver registered with the Police Station, Khalra**

***1242. 1. Jathedar Naranjan Singh Patti**
**2. Sardar Major Singh Ubboke** } :Will the Chief Minister be pleased to state:—

(a) the total number of cases of opium and silver smuggling etc. registered with the police Station Khalra, Tehsil Patti, District Amritsar during the period from June, 1980 to December, 1981;

(b) the quantity of each contraband mentioned in part (a) above seized by the police;

(c) the number of cases out of those referred to in part (a) above which were declared as untraced togetherwith the number of those in which the police did not submit challans in the Courts?

**ਸਰਦਾਰ ਦਰਬਾਰਾ ਸਿੰਘ** : (ੳ)
(ਅ) } :ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।
(ੲ)

Original with;
Punjab Vidhan Sabha
Digitized by;
Panjab Digital Library

**ਅਫੀਮ ਅਤੇ ਚਾਂਦੀ ਆਦਿ ਦੀ ਸਮੱਗਲਿੰਗ ਬਾਰੇ ਥਾਨਾ ਖਾਲੜਾ, ਤਹਿਸੀਲ ਪੱਟੀ ਵਿੱਚ ਦਰਜ ਮੁਕੱਦਮਿਆਂ ਦਾ ਵੇਰਵਾ**

(ੳ) ਥਾਨਾ ਖਾਲੜਾ, ਤਹਿਸੀਲ ਪੱਟੀ, ਜ਼ਿਲਾ ਅੰਮ੍ਰਿਤਸਰ ਵਿਖੇ ਜੂਨ, 1980 ਤੋਂ ਲੈਕੇ, ਦਸੰਬਰ, 1981 ਦੇ ਸਮੇਂ ਦੇ ਦੌਰਾਨ ਅਫ਼ੀਮ ਅਤੇ ਚਾਂਦੀ ਆਦਿ ਦੀ ਸਮੱਗਲਿੰਗ ਦੇ ਕੁੱਲ 49 ਮੁਕਦਮੇ ਦਰਜ ਹੋਏ ।

(ਅ) ਭਾਗ (ੳ) ਵਿੱਚ ਦਰਜ 49 ਮੁਕੱਦਮਿਆਂ ਵਿਚ ਪੁਲਿਸ ਵਲੋਂ ਫੜੀ ਗਈ ਹਰ ਇਕ ਵਰਜਿਤ ਵਸਤੂ ਦੀ ਮਾਤਰਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| (1) | ਇਲਾਚੀ | ... 23 ਕਿਲੋ 500 ਗ੍ਰਾਮ |
| (2) | ਚਾਂਦੀ | ... 23 ਕਿਲੋ 500 ਗ੍ਰਾਮ |
| (3) | ਵਿਸਕੀ | ... 90 ਬੋਤਲਾਂ |
| (4) | ਅਫ਼ੀਮ | ... 799 ਕਿਲੋ 750 ਗ੍ਰਾਮ |
| (5) | ਦਵਾਈਆਂ ਦਾ ਪਾਊਡਰ | ... 106 ਕਿਲੋ ਗ੍ਰਾਮ |
| (6) | ਰਾਇਫਲ 303 ਬੋਰ | ... 1 |
| (7) | ਕਲਾਈ ਘੜੀ | ... 1 |

(ੲ) ਭਾਗ (ੳ) ਵਿਚ ਦਰਜ 49 ਮੁਕੱਦਮਿਆਂ ਵਿਚੋਂ, 13 ਮੁਕੱਦਮਿਆਂ ਵਿਚ ਅਦਮ ਪਤਾ ਰਿਪੋਰਟ ਭੇਜੀ ਗਈ ਅਤੇ 23 ਮੁਕੱਦਮਿਆਂ ਵਿਚ ਅਜੇ ਤਕ ਪੁਲਿਸ ਨੇ ਅਦਾਲਤ ਵਿਚ ਚਲਾਨ ਪੇਸ਼ ਨਹੀਂ ਕੀਤਾ, ਕਿਉਂ ਕਿ ਇਹ 23 ਮੁਕਦਮੇਂ ਹਾਲੇ ਤਕ ਜ਼ੇਰ ਤਫਤੀਸ਼ ਹਨ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ, ਜਿਹੜੇ ਕੇਸ ਦਰਜ ਕੀਤੇ ਹਨ ਉਹ ਇਨ੍ਹਾਂ ਦੇ ਸਮੇਂ ਦੇ ਹਨ, 49 ਕੇਸ ਦਰਜ ਹੋਏ ਔਰ ਉਨ੍ਹਾਂ ਵਿਚੋਂ 13 ਕੇਸ ਅਦਮ ਪਤਾ ਹੋਣ ਦੇ ਕਾਰਣ ਪੁਲਿਸ ਨੇ ਐਵੇਂ ਗੁਆ ਦਿਤੇ ਔਰ ਕਈ ਕੇਸ ਇਹੋ ਜਿਹੇ ਹਨ ਜਿਨ੍ਹਾਂ ਤੇ ਕੋਈ ਕਾਰਵਾਈ ਨਹੀ ਕੀਤੀ ਗਈ। ਕੀ ਇਹ ਕਿਰਪਾ ਕਰ ਕੇ ਦਸਣਗੇ ਕਿ ਕਿੰਨੇ ਕੇਸ ਕਸਟਮ ਵਾਲਿਆਂ ਨੇ ਪਕੜੇ ਹਨ ਅਤੇ ਕਿੰਨੇ ਕੇਸ ਪੁਲਿਸ ਵਾਲਿਆਂ ਨੇ ਪਕੜੇ ਹਨ ਔਰ ਕਿਹੜੇ ਕੇਸ ਵਿਚ ਕਿੰਨੀ ਕੁਆਂਟਿਟੀ ਹੈ ?

**ਮੁੱਖ ਮੰਤਰੀ** : ਜਿਹੜੇ ਕੇਸਿਜ਼ ਬਾਰੇ ਇਨ੍ਹਾਂ ਨੇ ਪੁਛਿਆ ਸੀ ਉਨ੍ਹਾਂ ਦੀ ਡਿਟੇਲਜ਼ ਇਨ੍ਹਾਂ ਨੂੰ ਭੇਜ ਦਿਤੀਆਂ ਹਨ, ਜਿੰਨੀਂ ਮਾਤਰਾ ਵਿਚ ਅਫ਼ੀਮ, ਚਾਂਦੀ ਆਦਿ ਫੜੀ ਗਈ ਉਹ ਵੀ ਦਸ ਦਿਤੀ। ਜਿਥੋਂ ਤੱਕ ਸੁਆਲ ਹੈ 13 ਮੁਕਦਮੇਂ ਅੱਨ-ਟਰੇਸਡ ਦਾ ਉਨ੍ਹਾਂ ਦਾ ਮਤਲਬ ਇਹ ਹੈ ਕਿ ਜਿਨ੍ਹਾਂ ਦਾ ਮਾਲ ਸੀ ਉਹ ਛੱਡ ਕੇ ਚਲੇ ਗਏ, ਉਹ ਮਾਲ ਪੁਲਿਸ ਕੋਲ ਹੈ ਉਹ ਬੰਦੇ ਕੌਣ ਸਨ; ਇਹ ਅਨ ਟਰੇਸਡ ਹਨ। ਜਿਥੋਂ ਤੱਕ 23 ਦੂਸਰੇ ਕੇਸਿਜ਼ ਦਾ ਸੁਆਲ ਹੈ ਉਨ੍ਹਾਂ ਬਾਰੇ ਇਹ ਹੈ ਕਿ ਸਾਡੇ ਇਕੋ ਹੀ ਐਗਜ਼ਾਮੀਨਰ ਹੈ, ਉਸ ਪਾਸ ਹੋਰ ਵੀ ਬਹੁਤ ਕੇਸਿਜ਼ ਹੁੰਦੇ ਹਨ, ਇਸ ਲਈ ਰਿਜ਼ਲਟਸ ਆਉਣ ਤੇ 7, 8 ਮਹੀਨੇ ਲਗ ਜਾਂਦੇ ਹਨ। ਰਿਜ਼ਲਟਸ ਆਉਣ ਤੇ ਕਾਰਵਾਈ ਹੋ ਜਾਵੇਗੀ ਤੀਜਾ

Original with;
Punjab Vidhan Sabha
Digitized by;
Panjab Digital Library

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਅਨਟਰੇਸਡ ਕੇਸ ਦੱਸੇ ਜਾਂਦੇ ਹਨ ਉਨ੍ਹਾਂ ਵਿਚੋਂ ਕਿੰਨੇ ਕੇਸਿਜ਼ ਪੁਲਿਸ ਜਾਂ ਅਫਸਰਾਂ ਦੀ ਸ਼ਹਿ ਦੇ ਨਾਲ ਕਰਵਾਏ ਗਏ ? ਕੀ ਕੋਈ ਡੀ. ਐਸ. ਪੀ. 4 ਕੁਇੰਟਲ ਅਫੀਮ ਲਿਆਉਂਦਾ ਬੀ. ਐਸ. ਐਫ., ਦੁਆਰਾ ਫੜਿਆ ਗਿਆ ਹੈ ਅਤੇ ਕੀ ਉਨ੍ਹਾਂ ਦੇ ਕਮਾਂਡੈਂਟ ਨੇ ਕੇਸ ਦਰਜ ਕਰਵਾਇਆ ਹੈ ?

**ਮੁੱਖ ਮੰਤਰੀ** : ਇਸ ਦੀ ਵਾਕਫੀਅਤ ਮੈਂ ਦੇ ਦਿਆਂਗਾ । ਇਸ ਵੇਲੇ ਮੇਰੇ ਪਾਸ ਇਹ ਹੈ ਨਹੀਂ। ਜੋ ਇਨ੍ਹਾਂ ਨੇ ਸਵਾਲ ਕੀਤਾ ਸੀ ਉਸ ਦੇ ਮੁਤਾਬਿਕ ਮੈਂ ਜਵਾਬ ਦੇ ਦਿਤਾ ਹੈ। ਇਸ ਦੀ ਪੜਤਾਲ ਕਰ ਕੇ ਮੈਂ ਤੁਹਾਨੂੰ ਦੱਸ ਸਕਦਾ ਹਾਂ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸੇ ਪਿੰਡ ਦੇ ਅਮਲੀ ਕੋਲੋਂ ਜੇ ਤੋਲਾ ਅਫੀਮ ਵੀ ਫੜੀ ਜਾਵੇ ਤਾਂ ਉਸ ਨੂੰ ਥਾਣੇਦਾਰ ਕਹਿੰਦਾ ਹੈ ਕਿ ਭਲਕੇ ਕੋਰਟ ਵਿਚੋਂ ਜੁਰਮਾਨਾ ਕਰਵਾ ਦਿਆਂਗੇ। ਮੁਕਬਰ ਇਨ੍ਹਾਂ ਕੋਲੋਂ ਜ਼ਿਆਦਾ ਹੋ ਗਏ ਹਨ। ਅਫੀਮ ਫੜੀ ਗਈ ਅਤੇ 7 ਮਹੀਨੇ ਇਹ ਕਹਿੰਦੇ ਹਨ ਕਿ ਕੇਸ ਨੂੰ ਲਰਾਂਗੇ। ਕਿਉਂ ਨਹੀਂ ਸਰਕਾਰ ਇਸ ਤੇ ਫੌਰੀ ਤੌਰ ਤੇ ਐਕਸ਼ਨ ਲੈਂਦੀ ? ਪਹਿਲੇ ਇਜਲਾਸ ਵਿੱਚ ਸੀ. ਐਮ. ਸਾਹਿਬ ਨੇ ਕਿਹਾ ਸੀ ਕਿ ਪੰਜਾਬ ਦੇ ਸਾਰੇ ਸਮੱਗਲਰ ਖਤਮ ਕਰ ਦਿੱਤੇ ਜਾਣਗੇ, ਪਰ ਇਹ ਤਾਂ ਖਤਮ ਹੋਣ ਦੀ ਥਾਂ ਵੱਧਦੇ ਜਾ ਰਹੇ ਹਨ।

(ਕੋਈ ਉੱਤਰ ਨਹੀਂ ਦਿੱਤਾ ਗਿਆ)।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਸ਼ਹਿਰ ਦੇ ਅਕਾਲੀ ਦਲ ਦੇ ਪ੍ਰਧਾਨ ** ** ** ਕੋਲੋਂ ਤਿੰਨ ਲੱਖ ਰੁਪਏ ਦੀ ਜੋ ਚਾਂਦੀ ਫੜੀ ਗਈ ਸੀ, ਉਸ ਦਾ ਕੀ ਬਣਿਆ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਸ ਬਾਰੇ ਕਿਸੇ ਤੇ ਕਟਾਕਸ਼ ਨਹੀਂ ਕਰਨਾ ਚਾਹੁੰਦਾ। ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਸੀ ਉਸ ਦੇ ਮੁਤਾਬਿਕ ਮੈਂ ਵਾਕਫੀਅਤ ਹਾਸਲ ਕੀਤੀ ਸੀ। ਮੈਂ ਇਹ ਇਨਕੁਆਇਰੀ ਕਰ ਕੇ ਹੀ ਦੱਸ ਸਕਦਾ ਹਾਂ। ਇਸ ਸਵਾਲ ਵਿਚੋਂ ਤਾਂ ਇਹ ਅਰਾਈਜ਼ ਨਹੀਂ ਹੁੰਦਾ । ਪਰ ਫਿਰ ਵੀ ਇਨ੍ਹਾਂ ਦੀ ਵਾਕਫੀਅਤ ਲਈ ਮੈਂ ਪਤਾ ਕਰ ਕੇ ਦੱਸ ਦਿਆਂਗਾ ।

**ਵਿਕਾਸ ਮੰਤਰੀ** : ਜਿਹੜਾ ਨਾਂ ਲਿਆ ਗਿਆ ਹੈ, ਇਹ ਐਕਸਪੰਜ ਕਰ ਦਿਤਾ ਜਾਵੇ।

**ਸ੍ਰੀ ਸਪੀਕਰ** : ਇਹ ਨਾਂ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਬਸੰਤ ਸਿੰਘ ਖਾਲਸਾ** : ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰ ਕੇ ਦੱਸਣਗੇ........

**ਡਾਕਟਰ ਭਗਤ ਸਿੰਘ** : ਤੁਸੀਂ ਇਸ ਪਾਸੇ ਸਪੀਕਰ ਸਾਹਿਬ ਧਿਆਨ ਹੀ ਨਹੀਂ ਦਿੰਦੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਕੀ ਮੁੱਖ ਮੰਤਰੀ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਪਿਛੇ ਜਿਹੇ ਅਫੀਮ ਦੇ ਕੇਸ ਫੜੇ ਗਏ ਅਤੇ ਲੁਧਿਆਣੇ ਵਿਚ ਪੰਜ ਹਜ਼ਾਰ ਬੋਰੀ ਸੀਮਿੰਟ ਦੀ ਫੜੀ ਗਈ ਅਤੇ ਜਾਲੀ ਇਸ਼ਟਾਮ ਵੀ ਫੜੇ ਗਏ। ਖੰਨੇ ਵਿੱਚ ਖਾਲੀ ਬੋਰੀਆਂ ਤਾਂ ਇਨ੍ਹਾਂ ਨੇ ਆਪ ਫੜੀਆਂ

---

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੇ ਕੇਸਾਂ ਦਾ ਕੀ ਬਣਿਆ। ਕੀ ਸਰਕਾਰ ਉਹ ਸੀਮਿੰਟ ਦੇ ਕੇਸ ਵਾਪਸ ਤਾਂ ਨਹੀਂ ਲੈ ਰਹੀ ?

**ਮੁੱਖ ਮੰਤਰੀ** : ਇਸ ਸਵਾਲ ਵਿੱਚੋਂ ਤਾਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ। ਪਰ ਫਿਰ ਵੀ ਖਾਲਸਾ ਜੀ ਦੀ ਸੈਟਿਸਫੈਕਸ਼ਨ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਜੋ ਕੇਸ ਫੜਿਆ ਹੈ ਉਸ ਦੇ ਵਿੱਚ ਕੋਈ ਵੀ ਇਨਵਾਲਵਡ ਹੋਵੇ, ਉਹ ਛੱਡਿਆ ਨਹੀਂ ਜਾਵੇਗਾ।

**ਸਰਦਾਰ ਹਰਚੰਦ ਸਿੰਘ ਬਰਾੜ** : ਸਪੀਕਰ ਸਾਹਿਬ, ਸੀ. ਐਮ. ਸਾਹਿਬ ਤੱਕ ਤਾਂ ਅਫਸਰ ਗੱਲ ਪਹੁੰਚਣ ਹੀ ਨਹੀਂ ਦਿੰਦੇ। ਇਨ੍ਹਾਂ ਨੂੰ ਤਾਂ ਪਤਾ ਹੀ ਨਹੀਂ ਲਗਦਾ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਜਿਸ ਵੇਲੇ ਕੋਈ ਅਫੀਮ ਪਕੜੀ ਜਾਂਦੀ ਹੈ ਅਤੇ ਉਥੋਂ ਦਾ ਐਸ. ਐਚ ਓ. ਲਿਖ ਦਿੰਦਾ ਹੈ ਕਿ 27 ਲੱਖ ਰੁਪਏ ਦੀ ਅਫੀਮ ਫੜੀ ਗਈ ਜਾਂ 7 ਲੱਖ ਰੁਪਏ ਦੀ ਅਫੀਮ ਫੜੀ ਗਈ। ਉਸ ਬਾਰੇ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਫੜੀ ਗਈ ਅਫੀਮ ਨੂੰ ਕਿਸ ਤਰ੍ਹਾਂ ਡਿਸਪੋਜ਼ ਆਫ਼ ਕੀਤਾ ਜਾਂਦਾ ਹੈ ਅਤੇ ਕਿਤਨੇ ਪੈਸੇ ਉਸ ਦੇ ਖਜ਼ਾਨੇ ਵਿੱਚ ਜਾਂਦੇ ਹਨ ?

**ਮੁੱਖ ਮੰਤਰੀ** : ਰੁਪਿਆ ਵਸੂਲ ਕਰਨ ਵਾਲੀ ਕੋਈ ਗੱਲ ਨਹੀਂ। ਇਹ ਵੇਖਣ ਲਈ ਕਿ ਇਸ ਅਫ਼ੀਮ ਵਿੱਚ ਕੀ ਜ਼ਹਿਰ ਪਾਈ ਹੋਈ ਹੈ, ਇਸ ਦੇ ਵਿੱਚ ਅਫੀਮ ਦੀ ਮਾਤਰਾ ਕਿਤਨੀ ਹੈ, ਅਸੀਂ ਉਸ ਦਾ ਕੈਮੀਕਲ ਐਗਜ਼ਾਮੀਨੇਸ਼ਨ ਕਰਾਉਂਦੇ ਹਾਂ। ਉਹ ਫਿਰ ਰਿਪੋਰਟ ਦਿੰਦਾ ਹੈ ਜਿਸ ਨੂੰ ਕੋਰਟ ਵਿੱਚ ਪ੍ਰੋਡਿਊਸ ਕਰਦੇ ਹਾਂ। ਸਮੱਗਲਰ ਜਿਹੜੇ ਹੁੰਦੇ ਹਨ ਉਹ ਅਫੀਮ ਵੇਚ ਕੇ ਪੈਸੇ ਕਮਾਉਂਦੇ ਹਨ। ਗੌਰਮਿੰਟ ਨੇ ਆਪਣੇ ਵੱਲੋਂ ਤਾਂ ਅਫੀਮ ਸਪਲਾਈ ਨਹੀਂ ਕਰਨੀ। ਇਹ ਵੇਸਟ ਜਾਂਦੀ ਹੈ। ਗੌਰਮਿੰਟ ਇਸ ਨੂੰ ਨਹੀਂ ਵੇਚਦੀ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਪੁਲਿਸ ਵਾਲੇ ਅਫੀਮ ਵੇਚ ਦਿੰਦੇ ਹਨ ਅਤੇ ਇਨਾਮ ਵੀ ਲੈ ਜਾਂਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਕੈਮੀਕਲ ਅਨੈਲੇਸਿਜ਼ ਵਿੱਚ ਅਫ਼ੀਮ ਨਿਕਲਦੀ ਹੈ, ਉਹ ਕਿਥੇ ਜਾਂਦੀ ਹੈ ?

**ਸ੍ਰੀ ਸਪੀਕਰ** : ਸੀ. ਐਮ. ਸਾਹਿਬ ਨੇ ਦੱਸ ਦਿੱਤਾ ਹੈ ਉਹ ਜ਼ਾਇਆ ਜਾਂਦੀ ਹੈ।

**ਸਰਦਾਰ ਆਤਮਾ ਸਿੰਘ** : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਪਾਸੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਮਗਲਰਾਂ ਕੋਲੋਂ ਜੋ ਸੋਨਾ, ਚਾਂਦੀ ਅਤੇ ਹੋਰ ਸਾਮਾਨ ਪਕੜਿਆ ਜਾਂਦਾ ਹੈ, ਉਹ ਪੁਲਿਸ ਕਾਬੂ ਕਰ ਲੈਂਦੀ ਹੈ। ਸਰਕਾਰ ਦੇ ਪਾਸ ਐਸਾ ਕੀ ਚੈਕ ਹੈ ਕਿ ਪਕੜਿਆ ਹੋਇਆ ਸਾਮਾਨ ਸਾਰੇ ਦਾ ਸਾਰਾ ਸਰਕਾਰੀ ਖਜ਼ਾਨੇ ਵਿਚ ਠੀਕ ਢੰਗ ਨਾਲ ਜਮ੍ਹਾਂ ਹੋਵੇ ? ਕਿਧਰੇ ਇਹ ਤਾਂ ਨਹੀਂ ਹੁੰਦਾ ਕਿ ਚੋਰਾਂ ਦਾ ਮਾਲ ਅਤੇ ਡਾਂਗਾਂ ਦੇ ਗਜ਼। ਇਸ ਦਾ ਸਰਕਾਰ ਨੇ ਕੀ ਪ੍ਰਬੰਧ ਕੀਤਾ ਹੈ ?

**ਮੁੱਖ ਮੰਤਰੀ** : ਸਰਦਰ ਆਤਮਾ ਸਿੰਘ ਆਪ ਵਜ਼ੀਰ ਰਹੇ ਹਨ। ਇਨ੍ਹਾਂ ਨੂੰ ਇਸ ਚੀਜ਼ ਦੀ ਵੀ ਵਾਕਫੀਅਤ ਨਹੀਂ ਕਿ ਜੋ ਚੀਜ਼ ਪਕੜੀ ਜਾਂਦੀ ਹੈ ਉਸ ਨੂੰ ਗੌਰਮਿੰਟ ਉਤਨੀ ਦੇਰ ਆਪਣੇ ਕੋਲ ਰਖਦੀ ਹੈ ਜਿਤਨੀ ਦੇਰ ਤਕ ਕੇਸ ਚਲਦਾ ਹੈ। ਅਗਰ ਕੇਸ ਸਮਗਲਰ ਦੇ ਖਿਲਾਫ ਹੋ ਜਾਵੇ, ਕੋਰਟ ਫੈਸਲਾ ਦੇ ਦੇਵੇ ਤਾਂ ਉਹ ਗੌਰਮਿੰਟ ਪਾਸ ਸਾਰਾ ਸਾਮਾਨ ਆ ਜਾਂਦਾ ਹੈ।

**ਸਰਦਾਰ ਆਤਮਾ ਸਿੰਘ** : ਮੁੱਖ ਮੰਤਰੀ ਜੀ ਇਹ ਗਲ ਕਲੈਰੀਫਾਈ ਕਰਨ ਕਿ ਅਗਰ 50 ਕਿਲੋ ਚਾਂਦੀ ਪਕੜੀ ਜਾਂਦੀ ਹੈ ਤਾਂ ਕਿਤੇ ਇਹ ਤਾਂ ਨਹੀਂ ਹੁੰਦਾ ਕਿ ਫੜਨ ਵਾਲੀ ਪੁਲਿਸ 25 ਕਿਲੋ ਆਪ ਹਜ਼ਮ ਕਰ ਲਏ ਅਤੇ 25 ਕਿਲੋ ਖਜ਼ਾਨੇ ਵਿਚ ਜਮ੍ਹਾਂ ਕਰਾ ਦੇਵੇ। ਇਸ ਦਾ ਕੀ ਚੈਕ ਹੈ ?

Original with;
Punjab Vidhan Sabha
Digitized by;
Panjab Digital Library

ਮੁੱਖ ਮੰਤਰੀ : ਅਗਰ ਪਕੜੀ ਗਈ ਚੀਜ਼ ਤੋਂ ਘੱਟ ਉਹ ਸ਼ੋਅ ਕਰੇ ਅਤੇ ਇਸ ਦਾ ਪਤਾ ਲਗ ਜਾਵੇ ਤਾਂ ਲਾਜ਼ਮੀ ਤੌਰ ਤੇ ਉਸ ਦੇ ਖਿਲਾਫ ਐਕਸ਼ਨ ਲਿਆ ਜਾਂਦਾ ਹੈ।

---

**Veterinary/Civil Hospitals of Tehsil Patti under the control of Zila Parishad, Amritsar**

***1241. (1) Jathedar Naranjan Singh Patti**
**(2) Sardar Major Singh Ubboke** } : Will the Minister for Development be pleased to state:—

(a) the total number and the names of the Veterinary and Civil Hospitals in tehsil Patti, district Amritsar which at present are under the control of Zila Parishad, Amritsar.

(b) the steps being taken by the Government to meet the shortage of staff in the said Hospitals ?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) (i) ਪਸ਼ੂ ਹਸਪਤਾਲ 3,—ਪੱਟੀ, ਵਲਟੋਹਾ ਅਤੇ ਭਿਖੀ-ਵਿੰਡ ।

(ii) ਸਿਵਲ ਹਸਪਤਾਲ 1—,ਖਾਲੜਾ ।

(ਅ) (i) ਪਸ਼ੂ ਹਸਪਤਾਲ ਪੱਟੀ ਅਤੇ ਭਿਖੀਵਿੰਡ ਵਿਖੇ ਡਾਕਟਰ ਅਤੇ ਦੂਜਾ ਸਾਰਾ ਸਟਾਫ ਲਗਾ ਹੋਇਆ ਹੈ। ਪਸ਼ੂ ਹਸਪਤਾਲ, ਵਲਟੋਹਾ ਵਿਖੇ ਡਾਕਟਰ, ਭਾਵ ਵੈਟਰਨਰੀ ਅਸਿਸਟੈਂਟ ਸਰਜਨ ਦੀ ਅਸਾਮੀ ਖਾਲੀ ਹੈ। ਨਾਲ ਦੇ ਪਸ਼ੂ ਹਸਪਤਾਲ ਦਾ ਡਾਕਟਰ ਹਫਤੇ ਵਿਚ 2 ਦਿਨ ਲਈ ਪਸ਼ੂ ਹਸਪਤਾਲ, ਵਲਟੋਹਾ ਵਿਚ ਕੰਮ ਕਰਦਾ ਹੈ। ਬਾਕੀ ਸਟਾਫ ਲੱਗਾ ਹੋਇਆ ਹੈ ।

(ii) ਸਿਵਲ ਹਸਪਤਾਲ ਖਾਲੜਾ ਵਿਖੇ ਡਾਕਟਰ ਲਗਾਉਣ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ ਪਰ ਸਬੰਧਿਤ ਡਾਕਟਰ ਨੇ ਅਜੇ ਡਿਊਟੀ ਜੁਆਇਨ ਕਰਨੀ ਹੈ । ਇਸ ਹਸਪਤਾਲ ਵਿਖੇ ਡਿਸ-ਪੈਂਸਰ ਦੀ ਖਾਲੀ ਆਸਾਮੀ ਛੇਤੀ ਭਰੀ ਜਾ ਰਹੀ ਹੈ। ਬਾਕੀ ਸਟਾਫ ਲਗਾ ਹੋਇਆ ਹੈ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ 1965 ਦੀ ਲੜਾਈ ਤੋਂ ਬਾਅਦ ਕੋਈ ਡਾਕਟਰ ਸਿਵਲ ਡਿਸਪੈਂਸਰੀ ਖਾਲੜਾ ਵਿੱਚ ਗਿਆ ? ਉਦੋਂ ਤੋਂ ਲੈ ਕੇ ਅੱਜ ਤਕ ਇਕ ਦਫਾ ਇਕ ਡਾਕਟਰ ਇੱਕ ਮਹੀਨੇ ਲਈ ਉਥੇ ਰਿਹਾ। ਉਥੇ ਇਕ ਕੰਪਾਊਂਡਰ ਸੀ ਉਹ ਵੀ ਬਾਅਦ ਵਿਚ ਮਰ ਗਿਆ। ਉਥੇ ਹੁਣ ਕੰਪਾਊਂਡਰ ਵੀ ਕੋਈ ਨਹੀਂ ਹੈ। ਇਸ ਲਈ ਬਾਰਡਰ ਦੇ ਇਲਾਕੇ ਦੇ ਲੋਕਾਂ ਦੀ ਬੇਹਤਰੀ ਲਈ ਕੀ ਵਜ਼ੀਰ ਸਾਹਿਬ ਕੋਸ਼ਿਸ਼ ਕਰਨਗੇ ਕਿ ਉਥੇ ਛੇਤੀ ਤੋਂ ਛੇਤੀ ਡਾਕਟਰ ਅਤੇ ਕੰਪਾਊਂਡਰ ਭੇਜ ਦੇਣਗੇ ? ਦੂਸਰਾ ਵੈਟਰਨਰੀ ਹਸਪਤਾਲ ਐਸਾ ਹੈ ਕਿ ਉਥੇ ਕੋਈ ਡਾਕਟਰ ਪੂਰਾ ਕੰਮ ਕਰਦਾ ਹੀ ਨਹੀਂ। ਅਗੇ ਡਾਕਟਰ ਨਹੀਂ ਸੀ। ਜਦੋਂ ਦਾ ਸਵਾਲ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਆਇਆ ਹੈ ਉਨ੍ਹਾਂ ਨੇ ਇਸ ਦਾ ਪ੍ਰਬੰਧ ਕਰ ਦਿਤਾ ਹੈ। ਇਹ ਹਸਪਤਾਲ ਜ਼ਿਲਾ ਪ੍ਰੀਸ਼ਦ ਕੋਲ ਹਨ। ਕੀ ਸਰਕਾਰ ਇਨ੍ਹਾਂ ਨੂੰ ਆਪਣੀ ਤਹਿਸੀਲ ਵਿੱਚ ਲੈ ਲਵੇਗੀ ? ਇਸੇ ਤਰ੍ਹਾਂ ਦੇ ਤਿੰਨ ਚਾਰ ਹਸਪਤਾਲ ਹਨ। ਇਨ੍ਹਾਂ ਦੀ ਹਾਲਤ ਵੇਖ ਲਈ ਜਾਵੇ। ਇਸ ਵਾਸਤੇ ਕੀ ਇਹ ਉਨ੍ਹਾਂ ਹਸਪਤਾਲਾਂ ਦੀ ਹਾਲਤ ਸੁਧਾਰਨ ਦਾ ਯਤਨ ਕਰਨਗੇ ਔਰ ਕੀ ਇਹ ਨਵਿਆਂ ਦਾ ਵੀ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਜਿਵੇਂ ਕਿ ਮੈਂ ਅੱਗੇ ਵੀ ਦੱਸਿਆ ਹੈ ਕਿ ਜੋ ਹਸਪਤਾਲ ਹੈ ਉਥੇ ਵੀ. ਏ. ਐਸ. ਨਹੀਂ ਹੈ। ਕੁਝ ਦੇਰ ਹੋਈ ਉਥੇ ਮੁਕੱਰਰ ਕੀਤਾ ਸੀ ਐਡਹਾਕ ਬੇਸਿਜ਼ ਤੇ ਲੇਕਿਨ ਉਹ ਨਾ ਲਗਾ। ਅਸੀਂ ਪਬਲਿਕ ਸਰਵਿਸ ਕਮਿਸ਼ਨ ਨੂੰ ਲਿਖਿਆ ਸੀ ਲੇਕਿਨ ਵੀ. ਏ. ਐਸ. ਦੀ ਘਾਟ ਹੋਣ ਕਰਕੇ 240 ਪੋਸਟਾਂ ਪੰਜਾਬ ਦੇ ਸਾਰੇ ਹਸਪਤਾਲਾਂ ਵਿਚ ਘੱਟ ਸਨ। ਸਤੰਬਰ, 1980 ਦੇ ਵਿਚ ਉਨ੍ਹਾਂ ਪੋਸਟਾਂ ਦੇ ਅਗੇਂਸਟ 89 ਵੀ. ਏ. ਐਸ. ਸਾਨੂੰ ਮਿਲੇ। ਇਸ ਵੇਲੇ 165 ਪੋਸਟਾਂ ਸਾਡੀਆਂ ਖਾਲ੍ਹੀ ਪਈਆਂ ਹਨ। ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਇਹ ਪ੍ਰਥਾ ਚਲਦੀ ਸੀ ਕਿ 80 ਆਦਮੀਆਂ ਦੀ ਟ੍ਰੇਨਿੰਗ ਵਾਸ਼ਤੇ ਕਲਾਸ ਲਗਦੀ ਸੀ। ਹੁਣ ਅਸੀਂ ਇਹ ਗਿਣਤੀ ਵਧਾ ਕੇ 140 ਕਰ ਦਿਤੀ ਹੈ। ਹੁਣ ਜਦੋਂ ਉਹ ਟ੍ਰੇਨਿੰਗ ਲੈ ਕੇ ਆਉਣਗੇ ਤਾਂ ਫਿਰ ਇਹ ਡਾਕਟਰ ਬਣ ਕੇ ਲਗ ਸਕਦੇ ਹਨ। ਉਥੇ ਟੈਂਪਰੇਰੀ ਡਾਕਟਰ ਦਾ ਇੰਤਜ਼ਾਮ ਕੀੜਾ ਹੈ ਲੇਕਿਨ ਅੱਜ ਮੇਰੀ ਗੱਲ ਸੈਕਟਰੀ, ਜ਼ਿਲ੍ਹਾ ਪ੍ਰੀਸ਼ਦ ਨਾਲ ਹੋਈ ਹੈ। ਉਨ੍ਹਾਂ ਦਾ 6 ਲੱਖ 44 ਹਜ਼ਾਰ ਰੁਪਿਆ ਡੈਫਿਸਿਟ ਸੀ, ਉਹ ਰੁਪਿਆ ਅਸੀਂ ਭੇਜ ਛੱਡਿਆ ਹੈ। ਉਨ੍ਹਾਂ ਨੇ ਮੈਨੂੰ ਕਿਹਾ ਹੈ ਕਿ ਅਸੀਂ ਆਪਣੇ ਤੌਰ ਤੇ ਡਾਕਟਰ ਰੱਖਣ ਦਾ ਫੈਸਲਾ ਕਰ ਲਿਆ ਹੈ। ਸੀ. ਐਮ. ਓ. ਨਾਲ ਗੱਲ ਹੋ ਗਈ ਹੈ ਔਰ ਉਥੋਂ ਡਾਕਟਰ ਛੇਤੀ ਚਲਾ ਜਾਵੇਗਾ। ਫਾਰਮਿਸਟ ਜਿਹੜਾ ਸੀ ਉਸ ਦੀ ਡੈਥ ਹੋ ਗਈ ਹੈ। ਹੁਣ ਜ਼ਿਲ੍ਹਾ ਪ੍ਰੀਸ਼ਦ ਨੂੰ ਕਿਹਾ ਹੈ ਕਿ ਛੇਤੀ ਪੋਸਟ ਐਡਵਰਟਾਈਜ਼ ਕਰਕੇ ਕੋਈ ਫਾਰਮਾਸਿਸਟ ਰੱਖ ਲਵੋ।

ਸਰਦਾਰ ਬਸੰਤ ਸਿੰਘ ਖਾਲਸਾ : ਵਜ਼ੀਰ ਸਾਹਿਬ ਤੁਸੀਂ ਸਵਾਲ ਦੇ ਇਕ ਹਿੱਸੇ ਦਾ ਜਵਾਬ ਨਹੀਂ ਦਿੱਤਾ ਕਿ ਕੀ ਜ਼ਿਲ੍ਹਾ ਪ੍ਰੀਸ਼ਦ ਦੇ ਹਸਪਤਾਲਾਂ ਦੀਆਂ ਬਿਲਡਿੰਗਾਂ ਨੂੰ ਵੀ ਸਰਕਾਰ ਆਪਣੇ ਕੰਟਰੋਲ ਵਿਚ ਲੈ ਲਵੇਗੀ ? ਬਿਲਡਿੰਗਾਂ ਦੀ ਖਸਤਾ ਹਾਲਤ ਹੈ। ਉਨ੍ਹਾਂ ਬਾਰੇ ਦੱਸੋ।

(ਕੋਈ ਉੱਤਰ ਨਹੀਂ ਦਿਤਾ ਗਿਆ)

## Water Allowance in District Patiala

*1185 **Sardar Birdevinder Singh** : Will the Minister for Agriculture and Irrigation be pleased to state :—

(a) the details of water allowance in district Patiala;

(b) whether there is any proposal under the consideration of the Government to increase the water allowance in district Patiala subsequent to the change in the crop pattern in the said district;

(c) if reply to part (b) above be in the affirmative, the time by which a decision is likely to be taken in this behalf ?

ਚੌਧਰੀ ਕਾਂਸ਼ੀ ਰਾਮ : (ੳ) ਜ਼ਿਲ੍ਹਾ ਪਟਿਆਲਾ ਵਿਚ ਇਸ ਸਮੇਂ ਡਿਸਟਰੀਬਿਯੂਟਰੀ ਹੈਡ ਤੇ ਵਾਟਰ ਅਲਾਊਂਸ 2·37 ਕਿਊਸਕ ਪ੍ਰਤੀ ਹਜ਼ਾਰ (ਕਲਚਰੇਬਲ ਕਮਾਂਡ ਏਰੀਆ) (culturable command area) ਹੈ।

(ਅ) ਨਹੀਂ ਜੀ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਬੀਰਦਵਿੰਦਰ ਸਿੰਘ : ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਸਵਾਲ ਦੇ ਪਾਰਟ (ੲ) ਦਾ ਜਵਾਬ ਦਿੱਤਾ ਹੈ ਕਿ "ਸਵਾਲ ਹੀ ਪੈਦਾ ਨਹੀਂ ਹੁੰਦਾ"। ਸਪੀਕਰ ਸਾਹਿਬ, ਇਹ ਖੇਤੀ-

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]
ਬਾੜੀ ਦੇ ਵੀ ਵਜ਼ੀਰ ਹਨ। ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਜ਼ਿਲ੍ਹਾ ਪਟਿਆਲਾ ਦੀ ਜੋ ਪੈਡੀ ਦੀ ਕਰਾਪ ਹੈ ਉਸ ਦੀ ਪਰੋਡਕਸ਼ਨ ਉਸ ਦੀ ਯੀਲਡ ਜੋ ਹੈ ਉਹ ਹਾਈਐਸਟ ਹੈ ਔਰ ਹਾਈਐਸਟ ਇਨ ਦੀ ਕੰਟਰੀ ਆਲਸੋ। ਜਦੋਂ ਵਾਟਰ ਅਲਾਊਂਸ ਦੀ ਜ਼ਿਲ੍ਹੇਵਾਰ ਪਹਿਲਾਂ ਵੰਡ ਕੀਤੀ ਹੈ, ਉਸ ਵੇਲੇ ਇਸ ਜ਼ਿਲ੍ਹੇ ਦਾ ਕਰਾਪ ਪੈਟਰਨ ਹੋਰ ਸੀ ਔਰ ਹੁਣ ਉਹ ਪੈਟਰਨ ਤਬਦੀਲ ਹੋ ਚੁੱਕਾ ਹੈ ਇਸ ਵੇਲੇ ਮੇਜਰ ਫਸਲ ਪੈਡੀ ਦੀ ਹੈ। ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਵਾਟਰ ਅਲਾਊਂਸ ਬਾਰੇ ਕੋਈ ਪ੍ਰੋਪੋਜ਼ਲ ਵਿਚਾਰ ਅਧੀਨ ਨਹੀਂ ਹੈ। ਸਪੀਕਰ ਸਾਹਿਬ, ਸ਼ਾਇਦ ਇਨ੍ਹਾਂ ਨੂੰ ਯਾਦ ਹੋਵੇਗਾ ਕਿ ਸਿੰਚਾਈ ਮਹਿਕਮੇਂ ਨੇ ਇਕ ਮੀਟਿੰਗ ਇਸ ਨੂੰ ਵਿਚਾਰਨ ਲਈ ਰੱਖੀ ਸੀ। ਮੈਨੂੰ ਵੀ ਉਸ ਬਾਰੇ ਚਿੱਠੀ ਭੇਜੀ ਸੀ ਪਰ ਉਹ ਮੀਟਿੰਗ ਮੁਲਤਵੀ ਹੋ ਗਈ ਸੀ ਔਰ ਫਿਰ ਮਹਿਕਮੇਂ ਨੇ ਮੈਨੂੰ ਚਿੱਠੀ ਭੇਜੀ। ਜੇਕਰ ਮੀਟਿੰਗ ਰੱਖੀ ਸੀ ਤਾਂ ਇਸ ਦਾ ਮਤਲਬ ਹੈ ਕਿ ਕੋਈ ਇਸ਼ੂ ਵਿਚਾਰ ਅਧੀਨ ਸੀ। ਮਹਿਕਮੇਂ ਦੀ ਉਸ ਚਿੱਠੀ ਵਿਚ ਲਿਖਿਆ ਗਿਆ ਹੈ ਕਿ ਪਟਿਆਲੇ ਦੇ ਵਾਟਰ ਅਲਾਊਂਸ ਦਾ ਕੇਸ ਵਿਚਾਰਨ ਲਈ ਮੀਟਿੰਗ ਰੱਖੀ ਗਈ ਹੈ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਧਰੇ ਡਿਪਾਰਟਮੈਂਟ ਨੇ ਉਨ੍ਹਾਂ ਨੂੰ ਮਿੱਸਗਾਈਡ ਤਾਂ ਨਹੀਂ ਕੀਤਾ ?

**ਮੰਤਰੀ :** ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਇਕ ਆਸਪੈਕਟ ਨਰੇਟ ਕੀਤਾ ਹੈ। ਉਨ੍ਹਾਂ ਦੀ ਰੀਪਰੇਜ਼ੈਂਟੇਸ਼ਨ ਸੀ ਔਰ ਉਸ ਬਾਰੇ ਮੀਟਿੰਗ ਵੀ ਰੱਖੀ ਗਈ ਸੀ ਲੇਕਿਨ ਜੋ ਉਨ੍ਹਾਂ ਨੇ ਸਵਾਲ ਕੀਤਾ ਹੈ ਉਸ ਦਾ ਜਵਾਬ ਬਿਲਕੁਲ ਠੀਕ ਦਿਤਾ ਗਿਆ ਹੈ। ਇਸ ਵਿਚ ਕੋਈ ਮਿੱਸਲੀਡ ਕਰਨ ਵਾਲੀ ਗੱਲ ਨਹੀਂ ਹੈ। To discuss a thing is a saparate thing and to decide a thing is a saparate one. ਇਹ ਮੇਰੇ ਦੋਸਤ ਪੜ੍ਹੇ ਲਿਖੇ ਆਦਮੀ ਹਨ। ਹਾਲੇ ਉਥੇ ਦਾ ਵਾਟਰ ਅਲਾਊਂਸ 2.37 ਕਿਊਸਿਕਸ ਹੈ। ਇਸ ਗਲ ਨੂੰ ਵਿਚਾਰਿਆ ਜਾ ਸਕਦਾ ਹੈ, ਇਸ ਤੇ ਵਿਚਾਰ ਹੋ ਸਕਦੀ ਹੈ।

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਪਹਿਲਾਂ ਜਵਾਬ ਦਿੱਤਾ ਸੀ ਕਿ 'ਸਵਾਲ ਹੀ ਪੈਦਾ ਨਹੀਂ ਹੁੰਦਾ' ਔਰ ਹੁਣ ਇਨ੍ਹਾਂ ਨੇ ਹੋਰ ਜਵਾਬ ਦਿਤਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਡੇ ਜ਼ਿਲ੍ਹੇ ਪਟਿਆਲੇ ਨਾਲ ਧੱਕਾ ਹੋ ਰਿਹਾ ਹੈ। ਮੈਂ ਪਹਿਲਾਂ ਵੀ ਇਹ ਗੱਲ ਕਹੀ ਹੈ ਔਰ ਹੁਣ ਫਿਰ ਦੁਹਰਾਉਂਦਾ ਹਾਂ ਕਿ ਇਰੀਗੇਸ਼ਨ ਵਾਸਤੇ ਸਾਡੇ ਜ਼ਿਲ੍ਹੇ ਵੱਲ ਕੋਈ ਧਿਆਨ ਨਹੀਂ ਹੈ। ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਸਪੀਕਰ ਸਾਹਿਬ, ਕਿਉਂ ਸਵਾਲ ਪੈਦਾ ਨਹੀਂ ਹੁੰਦਾ ਜੀ ? ਉਸ ਜ਼ਿਲ੍ਹੇ ਦੀ ਪੈਡੀ ਦੀ ਹਾਈਐਸਟ ਯੀਲਡ ਹੈ ਔਰ ਕਰਾਪ ਪੈਟਰਨ ਚੇਂਜ਼ ਹੋ ਚੁਕਿਆ ਹੈ। ਖੇਤੀਬਾੜੀ ਮੰਤਰੀ ਜੀ ਦਾ ਇਹ ਕਹਿਣਾ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ ਇਸ ਵਿਚ ਕੀ ਵਿਜ਼ਡਮ ਹੈ, ਇਹ ਦੱਸਣ ?

**ਮੰਤਰੀ :** ਸਪੀਕਰ ਸਾਹਿਬ, ਮੇਰਾ ਮੋਹਤਰਮ ਦਾਨਾਅ ਦੋਸਤ ਲਫਜ਼ਾਂ ਦੇ ਚੱਕਰ ਵਿਚ ਪੈ ਗਿਆ ਹੈ। ਇਹ ਕਹਿੰਦੇ ਹਨ ਕਿ ਕਰਾਪ ਪੈਟਰਨ ਚੇਂਜ ਹੋ ਗਿਆ ਹੈ ਇਸ ਲਈ ਕਰਾਪ ਪੈਟਰਨ ਵਧਾ ਦਿਓ, ਪਰ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਕੈਨਾਲ ਸਿਸਟਮ ਕਿਸ ਤਰ੍ਹਾਂ ਚਲਦਾ ਹੈ। ਸਪੀਕਰ ਸਾਹਿਬ, ਇਕ ਰਿਪੋਰਟ ਬਣਦੀ ਹੈ ਔਰ ਵਾਟਰ ਅਲਾਊਂਸ ਪ੍ਰਾਜੈਕਟ ਰਿਪੋਰਟ ਦੇ ਵਿਚ ਇਹ ਚੀਜ਼ ਮੈਨਸ਼ਨ ਕੀਤੀ ਹੁੰਦੀ ਹੈ ਕਿ ਵਾਟਰ ਅਲਾਊਂਸ ਕੀ ਹੋਵੇਗਾ। ਜੇਕਰ ਕਰਾਪ ਪੈਟਰਨ ਚੇਂਜ ਹੋ ਜਾਵੇ ਤਾਂ ਇਹ ਬਾਅਦ ਦੀ ਗੱਲ ਹੈ ਕਿ ਇਸ ਨੂੰ ਕਿਵੇਂ ਕਰੀਏ ਜਾਂ ਕਿਸ ਤਰ੍ਹਾਂ ਕਰੀਏ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਇਹੋ ਹੀ ਪ੍ਰਸ਼ਨ ਕੀਤਾ ਗਿਆ ਸੀ ਔਰ ਸਰਦਾਰ ਬੀਰਦਵਿੰਦਰ ਸਿੰਘ ਜੀ ਦੇ ਸਪਲੀਮੈਂਟਰੀ ਸਵਾਲ ਦੇ ਜਵਾਬ ਵਿਚ ਐਸ਼ੋਰੈਂਸ ਦਿੱਤੀ ਗਈ ਸੀ ਕਿ ਵਾਟਰ ਅਲਾਊਂਸ ਵਧਾ ਦੇਵਾਂਗੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਹਿਲੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ, ਹੋਰਾਂ ਨੇ ਸਾਡੇ ਜ਼ਿਲ੍ਹੇ ਨਾਲ ਵਿਤਕਰਾ ਕੀਤਾ ਹੈ। ਉਨ੍ਹਾਂ ਨੇ ਵਾਟਰ ਅਲਾਊਂਸ ਸਾਡੇ ਜ਼ਿਲ੍ਹੇ ਨੂੰ ਪੂਰਾ ਨਹੀਂ ਦਿੱਤਾ ਜਦੋਂ ਕਿ ਸਾਡਾ ਜ਼ਿਲ੍ਹਾ ਟਾਪ ਦੀ ਯੀਲਡ ਪੈਦਾ ਕਰਦਾ ਹੈ ਔਰ ਹੁਣ ਇਹ ਵੀ ਵਿਤਕਰਾਂ ਕਰ ਰਹੇ ਹਨ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਵਿਤਕਰੇ ਨੂੰ ਦੂਰ ਕਰਨਗੇ ? ਮੈਂ ਸਮਝਦਾ ਹਾਂ ਕਿ ਇਹ ਸਾਨੂੰ ਯਕੀਨ ਦਿਵਾਉਣ ਕਿ ਵਾਟਰ ਅਲਾਊਂਸ ਪਟਿਆਲੇ ਜ਼ਿਲ੍ਹੇ ਦਾ ਵਧਾਉਣਗੇ। ਜਦੋਂ ਪਿਛਲੀ ਵਾਰੀ ਅਸੀਂ ਸਵਾਲ ਕੀਤਾ ਸੀ ਤਾਂ ਇਨ੍ਹਾਂ ਨੇ ਲਾਰਾ ਲਗਾ ਦਿਤਾ ਸੀ, ਮੈਂ ਸਮਝਦਾ ਹਾਂ ਕਿ ਇਸ ਵਾਰੀ ਵੀ ਕੋਈ ਲਾਰਾ ਤਾਂ ਜ਼ਰੂਰ ਲਗਾ ਦੇਣ। (ਹਾਸਾ)

**ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਤਾਂ ਮੈਂਬਰ ਸਾਹਿਬ ਆਪ ਹੀ ਫੈਸਲਾ ਕਰ ਲੈਣਗੇ ਕਿ ਪਰੋਡਕਸ਼ਨ ਵਿਚ ਕਿਹੜਾ ਅੱਗੇ ਹੈ। (ਹਾਸਾ) ਮਗਰ ਸਾਹਿਬ, ਜਿਹੜਾ ਸਵਾਲ ਹੈ ਕਿ ਕੀ ਸਰਕਾਰ ਪਟਿਆਲੇ ਜ਼ਿਲ੍ਹੇ ਦਾ ਵਾਟਰ ਅਲਾਊਂਸ ਵਧਾਵੇਗੀ ਜਾਂ ਨਹੀਂ ਵਧਾਵੇਗੀ, ਇਹ ਮੈਟਰ ਕਨ-ਸਿਡਰ ਕਰ ਲਵਾਂਗੇ, ਇਸ ਦੀ ਘੋਖ ਕਰ ਲਵਾਂਗੇ, ਇਸ ਨੂੰ ਵੇਖ ਲਵਾਂਗੇ।

---

**Scratchlay type Outlets provided in Khemkaran Branch of Upper Bari Doab Canal, Amritsar**

*1205. **Sardar Major Singh Ubboke:** Will the Minister for Agriculture and Irrigation be pleased to state:—

(a) whether Scratchlay type outlets are being provided only in the Khemkaran Branch of Upper Bari Doab Canal, Amritsar or these are also being provided in the other canals in the State;

(b) whether it is a fact that the irrigated area has decreased by the provisions of these outlets and the farmers have suffered a loss;

(c) whether there is any proposal under the consideration of the Government to change this design and provide earlier type of original direct outlets ?

**ਚੌਧਰੀ ਕਾਂਸ਼ੀ ਰਾਮ :** (ੳ) ਇਹ ਸਾਰੇ ਰਾਜ ਵਿਚ ਡਿਸਟਰੀਬਿਊਟਰੀਆਂ ਤੇ ਮਾਈਨਰ ਪੱਕੇ ਕੀਤੇ ਜਾ ਰਹੇ ਹਨ, ਦਿੱਤੇ ਜਾ ਰਹੇ ਹਨ।

(ਅ) ਨਹੀਂ ਜੀ।

(ੲ) ਹਾਂ ਜੀ।

**ਸਰਦਾਰ ਮੇਜਰ ਸਿੰਘ ਉਬੋਕੇ :** ਸਪੀਕਰ ਸਾਹਿਬ, ਤੁਸੀਂ ਵੇਖ ਹੀ ਲਿਆ ਹੈ ਜੋ ਵਜ਼ੀਰ ਸਾਹਿਬ ਨੇ ਜਵਾਬ ਇਥੇ ਪੜ੍ਹ ਕੇ ਸੁਣਾਇਆ ਹੈ। ਉਨ੍ਹਾਂ ਨੂੰ ਆਪ ਜਾਪਦਾ ਹੈ ਕਿ ਕੋਈ ਗੱਲ ਨਹੀਂ ਵੇਖੀ। ਉਨ੍ਹਾਂ ਦੇ ਇਲਾਕੇ ਵਿਚ ਵੀ ਸ਼ਾਇਦ ਇਸ ਤਰ੍ਹਾਂ ਦੇ ਸਕਰੈਚਲੇ ਟਾਈਪ ਦੇ ਮੋਘੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੇਜਰ ਸਿੰਘ ਉਬੋਕੇ]

ਹੋਣਗੇ। ਸ਼ਾਇਦ ਮੈਂ ਸਮਝਦਾ ਹਾਂ ਕਿ ਸਿਰਫ ਸਾਰੇ ਮਾਝੇ ਵਿਚ ਹੀ ਇਸ ਦਾ ਤਜਰਬਾ ਕੀਤਾ ਜਾ ਰਿਹਾ ਹੈ। ਉਥੇ ਟਿਊਬਵੈਲ ਤਾਂ ਲੱਗ ਨਹੀਂ ਸਕਦੇ। ਪਰ ਇਹ ਮੋਘੇ ਬਿਲਕੁਲ ਹੀ ਥੋੜ੍ਹਾ ਪਾਣੀ ਦੇ ਰਹੇ ਹਨ। ਇਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਨਹਿਰ ਦਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ ਲੇਕਿਨ ਕਿਸਾਨਾਂ ਨੂੰ ਨਹੀਂ ਦਿਤਾ ਜਾ ਰਿਹਾ। ਇਹ ਜਿਹੜੇ ਮੋਘੇ ਨਵੀਂ ਕਿਸਮ ਦੇ ਲਗਾਣੇ ਸ਼ੁਰੂ ਕੀਤੇ ਹਨ ਉਨ੍ਹਾਂ ਦੀ ਇਹ ਪੜਤਾਲ ਕਰ ਲੈਣ। ਇਸਦੇ ਨਾਲ ਪਾਣੀ ਦਾ ਡਿਸਚਾਰਜ ਤੀਜਾ ਹਿੱਸਾ ਰਹਿ ਗਿਆ ਹੈ। ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਦੀ ਪੜਤਾਲ ਕਰਾਓ।

**ਮੰਤਰੀ** : ਸਪੀਕਰ ਸਾਹਿਬ, ਮੋਘੇ ਦੇ ਜਿਹੜੇ ਡਿਜ਼ਾਈਨ ਹਨ ਇਹ ਵੱਖਰੀ ਵੱਖਰੀ ਕਿਸਮ ਦੇ ਹਨ। ਜਿੱਥੇ ਕੱਚੀਆਂ ਲਾਈਨਿੰਗਜ਼ ਹਨ ਉਥੇ ਦੂਜੀ ਕਿਸਮ ਦੇ ਮੋਘੇ ਲਗਦੇ ਹਨ ਅਤੇ ਜਿਥੇ ਨਹਿਰਾਂ ਦੀ ਲਾਈਨਿੰਗ ਹੋ ਗਈ ਹੈ ਉਥੇ ਇਸ ਕਿਸਮ ਦੇ ਮੋਘੇ ਨਿਕਾਲੇ ਗਏ ਹਨ। ਇਹ ਗਲ ਠੀਕ ਹੈ ਕਿ ਇਸ ਗਲ ਦੀ ਕਿਸਾਨਾਂ ਵਿਚ ਰਿਜ਼ੈਂਟਮੈਂਟ ਹੈ। ਮਗਰ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਦੂਜੀ ਟਾਈਪ ਦੇ ਮੋਘੇ ਲਗਾਏ ਜਾਣ, ਇਸ ਬਾਰੇ ਮੈਂ 'ਸੀ' ਪਾਰਟ ਦੇ ਜਵਾਬ ਵਿਚ ਦਸਿਆ ਹੈ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਇਸ ਨਾਲ ਕਾਫੀ ਨੁਕਸਾਨ ਹੋ ਰਿਹਾ ਹੈ ਸਾਰਾ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ। ਬਾਰਡਰ ਤੇ ਰਹਿਣ ਵਾਲਿਆਂ ਲਈ ਇਹ ਇੱਕੋ ਹੀ ਨਹਿਰਾਂ ਦਾ ਸਾਧਨ ਹੈ ਟਿਊਬਵੈੱਲ ਤਾਂ ਉਥੇ ਲਗ ਨਹੀਂ ਸਕਦੇ। ਉਥੇ ਇਕ ਸਾਲ ਵਿਚ 3-3 ਦਫਾ ਮੋਘੇ ਪੁੱਟੇ ਗਏ। ਇਹ ਸਾਰੀ ਗਲ ਪੜਤਾਲ ਕਰਵਾ ਕੇ ਵੇਖ ਲਵੋ। ਉਥ ਨਵੇਂ ਮੋਘੇ ਕਦੋਂ ਤਕ ਲਗਵਾ ਦਿਓਗੇ ?

**ਮੰਤਰੀ** : ਨਵੇਂ ਮੋਘੇ ਕਦੋਂ ਤਕ ਲਗ ਜਾਣਗੇ ਇਸ ਬਾਰੇ ਤਾਂ ਮੈਂ ਹਾਲੇ ਕੁਝ ਨਹੀਂ ਕਹਿ ਸਕਦਾ ਕਿਉਂਕਿ ਇਹ ਕਾਫੀ ਲੰਬਾ ਕੰਮ ਹੈ। ਬਾਕੀ ਮੈਂ ਇਹ ਦਸਦਾ ਹਾਂ ਕਿ ਜਦੋਂ ਵੀ ਕੋਈ ਮੋਘੇ ਚੇਂਜ ਕੀਤੇ ਜਾਣਗੇ ਤਾਂ ਉਸ ਹਲਕੇ ਦੇ ਐਮ. ਐਲ. ਏ. ਨੂੰ ਜ਼ਰੂਰ ਦਸਿਆ ਜਾਵੇਗਾ ਤਾਂਕਿ ਉਹ ਕੰਮ ਠੀਕ ਤਰਾਂ ਨਾਲ ਕਰਵਾ ਲੈਣ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਮੋਘੇ ਬਣਾਏ ਜਾਂਦੇ ਹਨ ਇਹ ਠੀਕ ਨਹੀਂ ਹਨ। ਪਾਣੀ ਦਾ ਲੈਵਲ ਥੱਲੇ ਹੈ ਅਤੇ ਮੋਘੇ ਉਪਰ ਨਿਕਾਲੇ ਗਏ ਹਨ। ਬੇਸ਼ਕ ਇਹ ਇਸ ਦੀ ਪੜਤਾਲ ਕਰਵਾ ਕੇ ਵੇਖ ਲੈਣ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਇਹ ਕੁਝ ਹੋਰ ਨੋਈਅਤ ਦਾ ਹੈ। ਜੇ ਕੋਈ ਅਜਿਹਾ ਮੋਘੇ ਵਿਚ ਨੁਕਸ ਹੈ ਤਾਂ ਦਸ ਦੇਣ ਅਸੀ ਸਵੇਰੇ ਹੀ ਠੀਕ ਕਰਵਾ ਦਿਆਂਗੇ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਾਰੇ ਹੀ ਮੋਘੇ ਅਜਿਹੇ ਹਨ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ ਅੰਮ੍ਰਿਤਸਰ ਜ਼ਿਲ੍ਹੇ ਵਿਚ 91 ਮੋਘੇ ਛੋਟੇ ਹਨ ਜਿਹੜੇ ਕਿ ਠੀਕ ਹੋਣ ਵਾਲੇ ਹਨ। ਇਥੇ ਪਾਣੀ ਕਾਫੀ ਨੀਵਾਂ ਹੈ। ਇਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਰਾਇੜਕੇ ਰਜਬਾਹ ਦੇ ਨਾਲ ਬੜੈਚ ਬਲਸਾਰੇ ਅਤੇ ਜੁਧ ਅੰਮ੍ਰਿਤਸਰ

Original with;
Punjab Vidhan Sabha
Digitized by;
Panjab Digital Library

ਡਿਸਟ੍ਰਿਕਟ ਦੇ ਐਨੇ ਪਿੰਡ ਹਨ ਜਿਥੇ 3 ਸਾਲ ਹੋਏ ਪਾਣੀ ਨਹੀਂ ਪਹੁੰਚਿਆ ਪਰ ਉਨ੍ਹਾਂ ਕੋਲੋਂ ਆਬਿਆਨਾ ਲਿਆ ਜਾ ਰਿਹਾ ਹੈ। ਇਹ ਇਨਕੁਆਇਰੀ ਕਰਵਾ ਲੈਣ। ਕੀ ਉਥੇ ਪਾਣੀ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ ਜਿਹੜੀ ਗੱਲ ਜੱਥੇਦਾਰ ਸਾਹਿਬ ਨੇ ਕਹੀ ਹੈ ਜੇ ਇਹ ਗਲ ਬਾਰੇ ਦੋ ਅੱਖਰ ਲਿਖ ਕੇ ਮੈਨੂੰ ਦੇਣ ਤਾਂ ਜਲਦੀ ਹੀ ਕੰਮ ਕਰਵਾ ਦਿਆਂਗਾ।

**ਸਰਦਾਰ ਹਰਚੰਦ ਸਿੰਘ ਬਰਾੜ** : ਸਪੀਕਰ ਸਾਹਿਬ ਸਾਡੇ ਇਲਾਕੇ ਦਾ ਐਸ. ਈ. ਜਗਜੀਤ ਸਿੰਘ ਅਤੇ ਐਕਸ. ਈ. ਐਨ. ਫਿਰੋਜ਼ਪੁਰ ਈਸਟਰਨ ਕੈਨਾਲ ਨੇ ਮਿਲ ਕੇ ਲੱਖਾਂ ਰੁਪਏ ਬਣਾ ਲਏ ਹਨ। ਇਹ ਪੜਤਾਲ ਕਰਵਾ ਲੈਣ। ਉਨ੍ਹਾਂ ਨੇ ਹੇਰਾ ਫੇਰੀ ਦੇ ਲੱਖਾਂ ਰੁਪਏ ਬਣਾ ਲਏ ਹਨ। ਕੋਈ ਉਨ੍ਹਾਂ ਨੂੰ ਨਹੀਂ ਪੁੱਛਦਾ। ਇਹ ਪੜਤਾਲ ਕਿਉਂ ਨਹੀਂ ਕਰਾਉਂਦੇ ?

**ਮੰਤਰੀ** : ਸਪੀਕਰ ਸਾਹਿਬ, ਮੇਰੇ ਮੋਹਤਰਮ ਸਾਥੀ ਨੇ ਜਿਹੜਾ ਸਵਾਲ ਕੀਤਾ ਹੈ ਮੈਂ ਤਾਂ ਨਹੀਂ ਸਮਝਦਾ ਕਿ ਇਸ ਦੀ ਕੋਈ ਰੈਲੇਵੈਂਸੀ ਇਸ ਸੁਆਲ ਨਾਲ ਹੋਵੇ। ਬਾਕੀ ਬਤੌਰ ਕਿਸਾਨ ਦੇ ਮੈਂ ਸਾਰਿਆਂ ਨੂੰ ਜਾਣਦਾ ਹਾਂ। ਜੇ ਕਿਸੇ ਤੇ ਕੋਈ ਇਸ ਤਰ੍ਹਾਂ ਦਾ ਲਾਂਛਣ ਹੈ ਤਾਂ ਇਸ ਬਾਰੇ ਉਸ ਕਰਮਚਾਰੀ ਦੀ ਕਾਨਫੀਡੈਂਸ਼ਿਅਲ ਰਿਪੋਰਟ ਤੋਂ ਪਤਾ ਲਗ ਸਕਦਾ ਹੈ।

**ਸਰਦਾਰ ਹਰਚੰਦ ਸਿੰਘ ਬਰਾੜ** : ਮੈਂ ਦੱਸ ਰਿਹਾ ਹਾਂ ਕਿ ਫਿਰੋਜ਼ਪੁਰ ਸਰਕਲ ਵਿਚ ਐਕਸ. ਈ. ਐਨ. ਅਤੇ ਐਸ. ਈ. ਨੇ ਲੱਖਾਂ ਰੁਪਏ ਬਣਾ ਲਏ ਹਨ। ਇਹ ਇਸ ਬਾਰੇ ਕਿਉਂ ਨਹੀਂ ਦੱਸਦੇ ?

**ਮੰਤਰੀ** : ਅਗਰ ਮੈਂਬਰ ਸਾਹਿਬ ਨੂੰ ਕੋਈ ਅਜਿਹਾ ਗਿਆਨ ਹੈ ਤਾਂ ਇਹ ਉਸ ਕਰਮਚਾਰੀ ਦੇ ਖਿਲਾਫ ਲਿਖ ਕੇ ਦੇ ਦੇਣ ਇਨਕੁਆਇਰੀ ਕਰਵਾ ਲਵਾਂਗੇ। ਔਰ ਜੇ ਕੋਈ ਜ਼ਾਤੀ ਤੌਰ ਤੇ ਇਨ੍ਹਾਂ ਨੂੰ ਤਕਲੀਫ ਹੈ ਤਾਂ ਉਸ ਲਈ ਕੋਰਟ ਆਫ ਲਾਅ ਮੌਜੂਦ ਹੈ।

**ਸਰਦਾਰ ਹਰਚੰਦ ਸਿੰਘ ਬਰਾੜ** : ਮੈਨੂੰ ਜ਼ਾਤੀ ਕੋਈ ਤਕਲੀਫ ਨਹੀਂ ਹੈ। ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦਾ...

**Mr. Speaker** : Next Question.

### Mileage of Pucca Roads in Rural Areas

***1222.** (1) **Sardar Basant Singh Khalsa**
(2) **Sardar Sarwan Singh Phillaur** } : Will the Minister for
(3) **Sardar Natha Singh Dalam**

Public Works be pleased to state the total mileage of pucca roads constructed in rural areas during the period from 30th June, 1977 to 31st May, 1980 and from 1st June, 1980 to date respectively ?

**ਸਰਦਾਰ ਬੇਅੰਤ ਸਿੰਘ** : ਪੇਂਡੂ ਇਲਾਕੇ ਵਿਚ ਸੈਕਿੰਡ ਕੋਟ ਸਰਫੇਸਿੰਗ ਤੱਕ, ਬਣਾਈਆਂ ਪੱਕੀਆਂ ਸੜਕਾਂ ਦਾ ਸਮਾਂ ਤੇ ਲੰਬਾਈ ਹੇਠ ਲਿਖੇ ਅਨੁਸਾਰ ਹੈ :—

| | |
|---|---|
| (ੳ) 30/6/77 ਤੋਂ 31/5/1980 | 4421 ਕਿ: ਮੀਟਰ |
| (ਅ) 1/6/80 ਤੋਂ 31/12/81 | 1179 ਕਿ: ਮੀਟਰ |

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : ਮੈ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਹੀ ਮਾਨਿਆਂ ਵਿਚ ਤਾਂ ਗਲ ਇਹ ਹੈ ਕਿ ਸਾਡਾ ਸੂਬਾ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਥੇ ਜਿਨੇ ਵੀ ਫੋਕਲ ਪੁਆਇੰਟ ਦਾਨਾ ਮੰਡੀਆਂ ਔਰ ਪਰਚੇਜ਼ ਸੈਂਟਰਜ਼ ਹਨ ਉਨ੍ਹਾਂ ਨੂੰ ਫਸਟ ਲਿੰਕ ਰੋਡ ਜ਼ਰੂਰ ਦੇਣੀ ਚਾਹੀਦੀ ਹੈ। ਜਦੋਂ ਪਿਛਲੀ ਸਰਕਾਰ ਸੀ ਤਾਂ ਕਰੈਸ਼ ਪ੍ਰੋਗਰਾਮ ਦੇ ਥੱਲੇ 3 ਸਾਲ ਵਿਚ 4 421 ਕਿਲੋਮੀਟਰ ਸੜਕਾਂ ਬਣਾਈਆਂ ਸਨ ਔਰ ਇਨ੍ਹਾਂ ਨੇ ਡੇਢ ਸਾਲ ਵਿਚ 1 179 ਕਿਲੋ ਮੀਟਰ ਬਣਾਈਆਂ ਹਨ। ਜਦ ਕਿ ਅਸੀ ਇਕ ਸਾਲ ਵਿਚ 1 473 ਕਿਲੋਮੀਟਰ ਸੜਕਾਂ ਬਣਾ ਦਿੱਤੀਆਂ ਸਨ। ਬਾਕੀ ਜਿਹੜੀ ਮੈਂ ਹੁਣ ਤਕ ਦੀ ਇਨਫਰਮੇਸ਼ਨ ਮੰਗੀ ਸੀ ਉਹ ਤਾਂ ਇਨਾਂ ਨੇ ਦਿੱਤੀ ਹੀ ਨਹੀਂ। ਉਹ ਸ਼ਾਇਦ ਇਨ੍ਹਾਂ ਨੇ 1982 ਵਿਚ ਹੁਣ ਤਕ ਇਕ ਕਿਲੋਮੀਟਰ ਵੀ ਨਵੀਂ ਸੜਕ ਨਹੀਂ ਬਣਾਈ ਹੋਈ ਜਦ ਕਿ ਸਾਡੇ ਸੂਬੇ ਵਿਚ ਸੜਕਾਂ ਦੀ ਬਹੁਤ ਜ਼ਰੂਰਤ ਹੈ। ਕੀ ਇਹ ਸਰਕਾਰ ਇਸ ਵੱਲ ਕੋਈ ਧਿਆਨ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਵੇਰਿਡ ਕਿਸਮ ਦਾ ਸਵਾਲ ਖਾਲਸਾ ਜੀ ਨੇ ਕੀਤਾ ਹੈ। ਇਸ ਵਿਚ ਇਹ ਹੈ ਕਿ ਸੜਕਾਂ ਦੇ ਨਾਲ ਕਿਧਰੇ ਪਰਚੇਜ਼ ਸੈਂਟਰ ਲਿੰਕ ਨਹੀਂ ਹੋਏ। ਇਸ ਬਾਰੇ ਖਾਲਸਾ ਜੀ ਲਿਸਟ ਦੇ ਦੇਣ ਕਿ ਕਿਹੜੇ ਕਿਹੜੇ ਸੈਂਟਰਜ਼ ਸੜਕਾਂ ਨਾਲ ਲਿੰਕ ਨਹੀਂ ਹੋਏ ਮੈਂ ਦੇਖ ਲਵਾਂਗਾ। ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਸੜਕ ਥੋੜ੍ਹੀ ਬਣਾਈ ਹੈ। ਜਦੋਂ ਸਾਡੀ ਸਰਕਾਰ ਆਈ ਤਾਂ ਅਸੀਂ ਸੜਕ ਬਣਾਈ ਹੈ। ਇਸ ਗਲ ਦਾ ਕੋਈ ਝਗੜਾ ਨਹੀਂ ਹੈ ਕਿ ਕਿਹੜੀ ਸਰਕਾਰ ਨੇ ਸੜਕ ਬਣਾਈ ਹੈ। ਪਰਾਈਸਿਜ਼ ਚੜ੍ਹ ਗਈਆਂ ਹਨ। ਬਿਟੂਮੈਨ 1300 ਰੁਪਏ ਪਰ ਮੀਟਰਕ ਟਨ ਤੋਂ 3,000 ਰੁਪਏ ਪਰ ਮੀਟਰਿਕ ਟਨ ਹੋ ਗਿਆ ਹੈ। ਇਸੇ ਤਰ੍ਹਾਂ ਸਟੋਨ ਮੈਟਲ ਅਤੇ ਬਜਰੀ ਆਦਿ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਇਸ ਕਰਕੇ ਸੜਕ ਥੋੜੀ ਬਣੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਇਹ ਕ੍ਰਿਪਾ ਕਰਕੇ ਦੱਸਣ ਕਿ ਤੁਹਾਡੇ ਕੋਲ ਇਸ ਲਈ ਪਿਛਲੇ ਸਾਲ ਕਿਤਨਾ ਬਜਟ ਸੀ ਔਰ ਨਵੇਂ ਸਾਲ ਵਾਸਤੇ ਕਿਤਨਾ ਬਜਟ ਹੈ ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬਾਨ ਇਸ ਲਈ ਨਵਾਂ ਨੋਟਿਸ ਦੇ ਦੇਣ ਤਾਂ ਮੈਂ ਦੱਸ ਦੇਵਾਂਗਾ। ਹੁਣ ਤੁਸੀਂ ਮਾਈਲੇਜ਼ ਪੁੱਛੀ ਸੀ, ਉਹ ਦੱਸ ਦਿਤੀ ਗਈ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਦੀ ਹਾਲਤ ਬਹੁਤ ਖਰਾਬ ਹੈ। ਕੀ ਮਨਿਸ਼ਟਰ ਸਾਹਿਬ ਉਨ੍ਹਾਂ ਲਿੰਕ ਰੋਡਜ਼ ਦੀ ਰਿਪੇਅਰ ਵਾਸਤੇ ਕੋਈ ਪ੍ਰਬੰਧ ਕਰਨਗੇ ਤਾਂਕਿ ਲੋਕਾਂ ਨੂੰ ਸਹੂਲਤ ਮਿਲ ਸਕੇ ?

**ਮੰਤਰੀ** : ਮੈਂ ਮੈਂਬਰ ਸਾਹਿਬਾਨ ਨੂੰ ਰਿਕੁਐਸ਼ਟ ਕਰਾਂਗਾ ਕਿ ਜਿਹੜੀਆਂ ਸੜਕਾਂ ਖਰਾਬ ਹਨ, ਉਨ੍ਹਾਂ ਬਾਰੇ ਲਿਸਟ ਦੇ ਦੇਣ, ਮੈਂ ਉਨ੍ਹਾਂ ਨੂੰ ਠੀਕ ਕਰਾਉਣ ਦਾ ਯਤਨ ਕਰਾਂਗਾ।

**ਸਰਦਾਰ ਸਰਵਨ ਸਿੰਘ ਫਿਲੌਰ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ 1 ਜੂਨ, 1980 ਤੋਂ 31 ਦਸੰਬਰ, 1982 ਤੱਕ 1179 ਕਿਲੋ ਮੀਟਰ ਤਕ ਸੜਕਾਂ ਦਾ ਕੰਮ ਕੀਤਾ ਹੈ। ਮਨਿਸਟਰ ਸਾਹਿਬ, ਇਹ ਦੱਸਣ ਕਿ ਇਹ ਐਪਰੂਵਲ ਕਿਹੜੀ ਡੇਟ ਤੋਂ ਹੋਈ ਹੈ ?

**ਮੰਤਰੀ** : ਸਪੀਕਰ ਸਾਹਿਬ, ਐਪਰੂਵਲ ਬਾਰੇ ਵੀ ਦਸ਼ ਦੇਵਾਂਗੇ ਪਰ ਇਹ ਇਸ ਬਾਰੇ ਨਵਾਂ ਨੋਟਿਸ ਦੇ ਦੇਣ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਲੁਧਿਆਣਾ ਕਾਰਪੋਰੇਸ਼ਨ ਦੇ ਅੰਦਰ ਜਿਹੜੀਆਂ ਤਿੰਨ ਚਾਰ ਸੜਕਾਂ ਪੀ. ਡਬਲਯੂ. ਡੀ. ਦੀਆਂ 8–10 ਸਾਲ ਤੋਂ ਖਰਾਬ ਹਨ, ਇਨ੍ਹਾਂ ਸੜਕਾਂ ਦੀ ਕੋਈ ਮੁਰੰਮਤ ਨਹੀਂ ਹੋਈ ਹੈ। ਵਜ਼ੀਰ ਸਾਹਿਬ ਵੀ ਮੰਤਰੀ ਬਣਨ ਤੋਂ ਪਹਿਲਾਂ ਮੁਤਫਿਕ ਸਨ ਕਿ ਇਹ ਸੜਕਾਂ ਕਾਰਪੋਰੇਸ਼ਨ ਨੂੰ ਟਰਾਂਸਫਰ ਕਰ ਦੇਣੀਆਂ ਚਾਹੀਦੀਆਂ ਹਨ। ਇਸ ਲਈ ਕੀ ਹੁਣ ਮੰਤਰੀ ਜੀ ਇਨ੍ਹਾਂ ਸੜਕਾਂ ਨੂੰ ਕਾਰਪੋਰੇਸ਼ਨ ਨੂੰ ਟਰਾਂਸਫਰ ਕਰਨਗੇ ਜਾਂ ਸੜਕਾਂ ਦੀ ਮੁਰੰਮਤ ਦਾ ਫੈਸਲਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਇਸ ਗਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਮਿਲਰ ਗੰਜ ਸੜਕ ਬਣ ਰਹੀ ਹੈ। ਜੇਕਰ ਕਾਰਪੋਰੇਸ਼ਨ ਇਨ੍ਹਾਂ ਸੜਕਾਂ ਨੂੰ ਲੈਣਾ ਚਾਹੁੰਦੀ ਹੈ ਤਾਂ ਬੇਸ਼ਕ ਲੈ ਲਵੇ ਸਾਨੂੰ ਤਾਂ ਇਸ ਗਲ ਦੀ ਖੁਸ਼ੀ ਹੋਵੇਗੀ ਕਿ ਜੇਕਰ ਕਾਰਪੋਰੇਸ਼ਨ ਇਹ ਸੜਕਾਂ ਆਪ ਬਣਾ ਲਵੇ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਮੈਂ ਬੇਨਤੀ ਕੀਤੀ ਸੀ ਕਿ ਰਈਆ ਤੋਂ ਜਲਾਲਾਬਾਦ ਸੜਕ ਟੁੱਟੀ ਪਈ ਹੈ। ਉਸ ਸੜਕ ਤੇ ਬੱਸ ਨਹੀਂ ਚਲ ਸਕਦੀ। ਇਸ ਲਈ ਕੀ ਮਨਿਸਟਰ ਸਾਹਿਬ ਭਰੋਸਾ ਦਿਵਾਉਣਗੇ ਕਿ ਇਹ ਸੜਕ ਕਦੋਂ ਤਕ ਠੀਕ ਕਰਕੇ ਕੰਪਲੀਟ ਕਰ ਦੇਣਗੇ ?

**ਮੰਤਰੀ** : ਮਾਨਯੋਗ ਮੈਂਬਰ ਸਾਹਿਬਾਨ ਮੈਨੂੰ ਉਥੇ ਲਿਜਾ ਕੇ ਵਿਜ਼ਿਟ ਕਰਾਉਣ ਤਾਂ ਫਿਰ ਮੈਂ ਦੇਖ ਲਵਾਂਗਾ।

---

## Widening of Pucca Road from Batala to Sri Hargobindpur

***1217. Sardar Natha Singh Dalam** : Will the Minister for Public Works be pleased to state :—

(a) whether it is a fact that the Government decided to widen and strengthen the pucca road from Batala to Sri Hargobindpur; if so, the date when the decision was taken ;

(b) if the reply to part (a) above be in the affirmative: the total amount so far spent for the purpose;

(c) whether the work referred to in part (a) above has been completed; if not, the reasons therefor and the approximate time by which it is likely to be completed ?

---

**Sardar Beant Singh** : (a) Yes, The decision was taken on 4th March, 1980.

(b) A sum of Rs 19.94 lacs has been spent for the purpose till January, 1982.

(c, It is proposed to complete the work during the 6th Five Year Plan period subject to availability of funds.

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਪਿੰਡਾਂ ਦੀਆਂ ਲਿੰਕ ਰੋਡਜ਼ ਦੀਆਂ ਸੜਕਾਂ ਦੀ ਮੁਰੰਮਤ ਨਹੀਂ ਹੋਈ ਹੈ। ਉਹ ਸੜਕਾਂ ਟੁੱਟੀਆਂ ਪਈਆਂ ਹਨ। ਕੇਸ ਕੋਰਟ ਵਿਚ ਚਲਾ ਗਿਆ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਜੇਕਰ ਸੜਕਾਂ ਨਹੀਂ ਬਣਾ ਸਕਦੇ ਤਾਂ ਕਿੱਲੇ ਲਵਾ ਦੇਵੋ ਅਤੇ ਉਥੇ ਸ਼ਰਾਬ ਦੀ ਕੋਈ ਘਾਟ ਨਹੀਂ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜਨਵਰੀ, 1982 ਤੱਕ ਇਸ ਤੇ 19.94 ਲੱਖ ਦੀ ਰਕਮ ਖਰਚ ਕੀਤੀ ਜਾ ਚੁੱਕੀ ਹੈ। ਕੀ ਮੰਤਰੀ ਸਾਹਿਬ ਇਹ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਸ ਸੜਕ ਨੂੰ ਵਾਈਡਨ ਅਤੇ ਸਟਰੈਂਥਨ ਕਰਨ ਵਾਸਤੇ ਕਿਹੜੇ ਸਾਲ ਵਿਚ ਅਮਾਊਂਟ ਪਰੋਵਾਈਡ ਕੀਤਾ ਗਿਆ ਸੀ ?

**ਮੰਤਰੀ** : ਸਪੀਕਰ ਸਾਹਿਬ, 1980 ਵਿਚ ਪਰੋਵਾਈਡ ਕੀਤਾ ਗਿਆ ਸੀ। ਉਥੇ ਕਾਫੀ ਸੜਕ ਬਣ ਚੁੱਕੀ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਮਨਿਸਟਰ ਸਾਹਿਬ ਦੇ ਇਹ ਚੀਜ਼ ਨੋਟਿਸ ਵਿਚ ਹੈ ਕਿ ਉਥੇ ਸਾਰਾ ਮੈਟੀਰੀਅਲ ਸੁਟਿਆ ਜਾ ਚੁੱਕਾ ਹੈ। ਇਸ ਲਈ ਕੀ ਮਨਿਸਟਰ ਸਾਹਿਬ ਇਸ ਚੀਜ਼ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਾਉਣ ਲਈ ਆਦੇਸ਼ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਨੂੰ ਅਸੀਂ ਬਣਾ ਰਹੇ ਹਾਂ। ਤਕਰੀਬਨ ਦੋ ਹਿੱਸੇ ਬਣ ਚੁੱਕੀ ਹੈ ਔਰ ਬੜੀ ਜਲਦੀ ਨਾਲ ਬਣਾ ਰਹੇ ਹਾਂ। ਇਹ ਸੜਕ ਬੜੀ ਜਲਦੀ ਕੰਪਲੀਟ ਹੋ ਜਾਵੇਗੀ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਸੜਕਾਂ ਦਾ ਕੰਮ ਇਸ ਲਈ ਰੁਕਿਆ ਪਿਆ ਹੈ ਕਿਉਂਕਿ ਕੇਸ ਸੁਪਰੀਮ ਕੋਰਟ ਵਿਚ ਚਲਾ ਰਿਹਾ ਹੈ। ਸਪੈਸ਼ੇਫਿਕ ਤੌਰ ਤੇ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਦੀਆਂ ਕਸਟੀਚੂਐਂਸੀਆਂ ਵਿਚ ਧਿਆਨ ਨਹੀਂ ਦਿਤਾ ਜਾ ਰਿਹਾ ਹੈ। ਮੇਰੇ ਇਲਾਕੇ ਵਿਚ ਕੋਈ ਸੜਕ ਨਹੀਂ ਬਣੀ ਹੈ। ਕੀ ਮਨਿਸਟਰ ਸਾਹਿਬ ਸੜਕ ਮੇਰੇ ਹਲਕੇ ਵਿਚ ਬਣਾਉਣ ਦਾ ਪ੍ਰਬੰਧ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਸੁਪਰੀਮ ਕੋਰਟ ਦੀ ਸੜਕ ਬਣਾਉਣ ਲਈ ਇਜਾਜ਼ਤ ਨਹੀਂ ਮਿਲਦੀ ਜਾਂਦੀ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਜੀ. ਟੀ. ਰੋਡ ਦੀਆਂ ਸੜਕਾਂ ਨੂੰ ਸਰਕਾਰ ਸੈਂਟਰ ਗੌਰਮਿੰਟ ਦੇ ਹਵਾਲੇ ਕਰੇ ਅਤੇ ਪੰਜਾਬ ਦੀਆਂ ਸੜਕਾਂ ਨੂੰ ਆਪ ਬਣਾਵੇ। ਮਾਰਕਿਟ ਕਮੇਟੀਆਂ ਦਾ ਜੋ ਪੈਸਾ ਪਿਆ ਹੈ, ਉਹ ਸੁਪਰੀਮ ਕੋਰਟ ਦੇ ਫੈਸਲੇ ਕਾਰਨ ਰੁਕਿਆ ਪਿਆ ਹੈ। ਪੰਜਾਬ ਸਰਕਾਰ ਕੋਈ ਅਮੈਂਡਮੈਂਟ ਲਿਆ ਕੇ ਪੰਜਾਬ ਦੀਆਂ ਸੜਕਾਂ ਦੀ ਮੁਰੰਮਤ ਅਤੇ ਨਵੀਆਂ ਸੜਕਾਂ ਬਣਵਾਵੇ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਸਹੂਲਤ ਮਿਲ ਸਕੇ।

**ਮੰਤਰੀ** : ਜੀ. ਟੀ. ਰੋਡ ਬਾਰੇ ਮਾਸਟਰ ਜੀ ਨੂੰ ਪਤਾ ਹੋਣਾ ਚਾਹੀਦਾ ਹੈ। ਇਹ ਪੁਰਾਣੇ ਮੈਂਬਰ ਹਨ। ਇਹ ਪੈਸਾ ਸੈਂਟਰ ਦੀ ਸਰਕਾਰ ਇਹ ਸੜਕਾਂ ਬਣਾਉਣ ਵਾਸਤੇ ਦਿੰਦੀ ਹੈ। ਦੂਸਰੀ ਗਲ ਜੋ ਇਨ੍ਹਾਂ ਨੇ ਸੁਪਰੀਮ ਕੋਰਟ ਦੇ ਬਾਰੇ ਕੀਤੀ ਹੈ, ਉਸ ਬਾਰੇ ਮੈਂ ਇਸ ਵੇਲੇ ਕੀ ਕਹਿ ਸਕਦਾ ਹਾਂ। ਜਿਸ ਬਾਰੇ ਸਾਨੂੰ ਰੋਕਿਆ ਗਿਆ ਹੈ, ਉਹ ਪੈਸਾ ਕਿਤੇ ਨਾ ਕਿਤੇ ਤਾਂ ਖਰਚ ਹੋ ਜਾਂਦਾ ਹੈ। ਸੜਕਾਂ ਲਈ ਖਰਚਾ ਗੌਰਮਿੰਟ ਦੇ ਹੋਰ ਫੰਡਾਂ ਵਿਚੋਂ ਕੀਤਾ ਜਾਂਦਾ ਹੈ। ਜੇਕਰ ਆਪੋਜ਼ੀਸ਼ਨ ਪਾਰਟੀ ਦੇ ਮੈਂਬਰਾਂ ਨੂੰ ਇਸ ਬਾਰੇ ਐਨੀ ਚਿੰਤਾ ਹੈ ਤਾਂ ਇਹ ਮਾਨਯੋਗ ਮੈਂਬਰ ਮੇਰੇ ਚੈਂਬਰ ਵਿਚ ਆ ਜਾਣ ਉਥੇ ਗਲ ਕਰ ਲਵਾਂਗੇ।

Original with;
Punjab Vidhan Sabha
Digitized by;
Panjab Digital Library

ਸ੍ਰੀ ਪਿਆਰਾ ਰਾਮ ਧੰਨੋਵਾਲੀਆ : ਸੜਕਾਂ ਦਾ ਸਾਰੇ ਪੰਜਾਬ ਵਿਚ ਬਹੁਤ ਬੁਰਾ ਹਾਲ ਹੈ। ਕੱਚੇ ਹਸਤਿਆਂ ਨਾਲੋਂ ਭੈੜੀਆਂ ਹਨ ਅਤੇ ਸੜਕਾਂ ਦੀ ਹਾਲਤ ਖਰਾਬ ਹੋਈ ਹੋਈ ਹੈ। ਇਸ ਦਾ ਕਾਰਣ ਇਹ ਹੈ ਕਿ ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਨੇ ਬਣਾਈਆਂ, ਬਲਾਕ ਸੰਮਤੀਆਂ ਨੇ ਬਣਾਈਆਂ ਜਾਂ ਜ਼ਿਲ੍ਹਾ ਪ੍ਰੀਸ਼ਦ ਨੇ ਬਣਾਈਆਂ ਉਹ ਬਹੁਤ ਸਾਰੀਆਂ ਸੜਕਾਂ ਪੀ. ਡਬਲਿਊ. ਡੀ. ਨੇ ਆਪਣੇ ਹੱਥ ਵਿਚ ਨਹੀਂ ਲਈਆਂ ਅਤੇ ਉਨ੍ਹਾਂ ਦੀ ਮੁਰੰਮਤ ਬਿਲਕੁਲ ਨਹੀਂ ਹੋ ਰਹੀ। ਕੀ ਸਾਰੀਆਂ ਅਜਿਹੀਆਂ ਸੜਕਾਂ ਪੀ. ਡਬਲਿਊ. ਡੀ. ਵਾਲੇ ਟੇਕ ਓਵਰ ਕਰ ਲੈਣਗੇ ?

ਮੰਤਰੀ: ਧੰਨੋਵਾਲੀਆ ਜੀ ਇਹ ਮਾਨਯੋਗ ਮੈਂਬਰ ਮੇਰੇ ਬੜੇ ਮਿੱਤਰ ਹਨ। ਇਨ੍ਹਾਂ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਕੱਚੇ ਰਾਹ ਨਹੀਂ ਰਹੇ ਅਤੇ ਹੁਣ ਪੱਕੇ ਰਾਹ ਬਣ ਗਏ ਹਨ। ਜਿਹੜੀਆਂ ਮਾਰਕਿਟ ਕਮੇਟੀਆਂ ਰਾਹੀਂ ਬਣੀਆਂ ਹੋਈਆਂ ਸੜਕਾਂ ਬਾਰੇ ਇਹ ਕਹਿੰਦੇ ਹਨ ਕਿ ਮੁਰੰਮਤ ਨਹੀਂ ਹੋਈ, ਅਜਿਹੀਆਂ ਸੜਕਾਂ ਦੀ ਇਹ ਲਿਸਟ ਬਣਾ ਕੇ ਮੈਨੂੰ ਦੇ ਦੇਣ, ਮੈਂ ਕੋਸ਼ਿਸ਼ ਕਰਾਂਗਾ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਉਨ੍ਹਾਂ ਸੜਕਾਂ ਦੀ ਮੁਰੰਮਤ ਕਰਾ ਦਿਤੀ ਜਾਏ।

## X-Ray Plants provided in Government Hospitals, District Amritsar excluding Amritsar City

***1197. Sardar Major Singh Uboke**: Will the Minister for Health and Family Welfare be pleased to state :—

(a) the names and number of Government Hospitals in district Amritsar excluding Amritsar City where X-Ray Plants are provided;

(b) the names of hospitals out of those referred to in part (a) above where these X-Ray plants are not functioning and the reasons therefor ?

ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) (1) ਸਿਵਲ ਹਸਪਤਾਲ, ਤਰਨ ਤਾਰਨ।

(2) ਸਿਵਲ ਹਸਪਤਾਲ, ਅਜਨਾਲਾ।

(3) ਸਿਵਲ ਹਸਪਤਾਲ, ਪੱਟੀ।

(4) ਰੂਰਲ ਹਸਪਤਾਲ, ਬਾਬਾ ਬਕਾਲਾ।

(ਅ) ਇਹ ਸਾਰੇ ਐਕਸਰੇ ਪਲਾਂਟ ਠੀਕ ਕੰਮ ਕਰ ਰਹੇ ਦੱਸੇ ਗਏ ਹਨ।

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ ਕਿ ਵਜ਼ੀਰ ਸਾਹਿਬ ਨੇ ਹੁਣੇ ਕਿਹਾ ਹੈ ਕਿ ਇਹ ਸਾਰੇ ਹਸਪਤਾਲਾਂ ਵਿਚ ਐਕਸਰੇ ਪਲਾਂਟ ਠੀਕ ਕੰਮ ਕਰ ਰਹੇ ਹਨ। ਰੰਧਾਵਾ ਸਾਹਿਬ ਸਾਹਮਣੇ ਬੈਠੇ ਹਨ ਇਹ ਸਾਡੇ ਜ਼ਿਲ੍ਹੇ ਦੀ ਸ਼ਿਕਾਇਤ ਕਮੇਟੀ ਵਿਚ ਜਾਂਦੇ ਰਹੇ ਹਨ। ਉਥੇ ਦੇ ਸਿਵਲ ਸਰਜਨ ਇਹ ਕਹਿੰਦੇ ਰਹੇ ਹਨ ਔਰ ਇਕ ਸਿਵਲ ਸਰਜਨ ਨੇ ਲਿਖ ਕੇ ਵੀ ਭੇਜਿਆ ਹੈ ਕਿ ਇਸ ਦਾ ਇੱਕ ਪੁਰਜ਼ਾ ਖਰਾਬ ਪਿਆ ਹੈ ਔਰ ਉਸ ਨੂੰ ਠੀਕ ਕਰਾਉਣ ਦੀ ਹਾਲੇ ਤੱਕ ਇਜਾਜ਼ਤ ਨਹੀਂ ਦਿਤੀ ਗਈ। ਇਹ ਥੋੜੇ ਦਿਨ ਹੀ ਚਲੇ ਸਨ। ਹੁਣ ਇਹ ਚਲ ਪਏ ਹੋਣ ਤਾਂ ਮੈਨੂੰ ਪਤਾ ਨਹੀਂ। ਜੇਕਰ ਇਹ ਚਲ ਪਏ ਹਨ ਤਾਂ ਕੀ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਇਹ ਐਕਸਰੇ ਪਲਾਂਟਾਂ ਲਈ ਲੋੜੀਂਦਾ ਸਟਾਫ ਦੇਣ ਦਾ ਪ੍ਰਬੰਧ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਜੋ ਰਿਪੋਰਟ ਮੇਰੇ ਕੋਲ ਆਈ ਹੈ ਉਸ ਦੀ ਬਿਨਾ ਤੇ ਮੈਂ ਇਹ ਗੱਲ ਕਹੀ ਹੈ। ਇਸ ਦੇ ਬਾਵਜੂਦ ਮੈਂਬਰ ਸਾਹਿਬ ਖੁਦ ਉਥੇ ਤਸ਼ਰੀਫ ਲੈ ਜਾਣ ਔਰ ਆ ਕੇ ਦੱਸ ਦੇਣ ਜੇਕਰ ਕੋਈ ਗਲਤ ਬਿਆਨੀ ਕੀਤੀ ਹੋਈ ਤਾਂ ਉਸ ਤੇ ਐਕਸ਼ਨ ਲਿਆ ਜਾਏਗਾ ਔਰ ਜੋ ਕਮੀ ਹੋਏਗੀ ਉਸ ਨੂੰ ਪੂਰਾ ਕੀਤਾ ਜਾਏਗਾ। ਐਕਸਰੇ ਪਲਾਂਟ ਬਗੈਰ ਸਟਾਫ ਦੇ ਚਲ ਨਹੀਂ ਸਕਦੇ, ਇਸ ਲਈ ਇਸ ਬਾਰੇ ਵੀ ਪ੍ਰਬੰਧ ਕੀਤਾ ਜਾਏਗਾ।

**Starting of 25-Bed Hospital at Siri Hargobindpur District Gurdaspur**

***1218. Sardar Natha Singh Dalam** : Will the Minister for Health be pleased to state :—

(a) whether it is a fact that 25-bed Hospital has been constructed and has started functioning at Siri Hargobindpur, District Gurdaspur;

(b) if the reply to part (a) above be in the affirmative, whether complete staff and necessary medical equipment have been provided there; if not, the reasons therefor and the approximate time by which this is likely to be done ?

**ਸ੍ਰੀ ਜੋਗਿੰਦਰ ਪਾਲ ਪਾਂਡੇ : (ੳ) ਹਾਂ ਜੀ।**

**(ਅ) ਹਸਪਤਾਲ ਨੂੰ ਰੋਜ਼ਾਨਾ ਚਾਲੂ ਰੱਖਣ ਲਈ ਲੋੜੀਂਦਾ ਸਟਾਫ ਤੇ ਸਮਾਨ ਮੁਹੱਈਆ ਕਰ ਦਿੱਤਾ ਗਿਆ ਹੈ।**

**ਸਰਦਾਰ ਨੱਥਾ ਸਿੰਘ ਦਾਲਮ :** ਇਨ੍ਹਾਂ ਨੇ ਦਸਿਆ ਹੈ ਕਿ ਹਸਪਤਾਲ ਨੂੰ ਰੋਜ਼ਾਨਾ ਚਾਲੂ ਰਖਣ ਲਈ ਲੋੜੀਂਦਾ ਸਟਾਫ ਤੇ ਸਮਾਨ ਮੁਹੱਈਆ ਕਰ ਦਿਤਾ ਗਿਆ ਹੈ। ਮੈਂ ਇਹ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਉਥੇ ਐਕਸਰੇ ਪਲਾਂਟ ਲਈ ਲੋੜੀਂਦਾ ਇਕੁਇਪਮੈਂਟ ਨਹੀਂ ਦਿੱਤਾ ਗਿਆ, ਇਹ ਇਕੁਇਪਮੈਂਟ ਕਦੋਂ ਤਕ ਦੇ ਦਿਤਾ ਜਾਏਗਾ ?

**ਮੰਤਰੀ :** ਸਪੀਕਰ ਸਾਹਿਬ ਇਨ੍ਹਾਂ ਨੇ ਪੁਛਿਆ ਸੀ।

**Whether it is a fact that 25 Bed Hospital has been constructed and has started functioning at Siri Hargobindpur, District Gurdaspur.**

ਇਸ ਦੇ ਨਾਲ ਹੀ ਇਹ ਵੀ ਪੁਛਿਆ ਸੀ ਕਿ ਜੇਕਰ ਹੋ ਗਿਆ ਹੈ ਤਾਂ ਕੀ ਉਸ ਨੂੰ ਚਾਲੂ ਕਰਨ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ ? ਮੈਂ ਜਵਾਬ ਦਿਤਾ ਹੈ 'ਹਾਂ ਜੀ'। ਉਹ 25-ਬੈਡ ਹਸਪਤਾਲ ਵੀ ਦਿੱਤਾ ਹੈ ਔਰ ਉਸ ਨੂੰ ਚਾਲੂ ਕਰਨ ਦਾ ਪ੍ਰਬੰਧ ਵੀ ਕਰ ਦਿੱਤਾ ਹੈ। ਅਗਰ ਇਸ ਦੇ ਬਾਵਜੂਦ ਇਹ ਹੋਰ ਕੋਈ ਡੀਮਾਂਡ ਰਖਦੇ ਹਨ ਉਸ ਬਾਰੇ ਇਹ ਦੱਸ ਦੇਣ ਮੈਂ ਜਵਾਬ ਦੇ ਦਿਆਂਗਾ।

**ਸਰਦਾਰ ਨੱਥਾ ਸਿੰਘ ਦਾਲਮ :** ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੋ ਮੈਂ ਸਵਾਲ ਪੁਛਿਆ ਸੀ ਉਸ ਵਿਚ ਇਨਕਲੂਡਿਡ ਹੈ ਕਿ ਕੀ ਉਥੇ ਮੈਡੀਕਲ ਸਟਾਫ ਭੇਜਿਆ ਗਿਆ ਹੈ, ਜਾਂ ਨਹੀਂ : ਜੇਕਰ ਨਹੀਂ ਭੇਜਿਆ ਗਿਆ ਤਾਂ ਜੋ ਉਥੇ ਲੱਖਾਂ ਰੁਪਏ ਖਰਚ ਹੋਏ ਹਨ ਉਸ ਦਾ ਕੀ ਫਾਇਦਾ ਹੈ ? ਕੇਵਲ ਇਕ ਡਾਕਟਰ ਉਥੇ ਗਿਆ ਹੈ। ਦੂਸਰੇ, ਜਿਹੜਾ ਉਥੇ ਸਟਾਫ ਗਿਆ ਹੈ ਉਸ ਲਈ ਰਿਹਾਇਸ਼ ਵਾਸਤੇ ਕੋਈ ਸਰਕਾਰੀ ਕੁਆਰਟਰ ਨਹੀਂ ਬਣਾਏ ਗਏ। ਕੀ ਇਹ ਸਾਰੀਆਂ ਚੀਜ਼ਾਂ ਦਾ ਪ੍ਰਬੰਧ ਉਸ ਹਸਪਤਾਲ ਵਿਚ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਡੀਕਲ ਅਫਸਰ ਉਥੇ ਦੋ ਹਨ। ਨਰਸਿੰਗ ਸਿਸਟਰ ਉਥੇ ਚਲੀ ਗਈ ਹੈ। ਸਟਾਫ ਨਰਸਿੰਗ 4 ਵਿਚੋਂ 2 ਚਲੀਆਂ ਗਈਆਂ ਹਨ। ਫਾਰਮਾਸਿਸਟ 3 ਵਿਚੋਂ 2 ਚਲੇ ਗਏ ਹਨ। ਕਲੱਰਕ, ਸਟੋਰਕੀਪਰ, ਲੇਬਾਰੇਟਰੀ ਟੈਕਨੀਸ਼ਨ ਅਤੇ ਰੇਡਿਓ ਗਰਾਫਰ ਹਾਲੇ ਜਾਣੇ ਹਨ। ਕਲਾਸ 4 ਐਂਪਲਾਈਜ਼ 14 ਵਿਚੋਂ 11 ਚਲੇ ਗਏ ਹਨ।

**ਸਰਦਾਰ ਕਰਮ ਸਿੰਘ ਗਿੱਲ:** ਸਪੀਕਰ ਸਾਹਿਬ, ਮਾਛੀਵਾੜਾ ਸੰਘੋਲ ਪਿੰਡ ਹਸਪਤਾਲ ਵਿਖੇ ਇਕੁਵਿਪਮੈਂਟ ਜਾ ਚੁਕਿਆ ਹੈ ਪਰ ਲੋੜੀਂਦਾ ਸਟਾਫ ਅਜੇ ਤਕ ਨਹੀਂ ਭੇਜਿਆ ਗਿਆ। ਪਿਛਲੇ ਸੈਸ਼ਨ ਵਿਚ ਵੀ ਆਸ਼ਵਾਸਨ ਦਿੱਤਾ ਗਿਆ ਸੀ ਕਿ ਇਹ ਕੰਮ ਹੋ ਜਾਏਗਾ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਲੋੜੀਂਦਾ ਸਟਾਫ ਕਦੋਂ ਤਕ ਉਥੇ ਭੇਜ ਦਿੱਤਾ ਜਾਏਗਾ?

**ਮੰਤਰੀ:** ਇਹ ਸਵਾਲ ਇਸ ਹਸਪਤਾਲ ਨਾਲ ਤੁਅੱਲਕ ਨਹੀਂ ਰਖਦਾ ਅਤੇ ਇਹ ਕਿਸੇ ਹੋਰ ਏਰੀਆ ਨਾਲ ਸਬੰਧਤ ਹੈ। ਇਹ ਸਪੈਸੇਫਿਕ ਕੁਐਸਚਨ ਕਰ ਦੇਣ, ਮੈਂ ਜਵਾਬ ਦੇ ਦਿਆਂਗਾ।

**ਸਰਦਾਰ ਪ੍ਰਿਥੀਪਾਲ ਸਿੰਘ:** ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਜੀ ਹਸਪਤਾਲ ਹੈ। ਇਹ ਕਾਫੀ ਬਣ ਗਿਆ ਹੈ ਔਰ ਕਾਫੀ ਬਣਨ ਵਾਲਾ ਹਾਲੇ ਰਹਿੰਦਾ ਹੈ। ਉਥੇ ਓਪਰੇਸ਼ਨ ਥੀਏਟਰ ਨਹੀਂ ਬਣਿਆ ਹੈ ਜਿਸ ਨਾਲ ਲੋਕਾਂ ਨੂੰ ਕਾਫੀ ਤਕਲੀਫ ਪੇਸ਼ ਆ ਰਹੀ ਹੈ। ਪਿਛੇ ਵੀ ਕਈ ਦਫਾ ਇਸ ਬਾਰੇ ਬੇਨਤੀ ਕੀਤੀ ਗਈ ਹੈ ਜਦੋਂ ਕਿ ਇਹ ਮਹਿਕਮਾਂ ਇਨ੍ਹਾਂ ਕੋਲ ਨਹੀਂ ਸੀ ਔਰ ਸ੍ਰੀ ਕਪੂਰ ਸਾਹਿਬ ਕੋਲ ਸੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਓਪਰੇਸ਼ਨ ਥੀਏਟਰ ਕਦੋਂ ਤਕ ਉਥੇ ਬਣ ਜਾਏਗਾ? ਇਥੇ ਕਿਹਾ ਗਿਆ ਸੀ ਕਿ ਬਲੱਡ ਸਾਫ ਕਰਨ ਲਈ ਉਥੇ ਮਸ਼ੀਨ ਆਏਗੀ। ਇਸ ਲਈ ਮੈਡੀਕਲ ਯੂਨਿਟ ਖੋਲ੍ਹਿਆ ਸੀ। ਇਹ ਕਿਉਂ ਬੰਦ ਕਰ ਦਿੱਤਾ ਗਿਆ? ਇਸ ਬਾਰੇ ਵੀ ਦਸਿਆ ਜਾਏ।

**ਮੰਤਰੀ:** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਹ ਤੁਹਾਡੇ ਸ਼ਹਿਰ ਦਾ ਹਸਪਤਾਲ ਹੈ, ਤੁਹਾਨੂੰ ਇਸ ਬਾਰੇ ਪਤਾ ਹੈ। ਇਸ ਲਈ ਤੁਸੀਂ ਇਨਾਂ ਨੂੰ ਆਪਣੇ ਚੈਂਬਰ ਵਿਚ ਬੁਲਾ ਕੇ ਇਸ ਬਾਰੇ ਦਸ ਦਿਓ।

**ਸ੍ਰੀ ਸਪੀਕਰ:** ਸਵਾਲ ਦਾ ਜਵਾਬ ਤਾਂ ਵਜ਼ੀਰ ਸਾਹਿਬ ਨੂੰ ਹੀ ਦੇਣਾ ਚਾਹੀਦਾ ਹੈ।

**ਮੰਤਰੀ:** ਸਪੀਕਰ ਸਾਹਿਬ, ਸਵਾਲ ਸਰਦਾਰ ਨੱਥਾ ਸਿੰਘ ਦਾ ਹੈ ਪਰ ਇਹ ਅੰਮ੍ਰਿਤਸਰ ਦੇ ਹਸਪਤਾਲ ਬਾਰੇ ਜਵਾਬ ਮੰਗਦੇ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰਾ ਸਵਾਲ ਇਸ ਸਵਾਲ ਨਾਲ ਬੜਾ ਤੁਅੱਲਕ ਰਖਦਾ ਹੈ, ਮੈਂ ਵਜ਼ੀਰ ਸਾਹਿਬ ਦੇ ਦਫਤਰ ਵਿਚ ਵੀ ਉਨ੍ਹਾਂ ਨੂੰ ਮਿਲਿਆ ਸੀ ਕਿ ਰੋੜੇ ਪਿੰਡ ਵਿਚ ਪਿੰਡ ਵਾਲਿਆਂ ਨੇ 5 ਲੱਖ ਰੁਪਿਆ ਲਾ ਕੇ ਇਕ ਹਸਪਤਾਲ ਬਣਾਇਆ ਪਰ ਉਥੇ ਡਾਕਟਰ ਨਹੀਂ ਪਹੁੰਚਿਆ। ਉਥੇ ਹੋਰ ਸਟਾਫ ਤਾਂ ਪਹੁੰਚ ਗਿਆ ਹੈ ਪਰ ਡਾਕਟਰ ਨਹੀਂ ਪਹੁੰਚਿਆ, ਜਿਸ ਕਰ ਕੇ ਲੋਕਾਂ ਨੂੰ ਬੜੀ ਤਕਲੀਫ ਹੈ। ਇਸ ਲਈ ਕੀ ਇਹ ਜਲਦੀ ਉਥੇ ਡਾਕਟਰ ਭੇਜ ਕੇ ਲੋਕਾਂ ਦੀ ਤਕਲੀਫ ਨੂੰ ਦੂਰ ਕਰਨਗੇ?

(ਕੋਈ ਉਤਰ ਨਹੀਂ ਦਿੱਤਾ ਗਿਆ)

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੁਰਾਣੇ ਪ੍ਰਾਇਮਰੀ ਹੈਲਥ ਸੈਂਟਰ ਜਿਹੜੇ ਚਲ ਰਹੇ ਹਨ, ਕੀ ਉਨ੍ਹਾਂ ਨੂੰ 25 ਬੈਡਜ਼ ਦੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਹਸਪਤਾਲ ਬਣਾਉਣਗੇ, ਜਿਵੇਂ ਕਿ ਸ਼ੇਰਪੁਰ ਦਾ ਹਸਪਤਾਲ ਹੈ ? ਉਸ ਹਸਪਤਾਲ ਦੀ ਬਿਲਡਿੰਗ ਵੀ ਮਾੜੀ ਹੈ। ਕੀ ਉਸ ਨੂੰ ਵੀ ਠੀਕ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਤਾਂ ਜਨਰਲ ਡਿਸਕਸ਼ਨ ਚਲ ਪਈ ਹੈ।

**Token Tax outstanding against Passenger Transport Vehicles in the State**

***1194. Sardar Baldev Singh Khiala** : Will the Minister of State for Transport be pleased to state :—

(a) the total amount of token tax outstanding against the passengers transport vehicles in the State for the period from 1st January, 1981 to 1st January, 1982;

(b) the total amount of token tax outstanding against the Punjab Roadways, Pepsu Road Transport Corporation and Private Transport separately for the period mentioned in part (a) above ?

**Sardar Avtar Singh Gatwali**: (a) The total amount of tax outstanding as on 1st January, 1981 and 1st January, 1982 was Rs 2.69,66,736 and Rs 5,70,98,963 respectively ;

(b) The requisite break up of the amount as at (a) above is as follows:—

| | | As on 1st January, 1981 | As on 1st January, 1982 |
|---|---|---|---|
| Punjab Roadways | .. | 43,13,348 | 29,17,036 |
| Pepsu Road Transport Corporation | .. | 1,70,55,285 | 4,34,28,533 |
| Municipal Corportations | .. | 3,42,205 | 25,15,774 |
| Private Operators | .. | 52,55,898 | 82,37,620 |
| | | 2,69,66,736 | 5,70,98,963 |

**ਸਿਹਤ ਮੰਤਰੀ**: ਸਪੀਕਰ ਸਾਹਿਬ, ਕੀ ਕੁਐਸਚਨ ਆਵਰ ਦਾ ਟਾਈਮ ਵਧਾ ਦਿਤਾ ਹੈ ?

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਪਹਿਲੀ ਤਾਂ ਗੱਲ ਇਹ ਹੈ ਕਿ ਮੇਰੇ ਸਵਾਲ ਦਾ ਜਵਾਬ ਪੰਜਾਬੀ ਵਿਚ ਆਉਣਾ ਚਾਹੀਦਾ ਸੀ ਕਿਉਂਕਿ ਮੇਰਾ ਸਵਾਲ ਪੰਜਾਬੀ ਵਿਚ ਸੀ। ਬਾਕੀ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵੱਲ 5,70,98,963 ਰੁਪਏ ਬਕਾਇਆ ਹਨ। 43% ਕਿਰਾਏ ਵਧਾਉਣ ਦੇ ਬਾਵ ਜੂਦ ਵੀ ਇਹ ਹਾਲ ਹੈ। ਗਵਰਨਰ ਐਡਰੈਸ ਵਿਚ ਦੱਸਿਆ ਗਿਆ ਸੀ ਕਿ 1.84 ਲੱਖ ਕਿਲੋ ਮੀਟਰ ਬੱਸਾਂ ਵੱਧ ਸਫਰ ਕਰ ਰਹੀਆਂ ਹਨ ਲੇਕਿਨ ਫਿਰ ਵੀ ਇਨ੍ਹਾਂ ਦਾ ਇਹ ਹਾਲ ਹੈ ਅਤੇ ਟੈਕਸ ਦੇ ਬਕਾਏ

Original with;
Punjab Vidhan Sabha
Digitized by;
Panjab Digital Library

ਦੀ ਰਕਮ ਵਸੂਲ ਨਹੀਂ ਕੀਤੀ ਗਈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਰਾਏ ਵਧਾਉਣ ਨਾਲ ਕੀ ਇੰਪ-ਰੂਵਮੈਂਟ ਹੋਈ ਹੈ ਜਾਂਕਿ ਘਾਟਾ ਪੈ ਰਿਹਾ ਹੈ ?

**ਆਵਾਜਾਈ ਦੇ ਰਾਜ ਮੰਤਰੀ** : ਸਪੀਕਰ ਸਾਹਿਬ, ਸਵਾਲ ਕਲੀਅਰ ਨਹੀਂ ਹੋਇਆ।

**ਸਿਹਤ ਮੰਤਰੀ** : ਸਪੀਕਰ ਸਾਹਿਬ, ਕੀ ਕੁਐਸਚਨ ਆਵਰ ਦਾ ਸਮਾਂ ਵਧਾ ਦਿਤਾ ਹੈ ?

------

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### National Zonal Permits

***1214. (1) Jathedar Jiwan Singh Umranangal**
**(2) Giani Kundan Singh Patang** } : Will the Minister of State for Transport be pleased to state :—

(a) the total number of national/zonal permits issued by the Government from 1st June, 1980 to date ;

(b) the number of those referred to in part (a) above which were given to the members of Scheduled Castes and Backward Classes?

**ਸਰਦਾਰ ਅਵਤਾਰ ਸਿੰਘ ਗਟਵਾਲੀ** : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਮਿਤੀ 1 ਜੂਨ, 1980 ਤੋਂ ਹੁਣ ਤਕ ਮਨਜ਼ੂਰ ਕੀਤੇ ਰਾਸ਼ਟਰੀ ਅਤੇ ਜ਼ੋਨ (ਖੇਤਰੀ) ਪਰਮਿਟਾਂ ਦੀ ਸੂਚੀ।**

| ------ | | ਰਾਸ਼ਟਰੀ ਪਰਮਿਟ | ਉਤਰੀ ਜ਼ੋਨ (ਖੇਤਰੀ) ਪਰਮਿਟ | ਪਛਮੀ ਜ਼ੋਨ (ਖੇਤਰੀ) ਪਰਮਿਟ |
|---|---|---|---|---|
| (ੳ) ਕੁੱਲ ਮਨਜ਼ੂਰ ਕੀਤੇ ਪਰਮਿਟਾਂ ਦਾ ਜੋੜ | ... | 405 | 100 | 100 |
| (ਅ) ਜਿੰਨੇ ਪਰਮਿਟ ਦਿਤੇ ਗਏ :-- | | | | |
| (i) ਅਨੁਸੂਚਿਤ ਜਾਤੀਆਂ | ... | 11 | 3 | 1 |
| (ii) ਪਛੜੀਆਂ ਸ਼੍ਰੇਣੀਆਂ | ... | 13 | 2 | 2 |

Original with;
Punjab Vidhan Sabha
Digitized by;
Panjab Digital Library

**Quantity of cement distributed by the Sub Divisional Magistrate, Mansa**

***1199. Sardar Baldev Singh Khiala** : Will the Minister of State for Food and Supplies be pleased to state :—

(a) the total quantity of cement distributed by the Sub Divisional Magistrate, Mansa during the period from 1st January, 1981 to 1st January, 1982; the ratio of distribution of the cement referred to in part (a) above in rural and urban areas separately;

(c) the names and full addresses of the persons to whom permits for cement referred to in part (a) above were issued during the aforesaid period.

**ਸ਼੍ਰੀ ਭਗਵਾਨ ਦਾਸ :** (ੳ) 1281 ਬੋਰੀਆਂ

(ਅ) ਦਿਹਾਤੀ 184 ,,

ਸ਼ਹਿਰੀ 1097 ,,

(ੲ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

**ਮਿਤੀ 1 ਜਨਵਰੀ, 1981 ਤੋਂ 1 ਜਨਵਰੀ, 1982 ਤੱਕ ਜਿਨ੍ਹਾਂ ਵਿਅਕਤੀਆਂ ਨੂੰ ਸੀਮਿੰਟ ਦੇ ਪਰਮਿਟ ਦਿਤੇ ਗਏ ।**

| ਲੜੀ ਨੰ: | ਨਾਮ | ਵਾਸੀ |
|---|---|---|
| 1 | ਪਰੇਮ ਕੁਮਾਰ, ਪੁੱਤਰ ਨੰਦ ਕਿਸ਼ੋਰ | ... ਮਾਨਸਾ |
| 2 | ਡਾ: ਰਾਜ ਕੁਮਾਰ ਗੋਇਲ | ... ਬੁਢਲਾਡਾ |
| 3 | ਮਦਨ ਲਾਲ, ਪੁੱਤਰ ਭਾਨ ਚੰਦ | ... ਜੋਗਾ |
| 4 | ਓਮ ਪ੍ਰਕਾਸ਼, ਪੁੱਤਰ ਭਾਗ ਚੰਦ | ... ਮਾਨਸਾ |
| 5 | ਸੰਤ ਚਰਨ ਦਾਸ | ... ਮਾਨਸਾ |
| 6 | ਪ੍ਰਕਾਸ਼ ਚੰਦ, ਪੁੱਤਰ ਜੱਗਾ ਰਾਮ | ... ਮਾਨਸਾ |
| 7 | ਡਾ: ਐਨ. ਕੇ. ਮਹਿਤਾ | ... ਮਾਨਸਾ |
| 8 | ਬਲਦੇਵ ਸਿੰਘ ਨੰ: 3372192 | ... ਬਰੇ |
| 9 | ਸ਼ਾਮਰਾਮ, ਪੁੱਤਰ ਗੋਧਾ ਰਾਮ | ... ਮਾਨਸਾ |
| 10 | ਮਦਨ ਲਾਲ, ਪੁੱਤਰ ਮਲਕ ਰਾਮ | ... ਮਾਨਸਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਮ | | ਵਾਸੀ |
|---|---|---|---|
| 11 | ਜਰਨੈਲ ਸਿੰਘ, ਪੁੱਤਰ ਹਰਦਿਆਲ ਸਿੰਘ | ... | ਹੋਡਲਾ ਕਲਾਂ |
| 12 | ਮੇਲਾ ਰਾਮ, ਪੁੱਤਰ ਗੇਦਾ ਮਲ | ... | ... |
| 13 | ਸਤਿਆ ਰਾਣੀ, ਪਤਨੀ ਰਾਮ ਪ੍ਰਤਾਪ | ... | ਬੁਢਲਾਡਾ |
| 14 | ਰਮੇਸ਼ ਚੰਦਰ, ਪੁੱਤਰ ਰੋਸ਼ਨ ਲਾਲ | ... | ਬੁਢਲਾਡਾ |
| 15 | ਲਾਜ ਵੰਤੀ ਦੇਵੀ, ਪੁੱਤਰੀ ਪੂਰਨ ਚੰਦ | ... | ਬੁਢਲਾਡਾ |
| 16 | ਡਾ: ਰਾਜ ਕੁਮਾਰ, ਪੁੱਤਰ ਭਾਨ ਚੰਦ | ... | ਬੁਢਲਾਡਾ |
| 17 | ਦਰਸ਼ਨ ਸਿੰਘ, ਪੁੱਤਰ ਬਚਨ ਸਿੰਘ | ... | ਮਾਨਸਾ |
| 18 | ਜੰਗੀਰ ਸਿੰਘ ਜੋਗਾ, ਐਮ. ਐਲ. ਏ. | ... | ਜੋਗਾ |
| 19 | ਗਿਰਧਾਰੀ ਲਾਲ, ਪੁੱਤਰ ਸ਼ਿਵ ਪ੍ਰਕਾਸ਼ | ... | ਜੋਗਾ |
| 20 | ਜੋਗਿੰਦਰ ਕੌਰ, ਪਤਨੀ ਬਚਿੱਤਰ ਸਿੰਘ | ... | ... |
| 21 | ਜੈ ਨਰਾਇਣ, ਪੁੱਤਰ ਪ੍ਰਭਦਿਆਲ | ... | ਮਾਨਸਾ |
| 22 | ਅਮਰ ਨਾਥ, ਪੁੱਤਰ ਕਿਸ਼ੋਰ ਚੰਦ | ... | ਮਾਨਸਾ |
| 23 | ਪ੍ਰੋ: ਐਨ. ਕੇ. ਮਹਿਤਾ | ... | ਮਾਨਸਾ |
| 24 | ਮੋਹਣ ਲਾਲ, ਪੁੱਤਰ ਪ੍ਰਕਾਸ਼ ਚੰਦ | ... | ਮਾਨਸਾ |
| 25 | ਚੰਦੂ ਮੁਨੀ, ਚੇਲਾ ਮਹੰਤ ਲਾਲ | ... | ਮਾਨਸਾ |
| 26 | ਈ ਏ. ਓ. ਐਮ. ਸੀ. ਮਾਨਸਾ | ... | ਮਾਨਸਾ |
| 27 | ਹਰਨੇਕ ਸਿੰਘ ਸਿਪਾਹੀ ਨੰ: 321 | ... | ਮਾਨਸਾ |
| 28 | ਸੁਦਰਸ਼ਨ ਜੈਨ | ... | ਬੁਢਲਾਡਾ |
| 29 | ਸੁਰਿੰਦਰ ਕੁਮਾਰ | ... | ਮਾਨਸਾ |
| 30 | ਹਰਨੇਕ ਸਿੰਘ ਸਰਪੰਚ | ... | ਕਣਕ ਵਾਲਾ ਚਹਿਲਾਂ |
| 31 | ਬਲਦੇਵ ਸਿੰਘ ਖਿਆਲਾ ਐਮ. ਐਲ. ਏ. | ... | ਖਿਆਲਾ |

Original with;
Punjab Vidhan Sabha
Digitized by;
Panjab Digital Library

[Minister of State for Food & Supplies]

| ਲੜੀ ਨੰ: | ਨਾਮ | ਵਾਸੀ |
|---|---|---|
| 32 | ਸ੍ਰੀ ਐਨ. ਕੇ. ਮਹਿਤਾ | ... ਮਾਨਸਾ |
| 33 | ਕ੍ਰਿਸ਼ਨ ਕੁਮਾਰ ਸ਼ਰਮਾ | ... ਮਾਨਸਾ |
| 34 | ਰਣਜੀਤ ਸਿੰਘ, ਪੁੱਤਰ ਹਰਦਿਆਲ ਸਿੰਘ | ... ਜੋਗਾ |
| 35 | ਨਛੱਤਰ ਸਿੰਘ, ਐਮ. ਸੀ. ਮਾਨਸਾ | ... ਮਾਨਸਾ |
| 36 | ਅਮਰ ਨਾਥ ਦਾਨੇਵਾਲੀਆ | ... ਮਾਨਸਾ |
| 37 | ਮੇਲਾ ਰਾਮ, ਪੁੱਤਰ ਗੋਂਦਾ ਮੱਲ | ... ਮਾਨਸਾ |
| 38 | ਜਤਿੰਦਰ ਪਾਲ, ਪੁੱਤਰ ਐਸ. ਡੀ. ਸ਼ਰਮਾ | ... ਮਾਨਸਾ |
| 39 | ਕਰਨੈਲ ਸਿੰਘ, ਪੁੱਤਰ ਜੀਤ ਸਿੰਘ | ... ਮਾਨਸਾ |
| 40 | ਐਨ. ਕੇ. ਸਿੰਗਲਾ, ਪੁੱਤਰ ਓਮ ਪ੍ਰਕਾਸ਼ | ... ਮਾਨਸਾ |
| 41 | ਸੁਖਜਿੰਦਰ ਸਿੰਘ, ਪੁੱਤਰ ਗੁਰਨਾਮ ਸਿੰਘ | ... ਮਾਨਸਾ |
| 42 | ਓਮ ਪ੍ਰਕਾਸ਼, ਪੁੱਤਰ ਬਨਾਰਸੀ ਦਾਸ | ... ਬੁਢਲਾਡਾ |
| 43 | ਮਦਨ ਲਾਲ, ਪੁੱਤਰ ਨਿਰੰਜਨ ਦਾਸ | ... ਬੁਢਲਾਡਾ |
| 44 | ਗੁਰਦੇਵ ਸਿੰਘ, ਪੁੱਤਰ ਗੋਂਦਾ ਸਿੰਘ | ... ਮਾਨਸਾ |
| 45 | ਮਦਨ ਲਾਲ, ਪੁੱਤਰ ਕਪੂਰ ਚੰਦ | ... ਮਾਨਸਾ |
| 46 | ਸੁਰਜਨ ਸਿੰਘ, ਪੁੱਤਰ ਰੋਸ਼ਨ ਸਿੰਘ | ... ਮਾਨਸਾ |
| 47 | ਸੂਰਜ ਭਾਨ, ਪੁੱਤਰ ਨਿਰੰਜਨ ਦਾਸ | ... ਮਾਨਸਾ |
| 48 | ਪਰੇਮ ਭਾਰਦਵਾਜ, ਪੁੱਤਰ ਦਾਤਾ ਰਾਮ | .. ਮਾਨਸਾ |
| 49 | ਐਨ. ਕੇ. ਮਹਿਤਾ | ... ਮਾਨਸਾ |
| 50 | ਬਲਦੇਵ ਸਿੰਘ, ਪੁੱਤਰ ਕਾਕਾ ਸਿੰਘ | ... ਮਾਨਸਾ |
| 51 | ਪੂਰਨ ਚੰਦ, ਪੁੱਤਰ ਕਾਕਾ ਰਾਮ | ... ਮਾਨਸਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ. | ਨਾਮ | | ਵਾਸੀ |
|---|---|---|---|
| 52 | ਮੈਨੇਜਰ, ਪੰਜਾਬ ਨੈਸ਼ਨਲ ਬੈਂਕ | ... | ਮਾਨਸਾ |
| 53 | ਜਗਦੀਸ਼ ਰਾਮ, ਪੁੱਤਰ ਬਾਬੂ ਰਾਮ | ... | ਮਾਨਸਾ |
| 54 | ਰਾਮ ਗੋਪਾਲ, ਪੁੱਤਰ ਮਾਈ ਰਾਮ | ... | ਮਾਨਸਾ |
| 55 | ਨਛੱਤਰ ਸਿੰਘ, ਐਮ. ਸੀ. | ... | ਮਾਨਸਾ |
| 56 | ਜੋਗਿੰਦਰ ਸਿੰਘ, ਪੁੱਤਰ ਸੱਜਨ ਸਿੰਘ | ... | ਮਾਨਸਾ |
| 57 | ਓਮ ਪ੍ਰਕਾਸ਼, ਪੁੱਤਰ ਬਾਬੂ ਰਾਮ | ... | ਮਾਨਸਾ |
| 58 | ਰੋਹਤਾਜ਼ ਕੁਮਾਰ, ਪੁੱਤਰ ਕੇ. ਐਨ. ਗੁਪਤਾ | ... | ਮਾਨਸਾ |
| 59 | ਦਰਸ਼ਨ ਸਿੰਘ, ਪੁੱਤਰ ਗੇਂਦਾ ਸਿੰਘ | ... | ਮਾਨਸਾ |
| 60 | ਡਾ: ਵਿਜੈ ਕੁਮਾਰ, ਪੁੱਤਰ ਬਾਬੂ ਰਾਮ | ... | ਮਾਨਸਾ |
| 61 | ਗੁਰਦਿਆਲ ਸਿੰਘ, ਪੁੱਤਰ ਬਸਾਖਾ ਸਿੰਘ | ... | ਮਾਨਸਾ ਕਲਾਂ |
| 62 | ਸੰਤ ਚਰਨ ਦਾਸ | ... | ਮਾਨਸਾ |
| 63 | ਕ੍ਰਿਸ਼ਨ ਲਾਲ, ਪੁੱਤਰ ਕ੍ਰਿਸ਼ੀ ਰਾਮ | ... | ਬੁਢਲਾਡਾ |
| 64 | ਜੀਵਨ ਪ੍ਰਕਾਸ਼, ਪੁੱਤਰ ਪੂਰਨ ਚੰਦ | ... | ਬੁਢਲਾਡਾ |
| 65 | ਰਮੇਸ਼ ਚੰਦ, ਪੁੱਤਰ ਰੋਸ਼ਨ ਲਾਲ | ... | ਬੁਢਲਾਡਾ |
| 66 | ਕੇਵਲ ਕ੍ਰਿਸ਼ਨ, ਪੁੱਤਰ ਰੋਸ਼ਨ ਲਾਲ | ... | ਬੁਢਲਾਡਾ |
| 67 | ਦੇਵ ਭੂਸ਼ਨ ਸ਼ਰਮਾ | ... | ਮਾਨਸਾ |
| 68 | ਸੰਤ ਬ੍ਰਹਮ ਤੇਜ ਅਕਲੀਆ | ... | ਅਕਲੀਆ |
| 69 | ਰਾਜ ਕੁਮਾਰ, ਪੁੱਤਰ ਕਰਮ ਚੰਦ | ... | ਮਾਨਸਾ |
| 70 | ਅੰਮ੍ਰਿਤ ਪਾਲ, ਪੁੱਤਰ ਪ੍ਰਕਾਸ਼ ਚੰਦ | ... | ਮਾਨਸਾ |
| 71 | ਸ਼ਾਮ ਲਾਲ, ਪੁੱਤਰ ਰੂਪ ਚੰਦ | ... | ਮਾਨਸਾ |
| 72 | ਸਾਧੂ ਰਾਮ, ਪੁੱਤਰ ਬਲੀ ਰਾਮ | ... | ਮਾਨਸਾ |

Original with;
Punjab Vidhan Sabha
Digitized by;
Panjab Digital Library

[Minister of State for Food & Supplies]

| ਲੜੀ ਨੰ: | ਨਾਮ | ਵਾਸੀ |
|---|---|---|
| 73 | ਸੋਹਨ ਸਿੰਘ, ਪੁੱਤਰ ਭਾਨ ਸਿੰਘ | ... ਮਾਨਸਾ |
| 74 | ਜੰਗੀਰ ਸਿੰਘ, ਐਡਵੋਕੇਟ | ... ਮਾਨਸਾ |
| 75 | ਗੁਰਦੇਵ ਸਿੰਘ ਸੋਢੀ ਐਡਵੋਕੇਟ | ... ਮਾਨਸਾ |
| 76 | ਪਰੇਮ ਲਾਲ, ਪੁੱਤਰ ਰੋਸ਼ਨ ਲਾਲ | ... ਮਾਨਸਾ |
| 77 | ਅਮਰ ਨਾਥ, ਪੁੱਤਰ ਕਿਸ਼ੋਰ ਚੰਦ | ... ਮਾਨਸਾ |
| 78 | ਪ੍ਰਿੰਸੀਪਲ, ਸੇਂਟ ਸੋਲਜ਼ਰ ਕੋਨਵੈਂਟ ਸਕੂਲ | ... ਮਾਨਸਾ |
| 79 | ਡਾ: ਐਚ. ਕੇ. ਗੋਰਾ | ... ਮਾਨਸਾ |
| 80 | ਵਸਾਖਾ ਸਿੰਘ, ਪੁੱਤਰ ਸੁੱਚਾ ਸਿੰਘ | ... ਮਾਨਸਾ |
| 81 | ਰਾਜੇਸ਼ ਕੁਮਾਰ ਰਾਹੀਂ ਅਮਰ ਨਾਥ | ... ਮਾਨਸਾ |
| 82 | ਬਨਾਰਸੀ ਦਾਸ ਪੁੱਤਰ ਖੇਤਾ ਮੱਲ | ... ਮਾਨਸਾ |
| 83 | ਸਿਵਜੀ ਰਾਮ, ਪੁੱਤਰ ਹੰਸ ਰਾਜ | ... ਬੁਢਲਾਡਾ |
| 84 | ਬਿਰਜ ਗੋਪਾਲ, ਪੁੱਤਰ ਸ਼ਿਵ ਰਾਮ | ... ਬੁਢਲਾਡਾ |
| 85 | ਰੁਲਦੂ ਰਾਮ, ਪੁੱਤਰ ਹਰੀ ਰਾਮ | ... ਬੁਢਲਾਡਾ |
| 86 | ਲਾਜ ਵੰਤੀ ਦੇਵੀ ਪਤਨੀ ਦੇਵ ਰਾਜ | ... ਬੁਢਲਾਡਾ |
| 87 | ਨਰੇਸ਼ ਕੁਮਾਰ, ਪੁੱਤਰ ਗੋਪਾਲ ਦਾਸ | ... ਬੁਢਲਾਡਾ |
| 88 | ਸੱਤ ਨਾਰਾਇਨ, ਪੁੱਤਰ ਰਾਮ ਸਰੂਪ | ... ਬੁਢਲਾਡਾ |
| 89 | ਰਮੇਸ਼ ਸਿੰਗਲਾ, ਪੁੱਤਰ ਰੋਸ਼ਨ ਲਾਲ ਸਿੰਗਲਾ | ... ਬੁਢਲਾਡਾ |
| 90 | ਡਾ: ਨਰਿੰਦਰ ਕੁਮਾਰ | ... ਮਾਨਸਾ |
| 91 | ਸੁੰਦਰ ਕੁਮਾਰ, ਪੁੱਤਰ ਪ੍ਰਕਾਸ਼ ਚੰਦ | ... ਮਾਨਸਾ |
| 92 | ਸੁਰਿੰਦਰ ਕੁਮਾਰ, ਪੁੱਤਰ ਰੁਲਦੂ ਰਾਮ | ... ਮਾਨਸਾ |
| 93 | ਮਨਜੀਤ ਸਿੰਘ, ਪੁੱਤਰ ਬਚਨ ਸਿੰਘ | ... ਮਾਨਸਾ |

Original with;
Punjab Vidhan Sabha
Digitized by;
Panjab Digital Library

| ਲੜੀ ਨ: | ਨਾਮ | | ਵਾਸੀ |
|---|---|---|---|
| 94 | ਪੂਰਨ ਚੰਦ, ਵਾਰਡ ਨੰ: 4 | ... | ਮਾਨਸਾ |
| 95 | ਰਾਮ ਲਾਲ, ਪ੍ਰਧਾਨ, ਬਲਾਕ ਕਾਂਗਰਸ ਕਿਸਾਨ ਦਲ | ... | ਭੀਖੀ |
| 96 | ਰਾਮ ਲਾਲ, ਪੁੱਤਰ ਪਰਮਾਂ ਨੰਦ | | ਭੀਖੀ |
| 97 | ਚਮਨ ਲਾਲ, ਪੁੱਤਰ ਲਛਮਨ ਦਾਸ | ... | ਖਿਆਲਾ ਕਲਾਂ |
| 98 | ਅਰੁਨ ਕੁਮਾਰ, ਪੁੱਤਰ ਕਸਤੂਰੀ ਲਾਲ | ... | ਮਾਨਸਾ |
| 99 | ਜਥੇਦਾਰ ਤਾਰਾ ਸਿੰਘ, ਪ੍ਰਧਾਨ, ਗੁ: ਨੌਵੀਂ ਪਾਤਸ਼ਾਹੀ | ... | ਬੁਢਲਾਡਾ |
| 100 | ਓਮ ਪ੍ਰਕਾਸ਼, ਪੁੱਤਰ ਹਾਕਮ ਚੰਦ | ... | ਮਾਨਸਾ |
| 101 | ਮੰਗਲ ਸਿੰਘ, ਪੁੱਤਰ ਸੁੰਦਰ ਸਿੰਘ | ... | ਮਾਨਸਾ |
| 102 | ਡਾ: ਐਚ. ਕੇ. ਗੋਰਾ | ... | ਮਾਨਸਾ |
| 103 | ਸ਼ੇਰ ਸਿੰਘ, ਪੁੱਤਰ ਅਰਜਨ ਸਿੰਘ | ... | ਗੋਵਾਲ |
| 104 | ਸੁਧੀਰ ਕੁਮਾਰ ਐਡਵੋਕੇਟ | ... | ਮਾਨਸਾ |
| 105 | ਦਲਵੀਰ ਸਿੰਘ ਐਮ. ਸੀ. | ... | ਮਾਨਸਾ |
| 106 | ਰਾਜ ਕੁਮਾਰ ਗੋਪਾਲ ਐਡਵੋਕੇਟ | ... | ਮਾਨਸਾ |
| 107 | ਅਸ਼ੋਕ ਕੁਮਾਰ, ਪੁੱਤਰ ਚਮਨ ਲਾਲ | ... | ਬੁਢਲਾਡਾ |
| 108 | ਬ੍ਰਿਜ ਲਾਲ, ਪੁੱਤਰ ਨੋਹਰ ਚੰਦ | ... | ਬੁਢਲਾਡਾ |
| 109 | ਬਸੰਤ ਲਾਲ, ਪੁੱਤਰ ਡੇਲੂ ਰਾਮ | ... | ਬੁਢਲਾਡਾ |
| 110 | ਐਨ. ਕੇ. ਸਿੰਗਲਾ ਵੱਲ ਸਟਰੀਟ | ... | ਮਾਨਸਾ |
| 111 | ਸਰੂਪ ਚੰਦ, ਪ੍ਰਧਾਨ, ਧਰਮਸ਼ਾਲਾ ਨਾਨਕ ਮੱਲ। | ... | ਮਾਨਸਾ |
| 112 | ਮਿਲਖੀ ਰਾਮ, ਪੁੱਤਰ ਹਰੀ ਰਾਮ | ... | ਬਰੇਟਾ |
| 113 | ਹਰਨੇਕ ਸਿੰਘ, ਪੁੱਤਰ ਮਿੱਤ ਸਿੰਘ | ... | ਮਾਨਸਾ |

Original with;
Punjab Vidhan Sabha
Digitized by;
Panjab Digital Library

[Minister of State for Food & Supplies]

| 1 | 2 | 3 |
|---|---|---|
| 114 | ਸਾਧੂ ਰਾਮ, ਪੁੱਤਰ ਕਸਤੂਰੀ ਲਾਲ | ... ਮਾਨਸਾ |
| 115 | ਮਦਨ ਲਾਲ, ਪੁੱਤਰ ਕਪੂਰ ਚੰਦ | ... ਮਾਨਸਾ |
| 116 | ਆਰ. ਕੇ. ਭਾਰਦਵਾਜ ਰਮਨ ਸਿਨੇਮਾ | ... ਮਾਨਸਾ |
| 117 | ਪ੍ਰਕਾਸ਼ ਚੰਦ, ਪੁੱਤਰ ਸਾਧੂ ਰਾਮ | ... ਖਿਆਲਾ ਕਲਾਂ |
| 118 | ਬਲਵੰਤ ਕੌਰ ਵਿਧਵਾ ਗੁਰਦੇਵ ਸਿੰਘ | ... ਮਾਨਸਾ |
| 119 | ਪਿਆਰਾ ਲਾਲ, ਪੁੱਤਰ ਸੰਤ ਰਾਮ | ... ਮਾਨਸਾ |
| 120 | ਜੈ ਨਰਾਇਣ ਪੁੱਤਰ ਪ੍ਰਭ ਦਿਆਲ | ... ਮਾਨਸਾ |
| 121 | ਕਸਤੂਰੀ ਲਾਲ, ਪੁੱਤਰ ਸੰਤ ਰਾਮ | ... ਮਾਨਸਾ |
| 122 | ਸੰਤ ਚਰਨ ਦਾਸ | ... ਮਾਨਸਾ |
| 123 | ਅੰਗਰੇਜ਼ ਲਾਲ ਪੁੱਤਰ ਵਲਾਇਤੀ ਰਾਮ | ... ਬੁਢਲਾਡਾ |
| 124 | ਕਪੂਰ ਚੰਦ ਸਾਬਕਾ ਪ੍ਰਧਾਨ, ਐਮ. ਸੀ. ਬਰੇਟਾ | ... ਬਰੇਟਾ |
| 125 | ਹਾਕਮ ਸਿੰਘ ਐਮ. ਪੀ. ਮੀਆਂ | ... ਮੀਆਂ |
| 126 | ਦਵਾਰਕਾ ਦਾਸ ਪ੍ਰਧਾਨ, ਆਰੀਆ ਸਮਾਜ | ... ਬੁਢਲਾਡਾ |
| 127 | ਤੇਜ ਪਾਲ, ਪੁੱਤਰ ਬਰਿਜ ਲਾਲ | ... ਮਾਨਸਾ |
| 128 | ਭਗਵਤ ਪ੍ਰਸ਼ਾਦ, ਪੁੱਤਰ ਰਾਧਾ ਕਿਸ਼ਨ | ... ਬੁਢਲਾਡਾ |
| 129 | ਜਗਦੀਸ਼ ਰਾਏ ਗਰਗ ਪੁੱਤਰ ਸੋਹਨ ਲਾਲ | ... ਬੁਢਲਾਡਾ |
| 130 | ਅਮੈਰ ਸਿੰਘ, ਪੁੱਤਰ ਅਮੀ ਲਾਲ | ... ਬੁਢਲਾਡਾ |
| 131 | ਸੁਦਰਸ਼ਨ ਜੈਨ ਐਮ. ਸੀ. | ... ਬੁਢਲਾਡਾ |
| 132 | ਕੇਵਲ ਕ੍ਰਿਸ਼ਨ, ਪੁੱਤਰ ਰੋਸ਼ਨ ਲਾਲ | ... ਬੁਢਲਾਡਾ |
| 133 | ਬਾਬੂ ਸਿੰਘ, ਪੁੱਤਰ ਕੂੜਾ ਸਿੰਘ | ... ਗੁੜਦੀ |

Original with;
Punjab Vidhan Sabha
Digitized by;
Panjab Digital Library

| 1 | 2 | 3 |
|---|---|---|
| 134 | ਬਚਨ ਸਿੰਘ ਗਰੰਥੀ ਗੁ: ਸਾਹਿਬ ਨਵੀਂ ਬਸਤੀ ਮਾਨਸਾ ... | ਮਾਨਸਾ |
| 135 | ਪ੍ਰਕਾਸ਼ ਚੰਦ, ਪੁੱਤਰ ਸੋਹਨ ਲਾਲ ... | ਬੁਢਲਾਡਾ |
| 136 | ਓਮ ਪ੍ਰਕਾਸ਼, ਪੁੱਤਰ ਵੈਸ਼ਵਾ ਨੰਦ ... | ਮਾਨਸਾ |
| 137 | ਵੇਦ ਪ੍ਰਕਾਸ਼, ਪੁੱਤਰ ਬਾਬੂ ਰਾਮ ... | ਮਾਨਸਾ |
| 138 | ਰਾਮ ਲਾਲ, ਪੁੱਤਰ ਭਗਤ ਰਾਮ ... | ਮਾਨਸਾ |
| 139 | ਪ੍ਰੋ: ਆਰ. ਕੇ. ਬਾਂਸਲ, ਐਨ. ਐਮ. ਕਾਲਜ ... | ਮਾਨਸਾ |
| 140 | ਹਰੀ ਰਾਮ ਸ਼ਰਮਾ, ਪੁੱਤਰ ਰੋਸ਼ਨ ਲਾਲ ... | ਮਾਨਸਾ |
| 141 | ਬਾਬੂ ਸਿੰਘ, ਪੁੱਤਰ ਅਜਮੇਰ ਸਿੰਘ ... | ਮਾਨਸਾ |
| 142 | ਮੇਲਾ ਰਾਮ, ਪੁੱਤਰ ਗੈਂਦਾ ਮਲ ... | ਮਾਨਸਾ |
| 143 | ਰਾਧੇ ਸ਼ਿਆਮ ਪੁੱਤਰ ਬੰਤਾ ਰਾਮ ... | ਮਾਨਸਾ |
| 144 | ਡਾ: ਐਚ. ਕੇ. ਗੋਰਾ ... | ਮਾਨਸਾ |
| 145 | ਕਰਨੈਲ ਸਿੰਘ, ਪੁੱਤਰ ਅਜੀਤ ਸਿੰਘ ... | ਮਾਨਸਾ |
| 146 | ਬਿਮਲਾ ਰਾਣੀ ਪ੍ਰਿੰਸੀਪਲ, ਸਟੈਂਡਰਡ ਮਾਡਲ ਸਕੂਲ ... | ਮਾਨਸਾ |
| 147 | ਮੇਘ ਰਾਮ ਸਿੰਗਲਾ ਵਾਰਡ ਨੰ: 3 ਮਾਨਸਾ ... | ਮਾਨਸਾ |
| 148 | ਤੇਜ ਪਾਲ ਮਾਲਵਾ ਪੁੱਤਰ ਬਿਰਜ ਲਾਲ ... | ਮਾਨਸਾ |
| 149 | ਸੰਤ ਕੇਹਰ ਦਾਸ ਡੇਰਾ ਮਾਖਾ ... | ਮਾਖਾ |
| 150 | ਹਰੀ ਸਿੰਘ, ਪੁੱਤਰ ਮਹਿਮਾ ਸਿੰਘ ... | ਮਾਨਸਾ |
| 151 | ਨਰੇਸ਼ ਚੰਦ, ਪੁੱਤਰ ਰਾਮ ਸਹਾਏ ... | ਬੁਢਲਾਡਾ |
| 152 | ਰੁਸਾਲ ਦੇਵ, ਪੁੱਤਰ ਪਿਆਰਾ ਸਿੰਘ ... | ਬੁਢਲਾਡਾ |
| 153 | ਬੇਲੀ ਰਾਮ, ਪੁੱਤਰ ਕੁੰਦਨ ਲਾਲ ... | ਬੁਢਲਾਡਾ |
| 154 | ਪ੍ਰਕਾਸ਼ ਚੰਦ, ਪੁੱਤਰ ਤਿਲੋਕ ਚੰਦ ... | ਮਾਨਸਾ |

Original with;
Punjab Vidhan Sabha
Digitized by;
Panjab Digital Library

[Minister of State for Food and Supplies]

| ਲੜੀ ਨੰ: | ਨਾਮ | ਵਾਦੀ |
|---|---|---|
| 155 | ਅਮਰ ਨਾਥ ਦਾਨੇ ਵਾਲੀਆ | ... ਮਾਨਸਾ |
| 156 | ਐਨ. ਕੇ. ਮਹਿਤਾ | ... ਮਾਨਸਾ |
| 157 | ਇੰਦਰਜੀਤ ਸਿੰਘ ਐਡਵੋਕੇਟ | ... ਮਾਨਸਾ |
| 158 | ਗੁਰਬਚਨ ਸਿੰਘ ਐਡਵੋਕੇਟ | ... ਮਾਨਸਾ |
| 159 | ਚਰਨ ਜੀਤ ਸਿੰਘ, ਪੁੱਤਰ ਆਤਮਾ ਸਿੰਘ | ... ਮਾਨਸਾ |
| 160 | ਪਰੇਮ ਨਾਥ, ਪੁੱਤਰ ਰਾਮ ਨਾਥ | ... ਮਾਨਸਾ |
| 161 | ਪਰਮਜੀਤ ਸਿੰਘ ਐਡਵੋਕੇਟ | ... ਮਾਨਸਾ |
| 162 | ਈ. ਓ. ਐਮ. ਸੀ. ਮਾਨਸਾ | ... ਮਾਨਸਾ |
| 163 | ਆਤਮਾ ਸਿੰਘ, ਪੁੱਤਰ ਕਾਲੇ ਰਾਮ | ... ਮਾਨਸਾ |
| 164 | ਜਸਵਿੰਦਰ ਸਿੰਘ, ਪੁੱਤਰ ਭਰਪੂਰ ਸਿੰਘ | ... ਮਾਨਸਾ |
| 165 | ਪਵਨ ਕੁਮਾਰ, ਪੁੱਤਰ ਅਮਰ ਨਾਥ | ... ਬੁਢਲਾਡਾ |
| 166 | ਰਜੋ ਦੇਵੀ ਪਤਨੀ ਕੌਰ ਚੰਦ | ... ਮਾਨਸਾ |
| 167 | ਹੇਮ ਰਾਜ ਗੋਇਲ, ਪੁੱਤਰ ਰਾਮ ਜੀ ਦਾਸ | ... ਮਾਨਸਾ |
| 168 | ਕਰਿਸ਼ਨ ਕੁਮਾਰ ਸ਼ਰਮਾਂ | ... ਮਾਨਸਾ |
| 169 | ਸਰਪੰਚ, ਗਰਾਮ ਪੰਚਾਇਤ ਮੂਸਾ | ... ਮੂਸਾ |

**Persons detained under the National Security Act**

***1221(1) Giani Kundan Singh Patang:**
**(2) Sardar Gurdev Singh Badal:** } Will the Chief Minister be
**(3) Sardar Basant Singh Khalsa:**
**(4) Sardar Parshotam Singh:**
pleased to state:—

(a) the number of persons detained under the National Security Act from 1st June, 1981 to date;

Original with;
Punjab Vidhan Sabha
Digitized by;
Panjab Digital Library

(b) the number of cases in which detention orders were approved and disapproved by the Advisory Board, separately;

(c) whether it is a fact that the Advisory Board passed any strictures against some Police officers and others; if so, details thereof?

**ਸਰਦਾਰ ਦਰਬਾਰਾ ਸਿੰਘ** : (ੳ) ਮਿਤੀ 2 ਜੂਨ, 1981 ਤੋਂ ਹੁਣ ਤੱਕ ਨੈਸ਼ਨਲ ਸਕਿਉਰਟੀ ਐਕਟ ਅਧੀਨ 4 ਵਿਅਕਤੀਆਂ ਨੂੰ ਨਜ਼ਰਬੰਦ ਕੀਤਾ ਗਿਆ ਹੈ ।

(ਅ) ਉਪਰੋਕਤ 4 ਵਿਅਕਤੀਆਂ ਵਿੱਚੋਂ ਇਕ ਦੇ ਨਜ਼ਰਬੰਦੀ ਹੁਕਮ ਨੂੰ ਐਡਵਾਈਜ਼ਰੀ ਬੋਰਡ ਨੇ ਬਹਾਲ ਰਖਿਆ ਹੈ ਅਤੇ ਬਾਕੀ ਦੇ 3 ਵਿਅਕਤੀਆਂ ਦੇ ਕੇਸ ਐਡਵਾਈਜ਼ਰੀ ਬੋਰਡ ਪਾਸ ਚਲ ਰਹੇ ਹਨ।

(ੲ) ਨਹੀਂ ਜੀ।

## Grain Markets in the State

***1219 (1) Sardar Basant Singh Khalsa:**
**(2) Sardar Parshotam Singh:**
**(3) Sardar Sarwan Singh Phillaur:**
**(4) Sardar Natha Singh Dalam:**
Will the Minister for Agriculture and Irrigation be pleased to state:—

(a) the total number of grain markets in the State at present;

(b) the number of new grain markets set up during the period from 30th June, 1977 to 31st May, 1980 and from 1st June, 1980 to date respectively?

**ਚੌਧਰੀ ਕਾਂਸ਼ੀ ਰਾਮ** : (ੳ) ਰਾਜ ਵਿਚ ਹੁਣ ਤੀਕ ਨਵੀਆਂ ਰਾਜ ਮੰਡੀਆਂ ਦੀ ਗਿਣਤੀ 98 ਹੈ।

(ਅ) (i) ਮਿਤੀ 30 ਜੂਨ, 1977 ਤੋਂ 31 ਮਈ, 1980 ਤੀਕ ਦੇ ਸਮੇਂ ਵਿਚ 7 ਨਵੀਆਂ ਅਨਾਜ ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ ।

(ii) ਮਿਤੀ 1 ਜੂਨ, 1980 ਤੋਂ 15 ਫਰਵਰੀ, 1982 ਤੀਕ ਦੇ ਸਮੇਂ ਵਿਚ 4 ਨਵੀਆਂ ਅਨਾਜ ਮੰਡੀਆਂ ਸਥਾਪਤ ਕੀਤੀਆਂ ਗਈਆਂ ਹਨ।

## Minimum price of Cotton

***1223. (1) Sardar Parshotam Singh:**
**(2) Sardar Sarwan Singh Phillaur:**
Will the Minister for Agriculture and Irrigation be pleased to state whether the Government is considering to approach the Union Government to fix the minimum price of cotton; if so, the details of the steps being taken/proposed to be taken in this behalf?

Original with;
Punjab Vidhan Sabha
Digitized by;
Panjab Digital Library

**ਚੌਧਰੀ ਕਾਂਸ਼ੀ ਰਾਮ :** ਪੰਜਾਬ ਸਰਕਾਰ ਨੇ ਸਾਲ 1981-82 ਦੀ ਕਪਾਹ ਦੀ ਫਸਲ ਲਈ ਘਟੋ ਘੱਟ ਕੀਮਤ 456 ਰੁਪਏ ਪ੍ਰਤੀ ਕੁਇੰਟਲ ਨੀਅਤ ਕਰਨ ਲਈ ਫਰਵਰੀ, 1981 ਵਿਚ ਭਾਰਤ ਸਰਕਾਰ ਨੂੰ ਸਿਫਾਰਸ਼ ਕੀਤੀ ਸੀ ਪਰੰਤੂ ਭਾਰਤ ਸਰਕਾਰ ਨੇ ਅਜ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਕੀਤਾ ।

2. ਸਾਲ 1982-83 ਦੀ ਕਪਾਹ ਦੀ ਫਸਲ ਵਾਸਤੇ ਪੰਜਾਬ ਸਰਕਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅੰਕੜਿਆਂ ਦੇ ਅਧਾਰ ਤੇ ਕੀਮਤ ਫ਼ਿਕਸ ਕਰਨ ਲਈ ਜਲਦੀ ਹੀ ਭਾਰਤ ਸਰਕਾਰ ਨੂੰ ਸਿਫਾਰਸ਼ ਕਰ ਦੇਵੇਗੀ ।

## Construction of a Bridge on the Road Between Mohal and Jaijon in District Hoshiarpur

***1250. Pandit Sarwan Ram:** Will the Minister for Public Works be pleased to state whether any bridge on the road between Mohal and Jaijon in District Hoshiarpur has been sanctioned by the Government; if so, the time by which the construction work thereon is likely to be started and completed?

**ਸਰਦਾਰ ਬੇਅੰਤ ਸਿੰਘ :** ਮਾਹਿਲਪੁਰ ਜੈਜੋਂ ਸੜਕ ਉਤੇ ਭੂਲੇਵਾਲ ਨੂਰਪੁਰ ਅਤੇ ਰਾਮਪੁਰ ਚੋਅ ਉਤੇ ਤਿੰਨ ਪੁਲ ਮਨਜ਼ੂਰ ਕੀਤੇ ਗਏ ਹਨ । ਪੰਜਾਬ ਸਰਕਾਰ ਦੇ ਇਸ ਫ਼ੈਸਲੇ ਨੂੰ ਮੁੱਖ ਰੱਖਦਿਆਂ ਕਿ ਕੰਡੀ ਦੇ ਇਲਾਕੇ ਵਿਚ ਸਿਰਫ ਕਾਜ਼ਵੇਜ਼ ਹੀ ਬਣਾਏ ਜਾਣੇ ਹਨ, ਇਹ ਕਾਜ਼ਵੇਜ਼ ਛੇਵੀਂ ਪੰਜ ਸਾਲਾ ਪਲਾਨ ਵਿਚ ਉਸਾਰੇ ਜਾਣਗੇ ਜੇਕਰ ਇਨ੍ਹਾਂ ਵਾਸਤੇ ਲੋੜੀਂਦੇ ਫੰਡ ਉਪਲਬਧ ਹੋ ਗਏ ।

## Upgradation of 25—Bedded Hospital Jagraon

***1247. Sardar Jagroop Singh:** Will the Minister for Health be pleased to state whether there is any proposal under the consideration of the Government for the upgradation of 25-bedded hospital, Jagraon to 50—bed hospital; if so, the time by which it is likely to be materialised.

**ਸ੍ਰੀ ਜੋਗਿੰਦਰ ਪਾਲ ਪਾਂਡੇ ;** 25 ਬਿਸਤਰਿਆਂ ਦੇ ਹਸਪਤਾਲ, ਜਗਰਾਉਂ ਨੂੰ 50 ਬਿਸਤਰਿਆਂ ਦੇ ਹਸਪਤਾਲ ਦੇ ਤੌਰ ਤੇ ਅੱਪਗਰੇਡ ਕਰਨ ਦੇ ਸਵਾਲ ਨੂੰ ਪ੍ਰੀਖਿਆ ਗਿਆ ਸੀ ਪਰੰਤੂ ਵਿੱਤੀ ਘਾਟ ਕਾਰਨ ਅਜਿਹਾ ਨਹੀਂ ਕੀਤਾ ਜਾ ਸਕਿਆ ।

## Planting more Trees in the State

***1232. Sardar Harcharan Singh Hero :** Will the Minister for Agriculture and Irrigation be pleased to State the details of the steps taken by the Forests Department for planting more trees in the State during the years 1980-81 and 1981-82.

ਚੌਧਰੀ ਕਾਂਸ਼ੀ ਰਾਮ : ਸਾਲ 1980-81 ਅਤੇ 1981-82 ਵਿਚ ਪੰਜਾਬ ਵਣ ਵਿਭਾਗ ਨੇ ਵਧ ਦਰਖਤ ਲਾਉਣ ਲਈ ਹੇਠ ਲਿਖੇ ਕਦਮ ਚੁੱਕੇ ਹਨ :—

1. ਲੋਕਾਂ ਨੂੰ ਪੌਦੇ ਸਪਲਾਈ ਕਰਨ ਅਤੇ ਸਰਕਾਰੀ ਪ੍ਰਾਈਵੇਟ ਜ਼ਮੀਨਾਂ ਵਿਚ ਪੌਦੇ ਲਾਉਣ ਲਈ ਨਰਸਰੀਆਂ ਦੀ ਪੌਦੇ ਉਗਾਉਣ ਦੀ ਸੱਮਰਥਾ ਵਿਚ ਵਾਧਾ ਕੀਤਾ ਗਿਆ ਅਤੇ ਹੋਰ ਨਰਸਰੀਆਂ ਸਥਾਪਤ ਕੀਤੀਆਂ ਗਈਆਂ ।

Original with;
Punjab Vidhan Sabha
Digitized by;
Panjab Digital Library

2. ਵਿਸ਼ਵ ਬੈਂਕ ਦੀ ਸਹਾਇਤਾ ਨਾਲ ਕੰਡੀ ਵਾਟਰ ਸ਼ੈਡ ਏਰੀਆ ਡਿਵੈਲਪਮੈਂਟ ਪ੍ਰਾਜੈਕਟ ਅਤੇ ਕੇਂਦਰੀ ਸ਼ਹਾਇਤਾ ਸਕੀਮ "ਸਾਇਲ ਵਾਟਰ ਐਂਡ ਟਰੀ ਕੰਜਰਵੇਸ਼ਨ ਇਨ ਇਮਾਲੀਆ" ਅਧੀਨ ਸਰਕਾਰੀ ਖਰਚੇ ਤੇ ਕੰਡੀ ਟਰੈਕਟ ਵਿਚ ਪ੍ਰਾਈਵੇਟ ਜ਼ਮੀਨਾਂ ਹੋਰ ਬੂਟੇ ਲਾਉਣ ਅਤੇ ਭੂਮੀ ਸੁਰੱਖਿਆ ਦੇ ਕੰਮਾਂ ਵਾਸਤੇ ਚਾਲੂ ਕੀਤੀਆਂ ਗਈਆਂ ।

3. ਪਟਿਆਲਾ ਫ਼ਿਰੋਜ਼ਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੀ ਬਾਲਣ ਦੀ ਮੰਗ ਨੂੰ ਪੂਰਾ ਕਰਨ ਲਈ ਕੇਂਦਰੀ ਸਹਾਇਤਾ ਨਾਲ ਇਕ "ਸਕੀਮ ਸੋਸ਼ਲ ਵਾ ਫਾਰੇਸਟਰੀ ਇਨਕਲੂਡਿੰਗ ਰੂਰਲ ਫਿਯੂਲ ਫੂਡ ਪਲਾਂਟੇਸ਼ਨ" ਚਾਲੂ ਕੀਤੀ ਗਈ ਹੈ ।

4. ਹੋਰ ਦਰਖਤ ਲਾਉਣ ਲਈ ਪਲੈਨ ਸਕੀਮ ਅਧੀਨ ਸਾਲਵਾਰ ਹੇਠ ਲਿਖਿਆ ਖਰਚਾ ਕੀਤਾ ਗਿਆ ਸੀ/ਜਾਣਾ ਹੈ ।

| ਸਾਲ | | ਖਰਚਾ (ਲੱਖਾਂ ਵਿਚ) |
|---|---|---|
| | | ਪਲੈਨ |
| 1979-80 | .. | 181.88 |
| 1980-81 | .. | 321.49 |
| 1981-82 (ਸੋਧਿਆ) | .. | 428.01 |

## Seedlings Planted and supplied by the Forests Department

***1233. Sardar Harcharan Singh Hero :** Will the Minister for Agriculture and Irrigation be pleased to state the number of Seedlings planted by the Forests Department and supplied to private individuals separately during the years 1979-80, 1980-81 and 1981-82 (to date) for the purpose of more plantation in the State.

ਚੌਧਰੀ ਕਾਂਸ਼ੀ ਰਾਮ : ਵਣ ਵਿਭਾਗ ਵਲੋਂ ਸਾਲ 1979-80, 1980-81 ਅਤੇ 1981-82 (31 ਜਨਵਰੀ, 1982 ਤੱਕ) ਲਾਏ ਗਏ ਅਤੇ ਲੋਕਾਂ ਨੂੰ ਸਪਲਾਈ ਕੀਤੇ ਗਏ ਪੌਦਿਆਂ ਦੀ ਗਿਣਤੀ ਹੇਠ ਲਿਖੀ ਹੈ :—

ਪੌਦਿਆਂ ਦੀ ਗਿਣਤੀ (ਲੱਖਾਂ ਵਿਚ)

| ਸਾਲ | ਵਣ ਵਿਭਾਗ ਵਲੋਂ ਲਾਏ ਗਏ ਪੌਦੇ | ਲੋਕਾਂ ਨੂੰ ਸਪਲਾਈ ਕੀਤੇ ਗਏ ਪੌਦੇ |
|---|---|---|
| 1979-80 | 56.82 | 4860 |
| 1980-81 | 108.00 | 77.05 |
| 1981-82 | 140.00 | 171.00 |

Original with;
Punjab Vidhan Sabha
Digitized by;
Panjab Digital Library

**Vacation of illegally occupied Land on the Banks of Canal from Ropar to Balachaur**

*1249. **Pandit Sarwan Ram :** Will the Minister for Agriculture and Irrigation be pleased to state whether there is any proposal under the consideration of the Government to get the land situated on the banks of the canal from Ropar to Balachaur, vacated from illegal possessions ; if so, the details thereof and the approximate time by which it is likely to be implemented ?

ਚੌਧਰੀ ਕਾਂਸ਼ੀ ਰਾਮ : ਹਾਂ ਜੀ, ਇਸ ਸਬੰਧ ਵਿਚ ਜ਼ਰੂਰੀ ਕਾਰਵਾਈ ਕੀਤੀ ਜਾ ਰਹੀ ਹੈ । ਕਿਉਂ ਜੋ ਜ਼ਮੀਨ ਖਾਲੀ ਕਰਵਾਉਣ ਵਾਸਤੇ ਅਦਾਲਤੀ ਕਾਰਵਾਈ ਦੀ ਲੋੜ ਵੀ ਹੋ ਸਕਦੀ ਹੈ, ਇਸ ਲਈ ਕੋਈ ਨਿਸ਼ਚਿਤ ਮਿਤੀ ਨਹੀਂ ਦਿੱਤੀ ਜਾ ਸਕਦੀ।

---

## UNSTARRED QUESTIONS AND ANSWERS

**Power connections granted to the Harijans**

199. **Shri Hari Mitter Hans :** Will the Chief Minister be pleased to state :—

(a) the number of power connections granted to the Harijans in the State so far during the current financial year;

(b) the number of power connections granted to the Harijans in District Hoshiarpur during the said period;

(c) the number of applications pending for the grant of power connections to the Harijans of District Hoshiarpur and the reasons therefor ?

ਸਰਦਾਰ ਦਰਬਾਰਾ ਸਿੰਘ : (ੳ) 31 ਦਸੰਬਰ, 1981 ਤੱਕ 17,644

(ਅ) 31 ਦਸੰਬਰ, 1981 ਤੱਕ 2,327

(ੲ) 31 ਦਸੰਬਰ, 1981 ਨੂੰ 933 । ਇਹ ਅਰਜ਼ੀਆਂ ਕਾਰਵਾਈ ਦੀਆਂ ਭਿੰਨ ਭਿੰਨ ਸਟੇਜਾਂ, ਜਿਵੇਂ ਕਿ ਤਖਮੀਨਿਆਂ ਦੀ ਤਿਆਰੀ, ਡਿਮਾਂਡ ਨੋਟਿਸ ਜਾਰੀ ਕਰਨ ਅਤੇ ਖਪਤਕਾਰਾਂ ਵਲੋਂ ਟੈਸਟ ਰਿਪੋਰਟਾਂ ਪੇਸ਼ ਕਰਨ ਤੇ ਹਨ ।

---

**Non Payment of Old-age and Widow Pensions**

200. **Shri Hari Mitter Hans :** Will the Minister for Welfare and Labour be pleased to state :—

(a) whether it is a fact that the old-age and widow pensions have not been paid to the pensioners for the last 8 months ;

(b) if the reply to part (a) above be in the affirmative, the measures being adopted for the expeditious payment of the arrears of pensions to the said pensioners ;

(c) the number of handicapped persons granted pensions during the year 1981-82 to date ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ** : (ੳ ਅਤੇ ਅ) ਯੋਗ ਲਾਭਪਾਤਰੀਆਂ ਨੂੰ ਪੈਨਸ਼ਨਾਂ, ਰੂਲਾਂ ਅਨੁਸਾਰ ਰੇਗੂਲਰ ਤੌਰ ਤੇ ਭੇਜੀਆਂ ਜਾ ਰਹੀਆਂ ਹਨ। ਅਦਾਇਗੀ ਨਾ ਕੀਤੇ ਜਾਣ ਦੀਆਂ ਵਿਸੇਸ਼ ਉਦਾਹਰਣਾਂ, ਜੇ ਵਿਭਾਗ ਦੇ ਧਿਆਨ ਵਿਚ ਲਿਆਂਦੀਆਂ ਜਾਣ ਤਾਂ ਉਨ੍ਹਾਂ ਦੀ ਪੜਤਾਲ ਕੀਤੀ ਜਾ ਸਕਦੀ ਹੈ।

(ੲ) ਅਪੰਗ ਵਿਅੱਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ ਅਧੀਨ 790 ਅਪੰਗ ਵਿਅੱਕਤੀਆਂ ਨੂੰ ਮਿਤੀ 31 ਜਨਵਰੀ, 1982 ਤਕ ਪੈਨਸ਼ਨ ਮਨਜ਼ੂਰ ਕੀਤੀ ਗਈ ਹੈ।

---

## Old Age and Widow Pensions

183. 1. **Comrade Raj Kumar**
2. **Comrade Buta Singh**
3. **Comrade Sohan Singh** } : Will the Minister for Welfare and Labour be pleased to state :—

(a) the number of recipient of old age and widow pensions in the State as on 31st December, 1981, and the number of applications for such pensions still pending ;

(b) the number of dependent children receiving financial assistance as on 31st December, 1981 and the applications still pending for the grant of such assistance ;

(c) the number of permanently disabled destitutes in receipt of pension or financial assistance as on 31st December, 1981 and the number of applications for such pension/assistance still pending ;

(d) the number of destitutes suffering from chronic diseases who were given financial assistance in 1981-82 (to date) ?

---

**ਚੌਧਰੀ ਜਗਤ ਰਾਮ :**

| ਸਕੀਮ ਦਾ ਨਾਂ | ਪੈਨਸ਼ਨ/ਵਿਤੀ ਸਹਾਇਤਾ ਪ੍ਰਾਪਤ ਕਰਨ ਵਾਲਿਆਂ ਦੀ ਗਿਣਤੀ | ਬਕਾਇਆ ਅਰਜ਼ੀਆਂ ਦੀ ਗਿਣਤੀ 31-1-82 |
|---|---|---|
| (ੳ) ਬੁਢਾਪਾ ਪੈਨਸ਼ਨ | 72,780 | 4,090 |
| ਵਿਧਵਾ ਪੈਨਸ਼ਨ | 24,308 | 2,126 |
| (ਅ) ਆਸ਼ਰਿਤ ਬੱਚਿਆਂ ਨੂੰ ਵਿਤੀ ਸਹਾਇਤਾ | 7,535 | 329 |
| (ੲ) ਅਪੰਗ ਵਿਅੱਕਤੀਆਂ ਨੂੰ ਵਿਤੀ ਸਹਾਇਤਾ | 428 | 772 |
| (ਸ) ਪੁਰਾਣੀਆਂ ਬਿਮਾਰੀਆਂ ਦੇ ਮਰੀਜ਼ਾਂ ਨੂੰ ਵਿਤੀ ਸਹਾਇਤਾ | 182 | — |

Original with;
Punjab Vidhan Sabha
Digitized by;
Panjab Digital Library

**Area of land Declared surplus under the Punjab Land Reforms Act, 1972 in District Faridkot**

**190.1. Master Babu Singh**
**2. Comrade Saghar Singh**
**3. Comrade Sarwan Singh** : Will the Minister for Revenue be pleased to state—

(a) the actual area of land declared surplus in district Faridkot upto 31st December, 1981 under the Punjab Land Reforms Act, 1972 ;

(b) the area of such surplus land which has been distributed amongst the beneficiaries and whether the possession of the same has since been given together with the area of land about which litigation is going on ;

(c) the names and addresses of the persons in the said District about whose land litigation is going on and the land has not been declared surplus and the area of such land?

**ਸਰਦਾਰ ਗੁਰਦਰਸ਼ਨ ਸਿੰਘ** : (ੳ) 766 ਹੈਕਟੇਅਰ ਅਵੱਲ ਦਰਜਾ ਭੋਂ

(ਅ) (i) 53 ਹੈਕਟੇਅਰ

(ii) 44 ਹੈਕਟੇਅਰ ਦਾ ਕਬਜ਼ਾ ਦਿੱਤਾ ਗਿਆ

(iii) 383 ਹੈਕਟੇਅਰ ਰਕਬੇ ਬਾਰੇ ਝਗੜੇ ਚਲ ਰਹੇ ਹਨ ।

(ੲ) 39 ਮਾਲਕਾਂ ਦੀ ਸੂਚੀ ਨਾਲ ਨੱਥੀ ਹੈ । ਕਿਉਂਕਿ ਸਰਪਲੱਸ ਰਕਬਾ ਅਜੇ ਨਿਰਧਾਰਤ ਨਹੀਂ ਕੀਤਾ ਗਿਆ ਇਸ ਲਈ ਇਸ ਦਾ ਵੇਰਵਾ ਨਹੀ ਦਿੱਤਾ ਜਾ ਸਕਦਾ ।

| ਲੜੀ ਨੰ: | ਨਾਮ ਅਤੇ ਪਤਾ |
|---|---|
| 1 | ਕਰਨਲ ਸਰ ਹਰਿੰਦਰ ਸਿੰਘ, ਪੁੱਤਰ ਕਰਨਲ ਸਰ ਬਰਜਿੰਦਰ ਸਿੰਘ, ਫਰੀਦਕੋਟ । |
| 2 | ਜਸਬੀਰ ਸਿਘ, ਪੁੱਤਰ ਸ਼ਮਸ਼ੇਰ ਸਿੰਘ ਪਿੰਡ ਤੇ ਡਾਕਖਾਨਾ ਮਾੜੀ, ਤਹਿਸੀਲ ਮੋਗਾ । |
| 3 | ਸ੍ਰੀਮਤੀ ਕਰਤਾਰ ਕੌਰ ਵਿਧਵਾ ਸ਼ਮਸ਼ੇਰ ਸਿੰਘ ਪਿੰਡ ਤੇ ਡਾਕਖਾਨਾ ਮਾੜੀ, ਤਹਿਸੀਲ ਮੋਗਾ । |
| 4 | ਸ੍ਰੀ ਵਿਜੇ ਕੁਮਾਰ, ਪੁੱਤਰ ਝਕਰ ਦਾਸ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 5 | ਸ: ਬਲਰਾਜ, ਪੁੱਤਰ ਠਾਕਰ ਦਾਸ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 6 | ਅਵਤਾਰ ਕ੍ਰਿਸ਼ਨ, ਪੁੱਤਰ ਠਾਕਰ ਦਾਸ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 7 | ਬਲਬੀਰ ਸਿੰਘ, ਪੁੱਤਰ ਹੇਤ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 8 | ਰਣਧੀਰ ਸਿੰਘ, ਪੁਤਰ ਹੇਤ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 9 | ਸੁਰਿੰਦਰ ਸਿੰਘ, ਪੁੱਤਰ ਜੋਗਿੰਦਰ ਸਿੰਘ ਵਾਸੀ ਮੁਕਤਸਰ । |
| 10 | ਵਿਸ਼ਵਾ ਨਾਥ, ਪੁੱਤਰ ਕਿਸ਼ੋਰ ਚੰਦ, ਪਿੰਡ ਮਿੱਢਾ । |
| 11 | ਹੰਸ ਰਾਜ, ਪੁੱਤਰ ਮੋਤੀ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਨਾਮ ਅਤੇ ਪਤਾਂ |
|---|---|
| 12 | ਬਚਨ ਸਿੰਘ, ਪੁੱਤਰ ਮੋਤੀ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 13 | ਚੰਦ ਸਿੰਘ, ਪੁੱਤਰ ਜੋਰਾ ਸਿੰਘ ਵਾਸੀ ਰੱਤੇਵਾਲਾ, ਤਹਿਸੀਲ ਮੁਕਤਸਰ । |
| 14 | ਜਗਰਾਜ ਸਿੰਘ, ਪੁੱਤਰ ਜੋਰਾ ਸਿੰਘ ਵਾਸੀ ਜਰਖਾਂ ਵਾਲਾ, ਤਹਿਸੀਲ ਮੁਕਤਸਰ । |
| 15 | ਹੇਤ ਰਾਮ, ਪੁੱਤਰ ਸਰਦਾਰਾ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 16 | ਮਨੋਹਰ ਲਾਲ, ਪੁੱਤਰ ਠਾਕਰ ਦਾਸ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 17 | ਰਮੇਸ਼ ਚੰਦਰ, ਪੁੱਤਰ ਠਾਕਰ ਦਾਸ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 18 | ਅਵਤਾਰ ਸਿੰਘ, ਪੁੱਤਰ ਨਿਕਾ ਸਿੰਘ ਵਾਸੀ ਖੇੜੀ, ਤਹਿਸੀਲ ਮੁਕਤਸ਼ਰ । |
| 19 | ਜੋਗਿੰਦਰ ਸਿੰਘ, ਪੁੱਤਰ ਜੋਰਾ ਸਿੰਘ ਵਾਸੀ ਫਤੂਹੀ ਖੇੜਾ । |
| 20 | ਬਨਬਾਰੀਲਾਲ, ਪੁੱਤਰ ਘਣੀਆ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 21 | ਬਿਹਾਰੀ ਲਾਲ, ਪੁੱਤਰ ਘਣੀਆ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 22 | ਅਮਰ ਕੁਮਾਰ, ਪੁੱਤਰ ਸੁਰਜਾ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 23 | ਪਰਬਲਾਦ ਕੁਮਾਰ, ਪੁੱਤਰ ਸੁਰਜਾ ਰਾਮ ਵਾਸੀ ਮਲੋਟ, ਤਹਿਸੀਲ ਮੁਕਤਸਰ । |
| 24 | ਅਜਮੇਰ ਸਿੰਘ, ਪੁੱਤਰ ਮਹਿੰਦਰ ਸਿੰਘ ਵਾਸੀ ਸਿੱਖ ਵਾਲਾ, ਤਹਿਸ਼ੀਲ ਮੁਕਤਸਰ । |
| 25 | ਰਵੀ ਕਾਂਤ, ਪੁੱਤਰ ਭੁਪਿੰਦਰ ਰਾਇ ਵਾਸੀ ਕਰਮਗੜ੍ਹ, ਤਹਿਸੀਲ ਮੁਕਤਸਰ । |
| 26 | ਸ਼ਸ਼ੀ ਕਾਂਤ, ਪੁੱਤਰ ਭੁਪਿੰਦਰ ਰਾਇ ਵਾਸੀ ਕਰਮਗੜ੍ਹ, ਤਹਿਸੀਲ ਮੁਕਤਸਰ । |
| 27 | ਦਰਬਾਰਾ ਸਿੰਘ, ਪੁੱਤਰ ਨਿਹਾਲ ਸਿੰਘ, ਵਾਸੀ ਦਿਉਣਖੇੜਾ ਤਹਿਸੀਲ ਮੁਕਤਸਰ । |
| 28 | ਰਘਬੀਰ ਸਿੰਘ, ਪੁੱਤਰ ਧਰਮ ਸਿੰਘ, ਵਾਸੀ ਦਿਉਣਖੇੜਾ ਤਹਿਸੀਲ ਮੁਕਤਸਰ । |
| 29 | ਜਰਨੈਲ ਸਿੰਘ, ਪੁੱਤਰ ਭਗਵਾਨ ਸਿੰਘ, ਵਾਸੀ ਦਿਉਣਖੇੜਾ ਤਹਿਸੀਲ ਮੁਕਤਸਰ । |
| 30 | ਗੁਰਦੀਪ ਸਿੰਘ, ਪੁੱਤਰ ਬਖਤਾਵਰ ਸਿੰਘ, ਵਾਸੀ ਈਨਾਖੇੜਾ ਤਹਿਸੀਲ ਮੁਕਤਸਰ । |
| 31 | ਮਹਿੰਗਾ ਸਿੰਘ, ਪੁੱਤਰ ਕ੍ਰਿਸ਼ਨ ਸਿੰਘ, ਵਾਸੀ ਕੋਟ ਭਾਈ ਤਹਿਸੀਲ ਮੁਕਤਸਰ । |
| 32 | ਮੁਖਤਿਆਰ ਕੌਰ ਵਿਧਵਾ ਗੁਲਾਬ ਸਿੰਘ, ਵਾਸੀ ਸੁਖਨਾਅਬਲ ਤਹਿਸੀਲ ਮੁਕਤਸਰ । |
| 33 | ਤਰਸੇਮ ਸਿੰਘ, ਪੁੱਤਰ ਗੁਰਬਖਸ਼ ਸਿੰਘ, ਵਾਸੀ ਪਿੰਡ ਘੁਰਨ ਤਹਿਸੀਲ ਮੁਕਤਸਰ । |
| 34 | ਬਲਵੰਤ ਸਿੰਘ, ਪੁੱਤਰ ਠਾਕਰ ਸਿੰਘ ਵਾਸੀ, ਕਰੈਨਵਾਲਾ, ਤਹਿਸੀਲ ਮੁਕਤਸਰ । |
| 35 | ਮੁਹਿਦਰ ਸਿੰਘ, ਪੁੱਤਰ ਕੁਲਦੀਪ ਕੌਰ, ਵਾਸੀ ਮਾਨ ਸਿੰਘ ਵਾਲਾ, ਤਹਿਸੀਲ ਮੁਕਤਸਰ । |
| 36 | ਜਵੰਤ ਸਿੰਘ, ਪੁੱਤਰ ਕੇਸਰ ਸਿੰਘ, ਵਾਸੀ ਖੇਮਾ ਖੇੜਾ, ਤਹਿਸੀਲ ਮੁਕਤਸਰ । |
| 37 | ਨਾਜ਼ਰ ਸਿੰਘ, ਪੁੱਤਰ ਬੂਟਾ ਸਿੰਘ, ਵਾਸੀ ਜਰਖਾਂ ਵਾਲਾ ਤਹਿਸੀਲ ਮੁਕਤਸਰ । |
| 38 | ਗੁਰਦਿਆਲ ਸਿੰਘ, ਪੁਤਰ ਸਰੈਣ ਸਿੰਘ, ਵਾਸੀ ਪੰਜਾਵਾ, ਤਹਿਸੀਲ ਮੁਕਤਸਰ । |
| 39 | ਧਨ ਸਿੰਘ, ਪੁੱਤਰ ਮਸਤਾਨ ਸਿੰਘ, ਵਾਸੀ ਰੰਧਾਵਾ, ਤਹਿਸੀਲ ਮੁਕਤਸਰ । |

**ਸ੍ਰੀ ਸਪੀਕਰ** : ਹੁਣ ਕਾਲ ਅਟੈਨਸ਼ਨ ਮੋਸ਼ਨਾਂ ਲਈਆਂ ਜਾਣਗੀਆਂ ।

**ਕਾਮਰੇਡ ਰਾਜ ਕੁਮਾਰ** : ਪੁਆਇੰਟ ਆਫ਼ ਆਰਡਰ ਸਰ । .........

## SQUATTING ON THE FLOOR OF THE HOUSE

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ। ਸਾਡੇ ਨਾਲ ਬੜੀ ਬੇਇਨਸਾਫੀ ਹੁੰਦੀ ਹੈ । ਸ਼ੈਡਿਊਲਡ ਕਾਸਟਸ ਦੇ ਕਿੱਲੇ ਠੁਕ ਰਹੇ ਹਨ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਪਰਚੇ ਦਰਜ ਨਹੀ ਹੁੰਦੇ । ਬੜਾ ਸੀਰੀਅਸ ਮਾਮਲਾ ਹੈ। ਸਾਡੇ ਨਾਲ ਬੇ-ਇਨਸਾਫੀ ਹੁੰਦੀ ਹੈ। ਪਛੜੀਆਂ ਸ਼੍ਰੇਣੀਆਂ ਨਾਲ ਬੇਇਨਸਾਫੀ ਹੁੰਦੀ ਹੈ । ਅਸੀਂ ਇਥੇ ਧਰਨਾ ਦਿੰਦੇ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ, ਸਰਦਾਰ ਗੁਰਦੇਵ ਸਿੰਘ ਬਾਦਲ, ਸਰਦਾਰ ਤਾਰਾ ਸਿੰਘ ਲਾਇਲਪੁਰੀ ਅਤੇ ਗਿਆਨੀ ਕੁੰਦਨ ਸਿੰਘ ਪਤੰਗ, ਸਦਨ ਵਿਚ ਆਫੀਸ਼ੀਅਲ ਰਿਪੋਰਟਰਜ਼ ਦੀ ਟੇਬਲ ਦੇ ਨਜ਼ਦੀਕ ਫਰਸ਼ ਤੇ ਬੈਠ ਗਏ ਅਤੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ । )

**ਸਰਦਾਰ ਸਰਵਣ ਸਿੰਘ ਫਿਲੌਰ :** ਜੀਤ ਸਿੰਘ ਦਾ ਕੀ ਬਣਿਆ ਉਸ ਬਾਰੇ ਕੁਝ ਨਹੀਂ ਕਰ ਰਹੇ ?

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਸਰਵਣ ਸਿੰਘ ਫਿਲੌਰ ਵੀ ਫਰਸ਼ ਤੇ ਬੈਠੇ ਮਾਨਯੋਗ ਮੈਂਬਰ ਨਾਲ ਆਕੇ ਬੈਠ ਗਏ । )

**ਕਾਮਰੇਡ ਰਾਮ ਕੁਮਾਰ :** ਸਪੀਕਰ ਸਾਹਿਬ ਪੰਜਾਬ ਦੇ ਇਕ ਬਹੁਤ ਵੱਡੇ ਮਸਲੇ ਉਤੇ ਮੈਂ 2 ਦਿਨ ਪਹਿਲੇ ਤੁਹਾਡੇ ਪਾਸ ਇਕ ਰੈਜ਼ੋਲਿਊਸ਼ਨ ਭੇਜਿਆ ਸੀ ਕਿ ਅਗੱਸਤ, 1981 ਤੋਂ ...........

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :** ਸਪੀਕਰ ਸਾਹਿਬ ਇਨ੍ਹਾਂ ਨੂੰ ਕਹੋ ਕਿ ਇਹ ਉਠ ਕੇ ਆਪਣੀਆਂ ਸੀਟਾਂ ਤੇ ਜਾ ਕੇ ਬੈਠ ਜਾਣ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ ਇਹ ਬੜਾ ਇੰਪਾਰਟਮੈਂਟ ਮਸਲਾ ਹੈ । ਮੈਂ ਵੀ ਉਥੇ ਜਾ ਕੇ ਆਇਆ ਹਾਂ। ਤੁਸੀਂ ਐਡਜਰਨਮੈਂਟ ਮੋਸ਼ਨ ਐਡਮਿੱਟ ਕਰਕੇ ਟਾਈਮ ਦੇ ਦਿਓ ।

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ) :** ਇਥੇ ਬੜੇ ਇੰਪਾਰਟੈਂਟ ਮਸਲੇ ਡਿਸਕਸ ਹੋਣੇ ਹਨ। 4 ਦਿਨ ਗਵਰਨਰ ਐਡਰੈਸ ਤੇ ਡਿਸਕਸ਼ਨ ਹੋਣੀ ਹੈ ਉਸ ਵੇਲੇ ਆਨਰੇਬਲ ਮੈਂਬਰਜ਼ ਆਪਣੀਆਂ ਗੱਲਾਂ ਕਹਿ ਸਕਦੇ ਹਨ।

**ਕਾਮਰੇਡ ਰਾਜ ਕੁਮਾਰ :** ਸ਼ਪੀਕਰ ਸਾਹਿਬ ਜਿਸ ਮਸਲੇ ਉਤੇ ਸਾਡੇ ਇਹ ਦੋਸਤ ਇਥੇ ਫਰਸ਼ ਤੇ ਬੈਠੇ ਹਨ ਇਹ ਬੜੀ ਜੈਨੂਅਨ ਗੱਲ ਹੈ । ਇਸ ਮਸਲੇ ਉਤੇ ਗੌਰਮਿੰਟ ਨੂੰ ਬਿਆਨ ਦੇਣ ਵਿਚ ਕੀ ਦਿੱਕਤ ਹੈ ? ਇਕ ਆਦਮੀ ਨੂੰ ਮਾਰ ਦਿੱਤਾ ਗਿਆ। ਗੌਰਮਿੰਟ ਨੂੰ ਇਸ ਮਾਮਲੇ ਉਤੇ ਬਿਆਨ ਦੇਣ ਵਿਚ ਕੀ ਦਿੱਕਤ ਹੈ ? ਕਿਉਂ ਇਹੋ ਜਿਹੀ ਸਿਚੂਏਸ਼ਨ ਪੈਦਾ ਹੋਣ ਦਿੱਤੀ ਜਾਵੇ ?

**ਸ੍ਰੀ ਸਪੀਕਰ :** ਬੜੇ ਅਫਸੋਸ ਦੀ ਗੱਲ ਹੈ ਕਿ ਆਨਰੇਬਲ ਮੈਂਬਰਜ਼ ਨੂੰ ਟਾਈਮ ਦਿੱਤਾ ਜਾਂਦਾ ਹੈ ਪਰ ਫਿਰ ਵੀ ਉਹ ਇਸ ਤਰ੍ਹਾਂ ਹਾਊਸ ਵਿਚ ਬੈਠ ਜਾਂਦੇ ਹਨ ਇਹ ਠੀਕ ਗੱਲ ਨਹੀਂ ਹੈ । ਉਨ੍ਹਾਂ ਨੂੰ ਉਠ ਕੇ ਆਪਣੀਆਂ ਸੀਟਾਂ ਤੇ ਚਲੇ ਜਾਣਾ ਚਾਹੀਦਾ ਹੈ।

(ਇਸ ਸਮੇਂ ਧਰਨੇ ਤੇ ਬੈਠੇ ਸਾਰੇ ਮਾਨਯੋਗ ਮੈਂਬਰਜ਼ ਆਪਣੀਆਂ ਆਪਣੀਆਂ ਸੀਟਾਂ ਤੇ ਜਾ ਬੈਠੇ । )

**ਕਾਮਰੇਡ ਰਾਜ ਕੁਮਾਰ :** ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀ ਹੈ। ਵੈਸੇ ਮੈਂ ਤੁਹਾਡਾ ਰੇਜ਼ੋਲਿਊਸ਼ਨ ਐਕਸੈਪਟ ਕਰ ਲਿਆ ਹੈ ਪਰ ਇਹ ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ:** ** ** **

**ਸ਼੍ਰੀ ਸਪੀਕਰ:** ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਪ੍ਰੋਫੈਸਰ ਬਲਵੰਤ ਸਿੰਘ** ** *

**ਸ਼੍ਰੀ ਸਪੀਕਰ:** ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਪਿਆਰਾ ਰਾਮ ਧਨੋਵਾਲੀਆ:** ** ** **

**ਸ਼੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ:** ** ** **

**ਸ਼੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸ਼ਟਰ ਚੰਦ ਸਿੰਘ:** ਸਪੀਕਰ ਸਾਹਿਬ, ਕੱਲ੍ਹ ਮੈਂ ਬੱਸੀ ਪਠਾਣਾ ਗਿਆ ਸੀ ਅਤੇ ਉਥੇ ਸ਼ਹਿਰ ਦੇ ਲੋਕ ਇਕੱਠੇ ਹੋਏ। ਜੀਤ ਰਾਮ ਹਰੀਜਨ ਉਥੇ ਥਾਣੇ ਵਿਚ ਮਾਰ ਦਿੱਤਾ। ਹਰੀਜਨਾਂ ਤੇ ਬਹੁਤ ਅਤਿਆਚਾਰ ਹੋ ਰਹੇ ਹਨ। ਚੀਫ਼ ਮਨਿਸਟਰ ਸਾਹਿਬ ਇਸ ਦੇ ਬਾਰੇ ਆਪਣਾ ਬਿਆਨ ਦੇਣ। ਇਸੇ ਤਰ੍ਹਾਂ, ਸਪੀਕਰ ਸਾਹਿਬ, ਬਠਿੰਡੇ ਵਿੱਚ ਡਾਕਟਰਾਂ ਨੇ ਮੈਡੀਕਲ ਪੁਲਿਸ਼ ਦੇ ਕਹਿਣ ਤੇ ਨਹੀਂ ਕੀਤਾ ਤਾਂ ਡਾਕਟਰਾਂ ਨੂੰ ਪੁਲਿਸ ਦੀ ਸ਼ਹਿ ਤੇ ਕੁਟਿਆ ਗਿਆ। ਇਹ ਬੜੀ ਜ਼ਿਆਦਤੀ ਹੋਈ ਹੈ। ਹਾਊਸ ਵਿਚ 150 ਸੀ. ਆਈ. ਡੀ. ਦੇ ਬੰਦੇ ਬਿਠਾਏ ਗਏ ਹਨ। ਇਥੇ ਦੇਖਿਆ ਜਾਂਦਾ ਹੈ ਕਿ ਕਿਸੇ ਦੇ ਕੋਲ ਕੀ ਹੈ। ਕੀ ਇਹ ਡੈਮੋਕਰੇਸੀ ਹੈ? ਇਥੇ ਐਮ. ਐਲ. ਏਜ਼ ਨਾਲ ਮਿਸਬੀਹੇਵ ਕੀਤਾ ਜਾਂਦਾ ਹੈ। ਪਾਸ ਨਹੀਂ ਇਸ਼ੂ ਕੀਤੇ ਜਾਂਦੇ। ਕੱਲ੍ਹ ਮੈ ਤੁਹਾਡੇ ਚੈਂਬਰ ਵਿੱਚ ਗਿਆ ਸੀ ਕਿ ਪਾਸ ਇਸ਼ੂ ਕਰ ਦਿਓ ਪਰ ਕੀਤੇ ਨਹੀਂ ਗਏ। ਸਾਡੇ ਨਾਲ ਕੋਈ ਬੰਦੇ ਵੀ ਆਉਂਦੇ ਹਨ ਉਨ੍ਹਾਂ ਨੂੰ ਅੰਦਰ ਨਹੀਂ ਆਉਣ ਦਿੱਤਾ ਜਾਂਦਾ। ਸਾਡੇ ਮੈਂਬਰਾਂ ਨੂੰ ਵੀ ਰੋਕਿਆ ਜਾਂਦਾ ਹੈ।

**ਸ਼੍ਰੀ ਸਪੀਕਰ:** ਕਿਸੇ ਮਾਨਯੋਗ ਮੈਂਬਰ ਦੀ ਸਰਚ ਹੋਈ ਹੋਵੇ ਤਾਂ ਮੈਨੂੰ ਜ਼ਰੂਰ ਦੱਸੋ, ਮੈਂ ਜ਼ਰੂਰ ਐਕਸ਼ਨ ਲਵਾਂਗਾ।

**ਮਾਸਟਰ ਚੰਦ ਸਿੰਘ:** ਕਾਮਰੇਡ ਦਰਸ਼ਨ ਸਿੰਘ ਝਬਾਲ ਨੂੰ ਅਤੇ ਕਾਮਰੇਡ ਬਲਵੰਤ ਸਿੰਘ ਨੂੰ ਬਾਹਰ ਗੇਟ ਤੇ ਰੋਕਿਆ ਗਿਆ।

**ਸ਼੍ਰੀ ਸਪੀਕਰ:** ਮੈਂ ਐਕਸ਼ਨ ਲਵਾਂਗਾ। ਬੈਠੋ ਹੁਣ।

**ਸਰਦਾਰ ਆਤਮਾ ਸਿੰਘ:** ** ** **

**ਸ਼੍ਰੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਵਿਦਿਆ ਮੰਤਰੀ** (ਸਰਦਾਰ ਹਰਚਰਨ ਸਿਘ ਅਜਨਾਲਾ) : ਸਪੀਕਰ ਸਾਹਿਬ, ਜੋ ਕੁਝ ਬਾਬੂ ਜੀ ਨੇ ਕਿਹਾ ਹੈ ਉਹ ਐਕਸ਼ ਪੰਜ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਇਥੇ ਡਿਸਕਸ ਨਹੀਂ ਹੋ ਸਕਦਾ।

**ਸਰਦਾਰ ਬਲਦੇਵ ਸਿੰਘ ਖਿਆਲਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

(ਇਸ ਵਕਤ ਕੁਝ ਮਾਨਯੋਗ ਮੈਂਬਰ ਪੁਆਇੰਟ ਆਫ਼ ਆਰਡਰ ਦੀ ਮੰਗ ਕਰ ਰਹੇ ਸਨ) ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ ਅਸੀਂ ਜਿਹੜੇ ਮਾਮਲੇ ਹਾਊਸ ਵਿਚ ਪੇਸ਼ ਕੀਤੇ ਹਨ ਕੀ ਉਨ੍ਹਾਂ ਬਾਰੇ ਸਰਕਾਰ ਨੂੰ ਕੋਈ ਕਾਰਵਾਈ ਕਰਨ ਲਈ ਕਿਹਾ ਹੈ ? (ਵਿਘਨ) ਜੇਕਰ ਸਰਕਾਰ ਕੋਈ ਕਾਰਵਾਈ ਕਰਨ ਵਾਸਤੇ ਤਿਆਰ ਨਹੀਂ ਤਾਂ ਫਿਰ ਅਸੀਂ ਚਲੀਏ ਬਾਹਰ।

**ਸ਼੍ਰੀ ਸਪੀਕਰ** : ਪਾਂਧੀ ਸਾਹਿਬ, ਤੁਸੀਂ, ਬੈਠੋ ।

## WALK-OUT(S)

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਅਸੀਂ ਅੱਜ ਏ ਪਰੋਟੈਸਟ ਵਾਕ-ਆਊਟ ਕਰਦੇ ਹਾਂ ਕਿਉਂ ਕਿ ਸਾਡੇ ਨਾਲ ਬਹੁਤ ਬੁਰਾ ਸਲੂਕ ਹੋ ਰਿਹਾ ਹੈ।

(ਇਸ ਵਕਤ ਅਕਾਲੀ ਪਾਰਟੀ (ਐਲ), ਅਕਾਲੀ ਪਾਰਟੀ (ਟੀ), ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ ਅਤੇ ਜਾਂਦੇ ਹੋਏ ਕੁਝ ਨਾਅਰੇ ** ** ਲਗਾ ਰਹੇ ਸਨ ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਇਹ ਕਿਹੜਾ ਇਤਨਾ ਵੱਡਾ ਮਾਮਲਾ ਹੈ ਜਿਸ ਦੇ ਲਈ ਇਹ ਵਾਕ-ਆਊਟ ਕਰ ਰਹੇ ਹਨ। ਗੌਰਮਿੰਟ ਕਿਉਂ ਨਹੀਂ ਅਜਿਹੇ ਮਾਮਲੇ ਤੇ ਬਿਆਨ ਦਿੰਦੀ। ਅਗਰ ਗੌਰਮਿੰਟ ਸਟੇਟਮੈਂਟ ਦੇ ਰਾਹੀਂ ਹਾਊਸ ਨੂੰ ਇਹ ਲੋੜੀਂਦੀ ਜਾਣਕਾਰੀ ਦਿੰਦੀ ਹੈ ਤਾਂ ਤੇ ਠੀਕ ਹੈ, ਨਹੀਂ ਤਾਂ ਮੈਂ ਵੀ ਆਪਣੇ ਸਾਥੀਆਂ ਨਾਲ ਵਾਕ-ਆਊਟ ਕਰਦਾ ਹਾਂ ।

**ਸ਼੍ਰੀ ਸਪੀਕਰ** : ਸਟੇਟਮੈਂਟ ਦੇ ਰਹੇ ਹਨ। ਇਹ ਜੋ ਨਾਅਰੇ ਲਗਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ।

(ਇਸ ਸਮੇਂ ਡਾਕਟਰ ਭਗਤ ਸਿੰਘ ਆਪਣੀ ਪਾਰਟੀ ਦੇ ਦੂਸਰੇ ਮੈਂਬਰ ਸਾਹਿਬਾਨ ਨਾਲ ਵਾਕ-ਆਊਟ ਕਰ ਗਏ) ।

## STATEMENT BY THE CHIEF MINISTER RE. THE DEATH OF SHRI JIT SINGH OF BASSI PATHANA

**Chief Minister (Sardar Darbara Singh)**: If I am allowed, I can remove the apprehension of the Members.

Jita was a bad charcter of Bundle 'B' of P.S. Bassi Pathana. He was arrested by C.I.A. Sirhind on 16—1—1982 in connection with investigation of case FIR No. 202/81, under Section 379 I.P.C., P.S. Sirhind.

---

**Expunged/not recordsd as ordered by the Chair

Original with;
Punjab Vidhan Sabha
Digitized by;
Panjab Digital Library

2. He was interrogated by A.S.I. Bachan Singh with the help of two constables and after interrogation was locked up in one of the rooms of C.I.A. Sirhind where a constable lived. His stove and kerosene oil tin and match box were lying in one corner of the room.

3. Apprehensive of having to confess his criminal activities before the police, Jit Singh poured kerosene oil on his clothes and set himself on fire.

4. On hearing his cries door was forcibly opened. He was removed to Gobindgarh hoshpital. The said Jit Singh was removed to Rajindera Hospital, Patiala on the same date i.e. 18·1·1982 where he died of burn injuries.

5. In the post mortem report cause of death was "the ordinary course of nature peripheral circulatory failure" Doctor has not given any indication of torture on his body. A case F.I.R. No. 18 under Section 309 I.P.C., P.S. Sirhind dated 16·1·1982 under Section 309 IPC was registered against Jit Singh.

6. A.S.I. Bachan Singh and two constables have been suspensded.

7. The Deputy Commissioner ordered a magisterial enquiry which was entrusted to S.D.M. Bassi Pathana. The supporters of Jit Singh did not want that S.D.M. Bassi Pathana should conduct the enquiry, hence the Deputy Commissioner marked the enquiry to Shri Shamir Kumar, Executive Magistrate, Patiala.

## CALL ATTENTION NOTICES UNDER RULE 66

(Serial No. 3)

**Comrade Sarwan Singh Cheema**
**Comrade Kulwant Singh**
**Comrade Buta Singh**

} Sir I beg to draw the attention of the Government towards a matter of urgent public importance, namely, the wide spread complaints regarding supply of electricity to the industrialists in industries and agriculturists in the villages. The supply is irregular and some times cuts are applied arbitrarily. In the villages electricity is not supplied to the tubewells in accordance with the announced duration and some time the current goes off in the mid way and the tubewells stop running. Harvesting and thrashing of wheat are due to commence in a few weeks.

The Minister concerned should make a statement stating the steps the Government is taking to redress the grievances of the people concerned.

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਜੋ ਮਸਲਾ ਆਨਰੇਬਲ ਮੈਂਬਰ ਸਾਹਿਬ ਨੇ ਉਠਾਇਆ ਹੈ ਕਿ ਇੰਡਸਟਰੀ ਔਰ ਐਗਰੀਕਲਚਰ ਨੂੰ ਬਿਜਲੀ ਦੀ ਸਪਲਾਈ ਵੇਲੇ ਸਿਰ ਨਹੀਂ ਹੁੰਦੀ ਔਰ ਇਰੇਗੂਲਰ ਹੁੰਦੀ ਹੈ। ਜਿਹੜੇ ਪਾਣੀ ਦੇ ਟਿਊਬਵੈਲਜ਼ ਹਨ ਇਹ ਕਦੇ ਅੱਧ ਵਿਚਾਲੇ ਰੁਕ ਜਾਂਦੇ ਹਨ। ਹਾਰਵੈਸਟਿੰਗ ਸੀਜ਼ਨ ਆਉਣਾ ਹੈ ਉਸ ਦੇ ਲਈ ਕੀ ਤਿਆਰੀ ਹੈ ?

ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਾਰਿਆਂ ਨੂੰ ਪਤਾ ਹੈ ਕਿ ਜਿਵੇਂ ਜਿਵੇਂ ਸਾਡਾ ਸੂਬਾ ਨਹੀਂ ਬਲਕਿ ਦੇਸ਼ ਤਰੱਕੀ ਕਰ ਰਿਹਾ ਹੈ ਤਿਵੇਂ ਤਿਵੇਂ ਇਸ ਦੀਆਂ ਪ੍ਰਾਬਲਮਜ਼

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਾਡੇ ਸਾਹਮਣੇ ਆਉਂਦੀਆਂ ਹਨ। ਖਿਜਲੀ ਦੀ ਪਿਛੋਂ ਪੈਦਾਵਾਰ ਘਟ ਹੋਣ ਕਾਰਨ ਇਹ ਮੁਸ਼ਕਲਾਤ ਸਾਡੇ ਸਾਹਮਣੇ ਆਈਆਂ ਹਨ ਲੇਕਿਨ ਇਕ ਅਰਜ਼ ਕਰਨੀ ਚਾਹੁੰਦਾ ਹਾਂ ਐਗਰੀਕਲਚਰ ਦੇ ਸਿਲਸਿਲੇ ਵਿਚ ਕਿ ਇਸ ਸਾਲ 12 ਘੰਟੇ ਐਸ਼ਿਓਰਡ ਬਿਜਲੀ ਦਿੱਤੀ ਗਈ ਸੀ, ਜਿਸ ਨਾਲ ਪਿਛਲੇ ਸਾਲ ਚਾਵਲ ਜਿਹੜੇ 44 ਲਖ ਟਨ ਹੋਏ ਸਨ ਉਹ ਹੁਣ 51 ਲੱਖ ਟਨ ਹੋਏ ਹਨ ਬਾਵਜੂਦ ਜਿਹੜਾ ਪਾਣੀ ਯਾਨੀ ਰਨਿੰਗ ਵਾਟਰ ਸੀ ਉਹ ਘੱਟ ਸੀ। ਇਸ ਲਈ ਇੰਡਸਟਰੀ ਵਾਲੇ ਪਾਸੇ ਵਾਲੀ ਬਿਜਲੀ ਇਧਰਲੇ ਪਾਸੇ ਕਰਨੀ ਪਈ। ਜਿਹੜੇ ਸਾਡੇ ਪਾਣੀ ਦੇ ਰੇਜ਼ਰਵਾਇਰ ਹਨ ਉਨ੍ਹਾਂ ਵਿਚ ਪਾਣੀ ਘੱਟ ਹੋਵੇ ਤਾਂ ਵੀ ਅਸੀਂ ਕੋਸ਼ਿਸ਼ ਕੀਤੀ ਕਿ 12 ਘੰਟੇ ਬਿਜਲੀ ਦਿੱਤੀ ਜਾਏ। ਇਹ ਠੀਕ ਹੈ ਕਿ ਬਿਜਲੀ ਘੱਟ ਹੈ ਇਸ ਲਈ ਕਿਸੇ ਨਾ ਕਿਸੇ ਪਾਸੇ ਐਡਜਸਟਮੈਂਟ ਕਰਨੀ ਪੈਂਦੀ ਹੈ। ਜਦੋਂ ਬਿਜਾਈ ਦਾ ਮੌਸਮ ਆਉਂਦਾ ਹੈ ਉਸ ਵੇਲੇ ਪਾਣੀ ਦੀ ਲੋੜ ਹੁੰਦੀ ਹੈ ਤਾਂ ਐਗਰੀਕਲਚਰ ਵਾਲੇ ਪਾਸੇ ਨੂੰ ਬਿਜਲੀ ਦੇਣੀ ਪੈਂਦੀ ਹੈ ਲੇਕਿਨ ਇੰਡਸਟਰੀ ਨੂੰ ਵੀ ਛੱਡਿਆ ਨਹੀਂ ਜਾ ਸਕਦਾ ਇਧਰ ਵੀ ਧਿਆਨ ਦੇਣਾ ਪੈਂਦਾ ਹੈ। ਸਾਨੂੰ ਜੋ ਬਿਜਲੀ ਭਾਖੜਾ ਪ੍ਰੋਜੈਕਟ ਤੋਂ ਮਿਲਦੀ ਹੈ, ਜੋ ਬਠਿੰਡਾ ਥਰਮਲ ਪਲਾਂਟ ਤੋਂ ਮਿਲਦੀ ਹੈ, ਧਾਰ ਪਾਵਰ ਹਾਊਸ ਤੋਂ ਮਿਲਦੀ ਹੈ, ਯੂ.ਬੀ.ਡੀ.ਸੀ. ਤੋਂ ਮਿਲਦੀ ਹੈ ਜਾਂ ਸ਼ਾਨਨ ਪਾਵਰ ਹਾਊਸ ਤੋਂ ਮਿਲਦੀ ਹੈ ਇਨਾਂ ਸਾਰਿਆ ਤੋਂ ਲੈ ਕੇ ਫਿਰ ਵੀ ਕਮੀ ਰਹਿੰਦੀ ਹੈ ਲੇਕਿਨ ਕੋਸ਼ਿਸ਼ ਇਹ ਹੈ ਕਿ ਆਉਣ ਵਾਲੇ ਸਮੇਂ ਵਿਚ ਜ਼ਿਆਦਾ ਤੋਂ ਜ਼ਿਆਦਾ ਬਿਜਲੀ ਲੋਕਾਂ ਨੂੰ ਦੇ ਸਕੀਏ। ਇਸ ਸਮੇਂ ਪੁਜੀਸ਼ਨ ਇਹ ਹੈ ਕਿ 1982 ਦੇ ਅਖੀਰ ਤਕ ਤਕਰੀਬਨ ਕੋਈ 175 ਮੈਗਾਵਾਟ ਬਿਜਲੀ ਅਸੀਂ ਸਪਲਾਈ ਕਰ ਸਕਾਂਗੇ ਜਿਸ ਦੇ ਨਾਲ ਕੁਝ ਸਹੂਲਤ ਹੋਵੇਗੀ। ਮੈਂ ਨਹੀਂ ਕਹਿੰਦਾ ਕਿ ਇਸ ਦੇ ਨਾਲ ਸਾਰੀ ਘਾਟ ਪੂਰੀ ਹੋ ਜਾਵੇਗੀ। ਅਸੀਂ ਹਿਮਾਚਲ ਪ੍ਰਦੇਸ਼ ਵਾਲਿਆਂ ਨਾਲ ਐਗਰੀਮੈਂਟ ਕਰ ਰਹੇ ਹਾਂ ਤਾਂ ਕਿ ਹਾਈਡਲ ਜਿਹੜਾ ਹੈ ਉਥੋਂ ਬਿਜਲੀ ਕੱਢੀ ਜਾ ਸਕੇ ਅਤੇ ਐਗਰੀਕਲਚਰ ਅਤੇ ਇੰਡਸਟਰੀ ਨੂੰ ਦਿਤੀ ਜਾ ਸਕੇ। ਇਸ ਦੇ ਨਾਲ ਹੀ ਜਿਹੜੇ ਟੀਚੇ ਮੁਕੱਰਰ ਕੀਤੇ ਹਨ ਰੋਪੜ ਥਰਮਲ ਪਲਾਂਟ ਹੈ ਇਸ ਦੀ ਕਮਿਸ਼ਨਿੰਗ ਵਕਤ ਸਿਰ ਹੋਵੇ ਔਰ ਹੋਰ ਜਿਹੜੇ ਔਨ ਗੋਇੰਗ ਪ੍ਰੋਜੈਕਟਸ ਹਨ ਉਹ ਠੀਕ ਚਲਣ। 385 ਕਰੋੜ ਰੁਪਏ ਦਾ ਪਲਾਨ ਜਿਹੜਾ ਹੈ ਉਸ ਦਾ 50% ਬਿਜਲੀ ਤੇ ਇਸ ਲਈ ਖਰਚ ਕਰ ਰਹੇ ਹਾਂ ਤਾਂਕਿ ਇੰਡਸਟਰੀ ਔਰ ਐਗਰੀਕਲਚਰ ਵਿਚ ਵਾਧਾ ਹੋ ਸਕੇ। ਇਨੀ ਪੈਦਾਵਾਰ ਕਰਨ ਦੇ ਬਾਵਜੂਦ ਜੁਲਾਈ, 1984 ਤਕ ਸਾਡੇ ਪਾਸ 600 ਮੈਗਾਵਾਟ ਬਿਜਲੀ ਹੋਵੇਗੀ। 1982 ਵਿਚ 175 ਮੈਗਾਵਾਟ ਦੇ ਕਰੀਬ, 31 ਦਸੰਬਰ, 1983 ਵਿਚ 210 ਮੈਗਾਵਾਟ ਹੋਵੇਗੀ ਅਤੇ ਰੋਪੜ ਦਾ ਥਰਮਲ ਪਲਾਂਟ ਚਾਲੂ ਹੋ ਜਾਏਗਾ। ਇਸ ਤਰ੍ਹਾਂ ਸਾਡੀ ਸਾਰੀ ਕੋਸ਼ਿਸ਼ ਹੈ ਕਿ ਬਿਜਲੀ ਦੀ ਜ਼ਿਆਦਾ ਸਪਲਾਈ ਦੇਣ ਵਾਸਤੇ ਅਸੀਂ ਬਿਜਲੀ ਪੈਦਾ ਕਰਨ ਦੀ ਕੋਸ਼ਿਸ਼ ਕਰੀਏ। ਉਸ ਦੇ ਲਈ ਅਸੀਂ ਰੁਪਏ ਦਾ ਪ੍ਰੋਵੀਜ਼ਨ ਵੀ ਕੀਤਾ ਹੈ। ਪ੍ਰਾਜੈਕਟਸ ਨੂੰ ਵੇਲੇ ਸਿਰ ਪੂਰਾ ਕਰਨ ਦੀ ਵੀ ਸਾਡੀ ਕੋਸ਼ਿਸ਼ ਹੈ। ਇਹ ਸਭ ਕੁਝ ਇਸ ਕਰ ਕੇ ਕੀਤਾ ਜਾ ਰਿਹਾ ਹੈ ਤਾ ਕਿ ਬਿਜਲੀ ਦੀ ਲੋਕਾਂ ਨੂੰ ਘਾਟ ਨਾ ਹੋਵੇ। ਇਨ੍ਹਾਂ ਅੰਕੜਿਆਂ ਤੋਂ ਪਤਾ ਲਗ ਜਾਵੇਗਾ ਕਿ ਬਿਜਲੀ ਅਸੀਂ ਕ੍ਰਿਸ ਤਰ੍ਹਾਂ ਪਿੱਛੇ ਦਿੱਤੀ ਹੈ। ਪੈਡੀ ਦੀ ਜਦੋਂ ਫਸਲ ਸੀ ਤਾਂ ਛੇਵੇਂ ਮਹੀਨੇ ਵਿਚ 10 ਘੰਟੇ ਤੋਂ ਵੱਧ ਬਿਜਲੀ ਸਪਲਾਈ ਕੀਤੀ ਅਤੇ ਸੱਤਵੇਂ ਮਹੀਨੇ ਵੀ 10 ਘੰਟੇ ਬਿਜਲੀ ਸਪਲਾਈ ਕੀਤੀ। ਨੌਵੇਂ ਮਹੀਨੇ ਵਿੱਚ 12 ਘੰਟੇ ਬਿਜਲੀ ਦੀ ਸਪਲਾਈ ਦਿੱਤੀ। ਇਸ ਦੇ ਨਤੀਜੇ ਵੱਜੋਂ ਫਸਲ ਬਹੁਤ ਚੰਗੀ ਨਿਕਲੀ ਹੈ। 11ਵੇਂ ਮਹੀਨੇ ਵਿਚ ਸਾਢੇ ਦੱਸ ਘੰਟੇ ਬਿਜਲੀ ਦੀ ਐਗਰੀਕਲਚਰ ਵਾਸਤੇ ਸਪਲਾਈ ਕੀਤੀ। ਪਰ ਇਸ ਦਾ ਮਤਲਬ ਇਹ ਨਹੀਂ ਕਿ ਅਸੀਂ ਇੰਡਸਟਰੀ ਨੂੰ ਬਿਲਕੁਲ ਸੁੰਨਾ ਛੱਡ ਦੇਈਏ। ਇਸ ਦੇ ਵਾਸਤੇ ਵੀ ਕੋਸ਼ਿਸ਼ ਕਰ ਕੇ ਕੁਝ ਘੰਟਿਆਂ ਲਈ ਬਿਜਲੀ ਉਨ੍ਹਾਂ ਨੂੰ ਵੀ ਦਿੱਤੀ ਹੈ। ਇਹ ਠੀਕ ਹੈ ਕਿ ਉਨਾਂ ਨੂੰ ਔਖਿਆਈ ਜ਼ਰੂਰ ਹੋਈ ਹੈ। ਲੇਕਿਨ ਨੈਸ਼ਨਲ ਇੰਟਰੈਸਟ ਵਿੱਚ ਜ਼ਿਆਦਾ ਬਿਜਲੀ ਐਗਰੀਕਲਚਰ ਨੂੰ ਦਿੱਤੀ ਗਈ ਹੈ।

Original with;
Punjab Vidhan Sabha
Digitized by;
Panjab Digital Library

ਜੋ ਘਾਟ ਜਾਂ ਵੱਧ ਬਿਜਲੀ ਦੀ ਹੁੰਦੀ ਹੈ, ਇਹ ਟਰਿਪਿੰਗ ਕਾਰਣ ਹੁੰਦੀ ਹੈ। ਲਾਈਨਾਂ ਪੁਰਾਣੇ ਸਮੇਂ ਦੀਆਂ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਤੇ ਬੋਝ ਜਦੋਂ ਜ਼ਿਆਦਾ ਹੋ ਜਾਂਦਾ ਹੈ ਤਾਂ ਟਰਿਪਿੰਗ ਹੁੰਦੀ ਹੈ । ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਕੋਸ਼ਿਸ਼ ਕਰ ਰਿਹਾ ਹੈ ਕਿ ਨਵੇਂ ਸਿਰੇ ਤੋਂ ਇਹ ਲਾਈਨਾਂ ਲਾਈਆਂ ਜਾਣ ਤਾਂ ਕਿ ਲਾਈਨ ਲਾਸਿਜ਼ ਨਾ ਹੋਣ। 22% ਤੋਂ ਘੱਟ ਕੇ ਲਾਈਨ ਲਾਸਿਜ਼ 20% ਰਹਿ ਗਏ ਹਨ। ਦੋ ਪਰਸੈਂਟ ਲਾਈਨ ਲਾਸਿਜ਼ ਘੱਟਣ ਨਾਲ ਕਾਫੀ ਬੱਚਤ ਹੋਈ ਹੈ । ਇਹ ਮਈਯਰਜ਼ ਇਸ ਕਰ ਕੇ ਲਏ ਜਾ ਰਹੇ ਹਨ ਕਿਉਂ ਕਿ ਬਿਜਲੀ ਦੀ ਘਾਟ ਹੈ ।

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਬਿਜਲੀ ਦੀ ਸ਼ਾਰਟੇਜ ਹੋਣ ਕਰ ਕੇ ਇਸ ਸੂਬੇ ਦੀ ਸਨਅਤ ਤਬਾਹ ਹੋ ਰਹੀ ਹੈ । ਜੇ ਸਨਅਤ ਤਬਾਹ ਹੋ ਗਈ ਤਾਂ ਬਹੁਤ ਵੱਡਾ ਸੂਬੇ ਨੂੰ ਨੁਕਸਾਨ ਹੋਵੇਗਾ । ਕਾਰਖਾਨੇ ਨਾ ਚਲਣ ਕਰ ਕੇ ਸਾਰੇ ਮਜ਼ਦੂਰ ਬੇਕਾਰ ਹੋ ਰਹੇ ਹਨ । ਉਨ੍ਹਾਂ ਨੂੰ ਅੱਧਾ ਕੰਮ ਵੀ ਨਹੀਂ ਮਿਲ ਰਿਹਾ ਜਿਸ ਕਾਰਣ ਉਹ ਭੁੱਖ, ਨੰਗ ਅਤੇ ਗਰੀਬੀ ਦਾ ਸ਼ਿਕਾਰ ਹੋ ਰਹੇ ਹਨ। ਅਗਰ ਸਮੇਂ ਸਿਰ ਮੀਂਹ ਨਾ ਪੈਂਦਾ ਤਾਂ ਐਨੀ ਹਾਹਾਕਾਰ ਮੱਚਣੀ ਸੀ ਜਿਸ ਦਾ ਕਿ ਇਹ ਅੰਦਾਜ਼ਾ ਵੀ ਨਹੀਂ ਲਗਾ ਸਕਦੇ । ਇਸ ਕਰ ਕੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਜਿਥੋਂ ਬਿਜਲੀ ਮਿਲ ਸਕਦੀ ਹੈ, ਉਹ ਲੈਣ। ਮੈਂ ਇਸ ਦੀ ਡਿਟੇਲ ਵਿੱਚ ਨਹੀਂ ਜਾਂਦਾ । ਪਰ ਗਹਾਈ ਤੋਂ ਪਹਿਲਾਂ ਪਹਿਲਾਂ 13 ਅਪ੍ਰੈਲ ਤੋਂ ਪਹਿਲਾਂ 24 ਘੰਟੇ ਇਹ ਬਿਜਲੀ ਨਹੀਂ ਦੇ ਸਕਣਗੇ। ਇਹ ਮੈਂ ਮੰਨਦਾ ਹਾਂ । ਪਰ 16 ਘੰਟੇ ਬਿਜਲੀ ਫਲਾਣੇ ਦੇਣ ਦੀ ਕੀ ਇਹ ਗਰੰਟੀ ਦੇਣ ਨੂੰ ਤਿਆਰ ਹਨ । ਇਹ ਕਹਿੰਦੇ ਹਨ ਕਿ ਝੋਨੇ ਦੀ ਫਸਲ ਵੇਲੇ ਫਲਾਣੇ ਮਹੀਨੇ ਇਤਨੇ ਘੰਟੇ ਬਿਜਲੀ ਦਿੱਤੀ ਹੈ । ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਇਨਫਰਮੇਸ਼ਨ ਠੀਕ ਨਹੀਂ ਹੈ । ਪਿੰਡਾਂ ਵਿੱਚ ਤਿੰਨ, ਚਾਰ ਜਾਂ ਵੱਧ ਤੋਂ ਵੱਧ ਪੰਜ ਘੰਟੇ ਬਿਜਲੀ ਦਿਨ ਵਿਚ ਗਈ ਹੈ। ਇਹ ਬਰਨਾਲੇ, ਜੰਡਿਆਲੇ ਜਾਂ ਕਿਸੇ ਹੋਰ ਥਾਂ ਤੋਂ ਇਨਫਰ-ਮੇਸ਼ਨ ਮੰਗਵਾ ਲੈਣ। ਇਸੇ ਤਰ੍ਹਾਂ ਸਨਅਤ ਨੂੰ ਜੋ ਬਿਜਲੀ ਇਨ੍ਹਾਂ ਨੇ ਦਿੱਤੀ ਹੈ ਉਸ ਦੇ ਬਾਰੇ ਰਾਜਪੁਰੇ, ਗੋਰਾਏ ਤੋਂ ਪੁੱਛ ਲੈਣ ਕਿ ਉਨ੍ਹਾਂ ਨੂੰ ਕਿਤਨੇ ਘੰਟੇ ਰੋਜ਼ ਬਿਜਲੀ ਮਿਲਦੀ ਰਹੀ ਹੈ । ਬਿਜਲੀ ਦਾ ਮੰਦਾ ਹਾਲ ਹੈ। ਸਭ ਕੁਝ ਤਬਾਹ ਹੋ ਜਾਵੇਗਾ । ਇਸ ਕਰ ਕੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਗਰੰਟੀ ਦੇਣੀ ਚਾਹੀਦੀ ਹੈ ਕਿ 16 ਘੰਟੇ ਬਿਜਲੀ ਦਿੱਤੀ ਜਾਵੇਗੀ। ਇਨ੍ਹਾਂ ਨੂੰ ਹਾਊਸ ਵਿੱਚ ਭਰੋਸਾ ਦੇਣਾ ਚਾਹੀਦਾ ਹੈ । 24 ਘੰਟੇ ਬਿਜਲੀ ਸਪਲਾਈ ਕਰਨ ਲਈ ਤਾਂ ਮੈਂ ਨਹੀਂ ਕਹਿੰਦਾ ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਇਹ ਕੰਟਰਾਡਿਕਟਰੀ ਸਟੇਟ-ਮੈਂਟ ਕਰ ਰਹੇ ਹਨ। ਇੱਕ ਪਾਸੇ ਇਹ ਕਹਿੰਦੇ ਹਨ ਕਿ 16 ਘੰਟੇ ਐਗਰੀਕਲਚਰ ਨੂੰ ਬਿਜਲੀ ਦੇਣ ਲਈ ਭਰੋਸਾ ਦਿੱਤਾ ਜਾਵੇ। ਦੂਜੇ ਪਾਸੇ ਕਹਿੰਦੇ ਹਨ ਕਿ ਸਟੇਟ ਦੀ ਇੰਡਸਟਰੀ ਤਬਾਹ ਹੋ ਗਈ ਹੈ। ਮੈਂ ਇਸ ਪਾਸੇ ਨਹੀ ਜਾਂਦਾ। ਲੇਕਿਨ ਜੋ ਇਨ੍ਹਾਂ ਨੇ ਕਿਹਾ ਹੈ ਇਹ ਗਲਤ ਗੱਲ ਹੈ। ਮੈਂ ਚੀਮੇ ਵਾਲਿਆਂ ਨੂੰ ਪੁੱਛ ਲਵਾਂਗਾ ਕਿ ਉਨ੍ਹਾਂ ਨੂੰ 12 ਘੰਟੇ ਬਿਜਲੀ ਮਿਲਦੀ ਰਹੀ ਹੈ ਜਾਂ ਨਹੀਂ । ਇਸ ਸਬੰਧ ਵਿੱਚ ਇੱਕ ਪਾਸੇ ਮੋਨੀਟਰਿੰਗ ਪੰਜਾਬ ਸਟੇਟ ਇਲੈਕਟ੍ਰਿਸਿਟੀ ਬੋਰਡ ਵਾਲੇ ਕਰਦੇ ਹਨ। ਦੂਸਰੇ ਪਾਸੇ ਸਾਡੇ ਲੈਵਲ ਤੇ ਮੋਨੀਟਰਿੰਗ ਹੁੰਦੀ ਹੈ । ਡਿਪਟੀ ਕਮਿਸ਼ਨਰ ਆਪਣੀ ਰਿਪੋਰਟ ਭੇਜਦੇ ਹਨ ਕਿ ਫਲਾਣੇ ਸਰਕਲ ਵਿੱਚ ਇਨ੍ਹਾਂ ਸਬ-ਸਟੇਸ਼ਨਾਂ ਵਿਚ ਇਤਨੇ ਘੰਟਿਆਂ ਵਾਸਤੇ ਬਿਜਲੀ ਦਿਤੀ ਗਈ। ਸਾਡੇ ਕੋਲ ਸਾਰਾ ਰਿਕਾਰਡ ਹੈ। ਮੈਂਬਰ ਇਹ ਵੇਖ ਲੈਣ। ਕੋਈ ਕੇਸ ਅਗਰ ਇਸ ਤਰ੍ਹਾਂ ਦਾ ਹੈ ਤਾਂ ਦੱਸ ਦੇਣ, ਉਸ ਨੂੰ ਚੈਕ ਅੱਪ ਕਰ ਲਵਾਂਗੇ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਬਿਜਲੀ ਦੀ ਸਪਲਾਈ ਦਾ ਰਿਕਾਰਡ ਹੈ ਕਿ ਇਤਨੀ ਬਿਜਲੀ ਮਿਲਦੀ ਰਹੀ ਹੈ। ਮੈਂ ਤੁਹਾਡੇ ਰਾਹੀਂ ਕਹਿਣਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਚਾਹੁੰਦਾ ਹਾਂ ਕਿ ਕਣਕਾਂ ਨੂੰ ਅਜੇ ਪਾਣੀ ਲਗਣਾ ਹੈ। ਦੂਜੇ ਪਾਸੇ ਸਨਅਤ ਵਿਚ ਬਿਜਲੀ ਦੀ ਸਪਲਾਈ ਘੱਟ ਹੋਣ ਕਰ ਕੇ ਮਜ਼ਦੂਰ ਬੇਰੁਜ਼ਗਾਰ ਫਿਰਦਾ ਹੈ। ਅਗਰ ਬਿਜਲੀ ਦੀ ਸਪਲਾਈ ਦੀ ਇਹ ਗਰੰਟੀ ਦੇ ਦੇਣ ਤਾਂ ਮਜ਼ਦੂਰ ਨੂੰ ਰੁਜ਼ਗਾਰ ਮਿਲ ਸਕਦਾ ਹੈ। ਇਹ ਕਹਿੰਦੇ ਹਨ ਕਿ ਝੋਨਾ ਚੰਗਾ ਹੋ ਗਿਆ ਹੈ। ਕਣਕ ਦੀ ਫਸਲ ਵੀ ਪਿਛਲੇ ਸਾਲ ਨਾਲੋਂ ਚੰਗੀ ਹੋਵੇਗੀ। ਬਾਰਸ਼ਾਂ ਵੇਲੇ ਸਿਰ ਪਈਆਂ ਹਨ। ਹੁਣ ਇਹ ਗਰੰਟੀ ਦਿਵਾ ਦੇਣ ਕਿ 13 ਅਪ੍ਰੈਲ ਤਕ ਕਣਕ ਦੀ ਫਸਲ ਨੂੰ 16, 14, 13 ਜਾਂ 12 ਘੰਟੇ ਰੋਜ਼ ਬਿਜਲੀ ਮਿਲੇਗੀ। ਦੂਸਰਾ ਪੁਆਇੰਟ ਮੇਰਾ ਇਹ ਹੈ ਕਿ ਸ਼ਾਇਦ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿੱਚ ਇਹ ਚੀਜ਼ ਨਾ ਹੋਵੇ ਪਿੰਡਾਂ ਵਿੱਚ ਕੁਝ ਟਿਊਬ ਵੈਲਾਂ ਨੂੰ ਛੇ ਘੰਟੇ ਬਿਜਲੀ ਮਿਲਦੀ ਹੈ, ਕੁਝ ਨੂੰ 12 ਘੰਟੇ ਬਿਜਲੀ ਮਿਲਦੀ ਹੈ ਅਤੇ ਸ਼ਹਿਰਾਂ ਦੇ ਨੇੜੇ ਜਿਹੜੇ ਟਿਊਬਵੈੱਲ ਹਨ ਉਨਾਂ ਨੂੰ 24 ਘੰਟੇ ਬਿਜਲੀ ਮਿਲਦੀ ਹੈ। ਅਫਸਰ ਆਪਣੀ ਮਰਜ਼ੀ ਅਨੁਸਾਰ ਇਸ ਤਰਾਂ ਬਿਜਲੀ ਵੰਡਦੇ ਹਨ। ਇਹ ਡਿਸਕ੍ਰਿਮੀਨੇਸ਼ਨ ਹੁੰਦੀ ਹੈ। ਕੀ ਚੀਫ਼ ਮਨਿਸਟਰ ਸਾਹਿਬ ਸਾਰੇ ਟਿਊਬਵੈੱਲਾਂ ਨੂੰ ਇਕੋ ਜਿਹੀ ਬਿਜਲੀ ਦਿਵਾਉਣ ਦਾ ਆਸ਼ਵਾਸਨ ਦੇਣਗੇ ?

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਮੇਰਾ ਖਿਆਲ ਹੈ ਕਿ ਸਰਦਾਰ ਕੁਲਵੰਤ ਸਿੰਘ ਵਾਹਿਗੁਰੂ ਨੂੰ ਤਾਂ ਮੰਨਦੇ ਨਹੀਂ। ਜੋ ਉਪਰੋਂ ਬਰਸਾਤ ਹੋਈ ਹੈ, ਇਹ ਚੰਗੀ ਗਲ ਹੋਈ ਹੈ। ਸਾਰਿਆਂ ਨੇ ਬੇਨਤੀ ਕੀਤੀ ਹੋਣੀ ਹੈ, ਖੇਤਾਂ ਵਾਲਿਆਂ ਨੇ ਵੀ ਕੀਤੀ ਹੋਣੀ ਹੈ ਤਾਂ ਕਿ ਫਸਲ ਚੰਗੀ ਹੋਵੇ। ਬੜੀ ਖੁਸ਼ੀ ਦੀ ਗਲ ਹੈ। ਤੁਸੀਂ ਵੇਖਿਆ ਹੋਣਾ ਹੈ ਆਪਣੇ ਇਲਾਕੇ ਵਿੱਚ ਕਿ ਫਸਲ ਚੰਗੀ ਹੈ। ਪਾਣੀ ਦੀ ਤਰਫੋਂ ਅਸੀਂ ਫਸਲ ਖਰਾਬ ਨਹੀਂ ਹੋਣ ਦਿਆਂਗੇ। ਇਤਨੀ ਅਸ਼ੋਰੈਂਸ ਦੇ ਸਕਦੇ ਹਾਂ। ਦੂਸਰੀ ਗਲ ਇਹ ਹੈ ਕਿ ਜੋ ਇਨ੍ਹਾਂ ਨੇ ਕਿਹਾ ਹੈ 6 ਘੰਟੇ ਜਾਂ 24 ਘੰਟੇ ਬਿਜਲੀ ਮਿਲਦੀ ਹੈ, ਪਹਿਲਾਂ ਕਿਸੇ ਨੇ ਨੋਟਿਸ ਵਿੱਚ ਨਹੀਂ ਲਿਆਂਦਾ। ਅੱਜ ਹੀ ਹਾਊਸ ਵਿੱਚ ਕਿਹਾ ਗਿਆ ਹੈ। ਸਾਡੇ ਪਾਸ ਸਾਰੀ ਇਨ-ਫਰਮੇਸ਼ਨ ਆਉਂਦੀ ਰਹੀ ਹੈ। ਅਸੀਂ ਇਸ ਤੇ ਚੈਕਿੰਗ ਕਰਨ ਲਈ ਡੀ. ਸੀਜ਼ ਨੂੰ ਕਿਹਾ ਸੀ ਕਿ ਤੁਸੀਂ ਆਪਣੇ ਜ਼ਿਲੇ ਦੇ ਸਬ-ਸਟੇਸ਼ਨਾਂ ਅਤੇ ਸਟੇਸ਼ਨਾਂ ਤੇ ਜਾ ਕੇ ਚੈੱਕ ਕਰੋ ਅਤੇ ਪੂਰਾ ਰਿਕਾਰਡ ਬਣਾ ਕੇ ਸਾਨੂੰ ਭੇਜੋ। ਇਸ ਤਰਾਂ ਡਬਲ ਚੈਕਿੰਗ ਕੀਤੀ ਹੈ। ਅਗਰ ਕਿਸੇ ਦਿਨ ਘੱਟ ਵਧ ਬਿਜਲੀ ਸਪ-ਲਾਈ ਕੀਤੀ ਗਈ ਹੈ ਤਾਂ ਉਸ ਬਾਰੇ ਅਸੀਂ ਪੁਛਿਆ ਕਿ ਇਹ ਕਿਉਂ ਹੋਇਆ ਹੈ। ਉਸ ਦੀ ਐਕਸ-ਪਲਾਨੇਸ਼ਨ ਉਨ੍ਹਾਂ ਨੇ ਦਿੱਤੀ ਹੈ ਇਸ ਵੇਲੇ ਜੋ ਸਾਡੇ ਕੋਲ ਬਿਜਲੀ ਹੈ ਉਸ ਦੀ ਸਹੀ ਤਕਸੀਮ ਕਰਨ ਵਾਸਤੇ ਅਤੇ ਪ੍ਰੋਡਕਸ਼ਨ ਨੂੰ ਵਧਾਉਣ ਵਾਸਤੇ ਅਸੀਂ ਪੂਰਾ ਧਿਆਨ ਦੇ ਰਹੇ ਹਾਂ।

---

(ਕ੍ਰਮ ਨੰ: 5)

**ਸਰਦਾਰ ਦਲੀਪ ਸਿੰਘ ਪਾਂਧੀ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਰਾਜ ਦੇ ਕਈ ਜ਼ਿਲ੍ਹਿਆਂ 'ਚ ਇਸ ਜਨਵਰੀ/ਫਰਵਰੀ ਦੀ ਬਾਰਸ਼ ਨਾਲ ਹਾੜ੍ਹੀ ਦੀ ਫਸਲ ਨੂੰ ਬਹੁਤ ਨੁਕਸਾਨ ਹੋਇਆ ਹੈ ਤੇ ਅਜੇ ਵੀ ਪਾਣੀ ਖੇਤਾਂ 'ਚ ਖੜ੍ਹਣ ਕਰਕੇ ਉਕਾ ਹੀ ਤਬਾਹ ਹੋ ਗਈ ਹੈ। ਕਣਕ ਤਾਂ ਪੀਲੀ ਹੋ ਗਈ ਹੈ ਤੇ ਕਈਆਂ ਨੇ ਮਾਯੂਸ ਹੋ ਕੇ ਵਾਹ ਵੀ ਦਿੱਤੀ ਹੈ। ਇਸ ਦੇ ਉਪਾਅ ਲਈ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਤੇ ਖੇਤੀ ਬਾੜੀ ਵਿਭਾਗ ਕੋਲ ਕੋਈ ਇਲਾਜ ਦਾ ਪ੍ਰਬੰਧ ਨਹੀਂ ਹੈ। ਅਜਿਹਾ ਹੋਣ ਨਾਲ ਰਾਜ 'ਚ ਹਾੜ੍ਹੀ ਦੀ ਉਪਜ ਬਹੁਤ ਹੀ ਘੱਟ ਹੋਣ ਦੀ ਉਮੀਦ ਹੈ ਤੇ ਰਾਜ ਦੇ ਅੰਨ ਭੰਡਾਰ 'ਚ ਚੋਖਾ ਘਾਟਾ ਪਵੇਗਾ। ਅਜਿਹਾ ਹੋਣ ਕਰ ਕੇ ਕਿਸਾਨ ਖਾਸ ਕਰ ਕੇ ਤੇ ਖਪਤ ਕਾਰ ਆਮ ਕਰ ਕੇ ਚਿੰਤਿਤ ਅਤੇ ਪ੍ਰੇਸ਼ਾਨ ਹਨ। ਖੇਤੀਬਾੜੀ ਮੰਤਰੀ ਬਿਆਨ ਦੇਣ।

Original with;
Punjab Vidhan Sabha
Digitized by;
Panjab Digital Library

**ਖੇਤੀ ਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ) :--ਜਨਵਰੀ/ਫਰਵਰੀ, 1982 ਵਿਚ ਅਜੇ ਤਕ ਬਾਰਸ਼ ਨਾਲ ਹਾੜ੍ਹੀ ਦੀ ਫਸਲ ਨੂੰ ਕੋਈ ਖਾਸ ਨੁਕਸਾਨ ਨਹੀਂ ਹੋਇਆ। ਕੇਵਲ ਗੁਰਦਾਸਪੁਰ ਜ਼ਿਲ੍ਹੇ ਵਿਚ ਲੱਗਭੱਗ 800 ਹੈਕਟੇਅਰ ਰਕਬੇ ਤੇ ਗੜਿਆਂ ਨਾਲ ਫ਼ਸਲ ਨੂੰ ਨੁਕਸਾਨ ਪੁੱਜਿਆ ਹੈ । ਇਸੇ ਤਰ੍ਹਾਂ ਰੋਪੜ ਜ਼ਿਲ੍ਹੇ ਵਿਚ ਲੱਗਭੱਗ 100 ਹੈਕਟੇਅਰ ਰਕਬੇ ਵਿਚ ਜ਼ਿਆਦਾ ਮੀਂਹ ਨਾਲ ਫ਼ਸਲ ਖਰਾਬ ਹੋਈ ਹੈ । ਇਸ ਤੋਂ ਇਲਾਵਾ ਕਿਸੇ ਜ਼ਿਲ੍ਹੇ ਵਿਚ ਜ਼ਿਆਦਾ ਬਾਰਸ਼ ਹੋਣ ਨਾਲ ਜਾਂ ਗੜੇ ਪੈਣ ਨਾਲ ਕੋਈ ਖਾਸ ਨੁਕਸਾਨ ਹੋਣ ਦੀ ਰਿਪੋਰਟ ਅਜੇ ਤਕ ਨਹੀਂ ਮਿਲੀ । ਬਹੁਤ ਥੋੜ੍ਹੇ ਖੇਤਾਂ ਵਿਚ ਖੇਤ ਨੀਂਵੇ ਹੋਣ ਕਰਕੇ ਕਣਕ ਦੀ ਫਸਲ ਪੀਲੀ ਨਜ਼ਰ ਆਉਂਦੀ ਹੈ ਜਾਂ ਕੁਝ ਖੇਤਾਂ ਵਿਚ ਜ਼ਿੰਕ ਦੀ ਘਾਟ ਹੋਣ ਕਰਕੇ ਕਣਕ ਪੀਲੀ ਹੋ ਸਕਦੀ ਹੈ। ਪਰ ਇਸ ਤਰ੍ਹਾਂ ਪ੍ਰਭਾਵਿਤ ਰਕਬਾ ਸਾਰੇ ਪੰਜਾਬ ਵਿਚ ਬਹੁਤ ਥੋੜ੍ਹਾ ਹੀ ਹੋਵੇਗਾ ।

ਇਸ ਸਾਲ ਨਵੰਬਰ ਵਿਚ ਕਣਕ ਦੀ ਬਿਜਾਈ ਵੇਲੇ ਲੱਗਭੱਗ ਸਾਰੇ ਪੰਜਾਬ ਵਿਚ ਲੋੜੀਂਦੀ ਬਾਰਸ਼ ਹੋ ਗਈ ਸੀ, ਜਿਸ ਨਾਲ ਲੱਗਭੱਗ 72% ਕਣਕ ਨਵੰਬਰ ਵਿਚ ਬੀਜੀ ਗਈ ਅਤੇ ਕਣਕ ਦੀ ਲੱਗਭੱਗ 95% ਬਿਜਾਈ ਅੱਧ ਦਸੰਬਰ ਤਕ ਪੂਰੀ ਹੋ ਗਈ ਸੀ । ਵੇਲੇ ਸਿਰ ਬਿਜਾਈ ਹੋਣ ਕਰਕੇ ਕਣਕ ਦੀ ਉਪਜ ਤੇ ਚੰਗਾ ਅਸਰ ਪਵੇਗਾ ।

ਕਣਕ ਦੀ ਫਸਲ ਲਈ ਜਨਵਰੀ ਦੇ ਮਹੀਨੇ ਢੁਕਵਾਂ ਮੌਸਮ ਰਿਹਾ ਹੈ । ਪਟਿਆਲੇ ਜ਼ਿਲ੍ਹੇ ਵਿਚ ਬਾਰਸ਼ 75 ਐਮ. ਐਮ., ਲੁਧਿਆਣਾ ਵਿਚ 50 ਐਮ. ਐਮ., ਅੰਮ੍ਰਿਤਸਰ ਵਿਚ 35 ਐਮ. ਐਮ. ਅਤੇ ਫ਼ਿਰੋਜ਼ਪੁਰ ਵਿਚ 29 ਐਮ. ਐਮ. ਹੋਈ। ਨਵੰਬਰ ਅਤੇ ਜਨਵਰੀ ਵਿਚ ਬਾਰਸ਼ ਹੋਣ ਨਾਲ ਹਾੜ੍ਹੀ ਦੀਆਂ ਸਾਰੀਆਂ ਫਸਲਾਂ ਤੇ ਖਾਸ ਕਰਕੇ ਬਰਾਨੀ ਫਸਲ ਨੂੰ ਜ਼ਿਆਦਾ ਲਾਭ ਹੋਇਆ ।

ਪਿਛਲੇ 2 ਹਫ਼ਤਿਆਂ ਵਿਚ ਮੌਸਮ ਇਸ ਤਰ੍ਹਾਂ ਰਿਹਾ ਜਿਸ ਨਾਲ ਕਣਕ ਨੂੰ ਯੈਲੋ ਰਸਟ ਲਗਣ ਦਾ ਡਰ ਸੀ, ਪਰ ਕਣਕ ਦੀਆਂ ਕਿਸਾਨਾਂ ਨੇ ਜੋ ਕਿਸਮਾਂ ਬੀਜੀਆਂ ਸਨ ਉਹ ਇਸ ਯੈਲੋ-ਰਸਟ ਨਾਲ ਪ੍ਰਭਾਵਿਤ ਨਹੀਂ ਹੋ ਸਕਦੀਆਂ ਸਨ । ਇਸ ਸਾਲ ਕਣਕ ਦੀਆਂ ਕੁਝ ਕਿਸਮਾ ਜਿਵੇਂ ਡਬਲਯੂ. ਐਲ. 1562, ਡੀ. ਡਬਲਯੂ. ਐਨ. 5023 ਅਤੇ ਕੇ. ਐਸ. ਐਮ.. ਐਲ.-3 ਜਿਨ੍ਹਾਂ ਨੂੰ ਰਸਟ ਲੱਗਣ ਦਾ ਘੱਟ ਡਰ ਹੈ ਦੀ ਵੀ ਜ਼ਿਆਦਾ ਰਕਬੇ ਵਿਚ ਬਿਜਾਈ ਕੀਤੀ ਗਈ । ਇਸ ਸਾਲ ਹਾੜ੍ਹੀ ਦੀਆਂ ਫਸਲਾਂ ਲਈ ਹੁਣ ਤਕ 4.74 ਲੱਖ ਟਨ ਰਸਾਇਣਕ ਖਾਦਾਂ ਦੀ ਵਰਤੋਂ ਕੀਤੀ ਗਈ ਜਿਹੜੀ ਕਿ ਪਿਛਲੇ ਸਾਲ ਦੀ 4.19 ਲੱਖ ਟਨ ਦੀ ਵਰਤੋਂ ਨਾਲੋਂ ਵੱਧ ਹੈ ।

ਹੁਣ ਤਕ ਜੋ ਮੌਸਮ ਰਿਹਾ ਹੈ ਉਸ ਨੂੰ ਮੁੱਖ ਰੱਖਦੇ ਹੋਏ ਅਜੇ ਤਕ ਹਾੜ੍ਹੀ ਦੀ ਕਿਸੇ ਫ਼ਸਲ ਦੀ ਉਪਜ ਪਿਛਲੇ ਸਾਲ ਨਾਲੋਂ ਘਟਣ ਦੀ ਆਸ ਨਹੀਂ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਕੀ ਇਹ ਪਟਿਆਲਾ ਜ਼ਿਲ੍ਹਾ ਦੀ ਪੜਤਾਲ ਕਰ ਲੈਣਗੇ ਜਿੱਥੇ ਕਿ ਪਾਣੀ ਅਜੇ ਵੀ ਖੜ੍ਹਾ ਹੈ ਔਰ ਫਸਲ ਦਾ ਨੁਕਸਾਨ ਹੋਇਆ ਹੈ ? ਸਪੀਕਰ ਸਾਹਿਬ, ਪਿਛਲੇ ਸਾਲ ਪੰਜਾਬ ਸਰਕਾਰ ਦਾ ਕਣਕ ਦਾ ਪ੍ਰੋਕਿਉਰਮੈਂਟ ਟਾਰਗੇਟ ਪੂਰਾ ਨਹੀਂ ਹੋ ਸਕਿਆ ਔਰ ਆਖ਼ਿਰਕਾਰ ਪ੍ਰਧਾਨ ਮੰਤਰੀ ਨੂੰ ਇਥੇ ਆਉਣਾ ਪਿਆ । ਇਸ ਸਾਲ ਫਿਰ ਕਣਕ ਦਾ ਨੁਕਸਾਨ ਹੋ ਰਿਹਾ ਹੈ । ਪਿਛਲੇ ਸਾਲ ਦਾ ਕੰਪੈਨਸੇਸ਼ਨ ਇਨ੍ਹਾਂ ਨੇ ਦਿੱਤਾ ਨਹੀਂ ਹੈ । ਕੀੜੇ ਮਾਰ ਦਵਾਈਆਂ ਦੀ ਤੁਹਾਡੇ ਪਾਸ ਘਾਟ ਹੈ, ਬਿਜਲੀ ਪੂਰੀ ਤੁਸੀਂ ਕਿਸਾਨਾਂ ਨੂੰ ਨਹੀਂ ਦੇ ਸਕੇ, ਉਸ ਦਾ ਵੀ ਅਸਰ ਪਿਆ ਹੈ । ਕੀਮਤਾਂ ਵਧਣ ਨਾਲ ਖੇਤੀ ਬਾੜੀ ਨੂੰ ਬਹੁਤ ਭਾਰੀ ਨੁਕਸਾਨ ਹੋ ਰਿਹਾ ਹੈ । ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਵੀ ਸਰਵੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]
ਕਰਾਉਣਾ ਜ਼ਰੂਰੀ ਹੋ ਜਾਂਦਾ ਹੈ । ਗੁੱਲੀ ਡੰਡੇ ਦਾ ਇਲਾਜ ਤੁਸੀਂ ਨਹੀਂ ਕਰਵਾ ਸਕੇ, ਤੁਹਾਡੀ ਯੂਨੀਵਰਸਿਟੀ ਪਾਸ ਉਸਦਾ ਕੋਈ ਇਲਾਜ ਨਹੀਂ ਹੈ । ਉਸ ਬਾਰੇ ਤੁਸੀਂ ਕੋਈ ਜਵਾਬ ਨਹੀਂ ਦਿੱਤਾ । ਜਿਹੜੀ ਕਣਕ ਪੀਲੀ ਹੋ ਗਈ ਹੈ, ਉਸ ਦਾ ਕੀ ਬਣੇਗਾ, ਉਸ ਦੇ ਬਾਰੇ ਤੁਸੀਂ ਦੱਸਿਆ ਕੁਝ ਨਹੀਂ ਹੈ । ਕੀ ਤੁਸੀਂ ਕੋਈ ਕਿਸਾਨਾਂ ਨੂੰ ਜਿਨ੍ਹਾਂ ਦਾ ਨੁਕਸਾਨ ਹੋ ਗਿਆ ਹੈ, ਸਰਵੇਅ ਕਰਵਾ ਕੇ ਮੁਆਵਜ਼ਾ ਦਿਉਗੇ ? ਕੀ ਤੁਸੀਂ ਕੋਈ ਗਿਰਦਾਵਰੀ ਦੇ ਹੁਕਮ ਜਾਰੀ ਕਰੋਗੇ ?

**ਖੇਤੀ ਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ): ਸਪੀਕਰ ਸਾਹਿਬ, ਇਸ ਕਾਲ ਅਟੈਨਸ਼ਨ ਵਿਚ ਜੋ ਮੈਟਰ ਹੈ ਉਸ ਦਾ ਪਾਂਧੀ ਸਾਹਿਬ ਦੇ ਹੁਣ ਵਾਲੇ ਸਪਲੀਮੈਂਟਰੀ ਨਾਲ ਕੋਈ ਤੁਅੱਲਕ ਨਹੀਂ ਹੈ । ਸਪੀਕਰ ਸਾਹਿਬ, ਪਤਾ ਨਹੀਂ ਹੈ ਕਿ ਇਹ ਕਿਸ ਤਰ੍ਹਾਂ ਦੀ ਗੱਲ ਬਣਾਉਂਦੇ ਹਨ। ਇਹ ਕਹਿੰਦੇ ਹਨ ਕਿ ਫ਼ਸਲ ਘੱਟ ਹੋਵੇਗੀ । ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਹੋਣਾ ਹੈ ਜਦੋਂ ਵਾਟਰ ਅਲਾਊਂਸ ਦੀ ਗਲ ਹੋਈ ਸੀ ਤਾਂ ਸਰਦਾਰ ਆਤਮਾ ਸਿੰਘ ਜੀ ਨੇ ਉਂਗਲ ਉਠਾਈ ਸੀ ਕਿ ਉਨ੍ਹਾਂ ਦੇ ਪੈਡੀ ਜ਼ਿਆਦਾ ਹੁੰਦੀ ਹੈ।

**ਸਰਦਾਰ ਆਤਮਾ ਸਿੰਘ**: ਉਹ ਗੁਰੂ ਮਹਾਰਾਜ ਦੀ ਕਿਰਪਾ ਹੋਈ ਹੈ, ਤੁਹਾਡੀ ਕਿਰਪਾ ਨਹੀਂ ਹੈ।

**ਖੇਤੀ ਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ): ਅਸੀਂ ਕਿਹੜਾ ਗੁਰੂ ਮਹਾਰਾਜ ਤੋਂ ਬੇਮੁੱਖ ਹਾਂ। (ਹਾਸਾ) ਸਪੀਕਰ ਸਾਹਿਬ, ਜੇਕਰ ਚੰਗੇ ਦਾਣੇ ਹੋ ਜਾਣ ਤਾਂ ਕਹਿੰਦੇ ਹਨ ਕਿ ਗੁਰੂ ਮਹਾਰਾਜ ਦੀ ਕਿਰਪਾ ਹੋਈ ਹੈ ਪਰ ਜੇਕਰ ਥੋੜ੍ਹੇ ਹੋ ਜਾਣ ਤਾਂ ਸਾਨੂੰ ਪੁੱਛਿਆ ਜਾਂਦਾ ਹੈ ਕਿ ਇਹ ਥੋੜ੍ਹੇ ਕਿਉਂ ਹੋਏ ਹਨ। (ਹਾਸਾ) ਅਸੀਂ ਕਿਹੜੇ ਗੁਰੂ ਮਾਹਾਰਾਜ ਤੋਂ ਬੇਮੁੱਖ ਹੋਏ ਹਾ, ਤੁਸੀਂ ਗੱਲ ਤਾਂ ਠੀਕ ਕਰੋ। ਸਪੀਕਰ ਸਾਹਿਬ, ਇਹ ਗੱਲ ਨਹੀਂ ਹੈ ਕਿ ਸਾਡੇ ਪਾਸ ਵੀਡੀਸਾਈਡਜ਼ ਨਹੀਂ ਹਨ ।

**ਸਰਦਾਰ ਦਲੀਪ ਸਿੰਘ ਪਾਂਧੀ** : ਤੁਸੀਂ ਸਰਵੇਅ ਕਰਵਾ ਲਵੋ ।

**ਖੇਤੀ ਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ): ਸਪੀਕਰ ਸਾਹਿਬ, ਕਈ ਦਫਾ ਕਿਤੇ ਪਾਣੀ ਖੜ੍ਹਾ ਹੋ ਗਿਆ ਨੀਵੀਂ ਥਾਂ ਤੇ ਜਾਂ ਗੜ੍ਹਿਆਂ ਨਾਲ ਫਸਲ ਦਾ ਨੁਕਸਾਨ ਹੋ ਗਿਆ ਤਾਂ ਉਸ ਦੇ ਵਾਸਤੇ ਸਰਕਾਰ ਦੇ ਸਟੈਂਡਿੰਗ ਆਰਡਰਜ਼ ਹਨ । ਉਸ ਦੀ ਗਿਰਦਾਵਰੀ ਹੁੰਦੀ ਹੈ ਔਰ ਸੈਕਿੰਡ ਪ੍ਰੋਸੀਜਟ ਸ਼ੁਰੂ ਹੋ ਜਾਂਦਾ ਹੈ ਕਿ ਜਿੱਥੇ ਨੁਕਸਾਨ ਹੋਇਆ ਹੋਵੇ ਉਥੇ ਕੰਪੈਨਸੇਸ਼ਨ ਦਿੱਤਾ ਜਾਵੇ । ਬਾਕੀ ਜੇਕਰ 28 ਲੱਖ ਹੈਕਟੇਅਰ ਜ਼ਮੀਨ ਵਿਚੋਂ ਕਿਸੇ ਸੌ ਦੋ ਸੌ ਵਿਚ ਫਸਲ ਵਿਚ ਪਾਣੀ ਵੀ ਖੜ੍ਹਾ ਹੋ ਗਿਆ ਤਾਂ ਕਿਹੜੀ ਗਿਣਤੀ ਕਰਨ ਵਾਲੀ ਗੱਲ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ** : ਪਰ ਉਥੇ ਦੇ ਕਿਸਾਨ ਮਰ ਜਾਣਗੇ ।

**ਖੇਤੀ ਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ): ਛੱਡ ਯਾਰ, ਕਿਸਾਨ ਕਾਹਦੇ ਨਾਲ ਮਰ ਜਾਣਗੇ ।

## PAPER LAID ON THE TABLE

**Revenue Minister (Sardar Gurdarshan Singh)**: Sir, I beg to lay on the Table the Annual report and balance sheet of the Punjab Ex-servicemen Corporation for the year 1980-81, as required under section 23 (6) of the Punjab Ex-servicemen Corporation Act, 1978.

Original with;
Punjab Vidhan Sabha
Digitized by;
Panjab Digital Library

## LEGISLATIVE BUSINESS

## THE PUNJAB NEW TOWNSHIPS (STREET LIGHTING AND WATER SUPPLY) FEES (REPEALING) BILL, 1982

**Finance Minister (Doctor Kewal Krishan)** : Sir, I beg to ask for leave to introduce the Punjab New Townships (Street lighting and Water Supply) Fees (Repealing) Bill.

**Mr. Speaker**: Motion moved—

That the leave be granted to introduce the Punjab New Townships (Steeet Lighting and Water Supply) Fees (Repealing) Bill.

**Mr. Speaker** : Question is—

That the leave be granted to introduce the Punjab New Townships (Street Lighting and Water Supply) Fees (Repealing) Bill.

*The motion was carried.*

**Finance Minister (Doctor Kewal Krishan)** : Sir, I introduce the Punjab New Townships (Street Lighting and Water Supply) Fees (Repealing) Bill.

---

## POINTS OF ORDER REGARDING THE SITUATION ARISING OUT OF THE AGREEMENT *re.* THE DISTRIBUTION OF RAVI BEAS WATER

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਅੰਡਰ ਰੂਲ 77 ਮੈਂ ਮੋਸ਼ਨ ਦਿਤੀ ਸੀ। ਉਹ ਤੁਸੀਂ ਮੇਹਰਬਾਨੀ ਕਰਕੇ ਐਕਸੇਪਟ ਕਰ ਲਈ ਹੈ। ਉਸ ਤੇ ਡਿਸਕਸ਼ਨ ਬਾਰੇ ਮੈਨੂੰ ਦਸ ਦਿਓ ਕਿ ਕਦੋਂ ਹੋਵੇਗੀ।

**Chief Minister (Sardar Darbara Singh)** : Speaker Sahib, on the Governor's Address, there is a motion about the settlement of the long standing dispute regarding the sharing of surplus Ravi-Beas Water.

(ਕੁਝ ਮੈਂਬਰ ਸਾਹਿਬਾਨ ਦੇ ਕਹਿਣ ਤੇ ਮੁਖ ਮੰਤਰੀ ਜੀ ਨੇ ਪੰਜਾਬੀ ਵਿਚ ਬੋਲਣਾ ਸ਼ੁਰੂ ਕਰ ਦਿਤਾ)

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਇਸ਼ ਗੱਲ ਦਾ ਵਰਣਨ ਹੈ। ਰਾਵੀ ਬਿਆਸ ਦਾ ਜੋ ਪਾਣੀ ਦਾ ਝਗੜਾ ਸੀ, ਉਸ ਦੇ ਬਾਰੇ ਉਸ ਦੇ ਵਿਚ ਜ਼ਿਕਰ ਕੀਤਾ ਗਿਆ ਹੈ। ਮੈਂ ਸੁਜੈਸਟ ਕਰਦਾ ਹਾਂ ਕਿ ਮੇਰੀ ਰਾਏ ਹੈ ਕਿ ਅੱਜ ਦੀ ਲਿਸਟ ਤੇ ਜੋ ਹਾਊਸ ਦਾ ਬਿਜ਼ਨੈਸ ਹੈ ਉਸ ਦੇ ਪੂਰਾ ਹੋਣ ਤੋਂ ਬਾਅਦ ਇਸ ਮੋਸ਼ਨ ਨੂੰ ਲੈ ਲਿਆ ਜਾਵੇ। ਜੇਕਰ ਇਸ ਤਰ੍ਹਾਂ ਕਰਨ ਦੇ ਰਸ਼ਤੇ ਵਿਚ ਕੋਈ ਰੂਲ ਜਾਂ ਰੂਲਜ਼ ਹੋਣ ਤਾਂ ਉਨ੍ਹਾਂ ਨੂੰ ਸੱਸਪੈਂਡ ਕਰ ਦਿਤਾ ਜਾਵੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਇਸ਼ੂ ਹੈ। ਅੱਜ ਵੀ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋਣੀ ਹੈ, ਥੈਂਕਸ ਦਾ ਮਤਾ ਆਉਣਾ ਹੈ, ਮੈਂ ਵੀ ਬੋਲਣਾ ਹੈ। ਮੇਰੀ ਰਿਕੁਐਸਟ ਹੈ ਕਿ ਇਹ ਗੱਲ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਵਿਚ ਡਿਸਕਸ ਕਰਕੇ ਫੈਸਲਾ ਕਰ ਲਿਆ ਜਾਵੇ ਕਿ ਕਦੋਂ ਇਸ ਤੇ ਡਿਸਕਸ਼ਨ ਕਰਵਾਉਣੀ ਹੈ।

Original with;
Punjab Vidhan Sabha
Digitized by;
Panjab Digital Library

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਇਹ ਖੁਸ਼ੀ ਦੀ ਗੱਲ ਹੈ ਕਿ ਸਰਕਾਰ ਇਸ ਮਤੇ ਤੇ ਡਿਸਕਸ਼ਨ ਕਰਨ ਲਈ ਮੰਨ ਗਈ ਹੈ। ਇਸ ਡਿਸਕਸ਼ਨ ਦਾ ਕਾਫੀ ਲਾਭ ਹੋਵੇਗਾ। ਮੈਂ ਸਮਝਦਾ ਹਾਂ ਕਿ ਇਹ ਡਿਸਕਸ਼ਨ ਚੀਫ ਮਨਿਸਟਰ ਸਾਹਿਬ ਨੂੰ ਕਮਜ਼ੋਰ ਨਹੀਂ ਕਰੇਗੀ ਬਲਕਿ ਹੋਰ ਮਜ਼ਬੂਤ ਕਰੇਗੀ। ਇਸ ਸਬੰਧ ਵਿਚ ਮੈਂ ਇਹ ਅਰਜ਼ ਕਰਦਾ ਹਾਂ ਕਿ ਇਸ ਨੂੰ ਹੁਣ ਸਾਨੂੰ ਹਰਿਡਲੀ ਨਹੀਂ ਲੈਣਾ ਚਾਹੀਦਾ। ਇਸ ਨਾਲ ਕੋਈ ਫਾਇਦਾ ਨਹੀਂ ਹੈ। ਇਸ ਵਾਸਤੇ ਵੱਖਰਾ ਟਾਈਮ ਰੱਖਣਾ ਚਾਹੀਦਾ ਹੈ ਤਾਂ ਕਿ ਇਸ ਤੇ ਡਿਸਕਸ਼ਨ ਕਰਨ ਦਾ ਕੋਈ ਫਾਇਦਾ ਹੋਵੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਂ ਕੱਲ ਵੀ ਸੁਜੈਸ਼ਟ ਕੀਤਾ ਸੀ ਕਿ ਜਿਹੜਾ ਲਿਸਟ ਆਫ ਬਿਜ਼ਨੈਸ ਹਾਊਸ ਵਿਚ ਅਡਾਪਟ ਕਰ ਲਿਆ ਹੈ ਉਸ ਵਿਚ ਤਬਦੀਲੀ ਤੁਹਾਡੀ ਮੋਸ਼ਨ ਦੁਆਰਾ ਨਹੀਂ ਹੋਣੀ ਚਾਹੀਦੀ। ਇਹ ਕੋਈ ਚੰਗੀ ਪ੍ਰਥਾ ਨਹੀਂ ਹੈ। ਪਰ ਇਹ ਮਾਮਲਾ ਬਹੁਤ ਸੀਰੀਅਸ ਹੈ ਔਰ ਇਸ ਮਸਲੇ ਤੇ ਸਾਰੇ ਹਾਊਸ ਨੇ ਆਪਣੀ ਸੈਂਟੀਮੈਂਟਸ ਕੱਲ ਜ਼ਾਹਿਰ ਕੀਤੇ ਸਨ । ਮੈਂ ਸਮਝਦਾ ਹਾਂ ਕਿ ਟਰੈਯਰੀ ਬੈਂਚਿਜ਼ ਵਾਲੇ ਵੀ ਇਹ ਜ਼ਰੂਰ ਮਹਿਸੂਸ ਕਰਦੇ ਹੋਣਗੇ ਭਾਵੇਂ ਉਹ ਇਥੇ ਕੁਝ ਨਾ ਕਹਿਣ। ਇਸ ਲਈ ਇਹ ਚੰਗਾ ਹੋਵੇਗਾ ਕਿ ਜੇ ਇਸ ਲਈ ਵੱਖਰਾ ਟਾਈਮ ਰਖ ਲਿਆ ਜਾਵੇ। ਜੇ ਅੱਜ ਦੀ ਮਿਟਿੰਗ ਤੋਂ ਬਾਅਦ ਇਸ ਤੇ ਬਹਿਸ ਸ਼ੁਰੂ ਕਰਾਂਗੇ ਤਾਂ ਇਟ ਵਿਲ ਅਮਾਂਊਂਟ ਟੂ ਐਨਅਦਰ ਸਿਟਿੰਗ। ਔਰ ਮੈਂ ਸਮਝਦਾ ਹਾਂ ਕਿ ਇਹ ਸਾਰੇ ਮੈਂਬਰਾਂ ਨੂੰ ਕੁਝ ਹੋਰ ਟੈਕਸ ਕਰਨਾ ਹੋਵੇਗਾ ਕਿ ਉਹ ਭੁੱਖੇ ਰਹਿਕੇ ਵੀ ਇਥੇ ਬੈਠਣ। ਭੁੱਖੇ ਤੋਂ ਕੋਈ ਕੰਮ ਨਹੀਂ ਹੋ ਸਕਦਾ। ਇਸ ਲਈ ਮੇਰੀ ਅਰਜ਼ ਹੈ ਕਿ ਤੁਸੀਂ ਇਸ ਮਾਮਲੇ ਤੇ ਬਹਿਸ ਸੋਮਵਾਰ ਵਾਲੇ ਦਿਨ ਰਖ ਲਵੋ ਤਾਂ ਚੰਗਾ ਹੈ। ਕਿਉਂਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਇਸ ਦਾ ਮੈਨਸ਼ਨ ਹੈ ਇਸ ਲਈ ਮੈਂਬਰ ਸਾਹਿਬ ਨੇ ਜਿਹੜਾ ਇਸ ਮਸਲੇ ਤੇ ਉਸ ਵੇਲੇ ਟਾਈਮ ਲੈਣਾ ਸੀ ਉਹ ਨਹੀਂ ਲੈਣਗੇ । ਔਰ ਇਸ ਮਸਲੇ ਤੇ ਜਿਹੜੀ ਸਿਟਿੰਗ ਹੋਵੇਗੀ ਉਸ ਵੇਲੇ ਸਾਰਾ ਕੁਝ ਕਹਿ ਲੈਣਗੇ। ਇਸ ਲਈ ਮੇਰੀ ਰਾਇ ਹੈ ਕਿ ਸੋਮਵਾਰ ਵਾਲੇ ਦਿਨ ਇਕ ਵੱਖਰੀ ਸਿਟਿੰਗ ਇਸ ਕੰਮ ਲਈ ਰਖ ਲਈ ਜਾਵੇ ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਮੈਂ ਇਕ ਗਲ ਹੋਰ ਕਰਨੀ ਹੈ ਜੀ। ਸਪੀਕਰ ਸਾਹਿਬ, ਕਿਉਂਕਿ ਇਹ ਮਾਮਲਾ ਬੜਾ ਸੀਰੀਅਸ ਹੈ ਔਰ ਇਸ ਸਬੰਧ ਵਿਚ ਬਹੁਤ ਸਾਰੇ ਰੇਲੇਵੇਂਟ ਡਾਕੂਮੈਂਟ ਸਰਕਾਰ ਕੋਲ ਆ ਚੁੱਕੇ ਹਨ ਪਰ ਸਾਡੇ ਕੋਲ ਨਹੀਂ ਹਨ। ਇਸ ਲਈ ਜੇ ਉਹ ਪੇਪਰਜ਼ ਸਾਨੂੰ ਦੇ ਦਿੱਤੇ ਜਾਣ ਤਾਂ ਅਸੀਂ ਪੂਰੀ ਤਿਆਰੀ ਨਾਲ ਇਥੇ ਬਹਿਸ ਕਰ ਸਕਾਂਗੇ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਰਾਵੀ ਬਿਆਸ ਦਾ ਮਸਲਾ ਬੜਾ ਹੀ ਸੀਰੀਅਸ ਮਸਲਾ ਹੈ। ਇਹ ਬੜੀ ਚੰਗੀ ਗਲ ਹੈ ਕਿ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ । ਸਾਰੇ ਪੰਜਾਬ ਦੀਆਂ ਅੱਖਾ ਇਸ ਤੇ ਲੱਗੀਆਂ ਹੋਈਆਂ ਹਨ। ਅਸੀਂ ਇਹ ਸਮਝਦੇ ਹਾਂ ਕਿ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਮੁਤਾਬਿਕ ਜਦੋਂ ਗਵਰਨਰ ਐਡਰੇਸ ਤੇ ਡਿਸਕਸ਼ਨ ਖਤਮ ਹੋ ਜਾਵੇ ਤਾਂ ਉਸ ਤੋਂ ਬਾਅਦ ਇਸ ਬਹਿਸ ਵਾਸਤੇ ਸਮਾਂ ਰਖ ਲੈਣਾ ਚਾਹੀਦਾ ਹੈ ਤਾਂਕਿ ਸਾਰੇ ਮੈਂਬਰਜ਼ ਸਾਹਿਬਾਨ ਆਪਣਾ ਆਪਣਾ ਪੱਖ ਪੇਸ਼ ਕਰ ਸਕਣ। ਇਸ ਦੇ ਸਿੱਟੇ ਵਧੀਆ ਨਿਕਲਣਗੇ।

**ਸਰਦਾਰ ਰਵੀ ਇੰਦਰ ਸਿੰਘ**: ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਜਿਹੜੀ ਗਲਤ ਫਹਿਮੀ ਇਸ ਮਾਮਲੇ ਤੇ ਸਬਜੁਡਿਸ ਬਾਰੇ ਹੋ ਗਈ ਸੀ, ਉਹ ਦੂਰ ਹੋ ਗਈ ਹੈ।

**Mr. Speaker** : Do not touch this matter.

Original with;
Punjab Vidhan Sabha
Digitized by;
Panjab Digital Library

**Sardar Ravi Inder Singh** : It has something to do with what you have given as a directive regarding another question.

ਮੈਂ ਇਹ ਰਿਕੁਐਸਟ ਕੀਤੀ ਸੀ ਕਿ ਰਾਵੀ ਬਿਆਸ ਸਬੰਧੀ ਜਿਹੜਾ ਐਗਰੀਮੈਂਟ ਹੋਇਆ ਹੈ ਉਸ ਦੀ ਕਾਪੀ ਹਾਊਸ ਦੀ ਟੇਬਲ ਤੇ ਲੇਅ ਕੀਤੀ ਜਾਵੇ। ਉਸ ਵੇਲੇ ਤੁਸੀਂ ਇਹ ਇਸ ਕਰਕੇ ਰਿਜੈਕਟ ਕਰ ਦਿਤਾ ਸੀ ਕਿਉਂਕਿ ਇਹ ਸਬਜੁਡਿਸ ਮਾਮਲਾ ਹੈ। ਪਰ ਹੁਣ ਕਿਉਂਕਿ ਇਸ ਮਾਮਲੇ ਤੇ ਡਿਸਕਸ਼ਨ ਹੋਣੀ ਹੈ ਇਸ ਲਈ ਉਸ ਐਗਰੀਮੈਂਟ ਦੀ ਕਾਪੀ ਹਾਊਸ ਦੀ ਟੇਬਲ ਤੇ ਲੇਅ ਹੋਣੀ ਚਾਹੀਦੀ ਹੈ।

**ਸ਼੍ਰੀ ਸਪੀਕਰ**: ਮੈਂ ਇਸ ਮਾਮਲੇ ਤੇ ਵੇਖ ਲਵਾਂਗਾ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਕੱਲ ਜਿਹੜੀ ਬਿਜ਼ਨੈਸ ਐਡ-ਵਾਇਜ਼ਰੀ ਕਮੇਟੀ ਦੀ ਰਿਪੋਰਟ ਤੁਹਾਡੇ ਜ਼ਰੀਏ ਅਡਾਪਟ ਹੋਈ ਸੀ, ਉਹ ਸਰਵਸੰਮਤੀ ਨਾਲ ਪਾਸ ਹੋ ਗਈ ਸੀ। ਲੇਕਿਨ ਅੱਜ ਇਹ ਗੱਲ ਹੋ ਗਈ ਹੈ ਕਿ ਰਾਵੀ ਬਿਆਸ ਦੇ ਮਾਮਲੇ ਤੇ ਡਿਸਕਸ਼ਨ ਹੋ ਜਾਵੇ। ਇਹ ਠੀਕ ਹੈ ਕਿ ਇਹ ਮਾਮਲਾ ਸਬਜੁਡਿਸ ਹੈ ਔਰ ਰੂਲ 114 ਇਸ ਤੇ ਡਿਸਕਸ਼ਨ ਕਰਨ ਲਈ ਬੈਨ ਕਰਦਾ ਹੈ। ਹੁਣ ਸਾਨੂੰ ਇਸ ਤੇ ਬਹਿਸ ਕਰਨ ਲਈ ਇਸ ਰੂਲ ਨੂੰ ਰਿਲੈਕਸ ਕਰਨਾ ਪਵੇਗਾ। ਅੱਜ ਕਿਉਂਕਿ ਆਪੋਜ਼ੀਸ਼ਨ ਦੇ ਮੈਂਬਰਜ਼ ਸਾਹਿਬਾਨ ਇਸ ਮਸਲੇ ਤੇ ਬਹਿਸ ਕਰਨ ਲਈ ਤਿਆਰ ਨਹੀਂ ਹਨ, ਇਸ ਲਈ ਇਹ ਠੀਕ ਹੋਵੇਗਾ ਕਿ ਇਸ ਨੂੰ ਬਿਜ਼ਨਸ ਐਡਵਾਇਜ਼ਰੀ ਕਮੇਟੀ ਵਿਚ ਵਿਚਾਰਿਆ ਜਾਵੇ ਔਰ ਫਿਰ ਜਿਸ ਦਿਨ ਡਿਸਕਸ਼ਨ ਰਖਣੀ ਹੋਵੇ, ਰਖ ਲਈ ਜਾਵੇ।

**Mr. Speaker** : Good enough. ਹੁਣ ਗਵਰਨਰ ਐਡਰੈਸ ਤੇ ਬਹਿਸ ਸ਼ੁਰੂ ਹੁੰਦੀ ਹੈ। ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ।

## DISCUSSION ON GOVERNOR'S ADDRESS

**Shri Gopal Krishan Chatrath (Batala)** : Sir I beg to move—

That an Address be presented to the Governor in the following terms :

> 'That the Members of this House assembled in this Session are deeply grateful to the Governor for the Address which he has been pleased to deliver to the House on the 24th February, 1982."

10.57 ਸਵੇਰੇ | (ਇਸ ਵੇਲੇ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਜਿਹੜੀ ਗਵਰਨਰ ਐਡਰੈਸ ਬਾਰੇ ਮੋਸ਼ਨ ਮੂਵ ਕੀਤੀ ਹੈ, ਇਹ ਐਡਰੈਸ ਗਵਰਨਰ ਸਾਹਿਬ ਨੇ 24 ਫਰਵਰੀ ਨੂੰ ਇਸ ਹਾਊਸ ਵਿਚ ਪੇਸ਼ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ, ਜਿਸ ਦੀ ਅਗਵਾਈ ਸਰਦਾਰ ਦਰਬਾਰਾ ਸਿੰਘ, ਜਿਨ੍ਹਾਂ ਦੀ ਜ਼ਿੰਦਗੀ ਇਸ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਲਗੀ ਰਹੀ ਔਰ ਹੁਣ ਉਸ ਆਜ਼ਾਦੀ ਨੂੰ ਉਸਾਰਨ ਵਿਚ ਲੱਗੇ ਹੋਏ ਹਨ, ਉਨ੍ਹਾਂ ਦੀ ਅਗਵਾਈ ਥੱਲੇ ਜਦੋਂ ਦੀ ਇਹ ਸਰਕਾਰ ਸਥਾਪਤ ਹੋਈ ਹੈ ਉਦੋਂ ਤੋਂ ਪੰਜਾਬ ਦਿਨ ਦੁਗਨੀ ਅਤੇ ਰਾਤ ਚੌਗਨੀ ਹਰ ਮੈਦਾਨ ਵਿਚ ਤਰੱਕੀ ਕਰ ਰਿਹਾ ਹੈ। ਇਸ ਕਰਕੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਵਧਾਈ ਪੇਸ਼ ਕਰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲਾਂ ਵਿਚ ਚੰਗਾ ਕੰਮ ਕੀਤਾ ਤੇ ਇਸ ਸਾਲ ਹੋਰ ਚੰਗੇ ਕੰਮ ਕਰਨ ਦੇ ਪ੍ਰੋਗਰਾਮਾਂ ਨੂੰ ਸ਼ਾਮਲ ਕੀਤਾ ਹੈ। ਸਭ ਤੋਂ ਵਧੀਆ ਗਲ ਤਾਂ ਇਹ ਹੈ ਕਿ ਆਮ ਤੌਰ ਤੇ ਸਰਕਾਰ ਤੇ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਸਰਕਾਰ ਪ੍ਰੋਗਰਾਮ ਕਈ ਬਣਾ ਲੈਂਦੀ ਹੈ ਪਰ ਉਸ ਤੇ ਅਮਲ ਨਹੀਂ ਕਰਦੀ। ਇਸ ਲਈ ਸਾਡੀ ਇਸ ਸਰਕਾਰ ਨੇ ਇਸ 1982 ਦੇ ਸਾਲ ਨੂੰ ਈਅਰ ਆਫ ਇੰਪਲੀਮੈਂਟੇਸ਼ਨ ਮਨਾਉਣ ਦਾ ਫੈਸਲਾ ਕੀਤਾ ਹੈ। ਅਮਲਾਂ ਦਾ ਸਾਲ ਮਨਾਇਆ ਜਾਵੇਗਾ। ਚਾਹੇ ਇਹ ਪ੍ਰੋਗਰਾਮ 20 ਨੁਕਾਤੀ ਪ੍ਰੋਗਰਾਮ ਵਿਚ ਦਿੱਤੇ ਗਏ ਹਨ, ਗਵਰਨਰ ਐਡਰੈਸ ਵਿਚ ਦਿੱਤੇ ਗਏ ਹਨ ਜਾਂ ਹੋਰ ਬਜਟ ਵਿਚ ਆਉਣਗੇ ਉਨ੍ਹਾਂ ਪ੍ਰੋਗਰਾਮਾਂ ਤੇ ਸਰਕਾਰ ਨੇ ਅਮਲ ਕਰਨਾ ਹੈ। ਇਸ ਲਈ ਸਰਕਾਰ ਨੇ ਇਸ 1982 ਦੇ ਸਾਲ ਨੂੰ ਈਅਰ ਆਫ ਇੰਪਲੀਮੈਂਟੇਸ਼ਨ ਮਨਾਉਣ ਦਾ ਫੈਸਲਾ ਕੀਤਾ ਹੈ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਗਵਰਨਰ ਐਡਰੈਸ ਵਿਚ 20 ਨੁਕਾਤੀ ਪ੍ਰੋਗਰਾਮ ਨੂੰ ਦੁਹਰਾਇਆ ਗਿਆ ਹੈ ਜਿਸ ਨਾਲ ਪੰਜਾਬ ਅਤੇ ਹਿੰਦੁਸਤਾਨ ਨੂੰ, ਖਾਸਤੌਰ ਤੇ ਹੇਠਲੇ ਤਬਕੇ ਨੂੰ ਜਿਨ੍ਹਾਂ ਨੂੰ ਆਜ਼ਾਦੀ ਮਿਲਣ ਦੇ ਬਾਵਜੂਦ ਵੀ ਆਰਥਿਕ ਤੌਰ ਤੇ ਔਰ ਸਮਾਜਿਕ ਤੌਰ ਤੇ ਪਛੜਿਆ ਰਖਿਆ ਗਿਆ ਸੀ, ਉਨ੍ਹਾਂ ਨੂੰ ਉਪਰ ਚੁੱਕਣ ਦਾ ਫੈਸਲਾ ਕੀਤਾ ਹੈ ਔਰ ਉਨ੍ਹਾਂ ਲੋਕਾਂ ਨੂੰ ਰਾਹਤਾਂ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਗਵਰਨਰ ਸਾਹਿਬ ਔਰ ਸਰਕਾਰ ਇਸ ਲਈ ਵਧਾਈ ਦੀ ਮੁਸਤਹਿਕ ਹੈ।

ਡਿਪਟੀ ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਜਿਹੜਾ ਹੈ, ਉਸ ਤੇ ਅਮਲ ਹੋਣ ਨਾਲ ਪੰਜਾਬ ਇੱਕ ਨਵੇਂ ਯੁੱਗ ਵਿਚ ਸ਼ਾਮਲ ਹੋਵੇਗਾ ਜਿਸ ਵਿਚ ਨਾ ਬਰਾਬਰੀ ਖਤਮ ਹੋਵੇਗੀ। ਗਰੀਬ ਅਮੀਰ ਦਾ ਪਾੜਾ ਘਟੇਗਾ। ਇਸ ਨਾਲ ਗਰੀਬੀ ਦੂਰ ਹੋਵੇਗੀ। ਗਰੀਬ ਲੋਕਾਂ ਨੂੰ ਇਨਸਾਫ ਮਿਲੇਗਾ। ਇਸ ਗੱਲ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਇਸ ਸੂਬੇ ਵਿਚ ਕੁਝ ਚੰਦ ਸਿਰ-ਫਿਰੇ ਲੋਕ ਵਿਦੇਸ਼ੀ ਏਜੰਟਾਂ ਦੇ ਇਸ਼ਾਰੇ ਤੇ ਅਮਨ ਨੂੰ ਖਰਾਬ ਕਰਨਾ ਚਾਹੁੰਦੇ ਹਨ। ਉਨ੍ਹਾਂ ਲੋਕਾਂ ਬਾਰੇ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਸੂਝ-ਬੂਝ ਤੋਂ ਕੰਮ ਲੈ ਕੇ ਫੈਸਲੇ ਕੀਤੇ ਹਨ, ਜਿਸ ਨਾਲ ਉਨਾਂ ਸਿਰ ਫਿਰੇ ਲੋਕਾਂ ਦਾ ਸੁਪਨਾ ਸਾਕਾਰ ਨਹੀਂ ਹੋਣ ਦਿਤਾ ਜੋ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਦੇ ਅਧਾਰ ਤੇ ਝਗੜਾ ਪਾਉਣਾ ਚਾਹੁੰਦੇ ਸਨ। ਉਨ੍ਹਾਂ ਲੋਕਾਂ ਨੂੰ ਮੂੰਹ ਦੀ ਖਾਣੀ ਪਈ ਹੈ। ਇਸ ਲਈ ਮੈਂ ਪੰਜਾਬ ਦੇ ਵੀਰਾਂ ਨੂੰ, ਪੰਜਾਬ ਦੀ ਜਨਤਾ ਨੂੰ, ਪੰਜਾਬ ਦੇ ਸਿੱਖਾਂ ਨੂੰ, ਪੰਜਾਬ ਦੇ ਕਿਰਤੀਆਂ ਨੂੰ, ਪੰਜਾਬ ਦੇ ਕਿਸਾਨਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਨ੍ਹਾਂ ਨੇ ਬੜੀ ਸੂਝ-ਬੂਝ ਤੋਂ ਕੰਮ ਲਿਆ ਹੈ। ਪੰਜਾਬ ਨੂੰ ਫਿਰਕਾਪ੍ਰਸਤੀ ਦੇ ਅਧਾਰ ਤੇ ਲੜਾਈ ਝਗੜੇ ਦਾ ਅਖਾੜਾ ਨਹੀਂ ਬਣਨ ਦਿਤਾ ਹੈ। ਇਸ ਗਲ ਲਈ ਮੈਂ ਆਪਣੀ ਪੰਜਾਬ ਦੀ ਸਰਕਾਰ ਨੂੰ ਵੀ ਵਧਾਈ ਦਿੰਦਾ ਹਾਂ। ਪੰਜਾਬ ਵਿਚ ਕਈ ਥਾਵਾਂ ਤੇ ਜਦੋਂ ਗੋਲੀ ਚੱਲੀ ਤਾਂ ਕਿਸੇ ਨੇ ਕੁਝ ਕਿਹਾ ਅਤੇ ਕਿਸੇ ਨੇ ਕੁਝ ਕਿਹਾ। ਕਿਸੇ ਬੰਦੇ ਨੇ ਕਿਹਾ ਹੈ ਕਿ ਇਹ ਜਾਤੀ ਮਸਲਾ ਹੈ, ਪਰ ਧਾਰਮਿਕ ਅਤੇ ਮਜ਼ਹਬ ਦੇ ਅਧਾਰ ਤੇ ਕੋਈ ਝਗੜਾ ਨਹੀਂ ਹੋਣ ਦਿਤਾ। ਇਸ ਗਲ ਲਈ ਮੈਂ ਆਪਣੀ ਸਰਕਾਰ ਨੂੰ ਅਤੇ ਪੰਜਾਬੀਆਂ ਨੂੰ ਵਧਾਈ ਦਿੰਦਾ ਹਾਂ। ਮੈਂ ਉਨ੍ਹਾਂ ਪੁਲਿਸ ਅਫਸਰਾਂ ਦਾ ਵੀ ਧੰਨਵਾਦੀ ਹਾਂ ਜਿਨਾਂ ਨੇ ਖੂਨ ਦਿਤਾ ਸ਼ਹੀਦੀਆਂ ਦਿਤੀਆਂ ਹਨ ਅਤੇ ਕੁਝ ਬੰਦਿਆਂ ਨੂੰ ਵੀ ਪਕੜਿਆ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਕ੍ਰਾਈਮਜ਼ ਦੀ ਗੱਲ ਹੋ ਰਹੀ ਸੀ। ਪੰਜਾਬ ਵਿਚ ਜਿਹੜੇ ਜ਼ੁਲਮ ਹੋਏ ਹਨ ਅਤੇ ਬਾਕੀ ਹੋਰ ਸਟੇਟਾਂ ਵਿਚ ਜਿਹੜੇ ਜ਼ੁਲਮ ਹੋਏ ਹਨ, ਜੇਕਰ ਉਨ੍ਹਾਂ ਕ੍ਰਾਈਮਜ਼ ਦਾ ਮੁਕਾਬਲਾ ਕੀਤਾ ਜਾਵੇ ਤਾਂ ਸਹੀ ਪੁਜੀਸ਼ਨ ਦਾ ਪਤਾ ਲੱਗਦਾ ਹੈ। ਇਕ ਲੱਖ ਦੀ ਆਬਾਦੀ ਪਿੱਛੇ ਅੰਡਰ ਆਈ. ਪੀ. ਸੀ. ਜਿਹੜੇ ਕ੍ਰਾਈਮਜ਼

Original with;
Punjab Vidhan Sabha
Digitized by;
Panjab Digital Library

ਹੋਏ ਹਨ ਉਹ ਇਸ ਪ੍ਰਕਾਰ ਹਨ: ਆਂਧਰਾ ਪ੍ਰਦੇਸ਼ 112.4, ਬਿਹਾਰ 160.6, ਗੁਜਰਾਤ 204.6, ਹਰਿਆਣਾ 134.5, ਹਿਮਾਚਲ ਪ੍ਰਦੇਸ਼ 117.2, ਕਰਨਾਟਕਾ 223.6, ਕੇਰਲਾ 176, ਮਧਿਆ ਪ੍ਰਦੇਸ਼ 324, ਮਹਾਰਾਸ਼ਟਰਾ 273, ਮਨੀਪੁਰ 246, ਮੇਘਾਲਿਆ 168, ਉੜੀਸਾ 179, ਨਾਗਾਲੈਂਡ 178 ਅਤੇ ਪੰਜਾਬ 72.7 ਹੈ। ਲੇਕਿਨ ਡਿਪਟੀ ਸਪੀਕਰ ਸਾਹਿਬ ,ਹੈਰਾਨਗੀ ਹੁੰਦੀ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ, ਜਦੋਂ ਗਵਰਨਰ ਸਾਹਿਬ ਦਾ ਭਾਸ਼ਣ ਹੋ ਰਿਹਾ ਸੀ ਤਾਂ ਉਨ੍ਹਾਂ ਨੇ ਵੀ ਇੱਕ ਕਾਉਂਟਰ ਰੇਜ਼ੋਲਿਊਸ਼ਨ ਪੜ੍ਹਿਆ। ਇਸ ਵਿਚ ਲਾਅ ਐਂਡ ਆਰਡਰ ਦੀ ਸਥਿਤੀ ਪ੍ਰਗਟ ਕੀਤੀ ਸੀ। ਪਰ ਮੈਂ ਇਹ ਕਹਿਣਾ ਚਾਹਵਾਂਗਾ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਨੇ ਆਪਣੇ ਰਾਜ ਵੇਲੇ ਦੀ ਗੱਲ ਨਹੀਂ ਸੋਚੀ ਕਿ ਉਸ ਵੇਲੇ ਲਾਅ ਐਂਡ ਆਰਡਰ ਦੀ ਕੀ ਹਾਲਤ ਸੀ? ਡਿਪਟੀ ਸਪੀਕਰ ਸਾਹਿਬ, ਪੁਲਿਸ ਨੇ ਬਾ-ਵਰਦੀ ਇਕ ਸਟਰਾਈਕ ਕੀਤੀ, ਜਦੋਂ ਪਹਿਲਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਮੁੱਖ ਮੰਤਰੀ ਸਨ। ਅਗਰ ਸਰਕਾਰ ਆਪਣੀ ਫੋਰਸ ਨੂੰ ਹੀ ਡਸਿੱਪਲਨ ਵਿਚ ਨਹੀਂ ਰੱਖ ਸਕਦੀ ਤਾਂ ਉਹ ਸਰਕਾਰ ਹੋਰ ਕੀ ਕਰ ਸਕਦੀ ਹੈ? ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣਾ ਚਾਹਵਾਂਗਾ ਕਿ ਤੁਸੀਂ ਵੇਖੋ ਕਿ (ਆਪੋਜੀਸ਼ਨ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਦੇ ਰਾਜ ਵਿਚ ਜ਼ੁਲਮ ਕਿਤਨੇ ਹੋਏ ਔਰ ਸਾਡੇ ਰਾਜ ਵਿਚ ਕਿਤਨੇ ਹੋਏ, ਫਿਰ ਮੁਕਾਬਲਾ ਕਰੋ। ਇਸ ਲਈ, ਡਿਪਟੀ ਸਪੀਕਰ ਸਾਹਿਬ, ਆਪੋਜੀਸ਼ਨ ਦੇ ਲੀਡਰ ਸਾਹਿਬ, ਨੂੰ ਸੋਚ-ਸਮਝ ਕੇ ਗੱਲ ਕਰਨੀ ਚਾਹੀਦੀ ਹੈ। ਹਰ ਗੱਲ ਨੂੰ ਕਹਿਣ ਤੋਂ ਪਹਿਲਾਂ ਆਪਣੇ ਰਾਜ ਵਿਚ ਜੋ ਹਾਲਤ ਸੀ, ਉਸਨੂੰ ਵੇਖ ਲਿਆ ਕਰਨ।

ਡਿਪਟੀ ਸਪੀਕਰ ਸਾਹਿਬ, ਇਕ ਗੱਲ ਮੈਂ ਹੋਰ ਕਰਨੀ ਚਾਵਾਂਗਾ ਕਿ ਸਰਦਾਰ ਪ੍ਰਕਾਸ਼ ਸਿਘ ਬਾਦਲ ਸਾਹਿਬ ਦੇ ਰਾਜ ਵੇਲੇ ਇਨਡਿਸਕਰੀਮੀਨੇਟ ਆਰਮਜ਼ ਲਸੰਸ ਉਨ੍ਹਾਂ ਬੰਦਿਆਂ ਨੂੰ ਦਿਤੇ ਗਏ ਹਨ ਜਿਨ੍ਹਾਂ ਦੇ ਨਾਂ ਹੀ ਮੌਜੂਦ ਨਹੀਂ ਹਨ। 1977 ਵਿਚ ਜਦੋਂ ਇਨ੍ਹਾਂ ਦਾ ਰਾਜ ਸੀ ਤਾਂ ਸਰਕਾਰ ਨੇ ਸਮਗਲਰਾਂ ਨੂੰ ਛੁਟੀ ਦੇ ਰੱਖੀ ਸੀ ਕਿ ਮੌਜਾਂ ਕਰੋ। ਜਦੋਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਸਰਕਾਰ ਆਈ ਤਾਂ ਬੇਈਮਾਨ ਸਰਕਾਰੀ ਮੁਲਾਜ਼ਮਾਂ ਨੂੰ ਅਤੇ ਪਬਲਿਕ ਮੈਨ ਨੂੰ ਹੱਥ ਪਾਉਣ ਦਾ ਯਤਨ ਕੀਤਾ। ਇਸ ਲਈ ਸਾਨੂੰ ਖੁਲ੍ਹ ਦਿਲੀ ਨਾਲ ਇਸ ਗੱਲ ਦੀ ਵਧਾਈ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਨੂੰ ਦੇਣੀ ਚਾਹੀਦੀ ਹੈ। ਜਿਹੜਾ ਕੰਮ ਚੰਗਾ ਕੀਤਾ ਹੋਵੇ, ਉਸ ਲਈ ਸਾਨੂੰ ਵਧਾਈ ਜ਼ਰੂਰ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਗਵਰਨਰ ਐਡਰੈਸ ਪੜ੍ਹਿਆ ਹੋਵੇਗਾ, ਜਿਸ ਵਿਚ ਸਰਕਾਰੀ ਕਰਮਚਾਰੀ ਅਤੇ ਗਜ਼ਟਿਡ ਅਫਸਰ ਵੀ ਸ਼ਾਮਲ ਹਨ, ਉਨ੍ਹਾਂ ਨੂੰ ਟਰੈਪ ਕਰਕੇ ਪਕੜਿਆ ਗਿਆ, ਉਨ੍ਹਾਂ ਨੂੰ ਪਨਿਸ਼ਮੈਂਟ ਦਿਵਾਈ ਗਈ। ਬੇਈਮਾਨਾਂ ਦੇ ਖਿਲਾਫ ਐਕਸ਼ਨ ਲਿਤਾ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਇਕ ਗੱਲ ਮੈਂ ਐਜੂਕੇਸ਼ਨ ਦੇ ਬਾਰੇ ਕਰਨਾ ਚਾਹੁੰਦਾ ਹਾਂ। ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਸਰਕਾਰ ਨੇ ਰਿਫਾਰਮਜ਼ ਕਮਿਸ਼ਨ ਕਾਇਮ ਕੀਤਾ ਹੈ, ਜਿਸ ਦੀ ਕਿ ਬਹੁਤ ਜ਼ਿਆਦਾ ਲੋੜ ਸੀ। ਐਜੂਕੇਸ਼ਨ ਬਾਰੇ ਨੈਸ਼ਨਲ ਲੈਵਲ ਤੇ ਵੀ ਕਮਿਸ਼ਨ ਬਣਾਏ ਗਏ। ਪੰਜਾਬ ਵਿਚ ਰਿਫਾਰਮਜ਼ ਕਮਿਸ਼ਨ ਵੇਖੇਗਾ ਕਿ ਕਿਸ ਤਰ੍ਹਾਂ ਦੀ ਐਜੂਕੇਸ਼ਨ ਦੇਣੀ ਚਾਹੀਦੀ ਹੈ ਅਤੇ ਸਿਲੇਬਸ ਕੀ ਹੋਣਾ ਚਾਹੀਦਾ ਹੈ।

ਇਸ ਗੱਲ ਦਾ ਕਰੈਡਿਟ ਇਸ ਗੌਰਮਿੰਟ ਨੂੰ ਹੈ ਔਰ ਸਾਨੂੰ ਇਸ ਚੀਜ਼ ਨੂੰ ਐਕਨਾਲਿਜ ਕਰਨਾ ਚਾਹੀਦਾ ਹੈ। ਅਸੀਂ ਬਿਲਕੁਲ ਉਸ ਇਕ ਆਦਮੀ ਵਾਂਗ ਨਹੀਂ ਕੀਤਾ ਜਿਸ ਤਰ੍ਹਾਂ ਕਿ ਉਸ ਨੇ ਇਕ ਆਰਟਿਸਟਿਕ ਤਸਵੀਰ ਬਣਾ ਕੇ ਬਾਜ਼ਾਰ ਵਿਚ ਲਗਾ ਦਿਤੀ ਸੀ ਅਤੇ ਲੋਕਾਂ ਨੂੰ ਕਿਹਾ ਕਿ ਜਿਥੇ ਨੁਕਸ ਹੈ ਉਥੇ ਲਾਲ ਲਕੀਰ ਲਗਾ ਦਿਤੀ ਜਾਵੇ। ਜਿਹੜਾ ਉਥੇ ਗਿਆ ਉਹ ਲਾਲ ਲਕੀਰ ਲਾ ਆਇਆ। ਇਸ ਸਰਕਾਰ ਨੇ ਲਾਲ ਲਕੀਰ ਲਗਾਉਣ ਵਾਲੀ ਗਲ ਨਹੀਂ ਕੀਤੀ। ਅਗਰ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਸਹੀ ਤੌਰ ਤੇ ਐਜੂਕੇਸ਼ਨ ਸਿਸਟਮ ਬੱਚਿਆਂ ਨੂੰ ਨਾ ਦਿਤਾ ਜਾਵੇ ਤਾਂ ਉਸ ਨਾਲ ਮੁਲਕ ਦੀ ਤਰੱਕੀ ਵਿਚ ਫਰਕ ਪੈਂਦਾ ਹੈ। ਅੱਜ ਐਗਰੀਕਲਚਰ ਔਰ ਇੰਡਸਟਰੀ ਹਾਈਲੀ ਟੈਕਨੀਕਲ ਹੋ ਚੁਕੀ ਹੈ। ਜਿੰਨਾ ਚਿਰ ਇਸ ਦੀ ਬੈਕ ਤੇ ਮੇਨ ਪਾਵਰ ਹਾਈਲੀ ਐਜੂਕੇਟਿਡ ਔਰ ਟੈਕਨੀਕਲੀ ਐਡਵਾਂਸਡ ਨਹੀਂ ਹੋਵੇਗੀ ਉਨ੍ਹਾਂ ਚਿਰ ਅਸੀਂ ਐਗਰੀਕਲਚਰ ਔਰ ਇੰਡਸਟਰੀਅਲ ਫੀਲਡ ਵਿਚ ਤਰੱਕੀ ਨਹੀਂ ਕਰ ਸਕਾਂਗੇ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜਿਨ੍ਹਾਂ ਨੇ ਇਹ ਐਜੂਕੇਸ਼ਨ ਕਮਿਸ਼ਨ ਕਾਇਮ ਕੀਤਾ ਹੈ ਇਸ ਵਾਸਤੇ ਇਹ ਵਧਾਈ ਦੇ ਪਾਤਰ ਹਨ। ਇਨ੍ਹਾਂ ਨੇ ਇਸ ਕਮਿਸ਼ਨ ਦੇ ਜਿਹੜੇ ਰੈਫਰੈਂਸਿਜ਼ ਹਨ ਉਨ੍ਹਾਂ ਰੈਫਰੈਂਸਿਜ਼ ਵਿਚ ਸਭ ਤੋਂ ਪਹਿਲੀ ਗੱਲ ਇਹ ਕੀਤੀ ਹੈ ਕਿ ਮੌਜੂਦਾ ਸਿਸਟਮ ਵਿਚ ਵੇਖੋ ਕਿ ਕਮੀਆਂ ਕਿਥੇ ਹਨ ਅਤੇ ਇਸ ਦੇ ਨਾਲ ਹੀ ਸੁਜੈਸਟ ਕਰੋ ਕਿ ਅਸੀਂ ਕੀ ਕਰੀਏ। ਫਿਰ ਕਿਹਾ ਗਿਆ ਹੈ ਕਿ ਤੁਸੀਂ ਵੇਖੋ ਕਿ ਸਿਲੇਬਸ ਕੀ ਪੜ੍ਹੀਏ? ਫਿਰ ਕਿਹਾ ਗਿਆ ਹੈ ਕਿ ਸਿਲੇਬਸ ਪੜ੍ਹਨ ਲੱਗਿਆਂ ਕਿਹੋ ਜਿਹੀਆਂ ਕਿਤਾਬਾਂ ਚਾਹੀਦੀਆਂ ਹਨ ਜਿਹੜੀਆਂ ਕਿ ਡੈਮੋਕ੍ਰੇਸੀ ਵਿਚ ਲੋਕਾਂ ਦਾ ਵਿਸ਼ਵਾਸ ਵਧੇ ਔਰ ਸੈਕੂਲੇਰਿਜ਼ਮ ਵਿਚ ਲੋਕਾਂ ਦਾ ਵਿਸ਼ਵਾਸ ਵਧੇ। ਫੇਰ ਕਿਹਾ ਗਿਆ ਹੈ ਕਿ ਟੀਚਰਜ਼ ਦੀ ਰਿਕਰੂਟਮੈਂਟ ਔਰ ਉਨ੍ਹਾਂ ਦੀ ਟਰਾਂਸਫਰਜ਼ ਦਾ ਸਿਸਟਮ, ਉਨ੍ਹਾਂ ਨੂੰ ਐਡਮਨਿਸਟਰੇਸ਼ਨ ਕਿਸ ਢੰਗ ਨਾਲ ਕੀਤੀ ਜਾਏ, ਇਸ ਬਾਰੇ ਸੁਝਾਉ ਦਿਓ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਨੂੰ ਬੈਕਵਰਡ ਲੋਕਾਂ ਨੂੰ ਜਿਨ੍ਹਾਂ ਨੂੰ ਐਜੂਕੇਸ਼ਨ ਨਹੀਂ ਦੇ ਸਕੇ ਉਨ੍ਹਾਂ ਬਾਰੇ ਦੱਸੋ। ਫਿਰ ਕਿਹਾ ਗਿਆ ਹੈ ਕਿ ਜਿਹੜੀਆਂ ਗਰਲਜ਼ ਨੂੰ ਸਿਖਿਆ ਨਹੀਂ ਦੇ ਸਕੇ, ਉਨਾਂ ਬਾਰੇ ਦੱਸੋ। ਹਿੰਦੁਸਤਾਨ ਨੂੰ ਆਜ਼ਾਦ ਹੋਏ ਨੂੰ 35 ਸਾਲ ਹੋ ਗਏ ਹਨ ਔਰ ਅਜੇ ਵੀ ਸਾਡੀਆਂ ਬੱਚੀਆਂ ਵਾਸਤੇ ਪਿੰਡਾਂ ਵਿਚ ਪੜ੍ਹਾਈ ਦਾ ਪ੍ਰਬੰਧ ਨਹੀਂ ਹੈ, ਇਸ ਬਾਰੇ ਵੀ ਕਮਿਸ਼ਨ ਨੂੰ ਕਿਹਾ ਗਿਆ ਹੈ ਕਿ ਉਹ ਦੱਸਣ। ਇਹ ਨਹੀਂ ਕਿ ਕਮਿਸ਼ਨ, ਕਮਿਸ਼ਨ ਹੀ ਰਹਿ ਜਾਏ। ਇਸ ਨੂੰ ਕਿਹਾ ਗਿਆ ਹੈ ਕਿ ਇਹ 6 ਮਹੀਨਿਆਂ ਵਿਚ ਆਪਣੀ ਰਿਪੋਰਟ ਦੇਵੇ। ਮੈਂ ਕਹਾਂਗਾ ਕਿ ਸਰਦਾਰ ਹਰਚਰਨ ਸਿੰਘ ਅਜਨਾਲਾ ਜਿਨ੍ਹਾਂ ਦੀ ਪ੍ਰਪੋਜ਼ਲ ਤੇ ਸਾਡੇ ਮੁੱਖ ਮੰਤਰੀ ਜੀ ਅਤੇ ਕੈਬਨਟ ਨੇ ਇਸ ਗੱਲ ਲਈ ਮੰਨਿਆ ਔਰ ਕਮਿਸ਼ਨ ਦੀ ਕਾਇਮੀ ਕੀਤੀ, ਮੈਂ ਇਨ੍ਹਾਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਔਰ ਮੈਂ ਆਸ ਕਰਦਾ ਹਾਂ ਕਿ ਇਸ ਦੇ ਨਾਲ ਇਕ ਚੀਜ਼ ਹੋਰ ਐਡ ਕਰਨੀ ਚਾਹੀਦੀ ਹੈ। ਉਹ ਇਹ ਕਿ ਇਸ ਕਮਿਸ਼ਨ ਦੇ 5 ਮੈਂਬਰਜ਼ ਹਨ। ਇਨ੍ਹਾਂ ਵਿਚੋਂ ਇਕ ਦੋ ਬੰਦੇ ਅਜਿਹੇ ਪਾਉਣੇ ਚਾਹੀਦੇ ਹਨ ਜਿਨ੍ਹਾਂ ਦਾ ਸਕੂਲ ਐਜੂਕੇਸ਼ਨ ਨਾਲ ਸਬੰਧ ਹੋਵੇ। ਇਹ ਠੀਕ ਹੈ ਕਿ ਇਨ੍ਹਾਂ ਨੇ ਕਮਿਸ਼ਨ ਵਿਚ ਵਿਦਵਾਨ ਬੰਦੇ ਪਾਏ ਹਨ ਔਰ ਇਨ੍ਹਾਂ ਦੇ ਤਜਰਬੇ ਨੂੰ ਕੋਈ ਚੈਲੰਜ ਨਹੀਂ ਕਰ ਸਕਦਾ। ਇਨ੍ਹਾਂ ਦਾ ਬਹੁਤ ਜ਼ਿਆਦਾ ਤਜਰਬਾ ਹੈ ਔਰ ਇਹ ਬੜੇ ਚੰਗੇ ਬੰਦੇ ਹਨ। ਇਕ ਬੰਦਾ ਸ੍ਰੀ ਐਸ. ਐਸ. ਬੱਲ ਹੈ ਜੋ ਕਿ ਹਾਈ ਸਕੂਲ ਦਾ ਹੈਡਮਾਸਟਰ ਰਿਹਾ ਹੈ। ਬਾਕੀ 4 ਬੰਦੇ ਕਿਸੇ ਸਕੂਲ ਵਿਚ ਨਹੀਂ ਰਹੇ ਔਰ ਉਨ੍ਹਾਂ ਦਾ ਪ੍ਰਾਇਮਰੀ ਐਜੂਕੇਸ਼ਨ ਅਤੇ ਸੈਕੰਡਰੀ ਐਜੂਕੇਸ਼ਨ ਨਾਲ ਕੋਈ ਸਬੰਧ ਨਹੀਂ ਰਿਹਾ ਹੈ। ਜਿਨ੍ਹਾਂ ਦਾ ਸਕੂਲ ਐਜੂਕੇਸ਼ਨ ਨਾਲ ਸਬੰਧ ਰਿਹਾ ਹੋਵੇ ਇਹੋ ਜਿਹੇ ਇਕ ਦੋ ਬੰਦੇ ਹੋਰ ਲੱਭਣੇ ਚਾਹੀਦੇ ਹਨ। ਡਾਕਟਰ ਗੋਂਵਰਧਨ ਲਾਲ ਬਖਸ਼ੀ, ਇਹ ਡੀ. ਪੀ. ਆਈ. ਰਹੇ ਹਨ। ਇਨ੍ਹਾਂ ਦੀ ਸਾਰੀ ਜ਼ਿੰਦਗੀ ਕਾਲਜਾਂ ਵਿਚ ਹੀ ਗੁਜ਼ਰੀ ਹੈ। ਪਹਿਲਾਂ ਇਹ ਕਾਲਜ ਦੇ ਪ੍ਰਿੰਸੀਪਲ ਬਣੇ, ਫਿਰ ਸਿੱਧੇ ਡੀ. ਪੀ. ਆਈ. ਬਣ ਗਏ। ਮੇਰੀ ਰਾਏ ਹੈ ਕਿ ਇਸ ਐਸਪੈਕਟ ਨੂੰ ਕਨਸਿਡਰ ਕਰਨਾ ਚਾਹੀਦਾ ਹੈ।

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਕਮਿਸ਼ਨ ਇਸ ਗੱਲ ਦਾ ਫੈਸਲਾ ਕਰੇਗਾ ਕਿ ਜਿਹੜੀ ਐਜੂਕੇਸ਼ਨ ਅਸੀਂ ਦੇਣੀ ਹੈ ਇਹ ਵੋਕੇਸ਼ਨਲ ਬਾਇਸ ਰੱਖਦੀ ਹੋਵੇ, ਤਾਂਕਿ ਬੱਚੇ ਐਜੂਕੇਸ਼ਨ ਲੈ ਕੇ

Original with;
Punjab Vidhan Sabha
Digitized by;
Panjab Digital Library

ਇਧਰ ਉਧਰ ਨਾ ਫਿਰਨ ਬਲਕਿ ਉਨ੍ਹਾਂ ਨੂੰ ਸੈਲਫ ਇੰਪਲਾਇਮੈਂਟ ਵਾਲੇ ਪਾਸੇ ਪਾ ਸਕੀਏ। ਇਸ ਤੇ ਅਮਲ ਕਰਨਾ ਚਾਹੀਦਾ ਹੈ।

ਪੰਜਾਬ ਵਿਚ ਇਸ ਵੇਲੇ 2,397 ਹਾਈ ਔਰ ਹਾਇਰ ਸੈਕੰਡਰੀ ਸਕੂਲ ਹਨ। 1,414 ਮਿਡਲ ਸਕੂਲ ਹਨ ਔਰ 13,064 ਪ੍ਰਾਇਮਰੀ ਸਕੂਲ ਹਨ। ਇਸ ਵੇਲੇ 100 ਕਰੋੜ ਰੁਪਏ ਸਕੂਲ ਐਜੂਕੇਸ਼ਨ ਤੇ ਖਰਚ ਹੁੰਦਾ ਹੈ ਜਿਹੜਾ ਕਿ 20 ਪ੍ਰਤੀਸ਼ਤ ਬਜਟ ਦਾ ਬਣਦਾ ਹੈ। ਜਿੰਨੇ ਵੀ ਮੁਲਕ ਵਿਚ ਕਮਿਸ਼ਨਰ ਬਣੇ ਹਨ ਉਨ੍ਹਾਂ ਨੇ ਕਿਹਾ ਹੈ ਕਿ ਸਕੂਲ, ਕਾਲਜ ਔਰ ਯੂਨੀਵਰਸਿਟੀ ਐਜੂਕੇਸ਼ਨ ਤੇ ਇਨ੍ਹਾਂ ਸਾਰਿਆਂ ਲਈ ਤੁਸੀਂ 20 ਪ੍ਰਤੀਸ਼ਤ ਆਫ ਬਜਟ ਖਰਚ ਕਰਨਾ ਚਾਹੀਦਾ ਹੈ। ਪਰ ਇਥੇ ਪੰਜਾਬ ਵਿਚ 20 ਪ੍ਰਤੀਸ਼ਤ ਆਫ ਦੀ ਬਜਟ ਸਿਰਫ ਸਕੂਲੀ ਸਿਖਿਆ ਤੇ ਹੀ ਖਰਚ ਹੋ ਰਿਹਾ ਹੈ। ਇਸ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਧਾਈ ਦੀ ਪਾਤਰ ਹੈ।

ਇਹ ਜਿਹੜਾ 20 ਨੁਕਾਤੀ ਪ੍ਰੋਗਰਾਮ ਹੈ ਇਸ ਵਿਚ ਐਲੀਮੈਂਟਰੀ ਐਜੂਕੇਸ਼ਨ ਦਾ ਵਿਸਥਾਰ ਬੜੀ ਇੰਪਾਰਟੈਂਸ ਰੱਖਦਾ ਹੈ। ਇਸ ਲਈ ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਅਤੇ ਉਨ੍ਹਾਂ ਦੇ ਡਿਪਾਰਟਮੈਂਟ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚੋਂ ਕੇਵਲ ਪੰਜਾਬ ਸਟੇਟ ਹੀ ਅਜਿਹੀ ਸਟੇਟ ਹੈ ਜਿਥੇ 6--11 ਸਾਲ ਦੇ ਏਜ ਗਰੁਪ ਵਿਚ ਐਨਰੋਲਮੈਂਟ 100 ਪ੍ਰਤੀਸ਼ਤ ਕੀਤੀ ਗਈ ਹੈ। ਇਹ ਬਹੁਤ ਵੱਡੀ ਕਰੈਡੀਟੇਬਲ ਗੱਲ ਹੈ। ਜਿੰਨੇ ਵੀ ਬੰਦੇ ਐਜੂਕੇਸ਼ਨ ਮਨਿਸਟਰ ਤੋਂ ਲੈ ਕੇ ਪ੍ਰਾਇਮਰੀ ਟੀਚਰਜ਼ ਤੱਕ ਹਨ, ਉਨ੍ਹਾਂ ਦਾ ਇਸ ਵਿਚ ਬਹੁਤ ਵੱਡਾ ਰੋਲ ਹੈ। ਇਸ ਲਈ ਇਹ ਸਾਰੇ ਵਧਾਈ ਦੇ ਪਾਤਰ ਹਨ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ। ਉਹ ਇਹ ਹੈ ਕਿ ਇਹੀ ਹੀ ਨਹੀਂ ਕਿ ਇਸ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਪੜ੍ਹਾਓ ਬਲਕਿ ਇਸ ਦੇ ਨਾਲ ਨਾਲ ਇਨ੍ਹਾਂ ਨੇ ਟੀਚਰਜ਼ ਲਈ ਇਕ ਐਸਾ ਐਵੀਨਿਊਜ਼ ਖੋਲ੍ਹਣ ਦਾ ਕੰਮ ਕੀਤਾ ਹੈ ਜਿਸ ਨਾਲ ਪੰਜਾਬ ਦੇ ਟੀਚਰਜ਼ ਆਪਣੇ ਆਪ ਨੂੰ ਸੈਟਿਸਫਾਈਡ ਮਹਿਸੂਸ ਕਰ ਰਹੇ ਹਨ। ਬਲਾਕ ਐਜੂਕੇਸ਼ਨ ਅਫਸਰ ਇਨ੍ਹਾਂ ਵਿਚੋਂ ਬਣਨਗੇ। ਫਿਰ ਪਹਿਲਾਂ ਹੈਡ ਟੀਚਰਜ਼ ਦੀਆਂ 1500 ਪੋਸਟਾਂ ਸਨ ਔਰ ਫਿਰ 3288 ਪੋਸਟਾਂ ਹੋਰ ਹੈਡ ਟੀਚਰਜ਼ ਦੀਆਂ ਸੈਂਕਸ਼ਨਡ ਕਰ ਦਿਤੀਆਂ ਗਈਆਂ ਹਨ ਔਰ ਟਾਈਮ ਸਿਰ ਇਨ੍ਹਾਂ ਦੀਆਂ ਪ੍ਰੋਮੋਸ਼ਨਜ਼ ਕੀਤੀਆਂ ਗਈਆਂ ਹਨ। ਇਹ ਵੀ ਦੇਖਿਆ ਗਿਆ ਹੈ ਕਿ ਬੱਚਿਆਂ ਦੀ ਪੜ੍ਹਾਈ ਦਾ ਹਰਜ਼ ਨਾ ਹੋਵੇ। ਇਸ ਲਈ ਉਨ੍ਹਾਂ ਦੀ ਸ਼ਿਫਟਿੰਗ ਮਿਤੀ 1 ਅਪਰੈਲ, 1982 ਤੋਂ ਹੋਵੇਗੀ। ਇਸ ਫੈਸਲੇ ਲਈ ਐਜੂਕੇਸ਼ਨ ਮਨਿਸਟਰ ਸਾਹਿਬ ਵਧਾਈ ਦੇ ਪਾਤਰ ਹਨ ਔਰ ਮੈਂ ਇਸ ਲਈ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ।

ਇਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਬਾਦਲ ਸਾਹਿਬ ਦੀ ਜਦੋਂ ਸਰਕਾਰ ਸੀ ਉਦੋਂ ਆਦਰਸ਼ ਸਕੂਲ ਖੋਲ੍ਹੇ ਗਏ ਸਨ। ਸਿਰਫ 5 ਆਦਰਸ਼ ਸਕੂਲਾਂ ਲਈ ਸਵਾ ਕਰੋੜ ਰੁਪਿਆ ਖਰਚਿਆ ਗਿਆ ਸੀ। ਤੁਹਾਨੂੰ ਪਤਾ ਹੈ ਕਿ ਸਾਡੇ ਕਿੰਨੇ ਹੀ ਸਕੂਲ ਅਜਿਹੇ ਹਨ ਜਿਥੇ ਬੱਚੇ ਦਰਖਤਾਂ ਥੱਲੇ ਬੈਠਦੇ ਹਨ ਔਰ ਕਿੰਨੇ ਹੀ ਸਕੂਲ ਅਜਿਹੇ ਹਨ ਜਿਥੇ ਜ਼ਿਆਦਾ ਧੁਪ ਵਿਚ ਔਰ ਮੀਂਹਾਂ ਵਿਚ ਪ੍ਰਾਪਰ ਬਿਲਡਿੰਗਾਂ ਨਾ ਹੋਣ ਕਰਕੇ ਛੁਟੀਆਂ ਕਰ ਦਿਤੀਆਂ ਜਾਂਦੀਆਂ ਹਨ। ਜਿੰਨੇ ਅਮੀਰਾਂ ਦੇ ਬੱਚੇ ਹਨ ਉਹ ਹੀ ਪਬਲਿਕ ਸਕੂਲਾਂ ਵਿਚ ਪੜ੍ਹਾ ਸਕਦੇ ਹਨ ਪਰ ਜਿੰਨੇ ਵੀ ਗਰੀਬਾਂ ਦੇ ਬੱਚੇ ਹਨ ਉਹ ਹੀ ਇਨ੍ਹਾਂ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਦੇ ਹਨ। ਇਸ ਲਈ ਇਸ ਸਰਕਾਰ ਨੇ ਇਨ੍ਹਾਂ ਗਰੀਬ ਬੱਚਿਆਂ ਦੇ ਸਕੂਲਾਂ ਲਈ ਜੋ ਬਿਲਡਿੰਗਾਂ ਬਣਾਉਣ ਦਾ ਯਤਨ ਕੀਤਾ ਹੈ, ਉਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਇਨ੍ਹਾਂ ਨੇ 1980-81 ਵਿਚ ਤਕਰੀਬਨ ਇਸ ਕੰਮ ਲਈ 50 ਲੱਖ ਰੁਪਏ ਰੱਖੇ ਸੀ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਫਿਰ 1981-80 ਵਿਚ ਇਸ ਕੰਮ ਲਈ 1 ਕਰੋੜ ਰੱਖਿਆ ਗਿਆ । 1982-83 ਵਿਚ ਵੀ ਐਨਾ ਹੀ ਰੱਖਿਆ ਜਾਣਾ ਹੈ । ਇਸ ਤਰ੍ਹਾਂ ਕਰਨ ਨਾਲ ਹਰ ਸਾਲ ਕੋਈ ਚਾਰ ਸੌ ਜਾਂ ਪੰਜ ਸੌ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣ ਜਾਣਗੀਆਂ ਜਿਥੇ ਕਿ ਬੱਚੇ ਧੁਪ ਅਤੇ ਮੀਂਹ ਤੋਂ ਬਚ ਸਕਣਗੇ ਔਰ ਆਪਣੀ ਪੜ੍ਹਾਈ ਕਰ ਸਕਣਗੇ ।

ਇਕ ਹੋਰ ਚੀਜ਼ ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ । ਉਹ ਇਹ ਹੈ ਕਿ ਜਿੰਨੇ ਵੀ ਆਈ. ਏ. ਐਸ. ਬਣਦੇ ਹਨ ਉਹ ਤਕਰੀਬਨ ਹੋਰ ਸਟੇਟਾਂ ਤੋਂ ਹੀ ਬਣਦੇ ਹਨ ਔਰ ਪੰਜਾਬ ਸਟੇਟ ਵਿਚੋਂ ਆਈ. ਏ. ਐਸ. ਦਾ ਹਿੱਸਾ ਘੱਟ ਰਿਹਾ ਹੈ । ਇਸ ਘਾਟ ਨੂੰ ਪੂਰਾ ਕਰਨ ਵਾਸਤੇ ਪੰਜਾਬ ਸਰਕਾਰ ਨੇ ਆਪਣੇ ਚਾਰ ਕਾਲਜਾਂ ਵਿਚ ਕੈਰੀਅਰ ਕੋਰਸਿਜ਼ ਖੋਲ੍ਹ ਦਿਤੇ ਹਨ । ਉਥੋਂ ਸਾਡੇ ਬੱਚੇ ਟਰੇਨਿੰਗ ਲੈ ਕੇ ਆਈ. ਏ. ਐਸ. ਔਰ ਆਈ. ਪੀ. ਐਸ. ਵਿਚ ਕੰਪੀਟ ਕਰ ਸਕਣਗੇ । ਤੁਸੀਂ ਪਿਛਲੀ ਲਿਸਟ ਕੱਢ ਕੇ ਦੇਖ ਲਓ ਉਸ ਤੋਂ ਪਤਾ ਲੱਗੇਗਾ ਕਿ ਜ਼ਿਆਦਾ ਤਰ ਬੱਚੇ ਇਸ ਲਈ ਦਿੱਲੀ ਤੋਂ ਹੀ ਆਉਂਦੇ ਹਨ । ਪੰਜਾਬ ਦਾ ਇਸ ਵਿਚ ਬਹੁਤ ਘੱਟ ਹਿੱਸਾ ਹੈ।

ਇਕ ਹੋਰ ਚੀਜ਼ ਜਿਸ ਲਈ ਪੰਜਾਬ ਸਰਕਾਰ ਮੁਬਾਰਕਬਾਦ ਦੀ ਮੁਸਤਹਿੱਕ ਹੈ, ਉਹ ਇਹ ਹੈ ਕਿ ਪ੍ਰਾਈਵੇਟ ਸਕੂਲਾਂ ਔਰ ਕਾਲਜਾਂ ਦੇ ਡੈਫੀਸਿਟ ਨੂੰ ਪੂਰਾ ਕਰਨ ਲਈ ਪੰਜਾਬ ਸਰਕਾਰ ਵਲੋਂ ਉਨ੍ਹਾਂ ਨੂੰ 13.29 ਕਰੋੜ ਰੁਪਏ ਸਾਲ ਦੇ ਬਤੌਰ ਗ੍ਰਾਂਟ ਇਨ-ਏਡ ਦਿਤੇ ਜਾਂਦੇ ਹਨ ।

ਇਸ ਦੇ ਇਲਾਵਾ ਪੰਜਾਬ ਗੌਰਮਿੰਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੈਫੀਸਿਟ ਵਿਚ, ਪੰਜਾਬੀ ਯੂਨੀਵਰਸਿਟੀ ਦੇ ਡੈਫੀਸਿਟ ਵਿਚ ਅਤੇ ਪੰਜਾਬ ਯੂਨੀਵਰਸਿਟੀ ਦੇ ਡੈਫੀਸਿਟ ਵਿਚ 40 ਪ੍ਰਤੀ-ਸ਼ਤ ਆਪਣੇ ਕੋਲੋਂ ਦਿੰਦੀ ਹੈ । ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਜੂਕੇਸ਼ਨ ਇਕੱਲੀ ਕਿਤਾਬਾਂ ਦੀ ਨਹੀਂ ਖੇਡਾਂ ਦੀ ਐਜੂਕੇਸ਼ਨ ਵੀ ਜ਼ਰੂਰੀ ਹੈ । ਜਿੰਨਾਂ ਚਿਰ ਬੱਚਾ ਫਿਜ਼ੀਕਲ ਤੌਰ ਤੇ ਠੀਕ ਨਾ ਹੋਵੇ ਉਨਾਂ ਚਿਰ ਉਸ ਦੀ ਐਜੂਕੇਸ਼ਨ ਕੰਪਲੀਟ ਨਹੀਂ ਹੈ । ਇਸ ਕਰਕੇ ਸਾਡੇ ਚੀਫ ਮਨਿਸਟਰ ਸਾਹਿਬ ਨੇ ਜਲੰਧਰ ਵਿਚ ਸਪੋਰਟਸ ਅਕੈਡਮੀ ਖੋਲ੍ਹਣ ਦਾ ਫੈਸਲਾ ਕੀਤਾ ਹੈ । ਉਸ ਦੇ ਵਾਸਤੇ ਜ਼ਮੀਨ ਲੈ ਲਈ ਹੈ । ਇਹ ਇਕ ਬਹੁਤ ਵੱਡਾ ਫੈਸਲਾ ਹੈ । ਇਸ ਵਾਸਤੇ ਇਹ ਸਰਕਾਰ ਮੁਬਾਰਕਬਾਦ ਦੀ ਮੁਸਤਹਿੱਕ ਹੈ । ਜਦੋਂ ਸਾਡੇ ਬੱਚੇ, ਸਾਡੀਆਂ ਟੀਮਾਂ ਬਾਹਰ ਦੇ ਮੁਲਕਾਂ ਤੋਂ ਹਾਰ ਜਾਂਦੀਆਂ ਹਨ ਤਾਂ ਅਸੀਂ ਬੜਾ ਦੁੱਖ ਮਹਿਸੂਸ ਕਰਦੇ ਹਾਂ । ਪਰ ਸਾਨੂੰ ਇਸ ਗੱਲ ਦਾ ਮਾਣ ਹੈ ਕਿ ਪਿਛਲੇ 2 ਸਾਲਾਂ ਵਿਚ ਸਾਡੀਆਂ ਮੈਨ ਅਤੇ ਵੋਮੈਨ ਟੀਮਾਂ ਨੈਸ਼ਨਲ ਲੈਵਲ ਤੇ ਜਿੱਤੀਆਂ । ਪੰਜਾਬ ਨੇ ਬੈਡਮਿਨਟਨ ਅਤੇ ਖੋਹ ਖੋਹ ਵਿਚ ਪੁਜ਼ੀਸ਼ਨ ਲਈ ।

ਇਸ ਦੇ ਇਲਾਵਾ ਪੰਜਾਬ ਦਾ ਇਕ ਬਹੁਤ ਵੱਡਾ ਮਸਲਾ ਹੈ । ਪੰਜਾਬ ਦੀ 1 ਕਰੋੜ 66 ਲੱਖ ਦੀ ਪਾਪੂਲੇਸ਼ਨ ਹੈ ਜਿਸ ਵਿਚੋਂ 1 ਕਰੋੜ ਦੀ ਆਬਾਦੀ ਅਨਪੜ੍ਹ ਹੈ । ਇਸ ਕਰਕੇ ਇਹ 20 ਨੁਕਾਤੀ ਪ੍ਰੋਗਰਾਮ ਦੇ ਵਿਚ ਬੜਾ ਮਹੱਤਵਪੂਰਨ ਮਸਲਾ ਹੈ । ਇਸ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਅਸੀਂ 1990 ਤਕ ਹਰ ਸਾਲ 6 ਲੱਖ ਦੇ ਕਰੀਬ ਨੂੰ ਲਿਖਣਾ ਅਤੇ ਪੜ੍ਹਨਾ ਸਿਖਾ ਦੇਣਾ ਹੈ। ਇਸ ਤਰ੍ਹਾਂ ਅਸੀਂ 1990 ਤਕ 50 ਲੱਖ ਦੇ ਕਰੀਬ ਲੋਕਾਂ ਨੂੰ ਵਿਦਿਆ ਦੇ ਸਕਾਂਗੇ । ਮੈਂ ਸਮਝਦਾ ਹਾਂ ਕਿ ਜਿਥੇ ਐਜੂਕੇਸ਼ਨ ਦੇ ਮੈਦਾਨ ਵਿਚ ਸਾਡੀ ਸਰਕਾਰ ਨੇ ਐਨੇ ਕੰਮ ਕੀਤੇ ਹਨ ਉਥੇ ਪੇਂਡੂ ਵਿਕਾਸ ਦੇ ਵਾਸਤੇ ਵੀ ਖਾਸ ਤੌਰ ਤੇ ਸਾਡੇ ਮੁੱਖ ਮੰਤਰੀ ਜੀ, ਸਾਡੇ ਡਿਵੈਲਪਮੈਂਟ ਦੇ ਮਨਿਸਟਰ ਰੰਧਾਵਾ ਸਾਹਿਬ ਇਸ ਗੱਲ ਦੀ ਵਧਾਈ ਦੇ ਮੁਸਤਹਿਕ ਹਨ ਜਿਨ੍ਹਾਂ ਨੇ ਇਹ ਮਹਿਸੂਸ ਕੀਤਾ

Original with;
Punjab Vidhan Sabha
Digitized by;
Panjab Digital Library

ਕਿ ਪਿੰਡਾਂ ਵਿਚ ਬੱਚੇ ਨੂੰ ਮਾਂ ਸਿੰਗਾਰਦੀ ਅਤੇ ਪਾਲਦੀ ਹੈ ਅਤੇ ਸੰਵਾਰਕੇ ਸਕੂਲ ਨੂੰ ਪੜ੍ਹਨ ਲਈ ਭੇਜਦੀ ਹੈ ਪਰ ਰਸਤਾ ਖਰਾਬ ਹੋਣ ਕਰਕੇ ਬੱਚੇ ਦਾ ਪੈਰ ਤਿਲਕ ਜਾਂਦਾ ਹੈ ਅਤੇ ਉਹ ਡਿੱਗ ਪੈਂਦਾ ਹੈ ਅਤੇ ਸੱਟ ਲੁਆਕੇ ਉਹ ਬੱਚਾ ਘਰ ਆ ਜਾਂਦਾ ਹੈ ਪਰ ਬੱਚੇ ਦੇ ਘਰ ਆਉਂਦੇ ਹੀ ਉਸ ਦੀ ਮਾਂ ਉਸ ਨੂੰ ਚਪੇੜ ਮਾਰ ਦਿੰਦੀ ਹੈ ਪਰ ਉਸ ਦੀ ਮਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਇਸ ਵਿਚ ਬੱਚੇ ਦਾ ਕੋਈ ਦੋਸ਼ ਨਹੀਂ ਹੈ ਕਿਉਂਕਿ ਗਲੀਆਂ ਅਤੇ ਨਾਲੀਆਂ ਟੁੱਟੀਆਂ ਹੋਈਆਂ ਹਨ । ਰਸਤੇ ਵਿਚ ਬੜਾ ਖੋਭਾ ਹੁੰਦਾ ਹੈ, ਬੱਚਾ ਡਿੱਗ ਪੈਂਦਾ ਹੈ ਅਤੇ ਇਸ ਵਿਚ ਬੱਚੇ ਦਾ ਕੋਈ ਕਸੂਰ ਨਹੀਂ ਹੈ। ਇਸ ਲਈ ਚੀਫ ਮਨਿਸਟਰ ਸਾਹਿਬ ਨੇ, ਡਿਵੈਲਪਮੈਂਟ ਮਨਿਸਟਰ ਸਾਹਿਬ ਨੇ, ਯਾਨੀ ਕਿ ਸਾਰੀ ਕੈਬਨਿਟ ਨੇ ਇਹ ਫੈਸਲਾ ਲਿਆ ਹੈ ਕਿ ਅਸੀਂ 5 ਸਾਲ ਦੇ ਅੰਦਰ ਅੰਦਰ ਪੰਜਾਬ ਦੇ ਹਰ ਪਿੰਡ ਦੀ ਗਲੀ ਅਤੇ ਨਾਲੀ ਪੱਕੀ ਕਰਾਂਗੇ । ਇਹ ਬੜਾ ਸ਼ਾਨਦਾਰ ਫੈਸਲਾ ਹੈ ਅਤੇ ਇਸ ਲਈ ਇਹ ਸਰਕਾਰ ਮੁਬਾਰਕਬਾਦ ਦੀ ਮੁਸਤਹਿਕ ਹੈ । (ਥੰਪਿੰਗ) ਇਹ ਕੋਈ ਜ਼ਬਾਨੀ ਗੱਲਾਂ ਨਹੀਂ ਕੀਤੀਆਂ ਬਲਕਿ ਅਮਲੀ ਰੂਪ ਦਿਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਤੱਕ 743 ਪਿੰਡਾਂ ਵਿਚ ਗਲੀਆਂ ਅਤੇ ਨਾਲੀਆਂ ਬਣ ਚੁਕੀਆਂ ਹਨ ਅਤੇ 2 ਹਜ਼ਾਰ ਪਿੰਡਾਂ ਵਿਚ ਕੰਮ ਸ਼ੁਰੂ ਹੈ । ਇਸ ਦੇ ਇਲਾਵਾ ਡਿਵੈਲਪਮੈਂਟ ਡਿਪਾਰਟਮੈਂਟ ਨੇ ਸਾਡੇ ਪਿੰਡਾਂ ਦੇ ਲੋਕਾਂ ਲਈ ਇਕ ਹੋਰ ਗੱਲ ਕੀਤੀ ਹੈ । ਪਿੰਡਾਂ ਦੇ ਲੋਕੀਂ ਜਿਨ੍ਹਾਂ ਦੇ ਕੋਲ ਸੂਝ ਹੈ, ਸ਼ਕਤੀ ਹੈ ਅਤੇ ਦਿਮਾਗ ਵੀ ਹੈ, ਉਹ ਕੰਮ ਕਰ ਸਕਦੇ ਹਨ ਪਰ ਉਨ੍ਹਾਂ ਕੋਲ ਧਨ ਨਹੀਂ ਜਿਸ ਨਾਲ ਕਿ ਉਹ ਆਪਣੀ ਛੋਟੀ ਮੋਟੀ ਇੰਡਸਟਰੀ ਸ਼ੁਰੂ ਕਰ ਸਕਦੇ। ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਹੋਰ ਬਹੁਤ ਸਾਰੀਆਂ ਏਜੰਸੀਆਂ ਸਨ ਪਰ ਸਾਡੀ ਸਰਕਾਰ ਨੇ ਇਕ ਕਦਮ ਚੁਕ ਕੇ ਉਨ੍ਹਾਂ ਸਾਰੀਆਂ ਏਜੰਸੀਆਂ ਨੂੰ ਇਕੱਠਾ ਕਰਕੇ ਇਕ ਰੂਰਲ ਡਿਵੈਲਪਮੈਂਟ ਏਜੰਸੀ 12 ਜ਼ਿਲ੍ਹਿਆਂ ਵਿਚ ਰਜਿਸਟਰ ਕਰ ਦਿਤੀ ਹੈ । ਇਸ ਦਾ ਕੰਮ ਹੈ ਕਿ ਪਿੰਡਾਂ ਵਿਚ ਗਰੀਬ ਲੋਕਾਂ ਨੂੰ, ਹਰੀਜਨਾਂ ਨੂੰ ਲੋਨ ਦਿਤੇ ਜਾਣ ਅਤੇ ਲੋਨ ਵੀ ਫਰੀ ਆਫ ਇੰਟਰੈਸਟ ਤੇ ਜਾਂ ਫਿਰ ਘੱਟ ਰੇਟ ਤੇ ਅਤੇ ਫਿਰ ਗਰਾਂਟ ਦੇਣੀ; ਤਾਂਕਿ ਉਹ ਲੋਕ ਵੀ ਆਪਣੇ ਆਪ ਤੇ ਨਿਰਭਰ ਹੋ ਸਕਣ । ਇਹ ਬਹੁਤ ਅੱਛਾ ਕੰਮ ਹੈ । ਇਹ ਸਰਕਾਰ ਦਾ ਕਦਮ ਮਹਾਤਮਾ ਗਾਂਧੀ ਦੇ ਉਸ ਕਥਨ ਦੇ ਮੁਤਾਬਿਕ ਹੈ, ਜਿਵੇਂ ਮਹਾਤਮਾ ਗਾਂਧੀ ਜੀ ਕਹਿੰਦੇ ਸਨ ਕਿ ਹਿੰਦੁਸਤਾਨ ਪਿੰਡਾਂ ਵਿਚ ਵੱਸਦਾ ਹੈ । 1980-81 ਵਿਚ 83,882 ਬੰਦਿਆਂ ਵਿਚੋਂ 26,796 ਹਰੀਜਨ ਸਨ, ਜਿਨ੍ਹਾਂ ਨੂੰ ਇਮਦਾਦ ਦਿਤੀ ਗਈ । ਫਿਰ 1981-82 ਵਿਚ 708 ਲੱਖ ਰੁਪਿਆ ਪ੍ਰੋਵਾਈਡ ਕੀਤਾ ਗਿਆ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਇਸ ਸਾਲ ਹੁਣ ਤੱਕ 55,000 ਆਦਮੀਆਂ ਵਿਚੋਂ 19,769 ਸ਼ੈਡਿਊਲਡ ਕਾਸਟਸ ਆਦਮੀਆਂ ਨੂੰ ਬੈਨੀਫਿਟ ਪਹੁੰਚਿਆ ਹੈ । ਇਸ ਦੇ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਥੇ ਬੈਂਕਾਂ ਦੀ ਕੁਆਪ੍ਰੇਸ਼ਨ ਅਜੇ ਵੀ ਉਸ ਢੰਗ ਨਾਲ ਨਹੀਂ ਹੋਈ ਜਿਸ ਢੰਗ ਨਾਲ ਹੋਣੀ ਚਾਹੀਦੀ ਸੀ । ਤਕੜੇ ਹੋ ਕੇ ਇਸ ਪਾਸੇ ਧਿਆਨ ਦੇ ਕੇ ਗਰੀਬਾਂ ਤੱਕ ਪੈਸਾ ਪਹੁੰਚਾਇਆ ਜਾਣਾ ਚਾਹੀਦਾ ਹੈ । ਬੈਂਕਾਂ ਵਾਲੇ ਇਸ ਮਾਮਲੇ ਵਿਚ ਠੀਕ ਤਰ੍ਹਾਂ ਨਹੀਂ ਚਲਦੇ । ਬੈਂਕਾਂ ਦੇ ਮੈਨੇਜਰ ਕਹਿੰਦੇ ਹਨ ਕਿ ਕਰਜ਼ੇ ਉਨ੍ਹਾਂ ਲੋਕਾਂ ਨੂੰ ਦਿਓ ਜਿਹੜੇ ਕਰਜ਼ਾ ਦੇਣ ਦੀ ਕਸ਼ਮਤਾ ਰੱਖਦੇ ਹਨ । ਪਰ ਸਾਡੇ ਮੁੱਖ ਮੰਤਰੀ ਸਾਹਿਬ, ਰੰਧਾਵਾ ਜੀ ਅਤੇ ਚੌਧਰੀ ਜਗਤ ਰਾਮ ਜੀ ਨੇ ਕਰਜ਼ੇ ਉਨ੍ਹਾਂ ਨੂੰ ਦੇਣੇ ਸ਼ੁਰੂ ਕੀਤੇ ਹਨ ਜਿਹੜੇ ਲਾਵਾਰਸ ਹਨ ਅਤੇ ਜਿਨ੍ਹਾਂ ਦੀ ਕੋਈ ਜ਼ਮਾਨਤ ਨਹੀਂ ਦਿੰਦਾ। ਉਨ੍ਹਾਂ ਲੋਕਾਂ; ਦੀ ਜ਼ਮਾਨਤ ਮੁੱਖ ਮੰਤਰੀ ਜੀ ਨੇ, ਰੰਧਾਵਾ ਜੀ ਨੇ ਅਤੇ ਚੌਧਰੀ ਜਗਤ ਰਾਮ ਜੀ ਨੇ ਦਿਤੀ ਹੈ । (ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਇਕ ਬਹੁਤ ਵੱਡਾ ਕੰਮ ਹੈ । ਇਸ ਲਈ ਚੀਫ ਮਨਿਸਟਰ ਸਾਹਿਬ ਦੀ ਸਰਕਾਰ ਇਸ ਗੱਲ ਲਈ ਮੁਬਾਰਿਕਬਾਦ ਦੀ ਮੁਸਤਹਿਕ ਹੈ ।

ਇਥੇ ਕਾਮਰੇਡ ਬੈਠੇ ਹਨ ਉਹ ਇੰਡਸਟਰੀਅਲ ਵਰਕਰਜ਼ ਲਈ ਅਤੇ ਐਗਰੀਕਲਚਰਲ ਲੇਬਰ ਲਈ ਰੌਲਾ ਪਾਉਂਦੇ ਰਹਿੰਦੇ ਹਨ ਕਿ ਉਨ੍ਹਾਂ ਦੀ ਮਿਨੀਮਮ ਵੇਜ ਵਧਾਈ ਜਾਵੇ । ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਜਿਨ੍ਹਾਂ ਦੀ ਇਹ ਕਾਮਰੇਡ ਵੀਰ ਮੱਦਦ ਕਰਦੇ ਸਨ, ਉਨ੍ਹਾਂ ਦੀ ਮਿਨੀਮਮ ਵੇਜ ਨਹੀਂ ਵਧਾ ਸਕੀ। ਪਰ ਇਸ ਗੱਲ ਦਾ ਕਰੈਡਿਟ ਵੀ ਸਾਡੀ ਇਸ ਸਰਕਾਰ ਨੂੰ ਜਾਂਦਾ ਹੈ। ਇਸ ਗੱਲ ਲਈ ਮੈਂ ਚੌਧਰੀ ਜਗਤ ਰਾਮ ਜੀ ਨੂੰ ਵਧਾਈ ਦਿੰਦਾ ਹਾਂ। (ਥੰਪਿੰਗ) ਇਨ੍ਹਾਂ ਸਾਹਮਣੇ ਬੈਠੇ ਵੀਰਾਂ ਦੀ ਜਦ ਸਰਕਾਰ ਸੀ ਅਤੇ ਕਾਮਰੇਡ ਸਾਥੀ ਉਨ੍ਹਾਂ ਨਾਲ ਸਨ ਤਾਂ ਉਦੋਂ 1 ਜਨਵਰੀ, 1979 ਨੂੰ ਉਨ੍ਹਾਂ ਨੇ ਐਗਰੀਕਲਚਰਲ ਲੇਬਰ ਦੀ ਮਿਨੀਮਮ ਵੇਜ 240 ਰੁਪਏ ਪ੍ਰਤੀ ਮਹੀਨਾ ਮੁਕੱਰਰ ਕੀਤੇ ਸਨ ਪਰ ਸਾਡੀ ਸਰਕਾਰ ਨੇ 340 ਰੁਪਏ ਪ੍ਰਤੀ ਮਹੀਨਾ ਕੀਤੇ ਹਨ। (ਥੰਪਿੰਗ) ਇਸ ਦੇ ਇਲਾਵਾ ਉਦੋਂ ਡੇਲੀ 8 ਰੁਪਏ 70 ਪੈਸੇ ਸੀ ਬਗੈਰ ਖਾਣੇ ਦੇ ਪਰ ਖਾਣੇ ਨਾਲ ਡੇਲੀ 6 ਰੁਪਏ 70 ਪੈਸੇ ਸੀ। ਕੰਡੀ ਏਰੀਆ ਦੇ ਮਜ਼ਦੂਰਾਂ ਨੂੰ 1 ਰੁਪਿਆ ਹੋਰ ਘੱਟ ਮਿਲਦਾ ਸੀ। ਪਰ ਇਸ ਸਾਡੀ ਸਰਕਾਰ ਨੇ ਹੁਣ ਪੂਰੀਆਂ ਵੇਜਿਜ਼ ਦਿਤੀਆਂ ਹਨ। ਹੁਣ 14 ਰੁਪਏ ਦਿਹਾੜੀ ਹੈ ਜੇ ਉਹ ਰੋਟੀ ਨਾ ਲਵੇ, ਪਰ ਜੇ ਉਹ ਰੋਟੀ ਲਵੇ ਤਾਂ ਫਿਰ ਦਿਹਾੜੀ 11 ਰੁਪਏ ਹੈ। ਕੰਡੀ ਏਰੀਏ ਦਾ ਫਰਕ ਵੀ ਖਤਮ ਕਰ ਦਿਤਾ ਹੈ। ਕਾਮਰੇਡ ਰਾਜ ਕੁਮਾਰ ਦੇ ਕੱਲ ਇਕ ਸਵਾਲ ਦੇ ਜਵਾਬ ਵਿਚ ਮਨਿਸਟਰ ਸਾਹਿਬ ਨੇ ਦਸਿਆ ਸੀ ਕਿ ਹੁਣ ਲੇਬਰ ਕੋਰਟਸ 4 ਹਨ ਅਤੇ 2 ਅਸੀਂ ਹੋਰ ਬਣਾ ਰਹੇ ਹਾਂ। ਇਨ੍ਹਾਂ ਵਿਚੋਂ ਇਕ ਬਠਿੰਡੇ ਬਣੇਗੀ ਅਤੇ ਇਕ ਗੁਰਦਾਸਪੁਰ ਵਿਚ ਬਣੇਗੀ।

ਇਕ ਹੋਰ ਗੱਲ, ਡਿਪਟੀ ਸਪੀਕਰ ਸਾਹਿਬ, ਜਿਹੜੀ ਮੈਂ ਕਹਿਣੀ ਚਾਹੁੰਦਾ ਹਾਂ ਉਸ ਦੇ ਨਾਲ ਵੀ ਮੇਰੇ ਕਾਮਰੇਡ ਸਾਥੀ ਮੁਤਫਿਕ ਹੋਣਗੇ ਅਤੇ ਇਸ ਦੇ ਲਈ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਅਤੇ ਚੌਧਰੀ ਜਗਤ ਰਾਮ ਜੀ ਮੁਬਾਰਿਕਬਾਦ ਦੇ ਮੁਸਤਹਿਕ ਹਨ ਕਿ ਇੰਡਸਟਰੀਅਲ ਡਿਸਪਿਊਟ ਐਕਟ ਦੇ ਮੁਤਾਬਿਕ ਪਹਿਲਾਂ ਜਿਸ ਵਰਕਰ ਦੀ 500 ਰੁਪਏ ਤੋਂ ਆਮਦਨ ਵੱਧ ਜਾਂਦੀ ਸੀ ਉਹ ਇਸ ਦਾ ਬੈਨੀਫਿਟ ਨਹੀਂ ਸੀ ਲੈ ਸਕਦਾ ਪਰ ਹੁਣ ਇਸ ਸਰਕਾਰ ਨੇ ਮਿਤੀ 3 ਦਸੰਬਰ 1981 ਨੂੰ ਇਹ ਆਮਦਨ 500 ਰੁਪਏ ਤੋਂ ਵਧਾ ਕੇ 650 ਰੁਪਏ ਤੱਕ ਕਰ ਦਿਤੀ ਹੈ ਤਾਂ ਕਿ ਜਿਸ ਮਜ਼ਦੂਰ ਦੇ ਵੇਜਿਜ਼ ਵੱਧ ਗਏ ਹਨ ਉਹ ਵੀ ਇਸ ਦਾ ਫਾਇਦਾ ਲੈ ਸਕੇ। ਇਸ ਤੋਂ ਇਲਾਵਾ ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਜੋ ਇਸ ਸਰਕਾਰ ਨੇ ਕੀਤੀ ਹੈ ਉਹ ਵੀ ਬੜੀ ਚੰਗੀ ਕੀਤੀ ਹੈ। ਅਸੀਂ ਸਾਰੇ ਅਨਇੰਪਲਾਇਡ ਦੇ ਬਾਰੇ ਗੱਲਾਂ ਕਰਦੇ ਹਾਂ ਅਤੇ ਜਿਹੜਾ ਪਹਿਲਾਂ ਅਨਇੰਪਲਾਇਡ ਨੂੰ ਭੱਤਾ ਦਿਤਾ ਜਾਂਦਾ ਸੀ ਉਹ ਵੀ ਸਾਡੀ ਇਸ ਸਰਕਾਰ ਨੇ ਡਬਲ ਕਰ ਦਿਤਾ ਹੈ ਤਾਂ ਕਿ ਜਿਹੜਾ ਬੰਦਾ ਮੈਟਰਿਕ ਜਾਂ ਅੰਡਰ ਮੈਟਰਿਕ ਹੈ ਜਾਂ ਗਰੈਜੂਏਟ ਹੈ ਉਹ ਆਪਣਾ ਗੁਜ਼ਾਰਾ ਕਰ ਸਕੇ। ਮੈਟਰਿਕ ਜਾਂ ਅੰਡਰ ਮੈਟਰਿਕ ਨੂੰ ਪਹਿਲਾਂ 40 ਰੁਪਏ ਮਹੀਨਾ ਸੀ ਪਰ ਹੁਣ 80 ਰੁਪਏ ਮਹੀਨਾ ਕਰ ਦਿਤਾ ਹੈ ਅਤੇ ਇਸ ਤਰ੍ਹਾਂ ਗਰੈਜੂਏਟਸ ਨੂੰ 50 ਰੁਪਏ ਮਹੀਨਾ ਸੀ ਹੁਣ ਇਸ ਸਰਕਾਰ ਨੇ 100 ਰੁਪਏ ਮਹੀਨਾ ਕਰ ਦਿਤਾ ਹੈ। ਇਕ ਹੋਰ ਗੱਲ ਇਸ ਸਰਕਾਰ ਨੇ ਜੋ ਕੀਤੀ ਹੈ ਉਹ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਹ ਹੁੰਦਾ ਸੀ ਕਿ ਜਿਸ ਆਦਮੀ ਨੂੰ ਇੰਪਲਾਇਮੈਂਟ ਐਕਸਚੇਂਜ਼ ਵਿਚ ਨਾਂ ਦਰਜ ਕਰਵਾਏ ਨੂੰ 5 ਸਾਲ ਹੋ ਗਏ ਹੋਣ ਉਸ ਨੂੰ ਇਹ ਪੈਸਾ ਦਿਤਾ ਜਾਂਦਾ ਸੀ ਪਰ ਹੁਣ ਇਹ ਪੀਰੀਅਡ ਇਸ ਸਰਕਾਰ ਨੇ 3 ਸਾਲ ਦਾ ਕਰ ਦਿਤਾ ਹੈ। ਇਸ ਸਰਕਾਰ ਨੇ ਇਕ ਹੋਰ ਵੀ ਬੜਾ ਚੰਗਾ ਕੰਮ ਕੀਤਾ ਹੈ ਕਿ ਹੁਣੇ ਅਸੀਂ ਇਕ ਹੈਂਡੀਕੈਪਡ ਈਅਰ ਮਨਾਇਆ ਹੈ, ਹੈਂਡੀਕੈਪਡ ਦੇ ਲਈ ਇਸ ਸਰਕਾਰ ਨੇ ਇਹ ਕਰ ਦਿਤਾ ਹੈ ਕਿ ਉਸ ਨੂੰ ਇਤਨਾ ਪੀਰੀਅਡ ਨਾਂ ਦਰਜ ਕਰਵਾਉਣ ਦੀ ਵੀ ਲੋੜ ਨਹੀਂ, ਉਸ ਨੂੰ ਇਤਨੀ ਦੇਰ ਵੇਟ ਕਰਨ ਦੀ ਵੀ ਲੋੜ ਨਹੀਂ। ਜਦੋਂ ਉਹ ਨਾਮ ਦਰਜ ਕਰਵਾਏ, ਅਰਜ਼ੀ ਦੇਵੇ ਅਤੇ ਉਸ ਨੂੰ 50 ਰੁਪਏ ਮਿਲਣਾ ਸ਼ੁਰੂ ਹੋ ਜਾਣਾ ਹੈ। ਇਸ ਦੇ ਲਈ ਇਹ ਸਰਕਾਰ ਮੁਬਾਰਿਕਬਾਦ ਦੀ ਮੁਸਤਹਿਕ ਹੈ।

Original with;
Punjab Vidhan Sabha
Digitized by;
Panjab Digital Library

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਵਿਡੋਜ਼ ਲਈ ਔਰ ਓਲਡ ਏਜ ਲਈ ਪੈਨਸ਼ਨ ਜੋ ਦਿੱਤੀ ਜਾਂਦੀ ਹੈ ਉਸ ਦਾ ਦਫਤਰ ਪਹਿਲਾਂ ਚੰਡੀਗੜ੍ਹ ਸੀ। ਜਿਹੜੇ ਗਰੀਬ ਲੋਕ ਵਿਚਾਰੇ ਅਰਜ਼ੀਆਂ ਦਿੰਦੇ ਸੀ ਉਨ੍ਹਾਂ ਨੂੰ ਬੜੀ ਦਿਕਤ ਹੁੰਦੀ ਸੀ। ਇਹ ਠੀਕ ਹੈ ਕਿ ਜਦੋਂ ਦਫਤਰ ਕਿਸੇ ਜਗ੍ਹਾ ਤੋਂ ਸ਼ਿਫਟ ਕੀਤਾ ਜਾਂਦਾ ਹੈ ਉਸ ਦੇ ਨਾਲ ਦੋ ਚਾਰ ਮਹੀਨੇ ਦਿੱਕਤ ਜ਼ਰੂਰ ਆਉਂਦੀ ਹੈ। ਹੁਣ ਡਿਸਟ੍ਰਿਕਟ ਲੈਵਲ ਤੇ ਕੇਸਿਜ਼ ਚਲੇ ਗਏ ਹਨ ਅਤੇ ਲੋਕਾਂ ਨੂੰ ਇਸ ਦੇ ਨਾਲ ਕਾਫੀ ਆਰਾਮ ਹੋਇਆ ਹੈ। ਇਸ ਦੇ ਨਾਲ ਹੀ ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ। ਮੈਨੂੰ ਖੁਸ਼ੀ ਹੈ ਕਿ ਜਦੋਂ ਮੈਂ ਚੌਧਰੀ ਜਗਤ ਰਾਮ ਜੀ ਨੂੰ ਇਹ ਗਲ ਕੀਤੀ ਸੀ ਤਾਂ ਉਨ੍ਹਾਂ ਨੇ ਇਹ ਗੱਲ ਮਨ ਲਈ ਸੀ। ਪਹਿਲਾਂ ਇਹ ਹੁੰਦਾ ਸੀ ਕਿ ਇਕ ਔਰਤ ਨੂੰ ਵਿਡੋ ਪੈਨਸ਼ਨ ਮਿਲਦੀ ਸੀ ਅਤੇ ਜਦੋਂ ਉਹ 60 ਸਾਲ ਤੋਂ ਵੱਧ ਹੋ ਜਾਂਦੀ ਸੀ ਤਾਂ ਉਸ ਨੂੰ ਕਿਹਾ ਜਾਂਦਾ ਸੀ ਕਿ ਤੂੰ ਹੁਣ 60 ਸਾਲ ਤੋਂ ਉਪਰ ਦੀ ਉਮਰ ਦੀ ਹੋ ਗਈ ਹੈਂ, ਇਸ ਲਈ ਹੁਣ ਤੂੰ ਬੁਢਾਪੇ ਦੀ ਪੈਨਸ਼ਨ ਲੈ। ਕੀ ਇਕ ਵਿਡੋ ਜਦੋਂ 60 ਸਾਲ ਦੀ ਉਮਰ ਤੋਂ ਵੱਧ ਜਾਵੇ ਤਾਂ ਉਹ ਵਿਡੋ ਨਹੀਂ ਸੀ ਰਹਿੰਦੀ? ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮਨਿਸਟਰ ਸਾਹਿਬ ਮੇਰੀ ਇਸ ਗੱਲ ਨੂੰ ਮੰਨ ਕੇ ਅਮੈਂਡਮੈਂਟ ਕਰਨ ਵਾਸਤੇ ਮੰਨ ਗਏ ਹਨ। ਜਿਸ ਔਰਤ ਨੂੰ ਵਿਡੋ ਦੇ ਤੌਰ ਤੇ ਪੈਨਸ਼ਨ ਮਿਲਦੀ ਹੈ ਅਗਰ ਉਸ ਦੀ ਉਮਰ 60 ਸਾਲ ਤੋਂ ਵੱਧ ਜਾਵੇ ਤਾਂ ਉਸ ਦਾ ਨਾਮ ਓਲਡ ਏਜ ਪੈਨਸ਼ਨ ਵਾਲੇ ਪਾਸੇ ਆਪੇ ਟਰਾਂਸਫਰ ਹੋ ਜਾਵੇ, ਇਸ ਦੇ ਲਈ ਕੋਈ ਹੋਰ ਕਾਗਜ਼ ਪੱਤਰ ਦੀ ਲੋੜ ਨਹੀਂ। ਇਸ ਦੇ ਨਾਲ ਹੀ ਮੈਂ ਇਹ ਵੀ ਦਸਣਾ ਚਾਹੁੰਦਾ ਹਾਂ ਕਿ ਇਸ ਦੇ ਵਿੱਚ ਇਕ ਹੋਰ ਵੀ ਮੁਸ਼ਕਲ ਹੈ ਕਿ ਜਿਹੜਾ ਫਾਰਮ ਹੈ ਉਸ ਦੇ ਵਿੱਚ ਲਿਖਿਆ ਹੋਇਆ ਹੈ 25 ਰੁਪਏ ਤੋਂ ਵੱਧ ਆਮਦਨ ਨਹੀਂ ਹੋਣੀ ਚਾਹੀਦੀ। ਅੱਜ ਦੇ ਯੁਗ ਵਿੱਚ, ਡਿਪਟੀ ਸਪੀਕਰ ਸਾਹਿਬ, ਇਹ ਗਲ ਤਾਂ ਮੰਨੀ ਜਾ ਸਕਦੀ ਹੈ ਕਿ ਜੇ ਕੋਈ ਕਹੇ ਕਿ ਮੇਰੀ ਕੋਈ ਆਮਦਨ ਨਹੀਂ ਹੈ ਅਤੇ ਜੇ ਕਿਸੇ ਨੇ ਕੁਝ ਦੇ ਦਿਤਾ ਤਾਂ ਉਸ ਦੇ ਵਿੱਚ ਗੁਜ਼ਾਰਾ ਕਰੀ ਜਾਂਦਾ ਹੈ ਪਰ ਇਹ ਗਲ ਨਹੀਂ ਮੰਨੀ ਜਾ ਸਕਦੀ ਹੈ ਕਿ ਅਗਰ ਕਿਸੇ ਦੀ ਕੋਈ ਆਮਦਨ ਹੈ ਤਾਂ ਉਹ 25 ਰੁਪਏ ਮਹੀਨੇ ਤੋਂ ਘੱਟ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਘੱਟ ਤੋਂ ਘਟ ਆਮਦਨ ਜੋ ਰਖੀ ਜਾਵੇ ਉਹ 100 ਰੁਪਏ ਮਹੀਨਾ ਰਖੀ ਜਾਵੇ। ਇਸ ਦੇ ਲਈ ਮੈਂ ਮਨਿਸਟਰ ਸਾਹਿਬ ਨਾਲ ਗਲ ਵੀ ਕੀਤੀ ਸੀ। ਔਰ ਮੈਨੂੰ ਖੁਸ਼ੀ ਹੈ ਕਿ ਉਨ੍ਹਾਂ ਨੇ ਮੇਰੀ ਇਸ ਗੱਲ ਨੂੰ ਜ਼ਬਾਨੀ ਤਾਂ ਮੰਨ ਲਿਆ ਸੀ। ਹੁਣ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਜਲਦੀ ਤੋਂ ਜਲਦੀ ਕਰ ਕੇ ਇਹ ਜਿਹੜੀ ਆਮਦਨੀ ਹੈ ਇਹ ਘਟ ਤੋਂ ਘਟ 100 ਰੁਪਏ ਮਹੀਨਾ ਜਿਸ ਬੰਦੇ ਦੀ ਆਮਦਨੀ ਹੈ, ਉਸ ਨੂੰ ਪੈਨਸ਼ਨ ਜ਼ਰੂਰ ਦਿਓ।

ਇਸ ਤੋਂ ਬਾਅਦ, ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਰੋਡਜ਼ ਦੇ ਬਾਰੇ ਗਲ ਕਰਨੀ ਚਾਹੁੰਦਾ ਹਾਂ। ਸਾਡੇ ਪੰਜਾਬ ਵਿੱਚ 12,188 ਪਿੰਡ ਹਨ ਔਰ ਇਨ੍ਹਾਂ ਵਿਚੋਂ 178 ਪਿੰਡ ਐਸੇ ਹਨ ਜਿਨ੍ਹਾਂ ਵਿੱਚ ਫਸਟ ਲਿੰਕ ਨਹੀਂ ਦਿਤੇ ਜਾ ਸਕੇ, ਬਾਕੀ ਸਾਰੇ ਪਿੰਡਾਂ ਵਿਚ ਫਸਟ ਲਿੰਕਸ ਪ੍ਰੋਵਾਈਡ ਕਰ ਦਿਤੇ ਗਏ ਹਨ। ਇਨ੍ਹਾਂ 178 ਪਿੰਡਾਂ ਵਿਚ ਫਸਟ ਲਿੰਕ ਨਾ ਦੇਣ ਦੇ ਵੀ ਕਾਰਨ ਹਨ? ਇਹ ਨਹੀਂ ਕਿ ਸਰਕਾਰ ਦੀ ਨੀਅਤ ਨਹੀਂ ਸੀ। ਇਸ ਦਾ ਕਾਰਨ ਇਹ ਸੀ ਕਿ ਜਾਂ ਤਾਂ ਉਹ ਪਿੰਡ ਬੇਚਰਾਗ ਸਨ ਜਿਥੇ ਰਾਹ ਜਾਣ ਲਈ ਨਹੀਂ ਸੀ, ਰਸਤਾ ਨਹੀਂ ਸੀ ਜਾਂ ਉਥੇ ਬੰਦੇ ਬਹੁਤ ਘੱਟ ਰਹਿੰਦੇ ਸਨ। ਮੈਂ ਬੇਨਤੀ ਕਰਾਂਗਾ ਕਿ ਇਸ ਦੇ ਲਈ ਫਿਰ ਸਰਵੇਅ ਕਰ ਕੇ ਜੇ ਕੋਈ ਰਾਹ ਲਭਦਾ ਹੈ ਤਾਂ ਰਾਹ ਲਭ ਕੇ ਉਨ੍ਹਾਂ ਨੂੰ ਵੀ ਫਸਟ ਲਿੰਕ ਦੇਣੇ ਚਾਹੀਦੇ ਹਨ। ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪਬਲਿਕ ਵਰਕਸ ਡਿਪਾਰਟਮੈਂਟ ਦੀ ਬਦਕਿਸਮਤੀ ਇਹ ਵੀ ਹੋਈ ਕਿ ਜਿਹੜੀਆਂ ਮਾਰਕੀਟਿੰਗ ਬੋਰਡ ਨੇ ਸੜਕਾਂ ਬਣਾ ਦਿਤੀਆਂ, ਫਿਰ ਉਸ ਦੇ ਲਈ ਸੁਪਰੀਮ ਕੋਰਟ ਦੀ ਕੋਈ ਜਜਮੈਂਟ ਆ ਗਈ, ਉਨ੍ਹਾਂ ਦੀ ਮੈਨਟੇਨੈਂਸ ਨਹੀਂ ਹੋਈ। ਪਿਛਲੀਆਂ ਸਰਕਾਰਾਂ ਨੇ ਸੜਕਾਂ ਦੀ ਮੇਨਟੇਨੈਂਸ ਵਲ ਕੋਈ ਧਿਆਨ ਨਹੀਂ ਦਿੱਤਾ। ਮੈਨੂੰ ਖੁਸ਼ੀ ਹੈ ਕਿ ਸਰਦਾਰ ਦਰਬਾਰਾ ਸਿੰਘ ਜੀ ਨੇ ਕਿਹਾ ਹੈ ਕਿ ਨਵੀਆਂ ਸੜਕਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਚਾਹੇ ਬਣਾਓ ਜਾਂ ਨਾ ਬਣਾਓ ਪਰ ਪਹਿਲਾਂ ਜਿਹੜੀਆਂ ਸੜਕਾਂ ਬਣੀਆਂ ਹੋਈਆਂ ਹਨ ਉਨਾਂ ਦੀ ਮੁਰੰਮਤ ਵਗੈਰਾ ਕਰਕੇ ਠੀਕ ਕੀਤੀਆਂ ਜਾਣ ਤਾ ਕਿ ਕੰਮ ਚਾਲੂ ਕੀਤਾ ਜਾ ਸਕੇ। ਮੈਂ ਸਮਝਦਾ ਹਾਂ ਕਿ ਪਲੈਨਡ ਢੰਗ ਨਾਲ ਕੰਮ ਕਰਨਾ ਬੈਟਰ ਹੈ ਬਨਿਸਬਤ ਕਿ ਅਨ-ਪਲੈਨਡ ਢੰਗ ਨਾਲ ਕੀਤਾ ਜਾਵੇ।

ਇਕ, ਡਿਪਟੀ ਸਪੀਕਰ ਸਾਹਿਬ, ਹੈਲਥ ਡਿਪਾਰਟਮੈਂਟ ਵਾਲਿਆਂ ਨੂੰ ਮੁਬਾਰਿਕਬਾਦ ਦੇਣਾ ਚਾਹੁੰਦਾ ਹਾਂ, ਆਪਣੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਅਤੇ ਉਨ੍ਹਾਂ ਦੀ ਕੈਬਨਿਟ ਨੂੰ ਅਤੇ ਹੈਲਥ ਮਨਿਸਟਰ ਸਾਹਿਬ ਨੂੰ ਵੀ ਮੁਬਾਰਕਬਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਇਸ ਸਾਲ ਇਹ ਪ੍ਰਣ ਕੀਤਾ ਹੈ ਕਿ ਸੂਬੇ ਵਿੱਚ ਜਿਹੜੀ ਕੋਹੜ ਦੀ ਬਿਮਾਰੀ ਹੈ ਇਸ ਨੂੰ ਕੱਢ ਦਿਤਾ ਜਾਵੇ ਔਰ ਇਸ ਦੇ ਵਾਸਤੇ ਫੈਸਲਾ ਕੀਤਾ ਗਿਆ ਹੈ ਕਿ ਹਰ ਸਾਲ ਹਰ ਜ਼ਿਲ੍ਹੇ ਵਿੱਚ ਇਕ ਡਾਕਟਰ ਸਪੈਸ਼ਲੀ ਇਸ ਬਿਮਾਰੀ ਵਾਸਤੇ ਲਾ ਦਿਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਉਤੇ ਇਸ ਸਰਕਾਰ ਦਾ ਬੜਾ ਅਹਿਸਾਨ ਹੈ ਕਿ ਜਿਹੜੇ ਬੰਦੇ ਕੋਹੜ ਦੇ ਮਾਰੇ ਹਨ, ਜਿਹੜੇ ਇਨਸਾਨੀ ਜ਼ਿੰਦਗੀ ਵਿੱਚ ਚੰਗੇ ਨਹੀਂ ਹੁੰਦੇ, ਮੰਗਤਿਆਂ ਦੀ ਲਾਈਨ ਵਿੱਚ ਵਾਧਾ ਕਰਦੇ ਹਨ ਉਨ੍ਹਾਂ ਦੇ ਲਈ ਸੋਚਿਆ ਗਿਆ ਹੈ। ਇਕ, ਡਿਪਟੀ ਸਪੀਕਰ ਸਾਹਿਬ, ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਕੁਕਰੇ ਜਾਂ ਚਿੱਟਾ ਜਿਨ੍ਹਾਂ ਦੀਆਂ ਅੱਖਾਂ ਵਿੱਚ ਹੈ ਉਨ੍ਹਾਂ ਦੇ ਲਈ ਪੰਜਾਬ ਵਿੱਚ ਇਸ ਸਾਲ ਵਿੱਚ ਇਕ ਲੱਖ ਲੋਕ ਹਨ ਜਿਨ੍ਹਾਂ ਦਾ ਓਪਰੇਸ਼ਨ ਕਰ ਕੇ ਉਨ੍ਹਾਂ ਨੂੰ ਬਿਮਾਰੀ ਤੋਂ ਰਾਹਤ ਦਿਵਾਈ ਜਾਵੇਗੀ। (ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਵੀ ਇਸ ਸਰਕਾਰ ਦਾ ਮੁਬਾਰਿਕਬਾਦ ਦਾ ਕਦਮ ਹੈ ਅਤੇ ਇਸ ਦੇ ਲਈ ਇਹ ਸਰਕਾਰ ਮੁਬਾਰਿਕਬਾਦ ਦੀ ਮੁਸਤਹਿਕ ਹੈ। ਇਕ, ਡਿਪਟੀ ਸਪੀਕਰ ਸਾਹਿਬ, ਫੈਮਿਲੀ ਪਲੈਨਿੰਗ ਦੀਆਂ ਅਸੀਂ ਗਲਾਂ ਕਰਦੇ ਹਾਂ। ਫੈਮਿਲੀ ਪਲੈਨਿੰਗ ਵਾਸਤੇ ਸਾਡੇ 20-ਨੁਕਾਤੀ ਪ੍ਰੋਗਰਾਮ ਵਿੱਚ ਵੀ ਕਿਹਾ ਗਿਆ ਹੈ ਕਿ ਇਸ ਤੇ ਜ਼ੋਰ ਦਿਤਾ ਜਾਵੇ ਅਤੇ ਪ੍ਰਸੂਏਸ਼ਨ ਨਾਲ ਕੀਤੀ ਜਾਵੇ। ਇਸ ਦੇ ਵਾਸਤੇ ਇਸ ਸਰਕਾਰ ਨੇ ਇਕ ਨਵਾਂ ਫੈਸਲਾ ਕੀਤਾ ਹੈ ਅਤੇ ਇਕ ਮਸ਼ੀਨ ਲੈਪੋਸਕੋਪੀ ਵਰਤੀ ਗਈ ਹੈ। ਇਹ ਪਹਿਲਾਂ ਦੋ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਹੈ। ਉਸ ਦੇ ਨਾਲ ਇਹ ਹੋਵੇਗਾ ਜਿਹੜੀ ਔਰਤ ਜਿਹੜੀ ਇਸ ਫੈਮਿਲੀ ਪਲੈਨਿੰਗ ਵਾਲੇ ਰਸਤੇ ਤੇ ਆਉਣਾ ਚਾਹੁੰਦੀ ਹੈ ਉਹ ਫਿਰ ਪੈਦਲ ਹੀ ਆਪਣੇ ਘਰ ਜਾ ਸਕਿਆ ਕਰੇਗੀ। ਇਸ ਦੇ ਨਾਲ ਫੈਮਿਲੀ ਪਲੈਨਿੰਗ ਦੇ ਵਿੱਚ ਸੌਖ ਹੋ ਜਾਵੇਗੀ।

ਇਕ, ਡਿਪਟੀ ਸਪੀਕਰ ਸਾਹਿਬ, ਬਹੁਤ ਵਡੀ ਗਲ ਹੈ ਜਿਸ ਦੇ ਵਲ ਕਦੇ ਕੋਈ ਧਿਆਨ ਨਹੀਂ ਸੀ ਕੀਤਾ ਗਿਆ। ਇਸ ਦੇ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਅਤੇ ਉਨ੍ਹਾਂ ਦੀ ਕੈਬਨਿਟ ਦੇ ਮੰਤਰੀ ਨੂੰ ਮੁਬਾਰਿਕਬਾਦ ਦੇਣਾ ਚਾਹੁੰਦਾ ਹਾਂ। ਇਹ ਜਿਹੜਾ ਮਜ਼ਦੂਰਾਂ ਵਾਸਤੇ, ਇੰਡਸਟਰੀਅਲ ਵਰਕਰ ਜੋ ਹਨ ਉਨ੍ਹਾਂ ਲਈ ਈ.ਐਸ.ਆਈ. ਸਕੀਮ ਥਲੇ ਅਸੀਂ ਆਪਣਾ ਹਿੱਸਾ ਪਾਉਂਦੇ ਹਾਂ ਉਸ ਦੇ ਲਈ ਇਕ ਸ਼ਰਤ ਇਹ ਹੈ ਕਿ ਜੇ ਅਸੀਂ ਇਸ ਨੂੰ ਯੂਟੇਲਾਈਜ਼ ਨਾ ਕਰੀਏ ਤਾਂ ਉਹ ਸੈਂਟਰਲ ਪੂਲ ਵਿਚ ਚਲਾ ਜਾਂਦਾ ਹੈ। ਪੰਜਾਬ ਵਿਚ ਇਸ ਤਰਾਂ ਘੱਟ ਹਸਪਤਾਲ ਈ. ਐਸ. ਆਈ. ਦੇ 50 ਬੈਡਿਡ ਬਣੇ ਹਨ ਕਿਉਂਕਿ ਇਸ ਦੇ ਨਾਲ ਇਹ ਸ਼ਰਤ ਵੀ ਹੈ ਕਿ 12 ਹਜ਼ਾਰ ਮਜ਼ਦੂਰ ਹੋਣਾ ਚਾਹੀਦਾ ਹੈ ਅਤੇ ਇਹ ਮਜ਼ਦੂਰ ਉਹ ਹੋਣਾ ਚਾਹੀਦਾ ਹੈ ਜਿਹੜਾ ਈ. ਐਸ. ਆਈ. ਦੀ ਸਕੀਮ ਥਲੇ ਰਜਿਸਟਰਡ ਹੈ। ਸਾਡੀ ਬਦਕਿਸਮਤੀ ਹੈ ਕਿ ਸਾਡੇ ਜਿਹੜੇ ਫੈਕਟਰੀ ਇਨਸਪੈਕਟਰ ਹਨ ਜਾਂ ਲੇਬਰ ਅਫਸਰ ਹਨ ਉਹ ਆਪਣਾ ਕੰਮ ਨਹੀਂ ਕਰਦੇ ਅਤੇ ਨਾ ਹੀ ਕਾਰਖਾਨੇ ਚੈਕ ਕਰਦੇ ਹਨ। ਸਿਰਫ ਸਰਟੀਫਿਕੇਟ ਦੇ ਦਿੰਦੇ ਹਨ। ਇਸ ਲਈ ਮੇਰੇ ਕਹਿਣ ਤੋਂ ਭਾਵ ਹੈ ਕਿ ਜਿੰਨੀ ਗਿਣਤੀ ਅੱਜ ਤੋਂ ਪੰਜ ਸਾਲ ਪਹਿਲਾਂ ਸੀ ਇਨ੍ਹਾਂ ਦੀ ਪੰਜ ਸਾਲ ਬਾਅਦ ਵੀ ਉਹੀ ਰਹਿਣੀ ਹੈ। ਇਸ ਦੇ ਲਈ ਮੈਨੂੰ ਬੜੀ ਖੁਸ਼ੀ ਹੈ ਕਿ ਚੀਫ ਮਨਿਸਟਰ ਸਾਹਿਬ ਨੇ ਆਰਡਰ ਕੀਤਾ ਹੈ ਕਿ ਫਿਰ ਸਰਵੇਅ ਕੀਤਾ ਜਾਵੇ ਕਿ ਕਿਹੜੇ ਕਿਹੜੇ ਕਾਰਖਾਨੇ ਇਸ ਗਲ ਦੇ ਵਿੱਚ ਕਾਨੂੰਨੀ ਤੌਰ ਤੇ ਆਉਂਦੇ

Original with;
Punjab Vidhan Sabha
Digitized by;
Panjab Digital Library

ਹਨ ਤਾਂਕਿ ਜਿਥੇ ਈ. ਐਸ. ਆਈ. ਸਕੀਮ ਲਾਗੂ ਨਹੀਂ ਉਥੇ ਇਹ ਲਾਗੂ ਕੀਤੀ ਜਾਵੇ। ਲੇਕਿਨ ਇਸ ਦੇ ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਵੀ ਵਡੀ ਗਲ ਜੋ ਕੀਤੀ ਗਈ ਹੈ ਉਸ ਦੇ ਨਾਲ ਸ਼ਾਇਦ ਕਾਮਰੇਡ ਰਾਜ ਕੁਮਾਰ ਜੀ ਨੂੰ ਵੀ ਫਾਇਦਾ ਹੋਵੇ ਅਤੇ ਮੈਨੂੰ ਵੀ ਹੋ ਸਕਦਾ ਹੈ। ਪਹਿਲਾਂ 50 ਬੇਡਜ਼ ਦੇ ਹਸਪਤਾਲ ਬਣ ਸਕਦੇ ਸੀ ਲੇਕਿਨ ਹੁਣ ਕੋਸ਼ਿਸ਼ ਕਰਨ ਦੇ ਬਾਅਦ ਇਹ ਕਰਵਾਇਆ ਗਿਆ ਹੈ ਕਿ 25 ਬੇਡਜ਼ ਦਾ ਹਸਪਤਾਲ ਵੀ ਬਣੇਗਾ। ਕਪੂਰ ਸਾਹਿਬ ਬੈਠੇ ਹਨ, ਇਹ ਠੀਕ ਹੈ ਕਿ ਇਨ੍ਹਾਂ ਪਾਸ ਹੁਣ ਇਹ ਮਹਿਕਮਾ ਨਹੀਂ ਰਿਹਾ ਅਤੇ ਇਨ੍ਹਾਂ ਪਾਸ ਹੁਣ ਕੋਈ ਹੋਰ ਡਿਪਾਰਟਮੈਂਟ ਹੈ ਪਰ ਇਨ੍ਹਾਂ ਨੇ ਮੇਰੀ ਅਰਜ਼ ਕਰਨ ਤੇ ਇਹ ਗੱਲ ਮੂਵ ਕੀਤੀ ਸੀ ਅਤੇ ਇਨ੍ਹਾਂ ਦੀ ਗਲ ਮੰਨੀ ਗਈ ਤੇ ਸੈਂਟਰ ਨੇ 25 ਬੇਡਜ਼ ਹਸਪਤਾਲ ਦੀ ਇਜਾਜ਼ਤ ਦੇ ਦਿਤੀ ਹੈ। ਮੈਂ ਕਪੂਰ ਸਾਹਿਬ ਦਾ ਧੰਨਵਾਦੀ ਹਾਂ ਕਿਉਂ ਕਿ ਇਨ੍ਹਾਂ ਨੇ ਕੇਸ ਮੂਵ ਕੀਤਾ ਸੀ, ਪਾਂਡੇ ਸਾਹਿਬ ਨੇ ਪਰਸੂ ਕਰ ਲਿਆ ਅਤੇ ਚੀਫ ਮਨਿਸਟਰ ਸਾਹਿਬ ਨੇ ਉਤੇ ਜਾ ਕੇ ਗਲ ਕਰ ਲਈ ਤੇ ਸਾਡੀ ਗਲ ਮਨਜ਼ੂਰ ਹੋ ਗਈ।

ਇਸ ਦੇ ਨਾਲ ਹੀ ਮੈਂ ਇੰਡਸਟਰੀ ਵਲ ਆਵਾਂਗਾ, ਕਿਉਂ ਕਿ ਇੰਡਸਟਰੀ ਦਾ ਜਿਥੋਂ ਤਕ ਪੰਜਾਬ ਦਾ ਸੁਆਲ ਹੈ, ਅਸੀਂ ਸਮਾਲ ਸਕੇਲ ਇੰਡਸਟਰੀ ਵਿਚ ਬਹੁਤ ਅਗੇ ਹਾਂ। ਮੈਂ ਬਟਾਲੇ ਨੂੰ ਬਿਲੌਂਗ ਕਰਦਾ ਹਾਂ। ਉਥੇ ਲੋਹਾ, ਕੋਲਾ ਹਰ ਚੀਜ਼ ਬੰਗਾਲ ਬਿਹਾਰ ਤੋਂ ਲੈ ਕੇ ਆਉਂਦੇ ਹਾਂ। ਇਥੇ ਦਾ ਮਜ਼ਦੂਰ ਕਾਰੀਗਰ ਮਸ਼ੀਨਾਂ ਬਣਾ ਕੇ ਉਥੇ ਸਸਤੇ ਰੇਟ ਤੇ ਚੰਗੀ ਚੀਜ਼ ਭੇਜਦਾ ਹੈ। ਇਸ ਦੇ ਲਈ ਮੈਂ ਸਮਝਦਾ ਹਾਂ ਕਿ ਬਿਜਲੀ ਜਿਹੜੀ ਹੈ ਇਹ ਬਹੁਤ ਜ਼ਰੂਰੀ ਹੈ। ਇਕ ਕਾਰਖਾਨਾ ਸਰਦਾਰ ਦਰਬਾਰਾ ਸਿੰਘ ਜੀ, ਡੀਜ਼ਲ ਕੰਪੋਨੈਂਟਸ ਪਾਰਟਸ ਦਾ ਜਿਹੜਾ ਸੈਂਟਰ ਤੋਂ ਲੈਕੇ ਆਏ ਹਨ, ਉਹ ਪਟਿਆਲਾ ਲਗਾ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਕੋਈ ਵੀ ਇੰਡਸਟਰੀ ਹੈ ਉਸ ਦੇ ਵਾਸਤੇ ਛੋਟੀਆਂ ਸੱਨਅਤਾਂ ਬਟਾਲੇ ਵਿਚ ਹਨ ਅਗਰ ਛੋਟੀਆਂ ਸੱਨਅਤਾਂ ਬਟਾਲਾ, ਫਗਵਾੜਾ ਜਾਂ ਹੋਰ ਜਿਹੜੇ ਇਹੋ ਜਿਹੇ ਇਲਾਕੇ ਹਨ ਉਨ੍ਹਾਂ ਵਿਚ ਲਗਾਈਆਂ ਜਾਣ ਤਾਂ ਉਥੇ ਦਾ ਜਿਹੜਾ ਮਜ਼ਦੂਰ ਹੈ ਜਾਂ ਕਾਰੀਗਰ ਹੈ ਉਹ ਦੇਸ਼ ਦੀ ਉੱਨਤੀ ਵਿਚ ਆਪਣਾ ਹਿੱਸਾ ਪਾ ਸਕਦਾ ਹੈ। 1981-82 ਵਿਚ 18 ਯੂਨਿਟ ਲਾਰਜ ਅਤੇ ਮੀਡੀਅਮ ਇੰਡਸਟਰੀ ਦੇ ਆਏ ਔਰ ਪ੍ਰੋਡਕਸ਼ਨ ਸ਼ੁਰੂ ਕਰ ਦਿਤੀ ਹੈ। 1982-83 ਵਿਚ 12 ਹੋਰ ਕਮਿਸ਼ਨ ਹੋ ਜਾਣਗੇ। ਇਸ ਤੋਂ ਇਲਾਵਾ 3 ਲਾਰਜ ਯੂਨਿਟਾਂ ਦੇ ਲੈਟਰ ਆਫ਼ ਇੰਟੈਂਟਸ ਮਿਲ ਚੁਕੇ ਹਨ, ਉਹ ਵੀ ਚਾਲੂ ਹੋ ਜਾਣਗੇ। ਪੰਜਾਬ ਹੈਂਡਲੂਮ ਟੈਕਸਟਾਈਲ ਕਾਰਪੋਰੇਸ਼ਨ ਜਿਹੜੀ ਬਣੀ ਹੋਈ ਹੈ, ਉਸ ਨੂੰ 88 ਕਰੋੜ ਰੁਪਏ ਦਾ ਸਰਮਾਇਆ ਆਵੇਗਾ ਉਸ ਦੇ ਨਾਲ ਲੱਖਾਂ ਮਜ਼ਦੂਰਾਂ, ਖਾਸ ਕਰ ਕੇ ਜਿਹੜੇ ਲੋਕ ਕਪੜਾ ਬਣਾਉਣ ਦਾ ਕੰਮ ਕਰਦੇ ਹਨ ਉਹ ਬੇਨੀਫ਼ਿਟਿਡ ਹੋਣਗੇ। ਮੈਂ ਇਸ ਤੇ ਆਪਣੀ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ। ਇਸ ਤੋਂ ਇਲਾਵਾ ਤੁਸੀਂ ਵੇਖੋਗੇ ਕਿ ਮਾਰਕਫੈਡ ਨੇ 4 ਰਾਈਸ ਮਿੱਲਾਂ ਲਾਉਣੀਆਂ ਹਨ, ਜਿਨ੍ਹਾਂ ਦੀ ਕਪੈਸਿਟੀ 4 ਟਨ ਪਰ ਅਵਰ ਹੈ। ਪਿਛਲੇ ਸਾਲ ਕਿਸ ਤਰਾਂ ਸ਼ੈਲਰਜ਼ ਤੇ ਝੋਨਾ ਸੜ ਗਿਆ, ਲੇਕਿਨ ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਇਸ ਸਾਲ ਪੰਜਾਬ ਗੌਰਮਿੰਟ ਦੀ ਏਜੰਸੀ ਨੇ ਜਿਨਾ ਝੋਨਾ ਖਰੀਦਿਆ ਉਹ ਸਾਰੇ ਦਾ ਸਾਰਾ ਚਾਵਲ ਬਣ ਕੇ ਸਰਕਾਰ ਦੇ ਗੋਦਾਮਾਂ ਵਿਚ ਜਾ ਚੁਕਾ ਹੈ, ਸੈਂਟਰ ਦੇ ਪੂਲ ਵਿਚ ਜਾ ਚੁਕਾ ਹੈ ਸਪਿੰ-ਨਿੰਗ ਮਿੱਲ ਅਤੇ ਕਾਟਨ ਜਿਨਿੰਗ ਮਿੱਲਾਂ ਲਾਈਆਂ ਹਨ। ਸਭ ਤੋਂ ਵੱਡੀ ਗਲ ਇਹ ਹੈ ਕਿ ਤੁਸੀਂ ਪੜ੍ਹਿਆ ਹੋਣਾ ਹੈ ਕਿ ਪਿਛਲੇ ਦਿਨਾਂ ਵਿਚ ਇਕ ਐਕਸਪੇਡੀਸ਼ਨ ਅੰਤਾਰੇਤਿਕਾ ਆਈ ਸੀ। ਉਥੇ ਜਿਹੜਾ ਵਾਇਰ-ਲੈਸ ਸੈਟ ਗਿਆ ਉਹ ਪੰਜਾਬ ਦਾ ਬਣਿਆ ਹੋਇਆ ਸੀ, ਪੰਜਾਬ ਦੀ ਇਕ ਅੰਡਰ ਟੇਕਿੰਗ ਦਾ ਬਣਾਇਆ ਹੋਇਆ ਸੀ। ਮੈਂ ਜਦੋਂ ਉਥੇ ਉਨ੍ਹਾਂ ਨੂੰ ਮਿਲਣ ਗਿਆ ਤਾਂ ਪਹਿਲੀ ਗਲ ਉਨ੍ਹਾਂ ਨੇ ਇਹ ਕਹੀ ਕਿ ਅਸੀਂ ਪੰਜਾਬ ਵਾਲਿਆਂ ਦੇ ਧੰਨਵਾਦੀ ਹਾਂ ਜਿਨਾਂ ਨੇ ਸਾਨੂੰ ਇਹੋ ਜਿਹਾ ਸੈਟ ਬਣਾ ਕੇ ਦਿਤਾ ਅਤੇ ਜਿਸ ਨੂੰ ਅਸੀਂ ਉਥੇ ਯੂਜ਼ ਕਰ ਸਕੇ ਹਾਂ।

ਇਕ ਅਰਜ਼ ਮੈਂ ਹੁਣ ਇਰੀਗੇਸ਼ਨ ਅਤੇ ਬਿਜਲੀ ਬਾਰੇ ਕਰਨਾ ਚਾਹੁੰਦਾ ਹਾਂ। ਇਰੀਗੇਸ਼ਨ ਦੇ ਖੇਤਰ ਵਿਚ ਜਿਥੋਂ ਤਕ ਸਾਡੇ ਪੰਜਾਬ ਦਾ ਸੁਆਲ ਹੈ ਪਾਪੂਲੇਸ਼ਨ ਦੇ ਲਿਹਾਜ਼ ਨਾਲ ਇਹ ਹਿੰਦੁਸਤਾਨ ਦੇ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰਥ]

ਛੇਵੇਂ ਨੰਬਰ ਤੇ ਹੈ। 331 ਬੰਦੇ ਪਰ ਕਿਲੋਮੀਟਰ ਤੇ ਹਨ ਔਰ ਇਥੇ ਦਾ ਜਿਹੜਾ ਜੋਗਰਾਫੀਕਲ ਏਰੀਆ ਹੈ ਉਹ 50.30 ਲੱਖ ਹੈਕਟੇਅਰ ਹੈ। ਇਸ ਦੇ ਨਾਲ ਜਿਹੜੀ ਕਲਟੀਵੇਬਲ ਲੈਂਡ ਹੈ, ਉਹ 42.90 ਲੱਖ ਹੈਕਟੇਅਰ ਏਕੜ ਹੈ ਔਰ ਇਸ ਦੇ ਵਿਚੋਂ 31.75 ਲੱਖ ਹੈਕਟੇਅਰ ਜਿਹੜਾ ਹੈ ਉਸ ਨੂੰ ਅਸੀਂ ਪਾਣੀ ਸਪਲਾਈ ਕਰ ਸਕੇ ਹਾਂ। ਪਰ ਇਸ ਦੇ ਬਾਵਜੂਦ ਲੋੜ ਹੈ ਹੋਰ ਯਤਨ ਕਰੀਏ ਔਰ ਜਿਹੜੀ ਜ਼ਮੀਨ ਨੂੰ ਅਜੇ ਤਕ ਪਾਣੀ ਨਹੀਂ ਦੇ ਸਕੇ ਉਸ ਨੂੰ ਦੇਈਏ। ਇਹ ਠੀਕ ਹੈ ਕਿ ਯੂ. ਬੀ. ਡੀ. ਸੀ. ਨਾਲ ਇਰੀਗੇਸ਼ਨ ਦਾ ਜਿਹੜਾ ਸਿਸਟਮ ਹੈ ਉਸ ਨੂੰ ਐਕਸਟੈਂਡ ਕਰ ਰਹੇ ਹਾਂ। ਰਾਵੀ ਬਿਆਸ ਤੋਂ ਜਿਹੜਾ ਸਰਪਲਸ ਪਾਣੀ ਮਿਲਿਆ ਹੈ ਉਸ ਨੂੰ ਯੂਟੇਲਾਈਜ਼ ਕਰ ਰਹੇ ਹਾਂ, ਸ਼ਾਹ ਨਹਿਰ, ਤੁਸੀਂ ਵੇਖੋਗੇ ਕਿ ਪੰਜਾਬ ਦਾ ਜਿਹੜਾ ਆਨੰਦਪੁਰ ਪ੍ਰਾਜੈਕਟ ਹੈ, ਮੁਕੇਰੀਆਂ ਹਾਈਡਲ ਪ੍ਰਾਜੈਕਟ ਹੈ, ਇਨ੍ਹਾਂ ਸਾਰਿਆਂ ਦੇ ਕੰਪਲੀਟ ਹੋਣ ਨਾਲ ਸਾਡੀ ਪੋਟੈਨਸ਼ੀਅਲ 1981-82 ਵਿਚ ਜੋ 41 ਹਜ਼ਾਰ ਹੈਕਟੇਅਰ ਸੀ, ਹੁਣ ਲਾਈਨਿੰਗ ਕਰਨ ਦੇ ਨਾਲ ਨਾਲ 21 ਹਜ਼ਾਰ ਹੈਕਟੇਅਰ ਹੋਈ ਅਤੇ 1982-83 ਵਿਚ 29 ਹਜ਼ਾਰ ਹੈਕਟੇਅਰ ਇਰੀਗੇਸ਼ਨ ਦੀ ਪੋਟੈਂਸ਼ੀਅਲਟੀ ਵੱਧੇਗੀ। ਲਾਈਨਿੰਗ ਕਰਨ ਨਾਲ 15 ਹਜ਼ਾਰ ਹੈਕਟੇਅਰ ਯਕਮੁਸ਼ਤਾ ਵੱਧੇਗੀ।

ਇਸ ਦੇ ਨਾਲ ਫਰੀਦਕੋਟ ਜ਼ਿਲ੍ਹੇ ਦਾ ਵਾਟਰ ਲਾਗਿੰਗ ਦਾ ਮਸਲਾ ਹੈ। ਇਸ ਦੇ ਲਈ ਵੀ 2 ਕਰੋੜ ਰੁਪਿਆ ਰਿਜ਼ਰਵ ਕੀਤਾ ਗਿਆ ਹੈ ਤਾ ਕਿ ਵਾਟਰ ਲਾਗਿੰਗ ਖਤਮ ਹੋ ਜਾਏ।

ਇਸ ਦੇ ਨਾਲ ਹੀ ਇਕ ਮਸਲਾ ਹੈ ਬਿਜਲੀ ਦਾ, ਮੈਂ ਸਮਝਦਾ ਹਾਂ ਕਿ ਇਸ ਦੇ ਲਈ ਸਰਦਾਰ ਦਰਬਾਰਾ ਸਿੰਘ ਤਕੜੀ ਮੁਬਾਰਕਬਾਦ ਦੇ ਮੁਸਤਹਿਕ ਹਨ। ਪੰਜਾਬ ਦੇ ਹਰ ਕਿਸਾਨ, ਹਰ ਮਜ਼ਦੂਰ, ਹਰ ਇੰਡਸਟਰੀ ਵਾਲੇ ਤੇ ਉਹ ਹਕ ਰਖਦੇ ਹਨ ਕਿ ਉਨ੍ਹਾਂ ਦਾ ਧੰਨਵਾਦ ਕੀਤਾ ਜਾਏ। ਆਉਣ ਵਾਲੇ ਪਲਾਨ ਵਿਚ ਜਿਹੜਾ ਕਿ 385 ਕਰੋੜ ਰੁਪਏ ਦਾ ਹੈ, ਇਹ ਪਿਛਲੇ ਸਾਲ 340 ਕਰੋੜ ਰੁਪਏ ਦਾ ਸੀ। ਉਸ ਦੇ ਵਿਚੋਂ 179.83 ਕਰੋੜ ਰੁਪਏ ਸਿਰਫ ਬਿਜਲੀ ਦੀ ਪੈਦਾਵਾਰ ਨੂੰ ਵਧਾਉਣ ਵਾਸਤੇ ਰਖੇ ਗਏ ਹਨ। ਇਹ ਬਹੁਤ ਵੱਡਾ ਕੰਮ ਹੈ। ਇਹ ਤਕਰੀਬਨ 49 ਪਰਸੈਂਟ ਬਣਦਾ ਹੈ। ਹੁਣੇ ਹੀ ਸੀ. ਐਮ. ਸਾਹਿਬ ਨੇ ਦਸਿਆ ਸੀ ਕਿ ਬਿਜਲੀ ਲਈ ਮੈਕਸੀਮੱਮ ਪੈਸੇ ਖਰਚੇ ਜਾਣਗੇ। ਪਿਛਲੇ ਦਿਨਾਂ ਵਿਚ ਸਾਨੂੰ ਇੰਡਸਟਰੀ ਦੀ ਬਿਜਲੀ ਡਾਈਵਰਟ ਕਰ ਕੇ ਐਗਰੀਕਲਚਰ ਨੂੰ ਦੇਣੀ ਪਈ। ਅਗਰ ਬਿਜਲੀ ਦੀ ਪੈਦਾਵਾਰ ਵੱਧ ਜਾਏ ਤਾਂ ਦੋਵੇਂ ਕੰਮ ਚਲ ਸਕਦੇ ਹਨ। ਸਾਨੂੰ ਉਮੀਦ ਹੈ ਕਿ 1982-83 ਵਿਚ ਮੁਕੇਰੀਆਂ ਅਤੇ ਅਨੰਦਪੁਰ ਸਾਹਿਬ ਵਾਲੇ ਪ੍ਰੋਜੈਕਟ ਕਮਿਸ਼ਨ ਹੋ ਜਾਣਗੇ। ਸਰਦਾਰ ਦਰਬਾਰਾ ਸਿੰਘ ਨੇ ਕੋਸ਼ਿਸ਼ ਕੀਤੀ ਹੈ ਹਿਮਾਚਲ ਪ੍ਰਦੇਸ਼ ਔਰ ਜੰਮੂ-ਕਸ਼ਮੀਰ ਦੀ ਸਰਕਾਰ ਨਾਲ ਮਿਲ ਕੇ ਹਾਈਡਲ ਪ੍ਰੋਜੈਕਟਸ ਨਵੇਂ ਚਾਲੂ ਕੀਤੇ ਜਾਣ। ਇਸ ਦੇ ਇਲਾਵਾ ਮਾਈਕਰੋ ਜੈਨਰੇਸ਼ਨ ਸਕੀਮ ਦੇ ਥਲੇ ਤਕਰੀਬਨ 125 ਮੈਗਾਵਾਟ ਬਿਜਲੀ ਪੈਦਾ ਕਰਨੀ ਹੈ। ਜਿਹੜੀ 10 ਫੁਟ ਤੋਂ ਵੱਧ ਫਾਲ ਹੈ ਉਥੇ ਮਿਨੀ ਪਲਾਂਟ ਲਾਏ ਜਾਣ, ਇਹ ਟਾਈਮ ਬਾਊਂਡ ਕੰਮ ਕਰਨਾ ਹੈ। ਗੌਰਮਿੰਟ ਆਫ ਇੰਡੀਆ ਨੇ ਸੈਂਟਰਲ ਪ੍ਰੋਜੈਕਟ ਵਿਚੋਂ ਬਿਜਲੀ ਦੇਣ ਬਾਰੇ ਮੰਨ ਲਿਆ ਹੈ। ਇਸ ਦੇ ਇਲਾਵਾ ਹੁਣ ਸਾਡੀ ਸਰਕਰ ਨੇ ਗੌਰਮਿੰਟ ਆਫ ਇੰਡੀਆ ਨੂੰ ਅਪਰੋਚ ਕੀਤੀ ਹੈ ਕਿ ਸਾਨੂੰ ਅਟਾਮਿਕ ਐਨਰਜੀ ਪਲਾਂਟ ਮਿਲ ਜਾਏ ਜਿਸ ਨਾਲ ਸਾਡਾ ਕੰਮ ਪੂਰਾ ਹੋ ਜਾਏ। ਪੰਜਾਬੀ ਮੇਹਨਤਕਸ਼ ਹੈ ਭਾਵੇਂ ਇੰਡਸਟਰੀ ਹੋਵੇ ਭਾਵੇਂ ਐਗਰੀਕਲਚਰ ਹੋਵੇ, ਅਸੀਂ ਉਸ ਦੇ ਵਿਚ ਤਰੱਕੀ ਕਰ ਸਕਦੇ ਹਾਂ। ਪਰ ਜੇਕਰ ਬਿਜਲੀ ਨਾ ਮਿਲੇ ਤਾਂ ਸਾਡੇ ਕਦਮ ਰੁਕ ਜਾਂਦੇ ਹਨ। ਇਸ ਵਾਸਤੇ ਇਸ ਪਾਸੇ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਦੇ ਇਲਾਵਾ ਮੈਂ ਚਾਹਾਂਗਾ ਕਿ ਰਾਵੀ-ਬਿਆਸ ਦੇ ਪਾਣੀ ਦੀ ਵੰਡ ਬਾਰੇ ਥੋੜੀ ਜਿਹੀ ਗਲ ਕਰਾਂ। ਵੈਸੇ ਇਸ ਤੇ ਬਹਿਸ ਤਾਂ ਹੋਣੀ ਹੈ ਔਰ ਜਦੋਂ ਐਗਜ਼ੇਕਟ ਬਹਿਸ ਹੋਵੇਗੀ ਅਸੀਂ ਵੀ

Original with;
Punjab Vidhan Sabha
Digitized by;
Panjab Digital Library

ਪਾਰਟੀਸੀਪੇਟ ਕਰਾਂਗੇ। ਰਾਵੀ ਬਿਆਸ ਦੇ ਪਾਣੀ ਦੀ ਵੰਡ ਦਾ ਫੈਸਲਾ 1976 ਵਿਚ ਹੋਇਆ ਸੀ। ਉਸ ਵਕਤ ਪੰਜਾਬ ਦੇ ਵਿਚ ਵੀ ਅਕਾਲੀਆਂ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਪਹਿਲਾਂ ਬਾਦਲ ਸਾਹਿਬ ਵਜ਼ੀਰ ਸਨ ਅਤੇ ਫਿਰ ਸਰਦਾਰ ਸੁਰਜੀਤ ਸਿੰਘ ਬਰਨਾਲਾ ਵਜ਼ੀਰ ਸਨ। ਉਹ ਇਸ ਫੈਸਲੇ ਨੂੰ ਦੁਬਾਰਾ ਰਿਵੀਊ ਨਹੀਂ ਕਰਵਾ ਸਕੇ। ਉਹ ਫੈਸਲਾ ਪੰਜਾਬ ਦੇ ਹਿਤ ਵਿਚ ਨਹੀਂ ਸੀ। 1955 ਵਿਚ ਪਾਕਿਸਤਾਨ ਨਾਲ ਵੰਡ ਕੀਤੀ। ਮੈਂ ਇਤਨੀ ਗਲ ਕਹਿੰਦਾ ਹਾਂ ਕਿ ਜੇ ਕਿਸੇ ਨੂੰ ਨਜ਼ਰ ਨਹੀਂ ਆਉਂਦਾ ਤਾਂ ਮੈਂ ਕਿਵੇਂ ਵਿਖਾ ਸਕਦਾ ਹਾਂ। ਪਰ ਜੇ ਚੰਨ ਚੜ੍ਹਿਆ ਹੋਵੇ ਤਾਂ ਕੋਈ ਪਰਾਤ ਲੈ ਕੇ ਖੜ੍ਹੀ ਕਰ ਦੇਵੇ ਤਾਂ ਵੀ ਚੰਨ ਚੜ੍ਹਿਆ ਨਜ਼ਰ ਆਵੇਗਾ। ਪਹਿਲੇ ਫੈਸਲੇ ਨੂੰ, ਡਿਪਟੀ ਸਪੀਕਰ ਸਾਹਿਬ, ਇਹ ਬਦਲਾ ਨਹੀਂ ਸਕੇ। 7 ਐਮ. ਏ. ਐਫ. ਪਾਣੀ ਵਿਚੋਂ ਹਰਿਆਣੇ ਨੂੰ ਘੱਟ ਤੋਂ ਘੱਟ ਸਾਢੇ ਤਿੰਨ ਐਮ. ਏ. ਐਫ. ਪਾਣੀ ਮਿਲਣਾ ਸੀ ਅਤੇ ਪੰਜਾਬ ਨੂੰ ਜਿਹੜਾ ਬਾਕੀ ਦਾ ਹੋਣਾ ਸੀ ਉਸ ਦੇ ਵਿਚੋਂ ਨਾਟ ਮੋਰ ਦੈਨ ਸਾਢੇ ਤਿੰਨ ਐਮ. ਏ. ਐਫ. ਮਿਲਣਾ ਸੀ। ਪਰ ਹੁਣ ਜਿਹੜਾ ਫੈਸਲਾ ਹੋਇਆ ਹੈ ਉਸ ਮੁਤਾਬਿਕ ਪੰਜਾਬ ਨੂੰ 4.22 ਐਮ. ਏ. ਐਫ. ਪਾਣੀ ਮਿਲਣਾ ਹੈ। (ਵਿਘਨ) ਮੈਨੂੰ ਕੀ ਪਤਾ ਸੀ ਕਿ ਮੈਨੂੰ ਅਨਪੜ੍ਹ ਆਦਮੀਆਂ ਨੂੰ ਇਹ ਦਸਣਾ ਪੈਣਾ ਹੈ ਕਿ ਪਾਣੀ ਕਿਥੋਂ ਆ ਗਿਆ ? ਇਹ ਬਕਾਇਦਾ ਤੌਰ ਤੇ ਇਕ ਸਿਸਟਮ ਹੈ।

**Mr. Deputy Speaker :** Please do not interrupt.

**Chief Minister (Sardar Darbara Singh) :** Mr. Deputy Speaker, through you, I would request that this discussion should be avoided as far as possible because we are going to discuss this matter and a special meetin for the same has also been allowed. So it is better that we should not give a general impression like this. I would also request the Member to shorten this part because there will be ample opportunity to discuss this matter on some other date.

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ਮੈਂ ਤਾਂ ਇਹੋ ਕਹਾਗਾਂ ਕਿ ਸਰਦਾਰ ਦਰਬਾਰਾ ਸਿੰਘ ਨੇ ਇਹ ਫੈਸਲਾ ਬਦਲਵਾਇਆ ਹੈ ਜਿਸ ਨੂੰ ਕਿ ਅਕਾਲੀਆਂ ਦੀ ਸਰਕਾਰ ਜੋ ਇਤਨੀ ਦੇਰ ਇਥੇ ਰਹੀ ਉਹ ਵੀ ਨਹੀਂ ਬਦਲਵਾ ਸਕੇ। ਇਥੇ ਵੀ ਅਕਾਲੀ ਵਜ਼ਾਰਤ ਹੋਵ ਅਤੇ ਉਤੇ ਵੀ ਅਕਾਲੀ ਵਜ਼ੀਰ ਬੈਠਾ ਹੋਵੇ ਤਾਂ ਵੀ ਇਹ ਇਸ ਫੈਸਲੇ ਨੂੰ ਬਦਲਵਾ ਨਹੀਂ ਸਕੇ। ਅਗਰ ਹੁਣ ਉਸ ਫੈਸਲੇ ਨੂੰ ਬਦਲਵਾ ਦਿਤਾ ਹੈ ਤਾਂ ਇਸ ਗਲ ਤੇ ਰੋਂਦੇ ਕਿਉਂ ਹੋ।

ਇਸ ਤੋਂ ਇਲਾਵਾ ਗਵਰਨਰ ਐਡਰੈਸ ਤੇ ਇੰਪਲੀਮੈਂਟੇਸ਼ਨ ਹੋਣ ਨਾਲ ਜਿਥੇ ਪੰਜਾਬ ਵਿਚ ਹਰ ਪਹਿਲੂ ਤੋਂ ਤਰੱਕੀ ਹੋਵੇਗੀ ਪੰਜਾਬ ਅੱਗੇ ਵਧੇਗਾ, ਪੰਜਾਬ ਦੇ ਲੋਕ ਸੁਖੀ ਹੋਣਗੇ ਉਥੇ ਹਿੰਦੁਸਤਾਨ ਦੀ ਤਰੱਕੀ ਵਿਚ ਵੀ ਪੰਜਾਬ ਦੇ ਲੋਕ ਆਪਣਾ ਯੋਗ ਹਿੱਸਾ ਪਾ ਸਕਣਗੇ। ਮੈਂ, ਡਿਪਟੀ ਸਪੀਕਰ ਸਾਹਿਬ, ਇਕ ਗੱਲ ਕਹਾਂਗਾ ਜਿਹੜੀ ਕਿ ਇਨ੍ਹਾਂ ਨੇ ਸ਼ੁਰੂ ਕੀਤੀ ਸੀ। ਕਈ ਬੰਦੇ ਹੁੰਦੇ ਹਨ ਜਿਹੜੇ ਕਹਿੰਦੇ ਹਨ ਕਿ ਫਲਾਣੀ ਥਾਂ ਇਹ ਹੋ ਗਿਆ, ਫਲਾਣੀ ਥਾਂ ਉਹ ਹੋ ਗਿਆ। ਮੈਂ ਆਪਣੇ ਇਕ ਯਾਰ ਨਾਲ ਰਾਤ ਬੈਠਾ ਗੱਲ ਕਰਦਾ ਸੀ। ਇਹ ਲੋਕ ਇਕ ਪਾਸੇ ਤਾਂ ਉਨ੍ਹਾਂ ਬੰਦਿਆਂ ਨੂੰ ਜਿਹੜੇ ਮੁਲਕ ਵਿਚ ਹਫੜਾ ਦਫੜੀ ਪੈਦਾ ਕਰਦੇ ਹਨ ਉਨ੍ਹਾਂ ਨੂੰ ਸ਼ਾਬਾਸ਼ ਦਿੰਦੇ ਹਨ ਅਤੇ ਜਦੋਂ ਸਰਕਾਰ ਉਨ੍ਹਾਂ ਤੇ ਹੱਥ ਪਾਵੇ ਤਾਂ ਚੀਕਾਂ ਮਾਰਦੇ ਹਨ। ਮੈਂ ਇਸ ਸਬੰਧ ਵਿਚ ਇਕ ਸ਼ੇਅਰ ਅਰਜ਼ ਕਰਕੇ ਬੈਠਦਾ ਹਾਂ:--

"ਕੁਰਬਾਨ ਇਸ ਅਦਾ ਪੇ ਬੜੀ ਸਾਦਕੀ ਕੇ ਸਾਥ,
ਕਾਤਲ ਯਹ ਕਹਿ ਰਹਾ ਹੈ ਕਹੀਂ ਕਤਲ ਹੋ ਗਯਾ"।

ਇਨ੍ਹਾਂ ਲਫਜ਼ਾਂ ਨਾਲ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**Mr. Deputy Speaker :** Sardar Birdevinder Singh to please second the above motion.

**Sardar Birdevinder Singh (Sirhind) :** Sir, I second the motion moved by Shri Gopal Krishan Chatrath.

ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਗਵਰਨਰ ਸਾਹਿਬ ਨੇ ਇਸ ਓਪਨਿੰਗ ਸੈਸ਼ਨ ਦੇ ਪਹਿਲੇ ਦਿਨ ਜੋ ਭਾਸ਼ਣ ਦਿਤਾ ਹੈ ਅਤੇ ਉਸ ਭਾਸ਼ਣ ਦਾ ਸੰਭਾਵਨਾਵਾਂ ਭਰਪੂਰ ਇਕ ਦਸਤਾਵੇਜ਼ ਆਪ ਦੇ ਰਾਹੀਂ ਸਾਡੇ ਤੱਕ ਪਹੁੰਚ ਗਿਆ ਹੈ, ਇਸ ਯਤਨ ਦੇ ਲਈ, ਗਰਵਨਰ ਸਾਹਿਬ ਨੇ ਜੋ ਉਸ ਦਸਤਾਵੇਜ਼ ਦੇ ਰਾਹੀਂ ਜਿਸ ਨੂੰ ਮੈਂ ਪੰਜਾਬ ਦੇ ਲੋਕਾਂ ਲਈ ਆਉਣ ਵਾਲੇ ਸਮੇਂ ਲਈ ਇਕ ਸੰਭਾਵਨਾਵਾਂ ਭਰਪੂਰ ਬਲਿਊ-ਪ੍ਰਿੰਟ ਦਿਤਾ ਉਨ੍ਹਾਂ ਦੇ ਧੰਨਵਾਦ ਦੇ ਮਤੇ ਦੀ ਤਾਈਦ ਕਰਨ ਲਈ ਮੈਂ ਖੜ੍ਹਾ ਹੋਇਆ ਹਾਂ। ਇਸ ਭਾਸ਼ਣ ਵਿਚ ਗਵਰਨਰ ਸਾਹਿਬ ਨੇ ਇਕ ਬੜੀ ਖੂਬਸੂਰਤ ਗੱਲ ਆਖੀ ਹੈ ਕਿ ਇਸ ਵਰ੍ਹੇ ਨੂੰ ਅਸੀਂ ਅਮਲ ਦਾ ਸਾਲ ਕਰਾਰ ਦੇ ਦਿਤਾ ਹੈ। ਇਹ ਸਾਲ ਅਮਲ ਦਾ ਸਾਲ ਹੋਵੇਗਾ। ਕਿਸੇ ਸ਼ਾਇਰ ਨੇ ਇਸ ਬਾਰੇ ਬੜਾ ਖੂਬਸੂਰਤ ਲਿਖਿਆ ਹੈ :

"ਅਮਲ ਸੇ ਜ਼ਿੰਦਗੀ ਬਨਤੀ ਹੈ ਜੰਨਤ ਭੀ ਜਹਨਮ ਭੀ,
ਯਹ ਖਾਕੀ ਆਪਣੀ ਫਿਤਰਤ ਸੇ ਨਾ ਨੂਰੀ ਹੈ ਨਾ ਨਾਰੀ ਹੈ"।

ਕੋਈ ਵੀ ਸਰਕਾਰ ਹੋਵੇ ਉਸਦੀ ਕਾਰਗੁਜ਼ਾਰੀ ਸਰਕਾਰ ਨੂੰ ਬਣਾਉਣ ਵਾਲੇ ਵਿਅਕਤੀਆਂ ਦੇ ਚੇਹਰਿਆਂ ਤੋਂ ਨਹੀਂ ਸਗੋਂ ਉਨ੍ਹਾਂ ਵੱਲੋਂ ਘੜੀਆਂ ਹੋਈਆਂ ਸਕੀਮਾਂ ਔਰ ਉਸ ਤੇ ਜੋ ਅਮਲ ਹੁੰਦਾ ਹੈ, ਉਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮੈਨੂੰ ਅਫਸੋਸ ਹੈ ਇਸ ਗੱਲ ਦਾ ਹੈ ਕਿ ਜਦੋਂ ਗਵਰਨਰ ਸਾਹਿਬ, ਜੋ ਸਭ ਦੇ ਸਾਂਝੇ ਹਨ, ਇਥੇ ਆਪਣਾ ਭਾਸ਼ਣ ਦੇਣ ਵਾਸਤੇ ਆਏ ਤਾਂ ਪਹਿਲਾਂ ਵਾਂਗ ਹੀ ਇਸ ਦਫਾ ਵੀ ਚੋਣਵੇਂ ਸਿਆਣੇ ਬੰਦਿਆਂ ਨੇ ਉਸ ਦੇ ਵਿਚ ਖਲਲ ਪਾਉਣ ਦੀ ਕੋਸ਼ਿਸ਼ ਕੀਤੀ। ਹੋਰ ਵੀ ਵਾਧੂ ਅਫਸੋਸ ਇਸ ਗੱਲ ਤੋਂ ਹੋਇਆ ਕਿ ਸਾਬਕਾ ਮੁੱਖ ਮੰਤਰੀ ਤੇ ਹੁਣ ਦੇ ਲੀਡਰ ਆਫ ਦੀ ਆਪੋਜੀਸ਼ਨ ਜਿਨ੍ਹਾਂ ਦੀ ਵਿਜ਼ਡਮ ਵੈਸੇ ਤਾਂ ਮੰਨੀ ਪਰਮੰਨੀ ਹੈ ਪਰ ਪਤਾ ਨਹੀਂ ਕਿਉਂ ਉਨ੍ਹਾਂ ਅਚਾਨਕ ਉਠ ਕੇ ਬੋਲਣਾ ਸ਼ੁਰੂ ਕਰ ਦਿਤਾ ਤੇ ਗਵਰਨਰ ਸਾਹਿਬ ਦੇ ਭਾਸ਼ਣ ਦੇ ਮੁਤਜ਼ਾਦ ਇਕ ਆਪਣਾ ਭਾਸ਼ਣ ਪੜ੍ਹਨਾ ਸ਼ੁਰੂ ਕਰ ਦਿਤਾ। ਕੁਝ ਬੰਦਿਆਂ ਨੇ ਦੂਜੇ ਪਾਸਿਓਂ ਪੜ੍ਹਨਾ ਸ਼ੁਰੂ ਕਰ ਦਿਤਾ। ਮੈਂ ਇਸ ਦਾ ਜ਼ਿਕਰ ਇਸ ਕਰਕੇ ਕੀਤਾ ਹੈ ਕਿਉਂਕਿ ਜਿਸ ਦਿਨ ਗਵਰਨਰ ਐਡਰੈਸ ਹੁੰਦਾ ਹੈ ਉਸ ਦਿਨ ਭਾਸ਼ਣ ਕੇਵਲ ਗਵਰਨਰ ਸਾਹਿਬ ਦਾ ਹੋਣਾ ਹੁੰਦਾ ਹੈ। ਇਹ ਆਪਣੇ ਆਪ ਭਾਸ਼ਣ ਪੜ੍ਹਨ ਦੀ ਪਰੰਪਰਾ ਪਹਿਲੇ ਦਿਨ ਬੜੀ ਅਜੀਬ ਹੈ। ਮੈਨੂੰ ਡਰ ਹੈ ਕਿ ਕਿਧਰੇ ਇਸ ਤਰ੍ਹਾਂ ਨਾ ਹੋਵੇ ਕਿ ਜਿਸ ਦਿਨ ਯੂ. ਐਨ. ਓ. ਵਿਚ ਇਸ ਦੇ ਸੈਸ਼ਨ ਵਾਲੇ ਦਿਨ ਯੂ. ਐਨ. ਓ. ਦਾ ਸੈਕਟਰੀ ਭਾਸ਼ਣ ਦੇਣਾ ਸ਼ੁਰੂ ਕਰੇ ਤਾਂ ਬਾਦਲ ਸਾਹਿਬ ਜਿਥੇ ਕਿਤੇ ਵੀ ਬੈਠੇ ਹੋਣ ਇਹ ਆਪਣਾ ਭਾਸ਼ਣ ਪੜ੍ਹਨਾ ਸ਼ੁਰੂ ਕਰ ਦੇਣ ਜਾਂ ਹੋਰ ਕਿਸੇ ਵੱਡੀ ਸਭਾ ਵਿਚ ਭਾਸ਼ਣ ਹੋ ਰਿਹਾ ਹੋਵੇ ਤਾਂ ਬਾਦਲ ਸਾਹਿਬ ਕਿਸੇ ਸਰਾਂ ਵਿਚ ਬੈਠ ਕੇ ਆਪਣਾ ਭਾਸ਼ਣ ਪੜ੍ਹਨਾ ਸ਼ੁਰੂ ਕਰ ਦੇਣ। ਗਵਰਨਰ ਸਾਹਿਬ ਦੇ ਭਾਸ਼ਣ ਦੇ ਮੁਤਜ਼ਾਦ ਕੋਈ ਹੋਰ ਭਾਸ਼ਣ ਉਸ ਦਿਨ ਕਰਨਾ ਕੋਈ ਬਹੁਤੀ ਅੱਛੀ ਗੱਲ ਨਹੀਂ ਹੈ।

ਇਕ ਹੋਰ ਬੜੀ ਅਜੀਬ ਗੱਲ ਹੋਈ ਜੋ ਕਿ ਮੈਂ ਅਖਬਾਰ ਵਿਚ ਪੜ੍ਹੀ ਹੈ। ਉਸ ਦਿਨ ਜਿਸ ਵੇਲੇ ਬਾਦਲ ਸਾਹਿਬ ਇਥੇ ਬੜੀ ਲੱਛੇਦਾਰ ਤਕਰੀਰ ਕਰ ਰਹੇ ਸਨ, ਗਵਰਨਰ ਸਾਹਿਬ ਦੇ ਭਾਸ਼ਣ ਨੂੰ ਡਿਸਟਰਬ ਕਰਕੇ ਕਿ ਲੁਟੇ ਗਏ, ਪੁਟੇ ਗਏ, ਇੰਦਰਾ ਗਾਂਧੀ ਦੇ ਰਾਜ ਵਿਚ ਕੱਖ ਨਹੀਂ ਸਾਡਾ

Original with;
Punjab Vidhan Sabha
Digitized by;
Panjab Digital Library

ਬਣਿਆ, ਸਿੱਖ ਮਾਰੇ ਗਏ, ਠੀਕ ਉਸੀ ਸਮੇਂ ਮੁਕਤਸਰ ਵਿਚ ਜਿਸ ਪਾਰਟੀ ਦੇ ਵੱਲੋਂ ਇਹ ਇਥੇ ਆਪੋਜ਼ੀਸ਼ਨ ਦੇ ਨੇਤਾ ਹਨ ਉਸ ਪਾਰਟੀ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਬਿਆਨ ਦੇ ਰਹੇ ਹਨ ਕਿ "ਪ੍ਰਧਾਨ ਮੰਤਰੀ ਸਿੱਖ ਮਸਲਿਆਂ ਦਾ ਹੱਲ ਕਰਨ ਦੇ ਇੱਛੁਕ।"

> "ਸਿੱਖ ਮਸਲਿਆਂ ਦਾ ਹੱਲ ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਰਹਿਨੁਮਾਈ ਵਿਚ ਹੈ ਔਰ ਡਿਸਾਈ ਸਾਹਿਬ ਨੇ ਸਾਡੇ ਨਾਲ ਗੱਲ ਤੱਕ ਨਹੀਂ ਕੀਤੀ। ਇੰਦਰਾ ਗਾਂਧੀ ਨੇ ਸਾਡੇ ਨਾਲ ਗੱਲ ਤੋਰੀ ਹੈ ਔਰ ਮੈਨੂੰ ਯਕੀਨ ਹੈ ਕਿ ਪੰਜਾਬ ਦੇ ਮਸਲੇ ਇੰਦਰਾ ਜੀ ਨਾਲ ਗੱਲ ਕਰਨ ਉਪਰੰਤ ਨਜਿੱਠੇ ਜਾ ਸਕਦੇ ਹਨ।"

ਇਹ ਦੋਵੇਂ ਮੁਤਜ਼ਾਦ ਗੱਲਾਂ ਹਨ। ਪਾਰਟੀ ਦਾ ਲੀਡਰ ਬਾਹਰ ਹੋਰ ਬਿਆਨ ਦੇ ਰਿਹਾ ਹੈ ਅਤੇ ਪਾਰਟੀ ਦਾ ਲੀਡਰ ਅੰਦਰ ਹੋਰ ਬਿਆਨ ਦੇ ਰਿਹਾ ਹੈ। ਇਥੇ ਬੈਠੇ ਇਹ ਕਹਿੰਦੇ ਹਨ ਕਿ ਉਸ ਮਹਾਨ ਨੇਤਾ ਦੀ ਅਗਵਾਈ ਵਿਚ ਦੇਸ਼ ਲੁਟਿਆ ਗਿਆ ਹੈ। ਬਾਹਰ ਬੈਠੇ ਇਨ੍ਹਾਂ ਦੇ ਲੀਡਰ ਕਹਿੰਦੇ ਹਨ ਕਿ ਉਸ ਨੇਤਾ ਦੀ ਅਗਵਾਈ ਵਿਚ ਸਭ ਮਸਲਿਆਂ ਦਾ ਹੱਲ ਸਾਨੂੰ ਨਜ਼ਰ ਆਉਂਦਾ ਹੈ। ਇਹ ਕੰਟਰਾਡਿਕਸ਼ਨ ਹੈ। ਇਸ ਬਾਰੇ ਮੈਂ ਕੁਝ ਨਹੀਂ ਕਹਾਂਗਾ। ਬਾਦਲ ਸਾਹਿਬ ਨੇ ਮੇਰੇ ਤੋਂ ਬਾਅਦ ਬੋਲਣਾ ਹੈ। ਉਹ ਉਦੋਂ ਆਪਣੀ ਪਾਰਟੀ ਦੀ ਨੀਤੀ ਸਪੱਸ਼ਟ ਕਰ ਸਕਦੇ ਹਨ। ਬਾਰ ਬਾਰ ਹਾਲ ਦੁਹਾਈ ਦੇ ਕੇ ਇਥੋਂ ਗੱਲ ਸ਼ੁਰੂ ਕਰਕੇ ਪ੍ਰਧਾਨ ਮੰਤਰੀ ਤੱਕ ਜਾ ਅੱਪੜਦੇ ਹਨ। ਮੈਂ ਇਸ ਕਰਕੇ ਉਨ੍ਹਾਂ ਦਾ ਜ਼ਿਕਰ ਕੀਤਾ ਹੈ।

ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੰਜਾਬ ਵਿਚ ਵਾਪਰੀਆਂ ਬਦਨਸੀਬ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਜ਼ਿਕਰ ਕਰਨਾ ਲਾਜ਼ਮੀ ਸੀ। ਜੋ ਕੁਝ ਵੀ ਪਿਛਲੇ ਸਾਲ ਵਿਚ ਵਾਪਰਿਆ ਹੈ ਉਸ ਦਾ ਸੰਕੇਤਿਕ ਤੌਰ ਤੇ, ਇਸ਼ਾਰੇ ਮਾਤਰ, ਜ਼ਿਕਰ ਕੀਤਾ ਹੈ। ਜਿਥੇ ਬਾਦਲ ਸਾਹਿਬ ਨੇ ਭਾਸ਼ਣ ਦਾ ਬਾਈਕਾਟ ਕੀਤਾ ਉਥੇ ਇਹ ਵੀ ਕਿਹਾ ਹੈ ਕਿ ਹਿੰਦੂ-ਸਿੱਖ ਏਕਤਾ ਪੰਜਾਬ ਵਿਚ ਇਸ ਸਰਕਾਰ ਨੇ ਭੰਗ ਕਰ ਦਿਤੀ ਹੈ ਔਰ ਅਫਸੋਸ ਹੈ ਕਿ ਬੰਦੇ ਮਰ ਗਏ ਹਨ। ਮੈਂ ਸਮਝਦਾ ਹਾਂ ਕਿ ਇਹ ਚੈਂਬਰ ਬਿਲਕੁਲ ਠੀਕ ਫੋਰਮ ਹੈ ਜਿਥੇ ਕਿ ਅਸੀਂ ਇਨ੍ਹਾਂ ਗੱਲਾਂ ਦਾ ਠੀਕ ਤਰ੍ਹਾਂ ਨਾਲ ਜ਼ਿਕਰ ਕਰ ਸਕਦੇ ਹਾਂ, ਇਨ੍ਹਾਂ ਬਾਰੇ ਵਾਦ ਵਿਵਾਦ ਕਰ ਸਕਦੇ ਹਾਂ। ਪਰ ਇਹ ਵੇਖੀਏ ਕਿ ਇਸ ਝਗੜੇ ਦੀ ਬੁਨਿਆਦ ਕੀ ਹੈ, ਇਹ ਝਗੜਾ ਉਤਪਨ ਕਿਥੋਂ ਹੋਇਆ? ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦਿਆਂ ਝਗੜਿਆਂ ਬਾਰੇ ਵਾਦ ਵਿਵਾਦ ਹੋਣਾ ਵੀ ਚਾਹੀਦਾ ਹੈ। ਸ਼ਾਇਦ ਬਾਦਲ ਸਾਹਿਬ ਵੀ ਇਸ ਗੱਲ ਨਾਲ ਸਹਿਮਤੀ ਪ੍ਰਗਟ ਕਰਨਗੇ। ਇਸ ਝਗੜੇ ਦੀ, ਇਸ ਨਫਰਤ ਦਾ ਪ੍ਰਗਟਾ 13 ਅਪਰੈਲ, 1978 ਨੂੰ ਅੰਮ੍ਰਿਤਸਰ ਦੀ ਧਰਤੀ ਤੇ ਹੋਇਆ ਹੈ। ਉਸ ਦਾ ਕਾਰਣ ਕੀ ਸੀ? ਇਹ ਤੁਸੀਂ ਜਾਣਦੇ ਹੋ ਔਰ ਮੈਂ ਵੀ ਜਾਣਦਾ ਹਾਂ। 13 ਅਪ੍ਰੈਲ, 1978 ਨੂੰ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਸ ਸੂਬੇ ਦੇ ਮੁੱਖ ਮੰਤਰੀ ਸਨ, ਸਾਹਮਣੇ ਬੈਠੇ ਵੀਰਾਂ ਵਿਚੋਂ ਵੀ ਬਹੁਤ ਸਾਰੇ ਉਸ ਵੇਲੇ ਸਰਕਾਰੀ ਬੈਂਚਾਂ ਤੇ ਬੈਠੇ ਸਨ। ਉਸ ਵੇਲੇ ਇਹ ਬਦਨਸੀਬ ਘਟਨਾ ਵਾਪਰੀ ਜਿਸ ਵਿਚ 13 ਆਦਮੀ ਕਤਲ ਹੋਏ ਔਰ 77 ਜ਼ਖਮੀ ਹੋਏ। ਉਨ੍ਹਾਂ ਨੂੰ ਗੁਰਦਵਾਰਾ ਸਾਹਿਬ ਦੀ ਹਦੂਦ ਵਿਚੋਂ ਭੜਕਾ ਕੇ, ਉਸ ਸਭਾ ਤਕ ਭੇਜ ਦਿਤਾ ਜਿਥੇ ਪਿਛੋਂ ਝਗੜਾ ਹੋ ਗਿਆ। ਮੈਂ ਇਸ ਗਲ ਵਿਚ ਨਹੀਂ ਪੈਂਦਾ ਕਿ ਕਿਸੇ ਕਿਤਾਬ ਵਿਚ ਕੀ ਚੀਜ਼ ਇਤਰਾਜ਼-ਯੋਗ ਸੀ। ਜਦੋਂ ਇਸ ਗਲ ਤੇ ਡਿਸਕਸ਼ਨ ਹੋਵੇਗੀ ਤਾਂ ਉਦੋਂ ਖੁਲ੍ਹ ਕੇ ਇਹ ਗਲ ਕਹਿ ਸਕਾਂਗਾ ਪਰ ਅਫਸੋਸ ਦੀ ਗਲ ਹੈ ਕਿ ਜਦੋਂ ਇਹ ਵਾਦ ਵਿਵਾਦ ਪੰਜਾਬ ਦੀ ਧਰਤੀ ਤੇ ਚਲਿਆ ਤਾਂ ਉਸ ਵੇਲੇ ਬਾਦਲ ਸਾਹਿਬ ਦੀ ਹਕੂਮਤ ਸੀ। ਉਨ੍ਹਾਂ ਦੇ ਦੂਜੇ ਭਾਈਚਾਰੇ ਨੇ ਸਾਰੇ ਪੰਜਾਬ ਦੇ ਵਿਚ ਕਾਨਫਰੰਸਾਂ ਕਰਕੇ ਲੋਕਾਂ ਨੂੰ ਭੜਕਾਉਣਾ ਸ਼ੁਰੂ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਕਰ ਦਿਤਾ, ਨਫਰਤ ਦੇ ਭਾਂਬੜ ਪੰਜਾਬ ਦੀ ਧਰਤੀ ਤੇ ਬਾਲ ਦਿਤੇ ਔਰ ਇਸ ਤਰ੍ਹਾਂ ਦੀਆਂ ਤਕਰੀਰਾਂ ਇਨ੍ਹਾਂ ਦੇ ਵਜ਼ੀਰ ਵੀ ਕਰਦੇ ਰਹੇ ਹਨ ਔਰ ਇਕ ਜੱਥੇਬੰਦ ਤਾਕਤ ਦੇ ਤਹਿਤ ਨਫਰਤ ਦੀ ਅੱਗ ਦੇ ਭਾਂਬੜ ਬਾਲਕੇ ਲੋਕਾਂ ਨੂੰ ਉਸ ਸਭਾ ਵਾਲੀ ਥਾਂ ਤੇ ਜਾਣ ਲਈ ਤਿਆਰ ਕੀਤਾ ਗਿਆ। ਇਹ ਉਸ ਨਫਰਤ ਦਾ ਬੀਜ ਸੀ ਜਿਹੜਾ ਕਿ ਇਨ੍ਹਾਂ ਨੇ ਬੀਜਿਆ ਸੀ, ਉਸ ਬੀਜ ਨੇ ਵਿਕਸਤ ਹੋਣਾ ਸੀ ਔਰ ਉਹ ਹੋਇਆ ਜਿਸ ਦੇ ਸਿਟੇ ਦੇ ਤੌਰ ਤੇ 13 ਅਪਰੈਲ, 1978 ਦੀ ਬਦਨਸੀਬ ਘਟਨਾ ਵਾਪਰੀ। ਉਸ ਬੀਜ ਨੂੰ, ਉਸ ਨਫਰਤ ਦੇ ਬੀਜ ਨੂੰ ਨਾਸ਼ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ ਗਈ ਸਗੋਂ ਉਸ ਬੀਜ ਨੂੰ ਹੋਰ ਤਾਜ਼ਾ ਤੇ ਉਚਾ ਕਰਕੇ ਲੋਕਾਂ ਦੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਅਜ ਇਥੇ ਵਾਪਰੀਆਂ ਘਟਨਾਵਾਂ ਮੈਂ ਸਮਝਦਾ ਹਾਂ ਕਿ ਪਹਿਲਾਂ ਉਸ ਸਮੇਂ ਦੀਆਂ ਵਾਪਰੀਆਂ ਘਟਨਾਵਾਂ ਤੋਂ ਹੀ ਪੈਦਾ ਹੋਈਆਂ ਹਨ। ਸਰਦਾਰ ਉਮਰਾਨੰਗਲ ਜੀ ਮੇਰੇ ਸਾਹਮਣੇ ਬੈਠੇ ਹਨ, ਉਨ੍ਹਾਂ ਨੇ ਬਹੁਤ ਜ਼ਿਆਦਤੀ ਕੀਤੀ ਹੈ ਕਿਉਂਕਿ ਜਨਾਬ ਉਥੇ ਗੁਰਦੁਆਰਾ ਸਾਹਿਬ ਵਿਚ ਹਾਜ਼ਰ ਸੀ। ਉਨ੍ਹਾਂ ਨੇ ਲੋਕਾਂ ਨੂੰ ਤਿਆਰ ਬਿਆਰ ਕਰਕੇ, ਉਨ੍ਹਾਂ ਨੂੰ ਆਸ਼ੀਰਬਾਦ ਦੇ ਕੇ ਜਿਥੇ ਸਭਾ ਬੈਠੀ ਸੀ ਉਥੇ ਭੇਜ ਦਿਤਾ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ ਜੀ। ਅਫਸੋਸ ਹੈ ਕਿ ਇਹ ਗਲਤ ਬਿਆਨੀ ਕਰ ਰਿਹਾ ਹੈ। ਮੈਂ ਉਨ੍ਹਾਂ ਲੋਕਾਂ ਨੂੰ ਰੋਕਣ ਦਾ ਯਤਨ ਕੀਤਾ ਲੇਕਿਨ ਇਹ ਗਲ ਬਦੋ ਬਦੀ ਹੋ ਗਈ। ਇਹ ਜੋ ਕੁਝ ਹੋਇਆ ਹੈ ਇਹ ਪ੍ਰਾਜੈਕਟਿਡ ਬਾਈ ਦੀ ਕਾਂਗਰਸ ਹੈ। ਹਿੰਦੂ ਸਿੱਖਾਂ ਵਿਚ ਫੂਟ ਪਾਉਣ ਲਈ ਇਹ ਪ੍ਰਾਜੈਕਟ ਕੀਤਾ ਗਿਆ ਔਰ ਇਹ ਪ੍ਰਾਜੈਕਟਿਡ ਬਾਈ ਕਾਂਗਰਸ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਚਲੋ ਜੀ, ਇਹ ਤਾਂ ਇਨ੍ਹਾਂ ਨੇ ਮੰਨ ਹੀ ਲਿਆ ਹੈ ਕਿ ਇਹ ਉਸ ਵੇਲੇ ਮੌਕੇ ਤੇ ਮੌਜੂਦ ਸਨ। ਮੈਂ ਚਾਹੁੰਦਾ ਹਾਂ ਕਿ ਜੋ ਗਲ ਕਵੀ ਨੇ ਕਹੀ ਹੈ ਉਸ ਦੇ ਸ਼ਬਦਾਂ ਵਿਚ ਹੀ ਕਿਹਾਂ:--

"ਆਗ ਸਿਆਦ ਨੇ ਖੁਦ ਨਹੀਂ ਲਗਾਈ ਥੇ......
ਸਿਆਦ ਤੋ ਚਲਾ ਗਿਆ ਲੇਕਿਨ ਆਗ ਲਗ ਗਈ।"

ਉਨ੍ਹਾਂ ਨੇ ਹੋਰ ਗਲ ਇਹ ਵੀ ਕਹਿ ਦਿਤੀ ਹੈ ਕਿ ਇਹ ਗੱਲ ਕਾਂਗਰਸ ਨੇ ਪ੍ਰਾਜੈਕਟ ਕੀਤੀ ਕਿ ਹਿੰਦੂ-ਸਿੱਖਾਂ ਦੀ ਏਕਤਾ ਨੂੰ ਬਰਬਾਦ ਕੀਤਾ ਜਾਵੇ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਪੰਜਾਬ ਵਿਚ ਘਟਨਾਵਾਂ ਵਾਪਰੀਆਂ ਹਨ ਕੀ ਉਹ ਵੀ ਸਾਡੇ ਕਰਕੇ ਹੀ ਹੋਇਆ ਹੈ ? ਜੇਕਰ ਸਾਡੇ ਕਰਕੇ ਹੋਇਆ ਹੈ ਤਾਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਫਿਰ ਉਨ੍ਹਾਂ ਲੋਕਾਂ ਨੂੰ ਸਰੋਪੇ ਕਿਉਂ ਦਿੰਦੇ ਹੋ ? ਜੇਕਰ ਸਾਰੀ ਚੀਜ਼ ਕਾਂਗਰਸ ਨੇ ਹੀ ਪ੍ਰਾਜੈਕਟ ਕੀਤੀ ਹੈ ਤਾਂ ਫਿਰ ਜਨਾਬ ਸਰੋਪੇ ਕਿਉਂ ਦਿੰਦੇ ਹਨ ? (ਹਾਸਾ) ਗੁਰਦੁਆਰਿਆਂ ਔਰ ਸਭਾਵਾਂ ਵਿਚ ਸਰੋਪੇ ਦੇਣਾ ਇਸ ਦਾ ਮਤਲਬ ਹੈ ਕਿ ਸਰੋਪੇ ਸਾਡੇ ਕਹਿਣ ਤੇ ਹੀ ਦਿੰਦੇ ਹੋ। ਜੇਕਰ ਇਹ ਗੱਲ ਹੈ ਤਾਂ ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਸਰੋਪਿਆਂ ਦੀ ਕੀਮਤ ਰੀਇੰਬਰਸ ਕਰ ਦੇਣ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਜਿਨ੍ਹਾਂ ਲੋਕਾਂ ਨੇ ਮਾਰ ਕੁਟਾਈ ਕੀਤੀ ਹੈ ਉਹ ਪੁਲਿਸ ਦੇ ਸਿਪਾਹੀ ਹਨ ਔਰ ਗੌਰਮਿੰਟ ਤੁਹਾਡੀ ਹੀ ਹੈ। ਸਾਡੇ ਸੰਤ ਹਰਚੰਦ ਸਿੰਘ ਨੇ ਕਿਹਾ ਸੀ ਕਿ ਥਾਣਿਆਂ ਵਿਚੋਂ ਲੋਕ ਆਉਂਦੇ ਹਨ ਔਰ ਕਤਲ ਕਰਕੇ ਥਾਣਿਆਂ ਵਿਚ ਹੀ ਚਲੇ ਜਾਂਦੇ ਹਨ।

**ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ)** : ਮੈਂ ਅਰਜ਼ ਕਰਾਂ ਕਿ ਬਾਕੀ ਵੀ ਕਈਆਂ ਨੇ ਬੋਲਣਾ ਹੈ। ਕੁਝ ਨੇ ਇਧਰੋਂ ਵੀ ਬੋਲਣਾ ਹੈ ਅਤੇ ਕੁਝ ਨੇ ਉਧਰੋਂ ਵੀ ਬੋਲਣਾ ਹੈ। ਇਸ ਲਈ

Original with;
Punjab Vidhan Sabha
Digitized by;
Panjab Digital Library

ਕਿਰਪਾ ਕਰਕੇ ਮੈਂਬਰ ਸਾਹਿਬਾਨ ਨੂੰ ਇਹ ਕਿਹਾ ਜਾਵੇ ਕਿ ਉਹ ਇਕ ਦੂਜੇ ਦੇ ਬੋਲਣ ਵਿਚ ਨਾ ਦਖਲ ਦੇਣ, ਜੋ ਕਹਿਣਾ ਹੋਵੇ ਆਪ ਆਪਣੇ ਵਕਤ ਤੇ ਕਹਿਣ ।

**ਸ੍ਰੀ ਡਿਪਟੀ ਸਪੀਕਰ** : ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਕਿਉਂਕਿ ਡਿਸਕਸ਼ਨ ਕਈ ਦਿਨ ਚੱਲਣੀ ਹੈ, ਇਸ ਲਈ ਸਾਰਿਆਂ ਨੂੰ ਮੌਕਾ ਬੋਲਣ ਲਈ ਮਿਲਣਾ ਹੈ । ਇਸ ਲਈ ਅਗਰ ਇਕ ਸਪੀਕਰ ਬੋਲਦਾ ਹੋਵੇ ਤਾਂ ਉਸ ਨੂੰ ਇਨਟਰੱਪਟ ਨਾ ਕੀਤਾ ਜਾਵੇ ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਇਹ ਬਾਈ ਨੇਮ ਨਾ ਗੱਲ ਕਰਨ ।

**ਸਰਦਾਰ ਬੀਰਦਵਿੰਦਰ ਸਿੰਘ** : ਸੋ, ਮੈਂ ਬੇਨਤੀ ਕਰ ਰਿਹਾ ਸੀ ਕਿ ਅਮਨ ਨੂੰ ਤੋੜਨ ਵਾਸਤੇ ਕੋਸ਼ਿਸ਼ ਸਾਹਮਣੇ ਬੈਠੇ ਭਰਾਵਾਂ ਵੱਲੋਂ ਕੀਤੀ ਗਈ ਹੈ । ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੈ ਕਿ ਦਲ ਖਾਲਸਾ ਨੇ ਹਵਾਈ ਜਹਾਜ਼ ਅਗਵਾਹ ਕੀਤਾ ਹੈ ਔਰ ਦਲ ਖਾਲਸਾ ਦਾ ਹੈਡਕੁਆਰਟਰ ਹਵਾਈ ਜਹਾਜ਼ ਅਗਵਾਹ ਹੋਣ ਤੱਕ ਗੁਰੂ ਨਾਨਕ ਸਰਾਂ ਦੇ 37 ਨੰਬਰ ਕਮਰੇ ਵਿਚ ਰਿਹਾ ਹੈ । ਉਸ ਸਰਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਹੈ । ਸਾਡੇ ਕੋਲ ਉਸ ਦਾ ਪ੍ਰਬੰਧ ਨਹੀਂ ਹੈ। ਉਸ ਦਾ ਪ੍ਰਬੰਧ ਕਾਂਗਰਸ ਕੋਲ ਨਹੀਂ ਹੈ । ਫਿਰ ਜੇਕਰ ਪ੍ਰਬੰਧ ਹੀ ਤੁਹਾਡਾ ਹੈ ਤਾਂ ਫਿਰ ਡਾਇਰੈਕਟ ਜ਼ਿੰਮੇਵਾਰੀ ਤੁਹਾਡੇ ਤੇ ਆਉਂਦੀ ਹੈ । ਤੁਹਾਡੀ ਪਾਰਟੀ ਦੀ ਪ੍ਰਸਿੱਧ ਨੀਤੀ ਹੈ ਕਿ ਧਰਮ ਅਤੇ ਸਿਆਸਤ ਇਕੱਠੇ ਹਨ । ਇਸ ਲਈ ਇਥੇ ਬੈਠੇ ਅਕਾਲੀ ਦਲ ਦੇ ਚੁਣੇ ਹੋਏ ਨੁਮਾਇੰਦਿਆਂ ਤੇ ਉਤਨੀ ਹੀ ਜ਼ਿੰਮੇਵਾਰੀ ਆਉਂਦੀ ਹੈ ਜਿਤਨੀ ਕਿ ਬਾਹਰ ਬੈਠੇ ਅਕਾਲੀ ਦਲ ਦੇ ਹੋਰ ਆਦਮੀਆਂ ਤੇ ਆਉਂਦੀ ਹੈ । ਮੈਂ ਇਹ ਗੱਲ ਤੁਹਾਡੀ ਪਾਰਟੀ ਦੇ ਸੰਵਿਧਾਨ ਦੇ ਮੁਤਾਬਿਕ ਕਹਿ ਰਿਹਾ ਹਾਂ, ਕਿਉਂਕਿ ਤੁਹਾਡਾ ਸਾਰਾ ਕੁਝ ਇਕੱਠਾ ਹੀ ਹੈ । ਦਲ ਖਾਲਸਾ ਦਾ ਹੈਡਕੁਆਰਟਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਮਰੇ ਵਿਚ ਰਿਹਾ ਹੈ । ਉਥੇ ਕਾਨਫਰੰਸਾਂ ਹੁੰਦੀਆਂ ਰਹੀਆਂ ਹਨ, ਉਥੇ ਪਲਾਨਿੰਗ ਕਰਦੇ ਰਹੇ, ਉਨ੍ਹਾਂ ਦੀ ਮੱਦਦ ਕਰ ਰਹੇ ਔਰ ਜਹਾਜ਼ ਅਗਵਾਹ ਕੀਤਾ ਗਿਆ । ਬਾਦਲ ਸਾਹਿਬ ਪਰਸੋਂ ਮਗਰਮੱਛ ਦੇ ਹੰਝੂ ਵਹਾਉਂਦੇ ਸਨ ਕਿ ਬੰਦੇ ਮਰ ਗਏ, ਉਨ੍ਹਾਂ ਨੂੰ ਅਫਸੋਸ ਹੈ, ਪਰ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਮਜ਼ਲੂਮ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਕੀ ਲੀਡਰ ਆਫ ਦੀ ਆਪੋਜ਼ੀਸ਼ਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੇ ਪਰਿਵਾਰ ਪਾਸ ਕਦੇ ਹੰਝੂ ਗੇਰਨ ਗਏ ਹਨ ? ਨਹੀਂ ਗਏ ।

ਡਿਪਟੀ ਸਪੀਕਰ ਸਾਹਿਬ, ਇਹ ਤਾਂ ਉਹ ਗੱਲ ਹੈ ਕਿ ਹਾਥੀ ਕੇ ਦਾਂਤ ਖਾਨੇ ਕੇ ਔਰ ਦਿਖਾਨੇ ਕੇ ਔਰ । ਜਿਥੇ ਕਤਲ ਹੋਏ ਉਥੇ ਇਨ੍ਹਾਂ ਦੀ ਪਾਰਟੀ ਕਾਨਫਰੰਸਾਂ ਕਰ ਰਹੀ ਹੈ । ਜਿਨ੍ਹਾਂ ਨੇ ਪੰਜਾਬ ਦੇ ਅਮਨ ਨੂੰ ਉਜਾੜਿਆ ਉਨ੍ਹਾਂ ਕਰੀਮਿਨਲਜ਼ ਨੂੰ ਰੀਹੈਬਿਲੀਟੇਟ ਕਰਨ ਵਾਸਤੇ ਇਹ ਚੰਦੇ ਇਕੱਠੇ ਕਰ ਰਹੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਤਲ ਕਰਨ ਵਾਲੇ ਨੂੰ ਸਰੋਪੇ ਦੇਣਾ ਔਰ ਉਨ੍ਹਾਂ ਨੂੰ ਰਿਹੈਬਿਲੀਟੇਟ ਕਰਨਾ ਇਸ ਵਿਚ ਇਨ੍ਹਾਂ ਦੀ ਕੀ ਵਿਜ਼ਡਮ ਹੈ । ਅੱਜ ਮੈਨੂੰ ਇਹ ਗੱਲ ਦੱਸਣ । ਇਸ ਦੇ ਨਾਲ ਮੈਂ ਇਹ ਗੱਲ ਕਹਿਣੀ ਚਾਹਵਾਂਗਾ ਕਿ ਜੋ ਘਟਨਾਵਾਂ ਪੰਜਾਬ ਵਿਚ ਵਾਪਰੀਆਂ ਉਸ ਵਿਚ ਇਨ੍ਹਾਂ ਜਾਣ ਬੁਝ ਕੇ ਕਾਤਲਾਂ ਨੂੰ ਤਕੜੇ ਕਰਨ ਦੀ ਕੋਸ਼ਿਸ਼ ਕੀਤੀ ਹੈ ਪ੍ਰੰਤੂ ਇਸ ਨਾਲ ਕਮਜ਼ੋਰ ਵਰਗ ਵਿਚ ਮਾਈਨਾਰਿਟੀ ਵਰਗ ਵਿਚ ਔਰ ਉਹ ਲੋਕ ਜਿਹੜੇ ਕਿ ਇਨ੍ਹਾਂ ਨਾਲ ਸਹਿਮਤ ਨਹੀਂ ਉਨ੍ਹਾਂ ਵਿਚ ਕਦੇ ਕਿਸੇ ਕਿਸਮ ਦੀ ਹਫੜਾ ਦਫੜੀ ਨਹੀਂ ਮਚੀ । ਪਰ ਹੁਣ ਜਦੋਂ ਸਾਡੀ ਸਰਕਾਰ ਪੁਲਿਸ ਦੁਆਰਾ ਉਨ੍ਹਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਇਹ ਪੁਲਿਸ ਨੂੰ ਡੀਮੌਰੇਲਾਈਜ਼ ਕਰ ਰਹੇ ਹਨ । ਜਿਸ ਥਾਂ ਤੇ ਪੁਲਿਸ ਵਾਲੇ ਕਤਲ ਹੋਏ ਸਨ ਉਥੇ ਇਨ੍ਹਾਂ ਦੀ ਪਾਰਟੀ ਨੇ ਜਾ ਕੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਕਾਨਫਰੰਸ ਕੀਤੀ ਔਰ ਜੱਗ੍ਹਾ ਨੂੰ ਸੈਲੀਬਰੇਟ ਕੀਤਾ । ਆਇਆ ਤੁਸੀਂ ਇਸ ਨੂੰ ਵਿਧਾਨਿਕ ਢੰਗ ਮੰਨਦੇ ਹੋ ? You have totally disowned the constitutional set up. ਜਦੋਂ ਕੋਈ ਵੀ ਇਹ ਇਸ ਕਿਸਮ ਦੀ ਕਾਰਵਾਈ ਕਰਦੇ ਹਨ ਤਾਂ ਇਨ੍ਹਾਂ ਨੂੰ ਇਸ ਗਲ ਦਾ ਅਹਿਸਾਸ ਜ਼ਰੂਰ ਹੋਣਾ ਚਾਹੀਦਾ ਹੈ ਕਿ ਇਸ ਨਾਲ ਜਿਹੜਾ ਭਾਂਬੜ ਮਚੇਗਾ ਉਹ ਤੁਹਾਨੂੰ ਸਾਨੂੰ ਸਾਰਿਆਂ ਨੂੰ ਸਹਿਣਾ ਪਵੇਗਾ । ਲੋਕਾਂ ਤੇ ਹਮਲੇ ਹੋਣਗੇ, ਗੋਲੀਆਂ ਚੱਲਣਗੀਆਂ ਔਰ ਲਹੂ ਦੀਆਂ ਨਦੀਆਂ ਵਹਿਣਗੀਆਂ । ਲੇਕਿਨ ਇਹ ਯਾਦ ਰੱਖਣਾ ਕਿ ਇਹ ਜਿਹੜਾ ਲਹੂ ਹੋਵੇਗਾ ਚਾਹੇ ਇਹ ਅਕਾਲੀਆਂ ਦਾ ਹੋਵੇ, ਚਾਹੇ ਇਹ ਕਾਂਗਰਸੀਆਂ ਦਾ ਹੋਵੇ, ਚਾਹੇ ਇਹ ਨਿਰੰਕਾਰੀਆਂ ਦਾ ਹੋਵੇ, ਚਾਹੇ ਕੋਈ ਹੋਰ ਹੋਵੇ, ਪਰ ਇਸ ਦਾ ਰੰਗ ਤਾਂ ਲਾਲ ਹੋਵੇਗਾ ਔਰ ਇਸ ਦਾ ਅਸਰ ਸਾਡੇ ਸਾਰਿਆਂ ਤੇ ਪਵੇਗਾ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਪੁਲਿਸ ਨੂੰ ਡੀਮੋਰੇਲਾਈਜ਼ ਕਰਕੇ ਜੋ ਹਾਲਾਤ ਪੰਜਾਬ ਦੀ ਧਰਤੀ ਤੇ ਪੈਦਾ ਹੋਏ ਹਨ, ਉਹ ਵੀ ਫੁਲਝੜੀਆਂ ਬਾਦਲ ਸਾਹਿਬ ਵੇਖ ਚੁਕੇ ਹਨ । ਪੁਲਿਸ ਨੇ ਐਜੀਟੇਸ਼ਨ ਕੀਤੀ ਔਰ ਉਸ ਦੇ ਜੋ ਨਤੀਜੇ ਨਿਕਲੇ ਉਹ ਵੀ ਬਾਦਲ ਸਾਹਿਬ ਵੇਖ ਚੁਕੇ ਹਨ । ਇਸ ਲਈ ਮੈਂ, ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਤੁਹਾਡੇ ਰਾਹੀਂ, ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਅਤੇ ਸਾਹਮਣੇ ਬੈਠੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਹੁਣ ਇਸ ਨਫਰਤ ਦੀ ਅੱਗ ਨੂੰ ਹੋਰ ਨਾ ਭੜਕਾਓ । ਇਹ ਪੰਜਾਬ ਤੁਹਾਡਾ ਸਾਡਾ ਸਾਂਝਾ ਹੈ। ਇਨ੍ਹਾਂ ਨੂੰ ਸ਼ਾਇਦ ਪਤਾ ਹੋਣਾ ਹੈ ਕਿ ਇਕ ਮਹਾਨ ਪੁਰਖ ਨੇ ਇਹ ਲਿਖਿਆ ਹੈ ਕਿ——

"ਪੰਜਾਬ ਸਾਰਾ ਜੀਉਂਦਾ ਗੁਰੂਆਂ ਦੇ ਨਾਂ ਤੇ"

ਇਸ ਲਈ ਮੈਂ ਕਹਿੰਦਾ ਹਾਂ ਕਿ ਜੇ ਇਸ ਤਰ੍ਹਾਂ ਦੇ ਹਾਲਾਤ ਹੋਏ ਤਾਂ ਜਿਹੜੇ ਮਾਸੂਮ ਬੱਚਿਆਂ ਦੀਆਂ ਜਾਨਾਂ ਜਾਣਗੀਆਂ ਤਾਂ ਉਸ ਨਾਲ ਸਾਡਾ ਸਾਰਿਆਂ ਦਾ ਨੁਕਸਾਨ ਹੋਵੇਗਾ । ਇਸ ਲਈ ਮੇਰੀ ਅਰਜ਼ ਹੈ ਕਿ ਇਹ ਅੱਗ ਹੁਣ ਹੋਰ ਨਾ ਭੜਕਣ ਦਿਉ । ਜੇ ਇਹ ਅੱਗ ਭੜਕੇਗੀ ਤਾਂ ਇਸ ਵਿਚ ਤੁਹਾਡੀ ਤੇ ਸਾਡੀ ਇਕੋ ਜਿਹੀ ਜ਼ਿੰਮੇਵਾਰੀ ਹੋਵੇਗੀ ਔਰ ਫਿਰ ਇਹ ਹਾਲ ਹੋਵੇਗਾ ਕਿ .. .........

"ਡੂਬੇਗੀ ਕਿਸ਼ਤੀ, ਡੂਬੇਂਗੇ ਸਾਰੇ,
ਨਾ ਬਚੇਂਗੇ ਹਮਾਰੇ ਨਾ ਬਚੇਂਗੇ ਤੁਮਾਰੇ।"

**ਸਰਦਾਰ ਬਲਦੇਵ ਸਿੰਘ ਮਾਨ:** ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੁਝ ਮੈਂਬਰ ਸਾਹਿਬ ਅੱਜ ਬੋਲ ਰਹੇ ਹਨ ਅੱਜ ਤੋਂ 2 ਸਾਲ ਪਹਿਲਾਂ ਇਹ ਇਸ ਤੋਂ ਬਿਲਕੁਲ ਉਲਟ ਬੋਲਦੇ ਹੁੰਦੇ ਸਨ । ਇਹ ਇਨ੍ਹਾਂ ਨੂੰ ਹੁਣ ਸਮਝ ਆਈ ਹੈ ਜਾਂ ਸਮਝ ਖੋਈ ਗਈ ਹੈ ।

**ਸਰਦਾਰ ਬੀਰਦਵਿੰਦਰ ਸਿੰਘ :** ਉਹ ਗੱਲ ਉਸ ਵੇਲੇ ਠੀਕ ਸੀ ਔਰ ਇਹ ਗੱਲ ਇਸ ਵੇਲੇ ਠੀਕ ਹੈ। (ਹਾਸਾ) ਤੇ ਮੈਂ ਇਹ ਬੇਨਤੀ ਕਰ ਰਿਹਾ ਸਾਂ ਕਿ ਇਹ ਹੁਣ ਦੋ ਕਿਸਮ ਦੀਆਂ ਗੱਲਾਂ ਕਰਦੇ ਹਨ । ਇਕ ਤਾਂ ਕਹਿੰਦੇ ਹਨ ਕਿ ਇਹ ਕਤਲ ਕਿਉਂ ਹੋਇਆ ਔਰ ਫਿਰ ਕਹਿੰਦੇ ਹਨ ਕਿ ਕਾਤਲ ਕਿਉਂ ਨਹੀਂ ਫੜਿਆ ? ਔਰ ਜੇ ਕਾਤਲ ਨੂੰ ਫੜਿਆ ਜਾਂਦਾ ਹੈ ਤਾਂ ਇਹ ਕਹਿੰਦੇ ਹਨ ਕਿ ਸਿੱਖੀ ਤੇ ਹਮਲਾ ਹੈ । ਪੰਜਾਬ ਵਿਚ ਕੋਈ ਸਿੱਖ ਨਹੀਂ ਬੱਚੇਗਾ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਿਚ ਸਿੱਖਾਂ ਨੂੰ ਬੜਾ ਭਾਰੀ ਖਤਰਾ ਹੈ, ਇਸ ਤਰ੍ਹਾਂ ਦੀਆਂ ਇਹ ਗਲਾਂ ਕਰਦੇ ਹਨ । ਪਰ ਮੈਂ ਇਨ੍ਹਾਂ ਤੋਂ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਇਹ ਸਮਝਦੇ ਹੋ ਕਿ ਸਿੱਖ ਨਹੀਂ ਰਹਿਣੇ ਤਾਂ ਤੁਸੀਂ ਕਿਵੇਂ ਇਥੇ ਬੈਠੇ ਹੋ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਮਾਨ :** ਜਿਵੇਂ ਤੁਸੀਂ ਬੈਠੇ ਹੋ ।

**ਸਰਦਾਰ ਬੀਰਦਵਿੰਦਰ ਸਿੰਘ :** ਸੋ ਮੈਂ ਸਮਝਦਾ ਹਾਂ ਕਿ ਕੋਈ ਸਿੱਖੀ ਤੇ ਹਮਲਾ ਨਹੀਂ ਹੈ । ਜੇ ਕਰੀਮਿਨਲ ਨਹੀਂ ਫੜੇ ਜਾਂਦੇ ਤਾਂ ਇਸ ਦਾ ਮਤਲਬ ਇਹ ਹੈ ਕਿ ਐਡਮਨਿਸਟਰੇਸ਼ਨ ਡਿਫੈਕਟਿਵ ਢੰਗ ਨਾਲ ਡੀਲ ਕਰ ਰਹੀ ਹੈ । ਪਰ, ਡਿਪਟੀ ਸਪੀਕਰ ਸਾਹਿਬ, ਇਹ ਕੀ ਕਰਦੇ ਹਨ ਕਿ ਹਰ ਘਟੀਆ ਬੰਦੇ ਨੂੰ ਚੁਕ ਕੇ ਸ਼ਹੀਦ ਬਣਾਉਣ ਦੀ ਕੋਸ਼ਿਸ਼ ਕਰਦੇ ਹਨ । ਅੱਜ ਹੀ ਇਹ ਗੱਲ ਇਥੇ ਹੋਈ ਕਿ ਜੀਤ ਰਾਮ ਦਾ ਕਤਲ ਕਿਉਂ ਹੋਇਆ ? ਜਦੋਂ ਇਸ ਤੇ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਕਿ ਉਸ ਨੇ ਜਾਣ ਬੁਝ ਕੇ ਸੁਏਸਾਈਡ ਕਰ ਲਿਆ ਹੈ ਤਾਂ ਇਹ ਨਹੀਂ ਮੰਨਦੇ । ਡਿਪਟੀ ਸਪੀਕਰ ਸਾਹਿਬ, ਉਹ ਦਸ ਨੰਬਰ ਦਾ ਮੁਜਰਮ ਸੀ । ਉਸ ਦਾ ਦਸ ਨੰਬਰ ਵਿਚ ਨਾਂ ਸੀ। ਉਸ ਨੇ ਉਹ ਕੰਮ ਕੀਤੇ ਸਨ ਜਿਹੜੇ ਨਹੀਂ ਸਨ ਕਰਨੇ ਚਾਹੀਦੇ । ਉਸ ਨੇ ਸਕੂਲ ਜਾਂਦੀਆਂ ਲੜਕੀਆਂ ਦੇ ਸਾਈਕਲ ਖੋਹ ਕੇ ਉਨ੍ਹਾਂ ਨਾਲ ਦੁਰਵਿਹਾਰ ਕੀਤਾ । ਹੁਣ ਜਦੋਂ ਉਹ ਫੜਿਆ ਗਿਆ ਔਰ ਉਸ ਨੇ ਇਹ ਵੇਖਿਆ ਕਿ ਹੁਣ ਉਸ ਨੂੰ ਆਪਣੇ ਸਾਰੇ ਜੁਰਮਾਂ ਨੂੰ ਕਬੂਲ ਕਰਨਾ ਪਵੇਗਾ ਤਾਂ ਉਸ ਨੇ ਆਤਮ ਹੱਤਿਆ ਕਰ ਲਈ । ਪਰ ਅੱਜ ਇਹ ਇਸ ਗੱਲ ਨੂੰ ਚੁਕ ਰਹੇ ਹਨ ਔਰ ਕਹਿੰਦੇ ਹਨ ਕਿ ਇਹ ਮਾੜਾ ਹੋਇਆ ਹੈ । ਮੈਨੂੰ ਬੜਾ ਅਫਸੋਸ ਹੈ ਕਿ ਅੱਜ ਜਦੋਂ ਹਰੀਜਨਾਂ ਦੇ ਮਸਲੇ ਤੇ ਗੱਲ ਹੋਈ ਔਰ ਉਨ੍ਹਾਂ ਨੇ ਧਰਨਾ ਮਾਰਿਆ ਤਾਂ ਇਹ ਉਪਰ ਬੈਠੇ ਹੋਏ ਇਨ੍ਹਾਂ ਨਾਲ ਆ ਕੇ ਨਾ ਬੈਠੇ ਪਰ ਜਦੋਂ ਉਹ ਬਾਹਰ ਗਏ ਤਾਂ ਉਨ੍ਹਾਂ ਨਾਲ ਚੱਲ ਪਏ । ਮੈਂ ਪੁੱਛਦਾ ਹਾਂ ਕਿ ਜੇ ਇਹ ਐਨੇ ਹਮਦਰਦ ਸਨ ਤਾਂ ਇਹ ਉਨ੍ਹਾਂ ਨਾਲ ਆ ਕੇ ਕਿਉਂ ਨਹੀਂ ਬੈਠੇ । ਚਲੋ ਮੈਂ ਇਸ ਪਾਸੇ ਨਾ ਜਾਂਦਾ ਹੋਇਆ ਇਹ ਅਰਜ਼ ਕਰਨੀ ਚਾਹਵਾਂਗਾ ਕਿ 1969 ਤੋਂ ਲੈ ਕੇ 1972 ਤੱਕ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਉਸ ਵੇਲੇ ਐਸਾ ਵਾਤਾਵਰਣ ਪੈਦਾ ਹੋਇਆ ਕਿ ਨੈਕਸੇਲਾਈਟ ਮੂਵਮੈਂਟ ਇਥੇ ਚਲੀ ਔਰ ਉਸ ਮੂਵਮੈਂਟ ਵਿਚ 71 ਬੰਦੇ ਨੈਕਸੇਲਾਈਟਸ ਦੁਆਰਾ ਮਾਰੇ ਗਏ । ਅਸੀਂ ਤਾਂ ਫਿਰ ਵੀ ਸੰਵਿਧਾਨਕ ਢੰਗ ਨਾਲ ਚਲ ਰਹੇ ਹਾਂ ਪਰ ਇਹ ਉਸ ਤੇ ਵੀ ਇਤਰਾਜ਼ ਕਰਦੇ ਹਨ । ਡਿਪਟੀ ਸਪੀਕਰ ਸਾਹਿਬ, ਉਸ ਵੇਲੇ 71 ਆਦਮੀ ਨੈਕਸੇਲਾਈਟਸ ਨੇ ਮਾਰੇ ਅਤੇ 32 ਨੈਕਸੇ-ਲਾਈਟਸ ਪੁਲਿਸ ਇਨਕਾਊਂਟਰ ਵਿਚ ਮਾਰੇ ਗਏ । ਪਰ ਹੁਣ ਜਦੋਂ ਐਨੇ ਹਾਲਾਤ ਇਥੇ ਹੋਏ ਤਾਂ ਕੋਈ ਵੀ ਬੰਦਾ ਪੁਲਿਸ ਇਨਕਾਊਂਟਰ ਵਿਚ ਨਹੀਂ ਮਾਰਿਆ ਗਿਆ ਔਰ ਜੇ ਕਾਨੂੰਨ ਦੇ ਲਿਹਾਜ਼ ਨਾਲ ਕੋਈ ਕਾਰਵਾਈ ਉਨ੍ਹਾਂ ਤੇ ਚਲ ਰਹੀ ਹੈ ਤਾਂ ਇਹ ਇਤਰਾਜ਼ ਕਰਦੇ ਹਨ।

**ਸਰਦਾਰ ਮੇਜਰ ਸਿੰਘ ਉਬੋਕੇ :** 30 ਬੰਦੇ ਮਹਿਤਾ ਚੌਕ ਵਿਚ ਮਾਰੇ ਗਏ ਸਨ।

**ਸ੍ਰੀ ਡਿਪਟੀ ਸਪੀਕਰ :** ਤੁਸੀਂ ਬੈਠ ਜਾਓ। ਬਾਅਦ ਵਿਚ ਕਹਿ ਲੈਣਾ।

**ਸਰਦਾਰ ਬੀਰਦਵਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤਕਰੀਰ ਕਰਨ ਦਾ ਢੰਗ ਔਰ ਸੁਣਨ ਦਾ ਢੰਗ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ :—

> "ਸੁਣੋ ਤੋ ਐਸੇ ਕਿ ਕਹਿਣੇ ਵਾਲਾ ਉਤਰੇ ਔਰ ਜੋ ਬੋਲੋ ਤੋ ਐਸੇ ਕਿ ਉਤਰ ਜਾਏ ਮਨ ਸੇ"

ਇਸ ਕਰਕੇ ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਚੰਗੇ ਸਰੋਤੇ ਹੋਣਾ ਚਾਹੀਦਾ ਹੈ। ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਉਸ ਵੇਲੇ 32 ਨੈਕਸੇਲਾਈਟਸ ਪੁਲਿਸ ਇਨ-ਕਾਊਂਟਰ ਵਿਚ ਮਰੇ ਸਨ । ਪਰ ਹੁਣ ਕੋਈ ਬੰਦਾ ਪੁਲਿਸ ਇਨਕਾਊਂਟਰ ਵਿਚ ਨਹੀਂ ਮਰਿਆ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਇਹ ਤਾਂ ਉਹ ਗਲ ਹੈ ਕਿ --

"ਹਮ ਆਹ ਭੀ ਭਰਤੇ ਹੈਂ ਤੋ ਹੋ ਜਾਤੇ ਹੈਂ ਬਦਨਾਮ,
ਵੋ ਕਤਲ ਭੀ ਕਰਤੇ ਹੈਂ ਤੋ ਚਰਚਾ ਨਹੀਂ ਹੋਤਾ "

ਡਿਪਟੀ ਸਪੀਕਰ ਸਾਹਿਬ, (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਨੇ ਕਿਹਾ ਹੈ ਕਿ ਲਾਅ ਐਂਡ ਆਰਡਰ ਦੀ ਸਥਿਤੀ ਬਹੁਤ ਖਰਾਬ ਹੈ। ਤੁਹਾਨੂੰ ਪਤਾ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੇ ਰਾਜ ਵੇਲੇ 500 ਕਾਰਬਾਈਨ ਦੇ ਲਾਇਸੰਸ ਦਿੱਤੇ ਗਏ ਹਨ। ਸੈਮੀ ਆਟੋਮੈਟਿਕ ਵੈਪਨਜ਼ ਦੇ ਹਥਿਆਰਾਂ ਦੇ ਲਾਈਸੰਸ ਵੀ ਦਿੱਤੇ ਗਏ ਸੀ। ਜੇਕਰ, ਡਿਪਟੀ ਸਪੀਕਰ ਸਾਹਿਬ, ਗੈਰ-ਜ਼ਿੰਮੇਵਾਰ ਵਿਅਕਤੀਆਂ ਨੂੰ ਲਾਇਸੰਸ ਦਿਤੇ ਜਾਣ ਤਾਂ ਨੁਕਸਾਨ ਹੁੰਦਾ ਹੈ। ਵੱਡੇ ਲਾਇਸੰਸ ਜ਼ਿੰਮੇਵਾਰ ਵਿਅਕਤੀਆਂ ਨੂੰ ਦਿਤੇ ਜਾਣੇ ਚਾਹੀਦੇ ਹਨ। ਇਨ੍ਹਾਂ ਨੇ ਗੈਰ-ਜ਼ਿੰਮੇਵਾਰ ਵਿਅਕਤੀਆਂ ਨੂੰ ਲਾਇਸੰਸ ਦੇ ਕੇ ਪੰਜਾਬ ਦੀ ਧਰਤੀ ਤੇ ਖੂਨ ਡੁਲਵਾਇਆ ਹੈ।

**ਸਰਦਾਰ ਗੁਰਦੇਵ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਰੌਂਦ ਕਿਥੋਂ ਲਏ ਹਨ !

**ਸਰਦਾਰ ਬੀਰਦਵਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਸਾਰਾ ਕੁਝ ਹੋਣ ਦੇ ਬਾਵਜੂਦ ਵੀ ਪੰਜਾਬ ਦੀ ਤਰੱਕੀ ਹੁੰਦੀ ਗਈ ਅਤੇ ਪੰਜਾਬ ਦਾ ਵਿਕਾਸ ਹੁੰਦਾ ਰਿਹਾ। ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਦੀ ਸਰਕਾਰ ਦੇ ਅਗਾਂਹ ਵੱਧਦੇ ਕਦਮ ਨਹੀਂ ਰੁਕੇ, ਪੰਜਾਬ ਦੀ ਹਰ ਪਾਸਿਉਂ ਤਰੱਕੀ ਹੋਈ। (ਥੰਪਿੰਗ) ਇੰਡਸਟਰੀ ਦੇ ਖੇਤਰ ਵਿਚ, ਡਿਪਟੀ ਸਪੀਕਰ ਸਾਹਿਬ, ਚਾਲੂ ਸਾਲ ਵਿਚ 43 ਕਰੋੜ ਰੁਪਏ ਦੀ ਲਾਗਤ ਨਾਲ 21 ਵੱਡੇ ਅਤੇ ਦਰਮਿਆਨੇ ਯੂਨਿਟ ਚਾਲੂ ਕੀਤੇ ਗਏ ਔਰ 30 ਯੂਨਿਟ 63 ਕਰੋੜ ਰੁਪਏ ਦੀ ਲਾਗਤ ਨਾਲ ਚਲ ਰਹੇ ਹਨ। ਇਹ ਤਰੱਕੀ ਪਹਿਲੀ ਵਾਰ ਪੰਜਾਬ ਦੀ ਹਿਸਟਰੀ ਵਿਚ ਹੋਈ ਹੈ। ਪਿਛਲੇ ਡੇਢ ਸਾਲਾਂ ਵਿਚ 40 ਵੱਡੇ ਅਤੇ ਦਰਮਿਆਨੇ ਦਰਜੇ ਦੇ ਕਾਰਖਾਨੇ ਚਲ ਚੁਕੇ ਹਨ। 12,756 ਛੋਟੇ ਦਰਜੇ ਦੇ ਅਤੇ 9,992 ਪੇਂਡੂ ਪੱਧਰ ਤੇ ਘਰੇਲੂ ਉਦਯੋਗ ਸ਼ੁਰੂ ਕੀਤੇ ਗਏ ਹਨ। ਇਹ ਬੜੀ ਮਾਣ ਵਾਲੀ ਗੱਲ ਹੈ। ਇਸ ਬਾਰੇ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਸਾਹਿਬ ਜੀ ਨੇ ਵੀ ਦਸਿਆ ਹੈ। ਇਲੈਕਟ੍ਰੋਨਿਕ ਯੰਤਰ ਸਾਡੇ ਸਰਕਾਰੀ ਖੇਤਰ ਵਿਚ ਬਣਾਏ ਗਏ ਹਨ। ਵਾਇਰਲੈਸ ਸੈਟ ਵੀ ਬਣਾਏ ਗਏ ਹਨ। ਡਿਪਟੀ ਸਪੀਕਰ ਸਾਹਿਬ, 500 ਏਕੜ ਜ਼ਮੀਨ ਗੋਇੰਦਵਾਲ ਵਿਖੇ ਐਕੁਆਇਰ ਕੀਤੀ ਗਈ ਹੈ ਅਤੇ ਉਸ ਦੀ ਕੀਮਤ ਵੀ ਪੰਜਾਬ ਸਰਕਾਰ ਨੇ ਅਦਾ ਕਰ ਦਿਤੀ ਹੈ। ਦਿੱਲੀ ਤੋਂ ਬਹੁਤ ਸਾਰੀਆਂ ਸਕੀਮਾਂ ਪੰਜਾਬ ਵਿਚ ਲਿਆਂਦੀਆਂ ਜਾ ਰਹੀਆਂ ਹਨ। ਡੀਜ਼ਲ ਦੀ ਇੱਕ ਵਰਕਸ਼ਾਪ ਕਰੋੜਾਂ ਰੁਪਏ ਦੀ ਲਾਗਤ ਵਾਲੀ ਪਟਿਆਲੇ ਸ਼ੁਰੂ ਕਰ ਦਿਤੀ ਹੈ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਖੇਤੀਬਾੜੀ ਦਾ ਜ਼ਿਕਰ ਕਰਾਂਗਾ। ਜੇਕਰ ਖੇਤੀਬਾੜੀ ਦਾ ਜ਼ਿਕਰ ਨਹੀਂ ਹੋਵੇਗਾ ਤਾਂ ਕੰਮ ਅਧੂਰਾ ਹੀ ਰਹਿੰਦਾ ਹੈ। ਮੈਂ ਸਮਝਦਾ ਹਾਂ ਕਿ ਖੇਤੀਬਾੜੀ ਦੇ ਖੇਤਰ ਵਿਚ ਵੀ ਹਰ ਪੱਧਰ ਤੇ ਹਰ ਫਰੰਟ ਤੇ ਕੋਈ ਐਸੀ ਚੀਜ਼ ਨਜ਼ਰ ਨਹੀਂ ਆਉਂਦੀ ਜਿਹੜੀ ਕਿ ਮਾਯੂਸ ਹੋਣ ਵਾਲੀ ਗੱਲ ਹੋਵੇ। ਫਰਟੇਲਾਈਜ਼ਰ ਬਾਰੇ ਮੈਨੂੰ ਦੱਸਣ ਵਿਚ ਖੁਸ਼ੀ ਹੁੰਦੀ ਹੈ ਕਿ ਰੂਸ, ਅਮਰੀਕਾ ਅਤੇ ਵਰਲਡ ਨਾਲੋਂ ਅਸੀਂ ਪਹਿਲੇ ਨੰਬਰ ਤੇ ਹਾਂ। (ਥੰਪਿੰਗ) ਪੈਡੀ ਦੀ ਪ੍ਰੋਕਿਊਰਮੈਂਟ ਜੋ ਹੈ, ਝੋਨੇ ਦੀ ਪ੍ਰੋਕਿਊਰਮੈਂਟ ਜੋ ਹੈ ਅਤੇ ਕਣਕ ਦੀ ਪ੍ਰੋਕਿਊਰਮੈਂਟ ਜੋ ਹੈ, ਉਸ ਵਿਚ ਵੀ ਅਸੀਂ ਪਹਿਲੇ ਨੰਬਰ ਤੇ ਹਾਂ। (ਥੰਪਿੰਗ) ਇਸ ਬਾਰੇ ਮੈਂ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

ਵਧਾਈ ਦਿੰਦਾ ਹਾਂ। ਪਿਛਲੀ ਪਲੈਨ ਸਕੀਮ ਵਿਚ ਵੀ ਸਭ ਤੋਂ ਵੱਧ ਰਕਮ ਬਿਜਲੀ ਦੀ ਪੈਦਾਵਾਰ ਤੇ ਖਰਚ ਕੀਤੀ ਗਈ ਹੈ। ਆਉਣ ਵਾਲੇ ਸਾਲ ਦੇ ਪਲਾਨ ਸਕੀਮ ਵਿਚ ਇਨ੍ਹਾਂ ਨੇ ਕੁਲ ਯੋਜਨਾ ਖਰਚ ਦਾ 49% ਰਖਣ ਦਾ ਫੈਸਲਾ ਕੀਤਾ ਹੈ। ਇਹ 49% ਰਕਮ ਬਿਜਲੀ ਦੀ ਪੈਦਾਵਾਰ ਤੇ ਖਰਚ ਕੀਤੀ ਜਾਏਗੀ। ਆਨੰਦਪੁਰ ਸਾਹਿਬ ਪ੍ਰਾਜੈਕਟ, ਮੁਕੇਰੀਆਂ ਹਾਈਡਲ ਪ੍ਰਾਜੈਕਟ ਅਤੇ ਹੋਰ ਪ੍ਰਾਜੈਕਟਾਂ ਨੂੰ ਮਿਥੇ ਸਮੇਂ ਤੋਂ ਪਹਿਲਾਂ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, 29,000 ਹੈਕ-ਟੇਅਰ ਰਕਬੇ ਵਿਚ ਸਿੰਜਾਈ ਸਹੂਲਤਾਂ ਮੁਹੱਈਆਂ ਕੀਤੀਆਂ ਜਾ ਰਹੀਆਂ ਅਤੇ ਅਗਲੇ ਸਾਲ ਦੇ ਦੌਰਾਨ 3,500 ਕਿਲੋ ਮੀਟਰ ਖਾਲਾਂ ਪੱਕੀਆਂ ਕਰਨ ਦੀ ਯੋਜਨਾ ਚਲ ਰਹੀ ਹੈ, ਜਿਸ ਨਾਲ 28,000 ਹੈਕਟੇਅਰ ਰਕਬੇ ਦੀ ਸਿੰਜਾਈ ਹੋ ਸਕੇਗੀ। ਵਿਸ਼ਵ ਬੈਂਕ ਦੀ ਸਹਾਇਤਾ ਨਾਲ ਕੰਡੀ ਦੇ ਪਛੜੇ ਹੋਏ ਇਲਾਕੇ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਬਾਹਰਲੇ ਪ੍ਰਾਜੈਕਟਾਂ ਤੋਂ ਪੰਜਾਬ ਨੂੰ ਬਿਜਲੀ ਲੈਣ ਲਈ ਪੰਜਾਬ ਸਰਕਾਰ ਨੇ ਕੇਂਦਰ ਨੂੰ ਰਜ਼ਾਮੰਦ ਕਰ ਲਿਆ ਹੈ। ਗੁਆਂਢੀ ਰਾਜਾਂ ਦੀਆਂ ਹਾਈਡਲ ਪ੍ਰਾਜੈਕਟ ਸਕੀਮਾਂ ਵਿਚ ਹਿੱਸਾ ਪਾਉਣ ਦੀਆਂ ਸੰਭਾਵਨਾਵਾਂ ਬਾਰੇ ਵੀ ਵਿਚਾਰ ਕੀਤੀ ਜਾ ਚੁਕੀ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਵਲੋਂ ਨਹਿਰਾਂ ਦੀਆਂ ਛਲਾਂ ਤੋਂ ਮਾਈਕਰੋ ਬਿਜਲੀ ਪੈਦਾ ਕਰਨ ਦੀਆਂ ਕੁਝ ਸਕੀਮਾਂ ਨੂੰ ਆਪਣੇ ਹੱਥ ਵਿਚ ਲੈਣ ਦੇ ਯਤਨ ਕੀਤੇ ਜਾ ਰਹੇ ਹਨ।

(ਸਾਹਮਣੇ ਬੈਠੇ ਭਰਾਵਾਂ ਵਲ ਇਸ਼ਾਰਾ ਕਰ ਕੇ) ਮੈਨੂੰ ਤੁਹਾਡੇ ਬਾਰੇ ਇੱਕ ਸ਼ੇਅਰ ਯਾਦ ਆ ਗਿਆ—

"ਬੜੇ ਹੀ ਬੇਪਰਵਾਹ ਲਗਦੇ ਨੇ ਸਾਨੂੰ ਉਹ,
ਜਿਨ੍ਹਾਂ ਦੇ ਨਾਲ ਹੁੰਦਾ ਹੈ ਮੋਹ ਪਤਾ ਨਹੀਂ ਕਿਉਂ ?

**ਸਰਦਾਰ ਰਵੀ ਇੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਦਾ ਮੈਂ ਸ਼ੁਕਰੀਆ ਅਦਾ ਕਰਦਾ ਹਾਂ ਕਿਉਂ ਕਿ ਇਨ੍ਹਾਂ ਨੇ ਮੇਰੇ ਨਾਂ ਤੇ ਸ਼ੇਅਰ ਪੜ੍ਹਿਆ ਹੈ ਲੇਕਿਨ ਅਸੈਂਬਲੀ ਵਿਚ ਇਹ ਪ੍ਰੋਸੀਜਰ ਹੈ ਕਿ ਚੇਅਰ ਨੂੰ ਐਡਰੈਸ ਕਰ ਕੇ ਬੋਲਣਾ ਚਾਹੀਦਾ ਹੈ। ਚੇਅਰ ਦੇ ਰਾਹੀਂ ਸ਼ੇਅਰ ਆਉਣਾ ਚਾਹੀਦਾ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਡਿਪਟੀ ਸਪੀਕਰ ਸਾਹਿਬ, ਸ਼ੇਰ ਤਾਂ ਸਿੱਧਾ ਹੀ ਪੈਂਦਾ ਹੈ। (ਹਾਸਾ) ਜਿਵੇਂ ਹੁਣ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਕਿਹਾ ਹੈ ਕਿ ਦਿੱਲੀ ਨੂੰ ਜਾਣ ਵਾਲੀ ਬਿਜਲੀ ਬੰਦ ਕਰ ਦਿਓ। ਦਿੱਲੀ ਨੂੰ ਜਾਣ ਵਾਲੀ ਹਰ ਇਕ ਚੀਜ਼ ਬੰਦ ਕਰ ਦਿਓ। ਜਿਹੜੇ ਹਵਾਈ-ਜਹਾਜ਼ ਦਿਲੀ ਤੋਂ ਜਾਂਦੇ ਹਨ, ਉਹ ਹਵਾਈ ਜਹਾਜ਼ ਅੰਮ੍ਰਿਤਸਰ ਤੋਂ ਜਾਣ।

ਡਿਪਟੀ ਸਪੀਕਰ ਸਾਹਿਬ, ਇਹ ਉਸ ਵੇਲੇ ਦੇ ਆਪਣੇ ਪ੍ਰਧਾਨ ਮੰਤਰੀ, ਸ੍ਰੀ ਡਿਸਾਈ ਸਾਹਿਬ, ਨੂੰ ਕਹਿਣ ਲਗੇ ਕਿ ਮਹਾਰਾਜ ਅੰਮ੍ਰਿਤਸਰ ਤੋਂ ਬਰਮਿੰਘਮ ਤਕ ਹਵਾਈ ਸੇਵਾ ਚਾਲੂ ਕੀਤੀ ਜਾਏ ਔਰ ਅੰਮ੍ਰਿਤਸਰ ਨੂੰ ਹਵਾਈ ਅੱਡਾ ਬਣਾਓ। ਪ੍ਰਧਾਨ ਮੰਤਰੀ ਨੇ ਆਪਣੀ ਤਕਰੀਰ ਵਿਚ ਇਨ੍ਹਾਂ ਨੂੰ ਜਵਾਬ ਦਿੱਤਾ ਕਿ ਪੰਜਾਬ ਦੇ ਲੋਕ ਸ਼ਰਾਬ ਬਹੁਤ ਪੀਂਦੇ ਹਨ। ਇਹ ਸ਼ਰਾਬ ਪੀਣਾ ਬੰਦ ਕਰਨ ਔਰ ਜੋ ਕੁਝ ਮੈਂ ਪੀਂਦਾ ਹਾਂ ਉਹ ਪੀਣਾ ਸ਼ੁਰੂ ਕਰਨ। ਫਿਰ ਹਵਾਈ ਸਰਵਿਸ ਅੰਮ੍ਰਿਤਸਰ ਤੋਂ ਬਰਮਿੰਘਮ ਜਾਏਗੀ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੂੰ ਪੰਜਾਬੀਆਂ ਦੀ ਆਦਤ ਦਾ ਪਤਾ ਸੀ ਕਿ ਇਨ੍ਹਾਂ ਨੇ ਉਹ ਪੀਣਾ ਨਹੀਂ ਜੋ ਡਿਸਾਈ ਸਾਹਿਬ ਪੀਂਦੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ ਆਰਡਰ, ਸਰ। ਆਨਰੇਬਲ ਮੈਂਬਰ ਸਾਹਿਬ ਬੜਾ ਸੋਹਣਾ ਕਹਿ ਰਹੇ ਹਨ। ਡਿਸਾਈ ਸਾਹਿਬ ਜੋ ਪੀਂਦੇ ਹਨ ਉਹ 22 ਸਾਲ ਕਾਂਗਰਸ ਪਾਰਟੀ ਵਿਚ ਰਹੇ ਹਨ, ਕੀ ਇਹ 22 ਸਾਲ ਇਹੀ ਕੁਝ ਪੀਂਦੇ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰਦਵਿੰਦਰ ਸਿੰਘ :** ਇਹ ਮਾੜੀਆਂ ਆਦਤਾਂ ਇਨ੍ਹਾਂ ਨਾਲ ਰਲ ਕੇ ਪਈਆਂ ਹਨ ਅਤੇ ਸਾਡੇ ਵੇਲੇ ਉਹ ਚੰਗੇ ਭਲੇ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ, ਇਨ੍ਹਾਂ ਨੇ ਜੋ ਪੈਂਡਿੰਗ ਮਸਲਾ ਸੀ ਅੰਮ੍ਰਿਤਸਰ ਤੋਂ ਬਰਮਿੰਘਮ ਦੇ ਹਵਾਈ ਸਰਵਿਸ ਦਾ ਉਹ ਸਰਵਿਸ ਚਾਲੂ ਕਰਾ ਦਿੱਤੀ ਹੈ। (ਥੰਪਿੰਗ) ਮੈਨੂੰ ਪਤਾ ਲਗਿਆ ਹੈ ਕਿ ਦਿੱਲੀ ਤੋਂ ਲੁਧਿਆਣਾ ਵਾਈਯੂਦੂਤ ਸਰਵਿਸ 4 ਮਾਰਚ ਤੋਂ ਸ਼ੁਰੂ ਹੋ ਰਹੀ ਹੈ। (ਥੰਪਿੰਗ) ਇਸ ਲਈ ਵੀ ਸਾਡੀ ਪੰਜਾਬ ਦੀ ਸਰਕਾਰ ਵਧਾਈ ਦੀ ਪਾਤਰ ਹੈ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਯਤਨਾਂ ਦੇ ਸਦਕੇ ਹੀ ਭਾਰਤ ਵਿਚ ਪੰਜਾਬ ਨੇ ਅਨੇਕਾਂ ਪੱਖਾ ਤੋਂ ਆਪਣਾ ਨਾਂ ਉਚਾ ਕੀਤਾ ਹੈ। ਹੋਰ ਮਹਿਕਮਿਆਂ ਵਲੋਂ ਵੀ ਸਾਡੀਆਂ ਕੁਝ ਅਜਿਹੀਆਂ ਪ੍ਰਾਪਤੀਆਂ ਹਨ ਜਿਨ੍ਹਾਂ ਤੇ ਅਸੀਂ ਮਾਣ ਕਰ ਸਕਦੇ ਹਾਂ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਪਿਛਲੇ ਸਾਲ ਕੇਂਦਰ ਵਲੋਂ ਜੋ ਗੈਰ ਸਪੈਸ਼ਲ ਸੂਬਿਆਂ ਨੂੰ ਮਾਲੀ ਸਹਾਇਤਾ ਮਿਲੀ ਉਸ ਵਿਚ ਪੰਜਾਬ ਦਾ ਸੂਬਾ ਸਾਰੇ ਹਿੰਦੁਸਤਾਨ ਵਿਚੋਂ ਟਾਪ ਤੇ ਸੀ। ਬਾਕੀਆਂ ਸੂਬਿਆਂ ਨੂੰ 42/- ਰੁਪਏ ਪ੍ਰਤੀ ਜੀਅ ਸਹਾਇਤਾ ਮਿਲੀ ਜਦ ਕਿ ਪੰਜਾਬ ਨੂੰ 46/- ਰੁਪਏ ਪ੍ਰਤੀ ਜੀਅ ਇਹ ਸ਼ਹਾਇਤਾ ਦਿੱਤੀ ਗਈ। 1979-80 ਵਿਚ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਔਰ ਕੇਂਦਰ ਵਿਚ ਵੀ ਇਨ੍ਹਾਂ ਦੇ ਭਾਈਆਂ ਦੀ ਸ਼ਰਕਾਰ ਸੀ ਸਰਕਾਰ ਉਦੋਂ ਵੀ ਇਹ ਲੋਐਸਟ ਸਨ। 6-11 ਸਾਲ ਦੇ ਏਜ ਗਰੁਪ ਪ੍ਰਾਇਮਰੀ ਸਕੂਲ ਗੋਇੰਗ ਬੱਚਿਆਂ ਲਈ ਦਾਖਲੇ ਵਿਚ 100% ਯਕੀਨੀ ਬਣਾਉਣਾ ਵੀ ਹੁਣ ਦੀ ਸਰਕਾਰ ਦਾ ਸ਼ਲਾਘਾਯੋਗ ਕੰਮ ਹੈ। ਇਹ ਸਾਡੀ ਅਚੀਵਮੈਂਟ ਹੈ ਔਰ ਇਹ ਟੀਚਾ ਅਸੀਂ ਪ੍ਰਾਪਤ ਕਰ ਲਿਆ ਹੈ। ਟੈਕਸਟ ਬੁਕਸ ਵੀ ਪਹਿਲੀ ਤੋਂ 11 ਵੀਂ ਜਮਾਤ ਤਕ ਅਸੀਂ ਨੈਸ਼ਨੇਲਾਈਜ਼ ਕਰ ਦਿੱਤੀਆਂ ਹਨ। ਇਸ ਕੰਮ ਵਿਚ ਵੀ ਪੰਜਾਬ ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚੋਂ ਨੰਬਰ ਇਕ ਤੇ ਹੈ, (ਥੰਪਿੰਗ) ਜਿਸ ਨੇ ਇਹ ਕਦਮ ਉਠਾਇਆ ਹੈ। ਕਣਕ ਔਰ ਝੋਨੇ ਦੀ ਉਪਜ ਵਿਚ ਵੀ ਇਸ ਤਰ੍ਹਾਂ ਹੀ ਹੋਇਆ ਹੈ ਔਰ ਇਹ ਗਲ ਅਸੀਂ ਕਰ ਚੁਕੇ ਹਾਂ। ਮੈਨੂੰ ਅਫਸੋਸ ਹੈ, ਡਿਪਟੀ ਸਪੀਕਰ ਸਾਹਿਬ, ਇਧਰ ਮੇਰੇ ਵੀਰ ਬੈਠੇ ਹਨ ਇਨ੍ਹਾਂ ਨੇ ਉਸ ਦਿਨ ਬਾਈਕਾਟ ਰਖਿਆ ਗਵਰਨਰ ਦੇ ਭਾਸ਼ਨ ਵੇਲੇ। ਜੇਕਰ ਇਹ ਉਸ ਦਿਨ ਇਥੇ ਆਉਂਦੇ ਤਾਂ ਇਨ੍ਹਾਂ ਨੇ ਚੰਗੀਆਂ ਗਲਾਂ ਸੁਣ ਲਈਆਂ ਹੁੰਦੀਆਂ। ਪੰਜਾਬ ਵਿਚ ਜੀਅ ਪ੍ਰਤੀ ਦੁੱਧ ਦੀ ਖਪਤ, ਇਥੇ ਦੀ ਜੀਅ ਪ੍ਰਤੀ ਆਮਦਨ ਇਹ ਸਾਰੇ ਭਾਰਤ ਨਾਲੋਂ ਇਥੇ ਵੱਧ ਹੈ। ਇਹ ਐਸੇ ਅੰਕੜੇ ਹਨ, ਜਿਨ੍ਹਾਂ ਤੇ ਸਾਨੂੰ ਮਾਣ ਕਰਨਾ ਚਾਹੀਦਾ ਹੈ। ਪਰ ਇਨ੍ਹਾਂ ਨੂੰ ਹਮੇਸ਼ਾਂ ਇਸ਼ ਗਲ ਦਾ ਅਫਸੋਸ ਰਿਹਾ ਹੈ। ਜੇਕਰ ਕਣਕ ਦੀ ਜ਼ਿਆਦਾ ਪੈਦਾਵਾਰ ਹੋ ਜਾਏ, ਦੁੱਧ ਦੀ ਜ਼ਿਆਦਾ ਉਪਲਭਦੀ ਹੋਵੇ, ਵਿਕਾਸ਼ ਇਥੇ ਜ਼ਿਆਦਾ ਹੋ ਜਾਏ ਔਰ ਲੋਕ ਇਥੇ ਖੁਸ਼ੀ ਭਰਪੂਰ ਹੋ ਜਾਣ ਤਾਂ ਇਨ੍ਹਾਂ ਦੇ ਚੇਹਰਿਆਂ ਤੇ ਮੁਰਦਨੀ ਛਾ ਜਾਂਦੀ ਹੈ। ਅਗਰ ਭੁਖ ਨੰਗ ਇਥੇ ਹੋਏ, ਲੋਕ ਲੜਨ ਔਰ ਉਨ੍ਹਾਂ ਤੇ ਲਾਠੀ ਚਾਰਜ ਹੋਵੇ, ਲੋਕਾਂ ਨੂੰ ਕੁੱਟਿਆ ਜਾਏ ਫਿਰ ਇਹ ਕਾਮਰੇਡ ਭਰਾ ਲਾਲ ਝੰਡੇ ਚੁਕ ਕੇ ਨਾਅਰੇ ਲਗਾਉਂਦੇ ਫਿਰਦੇ ਹਨ। ਪੰਜਾਬ ਸਾਰਾ ਤਬਾਹ ਹੋ ਜਾਏ, ਇਹ ਸਾਰਾ ਉਜੜ ਜਾਏ ਤਾਂ ਇਨ੍ਹਾਂ ਨੂੰ ਖੁਸ਼ੀ ਹੁੰਦੀ ਹੈ। ਇਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਨੇ ਹਨ, ਇਸ ਲਈ ਮੈਂ ਹੋਰ ਜ਼ਿਆਦਾ ਸਮਾਂ ਨਹੀ ਲੈਂਦਾ ਔਰ ਇੱਕ ਗਲ ਆਖਰ ਵਿਚ ਕਹਿ ਕੇ ਮੈਂ ਤੁਹਾਡੇ ਤੋਂ ਛੁੱਟੀ ਲਵਾਂ-ਗਾ। ਰਾਵੀ-ਬਿਆਸ ਪਾਣੀ ਬਾਰੇ ਇਥੇ ਇਕੋ ਲਾਈਨ ਦਾ ਜ਼ਿਕਰ ਹੈ। ਵੈਸੇ ਤਾਂ ਮੇਰੇ ਲੀਡਰ ਵਲੋਂ ਇਸ ਗਲ ਦੀ ਹਦਾਇਤ ਸੀ ਪਰ ਫਿਰ ਵੀ ਮੈਂ ਇਜਾਜ਼ਤ ਲੈ ਕੇ ਇਕ ਗਲ ਕਹਿਣੀ ਜ਼ਰੂਰੀ ਸਮਝਦਾ ਹਾਂ ਕਿਉਂਕਿ ਮੇਰੇ ਤੋਂ ਬਾਅਦ ਬਾਦਲ ਸਾਹਿਬ ਨੇ ਬੋਲਣਾ ਹੈ। ਪਾਣੀ ਦੀ ਵੰਡ ਉਨ੍ਹਾਂ ਵੰਡਾਂ ਵਿਚੋਂ ਛਿੜੀ ਹੈ ਜਿਹੜੀਆਂ ਵੱਡੀਆਂ ਵੰਡਾਂ ਹਨ, ਜੋ ਅਸੀਂ ਆਪ ਕੀਤੀਆਂ ਹਨ। ਸਾਡੀ ਬਹੁਤ ਸਾਰਾ ਕੁਝ ਵੰਡਿਆ ਗਿਆ ਹੈ। ਮੈਨੂੰ ਯਾਦ ਹੈ ਕਿ ਅਸੀਂ ਕਮੇਟੀ ਦੀ ਮੀਟਿੰਗ ਲਈ ਆਗਰੇ ਨੂੰ ਜਾ ਰਹੇ ਸੀ। ਦਿੱਲੀ ਤੋਂ ਦੂਰ ਜਿਥੇ ਆਰਾਮ ਕਰਨਾ ਜ਼ਰੂਰੀ ਸਮਝਿਆ ਉਥੇ ਇੱਕ ਟੂਰਿਸਟ ਕੰਪਲੈਕਸ ਤੇ ਕੁਝ ਚਿਰ ਲਈ ਰੁਕੇ। ਸੇਖਵਾਂ ਸਾਹਿਬ ਸਾਡੇ ਨਾਲ ਸਨ। ਮੈ ਨੂੰ ਹੈਰਾਨੀ ਹੋਈ ਔਰ ਦੁੱਖ ਵੀ ਹੋਇਆ ਔਰ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੂੰ ਵੀ ਅੰਦਰੋਂ ਅੰਦਰੋਂ ਮਹਿਸੂਸ ਹੋਇਆ ਕਿ ਉਹ ਥਾਂ 1966 ਤੋਂ ਪਹਿਲਾਂ ਪੰਜਾਬ ਦਾ ਹਿਸਾ ਸੀ। ਉਹ ਥਾਂ ਸਾਡੇ ਤੋਂ ਖੁੱਸ ਗਈ। ਉਹਦੇ ਨਾਲ ਪਾਣੀ ਦਾ ਝਗੜਾ ਪੈ ਗਿਆ। ਇਥੋਂ ਦੇ ਦਰਿਆ ਵੰਡੇ ਗਏ, ਇਥੋਂ ਦੀ ਧਰਤੀ ਵੰਡੀ ਗਈ, ਇਨਸਾਨਾਂ ਦੇ ਖਿਆਲ ਵੰਡੇ ਗਏ ਔਰ ਉਹ ਝਗੜਾ ਸਾਡੇ ਸਾਹਮਣੇ ਦਰਪੇਸ਼ ਹੈ।

ਮੈਂ ਇੱਕ ਗਲ ਕਹਿ ਕੇ ਖਤਮ ਕਰਨਾ ਚਾਹਵਾਂਗਾ ਕਿਉਂਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਲੀਡਰ ਆਫ਼ ਦੀ ਆਪੋਜ਼ੀਸ਼ਨ ਜੋ ਇਸ ਸੂਬੇ ਦੇ ਦੁਬਾਰਾ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਇੱਕ ਵਾਰੀ ਇਨ੍ਹਾਂ ਨੂੰ ਮਰਕਜ਼ ਦੀ ਕੈਬਨਿਟ ਵਿਚ ਖੇਤੀਬਾੜੀ ਮੰਤਰੀ ਰਹਿਣ ਦਾ ਮੌਕਾ ਹਾਸਲ ਹਇਆ। ਜੋ ਅਧਿਕਾਰ ਕੇਂਦਰ ਦੇ ਕਾਬੀਨਾ ਦੇ ਕਿਸੇ ਮੈਂਬਰ ਮੰਤਰੀ ਨੂੰ ਹੁੰਦੇ ਹਨ ਉਹ ਅਧਿਕਾਰ ਇਨ੍ਹਾਂ ਕੋਲ ਉਸ ਵੇਲੇ ਮੌਜੂਦ ਸਨ। ਮੈਂ ਸਮਝਦਾ ਹਾਂ ਕਿ ਜੋ ਤਾਲ ਮੇਲ ਕਿਸੇ ਵੀ ਮੰਤਰੀ ਦਾ ਉਸ ਦੇ ਪ੍ਰਧਾਨ ਮੰਤਰੀ ਨਾਲ ਹੁੰਦਾ ਹੈ, ਉਹ ਵੀ ਇਨ੍ਹਾਂ ਦਾ ਸੀ। ਇਨ੍ਹਾਂ ਦੀ ਨੇਕਤਾ ਬਾਰੇ ਸਾਰਿਆਂ ਨੂੰ ਪਤਾ ਹੈ। ਪਰ ਮੈਨੂੰ ਅਫ਼ਸੋਸ ਹੈ ਕਿ ਇਹ ਉਦੋਂ ਵੀ ਇਸ ਪ੍ਰਤੀ ਕੁਝ ਨਹੀਂ ਕਰ ਸਕੇ। ਫਿਰ ਜਦੋਂ ਇਹ ਵਾਪਸ ਪਰਤੇ ਤਾਂ ਇਨ੍ਹਾਂ ਦੀ ਜਗ੍ਹਾ ਕਿਸੇ ਹੋਰ ਗੈਰ ਪੰਜਾਬੀ ਨੂੰ ਨਹੀਂ ਦਿੱਤੀ ਗਈ ਬਲਕਿ ਮੈਨੂੰ ਇਹ ਦਸਣ ਵਿਚ ਖੁਸ਼ੀ ਹੈ ਕਿ ਇਨ੍ਹਾਂ ਦੀ ਥਾਂ ਤੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ ਨੂੰ ਉਥੇ ਲਗਾਇਆ ਗਿਆ। ਮੈਂ ਜਾਣਨਾ ਚਾਹੁੰਦਾ ਹਾਂ ਕਿ ਦੋ ਸਾਲਾਂ ਵਿਚ ਇਹ ਈਸ਼ੂ ਰੀਓਪਨ ਕਿਉਂ ਨਹੀਂ ਕਰਾ ਸਕੇ ? ਇਹ ਕੋਈ ਫੈਸਲਾ ਨਹੀਂ ਕਰ ਸਕੇ। ਜੇਕਰ ਤੁਸੀਂ ਬਤੌਰ ਕੇਂਦਰੀ ਮੰਤਰੀ ਕੁਝ ਨਹੀਂ ਕਰਾ ਸਕੇ ਤਾਂ ਫਿਰ ਬਤੌਰ ਪੰਜਾਬ ਦੇ ਮੁੱਖ ਮੰਤਰੀ ਕਰਾ ਲੈਂਦੇ। ਉਸ ਵੇਲੇ ਬਰਨਾਲਾ ਸਾਹਿਬ ਦੇ ਕੰਨਾਂ ਵਿਚ ਕੋਈ ਗਲ ਕਰ ਲੈਂਦੇ। ਉਨ੍ਹਾਂ ਸਮਿਆਂ ਵਿਚ ਜਦੋਂ ਤੁਸੀਂ ਆਪ ਸਮਰਥ ਸੀ ਉਦੋਂ ਕੁਝ ਨਹੀਂ ਕਰਾ ਸਕੇ। (ਵਿਘਨ)

**ਇਕ ਅਵਾਜ਼ :** ਉਹ ਵਿਕੇ ਨਹੀਂ। ਉਨ੍ਹਾਂ ਨੇ ਆਪਣੇ ਆਪ ਨੂੰ ਵੇਚਿਆ ਨਹੀਂ। (ਵਿਘਨ)

**ਸਰਦਾਰ ਬੀਰਦਵਿੰਦਰ ਸਿੰਘ :** ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਇਹ ਉਦੋਂ ਮੋਰਚੇ ਲਗਾਉਂਦੇ, ਉਦੋਂ ਖੂਨ ਦੀਆਂ ਨਦੀਆਂ ਵਹਾ ਦਿੰਦੇ, ਮੋਘਿਆਂ ਵਿਚੋਂ ਆਪਣਾ ਪਾਣੀ ਨਾ ਜਾਣ ਦਿੰਦੇ ਔਰ ** ਵਰਗੇ ਨੂੰ ਉਥੇ ਤੂੰਨ ਦਿਦੇ। ** ਬੈਠੇ ਹਨ ਅਗਰ ਇਹ ਉਸ ਵੇਲੇ ਮੋਘੇ ਵਿਚ ਫਸਾਏ ਹੁੰਦੇ ਤਾਂ ਪੰਜਾਬ ਦਾ ਪਾਣੀ ਨਾ ਜਾਂਦਾ।

**Sardar Ravi Inder Singh :** On a point of order. The Hon'ble Member is casting personal aspersions on our Members. These should be expunged.

**Mr. Deputy Speaker :** Expunged.

**Sardar Ravi Inder Singh :** Thank You.

**ਸਰਦਾਰ ਬੀਰਦਵਿੰਦਰ ਸਿੰਘ :** ਬਾਦਲ ਸਾਹਿਬ ਨੇ ਰਾਵੀ ਬਿਆਸ ਪਾਣੀ ਦੀ ਬਹਿਸ ਕਰਨੀ ਹੈ। ਇਕ ਸ਼ਿਕਵਾ ਹੈ ਮੈਨੂੰ ਬਾਦਲ ਸਾਹਿਬ ਤੇ ਔਰ ਬਰਨਾਲਾ ਸਾਹਿਬ ਤੇ, ਉਹ ਪਰਗਟ ਕਰਕੇ ਮੈਂ ਆਪਣੀ ਸੀਟ ਲਵਾਂਗਾ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬੀਰਦਵਿੰਦਰ ਸਿੰਘ]

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਤਾਂ ਉਹ ਕੀਤੀ ਕਿ —

"ਵੋਹ ਕਰੀਬ ਸੇ ਭੀ ਗੁਜ਼ਰੇ ਔਰ ਹਾਲ ਤਕ ਨਾ ਪੂਛਾ,
ਮੈਂ ਕੈਸੇ ਮਾਨ ਜਾਊਂ ਵੋਹ ਦੂਰ ਜਾ ਕੇ ਰੋਏ ।"

(ਥੰਪਿੰਗ)

ਇਹ ਜੋ ਮਤਾ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਪੁਰਜ਼ੋਰ ਸ਼ਬਦਾਂ ਵਿਚ ਤਾਈਦ ਕਰਦਾ ਹਾਂ । (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ ।

**Mr. Deputy Speaker :** Motion moved—

That an Address be presented to the Governor in the following terms—

"That the Members of this House assembled in this Session are deeply grateful to the Governor for the Address which he has been pleased to deliver to the House on the 24th February, 1982."

**ਸਰਦਾਰ ਰਵੀਇੰਦਰ ਸਿੰਘ :** ਪੁਆਇੰਟ ਆਫ ਆਰਡਰ, ਸਰ । ਮੈਂ ਇਕ ਅਮੈਂਡਮੈਂਟ ਮੂਵ ਕੀਤੀ ਸੀ ਟੂ ਦੀ ਵੋਟ ਆਫ ਥੈਂਕਸ, ਪਤਾ ਨਹੀਂ ਉਹ ਤੁਹਾਡੇ ਕੰਸਿਡਰੇਸ਼ਨ ਵਿਚ ਆਈ ਹੈ ਜਾਂ ਨਹੀਂ । ਮੈਨੂੰ ਉਹ ਮੂਵ ਕਰਨ ਲਈ ਕਦੋਂ ਪਰਮਿਟ ਕੀਤਾ ਜਾਵੇਗਾ ? ਮੈਂ ਮੂਵ ਕਰਨਾ ਚਾਹੁੰਦਾ ਹਾਂ ।

**ਸ੍ਰੀ ਡਿਪਟੀ ਸਪੀਕਰ :** ਉਹ ਮੇਰੇ ਪਾਸ ਨਹੀਂ ਆਈ ।

**ਸਰਦਾਰ ਰਵੀਇੰਦਰ ਸਿੰਘ :** ਮੈਂ ਉਸ ਨੂੰ ਮੂਵ ਕਰਨਾ ਚਾਹੁੰਦਾ ਹਾਂ, ਤੁਸੀਂ ਮੈਨੂੰ ਕਦੋਂ ਮੂਵ ਕਰਨ ਲਈ ਪਰਮਿਟ ਕਰੋਗੇ ? ਕੀ ਬਾਦਲ ਸਾਹਿਬ ਦੇ ਬੋਲਣ ਤੋਂ ਬਾਅਦ ਮੂਵ ਕਰਨ ਦਿਉਗੇ ?

**ਸ੍ਰੀ ਡਿਪਟੀ ਸਪੀਕਰ :** ਉਹ ਮੇਰੇ ਪਾਸ ਤਾਂ ਆਈ ਨਹੀਂ ਹੈ।

**ਸਰਦਾਰ ਰਵੀਇੰਦਰ ਸਿੰਘ :** ਸਰਦਾਰ ਨਰਿੰਦਰ ਸਿੰਘ ਨੂੰ ਪੁੱਛ ਲਵੋ । ਅਸੀਂ 7–8 ਮੈਂਬਰਾਂ ਨੇ ਦਸਤਖਤ ਕਰਕੇ ਅਮੈਂਡਮੈਂਟ ਦਿਤੀ ਹੈ।

**ਸਰਦਾਰ ਬੀਰ ਦਵਿੰਦਰ ਸਿੰਘ :** ਇਨਫਰਮੇਸ਼ਨ ਤਾਂ ਉਹੀ ਹੈ ਜਿਹੜੀ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਕੋਲ ਪਹੁੰਚ ਚੁਕੀ ਹੈ। ਜੇ ਨਹੀਂ ਪਹੁੰਚੀ ਤਾਂ ਅਗਲੀ ਕਾਰਵਾਈ ਸ਼ੁਰੂ ਕਰੋ ।

**ਸ੍ਰੀ ਡਿਪਟੀ ਸਪੀਕਰ :** ਹਾਂ ਜੀ, ਬਾਦਲ ਸਾਹਿਬ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) :** ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਸਾਡੇ ਹਾਊਸ ਨੂੰ ਐਡਰੈਸ ਕੀਤਾ ਅਤੇ ਉਸ ਐਡਰੈਸ ਤੇ ਸਾਡੇ ਸਾਹਮਣੇ ਬੈਠੇ ਵੀਰਾਂ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ ਅਤੇ ਉਸ ਦੀ ਤਾਈਦ ਕੀਤੀ ਗਈ । ਮੈਂ ਗਵਰਨਰ ਸਾਹਿਬ ਦਾ ਬਹੁਤ ਹੀ ਸਤਿਕਾਰ ਕਰਦਾ ਹਾਂ ਔਰ ਮੇਰਾ ਮਨ ਵੀ ਕਰਦਾ ਸੀ ਕਿ ਜਦੋਂ ਗਵਰਨਰ ਸਾਹਿਬ ਇਥੇ ਆਉਣ ਤਾਂ ਉਨ੍ਹਾਂ ਦਾ ਸਤਿਕਾਰ ਕਰਾਂ ਲੇਕਿਨ ਮੇਰੇ ਸਾਹਮਣੇ ਅਤੇ ਸਾਡੀ ਪਾਰਟੀ ਦੇ ਸਾਹਮਣੇ ਜਿਹੜੀ ਆਪਣੇ ਫਰਜ਼ ਦੀ ਅਦਾਇਗੀ ਸੀ ਉਹ ਸਾਨੂੰ ਮਜ਼ਬੂਰ ਕਰਦੀ ਸੀ ਕਿ ਅਸੀਂ ਪਰੋਟੈਸਟ ਕਰੀਏ ਅਤੇ ਵਾਕ-ਆਊਟ ਕਰੀਏ। ਅਸੀਂ ਪਰੋਟੈਸਟ ਅਤੇ-ਵਾਕ ਆਊਟ ਇਸ ਲਈ ਕੀਤਾ ਕਿਉਂ ਕਿ ਗਵਰਨਰ ਸਾਹਿਬ ਨੇ ਇਹੋ ਜਿਹੀ

Original with;
Punjab Vidhan Sabha
Digitized by;
Panjab Digital Library

ਸਰਕਾਰ ਦੇ ਹੱਕ ਵਿਚ ਉਸ ਦੀਆਂ ਕਾਰਗੁਜ਼ਾਰੀਆਂ ਦੇ ਮੁਤੱਲਕ ਕੁਝ ਐਸੇ ਲਫਜ਼ ਕਹੇ ਸਨ ਜਿਸ ਨੂੰ ਸਾਡੇ ਕੰਨ ਸੁਣ ਨਹੀਂ ਸਨ ਸਕਦੇ। ਇਕੱਲੇ ਅਸੀਂ ਹੀ ਇਹ ਗਲ ਨਹੀਂ ਕਹਿੰਦੇ ਜੇ ਤੁਸੀਂ ਸਾਡੇ ਸਾਹਮਣੇ ਬੈਠੇ ਭਰਾਵਾਂ ਦੀਆਂ ਗੱਲਾਂ ਸੁਣ ਲਵੋ ਤਾਂ ਉਹ ਵੀ ਇਹੀ ਕਹਿੰਦੇ ਹਨ ਕਿ ਅੱਜ ਦੀ ਸਰਕਾਰ ਕੋਈ ਸਰਕਾਰ ਨਹੀਂ ਹੈ, ਪੰਜਾਬ ਬਿਨਾਂ ਸਰਕਾਰ ਤੋਂ ਚਲ ਰਿਹਾ ਹੈ। ਇਸ ਲਈ ਇਹੋ ਜਿਹੇ ਹਾਲਾਤ ਵਿਚ ਅਸੀਂ ਮਜ਼ਬੂਰ ਸੀ ਕਿ ਅਸੀਂ ਵਾਕ-ਆਊਟ ਕਰੀਏ।

ਡਿਪਟੀ ਸਪੀਕਰ ਸਾਹਿਬ, ਸਾਹਮਣੇ ਤੋਂ ਜਿਹੜੇ ਦੋ ਪਾਰਲੀਮੈਂਟੇਰੀਅਨ ਧੰਨਵਾਦ ਦੇ ਮਤੇ ਤੇ ਬੋਲੇ ਹਨ ਉਨ੍ਹਾਂ ਨੇ ਬੋਲਦੇ ਹੋਏ ਜੋ ਇੰਪਰੈਸ਼ਨ ਦਿਤਾ ਹੈ ਉਸ ਤੋਂ ਪਤਾ ਲਗਦਾ ਹੈ ਕਿ ਉਹ ਬੜੇ ਚੰਗੇ ਵਕੀਲ ਹਨ ਲੇਕਿਨ ਦੁੱਖ ਦੀ ਗਲ ਇਹ ਹੈ ਕਿ ਜੇ ਕੇਸ ਹੀ ਮਾੜਾ ਹੋਵੇ ਤਾਂ ਵਕੀਲ ਵਿਚਾਰਾ ਕੀ ਕਰੇ। ਜਦ ਬੀਰਦਵਿੰਦਰ ਸਿੰਘ ਬੋਲ ਰਹੇ ਸਨ ਤਾਂ ਮੈਂ ਉਨ੍ਹਾਂ ਨੂੰ ਬੜੇ ਧਿਆਨ ਨਾਲ ਸੁਣ ਰਿਹਾ ਸੀ ਪਰ ਕਈ ਵਾਰੀ ਤਾਂ ਇਸ ਤਰ੍ਹਾਂ ਲਗਦਾ ਸੀ ਕਿ ਉਹ ਇਸ ਸਦਨ ਵਿਚ ਨਹੀਂ ਬੋਲ ਰਹੇ ਸਗੋਂ ਉਹ ਕਿਸੇ ਮੁਸ਼ਹਿਰੇ ਵਿਚ ਬੋਲ ਰਹੇ ਹਨ। ਉਨ੍ਹਾਂ ਦੀ ਸਪੀਚ ਦਾ ਆਪਣਾ ਅੰਦਾਜ਼ ਸੀ। ਕੋਈ ਗਲ ਬਣ ਨਹੀਂ ਸਕੀ। ਪਰ ਜੇ ਮੈਟੀਰੀਅਲ ਹੀ ਕੋਈ ਨਾ ਹੋਵੇ ਤਾਂ ਇਸ ਵਿਚ ਉਨ੍ਹਾਂ ਦਾ ਕੀ ਦੋਸ਼ ਹੈ।

ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦਾ ਮਸਲਾ ਐਨਾ ਵੱਡਾ ਹੈ ਕਿ ਮੈਂ ਚਾਹੁੰਦਾ ਹਾਂ ਕਿ ਇਸ ਮਸਲੇ ਤੇ ਵਿਸਥਾਰ ਨਾਲ ਗਲ ਕਰੀਏ। ਲਾਅ ਐਂਡ ਆਰਡਰ ਕਿਸੇ ਸਟੇਟ ਦੀ ਇਕ ਮੁੱਖ ਚੀਜ਼ ਹੈ। ਜੇ ਸਟੇਟ ਵਿਚ ਲਾਅ ਐਂਡ ਆਰਡਰ ਨਾ ਹੋਵੇ ਤਾਂ ਫਿਰ ਉਹ ਸਟੇਟ ਨਹੀਂ ਕਹਾ ਸਕਦੀ। ਮੈਂ ਸਮਝਦਾ ਹਾਂ ਕਿ ਜਿੰਨੀ ਅੱਜ ਪੰਜਾਬ ਵਿਚ ਲਾਅਲੈਸਨੈਸ ਹੈ ਉਹ ਕਦੇ ਵੀ ਕਿਸੇ ਮੁਲਕ ਦੇ ਕਿਸੇ ਸੂਬੇ ਵਿਚ ਨਹੀਂ ਹੋ ਸਕਦੀ। ਕੋਈ ਦਿਨ ਇਹੋ ਜਿਹਾ ਨਹੀਂ ਜਾਂਦਾ ਜਦੋਂ ਤੁਹਾਨੂੰ ਇਹ ਖਬਰ ਪੜ੍ਹਨ ਲਈ ਨਾ ਮਿਲੇ ਕਿ ਅੱਜ ਇਸ ਸੂਬੇ ਵਿਚ ਕੋਈ ਮਹਾਨ ਘਟਨਾ ਵਾਪਰ ਗਈ ਹੈ। ਅੱਜ ਜਿਹੜੇ ਕ੍ਰਿਮੀ-ਨਲਜ਼ ਹਨ ਉਨ੍ਹਾਂ ਨੂੰ ਪੁਲਿਸ ਦਾ ਕੋਈ ਡਰ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਚਤਰਥ ਜੀ ਨੇ ਅੰਕੜੇ ਦਿਤੇ ਸਨ ਕਿ ਬਿਹਾਰ ਨਾਲੋਂ ਪੰਜਾਬ ਦੀ ਹਾਲਤ ਠੀਕ ਹੈ। ਮੈਂ ਇਸ ਬਾਰੇ ਅੰਕੜੇ ਤਾਂ ਨਹੀਂ ਦੇ ਸਕਦਾ ਕਿਉਂਕਿ ਮੇਰੇ ਪਾਸ ਅੰਕੜੇ ਨਹੀ ਹਨ ਲੇਕਿਨ ਮੈ ਇਹ ਦੱਸਣਾ ਚਾਹੁੰਦਾ ਹਾਂ ਕਿ ਕਰਾਈਮਜ਼ ਜਿਹੜੇ ਹੋ ਰਹੇ ਹਨ ਉਹ ਕਿਸ ਕਿਸਮ ਦੇ ਹੋ ਰਹੇ ਹਨ। ਤੁਸੀ ਕਰਾਈਮਜ਼ ਨੂੰ ਵੇਖ ਕੇ ਦੱਸ ਸਕੋਗੇ ਕਿ ਸਾਡੀ ਐਡਮਿਨਿਸਟਰੇਸ਼ਨ ਠੀਕ ਕੰਮ ਕਰ ਰਹੀ ਹੈ ਜਾਂ ਨਹੀ। ਡਿਪਟੀ ਸਪੀਕਰ ਸਾਹਿਬ, ਕਤਲ ਦਿਨ ਦਿਹਾੜੇ ਹੋ ਰਹੇ ਹਨ। ਦਿਨ ਦਿਹਾੜੇ ਬੈਂਕਾਂ ਲੁਟੀਆਂ ਜਾ ਰਹੀਆਂ ਹਨ। ਦਿਨ ਦਿਹਾੜੇ ਸ਼ਹਿਰਾਂ ਵਿਚ ਗੋਲੀਆਂ ਮਾਰ ਕੇ ਬੰਦੇ ਮਾਰੇ ਜਾਂਦੇ ਹਨ। ਇਸ ਤੋਂ ਦੁਖਦਾਈ ਗਲ ਜਿਹੜੀ ਹੈ ਉਹ ਇਹ ਹੈ ਕਿ ਇਹ ਜਿਹੜੀ ਪੁਲਿਸ ਹੈ : which is custodian of law have started indulging in crime, associating with crime and acting in a manner which is a slur on the face of the Government.

ਡਿਪਟੀ ਸਪੀਕਰ ਸਾਹਿਬ, ਡਾਕੇ ਪਏ ਹਨ। ਇਕ ਡਾਕਾ ਤਾਂ ਇਸੇ ਮਹੀਨੇ ਅੰਮ੍ਰਿਤਸਰ ਵਿਚ 53 ਹਜ਼ਾਰ ਰੁਪਏ ਦਾ ਪਿਆ। ਸਤਕੁਲਰ ਰੋਡ ਦੇ ਨੇੜੇ ਸੈਂਟਰਲ ਬੈਂਕ ਆਫ ਇੰਡੀਆ ਦੀ ਬ੍ਰਾਂਚ ਲੁਟ ਲਈ। ਦੋ ਆਦਮੀ ਆਏ ਜਿਵੇਂ ਉਨ੍ਹਾਂ ਨੂੰ ਕੋਈ ਡਰ ਨਹੀਂ ਹੁੰਦਾ। ਟੈਲੀਫੋਨ ਦੀਆਂ ਤਾਰਾਂ ਕੱਟ ਦਿਤੀਆਂ। ਬੈਂਕ ਲੁਟ ਕੇ ਲੈ ਗਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਕਿਸੇ ਨੂੰ ਬਾਪੂ ਦੀ ਜੇਬ ਵਿਚੋਂ ਪੈਸੇ ਕੱਢਣੇ ਤਾਂ ਭਾਵੇਂ ਮੁਸ਼ਕਲ ਹੋਣ ਪਰ ਬੈਂਕਾਂ ਵਿਚੋਂ ਪੈਸੇ ਕੱਢਣੇ ਸੌਖੇ ਹਨ। ਤੁਸੀਂ ਲੁਧਿਆਣੇ ਦੇਖ ਲਵੋ ਉਥੇ ਵੀ ਨਗਰ ਦੀ ਸਟੇਟ ਬੈਂਕ ਦੀ ਬ੍ਰਾਂਚ ਲੁਟੀ ਗਈ। ਗੁੰਜਾਨ ਆਬਾਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਵਿਚ ਡਾਕੇ ਪੈ ਰਹੇ ਹਨ। ਸ਼ਹਿਰਾਂ ਵਿਚ ਗੁੰਜਾਨ ਆਬਾਦੀ ਵਿਚ ਡਾਕੇ ਪੈ ਰਹੇ ਹਨ। ਪਿੰਡਾਂ ਵਿਚ ਤਾਂ ਕਿਹਾ ਜਾ ਸਕਦਾ ਹੈ ਕਿ ਉਥੇ ਪੁਲਿਸ ਮੌਕੇ ਤੇ ਨਹੀਂ ਹੁੰਦੀ ਪਰ ਸ਼ਹਿਰਾਂ ਵਿਚ ਗੁੰਜਾਨ ਆਬਾਦੀਆਂ ਵਿਚ ਜਿਥੇ ਪੁਲਿਸ ਹੁੰਦੀ ਹੈ ਅੱਜ ਉਥੇ ਡਾਕੇ ਪੈ ਰਹੇ ਹਨ। ਇਸ ਤੋਂ ਤੁਸੀਂ ਅੰਦਾਜ਼ਾ ਲਗਾ ਲਵੋ ਕਿ ਅੱਜ ਇਥੇ ਲਾਅ ਅੰਡ ਆਰਡਰ ਦੀ ਕੀ ਹਾਲਤ ਹੈ। ਡਾਕਟਰ ਲਾਜਪਤ ਰਾਏ, ਰਾਮਾ ਮੰਡੀ, ਪ੍ਰਾਈਵੇਟ ਪ੍ਰੈਕਟੀਸ਼ਨਰ ਹੈ। ਦੋ ਜੀਪਾਂ ਤੇ ਬੰਦੇ ਆਏ ਅਤੇ ਉਸ ਨੂੰ ਉਸ ਦੀ ਦੁਕਾਨ ਵਿਚੋਂ ਖਿਚ ਕੇ ਲੈ ਗਏ। ਡਿਪਟੀ ਸਪੀਕਰ ਸਾਹਿਬ, ਉਸ ਨੂੰ ਕਤਲ ਕਰ ਦਿਤਾ। ਇਹੋ ਜਿਹੇ ਕਤਲ ਹੋ ਰਹੇ ਹਨ ਜਿਵੇ ਕਿਸੇ ਨੂੰ ਡਰ ਨਹੀਂ ਹੁੰਦਾ। ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿਸੇ ਨੂੰ ਗੌਰਮਿੰਟ ਦਾ ਡਰ ਹੈ ਜਾਂ ਨਹੀਂ। ਡਿਪਟੀ ਸਪੀਕਰ ਸਾਹਿਬ, ਬਠਿੰਡੇ ਦਾ ਇਕ ਐਡਵੋਕੇਟ, ਸੁਖਦੇਵ ਸਿੰਘ ਮਾਨ ਸ਼ਹਿਰ ਵਿਚ ਹਸਪਤਾਲ ਵਿਚੋਂ ਦਵਾਈ ਲੈ ਕੇ ਜਾ ਰਿਹਾ ਸੀ। ਉਸ ਨੂੰ ਗੁੰਜਾਨ ਆਬਾਦੀ ਵਿਚ ਗੋਲੀ ਮਾਰ ਕੇ ਮਾਰ ਦਿਤਾ। ਮਹਿੰਦਰ ਪਾਲ ਦਾ ਕਤਲ ਹੋਇਆ। ਉਹ ਵੀ ਸ਼ਹਿਰ ਵਿਚ ਗੁੰਜਾਨ ਆਬਾਦੀ ਵਿਚ ਦੁਕਾਨ ਤੇ ਬੈਠਾ ਸੀ, ਉਸ ਨੂੰ ਕਤਲ ਕੀਤਾ ਗਿਆ। ਸਭ ਤੋਂ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਜੇ ਕੋਈ ਕਤਲ ਹੋ ਜਾਂਦਾ ਹੈ ਤਾਂ ਉਸ ਨੂੰ ਪੁਲਿਟੀਕੋਲਾਈਜ਼ ਕੀਤਾ ਜਾਂਦਾ ਹੈ। ਇਹ ਕਿੰਨਾ ਭੈੜਾ ਕੰਮ ਹੈ। ਜੇ ਉਸ਼ ਦਾ ਰੂਲਿੰਗ ਪਾਰਟੀ ਨਾਲ ਤੁਅਲਕ ਹੋਵੇ ਤਾਂ ਉਸ ਉਤੇ ਕੋਈ ਐਕਸ਼ਨ ਨਹੀਂ ਹੁੰਦਾ। ਇਹ ਜਿਹੜਾ ਕਤਲ ਹੋਇਆ ਹੈ ਉਸ਼ ਦੀ ਪਤਨੀ ਨੇ ਤਾਰਾਂ ਦਿਤੀਆਂ, ਕਾਤਲ ਦਾ ਨਾਮ ਦੱਸਿਆ ਅਤੇ ਦੱਸਿਆ ਕਿ ਫਲਾਣਾ ਫਲਾਣਾ ਕਾਤਲ ਹੈ। ਉਸ ਨੇ ਇਹ ਵੀ ਦੱਸਿਆ ਕਿ ਇਹ ਐਨਮਿਟੀ ਕਰ ਕੇ ਹੋਇਆ। ਇਸ ਬਾਰੇ ਐਸ. ਐਸ. ਪੀ. ਦਾ ਬਿਆਨ ਹੈ ਕਿ ਇਹ ਕਤਲ ਕਮਿਊਨਲ ਰੰਗਤ ਵਿਚ ਨਹੀਂ ਹੋਇਆ। ਉਸ ਦੀ ਪਤਨੀ ਨੇ ਕਿਹਾ ਕਿ ਮੁਲਜ਼ਮ ਦੀ ਸਾਡੇ ਨਾਲ ਐਨਮਿਟੀ ਸੀ। ਪਰ, ਡਿਪਟੀ ਸਪੀਕਰ ਸਾਹਿਬ, ਅੱਜ ਤਕ ਕੋਈ ਐਕਸ਼ਨ ਨਹੀਂ ਹੋਇਆ। ਇਸ ਲਈ ਇਸ ਤਰ੍ਹਾਂ ਦੇ ਜੇ ਮੈਂ ਸਾਰੇ ਕੇਸਿਜ਼, ਡਿਪਟੀ ਸਪੀਕਰ ਸਾਹਿਬ, ਦੱਸਾਂ ਤਾਂ ਬੜਾ ਸਮਾਂ ਲਗਣਾ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਸ਼ਹਿਰਾਂ ਵਿਚ ਜ਼ਿੰਦਗੀ ਮਹਿਫੂਜ਼ ਨਹੀਂ ਹੈ। ਜਿਥੇ ਇਹ ਗਲ ਹੈ ਉਥੇ ਇਹ ਵੀ ਬੜੇ ਦੁੱਖ ਦੀ ਗਲ ਹੈ ਕਿ ਅੱਜ ਪੁਲਿਸ ਕਾਫੀ ਬਹੁਤ ਇਨਵਾਲਵਡ ਹੋ ਗਏ ਹਨ। ਉਹ ਬੰਦੇ ਨੂੰ ਇਸ ਤਰ੍ਹਾਂ ਮਾਰ ਦਿੰਦੇ ਹਨ ਜਿਵੇਂ ਉਹ ਬਿਲਕੁਲ ਇਹ ਗਲ ਸਮਝਦੇ ਹਨ ਕਿ ਉਨ੍ਹਾਂ ਨੂੰ ਕਿਸੇ ਦਾ ਕੋਈ ਡਰ ਹੀ ਨਹੀਂ ਹੈ। ਅਮਰ ਸਿੰਘ ਜਿਹੜਾ ਸੀਨੀਅਰ ਐਡਵੋਕੇਟ ਸੀ ਫਗਵਾੜੇ ਦਾ ਉਸ ਦੇ ਕੇਸ ਨਾਲ ਸਾਰੇ ਸੂਬੇ ਵਿਚ ਕਿੰਨਾ ਰੀਐਕਸ਼ਨ ਹੋਇਆ ਤੁਹਾਨੂੰ ਪਤਾ ਹੀ ਹੈ। ਕਿਉਂਕਿ ਕਚਹਿਰੀ ਵਿੱਚ ਕੇਸ ਚਲ ਰਿਹਾ ਹੈ, ਇਨਕੁਆਇਰੀ ਹੋ ਰਹੀ ਹੈ ਇਸ ਲਈ ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਹੀ ਦੱਸਣਾ ਚਾਹੁੰਦਾ ਹਾਂ ਕਿ ਸਾਰਾ ਪੰਜਾਬ ਇਸ ਦੇ ਨਾਲ ਹਿੱਲ ਗਿਆ। ਹਾਈਕੋਰਟ ਦੀ ਬਾਰ ਨੇ ਰੇਜ਼ੋਲਿਊਸ਼ਨ ਪਾਸ ਕੀਤਾ, ਵਕੀਲਾਂ ਨੇ ਹੜਤਾਲ ਕੀਤੀ। ਅਸਲ ਵਿੱਚ ਇਸ ਦਾ ਮੁੱਦਾ ਕੀ ਸੀ? ਗੱਲ ਇਹ ਸੀ ਕਿ ਉਨ੍ਹਾਂ ਦੀ ਪੁਲਿਸ ਨਾਲ ਕੋਈ ਮੁਖਾਲਫਤ ਸੀ। ਉਨ੍ਹਾਂ ਦੇ ਪਿੰਡ ਵਿਚ ਕੋਈ ਨੌਜਵਾਨ ਮਰ ਗਿਆ ਸੀ ਉਸ ਦਾ ਪੋਸਟ ਮਾਰਟਮ ਨਹੀਂ ਕਰਵਾਇਆ। ਪੁਲਿਸ ਉਥੇ ਗਈ। ਉਨ੍ਹਾਂ ਨੇ ਕਿਹਾ ਕਿ ਪੋਸਟ ਮਾਰਟਮ ਕਰਵਾਉਣਾ ਹੈ। ਸਿੱਟਾ ਇਹ ਨਿਕਲਿਆ ਕਿ ਉਥੇ ਲੜਾਈ ਹੋ ਗਈ। ਉਸ ਦਾ ਬਦਲਾ ਲੈਣ ਦੇ ਲਈ ਇਹ ਸਾਰਾ ਕੁਝ ਫਿਰ ਕੀਤਾ ਗਿਆ। ਇਹ ਮੈਂ ਨਹੀਂ ਕਹਿੰਦਾ, ਆਮ ਕਿਹਾ ਜਾਂਦਾ ਹੈ ਕਿ ਇਸ ਦੇ ਵਿੱਚ ਪੁਲਿਸ ਦਾ ਹੱਥ ਹੈ। ਹੁਣੇ ਅੱਜ ਇਥੇ ਜੀਤ ਰਾਮ ਦੀ ਗੱਲ ਆਈ ਹੈ ਅਤੇ ਸਾਡੇ ਆਨਰੇਬਲ ਮੈਂਬਰਜ਼ ਨੇ ਉਸ ਕੇਸ ਬਾਰੇ ਦਸਿਆ ਹੈ। ਮੈਂ ਵੀ ਬਸੀ ਪਠਾਣਾ ਜਾ ਕੇ ਆਇਆ ਹਾਂ ਪਰ ਮੈਨੂੰ ਇਸ ਗਲ ਦਾ ਅਫਸੋਸ ਹੈ ਕਿ ਉਸ ਹਲਕੇ ਦੇ ਇਕ ਮੈਂਬਰ ਸਾਹਿਬ ਨੇ ਇਹ ਕਿਹਾ ਹੈ ਕਿ ਉਹ ਬਦਮਾਸ਼ ਸੀ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਕਦੇ ਇਹ ਗੱਲ ਮੰਨਣ ਵਾਲੀ ਹੋ ਸਕਦੀ ਹੈ ਕਿ ਇਕ ਆਦਮੀ ਪੁਲਿਸ ਕਸਟੱਡੀ ਵਿੱਚ ਹੋਵੇ ਅਤੇ ਉਸ ਦੇ ਬਾਰੇ ਕਿਹਾ ਜਾਵੇ ਕਿ ਉਸ ਨੇ ਆਪਣੇ ਤੇ ਤੇਲ ਪਾ ਕੇ ਅੱਗ ਲਾ ਲਈ ਅਤੇ ਸੂਏਸਾਈਡ ਕਰ ਲਿਆ ਹੈ। ਅਸਲ ਗਲ ਇਹ ਹੈ ਕਿ ਉਸ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ ਅਤੇ ਜਦੋਂ ਉਹ ਮਰ ਗਿਆ ਤਾਂ ਫਿਰ ਬਹਾਨਾ ਬਣਾਉਣ ਲਈ ਇਹ ਗਲ ਕਹੀ ਗਈ। ਤੁਸੀਂ ਵੀ, ਡਿਪਟੀ ਸਪੀਕਰ ਸਾਹਿਬ, ਜਾਣਦੇ ਹੋ ਕਿ ਕਿਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਹਨ। ਮੈਂ, ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹੋ ਜਿਹੀਆਂ ਜਿਹੜੀਆਂ ਘਟਨਾਵਾਂ ਹਨ ਉਨ੍ਹਾਂ ਦੇ ਬਾਰੇ ਅਫ਼ਸਰ ਦੀ ਜੋ ਰਿਪੋਰਟ ਹੈ, ਨਿਰਾ ਉਸ ਤੇ ਹੀ ਨਾ ਰਹਿਣ, ਕਿਸੇ ਹੋਰ ਏਜੰਸੀ ਤੋਂ ਵੀ ਇਸ ਦੇ ਬਾਰੇ ਗਲਾਂ ਮੰਗਵਾਉਣ, ਨਹੀਂ ਤਾਂ ਫਿਰ ਗਲ ਵੱਧ ਘੱਟ ਜਾਵੇਗੀ ਅਤੇ ਹਾਲਾਤ ਖਰਾਬ ਹੋਣਗੇ। ਇਸੇ ਤਰ੍ਹਾਂ ਕੋਈ ਪੰਮੀ ਲੁਧਿਆਣੇ ਦਾ ਹੈ। ਲੁਧਿਆਣੇ ਦੇ ਕਾਫੀ ਮਨਿਸਟਰ ਇਥੇ ਬੈਠੇ ਹਨ। ਬੜੀ ਖੁਸ਼ੀ ਦੀ ਗਲ ਹੈ ਕਿ ਅੱਧੀ ਕੇਬਨਿਟ ਲੁਧਿਆਣੇ ਦੀ ਬੈਠੀ ਹੈ। ਪੰਮੀ ਨੂੰ ਲੁਧਿਆਣੇ ਦੀ ਪੁਲਿਸ ਲੈ ਗਈ ਅਤੇ ਉਸ ਨੂੰ ਅੱਧ ਪਚੱਧਾ ਜਿਹਾ ਮਾਰ ਕੇ ਉਸ ਦੇ ਘਰ ਲੈ ਗਏ ਤਾਂ ਘਰ ਵਾਲੇ ਕਹਿਣ ਲੱਗੇ ਕਿ ਇਸ ਨੂੰ ਹੁਣ ਕੀ ਕਰੀਏ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਅਤੇ ਹਸਪਤਾਲ ਜਾ ਕੇ ਉਹ ਮਰ ਗਿਆ। ਡਿਪਟੀ ਸਪੀਕਰ ਸਾਹਿਬ, ਇਹ ਅੱਜ ਦੀ ਅਖ਼ਬਾਰ ਵਿਚ ਇਕ ਖਬਰ ਆਈ ਹੈ। ਕੱਲ ਦੀ ਖ਼ਬਰ ਅਤੇ ਅੱਜ ਦੀ ਅਖਬਾਰ ਵਿੱਚ ਆਈ ਹੈ ਕਿ ਅੰਮ੍ਰਿਤਸਰ ਸ਼ਹਿਰ ਵਿੱਚ ਕੋਈ ਤਕਰੀਬਨ ਅੱਧੀ ਦਰਜਨ ਬੰਦਿਆਂ ਨੇ, 6 ਨੌਜਵਾਨਾਂ ਨੇ, ਇਕ ਰਿਕਸ਼ੇ ਵਿਚ ਨਰਸ ਜਾ ਰਹੀ ਸੀ ਉਸ ਨੂੰ ਘੇਰ ਲਿਆ ਅਤੇ ਰਿਕਸ਼ੇ ਵਾਲੇ ਨੂੰ ਕਿਹਾ ਕਿ ਜਿਥੇ ਅਸੀ ਕਹਿੰਦੇ ਹਾਂ ਉਥੇ ਇਸ ਨੂੰ ਲੈ ਜਾ। ਰਿਕਸ਼ਾ ਵਾਲਾ ਵਿਚਾਰਾ ਗਰੀਬ ਕੀ ਕਰੇ। ਇਸ ਤੇ ਰੌਲਾ ਪੈ ਗਿਆ। ਲੜਕੀ ਨੇ ਹਿੰਮਤ ਕੀਤੀ ਅਤੇ ਦੌੜ ਕੇ ਕਿਸੇ ਦੁਕਾਨ ਵਿਚ ਵੜ ਗਈ। ਉਸ ਵਿਚਾਰੀ ਦੀ ਸ਼ਾਲ ਵੀ ਲਾਹ ਲਈ ਅਤੇ ਹੋਰ ਨਕਦੀ ਵੀ ਲੈ ਲਈ ਪਰ ਉਸ ਨੇ ਭੱਜ ਕੇ ਆਪਣੀ ਜਾਨ ਬਚਾ ਲਈ। ਇਸ ਤੋਂ, ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਅੰਦਾਜ਼ਾ ਲਗਾ ਲਓ ਕਿ ਅਜ ਸਾਡੀਆਂ ਬੀਬੀਆਂ, ਭੈਣਾਂ, ਲੜਕੀਆਂ ਦੀ ਇਜ਼ਤ ਸ਼ਹਿਰਾਂ ਵਿੱਚ ਮਹਿਫੂਜ਼ ਨਹੀਂ ਤੇ ਸਰਕਾਰ ਫਿਰ ਵੀ ਕਹਿੰਦੀ ਹੈ ਕਿ ਸਾਡਾ ਲਾਅ ਐਂਡ ਆਰਡਰ ਠੀਕ ਹੈ। ਸਰਦਾਰ ਬੀਰਦਵਿੰਦਰ ਸਿੰਘ ਨੇ ਬੋਲਦੇ ਹੋਏ ਬੜੀ ਤਾਰੀਫ ਕੀਤੀ ਅਤੇ ਕਿਹਾ ਕਿ ਪਤਾ ਨਹੀਂ ਚਲਦਾ, ਇਥੇ ਪਤਾ ਤਾਂ ਕੀ ਹਨੇਰੀਆਂ ਹੁਣ ਵਗੀ ਜਾਂਦੀਆਂ ਹਨ ਪਰ ਤੁਸੀਂ ਆਪਣੀ ਡਿਊਟੀ ਦੇਣੀ ਹੈ, ਦੇਈ ਜਾਓ। ਇਹ ਇਕ ਮੇਰੇ ਪਾਸ ਹੋਰ ਕੇਸ ਹੈ। ਥਾਣੇਦਾਰ ਲੱਖਾ ਸਿੰਘ ਜੋ ਸੰਗਰੂਰ ਜ਼ਿਲ੍ਹੇ ਵਿਚ ਏ. ਐਸ. ਆਈ. ਹੈ, ਉਸ ਨੇ ਖੇਤਾਂ ਵਿਚ ਜਾ ਕੇ ਕਿਸੇ ਲੜਕੀ ਦੀ ਪੱਤ ਲੁਟ ਲਈ। ਕਚਹਿਰੀ ਵਿਚ ਕੇਸ ਚਲ ਰਿਹਾ ਹੈ। ਜਦੋਂ, ਡਿਪਟੀ ਸਪੀਕਰ ਸਾਹਿਬ, ਬਾੜ ਹੀ ਖੇਤ ਨੂੰ ਖਾਣ ਲਗ ਜਾਏ ਤਾਂ ਫਿਰ ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ ਇਸ ਦਾ ਕੀ ਹਸ਼ਰ ਹੋਵੇਗਾ, ਲੋਕ ਹੁਣ ਇਥੇ ਕੋਈ ਪੁਕਾਰ ਕਰਨਗੇ। ਇਹ ਇਕ ਅਜ ਦੀ ਖਬਰ ਹੈ ਜਿਸ ਦਾ ਹੈਡਿੰਗ ਹੈ --

**Tipsy I. S. try to molest foreigner :**

ਯੂਥ ਹੋਸਟਲ ਵਿਚ ਕੋਈ ਜੋੜਾ ਬਿਦੇਸ਼ੀ ਬਾਹਰ ਤੋਂ ਆਇਆ। ਉਨ੍ਹਾਂ ਦੀ ਰਖਵਾਲੀ ਵਾਸਤੇ 2 ਥਾਣੇਦਾਰ ਭੇਜੇ ਗਏ ਲੇਕਿਨ ਜੋ ਉਨ੍ਹਾਂ ਨੇ ਰਖਵਾਲੀ ਕੀਤੀ ਉਸ ਦੇ ਬਾਰੇ ਮੈਂ ਆਪਣੀ ਜ਼ਬਾਨ ਤੋਂ ਨਹੀਂ ਕਹਿ ਸਕਦਾ ਕਿ ਉਨ੍ਹਾਂ ਨੇ ਕੀ ਕੀਤਾ। ਇਸੇ ਤਰਾਂ ਪੱਟੀ ਤੋਂ ਸਾਡੇ ਮਾਨਯੋਗ ਐਮ. ਐਲ. ਏ. ਸਾਹਿਬ ਪੱਟੀ ਦੇ ਹਨ। ਮੈਂ ਪਿਛਲੇ ਦਿਨੀਂ ਉਥੇ ਗਿਆ। ਉਥੇ ਦੇਖਿਆ ਕਿ ਪ੍ਰੈਸ ਉਚੇਚਾ ਤੌਰ ਤੇ ਆਈ ਹੋਈ ਸੀ। ਮੈਂ ਪਰੈਸ ਵਾਲਿਆਂ ਨੂੰ ਪੁੱਛਿਆ ਕਿ ਕਿਵੇਂ ਉਚੇਚਾ ਆਏ ਹੋ ਤਾਂ ਕਹਿਣ ਲੱਗੇ ਕਿ ਇਥੇ ਨਾਲ ਧਾਰੀਵਾਲ ਪਿੰਡ ਹੈ ਉਥੇ ਆਏ ਹਾਂ। ਮੈਂ ਕਿਹਾ ਕਿ ਵਾਪਸੀ ਤੇ ਮਿਲੋਗੇ ਤਾਂ ਕਹਿਣ ਲੱਗੇ ਕਿ ਵਕਤ ਮਿਲਿਆ ਤਾਂ ਦੇਖਾਂਗੇ। ਉਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬ, ਮੈਨੂੰ ਸਾਰੀ ਕਹਾਣੀ ਸੁਣਾਈ। ਉਨ੍ਹਾਂ ਨੇ ਦੱਸਿਆ ਕਿ ਪਿੰਡ ਵਿੱਚ ਜਦੋਂ ਗਏ ਤਾਂ ਪੰਚਾਇਤ ਵੀ ਆਈ ਅਤੇ ਸਾਡੇ ਕੋਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

100 ਬੰਦੇ ਇਕੱਠੇ ਹੋ ਗਏ। ਕਹਿਣ ਲੱਗੇ ਕਿ ਉਥੇ ਥਾਣੇਦਾਰ ਨੇ ਇਕ ਲੜਕੀ ਅਗਵਾ ਕਰਵਾਈ ਹੈ। ਜਦੋਂ ਪੰਚਾਇਤ ਨੇ ਕਿਹਾ ਤਾਂ ਉਹ ਉਸ ਪੰਚਾਇਤ ਨੂੰ ਕਹਿਣ ਲਗਾ ਕਿ ਅਜੇ ਤਾਂ ਇਕ ਹੀ ਹੋਈ ਹੈ, ਅਜੇ 5-6 ਹੋਰ ਕਰਵਾਉਣੀਆਂ ਹਨ। ਇਤਨੀ ਖੁੱਲ੍ਹੀ ਛੁੱਟੀ ਇਨ੍ਹਾਂ ਨੇ ਪੁਲਿਸ ਨੂੰ ਦਿੱਤੀ ਹੋਈ ਹੈ ਜਿਸ ਦੇ ਨਤਾਇਜ ਖਤਰਨਾਕ ਹੋ ਸਕਦੇ ਹਨ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਕੋਆਪਰੇਸ਼ਨ ਮਨਿਸਟਰ ਸਾਹਿਬ ਮੇਰਾ ਖਿਆਲ ਹੈ ਬੈਠੇ ਨਹੀਂ, ਨਹੀਂ ਤਾਂ ਇਕ ਖਬਰ ਉਨ੍ਹਾਂ ਦੀ ਖਿਦਮਤ ਵਿੱਚ ਵੀ ਦੱਸਦਾ। ਅਸੀਂ ਉਥੇ ਗਏ ਤਾਂ ਇਕ ਲੜਕੀ ਨੇ ਸਾਨੂੰ ਹਕੀਕਤ ਸੁਣਾਈ ਕਿ ਕਿਸ ਤਰ੍ਹਾਂ ਪੁਲਿਸ ਨੇ ਮਿਸਬੀਹੇਵ ਕੀਤਾ। ਇਨ੍ਹਾਂ ਨੇ ਭਾਵੇਂ ਆਰਡਰ ਕੀਤਾ ਹੈ ਕਿ ਐਕਸ਼ਨ ਲਿਆ ਜਾਵੇਗਾ ਲੇਕਿਨ, ਡਿਪਟੀ ਸਪੀਕਰ ਸਾਹਿਬ, ਕੌਣ ਐਕਸ਼ਨ ਕਰਦਾ ਹੈ ਜਿਥੇ ਇਹੋ ਜਿਹੇ ਆਦਮੀ ਆਪ ਇਨ੍ਹਾਂ ਦੇ ਇਨਵਾਲਵਡ ਹੋਣ। ਯੂਨੀਵਰਸਿਟੀ ਵਿਚ ਬੂਟਾ ਸਿੰਘ, ਪ੍ਰੋਫੈਸਰ, ਨਾਲ ਕੀ ਕੀਤਾ ਗਿਆ। ਯੂਨੀ-ਵਰਸਿਟੀ ਤੋਂ ਪ੍ਰਾਈਵੇਟ ਕਾਰ ਵਿੱਚ ਫੜ ਕੇ ਲੈ ਗਏ। ਅੱਜ ਤਾਂ ਇਹ ਪੰਜਾਬ ਕਹਿੰਦਾ ਹੈ ਕਿ ਹੋਰ ਨਹੀਂ ਤਾਂ ਸਾਨੂੰ ਪੁਲਿਸ ਤੋਂ ਬਚਾ ਲਓ ਜਿਵੇਂ ਕਿਵੇਂ ਸਾਨੂੰ ਬਚਾ ਸਕਦੇ ਹੋ। ਸਮਾਣੇ ਵਿਚ ਲੜਕਾ ਫੜਿਆ ਗਿਆ। ਮੈਂ ਉਸ ਲੜਕੇ ਦੀ ਕਹਾਣੀ ਵਿਚ ਨਹੀਂ ਜਾਣਾ ਚਾਹੁੰਦਾ, ਉਹ ਵੀ ਅਗਵਾਹ ਕੀਤਾ ਪੁਲਿਸ ਦੇ ਹਵਾਲਦਾਰ ਨੇ ਅਤੇ ਪੁਲਿਸ ਦੇ ਹਵਾਲਦਾਰ ਤੋਂ ਫੜਿਆ ਗਿਆ। ਇਸੇ ਤਰ੍ਹਾਂ ਇਕ ਐਸ.ਡੀ.ਓ. ਨਹਿਰ ਦੇ ਰੈਸਟ ਹਾਊਸ ਵਿੱਚ ਗਿਆ ਸੀ ਤਾਂ ਉਥੇ ਥਾਣੇਦਾਰ ਆ ਗਏ ਸ਼ਰਾਬ ਪੀਣ ਲਈ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਰੈਸਟ ਹਾਊਸ ਛੱਡ ਦੇਵੇ। ਜੇ ਉਸ ਨੇ ਨਹੀਂ ਛੱਡਿਆ ਤਾਂ ਉਸ ਨੂੰ ਫੜ ਕੇ ਅੰਦਰ ਦੇ ਦਿਤਾ। ਅਜ ਇਥੇ ਹਾਊਸ ਵਿਚ ਡਾਕਟਰਾਂ ਦੀ ਗੱਲ ਸੁਣਾਈ ਗਈ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਜਿਨ੍ਹਾਂ ਦੀ ਸਾਰੀ ਸੁਸਾਇਟੀ ਸਤਿਕਾਰ ਕਰਦੀ ਹੈ ਜੇ ਉਨ੍ਹਾਂ ਨੂੰ ਸ਼ਹਿਰ ਦੇ ਵਿਚੋਂ ਹੱਥਕੜੀ ਲਾ ਕੇ ਲੈ ਗਏ ਅਤੇ ਉਸ ਨੂੰ ਫੜ ਲਿਆ ਤਾਂ ਇਕ ਆਮ ਆਦਮੀ ਦਾ ਕੀ ਹਾਲ ਹੋਵੇਗਾ। ਡਿਪਟੀ ਸਪੀਕਰ ਸਾਹਿਬ, ਤੁਸੀਂ ਉਸ ਹਲਕੇ ਦੇ ਹੋ, ਤੁਸੀਂ ਉਥੋਂ ਪਤਾ ਕਰ ਸਕਦੇ ਹੋ। ਜੇ ਇਤਨਾ ਹੋਣ ਦੇ ਬਾਵਜੂਦ ਸਰਕਾਰ ਫਿਰ ਵੀ ਐਕਸ਼ਨ ਨਾ ਲਵੇ ਤਾਂ ਹੱਦ ਵਾਲੀ ਹੀ ਗੱਲ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੋ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਹੈ ਉਹ ਬਹੁਤ ਹੀ ਭੈੜੀ ਹਾਲਤ ਹੈ। ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਨੂੰ ਇਸ ਵਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।

ਦੂਸਰੀ ਗੱਲ, ਸਰਦਾਰ ਬੀਰਦਵਿੰਦਰ ਸਿੰਘ ਨੇ ਛੇੜੀ ਹੈ। ਮੈਂ ਉਸ ਗਲ ਨੂੰ ਬਹੁਤਾ ਖੁਲ੍ਹ ਕੇ ਨਹੀਂ ਸੀ ਕਰਨਾ ਚਾਹੁੰਦਾ ਪਰ ਜਿਸ ਤਰਾਂ ਦਾ ਟਰੈਂਡ ਮੈਂ ਇਥੇ ਦੇਖਿਆ ਹੈ ਦੂਸਰੇ ਸਪੀਕਰ ਦਾ ਤਾਂ ਉਸ ਤੋਂ ਮੈਂ ਮਹਿਸੂਸ ਕੀਤਾ ਹੈ ਕਿ ਮੈਨੂੰ ਵੀ ਖੁਲ੍ਹ ਕੇ ਗਲ ਕਰਨੀ ਚਾਹੀਦੀ ਹੈ ਔਰ ਅੱਜ ਲੋੜ ਵੀ ਹੈ ਕਿ ਖੁਲ੍ਹ ਕੇ ਗਲ ਕੀਤੀ ਜਾਵੇ ਅਤੇ ਜੋ ਅਸਲੀਅਤ ਹੈ ਉਹ ਲੋਕਾਂ ਤਕ ਪੂਰੀ ਤਰ੍ਹਾਂ ਆਵੇ। ਮੈਨੂੰ ਖੁਸ਼ੀ ਹੈ ਕਿ ਹੁਣ ਪੰਜਾਬ ਦੇ ਲੋਕ ਵੀ ਔਰ ਦੇਸ਼ ਦੇ ਲੋਕ ਵੀ ਇਸ ਗਲ ਨੂੰ ਸਮਝਣ ਲਗ ਪਏ ਹਨ ਕਿ ਜੋ ਕੁਝ ਇਸ ਪੰਜਾਬ ਵਿਚ ਹੋਇਆ ਹੈ, ਜੋ ਕੁਝ ਥੋੜੀ ਜਿਹੀ ਫਿਰਕਾਦਾਰਾਨਾ ਤਕਲੀਫ ਹੋਈ ਹੈ ਜਾਂ ਜੋ ਕੁਝ ਹੋ ਰਿਹਾ ਹੈ ਇਸ ਦੇ ਪਿੱਛੇ ਕਿਸ ਦਾ ਹੱਥ ਹੈ। ਮੈਂ ਸਮਝਦਾ ਹਾਂ ਕਿ ਇਸ ਦੀ ਜ਼ਰੂਰ ਪੜਚੋਲ ਹੋਣੀ ਚਾਹੀਦੀ ਹੈ। ਜਦੋਂ ਇਥੇ ਪ੍ਰਧਾਨ ਮੰਤਰੀ ਜੀ ਆਏ ਸਨ ਤਾਂ ਉਨ੍ਹਾਂ ਨੇ ਮੀਟਿੰਗ ਬੁਲਾਈ ਸੀ ਅਤੇ ਉਸ ਮੀਟਿੰਗ ਵਿਚ ਮੈਂ ਕਿਹਾ ਸੀ ਅਤੇ ਪਰਸਨਲੀ ਵੀ ਜਾ ਕੇ ਕਿਹਾ ਸੀ ਕਿ ਤੁਸੀਂ ਕੋਈ ਸੁਪਰੀਮ ਕੋਰਟ ਦਾ ਜੱਜ ਮੁਕੱਰਰ ਕਰ ਦਿਓ ਤਾਂ ਮੈਂ ਉਸ ਕੋਲ ਸਾਬਤ ਕਰ ਸਕਦਾ ਹਾਂ ਕਿ ਜੋ ਕੁਝ ਇਥੇ ਗਲ ਹੋ ਰਹੀ ਹੈ ਇਸ ਦੇ ਵਿਚ ਹੱਥ ਕਾਂਗਰਸ ਪਾਰਟੀ ਦਾ ਹੈ। (ਥੰਪਿੰਗ) ਸਾਨੂੰ ਤਾਂ ਕੋਈ ਪਤਾ ਨਹੀਂ ਕਿ ਇਨ੍ਹਾਂ ਨੂੰ ਕੀ ਫਾਇਦਾ ਪਹੁੰਚਦਾ ਹੈ। ਮੈਂ ਕਹਾਂਗਾ

Original with;
Punjab Vidhan Sabha
Digitized by;
Panjab Digital Library

ਕਿ ਅਕਾਲੀ ਦਲ ਨੂੰ ਬਦਨਾਮ ਕਰਨਾ ਦੇਸ਼ ਨਾਲ ਗੱਦਾਰੀ ਕਰਨਾ ਹੈ। ਇਹ ਲੋਕ ਹਨ ਜਿਨ੍ਹਾਂ ਦਾ ਤੁਸੀਂ ਇਤਿਹਾਸ ਵੇਖ ਲਵੋ। ਮੈਂ ਅੱਗੇ ਜਾ ਕੇ ਦੱਸਾਂਗਾ ਕਿਉਂਕਿ ਮੈਂ ਮਨ ਬਣਾਇਆ ਹੈ ਕਿ ਮੈਂ ਸਾਰੀ ਗਲ ਖੁਲ੍ਹ ਕੇ ਕਰਨੀ ਹੈ। ਤੁਸੀਂ ਕਹਿਣਾ ਹੈ ਕਿ ਕਾਂਗਰਸ (ਆਈ) ਦਾ ਕੀ ਕੁਨੈਕਸ਼ਨ ਹੈ, ਤੁਸੀਂ ਕਹੋਗੇ ਕਿ ਤੁਸੀਂ ਕਹਿਣਾ ਸੀ ਕਹਿ ਦਿਤਾ। ਮੈਂ ਛੋਟੇ ਅਖਬਾਰਾਂ ਨੂੰ ਛੱਡ ਦਿੰਦਾ ਹਾਂ ਜਿਵੇਂ ਕਿ, 'ਹਿੰਦ ਸਮਾਚਾਰ' ਹੋਇਆ, 'ਅਕਾਲੀ ਪਤ੍ਰਿਕਾ' ਹੋਈ। ਤੁਸੀਂ ਕਹਿਣਾ ਹੈ ਕਿ ਇਨ੍ਹਾਂ ਦਾ ਤਾਂ ਵਿਉ ਬਣਿਆ ਹੋਇਆ ਹੈ, ਇਹ ਕਹਿ ਦਿੰਦੇ ਹਨ। ਮੈਂ ਆਪਣੇ ਵਾਲੀ ਗਲ ਫਿਰ ਕਰਾਂਗਾ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ :** ** ** **

**ਸ਼੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਉਨ੍ਹਾਂ ਨੂੰ ਸਪੀਚ ਕਰ ਲੈਣ ਦਿਓ। ਤੁਸੀਂ ਆਪਣੀ ਸਪੀਚ ਵਿਚ ਕਹਿ ਲੈਣਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇਹ ਸਾਬਤ ਕਰਨਾ ਚਾਹੁੰਦਾ ਹਾਂ ਕਿ ਕਿਵੇਂ ਇਸ ਵਿਚ ਕਾਂਗਰਸ ਦਾ ਹੱਥ ਹੈ ? ਮੈਂ ਦੋ ਅਖਬਾਰਾਂ ਦਾ ਰੇਫਰੈਂਸ ਦਿੰਦਾ ਹਾਂ ਜਿਹੜੀਆਂ ਕਿ ਆਮ ਨਿਊਟਰਲ ਕਹਿਲਾਉਂਦੀਆਂ ਹਨ। ਉਹ ਸਰਕਾਰ ਦੀ ਤਾਂ ਬੇਸ਼ੱਕ ਗੱਲ ਕਰਦੀਆਂ ਨਹੀਂ ਪਰ ਉਨ੍ਹਾਂ ਦਾ ਸਟੇਟਸ ਬਹੁਤ ਵੱਡਾ ਹੈ।

---

The news-item of the Tribune dated the 8th February, 1982, reads as under :—

> "The Dal Khalsa was formed at the behest and with the blessings of some of the leaders of the Congress Party during the Akali-Janata coalition regime with the sole object of embarrassing the Akali leader by raising extremists and secessio nist slogans, according to intelligence reports received here.
>
> The Dal Khalsa was "born" in the Punjab Pradesh Congreess Committee(I) office at Chandigarh in the presence of some of the top leaders of the party....
>
> Even after the Congress (I) came to power in the State, its leaders did not snap their connections with the Dal Khalsa. The main intermediary between them was the late Jathedar Santokh Singh of Delhi".

ਇਹ ਲਿਖ ਰਿਹਾ ਹੈ ਟ੍ਰਿਬਿਊਨ। ਉਨ੍ਹਾਂ ਨੇ ਆਪਣੇ ਵਲੋਂ ਦਿਤਾ ਹੈ ਪੂਰੀ ਤਫਤੀਸ਼ ਕਰਕੇ 'ਹਿੰਦੁਸਤਾਨ ਟਾਈਮਜ਼' ਜਿਸ ਨੂੰ ਆਮ ਤੌਰ ਤੇ ਇਨ੍ਹਾਂ ਦਾ ਹੀ ਅਖਬਾਰ ਕਹਿ ਸਕਦੇ ਹਾਂ ਉਸਨੇ 10 ਫਰਵਰੀ 1982 ਨੂੰ ਲਿਖਿਆ ਹੈ :—

> "The impression that the Dal Khalsa was the brain child of some Congress-I leaders to harass the Akali-Janata coalition Government and it continued to get financial help in difficult times from them seems to have stuck in the minds of a good number of people in the State despite vehement denial by Chief Minister, Darbara Singh.
>
> The charge was first made by Akali leader including former Chief Minsiter, P.S. Badal, and Akali Dal President, H. S. Longowal but they were not taken seriously.... Besides, it is quite a well known fact in the political circles here that the bill for the first Press Conference of the Dal in a local restaurant was paid by a Congress-I leader."

ਹੁਣ ਲੋਕਾਂ ਦੇ ਮਨ ਤੇ ਇਹ ਚੀਜ਼ ਅਸਰ ਕਰ ਗਈ ਹੈ ਕਿ ਜੋ ਕੁਝ ਕੀਤਾ ਹੈ ਕਾਂਗਰਸ ਸਰਕਾਰ ਨੇ ਕੀਤਾ ਹੈ। ਚਾਰਜ ਵਾਜ਼ ਫਸਟ ਮੇਡ, ਅਸੀਂ ਉਸ ਵੇਲੇ ਐਲੀਗੇਸ਼ਨ ਲਾਇਆ ਹੈ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਜਿਸ ਵੇਲੇ ਅਖਬਾਰਾਂ ਨੇ ਨੁਕਤਾਚੀਨੀ ਕਰ ਦਿਤੀ ਸੀ । ਮੈਂ ਕਹਿੰਦਾ ਹਾਂ ਕਿ ਕਾਨਫਰੰਸਾਂ ਤੁਸੀਂ ਕਰਾਓ, ਤੁਹਾਡੇ ਦਫਤਰਾਂ ਵਿਚ ਮੀਟਿੰਗਜ਼ ਹੋਣ, ਪੈਸੇ ਤੁਸੀਂ ਦਿਓ ਫਿਰ ਆਖੋ ਕਿ ਅਕਾਲੀ ਦਲ ਕਰ ਰਿਹਾ ਹੈ । ਮੈਂ ਸਮਝਦਾ ਹਾਂ ਕਿ ਇਹ ਸਾਜ਼ਿਸ਼ ਖਤਰਨਾਕ ਹੈ, ਦੇਸ਼ ਦੇ ਹਿੱਤ ਵਿਚ ਨਹੀਂ ਹੈ । ਤੁਸੀਂ ਅਕਾਲੀ ਦਲ ਜਾਂ ਸਿੱਖਾਂ ਨੂੰ ਬਦਨਾਮ ਕਰਨ ਦਾ ਯਤਨ ਕਰੋ ਇਹ ਤਾਂ ਰਿਕਾਰਡ ਦੀ ਗੱਲ ਹੈ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਲੈਕਸ਼ਨਾਂ ਹੋ ਰਹੀਆਂ ਸਨ । ਇਕ ਪਾਸੇ ਅਕਾਲੀ ਦਲ ਲੜ ਰਿਹਾ ਸੀ ਔਰ ਸਾਡੇ ਬਰਖਿਲਾਫ ਕੌਣ ਸੀ ? ਦਲ ਖਾਲਸਾ ਸੀ । ਉਹ ਕੈਂਡੀਡੇਟ ਕੌਣ ਆਰਗੇਨਾਈਜ਼ ਕਰ ਰਿਹਾ ਸੀ ? (ਕਾਂਗਰਸ ਆਈ) । ਪੈਸਿਆਂ ਦੀ ਸਾਰੀ ਮੱਦਦ ਕਾਂਗਰਸ (ਆਈ) ਨੇ ਕੀਤੀ । ਇਹ ਜਿਹੜੇ ਲੀਡਿੰਗ ਆਦਮੀ ਹਨ, ਇਸ ਮੂਵਮੈਂਟ ਵਿਚ ਇਹ ਕੌਣ ਹਨ ਔਰ ਉਨ੍ਹਾਂ ਦੀ ਬੈਗਰਾਊਂਡ ਕੀ ਹੈ ? ਇਕ ਹਨ ਡਾਕਟਰ ਜਗਜੀਤ ਸਿੰਘ। ਅਗਰ ਅਸੀਂ ਵੇਖੀਏ ਕਿ ਆਇਆ ਉਹ ਅਕਾਲੀ ਦਲ ਦੇ ਨੇੜੇ ਦਾ ਬੰਦਾ ਹੈ, ਉਸ ਦੀ ਕੀ ਹਿਸਟਰੀ ਹੈ, ਕੀ ਬੈਗਰਾਊਂਡ ਹੈ, ਤਾਂ ਤੁਸੀਂ ਆਪ ਮੰਨ ਜਾਓਗੇ । ਡਾਕਟਰ ਜਗਜੀਤ ਸਿੰਘ ਨੂੰ ਅਕਾਲੀ ਦਲ ਨੇ ਆਪਣੀ ਪਾਰਟੀ ਵਿਚੋਂ ਕੱਢਿਆ ਸੀ । ਜਦੋਂ ਇਨ੍ਹਾਂ ਦੀ ਮਨਿਸਟਰੀ ਬਣੀ ਸੀ, ਜਿਸ ਵਿਚ ਉਹ ਖਜ਼ਾਨਾ ਮੰਤਰੀ ਸੀ, ਉਸ ਮਨਿਸਟਰੀ ਦੀ ਹੈਲਪ ਕਿਸ ਨੇ ਕੀਤੀ ਸੀ ? ਜਾਂ ਤਾਂ ਡਿਨਾਈ ਕਰੋ ਕਿ ਗਲਤ ਹੈ।

**ਆਵਾਜ਼ਾਂ :** ਤੋੜ ਦਿਤੀ ਸੀ, ਤੋੜ ਦਿਤੀ ਸੀ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** ਡਿਪਟੀ ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਨੇ ਬੜੀਆਂ ਗੱਲਾਂ ਕਹੀਆਂ ਸਨ, ਅਸੀਂ ਨਹੀਂ ਚਮਕੇ ਹੁਣ ਇਹ ਕਿਉਂ ਚਮਕਦੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿੰਦਾ ਹਾਂ ਕਿ ਇਹ ਹਾਈ ਕੋਰਟ ਦਾ ਜੱਜ ਮੁਕੱਰਰ ਕਰਨ ਤਾਂ ਮੈਂ ਸਾਬਤ ਕਰਾਂਗਾ ਕਿ ਸਾਜ਼ਿਸ਼ਾਂ ਘੜਦੇ ਹਨ । ਇਹ ਦੇਸ਼ ਦੇ ਹਿੱਤ ਦੀ ਗੱਲ ਨਹੀਂ ਕਿ ਸਿੱਖਾਂ ਨੂੰ ਬਦਨਾਮ ਕੀਤਾ ਜਾਏ ।

ਡਿਪਟੀ ਸਪੀਕਰ ਸਾਹਿਬ, ਹਰਸਿਮਰਨ ਸਿੰਘ ਕੌਣ ਹੈ ਇਹ ਪੰਜਾਬ ਯੂਨੀਵਰਸਿਟੀ ਦਾ ਥੋੜਾ ਚਿਰ ਪਹਿਲੋਂ, ਮਹੀਨਾਂ ਕੁ ਪਹਿਲੋਂ, ਇਕ ਮੁਲਾਜ਼ਮ ਸੀ। ਕਿਸ ਦਾ ? ਤਿਵਾੜੀ ਦਾ। ਉਹ ਕੌਣ ਹੈ ? ਜਿਹੜਾ ਹਿੰਦੁਸਤਾਨ ਦੇ ਟਾਪ ਕਾਂਗਰਸੀ ਲੀਡਰਾਂ ਨਾਲ ਸਬੰਧਤ ਹੈ । ਇਹ ਕਹਿ ਦੇਣ ਕਿ ਉਹ ਕਾਂਗਰਸੀ ਨਹੀਂ, ਕਹਿ ਦੇਣ ਉਸ ਦਾ ਕਾਂਗਰਸ ਦੇ ਹਾਈ ਔਫਸ ਨਾਲ ਸਬੰਧ ਨਹੀਂ । ਇਕ ਮਹੀਨਾ ਪਹਿਲਾਂ ਕਿਹਾ ਕਿ ਪੁਰਾਣੀ ਸਾਜ਼ਿਸ਼ ਹੈ । ਇਸ ਤੋਂ ਸਾਫ ਪਤਾ ਲਗਦਾ ਹੈ ਕਿ ਕੌਣ ਇਸ ਦੇ ਪਿੱਛੇ ਹੈ ?

ਡਿਪਟੀ ਸਪੀਕਰ ਸਾਹਿਬ, ਮੈਂ ਅੱਜ ਇਕ ਗੱਲ ਹੋਰ ਕਰਨੀ ਚਾਹੁੰਦਾ ਹਾਂ । ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਅਖੰਡਤਾ ਤੇ ਏਕਤਾ ਦਾ ਹਾਮੀ ਹੈ। (ਥੰਪਿੰਗ) ਜੋ ਇਨ੍ਹਾਂ ਦਾ ਪੁਰਾਣਾ ਰਵੱਈਆ ਹੈ ਉਹ ਕਹਿ ਦਿਤਾ ਹੈ ਕਿ ਇਹ ਸਿੱਖਾਂ ਨੂੰ ਰਿਪਰੇਜ਼ੈਂਟ ਕਰਦੇ ਹਨ । ਮੈਂ ਕਹਿੰਦਾ ਹਾਂ ਕਿ ਅਸੀਂ ਦੇਸ਼ ਨੂੰ ਰਿਪਰੇਜ਼ੈਂਟ ਕਰਦੇ ਹਾਂ ਔਰ ਸਿੱਖਾਂ ਨੂੰ ਵੀ ਕਰਦੇ ਹਾਂ। ਇਨਟੈਨਸ਼ਨ ਇਹ ਸੀ ਕਿ ਜੋ ਸਿੱਖਾਂ ਦੇ ਮਸਲੇ ਸੀ ਉਨ੍ਹਾਂ ਬਾਰੇ ਅਕਾਲੀ ਦਲ ਨੂੰ ਕੰਸਲਟ ਕੀਤਾ। ਮੈਂ ਪਿਛਲੇ ਇਤਿਹਾਸ ਵਿਚ ਜਾਣਾ ਚਾਹੁੰਦਾ ਹਾਂ ਕਿ ਸਿੱਖਾਂ ਨੇ ਆਜ਼ਾਦੀ ਤੋਂ ਪਹਿਲਾਂ ਦੇਸ਼ ਦੇ ਵਾਸਤੇ ਕੀ ਕੀਤਾ ਅਤੇ ਆਜ਼ਾਦੀ ਤੋਂ ਬਾਅਦ ਕੀ ਕੀਤਾ ਹੈ । ਇਕ ਕਮਿੱਟਮੈਂਟ ਸੀ ਇਕ ਵਾਅਦਾ ਸੀ ਔਰ ਇਕ ਹੁੰਦਾ ਰਿਹਾ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਦੇਸ਼ ਦੀ ਏਕਤਾ ਦੇ, ਅਖੰਡਤਾ ਦੇ ਹਾਮੀ ਹਾਂ, ਜਿਹੜੇ ਇਸ ਪਾਸੇ ਹਾਂ, ਲੇਕਿਨ ਜੇ ਤੁਸੀਂ ਇਸ ਸਾਰੇ ਮਸਲੇ ਨੂੰ ਨਹੀਂ

Original with;
Punjab Vidhan Sabha
Digitized by;
Panjab Digital Library

ਸਮਝੋਗੇ, ਚੰਗੀ ਤਰ੍ਹਾਂ ਇਸ ਦਾ ਓਪਰੇਸ਼ਨ ਨਹੀਂ ਕਰੋਗੇ ਤਾਂ ਕੱਲ ਨੂੰ ਨਾਹਰਾ ਲੱਗ ਜਾਵੇਗਾ ਅਤੇ ਕਿਹਾ ਜਾਵੇਗਾ ਕਿ ਫਲਾਣੇ ਨੂੰ ਮਾਰ ਦਿਆਂਗੇ। ਫਿਰ ਇਸ ਬਿਮਾਰੀ ਦੇ ਵੱਧਣ ਦਾ ਡਰ ਹੈ। ਸਾਡੀ ਪਾਰਟੀ ਦੇਸ਼ ਦੀ ਸੱਚੀ ਨੈਸ਼ਨੇਲਿਸਟ ਹੁੰਦੀ ਹੋਈ, ਦੇਸ਼ ਦੀ ਹਮਦਰਦ ਹੁੰਦੀ ਹੋਈ ਕੁਝ ਗੱਲਾਂ ਕਹਿਣੀਆਂ ਚਾਹੁੰਦੀ ਹੈ। ਸ਼ਾਇਦ ਸਾਨੂੰ ਹੋਰ ਐਂਗਲ ਤੋਂ ਇਹ ਵੇਖਣ। ਲੇਕਿਨ ਦੇਸ਼ ਦੇ ਹਿੱਤੂ ਹੋਣ ਦੇ ਨਾਤੇ ਮੈਂ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਭਾਈ ਸੀਤਾ ਰਮਈਆ ਨੇ ਇਹ ਕਿਤਾਬ ਲਿਖੀ ਹੈ, 'ਹਿਸਟਰੀ ਆਫ ਦੀ ਇੰਡੀਅਨ ਨੈਸ਼ਨਲ ਕਾਂਗਰਸ'। ਇਹ ਕਹਿੰਦੇ ਹਨ ਕਿ ਅਸੀਂ ਸੈਸੈਸ਼ਨਿਸਟਸ ਹਾਂ, ਅਸੀਂ ਦੇਸ਼ ਦੇ ਗੱਦਾਰ ਹਾਂ। ਜੋ ਉਨ੍ਹਾਂ ਨੇ ਇਸ ਕਿਤਾਬ ਵਿਚ ਲਿਖਿਆ ਹੈ ਉਹ ਮੈਂ ਪੜ੍ਹ ਦਿੰਦਾ ਹਾਂ। ਉਨ੍ਹਾਂ ਨੇ ਲਿਖਿਆ ਹੈ ਕਿ ਇਸ ਦੇਸ਼ ਦੀ ਆਜ਼ਾਦੀ ਵਾਸਤੇ 121 ਆਦਮੀ ਫਾਂਸੀ ਦੇ ਤਖਤੇ ਤੇ ਚੜ੍ਹੇ ਔਰ ਇਸ ਵਿਚੋਂ 93 ਸਿੱਖ ਸਨ। 2,147 ਐਗਜ਼ਾਈਲਡ ਐਂਡ ਜ਼ੇਲਡ ਫਾਰ ਲਾਈਫ ਸਨ। ਇਨ੍ਹਾਂ ਵਿਚੋਂ ਓਵਰ ਵੈਲਮਿੰਗ ਮੇਜਾਰਿਟੀ ਸਿੱਖਾਂ ਦੀ ਸੀ। ਇਸੇ ਤਰ੍ਹਾਂ 113 ਡੈਥਸ ਹੋਈਆਂ ਜਿਸ ਦੇ ਵਿਚੋਂ 67 ਸਿੱਖ ਸਨ। ਜ਼ਲ੍ਹਿਆਂ ਵਾਲੇ ਬਾਗ ਵਿਚ 1300 ਡੈਥਸ ਹੋਈਆਂ, ਜਿਨ੍ਹਾਂ ਵਿਚੋਂ 796 ਸਿੱਖ ਸਨ। ਕੂਕਾ ਮੂਵਮੈਂਟ ਵਿਚ 91 ਸ਼ਹੀਦ ਹੋਏ, ਜਿਨਾਂ ਵਿਚੋਂ 89 ਸਿੱਖ ਸਨ। ਮੈਂ ਫਿਰਕਾਪ੍ਰਸਤੀ ਦੀ ਗੱਲ ਨਹੀਂ ਕਰ ਰਿਹਾ। ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਸਿੱਖ ਪਹਿਲਾਂ ਵੀ ਨੈਸ਼ਨੇਲਿਸਟ ਸਨ ਅਜ ਵੀ ਨੈਸਨੇਲਿਸਟ ਹਨ ਅਤੇ ਅੱਗੇ ਨੂੰ ਵੀ ਨੈਸ਼ਨੇਲਿਸਟ ਰਹਿਣਗੇ। ਇਨ੍ਹਾਂ ਕੁਰਬਾਨੀਆਂ ਨੂੰ ਮੁੱਖ ਰੱਖਦੇ ਹੋਏ, ਹਮੇਸ਼ਾਂ ਹੀ ਭਾਵੇਂ ਕਾਂਗਰਸ ਪਾਰਟੀ ਸੱਤਾ ਵਿੱਚ ਸੀ ਜਾਂ ਨਹੀਂ, ਉਨ੍ਹਾਂ ਦਾ ਇਹ ਵਾਅਦਾ ਸੀ ਕਿ ਜੋ ਐਸਪੀਰੇਸ਼ਨਜ਼ ਹਨ ਇਨ੍ਹਾਂ ਨੂੰ ਅਸੀਂ ਸੈਟਿਸਫਾਈ ਕਰਾਂਗੇ। ਕੋਈ ਗੱਲ ਹਿੰਦੁਸਤਾਨ ਵਿਚ ਅਜਿਹੀ ਨਹੀਂ ਹੋਣੀ ਜਿਸ ਦੇ ਵਿਚ ਇਨ੍ਹਾਂ ਲੋਕਾਂ ਦੀ ਯੈਸ ਨਹੀਂ ਹੋਵੇਗੀ ਜਾਂ ਸਹਿਮਤੀ ਨਹੀਂ ਹੋਵੇਗੀ। ਸਰਦਾਰ ਦਰਬਾਰਾ ਸਿੰਘ ਨੂੰ ਤਾਂ ਸਾਰੀਆਂ ਗੱਲਾਂ ਦਾ ਪਤਾ ਹੈ। ਇਹ ਪਹਿਲਾਂ ਵੀ ਵੱਡੀਆਂ ਪੁਜੀਸ਼ਨਾਂ ਵਿਚ ਰਹਿ ਚੁਕੇ ਹਨ। 21 ਦਸੰਬਰ, 1929 ਨੂੰ ਇਕ ਆਲ ਇੰਡੀਆ ਨੈਸ਼ਨਲ ਕਾਂਗਰਸ ਕਮੇਟੀ ਦੀ ਮੀਟਿੰਗ ਦਰਿਆ ਰਾਵੀ ਦੇ ਕੰਢੇ ਹੋਈ ਸੀ। ਉਸ ਦਿਨ ਕੰਪਲੀਟ ਪੁਲੀਟੀਕਲ ਇੰਡੀਪੈਂਡੈਂਸ, ਐਜ਼ ਏ ਗੋਲ, ਇਨ੍ਹਾਂ ਨੇ ਰੱਖਿਆ ਸੀ। ਉਸੇ ਦਿਨ ਹੀ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਸਿੱਖਾਂ ਨੇ ਇਕ ਬੜਾ ਵੱਡਾ ਜਲੂਸ ਕੱਢਿਆ। ਜਲੂਸ ਕਿਤਨਾ ਵੱਡਾ ਸੀ, ਇਸ ਬਾਰੇ ਲੰਡਨ ਦਾ ਅਖਬਾਰ ਟਾਈਮਜ਼ ਲਿਖਦਾ ਹੈ --

"This is the most impressive spectacle of human congregation that put the Congress so into shame and shame."

ਸਾਡੀਆਂ ਮਹਾਨ ਹਸਤੀਆਂ, ਮਹਾਤਮਾ ਗਾਂਧੀ, ਪੰਡਿਤ ਮੋਤੀ ਲਾਲ ਅਤੇ ਪੰਡਿਤ ਜਵਾਹਰ ਲਾਲ ਨਹਿਰੂ, ਬਾਬਾ ਖੜਕ ਸਿੰਘ ਦੇ ਰੇਜ਼ੀਡੈਂਸ ਤੇ ਗਏ। ਉਥੇ ਜਾ ਕੇ ਉਨ੍ਹਾਂ ਨੇ ਇਕ ਸਾਲਮ ਅਸ਼ੋਰੈਂਸ ਦਿਤੀ। ਉਨਾਂ ਨੇ ਕਿਹਾ --
"that after India achieves political freedom, no Constitution shall be framed by the majority community unless it is freely acceptable to the Sikhs."

A formal policy resolution of the All India Congress Committee was later passed to this effect.

ਫਿਰ 16 ਮਾਰਚ ਨੂੰ ਮਹਾਤਮਾ ਗਾਂਧੀ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਵਿਚ ਗਏ। ਉਥੇ ਉਨ੍ਹਾਂ ਨੂੰ ਕੁਝ ਸਵਾਲ ਕੀਤੇ ਗਏ ਜਿਸ ਦਾ ਉਨ੍ਹਾਂ ਨੇ ਜਵਾਬ ਦਿਤਾ। ਉਹ ਸਮਝਦੇ ਸਨ ਕਿ ਸ਼ਾਇਦ ਪ੍ਰੈਸ ਵਾਲੇ ਇਸ ਨੂੰ ਨੋਟ ਨਾ ਕਰਨ ਇਸ ਲਈ ਉਨ੍ਹਾਂ ਨੇ ਆਪਣੀ ਅਖਬਾਰ 'ਯੰਗ ਇੰਡੀਆ' ਵਿੱਚ ਇਹ ਸਟੇਟਮੈਂਟ ਦਿੱਤੀ --

"Sardar Madhu Sudan Singh has asked for an assurance that Congress would do nothing that may alienate sympathies of the Sikhs from the Congress. Well,

Original with;
Punjab Vidhan Sabha
Digitized by;
Panjab Digital Library

[Sardar Parkash Singh Badal]

> the Congress in its Lahore Session passed a Resolution that it would not enter into or be a party to any settlement with regard to minority question that failed to satisfy any of the minority's concerns. What further assurance the Congress can give to the Sikhs I fail to understand. I ask you to accept my words. The Resolution says that it would not betray even single individual much less a community if it ever thinks of doing so. It will only hasten its own doom. I pray you, therefore, to unbossom yourself of all your dues. What more shall say, what more I can say then.
>
> Let God be witness to the Bond that binds me and Congress with you. When further asked as to what they may, the Sikhs do in case of betrayal, he said the Sikhs could in that case, take their Kirpans in their hands with perfect justification before God and Man."

**Sardar Birdevinder Singh :** He is reading the statement of Sardar Kapur Singh which he has given. This is a statement which Sardar Kapur Singh has made in the Parliament on the Reorganisation Act. He is re-reading it.

**Doctor Bhagat Singh :** It is a matter of historical fact.

**Sardar Parkash Singh Badal :** The All India Congress Committee met at Calcutta and reafirmed the assurance given to the Sikhs. In the Press Conference Pandit Jawaharlal Nehru said that the brave Sikhs of Punjab are entitled to a special consideration. I see nothing wrong in an area and a set up in the north where the Sikhs can also exercise the glove of freedom. In this way, Joint Legislative meeting was held. In the undivided Punjab, special consideration is necessary to meet just aspirations and rights of the Sikhs.

ਇਸੇ ਤਰ੍ਹਾਂ ਅਨਡਿਵਾਈਡਿਡ ਪੰਜਾਬ ਦੇ ਸਾਰੇ ਲੈਜਿਸਲੇਟਰਜ਼ ਦੀ ਇਕ ਜੁਆਇੰਟ ਮੀਟਿੰਗ ਹੋਈ, ਜਿਸ ਵਿਚ ਉਨ੍ਹਾਂ ਨੇ ਕਿਹਾ --

> "Special consideration is necessary to meet the just aspirations and rights of the Sikhs"

ਇਸ ਕਰਕੇ ਮੇਰਾ ਇਹ ਸਾਰਾ ਕੁਝ ਕਹਿਣ ਤੋਂ ਭਾਵ ਇਹ ਹੈ ਕਿ ਕਾਂਗਰਸ ਪਾਰਟੀ ਨੇ ਇਹ ਕੁਮਿੱਟਮੈਂਟ ਕੀਤੀ ਸੀ ਕਿ ਇਨ੍ਹਾਂ ਦੀਆਂ ਐਸਪੀਰੇਸ਼ਨਜ਼ ਦਾ ਖਿਆਲ ਰੱਖਿਆ ਜਾਵੇਗਾ। ਜਦੋਂ ਤੱਕ ਸਿੱਖਾਂ ਦੀ ਕਨਸੈਂਟ ਨਹੀਂ ਹੋਵੇਗੀ ਉਦੋਂ ਤੱਕ ਕੁਝ ਨਹੀਂ ਹੋਵੇਗਾ। ਵਿਧਾਨ ਅਤੇ ਕੰਸਟੀਚੁਐਂਟ ਅਸੈਂਬਲੀ ਦੀਆਂ ਗੱਲਾਂ ਤਾਂ ਛੱਡ ਦਿਓ। ਜੇ ਕੋਈ ਸ਼੍ਰੋਮਣੀ ਕਮੇਟੀ ਦੀ ਗੱਲ ਹੋਵੇ ਤਾਂ ਵੀ ਕੋਈ ਨਹੀਂ ਪੁਛਦਾ। ਲੋਕਾਂ ਵਿਚ ਇਸ ਤਰ੍ਹਾਂ ਦਾ ਜਜ਼ਬਾ ਆ ਰਿਹਾ ਹੈ ਕਿ ਸਾਡੇ ਨਾਲ ਇਨਸਾਫ ਨਹੀਂ ਹੋ ਰਿਹਾ। ਅਸੀਂ ਇਸ ਗੱਲ ਦੇ ਮੁਦੱਈ ਹਾਂ। ਇਸ ਕਰਕੇ ਅਸੀਂ ਕਹਿੰਦੇ ਹਾਂ ਕਿ ਕੱਲ੍ਹ ਨੂੰ ਕਿਤੇ ਸਾਡੇ ਕੋਲੋਂ ਵੀ ਗੱਲ ਬਾਹਰ ਨਾ ਚਲੀ ਜਾਵੇ। ਸਾਡੀ ਪਾਰਟੀ ਦਾ ਸਟੈਂਡ ਹੈ। ਮੈਂ ਇਹ ਬੇਨਤੀ ਕਰਾਂਗਾ ਕਿ ਇਸ ਮਸਲੇ ਨੂੰ ਕ੍ਰਿਟੀਸਿਜ਼ਮ ਦੇ ਤੌਰ ਤੇ ਇਸ ਵੱਡੇ ਫੋਰਮ ਵਿਚ ਵਿਸਥਾਰ ਨਾਲ ਦੱਸੋ। ਅੱਜ ਕੋਈ ਕਹਿੰਦਾ ਹੈ ਕਿ ਅਸੀਂ ਵੱਖ ਮੁਲਕ ਬਣਾਉਣਾ ਚਾਹੁੰਦੇ ਹਾਂ। ਜੇ ਕੋਈ ਛੋਟੀ ਗੱਲ ਵੀ ਹੋਈ ਹੋਵੇ ਤਾਂ ਉਸ ਨੂੰ ਵੱਡੀ ਬਣਾ ਲੈਂਦੇ ਹਨ। ਗੱਲ ਅਸੀਂ ਹੋਰ ਕਹਿੰਦੇ ਹਾਂ ਪਰ ਇਹ ਉਸ ਨੂੰ ਹੋਰ ਬਣਾ ਦਿੰਦੇ ਹਨ। ਇਹ ਕਹਿੰਦੇ ਹਨ ਕਿ ਅਸੀਂ ਸੇਸੈਸ਼ਨਿਸਟਸ ਅਤੇ ਕ੍ਰਿਮੀਨਲਜ਼ ਦੀ ਮੱਦਦ ਕਰਦੇ ਹਾਂ। ਅਸੀਂ ਕਹਿੰਦੇ ਹਾਂ ਕਿ ਤੁਸੀਂ ਪੁਰਾਣਾ ਇਤਿਹਾਸ ਕਢਾ ਕੇ ਵੇਖ ਲਓ। ਜਦੋਂ ਇਥੇ ਬ੍ਰਿਟਿਸ਼ ਗੌਰਮਿੰਟ ਸੀ ਤਾਂ ਰਾਊਂਡ ਟੇਬਲ ਕਾਨਫਰੰਸ ਹੋਈ ਅਤੇ ਸਰਦਾਰ ਬਹਾਦਰ

Original with;
Punjab Vidhan Sabha
Digitized by;
Panjab Digital Library

ਸ਼ਿਵਦੇਵ ਸਿੰਘ ਜੋ ਕੌਂਸਲ ਦੇ ਮੈਂਬਰ ਸਨ, ਉਦੋਂ ਇਸ ਤਰ੍ਹਾਂ ਦਾ ਰੇਫਰੈਂਸ ਹੋਇਆ ਸੀ । ਉਨ੍ਹਾਂ ਨੇ ਇਹ ਕਿਹਾ ਸੀ --

"They made a formal proposal to give a decisive political weightage to the Sikhs in Punjab if they disassociate themselvs from the Congress movement,"

ਉਹ ਕਹਿੰਦੇ ਸਨ ਕਿ ਅਸੀਂ ਕਾਂਗਰਸ ਮੂਵਮੈਂਟ ਨਾਲ ਡਿਸਐਸੋਸੀਏਟ ਕਰ ਦੇਈਏ । ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੇ ਸਾਨੂੰ ਪੁਲੀਟੀਕਲ ਵੇਟੇਜ ਦੇ ਦੇਣਾ ਸੀ । ਇਸ ਤੇ ਮਾਸਟਰ ਤਾਰਾ ਸਿੰਘ ਨੇ ਇਹ ਕਿਹਾ ਸੀ --

"He promptly rejected this offer and affirmed his resolve to co-operate with the Congress,"

ਉਸ ਵੇਲੇ ਦੇਸ਼ ਵਿਚੋਂ ਬ੍ਰਿਟਿਸ਼ ਗੌਰਮਿੰਟ ਨੂੰ ਬਾਹਰ ਕੱਢਣਾ ਸੀ । ਮਾਸਟਰ ਤਾਰਾ ਸਿੰਘ ਨੇ ਉਨ੍ਹਾਂ ਦੀ ਇਸ ਆਫਰ ਨੂੰ ਰਿਜੈਕਟ ਕਰ ਦਿਤਾ ਸੀ । ਜਦੋਂ ਮਾਊਂਟਬੈਟਨ, ਪੰਡਿਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖਾਂ ਅਤੇ ਸਰਦਾਰ ਬਲਦੇਵ ਸਿੰਘ ਲੰਡਨ ਗਏ ਤਾਂ ਉਥੇ ਸਰਦਾਰ ਬਲਦੇਵ ਸਿੰਘ ਨੂੰ ਇਹ ਕਿਹਾ ਗਿਆ .--

To disassociate himself from the Congress in a return promise to make arrangement so as to enable the Sikhs who have political fate of their own,"

"Speaker Sahib, Sardar Baldev Singh replied,"The Sikhs have no demands to make on the British. Their only demand is that they should quit India. Whatever political rights and aspirations the Sikhs have, they shall have themselves satisfied through the goodwill of the Congress and the majority community".

ਇਹ ਮਾਸਟਰ ਤਾਰਾ ਸਿੰਘ ਦੀ ਗੱਲ ਹੈ, ਸਰਦਾਰ ਬਲਦੇਵ ਸਿੰਘ ਜੀ ਦੀ ਗੱਲ ਹੈ। ਵੱਡੇ ਵੱਡੇ ਲੀਡਰਾਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਕਾਂਗਰਸ ਦਾ ਸਾਥ ਛੱਡ ਦਿਓ । ਸ੍ਰੀ ਜਿਨਾਹ ਦੇ ਥਰੂ ਵੀ ਲੀਡਰਜ਼ ਨੂੰ ਅੰਗਰੇਜ਼ਾਂ ਨੇ ਕਨਸਲਟ ਕੀਤਾ ਤੇ ਕਿਹਾ ਕਿ ਅਸੀਂ ਤੁਹਾਨੂੰ ਵੱਖਰੀ ਸਟੇਟ ਦੇ ਦਿੰਦੇ ਹਾਂ ਔਰ ਤੁਸੀਂ ਪਾਕਿਸਤਾਨ ਨਾਲ ਕਨਫੈਡਰੇਸ਼ਨ ਕਰ ਲਓ ਬਟ ਮਾਸਟਰ ਤਾਰਾ ਸਿੰਘ ਰਿਜੈਕਟਿਡ ਦੀ ਆਫਰ, ਕਿਉਂਕਿ ਅਸੀਂ ਅਕਾਲੀ ਪਾਰਟੀ ਵਾਲੇ ਦੇਸ਼ ਦੇ ਸੱਚੇ ਸਿਪਾਹੀ ਹਾਂ । ਇਸ ਲਈ ਮੈਂ ਇਕ ਵਾਰੀ ਫਿਰ ਇਹ ਗੱਲ ਕਹਿੰਦਾ ਹਾਂ ਕਿ ਇਸ ਗੱਲ ਤੋਂ ਬਚੋ । ਸਿੱਖਾਂ ਨੂੰ ਇਹ ਗੱਲ ਕਹਿਣ ਦੀ ਲੋੜ ਨਹੀਂ ਹੈ, ਠੀਕ ਹੈ, ਤੁਸੀਂ ਆਪਣੇ ਆਦਮੀਆਂ ਨੂੰ ਸਮਝਾ-ਬੁਝਾ ਲਵੋ। ਲੇਕਿਨ ਸਾਡੇ ਆਦਮੀਆਂ ਨੂੰ ਇਸ ਤਰਾਂ ਦੀ ਲੋੜ ਨਹੀਂ ਹੈ, ਸਾਡਾ ਕਿਸੇ ਵੀ ਐਸੀ ਚੀਜ਼ ਨਾਲ ਤੁਅੱਲਕ ਨਹੀਂ ਹੈ । ਸਾਡੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਕੈਟਾਗੋਰੀਕਲੀ ਕਿਹਾ ਹੈ ਕਿ ਸਾਡਾ ਇਸ ਮੂਵਮੈਂਟ ਨਾਲ ਕੋਈ ਸਬੰਧ ਨਹੀਂ ਹੈ । ਲੇਕਨ ਜੋ ਕੁਝ ਸੈਂਟਰ ਦੀ ਸਰਕਾਰ ਕਰਦੀ ਹੈ, ਜੋ ਸੈਂਟਰ ਦੀ ਸਰਕਾਰ ਦਾ ਪੰਜਾਬ ਪ੍ਰਤੀ ਔਰ ਸਿੱਖਾਂ ਪ੍ਰਤੀ ਉਸ ਦਾ ਜੋ ਰਵੱਈਆ ਰਿਹਾ ਹੈ ਉਸ ਦੀ ਮੈਂ ਗੱਲ ਕਰਦਾ ਹਾਂ । ਕਈ ਤਾਂ ਇਸ ਗੱਲ ਤੋਂ ਵੀ ਦੁਖੀ ਹੋ ਜਾਂਦੇ ਹਨ ਕਿ ਅਸੀ ਸਿੱਖਾਂ ਦੀ ਗੱਲ ਕਿਉਂ ਕਰਦੇ ਹਾਂ । ਪਹਿਲੀ ਵੱਡੀ ਗੱਲ ਤਾਂ ਇਹ ਹੈ ਕਿ ਪਾਰਟੀਸ਼ਨ ਹੋਈ ਸਿੱਖਾਂ ਦੀ ਕਿਤਨੀ ਵੱਡੀ ਉਸ ਵਿਚ ਕੁਰਬਾਨੀ ਸੀ । ਆਪਣੇ ਘਰ ਛੱਡ ਦੇਣੇ, ਜਾਇਦਾਦਾਂ ਛੱਡ ਦੇਣੀਆਂ ਕਿਤਨੀ ਵੱਡੀ ਕੁਰਬਾਨੀ ਹੈ । ਸਰਕਾਰ ਨੂੰ ਚਾਹੀਦਾ ਸੀ ਕਿ ਉਹ ਲੋਕਾਂ ਨੂੰ ਜੋ ਉਧਰੋਂ ਆਏ ਸਨ ਪੂਰੀਆਂ ਪੂਰੀਆਂ ਜ਼ਮੀਨਾਂ ਦਿੰਦੀ ਲੇਕਿਨ ਉਸ ਜ਼ਮੀਨ ਤੇ ਕੱਟ ਲਗਾ ਲਗਾ ਕੇ ਉਨ੍ਹਾਂ ਨੂੰ ਪੰਜਾਬ ਵਿਚ ਹੀ ਰਿਟੇਨ ਕੀਤਾ ਗਿਆ ਲੇਕਿਨ ਫਿਰ ਵੀ ਪੰਜਾਬੀਆਂ ਨੇ ਆਜ਼ਾਦੀ ਵਾਸਤੇ ਕੁਰਬਾਨੀ ਖੁਸ਼ੀ ਨਾਲ ਕੀਤੀ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ :** ਬਾਦਲ ਸਾਹਿਬ, ਹਾਊਸ ਐਡਜਰਨ ਹੋਣ ਵਿਚ ਸਿਰਫ ਛੇ ਮਿੰਟ ਰਹਿ ਗਏ ਹਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਤਾਂ ਜੀ ਆਪਣੇ ਟਾਈਮ ਵਿਚ ਹੀ ਬੋਲਣਾ ਹੈ ।

ਫਿਰ ਡਿਪਟੀ ਸਪੀਕਰ ਸਾਹਿਬ, ਰੀਆਰਗੇਨਾਈਜ਼ੇਸ਼ਨ ਆਫ ਸਟੇਟਸ ਦੀ ਗੱਲ ਹੋਈ ਔਰ ਜੋ ਕੁਝ ਪੰਜਾਬ ਨਾਲ ਹੋਇਆ ਹੈ ਤੁਹਾਨੂੰ ਵੀ ਪਤਾ ਹੀ ਹੈ । ਸਾਰੇ ਹੋਰ ਸੂਬੇ ਬੋਲੀ ਦੇ ਆਧਾਰ ਤੇ ਬਣ ਗਏ ਲੇਕਿਨ ਪੰਜਾਬੀ ਸੂਬਾ ਬਣਾਉਣ ਵਾਸਤੇ 60 ਹਜ਼ਾਰ ਬੰਦਿਆਂ ਨੂੰ ਜੇਲ੍ਹਾਂ ਵਿਚ ਘੱਲਣਾ ਪਿਆ ਔਰ ਫਿਰ ਉਸ ਵੇਲੇ ਦੇ ਹਾਲਾਤ ਨੂੰ ਵੇਖ ਕੇ ਪੰਜਾਬੀ ਸੂਬਾ ਬਣਾ ਦਿਤਾ ਗਿਆ ਲੇਕਿਨ ਮੁਕੰਮਲ ਨਾ ਬਣਿਆ । ਮੈਨੂੰ ਕੋਈ ਦੁੱਖ ਨਹੀਂ ਹੈ ਕਿ ਨਵੰਬਰ ਨੂੰ ਪੰਜਾਬ ਡੇਅ ਸੀ ਉਹ ਨਹੀਂ ਮੰਨਾਇਆ ਗਿਆ । ਠੀਕ ਹੈ ਆਦਮੀ ਆਪਣੇ ਜਜ਼ਬਾਤ ਨੂੰ ਰੋਕਣਾ ਨਹੀਂ ਚਾਹੁੰਦਾ । ਸਰਦਾਰ ਦਰਬਾਰਾ ਸਿੰਘ ਨੇ ਤਾਂ ਕਿਹਾ ਸੀ ਕਿ ਜੇ ਪੰਜਾਬੀ ਸੂਬਾ ਬਣੇਗਾ ਤਾਂ ਮੇਰੀ ਲਾਸ਼ ਤੇ ਬਣੇਗਾ ਪਰ ਹੁਣ ਬਣ ਗਿਆ ਹੈ । ਪੰਜਾਬੀ ਸੂਬਾ ਸੈਂਟਰ ਨੇ ਬਣਾਇਆ ਪਰ ਪੰਜਾਬੀ ਬੋਲਦੇ ਇਲਾਕੇ ਸਾਰੇ ਨਾ ਦਿਤੇ ਗਏ ਕਿਉਂਕਿ ਸੈਂਟਰ ਦੀ (ਨੀਯਤ ਠੀਕ ਨਹੀਂ ਸੀ । ਫਿਰ ਜਦੋਂ ਝਗੜਾ ਪਿਆ ਤਾਂ ਕਿਹਾ ਕਿ ਚੰਡੀਗੜ੍ਹ ਦੇ ਦਿੰਦੇ ਹਾਂ ਲੇਕਿਨ ਤੁਸੀਂ ਸਾਨੂੰ ਚੌਧਰੀ ਸਾਹਿਬ ਨੂੰ ਦੇ ਦਿਓ । ਡਿਪਟੀ ਸਪੀਕਰ ਸਾਹਿਬ, ਤੁਸੀਂ ਕਦੇ ਵੀ ਨਹੀਂ ਸੁਣਿਆ ਹੋਣਾ ਕਿ ਇਕ ਸੂਬੇ ਵਿਚੋਂ ਕਾਰੀਡੋਰ ਦੇ ਕੇ ਦੂਸਰੇ ਸੂਬੇ ਨੂੰ ਕੁਝ ਪਿੰਡ ਦਿਤੇ ਜਾਣ । ਪਰ ਇਹ ਕਾਂਗਰਸ ਪਾਰਟੀ ਦੀ ਸੈਂਟਰ ਦੀ ਸਰਕਾਰ ਨੇ ਕੀਤਾ ਹੈ ।

## EXTENSION OF TIME OF THE SITTING

**ਸ਼੍ਰੀ ਡਿਪਟੀ ਸਪੀਕਰ :** ਬਾਦਲ ਸਾਹਿਬ, ਤੁਸੀਂ ਹੋਰ ਕਿਤਨਾ ਟਾਈਮ ਲੈਣਾ ਹੈ 15/20 ਮਿੰਟ ਹਾਊਸ ਐਕਸਟੈਂਡ ਕਰ ਲਈਏ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਮੈਂ ਆਪਣੀ ਪਾਰਟੀ ਦਾ ਹੀ ਟਾਈਮ ਲੈਣਾ ਹੈ ਜੀ । ਅਜੇ ਤਾਂ ਮੈਂ ਬਹੁਤ ਕੁਝ ਕਹਿਣਾ ਹੈ ।

**Mr. Deputy Speaker :** Is it the pleasure of the House that the time of the sitting of the House be extended by half an hour ?

(Voices : Yes, Yes.)

**Mr. Deputy Speaker :** The time of the sitting of the House is extended upto 2.00 P.M.

## DISCUSSION ON GOVERNOR'S ADDRESS (*Resumption*)

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਫਿਰ ਪਲਾਨ ਅਸਿਸਟੈਂਸ ਦੀ ਗੱਲ ਕੀਤੀ ਹੈ ਕਿ ਅਕਾਲੀਆਂ ਨੇ ਕੁਝ ਨਹੀਂ ਕੀਤਾ । ਇਹ 13 ਪ੍ਰਤੀਸ਼ਤ ਹੀ ਲਿਆਏ ਹਨ ਔਰ ਸਾਰੇ ਹਿੰਦੁਸਤਾਨ ਦੇ ਹੋਰ ਸੂਬਿਆਂ ਤੋਂ ਘੱਟ ਲਿਆਏ ਹਨ । ਫਿਰ ਪੰਜਾਬੀ ਕਈ ਸੂਬਿਆਂ ਵਿਚ ਸੈਕੰਡ ਲੈਂਗੁਏਜ ਨਹੀਂ ਪੜ੍ਹਾਈ ਜਾ ਰਹੀ । ਇਹ ਸਾਰਾ ਕੁਝ ਦੱਸਦਾ ਹੈ ਕਿ ਪੰਜਾਬ ਨਾਲ ਕਿਸ ਤਰ੍ਹਾਂ ਨਾਲ ਵਿਤਕਰਾ ਹੋ ਰਿਹਾ ਹੈ ।

**ਮਾਸਟਰ ਚੰਦ ਸਿੰਘ :** ਡਿਪਟੀ ਸਪੀਕਰ ਸਾਹਿਬ, ਤੁਸੀਂ ਹਾਊਸ ਐਕਸਟੈਂਡ ਕਰ ਦਿਤਾ ਹੈ । ਤੁਸੀਂ ਇਥੇ ਬੈਠ ਕੇ ਨਿਰਪੱਖਤਾ ਦਾ ਸਬੂਤ ਦੇਣਾ ਹੈ । ਹਾਊਸ ਡੇਢ ਵਜੇ ਐਡਜਰਨ ਕਰ ਦੇਣਾ

Original with;
Punjab Vidhan Sabha
Digitized by;
Panjab Digital Library

ਚਾਹੀਦਾ ਸੀ । ਤੁਹਾਨੂੰ ਐਕਸਟੈਂਡ ਨਹੀਂ ਸੀ ਕਰਨਾ ਚਾਹੀਦਾ । ਇਹ ਨਿਰਪੱਖਤਾ ਨਹੀਂ ਹੈ । ਕੇਰਲਾ ਵਿਚ ਸਾਰੀ ਨਿਰਪੱਖਤਾ ਖਤਮ ਕਰ ਦਿਤੀ ਹੈ ।

(ਕਈ ਸਰਕਾਰੀ ਬੈਂਚਾਂ ਤੋਂ ਆਵਾਜ਼ਾਂ ਮੈਜਾਰਿਟੀ ਦੀ ਰਾਏ ਨਾਲ ਐਕਸਟੈਂਡ ਹੋਇਆ ਹੈ। ਐਕਸਟੈਂਡ ਹੋ ਚੁਕਿਆ ਹੈ।)

**ਸਰਦਾਰ ਦਲੀਪ ਸਿੰਘ ਪਾਂਧੀ :** ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਆਪਣੀ ਆਤਮਾ ਦੀ ਆਵਾਜ਼ ਨਾਲ ਗੱਲ ਕਰੋ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਡਿਪਟੀ ਸਪੀਕਰ ਸਾਹਿਬ, ਆਲ ਇੰਡੀਆ ਗੁਰਦੁਆਰਾ ਐਕਟ ਹੈ, ਫਿਰ ਆਕਾਸ਼ਵਾਣੀ ਤੋਂ ਗੁਰਬਾਣੀ ਰਿਲੇਅ ਕਰਨ ਦੀ ਗੱਲ ਹੈ, ਕਿਰਪਾਨ ਜੋ ਕਿ ਕਾਂਸਟੀਚਿਊਸ਼ਨ ਵਿਚ ਸਿੱਖਾਂ ਲਈ ਅਲਾਊਡ ਹੈ, ਉਹ ਹਵਾਈ ਜਹਾਜ਼ ਵਿਚ ਨਹੀਂ ਲੈ ਕੇ ਜਾ ਸਕਦੇ । ਐਸ. ਜੀ. ਪੀ. ਸੀ. ਦੀ ਸੁਪਰਮੇਸੀ ਦੀ ਗੱਲ ਹੈ, ਹੋਲੀ ਸਿਟੀ ਅੰਮ੍ਰਿਤਸਰ ਦੀ ਗੱਲ ਹੈ, ਇਹ ਸਾਡੀਆਂ ਧਾਰਮਿਕ ਡਿਮਾਂਡਾਂ ਹਨ । ਇਥੇ ਬੀਰਦਵਿੰਦਰ ਸਿੰਘ ਜੀ ਨੇ ਕਿਹਾ ਸੀ ਕਿ ਸੰਤਾਂ ਨੇ ਹੋਰ ਸਟੇਟਮੈਂਟ ਦਿਤੀ ਹੈ, ਔਰ ਮੈਂ ਕੁਝ ਹੋਰ ਸਟੇਟਮੈਂਟ ਦਿਤੀ ਹੈ । ਮੈਂ ਕਹਿੰਦਾ ਹਾਂ ਕਿ ਬੀਰਦਵਿੰਦਰ ਸਿੰਘ ਜੀ ਤੁਹਾਨੂੰ ਪੜ੍ਹਨ ਵਿਚ ਗਲਤੀ ਲੱਗ ਗਈ ਹੈ ਜਾਂ ਸ਼ਾਇਦ ਤੁਹਾਡੀ ਐਨਕ ਦਾ ਨੰਬਰ ਬਦਲ ਗਿਆ ਹੈ । ਸਾਡੀ ਇਕੋ ਆਵਾਜ਼ ਹੈ, ਇਕੋ ਹੀ ਗੱਲ ਹੈ । ਅਸੀਂ ਚਾਹੁੰਦੇ ਹਾਂ ਕਿ ਅਕਾਲੀ ਪਾਰਟੀ ਨਾਲ ਮਸਲਿਆਂ ਦਾ ਹੱਲ ਸ਼ਾਂਤਮਈ ਤਰੀਕੇ ਨਾਲ ਹੋ ਜਾਵੇ । ਲੇਕਿਨ ਜੇਕਰ ਇਥੋਂ ਹੀ ਬੰਦੇ ਜਾ ਕੇ ਉਸ ਗੱਲ ਨੂੰ ਸੈਬੋਟੇਜ ਕਰਨ ਔਰ ਕਹਿਣ ਕੇ ਲੜਾਈ ਜ਼ਰੂਰ ਹੀ ਕਰਨੀ ਹੈ ਤਾਂ ਫਿਰ ਸਾਡੇ ਵੱਸ ਦੀ ਗੱਲ ਨਹੀਂ ਹੈ । ਅਸੀਂ ਆਪਣੀ ਐਜੀਟੇਸ਼ਨ ਵੀ ਅਗਾਂਹ ਪਾਈ । ਸਰਦਾਰ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਅਸੀਂ ਲੋਕਾਂ ਨੂੰ ਜਾ ਕੇ ਵੰਗਾਰਿਆ । ਇਹ ਗੱਲ ਨਹੀਂ ਹੈ । ਇਹ ਹੀ ਇਕ ਵਾਕਿਆ ਸਾਡੇ ਰਾਜ ਵਿਚ ਹੋਇਆ ਹੈ ਹੋਰ ਕੋਈ ਨਹੀਂ ਹੋਇਆ । ਸਾਡੇ ਵਜ਼ੀਰ ਸਾਹਿਬਾਨ ਅੱਗਾਂ ਲਗਾਉਣ ਨਹੀਂ ਸਨ ਜਾਂਦੇ ਬਲਕਿ ਅੱਗਾਂ ਬੁਝਾਉਣ ਵਾਸਤੇ ਜਾਂਦੇ ਸਨ । ਜਿਹੜੀ ਅੱਜ ਗੱਲ ਹੋ ਰਹੀ ਹੈ ਇਸ ਦੇ ਕੁਝ ਅਜਿਹੇ ਰੀਜ਼ਨ ਵੀ ਹੋ ਸਕਦੇ ਹਨ। ਜੇ ਤੁਸੀਂ ਕੋਈ ਗਲਤ ਕੰਮ ਕੀਤੇ ਹਨ ਤਾਂ ਲੋਕ ਇਮੋਸ਼ਨਲ ਹੋ ਕੇ ਕੁਝ ਕਰਦੇ ਹਨ । ਹੁਣ ਤੁਸੀਂ ਵੇਖੋ ਕੇ ਨਿਰੰਕਾਰੀਆਂ ਦੇ ਹੱਕ ਵਿਚ ਜਦੋਂ ਸੈਸ਼ਨਜ਼ ਜੱਜ ਨੇ ਫੈਸਲਾ ਦੇ ਦਿਤਾ ਸੀ ਤਾਂ ਉਸ ਵੇਲੇ ਦੀ ਸਰਕਾਰ ਨੇ ਹਾਈ ਕੋਰਟ ਵਿਚ ਕੇਸ ਕਰ ਦਿਤਾ ਸੀ । ਲੇਕਿਨ ਇਸ ਕਾਂਗਰਸ ਦੀ ਸਰਕਾਰ ਨੇ ਉਹ ਕੇਸ ਵਿਦਡਰਾਅ ਕਰ ਲਿਆ ਹੈ । ਜੇ ਉਹ ਕੇਸ ਵਿਦਡਰਾਅ, ਨਾ ਕਰਦੇ ਔਰ ਉਸ ਤੇ ਜਸਟਿਸ ਹੋਣ ਦਿੰਦੇ ਤਾਂ ਕੀ ਫਰਕ ਪੈਣਾਂ ਸੀ । ਹਰ ਇਕ ਨੂੰ ਜਸਟਿਸ ਮਿਲਣਾ ਸੀ । ਹੁਣ ਲੋਕਾਂ ਨੂੰ ਇਹ ਦੁੱਖ ਹੈ ਕਿ ਉਨ੍ਹਾਂ ਨੂੰ ਜਸਟਿਸ ਨਹੀਂ ਮਿਲਿਆ ਜਾਂ ਸਰਕਾਰ ਨੇ ਜਸਟਿਸ ਦਿਲਾਉਣ ਵਿਚ ਕੋਤਾਹੀ ਕੀਤੀ ਹੈ । ਸੋ ਇਸ ਕਰਕੇ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਜਿਹੜੀਆਂ ਗਲਤੀਆਂ ਕਰਦੀ ਹੈ ਉਸ ਨੂੰ ਮੰਨਣਾ ਚਾਹੀਦਾ ਹੈ । ਹੁਣ ਤੁਸੀਂ ਹੋਰ ਵੇਖੋ ਕਿ ਦਿੱਲੀ ਵਿਚ ਰੈਲੀ ਹੋਈ ਤਾਂ ਉਸ ਵਿਚ ਜੋ ਅੱਤਿਆਚਾਰ ਕੀਤਾ ਗਿਆ ਉਸ ਬਾਰੇ ਇਨ੍ਹਾਂ ਦਾ ਕੋਈ ਬਿਆਨ ਨਾ ਆਇਆ । ਇਸੇ ਤਰ੍ਹਾਂ ਚੰਦੋ ਕਲਾਂ ਵਿਚ ਜੋ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਠਾਈ ਗਈ ਤਾਂ ਉਸ ਬਾਰੇ ਵੀ ਇਨ੍ਹਾਂ ਦਾ ਕੋਈ ਬਿਆਨ ਨਹੀਂ ਆਇਆ ।

**ਮੁੱਖ ਮੰਤਰੀ :** ਇਹ ਬਿਲਕੁਲ ਗਲਤ ਬਾਤ ਹੈ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਤੁਹਾਨੂੰ ਕੀ ਪਤਾ ਹੈ । ਇਹ ਨਾ ਤੁਹਾਡੀ ਸਟੇਟ ਵਿਚ ਹੈ ਔਰ ਨਾ ਤੁਸੀਂ ਉਥੇ ਗਏ ਹੋ । ਮੈਂ ਤਾਂ ਉਥੇ ਗਿਆ ਸੀ । ਇਸ ਕਰਕੇ ਮੈਨੂੰ ਪਤਾ ਹੈ ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਇਸ ਕਰਕੇ ਮੈਂ ਕਹਿੰਦਾ ਹਾਂ ਕਿ ਤੁਸੀਂ ਆਪ ਗਲਤੀਆਂ ਕਰਦੇ ਹੋ ਔਰ ਜੇ ਕਰਦੇ ਹੋ ਤਾਂ ਉਸ ਨੂੰ ਮੰਨਣਾ ਚਾਹੀਦਾ ਹੈ । ਭਿੰਡਰਾਂਵਾਲੇ ਨੂੰ ਤੁਸੀਂ ਗ੍ਰਿਫਤਾਰ ਕਰ ਲਿਆ ਪਰ ਬਾਅਦ ਵਿਚ ਕਹਿ ਦਿਤਾ ਕਿ ਉਸ ਦੇ ਖਿਲਾਫ ਕੋਈ ਸਬੂਤ ਨਹੀਂ । ਡਿਪਟੀ ਸਪੀਕਰ ਸਾਹਿਬ, ਅਕਾਲੀ ਦਲ ਤਾਂ ਅਜਿਹੀ ਪਾਰਟੀ ਹੈ ਜਿਹੜੀ ਕਿ ਅਜਿਹੇ ਮਾਹੌਲ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦੀ ਹੈ । ਫਿਰ ਬੀਰਦਵਿੰਦਰ ਸਿੰਘ ਨੇ ਇਥੇ ਕਿਹਾ ਕਿ ਜਿਹੜੇ ਤਸ਼ੱਦਦ ਕਰਦੇ ਹਨ ਉਨਾਂ ਨੂੰ ਸਰੋਪੇ ਦਿਤੇ ਜਾਂਦੇ ਹਨ । ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਉਹ ਚੰਗੀ ਤਰਾਂ ਪਹਿਲੇ ਪੜ੍ਹ ਕਰ ਲੈਣ । ਹਾਂ ਜੇ ਕਿਸੇ ਨੇ ਕਤਲ ਕੀਤਾ ਹੈ ਤਾਂ ਉਸ ਨੂੰ ਫੜ ਲਵੋ ਪਰ ਇਹ ਤਾਂ ਨਾ ਹੋਵੇ ਕਿ ਉਸ ਦਾ ਮਕਾਨ, ਉਸ ਦਾ ਨਲਕਾ, ਉਸ ਦਾ ਚੁਲ੍ਹਾ, ਉਸ ਦੇ ਦਰਖਤ ਅਤੇ ਹੋਰ ਸਾਰੀਆਂ ਚੀਜ਼ਾਂ ਹੀ ਖਤਮ ਕਰ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਦੱਸਦਾ ਹਾਂ ਕਿ ਪਿਛੇ ਇਕ ਕੇਸ ਅਜਿਹਾ ਹੋਇਆ ਤਾਂ ਉਸ ਦਾ ਜਿਹੜਾ ਟੈਨੇਂਟ ਸੀ ਉਸ ਦੀ ਜ਼ਮੀਨ ਦਾ ਵੀ ਨਾਸ਼ ਕਰ ਦਿਤਾ । ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਸਰਕਾਰ ਇਹ ਜੋ ਕੁਝ ਕਰਦੀ ਹੈ, ਇਹ ਠੀਕ ਨਹੀਂ । ਇਸ ਦਾ ਕੋਈ ਹੋਰ ਹੱਲ ਲੱਭਣ ਦੀ ਕੋਸ਼ਿਸ਼ ਕਰੋ ਔਰ ਅਕਾਲੀ ਪਾਰਟੀ ਤਾਂ ਇਸ ਵਿਚ ਇਨ੍ਹਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਤਿਆਰ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਐਗਰੀਕਲਚਰ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਸਾਡਾ ਸੂਬਾ ਖੇਤੀ ਪ੍ਰਧਾਨ ਸੂਬਾ ਹੈ ਔਰ ਇਸ ਤੇ ਅਸੀਂ ਕਾਫੀ ਮਾਣ ਕਰਦੇ ਹਾਂ । ਪਰ, ਡਿਪਟੀ ਸਪੀਕਰ ਸਾਹਿਬ, ਜੋ ਹਾਲ ਖੇਤੀ ਕਰਨ ਵਾਲਿਆਂ ਨਾਲ ਕੀਤਾ ਜਾਂਦਾ ਹੈ ਉਹ ਠੀਕ ਨਹੀਂ । ਖੇਤੀ ਕਰਨ ਵਾਲਿਆਂ ਨੂੰ ਕਈ ਪ੍ਰਾਬਲਮਜ਼ ਦਾ ਸਾਹਮਣਾ ਕਰਨਾ ਪੈਂਦਾ ਹੈ । ਅੱਜ ਉਹ ਸੈਟਿਸਫਾਈ ਨਹੀਂ ਹਨ । ਸਰਕਾਰ ਨੂੰ ਵੇਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕੀ ਕੀ ਤਕਲੀਫਾਂ ਹਨ ਔਰ ਉਨਾਂ ਨੂੰ ਕਿਸ ਤਰ੍ਹਾਂ ਦੂਰ ਕਰਨਾ ਹੈ । ਇਸ ਦੇਸ਼ ਵਿਚ ਤਿੰਨ ਸੈਕਟਰਜ਼ ਹਨ । ਇਕ ਐਗਰੀਕਲਚਰ ਸੈਕਟਰ, ਇਕ ਇੰਡਸਟਰੀਅਲ ਸੈਕਟਰ ਅਤੇ ਇਕ ਮੁਲਾਜ਼ਮ ਸੈਕਟਰ ਜਿਸ ਵਿਚ ਸਰਕਾਰ ਦੇ ਵੀ ਮੁਲਾਜ਼ਮ ਆ ਜਾਦੇ ਹਨ । ਇਹ ਜਿਹੜੀ ਕੁਮਰਸ਼ਿਅਲ ਕਲਾਸ ਹੈ ਇਹ ਤਾਂ ਬਹੁਤ ਆਰਗੇਨਾਈਜ਼ਡ ਹੈ । ਇਸ ਕੋਲ ਧਨ ਵੀ ਬਹੁਤ ਹੈ ਔਰ ਇਹ ਧਨ ਦੇ ਸਾਧਨਾ ਨਾਲ ਸਰਕਾਰ ਦੀ ਪਾਲਿਸੀ ਨੂੰ ਬਦਲ ਸਕਦੇ ਹਨ । ਦੂਜੀ ਕਲਾਸ ਮੁਲਾਜ਼ਮਾਂ ਦੀ ਹੈ ਇਹ ਵੀ ਇਕ ਆਰਗੇਨਾਈਜ਼ਡ ਕਲਾਸ ਹੈ । ਇਨ੍ਹਾਂ ਕੋਲ ਵੀ ਇਕ ਸਟ੍ਰਾਈਕ ਦਾ ਹੱਕ ਹੈ ਜਿਸ ਨਾਲ ਇਹ ਆਪਣੀਆਂ ਮੰਗਾਂ ਮੰਗਦੇ ਹਨ । ਪਰ ਹੁਣ ਤਾਂ ਸਰਕਾਰ ਇਹ ਵੀ ਉਨ੍ਹਾਂ ਦਾ ਹੱਕ ਖਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ । ਤੀਜਾ ਸੈਕਟਰ ਐਗਰੀਕਲਚਰ ਦਾ ਹੈ ਜਿਹੜਾ ਨਾ ਤਾਂ ਆਰਗੇਨਾਈਜ਼ਡ ਹੈ ਔਰ ਨਾ ਹੀ ਉਨ੍ਹਾਂ ਕੋਲ ਪੈਸਾ ਹੈ । ਇਸ ਕਰਕੇ ਇਹ ਕੋਈ ਸਰਕਾਰ ਦੀ ਪਾਲਿਸੀ ਨਹੀਂ ਬਦਲਵਾ ਸਕਦੇ । ਪਰ ਮੈਂ ਤੁਹਾਨੂੰ ਫਿਗਰਜ਼ ਦਸ ਕੇ ਕਲੀਅਰ ਕਰਦਾ ਹਾਂ ਕਿ ਜਿਹੜਾ ਨੈਸ਼ਨਲ ਧਨ ਹੈ ਉਹ ਕਿਸ ਤਰ੍ਹਾਂ ਵੰਡਿਆ ਹੋਇਆ ਹੈ । ਮੈਂ ਦੱਸਦਾ ਹਾਂ ਕਿ ਐਗਰੀਕਲਚਰਿਸਟ ਔਰ ਗੈਰ-ਐਗਰੀਕਲਚਰਿਸਟ ਵਿਚ ਧਨ ਦੀ ਵੰਡ ਕਿਸ ਤਰ੍ਹਾਂ ਕੀਤੀ ਹੋਈ ਹੈ । ਐਗਰੀਕਲਚਰਿਸਟ ਨੈਸ਼ਨਲ ਧਨ ਵਿਚ 72 ਪ੍ਰਤੀਸ਼ਤ ਹਿੱਸਾ ਪਾਉਂਦੇ ਹਨ ਪਰ ਉਨ੍ਹਾਂ ਨੂੰ ਮਿਲਦਾ ਸਿਰਫ 38 ਪ੍ਰਤੀਸ਼ਤ ਹੈ । ਪਰ ਦੂਜੇ ਪਾਸੇ ਨਾਨ-ਐਗਰੀਕਲਰਿਸਟ ਨੈਸ਼ਨਲ ਧਨ ਵਿਚ 28 ਪ੍ਰਤੀਸ਼ਤ ਹਿੱਸਾ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਮਿਲਦਾ 62 ਪ੍ਰਤੀਸ਼ਤ ਹੈ । ਮੈਂ ਸਮਝਦਾ ਹਾਂ ਕਿ ਇਹ ਕਿਸ਼ਾਨ ਨਾਲ ਸਰਾਸਰ ਬੇਇਨਸਾਫੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਸਾਫ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਂਗਰਸ ਪਾਰਟੀ ਦੀ ਨੀਤੀ ਹੈ ਕਿ ਐਗਰੀਕਲਚਰਿਸਟ ਨੂੰ ਇਕਨੌਮੀਕਲੀ ਸੁਪ੍ਰੈਸ ਕਰਕੇ ਰੱਖਣਾ ਹੈ।

Original with;
Punjab Vidhan Sabha
Digitized by;
Panjab Digital Library

ਜੇ ਇਹ ਐਗਰੀਕਲਚਰਿਸਟ ਦੀ ਕੁਝ ਬਿਹਤਰੀ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਉਪਜ ਦੇ ਚੰਗੇ ਭਾਅ ਦੇਣੇ ਚਾਹੀਦੇ ਹਨ । ਐਗਰੀਕਲਚਰਲ ਪ੍ਰਾਈਸ ਕਮਿਸ਼ਨ ਨੇ ਭਾਅ ਫਿਕਸ ਕਰਨ ਬਾਰੇ ਜਿਹੜੀ ਪਾਲਿਸੀ ਦਿਤੀ ਹੈ, ਉਹ ਠੀਕ ਨਹੀਂ ਹੈ । ਉਨ੍ਹਾਂ ਨੇ ਜਿਹੜੀ ਦਿਹਾੜੀ ਰੱਖੀ ਹੈ ਉਹ ਬਹੁਤ ਥੋੜੀ ਹੈ । ਇਸ ਸਬੰਧ ਵਿਚ ਮੈਂ ਤਾਂ ਐਨਾ ਕਹਿੰਦਾ ਹਾਂ ਕਿ ਇਹ ਜਿਹੜੀ ਦਿਹਾੜੀ ਹੈ ਇਹ ਘੱਟੋ ਘੱਟ ਸਰਕਾਰ ਦੇ ਕਲਾਸ ਫੋਰ ਦੇ ਮੁਲਾਜ਼ਮਾਂ ਦੇ ਬਰਾਬਰ ਤਾਂ ਜ਼ਰੂਰ ਹੋਣੀ ਚਾਹੀਦੀ ਹੈ । ਫਿਰ ਜਿਹੜਾ ਇੰਟਰੈਸਟ ਹੈ ਬੈਂਕ ਦੇ ਪੈਸੇ ਤੇ ਉਸ ਵਿਚ ਵੀ ਬੜਾ ਫਰਕ ਹੈ । ਜੇ ਉਹ ਲੈਂਦੇ ਹਨ ਤਾਂ 8 ਪ੍ਰਤੀਸ਼ਤ ਤੇ ਲੈਂਦੇ ਹਨ ਪਰ ਜਦੋਂ ਕਿਸਾਨ ਨੂੰ ਦੇਣਾ ਪੈਂਦਾ ਹੈ ਤਾਂ ਉਹ 14-15 ਪ੍ਰਤੀਸ਼ਤ ਦੇਣਾ ਪੈਂਦਾ ਹੈ । ਇਸ ਤਰ੍ਹਾਂ ਕਈ ਰੀਜ਼ਨ ਹਨ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਠੀਕ ਭਾਅ ਨਹੀਂ ਮਿਲਦਾ । ਪਰੰਤੂ ਸਰਕਾਰ ਵੱਲੋਂ ਇਨ੍ਹਾਂ ਗੱਲਾਂ ਵੱਲ ਬਿਲਕੁਲ ਧਿਆਨ ਨਹੀਂ ਦਿਤਾ ਜਾਂਦਾ । ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਐਗਰੀਕਲਚਰਿਸਟ ਦੀ ਭਲਾਈ ਲਈ ਜ਼ਰੂਰ ਕੰਮ ਕਰਨਾ ਚਾਹੀਦਾ ਹੈ ਜਿਹੜੇ ਕਿ ਦੇਸ਼ ਦੀ ਇਕਾਨਮੀ ਵਿਚ ਮੈਕਸੀਮਮ ਹਿੱਸਾ ਪਾਉਂਦੇ ਹਨ ।

ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕੀ ਕਰਦੇ ਹਨ । ਪਿਛਲੇ ਸਾਲ ਇਹ ਗੰਨੇ ਦੇ ਭਾਅ 23 ਰੁਪਏ ਕੁਇੰਟਲ ਤੋਂ 28 ਰੁਪਏ ਕੁਇੰਟਲ ਲੈ ਗਏ ਸਨ ਪਰ ਇਸ ਸਾਲ ਇਹ ਫਿਰ 23 ਰੁਪਏ ਕੁਇੰਟਲ ਤੱਕ ਲੈ ਆਏ ਹਨ । ਇਸ ਲਈ ਮੈਂ ਕਹਿੰਦਾ ਹਾਂ ਕਿ ਐਗਰੀਕਲਚਰ ਦੀ ਡਾਈਵਰਸੀਫਿਕੇਸ਼ਨ ਕਰਨੀ ਚਾਹੀਦੀ ਹੈ । ਔਰ ਕਰਾਪ ਦੀ ਇਨਸ਼ਿਉਰੈਂਸ ਕਰਨੀ ਚਾਹੀਦੀ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਪਾਵਰ ਦੀ ਗੱਲ ਆਈ ਹੈ । ਪਾਵਰ ਜਿਹੜੀ ਹੈ ਇਹ ਤਰੱਕੀ ਦਾ ਬਹੁਤ ਵੱਡਾ ਸਾਧਨ ਹੈ । ਜੇ ਬਿਜਲੀ ਪੂਰੀ ਮਿਲੇ ਤਾਂ ਕੋਈ ਘਾਟਾ ਨਹੀਂ ਹੋ ਸਕਦਾ। ਪਰ ਬਿਜਲੀ ਪੂਰੀ ਨਾ ਮਿਲਣ ਕਰਕੇ ਕਾਫੀ ਮੁਸ਼ਕਲ ਆਉਂਦੀ ਹੈ ।

ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਦੇ ਐਨਰਜੀ ਮਨਿਸਟਰ ਸਾਹਿਬ ਨੇ ਸਟੇਟਮੈਂਟ ਦਿਤੀ ਹੈ ਕਿ ਤਿੰਨ ਸਾਲ ਦੇ ਅੰਦਰ ਅੰਦਰ ਬਿਜਲੀ ਦੀ ਲੋੜ ਪੂਰੀ ਹੋ ਜਾਵੇਗੀ ਅਤੇ ਡੀਮਾਂਡਾਂਜ਼ ਅਤੇ ਸਪਲਾਈਜ਼ ਵਿਚ ਫਰਕ ਨਹੀਂ ਪਵੇਗਾ। ਪਰ, ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਡੀਮਾਂਡ ਅਤੇ ਸਪਲਾਈਜ਼ ਵਿਚ ਦਿਨ ਪਰ ਦਿਨ ਗੈਪ ਵੱਧਦਾ ਜਾ ਰਿਹਾ ਹੈ। ਚੀਫ ਮਨਿਸਟਰ ਸਾਹਿਬ ਨੇ ਕਾਫੀ ਲੰਬੀ ਸਟੇਟਮੈਂਟ ਦਿਤੀ ਹੈ ਕਿ ਬਿਜਲੀ ਦਾ ਉਤਪਾਦਨ ਕਰਾਂਗੇ। ਅੱਜ ਗੈਪ, ਡਿਪਟੀ ਸਪੀਕਰ ਸਾਹਿਬ, ਬਿਜਲੀ ਦਾ 29% ਹੈ ਅਤੇ ਸੱਤ-ਅੱਠ ਸਾਲਾਂ ਬਾਅਦ 88-89% ਜਾਂ 89-90% ਦਾ ਗੈਪ ਹੋ ਜਾਏਗਾ। ਜੇਕਰ ਗੈਪ ਘਟ ਜਾਵੇ ਤਾਂ ਅਸੀਂ ਸਮਝਾਂਗੇ ਕਿ ਤੁਸੀਂ ਕੁਝ ਕੀਤਾ ਹੈ। ਜਿਹੜੀਆਂ ਪੰਜਾਬ ਸਰਕਾਰ ਦੀਆਂ ਫਿੱਗਰਜ਼ ਹਨ ਅਤੇ ਜਿਹੜੀਆਂ ਸਕੀਮਾਂ ਚਲ ਰਹੀਆਂ ਹਨ ਅਤੇ ਹੋਰ ਸਾਰੀਆਂ ਸਕੀਮਾਂ ਜਿਹੜੀਆਂ ਚਲਣੀਆਂ ਹਨ, ਉਨ੍ਹਾਂ ਨੂੰ ਅਗਰ ਨਾਲ ਰਲਾ ਕੇ ਵੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਅੱਜ ਜੋ 29% ਦਾ ਗੈਪ ਹੈ, ਉਹ ਵਧ ਕੇ 41.58% ਦਾ ਗੈਪ ਪੈ ਜਾਣਾ ਹੈ। ਜੇਕਰ ਦੁੱਗਣੀ ਬਿਜਲੀ ਘੱਟ ਗਈ ਤਾਂ ਡਿਪਟੀ ਸਪੀਕਰ ਸਾਹਿਬ, ਟਿਊਬਵੈੱਲ ਕਿਵੇਂ ਚੱਲਣਗੇ ਔਰ ਲੋਕਾਂ ਨੂੰ ਕਿਥੋਂ ਬਿਜਲੀ ਮਿਲੇਗੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਉਪਰਲੀ ਸਰਕਾਰ ਦਾ ਵੀ ਹੱਥ ਹੈ। ਇਹ ਕਸੂਰ ਮੌਜੂਦਾ ਪੰਜਾਬ ਸਰਕਾਰ ਦਾ ਵੀ ਹੈ ਕਿਉਂਕਿ ਜੇਕਰ ਸਰਕਾਰ ਇਨੀਸ਼ੀਏਟਿਵ ਨਾ ਲਵੇ ਤਾਂ ਕੋਈ ਫਾਇਦਾ ਨਹੀਂ ਹੁੰਦਾ। ਮੈਂ ਪਿਛਲੇ ਦੋ ਸਾਲ ਦੀ ਪਰਫਾਰਮੈਂਸ ਵੇਖੀ ਹੈ। ਇਨ੍ਹਾਂ ਨੇ ਕੋਈ ਇਨੀਸ਼ਿਏਟਿਵ ਨਹੀਂ ਲਿਆ ਤਾਂ ਫਿਰ ਇਹ ਘਾਟਾ ਕਿਵੇਂ ਦੂਰ ਹੋ ਸਕਦਾ ਹੈ। ਜੇਕਰ ਹਿਮਾਚਲ ਪ੍ਰਦੇਸ਼ ਅਤੇ ਜੰਮੂ ਐਂਡ ਕਸ਼ਮੀਰ ਦੀ ਹਾਈਡ੍ਰੋਇਲੈਕਟ੍ਰਿਸਿਟੀ ਵਿਚ ਭਾਈਵਾਲ ਬਣੀਏ ਤਾਂ ਫਾਇਦਾ ਹੋ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਨਾਪਥਾ ਜਾਖੜੀ ਪ੍ਰਾਜੈਕਟ ਹੈ। ਉਹ ਦਰਿਆ ਸਾਡੀ ਜ਼ਮੀਨ ਤੇ ਵਗਦਾ ਹੈ ਔਰ ਸਾਡੀ ਜ਼ਮੀਨ ਹੈ ਪਰ ਉਸ ਪ੍ਰਾਜੈਕਟ ਵਿਚੋਂ ਹਰਿਆਣੇ ਵਾਲਿਆਂ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

37% ਹਿੱਸਾ ਦਿਤਾ ਗਿਆ ਹੈ ਅਤੇ ਹਿਮਾਚਲ ਪ੍ਰਦੇਸ਼ ਨੂੰ 27% ਹਿੱਸਾ ਦਿਤਾ ਗਿਆ ਹੈ। ਯੂ.ਪੀ. ਵਾਲਿਆਂ ਨੂੰ ਨਾਪਥਾ ਜਾਖੜੀ ਪ੍ਰਾਜੈਕਟ ਵਿਚੋਂ 20% ਹਿੱਸਾ ਦਿਤਾ ਗਿਆ ਹੈ। ਯੂ.ਪੀ. ਨੂੰ ਬਿਨਾਂ ਕਿਸੇ ਕਾਸ਼ਟ ਦੇ ਹਿੱਸਾ ਦੇ ਦਿਤਾ ਹੈ ਪਰ ਪੰਜਾਬ ਲਈ ਕੁਝ ਵੀ ਨਹੀਂ ਦਿਤਾ ਗਿਆ। ਪੰਜਾਬ ਲਈ ਮੈਂ ਨਾ ਮਾਨੂੰ ਵਾਲੀ ਗਲ ਕੀਤੀ ਗਈ ਹੈ। ਸੈਂਟਰ ਵਿਚ ਯੂ.ਪੀ. ਦਾ ਮਨਿਸਟਰ ਉਥੇ ਸੀ, ਇਸ ਲਈ ਉਸ ਨੂੰ ਹਿੱਸਾ ਦੇ ਦਿਤਾ ਗਿਆ ਪਰ ਪੰਜਾਬ ਦੇ ਮਨਿਸਟਰ ਨੇ ਕੁਝ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਇਸ ਲਈ ਮੈਂ ਕਹਿੰਦਾ ਹਾਂ ਕਿ ਬੇਸ਼ਕ 25-ਸੂਤਰੀ ਪ੍ਰੋਗਰਾਮ ਬਣਾ ਲਓ ਜਾਂ 50-ਸੂਤਰੀ ਪ੍ਰੋਗਰਾਮ ਬਣਾ ਲਓ, ਉਸ ਦਾ ਕੋਈ ਫਾਇਦਾ ਨਹੀਂ ਹੋਣਾ। ਜਦੋਂ ਤਕ ਇਮਾਨਦਾਰੀ ਨਾਲ ਲੋਕ ਕੰਮ ਨਹੀਂ ਕਰਦੇ ਉਦੋਂ ਤਕ ਕੁਝ ਨਹੀਂ ਹੋਣਾ। ਡਿਪਟੀ ਸਪੀਕਰ ਸਾਹਿਬ, ਕੋਲ ਡੈਮ ਪ੍ਰਾਜੈਕਟ ਵਿੱਚੋਂ ਰਾਜਸਥਾਨ ਨੇ ਹਿੱਸਾ ਪਾ ਲਿਆ ਪਰ ਅਸੀਂ ਸੁੱਤੇ ਹੀ ਰਹਿ ਗਏ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਅੱਜ ਇਹ ਡੁਲ੍ਹੇ ਬੇਰਾਂ ਵਾਂਗ ਹੀ ਬਹਿ ਗਏ ਹਨ। ਮੈਂ ਸਮਝਦਾ ਹਾਂ ਕਿ ਇੱਕ ਅਟਾਮਿਕ ਪਲਾਂਟ ਲਾਓ ਅਤੇ ਪੰਜ, ਛੇ ਸਕੀਮਾਂ ਹਨ, ਉਨ੍ਹਾਂ ਬਾਰੇ ਸੈਂਟਰਲ ਸਰਕਾਰ ਨਾਲ ਗੱਲ ਕਰੋ। ਮਾਈਕਰੋ ਸਕੀਮ ਚਾਈਨਾ ਵਿਚ ਹੈ। ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਅਸੀਂ ਜਦੋਂ ਸੀ ਤਾਂ ਉਸ ਵੇਲੇ ਇਕ ਸਕੀਮ ਬਣਾਈ ਸੀ, ਉਹ ਕਾਗਜ਼ ਕਢਾ ਕੇ ਵੇਖ ਲਓ।

ਡਿਪਟੀ ਸਪੀਕਰ ਸਾਹਿਬ, ਥੀਨ ਡੈਮ ਤੁਹਾਡੇ ਕੋਲੋਂ ਨਹੀਂ ਬਣਨਾ। ਤੁਸੀਂ ਸੈਂਟਰ ਦੀ ਸਰਕਾਰ ਨੂੰ ਕਿਉਂ ਨਹੀਂ ਕਹਿੰਦੇ ਕਿ ਸਾਡੇ ਕੋਲ ਪੈਸੇ ਨਹੀਂ ਹਨ ਅਤੇ ਸਾਨੂੰ ਪੈਸੇ ਦਿਓ। ਬਠਿੰਡਾ ਥਰਮਲ ਪਲਾਂਟ ਹੈ। ਇਸ ਨੂੰ ਚੰਗੀ ਤਰ੍ਹਾਂ ਦੇ ਨਾਲ ਚਲਾਓ। ਡਿਪਟੀ ਸਪੀਕਰ ਸਾਹਿਬ, ਸਾਡੇ ਨਾਲ ਠੱਗੀ ਹੋ ਰਹੀ ਹੈ, ਮੈਨੂੰ ਪਤਾ ਹੈ ਕਿ ਟੈਕਸ ਜ਼ਰੂਰ ਲਗਣੇ ਹਨ। ਮੈਂ ਕਹਿੰਦਾ ਹਾਂ ਕਿ ਤੁਸੀਂ ਅਜਿਹੀ ਗਲਤੀ ਨਾ ਕਰਨਾ, ਜੇਕਰ ਤੁਸੀਂ ਟੈਕਸ ਲਗਾ ਦਿਤੇ ਤਾਂ ਤੁਸੀਂ ਕਿਧਰ ਜਾਓਗੇ। ਪੰਜਾਬ ਦੇ ਕਿਸਾਨਾਂ ਨੇ ਕੋਈ ਟੈਕਸ ਬਰਦਾਸ਼ਤ ਨਹੀਂ ਕਰਨਾ। ਉਨ੍ਹਾਂ ਤੇ ਹੋਰ ਬੋਝ ਨਾ ਪਾਓ। ਮਹਿੰਗਾਈ ਅੱਗੇ ਹੀ ਬਹੁਤ ਜ਼ਿਆਦਾ ਹੈ। ਕਿਸਾਨ ਹੋਰ ਟੈਕਸ ਬਰਦਾਸ਼ਤ ਨਹੀਂ ਕਰ ਸਕਦੇ। ਤੁਹਾਡੀ ਇਹ ਗੱਲ ਸਿਰੇ ਨਹੀਂ ਚੜਨੀ। ਤੁਹਾਨੂੰ ਅਫਸਰ ਕਹਿ ਰਹੇ ਹਨ ਕਿ ਅਸੀਂ ਪਾਣੀ ਦੂਜੇ ਸੂਬਿਆਂ ਨਾਲੋਂ ਬਹੁਤ ਸਸਤਾ ਦੇ ਰਹੇ ਹਾਂ। ਤੁਸੀਂ ਮੇਰੀ ਸੁਜੈਸ਼ਨ ਮੰਨੋ ਕਿ ਕਿਸਾਨਾਂ ਤੇ ਹੋਰ ਟੈਕਸ ਨਾ ਲਗਾਓ।

ਡਿਪਟੀ ਸਪੀਕਰ ਸਾਹਿਬ, ਬੈਰਾਸੂਲ ਪ੍ਰਾਜੈਕਟ ਵਿਚੋਂ 85 ਮੈਗਾਵਾਟ ਬਿਜਲੀ ਤੁਹਾਨੂੰ ਮਿਲੇਗੀ। ਕੀ ਤੁਸੀਂ ਇਕ ਯੂਨਿਟ ਵੀ ਹੁਣ ਤਕ ਵਰਤਿਆ ਹੈ? ਤੁਹਾਨੂੰ ਬਿਜਲੀ ਮਿਲਦੀ ਹੀ ਨਹੀਂ ਹੈ। ਜੇਕਰ ਐਸਟੀਮੇਟ, ਡਿਪਟੀ ਸਪੀਕਰ ਸਾਹਿਬ, ਲਗਾਇਆ ਜਾਵੇ ਤਾਂ ਇਕ ਮਹੀਨੇ ਦਾ 2.14 ਕਰੋੜ ਰੁਪਏ ਦਾ ਲਾਸ ਇਲੈਕਟ੍ਰੀਸਿਟੀ ਬੋਰਡ ਨੂੰ ਹੋ ਜਾਂਦਾ ਹੈ। ਕੁੱਲ ਮਿਲਾ ਕੇ 24-25 ਕਰੋੜ ਰੁਪਏ ਦਾ ਸਾਡਾ ਨੁਕਸਾਨ ਹੋ ਜਾਏਗਾ। ਇਹ ਤੁਹਾਨੂੰ ਹਿੱਸਾ ਨਹੀਂ ਮਿਲਦਾ। ਪੰਜਾਬ ਸਰਕਾਰ ਦੀ ਜੁੱਰਤ ਨਹੀਂ ਪੈਂਦੀ ਕਿ ਆਪਣਾ ਬਣਦਾ ਹਿੱਸਾ ਸੈਂਟਰ ਸਰਕਾਰ ਕੋਲੋਂ ਲੈ ਸਕਣ। ਜਿਹੜਾ ਐਕਟ ਦੇ ਹਿਸਾਬ ਨਾਲ ਸਾਨੂੰ ਹਿੱਸਾ ਮਿਲਣਾ ਚਾਹੀਦਾ ਹੈ ਉਹ ਵੀ ਨਹੀਂ ਮਿਲਿਆ। ਦੇਸ ਨੂੰ ਬਿਜਲੀ ਕਿਤਨੀ ਲਗ ਜਾਂਦੀ ਹੈ। ਜੇਕਰ, ਡਿਪਟੀ ਸਪੀਕਰ ਸਾਹਿਬ, ਹਿਸਾਬ ਲਗਾਇਆ ਜਾਵੇ ਤਾਂ ਪਤਾ ਲਗਦਾ ਹੈ ਕਿ 254 ਕਰੋੜ ਰੁਪਏ ਦਾ ਘਾਟਾ ਬਿਜਲੀ ਬੋਰਡ ਨੂੰ ਪਈ ਜਾ ਰਿਹਾ ਹੈ। ਬੋਰਡ ਵਿਚ ਬਹੁਤ ਸਾਰੇ, ਆਈ. ਏ. ਐਸ. ਅਫਸਰ ਲਗਾਏ ਗਏ ਹਨ। ਮੈਂ ਕੋਈ ਆਈ. ਏ. ਐਸ. ਅਫਸਰਾਂ ਨੂੰ ਮਾੜਾ ਨਹੀਂ ਕਹਿੰਦਾ ਪਰ ਬੋਰਡ ਵਾਸਤੇ ਇਕ ਟੰਡਨ ਕਮੇਟੀ ਬਣਾਈ ਗਈ ਸੀ। ਉਸ ਕਮੇਟੀ ਨੇ ਕਿਹਾ

Original with;
Punjab Vidhan Sabha
Digitized by;
Panjab Digital Library

ਸੀ ਕਿ ਤਿੰਨ ਚੀਫ ਇੰਜੀਨੀਅਰਜ਼ ਲਗਾਓ ਔਰ ਇਕ ਟੈਕਨੀਕਲ ਮੈਂਬਰ ਲਗਾਓ ਜਿਸ ਨੂੰ ਪਬਲਿਕ ਅੰਡਰ-ਟੇਕਿੰਗਜ਼ ਦਾ ਐਕਸਪੀਰੀਐਂਸ ਹੋਵੇ। ਬੋਰਡ ਵਿਚ ਸੱਤ ਡਾਇਰੈਕਟਰਜ਼ ਹਨ, ਜਿਨ੍ਹਾਂ ਵਿਚੋਂ 5 ਆਈ. ਏ. ਐਸ. ਅਫਸਰ ਲਗਾਏ ਗਏ ਹਨ। ਆਈ. ਏ. ਐਸ. ਅਫਸਰਾਂ ਕੋਲ ਟਾਈਮ ਨਹੀਂ ਹੈ। ਸਿਰਫ ਮੀਟਿੰਗ ਅਟੈਂਡ ਕਰਨ ਨਾਲ ਕੰਮ ਨਹੀਂ ਬਣਦੇ। ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ ਜਿਹੜੀਆਂ ਕਰਨੀਆਂ ਪੈਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਟਿਊਬਵੈਲ ਬਾਰੇ ਮੈਂ ਦਸਦਾ ਹਾਂ ਕਿ ਸਾਡੇ ਰਾਜ ਵੇਲੇ ਅਸੀਂ 30,000 ਟਿਊਬਵੈਲਜ਼ ਦਿੱਤੇ ਸੀ ਪਰ ਤੁਸੀਂ ਇਸ ਵਾਰ 15,000 ਟਿਊਬਵੈਲਜ਼ ਦਿੱਤੇ ਹਨ। ਤੁਸੀਂ ਸਾਡੀ ਸਰਕਾਰ ਨੂੰ ਮਾੜਾ ਕਹਿੰਦੇ ਹੋ। ਇਸ ਲਈ ਮਾੜੀ ਸਰਕਾਰ ਨੇ 30,000 ਟਿਊਬਵੈਲਜ਼ ਦਿੱਤੇ ਹਨ ਅਤੇ ਤੁਸੀਂ 15,000 ਟਿਊਬਵੈਲਜ਼ ਦਿਤੇ ਹਨ। ਤੁਸੀਂ ਫੰਡਜ਼ ਰੋਪੜ ਥਰਮਲ ਪਲਾਂਟ ਨੂੰ ਦਿਓ। ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਇੰਡਸਟਰੀਜ਼ ਦੀ ਗੱਲ ਕਰਦਾ ਹਾਂ। ਐਗਰੀਕਲਚਰ ਵਿਚ ਕਿਤੇ ਵੀ ਤੁਸੀਂ ਚਲੇ ਜਾਓ ਪਰ ਕੋਈ ਵਾਧਾ ਨਹੀਂ ਹੋਇਆ। ਬਿਜਲੀ, ਇੰਡਸਟਰੀ ਵਾਲਿਆਂ ਨੂੰ ਸ਼ਾਮ 6.00 ਵਜੇ ਤੋਂ ਲੈ ਕੇ ਰਾਤ 12.00 ਵਜੇ ਤਕ ਮਿਲਦੀ ਹੈ। ਰਾਤ ਨੂੰ ਵਰਕਰਜ਼ ਕਿਵੇਂ ਕੰਮ ਕਰਨਗੇ ਅਤੇ ਕਿਵੇਂ ਇੰਡਸਟਰੀ ਚਲੇਗੀ? ਤੁਸੀਂ ਜੈਨਰੇਟਰ ਸੈਟਾਂ ਵਿਚ ਸਬਸਿਡੀ ਦਿਓ। ਇੰਟਰੈਸਟ ਫਰੀ ਲੋਨ ਦਿਓ ਪਰ ਤੁਸੀਂ ਸਬਸਿਡੀ ਜਿਹੜੀ ਪਹਿਲਾਂ 20% ਹੁੰਦੀ ਸੀ, ਉਹ ਘਟਾ ਕੇ 10% ਕਰ ਦਿਤੀ ਹੈ। ਇੰਡਸਟਰੀ ਵਾਲਿਆਂ ਨੂੰ ਫਾਈਨੈਂਸ਼ਲ ਹੈਲਪ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਰਾਅ-ਮੈਟੀਰੀਅਲ ਨਹੀਂ ਮਿਲਦਾ। ਸਮਾਲ ਸਕੇਲ ਇਡਸਟਰੀ ਬਣੀ ਹੋਈ ਹੈ ਪਰ ਉਸ ਨੂੰ ਮਾਲ ਨਹੀਂ ਦਿੰਦੇ। ਇੰਡਸਟਰੀਅਲ ਪਲਾਂਟਸ ਲਈ ਕਰੋੜਾਂ ਰੁਪਏ ਦੀ ਜ਼ਮੀਨ ਐਕੁਆਇਰ ਕਰ ਲਈ ਹੈ। ਪਰ ਅੱਗੇ ਕਿਸੇ ਨੂੰ ਕੁਝ ਨਹੀਂ ਦਿੱਤਾ ਤਾਂਕਿ ਇੰਡਸਟਰੀ ਵਧ ਸਕੇ। ਹੋਰ ਵੀ ਇੰਡਸਟਰੀ ਦੀ ਮੱਦਦ ਵਾਸਤੇ ਕੁਝ ਨਹੀਂ ਕੀਤਾ ਗਿਆ। ਤੁਸੀਂ ਦੱਸੋ ਜੇਕਰ ਕਿਤੇ ਇੰਡਸਟਰੀ ਲਗੀ ਹੋਵੇ। ਇਸ ਸਾਲ ਵਿਚ ਤੁਸੀਂ ਸਾਬਤ ਕਰ ਦਿਓ ਜੇਕਰ ਕਿਤੇ ਇਕ ਵੀ ਇੰਡਸਟਰੀ ਕਮਿਸ਼ਨ ਕੀਤੀ ਗਈ ਹੋਵੇ। ਕੋਈ ਇੰਡਸਟਰੀ ਚਾਲੂ ਨਹੀਂ ਹੋਈ। ਕਿਤੇ ਤਾਂ ਧੂਆਂ ਕਢਿਆ ਹੋਵੇ। ਤੁਸੀਂ ਕਹਿੰਦੇ ਹੋ ਕਿ ਲੈਟਰਜ਼ ਆਫ ਇੰਟੈਂਟ ਲਿਆਏ ਹਾਂ। ਤੁਹਾਨੂੰ ਇਸ ਨਾਲ ਲੈਟਰਜ਼ ਆਫ ਇਟੈਂਟ ਮਿਲੇ 5 ਜਦ ਕਿ ਹਰਿਆਣਾ ਵਾਲਿਆਂ ਨੂੰ ਇਹ 41 ਮਿਲੇ। ਲੈਟਰਜ਼ ਆਫ ਇਟੈਂਟ ਵੀ ਤੁਸੀਂ ਜ਼ਿਆਦਾ ਨਹੀਂ ਲੈ ਸਕਦੇ। ਪਹਿਲਾਂ ਤੁਹਾਡਾ ਇਕ ਦੋਸਤ ਉਥੇ ਹੁੰਦਾ ਸੀ ਪਰ ਪਤਾ ਨਹੀਂ ਹੁਣ ਉਹ ਕਿਥੇ ਚਲਾ ਗਿਆ ਹੈ। ਇਥੇ ਪੈਟਰੋਲੀਅਮ ਰੀਫਾਈਨਰੀ ਲਗਣੀ ਚਾਹੀਦੀ ਹੈ। ਹਰਿਆਣਾ ਵਿਚ ਇਹ ਲਗ ਰਹੀ ਹੈ। ਫਰਟੇਲਾਈਜ਼ਰ ਸਾਨੂੰ ਬਹੁਤ ਦੂਰ ਤੋਂ ਲਿਆਉਣਾਂ ਪੈਂਦਾ ਹੈ। ਨੇਪਥਾ ਬੇਸਡ ਫੈਕਟਰੀਆਂ ਇਥੇ ਲਗਣੀਆਂ ਚਾਹੀਦੀਆਂ ਹਨ। ਇਥੇ ਇੰਡਸਟਰੀ ਬਹੁਤ ਸਫਰ ਕਰ ਰਹੀ ਹੈ। ਅਖਬਾਰਾਂ ਵਿਚੋਂ ਪੜ੍ਹਦੇ ਹਾਂ ਤਾਂ ਸ਼ਰਮ ਆਉਂਦੀ ਹੈ ਕਿ ਪੰਜਾਬ ਦੇ ਚੀਫ਼ ਮਨਿਸਟਰ ਹਰਿਆਣਾ ਦੇ ਚੀਫ ਮਨਿਸਟਰ ਔਰ ਹਿਮਾਚਲ ਪ੍ਰਦੇਸ਼ ਦੇ ਚੀਫ ਮਨਿਸਟਰ ਨੂੰ ਅਪਰੋਚ ਕਰ ਰਹੇ ਹਨ।

**Chief Minister** : (While Sitting) Absolutely Wrong.

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਮੈਂ ਤਾਂ ਜੋ ਅਖਬਾਰ ਵਿਚ ਪੜ੍ਹਿਆ ਹੈ ਉਹ ਦਸ ਰਿਹਾ ਹਾਂ। ਤੁਹਾਡੀ ਇਨਫਰਮੇਸ਼ਨ ਕਿਸ ਗਲ ਤੇ ਬੇਸ ਕਰਦੀ ਹੈ। ਬੜੀ ਮੁਸ਼ਕਿਲ ਨਾਲ ਸੰਗਰੂਰ, ਬਠਿੰਡਾ ਔਰ ਹੁਸ਼ਿਆਰਪੁਰ ਦੇ ਜ਼ਿਲ੍ਹੇ ਸੈਂਟਰਲੀ ਬੈਕਵਰਡ ਇੰਡਸਟਰੀਅਲ ਏਰੀਆ ਡਿਕਲੇਅਰ ਕਰਾਇਆ ਸੀ। ਪਰ ਅਫਸੋਸ ਦੀ ਗਲ ਹੈ ਕਿ ਇਸ ਸਾਲ ਵਿਚ ਇੱਕ ਇੱਟ ਵੀ ਕਿਸੇ ਪਰਾਜੈਕਟ ਲਈ ਉਥੇ ਲਗੀ ਹੋਵੇ ਤਾਂ ਇਹ ਦਸ ਦੇਣ। ਜੇਕਰ ਅਸੀਂ ਇਸ ਸਪੀਡ ਨਾਲ ਚਲਾਂਗੇ ਤਾਂ ਅਸੀਂ ਪੰਜਾਬ ਦੇ ਸੂਬੇ ਨਾਲ ਔਰ ਇਥੋਂ ਦੇ ਲੋਕਾਂ ਨਾਲ ਬਹੁਤ ਬੇਵਫਾਈ ਕਰਾਂਗੇ। ਤੁਹਾਡੀਆਂ ਜੋ ਮਜ਼ਬੂਰੀਆਂ ਹਨ, ਉਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਮੈਂ ਸਮਝਦਾ ਹਾਂ। ਜੇ ਘਰ ਦਾਣੇ ਤਾਂ ਕਮਲੇ ਵੀ ਸਿਆਣੇ। ਪਰ ਜੇ ਕਿਸੇ ਦੇ ਘਰ ਦਾਣੇ ਹੀ ਨਾ ਹੋਣ ਤਾਂ ਫਿਰ ਉਹ ਕੀ ਕਰੇ? ਤੁਹਾਡੇ ਕੋਲ ਪੈਸੇ ਹੀ ਨਹੀਂ ਹਨ ਫੇਰ ਕਹਿੰਦੇ ਹੋ ਕਿ 2,000 ਪਿੰਡ ਪੱਕੇ ਕਰ ਦਿੱਤੇ ਔਰ ਡਿਸਪੈਂਸਰੀਆਂ ਖੋਲ੍ਹ ਦਿੱਤੀਆਂ। ਤੁਹਾਡਾ ਓਵਰਡਰਾਫਟ 125 ਕਰੋੜ ਰੁਪਏ ਦਾ ਹੈ ਫਿਰ ਕਿਸ ਤਰ੍ਹਾਂ ਪਲੈਨਿੰਗ ਕਰ ਸਕੋਗੇ? ਸੈਂਟ੍ਰਲ ਪਲੈਨਿੰਗ ਮਨਿਸ਼ਟਰ ਨੇ ਕਿਹਾ ਹੈ ਕਿ ਤੁਸੀਂ ਇਹ ਪਲੈਨ ਨਹੀਂ ਚਲਾ ਸਕਦੇ ਕਿਉਂਕਿ ਪੰਜਾਬ ਬੈਂਕਰਪਟ ਹੋ ਗਿਆ ਹੈ। ਪਿਛਲੇ ਸਾਲ ਪਲੈਨਿੰਗ ਲਈ 340 ਕਰੋੜ ਰਖਿਆ ਗਿਆ ਸੀ ਜਦ ਕਿ ਇਸ ਸਾਲ ਲਈ 385 ਕਰੋੜ ਰਖਿਆ ਗਿਆ ਹੈ। ਇਹ ਜੋ 13% ਪਲੈਨ ਵਧੀ ਹੈ ਉਹੀ 13% ਇਨਫਲੇਸ਼ਨ ਹੋ ਗਈ ਹੈ। ਦਰਅਸਲ ਵਿਚ ਇਥੇ ਪਲੈਨਿੰਗ ਦਾ ਕੰਮ ਰੁਕਿਆ ਪਿਆ ਹੈ। ਇਹ ਸਾਰਾ ਫਾਈਨਾਂਸ਼ਿਅਲ ਮੈਸ ਮਿਸਮਨੇਜਮੈਂਟ ਕਰਕੇ ਹੋਇਆ ਹੈ। ਪਹਿਲਾਂ ਓਵਰਡਰਾਫਟਿੰਗ ਹੋਈ ਤਾਂ ਐਫ. ਐਮ. ਨੇ ਕਿਹਾ ਸੀ ਕਿ ਬੱਸਾਂ ਦੇ ਕਿਰਾਏ ਵਿਚ ਵਾਧਾ ਕਰ ਦਿਤਾ। ਜੋ ਕੁਝ ਅਸੀਂ ਇਤਰਾਜ਼ ਕਰਨਾ ਚਾਹੁੰਦੇ ਸੀ ਉਹ ਕਰ ਲਿਆ। ਫਿਰ 8 ਕਰੋੜ ਦਾ ਘਾਟਾ ਪੈ ਗਿਆ ਇਸ ਲਈ ਕਿਰਾਇਆਂ ਵਿਚ ਵਾਧਾ ਕਰ ਲਓ। ਜੇਕਰ ਇੰਤਜ਼ਾਮ ਠੀਕ ਨਾ ਹੋਵੇ ਤਾਂ ਇਸ ਤਰ੍ਹਾਂ ਹੀ ਹੁੰਦਾ ਹੈ। ਐਵੇਂ ਜਿਵੇਂ ਬਿਜਲੀ ਬੋਰਡ ਵਿਚ ਘਾਟਾ ਪੈ ਰਿਹਾ ਹੈ। ਕਾਰ-ਪੋਰੇਸ਼ਨਜ਼ ਵਿਚ ਘਾਟਾ ਪੈ ਰਿਹਾ ਹੈ। ਇਸ ਨੂੰ ਦੇਖਣ ਵਾਸਤੇ ਆਪੋਜੀਸ਼ਨ ਨੂੰ ਨਾਲ ਲੈ ਕੇ ਕੋਈ ਸੈਲ ਬਣਾਉਣਾ ਚਾਹੀਦਾ ਹੈ ਪਰ ਇਨ੍ਹਾਂ ਨੇ ਇਹ ਸੌਖਾ ਤਰੀਕਾ ਲੱਭਿਆ ਹੈ ਕਿ ਜੇਕਰ ਘਾਟਾ ਪਏ ਤਾਂ ਟੈਕਸ ਲਗਾ ਦਿਓ। ਇਸ ਤਰ੍ਹਾਂ ਨਾਲ ਲੋਕਾਂ ਦਾ ਸਾਹ ਲੈਣਾ ਵੀ ਮੁਸ਼ਕਿਲ ਹੋ ਜਾਏਗਾ। ਕਾਰਪੋਰੇਸ਼ਨਜ਼ ਤੇ 100 ਕਰੋੜ ਰੁਪਿਆ ਇਨਵੈਸਟ ਕੀਤਾ ਹੈ ਜਿਸ ਵਿਚੋਂ 1 ਕਰੋੜ ਤੁਹਾਨੂੰ ਬਚਦਾ ਹੈ। ਫਿਰ ਐਨੀ ਇਨਵੈਸਟਮੈਂਟ ਕਰਕੇ ਤੁਹਾਨੂੰ ਕੀ ਫਾਇਦਾ ਹੋਇਆ। ਬਠਿੰਡੇ ਦੀ ਸਪਿਨਿੰਗ ਮਿੱਲ ਵਿਚ ਤੁਹਾਨੂੰ 50 ਲੱਖ ਦਾ ਘਾਟਾ ਪੈਂਦਾ ਸੀ। ਟਰਾਂਸਪੋਰਟ ਵਿਚ ਤੁਹਾਨੂੰ ਘਾਟਾ ਪੈਂਦਾ ਹੈ। ਇਕ ਗਲ ਮੈਂ ਕਹਿਣੀ ਚਾਹੁੰਦਾਂ ਹਾਂ ਕਿ ਜੇਕਰ ਹਰ ਚੀਜ਼ ਵਿਚ ਘਾਟਾ ਹੀ ਪੈਣਾ ਹੈ ਤਾਂ ਫਿਰ ਤੁਸੀਂ ਸਰਕਾਰ ਛੱਡ ਦਿਓ ਮੁੱਕੀ ਗਲ। (ਹਾਸਾ) ਇਸ ਤੋਂ ਇਲਾਵਾ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ ਹੈ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਰਵੀ ਇੰਦਰ ਸਿੰਘ ਨੇ ਅਮੈਂਡਮੈਂਟ ਦਾ ਇੱਕ ਨੋਟਿਸ ਦਿਤਾ ਸੀ ਜਿਹੜਾ ਕਿ ਡਿਸਅਲਾਓ ਹੋ ਗਿਆ ਹੈ। On the ground that subject is covered by para 7 of the Governor's Address.

**Sardar Ravi Inder Singh** : Mr. Deputy, Speaker, I would like to take up the matter with the hon. Speaker at a later time. I would like to be permitted to do so.

**Chief Minister(Sardar Darbara Singh)** : This has been disallowed.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਜਦੋਂ ਅਸੀਂ ਕਹਿੰਦੇ ਹਾਂ ਕਿ ਮੋਰ ਅਟਾਨੋਮੀ ਦਿੱਤੀ ਜਾਏ ਤਾਂ ਤੁਸੀਂ ਇਥੇ ਫਾਈਨਾਂਸ ਅਟਾਨੋਮੀ ਦੀ ਗੱਲ ਕਰ ਦਿਤੀ ਹੈ। ਸੈਂਟਰ ਦਾ 2,000 ਕਰੋੜ ਦਾ ਡੈਫੀਸਿਟ ਹੈ ਔਰ ਸਾਰੇ ਕੰਟਰੀ ਦਾ 650 ਕਰੋੜ ਦਾ ਡੈਫੀਸਿਟ ਹੈ। ਜੇਕਰ 2,000 ਕਰੋੜ ਦਾ ਗੈਪ ਵਾਈਪ ਆਊਟ ਹੋ ਸਕਦਾ ਹੈ ਤਾਂ ਫਿਰ ਇਹ 650 ਕਰੋੜ ਦਾ ਸਾਰੇ ਕੰਟਰੀ ਦਾ ਗੈਪ ਵਾਈਪ ਆਊਟ ਕਿਉਂ ਨਹੀਂ ਹੋ ਸਕਦਾ। ਜੇਕਰ ਸੈਂਟ੍ਰਲਾਈਜੇਸ਼ਨ ਦੇਸ਼ ਦੇ ਹਿੱਤ ਵਿਚ ਹੈ ਤਾਂ ਫਿਰ ਅਸੀਂ ਤਾਂ ਮੋਰ ਅਟਾਨੋਮੀ ਫਾਰ ਦੀ ਸਟੇਟ ਬਾਰੇ ਕਹਿੰਦੇ ਹਾਂ। ਅਸੀਂ ਤਾਂ ਉਹ ਚੀਜ਼ ਕਹਿੰਦੇ ਹਾਂ ਜੋ ਸਾਡੇ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਜੀ ਨੇ ਕਿਹਾ ਹੈ। ਹੁਣ ਵਕਤ ਆ ਗਿਆ ਹੈ ਕਿ ਇਹ ਚੀਜ਼ ਕੀਤੀ

Original with;
Punjab Vidhan Sabha
Digitized by;
Panjab Digital Library

ਜੋਏ। ਜਦੋਂ ਵੀ ਅੱਗੇ ਚੀਫ ਮਨਿਸਟਰਜ਼ ਦੀ ਮੀਟਿੰਗ ਹੁੰਦੀ ਰਹੀ ਹੈ ਤਾਂ ਅਸੀਂ ਡਟ ਕੇ ਕਹਿੰਦੇ ਰਹੇ ਹਾਂ ਪ੍ਰਾਈਮ ਮਨਿਸਟਰ ਨੂੰ, ਤੁਸੀਂ ਪੁਰਾਣੀਆਂ ਮੇਰੀਆਂ ਸਪੀਚਾਂ ਕਢਾ ਕੇ ਦੇਖ ਲਓ, ਕਿ ਵੱਧ ਤੋਂ ਵੱਧ ਅਟਾਨੋਮੀ ਸਾਨੂੰ ਦਿਤੀ ਜਾਏ। ਜਿੰਨਾ ਪੈਸਾ ਵੰਡਿਆ ਜਾਣਾ ਹੈ ਉਸ ਦਾ 1/3 ਹਿੱਸਾ ਫਾਈਨਾਂਸ ਕਾਰਪੋਰੇਸ਼ਨ ਦੇ ਥਰੂ ਵੰਡਿਆ ਜਾਣਾ ਹੈ ਔਰ ਬਾਕੀ ਐਡਹਾਕ ਦਿੱਤਾ ਜਾਂਦਾ ਹੈ। ਫਾਈਨਾਂਸ ਕਮਿਸ਼ਨ ਰਾਹੀਂ 13% ਤੁਹਾਨੂੰ ਪਲੈਨ ਵਿਚ ਅਸਿਸਟੈਂਸ ਮਿਲੀ ਹੈ। ਇਹ ਅਸਿਸਟੈਂਸ ਹੋਰ ਸਾਰੀਆਂ ਸਟੇਟਾਂ ਨਾਲੋਂ ਘੱਟ ਹੈ। ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਇਸ ਲਈ ਜੋ ਮਤਾ ਲਿਆਂਦਾ ਹੈ ਮੈਂ ਤੁਹਾਡੇ ਰਾਹੀਂ ਇਸ ਦੀ ਬੜੇ ਜ਼ੋਰਦਾਰ ਲਫਜ਼ਾਂ ਵਿਚ ਵਿਰੋਧਤਾ ਕਰਦਾ ਹਾਂ। ਇਸ ਸਰਕਾਰ ਨੇ ਪੰਜਾਬ ਦੇ ਹਿੱਤ ਵਿਚ ਕੋਈ ਕੰਮ ਨਹੀਂ ਕੀਤਾ ਹੈ। ਇਥੇ ਲਾਅ ਐਂਡ ਆਰਡਰ ਖਤਮ ਹੋ ਚੁੱਕਾ ਹੈ। ਇਥੇ ਡਿਵੈਲਪਮੈਂਟ ਦੇ ਕੰਮ ਬੰਦ ਹੋ ਗਏ ਹਨ। ਇਥੇ ਕਮਿਊਨਲ ਹਾਰਮਨੀ ਖਤਮ ਹੋ ਗਈ ਹੈ ਔਰ ਇਹ ਸਰਕਾਰ ਕਿਸੇ ਦੀ ਜਾਨੋ ਮਾਲ ਦੀ ਹਿਫਾਜ਼ਤ ਨਹੀਂ ਕਰ ਸਕਦੀ। ਇਸ ਲਈ ਤੁਹਾਨੂੰ ਆਪ ਹੀ ਮੈਦਾਨ ਛੱਡ ਦੇਣਾ ਚਾਹੀਦਾ ਹੈ। (ਥੰਪਿੰਗ)

**Mr. Deputy Speaker :** The House stands adjourned till 2.00 P.M. on Monday, the 1st March, 1982.

*2. P.M. (*The Sabha then adjourned till* 2.00 *P.M. on Monday, the* 1*st, March,* 1982).

---



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1982

Published under the authority of the Punjab Vidhan Sabha and printed by Controller, Govt. Press, Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*1st March, 1982*

**Vol. IV—No. 4**

**OFFICIAL REPORT**

CONTENTS

*Pages*

*Monday, the 1st March*, 1982.


| | |
|---|---|
| Starred Questions and Answers .. | (4)1 |
| Written Answers to Starred Questions laid on the Table of the House under Rule 38 .. | (4)28 |
| Announcement by the Secretary .. | (4)30 |
| Walk-Out .. | (4)30 |
| Call Attention Notices under Rule 66 .. | (4)31 |
| Papers Laid on the Table .. | (4)35 |
| Discussion on Governor's Address (*Resumption*) .. | (4)36 |
| Appendix .. | (1) |



Punjab Vidhan Sabha Secretariat, Chandigarh.

Price Rs.: 32.00



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Monday, the 1st March,* 1982

*The Vidhan Sabha met in the Punjab Vidhan Sabha Hall, Vidhan Bhavan, Chandigarh, at* 2·00 *P.M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

### Elections of Municipal Committee, Rajpura

***1284. Prof. Balwant Singh**: Will the Minister for Local Government be pleased to state—

> the time by which the elections to the Municipal Committee, Rajpura are likely to be held?

**Shri Sardari Lal Kapur**: All election preliminaries of Municipal Committee, Rajpura viz. collection of population data, fixation of seats, delimitation of Wards, preparation, printing and preliminary and final publication of electroral rolls have been completed. Elections to this Municipal Committee will be held as early as possible after the Budget Session.

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਅਤੇ ਤੁਹਾਡੀ ਪ੍ਰੋਟੈਕਸ਼ਨ ਮੰਗਦਾ ਹਾਂ ਕਿ ਜਿਹੜਾ ਮੇਰਾ ਕੁਐਸਚਨ ਸੀ ਉਹ ਇਸ ਤਰ੍ਹਾਂ ਹੈ ਕਿ :—

> **"Will the Minister for Local Government be pleased to state the time by which the elections to the Municipal Committee, Rajpura are likely to be held."**

ਇਸ ਦਾ ਉੱਤਰ ਇਹ ਹੋਣਾ ਚਾਹੀਦਾ ਸੀ ਕਿ ਅਪ੍ਰੈਲ ਵਿਚ, ਮਈ ਵਿਚ ਜਾਂ ਜੂਨ ਵਿਚ ਇਲੈਕਸ਼ਨ ਕਰਵਾ ਦੇਵਾਂਗੇ ਪਰ ਇਨ੍ਹਾਂ ਨੇ ਜਵਾਬ ਇਸ ਤਰ੍ਹਾਂ ਦਿਤਾ ਹੈ :—

> **"All election preliminaries of Municipal Committee, Rajpura, viz. collection of population data, fixation of seats, delimitation of Wards, preparation, printing and preliminary and final publication of electoral rolls have been completed. Elections to this Municipal Committe will be held as early as possible."**

ਕੀ ਇਹ ਹੇਰਾ ਫੇਰੀ ਨਹੀਂ ਹੈ ? ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਅਕਤੂਬਰ, 1981 ਵਿਚ ਲੋਕਾਂ ਨੇ ਫਾਰਮ ਭਰ ਕੇ ਦਿਤੇ ਸਨ। ਇਲੈਕਸ਼ਨਾਂ ਵਾਸਤੇ ਪ੍ਰਾਪੇਗੰਡਾ ਸ਼ੁਰੂ ਹੋ ਗਿਆ ਸੀ ਪਰ ਇਲੈਕਸ਼ਨ ਪੋਸਟਪੋਨ ਕਰ ਦਿੱਤੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕਰਨ ਤੋਂ ਬਾਅਦ ਇਲੈਕਸ਼ਨ ਪੋਸਟਪੋਨ ਕੀਤੇ ਗਏ ? ਦੂਸਰਾ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਹੁਣ ਕਦੋਂ ਤਕ ਇਲੈਕਸ਼ਨ ਕਰਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਪ੍ਰੋਫੈਸਰ ਤਾਂ ਕਰਟੀਅਸ ਹੁੰਦੇ ਹਨ ਪਰ ਐਨੀ ਗਲ ਕਹਿ ਦੇਣੀ ਕਿ ਹੇਰਾ ਫੇਰੀ ਹੈ, ਮੈਨੂੰ ਇਸ ਗਲ ਦੀ ਸਮਝ ਨਹੀਂ ਆਈ। ਮੈਂ ਸਵਾਲ ਦਾ ਸਿੱਧਾ ਜਵਾਬ ਦਿੱਤਾ ਹੈ ਅਤੇ ਇਹ ਵੀ ਕਿਹਾ ਹੈ ਕਿ ਸਾਰੀਆਂ ਲਿਸਟਾਂ ਬਣ ਗਈਆਂ ਹਨ ।

**ਪ੍ਰੋਫੈਸਰ ਬਲਵੰਤ ਸਿੰਘ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਇਲੈਕਸ਼ਨ ਕਰਵਾ ਦੇਣਗੇ ? ਨਾਲ ਦੀ ਨਾਲ ਮੈਂ ਇਹ ਵੀ ਪੁਛਣਾ ਚਾਹੁੰਦਾ ਹਾਂ ਕਿ ਜਦ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਹੋ ਗਈਆਂ ਸਨ ਅਤੇ ਸਾਰੇ ਪੇਪਰ ਫਾਈਲ ਹੋ ਗਏ ਸਨ ਤਾਂ ਫਿਰ ਇਲੈਕਸ਼ਨ ਪੋਸਟਪੋਨ ਕਿਉਂ ਕੀਤੇ ਗਏ ? ਹੁਣ ਕਦੋਂ ਤਕ ਇਲੈਕਸ਼ਨ ਹੋ ਜਾਣਗੇ ?

**ਮੰਤਰੀ :** ਸਪੀਕਰ ਸਾਹਿਬ, ਉਸ ਵੇਲੇ ਪਹਿਲਾਂ ਦੁਸਹਿਰਾ ਆ ਗਿਆ ਦੀਵਾਲੀ ਆ ਗਈ ਅਤੇ ਫਿਰ ਮਰਦਮ ਸ਼ੁਮਾਰੀ ਆ ਗਈ ਇਸ ਕਰ ਕੇ ਸੈਂਟਰ ਨੇ ਵੀ ਲਿਖ ਦਿਤਾ ਕਿ ਐਗਜ਼ੇਕਿਟਵ ਅਫਸਰ, ਕਮੇਟੀ ਦੇ ਸੈਕਟਰੀ ਅਤੇ ਹੋਰ ਅਮਲਾ ਉਸ ਕੰਮ ਵਿਚ ਰੁਝਿਆ ਹੋਇਆ ਹੈ। ਇਸ ਕਰ ਕੇ ਇਹ ਇਲੈਕਸ਼ਨ ਪੋਸਟਪੋਨ ਹੋਏ। ਹੁਣ ਸਾਰਾ ਕੁਝ ਠੀਕ ਕਰ ਲਿਆ ਹੈ। As early as possible ਦਾ ਮਤਲਬ ਹੈ ਕਿ ਜਿੰਨੀ ਜਲਦੀ ਹੋ ਸਕਿਆ ਕਰਵਾਵਾਂਗੇ ।

**ਮਾਸਟਰ ਬਾਬੂ ਸਿੰਘ:** 4 ਮਿਉਂਸਪਲ ਕਮੇਟੀਆਂ ਦੇ ਕਾਗਜ਼ ਤਿਆਰ ਹੋ ਗਏ ਸਨ, ਨਾਮੀ-ਨੇਸ਼ਨ ਪੇਪਰ ਫਾਈਲ ਹੋ ਗਏ ਸਨ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਰਕਾਰ ਦੀ ਇਹ ਪਾਲਿਸੀ ਤਾਂ ਨਹੀਂ ਕਿ ਪੰਜਾਬ ਵਿਚ ਕੋਈ ਇਲੈਕ-ਸ਼ਨ ਨਹੀਂ ਕਰਾਉਣੇ ? ਕੀ ਡੈਮੋਕਰੇਸੀ ਦਾ ਗਲਾ ਘੁਟਣਾ ਇਸ ਸਰਕਾਰ ਦੀ ਪਾਲਿਸੀ ਹੈ ? ਕੀ ਇਹ ਦਸਣਗੇ ਕਿ ਕਦੋਂ ਤਕ ਇਲੈਕਸ਼ਨ ਹੋ ਜਾਣਗੇ ?

**ਮੰਤਰੀ :** ਪੰਚਾਇਤਾਂ ਦੇ ਇਲੈਕਸ਼ਨ ਹੋ ਜਾਣ ਦਿਓ ਉਸ ਦੇ ਬਾਅਦ ਇਹ ਵੀ ਕਰਾਂਗੇ ।

**ਪ੍ਰੋਫੈਸਰ ਬਲਵੰਤ ਸਿੰਘ :** ਪਿਛਲੀ ਵਾਰੀ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦੁਸਹਿਰਾ ਆ ਗਿਆ ਅਤੇ ਫਿਰ ਦੀਵਾਲੀ ਆਦਿ ਆ ਗਈ ਜਿਸ ਕਰ ਕੇ ਇਲੈਕਸ਼ਨ ਨਹੀਂ ਹੋ ਸਕੇ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਹੁਣ ਤਾਂ ਇਸ ਤਰ੍ਹਾਂ ਨਹੀਂ ਕਰਨਗੇ ?

**ਮੰਤਰੀ :** ਮੈਂ ਨਾਲ ਹੀ ਇਹ ਵੀ ਕਿਹਾ ਸੀ ਕਿ ਮਰਦਮ ਸ਼ੁਮਾਰੀ ਦੇ ਦਿਨ ਆ ਗਏ ਸਨ ਜਿਸ ਕਰਕੇ ਇਹ ਇਲੈਕਸ਼ਨ ਦਾ ਕੰਮ ਰਹਿ ਗਿਆ ਸੀ। ਹੁਣ ਜਲਦੀ ਤੋਂ ਜਲਦੀ ਕਰਵਾਵਾਂਗੇ ।

---

### Repairs of inter and outer roads at S.A.S. Nagar

***1277. Sardar Jagat Singh** : Will the Minister for Public Works be pleased to state—

(a) whether he is aware of the fact that the inner and outer roads, particularly the outer main roads of phases 7, 8 and of S.A.S. Nagar are in a State of disrepair;

(b) if the reply to part (a) above be in the affirmative, the time by which the said roads are likely to be repaired and the amount proposed to be earmarked for the said purpose?

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ : (ੳ) ਹਾਂ ਜੀ। ਸੜਕਾਂ ਦੀ ਮੁਰੰਮਤ ਲੋੜੀਂਦੀ ਹੈ।

(ਅ) ਲੋੜੀਂਦੀ ਮੁਰੰਮਤ ਅਗਲੇ ਤਾਰਿੰਗ ਸੀਜ਼ਨ ਵਿਚ ਕੀਤੀ ਜਾਵੇਗੀ।

ਸਰਦਾਰ ਜਗਤ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਮੇਰੇ ਨਾਲ ਗਏ ਸਨ ਅਤੇ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ, ਇਸ ਲਈ ਮੈਨੂੰ ਸ਼ੋਅਰਿਟੀ ਮਿਲਣੀ ਚਾਹੀਦੀ ਹੈ ਕਿ ਕਦੋਂ ਤਕ ਮੇਰੇ ਇਲਾਕੇ ਵਿਚ ਸੜਕਾਂ ਦਾ ਕੰਮ ਮੁਕੰਮਲ ਕਰ ਦੇਣਗੇ ?

ਮੰਤਰੀ : ਇਹ ਸਵਾਲ ਤਾਂ ਪਰਟੀਕੁਲਰਲੀ ਮੋਹਾਲੀ ਬਾਰੇ ਸੀ । ਬਾਕੀ ਜਿਥੋਂ ਤਕ ਮਾੜੀਆਂ ਸੜਕਾਂ ਦਾ ਸਬੰਧ ਹੈ ਆਨਰੇਬਲ ਮੈਂਬਰ ਸਾਹਿਬ ਪ੍ਰਾਇਰਿਟੀਵਾਈਜ਼ ਮੈਨੂੰ ਲਿਖ ਕੇ ਦੇਣ, ਜਿਹੜੀ ਜ਼ਿਆਦਾ ਮੁਰੰਮਤ ਕਰਨ ਵਾਲੀ ਸੜਕ ਹੋਵੇਗੀ ਉਸ ਨੂੰ ਪਹਿਲਾਂ ਕਰਵਾਵਾਂਗੇ ਅਤੇ ਬਾਕੀ ਦੀਆਂ ਨੂੰ ਬਾਅਦ ਵਿਚ ਕਰਵਾਵਾਂਗੇ ।

ਸਰਦਾਰ ਦਲੀਪ ਸਿੰਘ ਪਾਂਧੀ : ਮੋਹਾਲੀ ਇਕ ਪਵਿਤਰ ਅਸਥਾਨ ਹੈ ਅਤੇ ਉਸ ਨੂੰ ਚੰਡੀਗੜ੍ਹ ਦੇ ਮੁਕਾਬਲੇ ਵਿਚ ਡੀਵੈੱਲਪ ਕੀਤਾ ਜਾ ਰਿਹਾ ਹੈ। ਮੋਹਾਲੀ ਦੇ ਫੇਜ਼ 7, 8 ਅਤੇ 9 ਦੀਆਂ ਸੜਕਾਂ ਦਾ ਇਹ ਹਾਲ ਹੈ ਤਾਂ ਕੀ ਵਜ਼ੀਰ ਸਾਹਿਬ ਕੋਈ ਸਪੈਸ਼ਲ ਫੰਡ ਦਾ ਇੰਤਜ਼ਾਮ ਕਰ ਕੇ, ਮੋਹਾਲੀ ਦੀ ਪਵਿਤਰਤਾ ਨੂੰ ਦੇਖਦੇ ਹੋਏ ਅਤੇ ਉਸ ਨੂੰ ਇਕ ਖ਼ੂਬਸੂਰਤ ਸ਼ਹਿਰ ਦੇ ਮੁਕਾਬਲੇ ਵਿਚ ਲਿਆਉਂਦੇ ਹੋਏ ਉਥੇ ਦੀਆਂ ਸੜਕਾਂ ਦੀ ਮੁਰੰਮਤ ਕਰਨ ਦਾ ਪ੍ਰਬੰਧ ਕਰਨਗੇ ? ਕੀ ਉਸ ਬਾਰੇ ਉਚੇਚਾ ਪ੍ਰਬੰਧ ਕਰਨਗੇ ਅਤੇ ਕੋਈ ਟਾਈਮ ਦਸਣਗੇ ਕਿ ਕਦੋਂ ਤਕ ਮੋਹਾਲੀ ਦੀਆਂ ਸਾਰੀਆਂ ਸੜਕਾਂ ਦੀ ਮੁਰੰਮਤ ਕਰਵਾ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਵਿਸ਼ਾ ਜਿਹੜਾ ਹੈ ਇਹ ਅਸਲ ਵਿਚ ਅਰਬਨ ਡੀਵੈੱਲਪਮੈਂਟ ਐਂਡ ਹਾਊਸਿੰਗ ਡਿਪਾਟਟਮੈਂਟ ਦਾ ਹੈ, ਅਸੀਂ ਤਾਂ ਮੇਨਟੀਨੈਂਸ ਕਰਦੇ ਹਾਂ ਅਤੇ ਜਿਉਂ ਜਿਉਂ ਫੰਡਜ਼ ਆਉਂਦੇ ਹਨ ਅਸੀਂ ਮੇਨਟੀਨੈਂਸ ਕਰਦੇ ਹਾਂ।

ਸ੍ਰੀ ਸੇਵਾ ਰਾਮ : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਅਰਬਨ ਐਸਟੇਟ ਨੇ 22 ਲੱਖ ਰੁਪਏ ਦੀ ਸਕੀਮ ਬਣਾ ਕੇ ਭੇਜੀ ਹੈ ਕਿ ਮੋਹਾਲੀ ਨੂੰ ਚੰਡੀਗੜ੍ਹ ਨਾਲ ਲਿੰਕ ਕਰ ਦਿੱਤਾ ਜਾਵੇ। ਕੀ ਸਰਕਾਰ ਉਸ ਲਈ ਤਿਆਰ ਹੈ ?

ਮੰਤਰੀ : ਇਸ ਬਾਰੇ ਇਹ ਨਵਾਂ ਨੋਟਿਸ ਦੇ ਦੇਣ, ਉਸ ਦਾ ਜਵਾਬ ਦੇ ਦਿਆਂਗੇ।

ਸ੍ਰੀ ਰਾਮ ਸਵਰੂਪ ਬਾਗੀ : ਸਪੀਕਰ ਸਾਹਿਬ, ਸੜਕਾਂ ਦਾ ਮਸਲਾ ਸਾਰੇ ਪੰਜਾਬ ਦਾ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਇਹ ਜਿਹੜਾ ਲਾਡਲਾ ਚੀਫ ਇੰਜੀਨੀਅਰ ਹੈ ਉਸ ਨੂੰ ਕਿੰਨੀ ਦੇਰ ਤੱਕ ਛਾਤੀ ਨਾਲ ਲਗਾ ਕੇ ਰੱਖਣਗੇ ? ਉਹ ਸਾਰੇ ਪੰਜਾਬ ਵਿਚ ਸੜਕਾਂ ਦੀ ਬਦਨਾਮੀ ਕਰਵਾ ਰਿਹਾ ਹੈ ?

ਮੰਤਰੀ : ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

ਸਰਦਾਰ ਆਤਮਾ ਸਿੰਘ : ਸਪੀਕਰ ਸਾਹਿਬ, ਮੈਂ ਸਤਿਕਾਰ ਯੋਗ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਇਹ ਸਰਕਾਰ ਆਈ ਹੈ ਉਦੋਂ ਤੋਂ ਪੰਜਾਬ ਵਿਚ ਸੜਕਾਂ ਦੀ ਆਮ

Original with;
Punjab Vidhan Sabha
Digitized by;
Panjab Digital Library

[ਸਰਦਾਰ ਆਤਮਾ ਸਿੰਘ]

ਤੌਰ ਤੇ ਮੁਰੰਮਤ ਨਹੀਂ ਹੋਈ। ਸੜਕਾਂ ਤੇ ਖੱਡੇ ਪੈ ਗਏ ਹਨ ਅਤੇ ਉਥੋਂ ਦੀ ਲੰਘਣਾ ਔਖਾ ਹੋ ਗਿਆ ਹੈ। ਪਿਛਲੀ ਬਰਸਾਤ ਨਾਲ ਅਤੇ ਹੁਣ ਦੀ ਬਰਸਾਤ ਨਾਲ ਵੀ ਸੜਕਾਂ ਦਾ ਬੜਾ ਭਾਰੀ ਨੁਕਸਾਨ ਹੋਇਆ ਹੈ। ਕੀ ਵਜ਼ੀਰ ਸਾਹਿਬ ਕ੍ਰਿਪਾ ਕਰ ਕੇ ਸਪੈਸ਼ਲ ਫੰਡ ਦਾ ਪ੍ਰਬੰਧ ਕਰ ਕੇ ਅਤੇ ਓਵਰ ਡਰਾਫਟਿੰਗ ਦਾ ਖਿਆਲ ਨਾ ਰਖਦੇ ਹੋਏ ਸੜਕਾਂ ਦੀ ਮੁਰੰਮਤ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਨੇ ਜਨਰਲ ਜਿਹਾ ਸਵਾਲ ਕੀਤਾ ਹੈ ਅਤੇ ਤਕਰੀਰ ਕਰ ਕੇ ਓਵਰ ਡਰਾਫਟਿੰਗ ਦੀ ਗਲ ਵੀ ਕੀਤੀ ਹੈ। ਮੈਂ ਤਾਂ ਇਹੀ ਅਰਜ਼ ਕਰਾਂਗਾ ਕਿ ਆਪਾਂ ਇਕੱਠੇ ਬੈਠ ਜਾਂਦੇ ਹਾਂ ਅਤੇ ਕੋਈ ਨਾ ਕੋਈ ਹੱਲ ਕੱਢ ਲੈਂਦੇ ਹਾਂ।

---

## Link road from village Nangal to Lehra

***1288. Jathedar Gurbachan Singh Lakhmirwala** (Put by Dr. Bhagat Singh) : Will the Minister for Public Works be pleased to state whether it is a fact that link road from village Nangla to Lehra in the Sunam Assembly Constituency has already been sanctioned, if so, the time by which it is likely to be constructed ?

**ਸਰਦਾਰ ਬੇਅੰਤ ਸਿੰਘ** : ਜੀ ਹਾਂ। ਲਹਿਰੇ ਤੋਂ ਅਰਕਬਾਸ ਤੀਕ ਸੜਕ ਪਹਿਲਾਂ ਹੀ ਬਣੀ ਹੋਈ ਹੈ। ਅਰਕਬਾਸ ਤੋਂ ਨਾਗਲਾ 5.50 ਕਿਲੋਮੀਟਰ ਲੰਬੀ ਇੰਟਰ-ਲਿੰਕ ਸੜਕ ਮਾਰਕੀਟ ਕਮੇਟੀ ਲਹਿਰਾ-ਗਾਗਾ ਦੇ ਫੰਡਾਂ ਨਾਲ ਅਗਸਤ, 1978 ਵਿਚ ਮੰਜ਼ੂਰ ਕੀਤੀ ਗਈ ਸੀ। ਮਾਰਕੀਟ ਕਮੇਟੀ ਵਲੋਂ ਪਹਿਲੋਂ ਜਮ੍ਹਾਂ ਕਰਵਾਏ ਸਾਰੇ ਫੰਡ ਵਰਤੇ ਗਏ ਸਨ। ਸੁਪਰੀਮਕੋਰਟ ਦੇ ਫੈਸਲੇ ਅਨੁਸਾਰ, ਮਾਰਕੀਟ ਕਮੇਟੀ ਵਲੋਂ ਹੋਰ ਫੰਡ ਜਮ੍ਹਾਂ ਨਹੀਂ ਸਨ ਕਰਵਾਏ ਗਏ ਅਤੇ ਇਹ ਇੰਟਰ-ਲਿੰਕ ਮੁਕੰਮਲ ਨਹੀਂ ਸੀ ਕੀਤੀ ਜਾ ਸਕੀ।

ਇਸ ਸੜਕ ਨੂੰ ਉਸ ਵੇਲੇ ਹੀ ਮੁਕੰਮਲ ਕੀਤਾ ਜਾਵੇਗਾ ਜਦੋਂ ਇਸ ਲਈ ਧੰਨ ਪਰਾਪਤ ਹੋ ਸਕਿਆ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਇਨ੍ਹਾਂ ਨੇ ਸੁਪਰੀਮ ਕੋਰਟ ਦਾ ਜ਼ਿਕਰ ਕੀਤਾ ਹੈ। ਬੜੇ ਚਿਰ ਤੋਂ ਮਾਰਕਿਟ ਕਮੇਟੀਆਂ ਅਤੇ ਮਾਰਕੀਟਿੰਗ ਬੋਰਡ ਦਾ ਪੈਸਾ ਡੰਪ ਹੋਇਆ ਪਿਆ ਹੈ ਅਤੇ ਜਦ ਵੀ ਅਸੀਂ ਕੋਈ ਬੇਨਤੀ ਕਰਦੇ ਹਾਂ ਜਾਂ ਸਵਾਲ ਕਰਦੇ ਹਾਂ ਤਾਂ ਇਹ ਜਵਾਬ ਦੇ ਦਿੰਦੇ ਹਨ ਕਿ ਜਨਰਲ ਜਿਹਾ ਸਵਾਲ ਹੈ। ਇਸ ਤੋਂ ਪਹਿਲਾਂ ਵੀ ਅਸੈਂਬਲੀ ਵਿੱਚ ਕਈ ਵੇਰ ਸਵਾਲ ਆ ਚੁਕੇ ਹਨ ਅਤੇ ਅਜ ਫਿਰ ਆਇਆ ਹੈ ਅਤੇ ਇਹ ਕਹਿ ਦਿਤਾ ਕਿ ਇਕੱਠੇ ਬੈਠ ਕੇ ਵਿਚਾਰ ਕਰ ਲਵਾਂਗੇ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਦੇ ਬਾਰੇ ਅਪੋਜ਼ੀਸ਼ਨ ਵਾਲਿਆਂ ਨੂੰ ਇਨਵਾਈਟ ਕਰ ਕੇ ਕੋਈ ਮੀਟਿੰਗ ਰਖਣਗੇ ਤਾਂ ਕਿ ਜਿਹੜਾ ਸੜਕਾਂ ਦਾ ਬੁਰਾ ਹਾਲ ਹੈ ਉਨ੍ਹਾਂ ਦੀ ਹਾਲਤ ਠੀਕ ਹੋ ਸਕੇ ਅਤੇ ਇਹ ਰੁਪਿਆ ਜੋ ਡੰਪ ਪਿਆ ਹੈ ਉਹ ਵਰਤਿਆ ਜਾ ਸਕੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਉਸ ਦਿਨ ਵੀ ਇਹੀ ਅਰਜ਼ ਕੀਤੀ ਸੀ ਕਿ ਇਸ ਦਾ ਉਨ੍ਹਾਂ ਸੜਕਾਂ ਨਾਲ ਸਬੰਧ ਹੈ ਜਿਹੜੀਆਂ ਮਾਰਕਿਟ ਕਮੇਟੀਆਂ ਨੇ ਬਣਾਈਆਂ ਹਨ, ਸੁਪਰੀਮ ਕੋਰਟ ਦੀ ਜਜਮੈਂਟ ਦਾ ਸਿਰਫ ਉਨ੍ਹਾਂ ਸੜਕਾਂ ਨਾਲ ਹੀ ਸਬੰਧ ਹੈ ਲੇਕਿਨ ਬਾਕੀ ਦੀਆਂ ਜਿਹੜੀਆਂ ਸੜਕਾਂ ਹਨ ਉਨ੍ਹਾਂ ਦੇ ਲਈ ਸਾਡੇ ਪਾਸ ਫੰਡਜ਼ ਹਨ ਔਰ ਅਸੀਂ ਮੁਰੰਮਤ ਕਰਦੇ ਹਾਂ । ਲੇਕਿਨ ਜੋ ਮਾਰਕਿਟ ਕਮੇਟੀਆਂ ਦਾ ਪੈਸਾ ਹੈ ਉਸ ਨਾਲ ਕੀ ਅਸੀਂ ਮੁਰੰਮਤ ਕਰ ਸਕਦੇ ਹਾਂ ਜਾਂ ਨਹੀਂ ; ਜਾਂ ਉਹ ਰੁਪਿਆ ਅਸੀਂ ਇਸਤੇਮਾਲ ਕਰ ਸਕਦੇ ਹਾਂ ਜਾਂ ਨਹੀਂ ਉਸ ਦੇ ਲਈ ਸੁਪਰੀਮ ਕੋਰਟ ਦੀ ਜਜਮੈਂਟ ਨੂੰ ਅਸੀਂ ਚਲੰਜ ਨਹੀਂ ਕਰ ਸਕਦੇ । ਤਦੇ ਹੀ ਮੈਂ ਅਰਜ਼ ਕੀਤੀ ਸੀ ਕਿ ਇਕਠ ਬੈਠ ਕੇ ਅਸੀਂ ਕੋਈ ਨਾ ਕੋਈ ਤਰੀਕਾ ਕਢਾਂਗੇ ; ਮਾਰਕੀਟ ਕਮੇਟੀਆਂ ਦੀਆਂ ਸੜਕਾਂ ਨੂੰ ਟੇਕ ਓਵਰ ਕਰ ਲਵਾਂਗੇ ਜਾਂ ਹੋਰ ਕੁਝ ਕਥਾਂਗੇ, ਇਹ ਬੈਠ ਕੇ ਫੈਸਲਾ ਕਰਨਾ ਹੈ। ਮੈਂ ਇਥੇ ਹਾਊਸ ਨੂੰ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਜਿਹੜਾ ਵੀ ਕੰਮ ਕਰਾਂਗੇ ਉਸ ਦੇ ਲਈ ਅਪੋਜ਼ੀਸ਼ਨ ਵਾਲਿਆਂ ਦੀ ਰਾਇ ਲੈ ਕੇ ਗਲ ਕਰਾਂ-ਗੇ ।

**ਸ੍ਰੀ ਸੰਤ ਰਾਮ ਸਿੰਗਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਪਤਾ ਹੈ ਕਿ ਲਿੰਕ ਰੋਡਜ਼ ਦੀ ਰਿਪੇਅਰ ਵਾਸਤੇ ਜਨਰਲ ਬਜਟ ਵਿਚ ਪ੍ਰੋਵੀਜ਼ਨ ਕੀਤਾ ਗਿਆ ਸੀ । ਇਨ੍ਹਾਂ ਦੀ ਹਾਲਤ ਚਿੰਤਾ ਜਨਕ ਹੈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਵਿਚੋਂ ਇਸ ਸਾਲ ਲਿੰਕ ਰੋਡਜ਼ ਤੇ ਕੁਝ ਪੈਸਾ ਲਗਿਆ ਹੈ ?

**ਮੰਤਰੀ** : ਸਪੀਕਰ ਸਾਹਬ, ਪਿਛਲੇ ਸਾਲ ਨਵੇਂ ਫਸਟ ਲਿੰਕਸ ਬਣੇ ਸਨ, ਇੰਟਰ ਲਿੰਕ ਰੋਡਜ਼ ਨਹੀਂ ਬਣੀਆਂ । ਅਸੀਂ ਫਸਟ ਲਿੰਕ ਪਿੰਡਾਂ ਵਿਚ ਦਿਤਾ ਹੈ । ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਅਸੀਂ ਬਹੁਤ ਸਾਰੇ ਪਿੰਡਾਂ ਵਿਚ ਫਸਟ ਲਿੰਕ ਦੇ ਕੇ ਪਿਡਾਂ ਨੂੰ ਲਿਕ ਕੀਤਾ ਹੈ ਔਰ ਕੁਝ ਐਸੇ ਰਹਿ ਗਏ ਹਨ ਜਿਹੜੇ ਬੇਚਰਾਗੇ ਹਨ ਜਾਂ ਜਿਥੇ ਕੋਈ ਰਾਹ ਨਹੀਂ । ਸਿਗਲਾ ਸਾਹਿਬ ਨੇ ਸਪੀਕਰ ਸਾਹਿਬ, ਇਕ ਜਨਰਲ ਸਵਾਲ ਕੀਤਾ ਹੈ ਜਿਸ ਦਾ ਜਵਾਬ ਜਨਰਲ ਤੌਰ ਤੇ ਦਿਤਾ ਜਾ ਸਕਦਾ ਹੈ । ਅਗਰ ਇਹ ਕੋਈ ਸਪੈਸੇਫਿਕ ਕੁਐਸਚਨ ਕਰ ਕੇ ਕੋਈ ਸਪੈਸੇਫਿਕ ਕੇਸ ਮੈਨੂੰ ਦਸ ਦੇਣ, ਅਸੀਂ ਦੇਖ ਲਵਾਂਗੇ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੁਪਰੀਮ ਕੋਰਟ ਨੇ ਆਪਣੀ ਜਜਮੈਂਟ ਵਿੱਚ ਇਹ ਕਿਹਾ ਹੈ ਕਿ ਕਿਉਂ ਕਿ ਇਹ ਟੈਕਸ ਨਹੀਂ ਇਹ ਲੇਵੀ ਹੈ ਅਤੇ ਜਿਨ੍ਹਾਂ ਤੋਂ ਤੁਸੀਂ ਲੇਵੀ ਚਾਰਜ ਕਰਦੇ ਹੋ ਇਹ ਰੁਪਿਆ ਉਨ੍ਹਾਂ ਤੇ ਹੀ ਖਰਚਿਆ ਜਾ ਸਕਦਾ ਹੈ । ਕੀ ਇਸ ਗਲ ਨੂੰ ਮੁਖ ਰਖਦੇ ਹੋਏ ਅਗਰ ਕਿਸੇ ਮੰਡੀ ਦੇ ਆੜ੍ਹਤੀਏ ਸਮੁਚੇ ਤੌਰ ਤੇ ਕਿਸੇ ਮਤੇ ਰਾਹੀਂ ਸਰਕਾਰ ਨੂੰ ਇਹ ਬੇਨਤੀ ਕਰਨ ਕਿ ਇਹ ਸੜਕਾਂ ਦੀ ਮੁਰੰਮਤ ਕਰਨ ਨਾਲ ਜਾਂ ਹੋਰ ਲਿੰਕ ਸੜਕਾਂ ਬਣਾ ਕੇ ਦੇਣ ਨਾਲ ਸਾਡੇ ਵਪਾਰ ਵਿੱਚ ਵਾਧਾ ਹੋਵੇਗਾ ਅਤੇ ਕਿਸਾਨਾਂ ਨੂੰ ਅਨਾਜ ਲਿਆਉਣ ਵਿੱਚ ਹੋਰ ਸਹੂਲਤ ਹੋਵੇਗੀ ਤਾਂ ਕੀ ਇਸ ਪ੍ਰਪੋਜ਼ਲ ਨੂੰ ਜੋ ਸੁਪਰੀਮ ਕੋਰਟ ਦੀ ਜਜਮੈਂਟ ਦੇ ਅਨੁਸਾਰ ਹੈ, ਉਸ ਨੂੰ ਵਜ਼ੀਰ ਸਾਹਿਬ ਕੰਸਿਡਰ ਕਰਨ ਨੂੰ ਤਿਆਰ ਹਨ ?

**Minister** : I can only examine it.

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਇਸ ਸਵਾਲ ਦੇ ਵਿਚੋਂ ਇਕ ਬੜਾ ਅਹਿਮ ਨੁਕਤਾ ਅਰਾਇਜ਼ ਹੋਇਆ ਹੈ ਕਿ ਜਿਹੜੀ ਮਾਰਕਿਟ ਕਮੇਟੀ ਪੈਸੇ ਜਮ੍ਹਾਂ ਕਰਾਏਗੀ ਉਥੇ ਸੜਕ ਬਣ ਜਾਵੇਗੀ

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਕੁਝ ਕਮੇਟੀਆਂ ਨੇ ਪੈਸੇ ਜਮ੍ਹਾਂ ਕਰਵਾਏ ਸੀ ਅਤੇ ਉਹ ਵਰਤੇ ਗਏ । ਹੁਣ ਉਹ ਪੈਸ ਜਮ੍ਹਾਂ ਨਹੀਂ ਕਰਵਾ ਸਕਦੇ ਕਿਉਂਕਿ ਇਸ ਸਬੰਧ ਵਿਚ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਇਸ ਤੇ ਬੈਨ ਲਗ ਗਿਆ ਹੈ। ਸਰਦਾਰ ਪ੍ਰਕਾਸ਼ ਸਿੰਘ ਦੀ ਸਰਕਾਰ ਵੇਲੇ ਵੀ ਇਹ ਗਲ ਸੀ । ਉਸ ਵੇਲੇ ਸ਼ਾਇਦ ਇਹ ਫੈਸਲਾ ਹੋਇਆ ਸੀ ਕਿ ਲੋਕਾਂ ਕੋਲੋਂ ਸੁਪਰੀਮ ਕੋਰਟ ਦੇ ਬਰਖਿਲਾਫ ਅਪੀਲ ਕਰਵਾ ਕੇ ਉਸ ਫੈਸਲੇ ਨੂੰ ਰੱਦ ਜਾਂ ਅਮੈਂਡ ਕਰਵਾਇਆ ਜਾਵੇਗਾ । ਉਹ ਸਰਕਾਰ ਫਿਰ ਟੁਟ ਗਈ । ਹੁਣ ਇਨ੍ਹਾਂ ਦੀ ਸਰਕਾਰ ਨੂੰ ਵੀ ਡੇਢ ਸਾਲ ਹੋ ਗਿਆ ਹੈ ਅਤੇ ਦੋ ਵਾਰ ਬਜਟ ਵੀ ਇਹ ਸਰਕਾਰ ਪੇਸ਼ ਕਰ ਚੁਕੀ ਹੈ ਪਰ ਇਸ ਦੇ ਬਾਰੇ ਕੋਈ ਇਨ੍ਹਾਂ ਨੇ ਫੈਸਲਾ ਨਹੀਂ ਕੀਤਾ । ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਦੇ ਲਈ ਕੋਈ ਉਪਰਾਲਾ ਕਰਨ ਤਾਂ ਕਿ ਉਹ ਰੁਪਿਆ ਸਟੈਗਨੈਂਟ ਨਾ ਰਹੇ । ਕੋਈ ਬਿਲ ਵਗੈਰਾ ਇਥੇ ਲੈ ਆਉਣ ਅਸੀਂ ਇਨ੍ਹਾਂ ਦੀ ਹੈਲਪ ਕਰਾਂਗੇ । ਪਿਛਲੇ ਬਜਟ ਸੈਸ਼ਨ ਵਿਚ ਵੀ ਕਾਂਗਰਸ ਸਰਕਾਰ ਨੇ ਇਹ ਗਲ ਕਹੀ ਸੀ ਕਿ ਅਸੀਂ ਮਾਰਕਿਟਿੰਗ ਬੋਰਡ ਦੇ ਜਮ੍ਹਾਂ ਹੋਏ ਪੈਸੇ ਨੂੰ ਪਿੰਡਾਂ ਦੀਆਂ ਸੜਕਾਂ ਬਨਾਉਣ ਲਈ ਵਰਤਣ ਲਈ ਛੇਤੀ ਤੋਂ ਛੇਤ ਸੁਪਰੀਮ ਕੋਰਟ ਵਲੋਂ ਲੱਗੇ ਪ੍ਰਤੀਬੰਧ ਦਾ ਹੱਲ ਕਢਦਿਆਂ ਹੋਇਆਂ ਅਸੀਂ ਇਸ ਸੈਸ਼ਨ ਵਿਚ ਬਿਲ ਲਿਆ ਰਹੇ ਹਾਂ । ਪ੍ਰੰਤੂ ਹਾਲੇ ਤਕ ਕੋਈ ਅਜਿਹਾ ਬਿਲ ਹਾਊਸ ਵਿਚ ਨਹੀਂ ਆਇਆ ।

**ਮੰਤਰੀ** : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਕੋਈ ਸਵਾਲ ਨਹੀਂ ਪੁਛਿਆ, ਇਨ੍ਹਾਂ ਨੇ ਸੁਝਾਓ ਦਿਤਾ ਹੈ । ਇਸ ਦੇ ਉਤੇ ਜੇ ਕੋਈ ਠੋਸ ਸੁਝਾਓ ਦੇਣ ਤਾਂ ਅਸੀਂ ਵਿਚਾਰ ਕਰ ਲਵਾਂਗੇ । ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਅਸੀਂ ਜੋ ਵੀ ਕਰਾਂਗੇ ਉਹ ਅਸੀਂ ਅਪੋਜ਼ੀਸ਼ਨ ਦੀ ਸਲਾਹ ਨਾਲ ਕੰਮ ਕਰਾਂਗੇ ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਜਿਥੇ ਲਿੰਕ ਰੋਡਜ਼ ਬਣਨੀਆਂ ਹਨ ਉਥੇ ਕਈ ਥਾਂਵਾਂ ਤੇ ਮੈਟੀਰੀਅਲ ਪਿਆ ਹੈ ਅਤੇ ਬਰਬਾਦ ਹੋ ਰਿਹਾ ਹੈ ਅਤੇ ਕਾਫੀ ਸਮੇਂ ਤੋਂ ਸੜਕਾਂ ਬਣਨ ਵਾਲੀਆਂ ਪਈਆਂ ਹਨ । ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਸਪੈਸ਼ਲ ਉਪਰਾਲਾ ਕਰ ਕੇ ਉਨ੍ਹਾਂ ਸੜਕਾਂ ਨੂੰ ਮੁਕੰਮਲ ਕਰਾਉਣਗ ਤਾਂ ਕਿ ਮੈਟੀਰੀਅਲ ਖਰਾਬ ਨਾ ਹੋਵੇ । ਇਸ ਬਾਰੇ ਸਰਕਾਰ ਦਾ ਕੀ ਇਰਾਦਾ ਹੈ ? ਜੇ ਸਰਕਾਰ ਦਾ ਕੋਈ ਇਰਾਦਾ ਹੈ ਤਾਂ ਕਿੰਨੇ ਸਮੇਂ ਤਕ ਉਹ ਸੜਕਾਂ ਮੁਕੰਮਲ ਕਰਵਾ ਦੇਣਗੇ ?

**ਮੰਤਰੀ** : ਸਰਕਾਰ ਦਾ ਪੱਕਾ ਇਰਾਦਾ ਹੈ ਕਿ ਸੜਕਾਂ ਦੀ ਮੁਰੰਮਤ ਕੀਤੀ ਜਾਵੇ । ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਮੈਟੀਰੀਅਲ ਖ਼ਰਾਬ ਹੋ ਰਿਹਾ ਹੈ ਉਸ ਦੇ ਬਾਰੇ ਮੈਂ ਪਹਿਲਾਂ ਵੀ ਕਹਿ ਚੁਕਾ ਹਾਂ ਕਿ ਜੇ ਕੋਈ ਸਪਸਿਫਿਕ ਸੜਕ ਬਹੁਤ ਖਰਾਬ ਹੈ ਤਾਂ ਉਹ ਦਸ ਦੇਣ । ਜੈਨਰਲ ਸਵਾਲ ਕੀਤਾ ਹੈ ਉਸ ਦਾ ਜਵਾਬ ਤਾਂ ਇਹ ਹੈ ਕਿ ਅਸੀਂ ਮੁਰੰਮਤ ਕਰਾਉਣ ਲਈ ਤਤਪਰ ਹਾਂ ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੇਰੇ ਇਲਾਕੇ ਵਿਚ ਪਬਲਿਕ ਵਰਕਸ ਡੀ-ਪਾਰਟਮੈਂਟ ਦੀਆਂ ਚਾਰ ਸੜਕਾਂ ਹਨ--ਓਲਡ ਸਮਰਾਲਾ ਰੋਡ, ਲਿਕ ਰੋਡ, ਗਿਲ ਰੋਡ ਅਤੇ ਜੀ. ਟੀ. ਰੋਡ। ਤਿਨ ਸਾਲ ਇਥੇ ਅਕਾਲੀ ਸਰਕਾਰ ਰਹਿ ਗਈ ਹੈ ਅਤੇ ਦੋ ਸਾਲ ਸਾਡੀ ਸਰਕਾਰ ਬਣੀ ਨੂੰ ਹੋਣ ਲਗੇ ਹਨ । ਇਹ ਸੜਕਾਂ ਕਦੋਂ ਬਣਨੀਆਂ ਸ਼ੁਰੂ ਹੋਣਗੀਆਂ । ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਵਿੱਚ ਵੀ ਰੈਜ਼ੋਲਿਊਸ਼ਨ ਪਾਸ ਹੋਇਆ ਸੀ ਕਿ ਜਲਦੀ ਤੋਂ ਜਲਦੀ ਬਣਾਈਆਂ ਜਾਣ ਪਰ ਕੋਈ ਨੋਟਿਸ ਨਹੀਂ ਲਿਆ ਜਾਂਦਾ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਦੇ ਲਈ ਕੋਈ ਕੋਸ਼ਿਸ਼ ਕਰਨਗੇ ਤਾਕਿ ਜਲਦੀ ਤੋਂ ਜਲਦੀ ਬਣ ਸਕਣ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬ ਸ਼ਹਿਰ ਦੇ ਰਹਿਣ ਵਾਲੇ ਹਨ ਉਨ੍ਹਾਂ ਨੂੰ ਪਿੰਡਾਂ ਦੀਆਂ ਸੜਕਾਂ ਦਾ ਨਹੀਂ ਪਤਾ। ਸ਼ਹਿਰ ਦੀਆਂ ਜਿਹੜੀਆਂ ਸੜਕਾਂ ਹਨ ਉਨ੍ਹਾਂ ਦੀ ਹਾਲਤ ਬੜੀ ਚੰਗੀ ਹੈ। ਲੇਕਿਨ ਕਿਤੇ ਕਿਤੇ ਇਹ ਗਲ ਹੈ ਕਿ ਸੀਵਰਜ ਨਹੀਂ ਪਿਆ ਹੁਦਾ ਜਾਂ ਸਟੌਰਮ ਵਾਟਰ ਸੀਵਰੇਜ ਨਹੀਂ ਹੁੰਦਾ। ਇਸੇ ਲਈ ਮੈਂ ਅਰਜ਼ ਕੀਤੀ ਹੈ ਕਿ ਇਨ੍ਹਾਂ ਸੜਕਾਂ ਦਾ ਦੂਜੀਆਂ ਸੜਕਾਂ ਨਾਲ ਕਮਪੇਰੀਜ਼ਨ ਕਰ ਲਣ, ਜਿਹੜੀਆਂ ਮਾੜੀਆਂ ਹਨ ਉਹ ਦੱਸ ਦੇਣ, ਉਨ੍ਹਾਂ ਨੂੰ ਪਹਿਲਾਂ ਬਣਾਉਣਾ ਹੈ।

## STARRED QUESTION NO. 1283

**Mr. Speaker** :Extension has been asked for in respect of Starred Question No. 1283.

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੇਰਾ ਜਵਾਬ ਇਸੇ ਸੈਸ਼ਨ ਵਿਚ ਦਿਵਾਓ।

**ਸ੍ਰੀ ਸਪੀਕਰ** : ਮੈਂ 5 ਤਾਰੀਖ ਤਕ ਐਕਸਟੈਨਸ਼ਨ ਦਿੱਤੀ ਹੈ।

## ਨਿਸ਼ਨ ਵਾਲੇ ਪ੍ਰਸ਼ਨ ਨੰਬਰ 1276

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

## Purchase for a New Car and a carpet by the Director Public Instruction (Colleges)

***1310(1) Sardar Gurdev Singh Badal**
**(2) Sardar Atma Singh** } : Will the Minister for Education by pleased to state—

(a) whether the Government has permitted the Director, Public Instruction (Colleges), Punjab, to purchase a new car for his official use and a new carpet for his office; if so, the details of the amount spent or likely to be spent thereon.

(b) the reasons which necessitated the purchase of the items referred to in part (a) above:

(c) the date on which the present incumbent took charge of the post of Director of Public Instruction(Colleges)?

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੳ) ਹਾਂ ਜੀ। ਸਰਕਾਰ ਨੇ ਪੁਰਾਣੀ ਕਾਰ ਨੰ: ਪੀ.ਯੂ. ਆਰ. 4141 ਜੋ ਕਿ ਮੋਟਰ ਵਹੀਕਲ ਬੋਰਡ ਵਲੋਂ ਕੰਡਮ ਕੀਤੀ ਜਾ ਚੁੱਕੀ ਹੈ, ਦੇ ਇਵਜ਼ ਵਿਚ ਨਵੀਂ ਗੱਡੀ ਦੀ ਖਰੀਦ ਦੀ ਪਰਵਾਨਗੀ ਦਿਤੀ ਹੈ। ਇਹ ਕਾਰ ਮੋਟਰ ਵਹੀਕਲਜ਼ ਬੋਰਡ ਵਲੋਂ ਮਿਤੀ 7 ਅਗਸਤ, 1981 ਨੂੰ ਕੰਡਮ ਹੋਈ ਸੀ ਅਤੇ ਨਵੀਂ ਕਾਰ ਦੀ ਖਰੀਦ ਦੀ ਮਨਜ਼ੂਰੀ 80,000 ਰੁਪਏ ਦੀ ਲਾਗਤ ਤਕ ਖਰੀਦਣ ਦੀ ਦਿਤੀ ਗਈ ਹੈ। ਇਹ ਨਵੀਂ ਕਾਰ ਮਿਤੀ 11 ਦਸੰਬਰ, 1981 ਨੂੰ ਖਰੀਦੀ ਗਈ ਹੈ। ਕੋਈ ਨਵਾਂ ਕਾਰਪੇਟ ਨਹੀਂ ਖਰੀਦਿਆ ਗਿਆ।

***For Starred Question No. 1283 and reply thereto please see Debate dated 16th March, 1982.**

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

(ਅ) ਇਕ ਪੁਰਾਣੀ ਕਾਰ ਪੀ.ਯੂ.ਆਰ. 4141 ਮੋਟਰ ਵਹੀਕਲ ਬੋਰਡ ਨੇ ਮਿਤੀ 7 ਅਗਸਤ, 1981 ਨੂੰ ਕੰਡਮ ਡਿਕਲੇਅਰ ਕੀਤੀ ਸੀ ਜਿਸ ਦੇ ਬਦਲੇ ਨਵੀਂ ਕਾਰ ਦੀ ਖਰੀਦ ਕਰਨੀ ਜ਼ਰੂਰੀ ਸੀ।

(ੲ) ਨਵੇਂ ਡਾਇਰੈਕਟਰ ਸਿਖਿਆ ਵਿਭਾਗ (ਕਾਲਜ) ਨੇ ਆਪਣਾ ਚਾਰਜ ਮਿਤੀ 5 ਨਵੰਬਰ, 1981 ਬਾਅਦ ਦੁਪਹਿਰ ਤੋਂ ਸੰਭਾਲਿਆ ਹੈ ।

**ਸਰਦਾਰ ਆਤਮਾ ਸਿੰਘ :** ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ 7 ਅਗਸਤ, 1981 ਨੂੰ ਪਹਿਲੀ ਕਾਰ ਕੰਡਮ ਕਰ ਦਿੱਤੀ ਗਈ ਔਰ ਇਹ ਵੀ ਫਰਮਾਇਆ ਕਿ 11 ਦਸੰਬਰ, 1981 ਨੂੰ ਨਵੀਂ ਕਾਰ ਖਰੀਦੀ ਗਈ। ਇਸ 3 ਮਹੀਨੇ ਦੇ ਸਮੇਂ ਦੌਰਾਨ ਜਿਹੜਾ ਪਹਿਲਾ ਡੀ.ਪੀ. ਆਈ. ਸੀ ਉਹ ਪਹਿਲੀ ਕਾਰ ਤੇ ਦੌਰੇ ਕਰਦਾ ਰਿਹਾ । ਇਹ ਵੀ ਫਰਮਾਇਆ ਕਿ ਨਵੇਂ ਡੀ. ਪੀ. ਆਈ. ਨੇ 3 ਨਵੰਬਰ, 1981 ਨੂੰ ਚਾਰਜ ਲਿਆ । ਮੈਂ ਪੁਛਣਾ ਚਾਹੁੰਦਾ ਹਾਂ ਕਿ ਅਗਰ ਪੁਰਾਣਾ ਡੀ. ਪੀ. ਆਈ. ਪੁਰਾਣੀ ਕਾਰ ਨਾਲ ਸਰਕਾਰ ਦਾ ਕੰਮ ਕਰ ਸਕਦਾ ਸੀ ਤਾਂ ਕੀ ਲੋੜ ਪਈ ਸੀ 80 ਹਜ਼ਾਰ ਰੁਪਏ ਖਰਚ ਕਰ ਕੇ ਨਵੀਂ ਕਾਰ ਖਰੀਦਣ ਦੀ ?

**ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਸਮਝਣ ਦਾ ਯਤਨ ਕੀਤਾ ਹੈ ਪਰ ਸੁਆਲ ਵਿਚ ਮੈਨੂੰ ਕੋਈ ਸੱਬਸਟਾਂਸ ਨਹੀਂ ਮਿਲ ਸਕਿਆ । ਮੈਂ ਪੋਜ਼ੀਸ਼ਨ ਕਲੀਅਰ ਕੀਤੀ ਹੈ ਕਿ ਪਹਿਲੀ ਕਾਰ ਕੰਡੈਮ ਹੋ ਚੁਕੀ ਸੀ। ਮੈਨੂੰ ਸਮਝ ਨਹੀਂ ਆਉਂਦੀ ਕਿ ਨਵੀਂ ਕਾਰ ਲੈਣ ਦੀ ਕੀ ਬੰਦਸ਼ ਸੀ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, 7 ਅਗਸਤ, 1981 ਨੂੰ ਕਾਰ ਕੰਡਮ ਹੋ ਗਈ। ਉਸ ਦੇ ਬਾਦ 3 ਮਹੀਨੇ ਡੀ. ਪੀ. ਆਈ. ਕਿਹੜੀ ਕਾਰ ਤੇ ਕੰਮ ਕਰਦਾ ਰਿਹਾ ?

**ਸ੍ਰੀ ਸਪੀਕਰ :** ਸਰਦਾਰ ਆਤਮਾ ਸਿੰਘ ਜੀ, ਗੱਡੀ 80 ਹਜ਼ਾਰ ਕਿਲੋ ਮੀਟਰ ਚਲਣ ਬਾਦ ਕੰਡੈਮ ਹੋ ਜਾਂਦੀ ਹੈ ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਆਮ ਤੌਰ ਤੇ ਐਂਬੈਸੇਡਰ ਕਾਰ ਦੀ ਕੀਮਤ 70,000 ਰੁਪਏ ਹੈ, ਪਰ ਇਥੇ 80,000 ਰੁਪਏ ਖਰਚ ਕੀਤੇ ਗਏ ਹਨ । ਮੰਤਰੀ ਸਾਹਿਬ, ਕਿਰਪਾ ਕਰ ਕੇ ਦੱਸਣ ਦੀ ਖੇਚਲ ਕਰਨ ਕਿ 10 ਹਜ਼ਾਰ ਰੁਪਏ ਵਾਧੂ ਕਿਉਂ ਖਰਚ ਕੀਤੇ ਗਏ ; ਕੀ ਉਸ ਕਾਰ ਵਿਚ ਕੋਈ ਆਯਾਸ਼ੀ ਵਾਲਾ ਸਾਮਾਨ ਲਗਾਇਆ ਗਿਆ ਹੈ? ਕੀ ਉਸ ਕਾਰ ਦੇ ਸ਼ੀਸ਼ੇ ਕਾਲੇ ਕੀਤੇ ਗਏ ਹਨ ਜਾਂ ਦੱਸਣ ਕਿ ਕੀ ਚੀਜ਼ ਵਾਧੂ ਪਾਈ ਗਈ ਹੈ ਜਿਸ ਕਰ ਕੇ ਦਸ ਹਜ਼ਾਰ ਰੁਪਏ ਵਾਧੂ ਖਰਚ ਕੀਤੇ ਗਏ ਹਨ ?

**ਮੰਤਰੀ :** ਸਪੀਕਰ ਸਾਹਿਬ, ਉਮਰ ਦੇ ਲਿਹਾਜ਼ ਨਾਲ ਆਯਾਸ਼ੀ ਦੀ ਗਲ ਸੋਚਣੀ ਨਹੀਂ ਚਾਹੀਦੀ ਲੇਕਿਨ ਮੈਂ ਇਸ ਗਲ ਦਾ ਜਵਾਬ ਨਹੀਂ ਦੇਣਾ।

ਇਨ੍ਹਾਂ ਨੇ ਪੁਛਿਆ ਹੈ ਕਿ 10 ਹਜ਼ਾਰ ਰੁਪਏ ਫਾਲਤੂ ਕਿਉਂ ਖਰਚ ਕੀਤੇ ਗਏ ; ਮੈਂ ਦਸਦਾ ਹਾਂ ਕਿ ਡੀ. ਪੀ. ਆਈ. ਨੇ ਆਪ ਕਾਰ ਨਹੀਂ ਖਰੀਦੀ ਬਲਕਿ ਕੰਟਰੋਲਰ ਆਫ ਸਟੋਰਜ਼ ਰਾਹੀਂ ਖਰੀਦੀ ਗਈ, ਜੋ ਨਾਰਮ ਮੁਕੱਰਰ ਹੁੰਦਾ ਹੈ ਉਸ ਦੇ ਮੁਤਾਬਕ ਖਰਚ ਕੀਤਾ ਜਾਂਦਾ ਹੈ ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, 10 ਹਜ਼ਾਰ ਰੁਪਏ ਜ਼ਿਆਦਾ ਕਿਉਂ ਖਰਚ ਕੀਤੇ ਗਏ ਹਨ ? ਇਸ ਦਾ ਜਵਾਬ ਦਿਵਾਓ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕੰਟਰੋਲਰ ਆਫ਼ ਸਟੋਰਜ਼ ਨੇ ਨਾਰਮ ਦੇ ਮੁਤਾਬਕ ਹੀ ਖਰਚ ਕੀਤੇ ਹਨ ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਮੇਰਾ ਦੂਸਰਾ ਸਪਲੀਮੈਂਟਰੀ ਇਹ ਹੈ ਕਿ ਵਜ਼ੀਰ ਸਾਹਿਬ ਨੇ ਫ਼ਰਮਾਇਆ ਹੈ ਕਿ ਕੋਈ ਕਾਰਪੇਟ ਨਹੀਂ ਖਰੀਦਿਆ ਗਿਆ ਪਰ, ਸਪੀਕਰ ਸਾਹਿਬ, ਮੇਰੀ ਪੱਕੀ ਇਨਫ਼ਰਮੇਸ਼ਨ ਹੈ ਕਿ 20 ਹਜ਼ਾਰ ਰੁਪਏ ਦਾ ਕਾਰਪੇਟ ਖਰੀਦਿਆ ਗਿਆ ਔਰ ਉਹ ਦਫਤਰ ਵਿਚ ਆ ਗਿਆ ਹੈ । ਫ਼ਰਮ ਨੂੰ ਇਹ ਗਲ ਕਹਿ ਦਿੱਤੀ ਗਈ ਹੈ ਕਿ ਉਸ ਦੀ ਪੇਮੈਂਟ ਅਗਲੇ ਸਾਲ ਕੀਤੀ ਜਾਏਗੀ । ਸੋ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣ ਕਿ ਆਇਆ ਮੇਰੀ ਇਹ ਗਲ ਠੀਕ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਲਾਈ ਲਗ ਵਾਲੀ ਗਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਜਵਾਬ ਦਿੱਤਾ ਹੈ ਕਿ ਕੋਈ ਕਾਰਪੇਟ ਨਹੀਂ ਖਰੀਦਿਆ ਗਿਆ, ਕੋਈ ਪੇਮੈਂਟ ਨਹੀਂ ਕੀਤੀ ਗਈ । ਇਹ ਚੀਜ਼ ਮੈਂ ਕੈਟਾਗੋਰੀਕਲੀ ਦੱਸੀ ਹੈ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਲਾਈਲਗ ਵਾਲੀ ਗਲ ਮੈਂ ਨਹੀਂ ਕੀਤੀ, ਲਾਈ ਲਗ ਵਾਲੀ ਗਲ ਵਜ਼ੀਰ ਸਾਹਿਬ ਨੇ ਕੀਤੀ ਹੈ । ਮੇਰਾ ਕੁਐਸਚਨ ਇਹ ਹੈ ਕਿ ਕਾਰਪੇਟ ਦਫਤਰ ਵਿਚ ਆ ਗਿਆ ਹੈ, ਇਸ ਸਾਲ ਦੇ ਬਜਟ ਵਿਚੋਂ ਪੇਮੈਂਟ ਨਹੀਂ ਕੀਤੀ ਗਈ । ਫਰਮ ਨੂੰ ਇਹ ਗਲ ਕਹਿ ਦਿੱਤੀ ਗਈ ਹੈ ਕਿ ਕਾਰਪੇਟ ਭੇਜ ਦਿਓ ਅਤੇ ਪੇਮੈਂਟ ਅਗਲੇ ਸਾਲ ਕੀਤੀ ਜਾਏਗੀ। ਕੀ ਇਹ ਗਲ ਠੀਕ ਹੈ ਜਾਂ ਨਹੀਂ ?

**ਮੰਤਰੀ :** ਸਪੀਕਰ ਸਾਹਿਬ, ਮੈਂ ਇਸ ਸੁਆਲ ਦਾ ਜਵਾਬ ਦੇ ਚੁੱਕਾ ਹਾਂ ਔਰ ਉਹ ਰਿਕਾਰਡ ਤੇ ਆ ਚੁਕਾ ਹੈ । ਉਸ ਦੇ ਨਾਲ ਇਨ੍ਹਾਂ ਦੀ ਤਸੱਲੀ ਨਹੀਂ ਹੋਈ । ਮੈਂ ਫਿਰ ਰਿਪੀਟ ਕਰ ਦਿੰਦਾ ਹਾਂ ਕਿ ਕੋਈ ਕਾਰ ਪੇਟ ਨਹੀਂ ਖਰੀਦਿਆ ਗਿਆ ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਚਾਹੁੰਦਾ ਹਾਂ । ਵਜ਼ੀਰ ਸਾਹਿਬ ਜਵਾਬ ਗਲਤ ਦੇ ਰਹੇ ਹਨ । ਇਹ ਇਕ ਅਫ਼ਸਰ ਦੇ ਗੁਨਾਹ ਤੇ ਪਰਦਾ ਪਾ ਰਹੇ ਹਨ । ਤੁਸੀਂ ਕੋਈ ਆਪਣਾ ਨੁਮਾਇੰਦਾ ਹੁਣੇ ਭੇਜ ਦਿਓ ਔਰ ਉਹ ਪਤਾ ਕਰ ਕੇ ਆਏ ਕਿ ਆਇਆ ਉਹ ਕਾਰਪੇਟ ਪੁਰਾਣਾ ਹੈ ਜਾਂ ਨਵਾਂ ਹੈ ?

**ਸ਼੍ਰੀ ਸਪੀਕਰ :** ਤੁਸੀਂ ਜੋ ਸਵਾਲ ਪੁਛੇ ਹਨ ਉਨ੍ਹਾਂ ਦਾ ਜੋ ਜਵਾਬ ਵਜ਼ੀਰ ਸਾਹਿਬ ਨੇ ਦਿਤਾ ਹੈ ਉਹ ਸਭ ਰਿਕਾਰਡ ਤੇ ਹੈ ਔਰ ਵਜ਼ੀਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਕੋਈ ਕਾਰਪੇਟ ਨਹੀਂ ਖਰੀਦਿਆ ਗਿਆ।

**ਸਰਦਾਰ ਸੰਤ ਸਿੰਘ :** ਸਪੀਕਰ ਸਾਹਿਬ ਵਜ਼ੀਰ ਸਾਹਿਬ ਦਾ ਜਵਾਬ ਕੋਈ ਮਾਇਨੇ ਨਹੀਂ ਰਖਦਾ । ਕੋਈ ਆਪਣਾ ਆਦਮੀ ਭੇਜ ਕੇ ਤੁਸੀਂ ਆਪਣੀ ਤਸੱਲੀ ਕਰਵਾ ਲਵੋ ਜਾਂ ਹਾਊਸ ਦੀ ਕੋਈ ਕਮੇਟੀ ਬਣਾ ਕੇ ਉਥੇ ਭੇਜ ਦਿਓ ।

ਸ਼੍ਰੀ ਸਪੀਕਰ : ਕੁਐਸਚਨ ਰਹਿ ਜਾਣਗੇ । ਉਨ੍ਹਾਂ ਨੇ ਕਹਿ ਦਿਤਾ ਹੈ ਕਿ ਨਹੀਂ ਖਰੀਦਿਆ ਗਿਆ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਪਰੋਟੈਕਸ਼ਨ ਸੀਕ ਕਰਦਾ ਹਾਂ । ਮੇਰਾ ਇਲਜ਼ਾਮ ਹੈ ਕਿ ਕਾਰਪੇਟ ਆ ਗਿਆ ਹੈ, ਉਸ ਦੀ ਪੇਮੈਂਟ ਅਗਲੇ ਸਾਲ ਕਰਨੀ ਹੈ।

(ਕੋਈ ਉਤਰ ਨਹੀਂ ਆਇਆ। )

---

**Illegal occupation of land of Graveyard/Cremation Ground for Harijan, etc. of villages Sagran and Adampur, District Jullundur.**

***1311. Master Chand Singh** : Will the Minister for Revenue be pleased to state whether it is fact that the land of graveyard/cremation ground for Harijans, Balmikis and people of other castes of villages Sagran and Adampur, Tehsil and District Jullundur was illegally occupied or was got allotted by any influential person during the period from Ist January, 1981 to 31st December, 1981, if so, the reasons therefor ?

**Sardar Gurdarshan Singh**: The land mentioned in the question is the subject matter of proceeding under Sec. 145 Cr. P. C. in the Court of Executive Magistrate, Jullundur. Possession illegal or otherwise is, therefore, yet to be determined by the Court.

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਹਿੰਦੇ ਹਨ ਕਿ ਦਫ਼ਾ 145 ਦੀ ਕਾਰਵਾਈ ਚਲ ਰਹੀ ਹੈ। ਇਹ, ਜਿਹੜੀ ਸ਼ਮਸ਼ਾਨ ਭੂਮੀ ਸੀ ਇਹ ਹਰੀਜਨਾਂ ਦੀ, ਬਾਲਮੀਕੀਆਂ ਦੀ ਅਤੇ ਮੁਸਲਮਾਨਾਂ ਦੀ ਹੈ । ਕਿਸੇ ਅਫਸਰ ਨੇ ਇਸ ਸ਼ਾਮਲਾਤ ਜ਼ਮੀਨ ਨੂੰ ਵਕਫ਼ ਬੋਰਡ ਦੇ ਨਾਂ ਤੇ ਟਰਾਂਸਫਰ ਕਰ ਦਿਤਾ ਜਿਹੜੀ ਕਿ ਨਹੀਂ ਹੋ ਸਕਦੀ ਸੀ । ਕਿਸੇ ਅਫਸਰ ਨੇ ਧੱਕਾ ਕੀਤਾ ਹੈ ਜਿਸ ਲਈ ਇਹ ਦਫਾ 145 ਚਲ ਰਹੀ ਹੈ। ਇਹ ਧੱਕਾ ਦੂਰ ਕਰ ਕੇ ਇਹ ਸ਼ਾਮਲਾਤ ਜ਼ਮੀਨ ਜਿਹੜੀ ਹੈ ਕੀ ਉਹ ਹਰੀਜਨਾਂ ਔਰ ਮੁਸਲਮਾਨਾਂ ਦੇ ਕਬਜ਼ੇ ਵਿਚ ਦੇਣਗੇ ਜਿਥੇ ਉਹ ਆਪਣੇ ਮੁਰਦੇ ਦਫਨਾ ਸਕਣ ?

**ਮੰਤਰੀ** : ਸਪੀਕਰ ਸਾਹਿਬ, ਇਹ ਜ਼ਮੀਨ ਵਕਫ ਬੋਰਡ ਦੀ ਨਿਕਲੀ ਸੀ। ਜਿਸ ਵੇਲੇ ਸ਼ਿਕਾਇਤ ਆਈ ਸੀ ਕੁਝ ਪਿੰਡ ਵਾਲਿਆਂ ਦੀ ਤਾਂ ਉਸੇ ਵੇਲੇ ਇਨਕੁਆਇਰੀ ਕਰ ਕੇ ਦਫਾ 145 ਲਗਾ ਕੇ ਐਸ. ਐਚ. ਓ. ਆਦਮ ਪੁਰ, ਨੂੰ ਇਸ ਬਾਰੇ ਇਨਸਟਰਕਸ਼ਨਜ਼ ਦੇ ਦਿੱਤੀਆਂ । ਜੋ ਅਦਾਲਤ ਫੈਸਲਾ ਕਰੇਗੀ, ਉਸ ਦੇ ਮੁਤਾਬਿਕ ਐਕਸ਼ਨ ਲਿਆ ਜਾਵੇਗਾ । ਅਗਰ ਕਿਸੇ ਅਫਸਰ ਨੇ ਆਪਣੀਆਂ ਪਾਵਰਜ਼ ਦੀ ਨਜਾਇਜ਼ ਕੁਵਰਤੋਂ ਕੀਤੀ ਹੈ ਤਾਂ ਉਸ ਨੂੰ ਇਹ ਸਰਕਾਰ ਮੁਆਫ ਨਹੀਂ ਕਰੇਗੀ, ਉਸ ਦੇ ਖਿਲਾਫ ਪੂਰਾ ਐਕਸ਼ਨ ਲਿਆ ਜਾਵੇਗਾ ।

**ਮਾਸਟਰ ਚੰਦ ਸਿੰਘ** : ਮੈਂ ਵਜ਼ੀਰ ਸਾਹਿਬ ਤੋਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਵਕਫ ਬੋਰਡ ਦੀ 1978 ਵਿਚ ਜ਼ਮੀਨ ਨਿਕਲੀ ਹੈ । ਸ਼ਾਮਲਾਤ ਦੇਹ ਨੂੰ ਟਰਾਂਸਫਰ ਨਹੀਂ ਕੀਤਾ ਜਾ ਸਕਦਾ । ਉਸ ਅਫਸਰ ਨੇ ਜਾਣ ਬੁਝ ਕੇ ਵਕਫ ਬੋਰਡ ਨੂੰ ਇਹ ਜ਼ਮੀਨ ਟਰਾਂਸਫਰ ਕਰ ਦਿਤੀ । ਇਹ ਗੈਰ-ਕਾਨੂੰਨੀ ਹੈ । ਦਫਾ 145 ਦੀ ਹੁਣ ਲੋੜ ਨਹੀਂ । ਗਰੀਬ ਆਦਮੀਆਂ ਨੂੰ ਹੈਰਾਸ ਕੀਤਾ ਗਿਆ । ਇਹ ਜ਼ਮੀਨ ਉਨ੍ਹਾਂ ਗਰੀਬਾਂ ਦੇ ਕਬਜ਼ੇ ਵਿਚ ਕਿਉਂ ਨਹੀਂ ਦਿੰਦੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਮੈਂ ਪਹਿਲਾਂ ਵੀ ਕਿਹਾ ਹੈ ਕਿ ਇਕ ਪਾਰਟੀ ਨੇ ਕਲੇਮ ਕੀਤਾ ਹੈ ਕਿ ਇਹ ਵਕਫ ਬੋਰਡ ਦੀ ਜ਼ਮੀਨ ਹੈ ਅਤੇ ਉਨ੍ਹਾਂ ਤੋਂ ਲੀਜ਼ ਤੇ ਲਈ ਹੈ। ਅਸੀਂ ਦਫਾ 145 ਉਥੇ ਇਸ ਲਈ ਲਗਾਈ ਹੈ ਤਾਂਕਿ ਇਸ ਚੀਜ਼ ਦੀ ਘੋਖ ਕੀਤੀ ਜਾ ਸਕੇ। ਅਗਰ ਕਿਸੇ ਨੇ ਗਲਤ ਕੰਮ ਕੀਤਾ ਹੋਇਆ ਤਾਂ ਸਰਕਾਰ ਉਸ ਤੇ ਜ਼ਰੂਰ ਕਾਰਵਾਈ ਕਰੇਗੀ।

**ਸ੍ਰੀ ਸੁਰਿੰਦਰ ਕਪੂਰ :** ਸਪੀਕਰ ਸਾਹਿਬ, ਬਠਿੰਡੇ ਵਿਖੇ ਕਈ ਲੋਕਾਂ ਨੇ ਸ਼ਾਮਲਾਤ ਜ਼ਮੀਨ ਅਤੇ ਸਰਕਾਰੀ ਜ਼ਮੀਨਾਂ ਤੇ ਬੰਦੂਕਾਂ ਦੀ ਨੋਕ ਨਾਲ ਕਬਜ਼ੇ ਕੀਤੇ ਹਨ ਜਿਸ ਦੇ ਨਾਲ ਉਥੇ ਅਮਨ ਭੰਗ ਹੋਇਆ ਹੈ। ਇਸ ਦੇ ਬਾਰੇ ਮੈਂ ਸੀ. ਐਮ. ਸਾਹਿਬ ਨੂੰ ਟੈਲੀਗਰਾਮ ਵੀ ਭੇਜੀ, ਚਿੱਠੀਆਂ ਵੀ ਲਿਖੀਆਂ ਹਨ। ਲੋਕਾਂ ਨੇ ਪ੍ਰੋਟੈਸਟ ਕੀਤਾ ਹੈ। ਕੀ ਵਜ਼ੀਰ ਸਾਹਿਬ ਇਸ ਚੀਜ਼ ਦਾ ਵਿਸ਼ਵਾਸ ਦਿਵਾਉਣਗੇ ਕਿ ਅਜਿਹੀਆਂ ਜ਼ਮੀਨਾਂ ਨੂੰ ਸਰਕਾਰ ਆਪਣੀ ਕਸਟਡੀ ਵਿਚ ਲੈ ਲਵੇਗੀ ਅਤੇ ਇਨ੍ਹਾਂ ਬੰਦੂਕ ਧਾਰੀਆਂ ਤੋਂ ਲੋਕਾਂ ਨੂੰ ਬਚਾਉਣ ਦਾ ਯਤਨ ਕਰੇਗੀ ?

**ਮੰਤਰੀ :** ਇਹ ਤਾਂ ਆਦਮਪੁਰ, ਜਲੰਧਰ ਦਾ ਕੇਸ ਸੀ। ਮੈਂਬਰ ਸਾਹਿਬ ਨੇ ਬਠਿੰਡੇ ਦਾ ਜ਼ਿਕਰ ਕੀਤਾ ਹੈ। ਇਹ ਇਸ ਲਈ ਵਖਰਾ ਨੋਟਿਸ ਦੇ ਦੇਣ।

**ਕਾਮਰੇਡ ਕੁਲਵੰਤ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਦਫਾ 145 ਥੱਲੇ ਕਾਰਵਾਈ ਹੋ ਰਹੀ ਹੈ। ਜਿਸ ਅਫਸਰ ਨੇ ਇਸ ਦੀ ਗਿਰਦਾਵਰੀ ਕੀਤੀ ਹੈ ਉਹ ਬਿਲਕੁਲ ਗਲਤ ਹੈ। ਜਿਹੜਾ ਰੋਜ਼ਨਾਮਚਾ ਵਾਕਿਆਤ ਹੈ ਉਸ ਵਿਚ ਇਹ ਦਰਜ਼ ਨਹੀਂ। ਪਰ ਰਜਿਸਟਰੀ ਗਿਰਦਾਵਰੀ ਵਿਚ ਇਹ ਫੌਰੀ ਤੌਰ ਤੇ ਕਰ ਲਈ। ਇਸ ਸਾਰੀ ਕਾਰਵਾਈ ਦਾ ਐਸ. ਡੀ. ਐਮ. ਨੂੰ ਪਤਾ ਹੈ। ਜੋ ਉਸ ਨੇ ਰਿਪੋਰਟ ਕੀਤੀ, ਉਸ ਨੂੰ ਦਬਾਇਆ ਗਿਆ ਹੈ। ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਉਹ ਐਸ. ਡੀ. ਐਮ. ਦੀ ਦਬੀ ਹੋਈ ਰਿਪੋਰਟ ਨੂੰ ਕਢਾ ਕੇ ਦੋਸ਼ੀ ਅਫਸਰਾਂ ਦੇ ਖਿਲਾਫ ਐਕਸ਼ਨ ਲੈਣਗੇ ? ਇਹ ਜ਼ਮੀਨ ਇਕ ਪਿੰਡ ਦੀ ਨਹੀਂ ਬਲਕਿ ਤਿੰਨਾਂ ਪਿੰਡਾਂ ਦੀ ਹੈ। ਕੀ ਇਹ ਸ਼ਮਸ਼ਾਨ ਘਾਟ ਦੀ ਜ਼ਮੀਨ ਕਢਾਉਣਗੇ ?

**ਮੰਤਰੀ :** ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਇਸ ਕੇਸ ਵਿਚ ਦੋ ਪਾਰਟੀਆਂ ਹਨ। ਕੇਸ 145 ਦਫਾ ਥਲੇ ਚਲ ਰਿਹਾ ਹੈ। ਐਸ. ਐਚ. ਓ. ਆਦਮਪੁਰ, ਨੂੰ ਇਹ ਕੇਸ ਦੇ ਦਿਤਾ ਹੈ ਕਿ ਇਸ ਜ਼ਮੀਨ ਤੇ ਕੋਈ ਬਿਲਡਿੰਗ ਨਾ ਬਣੇ ਅਤੇ ਨਾ ਹੀ ਕੋਈ ਹੋਰ ਕਾਰਵਾਈ ਹੋਵੇ। ਅਗਰ ਇਸ ਕੇਸ ਵਿਚ ਪੜਤਾਲ ਤੋਂ ਬਾਅਦ ਇਹ ਚੀਜ਼ ਨਿਕਲੀ ਕਿ ਨਜਾਇਜ਼ ਕਬਜ਼ਾ ਕੀਤਾ ਹੈ ਤਾਂ ਉਸ ਤੇ ਪੂਰੀ ਸਖਤੀ ਨਾਲ ਸਰਕਾਰ ਕਾਰਵਾਈ ਕਰੇਗੀ।

**ਪ੍ਰੋਫੈਸਰ ਬਲਵੰਤ ਸਿੰਘ :** : ਇਹ ਹੈਰਾਸਮੈਂਟ ਕੀਤੀ ਜਾ ਰਹੀ ਹੈ। 145 ਦਫਾ ਜੋ ਲਗਾਈ ਹੈ, ਇਸ ਨਾਲ ਹੈਰਾਸਮੈਂਟ ਹੋ ਰਹੀ ਹੈ। ਜਦੋਂ ਤਕ ਫੈਸਲਾ ਨਹੀਂ ਹੁੰਦਾ ਉਹ ਆਪਣੇ ਮੁਰਦੇ ਕਿਥੇ ਸਾੜਨ ? ਇਹ ਦਸ ਦੇਣ।

(ਕੋਈ ਉਤਰ ਨਹੀਂ ਆਇਆ।)

## STARRED QUESTION NO. 1307*

**Mr. Speaker :** Extension has been asked for in respect of Starred Question No. 1307.

*For Starred Question No. 1307 and reply thereto please see Debate dated [illegible]th March, 1982 (Morning Sitting).

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਇਸ ਸੁਆਲ ਦਾ ਜਵਾਬ ਕਦੋਂ ਤਕ ਮਿਲ ਜਾਵੇਗਾ ?

**ਸ੍ਰੀ ਸਪੀਕਰ** : 18 ਤਾਰੀਖ ਤਕ ਜਵਾਬ ਆ ਜਾਵੇਗਾ ।

---

**Setting up of a Sub-Depot of Punjab Roadways at Khanna.**

***1266. Sardar Shamsher Singh**: Will the Minister of State for Transport be pleased to state whether there is any proposal under the consideration of the Government for setting up a Sub-Depot of Punjab Roadways at Khanna, if so, the time by which it is likely to materialise ?

**ਸਰਦਾਰ ਅਵਤਾਰ ਸਿੰਘ ਗਟਵਾਲੀ** : ਨਹੀਂ ਜੀ ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ 'ਨਹੀਂ ਜੀ' ਵਿਚ ਜਵਾਬ ਦਿਤਾ ਹੈ । ਇਸ ਤਰ੍ਹਾਂ ਲਗਦਾ ਹੈ ਕਿ ਗੌਰਮਿੰਟ ਕੋਲ ਫੰਡਜ਼ ਦੀ ਕਮੀ ਹੈ। ਓਵਰ-ਡਰਾਫਟ ਕਾਫੀ ਹੋਇਆ ਹੈ । ਸਪੀਕਰ ਸਾਹਿਬ, ਖੰਨਾ ਸ਼ਹਿਰ ਕਾਫੀ ਇਮਪਾਰਟੈਂਟ ਹੈ ਅਤੇ ਇਹ ਕਈ ਪਿੰਡਾਂ ਨਾਲ ਕੁਨੈਕਟਿਡ ਹੈ । ਬੱਸਾਂ ਦੀ ਆਵਾਜਾਈ ਦੀ ਕਾਫੀ ਘਾਟ ਹੈ । ਕੀ ਇਹ ਸਮਾਂ ਕੋਈ ਦਸ ਦੇਣਗੇ ਕਿ ਕਦੋਂ ਤਕ ਇਕ ਸਾਲ, ਦੋ ਸਾਲ ਜਾਂ ਪੰਜ ਸਾਲਾਂ ਵਿਚ ਇਹ ਸਬ-ਡਿਪੂ ਉਥੇ ਚਲਾ ਦੇਣਗੇ ? ਇਲਾਕੇ ਵਾਲਿਆਂ ਨੂੰ ਕਾਫੀ ਮੁਸ਼ਕਲ ਹੈ ।

**ਰਾਜ ਮੰਤਰੀ** : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਆਨਰੇਬਲ ਮੈਂਬਰ ਦੀ ਜਾਣਕਾਰੀ ਲਈ ਦਸਣਾ ਚਾਹੁੰਦਾ ਹਾਂ ਕਿ ਉਥੇ ਹਾਲੇ ਸਾਡੀਆਂ ਪੰਜ ਬੱਸਾਂ ਟਰਮੀਨੇਟ ਕਰਦੀਆਂ ਹਨ ਅਤੇ ਪੰਜ ਬਸਾਂ ਹੀ ਉਰਿਜਨੇਟ ਕਰਦੀਆਂ ਹਨ । ਇਥੇ ਕੋਈ 84 ਬਸ ਸਰਵਿਸਿਜ਼ ਚਲਦੀਆਂ ਹਨ । ਅਗਰ ਖੰਨੇ ਸਬ-ਡਿਪੂ ਬਣਾਉਣ ਦੀ ਲੋੜ ਹੈ ਤਾਂ ਮੈਂਬਰ ਸਾਹਿਬ ਲਿਖ ਕੇ ਦੇਣ, ਅਸੀਂ ਉਸ ਤੇ ਵਿਚਾਰ ਕਰ ਲਵਾਂਗੇ ।

**ਸ੍ਰੀ ਸੁਰਿੰਦਰ ਕਪੂਰ** : ਸਪੀਕਰ ਸਾਹਿਬ, ਬਠਿੰਡੇ ਪੀ. ਆਰ. ਟੀ. ਸੀ. ਦਾ ਡੀਪੂ ਸੀ, ਕੰਸਟਰਕਸ਼ਨ ਹੋ ਰਹੀ ਸੀ । ਕੁਝ ਫੰਡ ਉਸ ਦੇ ਵਾਸਤੇ ਅਲਾਟ ਕੀਤੇ ਗਏ ਹਨ । ਕੀ ਵਜ਼ੀਰ ਸਾਹਿਬ ਇਸ ਚੀਜ਼ ਦੀ ਐਸ਼ੋਰੈਂਸ ਦੇਣਗੇ ਕਿ ਉਥੇ ਕੰਸਟਰਕਸ਼ਨ ਕੰਪਲੀਟ ਕਰ ਦੇਣਗੇ ਅਤੇ ਕਦੋਂ ਤਕ ਇਸ ਨੂੰ ਕੰਪਲੀਟ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਸੈਪਰੇਟ ਕੁਐਸਚਨ ਹੈ । ਇਸ ਦੇ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ, ਮੈਂ ਇਨਫਰਮੇਸ਼ਨ ਦੇ ਦੇਵਾਂਗਾ। ਵੈਸੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਜਲਦੀ ਉਸ ਬੱਸ ਸਟੈਂਡ ਨੂੰ ਬਣਾ ਦਿਤਾ ਜਾਵੇ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਸਬ-ਡੀਪੂ ਬਣਾਉਣ ਵਾਸਤੇ ਕਿਹੜੀਆਂ ਕਿਹੜੀਆਂ ਨਾਰਮਜ਼ ਇਨ੍ਹਾਂ ਨੇ ਤਹਿ ਕੀਤੀਆਂ ਹਨ ਅਤੇ ਜੇ ਕੋਈ ਇਹ ਸ਼ਰਤਾਂ ਪੂਰੀਆਂ ਕਰਦਾ ਹੋਵੇ ਤਾਂ ਕੀ ਉਥੇ ਸਬ-ਡੀਪੂ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਸਬ-ਡੀਪੂ ਬਣਾਉਣ ਵਾਸਤੇ ਜੋ ਨਾਰਮਜ਼ ਫਿਕਸ ਕੀਤੀਆਂ ਹਨ ਉਨ੍ਹਾਂ ਵਿਚੋਂ ਇਕ ਇਹ ਹੈ ਕਿ ਹਰੇਕ ਡੀਪੂ ਵਿੱਚ ਸਪੈਸੇਫਿਕ ਨੰਬਰ ਆਫ ਬੱਸਿਜ਼ ਚਲਦੀਆਂ

Original with;
Punjab Vidhan Sabha
Digitized by;
Panjab Digital Library

ਹੋਣ । ਅਗਰ ਕਿਸੇ ਜਗ੍ਹਾ ਲੋੜ ਵੱਧ ਹੋਵੇ ਅਤੇ ਜ਼ਿਆਦਾ ਬੱਸਾਂ ਟਰਮੀਨੇਟ ਕਰਦੀਆਂ ਹੋਣ ਤਾਂ ਅਸੀਂ ਸਬ-ਡੀਪੂ ਵੀ ਉਥੇ ਬਣਾ ਦਿੰਦੇ ਹਾਂ । ਜਿਥੇ ਸਬ-ਡੀਪੂ ਬਣਾਉਣਾ ਹੋਵੇ, ਅਗਰ ਉਥੋਂ ਦੀ ਲੋਕਲ ਕਮੇਟੀ ਸਾਨੂੰ ਜ਼ਮੀਨ ਦੇ ਦੇਵੇ ਤਾਂ ਅਸੀਂ ਉਥੇ ਸਬ-ਡੀਪੂ ਖੋਲ੍ਹਣ ਲਈ ਜ਼ਰੂਰ ਵਿਚਾਰ ਕਰ ਲੈਂਦੇ ਹਾਂ ।

---

## Setting up of a Sugar Mill in Khanna Sub-Division

***1264. Sardar Shamsher Singh:** Will the Minister of State for Cooperation be pleased to state whether there is any proposal under the consideration of Government for setting up of a Sugar Mill at Khanna Sub-Division, if so, the details thereof ?

**ਸਰਦਾਰ ਬੀਰ ਪ੍ਰਾਲ ਸਿੰਘ** : ਖੰਨਾ ਸਬ-ਡਵੀਜ਼ਨ ਵਿਚ ਦੋਰਾਹਾ ਵਿਖੇ ਇਕ ਸਹਿਕਾਰੀ ਖੰਡ ਮਿੱਲ ਲਗਾਉਣ ਦੀ ਯੋਜਨਾ ਹੈ। ਲਾਇਸੈਂਸ ਲੈਣ ਲਈ ਭਾਰਤ ਸਰਕਾਰ ਨੂੰ ਅਰਜ਼ੀ ਭੇਜੀ ਗਈ ਹੈ। ਜਿਸ ਦਾ ਫੈਸਲਾ ਅਜੇ ਹੋਣਾ ਬਾਕੀ ਹੈ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਦੋਰਾਹਾ ਵਿਖੇ ਖੰਡ ਮਿੱਲ ਲਾਉਣ ਦੀ ਸਕੀਮ ਹੈ। ਮੈਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ 1980-81 ਵਿੱਚ ਸੈਂਟਰਲ ਗੌਰਮਿੰਟ ਵੱਲੋਂ ਕਿਤਨੀਆਂ ਖੰਡ ਮਿੱਲਾਂ ਲਾਉਣ ਲਈ ਲਾਇਸੈਂਸ ਮਿਲੇ ਹਨ ? ਦੂਸਰਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੁਧਿਆਣਾ ਡਿਸਟ੍ਰਿਕਟ ਵਿੱਚ ਖੰਨਾ ਇੰਪਾਰਟੈਂਟ ਸ਼ਹਿਰ ਹੈ, ਸਬ-ਡਵੀਜ਼ਨ ਹੈ, ਆਲੇ ਦੁਆਲੇ ਗੰਨੇ ਦਾ ਉਤਪਾਦਨ ਵੀ ਬਹੁਤ ਹੈ । ਸਾਰੇ ਜ਼ਿਲ੍ਹੇ ਵਿਚ ਕੋਈ ਸ਼ੂਗਰ ਮਿੱਲ ਨਹੀਂ ਹੈ । ਮੈਂ ਵਜ਼ੀਰ ਸਾਹਿਬ ਤੋਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਅਗਰ ਸੈਂਟਰ ਤੋਂ ਇਕ ਮਿੱਲ ਲਾਉਣ ਲਈ ਲਾਇਸੈਂਸ ਵੀ ਮਿਲਿਆ ਤਾਂ ਕੀ ਖੰਨਾ ਸਬ-ਡਵੀਜ਼ਨ ਵਿਚ ਉਹ ਮਿੱਲ ਲਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਖੰਨੇ ਬਾਰੇ ਇਹ ਸਵਾਲ ਪੁਛਿਆ ਹੈ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਦੋਰਾਹਾ ਖੰਨਾ ਸਬ-ਡਵੀਜ਼ਨ ਵਿਚ ਆਉਂਦਾ ਹੈ । ਅਸੀਂ ਇਸ ਬਾਰੇ ਸੈਂਟਰ ਦੀ ਸਰਕਾਰ ਨੂੰ ਅਰਜ਼ੀ ਭੇਜੀ ਹੋਈ ਹੈ । ਸਕਰੀਨਿੰਗ ਕਮੇਟੀ ਵਿਚ ਕੇਸ ਗਿਆ ਸੀ। ਸਾਰੀ ਘੋਖ ਕਰਨ ਤੋਂ ਬਾਅਦ ਕੇਸ ਰੱਦ ਹੋ ਗਿਆ । ਮਗਰ ਫਿਰ ਹਦਾਇਤ ਕੀਤੀ ਹੈ ਕਿ ਸਕਰੀਨਿੰਗ ਕਮੇਟੀ ਇਸ ਤੇ ਦੁਬਾਰਾ ਗੌਰ ਕਰੇ । ਸੋ ਜਦੋਂ ਕੋਈ ਫੈਸਲਾ ਆ ਜਾਵੇਗਾ, ਮੈਂ ਸਵਾਲ ਦਾ ਜਵਾਬ ਦੇ ਦੇਵਾਂਗਾ ।

---

## Setting up a New Township Adjoining the Engineering College, U.T. Chandigarh

***1280. (1) Sardar Ravi Inder Singh**
**(2) Sardar Parkash Singh Majitha** } Will the Chief Minister be pleased to state—

(a) whether the Punjab Government has any scheme to set up a new township in the Punjab Territory adjoining the Engineering College, U.T., Chandigarh ;

Original with;
Punjab Vidhan Sabha
Digitized by;
Panjab Digital Library

[Sardar Ravi Inder Singh]

(b) if the reply to part (a) above be in the affirmative, how much area is likely to be acquired, how many villages will have to be uprooted and how much population is likely to be displaced?

(c) whether the Government has made any provision in the Scheme to allot residential/commercial plots to the residents of the affected villages, at concessional rates; if not, the reasons therefor?

(d) whether the Government has also prepared any scheme to resettle the uprooted persons; if so, the details thereof, if not, the reasons therefor?

**ਡਾਕਟਰ ਕੇਵਲ ਕ੍ਰਿਸ਼ਨ** (ਵਿੱਤ ਮੰਤਰੀ) : ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਰਵੀਇੰਦਰ ਸਿੰਘ** : ਸਰ, ਇਨ੍ਹਾਂ ਨੇ ਕਿਹਾ ਹੈ ਕਿ ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ । ਇਸ ਮਾਮਲੇ ਬਾਰੇ ਸ਼ਾਇਦ ਤੁਹਾਨੂੰ ਵੀ ਪਤਾ ਹੋਵੇਗਾ ਕਿ ਇਹ ਮਾਮਲਾ ਉਸ ਇਸ਼ੂ ਨੂੰ ਰੈਫਰ ਕਰਦਾ ਹੈ ਜਿਸ ਵਿਚ ਕਿ ਲੋਕਾਂ ਨੂੰ ਦਫਾ 4 ਔਰ ਦਫਾ 6 ਦੇ ਨੋਟਿਸ ਦੇ ਦਿਤੇ ਗਏ ਹਨ। ਜੇਕਰ ਨੋਟਿਸ ਦਿਤੇ ਹੋਏ ਹਨ ਤਾਂ ਕੀ ਵਜ਼ੀਰ ਸਾਹਿਬ ਇਹ ਦਸਣ ਦੀ ਕਿਰਪਾ ਕਰਨਗੇ ਕਿ ਉਹ ਨੋਟਿਸ ਕਿਸ ਖਾਤਰ ਦਿੱਤੇ ਗਏ ਹਨ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਮਾਮਲਾ ਸੰਨ 1978 ਦਾ ਸ਼ੁਰੂ ਹੋਇਆ ਹੋਇਆ ਹੈ। ਸੰਨ 1979 ਵਿੱਚ ਵੀ ਇਸ ਦੇ ਬਾਰੇ ਕੋਈ ਫੈਸਲਾ ਹੋਇਆ ਸੀ ਔਰ ਹੁਣ ਦਫਾ 4 ਦੇ ਨੋਟਿਸ ਦਿਤੇ ਗਏ ਹਨ ਲੇਕਿਨ ਇਸ ਦੇ ਬਾਅਦ ਦਫਾ 6 ਦੇ ਨੋਟਿਸ ਦੇਣੇ ਹੁੰਦੇ ਹਨ । ਉਨ੍ਹਾਂ ਵਾਸਤੇ ਤਿੰਨ ਸਾਲਾਂ ਦੀ ਮਿਆਦ ਹੁੰਦੀ ਹੈ । ਉਹ ਤਿੰਨ ਸਾਲਾਂ ਵਿਚ ਦਿੱਤੇ ਜਾ ਸਕਦੇ ਹਨ । ਲੋਕਾਂ ਵਲੋਂ ਕਾਫੀ ਓਬਜੈਕਸ਼ਨਜ਼ ਆਏ ਹਨ, ਜਿਨ੍ਹਾਂ ਤੇ ਅੱਛੀ ਤਰ੍ਹਾਂ ਨਾਲ ਵਿਚਾਰ ਕਰਨ ਦੀ ਲੋੜ ਹੈ। ਕਾਫੀ ਕੰਪਲੀਕੇਸ਼ਨਜ਼ ਇਸ ਤਰ੍ਹਾਂ ਦੀਆਂ ਹਨ । ਜਿਤਨਾ ਚਿਰ ਤਕ ਉਨ੍ਹਾਂ ਓਬਜੈਕਸ਼ਨਾਂ ਤੇ ਅਤੇ ਹੋਰ ਪਹਿਲੂਆਂ ਤੇ ਸੋਚ ਵਿਚਾਰ ਨਹੀਂ ਕੀਤੀ ਜਾਂਦੀ ਉਤਨਾਂ ਚਿਰ ਤੱਕ ਕੋਈ ਫੈਸਲਾ ਨਹੀਂ ਹੋ ਸਕਦਾ।

**ਸਰਦਾਰ ਰਵੀਇੰਦਰ ਸਿੰਘ** : ਸਪੀਕਰ ਸਾਹਿਬ, ਇਹ ਦਾਰੁਲਖਲਾਫੇ ਦਾ ਮਸਲਾ ਹੈ । ਤੁਹਾਨੂੰ ਪਤਾ ਹੈ ਕਿ , ਜਦੋਂ ਹਿੰਦੁਸਤਾਨ ਤੇ ਪਾਕਿਸਤਾਨ ਦਾ ਵਟਾਂਦਰਾ ਹੋਇਆ ਸੀ ਤਾਂ ਲਾਹੌਰ ਸਾਡੇ ਕੋਲੋਂ ਵਿੱਛੜ ਗਿਆ ਸੀ ਔਰ ਫਿਰ ਨਵਾਂ ਕੈਪੀਟਲ ਬਣਾਇਆ ਗਿਆ ਸੀ । ਇਸ ਦੇ ਬਾਰੇ ਮੈਂ ਸਮਝਦਾ ਹਾਂ ਕਿ ਇਸ ਵਿਚ ਸਦਨ ਦਾ ਕਾਫੀ ਹੱਥ ਸੀ । ਸਰ, ਸੰਨ 1952 ਦਾ ਪੰਜਾਬ ਪੈਰੀਫੇਰੀ ਕੰਟਰੋਲ ਐਕਟ ਹੈ । ਉਸ ਵਿਚ ਇਹ ਹੈ ਕਿ ਚੰਡੀਗੜ੍ਹ ਰੇਡੀਅਸ ਤੋਂ ਦਸ ਦਸ ਮੀਲ ਤਕ ਆਲੇ ਦੁਆਲੇ ਦੇ ਇਲਾਕੇ ਵਿਚ ਬਗੈਰ ਇਜਾਜ਼ਤ ਕੋਈ ਬਿਲਡਿੰਗ ਨਹੀਂ ਬਣਾਈ ਜਾ ਸਕਦੀ। ਹੁਣ ਅਸੀਂ ਕਨਟੈਂਡ ਕਰਦੇ ਹਾਂ ਕਿ ਇਹ ਕੈਪੀਟਲ ਸਾਡਾ ਹੈ। ਇਨ ਫੈਕਟ ਪ੍ਰਾਈਮ ਮਨਿਸਟਰ ਨੇ ਵੀ ਇਸ ਗੱਲ ਨੂੰ ਐਕਸੈਪਟ ਕਰ ਲਿਆ ਹੈ।

**ਸ਼੍ਰੀ ਸਪੀਕਰ** : ਤੁਸੀਂ ਰੈਲੇਵੈਂਟ ਸਪਲੀਮੈਂਟਰੀ ਕਰੋ ।

**ਸਰਦਾਰ ਰਵੀਇੰਦਰ ਸਿੰਘ** : ਸਰ, ਇਹ ਬੜਾ ਇੰਪਾਰਟੈਂਟ ਮੈਟਰ ਹੈ ਜੀ । There is a relevance. There is a reference to this matter even in the Indian Express of today ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ

Original with;
Punjab Vidhan Sabha
Digitized by;
Panjab Digital Library

ਪੰਜਾਬ ਨੇ ਆਪਣੇ ਬਣਾਏ ਹੋਏ ਮਾਸਟਰ ਪਲਾਨ, ਜਿਹੜਾ ਮਾਸਟਰ ਪਲਾਨ ਕਿ ਇਕ ਬੜੇ ਹੀ ਮਸ਼ਹੂਰ ਪਲਾਨਰ ਲੀ-ਕਾਰਬੂਜ਼ਰ ਨੇ ਬਣਾਇਆ ਸੀ, ਉਸ ਦੇ ਉਤੇ ਹੋਰ ਕੋਈ ਨਵਾਂ ਪਲਾਨ ਪਾਸ ਕੀਤਾ ਹੈ ਤਾਂ ਦੱਸਣ ਪਰ ਜੇਕਰ ਕੋਈ ਮਾਸਟਰ ਪਲਾਨ ਪਾਸ ਨਹੀਂ ਕੀਤਾ ਤਾਂ ਫਿਰ ਦਫਾ 4 ਹੇਠ ਨੋਟਿਸ ਕਿਉਂ ਦਿੱਤੇ ਗਏ ਹਨ ? ਇਹ ਮੈਟਰ ਅੱਜ ਦੇ ਅਖਬਾਰ ਇੰਡੀਅਨ ਐਕਸਪ੍ਰੈਸ ਵਿਚ ਹੈ । ਜੇਕਰ ਅਸੀਂ ਲੈਂਡ ਐਕੁਆਇਰ ਕਰਨ ਲੱਗੇ ਹਾਂ what can stop Haryana from doing the same.

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਗੱਲ ਪਹਿਲਾਂ ਹੀ ਸਪਸ਼ਟ ਕਰ ਦਿਤੀ ਹੈ। ਸੰਨ 1978-79 ਦਾ ਇਹ ਮਾਮਲਾ ਸ਼ੁਰੂ ਹੋਇਆ ਹੈ । ਇਨ੍ਹਾਂ ਨੇ ਜੋ ਸੁਝਾਓ ਦਿੱਤਾ ਹੈ ਔਰ ਜੋ ਲੋਕਾਂ ਨੇ ਇਤਰਾਜ਼ ਉਠਾਏ ਹਨ ਸਰਕਾਰ ਸਾਰੇ ਪੱਖਾਂ ਤੇ ਵਿਚਾਰ ਕਰ ਰਹੀ ਹੈ। ਦਫਾ 6 ਹੇਠ ਨੋਟਿਸ ਉਦੋਂ ਦੇਵਾਂਗੇ ਜਿਸ ਵੇਲੇ ਬਿਲਕੁਲ ਇਸ ਮਾਮਲੇ ਤੇ ਪੂਰੀ ਤਰ੍ਹਾਂ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਫਾ 4 ਥੱਲੇ ਨੋਟਿਸ ਦੇ ਦਿਤੇ ਹਨ ਔਰ ਨਜ਼ਰ ਆਉਂਦਾ ਹੈ ਕਿ ਇਨ੍ਹਾਂ ਨੇ ਦਫਾ 6 ਦੇ ਥੱਲੇ ਵੀ ਨੋਟਿਸ ਦੇ ਦੇਣੇ ਹਨ ਇਹ ਇਸ ਤਰ੍ਹਾਂ ਕਰ ਕੇ ਚੰਡੀਗੜ੍ਹ ਦਾ ਹੁਲੀਆ ਵਿਗਾੜਨ ਦਾ ਕਿਉਂ ਯਤਨ ਕਰ ਰਹੇ ਹਨ ?

**ਮੰਤਰੀ :** ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸੁਝਾਓ ਦਿਤਾ ਹੈ ਉਸ ਦਾ ਵੀ ਖਿਆਲ ਰਖਿਆ ਜਾਵੇਗਾ ।

**ਸਰਦਾਰ ਬਸੰਤ ਸਿੰਘ ਖਾਲਸਾ:** ਸਪੀਕਰ ਸਾਹਿਬ, ਪੰਜਾਬ ਵਿਚ ਨਵੇਂ ਸ਼ਹਿਰ ਵਸ ਰਹੇ ਹਨ। ਲੁਧਿਆਣਾ ਲਵੇ ਵੀ ਰਣਜੀਤਗੜ੍ਹ ਵਸ ਰਿਹਾ ਹੈ । ਉਸ ਦਾ ਅਸਲ ਮਕਸਦ ਤਾਂ ਇਹ ਸੀ ਕਿ ਲੁਧਿਆਣਾ ਦੀ ਵਸੋਂ ਨੂੰ ਕੰਟਰੋਲ ਕੀਤਾ ਜਾਵੇ ਪਰ ਜਿਸ ਤਰ੍ਹਾਂ ਨਾਲ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ ਉਸ ਤੋਂ ਇਹ ਪਤਾ ਲਗਦਾ ਹੈ ਕਿ ਰਣਜੀਤਗੜ੍ਹ ਵੀ ਲੁਧਿਆਣਾ ਨਾਲ ਹੀ ਮਿਲ ਜਾਵੇਗਾ ਔਰ ਮਸਲਾ ਉਥੇ ਦਾ ਉਥੇ ਹੀ ਰਹਿ ਜਾਵੇਗਾ । ਉਸ ਵਿਚ ਮੇਰੇ ਹਲਕੇ ਦੇ ਵੀ ਕੁਝ ਪਿੰਡ ਆਉਂਦੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਇਸ ਪਹਿਲੂ ਤੇ ਵੀ ਵਿਚਾਰ ਕਰਨ ਨੂੰ ਤਿਆਰ ਹਨ ?

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਦੀ ਇਸ ਪਾਸੇ ਐਂਗਜ਼ਾਇਟੀ ਜ਼ਿਆਦਾ ਹੈ । ਪਰ ਇਹ ਵਖਰਾ ਸਵਾਲ ਦੇ ਦੇਣ ਜਵਾਬ ਦੇ ਦਿਤਾ ਜਾਵੇਗਾ ।

**ਸਰਦਾਰ ਸੁਰਜੀਤ ਸਿੰਘ ਬਰਨਾਲਾ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਦਫਾ 4 ਥੱਲੇ ਨੋਟੀਫਿਕੇਸ਼ਨ ਹੋ ਗਿਆ ਹੈ ਔਰ ਦਫਾ 6 ਥੱਲੇ ਨੋਟੀਫਿਕੇਸ਼ਨ ਵਾਸਤੇ ਇਹ ਤਿੰਨ ਸਾਲ ਡੀਲੇਅ ਕਰ ਸਕਦੇ ਹਨ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਜਿਸ ਵੇਲੇ ਇਹ ਜ਼ਮੀਨ ਐਕੁਆਇਰ ਕਰਨਗੇ ਤਾਂ ਜ਼ਮੀਨਾਂ ਦੇ ਮਾਲਕਾਂ ਨੂੰ ਉਨ੍ਹਾਂ ਦੀ ਜ਼ਮੀਨ ਦੀ ਕੀਮਤ ਦਫਾ 4 ਹੇਠ ਦਿਤੇ ਨੋਟਿਸ ਦੀ ਤਾਰੀਖ ਵਾਲੀ ਹੋਵੇਗੀ ਜਾਂ ਜਿਸ ਵੇਲੇ ਦਫਾ 6 ਹੇਠ ਨੋਟਿਸ ਦਿਤੇ ਜਾਣਗੇ ਤਾਂ ਉਸ ਵੇਲੇ ਦੀ ਮਾਰ-ਕਿਟ ਦੇ ਹਿਸਾਬ ਨਾਲ ਕੀਮਤ ਦਿਤੀ ਜਾਵੇਗੀ ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ :** ਇਹ ਰੈਲੇਵੈਂਟ ਸਪਲੀਮੈਂਟਰੀ ਨਹੀਂ ਹੈ, ਤੁਸੀਂ ਰੈਲੇਵੈਂਟ ਸਪਲੀਮੈਂਟਰੀ ਕਰੋ ।

---

**Buses involved in Accidents in the State**

***1326. Comrade Baldev Singh Loomba:** Will the Chief Minister be pleased to state—

(a) the total number of accidents involving the Punjab Roadways and the Pepsu Road Transport Corporation buses that occurred during the years 1980 and 1981;

(b) the number of human lives lost and the extent of loss caused to the property in the accidents mentioned in part (a) above;

(c) the causes of the accidents mentioned in part (c) above ?

**Doctor Kewal Krishan** (Finance Minister):

| | 1980 | 1981 |
|---|---|---|
| Total number of accidents involving the Punjab Roadways buses .. | 101 | 103 |
| (a) Total number of accidents involving the Pepsu Road Transport Corporation buses | 37 | 53 |
| Total number of persons killed in these accidents | 111 | 115 |
| (b) Extent of loss caused to the property in these accidents .. | 3,87,953 | 1,49,440 |

(c) Rash and negligent driving

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਇਨ੍ਹਾਂ ਨੇ ਨੁਕਸਾਨ ਬਾਰੇ ਦੱਸਿਆ ਹੈ। ਸਟੇਟਮੈਂਟ ਤੋਂ ਇਹ ਮਾਲੂਮ ਹੁੰਦਾ ਹੈ ਕਿ ਜ਼ਬਰਦਸਤ ਨੁਕਸਾਨ ਹੋਇਆ ਹੈ । ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਤਨੇ ਗੰਭੀਰ ਨੁਕਸਾਨ ਨੂੰ ਮਦੇ ਨਜ਼ਰ ਰਖਦੇ ਹੋਏ ਕੀ ਸਰਕਾਰ ਨੇ ਕੋਈ ਅਜਿਹੇ ਸਟੈਪ ਚੁੱਕਣ ਲਈ ਵਿਚਾਰ ਕੀਤੀ ਹੈ ਜਿਨ੍ਹਾਂ ਨਾਲ ਐਕਸੀਡੈਂਟਸ ਘਟਾਏ ਜਾ ਸਕਣ ; ਜੇਕਰ ਵਿਚਾਰ ਕੀਤੀ ਹੈ ਤਾਂ ਉਹ ਕਿਹੜੇ ਸਟੈਪਸ ਹਨ ?

**ਵਿੱਤ ਮੰਤਰੀ :** ਸਪੀਕਰ ਸਾਹਿਬ, ਗੌਰਮਿੰਟ ਨੇ ਐਕਸੀਡੈਂਟਸ ਨੂੰ ਘਟਾਉਣ ਵਾਸਤੇ ਪ੍ਰੈਕਟੀਕਲ ਸਟੈਪਸ ਚੁੱਕੇ ਹਨ । ਉਹ ਇਹ ਅੱਠ ਸਟੈਪਸ ਹਨ :—

ਬੱਸਾਂ ਵਿਚ ਸਪੀਡ ਗਵਰਨਰਜ਼ ਫਿਕਸ ਕੀਤੇ ਹਨ ।

ਡਰਾਈਵਰਜ਼ ਸ਼ਰਾਬ ਪੀ ਕੇ ਗੱਡੀ ਨਾ ਚਲਾਉਣ। ਮੌਕੇ ਦੇ ਮੁਤਾਬਿਕ ਉਨ੍ਹਾਂ ਦਾ ਟੈਸਟ ਹੋਵੇ।

ਬੱਸਾਂ ਦੀ ਫਿਟਨੈਸ ਵਰਕਸ਼ਾਪ ਤੋਂ ਪੂਰੀ ਤਰ੍ਹਾਂ ਨਾਲ ਮਿਲਣ ਤੋਂ ਬਾਅਦ ਬੱਸ ਰੋਡ ਤੇ ਆਵੇ।

Original with; Punjab Vidhan Sabha Digitized by; Panjab Digital Library

ਡਰਾਈਵਰਜ਼ ਦੇ ਬਾਰੇ ਵੀ ਪੂਰੀ ਤਰ੍ਹਾਂ ਨਾਲ ਖਿਆਲ ਰਖਿਆ ਜਾਵੇ, ਇਹ ਵੇਖਿਆ ਜਾਵੇ ਕਿ ਉਸ ਦੀਆਂ ਅੱਖਾਂ ਦੀ ਨਜ਼ਰ ਠੀਕ ਹੈ ਜਾਂ ਨਹੀਂ ।

ਫਿਰ ਸੇਫਟੀ ਵੀਕਸ ਅਬਜ਼ਰਵ ਕਰਨ ਦਾ ਫੈਸਲਾ ਕੀਤਾ ਹੈ।

ਟੈਕਨੋਕਰੇਟਸ ਠੀਕ ਟਰੇਂਡ ਹੋਣ, ਇਸ ਗੱਲ ਦਾ ਵੀ ਖਿਆਲ ਰੱਖਿਆ ਗਿਆ ਹੈ।

ਹਿੱਲ ਰੂਟਸ ਉਨ੍ਹਾਂ ਡਰਾਈਵਰਾਂ ਨੂੰ ਹੀ ਦਿੱਤੇ ਜਾਣ ਜਿਹੜੇ ਕਿ ਟਰੇਂਡ ਹੋਣ ਔਰ ਜਿਨ੍ਹਾਂ ਪਾਸ ਇਸ ਬਾਰੇ ਸਰਟੀਫਿਕੇਟ ਹੋਵੇ ।

ਇਸ ਤਰ੍ਹਾਂ ਨਾਲ ਸਾਰੇ ਸਟੈਪਸ ਲਏ ਗਏ ਹਨ ਔਰ ਪੰਜਾਬ ਗੌਰਮਿੰਟ ਨੇ ਸਾਰੀਆਂ ਚੀਜ਼ਾਂ ਦਾ ਖਿਆਲ ਰੱਖਿਆ ਹੈ । ਗੌਰਮਿੰਟ ਨੇ ਚੈਕਿੰਗ ਵਗੈਰਾ ਵੀ ਕੀਤੀ ਹੈ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਵਜ਼ੀਰ ਸਹਿਬ ਨੇ ਸਵਾਲ ਦੇ 'ੲ' ਪਾਰਟ ਦਾ ਜਵਾਬ ਦਿੱਤਾ ਹੈ 'ਤੇਜ਼ ਰਫਤਾਰੀ ਅਤੇ ਲਾਪਰਵਾਹੀ ਨਾਲ ਗੱਡੀਆਂ ਚਲਾਉਣਾ' । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹੋ ਜਿਹੇ ਕਾਰਨ ਵੀ ਇਨ੍ਹਾਂ ਦੇ ਸਾਹਮਣੇ ਆਏ ਹਨ ਕਿ ਵਰਕਸ਼ਾਪ ਵਿਚੋਂ ਗੱਡੀਆਂ ਧੱਕੇ ਨਾਲ ਕੱਢੀਆਂ ਜਾਂਦੀਆਂ ਹਨ ਔਰ ਕਿਹਾ ਜਾਂਦਾ ਹੈ ਕਿ ਜਾਓ ਗੇੜਾ ਲਾ ਆਓ, ਇਸ ਤਰ੍ਹਾਂ ਗੇੜਾ ਲਾਉਣ ਲਈ ਬਿਨਾਂ ਦੇਖੇ ਧੱਕੇ ਨਾਲ ਹੀ ਗੱਡੀਆਂ ਵਰਕਸ਼ਾਪ ਤੋਂ ਕੱਢੀਆਂ ਜਾਂਦੀਆਂ ਹਨ ?

ਦੂਸਰਾ ਇਹ ਕਿ ਕੀ ਇਨ੍ਹਾਂ ਦੇ ਸਾਹਮਣੇ ਇਹੋ ਜਿਹੀਆਂ ਉਦਾਹਰਣਾਂ ਵੀ ਆਈਆਂ ਹਨ ਕਿ ਜਿਹੜੇ ਡਰਾਈਵਰ ਹਨ ਜਿਨ੍ਹਾਂ ਨੂੰ ਧੱਕੇ ਨਾਲ ਹੀ ਗੇੜਾ ਲਗਾਉਣ ਲਈ ਭੇਜਿਆ ਜਾਂਦਾ ਹੈ, ਅਸਲ ਵਿਚ ਉਹ ਉਸ ਰੂਟ ਦੇ ਇਤਨੇ ਟਰੇਂਡ ਨਹੀਂ ਹੁੰਦੇ ?

ਤੀਸਰਾ ਇਹ ਕਿ ਇਹ ਜੋ ਕੁਝ ਹੋ ਰਿਹਾ ਹੈ ਇਸ ਦੇ ਬਾਰੇ ਡੀਮਾਂਡ ਆ ਰਹੀ ਹੈ ਕਿ ਡਰਾਈਵਰਾਂ ਨੂੰ ਜਿਹੜੇ ਕਿ ਪੁਰਾਣੇ ਹਨ ਔਰ ਤਜਰਬਾਕਾਰ ਹਨ, ਸਿਆਣੇ ਹਨ ਉਨ੍ਹਾਂ ਦੀ ਇਕ ਕਮੇਟੀ ਬਣਾ ਕੇ ਉਨ੍ਹਾਂ ਤੋਂ ਸੁਝਾਓ ਲਏ ਜਾਣ ਕਿ ਐਕਸੀਡੈਂਟਸ ਕਿਸ ਤਰ੍ਹਾਂ ਰੋਕੇ ਜਾ ਸਕਦੇ ਹਨ, ਇਨ੍ਹਾਂ ਦੇ ਵਾਪਰਨ ਦਾ ਕੀ ਕਾਰਣ ਹੈ । ਕੀ ਸਰਕਾਰ ਕੋਈ ਇਸ ਪਾਸੇ ਵੀ ਵਿਚਾਰ ਕਰਨ ਨੂੰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕੁਝ ਸੁਝਾਓ ਦਿਤੇ ਹਨ ਔਰ ਕੁਝ ਸਵਾਲ ਵੀ ਕੀਤੇ ਹਨ । ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਜ਼ਬਰਦਸਤੀ ਬਸਾਂ ਵਰਕਸ਼ਾਪਾਂ ਵਿਚੋਂ ਕੱਢਣ ਬਾਰੇ, ਇਨ੍ਹਾਂ ਨੇ ਕਿਹਾ ਹੈ ਕਿ ਚੱਕਰ ਲਗਾਉਣ ਲਈ ਇਸ ਤਰ੍ਹਾਂ ਕੀਤਾ ਜਾਂਦਾ ਹੈ, ਇਸ ਬਾਰੇ ਕੋਈ ਇਸ ਤਰ੍ਹਾਂ ਕਰਨ ਦੀਆਂ ਨਾ ਹੀ ਡਾਇਰੈਕਸ਼ਨਜ਼ ਹਨ ਔਰ ਨਾ ਹੀ ਕੋਈ ਇਨਸਟਰਕਸ਼ਨਜ਼ ਹਨ । ਜਿਹੜੀ ਬੱਸ ਫਿੱਟ ਹੋਵੇ ਉਹ ਭੇਜੀ ਜਾਂਦੀ ਹੈ । ਅਗਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸੀ ਐਗਜ਼ੈਂਪਲ ਹੈ, ਕੋਈ ਐਸਾ ਇਨਸੀਡੈਂਟ ਹੈ ਤਾਂ ਇਹ ਦਸ ਸਕਦੇ ਹਨ । ਅਸਲ ਵਿਚ ਐਕਸੀਡੈਂਟਸ ਜ਼ਿਆਦਾ ਹੋਣ ਦੀ ਵਜ੍ਹਾ ਇਹ ਹੈ ਕਿ ਬੱਸਾਂ ਦੀ ਤਦਾਦ ਵੀ ਅੱਗੇ ਨਾਲੋਂ ਕਾਫੀ ਵੱਧ ਗਈ ਹੈ । ਪਹਿਲੇ 1913 ਬੱਸਾਂ ਸਨ ਹੁਣ 3418 ਬੱਸਾਂ ਹੋ ਗਈਆਂ ਹਨ । ਸੋ ਇਹ ਕਈ ਕਾਰਣ ਐਕਸੀਡੈਂਟਸ ਦੇ ਹੋ ਸਕਦੇ ਹਨ । ਪਰ ਇਹ ਠੀਕ ਹੈ ਕਿ ਐਕਸੀਡੈਂਟਸ ਨੂੰ ਰੋਕਣ ਲਈ ਸਟੈਪਸ ਬਹੁਤ ਸਾਰੇ ਲਏ ਹਨ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ 10-12 ਦਿਨ ਹੋਏ ਮੈਂ ਇਕ ਬੱਸ ਵਿਚ ਜਾ ਰਿਹਾ ਸੀ ਤਾਂ ਉਸ ਬੱਸ ਦੇ ਡਰਾਈਵਰ ਦੇ ਨਾਲ ਦਾ ਸ਼ੀਸ਼ਾ ਟੁਟ ਕੇ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

ਡਰਾਈਵਰ ਦੇ ਆ ਲਗਾ । ਹਾਲੇ ਉਸ ਬੱਸ ਦੀ ਬਾਡੀ ਦੇ ਬਣੇ ਨੂੰ ਡੇਢ ਮਹੀਨਾ ਹੀ ਹੋਇਆ ਸੀ। ਕੀ ਸਰਕਾਰ ਦਾ ਇਸ ਪਾਸੇ ਵੀ ਧਿਆਨ ਹੈ ਕਿ ਜਿਹੜੀਆਂ ਨਵੀਆਂ ਬਾਡੀਆਂ ਬਣਦੀਆਂ ਹਨ ਉਨ੍ਹਾਂ ਦੀ ਵੀ ਹਾਲਤ ਠੀਕ ਨਹੀਂ ਹੁੰਦੀ ਔਰ ਐਕਸੀਡੈਂਟਸ ਦਾ ਉਹ ਕਾਰਣ ਬਣਦੀਆਂ ਹਨ ?

**ਮੰਤਰੀ** : ਐਕਸੀਡੈਂਟਸ ਤਾਂ ਚਾਹੇ ਨਵੀਂ ਬਾਡੀ ਹੋਵੇ ਜਾਂ ਪੁਰਾਣੀ ਹੋਵੇ, ਕਿਸੇ ਦੇ ਨਾਲ ਵੀ ਹੋ ਸਕਦੇ ਹਨ । ਸਾਹਮਣੇ ਕਿਸੇ ਦੇ ਟੱਕਰ ਹੋਣ ਦੇ ਨਾਲ ਵੀ ਐਕਸੀਡੈਂਟਸ ਹੋ ਸਕਦੇ ਹਨ ਔਰ ਕੋਈ ਹੋਰ ਕਾਰਣ ਵੀ ਹੋ ਸਕਦਾ ਹੈ।

---

## ANOMALY COMMITTEE

***1312. Shri Sewa Ram :** Will the Minister for Finance be pleased to state—

(a) the number of meetings held by the Anomalies Committee during the year 1981-82;

(b) the approximate time by which the said Committee is likely to complete its work?

**Doctor Kewal Krishan:**

(a) 8

(b) The Anomalies Committee has already completed its work in respect of about 80% of the total number of Punjab Government employees. The Committee is likely to complete its work during 1982-83.

**ਸ਼੍ਰੀ ਸੇਵਾ ਰਾਮ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ 80% ਇਮਪਲਾਈਜ਼ ਦਾ ਫੈਸਲਾ ਕਰ ਲਿਆ ਹੈ, ਉਹ ਕਿਹੜੇ ਕਿਹੜੇ ਮਹਿਕਮੇਂ ਦੇ ਕਿਹੜੀ ਕਿਹੜੀ ਕੈਟੇਗਰੀਆਂ ਦੇ ਹਨ ਜਿਨ੍ਹਾਂ ਦਾ ਫੈਸਲਾ ਕਰ ਲਿਆ ਹੈ ਔਰ ਕਿਹੜੀਆਂ ਕਿਹੜੀਆਂ ਕੈਟੇਗਰੀਜ਼ ਰਹਿ ਗਈਆਂ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਵਾਂਗਾ ਕਿ ਕੈਟੇਗਰੀ-ਵਾਈਜ਼ ਕੁਲ ਟੋਟਲ ਇਮਪਲਾਈਜ਼ 2,42,187 ਪੰਜਾਬ ਵਿੱਚ ਹਨ । ਜਿਨ੍ਹਾਂ ਵਿੱਚੋਂ 1,95,407 ਦਾ ਫੈਸਲਾ ਹੋ ਗਿਆ ਹੈ । ਜਿਹੜੀਆਂ ਅਨਕਵਰਡ ਕੈਟੇਗਰੀਜ਼ ਹਨ, ਰਹਿ ਗਈਆਂ ਹਨ ਉਨ੍ਹਾਂ ਦੀ ਤਦਾਦ 48 ਹੈ ਅਤੇ ਜਿਹੜੀਆਂ ਕਵਰਡ ਕੈਟੇਗਰੀਜ਼ ਹਨ ਉਹ 13 ਹਨ ।

**ਸ਼੍ਰੀ ਸੇਵਾ ਰਾਮ** : ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ 2 ਸਾਲਾਂ ਵਿਚ 8 ਮੀਟਿੰਗਾਂ ਕੀਤੀਆਂ ਹਨ ਔਰ ਹੁਣ ਇਸ ਵਾਸਤੇ ਇਕ ਸਾਲ ਹੋਰ ਮੰਗ ਲਿਆ ਹੈ । ਇੰਪਲਾਈਜ਼ ਵਿਚ ਇਸ ਗਲ ਦੀ ਬੜੀ ਰਿਜ਼ੈਂਟਮੈਂਟ ਹੈ ਕਿ ਦੇਰ ਹੋ ਰਹੀ ਹੈ । ਕੀ ਮੰਤਰੀ ਸਾਹਿਬ ਇਹ ਸਮਾਂ ਘਟਾ ਕੇ 3 ਮਹੀਨਿਆਂ ਵਿਚ ਇਹ ਸਾਰਾ ਫੈਸਲਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਪੇ-ਕਮਿਸ਼ਨ ਦਸੰਬਰ, 1977 ਵਿੱਚ ਬਣਿਆ ਸੀ ਜਿਸ ਦੀਆਂ ਰਿਕੁਮੈਂਡੇਸ਼ਨਜ਼ 1979 ਵਿਚ ਹੋਈਆਂ ਔਰ ਉਨ੍ਹਾਂ ਰਿਕੁਮੈਂਡੇਸ਼ਨਜ਼ ਨੂੰ ਪੂਰਾ ਕਰਨ ਲਈ, ਮਾਨਯੋਗ

Original with;
Punjab Vidhan Sabha
Digitized by;
Panjab Digital Library

ਮੈਂਬਰਜ਼ ਸਾਹਿਬਾਨ ਸੁਣ ਕੇ ਹੈਰਾਨ ਹੋਣਗੇ, ਕਿ 49 ਕਰੋੜ ਰੁਪਿਆ ਅਨਾਮਲੀਜ਼ ਦੂਰ ਕਰਨ ਔਰ ਪੇ-ਕਮਿਸ਼ਨ ਦੀਆਂ ਸਿਫਾਰਸ਼ਾਂ ਤੇ ਖਰਚ ਕਰ ਚੁੱਕੇ ਹਾਂ। ਔਰ ਮੈਂ ਹੁਣ ਵੀ ਯਕੀਨ ਦਿਵਾਉਂਦਾ ਹਾਂ ਕਿ 1982-83 ਵਿਚ ਜਿਹੜੇ 20% ਇਮਪਲਾਈਜ਼ ਰਹਿ ਗਏ ਹਨ, ਉਹ ਸੈਂਟ-ਪਰਸੈਂਟ ਅਨਾਮਲੀਜ਼ ਦੂਰ ਕਰ ਦਿੱਤੀਆਂ ਜਾਣਗੀਆਂ।

**ਸ਼੍ਰੀ ਸੇਵਾ ਰਾਮ:** ਸਪੀਕਰ ਸਾਹਿਬ, ਮੈਂ ਇਹ ਪੁਛਿਆ ਸੀ ਕਿ ਕਿਹੜੇ ਕਿਹੜੇ ਮਹਿਕਮੇਂ ਦੀਆਂ ਕਿਹੜੀਆਂ ਕਿਹੜੀਆਂ ਕੈਟੇਗਰੀਜ਼ ਰਹਿ ਗਈਆਂ ਹਨ ਇਹ ਨਹੀਂ ਦਸਿਆ ?

**ਮੰਤਰੀ:** ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ 48 ਕੈਟੇਗਰੀਜ਼ ਅਨਕਵਰਡ ਹਨ ਅਤੇ 13 ਕਵਰਡ ਹਨ। ਜੇ ਇਹ ਨਾਂ ਚਾਹੁੰਦੇ ਹਨ ਤਾਂ ਸਮਾਂ ਕਾਫੀ ਲਗ ਜਾਵੇਗਾ ਮੈਂ ਪੜ੍ਹ ਕੇ ਦਸ ਦਿੰਦਾ ਹਾਂ।

**ਸ਼੍ਰੀ ਸਪੀਕਰ:** ਇਹ ਤੁਸੀਂ ਇਨ੍ਹਾਂ ਨੂੰ ਬਾਅਦ ਵਿਚ ਲਿਖ ਕੇ ਦੇ ਦੇਣਾ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ:** ਇਨ੍ਹਾਂ ਨੇ ਜਵਾਬ ਦਿਤਾ ਹੈ ਕਿ 20% ਇਮਪਲਾਈਜ਼ ਰਹਿ ਗਏ ਹਨ। ਮੈਂ ਇਨ੍ਹਾਂ ਨੂੰ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸਕੱਤਰੇਤ ਦੇ ਸਾਹਮਣੇ ਜਿਹੜੇ ਚੌਥੇ ਦਰਜੇ ਦੇ ਮੁਲਾਜ਼ਮ ਵਾਚ ਐਂਡ ਵਾਰਡ ਦੇ ਕੰਮ ਕਰ ਰਹੇ ਹਨ ਜਿਨ੍ਹਾਂ ਦੇ ਦੋ ਦੋ ਅਤੇ ਤਿੰਨ ਤਿੰਨ, ਫੀਤੀਆਂ ਲਗੀਆਂ ਹੁੰਦੀਆਂ ਹਨ ਉਨ੍ਹਾਂ ਦਾ ਤਾਂ ਫੈਸਲਾ ਹੋ ਗਿਆ ਸੀ ਪਰ ਜਿਹੜੇ ਉਹੀ ਮੁਲਾਜ਼ਮ ਵਾਚ ਐਂਡ ਵਾਰਡ ਦੇ ਉਨ੍ਹਾਂ ਨੂੰ ਵੀ 2, 2 ਫੀਤੀਆਂ ਅਤੇ ਤਿੰਨ ਤਿੰਨ ਫੀਤੀਆਂ ਲਗੀਆਂ ਹਨ ਔਰ ਉਹ 17-18 ਸੈਕਟਰਜ਼ ਵਿੱਚ, ਡਾਇਰੈਕਟੋਰੇਟ ਦੇ ਦਫਤਰਾਂ ਵਿਚ ਲੱਗੇ ਹੋਏ ਹਨ ਉਨ੍ਹਾਂ ਦਾ ਫੈਸਲਾ ਨਹੀਂ ਹੋਇਆ। ਕੀ ਉਨ੍ਹਾਂ ਮੁਲਾਮਜ਼ਾਂ ਨੂੰ ਵੀ ਸਕੱਤਰੇਤ ਦੇ ਬਰਾਬਰ ਕ੍ਰਨ ਦਾ ਫੈਸਲਾ ਕਰਨਗੇ ?

**ਮੰਤਰੀ:** ਮੈਂ ਕਿਹਾ ਹੈ ਕਿ 13 ਕੈਟੇਗਰੀਜ਼ ਦਾ ਫੈਸਲਾ ਹੋ ਗਿਆ ਹੈ ਜਿਸ ਵਿਚ ਪਹਿਲੇ ਆਲ ਪੋਸਟਸ ਬਿਲੋਂਗਿੰਗ ਟੂ ਆਲ ਕਾਮਨ ਕੈਟੇਗਰੀਜ਼ ਆ ਗਈਆਂ ਹਨ। ਇਸ ਲਈ ਇਹ ਵੀ ਉਸ ਕਾਮਨ ਕੈਟੇਗਰੀਜ਼ ਵਿਚ ਆ ਜਾਂਦੇ ਹਨ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1290

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁਟ ਨਹੀਂ ਕੀਤਾ ਗਿਆ।)

---

**Gram Panchayats of Villages**

***1293. Comrade Darshan Singh Jhabal :** Will the Minister of Development be pleased to—

(a) lay on the Table of the House a list showing the Blockwise names of such villages in the State which had their own Gram Panchayats prior to the last elections to the Panchayats but during the last elections the same were attached to the Panchayats of big villages;

(b) state whether keeping in view the hardships being experienced by the people, the Government proposed to revive the village Panchayats for the said villages?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਕੋਈ ਛੋਟਾ ਪਿੰਡ ਕਿਸੇ ਵੱਡੇ ਪਿੰਡ ਦੀ ਪੰਚਾਇਤ ਨਾਲ ਨਹੀਂ ਜੋੜਿਆ ਗਿਆ। ਬਲਕਿ ਸਥਿਤੀ ਇਸ ਪ੍ਰਕਾਰ ਹੈ ਕਿ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 4(1) ਦੀ 1974 ਵਿਚ ਤਰਮੀਮ ਤੋਂ ਪਹਿਲਾਂ ਇਕ ਪਿੰਡ (ਰੈਵੀਨਿਊ ਅਸਟੇਟ) ਵਿਚ ਇਕ ਤੋਂ ਵਧੀਕ ਪੰਚਾਇਤਾਂ ਸਥਾਪਿਤ ਸਨ। ਉਕਤ ਤਰਮੀਮ ਅਨੁਸਾਰ ਰਾਜ ਵਿਚ ਗਰਾਮ ਸਭਾਵਾਂ ਦੇ ਖੇਤਰਾਂ ਦਾ ਪੁਨਰ ਗਠਨ ਕੀਤਾ ਗਿਆ ਤਾਂ ਜੋ ਇਕ ਪਿੰਡ (ਰੈਵੀਨਿਊ ਅਸਟੇਟ) ਲਈ ਇਕ ਪੰਚਾਇਤ ਹੀ ਸਥਾਪਿਤ ਕੀਤੀ ਜਾਵੇ। ਅਜਿਹੇ ਪਿੰਡਾਂ ਦੀ ਸੂਚੀ ਸਦਨ ਵਿਚ ਪੇਸ਼ ਕੀਤੀ ਜਾਂਦੀ ਹੈ।

(ਅ) ਹਰ ਇਕ ਪਿੰਡ ਜਿਸ ਦੀ ਅਬਾਦੀ 100 ਤੋਂ ਘੱਟ ਨਾ ਹੋਵੇ ਲਈ ਵਖਰੀ ਪੰਚਾਇਤ ਸਥਾਪਿਤ ਕੀਤੀ ਗਈ ਹੈ ਅਤੇ ਇਸ ਸਬੰਧ ਵਿਚ ਲੋਕਾਂ ਦੀ ਕੋਈ ਔਕੜ ਸਰਕਾਰ ਨੂੰ ਅਨੁਭਵ ਨਹੀਂ ਹੋਈ।

**ਪਿੰਡਾਂ ਦੀ ਸੂਚੀ**

| ਲੜੀ ਨੰ: | ਬਲਾਕ ਦਾ ਨਾਂ | ਸਭਾ ਖੇਤਰ ਦਾ ਨਾਂ | ਸਭਾ ਖੇਤਰ ਵਿਚ ਸ਼ਾਮਲ ਅਬਾਦੀ | ਸਭਾ ਖੇਤਰ ਦਾ ਨਾਂ ਜਿਸ ਵਿਚ ਸ਼ਾਮਲ ਕੀਤਾ ਗਿਆ। |
|---|---|---|---|---|
| 1 | 2 | 3 | 4 | 5 |
| 1 | ਰਈਆ | 1. ਡੇਰਾ ਬਾਬਾ ਜੈਮਲ ਸਿੰਘ | ਬਲ ਸਰਾਏ ਦੀ ਅਬਾਦੀ | ਬਲ ਸਰਾਏ |
| | | 2. ਬਲ ਸਰਾਏ | ਬਲ ਸਰਾਏ ਡੇਰਾ ਬਾਬਾ ਜੈਮਲ ਸਿੰਘ ਦਾ ਬਾਹਰ ਦਾ ਹਿੱਸਾ | |
| 2 | ਤਰਸਿੱਕਾ | 1. ਦਬੁਰਜੀ ਮੁਸ਼ਮੁਲਾ<br>2. ਉਧੋ ਨੰਗਲ | ਦਬੁਰਜੀ ਮੁਸ਼ਮੁਲਾ<br>ਉਧੋ ਨੰਗਲ | ਉਧੋ ਨੰਗਲ |
| 3 | ਤਰਸਿੱਕਾ | 1. ਟਨੇਲ (ਓਲਡ)<br>2. ਟਨੇਲ (ਨਿਊ) | ਟਨੇਲ ਓਲਡ)<br>ਟਨੇਲ (ਨਿਊ) | ਟਨੇਲ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 4 | ਜੰਡਿਆਲਾ | 1. ਗਹਿਰੀ ਭਾਨਾ<br>2. ਗਹਿਰੀ ਮੰਡੀ | ਗਹਿਲੀ ਭਾਨਾ<br>ਗਹਿਰੀ ਮੰਡੀ | ਗਹਿਰੀ |
| 5 | ਮਜੀਠਾ | 1. ਭੰਗਾਲੀ | ਭੰਗਾਲੀ<br>(ਭੰਗਾਲੀ ਖੁਰਦ ਅਤੇ ਗੁਜਰ ਪੁਰ ਦਾ ਬਾਹਰਲਾ ਹਿੱਸਾ) | ਭੰਗਾਲੀ |
| | | 2. ਭੰਗਾਲੀ ਖੁਰਦ | 1. ਗੁਜਰ ਪੁਰਾ<br>2. ਭੰਗਾਲੀ ਖੁਰਦ | |
| 6 | ਮਜੀਠਾ | 1. ਚੁਗਾਵਾਂ ਗੁਪੋਵਾਲੀ<br>2. ਗੁਪੋਵਾਲੀ ਕਲਾਂ<br>3. ਗੁਪੋ ਵਾਲੀ ਖੁਰਦ | ਚੁਗਾਵਾਂ ਗੁਪੋਵਾਲੀ<br>ਗੁਪੋਵਾਲੀ ਕਲਾਂ<br>ਗੁਪੋਵਾਲੀ ਖੁਰਦ | ਚੁਗਾਵਾਂ ਗੁਪੋਵਾਲੀ |
| 7 | ਮਜੀਠਾ | 1. ਸੋਹੀਆਂ ਕਲਾਂ<br>2. ਦਬੁਰਜੀ ਮੁਸ਼ਮੁਲਾ<br>3. ਸੋਹੀਆਂ ਕਲਾਂ | ਸੋਹੀਆਂ ਕਲਾਂ<br>ਦਬੁਰਜੀ ਮੁਸ਼ਮੁਲਾ<br>ਸੋਹੀਆਂ ਕਲਾਂ | ਸੋਹੀਆਂ ਕਲਾਂ |
| 8 | ਵੇਰਕਾ | 1. ਪਿੰਡ ਘੁੰਮਣ ਪੁਰਾ ਦੀ ਪੱਟੀ ਭੈਣੀ<br>2. ਘੁੰਮਣ ਪੁਰਾ | ਪਿੰਡ ਘੁੰਮਣ ਪੁਰਾ ਦੀ ਪੱਟੀ ਭੈਣੀ<br>ਘੁੰਮਣ ਪੁਰਾ | ਘੁੰਮਣ ਪੁਰਾ |
| 9 | ਵੇਰਕਾ | 1. ਖਾਸਾ<br>2. ਖਾਸਾ ਬਜ਼ਾਰ | ਖਾਸਾ<br>ਖਾਸਾ ਬਜ਼ਾਰ | ਖਾਸਾ |
| 10 | ਚੋਹਲਾ ਸਾਹਿਬ | 1. ਠੱਠਾ ਮੁਸ਼ ਮੁਲਾ ਸਰਹਾਲੀ | 1. ਠੱਠਾ ਮੁਸ਼ ਮੁਲਾ ਸਰਹਾਲੀ<br>2. ਜੁਨਾਰ ਦਰ | ਸਰਹਾਲੀ ਕਲਾਂ |
| | | 2. ਸਰਹਾਲੀ ਕਲਾਂ | ਸਰਹਾਲੀ ਕਲਾਂ | |
| 11 | ਚੋਲਾ ਸਾਹਿਬ | 1. ਘੁਰਕਾ<br>2. ਕਰਮੂ ਵਾਲਾ ਮੁਸ਼ਮੁਲਾ ਘੁਰਕਾ | ਘੁਰਕਾ<br>ਕਰਮੂ ਵਾਲਾ ਮੁਸ਼ਮੁਲਾ ਘੁਰਕਾ | ਘੁਰਕਾ |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | 4 | 5 |
|---|---|---|---|---|
| 12 | ਤਰਨ ਤਾਰਨ | 1. ਝਬਾਲ ਖਾਮ<br>2. ਝਬਾਲ ਖੁਰਦ<br>3. ਝਬਾਲ ਪੁਖਤਾ | ਝਬਾਲ ਖਾਮ<br>ਝਬਾਲ ਖੁਰਦ<br>ਝਬਾਲ ਪੁਖਤਾ | ਝਬਾਲ ਕਲਾਂ |
| 13 | ਤਰਨ ਤਾਰਨ | 1. ਪੰਜਵਾਰ ਖਾਮ<br>2. ਪੰਜਵਾਰ ਪੁਖਤਾ<br><br><br>3. ਮਾਜੂਪੁਰਾ<br>ਮੁਸਮੁਲਾ<br>ਪੰਜਵਾਰ | ਪੰਜਵਾਰ ਖਾਮ<br>ਪੰਜਵਾਰ ਪੁਖਤਾ<br>ਹੀਆਂ ਪੁਰ<br>ਭੋਜਰਨਵਾਲਾ<br>ਮਾਜੂਪੁਰਾ<br>ਮੁਸ਼ਮੁਲਾ<br>ਪੰਜਵਾਰ | ਪੰਜਵਾਰ |
| 14 | ਤਰਨ ਤਾਰਨ | 1. ਮਾਨੋਚਾਹਲ ਖੁਰਦ<br>2. ਮਾਨੋ ਚਾਹਲ ਕਲਾਂ | ਮਾਨੋ ਚਾਹਲ ਖੁਰਦ<br>ਮਾਨੋ ਚਾਹਲ ਕਲਾਂ | ਮਾਨੋ ਚਾਹਲ ਖੁਰਦ |
| 15 | ਤਰਨ ਤਾਰਨ | 1. ਪਾਧਰੀ ਕਲਾਂ<br>2. ਪਾਧਰੀ ਖੁਰਦ | ਪਾਧਰੀ ਕਲਾਂ<br>ਪਾਧਰੀ ਖੁਰਦ<br>ਮੁਸ਼ਮੁਲਾ ਪਾਧਰੀ ਕਲਾਂ | ਪਾਧਰੀ |
| 16 | ਖਡੂਰ ਸਾਹਿਬ | 1. ਸਰਾਲੀ ਕਲਾਂ<br>2. ਸਰਾਲੀ ਖਰਦ | ਸਰਾਲੀ ਕਲਾਂ<br>ਸਰਾਲੀ ਖੁਰਦ | ਹਰਦੋ ਸਰਾਲੀ |
| 17 | ਕਾਸੇਲ (ਗੰਡੀਵਿੰਡ) | 1. ਸੋਹਲ (ਠੱਠੀ)<br>2. ਠੱਠੀ (ਸੋਹਲ) | ਸੋਹਲ (ਠੱਠੀ)<br>ਠੱਠੀ (ਸੋਹਲ) | ਸੋਹਲ ਠੱਠੀ |
| 18 | ਕਸੇਲ | 1. ਰੋੜਾਂ ਵਾਲਾ ਕਲਾਂ<br>2. ਰੋੜਾਂ ਵਾਲਾ ਖੁਰਦ | ਰੋੜਾਂ ਵਾਲਾ ਕਲਾਂ<br>ਰੋੜਾਂ ਵਾਲਾ ਖੁਰਦ | ਰੋੜਾਂ ਵਾਲਾ |
| 19 | ਚੋਗਾਵਾਂ | 1. ਹਰਸੇ ਛੀਨਾ<br>2. ਸ਼ਹਿਬਾਜ਼ ਪੁਰਾ<br>3. ਹਰਸੇ ਛੀਨਾ ਵਿਚਲਾ | ਹਰਸੇ ਛੀਨਾ<br>ਸ਼ਹਿਬਾਜ਼ ਪੁਰ<br>ਹਰਸੇ ਛੀਨਾ ਵਿਚਲਾ | ਹਰਸੇ ਛੀਨਾ |
| 20 | ਚੋਗਾਵਾਂ | 1. ਬੱਗਾ ਖੁਰਦ<br>2. ਬੱਗਾ ਕਲਾਂ | ਬੱਗਾ ਖੁਰਦ<br>ਬੱਗਾ ਕਲਾਂ | ਬੱਗਾ |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 21 | ਚੋਗਾਵਾਂ | 1. ਭੀਲੋਵਾਲ ਪੱਕਾ | ਭੀਲੋਵਾਲ ਪੱਕਾ ਮੁਧ ਭੀਲੋ ਵਾਲ ਦੀ ਅਬਾਦੀ | ਮੁਧ ਭੀਲੋਵਾਲ |
| | | 2. ਮੁਧ ਭੀਲੋਵਾਲ | ਮੁਧ ਭੀਲੋਵਾਲ | |
| 22 | ਪੱਟੀ | 1. ਕਿਰਤੋਵਾਲ | ਕਿਰਤੋਵਾਲ | ਕਿਰਤੋ ਵਾਲ |
| | | 2. ਕਿਰਤੋਵਾਲ ਖੁਰਦ | ਕਿਰਤੋਵਾਲ ਖੁਰਦ | |
| | | 3. ਮੁਸ਼ਮੁਲਾ ਕਿਰਤੋਵਾਲ | ਮੁਸ਼ਮੁਲਾ ਕਿਰਤੋਵਾਲ | |
| 23 | ਵਲਟੋਹਾ | 1. ਰਤੋਕੇ | ਰਤੋਕੇ | ਰਤੋਕੇ |
| | | 2. ਚੱਕ ਵਾਲੀਆਂ ਰਤੋ ਕੇ ਮੁਸ਼ਮੁਲਾ ਰਤੋਕੇ | ਚੱਕ ਵਾਲੀਆਂ ਰਤੋ ਕੇ ਮੁਸ਼ਮੁਲਾ ਰਤੋਕੇ | |
| 24 | ਵਲਟੋਹਾ | 1. ਮਾਨੇ ਕੇ ਜੰਡ | ਮਾਨੇ ਕੇ ਜੰਡ | ਮਾਨੇ ਕੇ ਜੰਡ |
| | | 2. ਜੰਡ ਮੁਸ਼ਮੁਲਾ | ਜੰਡ ਮੁਸ਼ਮੁਲਾ | |
| | | 3. ਮਾਨੇਕੇ ਜੰਡ | ਮਾਨੇਕੇ ਜੰਡ | |
| 25 | ਭਿਖੀ ਵਿੰਡ | 1. ਕਲਸ਼ੀਆਂ ਕਲਾਂ | ਕਲਸ਼ੀਆਂ ਕਲਾਂ | ਕਲਸੀਆਂ ਕਲਾਂ |
| | | 2. ਭਾਈ ਲਧੂ ਮੁਸ਼ਮੁਲਾ | ਭਾਈ ਲਧੂ ਮੁਸ਼ਮੁਲਾ | |
| | | 3. ਕਲਸੀਆਂ ਕਲਾਂ | ਕਲਸੀਆਂ ਕਲਾਂ (ਰੈਵਿਨਿਊ ਅਸਟੇਟ) | |
| 26 | ਬਠਿੰਡਾ | 1. ਅਬਲੂ | ਅਬਲੂ ਅਬਾਦੀ ਕੋਠੇ ਫੂਲੇਵਾਲਾ ਅਤੇ ਕੋਠੇ ਸੰਧਵਾਂ ਦਾ ਬਾਹਰਲਾ ਹਿੱਸਾ | ਅਬਲੂ |
| | | 2. ਕੋਠੇ ਫੂਲੇ ਵਾਲਾ (ਪਿੰਡ ਅਬਲੂ) | ਅਬਾਦੀ ਕੋਠੇ ਫੂਲੇਵਾਲਾ ਅਤੇ ਕੋਠੇ ਸੰਧਵਾਂ ਅਬਲੂ | |
| 27 | ਕੋਟਕਪੂਰਾ | 1. ਢਿਲਵਾਂ ਕਲਾਂ | ਢਿਲਵਾਂ ਕਲਾਂ | ਢਿਲਵਾਂ ਕਲਾਂ |
| | | 2. ਕੋਠੇ ਰਾਮਸਰ ਦਾ ਪਿੰਡ ਢਿਲਵਾਂ ਕਲਾਂ | ਕੋਠੇ ਰਾਮਸਰ ਦਾ ਪਿੰਡ ਢਿਲਵਾਂ ਕਲਾਂ | |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | 4 | 5 |
|---|---|---|---|---|
| 28 | ਸਮਾਣਾ | 1. ਸ਼ਾਦੀ ਪੁਰ ਮੋਮੀਆਂ | ਸ਼ਾਦੀ ਪੁਰ ਮੋਮੀਆਂ | ਸ਼ਾਦੀ ਪੁਰ ਅਲਿਆਸ ਮੋਮੀਆਂ |
| | | 2. ਕਰਤਾਰਪੁਰ ਮੋਮੀਆਂ | ਕਰਤਾਰ ਪੁਰ ਮੋਮੀਆਂ<br>ਝੀਲ<br>ਡੇਰਾ ਬੀਕਾਨੇਰੀਆਂ<br>ਬੁਧ ਥੇਹ | |
| 29 | ਰਾਜਪੁਰਾ | 1. ਭਾਂਖਰ ਪੁਰ | ਭਾਂਖਰ ਪੁਰ | ਭਾਂਖਰ ਪੁਰ |
| | | 2. ਲੇਡੀ ਤਰਵੇਦੀ ਕੈਂਪ ਮੁਬਾਰਕ ਪੁਰ | ਲੇਡੀ ਤਰਵੇਦੀ ਕੈਂਪ ਮੁਬਾਰਕ ਪੁਰ | |
| 30 | ਖਰੜ | 1. ਬਡਾਲਾ | ਬਡਾਲਾ<br>ਅਬਾਦੀ ਨਵਾਂ ਸ਼ਹਿਰ ਤੇ ਬਾਹਰਲਾ ਹਿੱਸਾ | ਬਡਾਲਾ |
| | | 2. ਨਵਾਂ ਸ਼ਹਿਰ | ਨਵਾਂ ਸ਼ਹਿਰ | |
| 31 | ਕਪੂਰਥਲਾ | 1. ਸ਼ੇਖੂ ਪੁਰਾ | ਸ਼ੇਖੂ ਪੁਰਾ<br>ਅਬਾਦੀ ਭਗਤ ਪੁਰਾ ਦੇ ਬਾਹਰਲਾ ਹਿੱਸਾ | ਸ਼ੇਖੂ ਪੁਰਾ |
| | | 2. ਅਬਾਦੀ ਭਗਤ ਪੁਰਾ ਦਾ ਪਿੰਡ ਸ਼ੇਖੂ ਪੁਰ | ਅਬਾਦੀ ਭਗਤ ਪੁਰਾ ਦਾ ਪਿੰਡ ਸ਼ੇਖੂ ਪੁਰ | |
| 32 | ਸੁਨਾਮ | 1. ਗੁਰਨੇ ਕਲਾਂ | ਗੁਰਨੇ ਕਲਾਂ | ਗੁਰਨੇ |
| | | 2. ਗੁਰਨੇ ਖੁਰਦ | ਗੁਰਨੇ ਖੁਰਦ | |
| 33 | ਮੁਕੇਰੀਆਂ | 1. ਭੰਗਾਲਾ | ਭੰਗਾਲਾ | ਭੰਗਾਲਾ |
| | | 2 ਭੰਗਾਲਾ ਪੁਰਾਣਾ | ਭੰਗਾਲਾ ਪੁਰਾਣਾ | |
| 34 | ਸੜੋਆ | 1. ਹਿਆਤ ਪੁਰਾ ਸਿੰਘਾ | ਹਿਆਤ ਪੁਰਾ ਸਿੰਘਾ | ਹਿਆਤ ਪੁਰ ਰੁੜਕੀ |
| | | 2. ਰੁੜਕੀ ਖੁਰਦ | ਰੁੜਕੀ ਖੁਰਦ | |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 35 | ਬਟਾਲਾ | 1. ਬੋਲੀ ਇੰਦਰ ਜੀਤ | ਬੋਲੀ ਇੰਦਰ ਜੀਤ ਆਲੋਵਾਲ ਨਵਾਂ ਪਿੰਡ | ਬਟਾਲਾ (ਮਿਉਂਸੀਪਲ ਖੇਤਰ ਤੋਂ ਬਾਹਰ) |
| | | 2. ਜਲਾਲਾਬਾਦ | ਜਲਾਲਾ ਬਾਦ ਝੰਨੇ ਮਾਲਵਾ | |
| | | 3. ਗੌਂਸ ਪੁਰਾ | ਗੌਂਸ ਪੁਰਾ | |
| | | 4. ਮਾਰੀਆਂ ਵਾਲਾ | ਮਾਰੀਆਂ ਵਾਲਾ ਅਬਾਦੀ ਛਮਰਾਗਾਂ ਮੁਹੰਮਦ ਪੁਰ | |
| | | 5. ਸਾਗਰ ਪੁਰ | ਸਾਗਰ ਪੁਰ ਬੁਹਾਰਾਂ ਵਾਲਾ ਹਵੇਲੀ ਚੋਬਦਾਰਾਂ ਝਰੀਆਂ ਵਾਲਾ | |
| | | 6. ਉਮਰਪੁਰਾ | ਉਮਰਪੁਰਾ | |
| 36 | ਸ੍ਰੀ ਹਰਗੋਬਿੰਦ ਪੁਰ | 1. ਲਦਾ ਮੰਡਾ | ਲਦਾ ਮੰਡਾ (ਪੱਟੀ ਖਾਨ ਅਤੇ ਪੱਟੀ ਅਠਵਾਲ ਦਾ ਬਾਹਰਲਾ ਹਿੱਸਾ) | ਲਦਾ ਮੰਡਾ |
| | | 2. ਪੱਟੀ ਅਠਵਾਲ (ਦਾ ਪਿੰਡ ਲੱਦਾ ਮੰਡਾ) | ਪੱਟੀ ਅਠਵਾਲ ਦਾ ਪਿੰਡ ਲੱਦਾ ਮੰਡਾ ਪੱਟੀ ਖਾਨ ਦਾ ਪਿੰਡ ਲਦਾ ਮੰਡਾ | |
| 37 | ਧਾਰ ਕਲਾਂ | 1. ਬੰਗਲੇ<br>2. ਬਧਾਨੀ | ਬੰਗਲੇ<br>ਬਧਾਨੀ | ਬੰਗਲੇ |
| 38 | ਧਾਰ ਕਲਾਂ | 1. ਚੱਕਰ | ਪਿੰਡ ਦੇ ਭਾਗ ਹਰਾ ਟਿਕਾਸ, ਚੱਕਰ ਦਰਬਾਰਾ ਅਤੇ ਸੁਰਾਲ | ਹਰਾ |

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

| 1 | 2 | 3 | 4 | 5 |
|---|---|---|---|---|
| | | 2. ਹਰਾ | ਪਿੰਡ ਦੇ ਭਾਗ ਹਰਾ, ਟਿਕਾਸ, ਹਰਾ ਕਕਰੂਹੀ ਸੁਖਨਿਆਲ ਅਤੇ ਕੁਖਿਆਲ | |
| | | 3. ਢਾਂਗੂ | 1. ਢਾਂਗੂ<br>2. ਭਮਰੋਟਾ<br>3. ਕੇਵਲ | |
| | | 4. ਲਦੇਤੀ | 1. ਲਦੇਤੀ<br>2. ਮੋਰਾਂ<br>3. ਮਾਂਗਟ | |
| 39 | ਧਾਰਕਲਾਂ | 1. ਦੁਰੰਗ | 1. ਪਿੰਡ ਦਾ ਹਿੱਸਾ ਤਰਹੇੜੀ, ਟਿਕਾਸ<br>2. ਦੁਰੰਗ<br>3. ਬਲੇਵਾ<br>4. ਬੀਰ ਪੌਲੀ<br>5. ਭਦਾਨ | ਤਰਹੇੜੀ |
| | | 2. ਜੁੰਗਥ | 1. ਜੁੰਗਥ<br>2. ਕਲਾਹ-ਨੂ<br>3. ਬੱਸਾ<br>4. ਟਿਕਾ ਸਮਾਣੂ<br>5. ਪਿੰਡ ਦਾ ਹਿੱਸਾ ਤਰਹੇੜੀ | |
| | | 3. ਤਰਹੇੜੀ | 1. ਪਿੰਡ ਦਾ ਹਿੱਸਾ ਤਰਹੇੜੀ—ਟਿਕਾਸ<br>2. ਤਰਹੇੜੀ<br>3. ਫੰਗੋਟਲੀ<br>4. ਨਗਰੋਟਾ<br>5. ਭਾਬਰ | |

Original with;
Punjab Vidhan Sabha
Digitized by;
Panjab Digital Library

| 1 | 2 | 3 | 4 | 5 |
|---|---|---|---|---|
| 40 | ਧਾਰਕਲਾਂ | 1. ਭੰਗੋਟਾ<br>2. ਗੁਲਿਆਲ | ਭੰਗੋਟਾ<br>ਗੁਲਿਆਲ<br>ਗੋਦਵਾਨ | ਭੰਗੋਟਾ |
| 41 | ਧਾਰਕਲਾਂ | 1. ਜੁਗਿਆਲ<br>2. ਜੈਨੀ ਉਪਰਲੇ | ਜੁਗਿਆਲ<br>ਜੈਨੀ ਉਪਰਲੇ | ਜੁਗਿਆਲ |
| 42 | ਧਾਰਕਲਾਂ | 1. ਸੁਰਤੀ | ਸਰਤੀ<br>ਬੰਗਲਾ | ਸਰਤੀ |
| | | 2. ਮਾਰਵਾਨ | 1. ਮਾਰਵਾਨ<br>2. ਤਰੋਟ<br>3. ਕਮਿਆਲ<br>4. ਸਾਤਾਨ | |
| 43 | ਧਾਰਕਲਾਂ | 1. ਥਾਰਾ ਝਿਕਲਾ | 1. ਥਾਰਾ ਝਿਕਲਾ<br>2. ਅਵਾਨ ਮੱਟੀ<br>3. ਭਦਾਨ<br>4. ਸਲਾਰੀ<br>5. ਡੰਗ ਮਾਨਸੂ<br>6. ਸੁਕਰੇਤ<br>7. ਮੋਰਾਂ | ਥਾਰਾ ਝਿਕਲਾ |
| | | 2. ਥਾਰਾ | 1. ਥਾਰਾ (ਟਿਕਾ ਥਾਰਾ ਅਪਰ ਅਤੇ ਡੱਲਾ) | |

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਮੇਰਾ ਸਵਾਲ ਇਹ ਸੀ ਕਿ ਪਹਿਲੇ ਜਿਹੜੀਆਂ ਪੰਚਾਇਤਾਂ ਸਨ ਉਹ 10 ਸਾਲ, 20 ਸਾਲ ਤਕ ਪੰਚਾਇਤਾਂ ਚਲਦੀਆਂ ਸਨ ਔਰ ਜਿਹੜੇ ਪੰਚਾਇਤ ਦੇ ਮਕਸਦ ਹੁੰਦੇ ਸਨ ਉਹ ਪੂਰੇ ਪ੍ਰਾਪਤ ਹੁੰਦੇ ਸਨ। ਪਰ ਇਨ੍ਹਾਂ ਨੇ ਇਕ ਤਰਮੀਮ ਕਰਕੇ ਜਿਹੜੀਆਂ ਛੋਟੀਆਂ ਪੰਚਾਇਤਾਂ ਸਨ ਉਨ੍ਹਾਂ ਨੂੰ ਇਕ ਵੱਡੀ ਪੰਚਾਇਤ ਨਾਲ ਜੋੜ ਦਿਤਾ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਉਹ ਪੰਚਾਇਤਾਂ ਜਿਹੜੀਆਂ ਆਪਣੇ ਤੌਰ ਤੇ ਸਾਰਾ ਕਮ ਕਰਦੀਆਂ ਸਨ ਉਨ੍ਹਾਂ ਦਾ ਕੰਮ ਰਹਿ ਗਿਆ ਹੈ। ਜਿਹੜੀ ਗਰਾਂਟ ਮਿਲਦੀ ਹੈ ਉਹ ਵੱਡੀਆਂ ਪੰਚਾਇਤਾਂ ਆਪਣੇ ਵੱਡੇ ਪਿੰਡਾਂ ਤੇ ਖਰਚ ਕਰ ਲੈਂਦੀਆਂ ਹਨ ਅਤੇ ਛੋਟੇ ਪਿੰਡ ਰਹਿ ਜਾਂਦੇ ਹਨ। ਇਨ੍ਹਾਂ ਨੇ ਆਪਣੇ ਜਵਾਬ ਦੇ 'ਅ' ਭਾਗ ਵਿਚ ਇਹ ਦਸਿਆ ਹੈ ਕਿ ਜਿਨ੍ਹਾਂ ਪਿੰਡਾਂ ਦੀ ਆਬਾਦੀ 100 ਤੋਂ ਘਟ ਨਹੀਂ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਹੈ ਉਨ੍ਹਾਂ ਦੀ ਵਖਰੀ ਪੰਚਾਇਤ ਬਣਾ ਦਿੱਤੀ ਹੈ । ਮੈਂ ਇਨ੍ਹਾਂ ਨੂੰ ਨਾਂ ਦਸਦਾ ਹਾਂ ਕਿ ਝਬਾਲ ਖੁਰਦ ਔਰ ਝਬਾਲ ਕਲਾਂ ਨੂੰ ਇਕੱਠਾ ਕੀਤਾ ਗਿਆ ਹੈ, ਇਸੇ ਤਰ੍ਹਾਂ ਮਜੀਦਪੁਰ ਔਰ ਪੰਜਵਟ ਨੂੰ ਇਕ ਕਰ ਦਿਤਾ ਗਿਆ ਹੈ।(ਵਿਘਨ) ਸੋ ਮੈਂ ਇਹ ਪੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਜਿਹੜਾ ਪੁਰਾਣਾ ਤਰੀਕਾ ਸੀ ਉਸ ਨੂੰ ਮੁੜ ਲਾਗੂ ਕਰਨਗੇ ਤਾਂਕਿ ਜਿਹੜੀਆਂ ਛੋਟੀਆਂ ਪੰਚਾਇਤਾਂ ਹਨ ਉਹ ਆਪਣਾ ਕੰਮ ਆਪ ਕਰ ਸਕਣ। ਕੀ ਉਹ ਤਰਮੀਮ ਵਾਪਸ ਲੈਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪਹਿਲੇ 9432 ਪੰਚਾਇਤਾਂ ਸਨ ਲੇਕਿਨ 1974 ਵਿਚ ਐਂਮਡਮੈਂਟ ਕੀਤੀ ਗਈ ਅਤੇ ਅਸੀਂ ਫੈਸਲਾ ਕੀਤਾ ਸੀ ਕਿ ਜਿਸ ਪਿੰਡ ਦੀ ਆਬਾਦੀ ਘੱਟ ਤੋਂ ਘੱਟ 100 ਹੋਵੇ ਅਤੇ ਉਹ ਹਦ ਬਸਤ ਵਿਚ ਜ਼ਰੂਰ ਆਉਂਦਾ ਹੋਵੇ ਉਸ ਦੀ ਵੱਖਰੀ ਪੰਚਾਇਤ ਸਥਾਪਿਤ ਕੀਤੀ ਜਾਵੇਗੀ। ਇਸ ਦੇ ਨਾਲ 1200 ਹੋਰ ਪੰਚਾਇਤਾਂ ਸਥਾਪਿਤ ਕੀਤੀਆਂ ਗਈਆਂ। ਇਸੇ ਤਰ੍ਹਾਂ ਇਥੇ 97 ਪੰਚਾਇਤਾਂ ਵਖ ਵਖ ਬਣੀਆਂ ਹੋਈਆਂ ਸਨ। ਇਨ੍ਹਾਂ ਨੂੰ ਇਕੱਠਾ ਕਰਕੇ 43 ਪਚਾਇਤਾਂ ਕਰ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛਾ ਕੰਮ ਹੋਇਆ ਹੈ।

---

**Mr. Speaker**: Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly)

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### Representation made to Director, Panchayati Raj against Sarpanch of Village Raowali

***1196. Comrade Kulwant Singh**: Will the Minister for Development and Panchayats be pleased to state—

(a) whether the members of Panchayat of village Raowali, Block Adampur, Tehsil and district Jullundur made a representation in the month of April, 1981 to the Director, Panchayati Raj alleging irregularities on the part of the Sarpanch;

(b) if the reply to part (a) above be in the affirmative the details of action, if any so far taken in this regard?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ ਅਤੇ ਅ) ਹਾਂ ਜੀ। ਗਰਾਮ ਪੰਚਾਇਤ ਰਾਉਵਾਲੀ, ਬਲਾਕ ਆਦਮਪੁਰ ਦੇ ਮੈਂਬਰਾਂ ਵਲੋਂ ਸ਼ਕਾਇਤ ਪ੍ਰਾਪਤ ਹੋਈ ਸੀ ਅਤੇ ਸਰਪੰਚ ਵਲੋਂ ਕੀਤੀਆਂ ਗਈਆਂ ਬੇਕਾਇਦਗੀਆਂ ਦੀ ਮੁੱਢਲੀ ਪੜਤਾਲ ਕਰਾਉਣ ਉਪਰੰਤ ਉਸ ਨੂੰ ਮੁਅੱਤਲ ਕੀਤਾ ਜਾ ਚੁੱਕਾ ਹੈ।

Original with; Punjab Vidhan Sabha Digitized by; Panjab Digital Library

**Starred Question No. 1279**

**Mr. Speaker:** Extension has been asked for in respect of Starred Question No. 1279.

D.O. No. 4/10/82/7742/704

Kanshi Ram

Agriculture, Irrigation & Forest Minister,
Punjab, Chandigarh.

*Sub* : Starred Question No. 1279 listed for Afternoon Session of 26th February, 1982—Due on Ist March, 1982.

Dear Mehra Sahib,

The answer to Starred Punjab Vidhan Sabha Question No. 1279 appearing in the list of Questions for the Ist March, 1982 in the names of Shri Ravi Inder Singh, MLA and Shri Parkash Singh Majitha, MLA, is not ready. The requisite information is being collected from the quarters concerned. I am, therefore, to request that time for answering this question may kindly be extended and this question included in the list of questions for any date after the 12th March, 1982.

With regards,

Yours sincerely,
(Sd.) . . .,
(KANSHI RAM)

Shri Brij Bhushan Mehra,
Speaker,
Punjab Vidhan Sabha,
Chandigarh.

---

**Starred Question No. 1294**

**Mr. Speaker :** Extension has been asked for in respect of Starred Question No. 1294.*

---

**Construction of Road from Garhdiwala to Tanda in District Hoshiarpur**

***1298. Shri Joginder Nath:** Will the Minister for Public Works be pleased to state whether it is a fact that the condition of the road from Garhdiwala to Tanda falling in District Hoshiarpur is unfit for traffic; if so, the reasons therefor and the time by which it will be made fit for traffic.

**ਸਰਦਾਰ ਬੇਅੰਤ ਸਿੰਘ** : (1) ਨਹੀਂ ਜੀ।

(2) ਇਸ ਸੜਕ ਉਪਰ ਟਰੈਫਿਕ ਹਾਲੇ ਵੀ ਚਾਲੂ ਹੈ। ਇਸ ਸੜਕ ਦੀ ਮੁਰੰਮਤ ਕੀਤੀ ਜਾ ਰਹੀ ਹੈ। ਇਹ ਕੰਮ ਮਈ, 1982 ਤੱਕ ਮੁਕੰਮਲ ਹੋ ਜਾਵੇਗਾ।

---

**For Starred Question No. 1294 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

**Foundation Stone for a Building of a Hospital at Village Kakrala, Block Samana, District Patiala**

***1325. Comrade Baldev Singh Loomba:** Will the Minister for Public Works be pleased to state whether any foundation stone for the construction of a building for hospital at village Kakrala, Block Samana, District Patiala was laid during the year 1977, 1978 and 1979, if so, the time by which the building is likely to be constructed?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਪਿੰਡ ਕਕਰਾਲਾ, ਬਲਾਕ ਸਮਾਨਾ, ਜ਼ਿਲ੍ਹਾ ਪਟਿਆਲਾ ਵਿਖੇ ਸਬ-ਸਿਡਿਅਰੀ ਹੈਲਥ ਸੈਂਟਰ ਨਾਨਾ ਕਿ ਹਸਪਤਾਲ ਦਾ ਨੀਂਹ ਪੱਥਰ ਉਸ ਸਮੇਂ ਦੇ ਉਦਯੋਗ ਮੰਤਰੀ, ਪੰਜਾਬ ਸ੍ਰੀ ਬਲਰਾਮ ਜੀ ਦਾਸ ਟੰਡਨ ਨੇ ਮਿਤੀ 7 ਨਵੰਬਰ, 1977 ਨੂੰ ਰੱਖਿਆ ਸੀ।

ਕਕਰਾਲਾ ਵਿਖੇ ਹਸਪਤਾਲ ਬਣਾਉਣ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**Mr. Speaker** : Now the Secretary will make an announcement.

## ANNOUNCEMENT BY THE SECRETARY

**ਸਕੱਤਰ** : ਮੈਂ ਫਾਰਮੇਸੀ (ਪੰਜਾਬ ਸੋਧਨਾ ਅਤੇ ਵੈਧਤਾ) ਬਿਲ, 1981, ਜੋ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਮੌਨਸੂਨ (ਤੀਜੇ) ਸਮਾਗਮ, 1981 ਦੇ ਦੌਰਾਨ ਪਾਸ ਕੀਤਾ ਗਿਆ ਸੀ ਅਤੇ ਜਿਸ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ, ਦੀ ਕਾਪੀ ਸਦਨ ਦੀ ਮੇਜ਼ ਤੇ ਰੱਖਦਾ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਪੀਕਰ** : ਇਹ ਡਿਸਅਲਾਓ ਕੀਤਾ ਜਾਂਦਾ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਸਪੀਕਰ** : ਪ੍ਰੋਫੈਸਰ ਬਲਵੰਤ ਸਿੰਘ ਜੀ ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਬਣਦਾ ਹੈ।

**ਮਾਸਟਰ ਚੰਦ ਸਿੰਘ** : ** ** **

**ਸ੍ਰੀ ਸਪੀਕਰ** : ਮੈਂ ਡਿਸਅਲਾਓ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** : ** ** **

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਪੀਕਰ** : ਮੈਂ ਡਿਸਅਲਾਓ ਕਰਦਾ ਹਾਂ। ਪਾਂਧੀ ਸਾਹਿਬ ਜੋ ਕੁਝ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

## WALK—OUT

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਵਾਕ ਆਊਟ ਕਰਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਦਲੀਪ ਸਿੰਘ ਪਾਂਧੀ, ਐਜ਼ ਏ ਪ੍ਰੋਟੈਸਟ ਵਾਕ ਆਊਟ ਕਰ ਗਏ।)

---

**Expunged Not recorded as ordered by the Chair.

Original with;
Punjab Vidhan Sabha
Digitized by;
Panjab Digital Library

## Call Attention Notices under Rule 66

### (Serial No. 4)

**Comrade Kulwant Singh**
**Comrade Raj Kumar**
**Comrade Sarwan Singh Cheema**
**Comrade Buta Singh:** Sir, I beg to draw the attention of the Government towards a matter of urgent public importance, namely, the wide-spread malpractices indulged by officials of the Co-operative Sugar Mills in the distribution of Parchis (Slips) for the sale of sugarcane at the Mill. Urgent action should be taken to enquire into this state of affairs which is injurious to the interest of common cane grower. There is a general discontentment and resentment among the affected cane growers.

The Minister may please make a statement on the subject at an early date.

**ਸਹਿਕਾਰਤਾ ਮੰਤਰੀ** (ਸਰਦਾਰ ਬੀਰਪਾਲ ਸਿੰਘ): (1) ਖੰਡ ਮਿਲ ਨੂੰ ਗੰਨੇ ਦੀ ਸਪਲਾਈ ਲਗਾਤਾਰ ਕਰਨ ਲਈ ਮਿਲ ਸਟਾਫ ਗੰਨਾ ਕਾਸ਼ਤਕਾਰਾਂ ਖੇਤਾਂ ਵਿਚ ਇਹ ਅੰਦਾਜ਼ਾ ਲਗਾਉਣ ਲਈ ਜਾਂਦਾ ਹੈ ਕਿ ਮਿਲ ਨੂੰ ਸਪਲਾਈ ਕਰਨ ਲਈ ਉਨ੍ਹਾਂ ਕਾਸ਼ਤਕਾਰਾਂ ਕੋਲ ਕਿੰਨਾ ਗੰਨਾ ਹੈ। ਨਿਸਚਿਤ ਮਿਕਦਾਰ ਵਿਚ ਗੰਨਾ ਸਪਲਾਈ ਕਰਨ ਲਈ ਇਕ ਐਗਰੀਮੈਂਟ ਗੰਨਾ ਕਾਸ਼ਤਕਾਰਾਂ ਅਤੇ ਮਿਲ ਦੇ ਵਿਚਕਾਰ ਕੀਤਾ ਜਾਂਦਾ ਹੈ।

(2) ਉਪਰੋਕਤ ਸ਼ਰਤਾਂ ਪੂਰੀਆਂ ਕਰਨ ਤੋਂ ਬਾਦ ਮਿਲ ਵਲੋਂ ਹਰ ਇਕ ਜ਼ਿਮੀਦਾਰ ਨੂੰ ਗੰਨੇ ਦੀਆਂ ਪਰਚੀਆਂ ਸਪਲਾਈ ਕਰਨ ਲਈ ਮਿਲ ਦੇ ਸਾਰੇ ਕਰੈਸ਼ਿੰਗ ਸੀਜ਼ਨ ਵਿਚ ਇਕ ਕਲੰਡਰ ਬਣਾਇਆ ਜਾਂਦਾ ਹੈ। ਇਸ ਕਲੰਡਰ ਤੋਂ ਪਤਾ ਲਗਦਾ ਹੈ ਕਿ ਗੰਨਾ ਟਰੱਕ, ਟਰਾਲੀਆਂ ਅਤੇ ਬੈਲ ਗੱਡਿਆਂ ਰਾਹੀਂ ਸਪਲਾਈ ਕੀਤਾ ਜਾਣਾ ਹੈ। ਇਸ ਤਰੀਕੇ ਨਾਲ ਜ਼ਿਮੀਦਾਰਾਂ ਨੂੰ ਕਾਫੀ ਪਰ-ਚੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਕੁਝ ਦਿਨਾਂ ਦੇ ਫਰਕ ਬਾਦ ਗੰਨਾ ਉਤਪਾਦਕ ਪਰਚੀ ਪ੍ਰਾਪਤ ਕਰਦਾ ਹੈ। ਇਹ ਤਰੀਕਾ ਅਪਨਾਉਣ ਨਾਲ ਗੰਨਾ ਸਪਲਾਈ ਪਰਚੀਆਂ ਲੜੀਵਾਰ ਦਿੱਤੀਆਂ ਜਾਂਦੀਆਂ ਹਨ। ਜਿਸ ਜ਼ਿਮੀਦਾਰ ਦਾ ਮਿਲ ਦੇ ਕਲੰਡਰ ਵਿਚ ਨਾਮ ਨਹੀਂ ਹੁੰਦਾ ਉਸ ਨੂੰ ਪਰਚੀ ਨਹੀਂ ਦਿੱਤੀ ਜਾਂਦੀ ਅਤੇ ਕਲੰਡਰ ਦੀ ਲੜੀ ਨਹੀਂ ਤੋੜੀ ਜਾਂਦੀ ਹੈ। ਇਹ ਫੂਲ ਪਰੂਫ ਤਰੀਕਾ ਰਾਜ ਦੀਆਂ ਸਾਰੀਆਂ ਸਹਿਕਾਰੀ ਮਿਲਾਂ ਵਿਚ ਅਪਣਾਇਆ ਜਾਂਦਾ ਹੈ। ਸਹਿਕਾਰੀ ਖੰਡ ਮਿਲ, ਭੋਗਪੁਰ ਦੇ ਗੰਨਾ ਖਰੀਦ ਕੇਂਦਰ ਤਰਨ-ਤਾਰਨ ਤੋਂ ਇਕ ਸ਼ਿਕਾਇਤ, ਨਾ ਪਰਚੀਆਂ ਮਿਲਣ ਬਾਰੇ ਕੇਨ ਗਰੋਅਰਜ਼, ਖਾਹਬੇ ਡੋਗਰਾ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਮਿਤੀ 21 ਜਨਵਰੀ, 1982 ਨੂੰ ਪ੍ਰਾਪਤ ਹੋਈ। ਇਸ ਸਬੰਧੀ ਕੇਨ ਕਮਿਸ਼ਨਰ, ਪੰਜਾਬ, ਨੇ ਮਿਤੀ 21 ਜਨਵਰੀ, 1982 (ਪ੍ਰੋਜੈਕਟ ਅਫਸਰ, ਜਲੰਧਰ) ਨੂੰ ਪੁੱਛ-ਗਿਛ ਅਫਸਰ ਨਿਯੁਕਤ ਕੀਤਾ ਹੈ ਅਤੇ ਉਸ ਸਬੰਧੀ ਪੁਛ-ਗਿਛ ਰਿਪੋਰਟ ਦੀ ਉਡੀਕ ਹੈ। ਇਸ ਤੋਂ ਇਲਾਵਾ ਹੋਰ ਕੋਈ ਸ਼ਿਕਾਇਤ ਧਿਆਨ ਵਿਚ ਨਹੀਂ ਆਈ ਹੈ।

**ਕਾਮਰੇਡ ਕੁਲਵੰਤ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਸ ਤਰ੍ਹਾਂ ਜਵਾਬ ਦਿੱਤਾ ਹੈ ਜਿਵੇਂ ਬਾਹਰ ਕੁਝ ਵਾਪਰਿਆ ਹੀ ਨਹੀਂ ਹੈ। ਮਿੱਲਾਂ ਵਿਚ ਲਾਠੀਚਾਰਜ ਹੁੰਦਾ ਹੈ। ਮਿੱਲਾਂ ਬੰਦ ਪਈਆਂ ਹਨ। ਸਪੀਕਰ ਸਾਹਿਬ, ਅਜੇ ਤਕ 30% ਅਜਿਹੇ ਲੋਕ ਹਨ ਜਿਨ੍ਹਾਂ ਨੂੰ ਪਰਚੀਆਂ ਤਕ ਵੀ ਨਹੀਂ ਮਿਲੀਆਂ। ਭੋਗਪੁਰ ਮਿੱਲ 25 ਨਵੰਬਰ ਨੂੰ ਚਲੀ। ਤਿੰਨ ਮਹੀਨੇ ਹੋ ਗਏ ਹਨ। ਸਪੀਕਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਕੁਲਵੰਤ ਸਿੰਘ]

**ਸਾਹਿਬ**, 13 ਅਪ੍ਰੈਲ ਤਕ ਗੰਨਾ ਪੀੜਿਆ ਜਾਣਾ ਹੈ ਜਿਸ ਦੇ ਮੁਤਾਬਿਕ ਪਰਚੀਆਂ ਵੰਡੀਆਂ ਗਈਆਂ ਹਨ। ਹੁਣ 1 ਮਹੀਨਾ 13 ਦਿਨ ਬਾਕੀ ਰਹਿ ਗਏ ਹਨ । ਸਪੀਕਰ ਸਾਹਿਬ, ਜਦ ਤਕ ਕਿਸਾਨ 500 ਰੁਪਿਆ ਜਾਂ ਅੰਗਰੇਜ਼ੀ ਸ਼ਰਾਬ ਦੀਆਂ 5--6 ਬੋਤਲਾਂ ਨਹੀਂ ਦੇ ਦਿੰਦਾ ਤਦ ਤਕ ਉਸ ਨੂੰ ਪਰਚੀ ਨਹੀਂ ਮਿਲਦੀ। ਕੀ ਪੰਜਾਬ ਸਰਕਾਰ 13 ਅਪ੍ਰੈਲ ਤਕ ਸਾਰਾ ਗੰਨਾ ਚੁੱਕ ਲਵੇਗੀ ? ਸਪੀਕਰ ਸਾਹਿਬ, ਤੁਹਾਨੂੰ ਤਾਂ ਪਤਾ ਹੀ ਹੈ ਕਿ 13 ਅਪ੍ਰੈਲ ਨੂੰ ਕਣਕ ਵਢਣੀ ਸ਼ੁਰੂ ਹੋ ਜਾਣੀ ਹੈ। ਜਿਹੜੇ ਪੰਜ ਰੁਪਏ ਕਿਸਾਨ ਨੂੰ ਦੇਣੇ ਪੈਣਗੇ ਕੀ ਉਹ ਰੁਪਏ ਪੰਜਾਬ ਸਰਕਾਰ ਦੇਵੇਗੀ ਜਾਂ ਮਿੱਲ ਵਾਲੇ ਦੇਣਗੇ ? ਜਿਹੜਾ ਬਾਂਡਿਡ ਗੰਨਾ ਚੁੱਕ ਨਹੀਂ ਹੋਇਆ, ਉਹ ਕਿਤਨਾ ਹੈ। ਕੀ ਉਸ ਦਾ ਖਰਚਾ ਸਰਕਾਰ ਕਰੇਗੀ ? ਇਸ ਬਾਰੇ ਮਨਿਸਟਰ ਸਾਹਿਬ ਕਲੀਅਰ ਜਵਾਬ ਦੇਣ ਅਤੇ ਹਾਊਸ ਵਿਚ ਗਰੰਟੀ ਦੇਣ ਕਿ ਗਲਤ ਤਰੀਕੇ ਨਾਲ ਪਰਚੀ ਨਹੀਂ ਦਿੱਤੀ ਜਾਵੇਗੀ। ਕੋਈ ਗਲਤ ਕੰਮ ਨਹੀਂ ਹੋਵੇਗਾ।

**ਸਹਿਕਾਰਤਾ ਮੰਤਰੀ**: ਸਪੀਕਰ ਸਾਹਿਬ, ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਿਸਾਨਾਂ ਨਾਲ ਐਗਰੀਮੈਂਟ ਕਰਕੇ ਪਾਸ ਬੁੱਕਾਂ ਦਿੰਦੇ ਹਾਂ। ਕੋਈ ਲੜੀ ਟੁੱਟੀ ਹੋਈ ਨਹੀਂ ਹੈ। ਅਗਰ ਮੈਂਬਰ ਸਾਹਿਬਾਨ ਦੇ ਧਿਆਨ ਵਿਚ ਕੋਈ ਗੱਲ ਹੈ ਤਾਂ ਉਹ ਲਿਖਤੀ ਰੂਪ ਵਿਚ ਦੇ ਦੇਣ, ਅਸੀਂ ਵੇਖ ਲਵਾਂਗੇ। ਸਪੀਕਰ ਸਾਹਿਬ, ਮੈਂ ਕੋਆਪਰੇਸ਼ਨ ਮਨਿਸਟਰ ਹਾਂ ਅਤੇ ਸਾਰ ਆਨਰੇਬਲ ਮੈਂਬਰਾਂ ਦੀ ਕੋਆਪਰੇਸ਼ਨ ਚਾਹੁੰਦਾ ਹਾਂ। ਕਈ ਆਨਰੇਬਲ ਮੈਂਬਰ ਹਿਸਾਬ ਕਿਤਾਬ ਵਿਚ ਅੱਗੇ ਹਨ। ਕਈ ਦਫਾ ਦੇਰ ਨਾਲ ਹਿਸਾਬ-ਕਿਤਾਬ ਦਾ ਪਤਾ ਲਗਦਾ ਹੈ। ਆਨਰੇਬਲ ਮੈਂਬਰ ਸਾਹਿਬ ਨੇ ਖਦਸ਼ਾ ਜ਼ਾਹਿਰ ਕੀਤਾ ਹੈ। ਐਸੀ ਕੋਈ ਬਾਤ ਨਹੀਂ ਹੈ। ਬਾਂਡਿਡ ਗੰਨਾ ਲਿਆ ਜਾਵੇਗਾ ਔਰ ਇਸ ਲਈ ਮਿੱਲਾਂ ਬਾਊਂਡ ਹਨ। ਜੋ ਐਗਰੀਮੈਂਟ ਹੋਇਆ ਹੈ, ਉਸ ਦੇ ਮੁਤਾਬਿਕ ਅਸੀਂ ਗੰਨਾ ਚੁੱਕਣਾ ਹੈ । ਅਪ੍ਰੈਲ ਵਿਚ ਸਾਰਾ ਗੰਨਾ ਖਤਮ ਕਰ ਦੇਵਾਂਗੇ। ਅਸੀਂ, ਸਪੀਕਰ ਸਾਹਿਬ, ਕਿਸਾਨਾਂ ਦਾ ਨੁਕਸਾਨ ਨਹੀਂ ਕਰਨਾ ਚਾਹੰਦੇ ਅਤੇ ਨਾ ਹੀ ਇਹ ਚਾਹੰਦੇ ਹਨ। ਇਸ ਲਈ ਮੇਰੀ ਆਨਰੇਬਲ ਮੈਂਬਰ ਨੂੰ ਗੁਜ਼ਾਰਿਸ਼ ਹੈ ਕਿ ਉਹ ਬਿਲਕੁਲ ਇਸ ਬਾਰੇ ਯਕੀਨ ਰੱਖਣ। ਸਪੀਕਰ ਸਾਹਿਬ, ਮੈਂ ਹਾਊਸ ਦਾ ਧਿਆਨ ਇਸ ਪਾਸੇ ਦਿਲਾਉਣਾ ਚਾਹੁੰਦਾ ਹਾਂ ਕਿ ਇਕ ਰਿਟਾਇਰਡ ਆਦਮੀ ਪੰਨੂੰ ਸਾਹਿਬ ਨੇ ਕਿਹਾ ਕਿ ਪਹਿਲਾ ਮੇਰਾ ਗੰਨਾ ਚੁਕੋ। ਵਾਰੀ ਸਿਰ ਸਭ ਦਾ ਗੰਨਾ ਲਿਆ ਜਾਵੇਗਾ ਕੋਈ ਐਸੀ ਗੱਲ ਨਹੀਂ ਹੈ। ਜੇਕਰ ਕੋਈ ਗਲਤੀ ਆਨਰੇਬਲ ਮੈਂਬਰ ਸਾਹਿਬਾਨ ਦੇ ਧਿਆਨ ਵਿਚ ਆਵੇ ਤਾਂ ਦੱਸਣ ਦੀ ਖੇਚਲ ਕਰਨ ਤਾਂ ਉਨ੍ਹਾਂ ਨੂੰ ਖਿਚ ਦੇਵਾਂਗੇ।

(ਕ੍ਰਮ ਨੰ: 6)

**1. ਮਾਸਟਰ ਚੰਦ ਸਿੰਘ**
**2. ਪ੍ਰੋਫੈਸਰ ਬਲਵੰਤ ਸਿੰਘ** } :ਮੈਂ ਸਰਕਾਰ ਦਾ ਧਿਆਨ ਲੋਕ ਮਹਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਦੇ ਪੰਜ ਜ਼ਿਲ੍ਹਿਆਂ (ਫਿਰੋਜ਼ਪੁਰ, ਫਰੀਦ-ਕੋਟ, ਬਠਿੰਡਾ, ਸੰਗਰੂਰ, ਪਟਿਆਲਾ) ਵਿਚ ਪੱਕੇ ਖਾਲਿਆਂ ਦੀ ਲਾਗਤ ਵਜੋਂ ਭਾਰੀ ਰਕਮਾਂ ਦਾ ਬੋਝ ਪੰਜਾਬ ਦੇ ਕਿਸਾਨਾਂ ਵਿਚ ਭਾਰੀ ਬੇਚੈਨੀ ਪੈਦਾ ਕਰ ਰਿਹਾ ਹੈ, ਵਸੂਲੀ ਦੇ ਨੋਟਿਸ ਕਿਸਾਨਾਂ ਨੂੰ ਧੜਾ ਧੜ ਮਿਲ ਰਹੇ ਹਨ ਜੋ ਸੂਬੇ ਅੰਦਰ ਸਥਿਤੀ ਨੂੰ ਵਿਗਾੜ ਸਕਦੇ ਹਨ। ਸਰਕਾਰ ਇਸ ਸਬੰਧੀ ਸਦਨ ਵਿਚ ਬਿਆਨ ਦੇਵੇ ਕਿ ਕਿਸਾਨਾਂ ਦੀ ਇਸ ਬੇਚੈਨੀ ਨੂੰ ਦੂਰ ਕਰਨ ਲਈ ਕੀ ਕਦਮ ਚੁੱਕ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ)** : ਸਪੀਕਰ ਸਾਹਿਬ, ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਨੇ ਐਗਰੀਮੈਂਟ ਜਾਂ ਜਿਹੜੇ ਇਸ ਹਾਊਸ ਨੇ ਸਟੇਚੂ ਬਣਾਏ ਹਨ ਉਸ ਦੇ ਮੁਤਾਬਿਕ ਟਿਊਬਵੈੱਲ ਕਾਰਪੋਰੇਸ਼ਨ ਨੇ ਨੋਟਿਸ ਦੇ ਦਿੱਤੇ ਹਨ । ਉਸ ਦੇ ਮੁਤਾਬਿਕ ਰਿਕਵਰੀ ਹੋ ਰਹੀ ਹੈ। ਮੇਰੇ ਦੋਸਤ ਨੇ ਕਾਲ ਅਟੈਨਸ਼ਨ ਨੋਟਿਸ ਵਿਚ ਪਟਿਆਲੇ ਦਾ ਨਾਂ ਲਿਖ ਦਿਤਾ ਹੈ। ਪਟਿਆਲੇ ਜ਼ਿਲ੍ਹੇ ਵਿਚ ਖਾਲੇ ਪੱਕੇ ਕਰਨ ਦਾ ਅਜੇ ਕੰਮ ਸ਼ੁਰੂ ਨਹੀਂ ਹੋਇਆ। ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਸੰਗਰੂਰ ਦੇ ਨਾਂ ਠੀਕ ਹਨ। ਸਪੀਕਰ ਸਾਹਿਬ, ਏ.ਆਰ.ਡੀ.ਸੀ., ਵਰਲਡ ਬੈਂਕ ਤੋਂ ਪੈਸਾ ਲੈ ਕੇ ਖਾਲੇ ਪੱਕੇ ਕਰਨੇ ਹਨ। ਇਸ ਬਾਰੇ ਜੋ ਵੀ ਸਰਕਾਰ ਫੈਸਲਾ ਕਰੇਗੀ, ਉਹ ਦਸ ਦੇਵਾਂਗੇ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜੋ ਜਵਾਬ ਦਿਤਾ ਹੈ, ਉਹ ਤਸੱਲੀਬਖਸ਼ ਜਵਾਬ ਨਹੀਂ ਹੈ। ਜਦੋਂ ਖਾਲੇ ਪੱਕੇ ਹੋ ਜਾਂਦੇ ਹਨ ਤਾਂ ਤੁਹਾਡੀ ਆਪਣੀ ਰਿਪੋਰਟ ਹੈ ਕਿ 40% ਪਾਣੀ ਵੱਧ ਜਾਂਦਾ ਹੈ। ਉਸ ਪਾਣੀ ਨਾਲ ਸਿੰਚਾਈ ਵੱਧ ਹੁੰਦੀ ਹੈ। ਫਿਰ ਸਰਕਾਰ ਨੂੰ ਆਬਿ-ਆਨਾ ਵਧਾਉਣ ਦੀ ਕੀ ਜ਼ਰੂਰਤ ਸੀ ? ਸਪੀਕਰ ਸਾਹਿਬ, ਇੱਕ ਇੱਕ ਪਿੰਡ ਜ਼ਿੰਮੇਂ ਇੱਕ-ਇੱਕ ਲੱਖ ਰੁਪਿਆ ਖਾਲੇ ਪੱਕੇ ਕਰਨ ਦਾ ਪਾਇਆ ਗਿਆ ਹੈ। ਇਹ ਖਰਚਾ ਕਿਸਾਨਾਂ ਤੇ ਪਾਉਣ ਦੀ ਕੀ ਜ਼ਰੂਰਤ ਸੀ ? ਇਹ ਖਰਚਾ ਪੰਜਾਬ ਸਰਕਾਰ ਕਿਉਂ ਨਹੀਂ ਕਰਦੀ ? ਇਸ ਦੇ ਕੀ ਕਾਰਨ ਹਨ, ਦਸੇ ਜਾਣ ? ਮਨਿਸਟਰ ਸਾਹਿਬ ਆਪਣੀ ਪਿਛਲੀ ਕਹੀ ਹੋਈ ਗੱਲ ਯਾਦ ਰਖਿਆ ਕਰਨ। ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪੰਜ ਏਕੜ ਤਕ ਜਿਹੜਾ ਮਾਲਕ ਹੈ ਉਸ ਤੋਂ ਖਾਲੇ ਪੱਕੇ ਕਰਨ ਦਾ ਖਰਚਾ ਸਰਕਾਰ ਨਹੀਂ ਲਵੇਗੀ। ਇਸ ਤੋਂ ਇਲਾਵਾ ਜੋ ਇਥੇ ਮੈਟੀਰੀਅਲ ਲਗਿਆ ਹੈ, ਉਹ ਬਹੁਤ ਘਟੀਆ ਹੈ ਅਤੇ ਉਹ ਸਾਰੇ ਖਾਲੇ ਟੁੱਟ ਰਹੇ ਹਨ। ਇਸ ਦੀ ਪੜਤਾਲ ਕਰਾਉਣੀ ਚਾਹੀਦੀ ਹੈ। ਜਿਹੜੇ ਕਿਸਾਨ ਟੇਲ ਤੇ ਰਹਿ ਜਾਂਦੇ ਹਨ, ਉਥੇ ਖਾਲੇ ਨਹੀਂ ਜਾਂਦੇ, ਪਰ ਉਨ੍ਹਾਂ ਨੂੰ ਵੀ ਹਜ਼ਾਰਾਂ ਰੁਪਏ ਦੇਣ ਬਾਰੇ ਨੋਟਿਸ ਜਾਂਦੇ ਹਨ ਔਰ ਇਹ ਖਰਚਾ ਨਾ ਦੇਣ ਤੇ ਜੇਲ੍ਹ ਵਿਚ ਦੇਣ ਬਾਰੇ ਕਿਹਾ ਜਾਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਹ ਸਾਰਾ ਖਰਚਾ ਆਪ ਕਰਨਾ ਚਾਹੀਦਾ ਹੈ।

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਇੱਕ ਸਪਲੀਮੈਂਟਰੀ ਵਿਚ ਚਾਰ ਸਪਲੀ-ਮੈਂਟਰੀਜ਼ ਕਰ ਦਿੱਤੀਆਂ ਹਨ। ਇਨ੍ਹਾਂ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਇਹ ਪੈਸੇ ਮਾਫ ਕਰ ਦੇਣੇ ਚਾਹੀਦੇ ਹਨ। ਮੈਂ ਦਸਣਾ ਚਾਹੁੰਦਾ ਹਾਂ ਕਿ 1979-80 ਵਿੱਚ ਇਹ ਸਕੀਮ ਅਪਰੂਵ ਹੋਈ, ਅਡਾਪਟ ਹੋਈ। ਪੰਜ ਸਾਲਾਂ ਵਿਚ ਤਕਰੀਬਨ ਇਸ ਦੀ ਲੈਂਗਥ ਜੋ ਕਿ 16,735 ਕਿਲੋਮੀਟਰ ਬਣਦੀ ਹੈ, ਉਹ ਪੱਕੀ ਕਰਨੀ ਹੈ। ਇਸ ਦੀ ਕਾਸਟ 117 ਕਰੋੜ ਰੁਪਏ ਹੈ। ਦੂਸਰਾ ਇਨ੍ਹਾਂ ਨੇ ਸਵਾਲ ਕੀਤਾ ਹੈ ਕਿ ਟੇਲ ਤਕ ਖਾਲਾਂ ਪਕੀਆਂ ਕਰੋ। ਹੁਣ ਤਕ ਸਿਰਫ 85 ਲੱਖ ਰੁਪਿਆ ਰਿਕਵਰ ਹੋਇਆ ਹੈ। ਫਿਰ ਇਹ ਕਹਿੰਦੇ ਹਨ ਕਿ ਰਿਕਵਰੀ ਨਹੀਂ ਹੋਣ ਦਿਆਂਗੇ। ਇਹ ਚੰਗਾ ਕੰਮ ਹੈ, ਇਹ ਵੀ ਇਸ ਚੀਜ਼ ਨੂੰ ਮੰਨਦੇ ਹਨ। ਇਸ ਨਾਲ ਇਰੀਗੇਸ਼ਨ ਵੱਧ ਜਾਂਦੀ ਹੈ। ਇਸ ਨਾਲ ਸਾਰਾ ਪੰਜਾਬ ਸਰਸਬਜ਼ ਹੋ ਜਾਏਗਾ।(ਵਿਘਨ)

**ਸਰਦਾਰ ਹਰਚੰਦ ਸਿੰਘ ਬਰਾੜ** : ** ** **

**ਸ਼੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਏ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਮੰਤਰੀ**: ਸਪੀਕਰ ਸਾਹਿਬ, ਇਹ ਖਾਲੇ ਪੱਕੇ ਕਰਨ ਦਾ ਫੈਸਲਾ ਵਰਲਡ ਬੈਂਕ ਤੋਂ ਫਾਈਨਾਂਸ ਲੈਣ ਦਾ ਉਸ ਵਕਤ ਹੋਇਆ ਸੀ ਜਦੋਂ ਅਸੀਂ ਸਾਹਮਣੇ ਬੈਂਚਾਂ ਤੇ ਬੈਠਦੇ ਹੁੰਦੇ ਸੀ ਅਤੇ ਜੋ ਅਜ ਰੌਲਾ ਪਾ ਰਹੇ ਹਨ ਉਨ੍ਹਾਂ ਨੇ ਉਸ ਵੇਲੇ ਇਸ ਤੇ ਅੰਗੂਠੇ ਲਗਾਏ ਸਨ ਕਿ ਅਸੀਂ ਸਾਰੇ ਪੈਸੇ ਵਿਦ ਇੰਟ੍ਰਸਟ ਰਿਕਵਰ ਕਰਾਵਾਂਗੇ। (ਵਿਘਨ) ਇਸ ਬਾਰੇ ਅਸੈਂਬਲੀ ਨੇ ਫੈਸਲਾ ਕੀਤਾ ਹੋਇਆ ਹੈ। ਐਗਰੀਕਲਚਰਲ ਰੀਫਾਈਨਾਂਸ ਕਾਰਪੋਰੇਸ਼ਨ ਨੇ ਜ਼ਿੰਮੇਵਾਰੀ ਦਿੱਤੀ ਹੈ ਔਰ ਵਰਲਡ ਬੈਂਕ ਨਾਲ ਐਗਰੀਮੈਂਟ ਹੋਇਆ ਹੋਇਆ ਹੈ। (ਵਿਘਨ)

**ਸਰਦਾਰ ਹਰਚੰਦ ਸਿੰਘ ਬਰਾੜ** : ** ** **

**ਸ਼੍ਰੀ ਸਪੀਕਰ** : ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**ਖੇਤੀਬਾੜੀ ਮੰਤਰੀ**: ਮੇਰੇ ਦੋਸਤਾਂ ਨੇ ਇਕ ਦਲੀਲ ਅੱਛੀ ਦਿੱਤੀ ਹੈ ਕਿ ਖਾਲੇ ਪੱਕੇ ਕਰਨ ਨਾਲ ਆਬਪਾਸ਼ੀ ਵੱਧ ਜਾਂਦੀ ਹੈ। ਖਾਲੇ ਪੱਕੇ ਕਰਨੇ ਅਸ਼ਦ ਜ਼ਰੂਰੀ ਹਨ। ਫਿਰ ਮੇਰੇ ਦੋਸਤ ਕਹਿੰਦੇ ਹਨ ਕਿ ਆਬਿਆਨਾ ਆਉਂਦਾ ਹੈ। ਕੈਨਾਲ ਐਕਟ, 1873 ਵਿਚ ਕਿਤੇ ਨਹੀਂ ਲਿਖਿਆ ਕਿ this water is being supplied commercially. ਇਹ ਕਿਤੇ ਨਹੀਂ ਲਿਖਿਆ ਹੋਇਆ ਹੈ।

**ਪ੍ਰੋਫੈਸਰ ਬਲਵੰਤ ਸਿੰਘ**: ਖਾਲਾਂ ਪੱਕੀਆਂ ਕਰਨ ਵਾਸਤੇ ਇਹ ਕਹਿੰਦੇ ਹਨ ਲੋਕ ਪੈਸੇ ਦੇਣ। ਕਲ੍ਹ ਨੂੰ ਇਹ ਕਹਿਣਗੇ ਕਿ ਹਸਪਤਾਲਾਂ ਦੀਆਂ ਬਿਲਡਿੰਗਾਂ ਬਣਾਉਣ ਵਾਸਤੇ ਖਰਚਾ ਲੋਕ ਦੇਣ। (ਵਿਘਨ)

**ਸ਼੍ਰੀ ਸਪੀਕਰ** : ਤੁਹਾਨੂੰ ਕਾਲ ਅਟੈਨਸ਼ਨ ਤਕ ਮਹਿਦੂਦ ਰਹਿਣਾ ਚਾਹੀਦਾ ਹੈ।

**ਪ੍ਰੋਫੈਸਰ ਬਲਵੰਤ ਸਿੰਘ**: ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਖਾਲਾਂ ਪੱਕੀਆਂ ਕਰਨ ਨਾਲ ਪੈਦਾਵਾਰ ਵਧੇਗੀ ਔਰ ਸਰਕਾਰ ਦੀ ਆਮਦਨੀ ਵਿਚ ਵਾਧਾ ਹੋਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਿਸਾਨਾਂ ਤੇ ਰਹਿਮ ਕਰਨਗੇ ਅਤੇ ਇਥੇ ਯਕੀਨ ਦਿਲਾਉਣਗੇ ਕਿ ਖਾਲਾਂ ਤੇ ਜੋ ਖਰਚਾ ਹੋਇਆ ਹੈ ਉਹ ਮਾਫ ਕੀਤਾ ਜਾਏਗਾ ?

**ਖੇਤੀ ਬਾੜੀ ਮੰਤਰੀ**: ਬੜਾ ਅਜੀਬ ਮਾਜਰਾ ਹੈ। ਮੇਰੇ ਮਾਨਯੋਗ ਮੈਂਬਰ ਨੇ ਜੋ ਪਹਿਲਾਂ ਲਿਖਤੀ ਰੂਪ ਵਿਚ ਦਿੱਤਾ ਹੈ ਉਹ ਸਵਾਲ ਹੋਰ ਹੈ ਔਰ ਹੁਣ ਇਹ ਕੁਝ ਹੋਰ ਕਹਿ ਰਹੇ ਹਨ। ਜੇਕਰ ਇਸ ਤਰ੍ਹਾਂ ਪਹਿਲਾਂ ਲਿਖਿਆ ਹੁੰਦਾ ਤਾਂ ਮੈਂ ਉਸ ਹਿਸਾਬ ਨਾਲ ਜਵਾਬ ਦਿੰਦਾ। ਪਹਿਲਾਂ ਇਹ ਦਬਕੇ ਮਾਰਦੇ ਸਨ ਔਰ ਹੁਣ ਰਹਿਮ ਤੇ ਆ ਗਏ ਹਨ।

**(Serial No. 11)**

**Comrade Darshan Singh Jhabal** Sir, I beg, to draw the attention of the Government towards a matter of urgent public importance, namely, non-lifting of sugarcane by the Sugar Mill, Zira from the farmers of Sub-Division, Tarn Taran and Sub-Division Patti, District Amritsar. The said Mills had executed bonds with the farmers assuring lifting of sugarcane by the end of December. The Minister concerned may make a statement in the House keeping in view the gravity of the situation.

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ)**: ਪੰਜਾਬ ਖੰਡ ਉਦਯੋਗ, ਜ਼ੀਰਾ ਅਤੇ ਜਨਤਾ ਸਹਿਕਾਰਤਾ ਖੰਡ ਮਿੱਲ, ਭੋਗਪੁਰ, ਤਰਨ ਤਾਰਨ ਅਤੇ ਪੱਟੀ ਸਬ-ਡਵੀਜ਼ਨਾਂ ਵਿਚੋਂ ਗੰਨੇ ਦੀ ਖਰੀਦ ਕਰ ਰਹੀਆਂ ਹਨ। ਪੰਜਾਬ ਖੰਡ ਉਦਯੋਗ, ਜ਼ੀਰਾ ਵਲੋਂ ਤਰਨ-ਤਾਰਨ ਅਤੇ ਪੱਟੀ ਸਬ-ਡਵੀਜ਼ਨਾਂ ਵਿਚੋਂ 4,47,210 ਕੁਇੰਟਲ ਗੰਨਾ ਬਾਂਡ ਕੀਤਾ ਹੈ ਅਤੇ ਜਨਤਾ ਸਹਿਕਾਰਤਾ ਮਿੱਲ ਭੋਗਪੁਰ ਨੇ 59,630 ਕੁਇੰਟਲ ਕੁੱਲ ਮਾਤਰਾ ਗੰਨੇ ਦੀ ਬਾਂਡ ਕੀਤੀ ਹੈ। ਕੁੱਲ ਗੰਨੇ ਦੀ ਬਾਂਡ ਕੀਤੀ ਮਾਤਰਾ 4,47,210 ਕੁਇੰਟਲ ਗੰਨੇ ਵਿਚੋਂ ਪੰਜਾਬ ਖੰਡ ਉਦਯੋਗ, ਜ਼ੀਰਾ ਨੇ 6 ਗੰਨਾ ਖਰੀਦ ਸੈਂਟਰਾਂ ਤੋਂ 76,710 ਕੁਇੰਟਲ ਗੰਨਾ ਖਰੀਦਿਆ ਹੈ ਅਤੇ ਜਨਤਾ ਸਹਿਕਾਰਤਾ ਖੰਡ ਮਿੱਲ, ਭੋਗਪੁਰ ਨੇ 59,360 ਕੁਇੰਟਲ ਗੰਨੇ ਦੀ ਬਾਂਡ ਕੀਤੀ ਮਾਤਰਾ ਵਿਚੋਂ 16,770 ਕੁਇੰਟਲ ਗੰਨਾ ਖਰੀਦਿਆ ਹੈ। ਇਹ ਕੇਂਦਰ ਹਾਲ ਦੀ ਘੜੀ ਚਲ ਰਹੇ ਹਨ ਅਤੇ ਖੰਡ ਮਿੱਲਾਂ ਪਿੜਾਈ ਰੁੱਤ 1981-82 ਦੇ ਦੌਰਾਨ ਉਦੋਂ ਤੱਕ ਬੰਦ ਨਹੀਂ ਹੋਣਗੀਆਂ ਜਦੋਂ ਤੱਕ ਪੱਟੀ ਅਤੇ ਤਰਨ-ਤਾਰਨ ਸਬ-ਡਵੀਜ਼ਨਾਂ ਦਾ ਬਾਂਡ ਕੀਤਾ ਗੰਨਾ ਖਤਮ ਨਹੀਂ ਹੋ ਜਾਂਦਾ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਗੰਨਾ ਮਿੱਲ ਜ਼ੀਰਾ ਨੇ ਲਵਾਇਆ ਪਰ ਉਹ ਪੂਰਾ ਚੁੱਕਿਆ ਨਹੀਂ ਜਾ ਰਿਹਾ। ਉਨ੍ਹਾਂ ਨੇ ਕਿਹਾ ਕਿ ਕੁਝ ਗੰਨਾ ਭੋਗਪੁਰ ਮਿੱਲ ਚੁੱਕੇਗੀ ਜਦ ਕਿ ਉਥੇ ਦੇ ਕਿਸਾਨ ਕਹਿੰਦੇ ਹਨ ਕਿ ਪਹਿਲਾਂ ਸਾਡਾ ਗੰਨਾ ਚੁੱਕਿਆ ਜਾਵੇ ਇਸ ਲਈ ਉਹ ਕਿਸ ਤਰ੍ਹਾਂ ਐਨਾ ਚੁੱਕੇਗੀ। ਇਹ ਤਾਂ ਲਾਰੇ ਵਾਲੀ ਗੱਲ ਹੈ। ਜਿੰਨਾਂ ਗੰਨਾ ਬਾਂਡ ਕੀਤਾ ਹੈ ਉਹ ਸਾਰਾ ਚੁੱਕਿਆ ਜਾਣਾ ਚਾਹੀਦਾ ਹੈ। ਹੁਣ ਉਹ ਲੇਟ ਹੋ ਰਹੇ ਹਨ। ਜਿਹੜਾ ਉਨ੍ਹਾਂ ਤੇ ਵਿਆਜ ਪੈ ਰਿਹਾ ਹੈ ਕੀ ਉਹ ਉਨ੍ਹਾਂ ਦਾ ਵਿਆਜ ਸਰਕਾਰ ਆਪ ਦੇਵੇਗੀ ? ਕਿਸਾਨ ਮਹਿਸੂਸ ਕਰਦੇ ਹਨ ਕਿ ਜਦ ਹੁਣ ਤਕ ਗੰਨਾ ਨਹੀਂ ਚੁੱਕਿਆ ਜਾ ਰਿਹਾ ਤਾਂ ਇਹ ਅੱਗੇ ਨੂੰ ਵੀ ਨਹੀਂ ਚੁੱਕਿਆ ਜਾਣਾ। ਉਸ ਇਲਾਕੇ ਵਿਚ ਲੋੜ ਨੂੰ ਮੁੱਖ ਰਖਦੇ ਹੋਏ ਸਰਕਾਰ ਉਸ ਜ਼ਿਲ੍ਹੇ ਵਿਚ ਹੋਰ ਮਿੱਲ ਲਾਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਯਕੀਨ ਦਿਵਾਏਗੀ ਕਿ ਅੰਮ੍ਰਿਤਸਰ ਵਿਚ ਹੋਰ ਮਿੱਲ ਲਾਈ ਜਾਵੇਗੀ ? ਕੀ ਜਿਹੜਾ ਬਾਂਡ ਕੀਤਾ ਗੰਨਾ ਹੈ ਉਹ ਅਪ੍ਰੈਲ ਤੱਕ ਚੁੱਕ ਲਿਆ ਜਾਵੇਗਾ ?

**ਖੇਤੀਬਾੜੀ ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਤੌਖਲਾ ਇਹ ਜ਼ਰੂਰ ਹੈ ਕਿ ਸੀਜ਼ਨ ਜਿਹੜਾ ਹੈ ਉਹ 2-3 ਮਹੀਨੇ ਰਹਿੰਦਾ ਹੈ ਇਸ ਲਈ ਗੰਨਾ ਚੁਕਿਆ ਨਹੀਂ ਜਾਵੇਗਾ। ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਯਕੀਨ ਕਰੋ ਕਿ ਜਿੰਨਾ ਏਰੀਆ ਬਾਂਡ ਕੀਤਾ ਹੈ ਉਥੋਂ ਸਾਰੇ ਦਾ ਸਾਰਾ ਅਸੀਂ ਲਿਫਟ ਕਰਾਂਗੇ। ਬਾਕੀ ਉਨ੍ਹਾਂ ਨੇ ਕਿਹਾ ਹੈ ਕਿ ਗੰਨੇ ਦੀ ਮਿੱਲ ਹੋਰ ਲਾਈ ਜਾਵੇ। ਇਸ ਬਾਰੇ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ 6 ਗੰਨਾ ਮਿੱਲਾਂ ਦੀਆਂ ਐਪਲੀਕੇਸ਼ਨਜ਼ ਦਿੱਲੀ ਸਰਕਾਰ ਕੋਲ ਸਟੀਅਰਿੰਗ ਕਮੇਟੀ ਦੀ ਮੀਟਿੰਗ ਵਿਚ ਆਉਣ ਵਾਲੀਆਂ ਪਈਆਂ ਹਨ। ਮੈਨੂੰ ਆਸ ਹੈ ਕਿ ਉਨ੍ਹਾਂ ਵਿਚੋਂ ਸਾਨੂੰ ਜ਼ਰੂਰ ਮਿੱਲਾਂ ਸੈਂਕਸ਼ਨ ਹੋਣਗੀਆਂ।

## PAPERS LAIND ON THE TABLE

**Finance Minister** (Doctor Kewal Krishan): Sir, I beg to lay on the Table:—

(i) the Statement of Accounts of the Punjab State Electricity Board for the year 1980-81, as required under section 69 (5) of the Electricity (Supply) Act, 1948;

Original with;
Punjab Vidhan Sabha
Digitized by;
Panjab Digital Library

[Finance Minister]

(ii) the Fifth Annual Report of the Punjab Backward Classes Land Development and Finance Corporation for the year 1980-81 as required under section 27 (6) of the Punjab Backward Classes Land Development and Finance Corporation Act, 1976.

## DISCUSSION ON GOVERNOR'S ADDRESS (*Resumption*)

**Mr. Speaker:** Now the House will resume discussion on the Motion* of Thanks on the Governor's Address moved by Shri Gopal Krishan Chatrath.

There is an amendment to the Motion of Thanks to the Governor's Address given notice of by Sardar Dalip Singh Pandhi and Sardar Gurdev Singh Badal, MLAs. If the House agrees, this may be deemed to have been read and moved. This can be discussed along with the Motion of Thanks.

(Voices: Yes, yes)

1. (i) **Sardar Dalip Singh Pandhi:**

(ii) **Sardar Gurdev Singh Badal**

That in the motion, the following be added at the end, namely:—

"but regret that no mention has been made in the Address:—

(1) to provide relief to the farmers from the enhanced price of fertilizer, diesel, light diesel oil, kerosine oil, pesticides etc ;

(2) to compensate the farmers for the loss of last Hari crop and this Hari crop by the hailstorm rains, etc. ;

(3) to pay the remunerative prices of the next wheat crop;

(4) to ensure uninterrupted supply of power to the agriculture as well as the industry;

(5) to secure Chandigarh and other Punjabi speaking areas for Punjab;

(6) to undo the unjust and arbitrary agreement of sharing Ravi-Beas waters;

(7) great resentment and discontentment amongst the labour class;

(8) to take steps to decrease Bus and truck accidents in large number daily causing huge loss to the life and property in the State;

(9) no mention has been made regarding enactment of the Punjab Scheduled Castes and Backward Classes (Protection of Constitutional Rights) Reservation, Bill;

---

*"That an Address be presented to the Governor in the following terms :—

'That the Members of this House assembled in this Session are deeply grateful to the Governor for the Address which he has been pleased to deliver to the House on the 24th February, 1982 ' ".

Original with;
Punjab Vidhan Sabha
Digitized by;
Panjab Digital Library

(10) excesses by the Police and rich persons on women and weaker section of the society;

(11) steep rise in prices, complete stoppage of developmental activities, non-construction of new roads, and repair of old ones;

(12) non-formulation of transfer policy in respect of employees working in Government and semi-Government offices and Corporations;

(13) acute shortage of essential commodities at Fair Price Shops, closing of Punsup shops in the State;

(14) increase in corruption in all the spheres;

(15) failure to maintain law and order in the State;

(16) failure to make mention of safety of life and property in the State;

(17) Police stations usurping the powers of Courts;

(18) acute shortage of coal and cement and their black-marketing;

(19) condemned and unsatisfactory bus service and that too running into loss;

(20) acute shortage of staff and medicines in the vaterinary and other Hospitals;

(21) complete stoppage of IRDPC activities;

(22) kidnapping children by the Police during broad day light, rape of minor girls by the Police and rich people during broad day light and no action on the part of the Government in the matter;

(23) increase in the incidents of dacoities, thefts and smuggling;

(24) fabrication of false cases by the Police against the poor people;

(25) inadequate and substandard construction of houses;

(26) unprecedented increase in the unemployment amongst skilled, unskilled and educated persons;

(27) unrest amongst the Universities and Colleges students ;

(28) unrest amongst the employees of Government, semi-Government offices and Corporations who are on the path of agitation;

(29) irregularities committed in issuing the yellow cards and the holders of these cards are not getting benefits according to the policy of the Government;

(30) collection of chowkidara from the public instead of its payment from the State exchequer;

(31) plying of private cars as taxis;

(32) evasion of taxes and complete failure of the Government in realisation of the taxes;

(33) non-setting up of 25-Bed Hospital and inadequate facilities in the existing ones;

(34) poor standard of education in Primary Schools and acute shortage of furniture, mats, building and staff therein;

(35) evasion of entertainment tax in cinemas and black marketing of cinema tickets;

(36) loaning to Scheduled Castes and Backward Classes and other weaker sections of society is unsatisfactory;

(37) delay in the construction of Thein Dam and other power projects;

Original with;
Punjab Vidhan Sabha
Digitized by;
Panjab Digital Library

[Mr. Speaker]

(38) acute shortage of pig iron for industries;

(39) non existence of heavy industry in the State;

(40) nationalisation of passenger transport and policy to organise the goods Road Transport;

(41) increase in red-tapism and favouritism in every Department;

(42) inefficiency in administration;

(43) encouragement to communalism;

(44) increase in political interference in public administration;

(45) failure to take steps for new Railway lines between Rajpura-Narwana, Rajpura-Mohali, Nangal-Talwara, Chandigarh-Ludhiana and Gobindgarh-Malerkotla and also failure to electricify the Railway lines from Delhi-Amritsar;

(46) non-arrangements of lights on State highways;

(47) non-creation of new districts though the case is ready;

(48) new organisation of the police station and buildings thereof with residential complex for the police officials;

(49) new patwar/kanungo buildings construction and provision for their repairs also.

**ਸ੍ਰੀ ਸਪੀਕਰ** : ਪਾਰਟੀਵਾਈਜ਼ ਟਾਈਮ ਅਲਾਟਿਡ ਜੋ ਹੈ, ਉਹ ਇਸ ਤਰ੍ਹਾਂ ਹੈ। ਕਾਂਗਰਸ (ਆਈ) 6 ਘੰਟੇ 30 ਮਿੰਟ। ਇਸ ਟਾਈਮ ਵਿਚੋਂ ਉਸ ਨੇ 1 ਘੰਟਾ 45 ਮਿੰਟ ਇਸਤੇਮਾਲ ਕਰ ਲਿਆ ਹੈ ਅਤੇ ਬਾਕੀ 4 ਘੰਟੇ 45 ਮਿੰਟ ਟਾਈਮ ਰਹਿੰਦਾ ਹੈ। ਸ਼੍ਰੋਮਣੀ ਅਕਾਲੀ ਦਲ (ਐਲ) ਦੇ 3 ਘੰਟੇ 6 ਮਿੰਟ ਸਨ ਜਿਸ ਵਿਚੋਂ ਉਸ ਨੇ 1 ਘੰਟਾ 18 ਮਿੰਟ ਇਸਤੇਮਾਲ ਕਰ ਲਏ ਹਨ, ਇਸ ਤਰ੍ਹਾਂ 1 ਘੰਟਾ 48 ਮਿੰਟ ਉਸ ਦੇ ਬਾਕੀ ਰਹਿੰਦੇ ਹਨ। ਸੀ.ਪੀ.ਆਈ. 48 ਮਿੰਟ। ਸੀ.ਪੀ.ਆਈ (ਐਮ) 24 ਮਿੰਟ। ਸ਼੍ਰੋਮਣੀ ਅਕਾਲੀ ਦਲ (ਟੀ) 24 ਮਿੰਟ। ਆਲ ਇੰਡੀਆ ਕਮਿਊਨਿਸਟ ਪਾਰਟੀ 6 ਮਿੰਟ। ਭਾਰਤੀ ਜਨਤਾ ਪਾਰਟੀ 6 ਮਿੰਟ। ਅਨ-ਅਟੈਚਡ 6 ਮਿੰਟ।

ਕੁੱਲ ਸਮਾਂ ਡਿਸਕਸ਼ਨ ਵਾਸਤੇ 11 ਘੰਟੇ 30 ਮਿੰਟ ਹੈ।

**ਪ੍ਰੋਫੈਸਰ ਦਰਬਾਰੀ ਲਾਲ** (ਅੰਮ੍ਰਿਤਸਰ ਕੇਂਦਰੀ) : ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਮਤਾ ਮਾਨਯੋਗ ਮੈਂਬਰ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਰਖਿਆ ਹੈ ਅਤੇ ਉਸ ਦੇ ਬਾਅਦ ਇਸ ਦਾ ਅਨਮੋਦਨ ਮਾਨਯੋਗ ਮੈਂਬਰ ਸਰਦਾਰ ਬੀਰਦਵਿੰਦਰ ਸਿੰਘ ਨੇ ਕੀਤਾ ਹੈ, ਉਸ ਦਾ ਅਨਮੋਦਨ ਕਰਨ ਵਾਸਤੇ ਮੈਂ ਖੜ੍ਹਾ ਹੋਇਆ ਹਾਂ। ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਇਸ ਮਤੇ ਉਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਆਪੋਜ਼ੀਸ਼ਨ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਦਾ ਭਾਸ਼ਣ ਬੜੇ ਧਿਆਨ ਨਾਲ ਸੁਣਿਆ ਸੀ। ਮੈਂ ਸੋਚ ਰਿਹਾ ਸੀ ਕਿ ਜਿਸ ਢੰਗ ਨਾਲ ਉਨ੍ਹਾਂ ਨੇ ਹਿਸਟਾਰੀਕਲ ਬਕਗਰਾਊਂਡ ਇਥੇ ਰੱਖੀ ਹੈ ਮੈਂ ਵੀ ਇਹ ਚਾਹੁੰਦਾ ਹਾਂ ਕਿ ਕੁਝ ਹਿਸ-ਟਾਰੀਕਲ ਬੈਕਗਰਾਊਂਡ ਪੰਜਾਬ ਦੀ ਜਿਹੜੀ ਅਕਾਲੀਆਂ ਨੇ ਪਿਛਲੇ 15 ਸਾਲਾਂ ਵਿਚ ਵਿਗਾੜ ਕੇ ਰੱਖੀ ਹੈ ਉਸ ਦੇ ਉਤੇ ਆਪਣੇ ਵਿਚਾਰ ਜ਼ਰੂਰ ਪਰਗਟ ਕਰਾਂ। ਪਰ ਇਸ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਰੀ ਦੁਨੀਆਂ ਦੀ ਕੰਸਟੀਚਿਊਸ਼ਨਲ ਗੌਰਮਿੰਟ ਵਿਚ ਜਿਥੇ ਕਿਤੇ ਵੀ ਡੈਮੋਕਰੇਸੀ ਹੈ,

Original with;
Punjab Vidhan Sabha
Digitized by;
Panjab Digital Library

ਜਮਹੂਰੀਅਤ ਦਾ ਰਾਜ ਹੈ, ਜਦੋਂ ਕਦੇ ਵੀ ਗਵਰਨਰ ਸਾਹਿਬ ਐਡਰੈਸ ਪੜ੍ਹਣ ਤਾਂ ਸਾਰੇ ਮੈਂਬਰ ਧਿਆਨ ਨਾਲ ਸੁਣਦੇ ਹਨ ਅਤੇ ਆਪੋਜ਼ੀਸ਼ਨ ਦੇ ਲੀਡਰ ਦਾ ਵੀ ਫਰਜ਼ ਹੈ ਕਿ ਐਡਰੈਸ ਨੂੰ ਧਿਆਨ ਨਾਲ ਸੁਣਿਆ ਜਾਵੇ ਅਤੇ ਬਹਿਸ ਦੇ ਦੌਰਾਨ ਉਠਾਈਆਂ ਗਈਆਂ ਗੱਲਾਂ ਦਾ ਜਵਾਬ ਦਿੱਤਾ ਜਾਵੇ। ਸਪੀਕਰ ਸਾਹਿਬ, ਇਥੇ ਜੋ ਕੁਝ ਹੋਇਆ ਉਹ ਤੁਹਾਡੇ ਸਾਹਮਣੇ ਹੈ। ਸਾਨੂੰ ਹੈਲਦੀ ਕਨਵੈਨਸ਼ਨਜ਼ ਕਾਇਮ ਕਰਨੀਆਂ ਚਾਹੀਦੀਆਂ ਹਨ। ਬਾਦਲ ਸਾਹਿਬ ਨੇ ਬੋਲਦੇ ਹੋਏ ਕਿਹਾ ਕਿ ਮੈਂ ਗਵਰਨਰ ਸਾਹਿਬ ਦਾ ਬੜਾ ਆਦਰ ਅਤੇ ਸਤਿਕਾਰ ਕਰਦਾ ਹਾਂ ਪਰ ਮੈਨੂੰ ਇਸ ਗਲ ਦੀ ਸਮਝ ਨਹੀਂ ਆਈ ਕਿ ਜਦੋਂ ਉਹ ਇਥੇ ਐਡਰੈਸ ਕਰਨ ਆਏ ਤਾਂ ਉਨ੍ਹਾਂ ਦੀ ਗਲ ਸੁਣੀ ਨਹੀਂ ਗਈ ਪਰ ਬਾਅਦ ਵਿਚ ਕਹਿਣਾ ਕਿ ਮੈਂ ਉਨ੍ਹਾਂ ਦਾ ਸਤਿਕਾਰ ਕਰਦਾ ਹਾਂ। ਇਹ ਗੱਲ ਮੇਰੀ ਸਮਝ ਵਿਚ ਨਹੀਂ ਆਈ। ਸਾਨੂੰ ਸਾਰਿਆਂ ਨੂੰ ਇਕ ਹੈਲਦੀ ਕਨਵੈਨਸ਼ਨ ਕਾਇਮ ਕਰਨੀ ਚਾਹੀਦੀ ਹੈ। ਗਵਰਨਰ ਦੇ ਐਡਰੈਸ ਦੇ ਬਾਅਦ ਉਸ ਦੇ ਉਤੇ ਸਾਨੂੰ ਆਲੋਚਨਾ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਇਥੇ, ਸਪੀਕਰ ਸਾਹਿਬ, ਮੈਂ ਕੁਝ ਹਿਸਟਾਰੀਕਲ ਬੈਕਗਰਾਊਂਡ ਇਸ ਕਰਕੇ ਰੱਖਣਾ ਚਾਹੁੰਦਾ ਹਾਂ ਕਿਉਂਕਿ ਕੁਝ ਵਿਚਾਰ ਉਨ੍ਹਾਂ ਨੇ ਇਸ ਢੰਗ ਨਾਲ ਇਥੇ ਦਿੱਤੇ ਸਨ। ਪਿਛਲੇ 6 ਮਹੀਨਿਆਂ ਦੇ ਦੌਰਾਨ ਪੰਜਾਬ ਦੇ ਇਤਿਹਾਸ ਵਿਚ ਇਕ ਬੜਾ ਟਰਬੂਲੈਂਟ ਪੀਰੀਅਡ ਸੀ। ਇਸ ਪੀਰੀਅਡ ਵਿਚ ਐਕਸਟਰੀਮਿਸਟਸ ਨੇ ਅਤੇ ਸਿਸੈਸ਼ਨਿਸਟ ਐਲੀਮੈਂਟ ਨੇ ਸਿਰ ਚੁੱਕਿਆ। ਕਮਿਊਨਲ ਹਾਰਮਨੀ ਜਿਹੜੀ 1947 ਤੋਂ ਬਾਅਦ ਪੰਜਾਬ ਨੂੰ ਮਿਲੀ ਸੀ ਉਸ ਨੂੰ ਡਿਸਟਰਬ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕੀਤੀ ਗਈ।

3.38 ਬਾਅਦ ਦੁਪਹਿਰ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਿਸੈਸ਼ਨਿਸਟ ਐਲੀਮੈਂਟ ਨੇ ਸਿਰ ਚੁੱਕਿਆ। ਫੁੱਟ ਪਾਊ ਤਾਕਤਾਂ ਨੂੰ ਇਨਕੱਰੇਜ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਕੀ ਹੋਇਆ? ਕਿਸ ਤਰ੍ਹਾਂ ਜਲੂਸ ਕੱਢੇ ਗਏ? ਤੰਬਾਕੂ ਅਤੇ ਬੀੜੀ ਸਿਗਰਟ ਦਾ ਮਸਲਾ ਉਠਾਇਆ ਗਿਆ। ਇਸ ਤਰ੍ਹਾਂ ਕੀਤਾ ਗਿਆ ਕਿ ਜੇ ਕੋਈ ਆਦਮੀ ਬੀੜੀ ਜਾਂ ਸਿਗਰੇਟ ਬਾਜ਼ਾਰ ਵਿਚ ਪੀਂਦਾ ਮਿਲ ਜਾਵੇ ਤਾਂ ਉਸ ਨੂੰ ਡਰਾਇਆ ਧਮਕਾਇਆ ਜਾਵੇ, ਉਸ ਦਾ ਸਿਰ ਲਾਠੀ ਮਾਰਕੇ ਪਾੜਿਆ ਜਾਵੇ ਅਤੇ ਜਾਂ ਫਿਰ ਉਸ ਨੂੰ ਮਾਰਿਆ ਜਾਵੇ।

**ਸਰਦਾਰ ਹਰਚੰਦ ਸਿੰਘ ਬਰਾੜ** : ਤੁਸੀਂ ਸਾਡੇ ਨਾਲ ਵਿਤਕਰਾ ਕਰ ਰਹੇ ਹੋ। ਮੈਂ ਉਤਨਾ ਅਣਜਾਣ ਨਹੀਂ ਹਾਂ ਜਿਤਨਾ ਤੁਸੀਂ ਸਮਝਦੇ ਹੋ। ਤੁਸੀਂ ਸਾਨੂੰ ਹਰਦਵਾਰ ਵਿਚ ਨਹੀਂ ਵੜਨ ਦਿੰਦੇ।

**ਪ੍ਰੋਫੈਸਰ ਦਰਬਾਰੀ ਲਾਲ** : ਸਿਗਰੇਟ ਬੀੜੀ ਪੀਣਾ ਮਾੜੀ ਗਲ ਹੈ ਪਰ ਜੇ ਕੋਈ ਨਾ ਆਖੇ ਲੱਗੇ ਤਾਂ ਉਸ ਨੂੰ ਡਰਾਉਣਾ ਧਮਕਾਉਣਾ ਠੀਕ ਨਹੀਂ ਹੈ। ਅਜਿਹੇ ਕੰਮ ਤੋਂ ਡਰਾ ਧਮਕਾ ਕੇ ਰੋਕਣਾ ਦੁਨੀਆਂ ਦੀ ਕਿਸੇ ਸਰਕਾਰ ਨੇ ਅਜ ਤਕ ਇਸ ਤਰ੍ਹਾਂ ਦੀ ਆਗਿਆ ਨਹੀਂ ਦਿੱਤੀ। ਤੁਸੀਂ ਪਬਲਿਕ ਓਪੀਨੀਅਨ ਮੋਬੋਲਾਈਜ਼ ਕਰੋ ਪਰ ਜੇ ਕੋਈ ਬੀੜੀ, ਸਿਗਰੇਟ ਜਾਂ ਸ਼ਰਾਬ ਬੰਦ ਨਾ ਕਰੇ ਤਾਂ ਉਸ ਦੀ ਤਲਵਾਰ ਨਾਲ ਧੌਣ ਲਾਹ ਦਿਓ ਤਾਂ ਇਹ ਗਲਤ ਪ੍ਰੰਪਰਾ ਹੈ। ਜੇ ਬੀੜੀ, ਸਿਗਰੇਟ ਅਤੇ ਸ਼ਰਾਬ ਬੰਦ ਕਰਨੀ ਹੈ ਤਾਂ ਪਬਲਿਕ ਓਪੀਨੀਅਨ ਮੋਬੇਲਾਈਜ਼ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਦੇ ਪੁਰਾਣੇ ਦੋਸਤ ਜਿਹੜੇ ਕਦੀ ਪੰਜਾਬੀ ਮਾਤਰੀ ਜ਼ਬਾਨ ਮੰਨਣ ਵਾਸਤੇ ਤਿਆਰ ਨਹੀਂ ਸਨ ਉਨ੍ਹਾਂ ਨੇ ਜਲੂਸ ਕੱਢਿਆ। ਫਿਰ ਜਲੂਸ ਕੱਢਿਆ ਗਿਆ। ਇਸ ਤਰ੍ਹਾਂ ਅੰਮ੍ਰਿਤਸਰ ਸ਼ਹਿਰ ਦੇ ਲੋਕਾਂ ਦੇ ਮਨਾਂ ਵਿਚ ਡਰ ਪੈਦਾ ਹੋ ਗਿਆ।

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਮੇਰੀ ਬੇਨਤੀ ਸਿਰਫ ਇਹੀ ਹੈ ਕਿ ਇਨ੍ਹਾਂ ਲੋਕਾਂ ਨੂੰ ਜਿਹੜੇ ਇਥੇ ਸ਼ਰਾਰਤ ਕਰਦੇ ਹਨ ਉਨ੍ਹਾਂ ਨੂੰ ਅਕਾਲੀ ਦਲ ਵਲੋਂ ਪ੍ਰੋਟੈਕਟ ਕੀਤਾ ਜਾਂਦਾ ਹੈ, ਇਹ ਨਾ ਕੀਤਾ ਜਾਵੇ। ਜੇ ਉਸ ਵਕਤ ਆਪੋਜ਼ੀਸ਼ਨ ਦੇ ਲੀਡਰ ਖੁਲ੍ਹ ਕੇ ਗਲ ਕਹਿੰਦੇ ਤਾਂ ਇਹ ਗਲ ਰੁਕ ਜਾਂਦੀ। (ਸਰਦਾਰ ਹਰਚੰਦ ਸਿੰਘ ਬਰਾੜ ਵਲੋਂ ਵਿਘਨ)

**ਸ੍ਰੀ ਡਿਪਟੀ ਸਪੀਕਰ** : ਸਰਦਾਰ ਹਰਚੰਦ ਸਿੰਘ ਜੀ ਤੁਸੀਂ ਬੈਠੋ।

**ਪ੍ਰੋਫੈਸਰ ਦਰਬਾਰੀ ਲਾਲ** : ਇਨ੍ਹਾਂ ਦੀ ਅਮਨ ਪਸੰਦੀ ਦੀ ਗਲ ਤਾਂ ਇਥੋਂ ਹੀ ਨਜ਼ਰ ਆ ਰਹੀ ਹੈ। ਇਨ੍ਹਾਂ ਨੂੰ ਵੀ ਬੋਲਣ ਦਾ ਮੌਕਾ ਮਿਲਣਾ ਹੈ, ਜਿਹੜੀ ਵੀ ਇਹ ਗਲ ਕਹਿਣਾ ਚਾਹੁੰਦੇ ਹਨ ਉਸ ਵਕਤ ਇਹ ਕਹਿ ਸਕਦੇ ਹਨ।

ਡਿਪਟੀ ਸਪੀਕਰ ਸਾਹਿਬ, ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ** ** ਜਿਹੜੇ ਐਮ.ਪੀ. ਹਨ, ਉਨ੍ਹਾਂ ਨੇ ਇਹ ਬਿਆਨ ਦਿਤਾ ਕਿ ਇਹ ਲੋਕ ਜਿਹੜੇ ਐਕਸਟਰੀਮਿਸਟ ਹਨ ਉਨ੍ਹਾਂ ਨੂੰ ਆਉਣ ਵਾਲੇ ਲੋਕ ਜਿਹੜੇ ਪੁਰਾਣੇ ਸ਼ਹੀਦ ਹਨ ਉਨ੍ਹਾਂ ਵਾਂਗ ਇਨ੍ਹਾਂ ਨੂੰ ਵੀ ਸ਼ਹੀਦਾਂ ਦਾ ਦਰਜਾ ਦਿੱਤਾ ਜਾਵੇਗਾ। ਲੋਕ ਉਨ੍ਹਾਂ ਨੂੰ ਯਾਦ ਕਰਨਗੇ। ਕੀ ** ** ** ਅਕਾਲੀ ਪਾਰਟੀ ਦੀ ਨਹੀਂ। ਕੀ ਉਸ ਨੂੰ ਇਨ੍ਹਾਂ ਨੇ ਚੁਣ ਕੇ ਨਹੀਂ ਭੇਜਿਆ ? ਸ਼ਹੀਦ ਭਗਤ ਸਿੰਘ ਨਾਲ ਜਿਨ੍ਹਾਂ ਨੇ ਮੁਲਕ ਲਈ ਕੁਰਬਾਨੀ ਕੀਤੀ ਉਨ੍ਹਾਂ ਦੇ ਨਾਲ ਇਨ੍ਹਾਂ ਨੂੰ ਬਰਾਬਰੀ ਕਿਸ ਤਰ੍ਹਾਂ ਦਿੱਤੀ ਜਾ ਸਕਦੀ ਹੈ।

**ਡਾਕਟਰ ਭਗਤ ਸਿੰਘ** : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਹੱਕ ਹੈ ਜੋ ਮਰਜ਼ੀ ਕਹਿਣ। ਮੈਂ ਇਨ੍ਹਾਂ ਨੂੰ ਇਨਟਰੱਪਟ ਨਹੀਂ ਕਰਦਾ। ਉਹ ਇਕ ਐਮ.ਪੀ. ਹਨ। ਇਥੇ ਕਿਸੇ ਦੇ ਬਾਰੇ ਇਸ ਤਰ੍ਹਾਂ ਕਹਿਣਾ ਰਵਾਇਤ ਨਹੀਂ ਹੈ ਕਿਉਂਕਿ ਉਹ ਇਥੇ ਹਾਜ਼ਰ ਨਹੀਂ। ਇਹ ਨਵੀਂ ਰਵਾਇਤ ਪੈਦਾ ਕਰ ਲੈਣ, ਮੈਨੂੰ ਕੋਈ ਇਤਰਾਜ਼ ਨਹੀਂ, ਮੈਂ ਜਵਾਬ ਦੇ ਦਿੰਦਾ ਹਾਂ।

**ਸ੍ਰੀ ਡਿਪਟੀ ਸਪੀਕਰ** : ਪ੍ਰੋਫੈਸਰ ਸਾਹਿਬ, ਉਨ੍ਹਾਂ ਦਾ ਨਾਮ ਮੈਨਸ਼ਨ ਨਾ ਕਰੋ। ਨਾਮ ਰਿਕਾਰਡ ਨਾ ਕੀਤਾ ਜਾਵੇ।

**ਪ੍ਰੋਫੈਸਰ ਦਰਬਾਰੀ ਲਾਲ** : ਡਿਪਟੀ ਸਪੀਕਰ ਸਾਹਿਬ, ਸਾਨੂੰ ਗੁਰੂ ਨਾਨਕ ਦੇਵ ਜੀ ਨੇ ਯੂਨੀ-ਵਰਸਲ ਬਰੱਦਰਹੁਡ ਦੀ ਗਲ ਸਮਝਾਈ ਹੈ। ਉਨ੍ਹਾਂ ਨੇ ਸਾਨੂੰ ਇਹ ਦੱਸਿਆ ਕਿ ਭਾਈ ਨਾਲ ਭਾਈ ਮਿਲ ਕੇ ਰਹਿਣ, ਭਾਈਚਾਰੇ ਦਾ ਉਨ੍ਹਾਂ ਨੇ ਸਮਝਾਇਆ ਕਿ ਆਪਸ ਵਿੱਚ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ। ਪਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਇਨ੍ਹਾਂ ਦੀ (ਆਪੋ-ਜ਼ੀਸ਼ਨ ਪਾਰਟੀ ਵਲ ਇਸ਼ਾਰਾ ਕਰਦੇ ਹੋਏ) ਦੋਸਤੀ ਜਨਸੰਘ ਨਾਲ ਰਹੀ ਜਿਨ੍ਹਾਂ ਨੇ ਪੰਜਾਬੀ ਜ਼ਬਾਨ ਨੂੰ ਮਾਤਰੀ ਜ਼ਬਾਨ ਸਵੀਕਾਰ ਨਹੀਂ ਕੀਤਾ। ਉਹ ਪੰਜਾਬੀ ਜ਼ਬਾਨ ਜਿਹੜੀ ਸਾਰੇ ਪੰਜਾਬ ਵਿੱਚ ਬੋਲੀ ਜਾਂਦੀ ਹੈ ਅਤੇ ਪੰਜਾਬ ਤੋਂ ਬਾਹਰ ਬੋਲੀ ਜਾਂਦੀ ਹੈ ਇਨ੍ਹਾਂ ਨੇ ਉਨ੍ਹਾਂ ਨਾਲ ਮਿਲ ਕੇ ਪੰਜਾਬੀ ਜ਼ਬਾਨ ਦਾ ਉਹ ਰੁਤਬਾ ਜੋ ਉਸ ਨੂੰ ਸੀ, ਘਟਾਇਆ ਹੈ। ਮੈਂ ਇਹ ਗਲ ਸਾਬਤ ਕਰਦਾ ਹਾਂ। ਡਿਪਟੀ ਸਪੀਕਰ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਾਹਿਬ, ਪਿੱਛਲੀ ਵਾਰੀ ਸਾਡੀ ਕਮੇਟੀ, ਮਨਾਲੀ ਗਈ ਅਤੇ ਮੇਰੇ ਨਾਲ ਸਾਹਮਣੇ ਬੈਠੇ ਵੀਰਾਂ ਵਿੱਚੋਂ ਵੀ ਕੁਝ ਵੀਰ ਨਾਲ ਸਨ। ਜਦੋਂ ਅਸੀਂ ਉਥੇ ਪਹੁੰਚੇ ਤਾਂ ਸਾਨੂੰ ਇਕ ਤਿਬਤੀ ਮਿਲਿਆ। ਉਹ ਪੰਜਾਬੀ ਬੋਲਦਾ ਸੀ। ਅਸੀਂ ਉਸ ਨੂੰ ਪੁਛਿਆ ਕਿ ਤੂੰ ਪੰਜਾਬੀ ਬੋਲਣੀ ਕਿਥੋਂ ਸਿਖੀ ਹੈ ਤਾਂ ਉਹ ਕਹਿਣ ਲਗਾ ਕਿ ਮੈਂ ਪੰਜਾਬੀ ਲਿਖ ਵੀ ਸਕਦਾ ਹਾਂ ਅਤੇ ਬੋਲ ਵੀ ਸਕਦਾ ਹਾਂ ਅਤੇ ਕਹਿਣ ਲਗਾ ਕਿ ਸਾਡੇ ਵੇਲੇ ਪੰਜਾਬੀ ਜ਼ਬਾਨ ਪੜ੍ਹਾਈ ਜਾਂਦੀ ਸੀ। ਹੁਣ ਤੁਸੀਂ ਆਪ ਹੀ ਦੇਖ ਲਓ ਕਿ ਉਹ ਪੰਜਾਬੀ ਜ਼ਬਾਨ ਜਿਹੜੀ ਉਨ੍ਹਾਂ ਇਲਾਕਿਆਂ ਵਿੱਚ ਵੀ ਬੋਲੀ ਜਾਂਦੀ ਸੀ ਉਸ ਦੇ ਵਾਸਤੇ ਇਨ੍ਹਾਂ ਨੇ ਗੜਬੜ ਕਰਕੇ ਉਸ ਨੂੰ ਥੋੜ੍ਹੇ ਜਿਹੇ ਇਲਾਕੇ ਵਿੱਚ ਸੀਮਿਤ ਕਰ ਦਿੱਤਾ। ਉਹ ਪੰਜਾਬੀ ਜ਼ਬਾਨ ਜਿਹੜੀ ਵੱਧ ਫੁੱਲ ਰਹੀ ਸੀ ਉਹ ਹੁਣ ਥੋੜ੍ਹੇ ਜਿਹੇ ਇਲਾਕੇ ਵਿੱਚ ਰਹਿ ਗਈ। ਇਸ ਦੇ ਨਾਲ ਹੀ ਮੈਂ ਇਹ ਦੱਸਦਾ ਚਾਹੁੰਦਾ ਹਾਂ ਕਿ ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ ਬਾਰੇ ਇੰਦੂ ਭੂਸ਼ਣ ਬੈਨਰਜੀ ਨੇ ਐਵੋਲਿਊਸ਼ਨ ਆਫ਼ ਖਾਲਸਾ ਵੋਲਿਊਮ 1 ਅਤੇ 2 ਲਿਖਿਆ ਹੈ। ਇਸੇ ਤਰ੍ਹਾਂ ਗੋਕਲ ਚੰਦ ਨਾਰੰਗ ਨੇ ਵੀ ਗੁਰੂ ਤੇਗ ਬਹਾਦਰ ਜੀ ਬਾਰੇ ਲਿਖਿਆ ਹੈ ਕਿ ਜਦੋਂ ਉਹਨਾਂ ਨੂੰ ਦਿੱਲੀ ਲੈ ਗਏ ਤਾਂ ਔਰੰਗਜ਼ੇਬ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਡ ਕੋਲ ਕੋਈ ਜਾਦੂ ਹੈ ਜਿਹੜਾ ਸਾਨੂੰ ਦੱਸ ਸਕੋ ਤਾਂ ਗੁਰੂ ਜੀ ਕਹਿਣ ਲਗੇ ਕਿ ਜਾਦੂ ਕੋਈ ਆਉਂਦਾ ਤਾਂ ਨਹੀਂ ਪਰ ਜੇ ਕਹੋ ਤਾਂ ਦੱਸ ਦਿੰਦੇ ਹਾਂ। ਉਨ੍ਹਾਂ ਨੇ ਇਕ ਕਾਗਜ਼ ਤੇ ਪੈਨਸਿਲ ਲਈ ਅਤੇ ਉਸ ਦੇ ਉਤੇ ਕੁਝ ਲਿਖਿਆ ਅਤੇ ਉਸ ਨੂੰ ਗਲੇ ਵਿੱਚ ਪਾ ਲਿਆ। ਉਸ ਨੂੰ ਕਹਿਣ ਲਗੇ ਕਿ ਹੁਣ ਜਿਹੜੀ ਤੇਰੀ ਤਲਵਾਰ ਚਲੇਗੀ ਉਹ ਮੇਰੇ ਸਿਰ ਨੂੰ ਗਰਦਨ ਨਾਲੋਂ ਅਲੱਗ ਨਹੀਂ ਕਰੇਗੀ। ਡਿਪਟੀ ਸਪੀਕਰ ਸਾਹਿਬ, ਜਲਾਦ ਨੇ ਤਲਵਾਰ ਮਾਰੀ, ਗਰਦਨ ਕੱਟੀ, ਜ਼ਮੀਨ ਤੇ ਸਿਰ ਡਿਗਾ ਤੇ ਫਿਰ ਜਦੋਂ ਉਹ ਕਾਗਜ਼ ਖੋਲ ਕੇ ਪੜ੍ਹਿਆ ਗਿਆ ਤਾਂ ਉਸ ਤੇ ਲਿਖਿਆ ਸੀ ਕਿ 'ਸਿਰ ਦੀਆ ਸਾਰ ਨਾ ਦੀਆ' ਹੇ ਔਰੰਗਜ਼ੇਬ ! ਤੂੰ ਸਿਰ ਤਾਂ ਲੈ ਲਿਆ ਹੈ ਪਰ ਹਿੰਦੂ ਨੂੰ ਮੁਸਲਮਾਨ ਕਿਵੇਂ ਬਣਾਇਆ ਜਾ ਸਕਦਾ ਹੈ ਉਹ ਸਾਰ ਮੈਂ ਤੈਨੂੰ ਨਹੀਂ ਦੱਸਿਆ, ਉਹ ਫਿਲਾਸਫੀ ਮੈਂ ਤੈਨੂੰ ਨਹੀਂ ਦੱਸੀ। ਇਹ ਸੀ ਗੁਰੂ ਤੇਗ ਬਹਾਦਰ ਸਾਹਿਬ ਦੀ ਕੁਰਬਾਨੀ। (ਥੰਪਿੰਗ) ਅਸੀਂ ਕਿਸ ਤਰ੍ਹਾਂ ਮੰਨ ਲਈਏ ਕਿ ਇਹ ਅਲੱਗ ਹਨ। ਇਹ ਜਾਣ ਬੁਝ ਕੇ ਸ਼ਰਾਰਤ ਕਰਕੇ ਇਹ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਐਵੋਲਿਊਸ਼ਨ ਆਫ਼ ਖਾਲਸਾ ਵਿਚ ਲਿਖਿਆ ਹੈ—

**They had religion of national feelings. They stand for the Hindus.**

ਪੰਜਾਬ ਵਿਚ ਰਹਿਣ ਵਾਲੇ ਲੋਕ ਚਾਹੇ ਉਹ ਹਿੰਦੂ ਹਨ, ਚਾਹੇ ਸਿੱਖ ਹਨ ਜਾਂ ਕੋਈ ਹੋਰ ਹਨ ਉਨ੍ਹਾਂ ਨੂੰ ਗੁਰੂਆਂ ਤੇ ਉਨ੍ਹਾਂ ਹੀ ਵਿਸ਼ਵਾਸ ਹੈ ਜਿੰਨਾਂ ਮੇਰੇ ਇਨ੍ਹਾਂ ਭਰਾਵਾਂ ਨੂੰ ਹੈ ਜੋ ਮੇਰੇ ਸਾਹਮਣੇ ਬੈਠੇ ਹਨ। (ਥੰਪਿੰਗ) ਇਸ ਕਰਕੇ ਮੇਰੀ ਬੇਨਤੀ ਹੈ ਕਿ ਕਦੇ ਇਸ ਤਰ੍ਹਾਂ ਦਾ ਜ਼ਿਕਰ ਨਹੀ ਕਰਨਾ ਚਾਹੀਦਾ ਅਤੇ ਉਹ ਗਲ ਕਰਨੀ ਚਾਹੀਦੀ ਹੈ ਜਿਹੜੀ ਤਮਾਮ ਲੋਕਾਂ ਲਈ ਹੋਵੇ, ਪੰਜਾਬ ਦੀ ਬੇਹਤਰੀ ਲਈ ਹੋਵੇ। ਸਾਨੂੰ ਸਾਰਿਆਂ ਨੂੰ ਰਲ ਕੇ ਪੰਜਾਬ ਦੀ ਡੀਵੈਲਪਮੈਂਟ ਵਾਸਤੇ ਕੰਮ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਅਗਰ ਪੰਜਾਬ ਦੇ ਡੀਵੈਲਪਮੈਂਟ ਦੇ ਕੰਮ ਨਾ ਦੱਸਾਂ ਤਾਂ ਮੈਂ ਸਮਝਾਂਗਾ ਕਿ ਮੈਂ ਆਪਣੇ ਫਰਜ਼ ਵਿਚ ਕੁਤਾਹੀ ਕੀਤੀ ਹੈ। ਇਥੇ ਕਿਹਾ ਗਿਆ ਹੈ ਕਿ ਸਰਕਾਰ ਨੇ ਕੋਈ ਕੰਮ ਨਹੀਂ ਕੀਤਾ। ਜੇ ਇਕ ਛੋਟੀ ਜਿਹੀ ਹੀ ਗਲ ਲੈ ਲਓ ਤਾਂ ਉਸ ਤੋਂ ਹੀ ਆਪ ਨੂੰ ਪਤਾ ਲਗ ਜਾਵੇਗਾ ਕਿ ਪੰਜਾਬ ਵਿਚ ਕੀ ਕੁਝ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਅਮੀਰ ਆਦਮੀ ਤਾਂ ਦਵਾਈਆਂ ਲੈ ਸਕਦਾ ਹੈ ਪਰ ਗਰੀਬ ਆਦਮੀ ਨੂੰ ਬੜੀ ਮੁਸ਼ਕਲ ਹੁੰਦੀ ਹੈ। ਪਿਛਲੇ ਕਈ ਸਾਲਾਂ ਤੋਂ ਗੁਲੂਕੋਜ਼ ਮਹਿੰਗਾ ਹੋ ਰਿਹਾ ਹੈ ਅਤੇ 10 ਜਾਂ 15 ਰੁਪਏ ਦੀ ਬੋਤਲ ਮਿਲਦੀ ਹੈ। ਇਹ ਉਪਰੇਸ਼ਨ ਲਈ ਹਰ ਗਰੀਬ ਆਦਮੀ ਨੂੰ ਚਾਹੀਦਾ ਹੁੰਦਾ ਹੈ ਅਤੇ ਹੋਰ ਕਈ ਦਵਾਈਆਂ ਵਾਸਤੇ ਇਸ ਦੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਲੋੜ ਪੈਂਦੀ ਰਹਿੰਦੀ ਹੈ। ਮੈਂ ਪੁਰਾਣੇ ਹੈਲਥ ਮਨਿਸਟਰ ਸਾਹਿਬ, ਸ੍ਰੀ ਸਰਦਾਰੀ ਲਾਲ ਕਪੂਰ ਜੀ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੂੰ ਮੈਂ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਕੋਈ ਗੁਲੂਕੋਜ਼ ਦਾ ਪਲਾਂਟ ਅੰਮ੍ਰਿਤਸਰ ਲਾਇਆ ਜਾਵੇ। ਉਨ੍ਹਾਂ ਨੇ ਮੇਰੀ ਬੇਨਤੀ ਨੂੰ ਮੰਨਦੇ ਹੋਏ ਇਸ ਪਾਸ ਧਿਆਨ ਦਿਤਾ ਅਤੇ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਤਿੰਨ ਜ਼ਿਲ੍ਹਿਆਂ ਵਿੱਚ ਇਹ ਪਲਾਂਟ ਦਿੱਤੇ ਗਏ। ਉਥੇ ਇਕ ਗੁਲੂਕੋਜ਼ ਦੀ ਬੋਤਲ ਛੇ ਸਤ ਆਨੇ ਵਿਚ ਤਿਆਰ ਹੋਵੇਗੀ ਔਰ ਗਰੀਬ ਆਦਮੀ ਉਹ ਇਕ ਰੁਪਏ ਵਿੱਚ ਲੈ ਸਕਣਗੇ। ਇਹ ਇਕ ਬਹੁਤ ਵੱਡਾ ਕੰਮ ਸਾਡੀ ਸਰਕਾਰ ਨੇ ਕੀਤਾ ਹੈ। (ਥੰਪਿੰਗ)

ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸੰਸਕ੍ਰਿਤ ਜ਼ਬਾਨ ਇਕ ਐਸੀ ਜ਼ਬਾਨ ਹੈ ਜਿਸ ਤੋਂ ਬਾਕੀ ਦੀਆਂ ਜ਼ਬਾਨਾਂ ਉੜੀਆ, ਮਰਾਠੀ ਅਤੇ ਹੋਰ ਦੂਸਰੀਆਂ ਜ਼ਬਾਨਾਂ ਡੀਵੈਲਪ ਹੁੰਦੀਆਂ ਹਨ। ਜੇ ਸੰਸਕ੍ਰਿਤ ਲੈਂਗੁਏਜ ਨਾ ਹੋਵੇ ਤਾਂ ਦੂਸਰੀਆਂ ਲੈਂਗੁਏਜਿਜ਼ ਦੀ ਡੀਵੈਲਪਮੈਂਟ ਨਹੀਂ ਹੁੰਦੀ। ਇਕ ਭਾਸ਼ਾ ਦੂਜੀ ਭਾਸ਼ਾ ਤੋਂ ਹੀ ਕੁਝ ਸਿਖਦੀ ਹੈ ਤੇ ਵੱਧਦੀ ਫੁਲਦੀ ਹੈ। ਇਨ੍ਹਾਂ ਨੇ (ਵਿਰੋਧੀ ਪਾਰਟੀ ਵਲ ਇਸ਼ਾਰਾ) ਸੰਸਕ੍ਰਿਤ ਭਾਸ਼ਾ ਨੂੰ ਕਾਫੀ ਸਮੇਂ ਤੋਂ ਇਗਨੋਰ ਕੀਤਾ ਹੈ ਮਗਰ ਸਾਡੀ ਸਰਕਾਰ ਨੇ ਖਾਸ ਤੌਰ ਤੇ ਸਾਡੇ ਐਜੂਕੇਸ਼ਨ ਮਨਿਸਟਰ ਸਾਹਿਬ ਨੇ, ਐਜੂਕੇਸ਼ਨ ਡੀ-ਪਾਰਟਮੈਂਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਖੋਲ੍ਹ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਪੁਰਾ-ਣੀਆਂ ਲੈਂਗੁਏਜਿਜ਼ ਨੂੰ ਨਾਲ ਲੈ ਕੇ ਚਲਿਆ ਜਾਵੇ ਤਾਂ ਬਾਕੀਆਂ ਦੀਆਂ ਲੈਂਗੁਏਜਿਜ਼ ਜੋ ਹਨ ਉਹ ਵਧਦੀਆਂ ਫੁਲਦੀਆਂ ਹਨ। ਇਹ ਕੋਈ ਛੋਟੀ ਜਿਹੀ ਗਲ ਨਹੀਂ ਜੋ ਇਸ ਸਰਕਾਰ ਨੇ ਕੀਤੀ ਹੈ।

ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਕਿ ਇਕ ਐਜੂਕੇਸ਼ਨ ਕਮਿਸ਼ਨ ਨਿਯੁਕਤ ਕੀਤਾ ਗਿਆ ਹੈ! ਇਸ ਦਾ ਮਤਲਬ ਇਹ ਹੈ ਕਿ ਸਾਡੇ ਪੰਜਾਬ ਵਿਚ ਪੜ੍ਹੇ ਲਿਖੇ ਲੋਕ ਜੋ ਹਨ ਉਹ ਬਹੁਤੇ ਬੇਕਾਰ ਹਨ ਅਤੇ ਉਨ੍ਹਾਂ ਨੂੰ ਕਾਰੋਬਾਰ ਦਿੱਤਾ ਜਾਵੇ। ਲੋਕਾਂ ਨੂੰ ਐਜੂਕੇਸ਼ਨ ਇਸ ਢੰਗ ਨਾਲ ਦਿੱਤੀ ਜਾਵੇ ਜਿਹੜੀ ਜਾਬ ਓਰੀਐਂਟਿਡ ਹੋਵੇ ਅਤੇ ਅਨਐਮਪਲਾਇਮੈਂਟ ਨੂੰ ਦੂਰ ਕਰਨ ਵਾਲੀ ਹੋਵੇ, ਲੋਕਾਂ ਨੂੰ ਹੱਥ ਦਾ ਕੰਮ ਕਰਨਾ ਸਿਖਾਇਆ ਜਾਵੇ। ਡਿਪਟੀ ਸਪੀਕਰ ਸਾਹਿਬ, ਯੂਰਪ ਵਿਚ ਇਕ ਛੋਟਾ ਜਿਹਾ ਮੁਲਕ ਵੀ ਜੋ ਹੈ ਉਹ ਇਕ ਛਟਾਂਕ ਲੋਹੇ ਤੋਂ ਕਈ ਘੜੀਆਂ ਬਣਾ ਕੇ ਬਾਹਰ ਭੇਜਦਾ ਹੈ ਅਤੇ ਬਾਹਰਲੇ ਮੁਲਕਾਂ ਵਿੱਚ ਵੇਚ ਕੇ ਪੈਸਾ ਕਮਾਉਂਦਾ ਹੈ ਅਤੇ ਉਥੋਂ ਦੇ ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ ਸਾਡੇ ਇਥੇ ਹਜ਼ਾਰਾਂ ਟਨ ਲੋਹਾ ਪਿਆ ਹੈ। ਜੇ ਇਥੋਂ ਦੇ ਲੋਕ ਵੀ ਕੋਈ ਇਸ ਤਰ੍ਹਾਂ ਦੀਆਂ ਚੀਜ਼ਾਂ ਬਣਾਉਣੀਆਂ ਸਿੱਖ ਲੈਣ ਤਾਂ ਇਸ ਦੇ ਨਾਲ ਪੰਜਾਬ ਵਿਚ. ਦੇਸ਼ ਵਿਚ, ਅਨਇਮਪਲਾਇਮੈਂਟ ਵੀ ਦੂਰ ਹੋਵੇਗੀ ਔਰ ਸਾਡੇ ਪੰਜਾਬ ਦੇ ਸੂਬੇ ਵਿੱਚ ਖੁਸ਼ਹਾਲੀ ਵੀ ਆਵੇਗੀ। ਇਸ ਤੇ ਮੈਂ ਅਜਨਾਲਾ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਕਮਿਸ਼ਨ ਨਿਯੁਕਤ ਕੀਤਾ ਹੈ, ਔਰ ਮੈਂ ਇਸ ਗਲ ਦੀ ਆਸ ਕਰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਆਪਣੀ ਰਿਪੋਰਟ ਦੇਵੇਗਾ ਤਾਂਕਿ ਐਜੂਕੇਸ਼ਨ ਜਿਹੜੀ ਹੈ ਉਸ ਦੇ ਵਿਚ ਪ੍ਰੈਜ਼ੈਂਟ ਸੈਟ-ਅੱਪ ਦੇ ਅਨੁਸਾਰ ਚੇਂਜਿਜ਼ ਆਉਣ ਤੇ ਇਸ ਨਾਲ ਲੋਕਾਂ ਨੂੰ ਫਾਇਦਾ ਹੋ ਸਕੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਾਸਟਿਕ ਸੋਡਾ ਫੈਕਟਰੀ, ਨਇਆ ਨੰਗਲ ਵਿਖੇ ਲਾਉਣੀ ਹੈ ਜਿਸ ਤੇ 25 ਕਰੋੜ ਰੁਪਿਆ ਖਰਚ ਆਵੇਗਾ। ਇਸ ਦੇ ਨਾਲ ਕੈਮੀਕਲ ਤਿਆਰ ਹੋਵੇਗਾ, ਰੇਨ ਪੇਪਰ, ਸਾਬਣ ਤਿਆਰ ਹੋਵੇਗਾ ਅਤੇ ਟੈਕਸਟਾਈਲ ਇੰਡਸਟਰੀ ਨੂੰ ਫਾਇਦਾ ਹੋਵੇਗਾ। ਇਹ ਕਾਸਟਿਕ ਸੋਡਾ ਸਾਨੂੰ ਬਾਹਰਲੇ ਮੁਲਕਾਂ ਤੋਂ ਇੰਪੋਰਟ ਕਰਨਾ ਪੈਂਦਾ ਹੈ ਔਰ ਉਸ ਦੇ ਲਈ ਕਾਫੀ ਰੁਪਿਆ ਦੇਣਾ ਪੈਂਦਾ ਸੀ। ਪੰਜਾਬ

Original with;
Punjab Vidhan Sabha
Digitized by;
Panjab Digital Library

ਵਿਚ ਇਹ ਇੰਡਸਟਰੀ ਲਾਉਣ ਤੇ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਮੁਬਾਰਕਬਾਦ ਦਿੰਦਾ ਹਾਂ। ਇਹ ਸੋਢਾ ਕਰੀਬ 8 ਲੱਖ ਟਨ ਹਰ ਸਾਲ ਚਾਹੀਦਾ ਹੈ। ਇਸਦੀ ਡਿਮਾਂਡ ਜ਼ਿਆਦਾ ਹੈ ਅਤੇ ਸਪਲਾਈ ਘੱਟ ਹੈ। ਇਸ ਇੰਡਸਟਰੀ ਦੇ ਲਗਣ ਨਾਲ ਅਸੀਂ ਲੋਕਾਂ ਦੀ ਡਿਮਾਂਡ ਪੂਰੀ ਕਰ ਸਕਾਂਗੇ। ਜਦੋਂ ਇਹ ਫੈਕਟਰੀ ਇੰਨਸਟਾਲ ਹੋ ਗਈ ਤਾਂ ਇਸ ਦੀ ਪ੍ਰੋਡਕਸ਼ਨ 33 ਹਜ਼ਾਰ ਟਨ ਪਰ ਐਨਮ ਹੋਵੇਗੀ। ਇਸ ਤੋਂ ਇਲਾਵਾ ਲੀਕੁਅਡ ਕਲੋਰੀਨ ਦੀ 16.5 ਹਜ਼ਾਰ ਟਨ ਅਤੇ ਹਾਈ-ਡਰੋ ਕਲੋਰੀਨ ਦੀ 24400 ਟਨ ਹੋਵੇਗੀ। ਇਸ ਤੋਂ ਇਲਾਵਾ ਕਰੀਬ 400 ਆਦਮੀ ਡਾਇਰੈਕਟ ਇਮਪਲਾਇਮੈਂਟ ਪ੍ਰਾਪਤ ਕਰਨਗੇ ਅਤੇ ਇਕ ਹਜ਼ਾਰ ਦੇ ਕਰੀਬ ਇਨਡਾਇਰੈਕਟ ਐਮਪਲਾਇਮੈਂਟ ਸਾਡੇ ਲੋਕਾਂ ਨੂੰ ਮਿਲੇਗੀ। ਇਹ ਸਰਕਾਰ ਦੀ ਬਹੁਤ ਵਡੀ ਅਚੀਵਮੈਂਟ ਹੈ। ਇਸ ਦੇ ਨਾਲ ਹੀ ਪੰਜਾਬ ਫਾਈਨਾਂਸ਼ਲ ਕਾਰਪੋਰੇਸ਼ਨ ਨੇ ਪੰਜਾਬ ਵਿਚ ਇੰਡਸਟਰੀ ਨੂੰ ਵਧਾਉਣ ਵਾਸਤੇ 12 ਕਰੋੜ ਰੁਪਏ ਦੇ ਟਾਰਗੇਟ ਆਫ ਸੈਕਸ਼ਨਿੰਗ ਲਿਬਰਲ ਲੋਨਜ਼ ਦੇਣ ਦਾ ਫੈਸਲਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ ਗੋਇੰਦਵਾਲ ਇਹ ਸਾਡੇ ਵਾਸਤੇ ਪਵਿਤਰ ਸਥਾਨ ਹੀ ਨਹੀਂ ਬਲਕਿ ਤਮਾਮ ਪੰਜਾਬੀ ਇਥੇ ਸਿਰ ਝੁਕਾਉਂਦੇ ਹਨ ਕਿਉਂਕਿ ਸਾਡੇ ਗੁਰੂਆਂ ਨੇ ਇਸ ਜਗ੍ਹਾ ਤੋਂ ਸੰਦੇਸ਼ ਦਿਤੇ, ਨਾ ਕੇਵਲ ਪੰਜਾਬ ਨੂੰ ਸਾਰੇ ਹਿੰਦੁਸਤਾਨ ਨੂੰ ਅਤੇ ਬਾਹਰਲੇ ਮੁਲਕਾਂ ਨੂੰ ਵੀ। ਪਿਛਲੀ ਸਰਕਾਰ ਵੇਲੇ ਬੋਰਡਾਂ ਤੇ ਲਿਖਾਇਆ ਗਿਆ ਕਿ ਗੋਇੰਦਵਾਲ ਸਿੱਖੀ ਦਾ ਧੁਰਾ ਪਰ ਆਪਣੇ ਢਾਈ ਸਾਲਾਂ ਵਿਚ ਗੋਇੰਦਵਾਲ ਦਾ ਕੁਝ ਨਹੀਂ ਕੀਤਾ। ਸਾਡੀ ਸਰਕਾਰ ਨੇ ਮਨ ਬਣਾਇਆ ਕਿ ਇਸ ਸਥਾਨ ਨੂੰ ਬਣਾਇਆ ਜਾਏ ਅਤੇ ਹੁਣ ਉਥੇ ਬਿਜਲੀ ਜਗ ਮਗ ਜਗ ਮਗ ਕਰ ਰਹੀ ਹੈ ਔਰ ਕੁਝ ਲੋਕਾਂ ਨੂੰ ਪਲਾਟ ਦੇ ਕੇ ਇੰਡਸਟਰੀ ਦਾ ਵਿਕਾਸ ਹੋਵੇਗਾ। ਇਸ ਤੋਂ ਇਲਾਵਾ ਰਣਜੀਤ ਗੜ੍ਹ ਬਣਾਇਆ ਗਿਆ ਹੈ। ਦਿੱਲੀ ਦੇ ਨਾਲ ਇਕ ਪਿੰਡ ਸੀ ਫਰੀਦਾਬਾਦ ਜਿਥੇ ਇੰਡਸਟਰੀ ਲਗਾਈ ਗਈ ਅਤੇ ਉਸ ਦਾ ਬਹੁਤ ਫਾਇਦਾ ਹੋਇਆ। ਮੇਰੇ ਇਕ ਮਾਨਯੋਗ ਮੈਂਬਰ ਸਾਹਿਬ ਚਲੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਤਾਂ ਲੁਧਿਆਣਾ ਦੀ ਇਮਪਾਰਟੈਂਸ ਨੂੰ ਘਟਾਉਣ ਵਾਸਤੇ ਰਣਜੀਤਗੜ੍ਹ ਬਣਾਇਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਅਗਰ ਕੋਈ ਸ਼ਹਿਰ ਡਿਵੈਲਪਡ ਹੋਵੇ, ਅਗਰ ਕੋਈ ਜਗ੍ਹਾ ਬਣਾਈ ਜਾਵੇ ਤਾਂ ਉਸ ਨਾਲ ਉਸਦੀ ਇਮਪਾਰਟੈਂਸ ਘੱਟਦੀ ਨਹੀਂ ਬਲਕਿ ਵਧਦੀ ਹੈ। ਜਿਹੜੇ ਲੋਕ ਮੰਗ ਕਰਨਗੇ ਉਥੇ ਉਨ੍ਹਾਂ ਨੂੰ ਜਗ੍ਹਾ ਮਿਲੇਗੀ। ਰਣਜੀਤਗੜ੍ਹ ਵਿਚ ਸਸਤੀ ਜਗ੍ਹਾ ਮਿਲ ਜਾਏਗੀ। ਇਹ ਪੰਜਾਬ ਵਿਚ ਫਰੀਦਾਬਾਦ ਵਾਲਾ ਕੰਮ ਕਰੇਗੀ। ਪੰਜਾਬ ਫਾਈਨਾਂਸ਼ਲ ਕਾਰਪੋਰੇਸ਼ਨ ਨੇ ਡਿਫਰੈਂਟ ਸ਼ਹਿਰਾਂ ਹੁਸ਼ਿਆਰਪੁਰ, ਸੰਗਰੂਰ, ਬਠਿੰਡਾ ਅਤੇ ਅੰਮ੍ਰਿਤਸਰ ਵਿਚ ਆਪਣੇ ਆਫਿਸ ਖੋਲੇ ਹਨ ਤਾਂਕਿ ਉਥੇ ਦੇ ਰਹਿਣ ਵਾਲੇ ਲੋਕ ਚੰਡੀਗੜ੍ਹ ਆਉਣ ਦੀ ਬਜਾਏ ਉਥੇ ਹੀ ਕੰਟੈਕਟ ਕਰ ਸ਼ਕਣ। ਇਹ ਹੈ ਡੀਸੈਂਟਰੇਲਾਈਜ਼ੇਸ਼ਨ ਦਾ ਇਕ ਨਮੂਨਾ। ਇਸ ਦੇ ਨਾਲ ਛੋਟੇ ਆਦਮੀ ਅਤੇ ਅਕਨਾਮੀਕਲੀ ਬੈਕ-ਵਰਡ ਲੋਕ ਫਾਇਦਾ ਉਠਾ ਸਕਣਗੇ।

ਡਿਪਟੀ ਸਪੀਕਰ ਸਾਹਿਬ ਪੰਜਾਬ ਵਿਚ, ਅੰਮ੍ਰਿਤਸਰ, ਲੁਧਿਆਣਾ ਅਤੇ ਜਲੰਧਰ ਵਿਚ ਕਾਫੀ ਸਮਾਲ ਸਕੇਲ ਇੰਡਸਟਰੀ ਹੈ। ਉਹ ਲੋਕ ਜਿਹੜੇ ਆਰਥਿਕ ਤੌਰ ਤੇ ਪਛੜੇ ਹੋਏ ਹਨ, ਅੱਜ ਦੇ ਨਹੀਂ ਹਜ਼ਾਰਾਂ ਸਾਲਾਂ ਤੋਂ ਪੱਛੜੇ ਹੋਏ ਹਨ ਕਿਉਂਕਿ ਸਾਡਾ ਸਮਾਜਿਕ ਢਾਂਚਾ ਕੁਝ ਇਸ ਤਰ੍ਹਾਂ ਦਾ ਰਿਹਾ ਹੈ ਅਗਰ ਆਰਥਿਕ ਤੌਰ ਤੇ ਕੋਈ ਪਛੜਿਆ ਹੋਇਆ ਹੈ ਤਾਂ ਉਹ ਸਮਾਜਕ ਤੌਰ ਤੇ ਵੀ ਪਛੜਿਆ ਰਹੇਗਾ। ਅਸੀਂ ਮਨ ਬਣਾਇਆ ਕਿ ਉਨ੍ਹਾਂ ਲੋਕਾਂ ਨੂੰ ਕੁਝ ਰੁਪਿਆ ਦਿਤਾ ਜਾਏ ਜਿਹੜੇ ਕਿ ਟੈਕਨੀਕਲ ਤੌਰ ਤੇ ਕੁਆਲੀਫਾਈਡ ਹਨ, ਸ਼ਡਿਊਲਡ ਕਾਸਟਸ ਜਾਂ ਬੈਕਵਰਡ ਕਲਾਸਿਜ਼ ਦੇ ਲੋਕ ਹਨ ਤਾਂਕਿ ਉਹ ਸਮਾਜ ਵਿਚ ਆਪਣਾ ਸਥਾਨ ਬਣਾ ਸਕਣ। ਇਸ ਦੇ ਨਾਲ ਨਾਲ ਇਹ ਵੀ ਫੈਸਲਾ ਕੀਤਾ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਦਰਬਾਰੀ ਲਾਲ]

ਹੈ ਕਿ ਜਿਹੜੇ ਮੈਡੀਕਲ ਪ੍ਰੈਕਟੀਸ਼ਨਰ ਹਨ ਅਗਰ ਉਨ੍ਹਾਂ ਕੋਲ ਪੈਸ ਨਹੀਂ ਔਰ ਮਦਦ ਚਾਹੁੰਦੇ ਹੋਣ ਤਾਂ ਉਨ੍ਹਾਂ ਨੂੰ ਇਕ ਲਖ ਰੁਪਿਆ ਐਕਸਰੇ ਪਲਾਂਟ ਵਾਸਤੇ ਦਿੱਤਾ ਜਾਏਗਾ। ਅੱਜ ਦੇ ਜ਼ਮਾਨੇ ਵਿਚ ਐਕਸਰੇ ਪਲਾਂਟ ਬਹੁਤ ਜ਼ਰੂਰੀ ਚੀਜ਼ ਹੈ। ਕਿਉਂਕਿ ਕਈ ਕਿਸਮ ਦੇ ਰੋਗ ਲੋਕਾਂ ਨੂੰ ਹਨ । ਉਸ ਰੁਪਏ ਤੇ ਇੰਟਰੈਸਟ ਬਹੁਤ ਥੋੜਾ ਹੋਵੇਗਾ। 1982-83 ਵਿਚ 13,20 ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਮਤਾ ਰਖਿਆ ਗਿਆ ਹੈ ਉਸ ਨੂੰ ਇਨ ਟੋਟੋ ਸਵੀਕਾਰ ਕੀਤਾ ਜਾਏ।

**ਸਰਦਾਰ ਨੱਥਾ ਸਿੰਘ ਦਾਲਮ** : (ਸਿਰੀ ਹਰਗੋਬਿੰਦਪੁਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਸਮਾਂ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਐਡਰੈਸ ਨੂੰ ਪੜ੍ਹ ਕੇ ਬੜੀ ਭਾਰੀ ਮਾਯੂਸੀ ਹੋਈ ਹੈ ਕਿਉਂਕਿ ਇਸ ਐਡਰੈਸ ਵਿਚ ਕੋਈ ਵੀ ਐਸੀ ਨਵੀਂ ਗਲ ਨਹੀਂ ਜਿਸ ਨਾਲ ਪੰਜਾਬ ਦੇ ਲੋਕਾਂ ਅੰਦਰ ਕੋਈ ਨਵਾਂ ਉਤਸ਼ਾਹ ਪੈਦਾ ਹੁੰਦਾ ਹੋਵੇ। ਡਿਪਟੀ ਸਪੀਕਰ ਸਾਹਿਬ, ਮੇਰੇ ਮੋਹਤਰਮ ਦੋਸਤ ਪ੍ਰੋਫੈਸਰ ਦਰਬਾਰੀ ਲਾਲ ਨੇ ਪਿਛਲੇ 6 ਮਹੀਨਿਆਂ ਵਿੱਚ ਪੰਜਾਬ ਅੰਦਰ ਜੋ ਹਾਲਾਤ ਵਾਪਰੇ ਹਨ ਉਨ੍ਹਾਂ ਦਾ ਜ਼ਿਕਰ ਕੀਤਾ ਹੈ ਅਤੇ ਗਲਤ ਤੌਰ ਤੇ ਉਨ੍ਹਾਂ ਹਾਲਾਤ ਦੀ ਜ਼ਿੰਮੇਵਾਰੀ ਅਕਾਲੀ ਦਲ ਤੇ ਸੁਟਣ ਦੀ ਕੋਸ਼ਿਸ਼ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨਾ ਚਾਹਾਂਗਾ ਅਤੇ ਤੁਹਾਡੇ ਰਾਹੀਂ ਇਸ ਸਦਨ ਦੇ ਉਸ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਅੰਮ੍ਰਿਤਸਰ ਵਿਚ ਜਿਹੜਾ ਜਲੂਸ ਸਿਗਰੇਟ ਬੀੜੀਆਂ ਪੀਣ ਦੇ ਹੱਕ ਵਿਚ ਕਢਿਆ ਗਿਆ ਸੀ ਉਸ ਦੀ ਸਰਪ੍ਰਸਤੀ ਅੰਮ੍ਰਿਤਸਰ ਦੇ ਕਾਂਗਰਸ (ਆਈ) ਦੇ ਲੀਡਰਾਂ ਨੇ ਅਤੇ ਵਰਕਰਾਂ ਨੇ ਕੀਤੀ ਸੀ। ਉਸ ਜਲੂਸ ਨੂੰ ਆਰਗੇਨਾਈਜ਼ ਕਰਨ ਵਾਸਤੇ ਸਾਰੇ ਫੰਡਜ਼ ਕਾਂਗਰਸ (ਆਈ) ਨੇ ਮੁਹੱਈਆ ਕੀਤੇ ਸੀ।

**ਪ੍ਰੋਫੈਸਰ ਦਰਬਾਰੀ ਲਾਲ** : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਦਾਲਮ ਸਾਹਿਬ ਗਲਤ ਗਲ ਪੇਸ਼ ਕਰ ਰਹੇ ਹਨ। ਜਿਨ੍ਹਾਂ ਨੇ ਅਗਵਾਈ ਕੀਤੀ ਸੀ ਉਹ ਇਨ੍ਹਾਂ ਦੇ ਪੁਰਾਣੇ ਸਾਥੀ ਸ੍ਰੀ ਬਲਦੇਵ ਪ੍ਰਕਾਸ਼ ਅਤੇ ਸ੍ਰੀ ਹਰਬੰਸ ਲਾਲ ਖੰਨਾ ਸਨ।

**ਸਰਦਾਰ ਨੱਥਾ ਸਿੰਘ ਦਾਲਮ** : ਡਿਪਟੀ ਸਪੀਕਰ ਸਾਹਿਬ, ਉਸ ਜਲੂਸ ਵਿਚ ਇਤਨੀ ਇਸ਼ਤਿਆਲ ਅੰਗੇਜ਼ੀ ਕੀਤੀ ਗਈ ਅਤੇ ਭੜਕਾਹਟ ਵਾਲੇ ਨਾਹਰੇ ਲਗਾਏ ਗਏ ਜਿਸ ਨਾਲ ਪੰਜਾਬ ਦੇ ਅਮਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਗਈ। ਮੈਂ ਅੰਮ੍ਰਿਤਸਰ ਦੇ ਲੋਕਾਂ ਨੂੰ ਵਧਾਈ ਦਿੰਦਾ ਹਾਂ ਇਤਨੀ ਬੜੀ ਭੜਕਾਹਟ ਦੇ ਬਾਵਜੂਦ, ਐਸੇ ਭੱਦੇ ਨਾਹਰੇ ਲਗਾਏ ਜਾਣ ਦੇ ਬਾਵਜੂਦ ਉਨ੍ਹਾਂ ਨੇ ਨਾ ਕੇਵਲ ਅੰਮ੍ਰਿਤਸਰ ਸ਼ਹਿਰ ਵਿਚ ਹੀ ਅਮਨ ਨੂੰ ਕਾਇਮ ਰਖਿਆ ਬਲਕਿ ਸਾਰੇ ਪੰਜਾਬ ਵਿਚ ਵੀ ਕਾਇਮ ਰਖਿਆ। ਸਾਰੇ ਪੰਜਾਬੀ ਇਸ ਮੁਬਾਰਕਬਾਦ ਦੇ ਮੁਸਤਹਿਕ ਹਨ। ਕਿਉਂਕਿ ਉਨ੍ਹਾਂ ਨੇ ਪੰਜਾਬ ਵਿਚ ਅਮਨ ਅਤੇ ਏਕਤਾ ਨੂੰ ਕਾਇਮ ਰਖਿਆ। ਡਿਪਟੀ ਸਪੀਕਰ ਸਾਹਿਬ, ਮੇਰੇ ਮੋਹਤਰਮ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਾਸ਼ਣ ਵਿਚ ਕਿਹਾ ਸੀ ਅਤੇ ਚੈਲੰਜ ਕੀਤਾ ਸੀ ਕਿ ਪਿਛਲੇ 6 ਮਹੀਨਿਆਂ ਦੇ ਦੌਰਾਨ ਪੰਜਾਬ ਦੇ ਅੰਦਰ ਜੋ ਵੀ ਅਤਿਵਾਦੀਆਂ ਨੇ ਕਾਰਵਾਈਆਂ ਕੀਤੀਆਂ ਹਨ, ਜਿਸ ਜੱਥੇਬੰਦੀ ਨੇ ਕੀਤੀਆਂ ਹਨ, ਉਹ ਜੱਥੇਬੰਦੀ ਕਾਂਗਰਸ (ਆਈ) ਦੇ ਦਫਤਰ ਵਿਚ ਪੈਦਾ ਹੋਈ ਸੀ। ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਸਨ ਉਸ ਜਥੇ-ਬੰਦੀ ਨੂੰ ਲੱਖਾਂ ਰੁਪਏ ਕਾਂਗਰਸ (ਆਈ) ਨੇ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦਾ ਟਾਕਰਾ ਕਰਨ ਵਾਸਤੇ ਪੰਜਾਬ ਵਿਚ ਦਿਤੇ ਸਨ, ਇਸ ਦਾ ਤੁਹਾਨੂੰ ਵੀ ਪਤਾ ਹੋਵੇਗਾ ।

Original with;
Punjab Vidhan Sabha
Digitized by;
Panjab Digital Library

ਉਸ ਜਥੇਬੰਦੀ ਦੇ ਉਮੀਦਵਾਰਾਂ ਦੀ ਮਦਦ ਇਨ੍ਹਾਂ ਮੇਰੇ ਸਾਹਮਣੇ ਬੈਂਚਾਂ ਤੇ ਬੈਠੇ ਵੀਰਾਂ ਨੇ ਕੀਤੀ ਸੀ ਔਰ ਮੇਰੇ ਮੌਹਤਰਮ ਲੀਡਰ ਨੇ ਚੈਲੰਜ ਕੀਤਾ ਸੀ ਕਿ ਕੋਈ ਹਾਈ ਕੋਰਟ ਦਾ ਜੱਜ ਮੁਕੱਰਰ ਕੀਤਾ ਜਾਵੇ ਤਾਂ ਇਹ ਗਲ ਮੈਂ ਉਸ ਦੇ ਸਾਹਮਣੇ ਸਾਬਤ ਕਰਨ ਨੂੰ ਤਿਆਰ ਹਾਂ। ਮੈਂ ਅੱਜ ਫਿਰ ਚੈਲੰਜ ਕਰਦਾ ਹਾਂ ਕਿ ਅਗਰ ਇਖਲਾਕੀ ਜੁਰੱਤ ਹੈ, ਅਗਰ ਇਹ ਆਪਣਾ ਦਾਮਨ ਪਾਕ ਸਮਝਦੇ ਹਨ ਤਾਂ ਇਨ੍ਹਾਂ ਨੂੰ ਬਾਦਲ ਸਾਹਿਬ ਦਾ ਚੈਲੰਜ ਮਨਜ਼ੂਰ ਕਰ ਲੈਣਾ ਚਾਹੀਦਾ ਹੈ ਅਤੇ ਹਾਈ ਕੋਰਟ ਦਾ ਜੱਜ ਮੁਕੱਰਰ ਕਰਕੇ ਇਨਕੁਆਇਰੀ ਕਰਾਉਣ ਤਾਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਸਾਹਮਣੇ ਆ ਜਾਏ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਕਰ ਕੀਤਾ ਹੈ ਪੰਜਾਬੀ ਸੂਬੇ ਦਾ ਅਤੇ ਬੜੇ ਮਾਸੂਮ ਅੰਦਾਜ਼ ਨਾਲ ਕਿਹਾ ਹੈ ਕਿ ਅਕਾਲੀਆਂ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ ਸੀ ਅਤੇ ਅਕਾਲੀਆਂ ਦੀ ਇਸ ਮੰਗ ਕਾਰਨ ਪੰਜਾਬ ਛੋਟੇ ਜਿਹੇ ਇਲਾਕੇ ਵਿਚ ਸੀਮਿਤ ਰਹਿ ਗਿਆ ਹੈ। ਮੈਂ ਦੱਸਣਾ ਚਾਹਾਂਗਾ ਕਿ ਉਸ ਸਮੇਂ ਭਾਸ਼ਾ ਦੇ ਅਧਾਰ ਤੇ ਸੂਬੇ ਬਣਾਉਣ ਵਾਸਤੇ ਕਮਿਸ਼ਨ ਮੁਕੱਰਰ ਕੀਤਾ ਗਿਆ ਸੀ। ਸਾਰੇ ਦੇਸ਼ ਦੇ ਅੰਦਰ ਭਾਸ਼ਾ ਦੇ ਆਧਾਰ ਤੇ ਸੂਬੇ ਬਣਾਏ ਗਏ ਲੇਕਿਨ ਪੰਜਾਬ ਵਿੱਚ ਪੰਜਾਬੀ ਬੋਲੀ ਨਾਲ ਵਿਤਕਰਾ ਕੀਤਾ ਗਿਆ ਅਤੇ ਪੰਜਾਬੀ ਬੋਲੀ ਦੇ ਆਧਾਰ ਤੇ ਪੰਜਾਬੀ ਬੋਲੀ ਦਾ ਸੂਬਾ ਨਾ ਬਣਾਇਆ ਗਿਆ। ਪੰਜਾਬੀ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਲੈਣ ਵਾਸਤੇ ਸ਼੍ਰੋਮਣੀ ਅਕਾਲੀ ਦਲ ਨੂੰ ਬੜੀ ਕੁਰਬਾਨੀ ਕਰਨੀ ਪਈ। 60,000 ਬੰਦਿਆਂ ਨੂੰ ਜੇਲ੍ਹਾਂ ਅੰਦਰ ਭੇਜਣਾ ਪਿਆ ਤਾਂ ਜਾ ਕੇ ਹਿੰਦੁਸਤਾਨ ਦੀ ਸਰਕਾਰ ਨੇ ਪੰਜਾਬੀ ਬੋਲੀ ਨੂੰ ਇਨਸਾਫ ਦਿੱਤਾ। ਅਸੀਂ ਤਾਂ ਚਾਹੁੰਦੇ ਸੀ ਕਿ ਸਾਰੇ ਪੰਜਾਬ ਨੂੰ ਹੀ ਪੰਜਾਬੀ ਭਾਸ਼ਾਈ ਸੂਬਾ ਕਰਾਰ ਦੇ ਦਿੱਤਾ ਜਾਵੇ। ਲੇਕਿਨ ਉਸ ਸਮੇਂ ਦੇ ਹੋਮ ਮਨਿਸਟਰ ਨੇ ਜੋ ਮੈਂ ਕਹਿ ਸਕਦਾ ਹਾਂ ਕਿ ਮਹਾਸ਼ਾਈ ਜ਼ਹਿਨੀਅਤ ਰੱਖਣ ਵਾਲਾ ਸੀ, ਪੰਜਾਬੀ ਸੂਬੇ ਨੂੰ ਇਤਨਾ ਕੱਟਿਆ ਵੱਢਿਆ, ਐਨਾ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਕਿ ਪੰਜਾਬੀ ਸੂਬਾ ਜੰਮਦਿਆਂ ਹੀ ਮਰ ਜਾਵੇ ਅਤੇ ਆਪਣੇ ਪੈਰਾਂ ਤੇ ਖੜ੍ਹਾ ਨਾ ਹੋ ਸਕੇ। ਇਹ ਤਾਂ ਪੰਜਾਬ ਦੇ ਬਹਾਦਰ ਕਿਸਾਨ ਨੂੰ ਕਰੈਡਿਟ ਜਾਂਦਾ ਹੈ ਕਿ ਉਨ੍ਹਾਂ ਨੇ ਇਸ ਕੱਟੇ ਛਾਂਟੇ ਪੰਜਾਬੀ ਸੂਬੇ ਨੂੰ ਹਿੰਦੁਸਤਾਨ ਦਾ ਇੱਕ ਬਹੁਤ ਹੀ ਖੁਸ਼ਹਾਲ ਸੂਬਾ ਬਣਾ ਦਿੱਤਾ। ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਨਾਲ, ਸੱਪਾਂ ਦੀਆਂ ਸਿਰੀਆਂ ਮਿੱਧ ਕੇ ਪੈਦਾਵਾਰ ਜ਼ਿਆਦਾ ਕੀਤੀ ਅਤੇ ਹਰ ਸਾਲ ਜੋ ਸਾਡੇ ਦੇਸ਼ ਨੂੰ ਬਾਹਰਲੇ ਦੇਸ਼ਾਂ ਅੱਗੇ ਅਨਾਜ ਦੀ ਭੀਖ ਮੰਗਣੀ ਪੈਂਦੀ ਸੀ, ਉਹ ਬੰਦ ਕਰਵਾ ਦਿੱਤੀ ਅਤੇ ਸਾਡਾ ਦੇਸ਼ ਅਨਾਜ ਦੇ ਮਸਲੇ ਵਿੱਚ ਆਤਮ ਨਿਰਭਰ ਹੋਇਆ ਹੈ।

ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪੰਜਾਬ ਵਿਚ ਲਾਅ ਐਂਡ ਆਰਡਰ ਬੜਾ ਚੰਗਾ ਹੈ। ਪੰਜਾਬ ਵਿਚ ਹਾਲਤ ਬੜੀ ਚੰਗੀ ਹੈ। ਮੈਂ ਕਹਿ ਸਕਦਾ ਹਾਂ ਕਿ ਅੱਜ ਪੰਜਾਬ ਵਿੱਚ ਕਿਸੇ ਵੀ ਸ਼ਰੀਫ ਸ਼ਹਿਰੀ ਦੀ ਇੱਜ਼ਤ ਮਹਿਫੂਜ਼ ਨਹੀਂ, ਕਿਸੇ ਦੀ ਪੱਗ ਮਹਿਫੂਜ਼ ਨਹੀਂ, ਗੁੰਡੇ ਸ਼ਰ੍ਹੇ ਬਾਜ਼ਾਰ ਦਨਦਨਾਉਂਦੇ ਫਿਰਦੇ ਹਨ ਔਰ ਸ਼ਰੀਫ ਲੋਕਾਂ ਦੀਆਂ ਪੱਗਾਂ ਉਹ ਲਾਹੁੰਦੇ ਹਨ। ਥੋੜੇ ਦਿਨਾਂ ਦੀ ਗੱਲ ਹੈ। ਅੰਮ੍ਰਿਤਸਰ ਵਿਖੇ ਇਕ ਬਹੁਤ ਹੀ ਅਫਸੋਸਨਾਕ ਵਾਕਿਆ ਹੋਇਆ। ਉਥੇ ਇਕ ਨਰਸ ਜੋ ਰਿਕਸ਼ੇ ਵਿੱਚ ਜਾ ਰਹੀ ਸੀ, ਕੁਝ ਗੁੰਡਿਆਂ ਨੇ ਉਸਨੂੰ ਜ਼ਬਰਦਸਤੀ ਚੁੱਕਣ ਦੀ ਕੋਸ਼ਿਸ਼ ਕੀਤੀ। ਉਸ ਵਿਚਾਰੀ ਨਰਸ ਨੇ ਭੱਜ ਕੇ ਇੱਕ ਦੁਕਾਨ ਦੇ ਅੰਦਰ ਛੁਪ ਕੇ ਆਪਣੀ ਇੱਜ਼ਤ ਬਚਾਈ ਅਜੇ ਤਕ ਉਨ੍ਹਾਂ ਗੁੰਡਿਆਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ। ਜੀਤ ਰਾਮ ਨੂੰ ਪੰਜਾਬ ਦੀ ਪੁਲਿਸ ਨੇ ਥਾਣੇ ਅੰਦਰ ਕੁੱਟ ਕੁੱਟ ਕੇ ਮਾਰ ਦਿੱਤਾ। ਹੁਣ ਇਹ ਕਹਿੰਦੇ ਹਨ ਕਿ ਉਸਨੇ ਖੁਦਕਸ਼ੀ ਕਰ ਲਈ। ਅੱਜ ਵੀ ਅਖਬਾਰ ਵਿਚ ਆਇਆ ਹੈ ਕਿ ਥਾਣਾ ਘਰਿੰਡਾ ਦਾ ਇੱਕ ਵਾਕਿਆ ਹੋਇਆ ਹੈ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]
ਉਥੇ ਦਿਹਾਤੀਆਂ ਅਤੇ ਪੁਲਿਸ ਦੇ ਦਰਮਿਆਨ ਬੜੀ ਵੱਡੀ ਝੜਪ ਹੋਈ। ਪੇਂਡੂਆਂ ਨੇ ਇਕ ਸਮਗਲਰ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਅਤੇ ਫਾਇਰਿੰਗ ਵਿੱਚ ਬਹੁਤ ਸਾਰੇ ਪੇਂਡੂ ਲੋਕ ਵੀ ਜ਼ਖਮੀ ਹੋਏ ਅਤੇ ਇੱਕ ਏ. ਐਸ. ਆਈ. ਵੀ ਜ਼ਖਮੀ ਹੋਇਆ ਹੈ। ਇਸ ਕਿਸਮ ਦੇ ਵਾਕਿਆਤ ਹਰ ਰੋਜ਼ ਹੋ ਰਹੇ ਹਨ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਨਾਂ ਦੀ ਕੋਈ ਚੀਜ਼ ਹੀ ਨਹੀਂ ਹੈ। ਜੋ ਵਾਕਿਆਤ ਮੈਂ ਦੱਸੇ ਹਨ ਉਹ ਇਹ ਗਲ ਸਾਬਤ ਕਰਦੇ ਹਨ ਕਿ ਅੱਜ ਪੰਜਾਬ ਵਿੱਚ ਲਾਅ ਐਂਡ ਆਰਡਰ ਦੀ ਕੀ ਦਸ਼ਾ ਹੈ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਐਡਰੈਸ ਮੈਂ ਪੜ੍ਹਿਆ ਹੈ। ਜਿਵੇਂ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਇਸ ਐਡਰੈਸ ਵਿਚ ਕੋਈ ਵੀ ਐਸੀ ਝਲਕ ਨਜ਼ਰ ਨਹੀਂ ਆਉਂਦੀ ਜਿਸਦੇ ਨਾਲ ਇਹ ਕਿਹਾ ਜਾ ਸਕਦਾ ਹੋਵੇ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਤਰੱਕੀ ਹੋਵੇਗੀ, ਪੰਜਾਬ ਦੇ ਪੇਂਡੂ ਇਲਾਕਿਆਂ ਦਾ ਵਿਕਾਸ ਹੋਵੇਗਾ ਜਾਂ ਪੰਜਾਬ ਵਿਚ ਆਉਣ ਵਾਲੇ ਸਾਲ ਵਿਚ ਕੋਈ ਵਡੀਆਂ ਸਨਅਤਾਂ ਲਾਈਆਂ ਜਾਣਗੀਆਂ ਜਾਂ ਕੋਈ ਹੋਰ ਵਡੇ ਵਡੇ ਡਿਵਲਪਮੈਂਟ ਦੇ ਕੰਮ ਆਉਣ ਵਾਲੇ ਸਾਲ ਦੇ ਅੰਦਰ ਚਾਲੂ ਕੀਤੇ ਜਾਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਅਰਜ਼ ਕਰਾਂ ਕਿ ਸਾਡਾ ਪੰਜਾਬ ਜੋ ਹੈ ਇਸ ਦੀ ਬਹੁਤ ਵੱਡੀ ਵੱਸੋ ਪਿੰਡਾਂ ਦੇ ਵਿਚ ਵਸਦੀ ਹੈ। ਤਕਰੀਬਨ 80 ਫੀ ਸਦੀ ਲੋਕ ਪਿੰਡਾਂ ਵਿਚ ਵਸਦੇ ਹਨ ਅਤੇ ਉਨ੍ਹਾਂ ਦਾ ਵੱਡਾ ਰੋਜ਼ਗਾਰ ਵਾਹੀ ਜੋਤੀ ਹੈ। ਉਨ੍ਹਾਂ ਲੋਕਾਂ ਵਾਸਤੇ ਇਸ ਐਡਰੈਸ ਵਿਚ ਤਰੱਕੀ ਲਈ ਐਸੀ ਕੋਈ ਚੀਜ਼ ਨਹੀਂ ਰਖੀ ਗਈ। ਲਿੰਕ ਰੋਡਜ਼ ਦੀ ਗਲ ਲੈ ਲਓ। ਸਾਰੇ ਪੰਜਾਬ ਦੇ ਅੰਦਰ ਪੇਂਡੂ ਸੜਕਾਂ ਬਾਦਲ ਸਾਹਿਬ ਦੀ ਸਰਕਾਰ ਨੇ ਬਣਾਈਆਂ ਅਤੇ ਉਸ ਤੋਂ ਪਹਿਲਾਂ ਵੀ ਜਦੋਂ ਕਦੇ ਅਕਾਲੀ ਸਰਕਾਰ ਪੰਜਾਬ ਦੇ ਵਿਚ ਬਣਦੀ ਰਹੀ ਤਾਂ ਸੜਕਾਂ ਬਣਾਈਆਂ ਗਈਆਂ। ਬਾਦਲ ਸਰਕਾਰ ਨੇ ਤਿੰਨ ਸਾਲਾਂ ਦੇ ਵਿਚ ਪੇਂਡੂ ਇਲਾਕਿਆਂ ਵਿਚ 4,421 ਕਿਲੋਮੀਟਰ ਸੜਕਾਂ ਬਣਾਈਆਂ ਸਨ। ਇਸ ਸਰਕਾਰ ਨੇ ਦੋ ਸਾਲ ਦੇ ਸਮੇਂ ਅੰਦਰ ਕੇਵਲ 1179 ਕਿਲੋਮੀਟਰ ਪੱਕੀਆਂ ਸੜਕਾਂ ਬਣਾਈਆਂ ਹਨ। ਅੱਜ ਮੈਂ ਕਹਿ ਸਕਦਾ ਹਾਂ ਕਿ ਪੇਂਡੂ ਇਲਾਕਿਆਂ ਵਿੱਚ ਲਿੰਕ ਰੋਡਜ਼ ਦੀ ਹਾਲਤ ਇਤਨੀ ਤਰਸਯੋਗ ਹੈ, ਸੜਕਾਂ ਇਤਨੀਆਂ ਟੁੱਟ ਭੱਜ ਚੁੱਕੀਆਂ ਹਨ ਕਿ ਉਨ੍ਹਾਂ ਉਤੇ ਸਾਈਕਲ ਵੀ ਨਹੀਂ ਚਲ ਸਕਦੇ। ਪਿਛਲੇ ਦੋ ਸਾਲਾਂ ਦੇ ਅੰਦਰ ਅੰਦਰ ਇਸ ਸਰਕਾਰ ਨੇ ਪੇਂਡੂ ਲਿੰਕ ਰੋਡਜ਼ ਦੀ ਰਿਪੇਅਰ ਦਾ ਕੋਈ ਉਪਰਾਲਾ ਨਹੀਂ ਕੀਤਾ। ਕੋਈ ਫੰਡ ਇਸ ਵਾਸਤੇ ਪ੍ਰੋਵਾਈਡ ਨਹੀਂ ਕੀਤੇ ਹਨ। ਮੈਂ ਸੁਝਾਓ ਦਿਆਂਗਾ ਇਨ੍ਹਾਂ ਨੂੰ ਆਪ ਜੀ ਦੇ ਰਾਹੀਂ ਡਿਪਟੀ ਸਪੀਕਰ ਸਾਹਿਬ, ਕਿ ਪੇਂਡੂ ਲਿੰਕ ਰੋਡਜ਼ ਦੀ ਰਿਪੇਅਰ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਅਤੇ ਸੈਕਿੰਡ ਲਿੰਕਸ ਵੀ ਪਿੰਡਾਂ ਵਿੱਚ ਪ੍ਰੋਵਾਈਡ ਕਰਨੇ ਚਾਹੀਦੇ ਹਨ। ਇਹ ਬਹੁਤ ਜ਼ਰੂਰੀ ਹਨ। ਕੁਝ ਐਸੇ ਮਿਸਿੰਗ ਲਿੰਕਸ ਹਨ ਜਿਨ੍ਹਾਂ ਨੂੰ ਬਣਾਉਣ ਨਾਲ ਬਹੁਤ ਸਾਰਾ ਫਾਸਲਾ ਘੱਟ ਸਕਦਾ ਹੈ। ਇਥੇ ਡਿਵੈਲਪਮੈਂਟ ਮਨਿਸਟਰ ਸਾਹਿਬ ਵੀ ਬੈਠੇ ਹੋਏ ਹਨ ਅਤੇ ਪੰਜਾਬ ਸਰਕਾਰ ਦੇ ਹੋਰ ਮੰਤਰੀ ਸਾਹਿਬਾਨ ਵੀ ਬੈਠੇ ਹੋਏ ਹਨ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਮਿਸਿੰਗ ਲਿੰਕਸ ਨੂੰ ਜ਼ਰੂਰ ਬਣਾਉਣਾ ਚਾਹੀਦਾ ਹੈ ਤਾਕਿ ਪੇਂਡੂ ਲੋਕਾਂ ਨੂੰ ਜਿਥੇ ਜਿਥੇ ਸਕੂਲ ਹਨ ਹਸਪਤਾਲ ਹਨ, ਫੋਕਲ ਪੁਆਇੰਟ ਜੋ ਬਾਦਲ ਸਾਹਿਬ ਦੀ ਸਰਕਾਰ ਸਮੇਂ ਬਣੇ ਸਨ ਅਤੇ ਇਨ੍ਹਾਂ ਪੇਂਡੂ ਲੋਕਾਂ ਨੂੰ ਬਹੁਤ ਵੱਡੇ ਪੱਧਰ ਤੇ ਸਹੂਲਤਾਂ ਮੁਹੱਈਆ ਕੀਤੀਆਂ ਸਨ, ਉਹ ਮਿਸਿੰਗ ਲਿੰਕਸ ਜ਼ਰੂਰ ਬਣਾਉਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੇ ਵਿਕਾਸ ਦੇ ਸਬੰਧ ਵਿਚ ਮੈਂ ਕਹਿਣਾ ਚਾਹਾਂਗਾ ਕਿ ਜਿਵੇਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ ' Real India lives in villages ਅਸਲੀ ਹਿੰਦੁਸਤਾਨ ਪਿੰਡਾਂ ਵਿੱਚ ਵਸਦਾ ਹੈ ਅਤੇ ਇਹ ਵੀ ਹਰ ਰੋਜ਼ ਇਹੀ ਗੱਲਾਂ ਕਹਿੰਦੇ ਹਨ। ਲੇਕਿਨ ਅੱਜ ਮੈਂ ਇਹ ਕਹਿ ਸਕਦਾ ਹਾਂ ਕਿ ਜੋ ਕੰਮ ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ

Original with;
Punjab Vidhan Sabha
Digitized by;
Panjab Digital Library

ਵਿੱਚ ਸ਼ੁਰੂ ਕੀਤੇ ਸਨ, ਜੋ ਹਸਪਤਾਲ ਬਣਾਉਣੇ ਆਰੰਭ ਕੀਤੇ ਸਨ, ਸਕੂਲ ਬਣਾਉਣੇ ਆਰੰਭ ਕੀਤੇ ਸਨ, ਪਰਚੇਜ਼ ਸੈਂਟਰ ਪਿੰਡਾਂ ਵਿੱਚ ਬਣਾਉਣੇ ਸ਼ੁਰੂ ਕੀਤੇ ਸਨ, ਜੋ ਬੈਂਕਾਂ ਦੀਆਂ ਬਰਾਂਚਾਂ ਖੋਲਣੀਆਂ ਆਰੰਭ ਕੀਤੀਆਂ ਸਨ, ਫੋਕਲ ਪੁਆਇੰਟ ਬਣਾਉਣੇ ਸ਼ੁਰੂ ਕੀਤੇ ਸਨ, ਇਹ ਸਰਕਾਰ ਜਦੋਂ ਦੀ ਆਈ ਹੈ ਉਸ ਨੇ ਇਹ ਸਾਰੇ ਦੇ ਸਾਰੇ ਤਰੱਕੀ ਦੇ ਕੰਮ ਬੰਦ ਕਰ ਦਿੱਤੇ ਹਨ। ਇਹ ਦੁੱਖ ਦੀ ਗੱਲ ਹੈ ਕਿ ਜਦ ਕਦੇ ਪੰਜਾਬ ਦੇ ਅੰਦਰ ਕਾਂਗਰਸ ਦੀ ਸਰਕਾਰ ਬਣੀ ਹੈ ਤਾਂ ਪੇਂਡੂ ਲੋਕਾਂ ਨੂੰ ਉੱਕਾ ਹੀ ਨਜ਼ਰਅੰਦਾਜ਼ ਕਰ ਦਿਤਾ ਜਾਂਦਾ ਰਿਹਾ ਹੈ। ਪਿੰਡਾਂ ਵਿਚ ਜਿਤਨੇ ਵੀ ਵਿਕਾਸ ਦੇ ਕੰਮ ਸ਼ੁਰੂ ਕੀਤੇ ਗਏ ਸਨ ਉਹ ਬੰਦ ਕਰ ਦਿੱਤੇ ਗਏ ਹਨ। ਮੈਂ ਬੇਨਤੀ ਕਰਾਂਗਾ ਕਿ ਇਹ ਸਾਰੇ ਦੇ ਸਾਰੇ ਕਮ ਪਿੰਡਾਂ ਦੇ ਅੰਦਰ ਦੁਬਾਰਾ ਚਾਲੂ ਹੋਣੇ ਚਾਹੀਦੇ ਹਨ ਅਤੇ ਤਰੱਕੀ ਦੀਆਂ ਸਕੀਮਾਂ ਦਾ ਮੂੰਹ ਪਿੰਡਾਂ ਵੱਲ ਜਾਣਾ ਚਾਹੀਦਾ ਹੈ। ਜਦ ਤੱਕ ਪਿੰਡ ਤਰੱਕੀ ਨਹੀਂ ਕਰਦੇ, ਬਾਕੀ ਦਾ ਸੂਬਾ ਮਜਮੂਈ ਅਤੇ ਮੁਸੱਵੀ ਤੌਰ ਤੇ ਤਰੱਕੀ ਨਹੀਂ ਕਰ ਸਕਦਾ। ਮੈਂ ਵਿਕਾਸ ਮੰਤਰੀ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਪਿੰਡਾਂ ਦੇ ਅੰਦਰ ਗਲੀਆਂ ਅਤੇ ਨਾਲੀਆਂ ਪੱਕੀਆਂ ਬਣਾਉਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ। ਚਤਰਥ ਸਾਹਿਬ ਨੇ ਕਿਹਾ ਸੀ ਕਿ 2000 ਪਿੰਡਾਂ ਵਿਚ ਇਹ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਉਨ੍ਹਾਂ ਇਹ ਵੀ ਕਿਹਾ ਸੀ ਕਿ 1200 ਪਿੰਡਾਂ ਵਿੱਚ ਇਹ ਕੰਮ ਮੁਕੰਮਲ ਹੋ ਚੁੱਕਾ ਹੈ। ਇਹ ਤਾਂ ਵਿਕਾਸ ਮੰਤਰੀ ਸਾਹਿਬ ਦੱਸ ਸਕਣਗੇ ਕਿ ਕਿਤਨੇ ਪਿੰਡਾਂ ਵਿੱਚ ਹੁਣ ਤਕ ਇਹ ਕੰਮ ਸ਼ੁਰੂ ਕੀਤਾ ਗਿਆ ਹੈ ਅਤੇ ਕਿਤਨੇ ਪਿੰਡਾਂ ਵਿੱਚ ਮੁਕੰਮਲ ਹੋ ਗਿਆ ਹੈ। ਮੈਂ ਜੋ ਪਿੰਡਾਂ ਵਿੱਚ ਜਾ ਕੇ ਵੇਖਿਆ ਹੈ ਉਸ ਦੇ ਮੁਤਾਬਿਕ ਮੈਂ ਕਹਿ ਸਕਦਾ ਹਾਂ ਕਿ ਬਹੁਤ ਘੱਟ ਪਿੰਡਾਂ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਦਾ ਪ੍ਰੋਗਰਾਮ ਸਿਰੇ ਚੜ੍ਹਿਆ ਹੈ। ਮੈਂ ਵਿਕਾਸ ਮੰਤਰੀ ਸਾਹਿਬ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਮੈਟੀਰੀਅਲ ਦੀ ਕੀਮਤ ਬਹੁਤ ਵੱਧ ਚੁੱਕੀ ਹੈ। ਇੱਟਾਂ ਦੀ ਕੀਮਤ ਬਹੁਤ ਵੱਧ ਗਈ ਹੈ, ਸੀਮਿੰਟ ਦੀ ਕੀਮਤ ਬਹੁਤ ਵੱਧ ਗਈ ਹੈ, ਲੇਬਰ ਚਾਰਜਿਜ਼ ਬਹੁਤ ਵੱਧ ਚੁੱਕੇ ਹਨ। ਇਸ ਲਈ ਹੁਣ ਜੋ ਇਸ ਸਰਕਾਰ ਨੇ 50,000 ਰੁਪਿਆ ਰਖਿਆ ਹੈ ਫੀ ਪਿੰਡ ਦੇ ਵਿਕਾਸ ਲਈ, ਇਸ ਨਾਲ ਪਿੰਡਾਂ ਦਾ ਵਿਕਾਸ ਨਹੀਂ ਹੋ ਸਕਦਾ। ਕਈ ਪਿੰਡ ਬਹੁਤ ਵੱਡੇ ਹਨ। ਉਨ੍ਹਾਂ ਪਿੰਡਾਂ ਦੀਆਂ ਗੱਲੀਆਂ ਅਤੇ ਨਾਲੀਆਂ 50,000 ਰੁਪਏ ਨਾਲ ਪੱਕੀਆਂ ਨਹੀਂ ਬਣਾ-ਈਆਂ ਜਾ ਸਕਦੀਆਂ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਰਕਮ ਵੱਧਾ ਕੇ, ਮੌਜੂਦਾ ਮਹਿੰਗਾਈ ਨੂੰ ਮੁੱਖ ਰਖਦੇ ਹੋਏ, ਘੱਟ ਤੋਂ ਘੱਟ 1 ਲੱਖ ਰੁਪਏ ਕਰ ਦੇਣੀ ਚਾਹੀਦੀ ਹੈ ਤਾਂਕਿ ਪੇਂਡੂ ਪੱਧਰ ਤੇ ਕੋਈ ਵਿਕਾਸ ਕੀਤਾ ਜਾ ਸਕੇ।

ਮੈਂ ਤੁਹਾਨੂੰ ਬੇਨਤੀ ਕਰੂੰਗਾ ਕਿ ਇਹ ਬੜੇ ਜ਼ੋਰ ਨਾਲ ਇਹ ਗੱਲ ਕਹਿੰਦੇ ਹਨ ਕਿ ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦੇ ਅਨਾਜ ਦਾ ਤੋੜਾ ਪੂਰਾ ਕੀਤਾ ਹੈ ਔਰ ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਪੰਜਾਬ ਦਾ ਕਿਸਾਨ ਵਾਕਿਆ ਹੀ ਮੁਬਾਰਿਕਬਾਦ ਦਾ ਮੁਸਤਹਿਕ ਹੈ। ਸਰਕਾਰ ਵੱਲੋਂ ਉਹਨੂੰ ਬਹੁਤ ਘੱਟ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਨਪੁਟਸ ਦੀਆਂ ਕੀਮਤਾਂ ਜਦੋਂ ਤੋਂ ਇਹ ਸਰਕਾਰ ਆਈ ਹੈ ਬਹੁਤ ਵੱਧ ਗਈਆਂ ਹਨ। ਖਾਦ ਦੀਆਂ ਕੀਮਤਾਂ ਦੋ ਦਫਾ ਵਧੀਆਂ ਹਨ, ਡੀਜ਼ਲ ਦੀਆ ਕੀਮਤਾਂ ਦੋ ਦਫਾ ਵਧੀਆਂ ਹਨ, ਟਰੈਕਟਰਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧੀਆਂ ਹਨ, ਸਪੇਅਰ ਪਾਰਟਸ ਦੀਆਂ ਕੀਮਤਾਂ ਵੀ ਬਹੁਤ ਵੱਧੀਆਂ ਹਨ, ਲੇਬਰ ਚਾਰਜਿਜ਼ ਵੀ ਬਹੁਤ ਜ਼ਿਆਦਾ ਵਧੇ ਹਨ। ਇਨ੍ਹਾਂ ਨੇ ਖੇਤ ਮਜ਼ਦੂਰਾਂ ਦੀ ਦਿਹਾੜੀ 14 ਰੁਪਏ ਮੁਕੱਰਰ ਕੀਤੀ ਹੈ। ਅਸੀਂ ਕੋਈ ਇਸ ਦੇ ਵਿਰੁੱਧ ਨਹੀਂ ਹਾਂ, ਅਸੀਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਪੰਜਾਬ ਦੇ ਪਿੰਡਾਂ ਵਿਚ ਜੋ ਗਰੀਬ ਲੋਕ ਵਸਦੇ ਹਨ ਜੋ ਖੇਤਾਂ ਦੇ ਅੰਦਰ ਕੰਮ ਕਰਦੇ ਹਨ ਉਨ੍ਹਾਂ ਨੂੰ ਵੱਧ ਉਜਰਤਾਂ ਮਿਲਣੀਆਂ ਚਾਹੀਦੀਆਂ ਹਨ ਔਰ ਇਹ ਫੈਸਲਾ ਚੰਗਾ ਕੀਤਾ ਗਿਆ ਹੈ। ਲੇਕਿਨ ਮੈਂ ਇਹ ਬੇਨਤੀ ਕਰਾਂਗਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਕਿ ਇਨ੍ਹਾਂ ਸਾਰੇ ਹਾਲਾਤ ਨੂੰ ਮੁੱਖ ਰੱਖਦੇ ਹੋਏ. ਜਦੋਂ ਇਨਪੁਟਸ ਦੀਆਂ. ਸਪੇਅਰ ਪਾਰਟਸ ਦੀਆਂ ਕੀਮਤਾਂ ਵੱਧ ਚੁੱਕੀਆਂ ਹਨ, ਲੇਬਰ ਚਾਰਜਿਜ਼ ਵਧ ਚੁੱਕੇ ਹਨ ਤਾਂ ਕਿਸਾਨ ਨੂੰ ਉਸਦੀ ਫਸਲ ਦਾ ਲਾਹੇਵੰਦ ਮੁਆਵਜ਼ਾ ਮਿਲਣਾ ਚਾਹੀਦਾ ਹੈ ਜਿਹੜਾ ਕਿ ਮੈਂ ਕਹਿ ਸਕਦਾ ਹਾਂ ਕਿ ਇਸ ਸਰਕਾਰ ਦੇ ਦੋ ਸਾਲਾਂ ਦੇ ਸਮੇਂ ਦੇ ਅੰਦਰ ਕਿਸਾਨ ਨੂੰ ਨਹੀਂ ਮਿਲਿਆ। (ਘੰਟੀ)

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਸਾਲ ਅਸੀਂ ਇਹ ਮੰਗ ਕਰਦੇ ਸਾਂ ਕਿ ਪੰਜਾਬ ਦੇ ਕਿਸਾਨ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ, ਇਸ ਲਈ ਉਸਦੀ ਕਣਕ ਨੂੰ ਕੀਮਤ ਘੱਟੋ ਘੱਟ 150 ਰੁਪਏ ਫੀ ਕੁਇੰਟਲ ਦਿੱਤੀ ਜਾਵੇ ਲੇਕਿਨ ਇਸ ਸਰਕਾਰ ਨੇ 130 ਰੁਪਏ ਫੀ ਕੁਇੰਟਲ ਦਿੱਤੇ ਔਰ ਉਸ ਤੋਂ ਬਾਅਦ ਆਨਾ ਵੀ ਨਹੀਂ ਦਿਤਾ। ਮੈਨੂੰ ਇਹ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦੇ ਕਿਸਾਨ ਨੂੰ, ਹਿੰਦੁਸਤਾਨ ਦੇ ਕਿਸਾਨ ਨੂੰ ਸਾਡੀ ਸਰਕਾਰ ਨੇ ਉਸ ਦੀ ਕਣਕ ਦੀ ਕੀਮਤ 130 ਰੁਪਏ ਤੋਂ ਵੱਧ ਨਹੀਂ ਦਿਤੀ ਪਰ ਉਸ ਦੇ ਨਾਲ ਹੀ ਸਾਡੀ ਸਰਕਾਰ ਨੇ ਬਾਹਰੋਂ ਅਨਾਜ ਮੰਗਵਾਉਣ ਲਈ ਕਰੋੜਾਂ ਰੁਪਏ ਖਰਚ ਕੀਤੇ ਔਰ ਕਰੋੜਾਂ ਰੁਪਿਆ ਫਾਰਨ ਐਕਸਚੇਂਜ ਦੀ ਸ਼ਕਲ ਵਿਚ ਜ਼ਾਇਆ ਕੀਤਾ। ਉਹ ਫਾਰਨ ਐਕਸਚੇਂਜ ਹਵਾਈ ਜਹਾਜ਼ ਖਰੀਦਣ ਤੇ ਖਰਚ ਕੀਤਾ ਜਾ ਸਕਦਾ ਸੀ ਜਾਂ ਹੋਰ ਕੋਈ ਮਸ਼ੀਨਰੀ ਇਮਪੋਰਟ ਕਰਨ ਤੇ ਖਰਚ ਕੀਤਾ ਜਾ ਸਕਦਾ ਸੀ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਹ ਵੀ ਜਾਣਕੇ ਦੁੱਖ ਹੋਵੇਗਾ ਕਿ ਬਾਹਰੋਂ ਜਿਹੜੀ ਕਣਕ ਮੰਗਵਾਈ ਉਹ ਸਾਡੀ ਬੰਦਰਗਾਹ ਤੇ ਸਾਨੂੰ 198 ਰੁਪਏ ਫੀ ਕੁਇੰਟਲ ਦੇ ਹਿਸਾਬ ਨਾਲ ਪਈ ਹੈ। ਜੇਕਰ ਉਹ ਕਣਕ ਲੈ ਕੇ ਦੂਜੇ ਸੂਬਿਆਂ ਨੂੰ ਭੇਜੀ ਜਾਵੇ ਤਾਂ ਉਸ ਦੇ ਉਤੇ ਹੋਰ ਵੀ ਖਰਚਾ ਭਾੜਾ ਚੜ੍ਹੇਗਾ ਔਰ ਉਹ 200 ਰੁਪਏ ਫੀ ਕੁਇੰਟਲ ਪਏਗੀ। ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬ ਦੇ ਕਿਸਾਨ, ਹਿੰਦੁਸਤਾਨ ਭਰ ਦੇ ਕਿਸਾਨ ਨਾਲ ਸਾਡੀ ਸਰਕਾਰ ਨੇ ਬਹੁਤ ਭਾਰੀ ਬੇਇਨਸਾਫੀ ਕੀਤੀ ਹੈ, ਧੱਕਾ ਕੀਤਾ ਹੈ। ਪੰਜਾਬ ਅੰਦਰ, ਹਿੰਦੁਸਤਾਨ ਅੰਦਰ ਇਤਨੀ ਕਣਕ ਮੌਜੂਦ ਸੀ ਕਿ ਹਿੰਦੁਸਤਾਨ ਦੇ ਲੋਕਾਂ ਦੇ ਸਾਰਾ ਸਾਲ ਖਾਣ ਦੀ ਲੋੜ ਪੂਰੀ ਹੋ ਸਕਦੀ ਸੀ ਲੇਕਿਨ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰਕੇ ਕਣਕ ਬਾਹਰੋਂ ਮੰਗਵਾਈ ਗਈ ਹੈ। ਮੈਂ ਨਹੀਂ ਕਹਿਣਾ ਚਾਹੁੰਦਾ ਪਰ ਬੜੇ ਬੜੇ ਅਖਬਾਰ ਆਖਦੇ ਨੇ ਕਿ ਇਸ ਕਣਕ ਨੂੰ ਮੰਗਵਾਉਣ ਵਾਲੇ ਲੋਕਾਂ ਨੇ ਕਰੋੜਾਂ ਰੁਪਏ ਇਸ ਵਿਚੋਂ ਕਮਿਸ਼ਨ ਦੇ ਲਏ ਹਨ।

**ਸ੍ਰੀ ਡਿਪਟੀ ਸਪੀਕਰ**: ਤੁਸੀਂ ਹੁਣ ਵਾਈਂਡ ਅੱਪ ਕਰੋ ਜੀ। ਦੂਸਰੇ ਤੁਹਾਡੇ ਮੈਂਬਰਜ਼ ਨੇ ਵੀ ਬੋਲਣਾ ਹੈ।

**ਸਰਦਾਰ ਨੱਥਾ ਸਿੰਘ ਦਾਲਮ**: ਮੈਂ ਤਾਂ ਅਜੇ ਸ਼ੁਰੂ ਕੀਤਾ ਹੈ। ਸੋ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਿਹਾ ਜਾਂਦਾ ਹੈ ਕਿ ਕਮਿਸ਼ਨ ਦੇ ਵਜੋਂ ਕਰੋੜਾਂ ਰੁਪਏ ਵਸੂਲ ਕਰਨ ਦੀ ਖਾਤਰ ਇਹ ਕਣਕ ਬਾਹਰੋਂ ਮੰਗਵਾਈ ਗਈ ਸੀ। ਦਰਅਸਲ ਹਿੰਦੁਸਤਾਨ ਦੇ ਅੰਦਰ ਕਣਕ ਦੇ ਭੰਡਾਰ ਮੌਜੂਦ ਸਨ ਔਰ ਬਾਹਰੋਂ ਕਣਕ ਮੰਗਵਾਉਣ ਦੀ ਲੋੜ ਨਹੀਂ ਸੀ।

ਡਿਪਟੀ ਸਪੀਕਰ ਸਾਹਿਬ, ਗੰਨੇ ਦੀ ਗੱਲ ਕੀਤੀ ਗਈ ਹੈ। ਸਤਿਕਾਰ ਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਅਸੀਂ ਕਿਸਾਨ ਦਾ ਗੰਨਾ ਪੀੜਾਂਗੇ। ਪਰ ਇਹ ਦੁੱਖ ਦੀ ਗੱਲ ਹੈ ਕਿ ਪੰਜਾਬ ਦੇ ਕਿਸਾਨ ਨੇ ਪਿਛਲੇ ਸਾਲ ਬੜੇ ਮਹਿੰਗੇ ਭਾਅ ਦਾ ਬੀਜ ਲੈ ਕੇ ਖੇਤਾਂ ਵਿਚ ਪਾਇਆ। ਉਸ ਨੇ ਗੰਨਾ ਬੀਜਿਆ, ਖਾਦਾਂ ਪਾਈਆਂ, ਗੋਡੀਆਂ ਦਿੱਤੀਆਂ, ਮਿਹਨਤਾਂ ਕੀਤੀਆਂ ਲੇਕਿਨ ਅੱਜ ਜਦੋਂ ਕਿਸਾਨ ਆਪਣੇ

Original with;
Punjab Vidhan Sabha
Digitized by;
Panjab Digital Library

ਖੇਤਾਂ ਵੱਲ ਜਾਂਦਾ ਹੈ ਤਾਂ ਆਪਣਾ ਗੰਨਾ ਜਦੋਂ ਆਪਣੇ ਖੇਤਾਂ ਵਿਚ ਖੜ੍ਹਾ ਵੇਖਦਾ ਹੈ ਤਾਂ ਉਸ ਦੇ ਦਿਲ ਨੂੰ ਬੜਾ ਹੀ ਦੁੱਖ ਹੁੰਦਾ ਹੈ। ਉਸ ਦੀਆਂ ਆਹਾਂ ਨਿਕਲ ਜਾਂਦੀਆਂ ਹਨ। ਡਿਪਟੀ ਸਪੀਕਰ ਸਾਹਿਬ, ਮੈਨੂੰ ਡਰ ਹੈ ਕਿ ਜਿਸ ਰਫਤਾਰ ਨਾਲ ਪੰਜਾਬ ਦੀਆਂ ਮਿੱਲਾਂ ਗੰਨਾ ਕਰੱਸ਼ ਕਰ ਰਹੀਆਂ ਹਨ ਉਸ ਹਿਸਾਬ ਨਾਲ ਪੰਜਾਬ ਦੇ ਕਿਸਾਨ ਦਾ ਅੱਧਾ ਗੰਨਾ ਵੀ ਪੀੜਿਆ ਨਹੀਂ ਜਾ ਸਕਦਾ। ਉਸਦਾ ਅੱਧਾ ਗੰਨਾ ਖੇਤਾਂ ਵਿਚ ਹੀ ਰਹਿ ਜਾਵੇਗਾ ਔਰ ਕਿਸਾਨ ਨੂੰ ਮਜ਼ਬੂਰ ਹੋ ਕੇ ਸ਼ਾਇਦ ਗੰਨਾ ਸਾੜਨਾ ਹੀ ਪਵੇ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਸੂਬੇ ਦੀ ਬੜੀ ਹੀ ਵਡੀ ਬਦਕਿਸਮਤੀ ਹੋਵੇਗੀ ਜੇਕਰ ਕਿਸਾਨ ਨੂੰ ਆਪਣਾ ਗੰਨਾ ਸਾੜਨ ਤੇ ਮਜ਼ਬੂਰ ਹੋਣਾ ਪਿਆ। ਇਸ ਲਈ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਇਨ੍ਹਾਂ ਦੀਆਂ ਸ਼ੂਗਰ ਮਿਲਾਂ ਨੂੰ ਪੰਜਾਬ ਦੇ ਕਿਸਾਨ ਦਾ ਗੰਨਾ ਪੀੜਨਾ ਚਾਹੀਦਾ ਹੈ। ਇਸ ਨਾਲ ਜਿਥੇ ਪੰਜਾਬ ਦੇ ਕਿਸਾਨ ਦੀ ਮਾਲੀ ਹਾਲਤ ਮਜ਼ਬੂਤ ਹੋਵੇਗੀ ਉਥੇ ਪੰਜਾਬ ਮਾਲੀ ਤੌਰ ਤੇ ਵੀ ਤਰੱਕੀ ਕਰੇਗਾ। ਕਿਉਂਕਿ ਗੰਨਾ ਇਕ ਕਮੱਰਸ਼ੀਅਲ ਕਰਾਪ ਹੈ। ਮੈਂ ਬੇਨਤੀ ਕਰੂੰਗਾ ਕਿ ਸਰਕਾਰ ਨੂੰ ਸਦਨ ਅੰਦਰ ਭਰੋਸਾ ਦੇਣਾ ਚਾਹੀਦਾ ਹੈ ਕਿ ਕਿਸਾਨ ਦਾ ਸਾਰੇ ਦਾ ਸਾਰਾ ਗੰਨਾ ਸ਼ੂਗਰ ਮਿੱਲਾਂ ਪੀੜਨਗੀਆਂ।

ਡਿਪਟੀ ਸਪੀਕਰ ਸਾਹਿਬ, ਇਹ ਵੀ ਬੜੇ ਦੁੱਖ ਦੀ ਗਲ ਹੈ ਕਿ ਪੰਜਾਬ ਦੇ ਅੰਦਰ ਬਿਜਲੀ ਦੀ ਕਮੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ ਔਰ ਇਹ ਪੰਜਾਬ ਦੇ ਅੰਦਰ ਕਾਰਖਾਨੇ, ਇੰਡਸਟਰੀ, ਸਨਅੱਤ ਪਿਛਲੇ ਮਹੀਨਿਆਂ ਵਿਚ ਬਿਲਕੁਲ ਹੀ ਕਾਇਮ ਨਹੀਂ ਕਰ ਸਕੇ। ਅੱਗੇ ਕਾਰਖਾਨਿਆਂ ਦੇ ਅੰਦਰ ਇਕ ਹੀ ਸ਼ਿਫਟ ਚਲਦੀ ਰਹੀ ਹੈ ਔਰ ਦੂਜੀ ਸ਼ਿਫਟ ਦੇ ਮਜ਼ਦੂਰ ਵੇਹਲੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਪ੍ਰਮਾਤਮਾ ਦਾ ਧੰਨਵਾਦ ਕਰਦਾ ਹਾਂ ਕਿ ਇਹ ਈਸ਼ਵਰ ਦੀ ਕਿਰਪਾ ਹੈ, ਇੰਦਰ ਦੇਵਤਾ ਦੀ ਕਿਰਪਾ ਹੋਈ ਹੈ, ਕਿ ਭਰਵੀਂ ਬਾਰਿਸ਼ ਹੋ ਗਈ ਹੈ, ਨਹੀਂ ਤਾਂ ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਕਿਸਾਨ ਦੀ ਕਣਕ ਸੁੱਕ ਜਾਣੀ ਸੀ ਕਿਉਂਕਿ ਟਿਊਬਵੈੱਲਾਂ ਨੂੰ ਚਲਾਉਣ ਵਾਸਤੇ ਇਹ ਸਰਕਾਰ ਪੰਜ ਘੰਟਿਆਂ ਤੋਂ ਵਧ ਬਿਜਲੀ ਨਹੀਂ ਦੇ ਸਕੀ।

**ਮਾਸਟਰ ਚੰਦ ਸਿੰਘ :** ** ** **

**ਸ਼੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਡਿਪਟੀ ਸਪੀਕਰ ਸਾਹਿਬ, ਬਿਜਲੀ ਦੀ ਜੋ ਅੱਜ ਹਾਲਤ ਪੰਜਾਬ ਦੇ ਅੰਦਰ ਹੈ, ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਅਗਲੇ ਆਉਂਦੇ ਮਹੀਨਿਆਂ ਵਿਚ ਪੰਜਾਬ ਦੇ ਅੰਦਰ ਬਿਜਲੀ ਦੀ ਬੜੀ ਭਾਰੀ ਥੁੜ ਹੋ ਜਾਵੇਗੀ ਲੇਕਿਨ ਇਸ ਸਰਕਾਰ ਨੇ ਬਿਜਲੀ ਦੇ ਖੇਤਰ ਵਿਚ ਦੋ ਸਾਲਾਂ ਦੇ ਅੰਦਰ ਬਿਜਲੀ ਪੈਦਾ ਕਰਨ ਦਾ ਕੋਈ ਨਵਾਂ ਉਪਰਾਲਾ ਨਹੀਂ ਕੀਤਾ। ਅਖਬਾਰਾਂ ਵਿਚ ਪੜ੍ਹਿਆ ਹੈ ਕਿ ਸ਼ਾਨਨ ਪ੍ਰਾਜੈਕਟ ਮੁਕੰਮਲ ਹੋਇਆ ਹੈ ਉਸ ਨਾਲ ਕੋਈ 50 ਮੈਗਾਵਾਟ ਬਿਜਲੀ ਲੋਕਾਂ ਨੂੰ ਮਿਲ ਜਾਵੇਗੀ। ਮੇਰਾ ਤਾਂ ਇਸ ਸਿਲਸਿਲੇ ਵਿਚ ਸੰਦੇਹ ਹੈ ਕਿ ਪਿਛਲੇ ਅਜਲਾਸ ਵਿਚ ਮੁੱਖ ਮੰਤਰੀ ਸਾਹਿਬ ਨੇ ਫੁਰਮਾਇਆ ਸੀ ਕਿ ਮੁਕੇਰੀਆਂ ਹਾਈਡਲ ਪ੍ਰਾਜੈਕਟ ਔਰ ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਜਿਹੜੇ ਹਨ ਉਨ੍ਹਾਂ ਦੀ ਕਮਿਸ਼ਨਿੰਗ ਦੀਆਂ ਡੇਟਸ ਨੂੰ ਐਡਵਾਂਸ ਕਰ ਦਿਤਾ ਗਿਆ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਹੁਣੇ ਹੁਣੇ ਹੀ ਉਨ੍ਹਾਂ ਪ੍ਰਾਜੈਕਟਸ ਨੂੰ ਵੇਖ ਕੇ ਆਇਆ ਹਾਂ। ਵੇਖਣ ਤੋਂ ਬਾਅਦ ਮੇਰੀ ਇਹ ਰਾਏ ਹੈ ਕਿ ਜੋ ਸ਼ਡਿਊਲ ਮੁਕੱਰਰ ਕੀਤਾ ਗਿਆ ਹੈ, ਜੋ ਤਾਰੀਖ ਉਨ੍ਹਾਂ ਪ੍ਰਾਜੈਕਟਸ ਨੂੰ ਕਮਿਸ਼ਨ ਕਰਨ ਦੀ ਮੁਕੱਰਰ ਕੀਤੀ ਗਈ ਹੈ, ਉਸ ਸਮੇਂ ਤਕ ਉਹ ਪ੍ਰਾਜੈਕਟ ਬਿਲਕੁਲ ਹੀ ਕਮਿਸ਼ਨ ਨਹੀਂ ਹੋ ਸਕਣਗੇ ਔਰ ਪੰਜਾਬ ਦੇ ਲੋਕਾਂ ਨੂੰ ਜੋ ਇਹ ਉਮੀਦ ਪੈਦਾ ਹੋਈ ਸੀ ਕਿ ਸ਼ਾਇਦ ਉਹ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਪ੍ਰੋਜੈਕਟ ਕਮਿਸ਼ਨ ਹੋਣ ਦੇ ਨਾਲ ਪੰਜਾਬ ਦੇ ਲੋਕਾਂ ਨੂੰ ਬਿਜਲੀ ਦੀ ਘਾਟ ਵਿਚ ਰਾਹਤ ਮਿਲ ਸਕੇਗੀ, ਉਹ ਉਨ੍ਹਾਂ ਦੀ ਉਮੀਦ ਮਿੱਟੀ ਵਿਚ ਮਿਲਦੀ ਨਜ਼ਰ ਆ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰੂੰਗਾ ਕਿ ਜੋ ਕੋਲੇ ਨਾਲ ਬਿਜਲੀ ਪੈਦਾ ਹੁੰਦੀ ਹੈ ਉਹ ਬਹੁਤ ਮਹਿੰਗੀ ਹੈ। ਜਿਵੇਂ ਬਠਿੰਡਾ ਥਰਮਲ ਪਲਾਂਟ ਹੈ। ਜੇਕਰ ਚਾਰ ਹੀ ਯੂਨਿਟਸ ਉਸ ਦੇ ਚਲਦੇ ਰਹਿਣ ਉਥੇ 440 ਮੈਗਾਵਾਟ ਬਿਜਲੀ ਪੈਦਾ ਹੋ ਸਕਦੀ ਹੈ। ਜੇਕਰ ਚਾਰੇ ਹੀ ਯੂਨਿਟਸ ਚਲਦੇ ਰਹਿਣ ਔਰ 440 ਮੈਗਾਵਾਟਸ ਬਿਜਲੀ ਪੈਦਾ ਹੁੰਦੀ ਰਹੇ ਤਾਂ ਸ਼ਾਇਦ ਬਿਜਲੀ ਦੀ ਕਮੀ ਨਾ ਹੋਵੇ ਪਰ ਉਸ ਥਰਮਲ ਪਲਾਂਟ ਨੂੰ ਚਲਾਉਣ ਵਾਸਤੇ ਹਰ ਰੋਜ਼ 4 ਹਜ਼ਾਰ ਟਨ ਕੋਲੇ ਦੀ ਲੋੜ ਪੈਂਦੀ ਹੈ। ਮੈਨੂੰ ਉਥੇ ਦੇ ਬਾਰੇ ਦੱਸਿਆ ਗਿਆ ਹੈ ਕਿ ਦੋ ਹਜ਼ਾਰ ਟਨ ਕੋਲਾ ਮਿਲਦਾ ਹੈ ਉਸ ਦੇ ਨਾਲ ਦੋ ਯੂਨਿਟ ਚਲਦੇ ਹਨ ਔਰ ਦੋ ਯੂਨਿਟ ਹਰ ਰੋਜ਼ ਆਈਡਲ ਰਹਿੰਦੇ ਹਨ। ਉਹ ਬਿਲਕੁਲ ਨਹੀਂ ਚਲਦੇ, ਉਨ੍ਹਾਂ ਤੋਂ ਕੰਮ ਨਹੀਂ ਲਿਆ ਜਾਂਦਾ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਇਕ ਤਾਂ ਤੁਹਾਡੇ ਰਾਹੀਂ ਹੁਣ ਇਹ ਬੇਨਤੀ ਕਰੂੰਗਾ ਕਿ ਜੋ ਦੇਸ਼ ਨੂੰ ਪੰਜਾਬ ਵਿਚੋਂ 10 ਲੱਖ ਯੂਨਿਟ ਦੇ ਕਰੀਬ ਬਿਜਲੀ ਦਿੱਤੀ ਜਾਂਦੀ ਹੈ ਇਸ ਤੇ ਦੇਸ਼ ਦਾ ਕੋਈ ਹੱਕ ਨਹੀਂ ਹੈ। ਬਹੁਤ ਸਾਲ ਪਹਿਲੇ ਇਹ ਫੈਸਲਾ ਕੀਤਾ ਗਿਆ ਸੀ ਕਿ ਭਾਖੜਾ ਕੰਪਲੈਕਸ ਤੋਂ ਦੇਸ਼ ਨੂੰ ਕੋਈ ਬਿਜਲੀ ਨਹੀਂ ਦਿੱਤੀ ਜਾਵੇਗੀ। ਲੇਕਿਨ ਇਸ ਸਰਕਾਰ ਨੇ ਦਿੱਲੀ ਸਰਕਾਰ ਦੇ ਦਬਾਅ ਹੇਠ ਪੰਜਾਬ ਦੀ ਬਿਜਲੀ ਦੇਸ਼ ਨੂੰ ਦੇਣੀ ਸ਼ੁਰੂ ਕਰ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਨਾਲ ਬੜੀ ਭਾਰੀ ਬੇਇਨਸਾਫ਼ੀ ਹੈ। ਜਦੋਂ ਪੰਜਾਬ ਵਿਚ ਬਿਜਲੀ ਦੀ ਐਨੀ ਥੁੜ ਹੋਵੇ, ਪੰਜਾਬ ਦੇ ਕਾਰਖਾਨੇ 3 ਸ਼ਿਫਟਾਂ ਵਿਚ ਕੰਮ ਨਾ ਕਰ ਸਕਦੇ ਹੋਣ ਔਰ ਟਿਊਬਵੈਲਾਂ ਦੇ ਰੇਟ ਸਰਕਾਰ ਵਧਾ ਰਹੀ ਹੋਵੇ ਉਨ੍ਹਾਂ ਹਾਲਾਤ ਵਿਚ ਦਿੱਲੀ ਨੂੰ ਬਿਜਲੀ ਦੇਣਾ ਪੰਜਾਬ ਦੇ ਲੋਕਾਂ ਨਾਲ ਬੜਾ ਭਾਰੀ ਧੱਕਾ ਹੈ। ਮੈਂ ਸਮਝਦਾ ਹਾਂ ਕਿ ਇਹ ਸਰਕਾਰ ਦੀ ਕਮਜ਼ੋਰੀ ਹੈ ਕਿਉਂਕਿ ਇਹ ਦਿੱਲੀ ਦੀ ਸਰਕਾਰ ਨਾਲ ਖੁਲ੍ਹ ਕੇ ਗਲਬਾਤ ਕਰਨ ਦੀ ਜੁਰਤ ਨਹੀਂ ਰੱਖਦੀ। ਇਹ ਸਾਰੀ ਸਰਕਾਰ ਪ੍ਰਧਾਨ ਮੰਤਰੀ ਦੇ ਇਸ਼ਾਰੇ ਤੇ ਹੀ ਚਲ ਰਹੀ ਹੈ। ਇਹ ਕਿਵੇਂ ਜੁਰਅੱਤ ਕਰ ਸਕਦੇ ਹਨ ਕਿ ਉਨ੍ਹਾਂ ਨਾਲ ਇਸ ਮਾਮਲੇ ਤੇ ਗਲਬਾਤ ਕਰਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਪੰਜਾਬ ਅੰਦਰ ਬਿਜਲੀ ਦੀ ਬਹੁਤ ਕਮੀ ਹੈ ਔਰ ਇਹ ਘਾਟ ਤਦ ਤਕ ਪੂਰੀ ਨਹੀਂ ਹੋ ਸਕਦੀ ਜਦ ਤਕ ਇਥੇ ਅਟਾਮਿਕ ਪਾਵਰ ਪਲਾਂਟ ਨਹੀਂ ਲਗ ਜਾਂਦਾ। ਇਹ ਪਲਾਂਟ ਦਿੱਲੀ ਦੀ ਸਰਕਾਰ ਨੇ ਪੰਜਾਬ ਸਰਕਾਰ ਨੂੰ ਦੇਣਾ ਹੈ। ਜੋ ਹੁਣ ਤੱਕ ਨਹੀਂ ਦਿੱਤਾ ਹੈ ਇਹ ਜਿਹੜਾ ਥਰਮਲ ਪਲਾਂਟ ਹੈ ਇਹ ਬਿਜਲੀ ਦੀ ਘਾਟ ਪੂਰੀ ਨਹੀਂ ਕਰ ਸਕਦਾ। ਇਸ ਨਾਲ ਪੰਜਾਬ ਦੀ ਲੋੜ ਪੂਰੀ ਨਹੀਂ ਹੋ ਸਕੇਗੀ।

ਡਿਪਟੀ ਸਪੀਕਰ ਸਾਹਿਬ, ਮੈਂ ਹੋਰ ਸੁਝਾਅ ਇੱਕ ਇਹ ਦੇਣਾ ਚਾਹਵਾਂਗਾ ਕਿ ਜਦੋਂ ਨੰਗਲ ਖਾਦ ਫੈਕਟਰੀ ਬਣੀ ਸੀ ਤਾਂ ਇਹ ਫੈਸਲਾ ਹੋਇਆ ਸੀ ਕਿ ਭਾਖੜਾ ਕੰਪਲੈਕਸ ਉਸ ਖਾਦ ਫੈਕਟਰੀ ਨੂੰ ਖਾਸ ਕਨਸਸ਼ਨਲ ਰੇਟ ਤੇ ਬਿਜਲੀ ਦਿੱਤੀ ਜਾਵੇਗਾ ਔਰ ਹੁਣ ਵੀ ਉਸ ਸਸਤੇ ਰੇਟ ਤੇ ਬਿਜਲੀ ਦਿੱਤੀ ਜਾ ਰਹੀ ਹੈ। ਅੱਜ ਜਦ ਕਿ ਖਾਦ ਦੀਆਂ ਕੀਮਤਾਂ ਬਹੁਤ ਜ਼ਿਆਦਾ ਵੱਧ ਚੁਕੀਆਂ ਹਨ ਔਰ ਬਿਜਲੀ ਦੀ ਵੀ ਕਾਫੀ ਘਾਟ ਹੈ ਤਾਂ ਇਨ੍ਹਾਂ ਹਾਲਾਤ ਵਿਚ ਉਸ ਫੈਕਟਰੀ ਨੂੰ ਬਿਜਲੀ ਸਸਤੇ ਰੇਟ ਤੇ ਨਹੀਂ ਦੇਣੀ ਚਾਹੀਦੀ ਹੈ। ਉਸ ਬਿਜਲੀ ਦੇ ਰੇਟ ਵੱਧਾ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਜੇ ਇਹ ਸਰਕਾਰ ਦਲੇਰੀ ਨਾਲ ਕੋਈ ਕਦਮ ਚੁੱਕੇਗੀ ਔਰ ਇਥੇ ਅਟਾਮਿਕ ਪਾਵਰ ਪਲਾਂਟ ਲਗਾਵੇਗੀ ਤਾਂ ਹੀ ਇਥੋਂ ਸਾਡੇ ਪੰਜਾਬ ਵਿਚ ਬਿਜਲੀ ਦੀ ਸ਼ਾਰਟੇਜ ਦੂਰ ਹੋ ਸਕਦੀ ਹੈ ਨਹੀਂ ਤਾਂ ਇਹ ਸ਼ਾਰਟੇਜ ਦੂਰ ਨਹੀਂ ਹੋ ਸਕਣੀ। ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਥੀਨ ਡੈਮ ਜੋ ਪੰਜਾਬ ਦੀ ਆਰਥਕਤਾ ਵਾਸਤੇ ਇਕ ਬਹੁਤ ਹੀ ਇੰਪਾਰਟੈਂਟ

Original with;
Punjab Vidhan Sabha
Digitized by;
Panjab Digital Library

ਡੈਮ ਹੈ ਜਿਸ ਦੇ ਬਣਨ ਨਾਲ ਨਾ ਸਿਰਫ਼ ਪੰਜਾਬ ਨੂੰ ਬਲਕਿ ਸਾਰੇ ਹਿੰਦੁਸਤਾਨ ਨੂੰ ਲਾਭ ਪਹੁੰਚੇਗਾ ਉਹ ਅੱਜੇ ਵੀ ਖਟਾਈ ਵਿਚ ਪਿਆ ਹੋਇਆ ਹੈ। ਤੁਹਾਨੂੰ ਇਹ ਯਾਦ ਹੋਵੇਗਾ ਕਿ ਬਹੁਤ ਸਮਾਂ ਪਹਿਲੇ 1955 ਵਿੱਚ ਦਿੱਲੀ ਦੀ ਸਰਕਾਰ ਨੇ ਪਾਕਿਸਤਾਨ ਨਾਲ ਦਰਿਆ ਰਾਵੀ ਦੇ ਪਾਣੀ ਦੇ ਵੰਡ ਬਾਰੇ ਸਮਝੌਤਾ ਕੀਤਾ ਸੀ ਜਿਸ ਨੂੰ ਕਿ ਇੰਡੋ ਵਾਟਰ ਟਰੀਟੀ ਕਿਹਾ ਜਾਂਦਾ ਹੈ ਜਿਸ ਅਨੁਸਾਰ ਪਾਕਿਸਤਾਨ ਨੂੰ 100 ਕਰੋੜ ਰੁਪਿਆ ਦਿੱਤਾ ਸੀ ਤਾਕਿ ਉਹ 10 ਸਾਲਾਂ ਦੇ ਅੰਦਰ ਅੰਦਰ ਆਪਣਾ ਪਾਣੀ ਦਾ ਆਲਟਰਨੇਟਿਵ ਇੰਤਜ਼ਾਮ ਕਰ ਲਵੇ ਲੇਕਿਨ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਸ ਫੈਸਲੇ ਦੀ ਮਿਆਦ ਖਤਮ ਹੋ ਚੁੱਕੀ ਹੈ ਲੇਕਿਨ ਅੱਜ ਤਕ ਇਹ ਪਾਣੀ ਜ਼ਾਇਆ ਜਾ ਰਿਹਾ ਹੈ ਉਸ ਪਾਣੀ ਨੂੰ ਵਰਤਣ ਦਾ ਅੱਜੇ ਤਕ ਕੋਈ ਸਾਧਨ ਨਹੀਂ ਬਣਾਇਆ ਗਿਆ। ਥੀਨ ਡੈਮ ਬਾਦਲ ਸਾਹਿਬ ਦੀ ਸਰਕਾਰ ਨੇ ਬੜੀ ਤੇਜ਼ ਰਫ਼ਤਾਰ ਨਾਲ ਬਣਾਉਣਾ ਸ਼ੁਰੂ ਕੀਤਾ ਸੀ ਲੇਕਿਨ ਉਸ ਵੇਲੇ ਜਿਸ ਵਾਰ-ਫੁਟਿੰਗ ਤੇ ਬਾਦਲ ਸਾਹਿਬ ਇਸ ਨੂੰ ਬਣਾਉਣਾ ਚਾਹੁੰਦੇ ਸਨ ਉਸ ਢੰਗ ਨਾਲ ਅੱਜ ਕੰਮ ਨਹੀਂ ਹੋ ਰਿਹਾ। ਜਿਸ ਰਫ਼ਤਾਰ ਨਾਲ ਅੱਜ ਉਥੇ ਕੰਮ ਹੋ ਰਿਹਾ ਹੈ ਉਸ ਨੂੰ ਵੇਖ ਕੇ ਬੜਾ ਦੁੱਖ ਹੁੰਦਾ ਹੈ। ਇਸ ਨਾਲ ਉਸ ਡੈਮ ਦਾ ਦਿਨ-ਬਦਿਨ ਖਰਚਾ ਵੱਧ ਰਿਹਾ ਹੈ। ਜਦੋਂ 1965 ਵਿਚ ਇਹ ਬਣਨਾ ਸ਼ੁਰੂ ਹੋਇਆ ਸੀ ਤਾਂ ਉਸ ਵੇਲੇ ਇਸ ਤੇ 79 ਕਰੋੜ ਰੁਪਿਆ ਖਰਚ ਹੋਣਾ ਸੀ ਲੇਕਿਨ ਹੁਣ 479 ਕਰੋੜ ਰੁਪਿਆ ਖਰਚ ਹੋਣਾ ਹੈ। ਔਰ ਮੈਂ ਸਮਝਦਾ ਹਾਂ ਕਿ ਜੇ ਇਸੇ ਹੀ ਰਫ਼ਤਾਰ ਨਾਲ ਕੰਮ ਚਲਦਾ ਰਿਹਾ ਤਾਂ ਇਸ ਤੇ ਹੋਰ ਵੀ ਜ਼ਿਆਦਾ ਖਰਚ ਹੋਵੇਗਾ। ਉਥੋਂ ਦੇ ਚੀਫ਼ ਇੰਨਜੀਨੀਅਰਜ਼ ਦੱਸਦੇ ਹਨ ਕਿ ਜਿਸ ਰਫ਼ਤਾਰ ਨਾਲ ਫੰਡ ਪਰੋਵਾਈਡ ਕੀਤੇ ਜਾ ਰਹੇ ਹਨ ਇਸ ਅਨੁਸਾਰ 10 ਸਾਲਾਂ ਵਿਚ ਵੀ ਇਹ ਡੈਮ ਮੁਕੰਮਲ ਨਹੀਂ ਹੋ ਸਕੇਗਾ। ਔਰ ਫਿਰ ਇਸ ਤੇ ਲਾਗਤ 6 ਅਰਬ ਰੁਪਿਆ ਹੋਵੇਗੀ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਨਾਲ ਬੜੀ ਭਾਰੀ ਬੇਇਨਸਾਫ਼ੀ ਹੈ ਹਾਲੇ ਤਕ ਇਹ ਸਰਕਾਰ ਇਸ ਥੀਨ ਡੈਮ ਦੀ ਵੀ ਕਲੀਅਰੈਂਸ ਦਿੱਲੀ ਦੀ ਸਰਕਾਰ ਤੋਂ ਨਹੀਂ ਲੈ ਸਕੀ। ਪਿਛਲੇ ਅਜਲਾਸ ਵਿਚ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਜਲਦੀ ਹੀ ਦਿੱਲੀ ਦੀ ਸਰਕਾਰ ਤੋਂ ਕਲੀ-ਅਰੈਂਸ ਪ੍ਰਾਪਤ ਕਰ ਲਈ ਜਾਵੇਗੀ ਲੇਕਿਨ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਅੱਜੇ ਤਕ ਇਹ ਕਲੀਅ-ਰੈਂਸ ਪ੍ਰਾਪਤ ਨਹੀਂ ਕਰ ਸਕੇ। ਇਸ ਨਾਲ ਥੀਨ ਡੈਮ ਦੀ ਉਸਾਰੀ ਵਿਚ ਹੋਰ ਜ਼ਿਆਦਾ ਡੀਲੇਅ ਹੋ ਜਾਵੇਗੀ। ਮੈਂ ਬੇਨਤੀ ਕਰਦਾ ਹਾਂ ਕਿ ਜੇ ਇਹ ਸਰਕਾਰ ਸਹੀ ਮਾਨ੍ਹਿਆਂ ਵਿਚ ਪੰਜਾਬ ਦੇ ਹਿੱਤਾਂ ਦੀ ਰਖਵਾਲੀ ਕਰਦੀ ਹੈ ਔਰ ਪੰਜਾਬ ਨੂੰ ਖੁਸ਼ਹਾਲ ਕਰਨਾ ਚਾਹੁੰਦੀ ਹੈ ਤਾਂ ਇਸ ਡੈਮ ਦੀ ਕਲੀਅਰੈਂਸ ਦਿੱਲੀ ਦੀ ਸਰਕਾਰ ਤੋਂ ਜਲਦੀ ਲੈਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹੋਇਆ ਜਦੋਂ ਮੈਂ ਗਵਰਨਰ ਐਡਰਸ ਵਿਚ ਇਹ ਪੜ੍ਹਿਆ ਕਿ ਦਰਿਆਵਾਂ ਦੇ ਪਾਣੀ ਦੀ ਵੰਡ ਸਾਰੇ ਰਾਸ਼ਟਰ ਦੇ ਹਿੱਤਾਂ ਨੂੰ ਸਾਹਮਣੇ ਰਖਕੇ ਕਰ ਲਈ ਗਈ ਹੈ, ਨੈਸ਼ਨਲ ਹਿੱਤਾਂ ਨੂੰ ਸਾਹਮਣੇ ਰਖ ਕੇ ਫੈਸਲਾ ਕਰ ਲਿਆ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਗਿਆ ਹੈ ਪੰਜਾਬ ਦੇ ਲੋਕਾਂ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ। ਠੀਕ ਹੈ, ਡਿਪਟੀ ਸਪੀਕਰ ਸਾਹਿਬ, ਤੁਸੀਂ ਸਮਾਂ ਦਿੱਤਾ ਹੈ ਔਰ ਅਸੀਂ ਇਸ ਮਸਲੇ ਤੇ ਬਹਿਸ ਕਰਾਂਗੇ ਲੇਕਿਨ ਮੈਂ ਇਹ ਗਲ ਜ਼ਰੂਰ ਕਹਿਣੀ ਚਾਹਵਾਂਗਾ ਕਿ ਉਸ ਸਮਝੌਤੇ ਰਾਹੀਂ ਪੰਜਾਬ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਗਿਆ ਹੈ ਔਰ ਜੇ ਉਸ ਸਮਝੌਤੇ ਤੇ ਅਮਲ ਹੋ ਗਿਆ ਤਾਂ ਪੰਜਾਬ ਇਕ ਰੇਗਿਸਤਾਨ ਬਣ ਜਾਵੇਗਾ। ਜਿਸ ਨਾਲ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਨੁਕਸਾਨ ਹੋਵੇਗਾ। ਮੈਂ ਹੈਰਾਨ ਹਾਂ ਕਿ ਪੰਜਾਬ ਅੰਦਰ ਹੁਣ ਪਾਣੀ 15.85 ਮਿਲਿਅਨ ਏਕੜ ਫੀਟ ਆ ਰਿਹਾ ਹੈ ਪਰ ਇਨ੍ਹਾਂ ਨੇ ਪਤਾ ਨਹੀਂ ਰਾਤੋ ਰਾਤ ਕਿਵੇਂ ਫਿਗਰਜ਼ ਇਕੱਠੀਆਂ ਕਰ ਲਈਆਂ ਅਤੇ ਹੁਣ ਇਹ ਕਹਿਣ ਲਗ ਪਏ ਹਨ ਕਿ ਪੰਜਾਬ ਅੰਦਰ 17.17 ਮਿਲਿਅਨ ਏਕੜ ਫੀਟ ਪਾਣੀ ਆ ਰਿਹਾ ਹੈ। ਮੈਂ ਇਸ ਸਬੰਧ

Original with;
Punjab Vidhan Sabha
Digitized by;
Panjab Digital Library

[ਸਰਦਾਰ ਨੱਥਾ ਸਿੰਘ ਦਾਲਮ]

ਵਿਚ ਬੜੇ ਬੜੇ ਇੰਜੀਨੀਅਰਜ਼ ਨਾਲ ਗਲਬਾਤ ਕੀਤੀ ਹੈ ਕਿ ਇਹ ਪਾਣੀ ਕਿਥੋਂ ਆ ਗਿਆ ਹੈ ਪਰ ਉਹ ਕਹਿੰਦੇ ਹਨ ਕਿ ਸਾਨੂੰ ਨਹੀਂ ਪਤਾ। ਉਹ ਕਹਿੰਦੇ ਹਨ ਕਿ ਐਨਾ ਪਾਣੀ ਤਾਂ ਪੰਜਾਬ ਵਿਚ ਐਗਜ਼ਿਸਟ ਨਹੀਂ ਕਰਦਾ। ਮੈਂ ਸੋਚਦਾ ਹਾਂ ਕਿ ਅਗਰ ਕਿਸੇ ਵੇਲੇ 2—4 ਸਾਲ ਬਾਰਸ਼ ਨਾ ਪਈ, ਜਿਵੇਂ ਕਿ ਬਾਰਸ਼ਾਂ ਦਾ ਸਾਈਕਲ ਚਲਦਾ ਹੈ ਔਰ ਬਹੁਤ ਸਾਰੀਆਂ ਸਟੇਟਾਂ ਵਿਚ 4--4, 5-5 ਸਾਲ ਬਾਰਸ਼ ਨਹੀਂ ਹੋਈ, ਤਾਂ ਪੰਜਾਬ ਦੇ ਲੋਕਾਂ ਦਾ ਕੀ ਬਣੇਗਾ ? ਪੰਜਾਬ ਦੇ ਲੋਕਾਂ ਨੂੰ ਇਰੀਗੇਸ਼ਨ ਦੀ ਸਹੂਲਤ ਕਿਵੇਂ ਮਿਲੇਗੀ ? ਅੱਜ ਪਾਣੀ ਹਰਿਆਣੇ ਨੂੰ ਜਾ ਰਿਹਾ ਹੈ, ਰਾਜਸਥਾਨ ਨੂੰ ਜਾ ਰਿਹਾ ਹੈ। ਰਾਜਸਥਾਨ ਨੂੰ 8 ਏਕੜ ਮਿਲਿਅਨ ਫੀਟ ਪਾਣੀ ਦੇ ਦਿੱਤਾ ਗਿਆ ਹੈ ਜਦ ਕਿ ਰਾਜਸਥਾਨ ਉਸ ਪਾਣੀ ਨੂੰ ਵਰਤਣ ਦੀ ਸਮਰੱਥਾ ਵੀ ਨਹੀਂ ਰਖਦਾ ਔਰ ਹੁਣ ਤਕ ਉਹ ਪਾਣੀ ਨੂੰ ਯੂਟੇਲਾਈਜ਼ ਨਹੀਂ ਕਰ ਸਕੇ। ਮੈਂ ਉਥੇ ਆਪ ਜਾ ਕੇ ਵੇਖਿਆ ਹੈ ਕਿ ਉਥੇ ਪਾਣੀ ਜ਼ਿਆਦਾ ਜਾਣ ਕਰਕੇ ਜਿਥੇ ਟਿਬੇ ਵੀ ਸਨ ਉਥੇ ਵੀ ਝੀਲਾਂ ਬਣ ਗਈਆਂ ਹਨ ਪਰ ਪੰਜਾਬ ਸਰਕਾਰ ਇਸ ਗਲ ਦੀ ਪਰਵਾਹ ਨਹੀਂ ਕਰਦੀ। ਮੈਂ ਸਮਝਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਹ ਫੈਸਲਾ ਕਰਕੇ ਪੰਜਾਬ ਦੇ ਲੋਕਾਂ ਦੀਆਂ ਮੌਤਾਂ ਦੇ ਵਰੰਟ ਉਪਰ ਦਸਖ਼ਤ ਕਰ ਦਿੱਤੇ ਹਨ। ਇਨ੍ਹਾਂ ਨੇ ਆਪਣੀਆਂ ਗੱਦੀਆਂ ਕਾਇਮ ਰੱਖਣ ਵਾਸਤੇ ਪੰਜਾਬ ਦੇ ਹਿੱਤਾਂ ਨੂੰ ਕੁਰਬਾਨ ਕਰ ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਅਜਿਹਾ ਕਰਨ ਤੋਂ ਪਹਿਲੇ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ। ਪੰਜਾਬ ਦੀਆਂ ਆਉਣ ਵਾਲੀਆਂ ਨਸਲਾਂ ਇਨ੍ਹਾਂ ਨੂੰ ਇਸ ਗੱਲ ਲਈ ਕਦੇ ਵੀ ਮੁਆਫ਼ ਨਹੀਂ ਕਰਨਗੀਆਂ।

ਫਿਰ ਡਿਪਟੀ ਸਪੀਕਰ ਸਾਹਿਬ, ਅੱਜ ਇਹ ਕਹਿੰਦੇ ਹਨ ਕਿ ਪੰਜਾਬ ਵਿਚੋਂ ਕੁਰੱਪਸ਼ਨ ਬੰਦ ਹੋ ਗਈ ਹੈ। ਪਰ ਅਸਲ ਗਲ ਇਹ ਹੈ ਕਿ ਅੱਜ ਪੰਜਾਬ ਵਿਚ ਕੁਰੱਪਸ਼ਨ ਐਨੇ ਵਡੇ ਪੈਮਾਨੇ ਤੇ ਹੋ ਰਹੀ ਹੈ ਕਿ ਪਿਛਲੇ 34 ਸਾਲਾਂ ਵਿਚ ਕਦੇ ਵੀ ਇਤਨੀ ਕੁਰੱਪਸ਼ਨ ਨਹੀਂ ਹੋਈ ਸੀ। ਅੱਜ ਕਿਸੇ ਵੀ ਵਿਅਕਤੀ ਦਾ ਕੰਮ ਰੁਟੀਨ ਵਿਚ ਨਹੀਂ ਹੁੰਦਾ। ਉਸ ਨੂੰ ਸਿਫਾਰਸ਼ਾਂ ਲਭਣੀਆਂ ਪੈਂਦੀਆਂ ਹਨ ਜਾਂ ਆਪਣਾ ਕੰਮ ਕਰਵਾਉਣ ਲਈ ਹਰੇ ਨੋਟਾਂ ਦੀ ਲੋੜ ਪੈਂਦੀ ਹੈ...

ਪੰਜਾਬ ਦੇ ਵਿਚ ਲੋਕਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਇਨਸਾਫ ਲੈਣ ਵਾਸਤੇ ਨੋਟ ਖਰਚਣੇ ਪੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਸਰਕਾਰ ਸਿਰਫ ਆਪਣੀਆਂ ਗੱਦੀਆਂ ਦਾ ਖਿਆਲ ਰੱਖ ਰਹੀ ਹੈ। ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ। ਪੰਜਾਬ ਦੇ ਲੋਕ ਮਹਿੰਗਾਈ ਨਾਲ ਪੀਸੇ ਜਾ ਰਹੇ ਹਨ ਅਤੇ ਉਨ੍ਹਾਂ ਉਤੇ ਪੁਲਿਸ ਵਲੋਂ ਜ਼ਿਆਦਤੀਆਂ ਕੀਤੀਆਂ ਜਾ ਰਹੀਆਂ ਹਨ। ਇਥੇ ਸਰਦਾਰ ਦਰਬਾਰਾ ਸਿੰਘ ਦਾ ਰਾਜ ਨਹੀਂ ਹੈ ਬਲਕਿ ਪੁਲਿਸ ਰਾਜ ਕਾਇਮ ਹੋ ਗਿਆ ਹੈ। ਇਸ ਪੁਲਿਸ ਦੀ ਧੱਕੇਸ਼ਾਹੀ ਕਰਕੇ ਪੰਜਾਬ ਦੇ ਲੋਕ ਬੜੇ ਤੰਗ ਆ ਚੁੱਕੇ ਹਨ। ਲੋਕਾਂ ਦੀਆਂ ਮੁਸ਼ਕਲਾਂ ਦਿਨੋ ਦਿਨ ਵੱਧ ਰਹੀਆਂ ਹਨ। ਅਗਰ ਤੁਸੀਂ ਪੰਜਾਬ ਵਿਚ ਡੈਮੋਕਰੇਸੀ ਚਾਹੁੰਦੇ ਹੋ ਅਤੇ ਚਾਹੁੰਦੇ ਹੋ ਕਿ ਪੰਜਾਬ ਸਾਰੇ ਇੰਡੀਆ ਵਿਚ ਅਨਾਜ ਪੈਦਾ ਕਰਕੇ ਦੇਵੇ ਤਾਂ ਫਿਰ ਤੁਹਾਨੂੰ ਪੰਜਾਬ ਦੇ ਲੋਕਾਂ ਨਾਲ ਇਨਸਾਫ ਕਰਨਾ ਪਵੇਗਾ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਦੂਰ ਕਰਨਾ ਪਵੇਗਾ। ਚਾਹੇ ਕੋਈ ਕਿਸੇ ਪੁਲੀਟੀਕਲ ਪਾਰਟੀ ਦੇ ਨਾਲ ਸਬੰਧ ਰੱਖਦਾ ਹੋਵੇ, ਕਿਸੇ ਵਿਚਾਰਧਾਰਾ ਤੇ ਵਿਸ਼ਵਾਸ ਰੱਖਦਾ ਹੋਵੇ ਉਸ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਪਰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦੇ ਵਿਚ ਕੁਝ ਐਸੇ ਹਾਲਾਤ ਪੈਦਾ ਹੋ ਗਏ ਹਨ ਜਿਸ ਤਰ੍ਹਾਂ ਮੈਂ ਇਕ ਮਿਸਾਲ ਪਿਛਲੇ ਵਕਤਾਂ ਦੀ ਦੱਸਣਾ ਚਾਹੁੰਦਾ ਹਾਂ ਕਿ ਇਕ ਰਾਜਾ ਰਾਜ ਕਰਦਾ ਸੀ, ਉਹ ਬੜਾ ਅਯਾਸ਼ੀ ਸੀ ਅਤੇ ਉਹ ਆਪਣੇ ਐਯਾਸ਼ੀ ਦੇ ਕੰਮਾਂ ਵਿਚ ਰੁਝਾ ਰਹਿੰਦਾ ਸੀ, ਪਰਜਾ ਦੀ ਉਸ ਨੂੰ ਕੋਈ ਖਬਰ ਨਹੀਂ ਸੀ ਹੁੰਦੀ ਕਿ ਉਨ੍ਹਾਂ ਦਾ ਦੁੱਖ, ਦਰਦ ਅਤੇ ਸੁੱਖ, ਚੈਨ ਕੀ ਹੈ। ਉਸ ਨੇ ਆਪਣੇ ਅਹਿਲਕਾਰਾਂ ਨੂੰ ਹੁਕਮ ਦਿਤਾ

Original with;
Punjab Vidhan Sabha
Digitized by;
Panjab Digital Library

ਹੋਇਆ ਸੀ ਕਿ ਜਿਹੜਾ ਵੀ ਬੰਦਾ ਸਵੇਰੇ ਸ਼ਹਿਰ ਦੇ ਵਿਚ ਦਾਖਲ ਹੋਵੇ ਉਸ ਨੂੰ ਫਾਂਸੀ ਤੇ ਲਟਕਾ ਦਿੱਤਾ ਜਾਵੇ, ਉਸ ਦੇ ਗੱਲੇ ਵਿਚ ਫਾਂਸੀ ਦਾ ਫੰਦਾ ਪਾ ਦਿੱਤਾ ਜਾਵੇ। ਉਹ ਲੋਕਾਂ ਨੂੰ ਫਾਂਸੀ ਤੇ ਲਟਕਾ ਕੇ ਬੜਾ ਖੁਸ਼ ਹੁੰਦਾ ਸੀ। ਇਕ ਦਿਨ ਇਕ ਗਰੀਬ, ਦੁਬਲਾ ਪਤਲਾ ਅਤੇ ਕਮਜ਼ੋਰ ਆਦਮੀ ਸ਼ਹਿਰ ਵਿਚ ਸਵੇਰੇ ਦਾਖਲ ਹੋ ਗਿਆ। ਰਾਜੇ ਦੇ ਅਹਿਲਕਾਰਾਂ ਨੇ ਉਸ ਨੂੰ ਪਕੜ ਲਿਆ ਅਤੇ ਫਾਂਸੀ ਤੇ ਲਟਕਾਉਣ ਲਈ ਲੈ ਗਏ ਪਰ ਉਸ ਦੇ ਗੱਲੇ ਵਿਚ ਫਾਂਸੀ ਦਾ ਫੰਦਾ ਨਹੀਂ ਆਉਂਦਾ ਸੀ, ਉਹ ਅਹਿਲਕਾਰ ਰਾਜੇ ਕੋਲ ਗਏ ਅਤੇ ਕਹਿਣ ਲਗੇ ਕਿ ਮਹਾਰਾਜ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਗਈ ਹੈ ਕਿ ਉਸ ਆਦਮੀ ਦੇ ਗੱਲੇ ਵਿਚ ਫਾਂਸੀ ਦਾ ਫੰਦਾ ਨਹੀਂ ਆ ਰਿਹਾ ਤਾਂ ਰਾਜਾ ਕਹਿਣ ਲਗਾ ਠੀਕ ਹੈ। ਜਿਸ ਦੇ ਗਲੇ ਮੇਚ ਆਉਂਦਾ ਹੈ ਉਸ ਦੇ ਗਲੇ ਪਾ ਦਿੱਤਾ ਜਾਵੇ। (ਵਿਘਨ)

**ਪੰਡਿਤ ਸਰਵਣ ਰਾਮ** : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਪਿੱਛੇ ਇਤਨੇ ਕਤਲ ਹੋਏ ਔਰ ਇਨ੍ਹਾਂ ਦੀ ਪਾਰਟੀ ਕਾਤਲਾਂ ਦਾ ਖਿਆਲ ਰੱਖਦੀ ਹੈ, ਮਦਦ ਕਰਦੀ ਹੈ। ਕੀ ਇਨ੍ਹਾਂ ਨੇ ਕਦੇ ਕੋਈ ਪੁਲੀਟੀਕਲ ਮਤਾ ਪਾਸ ਕੀਤਾ ਹੈ ਕਿ ਇਹ ਗਲਤ ਕੰਮ ਹੋ ਰਿਹਾ ਹੈ? ਹੁਣ ਇਹ ਕਹਿੰਦੇ ਹਨ ਕਿ ਪੰਜਾਬ ਵਿਚ ਹਾਲਾਤ ਖਰਾਬ ਹੋ ਰਹੇ ਹਨ।

**ਸਰਦਾਰ ਨੱਥਾ ਸਿੰਘ ਦਾਲਮ** : ਡਿਪਟੀ ਸਪੀਕਰ ਸਾਹਿਬ, ਅਸੀਂ ਕਾਤਲਾਂ ਦੇ ਖਿਲਾਫ ਹਾਂ। ਤੁਸੀਂ ਅਸਲੀ ਮੁਜਰਮਾਂ ਨੂੰ ਪਕੜੋ ਅਸੀਂ ਤੁਹਾਡੇ ਰਸਤੇ ਵਿਚ ਰੁਕਾਵਟ ਨਹੀਂ ਬਣਾਂਗੇ ਪਰ ਤੁਹਾਡੀ ਪੁਲਿਸ ਕੀ ਕਰਦੀ ਹੈ ਕਿ ਉਨ੍ਹਾਂ ਨੂੰ ਅਸਲੀ ਕਾਤਲ ਤਾਂ ਮਿਲਦਾ ਨਹੀਂ ਹੈ ਉਹ ਬੇਗੁਨਾਹ ਲੋਕਾਂ ਨੂੰ ਪਕੜ ਰਹੀ ਹੈ ਅਤੇ ਉਨ੍ਹਾਂ ਨਾਲ ਜ਼ਿਆਦਤੀਆਂ ਕਰ ਰਹੀ ਹੈ। ਇਸ ਚੀਜ਼ ਨੂੰ ਬੰਦ ਕਰਨਾ ਚਾਹੀਦਾ ਹੈ। ਇਹ ਬਿਲਕੁਲ ਠੀਕ ਹੈ ਕਿ ਪੰਜਾਬ ਦੇ ਵਿਚ ਹਾਲਾਤ ਬਹੁਤ ਖਰਾਬ ਹਨ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ ਮੈਂ ਇਸ ਗਵਰਨਰ ਸਾਹਿਬ ਦੇ ਐਡਰਸ ਤੇ ਰੱਖੇ ਗਏ ਧੰਨਵਾਦ ਦੇ ਮਤੇ ਦਾ ਵਿਰੋਧ ਕਰਦਾ ਹਾਂ ਅਤੇ ਹਾਊਸ ਨੂੰ ਬੇਨਤੀ ਕਰਦਾ ਹਾਂ ਕੇ ਇਸ ਮਤੇ ਨੂੰ ਰੱਦ ਕਰ ਦਿੱਤਾ ਜਾਵੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**Mr. Deputy Speaker** : This is no Point of Order.

**ਸ਼੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਇਥੇ ਗਵਰਨਰ ਸਾਹਿਬ ਦੇ ਐਡਰਸ ਤੇ ਜੋ ਮਤਾ ਚੱਤਰਥ ਸਾਹਿਬ ਅਤੇ ਸਰਦਾਰ ਬੀਰਦਵਿੰਦਰ ਸਿੰਘ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਮਤੇ ਦੀ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਇਸ ਐਡਰਸ ਦੇ ਵਿਚ ਸਰਕਾਰ ਦੀਆਂ ਕਾਰਗੁਜ਼ਾ-ਰੀਆਂ ਪੇਸ਼ ਕੀਤੀਆਂ ਗਈਆਂ ਹਨ, ਮੈਂ ਇਸ ਐਡਰੈਸ ਦੀ ਸ਼ਲਾਘਾ ਕਰਦਾ ਹਾਂ। ਸਰਕਾਰ ਨੇ ਪੰਜਾਬ ਦੀ ਡਿਵੈਲਪਮੈਂਟ ਤੇ ਕਾਫੀ ਰੁਪਿਆ ਖਰਚ ਕੀਤਾ ਹੈ ਜਿਸ ਦਾ ਜ਼ਿਕਰ ਐਡਰਸ ਵਿਚ ਕੀਤਾ ਗਿਆ ਹੈ। ਪਿਛਲੇ ਸਨਿਚਰਵਾਰ ਨੂੰ ਸੈਂਟਰ ਦੀ ਸਰਕਾਰ ਨੇ ਆਪਣਾ ਬੜਾ ਅੱਛਾ ਬਜਟ ਪੇਸ਼ ਕੀਤਾ ਹੈ। ਮੈਂ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ। ਉਨ੍ਹਾਂ ਨੇ ਇਸ ਵਾਰ ਬੜਾ ਅੱਛਾ ਬਜ਼ਟ ਪੇਸ਼ ਕੀਤਾ ਹੈ (ਤਾੜੀਆਂ) ਅਪੋਜ਼ੀਸ਼ਨ ਦੇ ਸਾਥੀਆਂ ਨੇ ਪ੍ਰਾਈਮ ਮਨਿਸਟਰ ਸਾਹਿਬਾ ਦੇ 20 ਨੁਕਾਤੀ ਪ੍ਰੋਗਰਾਮ ਤੇ ਮਜ਼ਾਕ ਉਡਾਇਆ ਹੈ। ਇਸ ਪ੍ਰੋਗਰਾਮ ਦੇ ਬਾਰੇ ਗਵਰਨਰ ਐਡਰਸ ਵਿਚ ਜ਼ਿਕਰ ਕੀਤਾ ਗਿਆ ਹੈ। ਇਹ ਐਡਰਸ 20 ਨੁਕਾਤੀ ਪ੍ਰੋਗਰਾਮ ਤੇ ਬੇਸ ਕਰਦਾ ਹੈ ਅਤੇ ਖਾਸ ਕਰਕੇ ਦਿਹਾਤੀ ਇਲਾਕੇ ਦੇ ਵਿਕਾਸ ਲਈ ਕੰਮ ਕੀਤੇ ਜਾਣ ਤੇ ਜ਼ੋਰ ਦਿਤਾ ਹੈ। ਇਸ ਦੇ ਵਿਚ ਐਗਰੀਕਲਚਰ ਅਤੇ ਇੰਡਸਟਰੀ ਦੀ ਪ੍ਰੋਡੱਕਸ਼ਨ ਵਧਾਉਣ ਤੇ ਜ਼ੋਰ ਦਿਤਾ ਗਿਆ ਹੈ। ਰੂਰਲ ਇਲਾਕੇ ਦੀ ਤਰੱਕੀ ਤੇ ਪੈਸਾ ਖਰਚ ਕੀਤਾ ਜਾਣਾ ਹੈ। ਪਰ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੇ ਇਹ ਵੀ ਕਿਹਾ ਹੈ ਕਿ ...

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

There is only one magic to remove poverty and that is the hard work, clear sense of purpose and discipline. ਇਸ ਐਡਰਸ ਦੇ ਵਿਚ ਕਿਹਾ ਗਿਆ ਹੈ ਕਿ ਇਕ ਸਾਲ ਦੇ ਅੰਦਰ ਅੰਦਰ ਇਸ 20 ਨੁਕਾਤੀ ਪ੍ਰੋਗਰਾਮ ਨੂੰ ਕੰਪਲੀਟ ਕੀਤਾ ਜਾਵੇਗਾ। ਇਹ ਇਕ ਸ਼ਲਾਘਾਯੋਗ ਕਦਮ ਹੈ। ਇਸ 20 ਨੁਕਾਤੀ ਪ੍ਰੋਗਰਾਮ ਦੇ ਵਿਚ ਪੁਆਇੰਟ 1 ਤੋਂ 9 ਤਕ ਅਤੇ 11, 12, 15 ਪੁਆਇੰਟਸ ਸਾਰੇ ਰੂਰਲ ਏਰੀਆ ਦੇ ਵਿਕਾਸ ਲਈ ਹਨ ਅਤੇ ਇਸ ਤੇ ਪੈਸਾ ਖਰਚ ਹੋਣਾ ਹੈ। ਇਸ ਐਡਰਸ ਵਿਚ ਇਸ ਤਰ੍ਹਾਂ ਦੀਆਂ ਡਾਇਰੈਕਸ਼ਨਾਂ ਦਿਤੀਆਂ ਗਈਆਂ ਹਨ। ਇਹ ਬੜਾ ਹੀ ਸ਼ਲਾਘਾਯੋਗ ਸਟੈਪ ਹੈ ਕਿ ਦਿਹਾਤਾਂ ਵੱਲ ਬੜਾ ਹੀ ਧਿਆਨ ਦਿਤਾ ਗਿਆ ਹੈ। ਅਜ ਸਾਡੇ ਦਿਹਾਤੀ ਬੜੇ ਤਕੜੇ ਹੋ ਰਹੇ ਹਨ ਅਤੇ ਦਿਹਾਤਾਂ ਦੀ ਬੜੀ ਹੀ ਡਿਵੈਲਪਮੈਂਟ ਹੋ ਰਹੀ ਹੈ। (ਥੰਪਿੰਗ) ਸ਼ਹਿਰਾਂ ਤੇ ਜ਼ਿਆਦਾ ਟੈਕਸ ਲਗੇ ਹਨ। ਅਸੀਂ ਚਾਹੁੰਦੇ ਹਾਂ ਕਿ ਗਰੀਬੀ ਦੂਰ ਹੋਣੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਤੁਸੀਂ ਰਜ ਪੁਜ ਕੇ ਬੈਠ ਜਾਓ ਅਤੇ ਗਰੀਬਾਂ ਦਾ ਖਿਆਲ ਨਾ ਰਖਿਆ ਜਾਵੇ। ਡਿਪਟੀ ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਜਿਹੜਾ ਸ੍ਰੀਮਤੀ ਇੰਦਰਾ ਗਾਂਧੀ ਜੀ ਦਾ ਤੁਹਾਡੇ ਸਾਹਮਣੇ ਆਇਆ ਹੈ ਉਹ ਬੜਾ ਸ਼ਾਨਦਾਰ ਪ੍ਰੋਗਰਾਮ ਹੈ। ਸਾਡੇ ਗਵਰਨਰ ਸਾਹਿਬ ਨੇ ਦਸਿਆ ਹੈ ਕਿ ਇਸ ਦੀਆਂ ਬਹੁਤ ਸਾਰੀਆਂ ਸਕੀਮਾਂ ਸਿਰੇ ਚੜ੍ਹਾਈਆਂ ਜਾਣਗੀਆਂ। ਇਹ (ਆਪੋਜ਼ੀਸ਼ਨ ਪਾਰਟੀ ਵਲ ਇਸ਼ਾਰਾ) ਕਹਿੰਦੇ ਹਨ ਕਿ ਹਿੰਦੁਸਤਾਨ ਦੀ ਕੋਈ ਤਰੱਕੀ ਨਹੀਂ ਹੋਈ ਪਰ ਮੈਂ ਕਹਿੰਦਾ ਹਾਂ ਕਿ ਹਿੰਦੁਸਤਾਨ ਨੇ ਬਹੁਤ ਤਰੱਕੀ ਕੀਤੀ ਹੈ। ਜਿਹੜੀਆਂ ਫਿਗਰਜ਼ ਹਿੰਦੁਸਤਾਨ ਦੀਆਂ ਤੁਹਾਡੇ ਸਾਹਮਣੇ ਹਨ, ਉਸ ਮੁਤਾਬਿਕ 50 ਅਰਬ ਦੇ ਕਰੀਬ ਯਾਨੀ 5000 ਕਰੋੜ ਦੇ ਨੇੜੇ ਤੇੜੇ ਮਿਲਟਰੀ ਤੇ ਖਰਚ ਆ ਗਿਆ ਹੈ। ਕੀ ਇਹ ਪੈਸਾ ਰਸ਼ੀਆ ਜਾਂ ਅਮਰੀਕਾ ਤੋਂ ਲਿਆਂਦਾ ਗਿਆ ਹੈ ? ਇਹ ਸ੍ਰੀਮਤੀ ਗਾਂਧੀ ਜੀ ਨੇ ਮਿਹਨਤ ਕੀਤੀ, ਸਾਡੇ ਅਫਸਰਾਂ ਨੇ ਮਿਹਨਤ ਕੀਤੀ ਔਰ ਸਾਡੀ ਪਾਰਟੀ ਨੇ ਮਿਹਨਤ ਕੀਤੀ ਜਿਸ ਦੇ ਸਦਕੇ ਇਤਨਾ ਕੁਝ ਹੋਇਆ ਹੈ। ਸਾਡੇ ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਕੁਝ ਨਹੀਂ ਹੋਇਆ। ਮੈਂ, ਡਿਪਟੀ ਸਪੀਕਰ ਸਾਹਿਬ, ਮੰਨਦਾ ਹਾਂ ਕਿ ਤਿਨ ਸਾਲ ਸਾਹਮਣੇ ਬੈਠੇ ਭਰਾਵਾਂ ਨੇ ਥੋੜ੍ਹੀ ਬਹੁਤ ਮਿਹਨਤ ਕੀਤੀ ਸੀ। ਸਾਹਮਣੇ ਬੈਠੇ ਭਰਾ ਹੁਣ ਇਕੋ ਰਟ ਲਾਈ ਜਾਂਦੇ ਹਨ ਕਿ ਮੈਂ ਨਾ ਮਾਨੂੰ, ਮੈਂ ਨਾ ਮਾਨੂੰ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਹਿੰਦੁਸਤਾਨ ਨੇ ਬਹੁਤ ਤਰੱਕੀ ਕੀਤੀ ਹੈ, ਪੰਜਾਬ ਨੇ ਵੀ ਬਹੁਤ ਤਰੱਕੀ ਕੀਤੀ ਹੈ। ਪੰਜਾਬ ਵਿੱਚ ਕਿਸੇ ਚੀਜ਼ ਦੀ ਅਜ ਕਮੀ ਨਹੀਂ ਹੈ ਔਰ ਸਾਰਾ ਸਾਮਾਨ ਮਿਲਦਾ ਹੈ। ਥਰਮਲ ਪਲਾਂਟ ਬਠਿੰਡੇ ਲਗਾ ਹੋਇਆ ਹੈ। ਨੰਗਲ ਵਿਖੇ ਖਾਦ ਦੀ ਫੈਕਟਰੀ ਲਗੀ ਹੋਈ ਹੈ। ਹਿੰਦੁਸਤਾਨ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਕਰਕੇ ਹੀ ਲੋਕਾਂ ਨੇ ਮੁੜ ਸ੍ਰੀਮਤੀ ਇੰਦਰਾ ਗਾਂਧੀ ਜੀ ਨੂੰ ਪ੍ਰਾਈਮ ਮਨਿਸਟਰ ਬਣਾਇਆ ਹੈ। ਜਿਹੜੀ ਤਰੱਕੀ ਸ੍ਰੀਮਤੀ ਇੰਦਰਾ ਗਾਂਧੀ ਦੇ ਰਾਜ ਵਿਚ ਹਿੰਦੁਸਤਾਨ ਦੀ ਹੋਈ ਹੈ, ਉਹ ਕਦੀ ਵੀ ਨਹੀਂ ਹੋਈ। (ਥੰਪਿੰਗ)

**ਸਰਦਾਰ ਬਲਦੇਵ ਸਿੰਘ ਖਿਆਲਾ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਨੂੰ ਡਿਸਟਰਬ ਨਹੀਂ ਕੀਤਾ ਪਰ ਇਹ ਮੈਨੂੰ ਡਿਸਟਰਬ ਕਰ ਰਹੇ ਹਨ ਅਤੇ ਮੇਰਾ ਟਾਈਮ ਖਰਾਬ ਹੋ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਅੰਗਰੇਜ਼ ਭਾਰਤ ਵਿਚ ਆਏ ਤਾਂ ਉਸ ਵੇਲੇ ਹਿੰਦੁਸਤਾਨ ਸੋਨੇ ਦੀ ਚਿੜੀਆ ਹੁੰਦਾ ਸੀ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅੰਗਰੇਜ਼ਾਂ ਨੇ ਹਿੰਦੁਸਤਾਨ ਵਿੱਚ ਆ ਕੇ ਲੁੱਟ-ਘਸੁੱਟ ਕੀਤੀ। ਕੁਝ ਲੋਕ ਟਾਊਟ ਸਨ ਇਸ ਕਰਕੇ ਹਿੰਦੁਸਤਾਨ ਗਰੀਬ ਹੋ ਗਿਆ। ਹਿੰਦੁਸਤਾਨ ਵਿਚ ਅਨਪੜ੍ਹਤਾ ਆ ਗਈ। ਉਹ ਗੰਵਾਰ ਹੋ ਗਏ। ਡਿਪਟੀ ਸਪੀਕਰ ਸਾਹਿਬ, ਮੈਂ ਪਿੰਡ ਕੋਟਈਸੇਖਾਂ ਵਿੱਚ ਜੰਮਿਆਂ ਹਾਂ ਅਤੇ ਮੇਰੇ ਨਾਨਕੇ ਪਿੰਡ ਨਿਹਾਲ ਸਿੰਘ ਵਾਲਾ ਵਿਚ ਹਨ। ਸੋ ਮੈਂ ਅਰਜ਼ ਕਰ ਰਿਹਾ ਸੀ ਕਿ ਹਿੰਦੁਸਤਾਨ ਵਿਚ ਅਨਪੜ੍ਹਤਾ ਆ ਗਈ ਸੀ ਪਿੰਡਾਂ ਵਿਚ ਸੜਕਾਂ ਨਹੀਂ ਸਨ। ਪਿੰਡਾਂ ਵਿਚ ਐਜੂਕੇਸ਼ਨ ਨਹੀਂ ਸੀ। ਲੋਕਾਂ ਨੂੰ ਪਤਾ ਨਹੀਂ ਸੀ ਕਿ ਕਿਹੜੀ ਚੀਜ਼ ਕੀ ਹੁੰਦੀ ਹੈ ? ਇਸ ਬਾਰੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਛੋਟਾ ਜਿਹਾ ਲਤੀਫ਼ਾ ਸੁਣਾਉਣ ਲਗਾ ਹਾਂ।

**ਸ੍ਰੀ ਸੁਰਿੰਦਰ ਕਪੂਰ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਡਿਪਟੀ ਸਪੀਕਰ ਸਾਹਿਬ, ਮੈਂ ਲਤੀਫੇ ਦੀ ਗਲ ਕਰ ਰਿਹਾ ਸੀ। ਜਦੋਂ ਕੋਈ ਸੜਕ ਨਹੀਂ ਸੀ ਹੁੰਦੀ ਅਤੇ ਕੋਈ ਪਿੰਡ ਵਿਚੋਂ ਸ਼ਹਿਰ ਨਹੀਂ ਸੀ ਜਾਂਦਾ ਤਾਂ ਉਸ ਵੇਲੇ ਇੱਕ ਮੁੰਡੇ ਨੇ ਆਪਣੇ ਬਾਪ ਨੂੰ ਕਿਹਾ ਕਿ ਮੈਂ ਸ਼ਹਿਰ ਜਾਣਾ ਹੈ ਔਰ ਸ਼ਹਿਰ ਜਾਣ ਦੀ ਮੈਨੂੰ ਆਗਿਆ ਦਿਤੀ ਜਾਵੇ। ਮੁੰਡੇ ਦੇ ਬਾਪ ਨੇ ਕਿਹਾ ਕਿ ਤੂੰ ਸ਼ਹਿਰ ਚਲਾ ਜਾ ਪਰ ਸ਼ਹਿਰ ਵਿਚੋਂ ਕੋਈ ਚੀਜ਼ ਲੈ ਕੇ ਆਵੀਂ ਅਤੇ ਫਿਰ ਸਾਨੂੰ ਵੀ ਦਸੀਂ। ਉਹ ਮੁੰਡਾ ਸ਼ਹਿਰ ਚਲਾ ਗਿਆ। ਸਭ ਤੋਂ ਪਹਿਲਾਂ, ਡਿਪਟੀ ਸਪੀਕਰ ਸਾਹਿਬ, ਉਸ ਮੁੰਡੇ ਨੇ ਸ਼ਹਿਰ ਵਿਚ ਹਾਥੀ ਵੇਖਿਆ ਤਾਂ ਲੋਕਾਂ ਤੋਂ ਪੁੱਛਣ ਲਗਾ ਕਿ ਇਹ ਕੀ ਹੈ ? ਲੋਕਾਂ ਨੇ ਕਿਹਾ ਕਿ ਇਹ ਹਾਥੀ ਹੈ। ਮੁੰਡੇ ਨੇ ਹਾਥੀ, ਹਾਥੀ ਕਹਿਣਾ ਸ਼ੁਰੂ ਕਰ ਦਿਤਾ। ਉਸ ਤੋਂ ਬਾਅਦ ਮੁੰਡੇ ਨੇ ਰੇੜ੍ਹੀ ਦੀ ਦੁਕਾਨ ਤੇ ਅਮਰੂਦ ਵੇਖੇ ਤਾਂ ਪੁੱਛਣ ਲਗਾ ਕਿ ਇਹ ਕੀ ਚੀਜ਼ ਹੈ ? ਲੋਕਾਂ ਨੇ ਕਿਹਾ ਕਿ ਇਹ ਅਮਰੂਦ ਹਨ। ਉਹ ਮੁੰਡਾ ਅਮਰੂਦ, ਅਮਰੂਦ ਕਹਿਣ ਲਗਾ। ਫਿਰ ਉਹ ਮੁੰਡਾ ਪਿੰਡ ਵਾਪਿਸ ਆ ਗਿਆ। ਡਿਪਟੀ ਸਪੀਕਰ ਸਾਹਿਬ, ਦੋ ਤਿੰਨ ਦਿਨਾਂ ਬਾਅਦ ਇਕ ਹਾਥੀ ਪਿੰਡ ਵਿਚ ਆ ਗਿਆ ਤਾਂ ਲੋਕਾਂ ਨੇ ਕਿਹਾ ਕਿ ਬਲਾਓ ਉਸ ਮੁੰਡੇ ਨੂੰ ਅਤੇ ਉਸ ਨੂੰ ਪੁੱਛੋ ਕਿ ਇਹ ਕੀ ਹੈ ? ਮੁੰਡੇ ਨੂੰ ਸਦ ਲਿਆ ਗਿਆ। (ਹਾਸਾ) ਪਿੰਡ ਦੇ ਲੋਕੀ ਕਹਿਣ ਲਗੇ ਭਈ ਮੁੰਡਿਆ ਤੂੰ ਸ਼ਹਿਰ ਗਿਆ ਸੀ ਇਸ ਲਈ ਤੂੰ ਦੱਸ ਕਿ ਇਹ ਕੀ ਹੈ ? ਮੁੰਡਾ ਕਹਿਣ ਲਗਾ ਕਿ ਇਹ ਹਾਥੀ ਹੈ। ਲੋਕਾਂ ਨੇ ਕਿਹਾ ਕਿ ਇਹ ਹਾਥੀ ਨਹੀਂ ਹੋ ਸਕਦਾ ਤਾਂ ਫਿਰ ਮੁੰਡਾ ਝਟ ਬੋਲਿਆ ਕਿ ਜੇਕਰ ਇਹ ਹਾਥੀ ਨਹੀਂ ਹੈ ਤਾਂ ਅਮਰੂਦ ਹੋਣਾ ਹੈ। ਅੱਜ ਤੁਸੀਂ ਪਹਿਲੀ ਅਤੇ ਚੌਥੀ ਜਮਾਤ ਦੇ ਮੁੰਡੇ ਨੂੰ ਪੁੱਛੋ ਉਹ ਤੁਹਾਨੂੰ ਪੜ੍ਹਾਏਗਾ। ਇਹ ਅਕਲ ਕਿਥੋਂ ਆਈ ਹੈ ? ਅਜ ਡਿਪਟੀ ਸਪੀਕਰ ਸਾਹਿਬ, 40-45% ਦੇ ਕਰੀਬ ਲੋਕ ਪੜ੍ਹੇ ਲਿਖੇ ਹਨ। ਸਾਡੇ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਐਜੂਕੇਸ਼ਨ ਵਿਚ ਅਸੀਂ ਬਹੁਤ ਤਰੱਕੀ ਕੀਤੀ ਹੈ। ਜਿਨ੍ਹਾਂ ਲੋਕਾਂ ਕੋਲ ਪਹਿਲਾਂ 2-2 ਕਿਲੇ ਭੌਂ ਹੁੰਦੀ ਸੀ, ਅਜ ਉਨ੍ਹਾਂ ਕੋਲ 2,000, 2,000 ਕਿਲੇ ਭੌਂ ਹੋ ਚੁੱਕੀ ਹੈ। ਅਰਬਾਂ ਰੁਪਏ ਦੇ ਕਾਰਖਾਨੇ ਲਗ ਚੁੱਕੇ ਹਨ। ਬਲੈਕ ਮਨੀ ਵੀ ਆ ਗਈ ਹੈ। ਇਹ ਸਭ ਕੁਝ ਅਕਲ ਦੇ ਨਾਲ ਹੀ ਹੋਇਆ ਹੈ। ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਕੋਈ ਤਰੱਕੀ ਨਹੀਂ ਕੀਤੀ। ਡਿਪਟੀ ਸਪੀਕਰ ਸਾਹਿਬ ਪਹਿਲਾਂ ਪਿੰਡਾਂ ਦੇ ਮੁੰਡਿਆਂ ਨੇ ਕਮੀਜ਼ ਅਤੇ ਕੱਛਾ ਪਾਇਆ ਹੁੰਦਾ ਸੀ ਪਰ ਅਜ ਉਹੀ ਪਿੰਡਾਂ ਦੇ ਮੁੰਡਿਆਂ ਦੇ 12,00 ਰੁਪਏ ਦਾ ਗਰਮ ਸੂਟ ਪਾਇਆ ਹੁੰਦਾ ਹੈ। ਸਾਡੀ ਸਰਕਾਰ ਜੋ ਕਿ ਪੁਰਜ਼ੋਰ ਤਰੀਕੇ ਨਾਲ 20-ਨੁਕਾਤੀ ਪ੍ਰੋਗਰਾਮ ਤੇ ਅਮਲ ਸ਼ੁਰੂ ਕਰਾਉਣ ਲਗੀ ਹੈ ਉਸ ਲਈ ਅਸੀਂ ਇਨ੍ਹਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਨੂੰ ਵਧਾਈ ਦਿੰਦੇ ਹਾਂ ਅਤੇ ਪ੍ਰਾਰਥਨਾ ਕਰਦੇ ਹਾਂ ਕਿ ਇਹ ਕਾਮਯਾਬ ਹੋਣ। (ਘੰਟੀ) ਗਵਰਨਰ ਸਾਹਿਬ ਨੇ ਕਿਹਾ ਹੈ :—

"In the recent past, certain anti-national forces tried to destabilize the law and order situation in the State and create communal and religious tension. My Government has taken prompt and effective action by identifying and arresting those who tried to disturb law and order."

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਜਿੰਨੀ ਕੋਸ਼ਿਸ਼ ਕੀਤੀ ਹੈ ਉਹ ਸਰ੍ਹਾਨਾਯੋਗ ਹੈ। ਜਦੋਂ ਆਦਮੀ ਆਈਡੈਂਟੀਫਾਈ ਹੋ ਜਾਏ ਤਾਂ ਉਸ ਦਾ ਪਕੜਿਆ ਜਾਣਾ ਆਸਾਨ ਹੋ ਜਾਂਦਾ ਹੈ। ਜੋ ਆਦਮੀ ਆਈਡੈਂਟੀਫਾਈ ਹੋ ਜਾਏ ਤਾਂ ਪੁਲਿਸ ਉਸ ਦੇ ਖਾਨਦਾਨ ਦਾ ਬੀਜ ਨਾਸ਼ ਕਰ ਦਿੰਦੀ ਹੈ। ਪਰ ਪਤਾ ਨਹੀਂ ਕਿਉਂ ਸਾਡੀ ਸਰਕਾਰ ਨਰਮਾਈ ਵਰਤ ਰਹੀ ਹੈ। 1977 ਵਿਚ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ, ਉਦੋਂ ਇਹ ਬੀਮਾਰੀ ਸ਼ੁਰੂ ਹੋਈ ਸੀ। ਤੁਸੀਂ ਸਾਨੂੰ ਕਹੀ ਜਾਂਦੇ ਹੋ ਕਿ ਦਲ ਖਾਲਸਾ ਕਾਂਗਰਸ ਨੇ ਤਿਆਰ ਕੀਤਾ ਹੈ। ਜੇਕਰ ਦਲ ਖਾਲਸਾ ਸਾਡਾ ਹੋਵੇ ਤਾਂ ਇਹ ਗੋਲੀਆਂ ਸਾਡੇ ਕਿਉਂ ਮਾਰਨ। ਫਿਰ ਤਾਂ ਇਸ ਨੂੰ ਗੋਲੀਆਂ ਤੁਹਾਨੂੰ ਮਾਰਨੀਆਂ ਚਾਹੀਦੀਆਂ ਹਨ। ਇਹ ਬੀਮਾਰੀ ਬਾਦਲ ਸਾਹਿਬ ਦੇ ਰਾਜ ਵਿਚ ਸ਼ੁਰੂ ਹੋਈ ਜਦੋਂ ਇਨ੍ਹਾਂ ਨੇ ਆਨੰਦਪੁਰ ਸਾਹਿਬ ਦਾ ਰੈਜ਼ੂਲਿਊਸ਼ਨ ਪਾਸ ਕੀਤਾ ਸੀ। ਇਸ ਵਿਚੋਂ ਖਾਲਿਸਤਾਨ ਦੀ ਝਲਕ ਆਉਂਦੀ ਸੀ। ਫਿਰ ਲੁਧਿਆਣਾ ਵਿਚ ਰੈਜ਼ੋਲਿਊਸ਼ਨ ਪਾਸ ਕੀਤਾ ਗਿਆ। ਉਸ ਤੋਂ ਕਲੀਅਰ ਹੋ ਗਿਆ ਸੀ ਕਿ ਇਹ ਕਿਸ ਕਿਸਮ ਦਾ ਰਾਜ ਚਾਹੁੰਦੇ ਹਨ। ਇਹ ਉਹ ਰਾਜ ਚਾਹੁੰਦੇ ਹਨ ਜਿਥੇ ਸਿੱਖ ਰਾਜ ਕਰਦੇ ਹੋਣ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਣ ਕੌਣ ਰਾਜ ਕਰ ਰਿਹਾ ਹੈ ? ਹੁਣ ਵੀ ਤਾਂ ਇਕ ਸਿੱਖ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ ਜੋ ਕਿ ਸਾਨੂੰ ਸਾਹ ਨਹੀਂ ਲੈਣ ਦਿੰਦੀ (ਥੈਂਪਿੰਗ) (ਆਵਾਜ਼ : ਇਹ ਬਿਲਕੁਲ ਠੀਕ ਹੈ) ਹੁਣ ਤੁਸੀਂ ਕੀ ਚਾਹੁੰਦੇ ਹੋ ? ਅਜ ਇਥੇ ਸਿੱਖ ਡਾਮੀਨੇਟ ਕਰ ਰਿਹਾ ਹੈ। ਅੱਜ ਕੈਪੀਟਲ ਹੈਡਕੁਆਰਟਰ ਤੇ, ਡਿਵੀਜ਼ਨ ਪੱਧਰ ਤੇ, ਡਿਸਟ੍ਰਿਕਟ ਪੱਧਰ ਤੇ, ਤਹਿਸੀਲ ਪੱਧਰ ਤੇ ਔਰ ਦਿਹਾਤ ਪੱਧਰ ਤੇ, ਹਰ ਜਗ੍ਹਾ ਅੱਜ ਸਿੱਖ ਡਾਮੀਨੇਟ ਕਰ ਰਿਹਾ ਹੈ। ਅੱਜ ਅਕਾਲੀ ਦਲ ਆਪਣਾ ਰਾਜ ਗਵਾ ਬੈਠਾ ਹੈ (ਵਿਘਨ) ਅੱਜ ਸਾਡਾ ਰਾਜ ਹੈ। ਸਾਡਾ ਚੀਫ ਮਨਿਸਟਰ ਹੈ ਜਿਸ ਨੂੰ ਅਸੀਂ ਆਪ ਬਣਾਇਆ ਹੈ। ਅਸੀਂ ਉਨ੍ਹਾਂ ਨਾਲ ਗਲ ਕਰ ਸਕਦੇ ਹਾਂ। ਬਾਦਲ ਸਾਹਿਬ ਦੀ ਸਾਰੀ ਤਕਰੀਰ ਮੈਂ ਏ ਟੂ ਜ਼ੈਡ ਸੁਣੀ ਹੈ।

**ਸ੍ਰੀ ਡਿਪਟੀ ਸਪੀਕਰ** : ਹੁਣ ਤੁਸੀਂ ਵਾਈਂਡ ਅਪ ਕਰੋ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਫਿਰ ਤਾਂ ਸਵਾਦ ਨਹੀਂ ਆਉਣਾ। ਮੈਂ ਆਨਰੇਬਲ ਬਾਦਲ ਸਾਹਿਬ ਦੀ ਸਾਰੀ ਤਕਰੀਰ ਸੁਣੀ ਹੈ। ਇਨ੍ਹਾਂ ਨੇ ਦਹਿਸ਼ਤ ਪਸੰਦ ਦੇ ਖਿਲਾਫ ਇਕ ਲਫਜ਼ ਵੀ ਨਹੀਂ ਕਿਹਾ ਹੈ। ਇਨ੍ਹਾਂ ਨੇ ਦਹਿਸ਼ਤ ਪਸੰਦਾਂ ਨੂੰ ਕੰਡੈਮ ਨਹੀਂ ਕੀਤਾ ਬਲਕਿ ਤਰੀਕੇ ਨਾਲ ਉਨ੍ਹਾਂ ਨੂੰ ਐਨਕਰੇਜ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਿਰੰਕਾਰੀਆਂ ਔਰ ਭਿੰਡਰਾਂ ਵਾਲੇ ਦੇ ਹਾਈ ਕੋਰਟ ਦੇ ਵਿਚੋਂ ਵਿਦਡਰਾਅਲ ਕੇਸ ਬਾਰੇ ਤੁਹਾਨੂੰ ਪਤਾ ਹੀ ਹੈ ਉਨ੍ਹਾਂ ਦੇ ਸਾਥੀ ਕਤਲ ਹੋਏ, ਬੜਾ ਦੁੱਖ ਹੈ। ਕਈ ਜਿਹੜੇ, ਹਮਲਾ ਕਰਨ ਉਥੇ ਭੀੜ ਭੜੱਤ ਹੋ ਗਏ ਅਤੇ ਆਪਸ ਵਿਚ ਮਰ ਗਏ। ਮੈਂ ਉਦੋਂ ਵੀ ਕਿਹਾ ਸੀ ਕਿ ਬਾਦਲ ਸਾਹਿਬ ਇਹ ਜ਼ਿਆਦਤੀ ਹੋਈ ਸੀ। ਉਹ ਉਥੇ ਗਏ ਸੀ। ਇਹ ਉਨ੍ਹਾਂ ਦਾ ਹੱਕ ਨਹੀਂ ਸੀ ਉਥੇ ਜਾਣ ਦਾ। ਪਰ ਫੇਰ ਵੀ ਝੂਠੇ ਮੁਕੱਦਮੇ ਨਹੀਂ ਬਣਾਉਣੇ ਚਾਹੀਦੇ ਔਰ ਇਨਕੁਆਇਰੀ ਥਾਰੋ ਹੋਣੀ ਚਾਹੀਦੀ ਹੈ। ਸੈਸ਼ਨ ਜੱਜ ਜੋ ਕਿ ਬੜਾ ਇਮਾਨਦਾਰ ਸੀ, ਉਸ ਨੇ ਫੈਸਲਾ ਦੇ ਦਿੱਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ

Original with;
Punjab Vidhan Sabha
Digitized by;
Panjab Digital Library

ਕੇਸ ਵਾਪਿਸ ਲੈ ਲਓ। ਹਾਈ ਕੋਰਟ ਵਿਚੋਂ ਕਿੰਨੇ ਮੁੰਡਿਆਂ ਨਾਲ ਬੇ-ਇਨਸਾਫੀ ਹੋਈ ਹੈ। ਪਰ ਇਸ ਦਾ ਇਹ ਫੈਸਲਾ ਨਹੀਂ ਹੋਣਾ ਚਾਹੀਦਾ ਕਿ ਗੋਲੀਆਂ ਨਾਲ ਮਾਰ ਦਿਓ। ਇਹ ਫੋਰਮ ਹੈ, ਇਥੇ ਜੋ ਚਾਹੁੰਦੇ ਹੋ ਕਹਿ ਲਓ। ਪਰ ਇਨ੍ਹਾਂ ਕੋਲ ਉਸ ਦਾ ਜਵਾਬ ਇਹੀ ਹੈ ਕਿ ਗੋਲੀਆਂ ਨਾਲ ਮਾਰ ਦਿਓ। ਸਵਰਗੀਆ ਲਾਲਾ ਜਗਤ ਨਰਾਇਣ ਨੂੰ ਇਨ੍ਹਾਂ ਨੇ ਸ਼ਰਧਾਂਜਲੀ ਬੜੇ ਸੋਹਣੇ ਤਰੀਕੇ ਨਾਲ ਦਿਤੀ ਹੈ ਪਰ ਜਿਸ ਨੇ ਗੋਲੀ ਨਾਲ ਇਨ੍ਹਾਂ ਨੂੰ ਉੜਾ ਦਿੱਤਾ ਉਸ ਦੇ ਖਿਲਾਫ ਇੱਕ ਲਫਜ਼ ਵੀ ਇਨ੍ਹਾਂ ਨੇ ਨਹੀਂ ਕਿਹਾ। ਇਹ ਇਥੇ ਜੋ ਦਹਿਸ਼ਤ ਫੈਲਾਈ ਜਾ ਰਹੀ ਹੈ, ਸ਼ਹਿਰ ਦੇ ਵੋਟਰ ਨੇ ਤੁਹਾਨੂੰ ਬਿਲਕੁਲ ਇਗਨੋਰ ਕਰ ਦਿੱਤਾ ਹੈ, ਚਾਹੇ ਸਾਡਾ ਕੰਮ ਚੰਗਾ ਹੈ ਜਾਂ ਨਹੀਂ। ਇਨ੍ਹਾਂ ਨੇ ਤੁਹਾਨੂੰ ਕੋਈ ਵੋਟ ਨਹੀ ਪਾਉਣੀ।

**ਸ਼੍ਰੀ ਡਿਪਟੀ ਸਪੀਕਰ:** ਵਾਈਂਡ ਅਪ ਕਰੋ ਜੀ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਮੈਂ ਪੰਜ ਮਿੰਟ ਹੋਰ ਲੈਣੇ ਹਨ। ਤੁਸੀਂ ਮੈਨੂੰ ਡਿਸਟ੍ਰਬ ਨਾ ਕਰੋ। ਨਹੀਂ ਤਾਂ ਮੈ ਭੁੱਲ ਜਾਂਦਾ ਹਾਂ। ਮੇਰੀ ਅਰਜ਼ ਇਹ ਹੈ ਕਿ ਐਨਾ ਕੁਝ ਇਥੇ ਹੋ ਰਿਹਾ ਹੈ ਪਰ ਇਨ੍ਹਾਂ ਨੂੰ ਇਹ ਸਭ ਕੁਝ ਭੁਲਿਆ ਹੋਇਆ ਹੈ ਕਿ ਇਥੇ ਤਰੱਕੀ ਦੇ ਕੀ ਕੰਮ ਹੋ ਰਹੇ ਹਨ। ਗੁਰੂ ਸਾਡੇ ਹਨ, ਇਨ੍ਹਾਂ ਨੂੰ ਅਸੀਂ ਪੂਜਦੇ ਹਾਂ ਔਰ ਇਨ੍ਹਾਂ ਦੀਆਂ ਤਸਵੀਰਾਂ ਸਾਡੇ ਘਰਾਂ ਵਿਚ ਲੱਗੀਆਂ ਹੋਈਆਂ ਹਨ। ਹੁਣ ਮੈਂ ਇੱਕ ਸ਼ੇਅਰ ਤੁਹਾਡੀ ਭੇਂਟ ਕਰਦਾ ਹਾਂ:

> 'ਕਰੂ ਮੈਂ ਦੁਸ਼ਮਨੀ ਕਿਸ ਸੇ ਕੋਈ ਦੁਸ਼ਮਨ ਭੀ ਹੋ ਆਪਣਾ,
> ਮੁਹੱਬਤ ਨੇ ਨਹੀਂ ਦਿਲ ਮੇਂ ਜਗ੍ਹਾ ਛੋੜੀ ਅਦਾਵਤ ਕੀ।'

ਤੁਸੀਂ ਐਵੇਂ ਸਾਡੇ ਤੇ ਇਲਜ਼ਾਮ ਲਗਾਈ ਜਾਂਦੇ ਹੋ। ਇਸ ਤਰ੍ਹਾਂ ਦੇ ਕੰਮ ਸਾਰੀ ਜ਼ਿੰਦਗੀ ਵਿਚ ਨਹੀਂ ਹੋਏ ਔਰ ਇਸ ਗਲ ਦੀ ਹਿਸਟਰੀ ਗਵਾਹ ਹੈ।

**ਇੱਕ ਆਵਾਜ਼:** ਪਾਕਿਸਤਾਨ ਦੀ ਜਦੋਂ ਜੰਗ ਹੋਈ ਸੀ ਉਦੋਂ ਅਸੀਂ ਤੁਹਾਡੇ ਨਾਲ ਰਹੇ ਹਾਂ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ:** 1947 ਵਿਚ ਮੈਂ ਲਾਹੌਰ ਸੀ। ਉਸ ਵੇਲੇ ਸਵਰਗੀਆ ਮਾਸਟਰ ਤਾਰਾ ਸਿੰਘ ਜੀ ਜਲੂਸ ਦੀ ਅਗਵਾਈ ਕਰ ਰਹੇ ਸਨ ਉਸ ਜਲੂਸ ਵਿਚ ਮੈਂ ਵੀ ਸ਼ਾਮਲ ਸੀ। ਉਹ ਜਲੂਸ ਨੂੰ ਲੈ ਕੇ ਅਸੈਂਬਲੀ ਵਿਚ ਗਏ। ਅਸੀਂ ਵੀ ਸ਼ੋਰ ਪਾਇਆ ਕਿ ਮੁਲਕ ਦੀ ਤਕਸੀਮ ਨਹੀਂ ਹੋਣੀ ਚਾਹੀਦੀ। ਓਥੇ ਇਕ ਦਿਨ ਰੌਲਾ ਪਿਆ ਔਰ ਉਨ੍ਹਾਂ ਨੇ ਪਿਸ਼ਾਵਰ ਦਾ ਸਾਰਾ ਇਲਾਕਾ ਉਜਾੜ ਕੇ ਰਖ ਦਿਤਾ। ਅਜ ਸਾਰੇ ਅਸੀਂ ਇਧਰ ਬੈਠੇ ਹਾਂ ਔਰ ਸਰਕਾਰ ਦੀ ਮਦਦ ਨਾਲ ਮੁੜ ਕੇ ਰੀਹੈਬਲੀਟੇਟ ਹੋਏ ਹਾਂ। (ਘੰਟੀ)

ਮੈਂ ਇਕ ਦੋ ਗੱਲਾਂ ਹੋਰ ਇਨ੍ਹਾਂ ਆਪਣੇ ਦੋਸਤਾਂ ਨੂੰ ਕਹਿਣੀਆਂ ਹਨ। ਰੋਜ਼ ਕਤਲੇਆਮ ਹੋ ਰਹੇ ਹਨ। ਪਹਿਲਾਂ ਤਾਂ ਮੋਟਰ ਸਾਈਕਲ ਤੇ ਚੜ੍ਹ ਕੇ ਕਤਲ ਕੀਤੇ ਜਾਂਦੇ ਸਨ ਪਰ ਹੁਣ ਤਾਂ ਸਾਈਕਲ ਤੇ ਚੜ੍ਹਕੇ ਕਤਲ ਹੋ ਰਹੇ ਹਨ। ਮੈਂ ਇਨ੍ਹਾਂ ਆਪੋਜੀਸ਼ਨ ਵਾਲੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮਿਹਰਬਾਨੀ ਕਰਕੇ ਸਾਡੇ ਨਾਲ ਬੇਸ਼ੱਕ ਲੜਾਈ ਕਰੋ, ਐਜੀਟੇਸ਼ਨ ਕਰੋ ਪਰ ਇਹ ਜਿਹੜਾ ਭਰਾ ਦਾ ਭਰਾ ਕਤਲ ਕਰ ਰਿਹਾ ਹੈ ਇਸ ਨੂੰ ਬੰਦ ਕਰੋ। ਬੜੀ ਅਨਾਰਕੀ ਫੈਲੀ ਹੋਈ ਹੈ।

**Mr. Deputy Speaker**: Please wind up.

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਮੈਂ ਪੰਜ ਮਿੰਟਾਂ ਵਿਚ ਵਾਈਂਡ ਅਪ ਕਰ ਦਿਆਂਗਾ ਜੀ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਨੇ ਮੋਟਰ ਸਾਈਕਲ ਤੇ ਦੋ ਆਦਮੀ ਬੈਠਣੇ ਬੰਦ ਕਰ ਦਿੱਤੇ ਹਨ। ਐਨਾ ਕੁਝ ਕਰਨ ਦੇ ਬਾਵਜੂਦ ਵੀ ਅਜੇ ਤਕ ਕੋਈ ਕਾਤਲ ਨਹੀਂ ਫੜਿਆ ਗਿਆ। ਨਾ ਹੀ ਕੋਈ ਮੋਟਰ ਸਾਈਕਲ ਚੋਰੀ ਦਾ ਫੜਿਆ ਗਿਆ ਹੈ। ਜਿਸ ਤਰ੍ਹਾਂ ਪੁਲਿਸ ਵਾਲੇ ਕਰਦੇ ਹਨ ਮੈਂ ਐਸ, ਐਸ, ਪੀ. ਦੇ ਨੋਟਿਸ ਵਿਚ ਵੀ ਲਿਆਂਦਾ ਅਤੇ ਆਪਣੇ ਸਾਥੀਆਂ ਦੇ ਵੀ ਨੋਟਿਸ ਵਿੱਚ ਲਿਆਂਦਾ। ਹੁਣ ਤਾਂ ਕਤਲ ਸਾਈਕਲਾਂ ਤੇ ਹੋ ਰਹੇ ਹਨ । (ਵਿਘਨ) ਇਹ ਜਿਹੜੀ ਮੋਟਰ ਸਾਈਕਲ ਤੇ ਦੋ ਆਦਮੀ ਬੈਠਣ ਬੰਦ ਕੀਤੇ ਗਏ ਹਨ ਇਸ ਗੱਲ ਤੋਂ ਲੋਕੀਂ ਸਾਨੂੰ ਬਹੁਤ ਹੀ ਬੁਰੇ ਲਵਜ਼ ਕਹਿੰਦੇ ਹਨ ਜੋ ਕਿ ਮੈਂ ਇਥੇ ਬਿਆਨ ਨਹੀਂ ਕਰ ਸਕਦਾ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਆਰਡਰ ਹੈ ਇਸ ਨੂੰ ਬੰਦ ਕੀਤਾ ਜਾਵੇ ਕਿਉਂਕਿ ਉਸ ਦੇ ਚਲਾਉਣ ਲਈ ਲਾਈਸੈਂਸ ਮਿਲਦਾ ਹੈ ਅਤੇ ਫਿਰ ਉਸ ਉਤੇ ਦੋ ਜਣੇ ਸਵਾਰੀ ਕਰ ਸਕਦੇ ਹਨ ਪਰ ਸਰਕਾਰ ਨੇ ਆਪਣੇ ਹੁਕਮ ਨਾਲ ਦੋ ਜਣਿਆਂ ਦੇ ਬੈਠਣ ਤੇ ਪਾਬੰਦੀ ਲਗਾਈ ਹੋਈ ਹੈ। ਖੈਰ ਮੈਂ ਜ਼ਿਆਦਾ ਡਿਸ-ਪਿਊਟ ਵਿੱਚ ਨਹੀਂ ਜਾਣਾ ਚਾਹੁੰਦਾ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਇਹ ਜ਼ਿਆਦਤੀ ਹੈ, ਇਹ ਹਾਰਡਸ਼ਿਪ ਹੈ ਖਾਸ ਕਰਕੇ ਸ਼ਹਿਰੀ ਲੋਕਾਂ ਤੇ, ਇਸ ਨੂੰ ਬੰਦ ਕੀਤਾ ਜਾਵੇ।

**ਕਾਮਰੇਡ ਸ਼ੱਘੜ ਸਿੰਘ:** ਅਜੇ ਵੀ ਮੋਟਰ ਸਾਈਕਲ ਤੇ 3 ਜਣੇ ਚੜ੍ਹੀ ਫਿਰਦੇ ਹਨ ਅਤੇ 3 ਜਣੇ ਚੜ੍ਹੇ ਹੋਇਆਂ ਤੋਂ ਚੀਮੇ ਦਾ ਐਕਸੀਡੈਂਟ ਹੋਇਆ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਹੁਣ ਮੈਂ ਬਿਜਲੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਅਸੀਂ ਸਰਕਾਰ ਨੂੰ ਇਜਾਜ਼ਤ ਦੇ ਦਿੱਤੀ ਕਿ ਉਹ ਬਿਜਲੀ ਦੇ ਰੇਟ ਰਿਵਾਈਜ਼ ਕਰੇ। ਪਹਿਲਾਂ ਸ਼ਹਿਰਾਂ ਵਿਚ ਬਿਜਲੀ ਦਾ ਰੇਟ 34 ਪੈਸੇ ਸੀ ਪਰ ਜਦੋਂ ਅਸੀਂ ਸਰਕਾਰ ਨੂੰ ਬਿਜਲੀ ਦੇ ਰੇਟ ਰਿਵਾਈਜ਼ ਕਰਨ ਦੀ ਪਾਵਰ ਦੇ ਦਿਤੀ ਤਾਂ ਉਸ ਦੇ ਬਾਅਦ ਅੱਜ ਇਹ ਰੇਟ 78 ਪੈਸੇ ਹੋ ਗਿਆ ਹੈ। ਅੱਜ ਇੰਡਸਟਰੀ ਦੇ ਕੁਨੈਕਸ਼ਨ 3 ਅਰਬ ਦੇ ਕਰੀਬ ਹਨ। ਇੰਡਸਟਰੀ ਨੂੰ ਬਿਜਲੀ ਜਿਹੜੀ ਦਿਤੀ ਜਾਂਦੀ ਹੈ ਉਸ ਦਾ ਜਿਹੜਾ ਰੇਟ 78 ਪੈਸੇ ਪਰ ਯੂਨਿਟ ਕੀਤਾ ਹੈ ਅਗਰ ਇਹ ਰੇਟ 34 ਪੈਸੇ ਦੀ ਬਜਾਏ 40 ਪੈਸੇ ਕਰ ਦਿੰਦੇ ਜਾਂ 50 ਪੈਸੇ ਕਰ ਦਿੰਦੇ ਅਤੇ ਜਾਂ ਨਾਲ ਦੀਆਂ ਸਟੇਟਾਂ ਦੇ ਬਰਾਬਰ ਕਰ ਦਿੰਦੇ ਤਾਂ ਉਹ ਲੋਕ ਤੁਹਾਨੂੰ ਦੁਆ ਦਿੰਦੇ । ਜੇ ਹੁਣ ਵੀ ਇਸ ਤਰ੍ਹਾਂ ਕਰ ਦਿੱਤਾ ਜਾਵੇ ਤਾਂ ਉਹ ਤਹਾਨੂੰ ਦੁਆ ਦੇਣਗੇ। ਬਿਜਲੀ ਦਾ ਉਨ੍ਹਾਂ ਲੋਕਾਂ ਤੇ ਬਹੁਤ ਬੋਝ ਪੈ ਗਿਆ ਹੈ। ਇਸ ਬਾਰੇ ਗਵਰਨਰ ਐਡਰੈਸ ਵਿਚ ਜ਼ਿਕਰ ਨਹੀਂ ਸੀ ਜਿਸ ਕਰਕੇ ਮੈਂ ਗੱਲ ਕੀਤੀ ਹੈ। ਡਿਪਟੀ ਸਪੀਕਰ ਸਾਹਿਬ, ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜ਼ਿਮੀਦਾਰ ਭਰਾਵਾਂ ਨੂੰ ਅਸੀਂ ਫਲੈਟ ਰੇਟ ਤੇ ਬਿਜਲੀ ਦੇ ਰਹੇ ਹਾਂ। ਅਤੇ ਇਹ 10-11 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ। ਉਥੇ ਚੋਰੀ ਬਹੁਤ ਹੁੰਦੀ ਹੈ। ਜਿੰਨੀ ਸ਼ਹਿਰਾਂ ਵਿਚ ਬਿਜਲੀ ਦੀ ਚੋਰੀ ਹੁੰਦੀ ਹੈ ਜਾਂ ਪਿੰਡਾਂ ਵਿਚ ਬਿਜਲੀ ਦੀ ਚੋਰੀ ਹੁੰਦੀ ਹੈ ਉਹ ਇਸ ਖਾਤੇ ਵਿਚ ਪਾ ਦਿੱਤੀ ਜਾਂਦੀ ਹੈ। (ਵਿਘਨ) ਬੋਰਡ ਵਾਲੇ ਕਹਿੰਦੇ ਹਨ ਕਿ ਪਿੰਡਾਂ ਵਿਚ ਬਿਜਲੀ ਦੀ ਚੋਰੀ ਹੁੰਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਕਮ-ਅਜ਼-ਕਮ ਰੇਟ ਫਿਕਸ ਕਰਕੇ, 9 ਪੈਸੇ ਜਾਂ 10 ਪੈਸੇ ਪਰ ਯੂਨਿਟ ਰੇਟ ਫਿਕਸ ਕਰਕੇ, ਮੀਟਰ ਲਾ ਦਿਓ ਤਾਂ ਕਿ ਜਿਹੜਾ ਚੋਰੀ ਦਾ ਬਹਾਨਾ ਹੈ ਉਹ ਸਾਰਾ ਖਤਮ ਹੋ ਜਾਵੇ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਤਹਾਡਾ ਸ਼ੁਕਰੀਆਂ ਅਦਾ ਕਰਦਾ ਹਾਂ (ਥੰਪਿੰਗ)।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ.ਸੀ): ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜੋ ਭਾਸ਼ਣ ਦਿਤਾ ਹੈ ਮੈਂ ਉਸ ਦੀ ਵਿਰੋਧਤਾ ਕਰਨ ਲਈ ਖੜ੍ਹਾ ਹੋਇਆ ਹਾਂ, ਕਿਉਂਕਿ ਜੋ ਗਵਰਨਰ ਦਾ

Original with;
Punjab Vidhan Sabha
Digitized by;
Panjab Digital Library

ਭਾਸ਼ਣ ਹੁੰਦਾ ਹੈ ਉਹ ਸਰਕਾਰ ਦੇ ਪਿੱਛਲੇ ਕੰਮਾ ਦਾ ਲੇਖਾ ਜੋਖਾ ਹੁੰਦਾ ਹੈ ਪਰ ਇਸ ਗਵਰਨਰ ਦੇ ਐਡਰੈਸ ਵਿੱਚ ਹਕੀਕਤ ਤੋਂ ਉਲਟ ਗਲਾਂ ਕੀਤੀਆਂ ਗਈਆਂ ਹਨ ਅਤੇ ਹਕੀਕਤ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਪਿਛਲੇ ਭਾਸ਼ਣ ਨਾਲੋਂ ਇਹ ਭਾਸ਼ਣ ਕੋਈ ਵੱਖਰਾ ਨਹੀਂ ਹੈ ਸਿਰਫ ਅੰਕੜਿਆਂ ਦੀ ਰੱਦੋ ਬਦਲ ਕਰਕੇ ਤੁਹਾਡੇ ਸਾਹਮਣੇ ਇਥੇ ਪੇਸ਼ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਕ ਅਹਿਮ ਗੱਲ ਜਿਹੜੀ ਕਿ ਇਸ ਭਾਸ਼ਣ ਦੇ ਵਿੱਚ ਲਕੋ ਕੇ ਰੱਖੀ ਹੈ ਉਸ ਦੇ ਬਾਰੇ ਦੱਸਣਾ ਚਾਹੁੰਦਾ ਹਾਂ। ਇਸ ਸਰਕਾਰ ਨੇ ਜ਼ਮੀਨ ਸੁਧਾਰ ਬਾਰੇ ਕੋਈ ਉਚੇਚੇ ਤੌਰ ਤੇ ਵਰਨਣ ਨਹੀਂ ਕੀਤਾ। ਗਵਰਨਰ ਸਾਹਿਬ ਨੇ ਅੰਕੜੇ ਦਿਤੇ ਹਨ ਜਿਹੜੇ ਕਿ ਬੋਗਸ ਅੰਕੜੇ ਹਨ। । 1972 ਦੇ ਅੰਕੜਿਆਂ ਮੁਤਾਬਿਕ 1 ਲੱਖ ਏਕੜ ਜ਼ਮੀਨ ਨਿਕਲਣੀ ਸੀ। ਇਨ੍ਹਾਂ ਨੇ ਜ਼ਮੀਨੀ ਸੁਧਾਰ ਕਾਨੂੰਨ ਬਣਾਇਆ ਪਰ ਉਸ ਦੇ ਮੁਤਾਬਿਕ ਇਨ੍ਹਾਂ ਦੇ ਆਪਣੇ ਅੰਕੜਿਆਂ ਦੇ ਮੁਤਾਬਿਕ ਪਿਛਲੇ ਸਾਲ 1023 ਏਕੜ ਜ਼ਮੀਨ ਵੰਡੀ ਗਈ। ਅੱਜ ਪਤਾ ਨਹੀਂ ਇਨ੍ਹਾਂ ਨੇ ਕਿਥੋਂ ਅੰਕੜੇ ਲਿਆ ਕੇ ਪੇਸ਼ ਕਰ ਦਿੱਤੇ ਹਨ ਕਿਉਂਕਿ ਜਿਹੜੀ ਸੀਲਿੰਗ ਸੀ ਉਹ ਸਪਰੀਮ ਕੋਰਟ ਨੇ ਹੋਰ ਖੋਲ੍ਹ ਦਿੱਤੀ ਹੈ ਅਤੇ ਜਿਹੜੀ ਮਾੜੀ ਮੋਟੀ ਨਿਕਲਣੀ ਸੀ ਉਹ ਵੀ ਬੰਦ ਹੋ ਗਈ । ਉਸ ਮੁਤਾਬਕ ਜੋ ਬਾਲਗ ਹੈ ਉਹ ਜਿੰਨੀ ਮਰਜ਼ੀ ਹੈ ਜ਼ਮੀਨ ਰੱਖ ਸਕਦਾ ਹੈ, ਉਸ ਉਤੇ ਕੋਈ ਪਾਬੰਦੀ ਨਹੀਂ ਹੈ। ਇਨ੍ਹਾਂ ਦਾ ਜਿਹੜਾ ਜ਼ਮੀਨੀ ਸੁਧਾਰ ਕਾਨੂੰਨ ਸੀ ਉਸ ਦਾ ਤਾਂ ਘੁਰਲ ਵੱਜ ਗਿਆ ਹੈ। ਅੱਜ ਜ਼ਮੀਨ ਤੇ ਜਾਗੀਰਦਾਰ ਦੀ ਜੱਕੜ ਹੈ। ਸਰਕਾਰ ਵਿਚ ਵੱਡੇ ਵੱਡੇ ਜਾਗੀਰਦਾਰ ਬੈਠੇ ਹਨ। ਮੈਂ ਆਪਣੇ ਮਾਲ ਮੰਤਰੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਕੋਲ ਸਿਰਫ 29 ਹਜ਼ਾਰ ਵਿਘੇ 3 ਬਿਸਵੇ ਜ਼ਮੀਨ ਹੈ ਅਤੇ 8 ਪਿੰਡਾਂ ਵਿੱਚ ਹੈ। ਹੁਣ ਉਹ ਕਿਸ ਤਰ੍ਹਾਂ ਜਾ ਕੇ ਜਾਗੀਰਦਾਰੀ ਨੂੰ ਖਤਮ ਕਰਨਗੇ। ਇਨ੍ਹਾਂ ਦੀਆਂ ਕਿਤਾਬਾਂ ਦੇ ਅੰਕੜੇ ਹਨ ਕਿ ਸਾਡੇ ਪੰਜਾਬ ਵਿਚ ਜਿਹੜੇ 5 ਵੱਡੇ ਵੱਡੇ ਜਾਗੀਰਦਾਰ ਕੋਲ ਜ਼ਮੀਨ ਹੈ ਉਹ 27% ਰਕਬੇ ਤੇ ਉਨ੍ਹਾਂ ਦਾ ਕਬਜ਼ਾ ਹੈ। ਢਾਈ ਏਕੜ ਤੋਂ ਘੱਟ ਦੇ ਕਿਸਾਨ ਸਾਡੇ ਪੰਜਾਬ ਵਿਚ 37.63% ਹਨ ਅਤੇ ਇਨ੍ਹਾਂ ਕੋਲ 5.67% ਰਕਬਾ ਹੈ। 5 ਏਕੜ ਦੇ ਜਿਹੜੇ ਮਾਲਿਕ ਹਨ ਉਹ 56.54% ਹਨ। ਇਸ ਤਰ੍ਹਾਂ ਜਾਗੀਰਦਾਰੀ ਪਨਪ ਰਹੀ ਹੈ । ਜ਼ਮੀਨ ਤੇ ਬਨੀਆਂ ਦੀ ਇਜ਼ਾਰੇਦਾਰੀ ਹੈ। ਜਾਗੀਰਦਾਰ ਸਰਮਾਏਦਾਰ ਬਣ ਰਹੇ ਹਨ। ਪੰਜਾਬ ਵਿਚ ਹਰ ਥਾਂ ਮੁਜ਼ਾਰੇ ਮਜਦੂਰਾਂ ਅਤੇ ਆਬਾਦਕਾਰ ਦੀਆਂ ਬੇਦਖਲੀਆਂ ਹੋ ਰਹੀਆਂ ਹਨ। ਮੇਰੇ ਹਲਕੇ ਵਿਚ ਕਿਲਾ ਹਕੀਮਾਂ ਪਿੰਡ ਹੈ, ਉਥੇ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ ਅਤੇ ਪੰਜਾਬ ਵਿਚ ਆਬਾਦਕਾਰੀ ਨੂੰ ਬੇਦਖਲ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਜਿਹੜੇ ਜਾਗੀਰਦਾਰ ਹਨ ਉਹ ਆਪਣੀ ਹੈਂਕੜ ਦੇ ਸਿਰ ਤੇ ਗਰੀਬ ਮਜ਼ਦੂਰਾਂ ਨੂੰ ਲੁੱਟ ਰਹੇ ਹਨ। ਅੱਜ ਹਰ ਰੋਜ਼ ਅਖਬਾਰਾਂ ਵਿਚ ਆਉਂਦਾ ਹੈ, ਹਿੰਦੁਸਤਾਨ ਦੇ ਹੋਰ ਸੂਬਿਆਂ ਬਾਰੇ ਤਾਂ ਹੋਰ ਵੀ ਬਹੁਤ ਕੁਝ ਆਉਂਦਾ ਹੈ ਕਿ ਫਲਾਣੇ ਥਾਂ 15 ਹਰੀਜਨ ਮਾਰ ਦਿਤੇ ਜਾਂ ਐਨੇ ਕਤਲ ਕਰ ਦਿਤੇ । ਇਹ ਤਾਂ ਹਰ ਰੋਜ਼ ਹੀ ਅਖ਼ਬਾਰਾਂ ਵਿੱਚ ਆਉਂਦਾ ਹੈ ਅਤੇ ਇਨ੍ਹਾਂ ਖਬਰਾਂ ਨਾਲ ਅਖ਼ਬਾਰਾਂ ਭਰੀਆਂ ਹੁੰਦੀਆਂ ਹਨ। ਜੇ ਲਾਅ ਐਂਡ ਆਰਡਰ ਦੀ ਗਲ ਕਰੀਏ ਤਾਂ ਹਰ ਰੋਜ਼ ਗਰੀਬਾਂ ਤੇ ਤਸ਼ੱਦਦ ਹੋ ਰਹੇ ਹਨ। ਹਰ ਰੋਜ਼ ਗਰੀਬਾਂ ਨਾਲ ਲੁਟ ਮਾਰ ਹੋ ਰਹੀ ਹੈ । ਗਰੀਬਾਂ ਨੂੰ ਪੂਰੀ ਦਿਹਾੜੀ ਨਹੀਂ ਮਿਲ ਰਹੀ। ਉਨ੍ਹਾਂ ਤੇ ਤਸ਼ੱਦਦ ਹੋ ਰਿਹਾ ਹੈ। ਚੌਧਰੀ ਜਗਤ ਰਾਮ ਜੀ ਨੇ ਪਿਛਲੇ ਸੈਸ਼ਨ ਵਿੱਚ ਬੋਲਦਿਆਂ ਕਿਹਾ ਸੀ ਕਿ ਅਸੀਂ 14 ਰੁਪਏ ਮਜ਼ਦੂਰ ਦੀ ਦਿਹਾੜੀ ਕਰ ਦਿੱਤੀ ਹੈ। ਬੜੀ ਚੰਗੀ ਗਲ ਹੈ ਜੋ ਮਜ਼ਦੂਰ ਦੀ ਦਿਹਾੜੀ 14 ਰੁਪਏ ਕਰ ਦਿੱਤੀ ਹੈ ਪਰ ਇਹ ਗਲ ਲਾਗੂ ਵੀ ਹੋਵੇ ਤਾਂ ਹੀ ਚੰਗੀ ਕਹਿ ਸਕਦੇ ਹਾਂ। ਜੇ 14 ਰੁਪਏ ਦਿਹਾੜੀ ਦੇ ਮਜ਼ਦੂਰ ਨੂੰ ਮਿਲਣ ਤਾਂ ਬਹੁਤ ਚੰਗੀ ਗਲ ਹੈ ਪਰ ਡਿਪਟੀ ਸਪੀਕਰ ਸਾਹਿਬ, ਇਹ ਦਿਹਾੜੀ ਮਿਲਦੀ ਨਹੀਂ। ਇਸ ਦੇ ਲਈ ਖੇਤ ਮਜ਼ਦੂਰ ਡੱਟ ਕੇ ਲੜਦਾ ਹੈ। ਧਨਾਢ ਕਿਸਾਨ ਵੱਲੋਂ ਬਾਈਕਾਟ ਕੀਤਾ ਜਾਂਦਾ ਹੈ। ਮੇਰੇ ਜ਼ਿਲ੍ਹੇ ਵਿੱਚ ਕੱਟੂ, ਉਪਲ, ਕਾਲੇ ਕੇ ਅਜਪਾਲ ਪਿੰਡ ਹਨ, ਇਨ੍ਹਾਂ ਪਿੰਡਾਂ ਵਿੱਚ ਬਾਈਕਾਟ ਹੋਇਆ। ਅਸੀਂ ਸਰਕਾਰ ਨੂੰ ਸਮੇਂ ਸਮੇਂ ਮਿਲਦੇ ਰਹੇ। ਅਸੀਂ ਸਰਕਾਰ ਨੂੰ ਕਿਹਾ ਕਿ ਮਿਨੀਮਮ ਵੇਜ਼ਿਜ਼ ਜੋ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਤੁਸੀਂ ਅਨਾਊਂਸ ਕੀਤੇ ਹਨ 14 ਰੁਪਏ ਬਿਨਾਂ ਰੋਟੀ ਤੋਂ ਇਹ ਲਾਗੂ ਕਰਾਓ। ਡਿਪਟੀ ਸਪੀਕਰ ਸਾਹਿਬ, ਇਸ ਦੀ ਇਮਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ। ਇਸ ਦੇ ਲਈ ਸਬ-ਡਿਵੀਜ਼ਨ ਲੈਵਲ ਤੇ ਜਾਂ ਬਲਾਕ ਪੱਧਰ ਤੇ ਕਮੇਟੀਆਂ ਬਣਾਈਆਂ ਜਾਣ ਤਾਂ ਹੀ ਇਹ ਲਾਗੂ ਹੋ ਸਕਦੀ ਹੈ ਨਹੀਂ ਤਾਂ ਇਹ ਲਾਗੂ ਨਹੀਂ ਹੋਣੀ। ਇਸ ਨੂੰ ਲਾਗੂ ਕਰਨ ਵਾਸਤੇ ਅਸਰਦਾਰ ਮਸ਼ੀਨਰੀ ਚਾਹੀਦੀ ਹੈ ਜਿਹੜੀ ਇਹ ਲਾਗੂ ਕਰਵਾਏ। ਭਾਵੇਂ ਇਹ ਕਹਿਣ ਨੂੰ ਜੋ ਮਰਜ਼ੀ ਕਰੀ ਜਾਣ ਕਿ ਅਸੀਂ ਇਤਨੀ ਦਿਹਾੜੀ ਮਜ਼ਦੂਰ ਦੀ ਕਰ ਦਿੱਤੀ ਪਰ ਅਮਲੀ ਰੂਪ ਵਿੱਚ ਗਰੀਬਾਂ ਨੂੰ ਉਤਨੀ ਦਿਹਾੜੀ ਨਹੀਂ ਮਿਲਦੀ ਜੋ ਮਿਲਣੀ ਚਾਹੀਦੀ ਹੈ। ਗਵਰਨਰ ਸਾਹਿਬ ਨੇ ਵੀ ਕਿਹਾ ਕਿ ਇਹ ਸਾਲ ਅਮਲ ਕਰਨ ਵਾਲੀ ਸਰਕਾਰ ਦਾ ਸਾਲ ਹੈ। ਮੇਰਾ ਵੀ 34 ਸਾਲਾਂ ਦਾ ਤਜਰਬਾ ਹੈ ਕਿ ਇਹ ਸਰਕਾਰ ਅਮਲੀ ਕੁਝ ਨਹੀਂ ਕਰਦੀ। ਇਹ ਜੋ ਗਰੀਬਾਂ ਨੂੰ 14 ਰੁਪਏ ਦਿਹਾੜੀ ਦੇਣ ਵਾਸਤੇ ਅਨਾਉਸਮੈਂਟ ਕੀਤੀ ਗਈ ਹੈ ਉਸ ਨੂੰ ਅਮਲ ਕਰਾਉਣ। ਲਈ, ਉਸ ਨੂੰ ਲਾਗੂ ਕਰਾਉਣ ਲਈ ਸਰਕਾਰ ਨੇ ਕੋਈ ਮਸ਼ੀਨਰੀ ਸੈਟ-ਅੱਪ ਨਹੀਂ ਕੀਤੀ ਤਾਂ ਇਹ ਲਾਗੂ ਕੀ ਹੋਵੇਗੀ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਨੂੰ ਲਾਗੂ ਕਰਾਉਣ ਲਈ ਮਸ਼ੀਨਰੀ ਸੈਟ-ਅੱਪ ਕਰੋ। ਐਵੇਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੀ ਗਲ ਨਾ ਕਰੋ। ਹੁਣ ਲੋਕ ਬੜੇ ਸਿਆਣੇ ਹੋ ਗਏ ਹਨ। ਉਨ੍ਹਾਂ ਨੂੰ ਸਭ ਕੁੱਝ ਪਤਾ ਹੈ ਕਿ ਇਹ ਸਰਕਾਰ ਸਾਡੇ ਵਾਸਤੇ ਅਮਲੀ ਰੂਪ ਵਿੱਚ ਕੀ ਕੁੱਝ ਕਰ ਰਹੀ ਹੈ। ਅੱਜ ਹਾਲਤ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਜਾਗੀਰਦਾਰ, ਧਨੀ ਇਜ਼ਾਰੇਦਾਰ ਸਾਡੀ ਜ਼ਮੀਨ ਜਕੜੀ ਬੈਠੇ ਹਨ, ਜਫਾ ਮਾਰੀ ਬੈਠੇ ਹਨ ਅਤੇ ਗਰੀਬ ਕਿਸਾਨ ਦੀ ਬਹੁੱਤ ਬੁਰੀ ਹਾਲਤ ਹੋ ਰਹੀ ਹੈ। ਹਿੰਦੁਸਤਾਨ ਦੀ ਸਰਕਾਰ ਨੇ ਸੈਂਟਰ ਵਿੱਚ ਜਿਹੜੇ ਅੰਕੜੇ ਪੇਸ਼ ਕੀਤੇ ਹਨ ਉਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਅੱਜ ਗਰੀਬ ਕਿਸਾਨ ਹਿੰਦੁਸਤਾਨ ਵਿਚ ਖੇਤ ਮਜ਼ਦੂਰ ਬਣ ਗਏ ਹਨ ਔਰ ਖੇਤ ਮਜ਼ਦੂਰ ਨੂੰ ਕੰਮ ਕੋਈ ਨਹੀਂ ਮਿਲਦਾ। ਫਿਰ ਅੱਜ ਮਹਿੰਗਾਈ ਇਤਨੀ ਵੱਧ ਗਈ ਹੈ ਜਿਸ ਦਾ ਕੋਈ ਅੰਤ ਨ੍ਹੀਂ। ਡੀਜ਼ਲ, ਤੇਲ ਅਤੇ ਹੋਰ ਚੀਜ਼ਾਂ ਇਤਨੀਆਂ ਮਹਿੰਗੀਆਂ ਹੋ ਗਈਆਂ ਹਨ ਪਰ ਗਰੀਬ ਕਿਸਾਨ ਨੂੰ ਜਿਣਸ ਦੀਆਂ ਪੂਰੀਆਂ ਕੀਮਤਾਂ ਨਹੀਂ ਮਿਲਦੀਆਂ। ਕਣਕ ਦਾ ਭਾਅ ਕਿਸਾਨਾਂ ਨੂੰ ਪੂਰਾ ਤੇ ਵਾਜਿਬ ਨਹੀਂ ਮਿਲ ਰਿਹਾ। ਅਸੀਂ ਵਾਰ ਵਾਰ ਇਸ ਸਰਕਾਰ ਨੂੰ ਕਹਿੰਦੇ ਰਹੇ ਕਿ ਤੁਸੀਂ 150 ਰੁਪਏ ਕਣਕ ਦਾ ਭਾਅ ਦਿਓ। ਸਰਦਾਰ ਦਰਬਾਰਾ ਸਿੰਘ ਜੀ ਨੇ ਕਿਹਾ ਸੀ ਕਿ 142 ਰੁਪਏ ਕੁਇੰਟਲ ਪਿੱਛੇ ਖਰਚ ਆਉਂਦਾ ਹੈ, ਅਸੀਂ ਕਿਹਾ ਕਿ ਸਾਨੂੰ ਇਤਨਾ ਹੀ ਭਾਅ ਦੇ ਦਿਉ, ਪਰ ਇਹ ਉਥੋਂ ਵੀ ਭੱਜ ਗਏ। ਹੁਣ ਇਹ ਕਹਿੰਦੇ ਹਨ ਕਿ 161 ਰੁਪਏ ਖਰਚਾ ਆਉਂਦਾ ਹੈ। ਅਸੀਂ ਕਹਿੰਦੇ ਹਾਂ ਕਿ ਇਸ ਤੋਂ ਨਾ ਭੱਜਣਾ, ਇਸ ਤੇ ਅੜੇ ਰਹਿਣਾ। ਸਾਨੂੰ 161 ਰੁਪਏ ਭਾਅ ਹੀ ਦੇ ਦਿਉ। ਪਰ ਡਿਪਟੀ ਸਪੀਕਰ ਸਾਹਿਬ, ਹੁੰਦਾ ਕੀ ਹੈ ਕਿ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਜੋ ਹੈ ਉਸ ਦੇ ਵਿੱਚ ਕਿਸਾਨਾਂ ਦਾ ਕੋਈ ਨੁਮਾਇੰਦਾ ਨਹੀਂ ਹੁੰਦਾ। ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਛੋਲੇ ਕਿਸ ਤਰ੍ਹਾਂ ਹੁੰਦੇ ਹਨ। ਇਹ ਜ਼ਮੀਨ ਤੋਂ ਉਪਰ ਹੁੰਦੇ ਹਨ ਜਾਂ ਆਲੂਆਂ ਵਾਂਗ ਜ਼ਮੀਨ ਵਿਚ ਹੁੰਦੇ ਹਨ ਉਹ ਕਿਸਾਨ ਦੀ ਜਿਣਸ ਦੇ ਭਾਅ ਮੁਕੱਰਰ ਕਰਦੇ ਹਨ ਜਿਨ੍ਹਾਂ ਨੂੰ ਕੁਝ ਪਤਾ ਹੀ ਨਹੀਂ ਹੁੰਦਾ ਕਿ ਕਿਸਾਨੀ ਕੀ ਹੁੰਦੀ ਹੈ। ਇਸ ਕਮਿਸ਼ਨ ਦੇ ਵਿੱਚ ਕਿਸਾਨਾਂ ਦੇ ਨੁਮਾਇੰਦੇ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇ ਤੁਸੀਂ ਕਿਸਾਨਾਂ ਦੇ ਹਮਦਰਦ ਹੋ ਤਾਂ ਇਸ 161 ਰੁਪਏ ਤੇ ਅੜੇ ਰਹਿਣਾ। ਪਰ ਤੁਹਾਡੀ ਪਾਲਿਸੀ ਮਜ਼ਦੂਰ ਦੇ ਖਿਲਾਫ਼ ਹੈ, ਕਿਸਾਨਾਂ ਦੇ ਖਿਲਾਫ਼ ਹੈ, ਇਸ ਲਈ ਤੁਸੀਂ ਨਹੀਂ ਅੜਨਾ। ਪਿੱਛਲੇ ਸਮੇਂ ਵਿੱਚ ਹਿਦੁਸਤਾਨ ਦੀ ਸਰਕਾਰ ਨੇ ਜੋ ਕਣਕ ਖਰੀਦਣੀ ਸੀ ਉਸ ਦਾ ਟੀਚਾ ਪੂਰਾ ਨਹੀਂ ਕਰ ਸਕੀ। ਪੰਜਾਬ ਦੇ ਕਿਸਾਨ ਨੇ 75% ਕਣਕ ਅਤੇ 65% ਚਾਵਲ ਕੇਂਦਰ ਭੰਡਾਰ ਵਿੱਚ ਦਿਤਾ ਹੈ ਪਰ ਪਜਾਬ ਦੇ ਕਿਸਾਨ ਨੂੰ ਕਣਕ ਦਾ ਵਾਜਿਬ ਭਾਅ ਨਹੀਂ ਮਿਲਦਾ। ਵਪਾਰੀਆਂ ਨੂੰ ਇਨ੍ਹਾਂ ਨੇ ਖੁਲ੍ਹੀ ਛੁੱਟੀ ਦਿੱਤੀ ਹੋਈ ਹੈ। 130 ਰੁਪਏ ਕੁਇੰਟਲ ਕਣਕ ਉਸ ਨੇ ਖਰੀਦੀ

Original with;
Punjab Vidhan Sabha
Digitized by;
Panjab Digital Library

ਹੋਈ ਹੈ ਅਤੇ ਅੱਜ ਉਹੀ ਕਣਕ 250 ਰੁਪਏ ਕੁਇੰਟਲ ਨੂੰ ਵਿਕ ਰਹੀ ਹੈ, ਆਟਾ ਵਿਕ ਰਿਹਾ ਹੈ। ਕਾਰਨ ਕੀ ਹੈ ? ਕਾਰਨ ਇਹ ਹੈ ਕਿ ਇਨ੍ਹਾਂ ਨੇ ਵਪਾਰ ਨੂੰ ਆਪਣੇ ਹੱਥਾਂ ਵਿਚ ਨਹੀਂ ਲਿਆ । ਜੇ ਵਪਾਰ ਨੂੰ ਸਰਕਾਰ ਆਪਣੇ ਹੱਥ ਵਿਚ ਲੈ ਲਵੇ ਤਾਂ ਇਹ ਜ਼ਰੂਰ ਹੋਵੇਗਾ ਕਿ ਕਣਕ ਦਾ ਭਾਅ. ਆਟੇ ਦਾ ਭਾਅ ਸਾਰਾ ਸਾਲ ਇਕੋ ਰਹੇਗਾ। ਇਨ੍ਹਾਂ ਨੇ ਬਾਹਰਲੇ ਮੁਲਕ ਤੋਂ ਤਾਂ ਕਣਕ 203 ਰੁਪਏ ਨੂੰ ਖਰੀਦ ਲਈ ਪਰ ਆਪਣੇ ਕਿਸਾਨਾਂ ਨੂੰ ਇਹ 150 ਰੁਪਏ ਵੀ ਦੇਣ ਨੂੰ ਤਿਆਰ ਨਹੀਂ। ਮਹਿੰਗਾਈ ਤਾਂ ਦਿਨੋ ਦਿਨ ਵੱਧ ਰਹੀ ਹੈ ਅਤੇ ਰਾਤੋ ਰਾਤ ਲੋਕਾਂ ਤੇ ਟੈਕਸ ਲਗ ਜਾਂਦਾ ਹੈ ਪਰ ਉਨ੍ਹਾਂ ਨੂੰ ਵਾਜਿਬ ਭਾਅ ਜਿਨਸ ਦੇ ਨਹੀਂ ਦਿੱਤੇ ਜਾਂਦੇ। ਇਸ ਲਈ. ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਿਸਾਨ ਨੂੰ ਉਸ ਦੇ ਜਿਣਸ ਦਾ ਵਾਜਿਬ ਭਾਅ ਮਿਲਣਾ ਚਾਹੀਦਾ ਹੈ ਕਣਕ ਦਾ ਜੇ ਹੋਰ ਨਹੀਂ 161 ਰੁਪਏ ਭਾਅ ਮਿਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਜਿਣਸ ਦਾ ਭਾਅ ਜਿਣਸ ਆਉਣ ਤੋਂ ਪਹਿਲਾਂ ਅਨਾਊਂਸ ਕਰਨਾ ਚਾਹੀਦਾ ਹੈ। ਫਿਰ ਮਜ਼ਦੂਰ ਦੀ ਗਲ ਹੈ। ਇਹ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਨੂੰ ਆਟਾ ਸਸਤੇ ਰੇਟ ਤੇ ਦਿੰਦੇ ਹਾਂ। ਇਨ੍ਹਾਂ ਨੇ ਪਨਸਪ ਦੀਆਂ ਦੁਕਾਨਾਂ ਬੰਦ ਕਰ ਦਿੱਤੀਆਂ। ਲੋਕਾਂ ਨੂੰ ਮਿਲਣਾ ਮਿਲਾਣਾ ਕੁੱਝ ਨਹੀਂ ਕਹਿਣ ਨੂੰ ਭਾਵੇ ਜੋ ਮਰਜ਼ੀ ਇਹ ਕਹੀ ਜਾਣ। ਇਹ ਇਕ ਹੋਰ ਨਵੀਂ ਗੱਲ ਹੈ ਕਿ ਜਿੰਨੀ ਸਬਸਿਡੀ ਪਹਿਲਾਂ ਮਿਲਦੀ ਸੀ ਉਹ ਬੰਦ ਹੋ ਜਾਣੀ ਹੈ। ਆਈ.ਐਨ.ਐਫ. ਤੋਂ ਜੋ ਲੋਨ ਮਿਲਣਾ ਹੈ ਉਸ ਦੇ ਲਈ ਸ਼ਰਤ ਹੈ ਕਿ ਸਬਸਿਡੀ ਬੰਦ ਹੋ ਜਾਵੇਗੀ। 5220 ਕਰੋੜ ਰੁਪਿਆ ਇਨ੍ਹਾਂ ਨੇ ਆਈ.ਐਨ.ਐਫ. ਤੋਂ ਲੋਨ ਲਿਆ ਹੈ। ਉਨ੍ਹਾਂ ਨੇ ਸਬਸਿਡੀ ਬੰਦ ਕਰ ਦਿਤੀ ਹੈ ਔਰ 150 ਕਰੋੜ ਰੁਪਿਆ ਜੋ ਮਜ਼ਦੂਰ ਤੇ ਕਿਸਾਨਾਂ ਨੂੰ ਸਬਸਿਡੀ ਦਾ ਮਿਲਣਾ ਸੀ ਉਹ ਇਸ ਦੇ ਨਾਲ ਬੰਦ ਹੋ ਗਿਆ ਹੈ। ਸਾਡੀ ਬੇਨਤੀ ਹੈ ਕਿ ਤੁਸੀਂ ਗਰੀਬਾਂ ਨੂੰ. ਗਰੀਬ ਕਿਸਾਨਾਂ ਨੂੰ ਵੱਧ ਤੋਂ ਵੱਧ ਰਿਆਇਤਾਂ ਦਿਓ ਪਰ ਤੁਸੀਂ ਤਾਂ ਦੂਸਰੇ ਪਾਸੇ ਦੀ ਸੋਚਦੇ ਹੋ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਗਰੀਬਾਂ ਨੂੰ ਗਰੀਬ ਮਜ਼ਦੂਰਾਂ ਨੂੰ, ਗਰੀਬ ਕਿਸਾਨਾਂ ਨੂੰ ਵੱਧ ਤੋਂ ਵੱਧ ਰਿਆਇਤਾਂ ਦਿਓ, ਉਨ੍ਹਾਂ ਨੂੰ ਪੂਰੀ ਦਿਹਾੜੀ ਜੋ ਅਨਾਊਂਸ ਕੀਤੀ ਹੈ ਉਹ ਦਿਓ, ਕਿਸਾਨਾਂ ਨੂੰ ਪੂਰੇ ਵਾਜਿਬ ਭਾਅ ਦਿਓ, ਉਨ੍ਹਾਂ ਨੂੰ ਬੋਨਸ ਦਿਓ ਤਾਂ ਕਿ ਉਹ ਗਰੀਬ ਵਿਚਾਰੇ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਜੀਅ ਸਕਣ।

ਡਿਪਟੀ ਸਪੀਕਰ ਸਾਹਿਬ, ਗੰਨੇ ਦੇ ਬਾਰੇ ਹੁਣ ਮੈਂ ਕਹਿਣਾ ਚਾਹੁੰਦਾ ਹਾਂ। ਇਸ ਵੇਲੇ ਗੰਨੇ ਦੀ ਇਹ ਹਾਲਤ ਹੈ ਕਿ ਉਹ ਚੁਕਿਆ ਨਹੀਂ ਜਾ ਰਿਹਾ। ਸਰਕਾਰ ਨੇ ਜੋ ਪਾਲੀਸੀ ਬਣਾਈ ਹੈ ਉਸ ਨਾਲ ਗੰਨਾ ਚੁਕਿਆ ਨਹੀਂ ਜਾ ਰਿਹਾ ਅਤੇ ਗਰੀਬ ਕਿਸਾਨਾਂ ਨਾਲ ਧੱਕਾ ਹੋ ਰਿਹਾ ਹੈ। ਸਰਕਾਰ ਨੇ ਜੋ ਪਾਲਿਸੀ ਬਣਾਈ ਹੈ ਉਸ ਅਨੁਸਾਰ ਬਟਾਲੇ ਵਾਲੇ ਧੂਰੀ ਨੂੰ ਭੇਜ ਰਹੇ ਹਨ ਅਤੇ ਕੋਈ ਕਿਧਰ ਨੂੰ ਭੇਜ ਰਿਹਾ ਹੈ ਅਤੇ ਕੋਈ ਕਿਧਰੇ ਨੂੰ ਭੇਜ ਰਹੇ ਹਨ। ਕਿਸਾਨਾਂ ਨਾਲ ਬੇਇਨਸਾਫੀ ਹੋ ਰਹੀ ਹੈ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਕਿਸਾਨ ਹੈ ਉਸ ਦੀ ਹੁਣ ਬਸ ਹੋ ਚੁਕੀ ਹੈ, ਉਸ ਦਾ ਹੋਰ ਹੁਣ ਲਹੂ ਨਾ ਪੀਓ, ਉਸ ਨੂੰ ਵੱਧ ਤੋਂ ਵੱਧ ਰਿਆਇਤਾਂ ਦਿਓ ਅਤੇ ਜਿਹੜੀ ਉਨ੍ਹਾਂ ਨੂੰ ਵਰਾਨਗੀ ਹੁੰਦੀ ਹੈ ਉਸ ਵਲ ਧਿਆਨ ਦਿਓ। ਜਿਹੜੇ ਮਿਲਾਂ ਦੇ ਜਨਰਲ ਮੈਨੇਜਰ ਹਨ ਉਹ ਗਰੀਬ ਕਿਸਾਨਾਂ ਨੂੰ ਖਰਾਬ ਕਰ ਰਹੇ ਹਨ। ਸਰਕਾਰ ਨੂੰ ਉਨ੍ਹਾਂ ਨੂੰ ਨਕੇਲ ਪਾਉਣੀ ਚਾਹੀਦੀ ਹੈ। ਜਿਹੜੀਆਂ ਪ੍ਰਾਈਵੇਟ ਮਿੱਲਾਂ ਹਨ ਉਨ੍ਹਾਂ ਦਾ ਕੌਮੀਕਰਨ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਚਾਹੇ ਕੋਈ ਪਰਸੈਂਟੇਜ਼ ਮਿਥ ਲੈਣ ਕਿਸਾਨਾਂ ਨੂੰ ਖੰਡ ਮਿਲਣੀ ਚਾਹੀਦੀ ਹੈ। ਸਰਕਾਰ ਨੂੰ ਇਹ ਗਲ ਵੀ ਕਰਨੀ ਚਾਹੀਦੀ ਹੈ। ਬਾਕੀ ਰਹੀ ਗੱਲ ਗੰਨਾ ਪੀੜਨ ਦੀ, ਉਸ ਦੇ ਲਈ ਵੀ ਸਰਕਾਰ ਨੂੰ ਮਿੱਲ ਦੀ ਕਪੈਸਿਟੀ ਵਧਾਉਣੀ ਚਾਹੀਦੀ ਹੈ। ਮਿੱਲ ਦੀ ਗੰਨਾ ਪੀੜਨ ਦੀ ਕਪੈਸਿਟੀ ਵਧਾਈ ਜਾਵੇ ਤਾਂ ਕਿ ਕਿਸਾਨ ਵੱਧ ਤੋਂ ਵੱਧ ਗੰਨਾ ਮਿੱਲ ਵਿੱਚ ਦੇ ਸਕੇ। ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ ਜੀ ਮੈਂ ਸਨੱਅਤ ਮਜ਼ਦੂਰਾਂ ਦੀ ਗੱਲ ਕਹਿਣਾ ਚਾਹੁੰਦਾ ਹਾਂ। 1977-78 ਵਿੱਚ ਇਕ ਸਰਵੇ ਹੋਇਆ ਸੀ ਅਤੇ ਉਸ ਵੇਲੇ ਪੰਜਾਬ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਵਿਚ ਛੋਟੀ ਸਨੱਅਤ ਦੀ ਗਿਣਤੀ 45623 ਸੀ ਅਤੇ ਉਸ ਦੇ ਵਿਚ 2 ਲੱਖ 33 ਹਜ਼ਾਰ ਮਜ਼ਦੂਰ ਸਨ। 1979-80 ਵਿਚ 49381 ਛੋਟੀ ਸਨੱਅਤ ਦੇ ਅਦਾਰੇ ਹੋ ਗਏ ਅਤੇ ਜਿਸ ਦੇ ਵਿਚ 3 ਲੱਖ 87 ਹਜ਼ਾਰ 270 ਕਾਮੇ ਕੰਮ ਕਰਦੇ ਹਨ। ਹੁਣ ਗੱਲ ਇਹ ਸਾਹਮਣੇ ਆਉਂਦੀ ਹੈ ਕਿ ਇਸ ,ਦੇ ਵਿਚ ਰਜਿਸਟਰੇਸ਼ਨ ਕਿੰਨੇ ਕੁ ਕਾਮਿਆ ਦੀ ਹੋਈ ਹੈ ਮਿਲਾਂ ਵਿਚ ਰਜਿਸਟਰੇਸ਼ਨ ਸਿਰਫ 6 ਹਜ਼ਾਰ ਦੀ ਹੋਈ ਹੈ ਅਤੇ ਬਾਕੀਆਂ ਦੀ ਰਜਿਸਟਰੇਸ਼ਨ ਨਹੀਂ ਹੋਈ ਹੈ ਜੇ ਡਿਪਟੀ ਸਪੀਕਰ ਸਾਹਿਬ ਮਿਲਾਂ ਦੀ ਰਜਿਸਟਰੇਸ਼ਨ ਨਾ ਹੋਵੇ ਤਾਂ ਉਨਾ ਨੂੰ ਪੂਰੀਆਂ ਸਹੂਲਤਾਂ ਨਹੀਂ ਮਿਲਦੀਆਂ। ਈ.ਐਸ.ਆਈ. ਸਕੀਮ ਲਾਗੂ ਨਹੀਂ ਹੁੰਦੀ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਰਜਿਸਟਰੇਸ਼ਨ ਹੋਣੀ ਚਾਹੀਦੀ ਹੈ ਤਾਂ ਕਿ ਮਜ਼ਦੂਰਾਂ ਨੂੰ ਪੂਰੀ ਪੂਰੀ ਸਹੂਲਤ ਮਿਲ ਸਕੇ। ਇਸ ਵੇਲੇ ਡਿਪਟੀ ਸਪੀਕਰ ਸਾਹਿਬ ਪੰਜਾਬ ਵਿਚ ਦੋ ਲੱਖ ਕਰਮਚਾਰੀ ਸਰਕਾਰ ਦੇ ਮਜ਼ਦੂਰ ਹਨ ਜਿਨਾਂ ਨੂੰ ਪੂਰੀਆਂ ਸਹੂਲਤਾਂ ਨਹੀਂ ਮਿਲ ਰਹੀਆਂ। ਉਹ ਸਹੂਲਤਾਂ ਤੋਂ ਵਾਂਝੇ ਹਨ ਇਨ੍ਹਾਂ ਨੂੰ ਰਜਿਸਟਰ ਕਰਨ ਲਈ ਸਾਡੇ ਮਜ਼ਦੂਰ ਨਾਲ ਧੱਕਾ ਕੀਤਾ ਜਾ ਰਿਹਾ ਹੈ। ਬਾਕੀ ਰਹੀ ਗੱਲ ਬਿਜਲੀ ਦੀ ਬਿਜਲੀ ਨਹੀਂ ਮਿਲ ਰਹੀ। ਇੰਡਸਟਰੀ ਜਿਹੜੀ ਹੈ ਉਹ ਬਿਜਲੀ ਸੰਕਟ ਦਾ ਸ਼ਿਕਾਰ ਹੈ। ਛੋਟੀ ਇੰਡਸਟਰੀ ਲੇ ਆਫ਼ ਹੋ ਰਹੀ ਹੈ। ਮਜ਼ਦੂਰਾਂ ਦੀ ਛਾਂਟੀ ਹੋ ਰਹੀ ਹੈ। ਮਜ਼ਦੂਰਾਂ ਵਿਚ ਬਹੁਤ ਵੱਡੀ ਬੇਚੈਨੀ ਹੈ ਜੇਕਰ ਉਹ ਆਪਣੇ ਹੱਕਾਂ ਦੀ ਗੱਲ ਕਹਿੰਦੇ ਹਨ ਅਤੇ ਪੇਟ ਦੀ ਭੁੱਖ ਲਈ ਰੋਟੀ ਦੀ ਮੰਗ ਕਰਦੇ ਹਨ ਤਾਂ ਇਨ੍ਹਾਂ ਨੇ ਇਸਮਾ ਅਤੇ ਐਨ.ਐਸ.ਏ. ਵਰਗੇ ਕਾਲੇ ਕਾਨੂੰਨ ਬਣਾਏ ਹੋਏ ਹਨ ਜਿਨ੍ਹਾਂ ਰਾਹੀਂ ਉਨ੍ਹਾਂ ਤੇ ਦਮਨ ਚਕਰ ਚਲਾਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਕਾਲਾ ਕਾਨੂੰਨ ਹੈ ਇਸ ਨੂੰ ਐਮਰਜੈਂਸੀ ਦੀ ਸ਼ਕਲ ਦੇ ਕੇ ਪਿਛਲੇ ਸਮੇਂ ਵਿਚ ਕੁਵਰਤੋਂ ਕੀਤੀ ਅਤੇ ਇਸ ਵਿਚ ਕਾਂਗਰਸੀ ਬੰਦੇ ਵੀ ਨਹੀਂ ਛੱਡੇ ਗਏ ਸਨ। ਇਹ ਜਿਹੜੇ ਦੋ ਕਾਲੇ ਕਾਨੂੰਨ ਹਨ ਇਹ ਐਮਰਜੈਂਸੀ ਵਲ ਕਦਮ ਹੈ ਅਤੇ ਇਹ ਅੱਜ ਮਜ਼ਦੂਰਾਂ ਤੇ ਲਾਗੂ ਕੀਤੇ ਜਾ ਰਹੇ ਹਨ। ਮਜ਼ਦੂਰ ਇਸ ਗਲ ਤੇ ਬੜਾ ਰੋਸ ਪਰਗਟ ਕਰਦਾ ਹੈ। ਮਜ਼ਦੂਰਾਂ ਨੇ ਇਸ ਗਲ ਤੇ ਪਿਛੇ 19 ਜਨਵਰੀ ਨੂੰ ਆਲ ਇੰਡੀਆ ਲੈਵਲ ਤੇ ਹੜਤਾਲ ਕੀਤੀ ਸੀ। ਆਲ ਇੰਡੀਆ ਰੇਡਿਓ ਸਰਕਾਰ ਦਾ ਇਕ ਧੂਤੂ ਦਾ ਕੰਮ ਕਰਦਾ ਹੈ। ਆਲ ਇੰਡੀਆ ਰੇਡਿਓ ਨੇ ਇਥੋਂ ਤਕ ਕਿਹਾ ਕਿ ਪੱਛਮੀ ਬੰਗਾਲ ਵਿੱਚ ਵੀ ਕੋਈ ਹੜਤਾਲ ਨਹੀਂ ਹੋਈ। ਬੀ.ਬੀ.ਸੀ. ਵਾਲੇ ਕਹਿੰਦੇ ਹਨ ਕਿ ਆਲ ਇੰਡੀਆ ਰੇਡਿਓ ਵਾਲੇ ਝੂਠ ਬੋਲਦੇ ਹਨ ਕਿਉਂਕਿ ਕਲਕੱਤੇ ਵਿਚ ਕੋਈ ਵੀ ਕੰਮ ਨਹੀਂ ਸੀ ਚਲ ਰਿਹਾ। ਸਨਅਤੀ ਮਜ਼ਦੂਰ ਦੀ ਬੜੀ ਤਕੜੀ ਹੜਤਾਲ ਹੋਈ। ਪਟਿਆਲਾ ਵਿੱਚ ਗੋਲੀ ਚੱਲੀ। ਸੰਗਰੂਰ ਸ਼ਹਿਰ ਵਿਚ 580 ਮਜ਼ਦੂਰ ਫੜੇ ਗਏ, ਮਾਲੇਰਕੋਟਲਾ ਵਿੱਚ ਮਜ਼ਦੂਰਾਂ ਤੇ ਲਾਠੀ ਚਾਰਜ ਕੀਤੀ ਗਈ। ਸੁਨਾਮ ਸ਼ਹਿਰ ਵਿਚ ਕਿੰਨੇ ਬੰਦੇ ਫੜੇ ਗਏ। ਸਾਰੇ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਦੇਸ਼ ਵਿਚ ਹੜਤਾਲ ਹੋਈ ਔਰ ਉਹ ਹੜਤਾਲ ਮਜ਼ਦੂਰ ਕਲਾਸ ਦੀ ਸੀ। ਉਨ੍ਹਾਂ ਤੇ ਤਸ਼ੱਦਦ ਕੀਤੇ ਗਏ ਅਤੇ ਇਸ ਤਰ੍ਹਾਂ ਜਮਹੂਰੀਅਤ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਜਮਹੂਰੀਅਤ ਦਾ ਪੱਖ ਲੈ ਕੇ ਸਾਰੇ ਹਿੰਦੁਸਤਾਨ ਦੀ ਵਰਕਿੰਗ ਕਲਾਸ ਅਗੇ ਆਈ ਸੀ। ਉਨ੍ਹਾਂ ਤੇ ਬਹੁਤ ਬੜਾ ਜਬਰ ਕੀਤਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕਾਲੇ ਕਾਨੂੰਨ ਵਾਪਸ ਲਓ। ਇਥੇ ਗਵਰਨਰ ਸਾਹਿਬ ਆਏ ਉਨ੍ਹਾਂ ਨੇ ਨਹੀਂ ਕਿਹਾ ਕਿ ਇਹ ਇਸਮਾਂ ਅਤੇ ਐਸ.ਐਨ.ਏ. ਮਾੜੇ ਹਨ। ਉਸ ਨੇ ਇਸ ਬਾਰੇ ਇਕ ਗਲ ਨਹੀਂ ਕੀਤੀ। ਉਹ ਇਹ ਕਹਿ ਕੇ ਚਲੇ ਗਏ ਕਿ ਸਾਡੇ ਮਜ਼ਦੂਰ ਸੁਖੀ ਹਨ। ਜਿਹੜੇ ਮਜ਼ਦੂਰ ਮਿਨੀਮੱਮ ਵੇਜ ਦੇ ਵਿੱਚ ਆਉਂਦੇ ਹਨ ਉਨ੍ਹਾਂ ਨੂੰ ਕੰਮ ਨਹੀਂ ਦਿੱਤਾ ਜਾ ਰਿਹਾ ਉਨ੍ਹਾਂ ਦੀ ਛਾਂਟੀ ਕੀਤੀ ਜਾ ਰਹੀ ਹੈ। ਇਰੀਗੇਸ਼ਨ ਡਿਪਾਰਟਮੈਂਟ ਵਿਚ ਛਾਂਟੀ ਕੀਤੀ ਜਾ ਰਹੀ ਹੈ ਇਸ ਤੋਂ ਇਲਾਵਾ ਹੋਰ ਮਹਿਕਮਿਆਂ ਵਿਚ ਵੀ ਛਾਂਟੀ ਕੀਤੀ ਜਾ ਰਹੀ ਹੈ। ਥੀਨ ਡੈਮ ਦੀ ਮਨਜ਼ੂਰੀ ਹਾਲੇ ਤਕ ਇਹ ਨਹੀਂ ਲੈ ਸਕੇ। ਜਦ ਮਨਜ਼ੂਰੀ ਨਹੀਂ ਹੈ ਤਾਂ ਮਜ਼ਦੂਰ ਭਰਤੀ ਨਹੀਂ ਹੋ ਸਕਦਾ।

Original with;
Punjab Vidhan Sabha
Digitized by;
Panjab Digital Library

ਮੈਂ ਕਹਿੰਦਾ ਹਾਂ ਕਿ ਸਰਕਾਰ ਨਾ ਮਜ਼ਦੂਰਾਂ ਨਾਲ ਅਤੇ ਨਾ ਕਿਸਾਨਾਂ ਨਾਲ ਸੰਜੀਦਾ ਹੈ। ਇਹ ਸਰਕਾਰ ਬੜੀਆਂ ਫੜਾਂ ਮਾਰਦੀ ਹੈ। ਚੌਧਰੀ ਜਗਤ ਰਾਮ ਐਲਾਨ ਕਰਦੇ ਹਨ ਕਿ ਅਸੀਂ ਘੱਟੋ ਘੱਟ ਉਜਰਤਾਂ ਵਧਾ ਦਿੱਤੀਆਂ ਹਨ। ਇਨ੍ਹਾਂ ਨੇ ਪਲੈਨਿੰਗ ਬੋਰਡ ਰਾਹੀਂ 1978 ਵਿਚ ਸਰਵੇ ਕੀਤਾ ਅਤੇ ਇਕ ਨੋਟ ਸਰਕੂਲੇਟ ਕੀਤਾ ਕਿ ਜਿਹੜਾ ਕੋਈ ਇਕ ਮਹੀਨੇ ਵਿਚ 72 ਰੁਪਏ ਖਰਚ ਕਰਦਾ ਹੈ ਉਹ ਪਰ ਜੀਅ ਪਾਵਰਟੀ ਲਾਈਨ ਤੋਂ ਥਲੇ ਹੈ। ਇਕ ਪਰਿਵਾਰ 5 ਜੀਆਂ ਦਾ ਮੰਨਿਆਂ ਸੀ। ਇਸ ਦੇ ਆਧਾਰ ਤੇ 360 ਰੁਪਏ ਬਣਦਾ ਸੀ ਪਰ ਚੌਧਰੀ ਜਗਤ ਰਾਮ ਨੇ 340 ਰੁਪਏ ਕਰ ਦਿੱਤਾ। ਇਹ ਤਾਂ ਇਨ੍ਹਾਂ ਦੀ ਪਾਵਰਟੀ ਲਾਈਨ ਦੀ ਗਲ ਹੈ। ਅਗਰ ਸਨਅਤੀ ਮਜ਼ਦੂਰ ਲਈ ਮਿਨੀਮਮ ਵੇਜਿਜ਼ ਘੱਟੋ ਘੱਟ 500 ਰੁਪਏ ਨੀਯਤ ਕਰੋਗੇ ਤਾਂ ਉਨ੍ਹਾਂ ਦਾ ਕੁਝ ਪੂਰਾ ਪਏਗਾ ਨਹੀਂ ਤਾਂ ਸਰਮਾਇਆ-ਦਾਰ ਜਿਹੜੇ ਹਨ ਉਨ੍ਹਾਂ ਦੇ ਹੱਕਾਂ ਤੇ ਛਾਪੇ ਮਾਰੀ ਜਾਣਗੇ। ਮੈਂ ਕਹਿੰਦਾ ਹਾਂ ਕਿ ਮਜ਼ਦੂਰਾਂ ਨੂੰ ਬਚਾ ਲਓ ਨਹੀਂ ਤਾਂ ਉਨ੍ਹਾਂ ਨੂੰ ਸਰਮਾਇਆਦਾਰ ਖਾ ਜਾਣਗੇ।

ਮੈਂ ਹੁਣ ਅਮਨ ਕਾਨੂੰਨ ਦੀ ਗਲ ਕਰਨਾ ਚਾਹੁੰਦਾ ਹਾਂ। ਹਿੰਦੁਸਤਾਨ ਦੀ ਨਹੀਂ ਮੈਂ ਪੰਜਾਬ ਦੀ ਗਲ ਕਰਾਂਗਾ। ਇਨ੍ਹਾਂ ਨੇ ਅਮਨ ਕਾਨੂੰਨ ਦੀ ਹਾਲਤ ਬੜੀ ਤਸੱਲੀਬਖਸ਼ ਕਹੀ ਹੈ। ਪਿੱਛਲੇ ਸਮੇਂ ਤੋਂ ਲੈ ਲਵੋ ਪਤਾ ਲਗ ਜਾਏਗਾ। ਦਿਨ-ਦਿਹਾੜੇ ਬੜੇ ਬੜੇ ਪ੍ਰਾਮੀਨੈਂਟ ਬੰਦਿਆਂ ਨੂੰ ਕਤਲ ਕਰ ਦਿਤਾ ਗਿਆ, ਕੋਈ ਪੁੱਛਦਾ ਤਕ ਨਹੀਂ। ਥਾਣਿਆਂ ਵਿਚ ਮੌਤਾਂ ਹੋ ਰਹੀਆਂ ਹਨ ਅਤੇ ਲੋਕਾਂ ਤੇ ਅਣਮਨੁਖੀ ਤਸ਼ੱਦਦ ਹੋ ਰਿਹਾ ਹੈ। ਜੀਤ ਸਿੰਘ ਨੂੰ ਥਾਣੇ ਵਿਚ ਮਾਰ ਦਿੱਤਾ ਅਮਰ ਸਿੰਘ. ਐਡਵੋਕੇਟ, ਫਗਵਾੜੇ ਵਾਲੇ ਦਾ ਕਤਲ ਕਰ ਦਿੱਤਾ। ਘਨੌਰ ਵਿਚ ਗੋਲੀ ਚਲੀ, ਅੱਜ ਮੈਂ ਸੁਆਲ ਵੀ ਕੀਤਾ ਸੀ। ਉਸ ਦੀ ਰਿਪੋਰਟ ਜਿਹੜੀ ਡੀ.ਸੀ. ਕੋਲ ਜਾਣੀ ਸੀ ਉਹ ਚੋਰੀ ਹੋ ਗਈ। ਸਰਕਾਰ ਵਲੋਂ ਕਾਤਲਾਂ ਨੂੰ ਜੋ ਪੁਲ-ਸੀਏ ਹਨ, ਪਰਮੋਟ ਕੀਤਾ ਜਾ ਰਿਹਾ ਹੈ। ਇਨ੍ਹਾਂ ਨੇ ਫਰੀਦਕੋਟ ਵਿਚ ਸੁਖਦੇਵ ਸਿੰਘ ਦਾ ਕਤਲ ਕਰ ਦਿੱਤਾ। ਮੈਡੀਕਲ ਕਾਲਜ, ਪਟਿਆਲਾ, ਦੇ ਡਿਪਟੀ ਸੁਪਰਡੰਟ ਨੇ ਨਰਸ ਦਾ ਰੇਪ ਕਰਨ ਦੀ ਕੋਸ਼ਿਸ਼ ਕੀਤੀ, ਕਿੰਨੀ ਸ਼ਰਮ ਦੀ ਗਲ ਹੈ। ਇਹ ਇਸ ਤਰ੍ਹਾਂ ਦੀਆਂ ਇਥੇ ਗਲਾਂ ਹੋ ਰਹੀਆਂ ਹਨ। ਇਹ ਹਾਲਤ ਪੁਲਿਸ ਪੰਜਾਬ ਦੇ ਲੋਕਾਂ ਦੀ ਕਰ ਰਹੀ ਹੈ। ਬੋਰਡ ਲਾਕੇ ਦਿਖਾਇਆ ਕਿ ਇਕ ਪੁਲਿਸ ਦਾ ਸਿਪਾਹੀ ਇਕ ਬੱਚੇ ਨੂੰ ਉਂਗਲੀ ਫੜ ਕੇ ਲਿਜਾ ਰਿਹਾ ਹੈ, ਇਉਂ ਲਗਦਾ ਹੈ ਜਿਵੇਂ ਸਮਾਣੇ ਦੇ ਬੱਚੇ ਨੂੰ ਅਗਵਾ ਕਰਕੇ ਲਿਜਾ ਰਿਹਾ ਹੈ। ਸਮਾਣੇ ਦਾ ਇਕ ਬੱਚਾ ਜਿਸ ਨੂੰ ਸਰੂਪ ਸਿੰਘ ਹਵਾਲਦਾਰ ਘਰੋਂ ਫੜ ਕੇ ਲੈ ਗਿਆ। ਇਸ ਵਿਚ ਕਈ ਅਫ਼ਸਰ ਇਨਵਾਲਵਡ ਹਨ। ਐਸ.ਐਸ.ਪੀ., ਸੰਗਰੂਰ ਨੂੰ ਕਿਹਾ ਕਿ ਉਸ ਨੂੰ ਗ੍ਰਿਫ਼ਤਾਰ ਕਰੋ ਤਾਂ ਉਸ ਨੇ ਕਿਹਾ ਕਿ ਸਾਡਾ ਆਪਣਾ ਨੌਕਰ ਹੈ ਜਦੋਂ ਮਰਜ਼ੀ ਫੜ ਲਵਾਂਗੇ। ਪਰ ਹਾਲੇ ਤਕ ਫੜਿਆ ਨਹੀਂ, ਥਾਣਿਆਂ ਵਿਚ ਫਿਰ ਰਿਹਾ ਹੈ। ਮੇਰੇ ਜ਼ਿਲ੍ਹੇ ਵਿਚ 2, 3 ਕੇਸ ਦਾਜ ਦੇ ਹੋਏ। ਪੁਲਿਸ ਨਾਲ ਮਿਲ ਕੇ ਬਾਲੀਆਂ ਦੀ ਕੁੜੀ ਮਾਰ ਦਿੱਤੀ। ਏ.ਐਸ ਆਈ. ਨਾਲ ਮਿਲ ਗਿਆ। ਜਦੋਂ ਐਸ.ਐਸ.ਪੀ. ਨੂੰ ਕਿਹਾ ਤਾਂ ਉਸ ਨੇ ਕਿਹਾ ਕਿ ਜਿਸ ਤਰ੍ਹਾਂ ਤੁਸੀਂ ਕਹਿੰਦੇ ਹੋ ਇਸ ਤਰ੍ਹਾਂ ਨਹੀਂ ਕਰਨਾ। ਅਸੀਂ ਕਹਿੰਦੇ ਹਾਂ ਕਿ ਉਹ ਦਸੇ ਕਿ ਕਿਸ ਤਰ੍ਹਾਂ ਕਰਨਾ ਹੈ। ਲੈਹਿਰਾ ਗਾਗਾ, ਉਭਾਵਾਲ ਵਿਚ ਦਾਜ ਪਿਛੇ ਕੁੜੀਆਂ ਮਾਰੀਆਂ ਗਈਆਂ। ਲਾਅ ਐਂਡ ਆਰਡਰ ਦੀ ਹਾਲਤ ਬਿਲਕੁਲ ਖਰਾਬ ਹੈ। ਜ਼ਿਲ੍ਹਾ ਸੰਗਰੂਰ ਵਿਚ ਸ਼ਰੇਆਮ ਭੁਕੀ ਵਿਕ ਰਹੀ ਹੈ। ਵੇਚਣ ਵਾਲਿਆਂ ਨੂੰ ਕੋਈ ਪੁੱਛਦਾ ਤਕ ਨਹੀਂ। ਮੈਂ ਕਹਿੰਦਾ ਹਾਂ ਕਿ ਪੁਲੀਸ ਦੇ ਨਕਾਂ ਵਿਚ ਨਕੇਲ ਪਾਓ ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਲੋਕ ਤੁਹਾਨੂੰ ਮੁਆਫ਼ ਨਹੀਂ ਕਰਨਗੇ।

ਹੁਣ ਮੈਂ ਇਕ ਗਲ ਪੀਲੇ ਕਾਰਡਾਂ ਦੇ ਬਾਰੇ ਵਿਚ ਕਰਨੀ ਚਾਹੁੰਦਾ ਹਾਂ। ਇਨ੍ਹਾਂ ਨੇ ਕਿਹਾ ਕਿ ਗਰੀਬਾਂ ਦੇ ਪੀਲੇ ਕਾਰਡ ਬਣਾ ਦਿੱਤੇ ਤੇ ਕੋਈ ਰਹਿ ਨਹੀਂ ਗਿਆ। ਮੈਂ ਕਹਿੰਦਾ ਹਾਂ ਕਿ ਪੀ. ਡਬਲਿਊ. ਡੀ. ਦੇ ਫ਼ੋਰਥ ਕਲਾਸ ਦੇ ਸਾਰੇ ਕਰਮਚਾਰੀ ਰਹਿ ਗਏ। ਪੀਲੇ ਕਾਰਡ ਬਣਾਏ ਕਿਸ ਦੇ ਪਿੰਡਾਂ ਵਿਚ ਉਨ੍ਹਾਂ ਦੇ ਬਣਾਏ ਜਿਨ੍ਹਾਂ ਦੇ ਪਾਸ ਟਰੈਕਟਰ ਹਨ, ਧਨਵਾਨ ਹਨ। ਗਰੀਬਾਂ ਦੀ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਨੇ ਕੀਤੀ। ਉਸ ਨੇ ਇਥੇ ਆਕੇ ਖਾਲਿਸਤਾਨ ਦਾ ਨਾਅਰਾ ਦਿੱਤਾ। ਇਹ ਦੇਸ਼ ਵਿਰੋਧੀ ਮੰਗ ਹੈ। ਇਥੇ ਅਨੰਦਪੁਰ ਸਾਹਿਬ ਦੇ ਮਤੇ ਦੀ ਗਲ ਕੀਤੀ ਗਈ। ਮੇਰੀ ਪਾਰਟੀ ਇਸ ਨਾਲ ਸਹਿਮਤ ਨਹੀਂ ਹੈ। ਨਾ ਅਸੀਂ ਖਾਲਿਸਤਾਨ ਦੀ ਮੰਗ ਕਰਦੇ ਹਾਂ, ਨਾ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਗਲ ਕਰਦੇ ਹਾਂ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਸਿੱਖਾਂ ਦੇ ਧਾਰਮਿਕ ਮਸਲਿਆਂ ਵਿੱਚ ਸਰਕਾਰ ਬਿਲਕੁਲ ਦਖਲ ਨਾ ਦੇਵੇ। ਚਾਹੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ, ਚਾਹੇ ਗੁਰਦੁਆਰਾ ਇਲੈਕਸ਼ਨ ਐਕਟ ਦੀ ਗਲ ਹੋਵੇ, ਉਸ ਦੇ ਵਿੱਚ ਬਿਲਕੁਲ ਦਖਲ ਸਰਕਾਰ ਨੂੰ ਨਹੀਂ ਦੇਣਾ ਚਾਹੀਦਾ। ਅੱਜ ਬੜੀ ਖੁਸ਼ੀ ਦੀ ਗਲ ਹੈ ਕਿ ਅਕਾਲੀ ਦਲ (ਐਲ) ਨੇ ਕਿਹਾ ਹੈ ਕਿ ਖਾਲਿਸਤਾਨ ਨਾਲ ਸਾਡਾ ਕੋਈ ਤੁਅੱਲਕ ਨਹੀਂ ਹੈ। ਪਰ ਪੰਜਾਬ ਵਿੱਚ ਜਿਹੜਾ ਅਤਿਵਾਦੀ ਅਨਸਰ ਹੈ ਉਹ ਇਸ ਗਲ ਨੂੰ ਹਵਾ ਦੇ ਰਿਹਾ ਹੈ। ਪੰਜਾਬ ਦੇ ਸੁਖਾਵੇਂ ਮਾਹੌਲ ਨੂੰ ਵਿਗਾੜਨ ਲਈ ਜਿਥੇ ਇਹ ਅਤਿਵਾਦੀ ਜ਼ਿੰਮੇਵਾਰ ਹਨ। ਇਨ੍ਹਾਂ ਫਿਰਕਾਪ੍ਰਸਤ ਤਾਕਤਾਂ ਦੇ ਖਿਲਾਫ ਸਾਨੂੰ ਆਈਡਿਆਲੋਜੀਕਲੀ ਲੜਨਾ ਚਾਹੀਦਾ ਹੈ। ਕਾਂਗਰਸ ਵਾਲੇ ਇਨ੍ਹਾਂ ਨੂੰ ਸ਼ਹਿ ਦਿੰਦੇ ਰਹੇ ਹਨ। ਸਾਨੂੰ ਇਨ੍ਹਾਂ ਦੇ ਖਿਲਾਫ ਡੱਟ ਕੇ ਲੜਨਾ ਚਾਹੀਦਾ ਹੈ। ਸੰਤ ਜਰਨੈਲ ਸਿੰਘ ਪਿਛਲੇ ਸਮੇਂ ਵਿੱਚ ਕੀ ਸੀ ? ਇਨ੍ਹਾਂ ਦੀ ਵਰਕਿੰਗ ਕਮੇਟੀ ਵਿੱਚ ਰੌਲਾ ਪਿਆ ਕਿ ਇਹ ਤਾਂ ਸਾਡਾ ਬੰਦਾ ਹੈ। ਭਾਟੀਏ ਅਤੇ ਢਿਲੋਂ ਨੇ ਇਹ ਕਿਹਾ। ਜੱਥੇਦਾਰ ਉਮਰਾਨੰਗਲ ਦੇ ਖਿਲਾਫ ਪ੍ਰਧਾਨ ਦੀ ਇਲੈਕਸ਼ਨ ਕਿਸ ਬੰਦੇ ਨੇ ਲੜੀ ਸੀ ?

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ।

**ਮਾਸਟਰ ਚੰਦ ਸਿੰਘ** : ਇਨ੍ਹਾਂ ਨੇ ਬੰਦੇ ਪਾਲੇ ਹੋਏ ਹਨ। ਸਾਨੂੰ ਅਤਿਵਾਦੀ ਅਤੇ ਪੱਖਵਾਦੀ ਲੋਕਾਂ ਦਾ ਡੱਟ ਕੇ ਮੁਕਾਬਲਾ ਕਰਨਾ ਪਵੇਗਾ ਅਤੇ ਇਨ੍ਹਾਂ ਦੇ ਖਿਲਾਫ ਲੜਨਾ ਪਵੇਗਾ ਨਹੀਂ ਤਾਂ ਦੇਸ਼ ਤੇ ਬਹੁਤ ਵੱਡਾ ਖਤਰਾ ਹੋ ਜਾਵੇਗਾ। ਮਜ਼ਦੂਰ ਕਿਸਾਨ ਦਾ ਏਕਾ ਤੋੜ ਰਹੇ ਹਨ। ਅਮਰੀਕਾ ਅੱਜ ਪਾਕਿਸਤਾਨ ਨੂੰ ਹਥਿਆਰ ਦੇ ਰਿਹਾ ਹੈ। ਅਮਰੀਕਾ ਵਾਲੇ ਆਪਣੇ ਬਜਟ ਦਾ 75% ਹਿੱਸਾ ਫੌਜੀ ਹਥਿਆਰਾਂ ਤੇ ਲਾ ਰਹੇ ਹਨ। ਉਨ੍ਹਾਂ ਨੂੰ ਇਹ ਹਥਿਆਰ ਵੇਚਣ ਲਈ ਮੰਡੀ ਚਾਹੀਦੀ ਹੈ। ਮੰਡੀ ਉਨ੍ਹਾਂ ਨੂੰ ਪਾਕਿਸਤਾਨ ਮਿਲ ਗਈ ਹੈ। ਪਾਕਿਸਤਾਨ ਨੇ ਪਿਛਲੇ ਸਮੇਂ ਵਿੱਚ ਇਹ ਹਥਿਆਰ ਕਿਸ ਦੇ ਖਿਲਾਫ ਵਰਤੇ ਹਨ ਜਾਂ ਤਾਂ ਆਪਣੇ ਲੋਕਾਂ ਦੇ ਖਿਲਾਫ ਵਰਤੇ ਹਨ ਜਾਂ ਹਿੰਦੁਸਤਾਨ ਦੇ ਖਿਲਾਫ ਵਰਤੇ ਹਨ। ਇਸ ਲਈ ਇਸ ਦੇਸ਼ ਨੂੰ ਖਤਰਾ ਹੈ। ਇਸ ਖਤਰੇ ਦੇ ਖਿਲਾਫ ਸਾਨੂੰ ਡੱਟ ਕੇ ਲੜਨਾ ਪਵੇਗਾ। ਇਸ ਤੋਂ ਇਲਾਵਾ ਸਾਡੇ ਦੇਸ਼ ਵਿੱਚ ਤਾਨਾਸ਼ਾਹੀ ਤਾਕਤਾਂ ਜ਼ੋਰ ਫੜ ਰਹੀਆਂ ਹਨ। ਐਨ.ਐਸ. ਏ. ਵਰਗੇ ਕਾਲੇ ਕਾਨੂੰਨ ਬਣ ਰਹੇ ਹਨ। ਇਨ੍ਹਾਂ ਦੇ ਖਿਲਾਫ ਸਾਨੂੰ ਆਵਾਜ਼ ਚੁੱਕਣ ਦੀ ਲੋੜ ਹੈ। ਇਸ ਵਾਸਤੇ ਮੈਂ ਸਾਰੇ ਸਾਥੀਆਂ ਨੂੰ ਇਕੱਠੇ ਹੋ ਕੇ ਇਸ ਦੇ ਖਿਲਾਫ ਲੜਨ ਲਈ ਕਹਾਂਗਾ। ਇਹ ਕਾਂਗਰਸ ਪਾਰਟੀ ਤਾਨਾਸ਼ਾਹੀ ਵੱਲ ਵੱਧ ਰਹੀ ਹੈ। ਡੈਮੋਕਰੇਟਿਕ ਵੈਲਿਊਜ਼ ਖਤਮ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਬਚਾਉਣ ਦੀ ਲੋੜ ਹੈ। ਇਹ ਤਾਂ ਹੀ ਬੱਚ ਸਕਦੀਆਂ ਹਨ ਜੇ ਆਪਾਂ ਸਾਰੇ ਇਕੱਠੇ ਹੋ ਕੇ ਇਸ ਦਾ ਮੁਕਾਬਲਾ ਕਰੀਏ। ਮਸਲੇ ਬਹੁਤ ਹਨ। ਚਾਹੇ ਲਾਅ ਐਂਡ ਆਰਡਰ ਦਾ ਮਸਲਾ ਹੈ ਅਤੇ ਚਾਹੇ ਮਹਿੰਗਾਈ ਦਾ ਮਸਲਾ ਹੈ। ਇਨ੍ਹਾਂ ਦੀਆਂ ਜਿਹੜੀਆਂ ਪਾਲਿਸੀਆਂ ਹਨ ਇਹ ਇਜਾਰੇਦਾਰੀ ਸਿਸਟਮ ਨੂੰ ਬਚਾਉਣ ਵਾਲੀਆਂ ਹਨ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ ਜੀ।

**ਮਾਸਟਰ ਚੰਦ ਸਿੰਘ** : ਪਿਛਲੇ ਦਿਨਾਂ ਵਿੱਚ ਸਾਡੇ ਤੇ ਹੋਰ ਟੈਕਸ ਸੈਂਟਰ ਦੀ ਸਰਕਾਰ ਨੇ ਲਾਏ ਹਨ। ਪਰ ਬਿਰਲੇ ਅਤੇ ਟਾਟੇ ਨੂੰ 70 ਕਰੋੜ ਰੁਪਿਆ ਬਕਾਇਆ ਟੈਕਸ ਦਾ ਮੁਆਫ ਕਰ ਦਿੱਤਾ। ਕੀ ਉਹ ਇਨ੍ਹਾਂ ਦੇ ਮਾਮੇ ਦੇ ਪੁੱਤਰ ਹਨ। ਇਹ ਬਿਰਲਿਆਂ ਅਤੇ ਟਾਟਿਆਂ ਦੀ ਸਰਕਾਰ ਹੈ। ਜਮਹੂਰੀ ਕਦਰਾਂ ਨੂੰ ਕਰਬ ਕਰਨ ਲਈ ਕਾਲੇ ਕਾਨੂੰਨ ਬਣ ਰਹੇ ਹਨ। ਆਈ. ਐਮ.ਐਫ.

Original with;
Punjab Vidhan Sabha
Digitized by;
Panjab Digital Library

ਤੋਂ ਕਰਜ਼ਾ ਲਿਆ ਹੈ। ਇਸ ਲਈ ਦੇਸ਼ ਨੂੰ ਬਹੁਤ ਵੱਡਾ ਖਤਰਾ ਹੈ। ਇਹ ਆਪਣੇ ਕਾਂਗਰਸੀ ਸਾਥੀਆਂ ਨੂੰ ਤਾਂ ਦੱਬ ਘੁੱਟ ਕੇ ਚੁਪ ਕਰਾ ਸਕਦੇ ਹਨ ਪਰ ਇਹ ਗਲ ਬਹੁਤ ਦੇਰ ਚਲਣੀ ਨਹੀਂ ਸਾਨੂੰ ਇਕੱਠੇ ਹੋ ਕੇ ਤਾਨਾਸ਼ਾਹੀ ਤਾਕਤਾਂ ਦਾ ਟਾਕਰਾ ਕਰਨਾ ਚਾਹੀਦਾ ਹੈ। ਪੱਖਵਾਦੀ ਤਾਕਤਾਂ ਦਾ ਵੀ ਸਾਨੂੰ ਡੱਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ। ਮੈਂ ਜਿਹੜਾ ਪਰਸਤਾਵ ਸਰਦਾਰ ਬੀਰ ਦਵਿੰਦਰ ਸਿੰਘ ਜੀ ਨੇ ਗਵਰਨਰ ਸਾਹਿਬ ਦੇ ਧੰਨਵਾਦ ਦਾ ਪੇਸ਼ ਕੀਤਾ ਹੈ ਉਸ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿੱਚ ਲਾਅ ਐਂਡ ਆਰਡਰ ਦੇ ਮੁਤੱਲਿਕ ਕਿਹਾ ਗਿਆ ਹੈ। ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਪੂਰੀ ਤਰ੍ਹਾਂ ਨਾਲ, ਪੂਰੇ ਤਰੀਕੇ ਨਾਲ, ਪੂਰੀ ਸੋਚ ਨਾਲ, ਅਪੋਜ਼ੀਸ਼ਨ ਲੀਡਰ, ਬਾਦਲ ਸਾਹਿਬ ਦੀ ਸਪੀਚ ਸੁਣੀ ਹੈ। ਉਨ੍ਹਾਂ ਨੇ ਆਪਣੀ ਸਪੀਚ ਰਾਹੀਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅੱਜ ਪੰਜਾਬ ਦੇ ਲਾਅ ਐਂਡ ਆਰਡਰ ਦੀ ਜੋ ਪੁਜ਼ੀਸ਼ਨ ਹੈ, ਜੋ ਕੁਝ ਪਿਛਲੇ ਸਮੇਂ ਵਿਚ ਹੋਇਆ ਹੈ ਉਸ ਪਿੱਛੇ ਕਾਂਗਰਸ ਦਾ ਹੱਥ ਹੈ ਪਰ, ਡਿਪਟੀ ਸਪੀਕਰ ਸਾਹਿਬ, ਗੱਲ ਸਾਰੀ ਇਸ ਦੇ ਉਲਟ ਹੈ। ਜੇਕਰ ਮੈਂ ਇਹ ਕਹਿ ਦੇਵਾਂ ਕਿ ਜੋ ਕੁਝ ਵੀ ਪੰਜਾਬ ਵਿਚ ਪਿਛੇ ਜਿਹੇ ਹੋਇਆ ਹੈ ਉਹ ਇਨ੍ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਦੀ ਮੇਹਰਬਾਨੀ ਨਾਲ, ਇਨ੍ਹਾਂ ਦੀ ਕਿਰਪਾ ਨਾਲ ਹੋਇਆ ਹੈ ਤਾਂ ਇਹ ਠੀਕ ਹੀ ਹੋਵੇਗਾ ਕਿਉਂਕਿ ਇਹ ਜਿਹੜੀ ਸਾਡੀ ਕਾਂਗਰਸ ਦੀ ਸਰਕਾਰ ਹੈ, ਇਹ ਜੋ ਰਾਜ ਹੈ ਇਹ ਤਾਂ ਜਮਹੂਰੀਅਤ ਦਾ ਰਾਜ ਹੈ। ਵੋਟਾਂ ਨਾਲ ਹਕੂਮਤ ਬਣਦੀ ਹੈ ਪਰ ਲੋਕਾਂ ਨੇ ਵੋਟਾਂ ਨਾਲ ਤਾਂ ਇਨ੍ਹਾਂ ਨੂੰ ਦੂਸਰੇ ਪਾਸੇ ਬਿਠਾ ਦਿਤਾ ਹੈ। ਇਨ੍ਹਾਂ ਨੂੰ ਇਹ ਡਰ ਹੋ ਗਿਆ ਕਿ ਹੁਣ ਵੋਟਾਂ ਨਾਲ ਸ਼ਾਇਦ ਇਹ ਫਿਰ ਕਦੇ ਹਕੂਮਤ ਵਿਚ ਨਾ ਆ ਸਕਣ, ਇਸ ਲਈ ਇਨ੍ਹਾਂ ਨੇ ਉਸ ਚੀਜ਼ ਨੂੰ ਲੁਕਾਉਣ ਵਾਸਤੇ ਇਹ ਕੰਮ ਚਾਲੂ ਕੀਤਾ ਹੈ ਅੌਰ ਇਨ੍ਹਾਂ ਨੇ ਅੱਤਿਵਾਦੀਆਂ ਨੂੰ, ਐਕਸਟਰੀਮਿਸਟ ਨੂੰ ਸ਼ਹਿ ਦਿੱਤੀ ਹੈ। ਉਨ੍ਹਾਂ ਦੀ ਸਰਪਰਸਤੀ ਕੀਤੀ ਤਾਕਿ ਸਾਰੇ ਪੰਜਾਬ ਵਿਚ ਖੂਨੀ ਇਨਕਲਾਬ ਲਿਆਂਦਾ ਜਾ ਸਕੇ। ਬੇਗੁਨਾਹ ਲੋਕ ਗੋਲੀ ਨਾਲ ਭੁੰਨ ਦਿੱਤੇ ਜਾਣ ਤਾਕਿ ਪੰਜਾਬ ਵਿਚ ਹਫੜਾਤਫੜੀ ਫੈਲੇ ਅੌਰ ਹਕੂਮਤ ਫੇਲ੍ਹ ਹੋ ਜਾਵੇ। ਪਰ ਡਿਪਟੀ ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਪਿਛਲੇ ਸਮੇਂ ਵਿਚ ਜੋ ਕੁਝ ਹੋਇਆ ਹੈ ਉਸ ਨੂੰ ਠੀਕ ਕਰਨ ਲਈ, ਪੰਜਾਬ ਦੇ ਮਾਹੌਲ ਨੂੰ ਚੰਗਾ ਕਰਨ ਲਈ ਅੌਰ ਪੰਜਾਬ ਦੀ ਜਨਤਾ ਨੂੰ ਚੰਗਾ ਪ੍ਰਬੰਧ ਦੇਣ ਲਈ ਉਨ੍ਹਾਂ ਨੇ ਅੌਰ ਉਨ੍ਹਾਂ ਦੀ ਸਰਕਾਰ ਨੇ ਭਰਪੂਰ ਯਤਨ ਕੀਤਾ ਹੈ ਜਿਸ ਨਾਲ ਪੰਜਾਬ ਦਾ ਵਾਤਾਵਰਣ ਠੀਕ ਹੋਇਆ ਹੈ, ਪੰਜਾਬ ਦੀ ਫਿਜ਼ਾ ਠੀਕ ਹੋਈ ਹੈ। ਇਨ੍ਹਾਂ ਨੇ (ਵਿਰੋਧੀ ਧਿਰ ਵੱਲ ਇਸ਼ਾਰਾ) ਕਾਤਲਾਂ ਨੂੰ ਸ਼ਹਿ ਦੇ ਕੇ ਕਤਲ ਕਰਵਾਏ ਅੌਰ ਕਾਤਲਾਂ ਦੇ ਰਿਸ਼ਤੇਦਾਰਾਂ ਅੌਰ ਉਨ੍ਹਾਂ ਦੇ ਮਾਪਿਆਂ ਦੇ ਜਾ ਕੇ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਨੇ ਇਕ ਵਾਰੀ ਵੀ ਨਹੀਂ ਕਿਹਾ ਕਿ ਕਾਤਲਾਂ ਨੂੰ ਅਰੈਸਟ ਕੀਤਾ ਜਾਵੇ, ਪੂਰੀ ਸਜ਼ਾ ਦਿੱਤੀ ਜਾਵੇ ਤਾਕਿ ਪੰਜਾਬ ਦੇ ਲੋਕਾਂ ਨੂੰ, ਪੰਜਾਬ ਦੀ ਜਨਤਾ ਨੂੰ, ਆਪਣਾ ਪੰਜਾਬ ਚੰਗਾ ਬਣਾਉਣ ਲਈ ਇਸ ਨੂੰ ਪਰਸਪਰ ਕਰਨ ਦਾ ਮੌਕਾ ਮਿਲੇ ਬਲਕਿ ਇਨ੍ਹਾਂ ਨੇ ਪਿੰਡ ਪਿੰਡ ਵਿਚ ਜਾ ਕੇ ਉਨ੍ਹਾਂ ਨੂੰ ਸ਼ਹਿ ਦਿੱਤੀ, ਉਨ੍ਹਾਂ ਨੂੰ ਸਰੋਪੇ ਦਿੱਤੇ, ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਿਸ ਨਾਲ ਪੰਜਾਬ ਦਾ ਵਾਤਾਵਰਨ ਹੋਰ ਖਰਾਬ ਹੋਣ ਦਾ ਖਦਸ਼ਾ ਹੋਇਆ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬ ਵਿਚ ਇਹ ਮਾੜੀ ਪ੍ਰਥਾ ਚਲਾਈ ਹੈ ਪਰ ਸਾਡੇ ਮੁੱਖ ਮੰਤਰੀ ਜੀ ਨੇ ਚੰਗੀ ਸੇਧ ਦਿਤੀ ਹੈ। ਉਨ੍ਹਾਂ ਨੇ ਆਪਣੀ

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਦੇ ਯਤਨ ਕਰ ਰਹੀਆਂ ਹਨ । ਪਰ ਸਾਡੀ ਸਰਕਾਰ ਨੇ ਇਨ੍ਹਾਂ ਨੂੰ ਅੱਗੇ ਨਹੀਂ ਆਉਣ ਦੇਣਾ ਸਾਡੇ ਕਾਂਸਟੀਚਿਊਸ਼ਨ ਦੇ ਮੁਤਾਬਿਕ ਹਰੀਜਨਾਂ ਨੂੰ ਰਿਜ਼ਰਵੇਸ਼ਨ ਦਿੱਤੀ ਗਈ ਹੈ । ਇਸ ਲਈ ਸਾਡੀ ਹਿੰਦੁਸਤਾਨ ਦੀ ਸਰਕਾਰ ਨੇ ਸਾਡੀ ਕਾਂਗਰਸ ਸਰਕਾਰ ਨੇ, ਸਾਡੀ ਪ੍ਰਧਾਨ ਮੰਤਰੀ ਸਾਹਿਬਾ ਨੇ ਇਥੇ ਆਉਂਦਿਆਂ ਹੀ ਸਭ ਤੋਂ ਪਹਿਲੇ ਕੰਮ ਇਹ ਕੀਤਾ ਕਿ ਇਹ ਜਿਹੜੀ ਰਿਜ਼ਰਵੇਸ਼ਨ ਸੀ ਇਸ ਦੀ ਐਕਸਟੈਨਸ਼ਨ 10 ਸਾਲ ਲਈ ਹੋਰ ਕਰ ਦਿੱਤੀ, ਸਾਡੀ ਪੰਜਾਬ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਇਸ ਗਲ ਲਈ ਵਚਨ ਬੱਧ ਹਨ ਕਿ ਉਹ ਜਿੰਨੇ ਵੀ ਉਜੜੇ ਹੋਏ ਲੋਕ ਹਨ ਜਿੰਨੇ ਵੀ ਲਿਤਾੜੇ ਹੋਏ ਲੋਕ ਹਨ ਉਨ੍ਹਾਂ ਨੂੰ ਉਚਾ ਚੁਕਿਆ ਜਾਵੇ । ਜਿਹੜੇ ਫਿਰਕਾਪ੍ਰਸਤ ਲੋਕ ਹਨ ਉਹ ਸਾਨੂੰ ਉਪਰ ਨਹੀਂ ਹੋਣ ਦੇਣਾ ਚਾਹੁੰਦੇ । ਉਹ ਨਹੀਂ ਚਾਹੁੰਦੇ ਕਿ ਇਹ ਰਿਜ਼ਰਵੇਸ਼ਨ ਕਾਇਮ ਰਹੇ । ਜਿਹੜੀਆਂ ਸਹੂਲਤਾਂ ਹਰੀਜਨਾਂ ਨੂੰ ਮਿਲ ਰਹੀਆਂ ਹਨ ਉਹ ਮਿਲਦੀਆਂ ਰਹਿਣ, ਜਾਂ ਸਾਨੂੰ ਉਚਾ ਜੀਵਨ ਪੱਧਰ ਮਿਲੇ, ਇਹ ਫਿਰਕਾ-ਪ੍ਰਸਤ ਤਾਕਤਾਂ ਨਹੀਂ ਚਾਹੁੰਦੀਆਂ। ਮੈਂ ਤਾਂ ਇਹ ਕਹਾਂਗਾ ਕਿ ਜਦੋਂ ਪਿਛੇ ਪੰਜਾਬ ਅੰਦਰ ਐਂਟੀ ਰਿਜ਼ਰਵੇਸ਼ਨ ਤਹਿਰੀਕ ਚਲੀ ਸੀ ਤਾਂ ਉਹ ਸਾਡੇ ਲੀਡਰ ਆਫ਼ ਦੀ ਆਪੋਜ਼ੀਸ਼ਨ ਬਾਦਲ ਸਾਹਿਬ ਦੇ ਆਸ਼ੀਰਵਾਦ ਨਾਲ ਚਲੀ ਸੀ। ਇਹ ਨਹੀਂ ਸਨ ਚਾਹੁੰਦੇ ਕਿ ਇਹ ਰਿਜ਼ਰਵੇਸ਼ਨ ਕਾਇਮ ਰਹੇ । ਇਸ ਲਈ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਪਾਸੇ ਪੂਰਾ ਧਿਆਨ ਦੇ ਕੇ ਰਹਿਣ ਔਰ ਜਿਹੜੀਆਂ ਸਾਜ਼ਸ਼ਾਂ ਇਹ ਕਰਦੇ ਹਨ ਉਨ੍ਹਾਂ ਨੂੰ ਕੁਚਲਣ ਦਾ ਯਤਨ ਕਰਨ। ਮੈਨੂੰ ਇਸ ਗਲ ਦਾ ਭਰੋਸਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਇਹ ਚਾਹੁੰਦੇ ਹਨ ਕਿ ਪੰਜਾਬ ਦੇ ਅੰਦਰ ਸੁਖਾਵਾਂ ਵਾਤਾਵਰਣ ਕਾਇਮ ਹੋਵੇ ਔਰ ਫਿਰਕਾਪ੍ਰਸਤ ਤਾਕਤਾਂ ਨਾ ਉਠ ਸਕਣ । ਇਸ ਤਰ੍ਹਾਂ ਨਾਲ ਉਹ ਪੰਜਾਬ ਨੂੰ ਉਚਾ ਲੈ ਜਾਣਾ ਚਾਹੁੰਦੇ ਹਨ ਔਰ ਪੰਜਾਬ ਵਿਚ ਹਰ ਪੱਖ ਤੋਂ ਤਰੱਕੀ ਕਰਨਾ ਚਾਹੁੰਦੇ ਹਨ । ਇਸ ਲਈ ਮੈਂ ਤੁਹਾਡੀ ਮਾਰਫਤ ਆਪਣੀ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ ।

ਸਾਡੀ ਸਰਕਾਰ ਨੇ ਐਜੂਕੇਸ਼ਨ ਦੇ ਖੇਤਰ ਵਿਚ ਵੀ ਤਰੱਕੀ ਕਰਨ ਲਈ ਕਾਫ਼ੀ ਕੰਮ ਕੀਤੇ ਹਨ। ਔਰ ਕਈ ਨਵੀਆਂ ਨੀਤੀਆਂ ਚਲਾਈਆਂ ਹਨ । ਸਾਡੀ ਸਰਕਾਰ ਨੇ ਪ੍ਰਾਇਮਰੀ ਤੋਂ ਮਿਡਲ ਔਰ ਮਿਡਲ ਤੋਂ ਹਾਈ ਸਕੂਲ ਬਣਾ ਕੇ ਬੜਾ ਚੰਗਾ ਕੰਮ ਕੀਤਾ ਹੈ। ਇਸ ਦੇ ਨਾਲ ਜਿਹੜੀ ਵੋਕੇਸ਼ਨਲ ਐਜੂਕੇਸ਼ਨ ਲਾਗੂ ਕਰਨ ਦੀ ਸਕੀਮ ਚਾਲੂ ਕੀਤੀ ਹੈ ਇਹ ਬਹੁਤ ਹੀ ਚੰਗੀ ਹੈ। ਵੋਕੇਸ਼ਨਲ ਐਜੂਕੇਸ਼ਨ ਲਾਗੂ ਹੋਣ ਨਾਲ ਕੋਈ ਵੀ ਬੱਚਾ ਜਿਹੜਾ ਦਸਵੀਂ ਪਾਸ ਕਰਦਾ ਹੈ ਉਹ ਬੇਰੁਜ਼ਗਾਰ ਨਹੀਂ ਰਹੇਗਾ ਬਲਕਿ ਉਸ ਦੇ ਹੱਥ ਵਿਚ ਹੁਨਰ ਹੋਵੇਗਾ । ਉਸ ਨੂੰ ਨੌਕਰੀ ਪਿਛੇ ਨਹੀਂ ਦੌੜਨਾ ਪਵੇਗਾ ਬਲ ਕਿ ਉਹ ਦਸਵੀਂ ਪਾਸ ਕਰਨ ਮਗਰੋਂ ਕੋਈ ਨਾ ਕੋਈ ਆਪਣਾ ਕੰਮ ਕਰ ਕੇ ਰੋਜ਼ਗਾਰ ਤੇ ਲਗ ਸਕੇਗਾ ਔਰ ਇਸ ਤਰ੍ਹਾਂ ਨਾਲ ਬੇਰੁਜ਼ਗਾਰੀ ਦੂਰ ਹੋਵੇਗੀ । ਇਸ ਵੋਕੇਸ਼ਨਲ ਸਕੀਮ ਲਾਗੂ ਹੋਣ ਨਾਲ ਹਰ ਨੌਜਵਾਨ ਨੂੰ ਕੋਈ ਨਾ ਕੋਈ ਟਰੇਨਿੰਗ ਮਿਲੇਗੀ ਔਰ ਉਹ ਆਪਣਾ ਕੰਮ, ਦੱਸਵੀਂ ਪਾਸ ਕਰਨ ਮਗਰੋਂ ਕਰ ਲਵੇਗਾ । ਭਾਵੇਂ ਉਹ ਮਕੈਨਿਕੀ ਦਾ ਕੰਮ ਹੋਵੇ, ਜਾਂ ਕੋਈ ਹੋਰ ਹੋਵੇ । ਅੱਜ ਸਾਡਾ ਨੌਜਵਾਨ ਦਸਵੀਂ ਪਾਸ ਕਰਨ ਮਗਰੋਂ ਨੌਕਰੀ ਲਭਦਾ ਰਹਿੰਦਾ ਸੀ ਕਿਉਂ ਕਿ ਉਸ ਨੂੰ ਨੌਕਰੀ ਨਹੀਂ ਸੀ ਮਿਲਦੀ ਔਰ ਹੋਰ ਕੋਈ ਕੰਮ ਉਹ ਕਰ ਨਹੀਂ ਸੀ ਸਕਦਾ, ਇਸ ਲਈ ਉਹ ਬੇਰੁਜ਼ਗਾਰ ਹੋ ਜਾਂਦਾ ਸੀ । ਪਰ ਹੁਣ ਇਹ ਵੋਕੇਸ਼ਨਲ ਐਜੂਕੇਸ਼ਨ ਦੇ ਨਾਲ ਉਹ ਬੇਰੁਜ਼ਗਾਰ ਨਹੀਂ ਹੋਵੇਗਾ। ਦੱਸਵੀਂ ਪਾਸ ਕਰਨ ਮਗਰੋਂ ਉਹ ਕਿਸੇ ਕਾਰਖਾਨੇ ਵਿਚ ਵੀ ਕੰਮ ਕਰ ਸਕਦਾ ਹੈ ਔਰ ਕੋਈ ਆਪਣੀ ਦੁਕਾਨ ਵੀ ਖੋਲ੍ਹ ਸਕਦਾ ਹੈ । ਇਸ ਲਈ ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਨੇ ਇਹ ਨਵੇਂ ਸਾਧਨ ਦੇ ਕੇ ਬੜਾ ਹੀ ਚੰਗਾ ਕੰਮ ਕੀਤਾ ਹੈ ।

Original with;
Punjab Vidhan Sabha
Digitized by;
Panjab Digital Library

ਫਿਰ ਸਾਡੀ ਪੰਜਾਬ ਸਰਕਾਰ ਨੇ ਪ੍ਰਾਇਮਰੀ ਐਜੂਕੇਸ਼ਨ ਨੂੰ ਵੀ ਚੰਗਾ ਬਣਾਉਣ ਦਾ ਯਤਨ ਕੀਤਾ ਹੈ। ਪਹਿਲੇ ਜਿਹੜੇ ਪ੍ਰਾਇਮਰੀ ਸਕੂਲ ਗੁਰਦੁਆਰਿਆਂ ਵਿਚ, ਮੰਦਰਾਂ ਵਿਚ ਲਗਦੇ ਸਨ, ਉਨ੍ਹਾਂ ਸਕੂਲਾਂ ਲਈ ਬਿਲਡਿੰਗਾਂ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਗਲ ਲਈ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਕਿਉਂ ਕਿ ਜਿਹੜੀ ਪ੍ਰਾਇਮਰੀ ਐਜੂਕੇਸ਼ਨ ਹੈ, ਜਿਹੜੇ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖਲ ਹੁੰਦੇ ਹਨ, ਉਨ੍ਹਾਂ ਨੂੰ ਚੰਗਾ ਵਾਤਾਵਰਣ ਮਿਲਣਾ ਚਾਹੀਦਾ ਹੈ। ਸਕੂਲ ਦੀ ਬਿਲਡਿੰਗ ਵਿਚ ਪੂਰੀ ਸਜਾਵਟ ਹੋਣੀ ਚਾਹੀਦੀ ਹੈ ਤਾਂਕਿ ਬੱਚੇ ਉਸ ਸਕੂਲ ਵਿਚ ਚੰਗੇ ਬਣ ਸਕਣ। ਸਾਡੀ ਸਰਕਾਰ ਚਾਹੁੰਦੀ ਹੈ ਕਿ ਜੇ ਬੱਚਿਆਂ ਦੀ ਮੁਢਲੀ ਐਜੂਕੇਸ਼ਨ ਠੀਕ ਹੋਵੇਗੀ ਤਾਂ ਉਨ੍ਹਾਂ ਦਾ ਜੀਵਨ ਉਚਾ ਬਣ ਸਕੇਗਾ। ਅੱਜ ਮੈਂ ਤੁਹਾਡੀ ਮਾਰਫਤ ਡਿਪਟੀ ਸਪੀਕਰ ਸਾਹਿਬ, ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਲਈ ਸਾਡੀ ਸਰਕਾਰ ਵਧਾਈ ਦੀ ਪਾਤਰ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਫਿਰਕਾਪ੍ਰਸਤ ਤਾਕਤਾਂ ਹਨ ਇਨ੍ਹਾਂ ਨੂੰ ਪੰਜਾਬ ਦੇ ਅੰਦਰ ਉਪਰ ਨਹੀਂ ਉਠਣ ਦੇਣਾ ਚਾਹੀਦਾ।

ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਮੇਰੇ ਜਲੰਧਰ ਵਿਚ ਦੋ ਪਿਡ ਐਸੇ ਹਨ ਜਿਥੇ ਕਿ ਹਰੀਜਨਾਂ ਦੀ ਅਵਾਜ਼ ਨੂੰ ਦਬਾਉਣ ਦੀ ਇਨ੍ਹਾਂ ਫਿਰਕਾ ਪ੍ਰਸਤ ਲੋਕਾਂ ਨੇ ਕੋਸ਼ਿਸ਼ ਕੀਤੀ। ਜਲੰਧਰ ਵਿਚ ਇਕ ਪਿੰਡ ਤਾਂ ਕੂਬ ਹੈ ਉਥੇ ਹਰੀਜਨਾਂ ਨੇ ਪੈਸੇ ਇਕਠੇ ਕਰ ਕੇ ਧਰਮਸ਼ਾਲਾ ਬਣਾਈ ਸੀ ਪਰ ਇਨ੍ਹਾਂ ਫਿਰਕਾਪ੍ਰਸਤ ਲੋਕਾਂ ਨੇ ਉਸ ਤੇ ਕਬਜ਼ਾ ਕਰ ਲਿਆ ਔਰ ਆਪਣੇ ਦਰਬਾਰ ਸਾਹਿਬ ਦੀ ਬੀੜ ਉਥੇ ਰੱਖ ਦਿੱਤੀ। ਅਸੀਂ ਜਦੋਂ ਇਸ ਦੇ ਖਿਲਾਫ਼ ਅਵਾਜ਼ ਉਠਾਈ ਔਰ ਕਿਹਾ ਕਿ ਅਸੀਂ ਗਰਾਂਟ ਦੇ ਕੇ ਇਹ ਧਰਮਸ਼ਾਲਾ ਬਣਾਈ ਸੀ ਤਾਂ ਫਿਰ ਵੀ ਉਨ੍ਹਾਂ ਨੇ ਉਥੇ ਦਾ ਕਬਜ਼ਾ ਨਾ ਦਿਤਾ। ਫਿਰ ਜਦੋਂ ਬਹੁਤ ਜਦੋਜਹਿਦ ਕੀਤੀ ਗਈ ਔਰ ਸਰਕਾਰ ਦੀ ਦਖਲ ਅੰਦਾਜ਼ੀ ਹੋਈ ਤਾਂ ਵੀ ਉਨ੍ਹਾਂ ਨੇ ਕਿਹਾ ਕਿ ਵੱਖਰੀ ਹੋਰ ਧਰਮਸ਼ਾਲਾ ਬਣਾ ਲਓ ਪਰ ਉਹ ਕਬਜ਼ਾ ਨਾ ਦਿਤਾ। ਜਦੋਂ ਮੈਂ ਇਸ ਦੇ ਖਿਲਾਫ਼ ਅਵਾਜ਼ ਉਠਾਈ ਸੀ ਤਾਂ ਮੈਂਨੂੰ ਧਮਕੀਆਂ ਮਿਲਣ ਲਗੀਆਂ ਕਿ ਤੈਨੂੰ ਮਾਰ ਦਿਤਾ ਜਾਵੇਗਾ। ਇਸ ਤਰ੍ਹਾਂ ਨਾਲ ਸਾਡੇ ਨਾਲ ਹਾਲ ਕੀਤਾ ਜਾਂਦਾ ਹੈ। ਮੈਂ ਤੁਹਾਡੀ ਮਾਰਫਤ ਇਹ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਇਸ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਹ ਸਾਰੀਆਂ ਸਾਜ਼ਸ਼ਾਂ ਅਕਾਲੀ ਪਾਰਟੀ ਹੀ ਕਰਵਾ ਰਹੀ ਹੈ। ਇਹ ਪੰਜਾਬ ਦੇ ਹਰੀਜਨਾਂ ਨੂੰ ਦਬਾਉਣਾ ਚਾਹੁੰਦੇ ਹਨ। ਪੰਜਾਬ ਦੇ ਹਰੀਜਨਾਂ ਨੂੰ ਸਾਡੀ ਸਰਕਾਰ ਉਚਾ ਸਥਾਨ ਦੇਣਾ ਚਾਹੁੰਦੀ ਹੈ ਪਰ ਇਹ ਸਾਡੇ ਰਸਤੇ ਵਿਚ ਰੁਕਾਵਟਾਂ ਖੜੀਆਂ ਕਰੀ ਜਾ ਰਹੇ ਹਨ। ਸਮਾਜ ਦੇ ਵਿਚ ਇਨ੍ਹਾਂ ਹਰੀਜਨਾਂ ਨੂੰ ਉਚਾ ਉਠਾਉਣ ਲਈ ਸਰਕਾਰ ਨਵੀਆਂ ਸਕੀਮਾਂ ਲਾਗੂ ਕਰ ਰਹੀ ਹੈ। ਪਰ ਅਕਾਲੀ ਪਾਰਟੀ ਵਾਲੇ ਨਹੀਂ ਚਾਹੁੰਦੇ ਕਿ ਇਹ ਹਰੀਜਨ ਕਿਧਰੇ ਤਕੜੇ ਹੋ ਜਾਣ। ਸਾਡੀ ਦਰਬਾਰਾ ਸਿੰਘ ਦੀ ਸਰਕਾਰ ਵਿੱਚ ਇਹ ਹਰੀਜਨ ਭਰਾ ਮਹਿਫੂਜ਼ ਰਹਿਣਗੇ, ਇਸ ਦੀ ਮੈਨੂੰ ਪੂਰੀ ਆਸ਼ਾ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਇਸ ਮਤੇ ਦੀ ਸ਼ਲਾਘਾ ਕਰਦਾ ਹਾਂ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** (ਬਿਆਸ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਵਕਤ ਦਿੱਤਾ ਹੈ। ਮੈਂ ਤੁਹਾਡੇ ਸਾਹਮਣੇ ਹਿੰਦੁਸ-ਤਾਨ ਦੀ ਪਿਛਲੀ ਹਿਸਟਰੀ ਬਾਰੇ ਨਕਸ਼ਾ ਪੇਸ਼ ਕਰਨਾ ਚਾਹੁੰਦਾ ਹਾਂ ਅਤੇ ਇਸ ਨੂੰ ਮੈਂ ਵਰਨਣ ਕਰਾਂਗਾ। ਇਹ ਪਿਛਲੀ ਹਿਸਟਰੀ ਪਿਛਲੇ 900 ਸਾਲਾਂ ਦੀ ਹੈ ਕਿ ਇਥੇ ਗੈਰ ਮੁਲਕਾਂ ਦੇ ਰਾਜੇ ਰਾਜ ਕਰਦੇ ਰਹੇ ਅਤੇ ਇਥੇ ਦੇ ਲੋਕਾ ਦਾ ਦੀਨ, ਅਮਾਨ, ਧਰਮ ਆਦਿ ਨੂੰ ਨਸ਼ਟ ਕੀਤਾ ਗਿਆ ਸੀ। ਜਦੋਂ ਗੁਰੂ ਮਹਾਰਾਜ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਉਸ ਵਕਤ ਮੁਗਲਾਂ ਦਾ ਰਾਜ ਸੀ। ਉਨ੍ਹਾਂ ਨੇ ਉਸ ਰਾਜ ਦੇ ਖਿਲਾਫ ਆਪਣੀ ਆਵਾਜ਼ ਨੂੰ ਤੇਜ਼ ਕੀਤਾ ਅਤੇ ਮੁਗਲਾਂ ਦੇ ਖਿਲਾਫ ਜਦੋਜਹਿਦ ਕੀਤੀ ਅਤੇ

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਇਸ ਗੱਲ ਲਈ ਉਨ੍ਹਾਂ ਨੇ ਝੰਡਾ ਚੁਕਿਆ। ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਦਿਲਾਂ ਵਿਚ ਜਾਗਰਤੀ ਪੈਦਾ ਕੀਤੀ ਅਤੇ ਉਨ੍ਹਾਂ ਨੂੰ ਤਕੜਾ ਕੀਤਾ। ਇਸ ਤੋਂ ਬਾਦ ਗੁਰੂ ਤੇਗ ਬਹਾਦਰ ਜੀ ਨੇ ਮੁਲਕ ਦੀ ਸੇਵਾ ਕੀਤੀ ਅਤੇ ਲੋਕਾਂ ਦੇ ਦਿਲਾਂ ਵਿਚ ਗਿਆਨ ਪੈਦਾ ਕੀਤਾ ਅਤੇ ਉਨ੍ਹਾਂ ਨੂੰ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਕਿਹਾ ਅਤੇ ਲੋਕਾਂ ਨੂੰ ਇਕਠਾ ਕੀਤਾ ਤਾਂਕਿ ਉਹ ਆਜ਼ਾਦ ਹੋ ਸਕਣ। ਧਰਮ ਦੀ ਖਾਤਰ ਉਨ੍ਹਾਂ ਨੇ ਦਿੱਲੀ ਦੇ ਵਿਚ ਜਾ ਕੇ ਮੁਗਲਾਂ ਦੇ ਖਿਲਾਫ ਆਵਾਜ਼ ਉਠਾਈ ਅਤੇ ਆਪਣਾ ਸੀਸ ਧਰਮ ਦੀ ਖਾਤਰ ਬਲੀਦਾਨ ਕੀਤਾ ਔਰ ਇਨ੍ਹਾਂ ਦੇ 16 ਸਾਲਾਂ ਬਾਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਇਸ ਖਾਲਸਾ ਪੰਥ ਦੀ ਸਾਜਨਾ ਤੇ ਬੜੀਆਂ ਕੁਰਬਾਨੀਆਂ ਦੇਣੀਆਂ ਪਈਆਂ। ਗੁਰੂ ਜੀ ਨੇ ਖੁਦ ਆਪ ਮੁਗਲਾਂ ਦੇ ਨਾਲ ਲੜਾਈ ਕੀਤੀ ਅਤੇ ਗੁਰੂ ਸਾਹਿਬ ਦੇ ਦੋ ਸਾਹਿਬਜ਼ਾਦੇ ਚਮਕੌਰ ਸਾਹਿਬ ਲੜਾਈ ਵਿਚ ਸ਼ਹੀਦ ਹੋ ਗਏ ਅਤੇ ਗੁਰੂ ਸਾਹਿਬ ਦੇ 2 ਸਾਹਿਬਜ਼ਾਦੇ ਸਰਹਿੰਦ ਵਿੱਚ ਨੀਹਾਂ ਵਿਚ ਚਿਣਵਾ ਦਿੱਤੇ ਗਏ। । ਦੇਸ਼ ਦੀ ਆਜ਼ਾਦੀ ਲਈ ਸਿੱਖ ਖਾਲਸਾ ਲੜਦਾ ਰਿਹਾ ਹੈ। ਇਤਨੀਆਂ ਕੁਰਬਾਨੀਆਂ ਹੋਰ ਕਿਸੇ ਨੇ ਨਹੀਂ ਕੀਤੀਆਂ ਹੋਣੀਆਂ ਜਿੰਨੀ-ਆਂ ਸਿੱਖਾਂ ਨੇ ਦੇਸ਼ ਦੀ ਖਾਤਰ ਕੀਤੀਆਂ ਹਨ। ਪਰ ਜਦੋਂ ਲਾਲ ਕਿਲੇ ਤੇ ਕਬਜ਼ਾ ਹੋ ਗਿਆ ਤਾਂ ਆ-ਜ਼ਾਦੀ ਦਾ ਝੰਡਾ ਚੜ੍ਹਾਉਣ ਲਈ ਇਹ ਕਾਂਗਰਸੀ ਆ ਗਏ ਅਤੇ ਇਨ੍ਹਾਂ ਨੇ ਆਜ਼ਾਦੀ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ ਹੈ ਜਦ ਕਿ ਕੁਰਬਾਨੀਆਂ ਸਿਖਾਂ ਨੇ ਕੀਤੀਆਂ ਸਨ। ਆਜ਼ਾਦੀ ਦੀ ਦੇਣ ਪੰਜਾਬ ਦੇ ਸਿੱਖਾਂ ਦੀ ਹੈ, ਖਾਲਸਾ ਪੰਥ ਦੀ ਹੈ ਜਿਨ੍ਹਾਂ ਨੇ ਇਤਨੀਆਂ ਕੁਰਬਾਨੀਆਂ ਕੀਤੀਆਂ ਸਨ ਪਰ ਹੁਣ ਇਹ ਸਿੱਖਾਂ ਨੂੰ ਖਤਮ ਕਰ ਰਹੇ ਹਨ ਅਤੇ ਸਾਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ। ਸਾਡੇ ਪੰਜਾਬ ਨੂੰ ਬਰਬਾਦ ਕੀਤਾ ਜਾ ਰਿਹਾ ਹੈ ਅਤੇ ਸਿੱਖ ਕੌਮ ਨੂੰ ਖਾਸ ਤੌਰ ਤੇ ਖਤਮ ਕੀਤਾ ਜਾ ਰਿਹਾ ਹੈ। 1947 ਵਿੱਚ ਸਾਡੇ ਪੰਜਾਬੀ ਉਜੜ ਕੇ ਆਏ ਉਨ੍ਹਾਂ ਤੇ 34 ਲੱਖ ਏਕੜ ਜ਼ਮੀਨ ਦੀ ਕੱਟ ਲਗ ਗਈ ਸੀ ਅਤੇ ਉਨ੍ਹਾਂ ਤੇ 3-4 ਦਫਾ ਜ਼ਮੀਨ ਤੇ ਸੀਲਿੰਗ ਲਗ ਚੁਕੀ ਹੈ ਅਤੇ ਸੀਲਿੰਗ ਲਗਾ ਕੇ 4-5 ਲੱਖ ਏਕੜ ਜ਼ਮੀਨ ਲੈ ਲਈ। ਇਸ ਸਰਕਾਰ ਨੇ ਉਨ੍ਹਾਂ ਉਜੜ ਕੇ ਆਏ ਲੋਕਾਂ ਨੂੰ ਕੋਈ ਰਿਲੀਫ ਨਹੀਂ ਦਿਤਾ ਅਤੇ ਨਾ ਕੋਈ ਮੁਆਵਜ਼ਾ ਉਨ੍ਹਾਂ ਨੂੰ ਦਿੱਤਾ ਗਿਆ ਸੀ। ਜਦੋਂ ਬੰਗਲਾ ਦੇਸ਼ ਦੀ ਲੜਾਈ ਹੋਈ ਤਾਂ ਉਨ੍ਹਾਂ ਲੋਕਾਂ ਨੂੰ ਰਿਲੀਫ ਦੇਣ ਲਈ ਇਸ ਸਰਕਾਰ ਨੇ ਆਪਣੇ ਹੀ ਲੋਕਾਂ ਤੇ ਟੈਕਸ ਲਗਾ ਦਿਤਾ ਪਰ ਇਹ ਸਰਕਾਰ ਆਪਣੇ ਲੋਕਾਂ ਲਈ ਕੁਝ ਨਹੀਂ ਕਰ ਸਕੀ। ਇਸ ਤੋਂ ਇਲਾਵਾ ਸ਼ਿਮਲਾ ਸੰਧੀ ਜਦੋਂ ਹੋਣ ਲੱਗੀ ਤਾਂ ਅਸੀਂ ਕਿਹਾ ਕਿ ਪਾਕਿਸਤਾਨ ਦੇ ਵਿਚ ਗੁਰਦੁਆਰਿਆਂ ਦੇ ਬਾਰੇ ਗਲ ਕਰੋ ਪਰ ਇਨ੍ਹਾਂ ਨੇ ਕੋਈ ਗਲ ਨਹੀਂ ਕੀਤੀ। ਕੀ ਇਹ ਸਾਡੇ ਨਾਲ ਵਿਤਕਰਾ ਨਹੀਂ ਹੈ? ਪੰਜਾਬੀਆਂ ਦੇ ਨਾਲ ਇਹ ਵਿਤਕਰਾ ਕਰੀ ਜਾ ਰਹੇ ਹਨ। ਇਹ ਸਿੱਖ ਕੌਮ ਨੂੰ ਮਾਰਨਾ ਚਾਹੁੰਦੇ ਹਨ ਤਾਂਕਿ ਸਿੱਖ ਕੌਮ ਸਿਰ ਨਾ ਚੁੱਕ ਸਕੇ। ਇਹ ਸਾਰੀਆਂ ਸਾਜ਼ਿਸ਼ਾਂ ਕਾਂਗਰਸ ਦੀ ਸਰਕਾਰ ਦੀਆਂ ਹਨ। ਫਿਰ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਬਾਬਾ ਬੰਦਾ ਬਹਾਦਰ ਪੰਜਾਬ ਵਿਚ ਆਏ ਅਤੇ ਉਨ੍ਹਾਂ ਨੇ ਮੁਗਲਾਂ ਦੇ ਰਾਜ ਨੂੰ ਖਤਮ ਕੀਤਾ ਅਤੇ ਸਿੱਖ ਰਾਜ ਨੂੰ ਕਾਇਮ ਕੀਤਾ। ਉਨ੍ਹਾਂ ਨੇ ਮੁਗਲਾਂ ਨੂੰ ਆਪਣੇ ਰਾਜ ਵਿਚੋਂ ਭਜਾ ਦਿਤਾ। ਬਾਬਾ ਬੰਦਾ ਬਹਾਦਰ ਦਾ ਸਿੱਖ ਰਾਜ ਕਾਇਮ ਕਰਨ ਨਾਲ ਪੈਪਸੂ ਦੇ ਵਿਚ 200 ਸਾਲ ਤਕ ਸਿਖਾਂ ਦਾ ਰਾਜ ਰਿਹਾ ਹੈ। ਵੱਖ ਵੱਖ ਰਿਆਸਤਾਂ ਵਿਚ ਸਿਖਾਂ ਦਾ ਰਾਜ ਰਿਹਾ ਸੀ। ਇਹ ਸਾਰਾ ਕੁਝ ਸਿਖ ਕੌਮ ਨੇ ਕੀਤਾ ਸੀ ਅਤੇ ਇਸ ਕੌਮ ਨੇ ਹੀ ਹਿੰਦੁਸਤਾਨ ਦੇ ਧਰਮ ਦੀ ਰਕਸ਼ਾ ਕੀਤੀ ਸੀ ਪਰ ਇਹ ਕਾਂਗਰਸ ਦੀ ਸਰਕਾਰ ਸਿਖ ਕੌਮ ਨੂੰ ਕਮਜ਼ੋਰ ਕਰ ਰਹੀ ਹੈ। ਇਹ ਸਰਕਾਰ ਮਹਾਨ ਫਿਰਕਾਪ੍ਰਸਤ ਸਰਕਾਰ ਹੈ। (ਤਾੜੀਆਂ) ਸਿਖਾਂ ਨੇ 95% ਕੁਰਬਾਨੀਆਂ ਦਿਤੀਆਂ ਸਨ। ਅਤੇ ਹੁਣ ਬੇ-ਇਨਸਾਫੀ ਸਿਖਾਂ ਨਾਲ ਕੀਤੀ ਜਾ ਰਹੀ ਹੈ। ਮਾਲ ਮੰਤਰੀ ਜੀ, ਦੂਜਿਆਂ ਸੂਬਿਆਂ

Original with;
Punjab Vidhan Sabha
Digitized by;
Panjab Digital Library

ਨੇ ਨਿਕਾਸੀ ਜ਼ਮੀਨਾਂ ਤੇ ਅਰਬਾਂ ਰੁਪਏ ਇਕਠੇ ਕਰ ਲਏ ਹਨ ਜਦ ਕਿ ਇਹ ਜ਼ਮੀਨਾਂ ਪੰਜਾਬ ਦੇ ਲੋਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ। ਇਸ ਦੇ ਲਈ ਮੈਂ ਲੜਦਾ ਰਿਹਾ ਹਾਂ। ਇਹ 99% ਜ਼ਮੀਨਾਂ ਦੇ ਮਾਲਕ ਸਿੱਖ ਸਨ। ਪਰ ਇਨ੍ਹਾਂ ਜ਼ਮੀਨਾਂ ਤੇ ਕਬਜ਼ਾ ਹੋਰ ਲੋਕਾਂ ਨੇ ਕਰ ਲਿਆ। ਇਹ ਸਾਰਾ ਕੁਝ ਕਾਂਗਰਸ ਦੀ ਸਰਕਾਰ ਨੇ ਕਰਵਾਇਆ ਹੈ ਇਹ ਇਕ ਫਿਰਕਾਪ੍ਰਸਤ ਪਾਰਟੀ ਹੈ। ਇਹ ਹਿਸਾਬ ਕਿਤਾਬ ਵਿਚ ਬੜੇ ਸਿਆਣੇ ਹਨ। ਅਸੀਂ ਅਵੈਕਿਊ ਲੈਂਡ ਤੇ 3.5 ਕਰੋੜ ਰੁਪਿਆ ਦੇਣਾ ਸੀ ਪਰ ਲਿਆ ਗਿਆ 7 ਕਰੋੜ ਰੁਪਿਆ। ਜਦੋਂ ਮੈਂ ਮਨਿਸਟਰ ਸੀ। ਮੈਂ ਇਹਦੀ ਵਾਪਿਸੀ ਲਈ ਲੜਦਾ ਰਿਹਾ, ਫਿਰ ਸਾਡੀ ਸਰਕਾਰ ਚਲੀ ਗਈ। ਹੁਣ ਤੁਸੀਂ ਇਸ ਰੁਪਏ ਨੂੰ ਵਾਪਿਸ ਲੈਣ ਲਈ ਲੜਾਈ ਕਰੋ। ਕਾਂਗਰਸ ਦੀ ਸਰਕਾਰ ਜ਼ਮੀਨਾਂ ਤੇ ਸੀਲਿੰਗ ਲਗਾਈ ਜਾ ਰਹੀ ਹੈ ਪਰ ਪ੍ਰਾਪਰਟੀ ਤੇ ਸੀਲਿੰਗ ਨਹੀਂ ਲਗਾਉਂਦੀ। ਨਾ ਸੋਨੇ, ਹੀਰੇ, ਜਵਾਹਾਤ, ਟਾਟਿਆਂ ਅਤੇ ਬਿਰਲਿਆਂ ਤੇ ਸੀਲਿੰਗ ਲਗਾਉਂਦੀ ਹੈ। ਇਹ ਜ਼ਮੀਨਾਂ ਤੇ ਸੀਲਿੰਗ ਲਗਾਈ ਜਾ ਰਹੇ ਹਨ।

ਡਿਪਟੀ ਸਪੀਕਰ ਸਾਹਿਬ, ਅਰਬਨ ਲੈਂਡ ਸੀਲਿੰਗ ਜਿਹੜੀ ਤੁਸੀਂ ਕਹਿੰਦੇ ਸੀ ਕਿ ਕਰਾਂਗੇ ਉਹ ਕਿਥੇ ਗਈ? ਕਈਆਂ ਨੇ 5-5, 10-10, ਕਾਰਖਾਨੇ ਲਗਾਏ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਸਰਕਾਰ ਕਿਸਾਨਾਂ ਦਾ ਖੂਨ ਪੀ ਰਹੀ ਹੈ। ਕਿਸਾਨਾਂ ਨਾਲ ਬੜਾ ਅਨਿਆਇ ਹੋ ਰਿਹਾ ਹੈ। ਮੈਂ ਅਰਜ਼ ਕਰਾਂਗਾ ਕਿ ਜਦੋਂ ਅੰਗਰੇਜ਼ ਰਾਜ ਨੂੰ ਅਸੀਂ ਕਢਿਆ ਤਾਂ ਉਸ ਵੇਲੇ ਕਿਸਾਨ ਨੂੰ ਚਾਰ ਟੈਕਸ ਦੇਣੇ ਪੈਂਦੇ ਸਨ ਪਰ ਅਜ ਕਿਸਾਨ ਨੂੰ 15 ਟੈਕਸ ਦੇਣੇ ਪੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਮੇਰਾ ਅੰਦਾਜ਼ਾ ਹੈ ਕਿ ਕੋਈ 65 ਅਰਬ ਰੁਪਿਆ ਦਿੱਲੀ ਵਾਲੇ ਇਥੋਂ ਹਰ ਸਾਲ ਵਸੂਲ ਕਰਦੇ ਹਨ। ਝੋਨਾ 250 ਰੁਪਏ ਦੇ ਹਿਸਾਬ ਨਾਲ ਸਾਡੇ ਕੋਲੋਂ ਦਿੱਲੀ ਦੀ ਸਰਕਾਰ ਲੈ ਕੇ 900 ਜਾਂ 1000 ਰੁਪਏ ਦੇ ਹਿਸਾਬ ਨਾਲ ਰੂਸ ਨੂੰ ਝੋਨਾ ਭੇਜਦੀ ਹੈ। ਇਸ ਤਰ੍ਹਾਂ 10 ਅਰਬ ਦੇ ਕਰੀਬ ਰੁਪਿਆ ਉਨ੍ਹਾਂ ਦੇ ਖਜ਼ਾਨੇ ਵਿਚ ਚਲਾ ਜਾਂਦਾ ਹੈ। ਦਿੱਲੀ ਵਾਲੇ ਤੁਹਾਨੂੰ ਰੁਪਿਆ ਨਹੀਂ ਦਿੰਦੇ ਭਾਵੇਂ ਜਿੰਨਾ ਮਰਜ਼ੀ ਜ਼ੋਰ ਲਗਾ ਲਵੋ। ਕਪਾਹ 14–15 ਲੱਖ ਬੇਲਜ਼ ਦੂਸਰਿਆਂ ਸਟੇਟਸ ਵਿਚ ਚਲੀ ਜਾਂਦੀ ਹੈ। ਡਿਪਟੀ ਸਪੀਕਰ ਸਾਹਿਬ, ਸਟੇਟ ਨੂੰ ਇੰਡਸਟਰੀਲਾਈਜ਼ ਕਰੋ ਤਾਂ ਕਿ ਇਹ ਰੁਪਿਆ ਪੰਜਾਬ ਵਿਚ ਰਹਿ ਜਾਵੇ। ਇਸੇ ਤਰ੍ਹਾਂ ਕਣਕ ਦਾ ਹਾਲ ਹੈ। ਇਸ ਤੋਂ ਇਲਾਵਾ ਜੋ ਚੀਜ਼ ਪਜਾਬ ਨੂੰ ਭੇਜਦੇ ਹਨ, ਉਸ ਤੇ ਐਕਸਾਈਜ਼ ਡਿਊਟੀ ਲਗਾ ਦਿੰਦੇ ਹਨ। 75,000 ਰੁਪਿਆ ਇਕ ਟਰਕ ਮਗਰ ਐਕਸਾਈਜ਼ ਡਿਊਟੀ ਲਗਦੀ ਹੈ। ਇਸ ਤਰ੍ਹਾਂ ਤੁਸੀਂ ਹਿਸਾਬ ਲਗਾ ਲਓ ਅਰਬਾਂ ਰੁਪਏ ਬਣ ਜਾਂਦੇ ਹਨ। ਇਸ ਤਰ੍ਹਾਂ ਡਿਪਟੀ, ਸਪੀਕਰ ਸਾਹਿਬ, ਦਿੱਲੀ ਦੀ ਸਰਕਾਰ ਪੰਜਾਬ ਨੂੰ ਲੁੱਟ ਕੇ ਲੈ ਜਾਂਦੀ ਹੈ। ਅਸੀਂ ਤਾਂ ਦਿਲੀ ਦੀ ਸਰਕਾਰ ਨਾਲ ਆਕੜ ਕੇ ਗੱਲ ਵੀ ਕਰ ਲੈਂਦੇ ਸੀ ਅਤੇ ਕੁਝ ਲੈ ਵੀ ਆਉਂਦੇ ਸੀ ਪਰ ਇਹ ਤਾਂ ਦਿੱਲੀ ਦੀ ਸਰਕਾਰ ਨਾਲ ਗੱਲ ਵੀ ਨਹੀਂ ਕਰ ਸਕਦੇ। ਸਰਦਾਰ ਗੁਰਦਰਸ਼ਨ ਸਿੰਘ ਜੀ, ਮੇਰੀ ਗਲ ਸੁਣ ਲਵੋ। ਮੈਂ ਕਹਿੰਦਾ ਹਾਂ ਕਿ ਡਿਫੈਂਸ ਨੂੰ ਮਜ਼ਬੂਤ ਕਰੋ। ਸਾਡੇ ਪੰਜਾਬ ਦਾ ਪੌਣੇ ਦੋ ਪਰਸੈਂਟ ਹਿੱਸਾ ਹੈ। ਕੁਲ 542 ਮੈਂਬਰ ਦਿੱਲੀ ਵਿਚ ਹਨ ਜਿਨ੍ਹਾਂ ਵਿਚੋਂ 13 ਮੈਂਬਰ ਪੰਜਾਬ ਦੇ ਹਨ। ਸਾਥੋਂ 70% ਕਿਉਂ ਰੁਪਿਆ ਲਿਆ ਜਾਏ? ਡਿਪਟੀ ਸਪੀਕਰ ਸਾਹਿਬ, ਸਟੇਟ ਨੂੰ ਇੰਡਸਟ੍ਰੀਲਾਈਜ਼ ਕਰੋ ਤਾਂ ਕਿ ਬੀ. ਏ. ਐਮ. ਏ. ਪੜ੍ਹੇ ਲਿਖੇ ਬੇਰੁਜ਼ਗਾਰ ਮੁੰਡਿਆਂ ਨੂੰ ਨੌਕਰੀ ਮਿਲ ਸਕੇ। 65 ਅਰਬ ਰੁਪਏ ਨਾਲ ਸਟੇਟ ਨੂੰ ਇੰਡਸਟ੍ਰੀਲਾਈਜ਼ ਕਰੋ ਤਾਂ ਕਿ ਪੰਜਾਬ ਖੁਸ਼ਹਾਲ ਹੋ ਸਕੇ। ਜਿੰਨਾ ਚਿਰ ਤੁਸੀਂ ਇਹ ਚੀਜ਼ ਨਹੀਂ ਕਰੋਗੇ ਤਦ ਤਕ ਪੰਜਾਬ ਵਿਚ ਖੁਸ਼ਹਾਲੀ ਨਹੀਂ ਆ ਸਕਦੀ ਜੇਕਰ ਮੁੰਡਿਆਂ ਨੂੰ ਨੌਕਰੀ ਨਾ ਮਿਲੀ ਤਾਂ ਉਹ ਮੁੰਡੇ ਤੁਹਾਡਾ ਗਲਾ ਘੁੱਟਣਗੇ। ਡਿਪਟੀ ਸਪੀਕਰ ਸਾਹਿਬ, ਭੁੱਖਾ ਬੰਦਾ ਕੀ ਨਹੀਂ ਕਰਦਾ।

ਡਿਪਟੀ ਸਪੀਕਰ ਸਾਹਿਬ, ਦਿੱਲੀ ਵਾਲਿਆਂ ਨੇ ਇਕ ਸੈਲ ਕਾਇਮ ਕੀਤਾ ਹੋਇਆ ਹੈ। ਉਹ ਸੈਲ ਦਸਦਾ ਹੈ ਕਿ ਜਟ ਨੂੰ ਕਿਸ ਤਰ੍ਹਾਂ ਮਾਰਨਾ ਹੈ, ਕਿਸਾਨ ਨੂੰ ਕਿਸ ਤਰ੍ਹਾਂ ਮਾਰਨਾ ਹੈ।

Original with;
Punjab Vidhan Sabha
Digitized by;
Panjab Digital Library

[ਜੱਥੇਦਾਰ ਜੀਵਨ ਸਿੰਘ ਉਮਰਾਨੰਗਲ]

ਡਿਪਟੀ ਸਪੀਕਰ ਸਾਹਿਬ, ਹਿੰਦੂ ਮੈਰਿਜ ਐਕਟ ਬਣਾ ਕੇ ਇਨ੍ਹਾਂ ਨੇ ਸਹੁਰੇ ਜਵਾਈ, ਭੈਣ ਅਤੇ ਭਰਾਵਾਂ ਦੀਆਂ ਲੜਾਈਆਂ ਪਵਾ ਦਿਤੀਆਂ ਹਨ। ਸਾਹਮਣੇ ਬੈਠੇ ਕਾਂਗਰਸੀ ਭਰਾਵੋ, ਤੁਸੀਂ ਵੀ ਕੁਝ ਕਰੋ, ਕੀ ਤੁਸੀਂ ਡਰ ਤਾਂ ਨਹੀਂ ਗਏ ? ਤੁਸੀਂ ਤਾਂ ਕੇਵਲ ਬਾਂਹਾਂ ਖੜੀਆਂ ਕਰਨਾ ਹੀ ਜਾਣਦੇ ਹੋ।

ਡਿਪਟੀ ਸਪੀਕਰ ਸਾਹਿਬ, ਇਥੇ ਕੋਈ ਲਾਅ ਐਂਡ ਆਰਡਰ ਨਹੀਂ ਹੈ। ਬਾਦਲ ਸਾਹਿਬ ਨੇ ਵੀ ਕਲ੍ਹ ਕਿਹਾ ਸੀ। ਸੋ ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਵਿਵਾਦ ਤੁਹਾਡਾ ਪ੍ਰਾਜੈਕਟ ਹੈ। ਤੁਸੀਂ ਵੋਟਾਂ ਦੀ ਖਾਤਰ ਹਿੰਦੂ ਸਿੱਖਾਂ ਵਿਚ ਫੁੱਟ ਪਵਾਉਣਾ ਚਾਹੁੰਦੇ ਹੋ। 13 ਅਪਰੈਲ, 1978 ਤੋਂ ਲੈ ਕੇ ਹੁਣ ਤਕ ਤੁਸੀਂ ਹਿੰਦੂ ਸਿੱਖਾਂ ਵਿਚ ਫੁੱਟ ਪਵਾ ਰਹੇ ਹੋ। ਹੁਣ ਤੁਸੀਂ ਆਪ ਹੀ ਫਸ ਗਏ ਹੋ। ਡਿਪਟੀ ਸਪੀਕਰ ਸਾਹਿਬ, ਗੁਰਬਾਣੀ ਵਿਚ ਇਕ ਸ਼ਬਦ ਹੈ ਕਿ—

"ਇਨ ਬਿਧਿ ਡੂਬੀ ਪਾਕੁਰੀ ਭਾਈ ਉਡੀ ਬਿਹਿਕੇ ਭਾਰੀ"

ਹੁਣ ਕਾਂਗਰਸੀਓ ਤੁਸੀਂ ਆਪ ਹੀ ਅਗ ਲਗਾਕੇ ਫਸ ਗਏ ਹੋ। ਤੁਹਾਨੂੰ ਇਹ ਪਤਾ ਨਹੀਂ ਸੀ ਕਿ 200 ਬੰਦੇ ਮਰ ਜਾਣਗੇ। ਬੀਬੀਆਂ ਵਿਧਵਾ ਹੋ ਜਾਣਗੀਆਂ। ਨਿਕੇ ਨਿਕੇ ਮੁੰਡੇ ਤੁਹਾਨੂੰ ਆਹਾਂ ਦੇਣਗੇ ਔਰ ਤੁਸੀਂ ਮਰ ਜਾਣਾ ਹੈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਹ ਸਾਰੀ ਜ਼ਿੰਮੇਵਾਰੀ ਤੁਹਾਡੀ ਹੈ। ਤੁਸੀਂ ਆਪਣੀਆਂ ਵੋਟਾਂ ਦੀ ਖਾਤਰ ਦੇਸ਼ ਦੀ ਅਖੰਡਤਾ ਨੂੰ ਭੰਗ ਕੀਤਾ ਹੈ। ਇਹ ਸਾਰੀ ਚੀਜ਼ ਦੇ ਤੁਸੀਂ ਹੀ ਜ਼ਿੰਮੇਂਵਾਰ ਹੋ। ਡਿਪਟੀ ਸਪੀਕਰ ਸਾਹਿਬ, ਸਿੱਖ ਹੀ ਇਕ ਕੌਮ ਹੈ, ਹੋਰ ਕੋਈ ਕੌਮ ਨਹੀਂ ਹੈ। ਸਿੱਖ ਹੀ ਇਕ ਨੇਸ਼ਨ ਹੈ। ਬੰਦੇ ਮਰਦੇ ਹਨ ਅਤੇ ਜੰਮਦੇ ਹਨ। ਜੋ ਅਕਾਲ ਪੁਰਖ ਨੇ ਸ਼ਕਲ ਦਿਤੀ ਹੈ ਉਸ ਦੇ ਅਸੀਂ ਭਾਗੀ ਹਾਂ। ਅਸੀਂ ਹੀ ਧਾਰਨੀ ਹਾਂ ਅਸੀਂ ਆਗਿਆ ਕਾਰੀ ਹਾਂ। ਤੁਸੀਂ ਸਾਨੂੰ ਮੰਨੋ। ਡਿਪਟੀ ਸਪੀਕਰ ਸਾਹਿਬ, ਤੁਸੀਂ (ਰੂਲਿੰਗ ਪਾਰਟੀ ਵਲ ਇਸ਼ਾਰਾ) ਦੋ ਤਿੰਨ ਥੀਊਰੀਆਂ ਦੀ ਗੱਲ ਕਰਦੇ ਹੋ। ਇਥੇ ਮੁਸਲਮਾਨ ਵੀ ਹੈ ਇਸਾਈ ਵੀ ਹੈ ਹਿੰਦੂ ਵੀ ਹੈ। ਫਿਰ ਸਿੱਖ ਤੁਹਾਨੂੰ ਕਿਉਂ ਚੁਭਦੇ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਘਰ ਵਿਚ ਬੇਇਤਬਾਰੀ ਹੈ, ਉਹ ਘਰ ਚਲ ਨਹੀਂ ਸਕਦਾ। ਇਸੇ ਤਰ੍ਹਾਂ ਜਿਸ ਦੇਸ਼ ਵਿਚ ਬੇਇਤਬਾਰੀ ਹੈ ਉਹ ਦੇਸ਼ ਚਲ ਨਹੀਂ ਸਕਦਾ। ਤੁਸੀਂ ਸਾਨੂੰ ਮੰਨੋ । ਹਿੰਦੁਸਤਾਨ ਦੇ ਉਤੇ, ਡਿਪਟੀ ਸਪੀਕਰ ਸਾਹਿਬ, ਮੁਸਲਮਾਨਾਂ ਨੇ 700 ਸਾਲ ਰਾਜ ਕੀਤਾ ਔਰ ਉਨ੍ਹਾਂ ਨੂੰ ਤੁਸੀਂ ਪਾਕਿਸਤਾਨ ਦਿਤਾ। ਕਸ਼ਮੀਰ ਨੂੰ ਤੁਸੀਂ ਰਾਈਟਸ ਦਿੰਦੇ ਹੋ। ਉਨ੍ਹਾਂ ਅਗੇ ਲੰਮੇ ਪੈ ਜਾਂਦੇ ਹੋ । ਸਿਖਾਂ ਨੂੰ ਹਿੰਦੁਸਤਾਨ ਦੀ ਸਰਕਾਰ ਮਾਰਨ ਵਾਸਤੇ ਤੁਲੀ ਹੋਈ ਹੈ। ਇਹ ਗੱਲ ਚਲਣੀ ਨਹੀਂ ਹੈ। ਮੁਸਲਮਾਨਾਂ ਨੂੰ ਤੁਸੀਂ ਨਿਵਾਜ਼ਦੇ ਹੋ। ਪਰਮਾਤਮਾ ਤੁਹਾਨੂੰ ਸੁਮਤ ਬਖਸ਼ੇ। ਡਿਪਟੀ ਸਪੀਕਰ ਸਾਹਿਬ, 15 ਸਾਲ ਲੜ ਕੇ ਸਾਨੂੰ ਪੰਜਾਬੀ ਸੂਬਾ ਮਿਲਿਆ ਹੈ ਪਰ ਪੰਜਾਬੀ ਸਪੀਕਿੰਗ ਏਰੀਆ ਸਾਥੋਂ ਖੋਹ ਲਿਆ. ਚੰਡੀਗੜ੍ਹ ਖੋਹ ਲਿਆ, ਡੈਮ ਖੋਹ ਲਿਆ, ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਖਹ ਲਿਆ। ਤੁਸੀਂ ਕਾਂਗਰਸੀਓ ਕੋਈ ਚੰਗੀ ਗਲ ਨਹੀਂ ਕਰਦੇ। ਪੰਜਾਬ ਨਾਲ ਜੋ ਵਿਤਕਰਾ ਹੋਇਆ ਹੈ. ਉਸ ਦੀ ਗੱਲ ਤੁਸੀਂ ਨਹੀਂ ਕਰਦੇ ਇਹੋ ਜਿਹੀ ਕੋਈ ਮਿਸਾਲ ਨਹੀਂ ਮਿਲਦੀ। ਦਰਿਆ ਵਿਚੋਂ ਪਾਣੀ ਤੁਸੀਂ ਖੋਹ ਲਿਆ। ਸਾਡੀ ਪੰਜਾਬ ਦੀ ਧਰਤੀ ਖੁਸ਼ਕ ਹੋ ਜਾਏਗੀ। ਫੌਜੀ ਭਰਤੀ ਵਿਚ ਸਾਡੇ ਜ਼ਿਮੀਦਾਰ ਆਪਣੇ ਮੁੰਡੇ ਮੱਖਣ ਖਿਲਾ ਖਿਲਾ ਕੇ ਪਾਲਦੇ ਹਨ ਔਰ ਉਨ੍ਹਾਂ ਦਾ ਛੇ ਛੇ ਫੁਟ ਕੱਦ ਹੁੰਦਾ ਹੈ ਪਰ ਫੌਜੀ ਭਰਤੀ ਵਿਚ ਤੁਸੀਂ ਇਨ੍ਹਾਂ ਦੀ ਪਰਸੈਂਟੇਜ਼ 30 ਤੋਂ ਘਟਾ ਕੇ 2 ਕਰ ਦਿਤੀ ਹੈ (ਸ਼ੇਮ, ਸ਼ੇਮ)

Original with;
Punjab Vidhan Sabha
Digitized by;
Panjab Digital Library

ਪੰਜਾਬ ਦਾ ਸੂਬਾ ਹਿੰਦੁਸਤਾਨ ਦੇ ਸਾਰੇ ਸੂਬਿਆਂ ਵਿਚੋਂ ਗਰੀਬ ਸੂਬਾ ਹੈ। ਪੰਜਾਬ ਦਾ ਸੂਬਾ ਹੋਰ ਸਾਰਿਆਂ ਸੂਬਿਆਂ ਨਾਲੋਂ ਜ਼ਿਆਦਾ ਕਰਜ਼ਾਈ ਹੈ। ਜਦ ਤਕ ਕਰਜ਼ਾ ਇਨ੍ਹਾਂ ਦੇ ਸਿਰੋਂ ਨਹੀਂ ਲਹਿੰਦਾ ਉਨਾਂ ਚਿਰ ਕਰਜ਼ਾ ਲੈਣ ਵਾਲੇ ਬੈਂਕਾਂ ਨੂੰ ਸੂਦ ਦਿੰਦੇ, ਰਹਿੰਦੇ ਹਨ। ਕਰਜ਼ੇ ਤੋਂ ਪਰ ਕੈਪਿਟਾ ਇਨਕਮ ਨਹੀਂ ਗਿਣੀ ਜਾਂਦੀ। ਸਾਰਾ ਕਰਜ਼ਾ ਲਹਿਣ ਤੋਂ ਬਾਅਦ ਜੋ ਜਾਇਦਾਦ ਬਚਦੀ ਹੈ ਉਸ ਤੋਂ ਜੋ ਕਮਾਈ ਕੀਤੀ ਜਾਏ ਉਹ ਪਰ ਕੈਪਿਟਾ ਇਨਕਮ ਬਣਦੀ ਹੈ। ਪੰਜਾਬ ਕਰਜ਼ਾਈ ਹੈ ਔਰ ਪੰਜਾਬ ਦੀ ਪਰ ਕੈਪਿਟਾ ਇੰਕਮ ਹਿੰਦੁਸਤਾਨ ਦੇ ਹੋਰ ਸੂਬਿਆਂ ਨਾਲੋਂ ਘਟ ਹੈ। ਪੰਜਾਬ ਦਾ ਸੂਬਾ ਸਾਰਿਆਂ ਸੂਬਿਆਂ ਨਾਲੋਂ ਗਰੀਬ ਹੈ। ਤੁਸੀਂ ਬੇਈਮਾਨ ਪੱਕੇ ਹੋ। (ਵਿਘਨ)

ਮੈਂ ਅਰਜ਼ ਕਰਦਾ ਹਾਂ ਕਿ ਧਾਰਮਿਕ ਜਜ਼ਬਾਤਾਂ ਦੀ ਕਦਰ ਕਰਨੀ ਚਾਹੀਦੀ ਹੈ। ਜਦੋਂ ਜ਼ੰਗ ਹੋਈ। ਚੀਨ ਅਤੇ ਪਾਕਿਸਤਾਨ ਨਾਲ ਸਾਡੀ ਜ਼ੰਗ ਹੋਈ ਤਾਂ ਉਸ ਨਾਲ ਬਾਰਡਰ ਤੇ ਫਸਲਾਂ ਤਬਾਹ ਹੋਈਆਂ। ਲੋਕਾਂ ਦੇ ਘਰ ਉਜੜ ਗਏ ਔਰ ਉਹ ਕਈ ਕਈ ਮੀਲ ਆਪਣੇ ਘਰ ਛੱਡ ਕੇ ਪਿਛੇ ਹੱਟ ਗਏ। ਪਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਫਸਲਾਂ ਦਾ ਕੋਈ ਇਵਜ਼ਾਨਾ ਨਹੀਂ ਦਿਤਾ ਗਿਆ। ਇਸ ਸਬੰਧੀ ਮੈਂ ਦਿੱਲੀ ਜਾਕੇ ਗਲ ਕਰਦਾ ਰਿਹਾ ਹਾਂ। ਮਨਿਸਟਰ ਨਾ ਹੁੰਦਾ ਹੋਇਆ ਵੀ ਮੈਂ ਦਿਲੀ ਜਾ ਕੇ ਗਲ ਕਰਦਾ ਰਿਹਾ ਹਾਂ (ਘੰਟੀ) ਉਨ੍ਹਾਂ ਨੂੰ ਫਸਲਾਂ ਦਾ ਮੁਆਵਜ਼ਾ ਦੇਣਾ ਚਾਹੀਦਾ ਸੀ।

ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਅਕਾਲੀ ਦਲ ਦਾ ਪ੍ਰੋਗਰਾਮ ਹਿੰਦੁਸਤਾਨ ਨਾਲੋਂ ਵੱਖਰਾ ਨਹੀਂ ਹੈ। ਅਸੀਂ ਗਰੇਟਰ ਅਟਾਨੋਮੀ ਮੰਗਦੇ ਹਾਂ। ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਤੋਂ ਬੇੜਾ ਚੁਕਿਆ ਸੀ। ਇਹ ਰੇਜ਼ੂਲਿਊਸ਼ਨ ਵੀ ਅਨੰਦਪੁਰ ਸਾਹਿਬ ਤੋਂ ਪਾਸ ਹੋਇਆ ਸੀ, ਫੇਰ ਇਨ੍ਹਾਂ ਨੂੰ ਇਸ ਤੋਂ ਚਿੜ ਕਿਉਂ ਹੈ? ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਚਾਰ ਮਹਿਕਮਿਆਂ ਨੂੰ ਛਡ ਕੇ, ਜੋ ਕਿ ਸੈਂਟਰ ਕੋਲ ਰਹਿਣ, ਬਾਕੀ ਦੇ ਸਾਰੇ ਮਹਿਕਮੇ ਸੂਬਿਆਂ ਨੂੰ ਦਿੱਤੇ ਜਾਣੇ ਚਾਹੀਦੇ ਹਨ। ਇਸ ਤਰ੍ਹਾਂ ਦਾ ਇਥੇ ਇਕ ਆਫੀਸ਼ਿਅਲ ਰੈਜ਼ੋਲਿਊਸ਼ਨ ਲਿਆਉਣਾ ਚਾਹੀਦਾ ਹੈ। (ਥੰਪਿੰਗ) ਖਜ਼ਾਨਾ ਮੰਤਰੀ ਜੀ ਜੋ ਮਰਜ਼ੀ ਕਰਨ ਪਰ ਇਹ ਕੰਮ ਬਣਕੇ ਰਹੇਗਾ। ਇਹ ਤਮਾਸ਼ਾ ਬਣ ਕੇ ਰਹੇਗਾ ਫਸਟ ਕਲਾਸ ਤਮਾਸ਼ਾ ਬਣ ਕੇ ਰਹੇਗਾ। ਤੁਸੀਂ ਦੇਖੋ ਕੀ ਬਣਦਾ ਹੈ? ਤੁਸੀਂ ਸਾਡੇ ਰਾਸ਼ਟਰਪਤੀ ਦੀ ਗਲ ਮੰਨ ਲਵੋ। ** ** **

**ਸ੍ਰੀ ਡਿਪਟੀ ਸਪੀਕਰ**: ਇਹ ਜੋ ਨਾਂ ਲਏ ਜਾ ਰਹੇ ਹਨ, ਇਹ ਐਕਸਪੰਜ ਕੀਤੇ ਜਾਣ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਇਨ੍ਹਾਂ ਨੇ ਪਛਮੀ ਬੰਗਾਲ ਵਾਲਿਆਂ ਦੀ ਗੱਲ ਨਹੀਂ ਮੰਨੀ ਜਿਸ ਕਰਕੇ ਉਨ੍ਹਾਂ ਨੂੰ ਰਾਜ ਦੇਣਾ ਪਿਆ। (ਘੰਟੀ) ਮੈਨੂੰ 5 ਮਿੰਟ ਹੋਰ ਦਿਓ। ਮੈਂ ਲਾਹੌਰ ਵਿਚ ਕਿਹਾ ਸੀ ਔਰ ਮੁਸਲਮਾਨਾਂ ਵਿਚ ਕਹਿ ਕੇ ਆਇਆ ਸੀ ਕਿ ਜਿਨ੍ਹਾਂ ਨੇ ਦੇਸ਼ ਦੀ ਵੰਡ ਕਰਾਈ ਹੈ, ਭਾਵੇਂ ਉਹ ਹਿੰਦੁਸਤਾਨ ਵਾਲੇ ਸਨ ਜਾਂ ਪਾਕਿਸਤਾਨ ਵਾਲੇ ਸਨ, ਲੋਕ ਉਨ੍ਹਾਂ ਨੂੰ ਮੁਆਫ ਨਹੀਂ ਕਰਨਗੇ। ਇਹ ਰਿਕਾਰਡ ਦੀ ਗੱਲ ਹੈ। ਇਹ ਮੈਂ ਪਾਕਿਸਤਾਨ ਵਿਚ ਕਹਿ ਕੇ ਆਇਆ ਹਾਂ (ਵਿਘਨ) ਸਾਨੂੰ ਕੋਈ ਡਰ ਨਹੀਂ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪਣੇ ਅੰਦਰ ਝਾਤੀ ਮਾਰ ਕੇ ਦੇਸ਼ ਦੇ ਵਸੀਹ ਮੁਫਾਦਾਂ ਨੂੰ ਦੇਖੋ ਔਰ ਸਿੱਖਾਂ ਦੀ ਕਦਰ ਕਰੋ। ਸਾਡੇ ਦੇਸ਼ ਦੇ ਰਾਸ਼ਟਰਪਤੀ ਸ੍ਰੀ ਸੰਜੀਵਾ ਰੈਡੀ ਮੁਲਕ ਦਾ ਚਕਰ ਲਗਾ ਕੇ ਅਟਾਨਮੀ ਦਾ ਢੰਡੋਰਾ ਪਿਟਣਗੇ ਔਰ ਅਸੀਂ ਵੀ ਉਨ੍ਹਾਂ ਨਾਲ ਵਾਜਾ ਵਜਾਵਾਂਗੇ। ਇਨ੍ਹਾਂ ਨੂੰ ਪੰਜਾਬ ਦਾ ਲਹੂ ਨਹੀਂ ਪੀਣਾ ਚਾਹੀਦਾ। ਪੰਜਾਬ ਦਾ ਧੰਨ ਦਿੱਲੀ ਵਾਲੇ ** ** ਲੁੱਟ ਕੇ ਲਿਜਾਈ ਜਾਂਦੇ ਹਨ, ਇਸ ਨੂੰ ਰੋਕਣਾ ਚਾਹੀਦਾ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ:** ਇਹ ਜੋ ਨਾਂ ਲਏ ਗਏ ਹਨ ਔਰ ** ਲਫਜ਼ ਐਕਸਪੰਜ ਕਰ ਦਿਤੇ ਜਾਣ ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ :** ਆਖਿਰ ਵਿਚ ਮੈਂ ਬੇਨਤੀ ਕਰਦਾ ਹਾਂ ਇਸ ਵੇਲੇ ਚੀਫ਼ ਮਨਿਸਟਰ ਸਾਹਿਬ ਇਥੇ ਨਹੀਂ ਹਨ ਇਸ ਵਿਚ ਹੀ ਬਿਹਤਰੀ ਹੈ ਕਿ ਡਾਕਟਰ ਸਾਹਿਬ ਕੱਲ੍ਹ ਨੂੰ ਜਾਂ ਪਰਸੋਂ ਨੂੰ ਅਟਾਨਮੀ ਦੇਣ ਬਾਰੇ ਇਥੇ ਇਕ ਆਫੀਸ਼ੀਅਲ ਮਤਾ ਲਿਆਉਣ। ਅਸੀਂ ਰਾਜ ਇਨ੍ਹਾਂ ਦਾ ਮੰਨ ਲਵਾਂਗੇ, ਪਰ ਇਹ ਮਤਾ ਲਿਆਕੇ ਇਥੇ ਪਾਸ ਕਰਾਉਣਾ ਚਾਹੀਦਾ ਹੈ। ਮੈਂ ਫਿਰ ਕਹਿਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਤੁਸੀਂ ਪੰਜਾਬ ਨੂੰ ਬਚਾਓ ਔਰ ਪੰਜਾਬ ਨੂੰ ਉਜਾੜੋ ਨਾ, ਪੰਜਾਬ ਦਾ ਸਤਿਆਨਾਸ ਨਾ ਕਰੋ। ਤੁਸੀਂ ਮਿਹਰਬਾਨੀ ਕਰੋ। (ਵਿਘਨ)

**Mr. Deputy Speaker:** The House stands adjourned till 9.00 A.M. on Tuesday, the 2nd March, 1982.

*6.30 P.M. (The Sabha then adjourned *till 9.00 A.M. on Tuesday, the 2nd March, 1982)

**Expunged as ordered by the Chair.

Original with;
Punjab Vidhan Sabha
Digitized by;
Panjab Digital Library

## APPENDIX

## TO

## PUNJAB VIDHAN SABHA DEBATES

Dated the 1st March, 1982

**Vol. IV—No. 4**

## STARRED QUESTION AND ANSWER

### Supply of Wheat Drums to the Farmers

*1294. **Comrade Darshan Singh Jhabal:** Will the Minister for Agriculture and Irrigation be pleased to state:—

(a) the amount deposited by the farmers through the B.D.P.O. Ajnala for the supply of wheat drums during the year 1978;

(b) the number of farmers out of those referred to in part (a) above to whom wheat drums have so far been supplied;

(c) the reasons for which these drums have not so far been supplied to the remaining farmers together with the time by which these are likely to be supplied to them?

**ਸਰਦਾਰ ਸੰਤੋਖ ਸਿੰਘ ਰੰਧਾਵਾ** (ਵਿਕਾਸ ਅਤੇ ਪੰਚਾਇਤ ਮੰਤਰੀ) : (ੳ) 27,024 ਰੁਪਏ 2 ਪੈਸੇ

(ਅ) 189

(ੲ) ਇਹ ਕਣਕ ਰੱਖਣ ਦੇ ਢੋਲ, ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਅਜਨਾਲਾ ਅਤੇ ਮੈਨੇਜਰ ਵਰਕਸ਼ਾਪ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਲੁਧਿਆਣਾ ਦੇ ਵਿਚਕਾਰ ਬਿਲਾਂ ਦੇ ਮਤ ਭੇਦ ਹੋਣ ਕਾਰਨ ਕਿਸਾਨਾਂ ਨੂੰ ਦਿੱਤੇ ਨਹੀਂ ਜਾ ਸਕੇ। 35 ਕਣਕ ਰੱਖਣ ਦੇ ਢੋਲ ਦਿੱਤੇ ਜਾਣੇ ਬਣਦੇ ਹਨ ਅਤੇ ਇਹ ਢੋਲ ਇਕ ਮਹੀਨੇ ਦੇ ਅੰਦਰ ਅੰਦਰ ਦਿੱਤੇ ਜਾਣਗੇ।

5475/PVS —Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and Printed by the Controller, Govt. Press, U.T., Chd.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*2nd March, 1982*

Vol. IV–No. 5

OFFICIAL REPORT

CONTENTS

*Tuesday, the 2nd March*, 1982


| | | *Page* |
|---|---|---|
| Starred Questions and Answers | .. | (5)1 |
| Written Answers to Starred Questions laid on the Table of the House under Rule 38 | .. | (5)26 |
| Unstarred Questions and Answers | .. | (5)31 |
| Point of Order *re*. Daoke Incident | .. | (5)34 |
| Walk-out(s) | .. | (5)36 |
| Squatting on the Floor of the House | .. | (5)36 |
| Call Attention Notices under Rule 66 | .. | (5)37 |
| Paper Laid on the Table | .. | (5)38 |



PUNJAB VIDHAN SABHA SECRETARIAT, CHANDIGARH

Price : Rs. Rs. 28.30 Paise



Original with;
Punjab Vidhan Sabha
Digitized by;
Panjab Digital Library

## FINANCIAL BUSINESS


Presentation of Supplementary Estimates (Second Instalment) for the year 1981-82 .. (5)38

Presentation of Report of Committee on Estimates .. (5)39

Resumption of Discussion on Governor's Address .. (5)40

Call Attention Notices under Rule 66 (*Resumption*) .. (5)41

Resumption of Discussion on Governor's Address .. (5)46

Walk-out .. (5)56

Short Adjournment of the House .. (5)56

Resumption of Discussion on Governor's Address .. (5)57

Appendix .. (i)


Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Tuesday, the 2nd March, 1982**

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.

---

## STARRED QUESTIONS AND ANSWERS

**Starred Question No. 1339***

**Mr. Speaker :** Extension has been asked for in respect of Starred Question No. 1339.

**ਸਰਦਾਰ ਸਰਵਣ ਸਿੰਘ ਫਿਲੌਰ** : ਸਪੀਕਰ ਸਾਹਿਬ, ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਹੈ। ਇਸ ਸਵਾਲ ਦਾ ਜਵਾਬ ਦੇਣ ਵਿਚ ਕੀ ਹਰਜ਼ ਹੈ। ਇਨ੍ਹਾਂ ਨੇ ਸਿਰਫ ਫਿਲੌਰ ਅਤੇ ਨਵਾਂ ਸ਼ਹਿਰ ਸਬ-ਡਵੀਜ਼ਨ ਦੇ ਉਨ੍ਹਾਂ ਬੰਦਿਆਂ ਦੇ ਨਾਮ ਦੱਸਣੇ ਸਨ ਜਿਨ੍ਹਾਂ ਨੂੰ ਰੈਗੂਲਰ ਪੈਨਸ਼ਨ ਮਿਲਦੀ ਹੈ। ਇਹ ਉਨ੍ਹਾਂ ਦੇ ਨਾਮ ਕਿਉਂ ਨਹੀਂ ਦੱਸ ਰਹੇ ?

**ਸ੍ਰੀ ਸਪੀਕਰ** : ਇਸ ਸਵਾਲ ਵਿਚ ਐਕਸਟੈਨਸ਼ਨ ਮੰਗੀ ਗਈ ਸੀ ਅਤੇ ਮੈਂ ਐਕਸਟੈਨਸ਼ਨ ਦੇ ਦਿੱਤੀ ਹੈ।

**ਸਰਦਾਰ ਸਰਵਣ ਸਿੰਘ ਫਿਲੌਰ**: ਸਰਕਾਰ ਨੇ ਜਿਨ੍ਹਾਂ ਲੋਕਾਂ ਨੂੰ ਸਹਾਰਾ ਦੇਣ ਲਈ ਪੈਨਸ਼ਨ ਦੇਣੀ ਹੈ ਉਸ ਬਾਰੇ ਸਰਕਾਰ ਜਵਾਬ ਕਿਉਂ ਨਹੀਂ ਦੇ ਰਹੀ ? (ਵਿਘਨ) ਸਪੀਕਰ ਸਾਹਿਬ, ਤੁਸੀਂ ਮੈਨੂੰ ਆਸ਼ਵਾਸਨ ਦਿਵਾਓ ਕਿ ਕੀ ਇਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਵੇਗਾ ?

**ਸ੍ਰੀ ਸਪੀਕਰ** : ਹਾਂ ਜੀ, ਆ ਜਾਵੇਗਾ।

---

**Increase in the Income Limit**

***1173. Master Dalip Chand :** Will the Minister for Welfare and Labour be pleased to state whether the Government propose to increase the income limit from Rs. 3,600 to Rs. 4,000/- in order to provide facilities which are being provided to persons having an annual income of less than Rs. 3,600 in the State ?

**ਚੌਧਰੀ ਜਗਤ ਰਾਮ** : ਨਹੀਂ ਜੀ।

**ਮਾਸਟਰ ਦਲੀਪ ਚੰਦ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਲਾਸ ਫੋਰ ਕਰਮਚਾਰੀ ਹਨ ਭਾਵੇਂ ਉਹ ਕਿਸੇ ਵੀ ਮਹਿਕਮੇ ਵਿਚ ਹਨ ਉਨ੍ਹਾਂ ਦੀ 36 ਸੌ ਰੁਪਏ ਤੋਂ ਵੱਧ ਆਮਦਨ ਹੈ। ਇਸ ਲਈ ਉਨ੍ਹਾਂ ਦੇ ਪੀਲੇ ਕਾਰਡ ਨਹੀਂ ਬਣ ਸਕਦੇ। ਕੀ ਸਰਕਾਰ ਉਨ੍ਹਾਂ ਕਲਾਸ ਫੋਰ ਦੇ ਕਰਮਚਾਰੀਆਂ ਦੇ ਪੀਲੇ ਕਾਰਡ ਬਣਾ ਕੇ ਉਨ੍ਹਾਂ ਨੂੰ ਇਹ ਸਹੂਲਤ ਦੇਣ ਦਾ ਪ੍ਰਬੰਧ ਕਰੇਗੀ ?

---

*For Starred Question No. 1339 and reply thereto please see P.V.S. Debates, dated 25th March, 1982.

Original with;
Punjab Vidhan Sabha
Digitized by;
Panjab Digital Library

**ਮੰਤਰੀ** : ਇਹ ਤਾਂ ਸਰਕਾਰ ਨੇ ਪਹਿਲਾਂ ਹੀ ਫੈਸਲਾ ਕੀਤਾ ਹੋਇਆ ਹੈ । ਜਿਹੜੇ ਕਲਾਸ ਫੋਰ ਦੇ ਕਰਮਚਾਰੀ ਹਨ ਉਨ੍ਹਾਂ ਨੂੰ ਇਹ ਰਿਆਇਤਾਂ ਮਿਲਦੀਆਂ ਹਨ ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਕਲਾਸ ਫੋਰ ਦੇ ਕਰਮਚਾਰੀ ਹਨ ਉਨ੍ਹਾਂ ਨੂੰ ਰਿਆਇਤਾਂ ਮਿਲਦੀਆਂ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 36 ਸੌ ਰੁਪਏ ਦੀ ਇਨਕਮ ਵਿਚ ਨਹੀਂ ਆਉਂਦੇ, ਕੀ ਉਨ੍ਹਾਂ ਦੀ ਨਿਸ਼ਾਨੀ ਦੇ ਤੌਰ ਤੇ ਜਾਂ ਉਨ੍ਹਾਂ ਦੀ ਆਈਡੈਂਟੀਫੀਕੇਸ਼ਨ ਦਾ ਕੋਈ ਸਰਟੀਫੀਕੇਟ ਇਸ਼ੂ ਕਰਨਗੇ ?

**ਮੰਤਰੀ** : ਉਨ੍ਹਾਂ ਦੇ ਰਾਸ਼ਨ ਕਾਰਡ ਪਹਿਲਾਂ ਬਣੇ ਹੋਏ ਹਨ । ਜਿਹੜਾ ਉਨ੍ਹਾਂ ਦੀ ਤਨਖਾਹ ਬਣਾਉਂਦਾ ਹੈ ਉਹ ਉਨ੍ਹਾਂ ਦੇ ਕਾਰਡਾਂ ਉਤੇ ਮੋਹਰ ਲਗਾ ਦਿੰਦਾ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਸ਼ਨਾਖਤ ਹੁੰਦੀ ਹੈ ।

**ਮਾਸਟਰ ਚੰਦ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ 36 ਸੌ ਰੁਪਏ ਦੀ ਆਮਦਨ ਤੋਂ 6 ਹਜ਼ਾਰ ਰੁਪਏ ਦੀ ਆਮਦਨ ਦੀ ਲਿਮਿਟ ਕਰਨ ਵਿਚ ਸਰਕਾਰ ਨੂੰ ਕੀ ਦਿੱਕਤ ਹੈ ? ਕਈ ਮਹਿਕਮਿਆਂ ਵਿਚ ਕਲਾਸ ਫੋਰ ਦੇ ਕਾਰਡ ਨਹੀਂ ਬਣੇ ਜਿਵੇਂ ਕਿ ਪੀ. ਡਬਲਿਊ. ਡੀ. ਹੈ । ਉਥੇ ਉਨ੍ਹਾਂ ਦੇ ਕਲਾਸ ਫੋਰ ਦੇ ਕਰਮਚਾਰੀਆਂ ਦੇ ਇਹ ਕਾਰਡ ਕਦੋਂ ਤੱਕ ਬਣਾ ਦੇਣਗੇ ?

**ਮੰਤਰੀ** : ਇਸ ਬਾਰੇ ਮੈਂ ਪਹਿਲਾਂ ਹੀ ਜਵਾਬ ਦੇ ਦਿੱਤਾ ਹੈ । ਜਿਹੜੇ ਕਿਤੇ ਰਹਿ ਗਏ ਹੋਣਗੇ ਉਨ੍ਹਾਂ ਦੇ ਬਣਾਉਣ ਵਾਸਤੇ ਦੁਬਾਰਾ ਕਹਿ ਦਿੱਤਾ ਸੀ ਕਿ ਐਸ. ਡੀ. ਐਮਜ਼. ਅਤੇ ਡੀ. ਸੀਜ਼ ਦੇਖ ਲੈਣਗੇ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ 36 ਸੌ ਰੁਪਏ ਦੀ ਇਨਕਮ ਰੱਖੀ ਹੈ ਇਸ ਦੇ ਮੁਤਾਬਿਕ ਇਸ ਲਿਮਿਟ ਵਿਚ ਪੰਜਾਬ ਵਿਚ ਇਕ ਵੀ ਮਜ਼ਦੂਰ ਨਹੀਂ ਆਉਂਦਾ ਕਿਉਂਕਿ ਜਿਹੜੇ ਮਿਨੀਮਮ ਵੇਜਿਜ਼ ਹਨ ਉਹ ਵੀ 36 ਸੌ ਰੁਪਏ ਤੋਂ ਵੱਧ ਬਣਦੇ ਹਨ । ਇਸ ਲਈ ਕੀ ਇਹ ਇਸ ਪੱਖ ਤੋਂ ਵਿਚਾਰ ਕਰਕੇ ਇਨਕਮ ਦੀ ਲਿਮਿਟ 6 ਹਜ਼ਾਰ ਰੁਪਏ ਤਕ ਕਰ ਦੇਣਗੇ ?

**ਮੰਤਰੀ** : ਇਸ ਬਾਰੇ ਮੈਂ ਪਹਿਲਾਂ ਹੀ ਆਪਣੇ ਜਵਾਬ ਵਿਚ ਦੱਸ ਦਿਤਾ ਸੀ "ਨਹੀਂ ਜੀ" ਕਿਉਂਕਿ 36 ਸੌ ਰੁਪਏ ਦੇ ਥੱਲੇ ਵੀ ਬਹੁਤ ਸਾਰੇ ਆਦਮੀ ਹਨ ਜਿਨ੍ਹਾਂ ਦਾ ਹੱਕ ਬਣਦਾ ਹੈ ।

**ਪੰਡਿਤ ਸਰਵਣ ਰਾਮ** : ਤੁਸੀਂ ਮਜ਼ਦੂਰ ਦੀ 14 ਰੁਪਏ ਦਿਹਾੜੀ ਮੁਕੱਰਰ ਕੀਤੀ ਹੈ ਅਤੇ ਇਸ ਹਿਸਾਬ ਨਾਲ ਇਹ 420 ਰੁਪਏ ਮਹੀਨੇ ਦੇ ਬਣਦੇ ਹਨ । ਇਸ ਦਾ ਮਤਲਬ ਇਹ ਹੈ ਕਿ ਮਾੜੇ ਤੋਂ ਮਾੜੇ ਮਜ਼ਦੂਰ ਦੀ ਵੀ ਸਾਲਾਨਾ ਆਮਦਨ 36 ਸੌ ਰੁਪਏ ਤੋਂ ਉਪਰ ਹੈ । ਕੀ ਇਹ 36 ਸੌ ਰੁਪਏ ਤੋਂ ਵਧਾ ਕੇ 6 ਹਜ਼ਾਰ ਦੀ ਇਨਕਮ ਲਿਮਿਟ ਕਰਨਗੇ ?

**ਮੰਤਰੀ** : ਵੈਸੇ ਸਪੀਕਰ ਸਾਹਿਬ ਬਹੁਤ ਸਾਰੇ ਆਨਰੇਬਲ ਮੈਂਬਰਾਂ ਨੇ ਇਸ ਬਾਰੇ ਦੁਖ ਪਰਗਟ ਕੀਤਾ ਹੈ ਪਰ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ 8 ਲੱਖ ਤੋਂ ਉਪਰ ਐਸੇ ਪਰਵਾਰ ਹਨ ਜਿਨ੍ਹਾਂ ਦੀ 36 ਸੌ ਰੁਪਏ ਤੋਂ ਘੱਟ ਸਾਲਾਨਾ ਆਮਦਨ ਹੈ ਅਤੇ ਉਨ੍ਹਾਂ ਦੇ ਕਾਰਡ ਬਣਾਏ ਹਨ ।

Original with;
Punjab Vidhan Sabha
Digitized by;
Panjab Digital Library

**Number of B.Ed. and B.T. Teachers in the Government Schools**

***1344. Chaudhri Jagjit Singh :** Will the Minister for Education be pleased to state—

(a) the total number of B.Ed. and B.T. teachers in the Government Schools of the State at present ;

(b) whether the number of teachers belonging to the Scheduled Castes among the Teachers referred to in part (a) above is in accordance with the fixed reservation quota ; if not, the time by which it is likely to be achieved ?

**ਸਰਦਾਰ ਹਰਚਰਨ ਸਿੰਘ ਅਜਨਾਲਾ :** (ੳ) 18,905

(ਅ) ਨਹੀਂ ਜੀ । ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਮੈਂਬਰਾਂ ਨੂੰ ਇਸ ਸੇਵਾ ਵਿਚ ਛੇਤੀ ਤੋਂ ਛੇਤੀ ਨਿਰਧਾਰਤ ਰਾਖਵੇਂ ਕੋਟੇ ਦੇ ਅਨੁਸਾਰ ਰਿਪਰਿਜ਼ੈਨਟੇਸ਼ਨ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪਰ ਇਸ ਮਕਸਦ ਲਈ ਸਮੇਂ ਦੀ ਹੱਦ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ।

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਵਿਚ ਕੁਲ ਬੀ. ਐਡ. ਅਤੇ ਬੀ. ਟੀ. ਅਧਿਆਪਕ 18,905 ਹਨ । ਉਨ੍ਹਾਂ ਵਿਚ ਹਰੀਜਨਾਂ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੈ । ਮੈਂ ਉਨ੍ਹਾਂ ਕੋਲੋਂ ਪੁੱਛਿਆ ਸੀ ਕਿ ਇਹ ਰਿਜ਼ਰਵੇਸ਼ਨ ਕਦੋਂ ਤੱਕ ਪੂਰੀ ਕਰ ਦੇਣਗੇ ਪਰ ਇਸ ਬਾਰੇ ਉਨ੍ਹਾਂ ਨੇ ਕਿਹਾ ਹੈ ਕਿ ਉਹ ਟਾਈਮ ਲਿਮਿਟ ਨਹੀਂ ਫਿਕਸ ਕਰ ਸਕਦੇ ਪਰ ਰਿਜ਼ਰਵੇਸ਼ਨ ਪੂਰੀ ਕਰਨ ਵਾਸਤੇ ਕੋਸ਼ਿਸ਼ਾਂ ਜਾਰੀ ਹਨ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਕੀ ਕੋਸ਼ਿਸ਼ਾਂ ਜਾਰੀ ਹਨ ਜਿਨ੍ਹਾਂ ਦੁਆਰਾ ਰਿਜ਼ਰਵੇਸ਼ਨ ਪੂਰੀ ਕਰ ਲੈਣਗੇ ? ਕੀ ਇਹ ਵੀ ਦੱਸਣਗੇ ਕਿ ਜਿਤਨਾ ਚਿਰ ਉਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਨਹੀਂ ਹੁੰਦੀ ਇਸ ਮਹਿਕਮੇ ਵਿਚ ਉਤਨਾ ਚਿਰ ਇਸ ਬੈਕਲਾਗ ਨੂੰ ਪੂਰਾ ਕਰਨ ਲਈ ਜਿਵੇਂ ਸਰਕਾਰ ਦੀਆਂ ਇਨਸਟਰੱਕਸ਼ਨਜ਼ ਹਨ, ਉਨ੍ਹਾਂ ਦੇ ਮੁਤਾਬਿਕ ਉਨ੍ਹਾਂ ਦੀ 50 ਪ੍ਰਤੀਸ਼ਤ ਭਰਤੀ ਕਰਕੇ ਇਸ ਬੈਕਲਾਗ ਨੂੰ ਪੂਰਾ ਕਰਨਗੇ ?

**ਮੰਤਰੀ :** ਮੈਂ ਇਸ ਬਾਰੇ ਅਰਜ਼ ਕੀਤੀ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੀ ਤੀਬਰ ਇੱਛਾ ਹੈ ਕਿ ਅਨੁਸੂਚਿਤ ਜਾਤੀਆਂ ਦੇ ਕੈਂਡੀਡੇਟਸ ਅਤੇ ਇੰਪਲਾਈਜ਼ ਦੀ ਮੌਜੂਦਾ ਰਿਜ਼ਰਵੇਸ਼ਨ ਕੋਟੇ ਦੇ ਮੁਤਾਬਿਕ ਜਲਦੀ ਤੋਂ ਜਲਦੀ ਪੂਰੀ ਹੋ ਜਾਵੇ । ਉਸ ਨੂੰ ਪੂਰਾ ਕਰਨ ਦੇ ਵਿਚ ਵੀ ਤੁਸੀਂ ਜਾਣਦੇ ਹੋ ਕਿ ਸਾਨੂੰ ਇਹ ਵੇਖਣਾ ਪੈਂਦਾ ਹੈ ਕਿ ਪੋਸਟਾਂ ਅਵੇਲੇਬਲ ਹੋਣ । ਦੂਜਾ ਇਹ ਕਿ ਮਹਿਕਮੇ ਵਿਚ ਪੋਸਟਾਂ ਲਈ ਜਿਹੜੀ ਕੁਆਲੀਫੀਕੇਸ਼ਨ ਲੇਡ ਡਾਊਨ ਹੈ ਉਹ ਕੁਆਲੀਫੀਕੇਸ਼ਨ ਪੂਰੀ ਹੁੰਦੀ ਹੋਵੇ ਅਤੇ ਤੀਜਾ ਇਹ ਕਿ ਰਿਜ਼ਰਵੇਸ਼ਨ ਦਾ ਕੋਟਾ ਵਧਾ ਕੇ ਬੈਕਲਾਗ ਜੋ ਪਿਛਲਾ ਹੈ ਉਸ ਨੂੰ ਕਲੀਅਰ ਕੀਤਾ ਜਾਵੇ । ਮੇਰਾ ਖਿਆਲ ਹੈ ਕਿ ਐਸ. ਐਸ. ਐਸ. ਬੋਰਡ ਦੀ ਜੋ ਐਡਵਰਟਾਈਜ਼ਮੈਂਟ ਨਿਕਲੀ ਹੈ ਮਾਨਯੋਗ ਮੈਂਬਰ ਉਸ ਨੂੰ ਵੇਖ ਲੈਣ, ਉਸ ਤੋਂ ਸਾਡੀ ਕੋਸ਼ਿਸ਼ ਦਾ ਸਿੱਟਾ ਜੋ ਹੈ ਉਹ ਇਨ੍ਹਾਂ ਦੇ ਸਾਹਮਣੇ ਆ ਜਾਵੇਗਾ । ਅਸੀਂ ਆਲਰੇਡੀ 25 ਪ੍ਰਤੀਸ਼ਤ ਰਿਜ਼ਰਵੇਸ਼ਨ ਤੋਂ ਵੱਧ ਰਿਜ਼ਰਵੇਸ਼ਨ ਲਈ ਕਿਹਾ ਹੋਇਆ ਹੈ । ਜੇ ਸ਼ੈਡਿਊਲਡ ਕਾਸਟਸ ਦੇ ਕੈਂਡੀਡੇਟਸ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਕੁਆਲੀਫੀਕੇਸ਼ਨਜ਼ ਪੂਰੀਆਂ ਕਰਦੇ ਮਿਲ ਜਾਣ ਤਾਂ ਜਲਦੀ ਤੋਂ ਜਲਦੀ ਕੋਸ਼ਿਸ਼ ਕਰਕੇ ਇਹ ਕੰਮ ਕੀਤਾ ਜਾਵੇਗਾ। ਬਾਕੀ ਮੈਂ ਕੋਈ ਐਸੀ ਗੱਲ ਇਥੇ ਨਹੀਂ ਕਹਿਣੀ ਚਾਹੁੰਦਾ ਜਿਸ ਨੂੰ ਬਾਅਦ ਵਿਚ ਮਾਨਯੋਗ ਮੈਂਬਰ ਕਹਿਣ ਕਿ ਮੈਂ ਕੋਈ ਗਲਤ ਬਿਆਨੀ ਕੀਤੀ ਸੀ।

**ਚੌਧਰੀ ਜਗਜੀਤ ਸਿੰਘ** : ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪੋਸਟਾਂ ਭਰਨ ਵੇਲੇ ਉਨ੍ਹਾਂ ਨੇ ਕੁਆਲੀਫੀਕੇਸ਼ਨ ਦੇਖਣੀ ਹੁੰਦੀ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਹਰੀਜਨ ਕੈਂਡੀਡੇਟਸ ਕੁਆਲੀਫੀਕੇਸ਼ਨ ਪੂਰੀ ਵਾਲੇ ਨਹੀਂ ਮਿਲਦੇ ਤਾਂ ਕੀ ਵਜ਼ੀਰ ਸਾਹਿਬ ਉਨ੍ਹਾਂ ਦੀ ਕੁਆਲੀਫੀਕੇਸ਼ਨ ਨੂੰ ਪੂਰਾ ਕਰਨ ਲਈ ਕੋਈ ਨਵੀਂ ਕਲਾਸ ਖੋਲ੍ਹਣਗੇ ਅਤੇ ਉਨ੍ਹਾਂ ਵਿਚ ਜ਼ਿਆਦਾ ਹਰੀਜਨਾਂ ਦੇ ਬੰਦੇ ਭਰਤੀ ਕਰਨਗੇ ਤਾਂ ਕਿ ਉਹ ਕੁਆਲੀਫੀਕੇਸ਼ਨਜ਼ ਪੂਰੀਆਂ ਕਰ ਸਕਣ ਅਤੇ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀਆਂ ਪੋਸਟਾਂ ਪੂਰੀਆਂ ਹੋ ਸਕਣ।

**ਮੰਤਰੀ** : ਇਹ ਕੋਸ਼ਿਸ਼ ਹਮੇਸ਼ਾਂ ਜਾਰੀ ਰਹੀ ਹੈ। ਟਰੇਨਿੰਗ ਕੋਰਸਿਜ਼, ਜਿਵੇ ਕਿ ਜੇ.ਬੀ.ਟੀ. ਅਤੇ ਬੀ. ਐਡ. ਹਨ ਵਿਚ ਸ਼ੈਡਿਊਲਡ ਕਾਸਟਸ ਕੈਂਡੀਡੇਟਸ ਨੂੰ ਹਮੇਸ਼ਾਂ ਪਰੈਫਰੈਂਸ ਦਿੰਦੇ ਹਾਂ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਹ ਜਿਹੜੀ ਰਿਜ਼ਰਵੇਸ਼ਨ ਅਜੇ ਤੱਕ ਪੂਰੀ ਨਹੀਂ ਹੋਈ ਇਹ ਇਸ ਕਰਕੇ ਪੂਰੀ ਨਹੀਂ ਹੋਈ ਕਿਉਂਕਿ ਪਿਛਲੇ ਸਮੇਂ ਵਿਚ ਸ਼ੈਡਿਊਲਡ ਕਾਸਟਸ ਨੂੰ ਜੇ.ਬੀ.ਟੀ. ਅਤੇ ਬੀ. ਐਡ. ਦੀ ਸਪੈਸ਼ਲ ਟਰੇਨਿੰਗ ਦਿੱਤੀ ਗਈ ਪਰ ਉਹ ਵਿਹਲੇ ਫਿਰਦੇ ਹਨ। ਇਸ ਲਈ ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਨਵੀਆਂ ਪੋਸਟਾਂ ਕਰੀਏਟ ਕਰਕੇ ਰਿਜ਼ਰਵੇਸ਼ਨ ਦੇ ਕੋਟੇ ਨੂੰ ਪੂਰਾ ਕਰਨਗੇ ?

**ਮੰਤਰੀ** : ਮੈਂ ਇਨ੍ਹਾਂ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਅਸੀਂ ਰੀਸੈਂਟਲੀ ਐਸ. ਐਸ. ਐਸ. ਬੋਰਡ ਨੂੰ ਪੋਸਟਾਂ ਲਈ ਕਿਹਾ ਸੀ, ਉਨ੍ਹਾਂ ਨੇ ਪੋਸਟਾਂ ਐਡਵਰਟਾਈਜ਼ ਕੀਤੀਆਂ ਹਨ, ਉਸ ਤੋਂ ਤੁਹਾਨੂੰ ਪਤਾ ਲਗ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੀ ਸਰਕਾਰ ਨੇ 15 ਸੌ ਜੇ. ਬੀ. ਟੀ. ਅਤੇ 500 ਬੀ. ਐਡ. ਨੂੰ ਟਰੇਂਡ ਕਰਨ ਦਾ ਫੈਸਲਾ ਕੀਤਾ ਸੀ। ਹੁਣ ਇਹ ਕੁਆਲੀਫੀਕੇਸ਼ਨ ਦੀ ਗੱਲ ਕਰਦੇ ਹਨ। ਦੂਜੀਆਂ ਸਟੇਟਾਂ ਵਿਚ ਵੀ ਕੁਝ ਕੁਆਲੀਫੀਕੇਸ਼ਨਜ਼ ਰਿਲੈਕਸ ਕੀਤੀਆਂ ਗਈਆਂ ਹਨ। ਇਸ ਲਈ ਕੀ ਇਹ ਸ਼ੈਡਿਊਲਡ ਕਾਸਟਸ ਲਈ ਕੁਆਲੀਫੀਕੇਸ਼ਨਜ਼ ਵਿਚ ਕੁਝ ਰੀਲੈਕਸੇਸ਼ਨ ਕਰਕੇ ਜਾਂ ਰਿਜ਼ਰਵੇਸ਼ਨ ਐਕਟ ਬਣਾ ਕੇ ਜਿਹੜੀਆਂ ਪੋਸਟਾਂ ਖਾਲੀ ਪਈਆਂ ਹਨ ਉਹ ਉਦੋਂ ਤੱਕ ਪੂਰੀਆਂ ਕਰ ਦੇਣਗੇ ?

**ਮੰਤਰੀ** : ਮੈਂ ਬੇਨਤੀ ਕਰਦਾਂ ਹਾਂ ਕਿ ਅਗਰ ਇਨ੍ਹਾਂ ਦੀ ਪਿਛਲੀ ਸਰਕਾਰ 3 ਸਾਲਾਂ ਵਿਚ ਇਸ ਪਾਸੇ ਉਪਰਾਲੇ ਕਰਦੀ ਤਾਂ ਸਾਨੂੰ ਐਨੀ ਖੇਚਲ ਹੁਣ ਨਾ ਕਰਨੀ ਪੈਂਦੀ।

---

## Payment of House Rent Allowance etc. to the Teachers of Private Colleges in the State

***1317.** (1) **Comrade Raj Kumar**
(2) **Comrade Buta Singh** } : Will the Minister for Education be pleased to state whether there is any proposal under the

Original with;
Punjab Vidhan Sabha
Digitized by;
Panjab Digital Library

consideration of the Government to pay House Rent Allowance, Medical Allowance and Gratuity to the Teachers of Private Colleges; if so, the details thereof ?

**Sardar Harcharan Singh Ajnala :** This case is under consideration with the Government.

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਪ੍ਰਾਈਵੇਟ ਕਾਲਿਜਿਜ਼ ਜੋ ਹਨ ਉਨ੍ਹਾਂ ਦੇ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਦੀਆਂ ਬਹੁਤ ਸਾਰੀਆਂ ਮੰਗਾਂ ਕਾਫੀ ਲੰਮੇ ਅਰਸੇ ਤੋਂ ਲਟਕ ਰਹੀਆਂ ਹਨ ਜਿਸ ਦੇ ਵਿਚ ਹਾਊਸ ਰੈਂਟ, ਮੈਡੀਕਲ ਅਲਾਊਂਸ ਅਤੇ ਗਰੈਚੁਟੀ ਵਗੈਰਾ ਜਿਹੜੀ ਕਿ ਗੌਰਮਿੰਟ ਕਾਲਜਿਜ਼ ਦੇ ਟੀਚਰਜ਼ ਨੂੰ ਦਿੱਤੀ ਜਾ ਰਹੀ ਹੈ ਉਨ੍ਹਾਂ ਦੇ ਬਰਾਬਰ ਪੈਰਿਟੀ ਦੇਣ ਲਈ ਉਨ੍ਹਾਂ ਨੇ ਕਿਹਾ ਹੈ। ਜਿਥੋਂ ਤਕ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਦੇ ਜਵਾਬ ਦਾ ਤਲੱਕ ਹੈ ਇਹ ਗੱਲ ਇਨ੍ਹਾਂ ਨੇ ਬੜੀ ਵਾਰੀ ਕਹੀ ਹੈ ਇਹ ਜਿਹੜੀਆਂ ਉਨ੍ਹਾਂ ਦੀਆਂ ਮੰਗਾਂ ਹਨ, ਇਹ ਉਹ ਮੰਗਾਂ ਹਨ ਜਿਹੜੀਆਂ ਹਰਿਆਣਾ ਨੇ ਵੀ ਪੂਰੀਆਂ ਕਰ ਦਿੱਤੀਆਂ ਹਨ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਕੰਸਿਡਰੇਸ਼ਨ ਸ਼ੁਰੂ ਹੋਈ ਹੈ ਇਹ ਕਦੋਂ ਤਕ ਕਨਕਲੂਡ ਹੋ ਜਾਵੇਗੀ ਤਾਂਕਿ ਉਨ੍ਹਾਂ ਲੋਕਾਂ ਨੂੰ ਤਸੱਲੀ ਹੋ ਸਕੇ ?

**ਮੰਤਰੀ :** ਸਪੀਕਰ ਸਾਹਿਬ ਮੇਰਾ ਜਵਾਬ ਬੜਾ ਸਾਫ ਸੀ। ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਵੇਲੇ ਕੋਈ ਚੀਜ਼ ਅੰਡਰਐਕਟਿਵ ਕੰਸਿਡਰੇਸ਼ਨ ਹੋਵੇ ਤਾਂ ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਕਿਸ ਤਰ੍ਹਾਂ ਹੱਲ ਤਲਬ ਹੁੰਦੀ ਹੈ। ਮੈਂ ਇਸ ਵੇਲੇ ਕੋਈ ਟਾਈਮ ਤਾਂ ਨਹੀਂ ਮੁਕੱਰਰ ਕਰ ਸਕਦਾ ਕਿਉਂਕਿ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਮੈਂ ਕੋਈ ਗਲਤ ਟਾਈਮ ਨਹੀਂ ਦੇਣਾ ਚਾਹੁੰਦਾ ਜਿਸ ਦੇ ਵਿਚ ਕੋਈ ਚੀਜ਼ ਪੂਰੀ ਨਾ ਹੋ ਸਕੇ ਅਤੇ ਮੈਂਬਰ ਸਾਹਿਬਾਨ ਨੂੰ ਇਹ ਕਹਿਣ ਦਾ ਮੌਕਾ ਮਿਲੇ ਕਿ ਇਸ ਟਾਈਮ ਵਿੱਚ ਇਹ ਨਹੀਂ ਹੋ ਸਕਿਆ। ਮੈਂ ਆਨਰੇਬਲ ਮੈਂਬਰਜ਼ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹਾਂ, ਵੈਸੇ ਵੀ ਇਹ ਮੇਰੇ ਕੋਲ ਆਏ ਸੀ ਅਤੇ ਮੈਂ ਕਿਹਾ ਸੀ ਕਿ ਇਹ ਸਾਰੀ ਚੀਜ਼ ਵਿਚਾਰ ਅਧੀਨ ਹੈ ਅਤੇ ਕੋਈ ਨਾ ਕੋਈ ਸਾਧਨ ਜ਼ਰੂਰ ਕਢਾਂਗੇ ਤਾਂਕਿ ਉਨ੍ਹਾਂ ਦੀਆਂ ਡੀਮਾਂਡਜ਼ ਕੰਸਿਡਰ ਕਰ ਸਕੀਏ।

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਉਸੇ ਗਲ ਨੂੰ ਐਕਟਿਵ ਕੰਸਿਡਰੇਸ਼ਨ ਕਹਿ ਕੇ ਥੋੜ੍ਹੀ ਜਿਹੀ ਲਮਕਾ ਕੇ ਗੱਲ ਕਹਿ ਦਿੱਤੀ ਹੈ। ਮੈਂ ਇਨ੍ਹਾਂ ਨੂੰ ਇਕ ਵਾਰੀ ਨਹੀਂ ਮੋਰ ਦੈਨ ਥਰੀ ਟਾਈਮਜ਼ ਮਿਲ ਚੁੱਕਾ ਹਾਂ ਔਰ ਇਸ ਨਾਲੋਂ ਵੀ ਵੱਧ ਐਕਟਿਵ ਕੰਸਿਡਰੇਸ਼ਨ ਦੀ ਗੱਲ ਕਹੀ ਸੀ ਇਨ੍ਹਾਂ ਨੇ। ਸਵਾਲ ਇਹ ਹੈ ਕਿ ਉਹ ਟੀਚਰਜ਼ ਇਥੇ ਬਾਹਰ ਆ ਕੇ ਕਦੇ ਡਿਮਾਂਸਟ੍ਰੇਸ਼ਨ ਕਰਦੇ ਹਨ, ਕਦੇ ਹੜਤਾਲ ਕਰਦੇ ਹਨ। ਕੀ ਤੁਸੀਂ ਚਾਹੋਗੇ ਕਿ ਇਨ੍ਹਾਂ ਕਾਲਜਾਂ ਦਾ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਇਨਾਂ ਕੰਮਾਂ ਵਿਚ ਹੀ ਪਿਆ ਰਹੇ ਜੇ ਇਹ ਮੇਰੇ ਨਾਲ ਬਾਹਰ ਨਹੀਂ ਗੱਲ ਕਰ ਸਕੇ ਤਾਂ ਇਥੇ ਮੈਂ ਹਾਊਸ ਵਿੱਚ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਕੀ ਉਹ 31 ਮਾਰਚ, 1982 ਤਕ ਇਹ ਚੀਜ਼ਾਂ ਲਾਗੂ ਕਰਾ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਸਾਰੀਆਂ ਚੀਜ਼ਾਂ ਤੇ ਖਰਚਾ ਇਨਵਾਲਵਡ ਹੈ ਅਤੇ ਜਿਥੇ ਕੋਈ ਖਰਚਾ ਇਨਵਾਲਵਡ ਹੋਵੇ ਉਹ ਸਾਰਾ ਵਰਕ ਆਊਟ ਕਰਨਾ ਪੈਂਦਾ ਹੈ। ਇਨ੍ਹਾਂ ਨੇ ਜਿਹੜਾ ਹਾਊਸ ਰੈਂਟ, ਗਰੈਚੂਇਟੀ ਅਤੇ ਮੈਡੀਕਲ ਅਲਾਊਂਸ ਦਾ ਜ਼ਿਕਰ ਕੀਤਾ ਹੈ ਉਸ ਦੇ ਵਿੱਚ ਲਾਇ-ਬਿਲਟੀ ਇਨਵਾਲਵਡ ਹੈ ਅਤੇ ਇਹ ਸਾਰਾ ਕੁਝ ਵਰਕ ਆਊਟ ਕਰਨਾ ਪੈਂਦਾ ਹੈ ਜਿਹੜਾ ਕਿ ਵਰਕ

Original with;
Punjab Vidhan Sabha
Digitized by;
Panjab Digital Library

[ਵਿਦਿਆ ਮੰਤਰੀ]

ਆਊਟ ਹੋ ਰਿਹਾ ਹੈ। ਵਰਕ ਆਊਟ ਕਮਨ ਤੋਂ ਬਾਅਦ ਸਾਨੂੰ ਪਤਾ ਲਗ ਸਕੇਗਾ ਕਿ ਇਸ ਤੇ ਟੋਟਲ ਕਿੰਨਾ ਖਰਚ ਆਉਣਾ ਹੈ ਅਤੇ ਉਹ ਪ੍ਰੋਵਾਈਡ ਕਰਨ ਦਾ ਸਾਧਨ ਕਿਥੋਂ ਕਰਨਾ ਹੈ। ਫਿਰ ਸਪੀਕਰ ਸਾਹਿਬ, ਇਹ ਵੀ ਦੇਖਣਾ ਪੈਂਦਾ ਹੈ ਕਿ ਜੇ ਇਕ ਕੈਟੇਗਰੀ ਨੂੰ ਦੇ ਦੇਈਏ ਤਾਂ ਦੂਜੀ ਕੈਟੇਗਰੀ ਵਾਲੇ ਵੀ ਉਹੀ ਮੰਗ ਰਿਪੀਟ ਕਰਦੇ ਹਨ। ਸੋ ਇਹ ਸਾਰੀਆਂ ਗੱਲਾਂ ਦੇਖਣੀਆਂ ਪੈਂਦੀਆਂ ਹਨ। ਕਾਮਰੇਡ ਸਾਹਿਬ ਦਿਲੋਂ ਤਾਂ ਮਹਿਸੂਸ ਕਰਦੇ ਹਨ ਕਿ ਇਸ ਦੇ ਵਿਚ ਕਾਫੀ ਕੁਝ ਦੇਖਣਾ ਹੁੰਦਾ ਹੈ ਲੇਕਿਨ ਹਾਊਸ ਕਰਕੇ ਇਸ ਦੀ ਰੈਪੀਟੀਸ਼ਨ ਕਰਦੇ ਹਨ। ਮੈਂ ਹੁਣ ਵੀ ਇਨ੍ਹਾਂ ਨੂੰ ਆਸ਼-ਵਾਸਨ ਦਿੰਦਾ ਹਾਂ ਕਿ ਇਹ ਬੜੀ ਐਕਟਿਵ ਕੰਸਿਡਰੇਸ਼ਨ ਦੇ ਥੱਲੇ ਹੈ।

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਕਾਲਜਿਜ਼ ਦੇ ਟੀਚਰਜ਼ ਹਨ ਉਨ੍ਹਾਂ ਨੂੰ ਜੋ ਤਨਖਾਹ ਵੀ ਦਿਤੀ ਜਾਂਦੀ ਹੈ ਜਾਂ ਅਲਾਊਂਸ ਜੋ ਦਿੱਤੇ ਜਾਂਦੇ ਹਨ ਉਹ ਵੀ ਘੱਟ ਦਿੱਤੇ ਜਾਂਦੇ ਹਨ ਅਤੇ ਮੈਨੇਜਮੈਂਟਸ ਨੇ ਦੁਕਾਨਾਂ ਬਣਾਈਆਂ ਹੋਈਆਂ ਹਨ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਨੂੰ ਤਨਖਾਹ ਖਜ਼ਾਨੇ ਵਿਚੋਂ ਦੇਣ ਦਾ ਉਪਰਾਲਾ ਕਰਨਗੇ ਤਾਂਕਿ ਉਨ੍ਹਾਂ ਨੂੰ ਪੂਰੀ ਤਨਖਾਹ ਮਿਲ ਸਕੇ?

**ਮੰਤਰੀ :** ਸਪੀਕਰ ਸਾਹਿਬ, ਕੋਈ ਸਪੈਸਿਫਿਕ ਕੇਸ ਮੇਰੇ ਨੋਟਿਸ ਵਿਚ ਲਿਆਉਣ ਤਾਂ ਮੈਂ ਦੇਖ ਲਵਾਂਗਾ, ਜਨਰਲ ਨੇਚਰ ਦੀ ਬਾਤ ਦੇਖਣੀ ਮੇਰੇ ਲਈ ਮੁਸ਼ਕਿਲ ਹੈ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਨਰਲ ਸ਼ਿਕਾਇਤ ਹੈ ਕਿ ਉਨ੍ਹਾਂ ਟੀਚਰਾਂ ਨੂੰ ਤਨਖਾਹ ਪੂਰੀ ਨਹੀਂ ਮਿਲਦੀ। ਰਜਿਸਟਰ ਵਿੱਚ ਕੁਝ ਹੋਰ ਦਰਜ ਕਰਦੇ ਹਨ ਅਤੇ ਦਿੰਦੇ ਕੁਝ ਹੋਰ ਹਨ। ਕੀ ਮਨਿਸਟਰ ਸਾਹਿਬ ਉਨ੍ਹਾਂ ਦੀ ਰਾਖੀ ਕਰਨਗੇ ਅਤੇ ਉਨ੍ਹਾਂ ਨੂੰ ਤਨਖਾਹਾਂ ਖਜ਼ਾਨੇ ਵਿੱਚੋਂ ਦਿਵਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਅਗੇ ਹੀ ਉਨ੍ਹਾਂ ਦੀ ਰਾਖੀ ਹਿੱਤ ਪੰਜਾਬ ਸਰਕਾਰ ਨੇ ਕਾਨੂੰਨ ਬਣਾਇਆ ਹੋਇਆ ਹੈ, ਰੂਲਜ਼ ਵੀ ਨੋਟੀਫਾਈ ਕੀਤੇ ਹੋਏ ਹਨ। ਮੈਨੂੰ ਕੋਈ ਕੇਸ ਇਹ ਮਿਸਾਲ ਦੇ ਤੌਰ ਤੇ ਸਪੈਸਿਫਿਕ ਦੱਸ ਦੇਣ, ਮੈਂ ਉਸ ਦੀ ਘੋਖ ਕਰਾਵਾਂਗਾ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣ ਦੀ ਕਿਰਪਾ ਕਰਨਗੇ ਕਿ ਇਹ ਜਿਹੜੇ ਪ੍ਰਾਈਵੇਟ ਕਾਲਜਿਜ਼ ਜਾਂ ਸਕੂਲਜ਼ ਹਨ ਇਥੇ ਬਾਕੀ ਸਟਾਫ ਜੋ ਹੈ ਉਸ ਨੂੰ ਅਸੀਂ ਸਿਕਿਉਰਿਟੀ ਦਿੱਤੀ ਹੋਈ ਹੈ ਪਰ ਇਨ੍ਹਾਂ ਕਾਲਜਾਂ ਅਤੇ ਸਕੂਲਾਂ ਵਿੱਚ ਜੋ ਸਵੀਪਰ ਲਗਾਏ ਹੋਏ ਹਨ ਉਹ ਵਿਚਾਰੇ ਦਿਹਾੜੀਦਾਰ ਰਖੇ ਹੋਏ ਹਨ ਅਤੇ ਉਨ੍ਹਾਂ ਨੂੰ ਘਟ ਤਨਖਾਹ ਦਿਤੀ ਜਾਂਦੀ ਹੈ। ਰੈਗੂਲਰ ਤੌਰ ਤੇ ਨਹੀਂ ਰਖਿਆ ਹੋਇਆ, ਐਡਹਾਕ ਬੇਸਿਜ਼ ਤੇ ਰਖਦੇ ਹਨ। ਕੀ ਜਿਥੇ ਬਾਕੀ ਦੇ ਸਟਾਫ ਨੂੰ ਪ੍ਰੋਟੈਕਸ਼ਨ ਹੈ, ਕੇਵਲ ਗਰੀਬ ਸਵੀਪਰਜ਼ ਨੂੰ ਕੋਈ ਪ੍ਰੋਟੈਕਸ਼ਨ ਨਹੀਂ, ਇਹ ਉਨ੍ਹਾਂ ਨੂੰ ਵੀ ਪ੍ਰੋਟੈਕਸ਼ਨ ਦੇਣਗੇ ਤਾਂ ਕਿ ਉਹ ਵਿਚਾਰੇ ਵੀ ਆਪਣੇ ਆਪ ਨੂੰ ਰੈਗੂਲਰ ਕਹਿ ਸਕਣ ?

**ਮੰਤਰੀ :** ਸਪੀਕਰ ਸਾਹਿਬ, ਸਵਾਲ ਤਾਂ ਕਾਲਜ ਦੇ ਮੁਤੱਲਕ ਸੀ ਪਰ ਖਾਲਸਾ ਜੀ ਨੇ ਸਕੂਲਾਂ ਦਾ ਵੀ ਜ਼ਿਕਰ ਵਿੱਚ ਲੈ ਆਂਦਾ ਹੈ। ਇਹ ਸਵਾਲ ਵੀ ਹੋਰ ਨੋਈਅਤ ਦਾ ਹੈ। ਜੇ ਇਹ ਇਸਦਾ ਕੋਈ ਜਵਾਬ ਚਾਹੁੰਦੇ ਹਨ ਤਾਂ ਇਹ ਵੱਖਰਾ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

## Acquisition of Land for Military Purposes

*1358. **Comrade Raj Kumar** : Will the Minister for Revenue be pleased to state :—

(a) whether the land including the land under houses of Villages Hamidpura and Kathanian of Block Verka, Tehsil and District Amritsar has been acquired for military purposes ; if so, when ;

(b) whether the compensation for both the categories of the land referred to in part (a) above has been paid to the land-owners of both the villages ;

(c) if the reply to part (b) above be in the negative, the approximate time by which the compensation will be paid ?

**Sardar Darbara Singh, (Chief Minister)** : (a) Yes, on 9th February, 1978 of village Hamidpura and on 19th July, 1980 of Village Kathanian.

(b) In so far as Village Hamidpura is concerned, the compensation for the land outside the Lal Lakir and Phirni has been paid. The compensation for the structure inside the Lal Lakir and the Phirni is yet to be paid. With regard to village Kathania the land has been acquired, but the compensation is yet to be paid.

(c) The compensation of land acquired in both the villages will be paid within two months after receipt of funds from Ministry of Defence, Government of India.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਫਰਵਰੀ, 1978 ਵਿੱਚ ਹਮੀਦਪੁਰੇ ਅਤੇ ਕਥਾਣੀਆਂ ਦੀ ਜ਼ਮੀਨ ਨੂੰ ਐਕੁਆਇਰ ਕੀਤਾ ਗਿਆ ਸੀ। ਹੁਣ ਸਾਲ 1982 ਹੈ ਅਤੇ ਇਸ ਗੱਲ ਨੂੰ ਚਾਰ ਸਾਲ ਹੋ ਗਏ ਹਨ। ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਚਾਰ ਸਾਲਾਂ ਦੇ ਅਰਸੇ ਵਿੱਚ ਮਨਿਸਟਰੀ ਆਫ ਡੀਫੈਂਸ ਨਾਲ ਇਨ੍ਹਾਂ ਨੇ ਕੀ ਖਤੋ ਕਿਤਾਬਤ ਕੀਤੀ ਹੈ ਅਤੇ ਉਹ ਕੀ ਕਹਿ ਰਹੇ ਹਨ। Why this is being delayed unnecessarily ?

**ਮੁੱਖ ਮੰਤਰੀ** : ਸਪੀਕਰ ਸਾਹਿਬ, 1 ਕਰੋੜ 25 ਲੱਖ ਰੁਪਿਆ ਮਨਿਸਟਰੀ ਆਫ ਡੀਫੈਂਸ ਵਲੋਂ ਆਇਆ ਸੀ ਜਿਹੜਾ ਅਸੀਂ ਪਿੰਡਾਂ ਵਾਲਿਆਂ ਨੂੰ ਦੇ ਦਿੱਤਾ ਹੈ। 30 ਲੱਖ ਰੁਪਿਆ ਹੋਰ ਜਿਹੜੇ ਫਿਰਨੀ ਦੇ ਅੰਦਰ ਮਕਾਨ ਹਨ ਉਨ੍ਹਾਂ ਦੀ ਕਪੈਨਸੇਸ਼ਨ ਦਾ ਨਹੀਂ ਆਇਆ। ਅਸੀਂ ਉਨ੍ਹਾਂ ਨੂੰ ਲਿਖਦੇ ਆ ਰਹੇ ਹਾਂ। ਇਹ ਜ਼ਮੀਨ ਫਿਰਨੀ ਦੇ ਅੰਦਰ ਵਾਲੀ ਜੋ ਹੈ ਉਸ ਦਾ ਕੰਪੈਨਸੇਸ਼ਨ ਅਜੇ ਤਕ ਨਹੀਂ ਆਇਆ। ਜਦੋਂ ਆ ਗਿਆ ਪੇਮੈਂਟ ਕਰ ਦੇਵਾਂਗੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਹ ਤਾਂ ਹੋ ਗਈ ਗੱਲ ਜਾਇਦਾਦ ਦੇ ਮਾਲਕਾਂ ਜਾਂ ਉਨ੍ਹਾਂ ਜ਼ਿਮੀਦਾਰਾਂ ਦੀ ਜਿਨ੍ਹਾਂ ਦੀ ਲਾਲ ਲਕੀਰ ਦੇ ਅੰਦਰ ਜਾਇਦਾਦ ਹੈ। ਉਨ੍ਹਾਂ ਲੋਕਾਂ ਦੀ ਉਥੇ ਗਿਣਤੀ ਵੀ ਕਾਫੀ ਹੈ ਜਿਨ੍ਹਾਂ ਦੀ ਜਾਇਦਾਦ ਆਪਣੀ ਨਹੀਂ ਹੈ ਅਤੇ ਉਹ ਅਪਰੂਟ ਹੋ ਗਏ ਹਨ। ਉਨ੍ਹਾਂ ਨੂੰ ਰੀਹੈਬਿਲੀਟੇਟ ਕਰਨ ਲਈ ਜੋ ਉਪਰਾਲੇ ਕੀਤੇ ਗਏ ਹਨ ਉਨ੍ਹਾਂ ਦਾ ਵੇਰਵਾ ਚੀਫ ਮਨਿਸਟਰ ਸਾਹਿਬ ਦੱਸ ਦੇਣ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਵੇਲੇ ਡਿਟੇਲ ਵਿਚ ਵੇਰਵਾ ਤਾਂ ਮੇਰੇ ਪਾਸ ਨਹੀਂ ਹੈ ਲੇਕਿਨ ਡੀਟੇਲ ਇਨ੍ਹਾਂ ਨੂੰ ਮੁਹੱਈਆ ਕਰ ਦੇਵਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਜਿਹੜੀਆਂ ਇਹ ਕੀਮਤਾਂ ਲੋਕਾਂ ਨੂੰ ਦੇ ਰਹੇ ਹਨ ਉਸ ਕੀਮਤ ਤੇ ਬਾਹਰ ਕੋਈ ਜਗਾਹ ਨਹੀਂ ਮਿਲ ਰਹੀ । ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਆਲਟਰਨੇਟਿਵ ਜਗ੍ਹਾ ਲੈ ਕੇ ਦੇਵੇਗੀ ?

**ਮੁੱਖ ਮੰਤਰੀ :** ਜੋ ਕੰਪੈਨਸੇਸ਼ਨ ਹੁੰਦਾ ਹੈ ਉਹੀ ਸਰਕਾਰ ਦੇ ਸਕਦੀ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ :** ਸਪੀਕਰ ਸਾਹਿਬ, ਪੰਜਾਬ ਵਿਚ ਮਿਲਟਰੀ ਵਾਸਤੇ ਜਾਂ ਸਟੇਟ ਦੇ ਕੰਮ ਵਾਸਤੇ ਜਦੋਂ ਜ਼ਮੀਨ ਅਕੁਆਇਰ ਕੀਤੀ ਜਾਂਦੀ ਹੈ ਤਾਂ ਕੰਪੈਨਸੇਸ਼ਨ ਦੇ ਦਿੱਤਾ ਜਾਂਦਾ ਹੈ। ਕਈ ਆਦਮੀਆਂ ਦੇ ਘਰ ਉਜੜ ਗਏ ਅਤੇ ਨਾਲ ਹੀ ਜ਼ਮੀਨ ਵੀ ਗਈ । ਕੀ ਸਰਕਾਰ ਉਨ੍ਹਾਂ ਲੋਕਾਂ ਨੂੰ ਕੋਈ ਆਲਟਰਨੇਟਿਵ ਜ਼ਮੀਨ ਦੇ ਸਕੇਗੀ ?

**ਮੁੱਖ ਮੰਤਰੀ** ਇਸ ਵੇਲੇ ਤਾਂ ਮੈਂ ਇਸ ਦਾ ਕੋਈ ਜਵਾਬ ਨਹੀਂ ਦੇ ਸਕਦਾ।

---

## Flood in Nasrala Choe and Damage to Crops in Villages of District Jullundur

***1216. (1) Comrade Sarwan Singh Cheema**
**(2) Comrade Kulwant Singh**
**(3) Comrade Buta Singh** : Will the Minister for Revenue be pleased to state :—

(a) whether it is a fact that during the rainy season in 1981 there was flood in Nasrala Choe and due to breach in the Bundh thereof crops of many villages of district Jullundur were damaged ;

(b) if the reply to part (a) above be in the affirmative, the names of villages to which compensation was given for damage to crops togetherwith the amount given in each case ;

(c) whether any scheme has been prepared to prevent the damage caused every year due to breach in the Bundh of Nasrala Choe ; if so, the details thereof.

**Sardar Gurdarshan Singh,** (Revenue Minister) : (a) Yes, Sir. According to the assessment made at that time by the Field Revenue Staff cropped area of 455 acres was reported to have been affected in 9 villages of Jullundur Sub-Division.

(b) No gratuitous relief was disbursed in these villages as at the time of Girdawri in October, 1981, the crops in the affected area were found to have matured (*Pukhta*) and there was no *kharaba*.

(c) Yes, Sir. The following schemes have been prepared :—

(i) Strengthening embankment of Nasrala Choe by stone pitching from R.D. 36880—37380 right bank in District Jullundur.

(ii) Raising left and right bank from R.D.32000—36000 and strengthening by providing stone pitching R.D. 32850—33200 left side of Nasrala Choe in District Jullundur.

Original with;
Punjab Vidhan Sabha
Digitized by;
Panjab Digital Library

(iii) Raising and strengthening left and right bank of Nasrala Choe from R.D. 46000—55000 in District Jullundur.

(iv) Raising left and right bank of Nasrala Choe from R.D. 36000—46000 in District Jullundur.

**ਕਾਮਰੇਡ ਕੁਲਵੰਤ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਅਸਲ ਵਿਚ ਪਤਾ ਹੀ ਨਹੀਂ ਕਿ ਚੋਅ ਬਲਾ ਕੀ ਹੁੰਦੀ ਹੈ। 455 ਏਕੜ ਜ਼ਮੀਨ ਦੀ ਫਸਲ ਅਫੈਕਟਿਵ ਹੋਈ। ਚੋਅ 13 ਥਾਵਾਂ ਤੋਂ ਟੁੱਟਿਆ। ਜਿਹੜੀ ਪਾਣੀ ਦੇ ਨਾਲ ਮਿੱਟੀ ਆਉਂਦੀ ਹੈ ਉਸ ਦੇ ਨਾਲ ਫਸਲਾਂ ਤਬਾਹ ਹੋ ਜਾਂਦੀਆਂ ਹਨ। ਮੱਕੀ ਵਗੈਰਾ ਦੀ ਫਸਲ ਤਾਂ ਤਬਾਹ ਹੋ ਗਈ ਸੀ ਤੋੜੀਏ ਵੱਲ ਲੋਕ ਚਲੇ ਗਏ। ਇਹ ਜਿਹੜਾ ਗਿਰਦਾਵਰੀਆਂ ਵਿਚ ਕਿਹਾ ਹੈ ਕਿ ਫਸਲ ਠੀਕ ਪੱਕੀ ਹੋਈ ਸੀ, ਇਸ ਨੂੰ ਮੈਂ ਚੈਲੰਜ ਕਰਦਾ ਹਾਂ। ਗਰੀਵੇਂਸਿਜ਼ ਕਮੇਟੀ ਵਿਚ ਡੀ.ਸੀ., ਜਲੰਧਰ ਨੇ ਦੱਸਿਆ ਕਿ ਉਨ੍ਹਾਂ ਨੇ ਸਰਕਾਰ ਨੂੰ ਮੁਆਵਜ਼ਾ ਦੇਣ ਲਈ ਚਿੱਠੀ ਘੱਲ ਦਿੱਤੀ ਹੈ। ਮੈਂ ਕਹਿੰਦਾ ਹਾਂ ਕਿ ਇਹ ਕਿਸੇ ਵੀ ਗਿਰਦਾਵਰੀ ਤੇ ਕਿਸੇ ਪੰਚ ਜਾਂ ਸਰਪੰਚ ਦੇ ਦਸਤਖਤ ਦਿਖਾ ਦੇਣ ਕਿ ਫਸਲ ਨਹੀਂ ਖਰਾਬ ਹੋਈ ਤਾਂ ਇਹ ਜਿਹੜਾ ਮੁਆਵਜ਼ਾ ਹੈ, ਜਿਨ੍ਹਾਂ ਲੋਕਾਂ ਦੀਆਂ ਫਸਲਾਂ ਤਬਾਹ ਹੋਈਆਂ ਹਨ ਉਹ ਜਲਦੀ ਦਿੱਤਾ ਜਾਏ।

**ਮੰਤਰੀ :** ਸਪੀਕਰ ਸਾਹਿਬ, ਜੁਲਾਈ ਵਿਚ ਬਾਰਸ਼ਾਂ ਹੋਈਆਂ ਸਨ ਅਤੇ ਗਿਰਦਾਵਰੀਆਂ ਕੀਤੀਆਂ ਗਈਆਂ। ਅਕਤੂਬਰ ਵਿਚ ਜਦੋਂ ਫਿਰ ਵੇਖਿਆ ਗਿਆ ਤਾਂ ਫਸਲਾਂ ਪੱਕੀਆਂ ਹੋਈਆਂ ਸਨ। ਜੋ ਗੱਲ ਮੈਂਬਰ ਸਾਹਿਬ ਨੇ ਕਹੀ ਹੈ ਉਸ ਬਾਰੇ ਅਸੀਂ ਫਿਰ ਇਨਕੁਆਇਰੀ ਕਰਵਾ ਲਵਾਂਗੇ।

**ਕਾਮਰੇਡ ਕੁਲਵੰਤ ਸਿੰਘ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਨਸਰਾਲਾ ਚੋਅ ਤੇ ਇਤਨੀ ਮਿੱਟੀ ਪਾਵਾਂਗੇ ਇਤਨਾ ਪੱਥਰ ਪਾਵਾਂਗੇ। ਇਹ ਮਨਿਸਟਰ ਸਾਹਿਬ ਦਾ ਮਹਿਕਮਾ ਨਹੀਂ ਸੀ। ਚੂੰਕਿ ਮੁਆਵਜ਼ਾ ਦੇਣ ਦੀ ਗੱਲ ਆਈ ਤਾਂ ਇਨ੍ਹਾਂ ਨੂੰ ਜਵਾਬ ਦੇਣਾ ਪੈ ਗਿਆ। ਇਹ ਜਿਹੜਾ ਨਸਰਾਲਾ ਚੋਅ ਹੈ ਇਸ ਵਿਚ ਹੁਸ਼ਿਆਰਪੁਰ ਦੇ 36 ਚੋਆਂ ਦਾ ਪਾਣੀ ਪੈਂਦਾ ਹੈ। ਕਈ ਥਾਵਾਂ ਤੇ 25 ਫੁੱਟ ਬੈਡ ਹੈ, ਕਈ ਥਾਵਾਂ ਤੇ 300 ਫੁੱਟ ਹੈ। ਜਿਹੜਾ 25 ਫੁੱਟ ਹੈ ਕੀ ਉਸ ਨੂੰ ਵੀ 300 ਫੁੱਟ ਕਰਨਗੇ ਤਾਂਕਿ ਪਾਣੀ ਠੀਕ ਤਰ੍ਹਾਂ ਨਿਕਲ ਸਕੇ ?

**ਮੰਤਰੀ :** ਸਪੀਕਰ ਸਾਹਿਬ, ਇਰੀਗੇਸ਼ਨ ਡਿਪਾਰਟਮੈਂਟ ਨੇ ਲਿਖ ਕੇ ਭੇਜਿਆ ਸੀ ਕਿ ਉਹ ਸਟਰੈਂਥਨ ਕਰ ਰਹੇ ਹਨ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ :** ਸਪੀਕਰ ਸਾਹਿਬ, ਕੰਡੀ ਏਰੀਏ ਦਾ ਪਾਣੀ ਵੀ ਨਸਰਾਲਾ ਚੋਅ ਵਿਚ ਚਲਾ ਜਾਂਦਾ ਹੈ। ਕੰਡੀ ਏਰੀਆ ਦਾ ਸਾਰਾ ਪਾਣੀ ਇਧਰ ਜਲੰਧਰ ਅਤੇ ਮੇਰੇ ਹਲਕੇ ਫਗਵਾੜਾ ਵਿਚ ਆ ਜਾਂਦਾ ਹੈ। ਆਏ ਸਾਲ ਹਾੜ੍ਹੀ ਔਰ ਸਾਉਣੀ ਦੀ ਫਸਲ ਤਬਾਹ ਹੋ ਜਾਂਦੀ ਹੈ ਅਤੇ ਸਾਲ ਦੇ ਸਾਲ ਪੈਸਾ ਖਰਚ ਕੀਤਾ ਜਾਂਦਾ ਹੈ ਜਿਸ ਦਾ ਕੋਈ ਲਾਭ ਨਹੀਂ ਰਹਿੰਦਾ। ਕੀ ਡਰੇਨੇਜ ਡਿਪਾਰਟਮੈਂਟ ਖਾਸਾ ਪੈਸਾ ਲੈ ਕੇ ਇਸ ਨੂੰ ਠੀਕ ਕਰ ਦੇਣਗੇ ਤਾਂਕਿ ਲੋਕਾਂ ਦਾ ਬਾਰ ਬਾਰ ਨੁਕਸਾਨ ਨਾ ਹੋਵੇ ਅਤੇ ਗੌਰਮਿੰਟ ਦਾ ਵੀ ਪੈਸਾ ਬਚ ਜਾਵੇ ?

**ਮੰਤਰੀ :** ਸਪੀਕਰ ਸਾਹਿਬ, ਕੁਐਸਚਨ ਇਹ ਸੀ

**Whether any scheme has been prepared to prevent the damage caused every year due to breach in the Bandh of Nasrala Choe?**

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ

ਉਸ ਦੇ ਮੁਤਾਬਿਕ ਮੈਂ ਜਵਾਬ ਦੇ ਦਿੱਤਾ ਹੈ ਕਿ 4 ਸਕੀਮਾਂ ਬਣਾਈਆਂ ਹਨ ਜਿਨ੍ਹਾਂ ਤੇ ਕਾਫੀ ਪੈਸਾ ਖਰਚ ਆਉਣਾ ਹੈ। ਹੋਰ ਕੋਈ ਇਸ਼ੂ ਹੈ ਤਾਂ ਇਹ ਨੋਟਿਸ ਦੇ ਦੇਣ ਵੇਖ ਲਵਾਂਗੇ।

---

### National Permits for Trucks

***1334. Chaudhri Jagjit Singh :** Will the Minister of State for Transport be pleased to state the total number of National Permits for trucks issued in the State during the year, 1980-81 and the number of permits out of those that were issued to the persons belonging to the Scheduled Castes ?

**ਸਰਦਾਰ ਅਵਤਾਰ ਸਿੰਘ ਗਟਵਾਲੀ :** (ੳ) ਕੁਲ ਰਾਸ਼ਟ੍ਰੀਯ ਪਰਮਿਟ ਸਾਲ 1980-81 ਵਿਚ ਜਾਰੀ ਕੀਤੇ ਗਏ – 5

(ਅ) ਕੁਲ ਰਾਸ਼ਟ੍ਰੀਯ ਪਰਮਿਟ ਅਨੁਸੂਚਿਤ ਜਾਤੀਆਂ ਨੂੰ ਦਿੱਤੇ ਗਏ— 1

**ਚੌਧਰੀ ਜਗਜੀਤ ਸਿੰਘ :** ਸਪੀਕਰ ਸਾਹਿਬ, 1980-81 ਵਿਚ ਇਨ੍ਹਾਂ ਨੇ 5 ਨੈਸ਼ਨਲ ਪਰਮਿਟ ਇਸ਼ੂ ਕੀਤੇ ਉਨ੍ਹਾਂ ਵਿਚੋਂ ਇਕ ਹਰੀਜਨ ਨੂੰ ਦਿੱਤਾ। ਜਿਹੜੇ ਇਸ ਸਾਲ ਵਿਚ ਪਰਮਿਟ ਇਸ਼ੂ ਹੋਣੇ ਹਨ ਕੀ ਉਨ੍ਹਾਂ ਵਿਚੋਂ ਹਰੀਜਨਾਂ ਨੂੰ ਪੂਰਾ ਕੋਟਾ ਦਿੱਤਾ ਜਾਏਗਾ ?

**ਰਾਜ ਮੰਤਰੀ:** ਅਸੀਂ ਹਰੀਜਨਾਂ ਲਈ 25% ਕੋਟਾ ਰਿਜ਼ਰਵ ਕੀਤਾ ਹੋਇਆ ਹੈ। ਜਿੰਨੀਆਂ ਅਰਜ਼ੀਆਂ ਉਨ੍ਹਾਂ ਦੀਆਂ ਆਉਂਦੀਆ ਹਨ ਉਨ੍ਹਾਂ ਨੂੰ ਪਹਿਲ ਦੇ ਕੇ ਫਿਰ ਬਾਕੀਆਂ ਨੂੰ ਦਿੰਦੇ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੀਆਂ ਅਰਜ਼ੀਆਂ ਆਈਆਂ ਹੋਈਆਂ ਹਨ ਸ਼ਿਡਿਊਲਡ ਕਾਸਟਸ ਦੀਆਂ। ਸ਼ਿਡਿਊਲਡ ਕਾਸਟਸ ਟਰੱਕ ਹੀ ਨਹੀਂ ਚਲਾਉਂਦੇ ਤਾਂ ਇਹ ਜਿਹੜਾ ਪਰਮਿਟ ਦਿੱਤਾ ਗਿਆ ਹੈ ਇਹ ਕਿਸ ਨੂੰ ਦਿੱਤਾ ਗਿਆ ਹੈ ? ਇਹ ਵੇਖ ਲਣ ਕੋਈ ਬੇਨਾਮੀ ਤਾਂ ਨਹੀਂ ਲੈ ਗਿਆ। ਜਿਹੜਾ ਐਪਲੀਕੇਸ਼ਨਜ਼ ਦਾ ਇਨ੍ਹਾਂ ਨੇ ਕਿਹਾ ਹੈ ਇਹ ਦੱਸ ਦੇਣ ਕਿ ਕਿੰਨੀਆਂ ਐਪਲੀਕੇਸ਼ਨਜ਼ ਹਨ ਔਰ ਕਦ ਤਕ ਉਨ੍ਹਾਂ ਦਾ ਫੈਸਲਾ ਕਰ ਦੇਣਗੇ ?

**ਰਾਜ ਮੰਤਰੀ:** ਇਹ ਇਕ ਸਪੈਸਿਫਿਕ ਕੁਐਸਚਨ ਸੀ ਜਿਸ ਬਾਰੇ ਸਪੈਸਿਫਿਕ ਜਵਾਬ ਦੇ ਦਿੱਤਾ ਹੈ। ਜੋ ਪਾਂਧੀ ਸਾਹਿਬ ਨੇ ਪੁੱਛਿਆ ਹੈ ਇਸ ਬਾਰੇ ਇਹ ਨਵਾਂ ਨੋਟਿਸ ਦੇ ਦੇਣ ਮੈਂ ਇਨਫਰਮੇਸ਼ਨ ਦੇ ਦਿਆਂਗਾ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਜਿਸ ਸ਼ਿਡਿਊਲਡ ਕਾਸਟ ਆਦਮੀ ਨੂੰ ਪਰਮਿਟ ਦਿਤਾ ਹੈ ਉਸ ਦਾ ਨਾਂ ਦੱਸ ਦੇਣ, ਅਸੀਂ ਵੇਖ ਲਵਾਂਗੇ ਆਇਆ ਉਹ ਸ਼ਿਡਿਊਲਡ ਕਾਸਟ ਹੈ ਜਾਂ ਨਹੀਂ।

**ਸ਼੍ਰੀ ਸਪੀਕਰ :** ਮੰਤਰੀ ਸਾਹਿਬ ਨੇ ਕਹਿ ਦਿੱਤਾ ਹੈ ਕਿ ਸ਼ਿਡਿਊਲਡ ਕਾਸਟ ਨੂੰ ਪਰਮਿਟ ਦੇ ਦਿੱਤਾ ਹੈ। ਉਨ੍ਹਾਂ ਨੇ ਹਾਊਸ ਵਿਚ ਸਟੇਟਮੈਂਟ ਦਿਤੀ ਹੈ। ਤੁਹਾਨੂੰ ਚੈਲੰਜ ਨਹੀਂ ਕਰਨਾ ਚਾਹੀਦਾ।

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ**: ਸਪੀਕਰ ਸਾਹਿਬ, ਇਹ ਜਿਹੜੀ ਹਰੀਜਨਾਂ ਨੂੰ ਪਰਮਿਟ ਦੇਣ ਦੀ ਪਾਲਿਸੀ ਹੈ ਆਇਆ ਇਸ ਦੇ ਵਿਚ ਕੋਈ ਸੋਧ ਕਰਨਗੇ ਕਿਉਂਕਿ ਟਰੱਕ ਖਰੀਦਣ ਲਈ ਹਰੀਜਨਾਂ ਕੋਲ ਪੈਸੇ ਹੀ ਨਹੀਂ ਹੁੰਦੇ। ਇਸ ਲਈ ਪਹਿਲਾਂ ਹਰੀਜਨਾਂ ਨੂੰ ਪਰਮਿਟ ਦਿੱਤੇ ਜਾਣ ਔਰ ਫਿਰ ਉਸ ਦੇ ਬਾਦ ਉਹ ਆਪਣੇ ਟਰੱਕ ਖਰੀਦ ਲੈਣ।

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਨੈਸ਼ਨਲ ਪਰਮਿਟ ਇਸ਼ੂ ਕਰਨ ਦੀ ਜੋ ਪਾਲਿਸੀ ਹੈ ਇਸ ਨੂੰ ਸੈਂਟਰਲ ਗੌਰਮਿੰਟ ਬਣਾਉਂਦੀ ਹੈ। ਰਿਜ਼ਰਵੇਸ਼ਨ ਇਸਦੇ ਵਿੱਚ ਅਸੀਂ ਰਖਦੇ ਹਾਂ। ਜਿਸ ਦੇ ਕੋਲ ਵੀ ਟਰੱਕ ਹੋਵੇ ਉਸ ਨੂੰ ਹੀ ਪਰਮਿਟ ਦਿੱਤਾ ਜਾਂਦਾ ਹੈ। ਪੰਜਾਬ ਸਰਕਾਰ ਦਾ ਇਸ ਵਿਚ ਕੋਈ ਹੱਥ ਨਹੀਂ ਹੈ। ਅਸੀਂ ਤਾਂ ਅਲਾਟਮੈਂਟ ਕਰਨ ਵਾਲੇ ਹਾਂ।

**ਸਰਦਾਰ ਪ੍ਰਿਥੀਪਾਲ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ੈਡਿਊਲਡ ਕਾਸਟਸ ਲਈ ਰਿਜ਼ਰਵੇਸ਼ਨ ਇਸ ਵਿੱਚ ਰੱਖੀ ਹੈ, ਕੀ ਬੈਕਵਰਡ ਕਲਾਸਿਜ਼ ਲਈ ਵੀ ਰਿਜ਼ਰਵੇਸ਼ਨ ਕੋਈ ਰੱਖੀ ਹੈ ? ਪਿਛੇ ਦੋ ਬੈਕਵਰਡ ਕਲਾਸਿਜ਼ ਨਾਲ ਸਬੰਧਤ ਵਿਅਕਤੀਆਂ ਨੇ ਐਪਲੀਕੇਸ਼ਨਾਂ ਦਿੱਤੀਆਂ ਸਨ ਪਰ ਉਨ੍ਹਾਂ ਨੂੰ ਤਾਂ ਇਹ ਪਰਮਿਟ ਅਲਾਟ ਨਹੀਂ ਹੋਏ। (ਵਿਘਨ)

**ਰਾਜ ਮੰਤਰੀ** : ਸਪੀਕਰ ਸਾਹਿਬ ਰੌਲਾ ਪੈਣ ਕਾਰਨ, ਇਹ ਸਵਾਲ ਮੈਨੂੰ ਕਲੀਅਰ ਨਹੀਂ ਹੋਇਆ। ਮੈਂਬਰ ਸਾਹਿਬ ਦੁਬਾਰਾ ਸਵਾਲ ਕਰ ਲੈਣ।

**ਸ੍ਰੀ ਸਪੀਕਰ**: ਮੈਂਬਰ ਸਾਹਿਬ ਨੇ ਇਹ ਸਵਾਲ ਕੀਤਾ ਹੈ ਕਿ ਕੀ ਬੈਕਵਰਡ ਕਲਾਸਿਜ਼ ਵਾਲਿਆਂ ਨੂੰ ਪਰਮਿਟ ਦਿਓਗੇ ?

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਤਾਂ ਇਹ ਪੁੱਛਿਆ ਹੈ ਕਿ ਕੀ ਕੋਈ ਬੈਕਵਰਡ ਕਲਾਸਿਜ਼ ਲਈ ਇਸ ਵਿਚ ਰਿਜ਼ਰਵੇਸ਼ਨ ਰੱਖੀ ਹੈ ਜੇ ਰੱਖੀ ਹੈ ਤਾਂ ਕਿਤਨੇ ਪਰਮਿਟ ਦਿੱਤੇ ਗਏ ਹਨ ?

**ਰਾਜ ਮੰਤਰੀ** : ਇਸ ਦੇ ਵਿਚ ਬੈਕਵਰਡ ਕਲਾਸਿਜ਼ ਵਾਸਤੇ ਕੋਈ ਰਿਜ਼ਰਵੇਸ਼ਨ ਨਹੀਂ ਸੀ। ਲੇਕਿਨ ਪੰਜਾਬ ਸਰਕਾਰ ਨੇ ਕਰਾਈਟੇਰੀਆ ਬਣਾਇਆ ਹੈ, ਜਿਸ ਦੇ ਮੁਤਾਬਿਕ ਕੁਝ ਪਰਮਿਟ ਬੈਕ-ਵਰਡ ਕਲਾਸਿਜ਼ ਨੂੰ ਦਿੱਤੇ ਗਏ ਹਨ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 1980-81 ਵਿੱਚ ਪੰਜ ਪਰਮਿਟ ਦਿੱਤੇ ਗਏ ਅਤੇ ਉਨ੍ਹਾਂ ਵਿਚੋਂ ਇਕ ਹਰੀਜਨ ਦੇ ਹਿੱਸੇ ਆਉਂਦਾ ਸੀ ਜੋ ਕਿ ਦੇ ਦਿਤਾ ਗਿਆ ਹੈ। 1981-82 ਵਿੱਚ ਗੌਰਮਿੰਟ ਨੇ 400 ਨੈਸ਼ਨਲ ਪਰਮਿਟ ਦਿੱਤੇ ਹਨ। ਮੈਂ ਇਕ ਸਵਾਲ ਕੀਤਾ ਸੀ ਜਿਸ ਦੇ ਜਵਾਬ ਵਿਚ ਕਿਹਾ ਗਿਆ ਸੀ ਕਿ 13 ਪਰਮਿਟ ਸ਼ੈਡਿਊਲਡ ਕਾਸਟਸ ਨੂੰ ਇਨ੍ਹਾਂ ਵਿਚੋਂ ਦਿਤੇ ਗਏ ਸਨ। 25% ਰਿਜ਼ਰਵੇਸ਼ਨ ਦੇ ਮੁਤਾਬਿਕ 100 ਪਰਮਿਟ ਸ਼ੈਡਿਊਲਡ ਕਾਸਟਸ ਦੇ ਬਣਦੇ ਸਨ। ਕੀ ਇਸ ਬੈਕਲਾਗ ਨੂੰ ਪੂਰਾ ਕਰਨ ਦਾ ਉਪਰਾਲਾ ਕਰਨਗੇ ?

**ਰਾਜ ਮੰਤਰੀ**: ਮੈਂਬਰ ਸਾਹਿਬ ਨੇ 1981-82 ਦੀ ਗੱਲ ਕੀਤੀ ਹੈ। ਇਸ ਦਾ ਇਸ ਸਵਾਲ ਨਾਲ ਤਾਂ ਕੋਈ ਤੁਅੱਲਕ ਨਹੀਂ ਹੈ। ਲੇਕਿਨ ਮੈਂ ਫਿਰ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਹਰੀਜਨਾਂ ਦੀਆਂ ਜਿਤਨੀਆਂ ਅਰਜ਼ੀਆਂ ਇਨ੍ਹਾਂ 400 ਪਰਮਿਟਸ ਲਈ ਆਈਆਂ ਸਨ ਉਨ੍ਹਾਂ ਸਾਰਿਆਂ ਨੂੰ ਐਡ-ਜਸਟ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਤਾਰਾ ਸਿੰਘ ਲਾਇਲਪੁਰੀ** : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਜਿਤਨੀਆਂ ਐਪਲੀਕੇਸ਼ਨਾਂ ਆਈਆਂ ਸਨ ਸ਼ੈਡਿਊਲਡ ਕਾਸਟਸ ਦੀਆਂ ਉਨ੍ਹਾਂ ਸਾਰਿਆਂ ਨੂੰ ਪਰਮਿਟ ਦੇ ਦਿੱਤੇ ਗਏ ਹਨ। ਸਪੀਕਰ ਸਾਹਿਬ, ਮੈਂ ਆਪ ਅਪਲਾਈ ਕੀਤਾ ਸੀ ਪਰ ਮੈਂਨੂੰ ਤਾਂ ਮਿਲਿਆ ਨਹੀਂ।

(ਕੋਈ ਜਵਾਬ ਨਹੀਂ ਦਿੱਤਾ ਗਿਆ)

---

### Plying of Air-Conditioned Delux Coach to Delhi

***1188. Sardar Bir Devinder Singh :** Will the Minister of State for Transport be pleased to state :—

(a) whether the Punjab Roadways operated Air-conditioned Delux Coach to Delhi from Chandigarh in the year 1981 ;

(b) if the reply to part (a) above be in the affirmative, whether it is a fact that the said Delux Coach was impounded in Haryana for a few days; if so, the details thereof ?

---

**ਸਰਦਾਰ ਅਵਤਾਰ ਸਿੰਘ ਗਾਟਵਾਲੀ :**

(ੳ) ਹਾਂ ਜੀ।

(ਅ) ਹਾਂ ਜੀ। ਇਕ ਬੱਸ ਮਿਤੀ 4-7-81 ਸ਼ਾਮ ਤੋਂ ਮਿਤੀ 6 ਜੁਲਾਈ, 1981 ਸਵੇਰ ਤੱਕ ਫੜੀ ਗਈ ਅਤੇ ਇਕ ਬੱਸ ਮਿਤੀ 5 ਜੁਲਾਈ, 1981 ਸ਼ਾਮ ਤੋਂ ਮਿਤੀ 7 ਜੁਲਾਈ ,1981 ਤੱਕ ਫੜੀ ਗਈ ਸੀ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ 2 ਬੱਸਾਂ ਇਮਤਾਊਂਡ ਕੀਤੀਆਂ ਗਈਆਂ ਜਿਹੜੀਆਂ ਕਿ ਦਿੱਲੀ ਨੂੰ ਚਲਦੀਆਂ ਸਨ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੇ ਇਸ ਸਥਿਤੀ ਦੇ ਪੈਦਾ ਹੋਣ ਤੋਂ ਬਾਅਦ ਹਰਿਆਣਾ ਗੌਰਮਿੰਟ ਨਾਲ ਜਾਂ ਸੈਂਟਰਲ ਗੌਰਮਿੰਟ ਨਾਲ ਕੇਸ ਟੇਕਅੱਪ ਕੀਤਾ ਹੈ ਜੇ ਕੀਤਾ ਹੈ ਤਾਂ ਉਸ ਦੇ ਕੀ ਨਤੀਜੇ ਨਿਕਲੇ ਹਨ ?

**ਰਾਜ ਮੰਤਰੀ :** ਜਦੋਂ ਪਹਿਲਾਂ ਇਹ ਬੱਸਾਂ ਚਲਾਈਆਂ ਸਨ ਤਾਂ ਹਰਿਆਣਾ ਗੌਰਮਿੰਟ ਨਾਲ ਗਲਬਾਤ ਕਰਕੇ ਚਲਾਈਆਂ ਸਨ। ਉਨ੍ਹਾਂ ਨੇ ਆਪਣੀ ਕੁਮਿਟਮੈਂਟ ਆਨਰ ਨਹੀਂ ਕੀਤੀ। ਹੁਣ ਵੀ ਸਾਡੀ ਗੱਲਬਾਤ ਹਰਿਆਣਾ ਸਰਕਾਰ ਨਾਲ ਚੱਲ ਰਹੀ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਬੱਸਾਂ ਦਿੱਲੀ ਤੱਕ ਚਲਾਈਆਂ ਜਾਣ।

**ਸਰਦਾਰ ਬੀਰਦਵਿੰਦਰ ਸਿੰਘ :** ਸਪੀਕਰ ਸਾਹਿਬ, ਹਰਿਆਣਾ ਸਰਕਾਰ ਨੇ ਇਹ ਬੱਸਾਂ ਇਮਪਾਊਂਡ ਕੀਤੀਆਂ। ਇਕ ਫੈਸਲਾ ਕਰਨ ਤੋਂ ਬਾਅਦ ਉਨ੍ਹਾਂ ਨੇ ਉਸਨੂੰ ਫਲਾਊਟ ਕਰ ਦਿੱਤਾ। ਇਸ ਮਸਲੇ ਨੂੰ ਹੱਲ ਕਰਨ ਲਈ ਕੀ ਕੇਂਦਰ ਨਾਲ ਇਨ੍ਹਾਂ ਇਹ ਮਾਮਲਾ ਟੇਕ-ਅੱਪ ਕੀਤਾ ਹੈ। ਜੇ ਕੀਤਾ ਹੈ ਤਾਂ ਉਸਦਾ ਵੇਰਵਾ ਕੀ ਹੈ, ਜੇ ਨਹੀਂ ਕੀਤਾ ਤਾਂ ਕਦੋਂ ਤਕ ਇਹ ਮਸਲਾ ਟੇਕ-ਅੱਪ ਕਰਕੇ ਦਿੱਲੀ ਨੂੰ ਇਹ ਬੱਸਾਂ ਮੁੜ ਚਾਲੂ ਕਰ ਦਿਤੀਆਂ ਜਾਣਗੀਆਂ ?

**ਰਾਜ ਮੰਤਰੀ :** ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੇਂਦਰ ਨਾਲ ਇਸਦਾ ਕੋਈ ਸਬੰਧ ਨਹੀਂ। ਇਹ ਤਾਂ ਹਰਿਆਣੇ ਅਤੇ ਪੰਜਾਬ ਸਟੇਟ ਦਾ ਇੰਟਰਸਟੇਟ ਮਸਲਾ ਹੈ। ਹਰਿਆਣੇ ਨਾਲ ਅਸੀਂ ਟੇਕ ਅੱਪ ਕਰ ਰਹੇ ਹਾਂ। ਸਾਡੀ ਗੱਲ ਬਾਤ ਉਨ੍ਹਾਂ ਨਾਲ ਚੱਲ ਰਹੀ ਹੈ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਵਜ਼ੀਰ ਸਾਹਿਬ, ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਸਾਡੇ ਕੋਲ ਕਿੰਨੀਆ ਏਅਰ ਕੰਡੀਸ਼ਨਡ ਬੱਸਾਂ ਹਨ, ਇਹ ਕਦੋਂ ਤੋਂ ਖੜ੍ਹੀਆਂ ਹਨ, ਕਦ ਤਕ ਇਹ ਚਾਲੂ ਕਰ ਦਿੱਤੀਆਂ ਜਾਣਗੀਆਂ ਅਤੇ ਜਿਹੜਾ ਇਨ੍ਹਾਂ ਨੂੰ ਖੜ੍ਹਾ ਕਰਨ ਨਾਲ ਨੁਕਸਾਨ ਹੋਇਆ ਹੈ ਉਸ ਲਈ ਕੌਣ ਜ਼ਿੰਮੇਵਾਰ ਹੈ ?

**ਰਾਜ ਮੰਤਰੀ:** ਸਪੀਕਰ ਸਾਹਿਬ ਸਾਡੇ ਕੋਲ ਤਿੰਨ ਏਅਰ ਕੰਡੀਸ਼ਨਡ ਬੱਸਾਂ ਹਨ। ਇਹ 1976 ਵਿੱਚ ਖਰੀਦੀਆਂ ਗਈਆਂ ਸਨ। ਕੁਝ ਦੇਰ ਇਹ 1978-79 ਅਤੇ 1980 ਵਿੱਚ ਵੇਹਲੀਆਂ ਖੜ੍ਹੀਆਂ ਰਹੀਆਂ। ਅਸੀਂ ਪਹਿਲਾਂ ਅੰਮ੍ਰਿਤਸਰ ਨੂੰ ਇਹ ਬੱਸ ਸੇਵਾ ਸ਼ੁਰੂ ਕੀਤੀ ਸੀ। ਲੇਕਿਨ ਉਥੇ ਕਿਲੋਮੀਟਰੇਜ ਘੱਟ ਨਿਕਲਦੀ ਸੀ। ਹੁਣ ਅਸੀਂ ਜਿਹੜੀ ਅੰਮ੍ਰਿਤਸਰ ਤੋਂ ਬਰਮਿੰਗਮ ਫਲਾਈਟ ਚਲਦੀ ਹੈ ਉਸ ਨਾਲ ਇਕ ਬਸ ਸੇਵਾ ਚਲਾ ਰਹੇ ਹਾਂ। ਬਾਕੀ ਸਾਡੀ ਇਹ ਵੀ ਕੋਸ਼ਿਸ਼ ਹੈ ਕਿ ਹਰਿਆਣੇ ਨਾਲ ਛੇਤੀ ਗਲ ਬਾਤ ਕਰਕੇ ਦਿੱਲੀ ਨੂੰ ਵੀ ਇਹ ਬੱਸ ਸੇਵਾ ਚਾਲੂ ਕਰਵਾਈ ਜਾਵੇ।

**ਸਰਦਾਰ ਨੱਥਾ ਸਿੰਘ ਦਾਲਮ:** ਸਪੀਕਰ ਸਾਹਿਬ ਇਥੇ ਮੈਂਬਰਾਂ ਨੇ ਏਅਰ ਕੰਡੀਸ਼ਨਡ ਬੱਸਾਂ ਬਾਰੇ ਗੱਲ ਕੀਤੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਹਲਕੇ ਨਾਲ ਵਿਤਕਰਾ ਹੋ ਰਿਹਾ ਹੈ। ਉਥੇ ਕੋਈ ਬੱਸ ਨਹੀਂ ਚਲਦੀ। ਖਡੂਰ ਸਾਹਿਬ ਦੇ ਲਾਗੇ ਵੀ ਕੋਈ ਬੱਸ ਨਹੀਂ ਚਲਦੀ।

**ਰਾਜ ਮੰਤਰੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਵਾਲ ਤਾਂ ਏਅਰ ਕੰਡੀਸ਼ਨਡ ਬੱਸਾਂ ਦਾ ਹੈ। ਜੇ ਮੈਂਬਰ ਸਾਹਿਬ ਨੂੰ ਕੋਈ ਇਤਰਾਜ਼ ਹੈ ਤਾਂ ਮੈਨੂੰ ਦੱਸ ਦੇਣ, ਮੈਂ ਠੀਕ ਕਰਵਾ ਦਿਆਂਗਾ।

**ਸਰਦਾਰ ਦਲੀਪ ਸਿੰਘ ਪਾਂਧੀ:** ਹਰਿਆਣੇ ਸਟੇਟ ਨੇ ਸਾਡੀਆਂ ਏਅਰ ਕੰਡੀਸ਼ਨਡ ਬੱਸਾਂ ਬੰਦ ਕਰ ਦਿੱਤੀਆਂ। ਹਰਿਆਣਾ ਸਟੇਟ ਦੀਆਂ ਬੱਸਾਂ ਸਾਡੀ ਟੈਰੇਟਰੀ ਵਿਚ ਵੀ ਚਲਦੀਆਂ ਹਨ। ਕੀ ਸਰਕਾਰ ਨੇ ਕੋਈ ਟਰਾਂਸਪੋਰਟ ਪਾਲਿਸੀ ਨਹੀਂ ਬਣਾਈ ਹੈ। ਇਹ ਚੀਜ਼ਾਂ ਪਹਿਲੇ ਕਿਉਂ ਨਹੀਂ ਮੱਦੇ ਨਜ਼ਰ ਰੱਖੀਆਂ ਗਈਆਂ। ਆਇੰਦਾ ਕੋਈ ਐਸੀ ਪ੍ਰਾਬਲਮ ਨਾ ਆਵੇ ਕੀ ਇਸ ਲਈ ਕੋਈ ਅਰੇਂਜਮੈਂਟ ਕਰਨਗੇ ਤਾਂ ਕਿ ਸਾਡੀਆਂ ਬੱਸਾਂ ਨਾ ਰੁਕਣ ਅਤੇ ਸਟੇਟ ਨੂੰ ਘਾਟਾ ਨਾ ਪਵੇ ?

**ਰਾਜ ਮੰਤਰੀ:** ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਏਅਰ ਕੰਡੀਸ਼ਨਡ ਬੱਸਾਂ ਦਾ ਸਵਾਲ ਸੀ। ਹਰਿਆਣੇ ਦੀਆਂ ਬੱਸਾਂ ਸਾਡੀ ਟੈਰੇਟਰੀ ਵਿਚ ਚਲਦੀਆਂ ਹਨ ਅਤੇ ਸਾਡੀਆਂ ਬੱਸਾਂ ਹਰਿਆਣੇ ਦੀ ਟੈਰੇਟਰੀ ਵਿਚ ਚਲਦੀਆਂ ਹਨ। ਸਾਡਾ ਐਗਰੀਮੈਂਟ ਹੋਇਆ ਹੈ। ਪਹਿਲਾਂ ਉਨ੍ਹਾਂ ਦੀ ਇਲਲੀਗਲ ਓਪਰੇਸ਼ਨ ਚਲਦੀ ਸੀ, ਉਹ ਅਸੀਂ ਬੰਦ ਕਰ ਦਿੱਤੀ। ਜੇ ਕੋਈ ਹੋਰ ਇਸ ਤਰਾਂ ਦੀ ਇਲੀਗਲ ਓਪਰੇਸ਼ਨ ਇਨ੍ਹਾਂ ਦੇ ਧਿਆਨ ਵਿੱਚ ਹੈ ਤਾਂ ਦੱਸ ਦੇਣ, ਅਸੀਂ ਉਸ ਨੂੰ ਬੰਦ ਕਰ ਦਿਆਂਗੇ।

---

**Submission of false Affidavits to appear in the P.C.S. (Executive Branch)**

*1342. **Sardar Gurbachan Singh Cheema :** Will the Chief Minister be pleased to state :—

(a) the total number of Backward Classes candidates who appeared in the P.C.S. (Execitive Branch) and Allied Services Examination, 1976 together with the number of those against whom charges for submitting false affidavits of annual

Original with;
Punjab Vidhan Sabha
Digitized by;
Panjab Digital Library

[Sardar Gurcharn Singh Cheema ]

family income being less than Rs. 3600/- per annum and getting undue benefit were levelled ;

(b) whether the State Government has got these false affidavits enquired into through the concerned Deputy Commissioners ; if so, the details thereof ;

(c) whether the annual family income as mentioned in the affidavits of the said candidates include the joint family income of their parents ?

**ਸਰਦਾਰ ਦਰਬਾਰਾ ਸਿੰਘ :** (ੳ) ਪੀ. ਸੀ. ਐਸ. (ਕਾਰਜਕਾਰੀ ਸ਼ਾਖਾ) ਅਤੇ ਹੋਰ ਸਬੰਧਤ ਸੇਵਾਵਾਂ ਦੀ 1976 ਵਿੱਚ ਹੋਈ ਪ੍ਰੀਖਿਆ ਵਿੱਚ ਬੈਠਣ ਵਾਲੇ ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਦੀ ਕੁਲ ਗਿਣਤੀ 186 ਸੀ। ਇਸ ਪ੍ਰੀਖਿਆ ਨਾਲ ਸਬੰਧਤ ਵੱਖ ਵੱਖ ਸੇਵਾਵਾਂ ਵਿੱਚ ਨਿਯੁਕਤੀ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਨੇ 7 ਪਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਦੀ ਸਿਫਾਰਸ਼ ਕੀਤੀ। ਇਨ੍ਹਾਂ 7 ਉਮੀਦਵਾਰਾਂ ਵਿਚ 4 ਉਮੀਦਵਾਰਾਂ ਦੇ ਵਿਰੁੱਧ ਸਾਲਾਨਾ ਪਰਿਵਾਰਕ ਆਮਦਨ 3600 ਰੁਪਏ ਤੋਂ ਘੱਟ ਦੱਸਣ ਦੇ ਝੂਠੇ ਹਲਫਨਾਮੇ ਦੇਣ ਬਾਰੇ ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ।

(ਅ) ਹਾਂ ਜੀ। ਸਰਕਾਰ ਨੇ ਕਮਿਸ਼ਨ ਵਲੋਂ ਸਿਫਾਰਸ਼ ਕੀਤੇ ਸਾਰੇ ਦੇ ਸਾਰੇ 7 ਉਮੀਦਵਾਰਾਂ ਵਲੋਂ ਦਿੱਤੇ ਹਲਫਨਾਮਿਆਂ ਦੀ ਸੱਚਾਈ ਬਾਰੇ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੜਤਾਲ ਕਰਵਾਈ ਸੀ। ਇਹ ਉਮੀਦਵਾਰ ਹੇਠ ਲਿਖੇ ਸਨ :--

1. ਸ੍ਰੀ ਅਰਵਿੰਦਰ ਸਿੰਘ
2. ਸ੍ਰੀ ਰਮਜੀਤ ਸਿੰਘ
3. ਸ੍ਰੀ ਬਲਦੇਵ ਸਿੰਘ
4. ਸ੍ਰੀਮਤੀ ਮਨਦੀਪ ਕੌਰ
5. ਸ੍ਰੀ ਮੱਖਣ ਲਾਲ ਗਰਗ
6. ਸ੍ਰੀ ਸਰਨਜੀਤ ਸਿੰਘ
7. ਸ੍ਰੀ ਬਲਵਿੰਦਰ ਸਿੰਘ

ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਕੀਤੀ ਗਈ ਪੜਤਾਲ ਸਬੰਧੀ ਨਤੀਜਾ ਨਾਲ ਨੱਥੀ ਸਟੇਟਮੈਂਟ ਸਹਿਤ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ੲ) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮੀਦਵਾਰਾਂ ਨੂੰ ਇਕ ਹਲਫਨਾਮਾ ਦੇਣਾ ਹੁੰਦਾ ਹੈ ਜਿਸ ਵਿਚ ਉਨ੍ਹਾਂ ਨੂੰ ਦੱਸਣਾ ਹੁੰਦਾ ਹੈ ਕਿ ਉਨ੍ਹਾਂ ਦੇ ਪਰਿਵਾਰ ਦੀ ਹਰ ਪਖੋਂ ਸਾਲਾਨਾ ਆਮਦਨ 3600 ਰੁਪਏ ਤੋਂ ਵੱਧ ਨਹੀਂ। ਇਸ ਮੰਤਵ ਲਈ ਪਰਿਵਾਰ ਦੀ ਪਰਿਭਾਸ਼ਾ ਵਿੱਚ ਵਿਅਕਤੀ ਦੀ ਪਤਨੀ, ਜਾਇਜ਼ ਬੱਚੇ ਅਤੇ ਮਤਰੇਏ ਬੱਚੇ ਜਿਹੜੇ ਉਸ ਨਾਲ ਰਹਿੰਦੇ ਹੋਣ ਅਤੇ ਪੂਰਣਤਾ ਆਸ਼ਰਿਤ ਹੋਣ ਆਉਂਦੇ ਹਨ ਇਸ ਵਿਚ ਮਾਤਾ, ਪਿਤਾ, ਭੈਣ ਅਤੇ ਨਬਾਲਗ ਭਰਾ ਵੀ ਸ਼ਾਮਲ ਹਨ, ਜੇਕਰ ਉਹ ਨਾਲ ਰਹਿੰਦੇ ਹੋਣ ਅਤੇ ਪੂਰੀ ਤਰ੍ਹਾਂ ਆਸ਼ਰਿਤ ਹੋਣ। ਇਸ ਲਈ ਪਾਲਿਸੀ ਹਦਾਇਤਾਂ ਅਨੁਸਾਰ ਸੰਯੁਕਤ ਪਰਿਵਾਰ ਦੇ ਸ਼ਬਦ ਦੀ ਹਲਫਨਾਮੇ ਵਿਚ ਕਿਧਰੇ ਥਾਂ ਨਹੀਂ।

Original with;
Punjab Vidhan Sabha
Digitized by;
Panjab Digital Library

## ਸਟੇਟਮੈਂਟ

1. **ਸ੍ਰੀ ਅਰਵਿੰਦਰ ਸਿੰਘ** :—ਡਿਪਟੀ ਕਮਿਸ਼ਨਰ, ਚੰਡੀਗੜ੍ਹ ਨੇ ਉਮੀਦਵਾਰ ਵੱਲੋਂ ਦਿੱਤਾ ਹੈਲਫਨਾਮਾ ਸਹੀ ਪਾਇਆ ।

2. **ਸ੍ਰੀ ਰਮਜੀਤ ਸਿੰਘ**:--ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੇ ਇਹ ਤਸਦੀਕ ਕੀਤਾ ਕਿ ਸ੍ਰੀ ਰਾਮਜੀਤ ਸਿੰਘ ਦੇ ਪਿਤਾ ਸ੍ਰੀ ਪਨੂ ਰਾਮ ਦੀ ਪਿੰਡ ਵਿਚ ਕੋਈ ਜਾਇਦਾਦ ਨਹੀਂ ਅਤੇ ਉਸ ਦਾ ਸਬੰਧ ਲੋਹਾਰ ਜਾਤੀ ਨਾਲ ਹੈ ਜਿਸਨੂੰ ਸਰਕਾਰ ਨੇ ਪਛੜੀ ਸ਼੍ਰੇਣੀ ਘੋਸ਼ਿਤ ਕੀਤਾ ਹੋਇਆ ਹੈ। ਡਿਪਟੀ ਕਮਿਸ਼ਨਰ, ਚੰਡੀਗੜ੍ਹ ਨੇ ਇਹ ਦਸਿਆ ਕਿ ਸ੍ਰੀ ਰਮਜੀਤ ਸਿੰਘ ਨੂੰ 3 ਅਗਸਤ, 1974 ਤੋਂ 31 ਮਾਰਚ, 1977 ਤਕ 400 ਰੁਪਏ (ਨਿਸ਼ਚਿਤ) ਪ੍ਰਤੀ ਮਹੀਨਾ ਜੂਨੀਅਰ ਫੈਲੋਸ਼ਿਪ ਅਵਾਰਡ ਅਤੇ 11 ਮਾਰਚ, 1978 ਤੋਂ 31 ਜੁਲਾਈ 1978 ਤਕ 500 ਰੁਪਏ (ਨਿਸ਼ਚਿਤ) ਪ੍ਰਤੀ ਮਹੀਨਾ ਸੀਨੀਅਰ ਫੈਲੋਸ਼ਿਪ ਅਵਾਰਡ ਪੰਜਾਬ ਯੂਨੀਵਰਸਿਟੀ ਵਲੋਂ ਮਿਲਦਾ ਸੀ ।

3. **ਸ੍ਰੀ ਬਲਦੇਵ ਸਿੰਘ** : ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਦੀ ਰਿਪੋਰਟ ਅਨੁਸਾਰ ਇਸ ਉਮੀਦਵਾਰ ਦਾ ਸਵੱਰਗਵਾਸ ਹੋ ਗਿਆ ਸੀ। ਇਸ ਲਈ ਇਸ ਕੇਸ ਵਿਚ ਅੱਗੇ ਪੜਤਾਲ ਨਹੀਂ ਕੀਤੀ ਗਈ ।

4. **ਸ੍ਰੀਮਤੀ ਮਨਦੀਪ ਕੌਰ**:--ਡਿਪਟੀ ਕਮਿਸ਼ਨਰ, ਸੰਗਰੂਰ ਨੇ ਦੱਸਿਆ ਹੈ ਕਿ ਰਿਕਾਰਡ ਤੋਂ ਦਿੱਤੀ ਗਵਾਹੀ ਤੋਂ ਪਤਾ ਲਗਦਾ ਹੈ ਕਿ 3600 ਰੁਪਏ ਤੋਂ ਘੱਟ ਸਾਲਾਨਾ ਆਮਦਨ ਦਾ ਦਿੱਤਾ ਸਰਟੀਫਿਕੇਟ ਸਾਫ ਤੌਰ ਤੇ ਗਲਤ ਸੀ।

5. **ਸ੍ਰੀ ਮਖਣ ਲਾਲ ਗਰਗ**:--ਡਿਪਟੀ ਕਮਿਸ਼ਨਰ, ਸੰਗਰੂਰ ਨੇ ਸੂਚਿਤ ਕੀਤਾ ਕਿ ਸ੍ਰੀ ਮੱਖਣ ਲਾਲ ਗਰਗ ਦੀ ਹਰ ਪੱਖ ਤੋਂ ਪਰਿਵਾਰਕ ਸਾਲਾਨਾ ਆਮਦਨ 3600 ਰੁਪਏ ਤੋਂ ਘੱਟ ਸੀ।

6. **ਸ੍ਰੀ ਸ਼ਰਨਜੀਤ ਸਿੰਘ** : ਡਿਪਟੀ ਕਮਿਸ਼ਨਰ ਸੰਗਰੂਰ ਨੇ ਸੂਚਿਤ ਕੀਤਾ ਕਿ ਸ੍ਰੀ ਸ਼ਰਨ-ਜੀਤ ਸਿੰਘ ਦੀ ਸਾਲਾਨਾ ਆਮਦਨ 3600 ਰੁਪਏ ਤੋਂ ਘੱਟ ਹੈ।

7. **ਸ੍ਰੀ ਬਲਵਿੰਦਰ ਸਿੰਘ** : ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਨੇ ਸੂਚਿਤ ਕੀਤਾ ਕਿ ਸ੍ਰੀ ਬਲਵਿੰਦਰ ਸਿੰਘ ਦੇ ਪਿਤਾ ਦੀ ਸਾਲਾਨਾ ਆਮਦਨ 3600 ਰੁਪਏ ਤੋਂ ਵੱਧ ਸੀ।

**ਸਰਦਾਰ ਗੁਰਬਚਨ ਸਿੰਘ ਚੀਮਾ**: ਸਪੀਕਰ ਸਾਹਿਬ, ਇਹ ਜਿਹੜੇ ਸੱਤ ਕੈਂਡੀਡੇਟਸ ਹਨ ਇਨ੍ਹਾਂ ਵਿਚੋਂ ਛੇ ਕੈਂਡੀਡੇਟਸ ਨੇ ਹਲਫੀਆ ਬਿਆਨ ਆਪਣੇ ਆਪਣੇ ਜ਼ਿਲ੍ਹੇ ਵਿਚ ਦਿੱਤੇ ਔਰ ਉਥੋਂ ਦੇ ਡਿਪਟੀ ਕਮਿਸ਼ਨਰਾਂ ਤੋਂ ਉਨ੍ਹਾਂ ਦੀ ਪੜਤਾਲ ਕਰਵਾਈ ਗਈ ਹੈ ਪਰ ਜਿਹੜਾ ਲਿਸਟ ਦੇ ਨੰਬਰ 1 ਤੇ ਕੈਂਡੀਡੇਟ ਹੈ ਅਰਵਿੰਦਰ ਸਿੰਘ ਇਸ ਦੇ ਬਾਰੇ ਪੜਤਾਲ ਡਿਪਟੀ ਕਮਿਸ਼ਨਰ ਚੰਡੀਗੜ੍ਹ ਤੋਂ ਕਰਵਾਈ ਗਈ ਹੈ ਇਸ ਦੀ ਕੀ ਵਜਾਹ ਹੈ ? ਕੀ ਮੁੱਖ ਮੰਤਰੀ ਜੀ ਇਸ ਦੀ ਦੁਬਾਰਾ ਪੜਤਾਲ ਕਰਾਉਣਗੇ ਕਿਉਂਕਿ ਕੁਝ ਕੈਂਡੀਡੇਟਸ ਨੂੰ ਇਤਰਾਜ਼ ਹੈ। ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਹ ਚੀਜ਼ ਗਲਤ ਸਾਬਤ ਹੋ ਜਾਵੇ ਤਾਂ ਕੀ ਉਸ ਨੂੰ ਨੌਕਰੀ ਤੋਂ ਕੱਢ ਕੇ ਜਿਹੜੇ ਬੰਦੇ ਦਾ ਹੱਕ ਬਣਦਾ ਹੈ, ਉਸ ਨੂੰ ਦਿੱਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬ ਦੀ ਗੱਲ ਠੀਕ ਹੈ ਤਾਂ ਮੈਂ ਇਥੋਂ ਅਫਸਰ ਭੇਜ ਕੇ ਇਨ੍ਹਾਂ ਸੱਤਾਂ ਕੇਸਾਂ ਦੀ ਹੀ ਪੜਤਾਲ ਕਰਵਾ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ :—

(1) ਨੰਬਰ 1 ਤੇ ਜਿਹੜਾ ਆਦਮੀ ਅਰਵਿੰਦਰ ਸਿੰਘ ਹੈ, ਇਹ ਜਨਰਲ ਕੈਟੇਗਰੀ ਵਿਚ ਫਾਲ ਕਰਦਾ ਹੈ ਇਸ ਲਈ ਉਸ ਨੂੰ ਬੈਕਵਰਡ ਕਲਾਸ ਦੀ ਕੈਟੇਗਰੀ ਵਿਚੋਂ ਕੱਢ ਕੇ ਕਿਸੇ ਬੈਕਵਰਡ ਕਲਾਸ ਦੇ ਆਦਮੀ ਨੂੰ ਉਹ ਆਸਾਮੀ ਦਿੱਤੀ ਜਾਵੇ ਔਰ ਉਸ ਨੂੰ ਜਨਰਲ ਕੈਟੇਗਰੀ ਵਿਚ ਗਿਣਿਆ ਜਾਵੇ ;

(2) ਜਿਹੜਾ ਹਲਫੀਆ ਬਿਆਨ ਤਸਦੀਕ ਕੀਤਾ ਹੋਇਆ ਹੈ ਉਸ ਦੀ ਕਾਪੀ ਮੇਰੇ ਪਾਸ ਹੈ । ਹੋਰ ਕੈਂਡੀਡੇਟਾਂ ਬਾਰੇ ਪੜਤਾਲ ਕਨਸੰਰਡ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਤੋਂ ਕਰਵਾਈ ਗਈ ਹੈ ਪਰ ਨੰਬਰ 1 ਤੇ ਜੋ ਆਦਮੀ ਅਰਵਿੰਦਰ ਸਿੰਘ ਹੈ ਉਸ ਦੇ ਬਾਰੇ ਪੜਤਾਲ ਡੀ. ਸੀ. ਚੰਡੀਗੜ੍ਹ ਤੋਂ ਕਰਵਾਈ ਗਈ ਹੈ । ਡੀ. ਸੀ. ਚੰਡੀਗੜ੍ਹ ਨੇ ਹਲਫੀਆ ਬਿਆਨ ਉਸ ਕੈਂਡੀਡੇਟ ਦੇ ਫਾਦਰ ਦਾ ਹੀ ਮੰਨ ਲਿਆ ਹੈ ਜਦੋਂ ਕਿ ਹੋਰ ਡਿਪਟੀ ਕਮਿਸ਼ਨਰਾਂ ਨੇ ਤਸਦੀਕ ਕਰਨ ਵੇਲੇ ਮਿਉਂਸਿਪਲ ਕਮਿਸ਼ਨਰਾਂ ਵਗੈਰਾ ਤੋਂ ਵੀ ਪੜਤਾਲ ਕਰਵਾਈ ਹੈ । ਇਕ ਰੀਟਾਇਰਡ ਥਾਣੇਦਾਰ ਦਾ ਹਲਫੀਆ ਬਿਆਨ ਹੈ ਕਿ ਉਸ ਆਦਮੀ ਦਾ ਲਾਜਪਤ ਨਗਰ ਲੁਧਿਆਣਾ ਵਿਚ 51 ਨੰਬਰ ਮਕਾਨ ਹੈ, ਇਸ ਦੀ ਮਾਂ ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ ਵਿਚ ਟੀਚਰ ਹੈ ਔਰ 600 ਰੁਪਏ ਮਹੀਨਾ ਉਸ ਦੀ ਤਨਖਾਹ ਹੈ, ਉਸ ਦਾ ਬਾਪ ਸਟੈਨੋ ਹੈ ਔਰ 700 ਰੁਪਏ ਮਹੀਨਾ ਤਨਖਾਹ ਲੈਂਦਾ ਹੈ । ਇਕ ਮਕਾਨ ਉਸ ਦਾ ਹੈ ਜਿਸ ਦਾ 100 ਰੁਪਏ ਮਹੀਨਾ ਕਿਰਾਇਅ ਆਉਂਦਾ ਹੈ ।

ਜਦੋਂ ਇਸ ਤਰ੍ਹਾਂ ਦੇ ਹਲਫੀਆ ਬਿਆਨ ਦਿੱਤੇ ਗਏ ਹਨ ਤਾਂ ਫਿਰ ਡਿਪਟੀ ਕਮਿਸ਼ਨਰ, ਲੁਧਿਆਣਾ ਤੋਂ ਕਿਉਂ ਨਹੀਂ ਇਨਕੁਆਇਰੀ ਕਰਵਾਈ ਗਈ, ਡਿਪਟੀ ਕਮਿਸ਼ਨਰ, ਚੰਡੀਗੜ੍ਹ ਤੋਂ ਕਿਉਂ ਇਨਕੁਆਇਰੀ ਕਰਵਾਈ ਗਈ ਹੈ ।

(3) ਇਸ ਤਰ੍ਹਾਂ ਨਾਲ ਝੂਠੇ ਹਲਫੀਆ ਬਿਆਨ ਦੇ ਕੇ ਇਨਕੁਆਇਰੀ ਨੂੰ ਪੰਜ ਸਾਲ ਦਬਾਈ ਰੱਖਿਆ ਹੈ ਔਰ ਸਰਕਾਰ ਨੂੰ ਔਰ ਸੀਨੀਅਰ ਅਫਸਰਾਂ ਨੂੰ ਧੋਖੇ ਵਿਚ ਰੱਖਿਆ ਹੈ । ਕੀ ਇਸ ਬਾਰੇ ਵੀ ਉਸ ਆਦਮੀ ਦੇ ਖਿਲਾਫ ਇਹ ਕੋਈ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਮੇਰੀ ਅਰਜ਼ ਹੈ ਕਿ ਇਹ ਕਾਫੀ ਪੁਰਾਣਾ ਕੇਸ ਸੀ । ਅਗਰ ਤੁਹਾਡੀ ਸੈਟਿਸਫੈਕਸ਼ਨ ਨਹੀਂ ਹੈ ਤਾਂ ਮੈਂ ਜ਼ਰੂਰ ਇਕ ਅਫਸਰ ਇਥੋਂ ਭੇਜ ਕੇ ਉਨ੍ਹਾਂ ਸਾਰਿਆਂ ਦੀ ਇਨਕੁਆਇਰੀ ਕਰਵਾਵਾਂਗਾ ।

(ਇਸ ਸਮੇਂ ਕਈ ਮਾਨਯੋਗ ਮੈਂਬਰ ਸਪਲੀਮੈਂਟਰੀ ਕਰਨ ਵਾਸਤੇ ਖੜ੍ਹੇ ਹੋਏ)

**ਸ੍ਰੀ ਸਪੀਕਰ** : ਇਸ ਤੋਂ ਵੱਧ ਮੁਕੰਮਲ ਹੋਰ ਜਵਾਬ ਕੀ ਹੋ ਸਕਦਾ ਹੈ। ਬੈਠੋ ਜੀ, ਸਾਰੇ ਬੈਠ ਜਾਓ।

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਅਤੇ ਸਰਦਾਰ ਬਸੰਤ ਸਿੰਘ ਖਾਲਸਾ ਆਪਣੀਆਂ ਸੀਟਾਂ ਤੇ ** ** ** ** ਬੋਲ ਰਹੇ ਸਨ)

**ਸ੍ਰੀ ਸਪੀਕਰ** : ਇਹ ਜੋ ਕੁਝ ਮੇਰੀ ਆਗਿਆ ਤੋਂ ਬਿਨਾਂ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਇਸ ਲਿਸਟ ਵਿਚੋਂ ਜਿਹੜਾ ਆਦਮੀ ਨੰਬਰ 2 ਤੇ ਹੈ ਇਹ ਪਹਿਲਾਂ ਹੀ ਡਿਸਕੁਆਲੀਫਾਈ ਹੋ ਚੁੱਕਿਆ ਹੈ । ਨੰਬਰ 3 ਤੇ ਬਲਦੇਵ ਸਿੰਘ ਹੈ ਇਸ ਦੀ ਮੌਤ ਹੋ ਚੁਕੀ ਹੈ । ਨੰਬਰ 4 ਤੇ ਮਨਦੀਪ ਕੌਰ ਹੈ, ਇਹ ਵੀ ਡਿਸਕੁਆਲੀਫਾਈ ਹੋ ਚੁਕੀ ਹੈ । ਨੰਬਰ 5 ਤੇ ਮੱਖਣ ਲਾਲ ਗਰਗ ਹੈ ਔਰ ਨੰਬਰ 6 ਤੇ ਸ਼ਰਨਜੀਤ ਸਿੰਘ ਹੈ । ਨੰਬਰ ਇਕ ਵਾਲੇ ਨੇ ਆਪਣੀ ਆਪਸ਼ਨ ਪੀ. ਸੀ. ਐਸ ਲਈ ਨਹੀਂ ਸੀ ਦਿਤੀ ਔਰ ਸ਼ਰਨਜੀਤ ਸਿੰਘ ਢਾਈ ਸਾਲਾਂ ਤੋਂ ਪੀ. ਸੀ. ਐਸ. ਅਫਸਰ ਲੱਗਿਆ ਹੋਇਆ ਹੈ । ਢਾਈ ਸਾਲਾਂ ਤੋਂ ਬਾਅਦ ਨੰਬਰ 1 ਵਾਲੇ ਨੂੰ ਪੀ. ਸੀ. ਐਸ. ਅਫਸਰ ਲਗਾ ਦਿੱਤਾ ਹੈ ਔਰ ਦੂਸਰੇ ਸ਼ਰਨਜੀਤ ਸਿੰਘ ਨੂੰ ਏ. ਆਰ. ਲਗਾ ਦਿਤਾ ਹੈ । ਮੇਰੀ ਅਰਜ਼ ਹੈ ਕਿ ਸਰਕਾਰ ਦਾ ਬੜਾ ਪੈਸਾ ਖਰਚ ਹੋਇਆ ਹੈ ਅਤੇ ਉਸ ਨੂੰ ਢਾਈ ਸਾਲਾਂ ਤੋਂ ਬਾਅਦ ਪੀ. ਸੀ. ਐਸ. ਤੋਂ ਹਟਾ ਕੇ ਏ. ਆਰ. ਲਗਾ ਦਿਤਾ ਹੈ ਔਰ ਨੰਬਰ ਇਕ ਵਾਲੇ ਨੂੰ ਪੀ. ਸੀ. ਐਸ. ਅਫਸਰ ਲਗਾ ਦਿੱਤਾ ਹੈ । ਹਾਲਾਂ ਕਿ ਉਸ ਨੇ ਪੀ. ਸੀ. ਐਸ. ਦੀ option ਨਹੀਂ ਸੀ ਦਿਤੀ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਕੇਸ ਨੂੰ ਮੁੜ ਕੇ ਵੇਖੇਗੀ ਤਾਂ ਕਿ ਜਿਸ ਦਾ ਹੱਕ ਮਾਰਿਆ ਗਿਆ ਹੈ ਉਸ ਨੂੰ ਉਸ ਦਾ ਹੱਕ ਮਿਲ ਸਕੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਰਜ਼ ਹੈ ਕਿ ਮੈਂ ਵਾਜ਼ਿਆ ਤੌਰ ਤੇ ਕਿਹਾ ਹੈ ਕਿ ਜਿਸ ਤਰ੍ਹਾਂ ਭੂੰਦੜ ਸਾਹਿਬ ਨੇ ਕਿਹਾ ਹੈ ਜਾਂ ਇਧਰੋਂ ਮੈਂਬਰ ਸਾਹਿਬਾਨ ਨੇ ਕਿਹਾ ਹੈ ਅਗਰ ਇਨ੍ਹਾਂ ਦੀ ਸੈਟਿਸਫੈਕਸ਼ਨ ਨਹੀਂ ਹੈ ਤਾਂ ਮੈਂ ਇਨਕੁਆਇਰੀ ਕਰਵਾਵਾਂਗਾ । ਮੈਂ ਇਹ ਪਤਾ ਲਗਵਾਵਾਂਗਾ ਕਿ ਆਇਆ ਉਸ ਦਾ ਐਫੀਡੇਵਿਟ ਠੀਕ ਹੈ ਜਾਂ ਗਲਤ ਹੈ । ਨੰਬਰ ਇਕ ਦੇ ਬਾਰੇ ਮੈਂਬਰਾਂ ਨੇ ਕਿਹਾ ਹੈ । ਮੈਂ ਇਥੋਂ ਅਫਸਰ ਭੇਜ ਕੇ ਪਤਾ ਕਰਵਾਵਾਂਗਾ ।

ਦੂਸਰੀ ਅਰਜ਼ ਹੈ ਕਿ ਜੇ ਸਾਬਤ ਹੋ ਜਾਵੇਗਾ ਕਿ ਐਫੀਡੇਵਿਟ ਗਲਤ ਦਿੱਤਾ ਹੈ ਤਾਂ ਫਿਰ ਫਾਲੋ ਅੱਪ ਐਕਸ਼ਨ ਵੀ ਹੋਵੇਗਾ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਕੀ ਇਸ ਦੀ ਇਨਕੁਆਇਰੀ ਵਾਸਤੇ ਕੋਈ ਸਦਨ ਦੀ ਕਮੇਟੀ ਬਣਾਉਣ ਨੂੰ ਇਹ ਤਿਆਰ ਹਨ ?

---

**Beating up of some Employees of Floating Restaurant Sirhind**

***1303. Sardar Dalip Singh Pandhi :** Will the Chief Minister be pleased to state :—

(a) whether some employees of the Floating Restaurant, Sirhind, were beaten up and injured during the last 8 months by some persons of Gobindgarh, if so, the details thereof.

(b) whether any action was taken against the accused; if so, the details thereof ; if not, the reasons therefor ?

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ** : (ੳ) ਹਾਂ ਜੀ। ਮਿਤੀ 9 ਨਵੰਬਰ, 1981 ਰਾਤ ਨੂੰ ਗੋਬਿੰਦਗੜ੍ਹ ਦੇ ਪੰਜ ਬੰਦੇ ਫਲੋਟਿੰਗ ਰੈਸਟੋਰੈਂਟ, ਸਰਹਿੰਦ, ਵਿਖੇ ਖਾਣਾ ਖਾ ਰਹੇ ਸਨ ਅਤੇ ਰੈਸਟੋਰੈਂਟ ਦੇ ਵਜਦੇ ਰਿਕਾਰਡ ਪਲੇਅਰ ਨੂੰ ਰੋਕਣ ਲਈ ਕਿਹਾ ਅਤੇ ਹੋਰ ਮਨਪਸੰਦ ਰਿਕਾਰਡ ਲਾਉਣ ਲਈ ਕਿਹਾ। ਕੁਝ ਦੂਜੇ ਗ੍ਰਾਹਕਾਂ ਵਲੋਂ ਵਿਰੋਧ ਕਰਨ ਤੇ ਉਹ ਰੈਸਟੋਰੈਂਟ ਦੇ ਬਹਿਰਿਆਂ ਨਾਲ ਗੁੱਥਮਗੁੱਥਾ ਹੋ ਪਏ ਅਤੇ ਮੁੱਕੇਬਾਜ਼ੀ ਹੋਈ।

(ਅ) ਪੁਲਿਸ ਨੇ ਮੁਕਦਮਾ ਨੰ: 231, ਮਿਤੀ 10 ਨਵੰਬਰ, 1981 ਅਧੀਨ ਧਾਰਾ 353/332/ 506/336/148/149 ਦਰਜ ਕਰਕੇ ਦੋਸ਼ੀ ਗ੍ਰਿਫਤਾਰ ਕਰ ਲਏ ਹਨ ਤੇ ਮੁਕੱਦਮੇ ਦੀ ਤਫਤੀਸ਼ ਡੀ.ਐਸ.ਪੀ., ਬਸੀ ਪਠਾਣਾਂ ਵਲੋਂ ਕੀਤੀ ਜਾ ਰਹੀ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਜਿਹੜੀ ਟੂਰਿਜ਼ਮ ਕਾਰਪੋਰੇਸ਼ਨ ਹੈ ਉਸ ਦਾ ਇਹ ਕੰਪਲੈਕਸ ਹੈ। ਗੋਬਿੰਦਗੜ੍ਹ ਦਾ ਜਿਹੜਾ ਆਮ ਖਾਸ ਬਾਗ ਦਾ ਸਾਬਕਾ ਖਜ਼ਾਨਚੀ ਹੈ ਉਹ ਅਤੇ ਉਸ ਦੇ ਰਿਸ਼ਤੇਦਾਰਾਂ ਨੇ ਪਹਿਲੇ ਆਮ ਖਾਸ ਬਾਗ ਵਿਚ ਜਾ ਕੇ ਮੁਲਾਜ਼ਮਾਂ ਨੂੰ ਕੁੱਟਿਆ, ਫਿਰ ਫਲੋਟਿੰਗ ਰੈਸਟੋਰੈਂਟ ਵਿਚ ਕੁੱਟਿਆ। ਇਹ ਸਾਰਾ ਕੁਝ ਪੁਲਿਸ ਦੀ ਹਾਜ਼ਰੀ ਵਿਚ ਹੋਇਆ ਪਰ ਜਿਹੜਾ ਪਰਚਾ ਬਾਅਦ ਵਿਚ ਦਰਜ ਹੋਇਆ ਉਹ ਵੀ ਠੀਕ ਨਹੀਂ ਕੀਤਾ ਗਿਆ। ਇਕ ਤਾਂ ਇਹ ਦੱਸਣ ਕਿ ਉਨ੍ਹਾਂ ਦੇ ਨਾਂ ਕੀ ਕੀ ਸਨ ਅਤੇ ਉਨ੍ਹਾਂ ਦੇ ਚਲਾਨ ਕਿਉਂ ਨਹੀਂ ਕੀਤੇ ਗਏ? ਇਸ ਦੇ ਕੀ ਕਾਰਨ ਹਨ?

**ਮੁੱਖ ਮੰਤਰੀ** : ਮੈਂ ਜਿਹੜਾ ਜਵਾਬ ਦਿੱਤਾ ਹੈ ਉਸ ਤੋਂ ਵੱਧ ਡਿਟੇਲਜ਼ ਦਾ ਤਾਂ ਸ਼ਾਇਦ ਇਨ੍ਹਾਂ ਨੂੰ ਪਤਾ ਹੋਵੇਗਾ। ਪਰ ਸਾਡੇ ਪਾਸ ਜੋ ਇਤਲਾਹ ਆਈ ਹੈ ਉਸ ਦਾ ਕੇਸ ਰਜਿਸਟਰ ਹੋਇਆ ਹੈ ਔਰ ਜੋ ਨਤੀਜੇ ਨਿਕਲਣਗੇ ਉਸ ਤੇ ਅਮਲ ਕੀਤਾ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਸ ਦੀ ਤਫਤੀਸ਼ ਡੀ. ਐਸ. ਪੀ., ਬੱਸੀ ਪਠਾਣਾਂ, ਕਰ ਰਿਹਾ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ 10 ਨਵੰਬਰ, 1981 ਦਾ ਇਹ ਕੇਸ ਹੈ। ਇਸ ਵਿਚ ਕੋਈ ਬਰਾਮਦਗੀ ਨਹੀਂ ਕਰਨੀ। ਫਿਰ ਇਹ ਦੇਰ ਕਿਉਂ ਹੋ ਰਹੀ ਹੈ। ਮੈਂ ਇਹ ਪੁਛਦਾ ਹਾਂ ਕਿ ਜਿਹੜੇ ਕਾਂਗਰਸੀਆਂ ਨੇ ਇਨ੍ਹਾਂ ਮੁਲਾਜ਼ਮਾਂ ਨੂੰ ਕੁਟਾਪਾ ਚਾੜ੍ਹਿਆ, ਮੁਲਾਜ਼ਮ ਜ਼ਖਮੀ ਹੋਏ, ਉਨ੍ਹਾਂ ਨੂੰ ਕੋਈ ਪਰੋਟੈਕਸ਼ਨ ਨਹੀਂ ਮਿਲੀ। ਇਸ ਲਈ ਇਹ ਦੱਸਣ ਕਿ ਉਹ ਕਾਂਗਰਸੀ ਬੰਦੇ ਕਿਹੜੇ ਕਿਹੜੇ ਹਨ............

**Mr. Speaker** : No distinction.

**ਸਰਦਾਰ ਦਲੀਪ ਸਿੰਘ ਪਾਂਧੀ** : ਕੀ ਕਾਰਨ ਹੈ ਕਿ ਉਨ੍ਹਾਂ ਦਾ ਚਲਾਨ ਨਹੀਂ ਕੀਤਾ ਗਿਆ? ਇਸ ਬਾਰੇ ਆਪਣੇ ਐਲ. ਆਰ. ਤੋਂ ਰਾਏ ਲੈ ਲੈਣ। ਇਸ ਬਾਰੇ ਮੁਲਾਜ਼ਮਾਂ ਵਿਚ ਬੜੀ ਰਿਜ਼ੈਂਟਮੈਂਟ ਹੈ।

**ਮੁੱਖ ਮੰਤਰੀ** : ਮੈਂ ਨਾਂ ਦੱਸ ਦਿੰਦਾ ਹਾਂ। ਸਰਵਸ਼੍ਰੀ ਭਾਰਤ ਭੂਸ਼ਣ ਪੁੱਤਰ ਸ੍ਰੀ ਵੇਦ ਪ੍ਰਕਾਸ਼, ਭੀਮ ਸੈਨ ਪੁੱਤਰ ਸ੍ਰੀ ਰੂਪ ਚੰਦ, ਸ਼ਤੀਸ਼ ਦੱਤ ਪੁੱਤਰ ਸ੍ਰੀ ਧਰਮ ਪਾਲ, ਜੋਗਿੰਦਰ ਪਾਲ ਪੁੱਤਰ ਸ੍ਰੀ ਨੰਦ ਕੁਮਾਰ, ਪ੍ਰੇਮ ਕੁਮਾਰ ਪੁੱਤਰ ਸ੍ਰੀ ਬਾਬੂ ਰਾਮ। ਇਹ ਸਾਰੇ ਗੋਬਿੰਦਗੜ੍ਹ ਦੇ ਰਹਿਣ ਵਾਲੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ** : ਮੈਂ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣੇ ਪਿਛੇ ਜਿਹੇ ਜਿਹੜੇ ਇਕ ਅਕਾਲੀ ਵਿਧਾਇਕ ਨੇ ਪੁਲਿਸ ਦੇ ਸਿਪਾਹੀ ਨੂੰ ਕੁੱਟਿਆ ਸੀ, ਉਸ ਵਿਧਾਇਕ ਨੂੰ ਇਨ੍ਹਾਂ ਨੇ ਕੀ ਸਜ਼ਾ ਦਿੱਤੀ ਹੈ ?

**ਮੁੱਖ ਮੰਤਰੀ**: ਮੈਂ ਤਾਂ ਇਹ ਕਹਿ ਸਕਦਾ ਹਾਂ ਕਿ ਵਿਧਾਇਕ ਨੂੰ ਇਹ ਖੁਲ੍ਹ ਨਹੀਂ ਲੈਣੀ ਚਾਹੀਦੀ ।

---

## Bet Area Allowance

***1338. Sardar Sarwan Singh Phillaur** : Will the Minister for Finance be pleased to state the names of villages in Phillaur and Nawan Shehar Sub-Divisions where Bet Area Allowance is given to the Government Employees ?

**ਡਾਕਟਰ ਕੇਵਲ ਕ੍ਰਿਸ਼ਨ** : ਲੋੜੀਂਦੀ ਸੂਚਨਾ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚਨਾ

**DISTRICT : JULLUNDUR**

**Block : Nawan Shahar**

| Serial No. | Name of Village | | Hadbast No. | Area (Hectare) | Population |
|---|---|---|---|---|---|
| 1. | Dudala | .. | 216 | 257 | 917 |
| 2. | Bajidpur | .. | 217 | 462 | 1339 |
| 3. | Gari Bharti | .. | 218 | 316 | 253 |
| 4. | Bhartan Kalan | .. | 219 | 442 | 827 |
| 5. | Bhartan Khurd | .. | 220 | 318 | 1183 |
| 6. | Barnala Khurd | .. | 221 | 181 | 208 |
| 7. | Kahlon | .. | 222 | 632 | 628 |
| 8. | Rahon | .. | 223 | 796 | 7000 |
| 9. | Chahar Majara | .. | 231 | 154 | 375 |
| 10. | Jalwahah | .. | 232 | 301 | 362 |
| 11. | Ranewal | .. | 233 | 256 | 809 |
| 12. | Dopalpur | .. | 234 | 187 | 383 |
| 13. | Sekhupur Bagh | .. | 235 | 219 | 438 |
| 14. | Shahpur | .. | 236 | 114 | 363 |
| 15. | Patti Shahpur | .. | 237 | 115 | .. |
| 16. | Majhur | .. | 238 | 368 | 463 |
| 17. | Majufapur | .. | 239 | 265 | 543 |

Original with;
Punjab Vidhan Sabha
Digitized by;
Panjab Digital Library

[Finance Minister]

| Serial No. | Name of Village | | Hadbast No. | Area (Hectare) | Population |
|---|---|---|---|---|---|
| 18. | Rakason | .. | 240 | 163 | 278 |
| 19. | Charan | .. | 241 | 562 | 504 |
| 20. | Dhangarpur | .. | 242 | 250 | 397 |
| 21. | Janian | .. | 243 | 69 | 381 |
| 22. | Malakpur | .. | 244 | 495 | 65 |
| 23. | Horhmajri | .. | 245 | 109 | 220 |
| 24. | Chak Alhi Bakhsh | .. | 246 | 169 | 225 |
| 25. | Dhulewal | .. | 247 | 244 | 209 |
| 26. | Tajowal | .. | 248 | 122 | 293 |
| 27. | Alowal | .. | 249 | 56 | 118 |
| 28. | Sabalpur | .. | 250 | 7 | .. |
| 29. | Mandala | .. | 251 | 156 | 56 |
| 30. | Mehandipur Khurd | .. | 252 | 37 | .. |
| 31. | Chakli Sajait | .. | 253 | 202 | 315 |
| 32. | Mehandipur Kalan | .. | 254 | 134 | 9 |
| 33. | Samaspur | .. | 255 | 183 | 150 |
| 34. | Bihlurpur Khurd | .. | 256 | 177 | 104 |
| 35. | Phul Makouri | .. | 257 | 98 | 56 |
| 36. | Nangal Dhangan | .. | 258 | 140 | 197 |
| 37. | Sultanpur | .. | 259 | 55 | 99 |
| 38. | Salampur | .. | 260 | 194 | 229 |
| 39. | Kajampur | .. | 261 | 147 | 356 |
| 40. | Nilowal | .. | 262 | 278 | 285 |
| 41. | Dilabarpur | .. | 263 | 96 | 101 |
| 42. | Dehlur Kalan | .. | 264 | 220 | 420 |
| 43. | Mehdipur | .. | 265 | 73 | .. |
| 44. | Thib Ala | .. | 266 | 123 | 12 |
| 45. | Saidpur Kalan | .. | 267 | 168 | 174 |
| 46. | Saidpur Khurd | .. | 268 | 158 | .. |
| 47. | Kanoun | .. | 269 | 218 | 96 |
| 48. | Niamatpur | .. | 270 | 177 | 241 |

Original with;
Punjab Vidhan Sabha
Digitized by;
Panjab Digital Library

| Serial No. | Name of the Village | Hadbast No. | Area (Hectare) | Population |
|---|---|---|---|---|
| 49. | Sheikhu Majra | 271 | 246 | 65 |
| 50. | Udowal | 272 | 256 | 322 |
| 51. | Garhi Fatehkhan | 273 | 240 | 418 |
| 52. | Husanpur | 274 | 574 | 696 |
| 53. | Ratnana | 275 | 144 | 177 |
| 54. | Bairmal | 276 | 116 | 77 |
| 55. | Mirzapur | 277 | 246 | 146 |
| 56. | Karimapur | 278 | 168 | 258 |
| 57. | Ibrahinpur | 279 | 151 | 53 |
| 58. | Talwandi Sabu | 280 | 162 | .. |
| | **Block Aur, Tehsil Nawan Shahar, District Jullundur** | | | |
| 1. | Chakdana | 202 | 225 | 1213 |
| 2. | Khurd | 203 | 97 | 475 |
| 3. | Sividialpur | 204 | 61 | .. |
| 4. | Nangal Jattan | 205 | 215 | 320 |
| 5. | Pandrawal | 206 | 164 | 78 |
| 6. | Urapar | 207 | 780 | 3092 |
| 7. | Garhi Ajit Singh | 208 | 458 | 1195 |
| 8. | Balouni | 209 | 50 | 30 |
| 9. | Groupar | 210 | 732 | 1190 |
| 10. | Aur | 211 | 546 | 2490 |
| 11. | Mahal Khurd | 212 | 337 | 1001 |
| 12. | Gurhpadhana | 213 | 399 | 1285 |
| 13. | Bahadurpur | 214 | 251 | 515 |
| 14. | Saidpur Theh | 215 | 198 | 146 |
| 15. | Gopal pur Banetwal | 281 | 97 | .. |
| 16. | Dadowal | 282 | 295 | 22 |
| 17. | Tajpur | 283 | 190 | 685 |
| 18. | Khoja | 284 | 450 | 489 |
| 19. | Chuggian | 285 | 251 | .. |
| 20. | Judarmajra | 286 | 338 | 487 |

Original with;
Punjab Vidhan Sabha
Digitized by;
Punjab Digital Library

[Finance Minister]

| Serial No. | Name of Village | | Hadbast No. | Area (Hectare) | Population |
|---|---|---|---|---|---|
| 21. | Kharkuwal | .. | 287 | 238 | 285 |
| 22. | Phambra | .. | 288 | 428 | 380 |
| 23. | Bagowal | .. | 289 | 363 | 403 |
| 24. | Garhi Sheru | .. | 290 | 116 | 217 |
| 25. | Togar | .. | 291 | 130 | 54 |
| 26. | Burj Tehaldas | .. | 292 | 524 | 237 |
| | **Block Phillaur, Tehsil Phillaur, District Jullundur** | | | | |
| 1. | Nangal | .. | 130 | 362 | 1926 |
| 2. | Ramgarh | .. | 131 | 241 | 2331 |
| 3. | Panj Dhera | .. | 132 | 356 | 650 |
| 4. | Killa Phillaur | .. | 133 | 151 | 505 |
| 5. | Chhawani Phillaur | .. | 134 | 199 | .. |
| 6. | Rai Pur Sagnewal | .. | 148 | 160 | 203 |
| 7. | Burj Pukhta | .. | 150 | 228 | 328 |
| 8. | Gulam Garha | .. | 151 | 52 | .. |
| 9. | Garha | .. | 152 | 106 | 1037 |
| 10. | Phillaur | .. | 153 | 282 | 18546 |
| 11. | Achan Chak | .. | 154 | 186 | 181 |
| 12. | Chhawala | .. | 155 | 429 | 118 |
| 13. | Bajar | .. | 156 | 92 | 37 |
| 14. | Chungian Maha Singh | .. | 157 | 308 | 87 |
| 15. | Fateh Basti Lakha | .. | 158 | 93 | 126 |
| 16. | Ashaoor | .. | 159 | 295 | 535 |
| 17. | Katpalon | .. | 160 | 226 | 981 |
| 18. | Kariana | .. | 168 | 993 | 856 |
| 19. | Rajouri | .. | 169 | 93 | 126 |
| 20. | Raipur Rayian | .. | 170 | 519 | 1064 |
| 21. | Seilkiana | | 171 | 363 | 687 |
| 22. | Powari | .. | 172 | 211 | 419 |
| 23. | Lasara | .. | 173 | 1602 | 1064 |

Original with;
Punjab Vidhan Sabha
Digitized by;
Panjab Digital Library

| Serial No. | Name of the Village | | Hadbast No. | Area in Hectares | Population |
|---|---|---|---|---|---|
| | **Block Nurmahal** | | | | |
| 1. | Rajowal | .. | 83 | 271 | 588 |
| 2. | Hardo Sangha | .. | 84 | 236 | 233 |
| 3. | Gadra | .. | 85 | 129 | 176 |
| 4. | Bhoda | .. | 86 | 380 | 186 |
| 5. | Gagh Dhigara | .. | 87 | 516 | 276 |
| 6. | Burj Hassan | .. | 88 | 380 | 254 |
| 7. | Sadhara | .. | 89 | 127 | .. |
| 8. | Akuwal | .. | 90 | 28 | .. |
| 9. | Bhundri | .. | 91 | 214 | .. |
| 10. | Powadra | .. | 92 | 730 | 2067 |
| 11. | Talwan | .. | 93 | 2390 | 3018 |
| 12. | Kadiana | .. | 104 | .. | .. |
| 13. | | | | | |
| 14. | Sangowal | .. | 106 | 551 | 861 |
| 15. | Lidhar Kalan | .. | 107 | 342 | 395 |
| 16. | Fatehgarh Nihal | .. | 108 | 45 | 116 |
| 17. | Chanian | .. | 109 | 83 | 68 |
| 18. | Burj Kalan | .. | 110 | 116 | 115 |
| 19. | Man | .. | 111 | 1025 | 1580 |
| 20. | Mianwal | .. | 122 | 688 | 1350 |
| 21. | Ganna Pind | .. | 124 | 873 | 2054 |
| | **DISTRICT JULLUNDUR** | | | | |
| | **Block Nawanshahar** | | | | |
| 1. | Kot Ranjha | .. | 224 | 241 | 684 |
| 2. | Pallian Khurd | .. | 225 | 195 | 776 |
| 3. | Pallian Kalan | .. | 226 | 247 | 243 |
| 4. | Shahbajpur | .. | 227 | 247 | 528 |
| 5. | Soeta | .. | 228 | 228 | 432 |
| 6. | Asmanpur | .. | 229 | 392 | 1193 |
| 7. | Rasulpur Theh | .. | 230 | 151 | .. |

Original with; Punjab Vidhan Sabha
Digitized by; Panjab Digital Library

[Finance Mintster]

| Serial No. | Name of the village | | Had bast No. | Area in Hectares | Population |
|---|---|---|---|---|---|
| | **Block Phillaur** | | | | |
| 8. | Tehang | .. | 142 | 1005 | 2425 |
| 9. | Rasulpur | .. | 146 | 231 | 1127 |
| 10. | Nagar | .. | 147 | 545 | 1944 |
| 11. | Nurewal | .. | 149 | 85 | 122 |
| 12. | Bharsingpur | .. | 166 | 314 | 1556 |
| 13. | Dayalpur | .. | 174 | 245 | 1043 |
| | **Block Nurmahal** | | | | |
| 14. | Bhullar | .. | 105 | 101 | 196 |
| 15. | Bhaini | .. | 123 | 167 | 433 |

**ਸਰਦਾਰ ਸਰਵਣ ਸਿੰਘ ਫਿਲੌਰ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬੇਟ ਏਰੀਆ ਕਿਸ ਅਧਾਰ ਤੇ ਚੁਣਿਆ ਜਾਂਦਾ ਹੈ ?

**ਮੰਤਰੀ** : ਬੇਟ ਏਰੀਆ ਦੇ ਚੁਣਨ ਦਾ ਇਹ ਢੰਗ ਹੈ ਕਿ ਦਰਿਆ ਦੇ 5 ਕਿਲੋਮੀਟਰ ਇਕ ਪਾਸੇ ਔਰ 5 ਕਿਲੋਮੀਟਰ ਦੂਜੇ ਪਾਸੇ ਦਾ ਜਿਹੜਾ ਏਰੀਆ ਪੈਂਦਾ ਹੈ ਉਹ ਬੇਟ ਏਰੀਆ ਵਿਚ ਆ ਜਾਂਦਾ ਹੈ ।

**ਸਰਦਾਰ ਸਰਵਣ ਸਿੰਘ ਫਿਲੌਰ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਜ਼ਿਲ੍ਹੇ ਵਿਚ ਕਈ ਐਸੇ ਪਿੰਡ ਹਨ ਜਿਥੇ ਮੁਲਾਜ਼ਮਾਂ ਨੂੰ ਬੇਟ ਏਰੀਆ ਅਲਾਊਂਸ ਨਹੀਂ ਮਿਲਦਾ । ਜਿਵੇਂ ਕਿ ਨਵਾਂ ਸ਼ਹਿਰ ਬਲਾਕ ਵਿਚ ਦਰਿਆਪੁਰ ਪਿੰਡ ਹੈ, ਇਸੇ ਤਰ੍ਹਾਂ ਬਲਾਕ ਨੂਰਮਹਿਲ ਵਿਚ ਮਿਆਂਵਾਲ ਅਤੇ ਹਰੀਪੁਰ ਪਿੰਡ ਹਨ, ਇਸੇ ਤਰ੍ਹਾਂ ਹੋਰ ਵੀ ਕਈ ਪਿੰਡ ਹਨ ਜਿਹੜੇ ਰਹਿ ਗਏ ਹਨ । ਕੀ ਵਜ਼ੀਰ ਸਾਹਿਬ, ਇਹ ਸਾਰਾ ਪਤਾ ਕਰਕੇ ਉਨ੍ਹਾਂ ਮੁਲਾਜ਼ਮਾਂ ਨੂੰ ਅਲਾਊਂਸ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਸ ਦਾ ਸਰਵੇਅ ਡਿਪਟੀ ਕਮਿਸ਼ਨਰ, ਰੈਵਨਿਊ ਡਿਪਾਰਟਮੈਂਟ ਤੋਂ ਕਰਵਾਉਂਦਾ ਹੈ । ਜੇ ਕੋਈ ਅਜਿਹੇ ਪਿੰਡ ਰਹਿ ਗਏ ਹਨ ਤਾਂ ਇਹ ਉਨ੍ਹਾਂ ਪਿੰਡਾਂ ਦੀ ਲਿਸਟ ਸਾਨੂੰ ਦੱਸ ਦੇਣ ਅਸੀਂ ਡਿਸਟ੍ਰਿਕਟ ਅਥਾਰਿਟੀ ਨੂੰ ਉਹ ਭੇਜ ਦਿਆਂਗੇ ।

**ਸਰਦਾਰ ਆਤਮਾ ਸਿੰਘ** : ਸਰਕਾਰ ਦੀ ਇਹ ਨੀਤੀ ਹੈ ਕਿ ਦਰਿਆ ਦੇ 5 ਕਿਲੋਮੀਟਰ ਇਕ ਪਾਸੇ ਅਤੇ 5 ਕਿਲੋਮੀਟਰ ਦੂਜੇ ਪਾਸੇ ਜਿਹੜੇ ਪਿੰਡ ਆਉਂਦੇ ਹਨ ਉਨ੍ਹਾਂ ਨੂੰ ਬੇਟ ਏਰੀਆ ਅਲਾਊਂਸ ਦਿਤਾ ਜਾਂਦਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਤਰ੍ਹਾਂ ਦੀ ਨੀਤੀ ਦੇ ਮੁਤਾਬਿਕ ਸਾਰੇ ਪਿੰਡਾਂ ਦੇ ਮੁਲਾਜ਼ਮਾਂ ਨੂੰ ਇਹ ਅਲਾਊਂਸ ਮਿਲ ਰਿਹਾ ਹੈ ਅਗਰ ਨਹੀਂ ਤਾਂ ਕੀ ਇਹ ਜਲਦੀ ਦਿਵਾਉਣ ਦਾ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਫੈਸਲੇ ਦੇ ਮੁਤਾਬਿਕ ਅਗਰ ਕੋਈ ਉਸੇ ਡਿਸਟ੍ਰਿਕਟ ਦਾ ਰਹਿਣ ਵਾਲਾ ਹੈ ਤਾਂ ਸਵਾ ਛੇ ਪ੍ਰਤੀਸ਼ਤ ਔਰ ਅਗਰ ਹੋਰ ਕਿਸੇ ਡਿਸਟ੍ਰਿਕਟ ਦੇ ਰਹਿਣ ਵਾਲਾ ਹੈ ਤਾਂ ਸਾਢੇ ਬਾਰਾਂ ਪ੍ਰਤੀਸ਼ਤ ਅਲਾਊਂਸ ਬੇਟ ਏਰੀਆ ਵਿਚ ਆਉਣ ਵਾਲੇ ਸਾਰੇ ਪਿੰਡਾਂ ਵਿਚ ਦਿੱਤਾ ਜਾਂਦਾ ਹੈ । ਅਗਰ ਕਿਸੇ ਮੁਲਾਜ਼ਮ ਨੂੰ ਨਹੀਂ ਮਿਲ ਰਿਹਾ ਤਾਂ ਇਹ ਸਾਨੂੰ ਦੱਸ ਦੇਣ ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਬੜਾ ਜ਼ਰੂਰੀ ਸਵਾਲ ਪੁੱਛਣਾ ਹੈ । ਇਨ੍ਹਾਂ ਨੇ ਜਿਹੜੀ ਲਿਸਟ ਦਿੱਤੀ ਹੈ ਉਸ ਵਿਚ ਇਸ ਹਲਕੇ ਦੇ 23 ਪਿੰਡ ਰਹਿ ਗਏ ਹਨ ਜਿਨ੍ਹਾਂ ਦਾ ਨਾਂ ਲਿਸਟ ਵਿਚ ਨਹੀਂ ਹੈ ।

ਮੰਤਰੀ : ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮੰਗੀ ਸੀ ਉਹ ਦੇ ਦਿੱਤੀ ਗਈ ਹੈ । ਇਸ ਤੋਂ ਇਲਾਵਾ ਸਬ-ਡਵੀਜ਼ਨ ਨਵਾਂ ਸ਼ਹਿਰ ਔਰ ਸਬ-ਡਵੀਜ਼ਨ ਫਿਲੌਰ ਦੇ 15 ਪਿੰਡ ਹੋਰ ਵੀ ਇਸ ਵਿਚ ਇਨਕਲੂਡ ਕੀਤੇ ਗਏ ਹਨ, ਜਿਨ੍ਹਾਂ ਦੀ ਨੋਟੀਫੀਕੇਸ਼ਨ 25 ਫਰਵਰੀ ਨੂੰ ਹੋਈ ਹੈ ।

### Area of Panchayat Land of village Dhandor, Block Adampur, District Jullundur

***1215. (1) Comrade Sarwan Singh Cheema**
**(2) Comrade Kulwant Singh**
**(3) Comrade Buta Singh** : Will the Minister for Development be pleased to state :—

(a) the total area in acres of Panchayat Land of village Dhandor, Block Adampur, Tehsil and District Jullundur in 1960 ;

(b) the area left with the Panchayat of the said village in 1981 ;

(c) whether the area of Panchayat land has decreased ; if so, the reasons therefor ?

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) ਕੋਈ ਨਹੀਂ

(ਅ) ਕੋਈ ਨਹੀਂ

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਇਹ ਜੋ ਜਵਾਬ ਮਨਿਸਟਰ ਸਾਹਿਬ ਨੇ ਦਿੱਤਾ ਹੈ ਇਹ ਬੜੀ ਹਾਸੇ ਵਾਲੀ ਗੱਲ ਹੈ । ਕੀ ਮਨਿਸਟਰ ਸਾਹਿਬ ਜਿਸ ਅਫ਼ਸਰ ਨੇ ਇਹ ਗਲਤ ਇਨਫਰਮੇਸ਼ਨ ਦਿੱਤੀ ਹੈ, ਉਸ ਦੇ ਖਿਲਾਫ਼ ਕੋਈ ਐਕਸ਼ਨ ਲੈਣਗੇ ?

ਦੂਜ, ਮੈਂ ਇਹ ਦੱਸਦਾ ਹਾਂ ਕਿ ਇਸ ਪਿੰਡ ਦੀ 1956 ਦੀ ਮੁਰੱਬਾ-ਬੰਦੀ ਦੇ ਵਕਤ 135 ਕੈਨਾਲ ਮੁਸ਼ਤਰਕਾ ਜ਼ਮੀਨ ਸੀ । ਇਸ ਪੰਚਾਇਤ ਦੇ ਇਕ ਰੈਜ਼ੋਲਿਊਸ਼ਨ ਦੀ ਕਾਪੀ 8 ਮਈ, 1972 ਦੀ ਇਹ ਮੇਰੇ ਕੋਲ ਹੈ । ਇਸ ਵਿਚ ਇਸ ਜ਼ਮੀਨ ਬਾਰੇ ਦਿੱਤਾ ਹੋਇਆ ਹੈ । ਬਾਅਦ ਵਿਚ ਇਸ ਵਿਚੋਂ 112 ਕੈਨਾਲ ਜ਼ਮੀਨ ਇਕ ਮੈਜਿਸਟ੍ਰੇਟ ਦੇ ਭਰਾ ਸਰਦਾਰ ਸੰਤੋਖ ਸਿੰਘ ਦੇ ਨਾਂ ਤੇ ਕਰ ਦਿੱਤੀ ਗਈ ਔਰ ਇਹ ਕਬਜ਼ਾ ਟਰਾਂਸਫਰ ਵੀ ਹੋ ਗਿਆ ਹੈ । ਬਾਕੀ ਜਿਹੜੀ 25 ਕੈਨਾਲ ਦੇ ਕਰੀਬ ਜ਼ਮੀਨ ਰਹਿੰਦੀ ਹੈ ਉਹ ਹਾਲੇ ਵੀ ਠੇਕੇ ਤੇ ਦਿਤੀ ਜਾਂਦੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜ਼ਮੀਨ ਪੰਚਾਇਤ ਨੂੰ ਵਾਪਸ ਦਿਵਾਉਣਗੇ ?

Original with;
Punjab Vidhan Sabha
Digitized by;
Panjab Digital Library

ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਸੀ ਉਸ ਦਾ ਜਵਾਬ ਮੈਂ ਦੇ ਦਿੱਤਾ ਹੈ । ਇਨ੍ਹਾਂ ਨੂੰ ਹੁਣ ਦੱਸ ਦਿੰਦਾ ਹਾਂ ਕਿ ਇਹ ਗੱਲ 1960 ਦੀ ਜ਼ਿਲ੍ਹਾ ਜਲੰਧਰ ਦੇ ਪਿੰਡ ਢੰਡੋਰ ਦੀ ਹੈ । ਤੁਸੀਂ ਪੁਛਿਆ ਸੀ ਕਿ ਕਿੰਨੀ ਪੰਚਾਇਤੀ ਜ਼ਮੀਨ ਦਾ ਕੁਲ ਕਿੰਨੇ ਏਕੜ ਰਕਬਾ ਹੈ । ਮੈਂ ਜਵਾਬ ਦਿਤਾ ਹੈ ਕੋਈ ਨਹੀਂ । ਪਰ ਜਿਹੜੀ ਗੱਲ ਇਨ੍ਹਾਂ ਨੇ ਹੁਣ ਹਾਊਸ ਦੇ ਵਿਚ ਉਠਾਈ ਹੈ ਇਹ ਠੀਕ ਹੈ ਕਿ ਮੁਸ਼ਤਰਕਾ ਮਾਲਿਕਾਂ ਦੀ ਗੱਲ ਅਲਿਹਦਾ ਹੈ । ਇਸ ਜ਼ਮੀਨ ਦੀ ਪਹਿਲੇ ਮੈਨੇਜਮੈਂਟ ਹੁੰਦੀ ਸੀ । ਇਨ੍ਹਾਂ ਨੇ ਬਿਨਾਂ ਸਰਕਾਰ ਤੋਂ ਪੁੱਛੇ ਅਤੇ ਮੰਨਜ਼ੂਰੀ ਲਿਆਂ, ਸਰਦਾਰ ਸੰਤੋਖ ਸਿੰਘ ਦੇ ਨਾਂ ਤਬਦੀਲ ਕਰ ਦਿਤੀ ਅਤੇ ਬੀਬੀ ਤਨਵੰਤੀ ਦੇ ਨਾਂ ਅਲਾਟ ਕਰ ਦਿਤੀ ਸੀ। ਤੁਹਾਡੀ ਗੱਲ ਠੀਕ ਹੈ । ਹੁਣ ਇਹ ਜਿਹੜੀ ਜ਼ਮੀਨ ਰਹਿ ਗਈ ਹੈ । ਅਸੀਂ ਕੋਸ਼ਿਸ਼ ਕਰਾਂਗੇ ਔਰ ਐਲ. ਆਰ. ਦੇ ਨਾਲ ਗੱਲ ਕਰਕੇ ਇਸ ਦਾ ਹੱਲ ਕੱਢਿਆ ਜਾਵੇਗਾ ਕਿ ਇਹ ਜ਼ਮੀਨ ਕਿਸ ਤਰੀਕੇ ਨਾਲ ਵਾਪਿਸ ਲਈ ਜਾ ਸਕਦੀ ਹੈ । ਇਹ ਜ਼ਮੀਨ ਸ਼ਾਮਲਾਤ ਜਾਂ ਪੰਚਾਇਤ ਦੀ ਜ਼ਮੀਨ ਨਹੀਂ ਹੈ । ਇਹ ਜ਼ਮੀਨ ਮੁਸ਼ਤਰਕਾ ਮਾਲਿਕਾਂ ਦੀ ਹੈ ।

**Mr. Speaker** : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Master Plan for the Development of Fatehgarh Sahib, District Patiala

***1187. Sardar Birdevinder Singh** : Will the Minister for Development be pleased to state whether any Master Plan was chalked out by the Government for the development of Fatehgarh Sahib, district Patiala, if so, the details thereof and the time by which the execution of the Plan is likely to be taken in hand ?

**ਸਰਦਾਰ ਦਰਬਾਰਾ ਸਿੰਘ** : ਇਕ ਵੇਰਵਾ ਪੱਤਰ ਹਾਊਸ ਦੇ ਮੇਜ਼ ਤੇ ਰੱਖਿਆ ਜਾਂਦਾ ਹੈ ।

**ਵੇਰਵਾ ਪੱਤਰ**

ਹਾਂ ਜੀ, ਪਲੈਨ ਵਿਚ ਸਾਲ 1991 ਤੱਕ 4340 ਏਕੜ ਰਕਬੇ ਦੇ ਸ਼ਹਿਰੀ ਵਰਤੋਂ ਹੇਠ ਆਉਣ ਦੀ ਸੰਭਾਵਨਾ ਦਾ ਉਪਬੰਧ ਹੈ । ਅਮਲ ਪਹਿਲੇ ਹੀ ਸ਼ੁਰੂ ਕੀਤਾ ਜਾ ਚੁੱਕਿਆ ਹੈ ਅਤੇ ਇਸ ਸਮੇਂ ਨਿਮਨਲਿਖਤ ਸਕੀਮਾਂ ਤੇ ਪੈਰਵੀ ਹੋ ਰਹੀ ਹੈ :—

1. ਐਡਮਨਿਸਟਰੇਟਿਵ ਕੰਪਲੈਕਸ ।
2. ਲੈਂਡ ਸਕੇਪਿੰਗ ।
3. ਬਾਈ ਪਾਸ ਅਤੇ ਲਿੰਕ ਸੜਕਾਂ ਦੀ ਉਸਾਰੀ ।
4. ਲੜਕੀਆਂ ਦਾ ਸਰਕਾਰੀ ਹਾਇਰ ਸੈਕੰਡਰੀ ਸਕੂਲ ।
5. ਹਸਪਤਾਲ ਦੀ ਉਸਾਰੀ ।
6. ਸ਼ਹੀਦਾਂ ਦੀ ਗੈਲਰੀ ਅਤੇ ਅਜਾਇਬ ਘਰ ।
7. ਆਮ ਖਾਸ ਬਾਗ ਨੂੰ ਟੂਰਿਸਟ ਸੈਂਟਰ ਬਨਾਉਣ ਲਈ ਵਿਕਾਸ ।

Original with;
Punjab Vidhan Sabha
Digitized by;
Panjab Digital Library

8. ਲੇਕ ਦਾ ਵਿਕਾਸ ।
9. ਸਰਕਾਰੀ ਮੁਲਾਜ਼ਮਾਂ ਲਈ ਮਕਾਨਾਂ ਦੀ ਉਸਾਰੀ ।
10. ਸਟੇਡੀਅਮ ਦੀ ਉਸਾਰੀ ।
11. ਗੁਰਦੁਆਰਾ ਸਾਹਿਬ ਤੋਂ ਸਰਹਿੰਦ ਤੱਕ ਸੜਕਾਂ ਤੇ ਬਿਜਲੀ ਲਾਉਣਾ
12. ਦਿਆਲਪੁਰੀ ਮੰਦਰ ਅਤੇ ਰੋਜ਼ਾ ਸ਼ਰੀਫ ਦਾ ਵਿਕਾਸ ।
13. ਮਾਤਾ ਚਕਲੇਸ਼ਵਰੀ ਜੈਨ ਮੰਦਰ ਦਾ ਵਿਕਾਸ ।

**Introduction of Sewerage Scheme in the Municipal Committee, Majitha**

***1271. Sardar Parkash Singh Majitha** : Will the Minister for Local Government be pleased to state :—

(a) the year in which the Sewerage Scheme was introduced in the Majitha Municipal Committee, District Amritsar together with the amount given by the Government for the said scheme in the shape of grants and loans, separately ;

(b) the total expenditure so far incurred on the said scheme ;

(c) whether the said scheme has since been completed ; if not, the reasons therefor ?

**ਸ੍ਰੀ ਸਰਦਾਰੀ ਲਾਲ ਕਪੂਰ** : (ੳ) ਸੀਵਰੇਜ ਸਕੀਮ ਮਜੀਠਾ ਦਾ ਐਸਟੀਮੇਟ ਜੁਲਾਈ 1961 ਵਿਚ ਤਿਆਰ ਕੀਤਾ ਗਿਆ ਸੀ । ਕੰਮ 1962-63 ਦੇ ਦੌਰਾਨ ਸ਼ੁਰੂ ਕੀਤਾ ਗਿਆ ਸੀ । ਸਰਕਾਰ ਵੱਲੋਂ ਦਿੱਤੇ ਗਏ ਫੰਡਜ਼ ਦਾ ਵੇਰਵਾ ਹੇਠ ਅਨੁਸਾਰ ਹੈ ।

| | | |
|---|---|---|
| (i) | ਕਰਜ਼ਾ | ਰੁ: 50,000/- |
| (ii) | ਗ੍ਰਾਂਟ-ਇਨ-ਏਡ : | ਰੁ: 2,22,847/- |
| | ਜੋੜ | ਰੁ: 2,72,847 |

(ਅ) ਇਸ ਸਕੀਮ ਤੇ ਜਨਵਰੀ, 1982 ਤਕ 3.79 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ ।

(ੲ) ਹਾਲੇ ਨਹੀਂ । ਨਗਰਪਾਲਕਾ ਕੋਲ ਲੋੜੀਂਦੇ ਫੰਡਜ਼ ਦੀ ਘਾਟ ਕਰਕੇ ਕੰਮ ਰੁਕਿਆ ਪਿਆ ਹੈ ।

---

**Earth work on Paniali-Chamkaur Sahib Road**

***1174. Master Dalip Singh** : Will the Minister for Public Works be pleased to state the time by which the earth work on the remaining half of the Paniali-Chamkaur Sahib road is likely to be completed ?

**ਸਰਦਾਰ ਬੇਅੰਤ ਸਿੰਘ** : ਪਨਿਆਲੀ-ਚਮਕੌਰ ਸਾਹਿਬ ਰੋਡ ਜ 5.2 ਕਿਲੋਮੀਟਰ ਲੰਬੀ ਪਹਿਲਾਂ ਹੀ ਬਣੀ ਹੋਈ ਹੈ । ਇਸ ਲਈ ਪਹਿਲਾਂ ਬਣੀ ਸੜਕ ਦੀ ਉਸਾਰੀ ਲਈ ਮਿੱਟੀ ਪਾਉਣ ਦਾ ਕੰਮ ਕਰਨ ਦੀ ਲੋੜ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**Metalling of road from village Gallowal to Gallowali Purbian**

***1272. Sardar Parkash Singh Majitha** : Will the Minister for Public Works be pleased to state :—

(a) whether it is a fact that the Market Committee, Amritsar had deposited the requisite amount for metalling the road from village Gallowal Purbian, Block Majitha, District Amritsar ;

(b) whether it is also a fact that the required material for metalling the road referred to in part (a) above remained on the site for some time and was removed by the Department later on;

(c) if the replies to parts (a) and (b) above be in the affirmative, the reasons for which the said road has not so far been metalled.

**ਸਰਦਾਰ ਬੇਅੰਤ ਸਿੰਘ** : (ੳ) ਹਾਂ ਜੀ, ਮਾਰਕੀਟ ਕਮੇਟੀ ਰਾਹੀ 1,20,000 ਰੁਪਿਆ ਜਮ੍ਹਾਂ ਕਰਵਾਇਆ ਗਿਆ।

(ਅ) ਨਹੀਂ ਜੀ ।

(ੲ) ਸੜਕ ਪਹਿਲਾਂ ਹੀ ਪਿੰਡ ਗਲੋਂਵਾਲ ਜਿਸ ਵਿਚ ਫਿਰਨੀ ਅਤੇ ਰੇਲਵੇ ਬੌਂਡਰੀ ਆਉਂਦੀ ਹੈ, ਤਕ ਬਣਾਈ ਗਈ ਹੈ । ਬਾਕੀ ਰਹਿੰਦੀ ਸੜਕ ਨੂੰ ਮੁਕੰਮਲ ਕਰਨ ਲਈ ਮਾਰਕੀਟ ਕਮੇਟੀ ਨੇ ਧਨ ਜਮ੍ਹਾਂ ਕਰਵਾਇਆ ਹੈ ।

---

**Upgradation of Schools in Faridkot District**

***1267. Comrade Saghar Singh** : Will the Minister for Education be pleased to state :—

(a) the details of the schools upgraded (Primary to Middle and Middle to High) in Faridkot District in the years 1980-81 and 1981-82 to-date ;

(b) whether the staff has been posted in those schools, if not, the reasons therefor ;

(c) whether salaries to the staff appointed in those schools have been paid ; if not, the reasons therefor and the time by which the same are likely to be paid ?

**Sardar Harcharan Singh Ajnala** : (a) The list at Annexure A & B is placed on the Table of the House.

(b) Yes, adequate staff has been posted in Schools upgraded in 1980-81 and in first phase in 1981-82.

(c) Yes, the staff of schools upgraded during 1980-81 is being paid salaries regularly. Orders for disbursing the salaries of staff of Schools upgraded in the first phase of 1981-82 have also been issued.

Original with;
Punjab Vidhan Sabha
Digitized by;
Panjab Digital Library

## ANNEXURE 'A'

**List of Schools of Faridkot District Upgraded during 1980-81 :**

**Primary to Middle :**

1. Dod.
2. Virk Khera.
3. Dhangana.
4. Wara Kishanpura.
5. Sakhan Wali.
6. Kussa.
7. Ajit Gill.
8. Khirkianwala.

**Middle to High :**

1. Minian.
2. Behbal Khurd.
3. Bhulerian.
4. Kothi Malian Wali.
5. Badni Kalan.
6. Sadiq (Girls).
9. Ramgarh Chungan.
10. Harji Ram Malout Mandi (Girls).
11. Chand Baja.
12. Kalian Wala.
13. Balout Pind.

## ANNEXURE 'B'

**List of Schools Upgraded in District Faridkot during 1981-82**

**Primary to Middle :**

1. Surgapuri, Kot Kapura.
2. Maur-Nau Abad.
3. Khote Nihal Singh wala.
4. Baghelewala.

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

**Middle to High :**

1. Kohar Wala.
2. Chaina.
3. Butter.
4. Bahai ke khera.
5. Dala (Girls).
6. Tamkot.
7. Machaki Mal Singh.
8. Asa Butter.

---

**Illicit Distillery at Nabha**

*1304. **Sardar Dalip Singh Pandhi** : Will the Chief Minister be pleased to state :—

(a) whether any illicit distillery was unearthed at Nabha during the last 3 months, if so, the details thereof ;

(b) if the reply to part (a) above be in the affirmative whether any arrests were effected; if so, the details thereof ;

(c) whether any accused escaped from the police custody; if so, the details thereof ?

**ਸਰਦਾਰ ਦਰਬਾਰਾ ਸਿੰਘ :** (ੳ) ਹਾਂ ਜੀ; ਪਿਛਲੇ ਤਿੰਨ ਮਹੀਨਿਆਂ ਦੇ ਦੌਰਾਨ (ਮਿਤੀ 17-1-82 ਨੂੰ) ਨਾਭਾ ਸ਼ਹਿਰ ਵਿਖੇ ਨਜਾਇਜ਼ ਸ਼ਰਾਬ ਦਾ ਇਕ ਕਾਰਖਾਨਾ ਪਕੜਿਆ ਗਿਆ, ਜਿਸ ਵਿਚ ਕਿ ਰੈਕਟੀਫਾਈਡ ਸਪਿਰਿਟ ਦੇ ਬਾਰਾਂ ਡਰਮ ਤਿਆਰ ਕੀਤੀ ਹੋਈ ਨਜਾਇਜ਼ ਸ਼ਰਾਬ ਦਾ ਅੱਧਾ ਡਰੰਮ, ਨਜਾਇਜ਼ ਸ਼ਰਾਬ ਦੀਆਂ 30 ਬੋਤਲਾਂ, ਰੈਕਟੀਫਾਈਡ ਸਪਿਰਿਟ ਦੇ 20, 20 ਲੀਟਰ ਦੇ ਦਸ ਕੇਨ, ਖੁਸ਼ਬੂ ਦੀਆਂ 4 ਸ਼ੀਸ਼ੀਆਂ, ਕਾਰਕ, ਫਿਲਟਰ, ਲੇਬਲ ਅਤੇ ਨਜਾਇਜ਼ ਸ਼ਰਾਬ ਤਿਆਰ ਕਰਨ ਦਾ ਹੋਰ ਸਮਾਨ ਕਬਜ਼ੇ ਵਿਚ ਲਿਆ ਗਿਆ ਸੀ ।

(ਅ) ਦੋ ਦੋਸ਼ੀ ਗੁਰਦੇਵ ਸਿੰਘ, ਪੀ.ਟੀ. ਮਾਸਟਰ ਗੌਰਮਿੰਟ, ਹਾਇਰ ਸੈਕੰਡਰੀ ਸਕੂਲ ਨਾਭਾ ਅਤੇ ਰਾਮੂ ਵਾਸੀ ਗੌਂਡਾ ਮੌਕੇ ਤੇ ਹੀ ਮਿਤੀ 17-1-82 ਨੂੰ ਗ੍ਰਿਫਤਾਰ ਕੀਤੇ ਗਏ ਸਨ। ਦੂਜੇ ਦੋ ਦੋਸ਼ੀ ਰਾਜਿੰਦਰ ਪਾਲ ਦੀਵਾਨ, ਵਾਸੀ ਹੀਰਾ ਮਹਿਲ ਨਾਭਾ ਅਤੇ ਰਾਮੂ, ਵਾਸੀ ਜ਼ਿਲ੍ਹਾ ਬਿਰੌਜ਼ (ਨਿਪਾਲ) ਮਿਤੀ 1-2-82 ਨੂੰ ਗ੍ਰਿਫਤਾਰ ਕੀਤੇ ਗਏ । ਇਕ ਹੋਰ ਦੋਸ਼ੀ ਵੇਦ ਪ੍ਰਕਾਸ਼ ਮਿਤੀ 15-2-82 ਨੂੰ ਗ੍ਰਿਫਤਾਰ ਕੀਤਾ ਜਾ ਚੁਕਿਆ ਹੈ ।

(ੲ) ਨਹੀਂ ਜੀ।

Original with;
Punjab Vidhan Sabha
Digitized by;
Panjab Digital Library

## Losses in the Punjab Tanneries Ltd.

*1184. **Shri Ram Lal Chitti** : Will the Chief Minister be pleased to state whether it is a fact that Government has recently detected some losses in the Punjab Tanneries Ltd. (Leather Corporation); if so, the details thereof and the action taken or proposed to be taken against the officials/officers responsible for the same; if no action has been taken; the reasons therefor ?

**ਸਰਦਾਰ ਦਰਬਾਰਾ ਸਿੰਘ** : (ੳ) ਹਾਲ ਵਿਚ ਕਿਸੇ ਘਾਟੇ ਦਾ ਪਤਾ ਨਹੀਂ ਚਲਿਆ। ਪਰੰਤੂ ਕੰਪਨੀ ਦੀ ਲੇਖੇ ਜੋਖੇ ਦੀ ਸੂਚੀ ਵਿਚ ਘਾਟੇ ਵਿਖਾਏ ਗਏ ਸਨ । 1969-70 ਤੋਂ ਦਸੰਬਰ, 1981 ਤੱਕ ਦੇ ਸਮੇਂ ਦੀ ਸਾਲਾਨਾ ਘਾਟੇ ਵਾਧੇ ਦੀ ਸੂਚੀ ਨੱਥੀ ਕੀਤੀ ਜਾਂਦੀ ਹੈ । ਕਿਸੇ ਅਫ਼ਸਰ/ਕਰਮਚਾਰੀ ਨੂੰ ਇਨ੍ਹਾਂ ਘਾਟਿਆਂ ਲਈ ਵਿਅਕਤੀਗਤ ਤੌਰ ਤੇ ਜ਼ੁੰਮੇਵਾਰ ਨਹੀਂ ਠਹਿਰਾਇਆ ਗਿਆ ।

**ANNEXURE**

**Statement of losses and profits**

| Year | | Losses/Profits (in Rs.) |
|---|---|---|
| 1969-70 | .. | (—)1,02,064·90 |
| 1970-71 | .. | (—)54,170·68 |
| 1971-72 | .. | (—)1,08,913·68 |
| 1972-73 | .. | (+)56,877·38 |
| 1973-74 | .. | (—)2,51,886·68 |
| 1974-75 | .. | (—)11,60,724·99 |
| 1975-76 | .. | (+)59,882·55 |
| 1976-77 | .. | (—)19,60,388·84 |
| 1977-78 | .. | (+)5,24,485·69 |
| 1978-79 | .. | (+)4,25,546·27 |
| 1979-80 | .. | (—)20,80,506·48 |
| 1980-81 | .. | (—)23,77,371·60 |
| 1981-82 (upto 31-12-1981) | .. | (+)12,00,000·00 (Tentative) |

The Trial Balance accounts for the period from 1st July, 1981 to 31st December, 1981.

## Construction of Road from Rama Mandi Phatak to Kakipind in District Jullundur

*1213. **Shri Ram Lal Chitti**: Will the Minister for Public Works be pleased to state :—

(a) whether it is a fact that a new road, with raised level, has been constructed during the year 1980 from Rama Mandi Phatak to Kakipind in Jullundur Cantonment Assembly constituency;

Original with;
Punjab Vidhan Sabha
Digitized by;
Panjab Digital Library

[Shri Ram Lal Chatti]

(b) whether the culverts falling on the said road have also been constructed; if so, the details thereof and if not the reasons therefor alongwith the time by which these are likely to be constructed ?

**ਸਰਦਾਰ ਬੇਅੰਤ ਸਿੰਘ** ; (ੳ) ਸਾਲ 1980 ਵਿਚ ਕੋਈ ਨਵੀਂ ਸੜਕ ਰਾਮਾ ਮੰਡੀ ਫ਼ਾਟਕ ਤੋਂ ਕਾਕੀ ਪਿੰਡ ਤੱਕ ਨਹੀਂ ਬਣਾਈ ਗਈ । ਪ੍ਰੰਤੂ 1980 ਵਿਚ ਜਲੰਧਰ-ਹੁਸ਼ਿਆਰਪੁਰ ਸੜਕ ਦਾ ਰਾਮਾ ਮੰਡੀ ਫ਼ਾਟਕ ਤੋਂ ਕਾਕੀ ਪਿੰਡ ਤੱਕ ਅਤੇ ਇਸ ਤੋਂ ਅੱਗੇ ਦਾ ਹਿੱਸਾ ਤਕਰੀਬਨ ਇਕ ਮੀਲ ਉਚਾ ਕੀਤਾ ਗਿਆ ਸੀ ।

(ਅ) ਨਾ ਪਹਿਲਾਂ ਕੋਈ ਕਲਵਰਟ ਉਥੇ ਸੀ ਅਤੇ ਨਾ ਹੀ ਸੜਕ ਨੂੰ ਉਚਾ ਕਰਨ ਸਮੇਂ ਕੋਈ ਕਲਵਰਟ ਬਣਾਉਣਾ ਜ਼ਰੂਰੀ ਸਮਝਿਆ ਗਿਆ ਸੀ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਕੋਈ ਲਾਭਦਾਇਕ ਮੰਤਵ ਪ੍ਰਾਪਤ ਨਹੀਂ ਸੀ ਹੁੰਦਾ ।

---

## UNSTARRED QUESTIONS AND ANSWERS

### Incidents of Murders etc. in the State

**201. Sardar Dalip Singh Pandhi**: Will the Chief Minister be pleased to state the yearwise number of incidents of murders, attempts to murder, stabbing, rapes, assaults on women, attempts to assault, dacoities, lootings, burglaries, thefts, smuggling of opium/poppy husk and illicit arms which occurred in the State since the present Ministry assumed the office ?

**ਸਰਦਾਰ ਦਰਬਾਰਾ ਸਿੰਘ** : ਸੂਚਨਾ ਨਾਲ ਨੱਥੀ ਹੈ ।

Original with;
Punjab Vidhan Sabha
Digitized by;
Panjab Digital Library

## ਰਾਜ ਵਿਚ ਕਤਲ ਆਦਿ ਦੀਆਂ ਵਾਰਦਾਤਾਂ ਦਾ ਵੇਰਵਾ

| ਸਵਾਲ ਨੰ: 201 | ਕਤਲ | ਕਤਲ ਕਰਨ ਦੀਆਂ ਕੋਸ਼ਿਸ਼ਾਂ | ਛੁਰੇਬਾਜ਼ੀ | ਜਬਰ ਜਿਨਾਹ | ਔਰਤਾਂ ਤੇ ਹਮਲੇ | ਹਮਲੇ ਕਰਨ ਦੀਆਂ ਕੋਸ਼ਿਸ਼ਾਂ | ਡਾਕੇ | ਲੁਟਮਾਰ | ਸੰਨ ਲਾਉਣਾ | ਚੋਰੀਆਂ | ਅਫੀਮ ਤੇ ਭੁੱਕੀ ਦੀ ਸਮੱਗਲਿੰਗ | ਨਜਾਇਜ਼ ਤੌਰ ਤੇ ਹਥਿਆਰ ਰੱਖਣਾ |
|---|---|---|---|---|---|---|---|---|---|---|---|---|
| ਜੂਨ, 1980 ਤੋਂ ਦਸੰਬਰ 1980 ਤੱਕ | 369 | 234 | 143 | 62 | 85 | 58 | 1 | 16 | 738 | 1341 | 4203 | 2460 |
| ਜਨਵਰੀ, 1981 ਤੋਂ ਦਸੰਬਰ, 1981 ਤੱਕ | 554 | 362 | 207 | 88 | 139 | 141 | 1 | 33 | 1196 | 231 5 | 7332 | 4691 |
| ਜਨਵਰੀ, 1982 ... | 38 | 18 | 8 | 5 | 12 | 5 | ... | 4 | 94 | 171 | 909 | 560 |

Original with;
Punjab Vidhan Sabha
Digitized by;
Panjab Digital Library

**Widow Pensioners in District Amritsar**

202. **Comrade Raj Kumar** : Will the Minister for Welfare and Labour be pleased to state:—

(a) the total number of widow pensioners in Amritsar District as on 31st December, 1980 and 31st December, 1981, separately;

(b) the number of applications for widow pension of the said district which were pending as on 31st December, 1980;

(c) the number of new applications for widow pension received during 1981 in the said district;

(d) the number of Aplications referred to in parts (b) and (c) above which were pending as on 31st December, 1981?

| | | |
|---|---|---|
| ਚੌਧਰੀ ਜਗਤ ਰਾਮ : (ੳ) | 31/12/1980 | 3,635 |
| | 31/12/81 | 4,265 |
| (ਅ) | | 1,311 |
| (ੲ) | | 1,758 |
| (ਸ) | | 34 |

**Old Age Pensioners in District Amritsar**

203. **Comrade Raj Kumar** : Will the Minister for Welfare and Labour be pleased to state:—

(a) the total number of Old age Pensioners in Amritsar district as on 31st December, 1980 and 31st December, 1981, separately.

(b) the number of applications of Old Age Pension of the said district which were pending as on 31st December, 1980;

(c) the number of new applications for Old Age Pension received in the said district during 1981;

(d) the number of applications referred to in parts (b) and (c) above which were pending as on 31st December, 1981?

| | | |
|---|---|---|
| ਚੌਧਰੀ ਜਗਤ ਰਾਮ : (ੳ) | 31/12/1980 | 10,518 |
| | 31/12/1981 | 11,345 |
| (ਅ) | | 3,775 |
| (ੲ) | | 4,741 |
| (ਸ) | | 1,456 |

**Unstarred Question No. 204**

(*Extension was asked for in respect of Unstarred Question No.* 204)

*Subject*:—**Assembly Question No. 204 by Comrade Raj Kumar, MLA**

Reference Punjab Vidhan Sabha Memo No. QB-82/5846, dated 5th March, 1982, on the subject noted above.

2. It is requested that reply to this question is still not ready as the information is being collected from the district Headquarters. It is, therefore, not possible to send the reply to the said question upto 20th March, 1982. Extension of another fortnight is solicited.

Sd/-

Minister-in-charge, Housing.

To

The Secretary,
Punjab Vidhan Sabha.

**Unstarred Question No. 205***

[*Extension was asked for in respect of Unstarred Question No.* 205]

POINT OF ORDER RE: DAOKE INCIDENT

ਵਿੱਤ ਮੰਤਰੀ : ਸਪੀਕਰ ਸਾਹਿਬ, ਇਹ ਕਿਹੜੀ ਐਡਜ਼ਰਨਮੈਂਟ ਮੋਸ਼ਨ ਤੇ ਬੋਲ ਰਹੇ ਹਨ। ਤੁਸੀਂ ਇਨ੍ਹਾਂ ਨੂੰ ਰੂਲਜ਼ ਮੁਤਾਬਿਕ ਇਜਾਜ਼ਤ ਦਿਓ । ਇਸ ਸਬੰਧ ਵਿਚ ਰੂਲਜ਼ ਬੜੇ ਕਲੀਅਰ ਹਨ।

---

*For understarred Question No. 205 and reply thereto please see appendix to this debate.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਨੇ ਮੇਰੇ ਕੋਲ ਇਕ ਕਾਗਜ਼ ਭੇਜਿਆ ਸੀ ਕਿ ਐਸੀ ਗੱਲ ਹੋਈ ਹੈ ਅਤੇ ਅਸੀਂ ਤੁਹਾਡੇ ਨਾਲ ਗੱਲ ਕਰਨਾ ਚਾਹੁੰਦੇ ਹਾਂ । ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਕੁਐਸਚਨ ਆਵਰ ਖਤਮ ਹੋਣ ਤੋਂ ਬਾਅਦ ਮੈਂ ਆਪਣੇ ਚੈਂਬਰ ਵਿਚ ਹੋਵਾਂਗਾ ਔਰ ਤੁਸੀਂ ਆ ਜਾਣਾ । ਗੱਲ ਕਰ ਲਵਾਂਗੇ ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਸੀ. ਐਮ. ਸਾਹਿਬ ਨਾਲ ਗੱਲ ਬਾਤ ਕਰਕੇ ਇਨ੍ਹਾਂ ਦੀ ਤਸੱਲੀ ਹੋ ਸਕਦੀ ਹੈ ਪਰ ਚੂੰਕਿ ਇਸ ਦੇ ਵਿਚ ਹਰੀਜਨਾਂ ਦਾ ਮਸਲਾ ਹੈ ਇਸ ਲਈ ਸਾਡੀ ਤਸੱਲੀ ਨਹੀਂ ਹੋ ਸਕਦੀ । ਇਸ ਲਈ ਇਹ ਹਾਊਸ ਦੇ ਵਿਚ ਜਵਾਬ ਦੇਣ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** : ਸਪੀਕਰ ਸਾਹਿਬ ਜਿਸ ਡੀ. ਐਸ. ਪੀ. ਨੇ ਰੇਡ ਕੀਤਾ ਉਹ ਉਸ ਇਲਾਕੇ ਦਾ ਅਫਸਰ ਨਹੀਂ ਹੈ ਅਤੇ ਇਸ ਬਾਰੇ ਇਸ ਇਲਾਕੇ ਦੀ ਪੁਲਿਸ ਨੂੰ ਕੋਈ ਖਬਰ ਨਹੀਂ ਹੈ। ਇਸ ਪਿੰਡ ਦੇ ਲੋਕ ਜਾਨ ਬਚਾਉਣ ਲਈ ਪਾਕਿਸਤਾਨ ਨੂੰ ਚਲੇ ਗਏ । ਉਨ੍ਹਾਂ ਲੋਕਾਂ ਨੇ ਹਮਦਰਦੀ ਸ਼ੋਅ ਕੀਤੀ ਅਤੇ ਬੀ. ਐਸ. ਐਫ. ਵਾਲਿਆਂ ਨੇ ਹਮਦਰਦੀ ਜ਼ਾਹਿਰ ਕੀਤੀ ਅਤੇ ਪੁਲਿਸ ਤੋਂ ਉਨ੍ਹਾਂ ਨੂੰ ਬਚਾਇਆ । ਇਨ੍ਹਾਂ ਨਾਲ ਪੁਲਿਸ ਨੇ ਜ਼ਿਆਦਤੀ ਕੀਤੀ । ਇਹ ਹਾਲ ਹੈ ਪੰਜਾਬ ਵਿਚ ਲੋਕਾਂ ਦਾ । ਮੈਂ ਬੇਨਤੀ ਕਰਦਾ ਹਾਂ ਕਿ ਸੀ. ਐਮ. ਸਾਹਿਬ ਉਥੋਂ ਦੇ ਅਫ਼ਸਰ ਦੀ ਸਟੋਰੀ ਤੇ ਡੀਪੈਂਡ ਨਾ ਕਰਨ ਬਲਕਿ ਇਥੋਂ ਕਿਸੇ ਸੀਨੀਅਰ ਅਫਸਰ ਨੂੰ ਭੇਜ ਕੇ ਇਨਕੁਆਇਰੀ ਕਰਵਾਉਣ ਅਤੇ ਹਾਊਸ ਨੂੰ ਦੱਸਣ ।

(ਇਸ ਸਮੇਂ ਬਹੁਤ ਸਾਰੇ ਮਾਨ੍ਯੋਗ ਮੈਂਬਰ ਸਾਹਿਬਾਨ ਖੜ੍ਹੇ ਸਨ ਅਤੇ ਪੁਆਇੰਟ ਆਫ ਆਰਡਰ ਰੇਜ਼ ਕਰਨਾ ਚਾਹੁੰਦੇ ਸਨ ਪਰ ਸਪੀਕਰ ਸਾਹਿਬ ਨੇ ਇਜਾਜ਼ਤ ਕਿਸੇ ਨੂੰ ਨਹੀਂ ਦਿਤੀ।)

**ਸ੍ਰੀ ਸਪੀਕਰ** : ਲੀਡਰ ਆਫ ਦੀ ਹਾਊਸ ਖੜ੍ਹੇ ਹਨ । ਤੁਸੀਂ ਸਾਰੇ ਮੈਂਬਰ ਸਾਹਿਬਾਨ ਬੈਠ ਜਾਓ । ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਕ ਪੁਆਇੰਟ ਰੇਜ਼ ਕੀਤਾ ਹੈ ਅਤੇ ਲੀਡਰ ਆਫ ਦੀ ਹਾਊਸ ਨੇ ਕਿਹਾ ਹੈ ਕਿ ਇਸ ਸਬੰਧ ਵਿਚ ਮੈਨੂੰ ਕਾਗਜ਼ ਮਿਲਿਆ ਹੈ ਅਤੇ ਮੈਂ ਆਪਣੇ ਚੈਂਬਰ ਵਿਚ ਗੱਲ ਬਾਤ ਕਰਨ ਲਈ ਇਨ੍ਹਾਂ ਨੂੰ ਬੁਲਾਇਆ ਹੈ । ਇਹ ਮੇਰੇ ਜ਼ਿਲ੍ਹੇ ਦੀ ਗੱਲ ਹੈ । ਕੁਝ ਹਰੀਜਨ ਮੈਂਬਰਾਂ ਨੇ ਕਿਹਾ ਹੈ ਕਿ ਸਾਡੀ ਇਸ ਨਾਲ ਤਸੱਲੀ ਨਹੀਂ ਹੋਵੇਗੀ । ਇਹ ਗੱਲ ਠੀਕ ਨਹੀਂ ਹੈ । ਮੈਨੂੰ ਪਤਾ ਹੈ ਕਿ ਇਸ ਪਿੰਡ ਵਿਚ ਜੀਤਾ ਸਮੱਗਲਰ ਸੀ । ਇਹ ਐਸ. ਐਸ. ਪੀ. ਨੇ ਦੱਸਿਆ ਹੈ ਕਿ........................

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਇਬ, ਤੁਸੀਂ ਸਰਕਾਰ ਨੂੰ ਡੀਫੈਂਡ ਨਹੀਂ ਕਰ ਸਕਦੇ । ਸਰਕਾਰ ਨੇ ਹਾਲੇ ਜਵਾਬ ਦੇਣਾ ਹੈ । ਇਸ ਲਈ ਤੁਸੀਂ ਸਰਕਾਰ ਨੂੰ ਕਹੋ ਕਿ ਜਵਾਬ ਦੇਵੇ ।

**ਮੁੱਖ ਮੰਤਰੀ** : ਸਪੀਕਰ ਸਾਹਿਬ ਮੈਂ ਇਸ ਸਬੰਧ ਵਿਚ ਕੱਲ ਹਾਊਸ ਦੇ ਵਿਚ ਸਟੇਟਮੈਂਟ ਦੇਵਾਂਗਾ ।

*Expunged as ordered by the chair,

Original with;
Punjab Vidhan Sabha
Digitized by;
Panjab Digital Library

ਮਾਸਟਰ ਚੰਦ ਸਿੰਘ : ** ** ** **

(ਸ਼ੇਮ. ਸ਼ੇਮ ਦੀਆਂ ਆਵਾਜ਼ਾਂ)

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । ਇਸ ਦੇ ਮੁਤੱਲਕ ਸੀ. ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ ਉਹ ਕੱਲ ਸਟੇਟਮੈਂਟ ਦੇਣਗੇ ।

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) (ਸ਼ੋਰ) ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ) : ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਰੂਲ ਆਫ ਪਰੋਸੀਜ਼ਰ ਐਂਡ ਕੰਡਕਟ ਆਫ ਬਿਜ਼ਨੈਸ ਦੇ ਪੇਜ਼ 68 ਵੱਲ ਦਿਵਾਉਂਣਾ ਚਾਹਾਂਗਾ । ਸਪੀਕਰ ਸਾਹਿਬ, ਰੂਲ 105 ਵਿਚ ਇਹ ਲਿਖਿਆ ਹੈ :—

A point of order shall relate to the interpretation or enforcement of these Rules or such Articles of the constitution as regulate the business of the house.

ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਅਗਰ ਪੁਆਇੰਟ ਆਫ ਆਰਡਰ ਨਹੀਂ ਬਣਦਾ ਤਾਂ ਤੁਸੀਂ ਸਾਰੀ ਚੀਜ਼ ਨੂੰ ਐਕਸਪੰਜ ਕਰਾਓ ਕਿਉਂਕਿ ਲੀਡਰ ਆਫ ਦੀ ਹਾਊਸ ਨੇ ਕਹਿ ਦਿਤਾ ਹੈ ਕਿ ਇਸ ਮੁਤਲਕ ਮੈਂ ਕੱਲ ਨੂੰ ਸਟੇਟਮੈਂਟ ਦੇਵਾਂਗਾ ।

ਕਾਮਰੇਡ ਬਲਦੇਵ ਸਿੰਘ ਲੰਬਾ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

---

## WALK-OUTS

[(ਇਸ ਵਕਤ ਸੀ. ਪੀ. ਆਈ. ਅਤੇ ਅਕਾਲੀ ਦਲ (ਟੀ) ਦੇ ਸਾਰੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਅਤੇ ਏ.ਆਈ.ਸੀ.ਪੀ. ਅਤੇ ਬੀ. ਜੇ. ਪੀ. ਦਾ ਮੈਂਬਰ ਪਰੋਟੈਸਟ ਦੇ ਤੌਂਰ ਤੇ ਸਦਨ ਵਿਚੋਂ ਵਾਕ-ਆਊਟ ਕਰ ਗਏ ।[

## SQUATTING ON THE FLOOR OF THE HOUSE

[(ਇਸ ਵਕਤ ਅਕਾਲੀ ਦਲ (ਐਲ) ਅਤੇ ਸੀ. ਪੀ. ਆਈ. (ਐਮ) ਦੇ ਸਾਰੇ ਸਦਨ ਵਿਚ ਹਾਜ਼ਰ ਮਾਨਯੋਗ ਮੈਂਬਰ ਹਾਊਸ ਦੇ ਫਲੋਰ ਤੇ ਭੁੰਜੇ ਬੈਠ ਗਏ ।]

**ਸ੍ਰੀ ਸੰਤ ਰਾਮ ਸਿੰਗਲਾ** : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਪਹਿਲਾਂ ਇਨਕੁਆਇਰੀ ਕਰਕੇ ਸੀ. ਐਮ. ਸਾਹਿਬ ਦੀ ਕੱਲ ਨੂੰ ਸਟੇਟਮੈਂਟ ਆ ਜਾਣ ਦਿਓ । ਅਜੇ ਹਾਊਸ ਬਹੁਤ ਦਿਨ ਚੱਲਣਾ ਹੈ । ਅਕਾਲੀ ਪਾਰਟੀ ਵਾਲੇ ਹਾਊਸ ਦਾ ਟਾਈਮ ਖਰਾਬ ਕਰ ਰਹੇ ਹਨ।

---

*Expungnd as ordercd by the Chair.

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਸਪੀਕਰ ਸਾਹਿਬ, ਜਦੋਂ ਲੀਡਰ ਆਫ ਦੀ ਹਾਊਸ ਨੇ ਕਹਿ ਦਿਤਾ ਕਿ ਕੱਲ੍ਹ ਨੂੰ ਇਸ ਮੁਤੱਲਕ ਮੈਂ ਸਟੇਟਮੈਂਟ ਦੇਵਾਂਗਾ ਤਾਂ ਫਿਰ ਕੋਈ ਗੱਲ ਬਾਕੀ ਨਹੀਂ ਰਹਿ ਜਾਂਦੀ ।

(ਇਸ ਵਕਤ ਫਲੋਰ ਆਫ ਦੀ ਹਾਊਸ ਤੇ ਬੈਠੇ ਆਨਰੇਬਲ ਮੈਂਬਰ ਇਕੱਠੇ ਹੀ ** ** ** ** ਬੋਲ ਰਹੇ ਸਨ ।) (ਵਿਘਨ) (ਸ਼ੋਰ)

**ਸ਼੍ਰੀ ਸਪੀਕਰ** : ਜੋ ਮੈਂਬਰ ਸਾਹਿਬਾਨ ਬਗੈਰ ਇਜਾਜ਼ਤ ਤੋਂ ਥੱਲੇ ਬੈਠੇ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । ਜਦੋਂ ਸੀ. ਐਮ. ਸਹਿਬ ਨੇ ਸਟੇਟਮੈਂਟ ਦੇ ਦਿਤੀ ਹੈ ਤਾਂ ਹੁਣ ਇਸ ਦੇ ਮੁਤੱਲਕ ਕੁਝ ਨਹੀਂ ਹੋ ਸਕਦਾ । ਹੁਣ ਕਾਲ ਅਟੈਨਸ਼ਨ ਮੋਸ਼ਨ ਸ਼੍ਰੀ ਗੁਪਤਾ ਜੀ ਤੁਸੀਂ ਪੜ੍ਹੋ।

**ਸ਼੍ਰੀ ਸਪੀਕਰ** : ਹਾਊਸ ਦਾ ਵਕਤ ਜ਼ਾਇਆ ਨਾ ਕਰੋ । (ਵਿਘਨ) ਕਾਲ ਅਟੈਨਸ਼ਨ ਨੰ : 19.

## CALL ATTENTION NOTICE UNDER RULE 66

(*Serial No.* 19)

**Shri Om Parkash Gupta**
**Shri Piara Ram Dhanowalia** : Sir, I beg to draw the attention of the Government towards a matter of urgent public importance, namely, water pollution and air pollution in Punjab, especially in Ludhiana. The Ludhiana is a main industrial town and largest city of the State having population of 8 lacs, is greately effected with pollution of ground water and air pollution, caused by effluents and smoke which carry chemical compounds and elements such as nickle, cromium and cynide. Due to this pollution the ground water at shallow depth and being used by the people has been greatly affecting the health of people of the Ilaqa. There is a great resentment amongst people of the Ilaqa on this issue, hence it is a fit matter for the Government to make a statement on the floor of the House.

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ** ** **

**ਸਰਦਾਰ ਦਲੀਪ ਸਿੰਘ ਪਾਂਧੀ**: : ** ** **

**ਸ਼੍ਰੀ ਸਪੀਕਰ** : ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ ।

(ਇਸ ਸਮੇਂ ਆਪੋਜੀਸ਼ਨ ਦੇ ਮਾਨਯੋਗ ਮੈਂਬਰ ਫਲੋਰ 'ਤੇ ਬੈਠੇ** ** ** ਕਹਿ ਰਹੇ ਸਨ ਜੋ ਕਿ ਸ਼੍ਰੀ ਸਪੀਕਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ।) (ਸ਼ੋਰ) (ਵਿਘਨ)।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਫਿਰ ਕਹਿਣਾ ਚਾਹੁੰਦਾ ਹਾਂ ਕਿ ਆਪੋਜੀਸ਼ਨ ਦੇ ਲੀਡਰ ਦਾ ਪਰਚਾ ਮੈਨੂੰ ਮਿਲਿਆ ਸੀ ਅਤੇ ਮੈਂ ਉਨ੍ਹਾਂ ਨੂੰ ਇਹ ਕਿਹਾ ਸੀ ਕਿ ਉਹ ਮੇਰੇ ਦਫਤਰ ਵਿਚ ਆ ਜਾਣ ਅਸੀਂ ਗੱਲ ਕਰ ਲਵਾਂਗੇ । ਮੈਂ ਉਸ ਤੇ ਸਟੈਂਡ ਕਰਦਾ ਹਾਂ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

(ਇਸ ਸਮੇਂ ਹੇਠਾਂ ਸਦਨ ਦੇ ਫਰਸ਼ ਤੇ ਬੈਠੇ ਆਪੋਜੀਸ਼ਨ ਦੇ ਮਾਨਯੋਗ ਮੈਂਬਰ ਬਹੁਤ ਸ਼ੋਰ ਪਾ ਰਹੇ ਸਨ, ਜੋ ਕਿ ਸ੍ਰੀ ਸਪੀਕਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ)

**ਸ੍ਰੀ ਸਪੀਕਰ** : ਜੋ ਕੁਝ ਇਹ ਆਪਣੀਆਂ ਸੀਟਾਂ ਤੋਂ ਬਗੈਰ ਬੋਲ ਰਹੇ ਸਨ, ਇਹ ਰਿਕਾਰਡ ਨਾ ਕੀਤਾ ਜਾਏ ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਸਪੀਕਰ ਸਾਹਬ, ਸੀ. ਐਮ. ਸਾਹਿਬ ਨੇ ਕਹਿ ਦਿਤਾ ਹੈ ਕਿ ਆਪੋਜੀਸ਼ਨ ਦੇ ਲੀਡਰ ਆਕੇ ਉਨ੍ਹਾਂ ਨਾਲ ਗੱਲ ਕਰ ਲੈਣ । ਫਿਰ ਮੈਂ ਸਮਝਦਾ ਹਾਂ ਕਿ ਇਹ ਗੱਲ ਵਧਾ ਰਹੇ ਹਨ ਅਤੇ ਹਾਊਸ ਦੀ ਪੁਜੀਸ਼ਨ ਨੂੰ ਖਰਾਬ ਕਰ ਰਹੇ ਹਨ । ਇਹ ਠੀਕ ਨਹੀਂ ਹੈ ।

(ਇਸ ਸਮੇਂ ਧਰਨੇ ਤੇ ਬੈਠੇ ਮਾਨਯੋਗ ਮੈਂਬਰ ** ** ** ਬੋਲੀ ਜਾ ਰਹੇ ਸਨ।)

**ਸ੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਏ ।

**ਸਰਦਾਰ ਜਗਦੇਵ ਸਿੰਘ ਜਸੋਵਾਲ** : ਸਪੀਕਰ ਸਾਹਿਬ, ਇਨ੍ਹਾਂ ਨੂੰ ਵੀ ਪਤਾ ਨਹੀਂ ਇਹ ਕੀ ਕਹਿ ਰਹੇ ਹਨ । ਇਹ ਥੱਲੇ ਆ ਕੇ ਬੈਠ ਗਏ ਹਨ । ਇਹ ਪੰਜਾਬ ਦੇ ਹਾਲਾਤ ਖਰਾਬ ਕਰਨਾ ਚਾਹੁੰਦੇ ਹਨ । ਇਨ੍ਹਾਂ ਨੂੰ ਪਤਾ ਨਹੀਂ ਕਿਸ ਨੂੰ ਮਾਰਿਆ ਗਿਆ ਹੈ । (ਵਿਘਨ)

(ਇਸ ਸਮੇਂ ਧਰਨੇ ਤੇ ਬੈਠੇ ਮਾਨਯੋਗ ਮੈਂਬਰ ** ** ** ਬੋਲੀ ਜਾ ਰਹੇ ਸਨ।)

**ਸ੍ਰੀ ਸਪੀਕਰ** : ਇਹ ਰਿਕਾਰਡ ਨਾ ਕੀਤਾ ਜਾਵੇ ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਜਦ ਤੁਹਾਨੂੰ ਲੀਡਰ ਆਫ ਦੀ ਹਾਊਸ ਨੇ ਕਹਿ ਦਿਤਾ ਹੈ ਕਿ ਲੀਡਰ ਆਫ ਦੀ ਆਪੋਜੀਸ਼ਨ ਆ ਕੇ ਗੱਲ ਕਰ ਲੈਣ ਤਾਂ ਫਿਰ ਤੁਹਾਨੂੰ ਆ ਕੇ ਗੱਲ ਕਰ ਲੈਣੀ ਚਾਹੀਦੀ ਹੈ । ਜੇ ਉਹ ਗੱਲ ਨਾ ਕਰਨ ਤਾਂ ਫਿਰ ਐਡਜਰਨਮੈਂਟ ਦੀ ਗਲ ਹੋਣੀ ਚਾਹੀਦੀ ਹੈ । ਸੀ. ਐਮ. ਸਾਹਿਬ ਗੱਲ ਸੁਣਨ ਨੂੰ ਤਿਆਰ ਹਨ । ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਮੈਂ ਪਤਾ ਕਰ ਲਵਾਂਗਾ । ਸੋ ਤੁਸੀਂ ਉਨ੍ਹਾਂ ਨਾਲ ਗੱਲ ਕਰ ਲਵੋ । ਪਰ ਜੇ ਤੁਸੀਂ ਹਾਊਸ ਦੀ ਮਰਿਆਦਾ ਭੰਗ ਕਰੋ ਤਾਂ ਉਹ ਗੱਲ ਠੀਕ ਨਹੀਂ ਹੈ ।

## PAPER LAID ON THE TABLE

**Finance Minister (Doctor Kewal Krishan) :** Sir, I beg to lay on the Table the Punjab Tourist Vehicles (First Amendment) Rules, 1980, as required under section 133(3) of the Motor Vehicles Act, 1939.

## FINANCIAL BUSINESS

### Supplementary Estimates (Second Instalment) for the year 1981-82

**Finance Minister (Doctor Kewal Krishan) :** Sir, I beg to present the Supplementary Estimates (2nd Instalment) for the year 1981-82.

**Not recorded as ordered by the Chair.

Original with;
Punjab Vidhan Sabha
Digitized by;
Panjab Digital Library

# PRESENTATION OF REPORT OF COMMITTEE ON ESTIMATES

**ਮੈਂਬਰ ਅਨੁਮਾਨ ਕਮੇਟੀ** (ਸਰਦਾਰ ਜਗਤ ਸਿੰਘ) : ਸ੍ਰੀਮਾਨ ਜੀ, ਮੈਂ ਸਪਲੀਮੈਂਟਰੀ ਐਸਟੀਮੇਟਸ (ਦੂਸਰੀ ਕਿਸ਼ਤ) ਸਾਲ 1981-82 ਤੇ ਅਨੁਮਾਨ ਕਮੇਟੀ ਦੀ ਰਿਪੋਰਟ ਸਦਨ ਸਾਹਮਣੇ ਪੇਸ਼ ਕਰਦਾ ਹਾਂ ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ । ਮੈਂ ਕਿਹਾ ਸੀ ਕਿ ਉਹ ਮੇਰੇ ਚੈਂਬਰ ਵਿਚ ਆ ਕੇ ਮੇਰੇ ਨਾਲ ਗੱਲ ਕਰ ਸਕਦੇ ਹਨ । ਉਨ੍ਹਾਂ ਨੇ ਮੰਨਿਆ ਵੀ ਸੀ । ਮੇਰਾ ਹੁਣ ਵੀ ਉਹੀ ਸਟੈਂਡ ਹੈ । ਉਹ ਚੈਂਬਰ ਵਿਚ ਆ ਕੇ ਗੱਲ ਕਰ ਲੈਣ । ਇਸ ਤਰ੍ਹਾਂ ਇਸ ਗੱਲ ਦਾ ਨਿਪਟਾਰਾ ਹੋ ਸਕਦਾ ਹੈ ।

**ਸ੍ਰੀ ਸਪੀਕਰ** : ਸੀ. ਐਮ. ਸਾਹਿਬ, ਤੁਸੀਂ ਕਿਹਾ ਹੈ ਕਿ ਲੀਡਰ ਆਫ ਦੀ ਆਪੋਜੀਸ਼ਨ ਆ ਕੇ ਗੱਲ ਕਰ ਲੈਣ । ਮੇਰਾ ਖਿਆਲ ਹੈ ਕਿ ਹੋਰ ਪਾਰਟੀਆਂ ਦੇ ਵੀ ਲੀਡਰ ਹਨ । ਉਨ੍ਹਾਂ ਨੂੰ ਵੀ ਬੁਲਾ ਲਵੋ ।

**ਮੁੱਖ ਮੰਤਰੀ** : ਠੀਕ ਹੈ ਜੀ ।

**ਸ੍ਰੀ ਸਪੀਕਰ** : ਲੀਡਰ ਆਫ ਦੀ ਆਪੋਜੀਸ਼ਨ ਅਤੇ ਹੋਰ ਪਾਰਟੀਆਂ ਦੇ ਲੀਡਰ ਸੀ. ਐਮ. ਨਾਲ ਗੱਲ ਕਰ ਲੈਣ । ਫਿਰ ਸੀ. ਐਮ. ਸਟੇਟਮੈਂਟ ਵੀ ਦੇ ਦੇਣਗੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਸੀ. ਐਮ. ਨੂੰ ਰਿਕੁਐਸਟ ਭੇਜੀ ਸੀ ਕਿ ਇਸ ਸਿਲਸਿਲੇ ਵਿਚ ਅਸੀਂ ਮਿਲਣਾ ਚਾਹੁੰਦੇ ਹਾਂ । ਮੇਰਾ ਭਾਵ ਇਹ ਸੀ ਕਿ ਉਥੇ ਦੀ ਪੰਚਾਇਤ ਅਤੇ ਪਿੰਡ ਦੇ ਕੁਝ ਬੰਦੇ ਆਏ ਹਨ । ਵੈਸੇ ਤਾਂ ਉਹ ਗਰੀਬ ਆਦਮੀ ਇਨ੍ਹਾਂ ਨੂੰ ਮਿਲ ਨਹੀਂ ਸਕਦੇ ਉਹ ਵੀ ਨਾਲ ਹੋਣਗੇ । ਸਾਰੀਆਂ ਪਾਰਟੀਆਂ ਦੇ ਲੀਡਰ ਹੋਣਗੇ । ਅਸੀਂ ਸਾਰੇ ਸੀ. ਐਮ. ਨਾਲ ਗੱਲ ਕਰ ਲਵਾਂਗੇ । ਮੈਂ ਕਹਿੰਦਾ ਹਾਂ ਕਿ ਇਹ ਆਪਣੀ ਪਾਰਟੀ ਦੇ ਵੀ ਹੋਰ ਬੰਦੇ ਵਿਚ ਲੈ ਲੈਣ ਉਥੇ ਸਾਰੇ ਜਣੇ ਗੱਲ ਬਾਤ ਕਰ ਲੈਣ । ਇਸ ਤਰ੍ਹਾਂ ਅਸੀਂ ਗੱਲ ਬਾਤ ਕਰਨ ਲਈ ਤਿਆਰ ਹਾਂ। ਸਪੀਕਰ ਸਾਹਿਬ, ਜੇ ਪੁਲਿਸ ਨੇ ਥੋੜਾ ਜਿਹਾ ਵੀ ਤਸ਼ੱਦਦ ਨਾ ਕੀਤਾ ਹੋਵੇ ਤਾਂ ਜੋ ਮਰਜ਼ੀ ਕਰ ਲੈਣ । ਜੇ ਪੁਲਿਸ ਨੇ ਤਸ਼ੱਦਦ ਕੀਤਾ ਹੈ ਅਤੇ ਉਹ ਸਾਬਤ ਹੋ ਜਾਵੇ ਤਾਂ ਇਸ ਵਿਚ ਜਿਹੜੇ ਆਫੀਸ਼ੀਅਲਜ਼ ਜਿੰਮੇਵਾਰ ਹਨ, ਉਨ੍ਹਾਂ ਦੇ ਖਿਲਾਫ ਐਕਸ਼ਨ ਲੈਣ ।

**ਸ੍ਰੀ ਸਪੀਕਰ** : ਡੈਮੋਕਰੇਸੀ ਦਾ ਸਿਵੈਲਾਈਜ਼ਡ ਤਰੀਕਾ ਹੈ ਅਤੇ ਉਸ ਮੁਤਾਬਿਕ ਸੀ. ਐਮ. ਨੇ ਜੋ ਕਿਹਾ ਹੈ ਤੁਸੀਂ ਉਨ੍ਹਾਂ ਨਾਲ ਗੱਲ ਕਰ ਲਵੋ । ਮੈਂ, ਸੀ. ਐਮ. ਨੂੰ ਸੁਜੈਸਟ ਕੀਤਾ ਸੀ ਕਿ ਹੋਰ ਪਾਰਟੀਆਂ ਦੇ ਵੀ ਲੀਡਰ ਆ ਜਾਣ ਤਾਂ ਉਨ੍ਹਾਂ ਨੇ ਕਿਹਾ ਕਿ ਠੀਕ ਹੈ ਆ ਜਾਣ । ਸੋ ਤੁਸੀਂ ਸੀ. ਐਮ. ਨਾਲ ਗੱਲ ਕਰ ਲਵੋ । ਤੁਸੀਂ ਉਥੇ ਚੈਂਬਰ ਵਿਚ ਆ ਕੇ ਡਿਸਕੱਸ ਕਰ ਲਵੋ । ਜੋ ਤੁਸੀਂ ਕਰ ਲਵੋਗੇ ਉਹ ਹਾਊਸ ਨੂੰ ਮੰਨਜ਼ੂਰ ਹੋਵੇਗਾ, ਸਾਰੇ ਪੰਜਾਬ ਨੂੰ ਮੰਨਜ਼ੂਰ ਹੋਵੇਗਾ । ਤੁਸੀਂ ਉਥੇ ਗੱਲ ਕਰ ਲੈਣਾ ਅਤੇ ਇਸ ਤਰ੍ਹਾਂ ਹਾਊਸ ਦਾ ਸਮਾਂ ਜ਼ਾਇਆ ਨਾ ਕਰੋ । (ਥੰਪਿੰਗ)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਪਹਿਲਾਂ ਤੁਸੀਂ ਆਪਣੀ ਸੀਟ ਤੇ ਚਲੇ ਜਾਓ ।

(ਇਸ ਵਕਤ ਮਾਨਯੋਗ ਮੈਂਬਰ, ਮਾਸਟਰ ਚੰਦ ਸਿੰਘ, ਆਪਣੀ ਸੀਟ ਤੇ ਚਲੇ ਗਏ।)

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਹੁਤ ਅਹਿਮ ਮਸਲਾ ਹੈ । ਚਾਹੀਦਾ ਤਾਂ ਇਹ ਹੈ ਕਿ ਜਦੋਂ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਇਸ ਗੱਲ ਦੀ ਮੰਗ ਕਰਦੀਆਂ ਹਨ ਕਿ ਹਾਊਸ ਦੀ ਇਕ ਕਮੇਟੀ ਬਣਾ ਦਿਤੀ ਤਾਵੇ ਤਾਂ ਇਹ ਕਮੇਟੀ ਬਣਾ ਦਿਤੀ ਜਾਵੇ । ਦੂਸਰਾ, ਤੁਸੀਂ ਹਾਊਸ ਐਡਜਰਨ ਕਰਕੇ ਆਪਣੇ ਚੈਂਬਰ ਵਿਚ ਬੁਲਾ ਲਓ ਤਾਂ ਕਿ ਖੁਲ੍ਹ ਕੇ ਉਥੇ ਗੱਲ ਬਾਤ ਹੋ ਸਕੇ । ਲੋਕਾਂ ਵਿਚ ਬਹੁਤ ਰੋਸ ਹੈ । ਪੁਲਿਸ ਬਹੁਤ ਜ਼ਬਰ ਕਰ ਰਹੀ ਹੈ।

**ਸ਼੍ਰੀ ਸਪੀਕਰ** : ਤੁਸੀਂ ਲੀਡਰ ਆਫ ਦੀ ਹਾਊਸ ਨਾਲ ਗੱਲ ਬਾਤ ਕਰਕੇ ਉਨ੍ਹਾਂ ਦਾ ਵਿਊ ਪੁਆਇੰਟ ਲੈ ਲਵੋ । ਜੇ ਫਿਰ ਵੀ ਤੁਹਾਡੀ ਤਸੱਲੀ ਨਾ ਹੋਵੇ ਤਾਂ ਫਿਰ ਹਾਊਸ ਵਿਚ ਗੱਲ ਕਰ ਲੈਣਾ ।

## RESUMPTION OF DISCUSSION ON GOVERNOR'S ADDRESS

**Mr. Speaker** : Now there is another amendment to the Motion of Thanks to the Governor's Address given notice of by Sardar Tara Singh Lyalpuri, M.L.A. If the House agrees, this may also be deemed to have been read and moved and may be discussed with the Motion of Thanks.

(*Voices* : *Yes, Yes.*)

2. **Sardar Tara Singh Lyalpuri** : That in the motion, the following be added at the end, namely :—

> "but regret that no mention has been made in the Address to the effect that the Punjab Government is committed for getting Chandigarh, Fazilka, Abohar and other Punjabi speaking areas included in Punjab in the national interest."

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਅਸੀਂ ਇਸ ਚੀਜ਼ ਤੇ ਐਗਰੀ ਕਰਦੇ ਹਾਂ ਕਿ ਚੀਫ ਮਨਿਸਟਰ ਸਾਹਿਬ ਆ ਜਾਣ ਅਤੇ ਅਸੀਂ ਸਾਰੀਆਂ ਪਾਰਟੀਆਂ ਦੇ ਨੁਮਾਂਇੰਦੇ ਉਨ੍ਹਾਂ ਨੂੰ ਮਿਲ ਲੈਂਦੇ ਹਾਂ ।

**ਸ਼੍ਰੀ ਸਪੀਕਰ** : ਠੀਕ ਹੈ ।

**ਮੁੱਖ ਮੰਤਰੀ** : ਹਾਊਸ ਦੀ ਕਾਰਵਾਈ ਚਲਦੀ ਰਹੇ, ਮੈਂ ਚਲਾ ਜਾਂਦਾ ਹਾਂ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 19 ਤਾਂ ਪੜ੍ਹ ਬੈਠਾ ਹਾਂ ਪਰ ਇੰਡਸਰੀ ਮਨਿਸਟਰ ਸਾਹਿਬ ਦਾ ਜਵਾਬ ਸੁਣਾਈ ਨਹੀਂ ਦਿਤਾ । ਉਸ ਦਾ ਦੁਬਾਰਾ ਮਨਿਸਟਰ ਸਾਹਿਬ ਜਵਾਬ ਦੇ ਦੇਣ ਅਤੇ ਉਸ ਤੋਂ ਬਾਅਦ ਮੈਂ ਸਪਲੀਮੈਂਟਰੀ ਕਰ ਲਵਾਂਗਾ ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਜੋ ਸ਼ੋਰ ਸ਼ਰਾਬਾ ਹੁਣ ਤੱਕ ਹੋਇਆ ਹੈ ਕੀ ਉਹ ਸਾਰੀ ਕਾਰਵਾਈ ਤੁਸੀਂ ਐਕਸਪੰਜ ਕਰ ਦਿਤੀ ਹੈ, ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕਰਵਾ ਦਿੱਤੀ ਹੈ ।

ਗੁਪਤਾ ਸਾਹਿਬ, ਤੁਸੀਂ ਉਤਨੀ ਦੇਰ 25 ਨੰਬਰ ਕਾਲ ਅਟੈਨਸ਼ਨ ਮੋਸ਼ਨ ਪੜ੍ਹ ਦਿਓ। ਕਾਲ ਅਟੈਨਸ਼ਨ ਮੋਸ਼ਨ ਨੰਬਰ 19 ਦੇ ਬਾਰੇ ਲਗਦਾ ਹੈ ਕਿ ਮਨਿਸਟਰ ਸਾਹਿਬ ਨੇ ਫਾਈਲ ਮੰਗਵਾਈ ਹੈ।

## CALL ATTENTION NOTICES UNDER RULE 66 (*Resumption*)

(*Serial No.* 25)

**Shri Om Parkash Gupta**
**Prof. Darbari Lal**
**Shri Ram Lal Chitti**

Sir, I beg to draw the attention of the Government towards a matter of urgent public importance, namely, non-development of Corporation areas of Ludhiana, Amritsar and Jullundur in view of the heavy loss being incurred by these Corporations on account of transferred bus services. There is great resentment amongst the people of these cities on this account. The Government should reimburse the passenger tax recovered from them to the Corporations to compensate the loss. The Government may please make a statement.

**Local Government Minister (Shri Sardari Lal Kapoor) :** The bus service in the Corporation towns was transferred to the Municipal Corporations alongwith staff on 1st January, 1980. It is correct that all the Corporations have suffered losses. It amounts to Rs. 64.40 lacs, Rs. 45.78 lacs and Rs. 64.00 lacs, in the cases of Amritsar (upto 31st December, 1981), Jullundur (upto 30th November, 1981) and Ludhiana (upto 31st December, 1981) respectively. Efforts are however, being made to reduce the losses by introducing new buses and improving the efficiency thereof. Even reimbursement of passenger tax will not entirely offset these losses. However, the suggestion of the Hon'ble Members will be duly considered.

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਸਾਡੀ ਇਹ ਮੰਗ ਸੀ ਕਿ ਪੈਸੰਜਰ ਟੈਕਸ ਜਿਹੜਾ ਰਿਕਵਰ ਕੀਤਾ ਜਾਵੇ ਉਹ ਕਾਰਪੋਰੇਸ਼ਨ ਨੂੰ ਦਿਤਾ ਜਾਵੇ । ਉਸ ਦੇ ਬਾਰੇ ਵਜ਼ੀਰ ਸਾਹਿਬ ਨੇ 'ਨਾਂਹ' ਕਰ ਦਿਤੀ ਹੈ ।

**ਸ੍ਰੀ ਸਪੀਕਰ** : ਨਾਂਹ ਨਹੀਂ ਕੀਤੀ, ਅੰਡਰ ਕੰਸਿਡਰੇਸ਼ਨ ਕਿਹਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਨਾਂਹ ਹੀ ਕਰ ਦਿਤੀ ਹੈ ਜੀ । ਬੇਨਤੀ ਇਹ ਹੈ ਕਿ ਜੇ ਇਨ੍ਹਾਂ ਨੇ ਪੈਸੰਜਰ ਟੈਕਸ ਵੀ ਕਾਰਪੋਰੇਸ਼ਨ ਨੂੰ ਨਹੀਂ ਦੇਣਾ ਤਾਂ ਇਹ ਚੱਲੇਗੀ ਕਿਵੇਂ । ਜਦੋਂ ਕਾਰਪੋਰੇਸ਼ਨ ਬਣੀ ਸੀ ਤਾਂ ਇਹ ਵਾਇਦਾ ਕੀਤਾ ਗਿਆ ਸੀ ਕਿ ਰੋਡ ਟੈਕਸ ਜੋ ਹੈ ਜਾਂ ਦੂਸਰੇ ਲੋਕਲ ਟੈਕਸਿਜ਼ ਜੋ ਰਿਕਵਰ ਕਰਨੇ ਹਨ ਉਨ੍ਹਾਂ ਦਾ ਹਿੱਸਾ ਕਾਰਪੋਰੇਸ਼ਨ ਨੂੰ ਦੇਣਗੇ । ਜਾਂ ਤਾਂ ਕਾਰਪੋਰੇਸ਼ਨ ਤੋੜ ਕੇ ਮੁੜ ਕੇ ਕਮੇਟੀਆਂ ਬਣਾ ਦਿਓ । ਜੇ ਕਾਰਪੋਰੇਸ਼ਨਾਂ ਬਣਾਈਆ ਹਨ ਤਾਂ ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਡਿਵੈਲਪਮੈਂਟ ਵਾਸਤੇ ਖਰਚਾ ਬਹੁਤਾ ਚਾਹੀਦਾ ਹੈ ਕਿਉਂਕਿ ਸਟਾਫ ਬਹੁਤਾ ਹੈ । ਇਸ ਨੂੰ ਪੂਰਾ ਕਰਨ ਵਾਸਤੇ ਸਰਕਾਰ ਜੋ ਲੋਕਲ ਬੱਸ ਸਰਵਿਸ ਹੈ ਉਹ ਮੁੜ ਕੇ ਲੈ ਲਵੇ ਤਾਂਕਿ ਕੁਝ ਤਾਂ ਉਨ੍ਹਾਂ ਨੂੰ ਰਿਲੀਫ ਹੋ ਸਕੇ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਨ੍ਹਾਂ ਹਾਲਾਤ ਵਿਚ ਕਾਰਪੋਰੇਸ਼ਨ ਸ਼ਹਿਰਾਂ ਦੀ ਡਿਵੈਲਪਮੈਂਟ ਕਿਸ ਤਰ੍ਹਾਂ ਕਰ ਸਕੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਕਲੀਅਰ ਜਵਾਬ ਦਿਤਾ ਹੈ ਕਿ ਪੈਸੇਂਜਰ ਟੈਕਸ ਜਿਹੜਾ ਹੈ ਇਕੱਲੇ ਇਸ ਦੇ ਦੇਣ ਨਾਲ ਵੀ ਸਾਰਾ ਲਾਸ ਨਹੀਂ ਘੱਟਦਾ । ਇਹ ਠੀਕ ਹੈ ਕਿ ਕੁਝ ਲਾਸ ਘੱਟਦਾ ਹੈ । ਇਸ ਦੀ ਰਿਇੰਬਰਸਮੈਂਟ ਲਈ ਮੈਂ ਐਫ. ਐਮ. ਸਾਹਿਬ ਨਾਲ ਗੱਲ ਕਰਾਂਗਾ। ਮੈਂ ਇਹ ਵੀ ਕਿਹਾ ਹੈ ਕਿ ਬੱਸਾਂ ਨੂੰ ਦਰੁਸਤ ਚਲਾਉਣ ਲਈ ਅਤੇ ਘਾਟੇ ਨੂੰ ਰੋਕਣ ਲਈ ਕੁਝ ਨਵੀਆਂ ਬੱਸਾਂ ਲਈਆਂ ਜਾਣਗੀਆਂ ਅਤੇ ਕੁਝ ਲਈਆਂ ਵੀ ਹਨ । ਅੱਗੇ ਨੂੰ ਵੀ ਕਾਰਪੋਰੇਸ਼ਨ ਦੇ ਘਾਟੇ ਨੂੰ ਪੂਰਾ ਕਰਨ ਲਈ ਹੋਰ ਉਪਰਾਲੇ ਕੀਤੇ ਜਾਣਗੇ ।

**ਸ੍ਰੀ ਸਪੀਕਰ** : ਗੁਪਤਾ ਸਾਹਿਬ ਦਾ ਮਤਲਬ ਹੈ ਕਿ ਰੀਇਮਬਰਸਮੈਂਟ ਦਾ ਫੈਸਲਾ ਕਰਨਾ ਹੈ ਜਾਂ ਜੋ ਵੀ ਫੈਸਲਾ ਕਰਨਾ ਹੈ ਉਹ ਜਲਦੀ ਤੋਂ ਜਲਦੀ ਕਰ ਦਿਤਾ ਜਾਵੇ ।

**ਮੰਤਰੀ** : ਠੀਕ ਹੈ ਜੀ । ਜਲਦੀ ਤੋਂ ਜਲਦੀ ਫੈਸਲਾ ਕਰ ਦਿਤਾ ਜਾਵੇਗਾ ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਅੰਮ੍ਰਿਤਸਰ ਵਿੱਚ ਪਿਛਲੇ ਦੋ ਸਾਲਾਂ ਦੇ ਦੌਰਾਨ 64.40 ਲੱਖ ਰੁਪਏ ਦਾ ਕਾਰਪੋਰੇਸ਼ਨ ਨੂੰ ਘਾਟਾ ਪਿਆ ਹੈ। ਕਾਰਪੋਰੇਸ਼ਨ ਦੇ ਰਿਸੋਰਸਿਜ਼ ਵੀ ਲਿਮਿਟਿਡ ਹਨ ਅਤੇ ਸਾਡੇ ਸ਼ਹਿਰਾਂ ਵਿਚ ਅਗੇ ਨਾਲੋਂ ਕੰਡੀਸ਼ਨ ਵੀ ਤਕਰੀਬਨ ਡੇਪਲੋਰੇਬਲ ਹੈ। ਮੇਰੀ ਬੇਨਤੀ ਹੈ ਕਿ ਜਿਹੜੀਆਂ ਬੱਸਾਂ ਸਟੇਟ ਟਰਾਂਸਪੋਰਟ ਕੋਲੋਂ ਲਈਆਂ ਹਨ ਉਨ੍ਹਾਂ ਨੂੰ ਉਹ ਵਾਪਸ ਕਰਨ ਕਿਉਂਕਿ ਸਟੇਟ ਟਰਾਂਸਪੋਰਟ ਦੀਆਂ ਬੱਸਿਜ਼ ਅੱਛੀ ਤਰ੍ਹਾਂ ਨਹੀਂ ਚਲ ਰਹੀਆਂ । 64.40 ਲੱਖ ਰੁਪਏ ਦਾ ਕਾਰਪੋਰੇਸ਼ਨ ਨੂੰ ਘਾਟਾ ਪਿਆ ਹੈ। ਜੇ ਇਹ ਇਸ ਤਰ੍ਹਾਂ ਕਰ ਦੇਣ ਤਾਂ ਜਿਹੜਾ ਘਾਟਾ ਹੈ ਉਹ ਕਿਸੇ ਹੋਰ ਪਾਸੇ ਲਗ ਸਕਦਾ ਹੈ। ਕਾਰ-ਪੋਰੇਸ਼ਨ ਵੱਲੋਂ ਆਲਰੇਡੀ ਲੋਕਾਂ ਤੇ ਬਹੁਤ ਟੈਕਸ ਲਗਾਏ ਗਏ ਹਨ ਜਿਸ ਤਰ੍ਹਾਂ ਹਾਊਸ ਟੈਕਸ ਹੈ, ਸੀਵਰ ਟੈਕਸ ਹੈ ਆਦਿ । ਲੋਕੀਂ ਆਲਰੇਡੀ ਓਵਰ-ਬਰਡਨਡ ਹਨ। ਇਸ ਘਾਟੇ ਨੂੰ ਪੂਰਾ ਕਰਨ ਲਈ ਕਾਰਪੋਰੇਸ਼ਨ ਨੂੰ ਹੋਰ ਟੈਕਸ ਲਾਉਣੇ ਪੈਣਗੇ ਜਿਸ ਨਾਲ ਉਥੇ ਦੇ ਲੋਕਾਂ ਦੀ ਹਾਲਤ ਖਰਾਬ ਹੋ ਜਾਏਗੀ । ਕੀ ਮਨਿਸਟਰ ਸਾਹਿਬ ਕਾਰਪੋਰੇਸ਼ਨ ਤੋਂ ਉਹ ਬੱਸਾਂ ਵਾਪਸ ਲੈਣ ਦੀ ਖੇਚਲ ਕਰਨਗੇ ?

**ਮੰਤਰੀ** : ਮੈਂ ਇਸ ਮਸਲੇ ਤੇ ਸੀਰੀਅਸਲੀ ਥਿੰਕ ਕੀਤਾ ਹੈ। ਮੈਂ ਸਮਝਦਾ ਹਾਂ ਕਿ ਜਿਹੜਾ ਕਾਰਪੋਰੇਸ਼ਨਾਂ ਨੂੰ ਘਾਟਾ ਪੈਂਦਾ ਹੈ ਇਸ ਦੇ ਨਾਲ ਵਾਕਈ ਡਿਵੈਲਪਮੈਂਟ ਦਾ ਕੰਮ ਰੁਕ ਜਾਂਦਾ ਹੈ । ਇਸ ਘਾਟੇ ਨੂੰ ਠੀਕ ਕੀਤਾ ਜਾਏਗਾ, ਪੂਰਾ ਕੀਤਾ ਜਾਏਗਾ ਨਵੀਆਂ ਬੱਸਾਂ ਚਲਾ ਕੇ । ਇਸ ਤੋਂ ਇਲਾਵਾ ਜੋ ਕੋਈ ਕਮੀਆਂ ਹਨ ਉਨ੍ਹਾਂ ਨੂੰ ਠੀਕ ਕੀਤਾ ਜਾਏਗਾ । ਅਗਰ ਕੋਈ ਕੰਡਕਟਰ ਵਗੈਰਾ ਖਰਾਬੀ ਕਰਦੇ ਹੋਣਗੇ, ਉਨ੍ਹਾਂ ਨੂੰ ਵੀ ਠੀਕ ਕੀਤਾ ਜਾਏਗਾ ।

**ਸ੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਾਲ ਅਟੈਨਸ਼ਨ ਮੋਸ਼ਨ ਦਾ ਜਵਾਬ ਦਿੰਦਿਆਂ ਦਸਿਆ ਹੈ ਕਿ ਨਵੰਬਰ ਦੇ ਮਹੀਨੇ ਵਿਚ ਜਲੰਧਰ ਦੀ ਕਾਰਪੋਰੇਸ਼ਨ ਨੂੰ 45.78 ਲੱਖ ਰੁਪਏ ਦਾ ਘਾਟਾ ਪਿਆ ਹੈ । ਅਗਰ ਇਸ ਤਰ੍ਹਾਂ ਲੱਖਾਂ ਰੁਪਏ ਦਾ ਘਾਟਾ ਕਾਰਪੋਰੇਸ਼ਨ ਨੂੰ ਪਏਗਾ ਤਾਂ ਪ੍ਰੋਫੈਸਰ ਸਾਹਿਬ ਦੀ ਗਲ ਠੀਕ ਹੈ ਕਿ ਕਾਰਪੋਰੇਸ਼ਨ ਦੇ ਸਾਰੇ ਡਿਵੈਲਪਮੈਂਟ ਦੇ ਕੰਮ ਰੁਕ ਜਾਣਗੇ। ਇਹ ਜਿਹੜਾ ਪੈਸੰਜਰ ਟੈਕਸ ਸਰਕਾਰ ਲੈਂਦੀ ਹੈ ਉਸ ਦਾ ਹਿੱਸਾ ਕਾਰਪੋਰੇਸ਼ਨ ਨੂੰ ਦੇਣਾ ਚਾਹੀਦਾ ਹੈ । ਇਸ ਤੋਂ ਇਲਾਵਾ ਸਰਕਾਰ ਕਾਰਪੋਰੇਸ਼ਨ ਤੋਂ ਰੋਡ ਟੈਕਸ ਕਿਹੜੀ ਗਲ ਦਾ ਲੈਂਦੀ ਹੈ ਜਦੋਂ ਕਿ ਉਹ ਬੱਸਾਂ ਮਿਉਂਸਪਲ ਹਦੂਦ ਵਿਚ ਹੀ ਚਲਦੀਆਂ ਹਨ । ਬਾਦਲ ਸਰਕਾਰ ਨੇ ਰੋਡਵੇਜ਼ ਦੇ ਘਾਟੇ ਨੂੰ ਪੂਰਾ

Original with;
Punjab Vidhan Sabha
Digitized by;
Panjab Digital Library

ਕਰਨ ਲਈ ਜਿਹੜੀਆਂ ਵੀ ਕੰਡਮ ਬੱਸਾਂ ਸਨ ਉਹ ਕਾਰਪੋਰੇਸ਼ਨਾਂ ਨੂੰ ਦੇ ਦਿਤੀਆਂ। ਜਾਂ ਤਾਂ ਉਹ ਬਸਾਂ ਕਾਰਪੋਰੇਸ਼ਨਾਂ ਤੋਂ ਵਾਪਸ ਲੈ ਲਈਆਂ ਜਾਣ ਜਾਂ ਪੰਜਾਬ ਗੌਰਮਿੰਟ ਕਾਰਪੋਰੇਸ਼ਨਾਂ ਨੂੰ ਲੋਨ ਲਈ ਨਵੀਆਂ ਬੱਸਾਂ ਖਰੀਦਣ ਲਈ ਗਰਾਂਟ ਦੇਵੇ। ਘੱਟੋ ਘੱਟ 20, 25 ਬੱਸਾਂ ਦਾ ਫਲੀਟ ਲੈ ਕੇ ਦਿਤਾ ਜਾਏ।

**ਮੰਤਰੀ :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂ ਜਵਾਬ ਤਾਂ ਪੂਰੇ ਤੌਰ ਤੇ ਦੇ ਚੁਕਾ ਹਾਂ। ਜਿਹੜੀ ਮਾਨਯੋਗ ਮੈਂਬਰ ਦੀ ਗਲ ਹੈ ਉਸ ਬਾਰੇ ਮੈਂ ਹਮੇਸ਼ਾਂ ਖਿਆਲ ਰਖਾਂਗਾ। ਮੈਂ ਖੁਦ ਜਾਣਦਾ ਹਾਂ ਕਿ ਮੌਜੂਦਾ ਹਾਲਾਤ ਵਿਚ ਕਾਰਪੋਰੇਸ਼ਨਾਂ ਵਿਚ ਜਿਹੜੇ ਡਿਵੈਲਪਮੈਂਟ ਦੇ ਕੰਮ ਹਨ ਉਹ ਨਹੀਂ ਹੋ ਸਕਦੇ। ਅਗਰ ਘਾਟਾ ਪਏਗਾ ਤਾਂ ਘਾਟੇ ਨੂੰ ਦਰੁਸਤ ਕੀਤਾ ਜਾਏਗਾ। ਮੈਂਬਰ ਸਾਹਿਬ ਦੇ ਜਜ਼ਬਾਤ ਬਾਰੇ, ਗੌਰਮਿੰਟ ਲੈਵਲ ਤੇ ਅਤੇ ਐਫ. ਐਮ. ਸਾਹਿਬ ਨਾਲ ਗਲ ਬਾਤ ਕਰਕੇ ਘਾਟਾ ਠੀਕ ਕਰਾਂਗੇ।

(*Serial No.* 19)

**Shri Om Parkash Gupta**
**Shri Piara Ram Dhanowalia** } : Sir, I beg to draw the attention of the Government towards a matter of urgent public importance, namely, water pollution and air pollution in Punjab, especially in Ludhiana. The Ludhiana is a main industrial town and largest city of the State having population of 8 lacs, is greatly effected with pollution of ground water and air pollution, caused by effluents and smoke which carry chemical compounds and elements such as nickel, cromium and cynide. Due to this pollution the ground water at shallow depth and being used by the people has been greatly affecting the health of people of the Ilaqa. There is a great resentment amongst the people of the Ilaqa on this issue, hence it is a fit matter for the Government to make a statement on the floor of the House.

**ਰਾਜ ਮੰਤਰੀ, ਮੁੜ-ਵਸਾਉ ਅਤੇ ਜਨ ਸਿਹਤ** (ਸਰਦਾਰ ਦਰਸ਼ਨ ਸਿੰਘ ਕੇ. ਪੀ.) : ਪੰਜਾਬ ਸਰਕਾਰ ਲੁਧਿਆਣੇ ਅਤੇ ਹੋਰ ਸ਼ਹਿਰਾਂ ਵਿਚ ਫੈਕਟਰੀਆਂ ਰਾਹੀਂ ਸੁੱਟੇ ਜਾਣ ਵਾਲੇ ਗੰਦੇ ਪਾਣੀ ਅਤੇ ਗੰਦੀ ਹਵਾ ਦੀ ਸਮੱਸਿਆ ਨਾਲ ਪੂਰੀ ਤਰ੍ਹਾਂ ਜਾਣੂ ਹੈ ਅਤੇ ਇਸ ਨੂੰ ਰੋਕਣ ਲਈ ਪੂਰੇ ਯਤਨ ਕੀਤੇ ਜਾ ਰਹੇ ਹਨ। ਇਸ ਵੇਲੇ 15 ਕਾਰਖਾਨਿਆਂ ਦੇ ਵਿਰੁੱਧ ਗੰਦੇ ਪਾਣੀ ਨੂੰ ਠੀਕ ਨਾ ਕਰ ਕੇ ਸੁੱਟਣ ਕਾਰਨ ਕਚਹਿਰੀ ਵਿਚ ਮੁਕਦਮੇ ਚਲਾਏ ਗਏ ਹਨ। ਜਿਨ੍ਹਾਂ ਵਿਚੋਂ 5 ਕਾਰਖਾਨੇ ਲੁਧਿਆਣੇ ਦੇ ਵੀ ਹਨ। ਸਮੱਸਿਆ ਦਾ ਹੱਲ ਪੂਰੀ ਤਰ੍ਹਾਂ ਤਾਂ ਹੀ ਹੋਵੇਗਾ ਜਦੋਂ ਇਨ੍ਹਾਂ ਸ਼ਹਿਰਾਂ ਵਿਚ ਸੀਵਰ ਪੈ ਜਾਵੇਗਾ ਅਤੇ ਸੀਵਰ ਪਾਉਣ ਦਾ ਕੰਮ ਸਰਕਾਰ ਨੇ ਵਿਸ਼ਵ ਬੈਂਕ ਤੋਂ ਕਰਜ਼ਾ ਲੈ ਕੇ ਅੱਗੇ ਹੀ ਬੜੀ ਤੇਜ਼ੀ ਨਾਲ ਚਾਲੂ ਕੀਤਾ ਹੋਇਆ ਹੈ। ਸ਼ਹਿਰਾਂ ਵਿਚ ਫੈਕਟਰੀਆਂ ਦੇ ਧੂੰਏਂ ਨਾਲ ਹਵਾ ਦੀ ਗੰਦਗੀ ਨੂੰ ਦੂਰ ਕਰਨ ਹਿਤ 40 ਫੈਕਟਰੀਆਂ ਨੂੰ ਨੋਟਿਸ ਜਾਰੀ ਕੀਤੇ ਜਾ ਚੁਕੇ ਹਨ। ਇਸ ਬਾਰੇ ਕਾਨੂੰਨ ਭਾਰਤ ਸਰਕਾਰ ਵੱਲੋਂ ਕੇਵਲ 1981 ਵਿਚ ਬਣਾਇਆ ਗਿਆ ਹੈ ਅਤੇ ਇਸ ਕਾਨੂੰਨ ਨੂੰ ਸਖਤੀ ਨਾਲ ਲਾਗੂ ਕਰਨ ਵਾਸਤੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

ਲੁਧਿਆਣਾ ਵਿਚ ਹੀਰੋ ਸਾਈਕਲ ਦੀ ਫੈਕਟਰੀ ਨੇ ਪਾਣੀ ਨੂੰ ਸਾਫ ਕਰਨ ਵਾਲਾ ਯੰਤਰ ਲਗਾ ਲਿਆ ਹੈ ਅਤੇ ਰਾਲਸਨ ਫੈਕਟਰੀ ਨੇ ਯੰਤਰ ਦੇ ਆਰਡਰ ਦੇ ਦਿੱਤੇ ਹਨ। ਇਸੇ ਤਰ੍ਹਾਂ ਚਲਾਨਾਂ ਆਦਿ ਤੋਂ ਡਰਦੇ ਬਾਕੀ ਦੇ ਕਾਰਖਾਨੇ ਵੀ ਪਾਣੀ ਸਾਫ ਕਰਨ ਵਾਲੀ ਮਸ਼ੀਨਰੀ ਲਗਵਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਮੁੜ-ਵਸਾਊ ਅਤੇ ਜਨ ਸਿਹਤ]

ਹਵਾ ਦਾ ਜ਼ਹਿਰੀਲਾਪਨ ਟੈਸਟ ਕਰਨ ਵਾਸਤੇ ਅਗਲੇ ਸਾਲ ਲਬਾਟਰੀ ਦੀ ਸਥਾਪਨਾ ਕਰਨ ਦੀ ਤਜਵੀਜ਼ ਹੈ । ਪਾਣੀ ਨੂੰ ਟੈਸਟ ਕਰਨ ਦੀ ਲਬਾਰਟਰੀ ਅੱਗੇ ਹੀ ਕਾਇਮ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਜਿਹੜਾ ਦਿਤਾ ਹੈ ਬੜਾ ਮੋਮਲ ਰਿਹਾ ਹੈ । ਜਿੰਨੀ ਅਰਜੰਸੀ ਹੈ ਉਹ ਨਹੀਂ ਦਿਖਾਈ । ਪੰਜਾਬ ਦੇ ਅੰਦਰ 50 ਹਜ਼ਾਰ ਕਾਰਖਾਨੇ ਹਨ । 5, 7 ਦਾ ਚਲਾਨ ਕਰ ਦੇਣਾ ਕੋਈ ਇਸ ਸਮੱਸਿਆ ਦਾ ਹੱਲ ਨਹੀਂ । ਇਹ ਪਾਣੀ ਸੀਵਰੇਜ ਨੂੰ ਤੋੜ ਦਿੰਦਾ ਹੈ । ਇਸ ਦੇ ਵਾਸਤੇ ਤਾਂ ਕਿਤੇ ਪਾਣੀ ਇਕੱਠਾ ਕਰਕੇ ਅਤੇ ਸਾਫ ਕਰਕੇ ਹੀ ਸੀਵਰ ਵਿਚ ਪਾਇਆ ਜਾ ਸਕਦਾ ਹੈ । ਅਗਰ ਕੋਈ ਹੋਰ ਹੱਲ ਨਹੀਂ ਨਿਕਲ ਸਕਦਾ ਤਾਂ ਕੀ ਸਰਕਾਰ ਸੋਚੇਗੀ ਕਿ ਜਿਹੜਾ ਨਾਲਾ ਚਲਦਾ ਹੈ ਉਸ ਵਿਚ ਇਹ ਪਾਣੀ ਪਾ ਕੇ ਠੀਕ ਕੀਤਾ ਜਾਏ ਔਰ ਫਿਰ ਸਿਵਰ ਵਿਚ ਸੁਟਿਆ ਜਾਏ ? ਕੀ ਇਹ ਉਪਰਾਲਾ ਕੀਤਾ ਜਾਏਗਾ ?

**ਰਾਜ ਮੰਤਰੀ, (ਮੁੜ ਵਸਾਊ ਅਤੇ ਜਨ ਸਿਹਤ) :** ਮੈਂ ਮੈਂਬਰ ਸਾਹਿਬ ਦੀ ਤਸੱਲੀ ਕਰਾਉਂਦਾ ਹੋਇਆ ਦਸਦਾ ਹਾਂ ਕਿ 1981 ਵਿਚ ਜੋ ਐਕਟ ਬਣਿਆ ਹੈ ਉਸ ਦੇ ਥੱਲੇ ਚਲਾਨ ਕੀਤੇ ਜਾਣਗੇ ਔਰ ਜੋ ਅੱਗੇ ਨੂੰ ਨਵੀਆਂ ਫੈਕਟਰੀਆਂ ਲਗਣਗੀਆਂ ਉਨ੍ਹਾਂ ਵਾਸਤੇ ਟਰੀਟਮੈਂਟ ਪਲਾਂਟ ਪਹਿਲੋਂ ਲਗਵਾ-ਇਆ ਜਾਏਗਾ । ਉਹ ਇਨ੍ਹਾਂ ਚੀਜ਼ਾਂ ਦੇ ਜ਼ਿੰਮੇਵਾਰ ਹੋਣਗੇ । ਇਸ ਸਬੰਧੀ ਸਰਕਾਰ ਸਖਤੀ ਨਾਲ ਕਦਮ ਚੁਕ ਰਹੀ ਹੈ ।

**ਸ਼੍ਰੀ ਪਿਆਰਾ ਰਾਮ ਧੰਨੋਵਾਲੀਆ :** ਸਪੀਕਰ ਸਾਹਿਬ, 50 ਹਜ਼ਾਰ ਪੰਜਾਬ ਵਿਚ ਫੈਕਟਰੀਆਂ ਹਨ । 15 ਫੈਕਟਰੀਆਂ ਦੇ ਵਿਰੁਧ water pollution act ਅਧੀਨ ਮੁਕੱਦਮੇਂ ਚਲਾਏ ਹਨ ਅਤੇ 40 ਫੈਕਟਰੀਆਂ ਜਿਹੜੀਆਂ ਹਵਾ ਗੰਦੀ ਕਰਦੀਆਂ ਹਨ ਉਨ੍ਹਾਂ ਨੂੰ ਨੋਟਿਸ ਦਿਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਕੋਈ ਫੈਕਟਰੀ ਲਗਦੀ ਹੈ, ਜਦੋਂ ਫੈਕਟਰੀ ਦਾ ਲਾਇਸੈਂਸ ਦਿਤਾ ਜਾਂਦਾ ਹੈ ਜੇ ਉਹ ਪਾਣੀ ਜਾਂ ਹਵਾ ਨੂੰ ਗੰਦਾ ਕਰਨ ਵਾਲੀ ਹੋਵੇ ਤਾਂ ਉਸ ਵੇਲੇ ਕੰਡੀਸ਼ਨ ਹੋਵੇ ਕਿ ਪਾਣੀ ਔਰ ਹਵਾ ਸਾਫ ਰਖਣ ਲਈ ਟਰੀਟਮੈਂਟ ਪਲਾਂਟ ਨਾਲ ਹੀ ਲਾਇਆ ਜਾਏ । ਜਿੰਨੇ ਫੈਕਟਰੀਆਂ ਦੇ ਲਾਇਸੈਂਸ ਦਿਤੇ ਹੋਏ ਹਨ ਉਨ੍ਹਾਂ ਦਾ ਸਰਵੇਅ ਕਰਾਇਆ ਜਾਏ ਆਇਆ ਉਨ੍ਹਾਂ ਨੇ ਟਰੀਟਮੈਂਟ ਪਲਾਂਟ ਲਗਾਇਆ ਹੈ ਜਾਂ ਨਹੀਂ, ਜੇ ਨਹੀਂ ਤਾਂ ਉਨ੍ਹਾਂ ਦੇ ਲਾਇਸੈਂਸ ਕੈਂਸਲ ਜਾਂ ਸਸਪੈਂਡ ਕੀਤੇ ਜਾਣ । ਪੰਜਾਬ ਦਾ ਪਾਣੀ ਦਿਨ ਬਦਿਨ ਗੰਦਾ ਹੋ ਰਿਹਾ ਹੈ, ਹਵਾ ਭੀ ਗੰਦੀ ਹੋ ਰਹੀ ਹੈ ਜਿਸ ਨਾਲ ਬੀਮਾਰੀਆਂ ਫੈਲ ਰਹੀਆਂ ਹਨ। ਪੰਜਾਬ ਦੇ ਪਾਣੀ ਬਾਰੇ ਸਮਝਿਆ ਜਾਂਦਾ ਸੀ ਕਿ ਜਿਹਾ ਜਿਹਾ ਪਾਣੀ ਪੀ ਲਿਆ ਜਿਹਾ ਜਿਹਾ ਘੀ ਪੀ ਲਿਆ । ਹੁਣ ਲੋਕਾਂ ਦੀ ਸਿਹਤ ਖਰਾਬ ਹੋ ਰਹੀ ਹੈ। ਮੇਰਾ ਕਹਿਣਾ ਹੈ ਕਿ ਉਨ੍ਹਾਂ ਦੇ ਲਾਇ-ਸੈਂਸ ਕੈਂਸਲ ਜਾਂ ਸਸਪੈਂਡ ਕੀਤੇ ਜਾਣ। ਨੋਟਿਸਿਜ਼ ਦਾ ਕਦੋਂ ਫੈਸਲਾ ਹੋਣਾ ਹੈ, ਇਸ ਬਾਰੇ ਕੋਈ ਪਤਾ ਨਹੀਂ ।

**ਰਾਜ ਮੰਤਰੀ :** ਸਪੀਕਰ ਸਾਹਿਬ, ਧੰਨੋਵਾਲੀਆ ਜੀ ਨੇ ਜੋ ਗਲ ਕਹੀ ਹੈ ਠੀਕ ਹੈ । ਮੈਂ ਮਿਸਾਲ ਦਿੰਦਾ ਹਾਂ ਜਲੰਧਰ ਦੀ । ਉਥੇ ਦੀ ਇਕ ਬਾਵਾ ਇੰਡਸਟਰੀ ਹੈ ਅਤੇ ਇਕ ਪੰਜਾਬ ਟੇਨਰੀ ਹੈ। ਬਾਵਾ ਇੰਡਸਟਰੀ ਦਾ ਪਾਣੀ ਨਾਲੇ ਵਿਚ ਪੈਣ ਨਾਲ ਜ਼ਮੀਨਦੋਜ਼ ਪਾਣੀ ਖਰਾਬ ਹੋ ਗਿਆ, ਮੁਹੱਲੇ ਦੇ ਨਲਕਿਆਂ ਦਾ ਪਾਣੀ ਖਰਾਬ ਹੋ ਗਿਆ । ਇਹ ਚੀਜ਼ ਗਰੀਵੈਂਸਿਜ਼ ਕਮੇਟੀ ਵਿਚ ਆਈ। ਅਸੀਂ ਉਨ੍ਹਾਂ ਨੂੰ ਕਿਹਾ । ਉਨ੍ਹਾਂ ਨੇ ਆਪਣੇ ਪਲਾਂਟ ਲਾ ਲਏ ਸਭ ਕੁਝ ਠੀਕ ਹੋ ਗਿਆ । ਦਰੁਸਤ ਹੋ ਗਿਆ । ਪੰਜਾਬ ਟੈਨਰੀਜ਼ ਨੇ ਟਰੀਟਮੈਂਟ ਪਲਾਂਟ ਲਾਉਣਾ ਹੈ । ਉਸ ਨੂੰ ਅਸੀਂ ਨੋਟਿਸ ਦੇ ਦਿਤਾ ਹੈ। ਸਰਕਾਰ ਸਖਤੀ ਨਾਲ ਐਕਸ਼ਨ ਲੈ ਰਹੀ ਹੈ । ਸਰਕਾਰ ਨੇ ਕਿਹਾ ਹੈ ਕਿ ਅਗਰ ਇਸ

Original with;
Punjab Vidhan Sabha
Digitized by;
Panjab Digital Library

ਤਬ੍ਹਾਂ ਦੇ ਪਲਾਂਟ ਨਹੀਂ ਲਗਾਉਗੇ ਤਾਂ ਫੈਕਟਰੀ ਉਥੋਂ ਉਠਾ ਦਿਤੀ ਜਾਵੇਗੀ । ਇਹ ਹਦਾਇਤਾਂ ਇਸ਼ੂ ਕੀਤੀਆਂ ਹਨ ਕਿ ਜਦੋਂ ਵੀ ਕੋਈ ਫੈਕਟਰੀ ਲਾਉਣੀ ਹੋਵੇ ਤਾਂ ਗੰਦਾ ਪਾਣੀ ਟਰੀਟ ਕਰਨ ਦਾ ਪਲਾਂਟ ਲਾਉਣਾ ਪਵੇਗਾ ।

**ਪ੍ਰੋਫੈਸਰ ਦਰਬਾਰੀ ਲਾਲ :** ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ । ਅੰਮ੍ਰਿਤਸਰ ਵਿਚ ਪਿਛਲੇ ਢਾਈ ਮਹੀਨੇ ਤੋਂ ਸੀਮਿੰਟ ਨਹੀਂ ਮਿਲ ਰਿਹਾ । ਸਾਰੀ ਡਿਵੈਲਪਮੈਂਟ......

**ਸ੍ਰੀ ਸਪੀਕਰ :** ਮੈਂ ਇਹ ਰਿਜੈਕਟ ਕਰ ਦਿਤੀ ਹੈ।

(ਕ੍ਰਮ ਨੰ. 26)

**ਸਰਦਾਰ ਦਲੀਪ ਸਿੰਘ ਪਾਂਧੀ :** ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਰਾਜ ਭਰ ਵਿਚ, ਖਾਸ ਕਰਕੇ ਬਠਿੰਡਾ ਵਿਚ ਪੈਟਰੋਲ ਦੀ ਕਈ ਦਿਨਾਂ ਤੋਂ ਸਖਤ ਘਾਟ ਹੈ ਜਿਸ ਕਰਕੇ ਪੰਪਾਂ ਤੇ ਬਹੁਤ ਹੀ ਭੀੜਾਂ ਲਗੀਆਂ ਹੋਈਆਂ ਹਨ । ਖਪਤ-ਕਾਰ ਬਹੁਤ ਹੀ ਦਿਕਤ ਦਾ ਸ਼ਿਕਾਰ ਹੋ ਰਹੇ ਹਨ । ਤੇਲ ਸ਼ੀਘਰ ਉਪਲੱਬਧ ਹੋਣ ਦੀ ਉਮੀਦ ਨਹੀਂ ਹੈ । ਲੋਕਾਂ ਨੇ ਦੂਰੋਂ ਪੈਟਰੋਲ ਖਰੀਦ ਕੇ ਜਮ੍ਹਾਂ ਕਰਨਾ ਆਰੰਭ ਕਰ ਦਿਤਾ ਹੈ। ਜੇ ਇਸ ਦਾ ਸ਼ੀਘਰ ਪ੍ਰਬੰਧ ਨਾ ਕੀਤਾ ਗਿਆ ਤਾਂ ਰਾਜ ਵਿਚ ਆਵਾਜਾਈ ਉਕਾ ਹੀ ਠੱਪ ਹੋ ਜਾਵੇਗੀ ਅਤੇ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ । ਸਰਕਾਰ ਨੂੰ ਖਾਸ ਤੌਰ ਤੇ ਆਵਾਜਾਈ ਦਾ ਪ੍ਰਬੰਧ ਕਰਨ ਵਿਚ ਦਿੱਕਤ ਪੇਸ਼ ਆਵੇਗੀ । ਅਜਿਹਾ ਹੋਣ ਕਰਕੇ ਤੇਲ ਦੇ ਖਪਤਕਾਰਾਂ ਅਤੇ ਪੈਟਰੋਲ ਪੰਪ ਮਾਲਕਾਂ ਵਿਚ ਰੋਸ ਅਤੇ ਚਿੰਤਾ ਹੈ । ਖੁਰਾਕ ਮੰਤਰੀ ਸ਼ੀਘਰ ਬਿਆਨ ਦੇਣ ਦੀ ਕਿਰਪਾਲਤਾ ਕਰਨ ।

**ਰਾਜ ਮੰਤਰੀ, ਖੁਰਾਕ ਅਤੇ ਸਪਲਾਈ :** ਸਪੀਕਰ ਸਾਹਿਬ, ਕਾਫੀ ਸਮੇਂ ਤੋਂ ਪੰਜਾਬ ਵਿੱਚ ਪੈਟਰੋਲ ਦੀ ਸਪਲਾਈ ਠੀਕ ਚਲੀ ਆ ਰਹੀ ਸੀ । 20 ਫਰਵਰੀ, 1982 ਦੇ ਲਾਗੇ ਪਿਛੇ ਕਾਂਡਲਾ ਪੋਰਟ ਤੋਂ ਸਮੇਂ ਸਿਰ ਪੈਟਰੋਲ ਦੀ ਸਪੈਸ਼ਲ ਰੇਲ ਨਾ ਚਲਣ ਕਰ ਕੇ ਸਿਰਫ ਦੋ ਤਿੰਨ ਦਿਨਾਂ ਲਈ ਪੈਟਰੋਲ ਦੀ ਰਾਜ ਵਿਚ ਅਤੇ ਖਾਸ ਕਰ ਕੇ ਜ਼ਿਲ੍ਹਾ ਬਠਿੰਡਾ ਵਿੱਚ ਸਪਲਾਈ ਵਿਚ ਰੁਕਾਵਟ ਆਈ ਸੀ । ਉਸ ਵੇਲੇ 900 ਕਿਲੋਲਿਟਰ ਪੈਟਰੋਲ ਪੰਜਾਬ ਨੂੰ ਚਲ ਚੁਕਾ ਸੀ। 22 ਫਰਵਰੀ, 1982 ਤਕ ਪੰਜਾਬ ਵਿੱਚ ਕਾਫੀ ਹਾਲਤ ਸੁਧਰ ਗਈ । 28 ਫਰਵਰੀ, 1982 ਨੂੰ ਪੰਜਾਬ ਦੇ ਪੰਜਾਂ ਡੀਪੂਆਂ ਕੋਲ 2,571 ਕਿਲੋਲਿਟਰ ਪੈਟਰੋਲ ਜਮ੍ਹਾਂ ਹੋ ਚੁਕਾ ਸੀ ਅਤੇ 1,310 ਕਿਲੋਲਿਟਰ ਬਾਈ ਰੇਲ ਆ ਰਿਹਾ ਹੈ । 3,610 ਕਿਲੋਲਿਟਰ ਦੀ ਸਾਡੇ ਇਨ੍ਹਾਂ ਪੰਜਾਂ ਡਿਪੂਆਂ ਦੀ ਕੈਪੇਸਿਟੀ ਹੈ । ਇਸ ਵਾਸਤੇ ਮੈਂ ਯਕੀਨ ਦਿਲਾਉਂਦਾ ਹਾਂ ਕਿ ਪੈਟਰੋਲ ਦੀ ਸਪਲਾਈ ਦੀ ਪੁਜੀਸ਼ਨ ਪੰਜਾਬ ਵਿਚ ਬਿਲ ਕੁਲ ਠੀਕ ਚਲ ਰਹੀ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਦੇ ਨੋਟਿਸ ਵਿੱਚ ਇਹ ਚੀਜ਼ ਆਈ ਹੈ ਕਿ ਪੈਟਰੋਲ ਪੰਪਾਂ ਵਾਲੇ ਪੈਟਰੋਲ ਵਿਚ ਅਡਲੱਟਰੇਸ਼ਨ ਕਰਦੇ ਹਨ ? ਕੀ ਮਾਪ ਤੋਲ ਵਾਲੇ ਇਸ ਦੀ ਪੜਤਾਲ ਕਰਦੇ ਹਨ ਕਿ ਇਨ੍ਹਾਂ ਦੇ ਮੀਟਰ ਸਹੀ ਲਗੇ ਹਨ ?

**ਸ੍ਰੀ ਸਪੀਕਰ :** ਤੁਸੀਂ ਸ਼ਾਰਟੇਜ ਤੋਂ ਮਿਕਸਚਰ ਤੇ ਆ ਗਏ ਹੋ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਸਰਕਾਰ ਕੀ ਸਟੈਪਸ ਲੈ ਰਹੀ ਹੈ ਤਾਂ ਕਿ ਪੈਟਰੋਲ ਦੀ ਸ਼ਾਰਟੇਜ ਸਟੇਟ ਵਿਚ ਨਾ ਆਵੇ ? ਜਿਤਨੀ ਇਸ ਦੀ ਲੋੜ ਹੈ ਉਹ ਸਾਡੇ ਕੋਲ ਜਮ੍ਹਾਂ ਹੋਵੇ। ਕੋਈ ਐਸਾ ਵਿਚਾਰ ਵੀ ਇਨ੍ਹਾਂ ਦਾ ਹੈ ਕਿ ਪਾਈਪ ਲਾਈਨ ਰਾਹੀਂ ਸਿੱਧਾ ਪੈਟਰੋਲ ਇਥੇ ਆ ਜਾਵੇ। ਕੀ ਕੋਈ ਐਸਾ ਪ੍ਰਬੰਧ ਕਰ ਰਹੇ ਹਨ ਤਾਂ ਕਿ ਸਟੇਟ ਵਿਚ ਇਸ ਦੀ ਸ਼ਾਰਟੇਜ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਕਿ ਪੰਜਾਬ ਵਿਚ ਜਿਹੜੇ ਪੰਜ ਡੀਪੂ ਹਨ ਉਨ੍ਹਾਂ ਦੀ ਕੈਪੇਸਟੀ 3,610 ਕਿਲੋਲਿਟਰ ਪੈਟਰੋਲ ਸਟੋਰ ਕਰਨ ਦੀ ਹੈ । 2,571 ਕਿਲੋਲਿਟਰ ਇਸ ਵੇਲੇ ਪੈਟਰੋਲ ਸਾਡੇ ਕੋਲ ਜਮ੍ਹਾਂ ਹੈ । 1,300 ਕਿਲੋਲਿਟਰ ਪੈਟਰੋਲ ਰੇਲ ਰਾਹੀਂ ਆ ਰਿਹਾ ਹੈ । ਮੈਂ ਇਹ ਤੁਹਾਡੇ ਰਾਹੀਂ ਯਕੀਨ ਦਿਵਾਉਂਦਾ ਹਾਂ ਕਿ ਕਿ ਪੰਜਾਬ ਵਿਚ ਨਾ ਇਸ ਵੇਲੇ ਪੈਟਰੋਲ ਦੀ ਥੁੜ੍ਹ ਹੈ ਅਤੇ ਨਾ ਹੀ ਅੱਗੇ ਨੂੰ ਆਉਣ ਦਿਆਂਗੇ ।

**ਸ੍ਰੀ ਸਪੀਕਰ** : ਹੁਣ ਗਵਰਨਰ ਐਡਰੈਸ ਤੇ ਡਿਸਕਸ਼ਨ ਰੀਜ਼ਿਊਮ ਕੀਤੀ ਜਾਵੇਗੀ । ਸ੍ਰੀ ਬ੍ਰਹਮ ਮਹਿੰਦਰਾ ਜੀ ਬੋਲਣਗੇ ।

## RESUMPTION OF DISCUSSION ON GOVERNOR'S ADDRESS

**ਸ੍ਰੀ ਬ੍ਰਹਮ ਮਹਿੰਦਰਾ** (ਪਟਿਆਲਾ) : ਮਿਸਟਰ ਸਪੀਕਰ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਦੇ ਭਾਸ਼ਣ ਤੇ ਜਿਹੜਾ ਮਤਾ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਨੇ ਰੱਖਿਆ ਹੈ ਅਤੇ ਸਰਦਾਰ ਬੀਰਦਵਿੰਦਰ ਸਿੰਘ ਨੇ ਸੈਕਿੰਡ ਕੀਤਾ ਹੈ, ਉਸ ਤੇ ਬੋਲਣ ਦਾ ਮੌਕਾ ਦਿਤਾ ਹੈ। ਸਪੀਕਰ ਸਾਹਿਬ, ਇਸ ਹਾਊਸ ਵਿਚ ਪਿਛਲੇ 30 ਸਾਲਾਂ ਤੋਂ ਗਵਰਨਰ ਨੇ ਲੇਜਿਸਲੇਟਰਜ਼ ਨੂੰ ਭਾਸ਼ਣ ਦਿੱਤੇ ਹਨ । ਮਗਰ ਅੱਜ ਦਾ ਗਵਰਨਰ ਸਾਹਿਬ ਦਾ ਭਾਸ਼ਣ ਇਕ ਬੜੀ ਇਤਹਾਸਿਕ ਇੰਪਾਰਟੈਂਸ ਰਖਦਾ ਹੈ । ਇਸ ਦੀ ਇਤਹਾਸਿਕ ਇੰਪਾਰਟੈਂਸ ਇਸ ਕਰ ਕੇ ਹੈ ਕਿ ਉਨ੍ਹਾਂ ਨੇ ਆਪਣੇ ਭਾਸ਼ਣ ਦੇ ਆਊਟ ਸੈਟ ਵਿਚ ਮਿਸਜ਼ ਇੰਦਰਾ ਗਾਂਧੀ, ਜੋ ਹਿੰਦੁਸਤਾਨ ਦੀ ਸਭ ਤੋਂ ਮਹਾਨ ਨੇਤਾ ਹੈ ਅਤੇ ਜਿਸ ਨੇ 20 ਨੁਕਾਤੀ ਪ੍ਰੋਗਰਾਮ ਦਿਤਾ ਹੈ, ਉਸ ਤੋਂ ਆਪਣਾ ਭਾਸ਼ਣ ਸ਼ੁਰੂ ਕੀਤਾ ਹੈ । ਇਸ ਕਰ ਕੇ ਮੈਂ ਕਹਿੰਦਾ ਹਾਂ ਕਿ ਇਹ ਬੜਾ ਇਤਹਾਸਿਕ ਭਾਸ਼ਣ ਹੈ। ਮਿਸਜ਼ ਇੰਦਰਾ ਗਾਂਧੀ ਨੇ ਜੋ 20 ਨੁਕਾਤੀ ਸੋਸ਼ਿਓ-ਇਕਨਾਮਿਕ ਪ੍ਰੋਗਰਾਮ ਦਿੱਤਾ ਹੈ ਇਹ ਹਿੰਦੁਸਤਾਨ ਦੇ ਲੱਖਾਂ, ਕਰੋੜਾਂ ਵੀਕਰ ਸੈਕਸ਼ਨਜ਼ ਅਤੇ ਪਛੜੇ ਵਰਗ ਦੇ ਲੋਕਾਂ ਦੀ ਪ੍ਰਾਸਪੈਰਿਟੀ ਨਾਲ ਸਬੰਧ ਰਖਦਾ ਹੈ । ਸਪੀਕਰ ਸਾਹਿਬ, ਪੰਜਾਬ ਪਹਿਲੀ ਸਟੇਟ ਹੈ ਜਿਸ ਨੇ ਇਸ 20 ਨੁਕਾਤੀ ਪ੍ਰੋਗਰਾਮ ਨੂੰ ਇੰਪਲੀਮੈਂਟ ਕਰਨ ਵਾਸਤੇ ਇਕ ਵੱਖਰਾ ਡਿਪਾਰਟਮੈਂਟ ਬਣਾਇਆ ਹੈ। ਇਸ ਤਰ੍ਹਾਂ ਇਕ ਪਹਿਲਾ ਕਦਮ ਇਸੇ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਵਾਸਤੇ ਚੁੱਕਿਆ ਹੈ । ਇਸ ਲਈ ਮੁੱਖ ਮੰਤਰੀ ਸਾਹਿਬ ਮੁਬਾਰਕਬਾਦ ਦੇ ਮੁਸਤਹਿਕ ਹਨ । ਸਪੀਕਰ ਸਾਹਿਬ, ਇਸ ਦੇ ਵਿਚ ਮੈਂ ਸਰਕਾਰ ਨੂੰ ਸੁਝਾਓ ਦੇਣਾ ਚਾਹਾਂਗਾ। ਨੈਸ਼ਨਲ ਲੈਵਲ ਅਤੇ ਸਟੇਟ ਲੈਵਲ ਦੇ ਪ੍ਰੋਗਰਾਮ ਬਣ ਜਾਂਦੇ ਹਨ, ਪਲਾਨਿੰਗ ਹੋ ਜਾਂਦੀ ਹੈ । ਇਹ ਜਿਹੜਾ ਪ੍ਰੋਗਰਾਮ ਹੈ ਇਸ ਦੀ ਇੰਪਲੀਮੈਂਟੇਸ਼ਨ ਵਾਸਤੇ ਸਾਡੀ ਸਰਕਾਰ ਬੜੀ ਸਿਨਸੀਅਰ ਹੈ। ਪਰ ਇਸ ਦੀ ਇੰਪਲੀਮੈਂਟੇਸ਼ਨ ਗਰਾਸਰੂਟ ਲੈਵਲ ਤੇ, ਬਲਾਕ ਲੈਵਲ ਤੇ ਰੁੱਕ ਜਾਂਦੀ ਹੈ। ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਇਸ ਦੇ ਰਸਤੇ ਵਿਚ ਬੜਾ ਸਟੰਬਲਿੰਗ ਬਲਾਕ ਹੈ । ਇਸ ਨੂੰ ਇਸ ਵਾਸਤੇ ਮੈਂ ਸਟੰਬਲਿੰਗ ਬਲਾਕ ਕਿਹਾ ਹੈ ਕਿਉਂਕਿ ਡਿਪਟੀ ਕਮਿਸ਼ਨਰ ਜੋ ਡਿਸਟ੍ਰਿਕਟ ਦੀ ਐਡਮਨਿਸਟਰੇਸ਼ਨ ਨੂੰ ਹੈਡ ਕਰਦਾ ਹੈ, ਅੱਜ ਦੇ ਮੌਜੂਦਾ ਜ਼ਮਾਨੇ ਵਿੱਚ ਉਸ ਦੀਆਂ ਬੜੀਆਂ ਮਲਟੀਫੇਰੀਅਸ ਡਿਊਟੀਜ਼ ਬਣ ਚੁਕੀਆਂ ਹਨ। ਲਾਅ ਐਂਡ ਆਰਡਰ ਮੇਨਟੇਨ ਕਰਨ ਅਤੇ ਰੈਵੇਨਿਊ ਕੁਲੈਕਟ ਕਰਨ ਤੋਂ ਇਲਾਵਾ ਹੋਰ ਵੀ ਕਈ ਡਿਊਟੀਜ਼ ਉਸ ਦੀਆਂ ਹਨ। ਇਸ ਕਰ ਕੇ ਉਹ ਇਨ੍ਹਾਂ ਪ੍ਰੋਗਰਾਮਾਂ ਦੀ ਇੰਪਲੀਮੈਂਟੇਸ਼ਨ ਵੱਲ ਜ਼ਿਆਦਾ ਧਿਆਨ ਨਹੀਂ ਦੇ ਸਕਦਾ। ਸਰਕਾਰ ਨੂੰ ਮੈਂ ਸੁਝਾਓ ਦਿਆਂਗਾ ਕਿ ਡਿਸਟ੍ਰਿਕਟ ਲੈਵਲ ਤੇ ਐਡਮਨਿਸਟਰੇਟਿਵ ਚੇਂਜਿਜ਼ ਲਿਆਉਣ ਵਾਸਤੇ ਇਕ ਹਾਈ ਲੈਵਲ ਕਮੇਟੀ ਬਣਾਈ ਜਾਵੇ ਤਾਂ ਕਿ ਇਹੋ ਜਿਹੇ ਸ਼ਾਨਦਾਰ ਪ੍ਰੋਗਰਾਮ ਜੋ ਕਿ ਗਰੀਬ ਲੋਕਾਂ ਦੀ ਪ੍ਰਾਸਪੈਰਿਟੀ ਵਾਸਤੇ ਹਨ ਉਨ੍ਹਾਂ ਦੀ ਇੰਪਲੀਮੈਂਟੇਸ਼ਨ ਵਾਸਤੇ ਪ੍ਰਾਪਰ ਐਡਮਨਿਸਟਰੇਟਿਵ ਸੈਟ ਅਪ ਹੋਵੇ । ਡਿਪਟੀ ਕਮਿਸ਼ਨਰ ਦੇ ਹੋਰ ਬਹੁਤ

Original with;
Punjab Vidhan Sabha
Digitized by;
Panjab Digital Library

ਰੁਝੇਵੇਂ ਹਨ । ਉਹ ਪ੍ਰਾਪਰ ਧਿਆਨ ਨਹੀਂ ਦੇ ਸਕਦਾ । ਸਰਕਾਰ ਇਸ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਵਾਸਤੇ ਸਿਨਸੀਅਰ ਤੇ ਇਸ ਦਾ ਇਸ ਗਲ ਤੋਂ ਪਤਾ ਲਗਦਾ ਹੈ ਕਿ 1982-83 ਦੀ ਐਨੂਅਲ ਪਲਾਨ ਜੋ ਕਿ 385 ਕਰੋੜ ਦੀ ਹੈ ਉਸ ਵਿਚੋਂ 276 ਕਰੋੜ ਰੁਪਿਆ ਡਿਵੈਲਪਮੈਂਟ ਵਾਸਤੇ ਰੱਖਿਆ ਹੈ। 20 ਨੁਕਾਤੀ ਪ੍ਰੋਗਰਾਮ ਦੀ ਇੰਪਲੀਮੈਂਟੇਸ਼ਨ ਲਈ ਇਤਨਾ ਐਮਬੀਸ਼ੀਅਸ ਪਲਾਨ ਇਸ ਸਰਕਾਰ ਨੇ ਬਣਾਇਆ ਹੈ । ਅਗਰ ਇਸ ਲਈ ਇਸ ਨੂੰ ਮੈਗਨਾ ਕਰਤਾ ਕਿਹਾ ਜਾਵੇ ਤਾਂ ਜ਼ਿਆਦਾ ਅੱਛਾ ਹੋਵੇਗਾ। ਇਹ ਗਰੀਬ ਲੋਕਾਂ ਅਤੇ ਪੱਛੜੇ ਵਰਗ ਦੇ ਲੋਕਾਂ ਦੇ ਲਿਵਿੰਗ ਸਟੈਂਡਰਡ ਨੂੰ ਉਚਾ ਚੁੱਕਣ ਲਈ ਹੈ। ਇਸ ਲਈ ਇਸ ਨੂੰ ਇਤਹਾਸਕਾਰ ਮੈਗਨਾ ਕਾਰਤਾ ਲਿਖਣ ਤਾਂ ਜ਼ਿਆਦਾ ਅੱਛਾ ਹੋਵੇਗਾ।

ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਨੂੰ ਦੇਖਦੇ ਹੋਏ ਨੈਸ਼ਨਲੀ ਅਕਸੈਪਟਡ ਜੋ ਮਿਨੀਮਮ ਵੇਜਿਜ਼ ਹਨ 3600 ਰੁਪਏ ਪਰ ਈਯਰ ਦੀਆਂ, ਪੰਜਾਬ ਸਰਕਾਰ ਨੇ ਇੰਡਸਟਰੀ ਦੇ ਜੋ ਅਨਸਕਿਲਡ ਲੇਬਰ ਹੈ ਉਸ ਦੇ ਮਿਨੀਮਮ ਵੇਜਿਜ਼ 225 ਰੁਪਏ ਪਰ ਮੰਥ ਤੋਂ ਵਧਾ ਕੇ 340 ਕਰ ਦਿਤੇ ਹਨ ।

ਸਪੀਕਰ ਸਾਹਿਬ, ਐਗਰੀਕਲਚਰਲ ਵਰਕਰ ਨੂੰ ਸੰਨ 1979 ਵਿਚ 9.70 ਪੈਸੇ ਪਰ ਡੇਅ ਮਿਲਦੇ ਸੀ ਉਸ ਦੇ ਇਹ 11 ਰੁਪਏ ਪਰ ਡੇਅ ਕਰ ਦਿਤੇ। ਮੈਨੂੰ ਇੰਜ ਲਗਦਾ ਹੈ ਕਿ ਨਾਰਦਰਨ ਸਟੇਟਸ ਵਿਚੋਂ ਪਹਿਲੀ ਪੰਜਾਬ ਦੀ ਸਟੇਟ ਹੈ ਜਿਸ ਨੇ ਆਪਣੀ ਸਟੇਟ ਵਿਚ ਵੇਜਿਜ਼ ਨੂੰ ਨੈਸ਼ਨਲ ਮਿਨੀਮਮ ਵੇਜਿਜ਼ ਦੇ ਬਰਾਬਰ ਲਿਆਂਦਾ ਹੈ । ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਇਕ ਹੋਰ ਜ਼ਿਕਰ ਆਇਆ ਹੈ । ਉਹ ਹੈ ਬੱਚਿਆਂ ਦੀ ਐਜੂਕੇਸ਼ਨ ਦੀ ਯੂਨੀਵਰਸੇਲਾਈਜ਼ੇਸ਼ਨ ਦਾ ਪ੍ਰੋਗਰਾਮ । 6-14 ਸਾਲ ਦੇ ਬੱਚਿਆਂ ਦੀ ਐਜੂਕੇਸ਼ਨ ਨੂੰ ਯੂਨੀਵਰਸੇਲਾਈਜ਼ ਕੀਤਾ ਜਾ ਰਿਹਾ ਹੈ । ਮੈਂ ਸਮਝ ਦਾ ਹਾਂ ਕਿ ਇਸ ਮਾਮਲੇ ਵਿਚ ਵੀ ਇਹ ਪਹਿਲੀ ਸਟੇਟ ਹੈ ਜਿਸ ਨੇ ਇਹ ਕਦਮ ਚੁਕਿਆ ਹੈ ।

ਸਪੀਕਰ ਸਾਹਿਬ, 20 ਪੁਆਇੰਟ ਪ੍ਰੋਗਰਾਮ ਵਿਚ ਟੈਕਸ ਇਵੇਜ਼ਨ ਦੇ ਪ੍ਰੋਗਰਾਮ ਬਾਰੇ ਵੀ ਜ਼ਿਕਰ ਆਇਆ ਹੈ । ਮਿਜ਼ਿਜ਼ ਇੰਦਰਾ ਗਾਂਧੀ ਨੇ ਇਸ ਗੱਲ ਤੇ ਸਟਰੈਸ ਕੀਤਾ ਹੈ ਔਰ ਕਿਹਾ ਹੈ ਕਿ ਟੈਕਸ ਇਵੇਜ਼ਨ ਨੂੰ ਰੋਕਿਆ ਜਾਵੇ । ਮੈਂ ਮਨਿਸਟਰ ਸਾਹਿਬ ਨੂੰ ਇਸ ਵਾਸਤੇ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਪਾਸੇ ਚੰਗਾ ਕਦਮ ਚੁਕਿਆ ਹੈ ਤਾਂ ਕਿ ਇਵੇਜ਼ਨ ਨੂੰ ਰੋਕਿਆ ਜਾ ਸਕੇ।

He has taken steps in this direction. The checking of Entertainment Houses has brought in an additional tax of Rs. 66 lakhs as compared with the previous year. Secondly, outstanding arrears are being recovered at faster rate. During the period ending 31st December, 1981, a sum of rupees one crore has been recovered.

ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਦੀਆਂ ਗਾਈਡ ਲਾਈਨਜ਼ ਥੱਲੇ ਅੱਛੇ ਸਟੈਪਸ ਚੁਕੇ ਜਾ ਰਹੇ ਹਨ ਔਰ ਇਹ ਸ਼ਲਾਘਾਯੋਗ ਕੰਮ ਹੈ । ਪਿਛਲੀ ਸਰਕਾਰ ਪਾਸ ਕੋਈ ਪ੍ਰੋਗਰਾਮ ਨਹੀਂ ਸੀ। ਤਿੰਨ ਸਾਲਾਂ ਵਿਚ ਉਨ੍ਹਾਂ ਪਾਸ ਕੋਈ ਪ੍ਰੋਗਰਾਮ ਨਹੀਂ ਸੀ ਜਿਸ ਬਾਰੇ ਉਹ ਲੋਕਾਂ ਨੂੰ ਦੱਸ ਸਕਦੇ। ਪਰ ਸਾਡੇ ਪਾਸ ਇਫੈਕਟਿਵ ਪ੍ਰੋਗਰਾਮ ਤਾਂ ਹੈ। ਸਪੀਕਰ ਸਾਹਿਬ, ਇੰਡਸਟਰੀ ਵਾਸਤੇ ਰਣਜੀਤ ਗੜ੍ਹ ਬਣਾਉਣਾ, ਗੋਇੰਦਵਾਲ ਸਾਹਿਬ ਇੰਡਸਟਰੀਅਲ ਐਸਟੇਟ ਬਣਾਉਣਾ, ਹਾਈਡਲ ਪ੍ਰਾਜੈਕਟ, ਸ਼ਾਨਨ ਔਰ ਰੋਪੜ ਥਰਮਲ ਪਲਾਂਟ ਇਹ ਸਾਰਾ ਕੁਝ ਸਰਕਾਰ ਦੀਆਂ ਅਚੀਵਮੈਂਟਸ ਹਨ।ਇਸ ਦੇ ਵਾਸਤੇ ਮੈਂ ਸਰਕਾਰ ਨੂੰ ਕਨਗਰੈਚੁਲੇਸ਼ਨਜ਼ ਦਿੰਦਾ ਹਾਂ ।

ਫਿਰ ਲਾਈਨ ਲਾਸਿਜ਼ ਦੀ ਗੱਲ ਹੈ । ਸੰਨ 1979-80 ਵਿਚ ਲਾਈਨ ਲਾਸਜ਼ 22.9% ਸੀ ਪਰ ਇਸ ਸਾਡੀ ਸਰਕਾਰ ਨੇ System Improvement Scheme introduce ਕਰਕੇ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਬ੍ਰਹਮ ਮਹਿੰਦਰਾ]

ਲਾਈਨ ਲਾਸਿਜ਼ ਨੂੰ ਸਨ 1980-81 ਵਿਚ 20.03 ਤੇ ਲੈ ਆਂਦਾ ਹੈ। ਇਹ ਵੀ ਸਰਕਾਰ ਦਾ ਅੱਛਾ ਕਦਮ ਹੈ। ਇਸ System Improvement Scheme ਨੂੰ ਹੋਰ ਵੀ ਸਰਕਾਰ ਇੰਪਰੂਵ ਕਰ ਸਕਦੀ ਹੈ। ਲਾਈਨ ਲਾਸਿਜ਼ ਜਿਤਨੇ ਵੀ ਘੱਟ ਹੋ ਜਾਣ ਉਤਨਾ ਹੀ ਚੰਗਾ ਹੈ, ਉਤਨਾ ਹੀ ਰੈਵੇਨਿਊ ਇਨਕਰੀਜ਼ ਹੋਵੇਗਾ। ਇਸ ਬਾਰੇ ਮੁੱਖ ਮੰਤਰੀ ਜੀ ਨੂੰ ਬਹੁਤ ਬਹੁਤ ਕਾਨਗਰੈਚੂਲੇਸ਼ਨਜ਼ ਦਿਤੀਆਂ ਜਾਣੀਆਂ ਚਾਹੀਦੀਆਂ ਹਨ। ਫਿਰ ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਏਅਰ ਕਾਰਗੋ ਅਤੇ ਅੰਮ੍ਰਿਤਸਰ ਬਰਮਿੰਘਮ ਨੂੰ ਪਸੈਂਜਰ ਏਅਰ ਲਿੰਕ ਕਰਨ ਨਾਲ ਲੋਕਾਂ ਨੂੰ, ਖਾਸ ਤੌਰ ਤੇ ਪੰਜਾਬ ਦੇ ਲੋਕਾਂ ਨੂੰ ਬਹੁਤ ਸਹੂਲਤ ਮਿਲੇਗੀ। ਇਸ ਨਾਲ ਦਿੱਲੀ ਵਿਚ ਰਸ਼ ਵੀ ਘਟੇਗਾ ਔਰ ਲੋਕਾਂ ਦਾ ਖਰਚ ਵੀ ਦਿੱਲੀ ਜਾਣ ਦਾ ਬਚੇਗਾ। ਸਪੀਕਰ ਸਾਹਿਬ, ਤੁਸੀਂ ਹੁਣੇ ਹੁਣੇ ਹੀ ਪੜ੍ਹਿਆ ਹੋਵੇਗਾ ਕਿ ਪੰਜਾਬੀ ਯੂਨੀਵਰਸਿਟੀ ਨੇ ਲਾਹੌਰ ਦੇ ਵਿਚ ਪੰਜਾਬੀ ਵਾਸਤੇ ਐਗਜ਼ਾਮੀਨੇਸ਼ਨ ਸੈਂਟਰ ਖੋਲਿਆ ਹੈ। ਅਕਾਲੀਆਂ ਨੇ 3 ਸਾਲਾਂ ਦੇ ਰਾਜ ਵਿਚ ਕਦੀ ਸੋਚਿਆ ਵੀ ਨਹੀਂ ਸੀ ਕਿ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ। ਮੈਂ ਸਮਝਦਾ ਹਾਂ ਕਿ ਇਸ ਨਾਲ ਪਾਕਿਸਤਾਨ ਦੇ ਲੋਕਾਂ ਦੇ ਪੰਜਾਬੀ ਪੜ੍ਹਨ ਨਾਲ ਉਨ੍ਹਾਂ ਅਤੇ ਸਾਡੇ ਲੋਕਾਂ ਦਰਮਿਆਨ ਬੜਾ ਕੋਆਰਡੀਅਲ ਐਟਮਾਸਫੀਅਰ ਪੈਦਾ ਹੋਵੇਗਾ ਅਤੇ ਇਸ ਦਾ ਅਸਰ International Situation ਤੇ ਵੀ ਹੋਵੇਗਾ। ਸਪੀਕਰ ਸਾਹਿਬ, ਇਹ ਬਹੁਤ ਹੀ ਸਰਾਹਣਾ ਯੋਗ ਗੱਲ ਹੈ। ਫਿਰ, ਸਪੀਕਰ ਸਾਹਿਬ, ਇਕ ਬੜਾ ਸਰਾਹਣਾਯੋਗ ਕਦਮ ਹੈ ਜੋ ਕਿ ਪੰਜਾਬ ਸਰਕਾਰ ਨੇ ਚੁਕਿਆ ਹੈ। ਉਹ ਹੈ ਸਾਇੰਸ ਐਂਡ ਟੈਕਨਾਲੋਜੀ ਡਿਪਾਰਟਮੈਂਟ ਖੋਲ੍ਹਣ ਦਾ। ਅੱਜ ਦੇ ਜ਼ਮਾਨੇ ਵਿਚ ਜਦੋਂ ਕਿ ਇਨਸਾਨ ਚੰਦ ਤੇ ਪੁੱਜ ਗਿਆ ਹੈ, ਸਾਰੀ ਦੁਨੀਆਂ ਵਿਚ ਸਾਇੰਸ ਔਰ ਟੈਕਨਾਲੋਜੀ ਦੀ ਇਤਨੀ ਉਨਤੀ ਹੋ ਗਈ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਇਹ ਡਿਪਾਰਟਮੈਂਟ ਖੋਲ੍ਹ ਕੇ ਬਹੁਤ ਹੀ ਅੱਛਾ ਕਦਮ ਚੁੱਕਿਆ ਹੈ। ਇਸ ਦੇ ਬਾਰੇ ਮੈਂ ਸਰਕਾਰ ਨੂੰ ਦੋ ਤਿੰਨ ਸੁਝਾਓ ਦੇਣਾ ਚਾਹੁੰਦਾ ਹਾਂ।

ਇਕ ਤਾਂ ਇਹ ਹੈ ਕਿ ਪਿਛਲੇ ਕਈ ਸਾਲਾਂ ਤੋਂ ਸਾਡੇ ਬ੍ਰੇਨ-ਡਰੇਨ ਹੋਇਆ ਹੈ। ਅੱਜ ਅਮਰੀਕਾ ਵਿਚ ਬਹੁਤ ਸਾਰੇ ਸਾਡੇ ਸਾਇੰਸਦਾਨ, ਰਿਸਰਚ ਦਾ ਕੰਮ ਕਰ ਰਹੇ ਹਨ ਜਿਵੇਂ ਕਿ ਹਰਗੋਬਿੰਦ ਖੁਰਾਨਾ ਜੀ ਹਨ, ਇਸੇ ਤਰ੍ਹਾਂ ਹੋਰ ਬਹੁਤ ਸਾਰੇ ਪੜ੍ਹੇ ਲਿਖੇ ਨੌਜਵਾਨ ਬੈਠੇ ਹਨ। ਇਸ ਲਈ ਇਹ ਸਾਇੰਸ ਐਂਡ ਟੈਕਨਾਲੋਜੀ ਦਾ ਡਿਪਾਰਟਮੈਂਟ ਬਿਊਰਿਉਕ੍ਰੇਸੀ ਤੱਕ ਹੀ ਮਹਿਦੂਦ ਨਹੀਂ ਰਹਿਣ ਦੇਣਾ ਚਾਹੀਦਾ ਬਲਕਿ ਇਸ ਵਿਚ ਜਿਹੜੇ ਸਾਡੇ ਆਦਮੀ ਰਿਸਰਚ ਵਗੈਰਾ ਦਾ ਕੰਮ ਬਾਹਰਲੇ ਦੇਸ਼ਾਂ ਵਿਚ ਕਰਨ ਲਗੇ ਹੋਏ ਹਨ ਉਨ੍ਹਾਂ ਨੂੰ ਯਤਨ ਕਰਕੇ ਇਥੇ ਲਿਆਉਣਾ ਚਾਹੀਦਾ ਹੈ ਔਰ ਉਨ੍ਹਾਂ ਤੋਂ ਇੰਡਸਟਰੀ ਔਰ ਐਗਰੀਕਲਚਰ ਦੇ ਖੇਤਰ ਵਿਚ ਰਿਸਰਚ ਕਰਾਉਣੀ ਚਾਹੀਦੀ ਹੈ। ਉਨ੍ਹਾਂ ਨੌਜਵਾਨਾਂ ਨੂੰ ਵੀ ਇਹ ਪਤਾ ਲਗੇ ਕਿ ਸਾਡਾ ਆਪਣਾ ਵੀ ਡਿਪਾਰਟਮੈਂਟ ਹੈ। ਦੂਸਰਾ ਇਹ ਕਿ ਇਸ ਸੈਂਟਰ ਨੂੰ ਇਤਨਾ ਜ਼ਿਆਦਾ ਇਫੈਕਟਿਵ ਕਰ ਦੇਣਾ ਚਾਹੀਦਾ ਹੈ ਕਿ ਸੈਂਟਰ ਵੱਲ ਔਰ ਸਟੇਟਸ ਵਾਲੇ ਲੋਕਾਂ ਵੱਲ ਸਾਨੂੰ ਝਾਕਣਾ ਨਾ ਪਵੇ ..........

**ਸ੍ਰੀ ਸਪੀਕਰ** : ਤੁਸੀਂ ਵਾਈਂਡ ਅਪ ਕਰੋ ਜੀ। ਬੋਲਣ ਵਲਿਆਂ ਦੇ ਅਜੇ ਬੜੇ ਨਾਮ ਮੇਰੇ ਪਾਸ ਹਨ।

**ਸ੍ਰੀ ਬ੍ਰਹਮ ਮਹਿੰਦਰਾ** : ਬਸ ਜੀ, ਸਪੀਕਰ ਸਾਹਿਬ, ਮੈਂ ਇਤਨਾ ਹੀ ਕਹਿੰਦਾ ਹੋਇਆ ਇਸ ਰਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ ਔਰ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਟਾਈਮ ਦਿਤਾ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚਰਨ ਸਿੰਘ ਹੀਰੋ** (ਜ਼ੀਰਾ) : ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਸ੍ਰੀ ਗੋਪਾਲ ਕ੍ਰਿਸ਼ਨ ਚਤਰਥ ਜੀ ਨੇ ਲਿਆਂਦਾ ਹੈ ਮੈਂ ਇਸ ਦੀ ਪ੍ਰੋੜ੍ਹਤਾ ਕਰਨ ਵਾਸਤੇ ਖੜਾ ਹੋਇਆ ਹਾਂ । ਸਪੀਕਰ ਸਾਹਿਬ, ਤੁਸੀਂ ਵੇਖਿਆ ਹੀ ਹੋਣਾ ਹੈ ਕਿ ਕਿ ਸਾਡੀਆਂ ਆਪੋਜ਼ੀਸ਼ਨ ਬੈਂਚਾਂ ਤੋਂ ਕਿਸ ਤਰ੍ਹਾਂ ਤਰ੍ਹਾਂ ਨਾਲ ਡਰਾਮਾ ਹੋਇਆ । ਜਿਹੜਾ ਡਰਾਮਾ ਸ੍ਰੀ ਉਮਰਾਨੰਗਲ ਜੀ ਨੇ ਕੀਤਾ ਹੈ, ਤੁਸੀਂ ਵੇਖਿਆ ਹੀ ਹੋਣਾ ਹੈ। ਪਰ, ਸਪੀਕਰ ਸਾਹਿਬ, ਇਸ ਵਿਚ ਕੋਈ ਨਵੀਂ ਗੱਲ ਨਹੀਂ ਹੈ । ਇਹੋ ਜਿਹੇ ਡਰਾਮੇ ਉਹ ਪਹਿਲਾਂ ਵੀ ਕਰਦੇ ਰਹਿੰਦੇ ਹਨ। ਕਦੇ ਖਾਲਿਸਤਾਨ ਬਣਾਉਣ ਦਾ ਡਰਾਮਾ, ਕਦੇ ਡੀ. ਸੀ. ਦੀ ਕਚਹਿਰੀ ਤੇ ਖਾਲਿਸਤਾਨ ਦਾ ਝੰਡਾ ਲਹਿਰਾਉਣ ਦਾ ਡਰਾਮਾ, ਕਦੇ ਕੋਈ ਤੇ ਕਦੇ ਕੋਈ ਡਰਾਮਾ ਇਹ ਕਰਦੇ ਹੀ ਰਹਿੰਦੇ ਹਨ। ਇਨ੍ਹਾਂ ਵਾਸਤੇ ਇਹ ਕੋਈ ਨਵੀਂ ਗੱਲ ਨਹੀਂ ਹੈ। (ਹਾਸਾ)

ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ। ਪਰ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਦੀ ਆਪਣੀ ਸਰਕਾਰ ਬਣਦੀ ਹੈ ਤਾਂ ਉਸ ਵੇਲੇ ਇਹ ਰੈਜ਼ੋਲਿਊਸ਼ਨ ਨੂੰ ਕਿਉਂ ਭੁਲ ਜਾਂਦੇ ਹਨ । ਉਸ ਵੇਲੇ ਇਨ੍ਹਾਂ ਨੇ ਇਹ ਰੈਜ਼ੋਲਿਊਸ਼ਨ ਕਿਉਂ ਨਹੀਂ ਯੁਨਾਨੀਮਸਲੀ ਅਡਾਪਟ ਕੀਤਾ, ਉਸ ਵੇਲੇ ਕਿਉਂ ਨਹੀਂ ਅਟਾਨੋਮੀ ਮੰਗੀ । ਪਰ ਸਪੀਕਰ ਸਾਹਿਬ, ਇਹ ਤਾਂ ਹਾਰੀ ਲੜਾਈ ਗੱਦੀਆਂ ਦੀ ਹੈ । ਜਦੋਂ ਗੱਦੀ ਤੋਂ ਲਹਿ ਜਾਂਦੇ ਹਨ ਉਦੋਂ ਹੀ ਇਨ੍ਹਾਂ ਨੂੰ ਸਾਰੇ ਚੇਤੇ ਆਉਂਦੇ ਹਨ, ਉਦੋਂ ਹੀ ਜ਼ਿਮੀਂਦਾਰਾਂ ਦਾ ਚੇਤਾ ਆਉਂਦਾ ਹੈ, ਕਿਸਾਨ ਦਾ ਚੇਤਾ ਆਉਂਦਾ ਹੈ ਅਤੇ ਮਜ਼ਦੂਰ ਦਾ ਚੇਤਾ ਆਉਂਦਾ ਹੈ। ਇਨ੍ਹਾਂ ਦੀ ਸੈਂਟਰ ਵਿਚ ਸਰਕਾਰ ਸੀ ਬਾਦਲ ਸਾਹਿਬ ਉਥੇ ਐਗਰੀਕਲਚਰ ਮਨਿਸਟਰ ਸਨ । ਇਕ ਵਾਰੀ, ਸਪੀਕਰ ਸਾਹਿਬ, ਮੈਂ ਦਿੱਲੀ ਇਨ੍ਹਾਂ ਨੂੰ ਮਿਲਣ ਵਾਸਤੇ ਗਿਆ। ਉਦੋਂ ਮੈਂ ਵੀ ਇਨ੍ਹਾਂ ਦੀ ਪਾਰਟੀ ਵਿਚ ਸੀ। ਮੈਂ ਇਨ੍ਹਾਂ ਨੂੰ ਕਿਹਾ ਕਿ ਤੁਸੀਂ ਹੁਣ ਜ਼ਿਮੀਦਾਰਾਂ ਨੂੰ ਭਾਅ ਕਣਕ ਦਾ 140 ਰੁਪਏ ਦਿਵਾਓ। ਹੁਣ ਤੁਸੀਂ ਹੀ ਐਗਰੀਕਲਚਰ ਮਨਿਸਟਰ ਹੋ ਇੰਡੀਆ ਦੇ। ਹੁਣ ਤੁਸੀਂ ਕਿਸਾਨ ਦੀ ਕਣਕ ਦਾ ਠੀਕ ਭਾਅ ਦਿਵਾ ਸਕਦੇ ਹੋ। ਇਸ ਲਈ ਤੁਸੀਂ ਠੀਕ ਭਾਅ ਦਿਵਾਓ । ਪਰ, ਸਪੀਕਰ ਸਾਹਿਬ, ਪਤਾ ਹੈ ਇਹ ਮੈਨੂੰ ਕੀ ਕਹਿਣ ਲੱਗੇ ? ਇਹ ਕਹਿਣ ਲੱਗੇ, ਮੈਂ ਕੋਸ਼ਿਸ਼ ਕਰ ਰਿਹਾ ਹਾਂ ਪਰ ਇਥੇ ਲਗਦਾ ਨਹੀਂ ਹੈ ਇਹ ਭਾਅ ਕਿਸਾਨ ਨੂੰ ਮਿਲ ਸਕੇ, ਇਥੇ ਨੈਸ਼ਨਲ ਇੰਟਟਰੈਸਟ ਵੇਖਣਾ ਪੈਂਦਾ ਹੈ । ਸੋ, ਸਪੀਕਰ ਸਾਹਿਬ, ਇਹ ਉਦੋਂ ਨੈਸ਼ਨਲ ਇੰਟਰੈਸਟ ਵੇਖਦੇ ਹਰੇ ਔਰ ਕਿਸਾਨ ਨੂੰ ਕੀ ਭਾਅ ਮਿਲਿਆ ? $112\frac{1}{2}$ ਰੁਪਏ ਪਰ ਕੁਇੰਟਲ ਪਹਿਲਾਂ ਸੀ ਔਰ ਢਾਈ ਰੁਪਏ ਦਾ ਕੀਮਤ ਵਿਚ ਵਾਧਾ ਕੀਤਾ ਗਿਆ। ਇਹ ਉਸ ਵੇਲੇ ਦੀ ਗੱਲ ਹੈ ਜਦੋਂ ਕਿ ਹੇਠਾਂ ਵੀ ਸਰਕਾਰ ਇਨ੍ਹਾਂ ਦੀ ਸੀ ਔਰ ਉਪਰ ਇਹ ਆਪ ਸਨ। ਪਰ ਉਦੋਂ ਬਾਦਲ ਸਾਹਿਬ ਤਾਂ ਬਿਮਾਰ ਹੀ ਰਹਿੰਦੇ ਸਨ । ਜਿਤਨਾਂ ਚਿਰ ਇਹ ਉਥੇ ਰਹੇ, ਇਹ ਬਿਮਾਰ ਹੀ ਰਹੇ। ਉਥੇ ਮੁਰਾਰ ਜੀ ਦੇਸਾਈ ਨਾਲ ਕੰਮ ਕਰਨਾ ਪੈਂਦਾ ਸੀ ਔਰ ਜਦੋਂ ਦੇਸਾਈ ਜੀ ਦਾ ਦਬਕਾ ਵੱਜਦਾ ਸੀ ਤਾਂ ਇਹ ਹਾਊਸ ਵਿਚ ਹੀ ਨਹੀਂ ਸਨ ਜਾਂਦੇ ਹੁੰਦੇ (ਹਾਸਾ)। ਇਹ ਤਾਂ ਸਾਡਾ ਚੀਫ਼ ਮਨਿਸਟਰ ਆਇਆ ਤਾਂ ਭਾਅ ਵਧਿਆ। ਜਦੋਂ ਬਾਦਲ ਸਾਹਿਬ ਦਿੱਲੀ ਤੋਂ ਵਾਪਸ ਆ ਕੇ ਇਥੇ ਚੀਫ ਮਨਿਸਟਰ ਬਣ ਗਏ ਤਾਂ ਬਰਨਾਲਾ ਜੀ ਉਥੇ ਐਗਰੀਕਲਚਰ ਮਨਿਸਟਰ ਬਣ ਗਏ । ਫਿਰ ਦੋ ਰੁਪਏ ਭਾਅ ਕਣਕ ਦਾ ਪਰ ਕੁਇੰਟਲ ਵਧਿਆ। ਪਰ ਹੁਣ ਜਦੋਂ ਸਾਡੀ ਸਰਕਾਰ ਆਈ ਤਾਂ 117 ਰੁਪਏ ਤੋਂ 130 ਰੁਪਏ ਭਾਅ ਕੀਤਾ ਗਿਆ ਔਰ ਝੋਨੇ ਦਾ ਭਾਅ 115 ਰੁਪਏ ਪਰ ਕੁਇੰਟਲ ਕੀਤਾ ਗਿਆ। ਪਹਿਲਾਂ ਭਾਅ 95 ਰੁਪਏ ਹੁੰਦਾ ਸੀ ਫਿਰ 105 ਰੁਪਏ ਹੋਇਆ, ਫਿਰ 110 ਰੁਪਏ ਅਤੇ ਫਿਰ 115 ਰੁਪਏ ਹੋ ਗਿਆ ਔਰ ਚੰਗੀ ਵੇਰਾਇਟੀ ਦਾ 123 ਰੁਪਏ ਕੀਤਾ ਗਿਆ ਹੈ। ਇਸ ਸਾਲ 143 ਰੁਪਏ ਭਾਅ ਕੀਤਾ ਗਿਆ ਔਰ ਅਜੇ ਵੀ ਰਾਓ ਬਰਿੰਦਰ ਸਿੰਘ ਜੀ ਦਾ ਬਿਆਨ ਹੈ ਕਿ 143 ਰੁਪਏ ਤੋਂ ਭਾਅ ਘੱਟ ਨਹੀਂ ਹੋਵੇਗਾ। ਇਸ ਤੋਂ ਵੱਧ ਮੰਨਿਆ ਜਾਵੇਗਾ । ਸਪੀਕਰ ਸਾਹਿਬ, ਮੈਂ ਤਾਂ ਕਹਿੰਦਾ ਹਾਂ ਕਿ ਇਹ ਸਾਡੀ ਅਸਲੀ ਸਰਕਾਰ ਹੈ। ਜਦੋਂ ਵੀ ਇਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਸਰਕਾਰ ਆਈ ਹੈ ਕਿਸਾਨ ਦੀ ਜਿਣਸ ਦੀਆਂ ਕੀਮਤਾਂ ਵਧੀਆਂ ਹਨ। ਮੈਂ ਫਿਗਰਜ਼ ਦੇ ਕੇ ਦੱਸਾਂਗਾ ਜੇ ਇਹ ਐਨੇ ਹਮਦਰਦ ਸਨ ਤਾਂ ਇਹ ਉਸ ਵੇਲੇ ਕਿਸਾਨਾਂ ਨੂੰ ਚੰਗੇ ਭਾਅ ਕਿਉਂ ਨਹੀਂ ਦਿਵਾ ਸਕੇ। ਤੁਸੀਂ ਵੇਖੋ ਸ਼ੂਗਰਕੇਨ ਦਾ ਉਸ ਵੇਲੇ ਕੀ ਭਾਅ ਸੀ? ਬਾਦਲ ਸਾਹਿਬ ਉਸ ਵੇਲੇ ਸੈਂਟਰ ਵਿਚ ਬਠੇ ਸਨ ਪਰ ਇਥੇ ਕਿਸਾਨ ਗੰਨੇ ਨੂੰ ਅੱਗ ਲਾ ਰਹੇ ਸਨ। ਫਿਰ ਇਹ ਕਿਸ ਤਰਾਂ ਜ਼ਿਮੀਦਾਰਾਂ ਦੇ ਹਮਦਰਦ ਹੋ ਸਕਦੇ ਹਨ। ਇਹ ਜਿਹੜੀਆਂ ਹੁਣ ਗੱਲਾਂ ਕਰਦੇ ਹਨ ਇਹ ਸਿਰਫ ਗੱਦੀਆਂ ਲੈਣ ਵਾਸਤੇ ਗੱਲਾਂ ਕਰਦੇ ਹਨ ਔਰ ਲੋਕਾਂ ਨੂੰ ਗੁਮਰਾਹ ਕਰਨਾ ਚਾਹੁੰਦੇ ਹਨ। ਪਰ ਸ਼ਾਇਦ ਇਹ ਭੁਲ ਗਏ ਹਨ ਕਿ ਹੁਣ ਵੋਟਰ ਬੜੇ ਸਿਆਣੇ ਹੋ ਗਏ ਹਨ। ਉਹ ਐਨੇ ਸੂਝਵਾਨ ਹੋ ਗਏ ਹਨ ਕਿ ਉਹ ਇਨ੍ਹਾਂ ਦੀਆਂ ਗੱਲਾਂ ਵਿਚ ਆਉਣ ਵਾਲੇ ਨਹੀਂ। ਉਹ ਜਾਣਦੇ ਹਨ ਕਿ ਕਿਹੜੀ ਪਾਰਟੀ ਕੰਮ ਕਰਨ ਵਾਲੀ ਹੈ। ਵੋਟਰ ਤਾਂ ਉਸੇ ਨੂੰ ਇਸ ਪਾਸੇ ਰਹਿਣ ਦੇਣਗੇ ਜਿਹੜੇ ਕੰਮ ਕਰਨਗੇ। ਜੇ ਕਾਂਗ੍ਰਸ ਪਾਰਟੀ ਕੰਮ ਨਹੀਂ ਕਰੇਗੀ ਤਾਂ ਇਨ੍ਹਾਂ ਨੂੰ ਉਧਰ ਬਿਠਾ ਦੇਣਗੇ। ਜੇ ਅਕਾਲੀ ਪਾਰਟੀ ਕੰਮ ਨਹੀਂ ਸੀ ਕਰਦੀ ਤਾਂ ਹੀ ਉਨ੍ਹਾਂ ਨੂੰ ਉਧਰ ਬੈਠਾ ਦਿੱਤਾ ਹੈ ਇਸ ਲਈ ਵੋਟਰ ਅੱਜ ਬੜਾ ਸੂਝਵਾਨ ਹੋ ਗਿਆ ਹੈ। ਇਹ ਬੜੀ ਚੰਗੀ ਗਲ ਹੈ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜਦੋਂ ਦੀ ਆਈ ਹੈ ਇਸ ਨੇ ਕਾਫੀ ਕੰਮ ਕੀਤਾ ਹੈ। ਤੁਸੀਂ ਕੋਆਪਰੇਸ਼ਨ ਦਾ ਮਹਿਕਮਾ ਹੀ ਲੈ ਲਓ। ਇਨ੍ਹਾਂ ਪਿਛਲੇ 4-5 ਮਹੀਨਿਆਂ ਵਿਚ ਜਦੋਂ ਦੇ ਸਰਦਾਰ ਬੀਰਪਾਲ ਸਿੰਘ ਮਨਿਸਟਰ ਬਣੇ, ਹਨ ਇਨ੍ਹਾਂ ਨੇ ਬੜੇ ਤਕੜੇ ਹੋ ਕੇ ਕੰਮ ਕੀਤਾ ਹੈ। ਰਿਕਾਰਡ ਤੋੜ ਕਾਰਖਾਨੇ ਪੰਜਾਬ ਵਿਚ ਲਾਏ ਹਨ। ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਇਹ ਸਿਵਾਏ ਲੱਛੇਦਾਰ ਸਪੀਚਾਂ ਕਰਨ ਦੇ ਹੋਰ ਕੁਝ ਨਹੀਂ ਸੀ ਕਰਦੇ। ਲੱਛੇਦਾਰ ਸਪੀਚਾਂ ਇਸ ਤਰ੍ਹਾਂ ਕਰਦੇ ਸਨ ਕਿ ਅਸੀਂ ਬਹੁਤ ਸਾਰੇ ਕਾਰਖਾਨੇ ਲਗਾ ਰਹੇ ਹਾਂ। ਅਜਿਹੇ ਕਾਰਖਾਨੇ ਲਗਣਗੇ ਕਿ ਝੋਨੇ ਦੀ ਫਕ ਨਾਲ ਸੀਮਿੰਟ ਤਿਆਰ ਹੋਵੇਗਾ, ਮੁਰਗੀ ਤੁਹਾਡੀ 40 ਰੁਪਏ ਦੀ ਵਿਕੇਗੀ। ਪਰ ਕੋਈ ਉਸ ਵੇਲੇ ਕਾਰਖਾਨਾ ਨਹੀਂ ਲਗਿਆ ਔਰ ਨਾ ਹੀ ਕੋਈ ਮੁਰਗੀ ਉਸ ਵੇਲੇ 40 ਰੁਪਏ ਦੀ ਵਿੱਕੀ। ਅੱਜ ਤੁਸੀਂ ਵੇਖੋ ਕਿ ਕਿੰਨੇ ਕਾਰਖਾਨੇ ਲਗ ਰਹੇ ਹਨ। ਕਿਸਾਨਾਂ ਨੂੰ ਕਿਤਨੇ ਚੰਗੇ ਭਾਅ ਦਿੱਤੇ ਜਾ ਰਹੇ ਹਨ। ਇਨ੍ਹਾਂ ਦੇ ਵੇਲੇ ਜ਼ਿਮਾਦਾਰਾਂ ਨੇ ਕਪਾਹ ਸਾੜ ਕੇ ਹੋਲੀ ਜਲਾਈ ਸੀ। ਉਸ ਵੇਲੇ ਇਨ੍ਹਾਂ ਨੇ ਜ਼ਿਮਾਦਾਰਾਂ ਨੂੰ 250 ਰੁਪਏ ਦਾ ਭਾਅ ਕਾਟਨ ਦਾ ਦਿੱਤਾ ਸੀ। ਪਰ ਅੱਜ ਕਿਸਾਨ ਨੂੰ 590 ਰੁਪਏ ਪਰ ਕੁਇੰਟਲ ਦਾ ਭਾਅ ਮਿਲ ਰਿਹਾ ਹੈ। ਹੁਣ ਇਹ ਦਸਣ ਕਿ ਕਿਹੜੀ ਸਰਕਾਰ ਕਿਸਾਨਾਂ ਦੀ ਹਮਦਰਦ ਸਰਕਾਰ ਹੈ, ਉਹ ਜਿਸ ਨੇ 250 ਰੁਪਏ ਭਾਅ ਦਿਵਾਇਆ ਸੀ ਜਾਂ ਇਹ ਜਿਸ ਨੇ 590 ਰੁਪਏ ਦਾ ਭਾਅ ਦਿਵਾਇਆ ਹੈ। ਇਸੇ ਤਰ੍ਹਾਂ ਗੰਨੇ ਦਾ ਭਾਅ ਹੁਣ 26 ਰੁਪਏ ਕੁਇੰਟਲ ਦਾ ਦਿੱਤਾ ਹੈ ਜਿਹੜਾ ਕਿ ਹਿੰਦੁਸਤਾਨ ਵਿਚ ਕਿਸੇ ਵੀ ਸਟੇਟ ਨੇ ਨਹੀਂ ਦਿੱਤਾ ਹੋਣਾ। ਇਸ ਲਈ ਮੈਂ ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਕਰੋੜਾਂ ਰੁਪਏ ਦਾ ਫਾਇਦਾ ਜ਼ਿਮੀਦਾਰਾਂ ਦਾ ਕੀਤਾ ਹੈ। ਇਸ ਤੋਂ ਇਲਾਵਾ ਐਗਰੋ-ਬੇਸਡ ਇੰਡਸਟਰੀਜ਼ ਬਹੁਤ ਸਾਰੀਆਂ ਚਲਾਈਆਂ ਜਾ ਰਹੀਆਂ ਹਨ। ਹੁਣੇ ਹੀ ਇਕ ਸਪਿਨਿੰਗ ਮਿਲ ਲਗਾਈ ਗਈ ਹੈ ਔਰ ਹੋਰ ਵੀ 45 ਕਰੋੜ ਰੁਪਏ ਦੀ ਲਾਗਤ ਨਾਲ 5 ਸਪਿਨਿੰਗ ਮਿਲਾਂ ਲਗ ਰਹੀਆਂ ਹਨ। ਮੈਂ ਬਾਦਲ ਸਾਹਿਬ ਨੂੰ ਦਸਦਾ ਹਾਂ ਕਿ ਲੋਕ ਹੁਣ ਲਛੇਦਾਰ ਤਕਰੀਰਾਂ ਨਹੀਂ ਸੁਣਦੇ ਬਲਕਿ ਉਹ ਕੰਮ ਵੇਖਦੇ ਹਨ। ਇਸ ਦਾ ਇਕ ਕਾਰਖਾਨਾ ਅਬੋਹਰ ਲਗ ਰਿਹਾ ਹੈ, ਇਕ ਮਲੋਟ ਲਗ ਰਿਹਾ ਹੈ, ਇਕ ਤਪਾ ਲਗ ਰਿਹਾ ਹੈ, ਇਕ ਮਾਨਸਾ ਲਗ ਰਿਹਾ ਹੈ ਅਤੇ ਇਕ ਗੋਇੰਦਵਾਲ ਲਗ ਰਿਹਾ ਹੈ। ਇਨ੍ਹਾਂ ਨੇ ਆਪਣੇ ਵੇਲੇ ਗੋਇੰਦਵਾਲ ਸਿੱਖੀ ਦਾ ਧੁਰਾ ਦਾ ਫੱਟਾ ਲਾਉਣ ਦੇ ਸਿਵਾ ਹੋਰ ਕੋਈ ਕੰਮ ਨਹੀਂ ਕੀਤਾ। ਮੈਨੂੰ ਇਨ੍ਹਾਂ ਦੀਆਂ ਗਲ ਦਾ ਪੱਤਾ ਹੈ ਕਿਉਂਕਿ ਮੈਂ ਉਸ ਵੇਲੇ ਐਗਰੋ ਇੰਡਸਟਰੀ ਕਾਰਪੋਰੇਸ਼ਨ ਦਾ ਚੇਅਰਮੈਨ ਸੀ। ਮੈਨੂੰ ਯਾਦ ਹੈ ਕਿ ਉਸ ਵੇਲੇ ਬਾਵਾ ਪਰਮਜੀਤ ਸਿੰਘ ਨੇ ਕਿਹਾ ਸੀ ਕਿ ਗੋਇੰਦਵਾਲ ਵਿਖੇ

Original with;
Punjab Vidhan Sabha
Digitized by;
Panjab Digital Library

ਇਕ ਕਾਰਖਾਨਾ ਲਾ ਦਿਓ। ਜਦੋਂ ਮੈਂ ਇਸ ਬਾਰੇ ਬਾਦਲ ਸਾਹਿਬ ਨਾਲ ਗਲ ਕੀਤੀ ਤਾ ਇਹ ਕਹਿਣ ਲਗੇ ਕਿ ਉਥੇ ਕੀ ਲੋੜ ਹੈ ਕਾਰਖਾਨਾ ਲਾਉਣ ਦੀ। ਪਰ ਅੱਜ ਤੁਸੀਂ ਵੇਖੋ ਗੋਇੰਦਵਾਲ ਵਿਖੇ 6000 ਏਕੜ ਜ਼ਮੀਨ ਅਕਵਾਇਰ ਕਰ ਲਈ ਗਈ ਹੈ ਔਰ ਉਹ ਇਕ ਨਿਊਕਲਿਅਸ ਇੰਡਸਟ-ਰੀਅਲ ਟਾਊਨ ਬਣ ਗਿਆ ਹੈ। ਉਥੇ ਬਿਜਲੀ ਜਗਮਗਾ ਰਹੀ ਹੈ। ਇਹ ਕਹਿੰਦੇ ਹਨ ਕਿ ਅਸੀਂ ਸਿੱਖੀ ਦੇ ਵਫਾਦਾਰ ਹਾਂ। ਮੈਂ ਕਹਿੰਦਾ ਹਾਂ ਕਿ ਅਸੀਂ ਵੀ ਸਿੱਖ ਹਾਂ। ਅਸੀਂ ਵੀ ਪੰਥਕ ਹਾਂ, ਅਸੀਂ ਵੀ ਗੁਰਸਿੱਖ ਹਾਂ। ਇਹ ਜਿਸ ਤਰ੍ਹਾਂ ਗਲਾਂ ਕਰਦੇ ਹਨ ਕਿ ਸਿੱਖੀ ਦੇ ਨਾਂ ਤੇ ਇਨ੍ਹਾਂ ਨੂੰ ਵੋਟਾਂ ਮਿਲਣ ਗੀਆਂ ਇਹ ਨਹੀਂ ਹੋ ਸਕਦਾ। ਇਸ ਤਰ੍ਹਾਂ ਇਨ੍ਹਾਂ ਨੂੰ ਵੋਟਾਂ ਨਹੀਂ ਮਿਲਣ ਲਗੀਆਂ। ਅਸੀਂ ਵੀ ਸਿੱਖ ਹਾਂ, ਅਸੀਂ ਵੀ ਸਿਖਾਂ ਦੇ ਵਫਾਦਾਰ ਹਾਂ। ਇਕਲੀ ਅਕਾਲੀ ਪਾਰਟੀ ਹੀ ਸਿੱਖਾਂ ਦੀ ਵਫਾਦਾਰ ਨਹੀਂ ਹੈ।

ਸਪੀਕਰ ਸਾਹਿਬ, ਇਹ ਆਪਣੇ ਆਪ ਨੂੰ ਗਰੀਬਾਂ ਦਾ ਵੀ ਬੜਾ ਵਫਾਦਾਰ ਕਹਿੰਦੇ ਹਨ। ਪਰ ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਇਨ੍ਹਾਂ ਨੇ ਆਪਣੇ ਰਾਜ ਵੇਲੇ ਜਿਹੜੀਆਂ ਸੱਸਤੇ ਭਾਅ ਤੇ ਚੀਜ਼ਾਂ ਵੰਡੀਆਂ ਸਨ ਉਹ ਸਿਰਫ 1 ਕਰੋੜ 50 ਲੱਖ ਦੀਆਂ ਚੀਜ਼ਾਂ ਕੋਆਪਰੇਟਿਵ ਡਿਪਾਰਟਮੈਂਟ ਰਾਹੀਂ ਵੰਡੀਆਂ ਸਨ। ਪਰ ਇਸ ਸਰਕਾਰ ਨੇ ਹੁਣ ਇਸ ਵਾਸਤੇ 36 ਕਰੋੜ ਰੁਪਏ ਦਾ ਪ੍ਰੋਵੀਜ਼ਨ ਕੀਤਾ ਹੈ। ਹੁਣ ਤੁਸੀਂ ਦਸੋ ਕਿ ਗਰੀਬਾਂ ਦੇ ਹਮਦਰਦ ਕੌਣ ਹਨ? ਸਪੀਕਰ ਸਾਹਿਬ, ਮੈਂ ਇਨ੍ਹਾਂ ਵਿਚੋਂ ਆਇਆ ਹਾਂ। ਇਸ ਲਈ ਮੈਨੂੰ ਇਨ੍ਹਾਂ ਦਾ ਸਾਰਾ ਪਤਾ ਹੈ। ਮੈਨੂੰ ਪਤਾ ਹੈ ਕਿ ਇਹ ਕੀ ਕਰਦੇ ਰਹੇ ਹਨ। ਮੈਂ ਤੁਹਾਨੂੰ ਦਸਦਾ ਹਾਂ ਕਿ ਮਾਰਕਫੈਡ ਨੇ ਕਾਟਨ ਪਰਚੇਜ਼ ਕਰਨ ਦੀ ਇਕ ਕਮੇਟੀ ਬਣਾ ਕੇ ਮਹਾਰਾਸ਼ਟਰਾ ਭੇਜੀ ਸੀ ਤਾਂ ਕਿ ਇਹ ਪਤਾ ਲਗੇ ਕਿ ਉਨ੍ਹਾਂ ਦਾ ਪੈਟਰਨ ਕੀ ਹੈ। ਪਰ ਇਨ੍ਹਾਂ ਨੇ ਉਸ ਵੇਲੇ ਉਸ ਕਮੇਟੀ ਦੀ ਇਕ ਮੀਟਿੰਗ ਨਹੀਂ ਹੋਣ ਦਿੱਤੀ। ਇਸ ਕਰਕੇ ਨਹੀਂ ਹੋਣ ਦਿੱਤੀ ਕਿਉਂਕਿ ਉਸ ਵੇਲੇ ਜਿਹੜੇ ਕੋਆਪਰੇਸ਼ਨ ਮਨਿਸਟਰ ਸਨ ਉਨ੍ਹਾਂ ਨਾਲ ਇਨਾਂ ਦੀ ਬਣਦੀ ਨਹੀਂ ਸੀ। ਇਹ ਨਹੀਂ ਸਨ ਚਾਹੁੰਦੇ ਕਿ ਉਸ ਮਨਿਸਟਰ ਨੂੰ ਕਰੈਡਿਟ ਮਿਲੇ। ਪਰ ਇਸ ਨਾਲ ਉਸ ਵੇਲੇ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਸੀ। ਉਸ ਵੇਲੇ ਮਾਰਕਫੈਡ ਨੇ ਡੇਢ ਲੱਖ ਗੰਡਾਂ ਕਾਟਨ ਦੀਆਂ ਪਰਚੇਜ਼ ਕੀਤੀਆਂ ਸਨ ਪਰ ਹੁਣ 3 ਲੱਖ ਗੰਢਾਂ ਪਰਚੇਜ਼ ਕੀਤੀਆਂ ਹਨ, ਔਰ ਭਾਅ ਵੀ 590 ਰੁਪਏ ਦਾ ਦਿੱਤਾ ਹੈ!

ਇਸੇ ਤਰ੍ਹਾਂ ਆਲੂਆਂ ਦੀ ਫਸਲ ਵਾਸਤੇ ਵੀ ਸਾਡੀ ਸਰਕਾਰ ਨੇ ਬੰਬਈ ਔਰ ਕਲਕੱਤੇ ਵਿਚ ਕੋਲਡ ਸਟੋਰੇਜ ਬਣਾ ਦਿੱਤੇ ਹਨ ਤਾਂ ਕਿ ਜੇ ਆਲੂ ਜ਼ਿਆਦਾ ਹੋ ਜਾਵੇ ਤਾਂ ਉਥੇ ਜਾ ਕੇ ਸਟੋਰ ਕੀਤਾ ਜਾ ਸਕੇ।

ਹੁਣ ਸਾਡੀ ਸਰਕਾਰ ਨੇ 4 ਰਾਈਸ ਸ਼ੈਲਰ ਵੀ ਹੋਰ ਲਾ ਦਿੱਤੇ ਹਨ ਕਿਉਂਕਿ ਮਾਰਕਫੈਡ ਨੇ ਝੋਨਾ ਖਰੀਦਣਾ ਸ਼ੁਰੂ ਕਰ ਦਿੱਤਾ ਹੈ। ਸਾਡੀ ਸਰਕਾਰ ਚਾਹੁੰਦੀ ਹੈ ਕਿ ਜ਼ਿਮੀਂਦਾਰ ਨੂੰ ਉਸ ਦੀ ਉਪਜ ਦੀ ਪੂਰੀ ਕੀਮਤ ਮਿਲੇ। ਇਸੇ ਤਰ੍ਹਾਂ ਜ਼ਿਨਿੰਗ ਫੈਕਟਰੀਆਂ ਵੀ ਲਗਾਈਆਂ ਜਾ ਰਹੀਆਂ ਹਨ। ਇਹ ਮੈਨੂੰ ਦਸ ਦੇਣ ਜੇ ਕੋਈ ਇਕ ਵੀ ਕਾਰਖਾਨਾ ਪੰਜਾਬ ਵਿਚ ਇਨ੍ਹਾਂ ਦੇ ਰਾਜ ਵੇਲੇ ਲਾਇਆ ਗਿਆ ਹੋਵੇ। ਬਾਦਲ ਸਾਹਿਬ ਮਾਲਵਾ ਦੇ ਰਹਿਣ ਵਾਲੇ ਹਨ। ਉਥੇ ਵੀ ਕਾਰਖਾਨਾ ਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਤਲਵੰਡੀ ਸਾਬੋ ਅਤੇ ਦਮਦਮਾ ਸਾਹਿਬ ਇਨ੍ਹਾਂ ਨੇ ਕੋਈ ਕਾਰਖਾਨਾ ਨਹੀਂ ਸੀ ਲਾਇਆ ਪਰ ਹੁਣ ਉਥੇ ਵੀ ਕਾਰਖਾਨੇ ਲਗ ਰਹੇ ਹਨ। ਸਾਡੀ ਸਰਕਾਰ ਧਾਰਮਿਕ ਅਸਥਾਨਾਂ ਦੀ ਕਦਰ ਕਰਦੀ ਹੈ। ਪੰਜਾਬ ਦੀ ਤਰੱਕੀ ਕਰਨਾ ਚਾਹੁੰਦੀ ਹੈ। ਸਾਡੀ ਸਰਕਾਰ ਨੇ ਪਿਛਲੇ ਡੇਢ ਸਾਲ ਵਿਚ ਜਿੰਨੇ ਟੀਚੇ ਮਿਥੇ ਸਨ ਉਹ ਸਾਰੇ ਪ੍ਰਾਪਤ ਕਰ ਲਏ ਹਨ।

Original with;
Punjab Vidhan Sabha
Digitized by;
Panjab Digital Library

[ਸਰਦਾਰ ਹਰਚਰਨ ਸਿੰਘ ਹੀਰੋ]

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਜਿਹੜੀ ਫੋਕਲ ਪੁਆਇੰਟ ਦੀ ਸਕੀਮ ਬਣਾਈ ਸੀ ਮੈਂ ਤਾਂ ਉਸ ਨੂੰ ਫੋਕੇ ਪੁਆਇੰਟ ਹੀ ਕਹਿੰਦਾ ਹਾਂ। ਇਨ੍ਹਾਂ ਨੇ ਇਸ ਵਾਸਤੇ 300 ਕਰੋੜ ਰੁਪਿਆ ਖਰਚਣ ਲਈ ਕਿਹਾ ਸੀ ਪਰ ਖਰਚਿਆ ਕਿੰਨਾ? ਸਿਰਫ 2 ਕਰੋੜ ਰੁਪਿਆ। ਇਸ ਤੋਂ ਵੱਧ ਇਹ ਨਹੀਂ ਸਨ ਖਰਚ ਸਕੇ ਔਰ ਫਿਰ ਇਸ ਪੈਸੇ ਨਾਲ ਇਹ ਕੁਝ ਨਾ ਕਰ ਸਕੇ। ਮੁਸ਼ਕਿਲ ਨਾਲ ਕੋਈ ਜ਼ਮੀਨ ਲਈ ਹੋਣੀ ਹੈ। ਕੋਈ ਪੂਰੀ ਬਿਲਡਿੰਗ ਨਹੀਂ ਬਣੀ। ਹੁਣ ਰੰਧਾਵਾ ਸਾਹਿਬ ਜਦੋਂ ਦੇ ਆਏ ਹਨ ਇਨ੍ਹਾਂ ਨੇ ਆਕੇ ਉਨਾਂ ਫੋਕਲ ਪੁਆਇੰਟਾਂ ਨੂੰ ਪੱਕਾ ਕੀਤਾ ਹੈ ਇਸ ਤੋਂ ਇਲਾਵਾ ਪਿੰਡਾਂ ਨੂੰ ਪੱਕੇ ਕਰਨ ਦਾ ਪ੍ਰੋਗਰਾਮ ਵੀ ਸਰਕਾਰ ਨੇ ਬਣਾਇਆ ਹੈ। ਪਿੰਡਾਂ ਦੀਆਂ ਸੜਕਾਂ, ਗਲੀਆਂ, ਨਾਲੀਆਂ ਸਭ ਪੱਕੀਆਂ ਕੀਤੀਆਂ ਜਾ ਰਹੀਆਂ ਹਨ ਤਾਕਿ ਜਿਹੜੇ ਪਿੰਡਾਂ ਦੇ ਰਹਿਣ ਵਾਲੇ ਹਨ ਉਹ ਵੀ ਪਿੰਡਾਂ ਵਿਚ ਪੂਰੀ ਇਜ਼ੱਤ ਨਾਲ ਰਹਿ ਸਕਣ। ਸਾਡੀ ਸਰਕਾਰ ਨੇ ਆਉਣ ਵਾਲੇ 5 ਸਾਲਾਂ ਵਿਚ ਪੰਜਾਬ ਦੇ ਸਾਰੇ ਪਿੰਡਾਂ ਦੀਆਂ ਗਲੀਆਂ , ਨਾਲੀਆਂ ਅਤੇ ਸੜਕਾਂ ਪੱਕੀਆਂ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਮੈਂ ਸਮਝਦਾ ਹਾਂ ਕਿ ਇਸ ਤਰਾਂ ਪਿੰਡਾਂ ਦੇ ਪੱਕੇ ਹੋ ਜਾਣ ਨਾਲ ਪਿੰਡਾਂ ਵਿਚ ਇਕ ਨਵਾਂ ਇਨਕਲਾਬ ਆਏਗਾ।

ਸ੍ਰੀ ਸਪੀਕਰ : ਹੁਣ ਤੁਸੀਂ ਵਾਈਂਡ ਅਪ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਹਰਚਰਨ ਸਿੰਘ ਹੀਰੋ**: ਮੈਨੂੰ ਬੋਲ ਲੈਣ ਦਿਓ। ਪੰਜਾਬ ਵਿਚ ਸ਼ੂਗਰ ਮਿਲਾਂ ਤਾਂ ਵੇਖੋ ਕਿੰਨੀਆਂ ਲਗ ਰਹੀਆਂ ਹਨ। ਇਨ੍ਹਾਂ ਸ਼ੂਗਰ ਮਿਲਾਂ ਦੇ ਬਣ ਜਾਣ ਨਾਲ ਜ਼ਿਮੀਂਦਾਰ ਨੂੰ ਕਾਫੀ ਫਾਇਦਾ ਹੋਵੇਗਾ। 6 ਮਿਲਾਂ ਪੰਜਾਬ ਵਿਚ ਹੋਰ ਲਗ ਰਹੀਆਂ ਹਨ। ਇਕ ਜ਼ੀਰਾ ਮਿਲ ਲਗੀ ਹੈ ਔਰ ਇਕ ਗੁਰਦਾਸਪੁਰ ਲਗੀ ਹੈ। 4 ਹੋਰ ਕੋਆਪਰੇਟਿਵ ਸੈਕਟਰ ਵਿਚ ਲਗ ਰਹੀਆਂ ਹਨ ਔਰ ਦੋ ਹੋਰ ਪ੍ਰਾਈ-ਵੇਟ ਸੈਕਟਰ ਵਿਚ ਲਗ ਰਹੀਆਂ ਹਨ। ਸਪੀਕਰ ਸਾਹਿਬ, ਇਤਨੀਆਂ ਮਿਲਾਂ ਲਗ ਰਹੀਆਂ ਹਨ ਕਿ ਜਿੰਨ੍ਹਾ ਗੰਨਾ ਮਿਲਾਂ ਕੋਲ ਆਵੇ ਉਹ ਕਰੱਸ਼ ਹੋ ਸਕੇ ਔਰ ਜ਼ਿਮੀਦਾਰਾਂ ਨੂੰ ਆਪਣੇ ਗੰਨੇ ਦਾ ਭਾਅ ਪੂਰਾ ਮਿਲ ਸਕੇ। ਕਲ ਦਾਲਮ ਸਾਹਿਬ ਨੇ ਕਿਹਾ ਸੀ ਕਿ ਬਿਜਲੀ ਦੀ ਬੜੀ ਘਾਟ ਹੈ। ਇਹ ਅਸੀਂ ਵੀ ਮੰਨਦੇ ਹਾਂ ਕਿ ਬਿਜਲੀ ਦੀ ਘਾਟ ਹੈ । ਪਰ ਆਨੰਦਪੁਰ ਸਾਹਿਬ ਹਾਈਡਲ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟਸ ਨੂੰ ਤੁਸੀਂ ਪੂਰੇ ਨਹੀਂ ਕਰ ਸਕੇ । ਸਾਡੀ ਉਥੇ ਪਬਲਿਕ ਅੰਡਰਟੇਕਿੰਗ ਕਮੇਟੀ ਗਈ ਸੀ ਅਤੇ ਕਮੇਟੀ ਦੇ ਨੋਟਿਸ ਵਿਚ ਆਇਆ ਸੀ ਕਿ ਇਥੋਂ ਅਫਸਰਾਂ ਨੇ ਮਸ਼ੀਨਰੀ ਅਤੇ ਪੁਟਜੇ ਵਗੈਰਾ ਗਾਇਬ ਕਰਵਾ ਦਿੱਤੇ ਜਿਸ ਕਰਕੇ ਇਹ ਪ੍ਰਾਜੈਕਟ ਪੂਰਾ ਨਹੀਂ ਹੋ ਸਕਿਆ। ਹੁਣ ਸਾਡੇ ਸੀ.ਐਮ. ਸਾਹਿਬ ਨੇ ਇੰਟਰੈਸਟ ਲਿਆ ਹੈ ਅਤੇ ਟੀਚੇ ਫਿਕਸ ਕਰ ਦਿੱਤੇ ਹਨ ਕਿ ਇਤਨੇ ਪੀਰੀਅਡ ਵਿਚ ਕੰਪਲੀਟ ਹੋ ਜਾਣੇ ਚਾਹੀਦੇ ਹਨ ਔਰ ਇਹ ਪੂਰੇ ਹੋ ਜਾਣਗੇ। ਇਸ ਤੋਂ ਇਲਾਵਾ ਸ਼ਾਨਨ ਪ੍ਰੋ-ਜੈਕਟ ਪੂਰਾ ਹੋ ਚੁੱਕਾ ਹੈ ਅਤੇ ਇਥੋਂ ਬਿਜਲੀ ਦਾ ਉਤਪਾਦਨ ਸ਼ੁਰੂ ਹੋਣ ਵਾਲਾ ਹੈ । ਇਥੋਂ 162 ਮੈਗਾਵਾਟ ਬਿਜਲੀ ਪੈਦਾ ਹੋਵੇਗੀ। ਇਸੇ ਤਰ੍ਹਾਂ ਅਸੀਂ ਇੰਡਸਟਰੀ ਦੇ ਖੇਤਰ ਵਿਚ 40 ਵੱਡੇ ਅਤੇ 12,781 ਸਮਾਲ ਯੂਨਿਟਸ ਬਣਾਏ ਹਨ । ਵਿਲੇਜ਼ ਇੰਡਸਟਰੀਜ਼ ਦੀ ਵੀ ਡਿਵੈਲਪਮੈਂਟ ਕੀਤੀ ਹੈ । ਹੁਣ ਤੁਸੀਂ ਐਗਰੀਕਲਚਰ ਦੇ ਖੇਤਰ ਵਿਚ ਦੇਖ ਲਓ । ਇਹ ਕਹਿੰਦੇ ਹਨ ਕਿ ਜ਼ਿਮੀਦਾਰਾਂ ਨੂੰ ਪੂਰੀ ਬਿਜਲੀ ਨਹੀਂ ਮਿਲੀ ਸੀ। ਇਹ ਪਹਿਲੀ ਵਾਰ ਰਿਕਾਰਡ ਹੈ ਕਿ ਲਗਾਤਾਰ 12 ਘੰਟੇ ਬਿਜਲੀ ਜ਼ਿਮੀਦਾਰਾਂ ਨੂੰ ਦਿੱਤੀ ਗਈ ਹੈ। ਇਹ ਚਾਹੇ ਸਰਕਾਰ ਨੇ ਕਾਰਖਾਨਿਆਂ ਨੂੰ ਸਪਲਾਈ ਘਟਾ ਕੇ ਦਿੱਤੀ ਹੈ ਚਾਹੇ ਹੋਰ ਕੋਈ ਇੰਤਜ਼ਾਮ ਕੀਤਾ ਹੈ ਪਰ ਬਿਜਲੀ ਦੀ ਸਪਲਾਈ ਕਿਸਾਨਾਂ ਨੂੰ ਕੀਤੀ ਹੈ ਔਰ ਇਸੇ ਕਰਕੇ ਜ਼ਿਮੀਦਾਰਾਂ ਨੇ ਰਿਕਾਰਡ ਪੈਦਾਵਾਰ ਕੀਤੀ ਹੈ। 1979-80 ਦੇ ਵਿਚ ਪੈਦਾਵਾਰ 119.87 ਲੱਖ ਟਨ ਹੋਈ ਸੀ ਅਤੇ ਹੁਣ ਇਹ ਪੈਦਾਵਾਰ ਵੱਧ ਕੇ 127.41 ਲੱਖ ਟਨ ਹੋ ਗਈ ਹੈ। ਇਹ ਬਹੁਤ ਵੱਡੀ ਅਚੀਵਮੈਂਟ ਹੈ। ਇਹ ਪੈਦਾਵਾਰ ਬਿਜਲੀ ਦੇਣ ਕਰਕੇ ਹੋ ਸਕੀ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਹੀਰੋ ਸਾਹਿਬ, ਤੁਸੀਂ ਹੁਣ ਖ਼ਤਮ ਕਰੋ।

**ਸਰਦਾਰ ਹਰਚਰਨ ਸਿਘ ਹੀਰੋ**: ਸਪੀਕਰ ਸਾਹਿਬ, ਸਾਡੀ ਸਰਕਾਰ ਨੇ 385 ਕਰੋੜ ਦੇ ਬਜਟ ਵਿਚੋਂ 189 ਕਰੋੜ ਰੁਪਿਆ ਬਿਜਲੀ ਦੇ ਉਤਪਾਦਨ ਤੇ ਖਰਚ ਕਰਨ ਲਈ ਪਹਿਲ ਦਿੱਤੀ ਹੈ। ਵੈਲਫੇਅਰ ਦੇ ਖੇਤਰ ਵਿਚ ਸਾਡੀ ਸਰਕਾਰ 60 ਹਜ਼ਾਰ ਫੈਮਿਲੀਜ਼ ਨੂੰ ਸਹਾਇਤਾ ਦੇ ਰਹੀ ਹੈ ਔਰ ਇਸ ਕੰਮ ਲਈ 32 ਕਰੋੜ ਰੁਪਿਆ ਰਖਿਆ ਗਿਆ ਹੈ। 20 ਹਜ਼ਾਰ ਮਕਾਨ ਗਰੀਬ ਲੋਕਾਂ ਲਈ ਬਣਾ ਕੇ ਦੇਣੇ ਹਨ। ਮੇਰੀ ਸਰਕਾਰ ਕਿਸ਼ਾਨਾਂ ਗਰੀਬਾਂ ਮਜ਼ਦੂਰਾਂ ਅਤੇ ਵੀਕਰ ਸੈਕਸ਼ਨਾਂ ਦੀ ਸੇਵਾ ਕਰ ਰਹੀ ਹੈ। ਮੈਂ ਗਵਰਨਰ ਸਾਹਿਬ ਦੇ ਐਡਰਸ ਤੇ ਮਤੇ ਦੀ ਪੁਰਜ਼ੋਰ ਪ੍ਰੋੜਤਾ ਕਰਦਾ ਹਾਂ।

**ਕਾਮਰੇਡ ਰਾਜ ਕੁਮਾਰ** (ਧਾਰੀਵਾਲ): ਮਾਨਯੋਗ ਸਪੀਕਰ ਸਾਹਿਬ, ਇਹ ਇਜਲਾਸ ਜਿਸ ਦਿਨ ਸ਼ੁਰੂ ਹੋਇਆ ਸੀ ਉਸ ਦਿਨ ਸਾਡੀ ਪਾਰਟੀ ਨੇ ਗਵਰਨਰ ਸਾਹਿਬ ਦੇ ਐਡਰਸ ਵਿਚ ਹਿੱਸਾ ਨਹੀਂ ਲਿਆ ਅਤੇ ਸਦਨ ਵਿਚ ਨਹੀਂ ਆਏ। ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਗਵਰਨਰ ਸਾਹਿਬ ਦਾ ਇਹਤਰਾਮ ਨਹੀਂ ਕਰਦੇ। ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਅਸੀਂ ਰੋਸ ਵਜੋਂ ਨਹੀਂ ਸਦਨ ਵਿਚ ਆਏ ਸੀ ਕਿਉਂਕਿ ਅਸੀਂ ਅਤੇ ਹੋਰ ਆਪੋਜ਼ੀਸ਼ਨ ਦੀਆਂ ਪਾਰਟੀਆਂ ਨੇ ਬਾਰ ਬਾਰ ਇਹ ਮੰਗ ਕੀਤੀ ਸੀ ਕਿ ਜੋ ਪੰਜਾਬ ਵਿਚ ਅਨਪਲੈਜ਼ੈਂਟ ਘਟਨਾਵਾਂ ਹੋ ਰਹੀਆਂ ਹਨ ਇਸ ਉਤੇ ਵਿਚਾਰ ਕਰਨ ਲਈ ਹਾਉਸ ਦਾ ਇਜਲਾਸ ਬੁਲਾਇਆ ਜਾਵੇ। ਲੇਕਿਨ ਇਜਲਾਸ ਨਹੀਂ ਬੁਲਾਇਆ ਗਿਆ ਔਰ ਅਸੀਂ ਇਸ ਉਤੇ ਟਾਈਮ ਸਿਰ ਵਿਚਾਰ ਨਹੀਂ ਕਰ ਸਕੇ। ਇਸ ਗੱਲ ਦਾ ਸਾਨੂੰ ਤੋਖਲਾ ਸੀ। ਹੋਰ ਕੋਈ ਗੱਲ ਨਹੀਂ ਸੀ। ਇਸ ਗਲ ਉਤੇ ਪਾਰਲੀਮੈਂਟ ਵਿਚ ਵਿਚਾਰ ਹੋਇਆ ਅਤੇ ਡਿਸਕਸ਼ਨ ਵੀ ਕੀਤੀ ਗਈ। ਪੰਜਾਬ ਦੇ ਅੰਦਰ ਜੋ ਹਾਲਾਤ ਪੈਦਾ ਹੋ ਗਏ ਸਨ ਉਨ੍ਹਾਂ ਉਤੇ ਪੰਜਾਬ ਦੇ ਹੀ ਨਹੀਂ ਸਗੋਂ ਸਾਰੇ ਹਿੰਦੋਸਤਾਨ ਦੇ ਅਖਬਾਰਾਂ ਦੇ ਵਿਚ ਚਰਚਾ ਹੋਈ। ਸਾਨੂੰ ਇਸ ਗੱਲ ਤੇ ਬੜਾ ਅਫਸੋਸ ਸੀ ਕਿ ਸਾਰੇ ਮੁਲਕ ਦੇ ਵਿਚ ਇਸ ਤਰ੍ਹਾਂ ਦੇ ਹਾਲਾਤ ਤੇ ਚਰਚਾ ਹੋ ਰਹੀ ਹੈ ਪਰ ਗਵਰਨਰ ਸਾਹਿਬ ਹਾਉਸ ਨੂੰ ਬਲਾਉਣ ਦੀ ਜ਼ਰੂਰਤ ਨਹੀਂ ਸਮਝ ਰਹੇ।

*11-35 ਵਜੇ ਸਵੇਰੇ | (*ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਪਜਾਬ ਦੇ ਵਿਚ ਜੋ ਕੁਝ ਹੋ ਰਿਹਾ ਸੀ ਇਸ ਦੀ ਚਰਚਾ ਨਾ ਕੇਵਲ ਮੁਲਕ ਵਿਚ ਰਹਿ ਗਈ ਸੀ ਬਲਕਿ ਬਾਹਰਲੇ ਮੁਲਕਾਂ ਦੇ ਵਿਚ ਜਿਵੇਂ ਕਨੇਡਾ ਅਮਰੀਕਾ ਇੰਗਲੈਂਡ ਅਤੇ ਸਾਊਥ ਏਸ਼ੀਆ ਦੇ ਮੁਲਕਾਂ ਵਿਚ ਚਰਚਾ ਹੋ ਰਹੀ ਸੀ ਔਰ ਇਥੇ ਜੋ ਕੁਝ ਹੋ ਰਿਹਾ ਸੀ ਉਹ ਬੜੀ ਸਾਜ਼ਿਸ਼ ਨਾਲ ਪਲਾਨ ਕਰਕੇ ਕੀਤਾ ਜਾ ਰਿਹਾ ਸੀ। ਇਹ ਗੱਲ ਬਿਲਕੁਲ ਸਹੀ ਹੋ ਗਈ ਹੈ ਡਾਕਟਰ ਜਗਜੀਤ ਸਿੰਘ ਦੇ ਬਿਆਨਾਂ ਤੋਂ ਕਿ ਉਸ ਦੀ ਅਮਰੀਕਾ ਸਰਕਾਰ ਮਦਦ ਕਰ ਰਹੀ ਹੈ। ਇਸ ਗਲ ਦਾ ਯਕੀਨ ਹੋ ਗਿਆ ਹੈ ਕਿ ਜਿੰਨ੍ਹਾਂ ਆਦਰਸ਼ਾਂ ਤੇ ਹੁਣ ਅਮਰੀਕਾ ਸਰਕਾਰ ਚਲ ਰਹੀ ਹੈ ਉਹ ਉਸ ਤੇ ਪਾਬੰਦ ਹੈ। ਇਹ ਡਾਕਟਰ ਜਗਜੀਤ ਸਿੰਘ ਨੇ ਆਪਣੇ ਬਿਆਨਾਂ ਦੇ ਵਿਚ ਕਿਹਾ ਹੈ। ਅਮਰੀਕਾ ਦੇ ਆਦਰਸ਼ ਹੁਣ ਇਬਰਾਹੀਮ ਲਿੰਕਨ ਵਾਲੇ ਨਹੀਂ ਹਨ। ਕਿਸ ਤਰੀਕੇ ਨਾਲ ਅਮਰੀਕਾ ਨੇ ਵੀਤਨਾਮ ਦੇ ਵਿਚ ਦਖਲ ਅੰਦਾਜੀ ਕੀਤੀ ਅਤੇ ਜੰਗ ਛੇੜੀ ਰਖੀ। ਇਸੇ ਤਰ੍ਹਾਂ ਕੰਪੂਚੀਆ ਦੇ ਵਿਚ ਕੀ ਪਾਲਿਸੀ ਸੀ। ਏਸ਼ੀਆਂ ਦੇ ਸਾਰੇ ਮੁਲਕਾਂ ਦੀ ਮੁਖਾਲਫਤ ਦੇ ਬਾਵਜੂਦ ਅਮਰੀਕਾ ਹਿੰਦ ਮਹਾਂ ਸਾਗਰ ਦੇ ਵਿਚ ਆਪਣੀ ਫੌਜੀ ਤਾਕਤ ਨੂੰ ਵਧਾ ਰਿਹਾ ਹੈ ਅਤੇ ਆਰਮਜ਼ ਬਿਲਡ-ਅੱਪ ਕਰ ਰਿਹਾ ਹੈ। ਭਾਰਤ ਦੇ ਕਹਿਣ ਦੇ ਬਾਵਜੂਦ ਅਤੇ ਪ੍ਰੋਟੈਸਟ ਕਰਨ ਦੇ ਬਾਵਜੂਦ ਪਾਕਿਸਤਾਨ ਨੂੰ ਅਮਰੀਕਾ ਹਥਿਆਰ ਦੇ ਰਿਹਾ ਹੈ। ਇਸੇ ਤਰਾਂ ਅਫ਼ਗਾਨਿਸਤਾਨ ਦੇ ਵਿਚ ਅਮਰੀਕਾ ਦਖਲ ਅੰਦਾਜ਼ੀ ਦੇ ਕੇ ਕੰਟਰੋਲ ਕਰਨਾ ਚਾਹੁੰਦਾ ਹੈ। ਇਸੇ ਤਰਾਂ ਅਮਰੀਕਾ ਨੇ ਅਰਬ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਕੰਟਰੀਜ਼ ਦੇ ਵਿਚ ਅਤੇ ਏਸ਼ੀਆ ਦੇ ਕੰਟਰੀਜ਼ ਦੇ ਵਿਚ ਦਖਲ ਅੰਦਾਜ਼ੀ ਕੀਤੀ ਅਤੇ ਜੰਗਾਂ ਕਰਵਾਈਆਂ ਅਤੇ ਹੁਣ ਡਾਕਟਰ ਜਗਜੀਤ ਸਿੰਘ ਅਮਰੀਕਾ ਦੇ ਵਿਚ ਬੈਠ ਕੇ ਕਹਿ ਰਿਹਾ ਹੈ ਕਿ.....

**ਸਰਦਾਰ ਰਵੀ ਇੰਦਰ ਸਿੰਘ**: ਡਿਪਟੀ ਸਪੀਕਰ ਸਾਹਿਬ, ਮੈਂ ਸਮਝ ਨਹੀਂ ਸਕਿਆ ਕਿ ਮੈਂਬਰ ਸਾਹਿਬ ਕਿਸ ਪਾਸੇ ਨੂੰ ਜਾ ਰਹੇ ਹਨ। ਗੱਲ ਤਾਂ ਹੋ ਰਹੀ ਹੈ ਵੋਟ ਆਫ ਥੈਂਕਸ ਤੇ। ਇਸ ਦੇ ਵਿਚ ਡਾਕਟਰ ਜਗਜੀਤ ਸਿੰਘ ਕਿਥੋਂ ਆ ਗਿਆ। ਉਹ ਚਲਾ ਗਿਆ ਜਾਂ ਨਹੀਂ ਚਲਾ ਗਿਆ ਇਸ ਦਾ ਇਸ ਨਾਲ ਕੀ ਸਬੰਧ ਹੈ? ਇਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ।

**ਸ਼੍ਰੀ ਡਿਪਟੀ ਸਪੀਕਰ**: ਉਹ ਰੇਫਰੈਂਸ ਦੇ ਰਹੇ ਹਨ।

**ਕਾਮਰੇਡ ਰਾਜ ਕੁਮਾਰ**: ਡਿਪਟੀ ਸਪੀਕਰ ਸਾਹਿਬ, ਇਸ ਗੱਲ ਤੇ ਕੋਈ ਦੋ ਰਾਵਾਂ ਨਹੀ ਹਨ ਕਿ ਡਾਕਟਰ ਜਗਜੀਤ ਸਿੰਘ ਨੇ ਆਪਣੇ ਕਨਸੂਲੇਟ ਖੋਲ ਦਿੱਤੇ ਹਨ ਕਨੇਡਾ, ਅਮਰੀਕਾ, ਇੰਗਲੈਂਡ ਆਦਿ ਵਿਚ। ਇਸ ਦੇ ਨਾਲ ਹਿੰਦੋਸਤਾਨ ਦੇ ਵਿਚ ਸੈਂਸਟਿਵਨੈਂਸ ਪੈਦਾ ਹੋ ਗਈ ਹੈ। ਉਨ੍ਹਾਂ ਨੇ ਆਪਣੇ ਦਿਮਾਗ ਦੇ ਮੁਤਾਬਿਕ ਨਵਾਂ ਮੁਲਕ ਬਣਾ ਲਿਆ ਹੈ। ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਸੈਂਟਰ ਅਤੇ ਰਾਜਾਂ ਦੇ ਵਿਚਕਾਰ ਸਬੰਧਾਂ ਤੇ ਮੁੜ ਵਿਚਾਰ ਹੋਣਾ ਚਾਹੀਦਾ ਹੈ ਔਰ ਇਹ ਵਕਤ ਹੁਣ ਆ ਗਿਆ ਹੈ ਕਿ ਕੇਂਦਰ ਤੋਂ ਰਾਜਾਂ ਨੂੰ ਹੋਰ ਜ਼ਿਆਦਾ ਇਮਦਾਦ ਮਿਲੇ, ਐਡਮਨਿਸਟ੍ਰੇਟਿਵ ਪਾਵਰਜ਼ ਜ਼ਿਆਦਾ ਮਿਲਣ ਅਤੇ ਹੋਰ ਜ਼ਿਆਦਾ ਸਿਆਸੀ ਤੌਰ ਤੇ ਇਖਤਿਆਰ ਮਿਲਣ। ਇਸ ਗੱਲ ਤੇ ਵਿਚਾਰ ਕਰਨ ਦਾ ਵਕਤ ਆ ਗਿਆ ਹੈ। ਡਿਪਟੀ ਸਪੀਕਰ ਸਾਹਿਬ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਅਗਰ ਕੋਈ ਤਾਕਤ ਜਾਂ ਕੋਈ ਪਾਰਟੀ ਹਿੰਦੁਸਤਾਨ ਦੇ ਕਿਸੇ ਹਿੱਸੇ ਨੂੰ ਅਲੱਗ ਕਰੇ ਤਾਂ ਅਸੀਂ ਇਹ ਬਰਦਾਸ਼ਤ ਕਰਾਂਗੇ। ਜੇਕਰ ਇਹ ਚੀਜ਼ ਕਰਨਗੇ ਤਾਂ ਸਾਡੀਆਂ ਛਾਤੀਆਂ ਤੇ ਪੈਰ ਰੱਖ ਕੇ ਕਰਨਗੇ। (ਥੰਪਿੰਗ) ਡਿਪਟੀ ਸਪੀਕਰ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਡਾਕਟਰ ਜਗਜੀਤ ਸਿੰਘ ਚੌਹਾਨ ਜੋ ਕੁਝ ਕਰ ਰਹੇ ਹਨ ਉਹ ਬੜੀ ਹੀ ਚਿੰਤਾ ਵਾਲੀ ਗੱਲ ਹੈ। ਇਸ ਚਿੰਤਾ ਦਾ ਇਜ਼ਹਾਰ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਹੀ ਕੀਤਾ ਗਿਆ। ਡਿਪਟੀ ਸਪੀਕਰ ਸਾਹਿਬ ਡਾਕਟਰ ਜਗਜੀਤ ਸਿਘ ਚੌਹਾਨ ਤੇ ਦੇਸ਼ ਦੀ ਗਦਾਰੀ ਦਾ ਮੁਕਦਮਾ ਪੰਜਾਬ ਸਰਕਾਰ ਨੂੰ ਚਲਾਉਣਾ ਚਾਹੀਦਾ ਹੈ। ਇਸ ਬਾਰੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਹ ਐਡਰੈਸ ਕਲੱਰਲੈਸ ਹੈ। ਡਿਪਟੀ ਸਪੀਕਰ ਸਾਹਿਬ ਜਿਹੜੀ ਰੂਲਿੰਗ ਪਾਰਟੀ ਹੁੰਦੀ ਹੈ ਉਸ ਕੋਲ ਗੌਰਮਿੰਟ ਹੁੰਦੀ ਹੈ ਇਹੋ ਜਿਹੀ ਗੱਲ ਗਵਰਨਰ ਸਾਹਿਬ ਦੇ ਐਡਰੈਸ ਵਿਚੋ ਬਾਹਰ ਨਿਕਲ ਜਾਵੇ ਤਾਂ ਸਾਡੇ ਲਈ ਬੜੀ ਹੀ ਚਿੰਤਾ ਵਾਲੀ ਗੱਲ ਹੈ। ਡਿਪਟੀ ਸਪੀਕਰ ਸਾਹਿਬ ਇਸ ਵੇਲੇ 150 ਕਰੋੜ ਰੁਪਏ ਦਾ ਓਵਰ ਡਰਾਫਟ ਹੈ। ਸੈਂਟਰ ਦੇ ਰਿਲੇਸ਼ਨ ਪੰਜਾਬ ਦੇ ਨਾਲ ਠੀਕ ਨਹੀਂ ਹਨ। ਮੈਂ ਡਿਪਟੀ ਸਪੀਕਰ ਸਾਹਿਬ ਹੈਰਾਨ ਹਾਂ ਕਿ ਸਾਡੇ ਲੀਡਰ ਅਤੇ ਅਫ਼ਸਰ ਦਿੱਲੀ ਜਾ ਕੇ ਆਉਂਦੇ ਹਨ ਉਨ੍ਹਾਂ ਦਾ ਇਹ ਕਹਿਣਾ ਠੀਕ ਨਹੀਂ ਹੈ ਕਿ We appear to be pigmy before the Central bureaucracy.

ਡਿਪਟੀ ਸਪੀਕਰ ਸਾਹਿਬ, ਪੰਜਾਬ ਸੈਂਟਰਲਪੂਲ ਵਿਚ 70-80% ਗਰੇਨਜ ਕੰਟ੍ਰੀਬਿਊਟ ਕਰਦਾ ਹੈ ਪੰਜਾਬ ਦਾ ਕਿਸਾਨ ਬੜੀ ਮਿਹਨਤ ਦੇ ਨਾਲ 80% ਗਰੇਨਜ ਸੈਂਟਰਲ ਪੂਲ ਵਿਚ ਭੇਜ ਰਿਹਾ ਹੈ ਕਿਸਾਨ ਦੁਖੀ ਹੈ ਡਿਪਟੀ ਸਪੀਕਰ ਸਾਹਿਬ, 30 ਕਰੋੜ ਰੁਪਿਆ ਕੁਆਲਿਟੀ ਕੱਟਸ ਦਾ ਪੰਜਾਬ ਦਾ ਸੈਂਟਰ ਸਰਕਾਰ ਕੋਲ ਪਿਆ ਹੈ। ਸੈਂਟਰ ਉਹ ਰੁਪਿਆ ਪੰਜਾਬ ਨੂੰ ਨਹੀਂ ਦੇ ਰਿਹਾ ਹੈ। ਇਨਸੀ-ਡੈਂਟਲ ਖਰਚੇ ਪਾਏ ਜਾ ਰਹੇ ਹਨ। ਪੰਜਾਬ ਵਿਚ ਭਾਵੇਂ ਅਕਾਲੀ ਸਰਕਾਰ ਹੋਵੇ ਜਾਂ ਕਾਂਗਰਸ ਦੀ ਸਰਕਾਰ ਹੋਵੇ ਜਾਂ ਹੋਰ ਕਿਸੇ ਪਾਰਟੀ ਦੀ ਸਰਕਾਰ ਹੋਵੇ ਪਰ ਸੈਂਟਰਲ ਬਿਊਰੋਕ੍ਰੇਸੀ ਤੇ ਇਸ ਦਾ ਅਸਰ

Original with;
Punjab Vidhan Sabha
Digitized by;
Panjab Digital Library

ਨਹੀਂ। ਸੈਂਟਰ ਵਾਲੇ ਸਾਡੇ ਗੁਦਾਮ ਖਾਲੀ ਕਰਨ ਲਈ ਤਿਆਰ ਨਹੀਂ ਹਨ । ਜਿਹੜੀਆਂ ਚੀਜ਼ਾਂ ਦੀ ਸਾਨੂੰ ਲੋੜ ਹੈ ਉਹ ਸੈਂਟਰ ਸਰਕਾਰ ਪੰਜਾਬ ਨੂੰ ਦੇ ਨਹੀਂ ਰਹੀ ਹੈ।

ਡਿਪਟੀ ਸਪੀਕਰ ਸਾਹਿਬ, ਰਾਵੀ-ਬਿਆਸ ਦੇ ਵਾਧੂ ਪਾਣੀ ਦਾ ਝਗੜਾ ਨਿਪਟਾ ਲਿਆ ਗਿਆ ਹੈ। ਪਰ ਅਸੀਂ ਇਸ ਮਸਲੇ ਤੇ ਬਹਿਸ ਕਰਾਂਗੇ। ਜਿਸ ਵਕਤ ਰਾਜਿਸਥਾਨ ਨੇ ਸਾਰਾ ਪਾਣੀ ਇਸਤੇਮਾਲ ਕਰਨਾ ਸ਼ੁਰੂ ਕਰ ਦਿਤਾ ਤਾਂ ਫਿਰ ਪੰਜਾਬ ਕੀ ਕਰੇਗਾ ? ਇਸ ਐਗਰੀਮੈਂਟ ਦੇ ਮੁਤਾਬਿਕ ਜਦੋਂ ਰਾਜਿਸਥਾਨ ਨੂੰ ਸਾਰਾ ਪਾਣੀ ਮਿਲ ਗਿਆ ਤਾਂ ਪੰਜਾਬ ਆਪਣੇ ਪਾਣੀ ਦਾ ਆਪ ਇੰਤਜ਼ਾਮ ਕਰੇਗਾ। ਪੰਜਾਬ ਕੀ ਇੰਤਜ਼ਾਮ ਕਰੇਗਾ? ਪੰਜਾਬ ਕੋਲੋਂ ਥੀਨ ਡੈਮ ਅਜੇ ਤਕ ਬਣ ਨਹੀਂ ਸਕਿਆ। ਸੈਂਟਰ ਦੀ ਸਰਕਾਰ ਨੇ ਪੰਜਾਬ ਦੇ ਨਾਲ ਡਿਸਕ੍ਰਿਮੀਨੇਸ਼ਨ ਕੀਤੀ ਹੈ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਹਾਂ ਕਿ ਪੰਜਾਬ ਔਰ ਸੈਂਟਰ ਦੇ ਰਿਲੇਸ਼ਨ ਠੀਕ ਨਹੀਂ ਹਨ। ਪੰਜਾਬ ਦੀ ਸਰਕਾਰ ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿੰਦੀ ਹੈ ਕਿ ਅਸੀਂ 45 ਲਾਇਸੈਂਸ ਸੈਂਟਰ ਤੋਂ ਲਿਆਂਦੇ ਹਨ ਔਰ 5 ਲਾਇਸੈਂਸ ਹਰਿਆਣਾ ਨੂੰ ਮਿਲੇ ਹਨ। ਮੈਂ ਸਮਝਦਾ ਹਾਂ ਕਿ ਇਹ ਕੋਈ ਵਧਾਈ ਦੀ ਗੱਲ ਨਹੀਂ ਹੈ। ਲੈਟਰ ਆਫ ਇੰਟੈਂਟਸ ਆਉਂਦੇ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਸਕੂਟਰ ਲਗਾਉਣ ਦਾ ਕਾਰਖਾਨਾ ਲਗਾਇਆ। ਪਰ ਉਥੇ ਸਕੂਟਰ ਨਹੀਂ ਬਣ ਰਹੇ ਬਲਕਿ ਸਬਜ਼ੀਆਂ ਦੇ ਡੌਂਗੇ ਬਣਾਏ ਜਾ ਰਹੇ ਹਨ।

(ਇਸ ਵਕਤ ਛੱਤ ਉਪਰੋਂ ਕੋਈ ਚੀਜ਼ ਮਾਨਯੋਗ ਮੈਂਬਰ ਸਰਦਾਰ ਬਲਵੰਤ ਸਿੰਘ ਜੀ ਦੀ ਸੀਟ ਤੇ ਗਿਰੀ)

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮਾਮਲਾ ਹੈ। 80' ਫੁਟ ਦੀ ਉਚੀ ਛੱਤ ਉਪਰੋਂ ਕੋਈ ਚੀਜ਼ ਨੀਚੇ ਗਿਰੀ ਹੈ । ਸਰਦਾਰ ਬਲਵੰਤ ਸਿੰਘ ਜੀ ਖੁਸ਼ਕਿਸਮਤੀ ਦੇ ਨਾਲ ਬੱਚ ਗਏ ਹਨ। ਇਸ ਲਈ ਅਸੀਂ ਇਥੇ ਹਾਊਸ ਵਿਚ ਬੈਠਣ ਲਈ ਤਿਆਰ ਨਹੀਂ ਹਾਂ ਜਦ ਤਕ ਤੁਸੀਂ ਕੋਈ ਬੰਦਾ ਭੇਜ ਕੇ ਪਤਾ ਨਹੀਂ ਕਰਵਾ ਲੈਂਦੇ ਕਿ ਇਹ ਕਿਸ ਤਰ੍ਹਾਂ ਹੋਇਆ ਹੈ ਅਤੇ ਕਿਉਂ ਹੋਇਆ ਹੈ। 10 ਮਿੰਟ ਲਈ ਹਾਊਸ ਨੂੰ ਐਡਜਰਨ ਕਰ ਦਿਓ। ਇਹ ਚੀਜ਼ ਤੁਹਾਡੇ ਸਾਹਮਣੇ ਹੈ।

**ਸ਼੍ਰੀ ਡਿਪਟੀ ਸਪੀਕਰ**: ਬਰਨਾਲਾ ਜੀ, ਬੰਦਾ ਪਤਾ ਕਰਨ ਲਈ ਭੇਜ ਦਿਤਾ ਹੈ।

**ਸਰਦਾਰ ਪ੍ਰਕਾਸ਼ ਸਿੰਘ** ਬਾਦਲ: ਆਨ ਏ ਪੁਆਇੰਟ ਆਫ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਸ ਨੂੰ ਤੁਸੀਂ ਬੰਦਾ ਭੇਜ ਕੇ ਚੈਕ ਕਰਾਓ ਅਤੇ ਹਾਊਸ ਨੂੰ 10 ਮਿੰਟਾਂ ਲਈ ਐਡਜਰਨ ਕਰਾਓ। ਇਹ ਬੜਾ ਹੀ ਸੀਰੀਅਸ ਮਸਲਾ ਹੈ।

**ਸਰਦਾਰ ਰਵੀਇੰਦਰ ਸਿੰਘ**: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਸਾਰੇ ਮੈਂਬਰ ਸਾਹਿਬਾਨ ਬੈਠੇ ਹਨ। ਇਥੇ ਰਿਪੋਰਟਰਜ਼ ਵੀ ਬੈਠੇ ਹਨ। ਸੀ. ਐਮ. ਸਾਹਿਬ ਵੀ ਬੈਠੇ ਹਨ। ਸੀ. ਐਮ. ਸਾਹਿਬ ਦੇ ਸਿਰ ਤੇ ਵੀ ਇਹ ਡਿਗ ਸਕਦਾ ਹੈ ਛੱਤ ਉਪਰ ਕੋਈ ਖਰਾਬੀ ਹੋਈ ਲਗਦੀ ਹੈ ਜਾਂ ਫਿਰ ਕਿਸੇ ਦੀ ਸ਼ਰਾਰਤ ਹੋ ਸਕਦੀ ਹੈ।

**ਸ਼੍ਰੀ ਡਿਪਟੀ ਸਪੀਕਰ** : ਇਹ ਚੀਜ਼ ਨੂੰ ਚੈਕ ਕਰਨ ਵਾਸਤੇ ਬੰਦਾ ਭੇਜ ਦਿਤਾ ਗਿਆ ਹੈ।

**ਸਰਦਾਰ ਰਵੀਇੰਦਰ ਸਿੰਘ**: ਬੰਦਾ ਉਪਰ ਚੈਕ ਕਰਨ ਗਿਆ ਹੈ । ਇਹ ਲੂਜ਼ ਮੈਟੀਰੀਅਲ ਹੈ ਅਤੇ ਹੋਰ ਵੀ ਗਿਰ ਸਕਦਾ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ**: ਬੰਦੇ ਚੈਕ ਕਰਨ ਵਾਸਤੇ ਗਏ ਹੋਏ ਹਨ।

**ਸਰਦਾਰ ਰਵੀਇੰਦਰ ਸਿੰਘ**: ਹਾਊਸ ਐਡਜਰਨ ਕਰ ਦਿਓ। ਪਹਿਲਾਂ ਚੰਗੀ ਤਰਾਂ ਨਾਲ ਚੈਕ ਹੋ ਲੈਣ ਦਿਓ। ਫਿਰ ਹਾਊਸ ਚਲਾ ਲੈਣਾ ਬੰਦੇ ਉਤੇ ਭੇਜੇ ਗਏ ਹਨ। ਮੈਟੀਰੀਅਲ ਲੂਜ਼ ਹੋਣ ਕਰਕੇ ਉਪਰੋਂ ਹੋਰ ਵੀ ਕੁਝ ਗਿਰ ਸਕਦਾ ਹੈ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ): ਡਿਪਟੀ ਸਪੀਕਰ ਸਾਹਿਬ, ਕੀ ਤੁਸੀਂ ਬੰਦੇ ਚੈਕ ਕਰਨ ਵਾਸਤੇ ਭੇਜ ਦਿੱਤੇ ਹਨ ?

**ਸ਼੍ਰੀ ਡਿਪਟੀ ਸਪੀਕਰ**: ਹਾਂ ਜੀ ਬੰਦੇ ਭੇਜ ਦਿੱਤੇ ਹਨ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਡਿਪਟੀ ਸਪੀਕਰ ਸਾਹਿਬ, ਜੇਕਰ ਤੁਸੀਂ ਉਪਰ ਨੂੰ ਦੇਖੋ ਤਾਂ ਪਤਾ ਲਗੇਗਾ ਕਿ ਨਾ ਸਾਹਮਣੇ ਬੈਠੇ ਮੈਂਬਰਾਂ ਨੂੰ ਉਪਰੋਂ ਖਤਰਾ ਹੈ, ਨਾ ਹੀ ਤੁਹਾਨੂੰ ਖਤਰਾ ਹੈ ਬਲਕਿ ਖਤਰਾ ਤਾਂ ਆਪੋਜ਼ੀਸ਼ਨ ਦੇ ਮੈਂਬਰਾਂ ਨੂੰ ਹੈ। ਇਸ ਲਈ ਤੁਸੀਂ ਹਾਊਸ ਐਡਜਰਨ ਕਰ ਦਿਓ।

**ਸਰਦਾਰ ਰਵੀ ਇੰਦਰ ਸਿੰਘ**: ਜਿਹੜੇ ਬੰਦੇ ਉਪਰ ਗਏ ਹਨ, ਉਨ੍ਹਾਂ ਨੂੰ ਚੈਕ ਕਰ ਲੈਣ ਦਿਓ ਅਤੇ ਹਾਊਸ ਨੂੰ ਦਸ ਪੰਦਰਾਂ ਮਿੰਟਾਂ ਲਈ ਐਡਜਰਨ ਕਰ ਦਿਓ। ਇਸ ਵਿਚ ਕੋਈ ਪ੍ਰੋਸੀਜਰ ਵਾਲੀ ਗਲ ਨਹੀਂ ਹੈ। ਇਸ ਵਿਚ ਸੇਫਟੀ ਇਨਵਾਲਵਡ ਹੈ। ਜਦੋਂ ਬੰਦੇ ਉਪਰ ਚੈਕ ਕਰਨ ਲਈ ਜਾਣਗੇ, ਉਸ ਨਾਲ ਹੋਰ ਵੀ ਮੈਟੀਰੀਅਲ ਗਿਰ ਸਕਦਾ ਹੈ। ਹਾਊਸ ਵਿਚ ਇਸ ਵਕਤ ਕੰਮ ਨਹੀਂ ਹੋ ਰਿਹਾ। ਹਾਊਸ ਨੂੰ ਐਡਜਰਨ ਕਰ ਦੇਣਾ ਚਾਹੀਦਾ ਹੈ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿਘ ਰੰਧਾਵਾ): ਇਹ ਸੀਟ ਜਿਸ ਤੇ ਮੈਟੀਰੀਅਲ ਗਿਰਿਆ ਹੈ, ਇਸ ਨੂੰ ਖਾਲੀ ਕਰ ਦਿਓ ਔਰ ਹਾਊਸ ਦੀ ਕਾਰਵਾਈ ਚਲਣ ਦਿਓ। (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ) ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਹਾਊਸ ਦੀ ਕਾਰਵਾਈ ਨਹੀਂ ਚਲ ਰਹੀ ਸੀ)

**ਸਰਦਾਰ ਦਲੀਪ ਸਿੰਘ ਪਾਂਧੀ**: ਡਿਪਟੀ ਸਪੀਕਰ ਸਾਹਿਬ, ਇਸ ਸਦਨ ਵਿਚ ਵੀ ਕੋਈ ਵੀ ਸੇਫ ਨਹੀਂ ਹੈ। (ਵਿਘਨ)

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ): ਡਿਪਟੀ ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਚਲਾਓ। ਬੰਦੇ ਤੁਸੀਂ ਚੈਕ ਕਰਨ ਵਾਸਤੇ ਭੇਜ ਦਿੱਤੇ ਹਨ। ਮੈਂ ਦੇਖਿਆ ਹੈ ਕੋਈ ਐਸੀ ਗੱਲ ਨਹੀਂ ਹੈ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਹਾਊਸ ਨੂੰ ਅੱਧੇ ਘੰਟੇ ਲਈ ਐਡਜਰਨ ਕਰੋ ਜੀ। (ਵਿਘਨ)

## WALK-OUT

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ) ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਦਨ ਵਿਚੋਂ ਵਾਕ-ਆਊਟ ਕਰ ਗਏ)

## SHORT ADJOURNMENT OF THE HOUSE

**Mr. Deputy Speaker**: The House stands adjourned for 20 minutes.

Original with;
Punjab Vidhan Sabha
Digitized by;
Panjab Digital Library

*11.58 A. M. (*At this stage the Sabha *adjourned for 20 minutes and reassembled at 12.18 P.M.*).

**ਸ਼੍ਰੀ ਸਪੀਕਰ**: ਇਹ ਜਿਹੜਾ ਥੱਲੇ ਗਿਰਿਆ ਹੈ ਇਹ ਫੋਮ ਹੈ। ਕੱਲ ਦੀ ਥੋੜ੍ਹੀ ਜਿਹੀ ਲੀਕੇਜ ਹੋ ਰਹੀ ਸੀ, ਇਕ ਆਦਮੀ ਉਥੇ ਬੈਠਾ ਹੋਇਆ ਹੈ ਜਿਸ ਨੇ ਉਥੇ ਬੋਰੀ ਲਾਈ ਹੋਈ ਹੈ ਤਾਕਿ ਪਾਣੀ ਅੱਗੇ ਨਾ ਜਾਵੇ। ਪਰ ਜ਼ਿਆਦਾ ਬਾਰਿਸ਼ ਪੈਣ ਨਾਲ ਥੋੜ੍ਹੀ ਜਿਹੀ ਬੋਰੀ ਵਿਚੋਂ ਲੀਕੇਜ ਹੋ ਗਈ ਅਤੇ ਫੋਮ ਥੱਲੇ ਗਿਰ ਗਈ ਹੈ। ਸ੍ਰੀ ਮਲਹੋਤਰਾ ਚੀਫ਼ ਇੰਜੀਨੀਅਰ , ਯੂ. ਟੀ. ਨੂੰ ਬੁਲਾਇਆ ਹੈ, ਉਹ ਦੇਖੇਗਾ ਅਤੇ ਇਸ ਦਾ ਜੋ ਆਰਜ਼ੀ ਪ੍ਰਬੰਧ ਹੋ ਸਕੇਗਾ ਉਹ ਕੀਤਾ ਜਾਵੇਗਾ। ਜਿਹੜਾ ਮੈਟੀਰੀਅਲ ਉਪਰੋਂ ਡਿਗ ਗਿਆ ਹੈ ਉਹ ਮੇਰੇ ਚੈਂਬਰ ਵਿਚ ਆਇਆ ਸੀ। ਉਹ ਫੋਮ ਹੈ।

**ਸਰਦਾਰ ਆਤਮਾ ਸਿੰਘ**: ਕੀ ਉਹ ਸੀਮਿੰਟ ਨਹੀਂ ਸੀ?

**ਸ਼੍ਰੀ ਸਪੀਕਰ**: ਨਹੀਂ ਜੀ, ਉਹ ਫੋਮ ਹੈ। ਹਾਂ ਜੀ , ਰਾਜ ਕੁਮਾਰ ਜੀ, ਤੁਸੀਂ ਸ਼ੁਰੂ ਕਰੋ।

## RESUMPTION OF DISCUSSION ON GOVERNOR'S ADDRESS

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਸਭ ਤੋਂ ਪਹਿਲਾਂ ਬੇਨਤੀ ਕਰ ਦਿਆਂ ਕਿ ਮੈਂ ਬੋਲ ਰਿਹਾ ਸੀ । ਉਸ ਦੇ ਬਾਅਦ ਹਾਊਸ ਐਡਜਰਨ ਹੋਣ ਤੋਂ ਪਹਿਲਾਂ ਮੇਰੇ 7 ਮਿੰਟ ਜ਼ਾਇਆ ਹੋਏ ਸਨ, ਉਨ੍ਹਾਂ ਦਾ ਧਿਆਨ ਰੱਖਣਾ ।

**ਸ਼੍ਰੀ ਸਪੀਕਰ**: ਠੀਕ ਹੈ।

**ਕਾਮਰੇਡ ਰਾਜ ਕੁਮਾਰ**: ਮੈਂ ਸੈਂਟਰ ਸਟੇਟ ਦੇ ਰਿਲੇਸ਼ਨਜ਼ ਦੇ ਬਾਰੇ ਗੱਲ ਕਰ ਰਿਹਾ ਸੀ ਕਿ ਇਨ੍ਹਾਂ ਰਿਲੇਸ਼ਨਜ਼ ਨੂੰ ਹੁਣ ਸਹੀ ਬੁਨਿਆਦ ਤੇ ਲਿਆਉਣ ਦੀ ਜ਼ਰੂਰਤ ਇਸ ਕਰਕੇ ਪਈ ਕਿਉਂਕਿ 35 ਸਾਲ ਇਕ ਮੁਲਕ ਦੀ ਜ਼ਿੰਦਗੀ ਵਿਚ ਬਹੁਤ ਲੰਬਾ ਹਿੱਸਾ ਹੁੰਦਾ ਹੈ । 35 ਸਾਲਾਂ ਵਿਚ ਇਕ ਪਾਰਟੀਕੁਲਰ ਰੀਲੇਸ਼ਨਸ਼ਿਪ ਵਿਚ ਕੰਮ ਕਰਦਿਆਂ ਉਸ ਦੇ ਵਿਚ ਡੈਡ ਵੁੱਡ ਪੈਦਾ ਹੋ ਜਾਂਦੀ ਹੈ। ਦਰਖ਼ਤ ਦੀ ਜਿਸ ਬ੍ਰਾਂਚ ਨੂੰ ਰੋਗ ਲੱਗ ਜਾਂਦਾ ਹੈ ਉਹ ਦਰਖਤ ਨੂੰ ਬਖਸ਼ਦਾ ਨਹੀਂ ਹੈ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਸਟੇਟ ਰਿਲੇਸ਼ਨਸ਼ਿਪ ਦੇ ਵਿਚ ਚੇਂਜ ਲਿਆਉਣ ਦਾ ਸਵਾਲ ਕੁਦਰਤੀ ਹੈ। ਸੈਂਟਰਲ ਅਤੇ ਸਟੇਟ ਰੀਲੇਸ਼ਨਜ਼ ਬਾਰੇ ਜਿਹੜੀ ਸਭ ਤੋਂ ਜ਼ਿਆਦਾ ਘੋਖਣ ਵਾਲੀ ਗੱਲ ਹੈ ਉਹ ਇਹ ਹੈ ਕਿ 40 ਤੋਂ ਵੱਧ ਸਟੇਟ ਸਬਜੈਕਟਸ ਹਨ ਅਤੇ 43 ਦੇ ਕਰੀਬ ਕਨਕੁਰੇਂਟ ਸਬਜੈਕਟਸ ਹਨ ਹਨ ਜਿਨ੍ਹਾਂ ਨੂੰ ਸੈਂਟਰ ਨੇ ਵੀ ਡੀਲ ਕਰਨਾ ਹੁੰਦਾ ਹੈ ਅਤੇ ਸਟੇਟ ਨੇ ਵੀ ਡੀਲ ਕਰਨਾ ਹੁੰਦਾ ਹੈ। 20 ਟੈਕਸ ਹਨ ਜਿਹੜੇ ਸਟੇਟ ਲਾ ਸਕਦੀ ਹੈ 12 ਟੈਕਸ ਐਸੇ ਹਨ ਜਿਹੜੇ ਸੈਂਟਰ ਲਾ ਸਕਦਾ ਹੈ। ਦੇਖਣ ਨੂੰ ਤਾਂ ਸੈਂਟਰ ਕੋਲ ਟੈਕਸ ਲਾਉਣ ਵਾਸਤੇ ਥੋੜ੍ਹੇ ਹਨ ਅਤੇ ਸਾਡੇ ਕੋਲ ਜ਼ਿਆਦਾ ਹਨ। ਸਟੇਟ ਦੇ 20 ਟੈਕਸ ਹੋਣ ਦੇ ਬਾਵਜੂਦ ਵੀ ਇਨ੍ਹਾਂ ਵਿਚ ਇਲਾਈਸਿਟੀ ਨਹੀਂ ਹੈ। ਸਟੇਟ ਦੇ ਜਿਹੜੇ 20 ਟੈਕਸ ਹਨ ਉਹ ਖਿੱਚਕੇ ਵਧਾਏ ਨਹੀਂ ਜਾਂ ਸਕਦੇ ਲੇਕਿਨ ਸੈਂਟਰ ਕੋਲ ਜਿਹੜੇ 12 ਟੈਕਸ ਹਨ ਉਹ ਉਨ੍ਹਾਂ ਨੂੰ ਖਿੱਚ ਕੇ ਜਿੰਨੇ ਮਰਜ਼ੀ ਕਰ ਲਵੇ। ਇਸ ਦਾ ਨਤੀਜਾ ਇਹ ਹੋਇਆ ਕਿ ਸਾਡੇ ਕੋਲ 20 ਟੈਕਸਾਂ ਨੂੰ ਲਾਉਣ ਦਾ ਅਖਤਿਆਰ ਹੋਣ ਦੇ ਬਾਵਜੂਦ ਵੀ ਨਾ ਤਾਂ ਅਸੀਂ ਆਪਣੇ ਰੈਗੂਲੇਟਰੀ ਫੰਕਸ਼ਨਜ਼ ਅਦਾ ਕਰਨ ਦੇ ਕਾਬਲ ਹਾਂ ਅਤੇ ਨਾ ਹੀ ਅਸੀਂ ਆਪਣੀਆਂ ਡਿਵੈਲਪਮੈਂਟ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਕਾਬਲ ਹਾਂ। ਅਸੀਂ ਮਜ਼ਬੂਰ ਹੋ ਕੇ ਕਦੇ ਡੇਢ ਸੌ ਕਰੋੜ ਰੁਪਏ ਅਤੇ ਕਦੇ ਦੋ ਸੌ ਕਰੋੜ ਰੁਪਏ ਓਵਰ ਡਰਾਫਟ ਕਰਦੇ ਹਾਂ। ਇਸ ਕਰਕੇ, ਸਪਕੀਰ ਸਾਹਿਬ, ਬਹੁਤ ਜ਼ਰੂਰੀ ਹੋ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਗਿਆ ਹੈ ਕਿ ਹੁਣ ਇਹ ਜਿਹੜੇ ਸੈਂਟਰ ਅਤੇ ਸਟੇਟ ਦੇ ਰਿਸ਼ਤੇ ਹਨ ਉਹਨਾਂ ਨੂੰ ਨਵੇਂ ਸਿਰੇ ਤੋਂ ਵਿਚਾਰਿਆ ਜਾਵੇ। ਮੋਰ ਫਾਈਨੈਂਸ਼ਲ ਪਾਵਰਜ਼ ਸਟੇਟ ਦੇ ਵਾਸਤੇ ਈਅਰਮਾਰਕ ਕੀਤੀਆਂ ਜਾਣ ਅਤੇ ਇਸ ਦੇ ਲਈ ਕੋਈ ਨਵੇਂ ਪੈਮਾਨੇ ਉਤੇ ਫੋਰਮ ਬਣੇ ਜਿਹੜਾ ਇਨ੍ਹਾਂ ਰਿਸ਼ਤਿਆਂ ਨੂੰ ਠੀਕ ਲੀਹਾਂ ਤੇ ਲਿਆਉਣ ਵਾਸਤੇ ਕੰਮ ਕਰੇ। ਸਟੇਟਸ ਦੀਆਂ ਜੋ ਪਾਲਿਸੀ ਸਟੇਟਮੈਂਟਸ ਹਨ, ਪੁਲਿਟੀਕਲ ਸਟੇਟ-ਮੈਂਟਸ ਜੋ ਹਨ ਜਾਂ ਗਵਰਨਰ ਦਾ ਜੋ ਐਡਰੈਸ ਹੈ ਉਹ ਇਸ ਵਿਚ ਆਵੇ। ਇਸ ਦੇ ਇਲਾਵਾ ਮੈਂ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਸੈਂਟਰ ਅਤੇ ਸਟੇਟ ਦੇ ਰੀਲੇਸ਼ਨਜ਼ ਹਨ ਉਥੇ ਪਾਰਲੀਮੈਂਟ ਨੂੰ ਓਵਰ-ਰਾਈਡਿੰਗ ਪਾਵਰਜ਼ ਦਿੱਤੀਆਂ ਗਈਆਂ ਹਨ। ਗਵਰਨਰ ਨੂੰ ਐਪੁਆਇੰਟ ਕਰਨ ਦੀ ਪਾਵਰ ਉਨ੍ਹਾਂ ਕੋਲ ਹੈ। ਇਸੇ ਤਰ੍ਹਾਂ 2/3 ਮੈਜਾਰਿਟੀ ਦੇ ਨਾਲ ਸੂਬਿਆਂ ਦੇ ਇੰਤਜ਼ਾਮ ਦੇ ਨਾਲ ਮੁਤੱਲਕਾ ਕਾਨੂੰਨ ਪਾਸ ਕਰਨ ਦੀ ਪਾਵਰ ਹੈ। ਫਿਰ ਪ੍ਰੈਜ਼ੀਡੈਂਟ ਰੂਲ ਡਿਕਲੇਅਰ ਕਰਨ ਦੀ ਪਾਵਰ ਹੈ। ਸਪੀਕਰ ਸਾਹਿਬ, ਮੁਲਕ ਦੇ ਅੰਦਰ ਕੁਝ ਹਿੱਸੇ ਆਰਥਿਕ ਤੌਰ ਤੇ ਬਹੁਤ ਅੱਗੇ ਚਲੇ ਗਏ ਹਨ ਅਤੇ ਕੁਝ ਹਿੱਸੇ ਆਰਥਿਕ ਤੌਰ ਤੇ ਬਹੁਤ ਪਛੜ ਗਏ ਹਨ। ਸੈਂਟਰ ਅਤੇ ਸੂਬਿਆਂ ਦੇ ਰੀਲੇਸ਼ਨਜ਼ ਨੂੰ ਇਕਸਰ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਸਟੇਟਾਂ ਨੂੰ ਨਵੇਂ ਸਿਰੇ ਤੋਂ ਮਾਲੀ ਅਖਤਿਆਰ ਦਿਤੇ ਜਾਣ ਅਤੇ ਉਨ੍ਹਾਂ ਨੂੰ ਕੁਝ ਇੰਤਜ਼ਾਮੀਆਂ ਅਖਤਿਆਰਾਤ ਦਿਤੇ ਜਾਣ ਅਤੇ ਨਾਲ ਹੀ ਕੁਝ ਪੁਲੀਟੀਕਲ ਅਖਤਿਆ-ਰਾਤ ਦਿਤੇ ਜਾਣ। ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਦਾ ਜ਼ਿਕਰ ਗਵਰਨਰ ਦੇ ਐਡਰੈਸ ਵਿਚ ਨਹੀਂ ਆਇਆ।

ਸਪੀਕਰ ਸਾਹਿਬ, ਅੱਜ ਬਾਹਰਲੇ ਮੁਲਕਾਂ ਵੱਲੋਂ ਸਾਡੇ ਜਜ਼ਬਾਤ ਨੂੰ ਐਕਸਪਲਾਇਟ ਕੀਤਾ ਜਾ ਰਿਹਾ ਹੈ। ਸਾਡੇ ਥੀਨ ਡੈਮ ਨੂੰ ਡਿਲੇ ਕਰਨ ਦੇ ਕੀ ਕਾਰਨ ਹਨ? ਉਸ ਦਾ ਕਾਰਨ ਇਹ ਹੈ ਕਿ ਸੈਂਟਰ ਦੀਆਂ ਫਾਈਨੈਂਸ਼ਲ ਇਨਸਟੀਚਿਊਸ਼ਨਜ਼ ਸਾਨੂੰ ਪੈਸੇ ਦੇਣ ਲਈ ਤਿਆਰ ਨਹੀਂ ਹੁੰਦੀਆਂ। ਸਾਨੂੰ ਤਜਵੀਜ਼ਾਂ ਦਿੱਤੀਆਂ ਜਾਂਦੀਆਂ ਹਨ ਕਿ ਪ੍ਰਾਜੈਕਟਸ ਬਣਾਉਣ ਵਾਲੀ ਜਿਹੜੀ ਨੈਸ਼ਨਲ ਕਾਰਪੋ-ਰੇਸ਼ਨ ਬਣੀ ਹੋਈ ਹੈ ਪੰਜਾਬ ਸਰਕਾਰ ਉਸ ਦੇ ਨਾਲ ਭਾਈਵਾਲੀ ਪਾ ਲਵੇ ਅਤੇ ਜੇ ਅਸੀਂ ਥੀਨ ਡੈਮ ਨੂੰ ਬਣਾਉਣਾ ਚਾਹੁੰਦੇ ਹਾਂ ਤਾਂ ਉਸ ਤਜਵੀਜ਼ ਤੇ ਵਿਚਾਰ ਕਰ ਲਵੋ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਨੂੰ ਇਹ ਪ੍ਰਾਜੈਕਟ ਠੇਕੇਦਾਰਾਂ ਦੇ ਹਵਾਲੇ ਨਹੀਂ ਕਰਨਾ ਚਾਹੀਦਾ ਕਿਉਂਕਿ ਉਨ੍ਹਾਂ ਨੇ ਤਾਂ ਆਪਣੀਆਂ ਜ਼ਰੂਰਤਾਂ ਦੇ ਮੁਤਾਬਿਕ ਸਾਰਾ ਕੁਝ ਕਰਨਾ ਹੈ। ਉਨ੍ਹਾਂ ਦੀ ਬੇਸਿਕ ਸ਼ਰਤ ਇਹ ਹੈ ਕਿ ਬਾਹਰਲੀਆਂ ਫਾਈਨੈਂਸ਼ਲ ਇਨਸਟੀਚਿਊਸ਼ਨਜ਼ ਤੋਂ ਜਾਂ ਵਰਲਡ ਬੈਂਕ ਤੋਂ ਕਰਜ਼ਾ ਲੈ ਕੇ ਕੰਮ ਕਰਨਾ ਹੈ ਅਤੇ ਫਿਰ ਉਹ ਸ਼ਰਤ ਲਾਉਂਦੇ ਹਨ ਕਿ ਕੰਮ ਠੇਕੇਦਾਰਾਂ ਦੇ ਰਾਹੀਂ ਕਰਵਾਓ। ਉਨਾਂ ਦੀ ਬੇਸਿਕ ਸ਼ਰਤ ਇਹ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਕਰਕੇ ਅਸੀਂ ਆਪਣੇ ਟੈਕਨੀਕਲ ਪਰਸਾਨਲ ਜੋ ਹੈ ਉਨ੍ਹਾਂ ਨੂੰ ਵਿਹਲਿਆਂ ਬੈਠਾਉਣ ਲਈ ਤਿਆਰ ਨਹੀਂ ਹਾਂ। ਸਾਨੂੰ ਆਪਣੀਆਂ ਸਰਵਿਸਿਜ਼ ਦੀ ਪੂਰੀ ਯੂਟੇਲਾਈਜ਼ੇਸ਼ਨ ਕਰਨੀ ਚਾਹੀਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਟੇਟ ਗੌਰਮਿੰਟ ਨੂੰ ਕਿਸੇ ਭਾਈਵਾਲੀ ਵਿਚ ਪਾਉਣ ਦੀ ਬਜਾਏ ਅਤੇ ਉਨ੍ਹਾਂ ਸ਼ਰਤਾਂ ਦੇ ਅਧੀਨ ਕੰਮ ਕਰਾਉਣ ਦੀ ਬਜਾਏ ਸੈਂਟਰਲ ਗੌਰਮਿੰਟ ਥੀਨ ਡੈਮ ਦੇ ਵਾਸਤੇ ਸਾਨੂੰ ਪੈਸੇ ਦੇਵੇ ਅਤੇ ਅਸੀਂ ਆਪਣਾ ਡੈਮ ਆਪ ਬਣਾਈਏ। ਅੱਜ ਸਾਡੇ ਕੋਲ ਕੋਈ ਤਾਕਤ ਨਹੀਂ ਹੈ ਜਿਸ ਕਰਕੇ ਇਹੋ ਜਿਹੇ ਮਾਮਲੇ ਲਟਕ ਰਹੇ ਹਨ। ਬਠਿੰਡੇ ਦਾ ਥਰਮਲ ਪਲਾਂਟ ਜਿਸ ਦਿਨ ਦਾ ਜੰਮਿਆ ਹੈ ਉਸ ਦਿਨ ਤੋਂ ਬੀਮਾਰ ਹੈ। ਅਸੀਂ ਰੋਪੜ ਦਾ ਥਰਮਲ ਪਲਾਂਟ ਲਗਾ ਰਹੇ ਹਾਂ। ਥਰਮਲ ਪਲਾਂਟ ਦੁਨੀਆਂ ਵਿਚ ਲਗਦੇ ਹਨ। ਠੀਕ ਹੈ, ਇਥੇ ਵੀ ਲੱਗਣ। ਸਾਡੇ ਕੋਲ ਐਨੀ ਹਾਈਡਰੋਪੋਟੈਂਸ਼ੀਅਲ ਹੈ। ਅਗਰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਅਤੇ ਪੰਜਾਬ ਦੀ ਸਰਕਾਰ ਆਪਸ ਵਿਚ ਰਲ ਕੇ ਆਪਣੀ ਹਾਈਡਰੋਪੋਟੈਂਸ਼ੀਅਲ ਨੂੰ ਇਸਤੇਮਾਲ ਕਰਨ ਤਾਂ

Original with;
Punjab Vidhan Sabha
Digitized by;
Panjab Digital Library

ਸਾਡੇ ਕੋਲ ਐਨੀ ਪਾਵਰ ਆ ਸਕਦੀ ਹੈ ਕਿ ਸਾਨੂੰ ਫਿਰ ਇਧਰ ਉਧਰ ਝਾਕਣ ਦੀ ਲੋੜ ਨਹੀਂ ਰਹਿਣੀ। ਪਰ ਗਵਰਨਰ ਐਡਰੈਸ ਵਿਚ ਇਸ ਬਾਰੇ ਕੁਝ ਨਹੀਂ ਕਿਹਾ ਗਿਆ । ਸਪੀਕਰ ਸਾਹਿਬ, ਆਦਮੀ ਜਦੋਂ ਪੈਦਾ ਹੁੰਦਾ ਹੈ ਉਸ ਦਿਨ ਤੋਂ ਲੈ ਕੇ ਉਸ ਦੀ ਆਖਿਰ ਤਕ ਇਕੋ ਬੇਸਿਕ ਇੱਛਾ ਹੁੰਦੀ ਹੈ ਕਿ ਮੈਂ ਸਰਵਾਈਵ ਕਰਾਂ। ਉਸ ਦੀ ਇਹੀ ਇੱਛਾ ਹੁੰਦੀ ਹੈ ਕਿ ਮੈਂ ਜ਼ਿੰਦਾ ਰਹਾਂ ਅਤੇ ਜਦੋਂ ਉਸ ਦੀ ਸਰਵਾਈਵਲ ਨੂੰ ਕੋਈ ਖਤਰਾ ਹੁੰਦਾ ਹੈ ਤਾਂ ਉਹ ਹੱਥ ਉਠਾਉਂਦਾ ਹੈ। ਸਪੀਕਰ ਸਾਹਿਬ, ਪਿਛਲੇ 7-8 ਮਹੀਨਿਆਂ ਦਾ ਪੀਰੀਅਡ ਇਸ ਕਿਸਮ ਦੀ ਇਨਸਿਕਿਉਰਿਟੀ ਦਾ ਪੀਰੀਅਡ ਰਿਹਾ ਹੈ ਜਿਸ ਦੇ ਬਾਰੇ ਸ਼ਾਇਦ ਪੋਲੀਟੀਸ਼ਅਨਜ਼ ਨੂੰ ਇਤਨਾ ਅਹਿਸਾਸ ਨਹੀਂ ਜਿਤਨਾ ਕਿ ਇਕ ਕਾਮਨ-ਮੈਨ ਨੂੰ, ਸਾਧਾਰਣ ਆਦਮੀ ਨੂੰ ਆਪਣੇ ਘਰ ਵਿੱਚ ਬੈਠ ਕੇ ਹੈ। ਜੇ ਇਹ ਬੰਗਾਲ ਦੇ ਅਖਬਾਰ ਵਿੱਚ ਖਬਰ ਆ ਜਾਵੇ, ਤਾਮਲ ਨਾਡੂ ਜਾਂ ਹੋਰ ਦੂਸਰੀਆਂ ਸਟੇਟਾਂ ਦੇ ਅਖਬਾਰਾਂ ਵਿੱਚ ਖ਼ਬਰ ਆ ਜਾਵੇ ਕਿ ਪੰਜਾਬ ਦੇ ਵਿੱਚ ਹਾਲਾਤ ਠੀਕ ਨਹੀਂ, capital will run away ਕੋਈ ਇਸ ਕਿਸਮ ਦਾ ਮਾਹੌਲ ਸਾਡੇ ਪੰਜਾਬ ਵਿੱਚ ਪਿਛਲੇ ਸੱਤ-ਅੱਠ ਮਹੀਨਿਆਂ ਦੇ ਪੀਰੀਅਡ ਵਿੱਚ ਰਿਹਾ ਹੈ। ਜੇ ਤੁਸੀਂ ਪਿਛਲੇ 7 ਜਾਂ 8 ਮਹੀਨਿਆਂ ਦੇ ਗਰਾਫ ਦੇਖੋ ਤਾਂ ਆਪ ਨੂੰ ਪਤਾ ਲਗੇਗਾ ਕਿ ਜੋ ਪੰਜਾਬ ਦੇ ਵਿੱਚ ਹਾਲਾਤ ਪੈਦਾ ਹੋਏ ਹਨ ਉਸ ਦੇ ਨਾਲ ਕੈਪੀਟਲ ਸ਼ਾਈ ਹੋ ਗਿਆ ਹੈ। ਇਸ ਸਿਲਸਿਲੇ ਵਿੱਚ ਕਈ ਉਦਾਹਰਣਾਂ ਦਿੱਤੀਆਂ ਜਾਂ ਸਕਦੀਆਂ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਇਨਸਿਕਿਉਰਿਟੀ ਪੈਦਾ ਕਿਵੇਂ ਹੋਈ? ਸਪੀਕਰ ਸਾਹਿਬ, ਸਰਦਾਰ ਬੀਰਦਵਿੰਦਰ ਸਿੰਘ ਜੀ ਬੜੇ ਖੂਬਸੂਰਤ ਢੰਗ ਨਾਲ ਬੋਲਣ ਵਾਲੇ ਹਨ ਅਤੇ ਉਹ ਇਸ ਖੂਬਸੂਰਤੀ ਨਾਲ ਬੋਲਦੇ ਹਨ ਕਿ ਉਨਾਂ ਦੀਆਂ ਗਲਾਂ ਸੁਣਨ ਵਿੱਚ ਲੁਤਫ ਆਉਂਦਾ ਹੈ । ਮੈਂ ਦੇਖਿਆ ਹੈ ਕਿ ਇਨ੍ਹਾਂ ਨੇ ਆਪਣੀ ਤਕਰੀਰ ਵਿੱਚ ਇਸ ਗਲ ਨਾਲ ਤਸੱਲੀ ਕਰ ਲਈ ਹੈ ਕਿ ਜਦੋਂ ਅਕਾਲੀ ਪਾਰਟੀ ਦੀ ਹਕੂਮਤ ਸੀ ਤਾਂ ਉਸ ਵੇਲੇ 71 ਮਰਡਰ ਹੋਏ ਸੀ ਅਤੇ 32 ਐਨਕਾਂਊਂਟਰ ਵਿੱਚ ਵੀ ਮਰੇ ਸੀ। ਇਹ ਵੀ ਕਹਿ ਦਿੱਤਾ ਕਿ ਇਨ੍ਹਾਂ ਦੇ ਜ਼ਮਾਨੇ ਵਿੱਚ ਇਕ ਦਾਦੂ ਹੋਰ ਵੀ ਪੈਦਾ ਹੋਇਆ ਸੀ ਜੋ ਇਨ੍ਹਾਂ ਨੇ ਪੈਦਾ ਕੀਤਾ ਸੀ। ਮੈਂ ਚਾਹੁੰਦਾ ਸੀ ਕਿ ਜਿਸ ਅੰਦਾਜ਼ ਵਿੱਚ ਇਹ ਬੋਲਦੇ ਸੀ ਅਤੇ ਇਹ ਕਹਿੰਦੇ ਸੀ ਕਿ 71 ਮਰਡਰ ਅਕਾਲੀ ਪਾਰਟੀ ਦੇ ਰਾਜ ਵਿੱਚ ਹੋਏ ਸੀ ਅਤੇ ਉਸ ਵੇਲੇ 32 ਐਨਕਾਊਂਟਰ ਵਿਚ ਵੀ ਮਰੇ ਸੀ ਅਤੇ ਦਾਦੂ ਹੋਰ ਵੀ ਪੈਦਾ ਹੋਇਆ ਸੀ ਤਾਂ ਉਸ ਦੇ ਨਾਲ ਹੀ ਅਜ ਜੋ ਕੁਝ ਹੋਇਆ ਹੈ, ਅਜ ਜੋ ਪੁਲਿਸ ਦਾ ਤਸ਼ਦਦ ਹੋਇਆ ਹੈ ਉਹ ਵੀ ਦਸਦੇ ਅਤੇ ਜੋ ਕੰਡੈਮਨੇਸ਼ਨ ਉਨ੍ਹਾਂ ਨੇ ਉਸ ਦੀ ਕੀਤੀ ਹੈ ਇਸ ਦੀ ਵੀ ਇਸੇ ਤਰਾਂ ਕੰਡੈਮਨੇਸ਼ਨ ਕਰਦੇ ਪਰ ਇਨਾਂ ਨੇ ਉਹ ਕੰਡੈਮਨੇਸ਼ਨ ਕਰਕੇ ਜਸਟੀਫਾਈ ਕੀਤਾ ਹੈ ਅਤੇ ਤਾਹਨਾ ਦੇ ਕੇ ਗੱਲ ਕੀਤੀ ਕਿ ਉਸ ਸਮੇਂ ਦਾਦੂ ਹੋਰ ਪੈਦਾ ਹੋਇਆ ਸੀ। (ਸਰਦਾਰ ਬੀਰਦਵਿੰਦਰ ਸਿੰਘ ਵਲੋਂ ਵਿਘਨ) ਸਪੀਕਰ ਸਾਹਿਬ ਮੈਂ ਸ਼ਾਇਰ ਤਾਂ ਨਹੀਂ ਪਰ ਇਕ ਸ਼ੇਅਰ ਅਰਜ਼ ਕਰਦਾ ਹਾਂ—

> "ਇਕਬਾਲ ਬੜਾ ਉਪਦੇਸ਼ਕ ਹੈ ਮਨ ਬਾਤੋਂ ਸੇ ਮੋਹ ਲੇਤਾ ਹੈ।
> ਗਫਤਾਰ ਕਾ ਗਾਜ਼ੀ ਬਣ ਤੋ ਗਿਆ ਕਿਰਦਾਰ ਕਾ ਗਾਜ਼ੀ ਬਨ ਨਾ ਸਕਾ ।"

ਮੇਰੀ ਉਨ੍ਹਾਂ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਜਿਨਾਂ ਨੇ ਪੀਸਫੁਲ ਲਾਈਫ ਵਿਚ ਗੜਬੜ ਪੈਦਾ ਕੀਤੀ ਹੈ ਜਿਨ੍ਹਾਂ ਨੇ ਪੀਸਫੁਲ ਜ਼ਿੰਦਗੀ ਨੂੰ ਖਰਾਬ ਕੀਤਾ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਸਪੀਕਰ ਸਾਹਿਬ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਨੂੰ ਕੋਈ ਇਸ ਗੱਲ ਦਾ ਹੱਕ ਨਹੀਂ ਕਿ ਮੁਜਰਮ ਨੂੰ ਫੜਨ ਦੀ ਬਜਾਏ ਮੁਜਰਮ ਦੇ ਘਰ ਦੀਆਂ ਜਾ ਕੇ ਕੰਧਾਂ ਢਾਅ ਦਿਓ, ਮੁਜਰਮ ਦੇ ਘਰ ਦੇ ਕੱਪੜੇ ਜਾ ਕੇ ਸਾੜ ਦਿਓ ਅਤੇ ਬਜ਼ੁਰਗ ਔਰਤਾਂ ਅਤੇ ਮਰਦਾਂ ਦੀ ਇਸ ਤਰ੍ਹਾਂ ਦੀ ਬੇਇੱਜ਼ਤੀ ਕੀਤੀ ਜਾਵੇ ਇਸ ਤਰ੍ਹਾਂ ਦਾ ਕੋਈ ਪੁਲਿਸ ਨੂੰ ਹੱਕ ਨਹੀਂ ਹੈ । ਪੁਲਿਸ ਨੂੰ ਕਾਨੂੰਨ ਦੇ ਅੰਦਰ ਰਹਿ ਕੇ ਕਾਨੂੰਨ ਦੇ ਜ਼ਾਬਤੇ ਵਿਚ ਕਾਰਵਾਈ ਕਰਨੀ ਚਾਹੀਦੀ ਹੈ । ਅੱਜ ਵੀ ਤੁਸੀਂ ਸਪੀਕਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸਾਹਿਬ, ਦੇਖ ਲਓ ਕਿ ਕਿਸ ਤਰ੍ਹਾਂ ਹਾਊਸ ਦਾ ਕੀਮਤੀ ਟਾਈਮ ਜ਼ਾਇਆ ਹੋਇਆ ਹੈ । ਸਿਰਫ ਇਸ ਕਰਕੇ ਕਿ ਕਿਸੇ ਕਥਿਤ ਮੁਜਰਮ ਨੂੰ ਪੁਲਿਸ ਫੜਨ ਵਾਸਤੇ ਗਈ ਪਰ ਉਸ ਦਾ ਜੋ ਵਤੀਰਾ ਸੀ ਉਸ ਦੀ ਸਜ਼ਾ ਪਿੰਡ ਵਾਲਿਆਂ ਨੂੰ ਭੁਗਤਣੀ ਪਈ ਅਤੇ ਅੱਜ ਹਾਊਸ ਦਾ ਕੀਮਤੀ ਵਕਤ ਉਸ ਕਰਕੇ ਜ਼ਾਇਆ ਹੋਇਆ । ਪੁਲਿਸ ਦਾ ਜੋ ਵਤੀਰਾ ਹੈ ਉਹ ਠੀਕ ਨਹੀਂ । ਪੁਲਿਸ ਦਾ ਵਤੀਰਾ ਉਹੀ ਹੈ ਜਿਸ ਤਰ੍ਹਾਂ as old as british regime ਵਿਚ ਸੀ । ਪੁਲਿਸ ਨੂੰ ਆਪਣੇ ਰਵੱਈਏ ਨੂੰ ਠੀਕ ਕਰਨਾ ਚਾਹੀਦਾ ਹੈ । ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਪੁਲਿਸ ਦੇ ਵਤੀਰੇ ਵਿਚ ਸੁਧਾਰ ਲਿਆਉਣ । ਸਪੀਕਰ ਸਾਹਿਬ, ਪੰਜਾਬ ਦੇ ਵਿਚ ਬੜੇ ਬੜੇ ਬੋਰਡ ਲੱਗੇ ਹੋਏ ਹਨ । ਕਿਸੇ ਥਾਂ ਤੇ ਬੋਰਡ ਲੱਗਿਆ ਹੋਇਆ ਹੈ ਕਿ ਪੁਲਿਸ ਦਾ ਸਿਪਾਹੀ ਕਿਸੇ ਬਜ਼ੁਰਗ ਨੂੰ ਰਾਹ ਦੱਸਣ ਵਿਚ ਮੱਦਦ ਕਰ ਰਿਹਾ ਹੈ ਕਿਸੇ ਥਾਂ ਤੇ ਬੋਰਡ ਲੱਗਿਆ ਹੋਇਆ ਹੈ ਕਿ ਕਿਸੇ ਬੱਚੇ ਨੂੰ ਰਾਹ ਦੱਸ ਰਿਹਾ ਹੈ ਅਤੇ ਇਸ ਤਰ੍ਹਾਂ ਕਈ ਕਿਸਮ ਦੇ ਬੋਰਡ ਲੱਗੇ ਹੋਏ ਹਨ । ਅਸੀਂ ਇਹ ਵੈਲਕਮ ਕਰਦੇ ਹਾਂ । ਲੇਕਿਨ ਇਸ ਦੇ ਬਾਵਜੂਦ ਪੁਲਿਸ ਦੇ ਜੋ ਮੈਥਿਡ ਹਨ ਉਨ੍ਹਾਂ ਵਿਚੋਂ ਆਵਾਮ ਦੀ ਦੁਸ਼ਮਣੀ, ਗਰੀਬ ਦੀ ਦੁਸ਼ਮਣੀ ਜ਼ਿਆਦਾ ਉਭਰਤੀ ਹੈ । ਅੱਜ ਪੁਲਿਸ ਕੋਲੋਂ ਸ਼ਰੀਫ ਆਦਮੀ ਡਰਦਾ ਹੈ । ਪਿਛਲੇ ਦਿਨ੍ਹਾਂ ਵਿਚ ਤੁਹਾਨੂੰ ਸਪੀਕਰ ਸਾਹਿਬ ਪਤਾ ਹੈ ਕਿ ਗੌਰਮਿੰਟ ਨੇ ਆਰਡਰ ਕੱਢਿਆ ਸੀ ਕਿ ਜਿਨ੍ਹਾਂ ਜਿਨ੍ਹਾਂ ਕੋਲ ਵੈਪਨਜ਼ ਹਨ ਉਹ ਆਪਣੇ ਸਾਰੇ ਵੈਪਨਜ਼ ਜਮਾਂ ਕਰਵਾ ਦੇਣ । ਉਸ ਵਕਤ ਸ਼ਰੀਫ ਆਦਮੀ ਜਿਨ੍ਹਾਂ ਨੇ ਵੈਪਨਜ਼ ਆਪਣੀ ਹਿਫਾਜ਼ਤ ਦੇ ਤੌਰ ਤੇ ਰੱਖਿਆ ਹੋਇਆ ਸੀ ਜਿਨ੍ਹਾਂ ਨੇ ਆਪਣੀ ਜਾਨ ਮਾਲ ਦੀ ਹਿਫਾਜ਼ਤ ਵਾਸਤੇ ਰੱਖਿਆ ਹੋਇਆ ਸੀ ਉਨ੍ਹਾਂ ਨੇ ਤਾਂ ਜਮਾਂ ਕਰਵਾ ਦਿਤੇ ਲੇਕਿਨ ਜਿਨ੍ਹਾਂ ਨੇ 10-10 ਹਜ਼ਾਰ ਹਥਿਆਰਬੰਦ ਲੋਕਾਂ ਦੇ ਜਲੂਸ ਕੱਢੇ, ਉਹ ਲੋਕ ਜਿਨ੍ਹਾਂ ਨੇ ਅੱਜ ਵੀ 100--100 ਆਦਮੀਆਂ ਦੇ ਹਥਿਆਰਬੰਦ ਜੱਥੇ ਨਾਲ ਰੱਖੇ ਹੋਏ ਹਨ ਅਤੇ ਪੰਜਾਬ ਦੇ ਇਕ ਇਕ ਪਿੰਡ ਵਿਚ, ਇਕ ਇਕ ਸ਼ਹਿਰ ਵਿਚ ਦਨਦਨਾਂਦੇ ਫਿਰਦੇ ਹਨ ਉਨ੍ਹਾਂ ਨੂੰ ਪੁਲਿਸ ਕੁਝ ਨਹੀਂ ਕਹਿ ਸਕਦੀ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦਾ ਕੀ ਲਾਅ ਐਂਡ ਆਰਡਰ ਹੈ ? ਆਪਣੀ ਹਿਫਾਜ਼ਤ ਦੇ ਨਾਮ ਥੱਲੇ ਸੌ ਸੌ, ਡੇਢ ਡੇਢ ਸੌ ਹਥਿਆਰਬੰਦ ਆਦਮੀ ਅਤੇ ਹਥਿਆਰ ਵੀ ਉਹ ਜਿਹੜੇ ਹਰ ਆਦਮੀ ਕੋਲ ਨਹੀਂ ਹੋ ਸਕਦੇ ਆਰਡਨਿਰੀ ਆਦਮੀ ਕੋਲ ਨਹੀਂ ਹੋ ਸਕਦੇ ਉਹ ਰੱਖ ਕੇ ਚੰਡੀਗੜ੍ਹ ਦੇ ਸ਼ਹਿਰ ਤੋਂ ਲੈ ਕੇ ਮਹਿਤਾ ਚੌਕ ਤੱਕ ਆਰਮਡ ਡੀਮਾਂਸਟਰੇਸ਼ਨ ਕਰਾਉਂਦਾ ਫਿਰੇ ਅਤੇ ਉਸ ਨੂੰ ਪੰਜਾਬ ਸਟਕਾਰ ਹੱਥ ਨਾ ਪਾ ਸਕੇ । ਇਹ ਤਾਂ ਪੁਲਿਸ ਦਾ ਕਿਰਦਾਰ ਹੈ । ਇਕ ਬੰਨੇ ਅਤੇ ਦੂਜੇ ਬੰਨੇ ਪੁਲਿਸ ਗਰੀਬ ਆਦਮੀ ਨੂੰ ਮਾਰ ਰਹੀ ਹੈ । ਗਰੀਬ ਆਦਮੀ ਵਾਸਤੇ ਕਮਜ਼ੋਰ ਆਦਮੀ ਵਾਸਤੇ ਤਾਂ ਉਹ ਆਪਣੀ ਐਫੀਸ਼ੀਐਂਸੀ ਦਿਖਾਉਂਦੀ ਹੈ ਲੇਕਿਨ ਜਿਹੜਾ ਤਾਕਤਵਰ ਹੋਵੇ ਉਸ ਦੇ ਸਾਹਮਣੇ ਭਿੱਗੀ ਬਿੱਲੀ ਬਣ ਜਾਂਦੀ ਹੈ ।

**ਸਰਦਾਰ ਮੇਜਰ ਸਿੰਘ ਉਬੋਕੇ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਪੰਜਾਬ ਦੇ ਅੰਦਰ ਇਕ ਮਜ਼ਹਬੀ ਜ਼ਨੂਨ ਉਠਿਆ ਹੈ । ਮਜ਼ਹਬ ਦੇ ਨਾਮ ਤੇ ਕੋਈ ਮਜ਼ਹਬ ਇਕ ਦੂਜੇ ਨੂੰ ਮਾਰਨਾ ਨਹੀਂ ਸਿਖਾਉਂਦਾ, ਨਫਰਤ ਨਹੀਂ ਸਿਖਾਉਂਦਾ । ਮਜ਼ਹਬ ਤਾਂ ਪਿਆਰ ਸਿਖਾਉਂਦਾ ਹੈ । ਜਿਹੜਾ ਮਜ਼ਹਬ ਦਾ ਜਨੂੰਨ ਉਠਿਆ ਹੈ ਉਹ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਜ਼ਹਬੀ ਜਨੂਨ ਪ੍ਰਚਾਰ ਤੋਂ ਉਠ ਕੇ ਖੂਨੀ ਪ੍ਰਚਾਰ ਬਣਕੇ ਸਾਡੇ ਸਾਹਮਣੇ ਆਇਆ ਹੈ । ਸਪੀਕਰ ਸਾਹਿਬ, 8 ਅਗੱਸਤ, 1981 ਨੂੰ ਅਨੰਦਪੁਰ ਵਿਚ ਸ਼ਾਦੀ ਲਾਲ ਅੰਗਰੇ ਦਾ ਕਤਲ ਕੀਤਾ ਗਿਆ। ਇਕ ਬੰਨੇ ਪੁਲਿਸ ਬੇਗੁਨਾਹ ਲੋਕਾਂ ਨੂੰ ਫਸਾ ਰਹੀ ਹੈ ਅਤੇ ਦੂਜੇ ਬੰਨੇ ਪੰਜਾਬ ਦੀ ਪੁਲਿਸ ਜਦੋਂ ਸ਼ਾਦੀ ਲਾਲ ਅੰਗਰੇ ਦਾ ਕਤਲ ਹੋਇਆ ਤਾਂ ਕਹਿੰਦੀ ਹੈ ਕਿ ਇਹ ਵੀ ਤਰਸੇਮ ਸਿੰਘ ਅਤੇ ਦੂਸਰੇ ਜੋ ਹਨ ਜਿਨ੍ਹਾਂ ਨੇ ਪੰਜਾਬ ਵਿਚ ਦੂਸਰੇ ਕਤਲ ਕੀਤੇ ਹਨ ਉਨ੍ਹਾਂ ਨੇ ਕੀਤਾ ਹੈ। ਜੇ ਤਾਂ ਇਹ ਗੱਲ ਸੀ ਅਤੇ ਪੁਲਿਸ ਨੂੰ ਪਤਾ ਲੱਗ ਗਿਆ ਹੈ ਕਿ ਕਾਤਲ ਉਹੀ ਹਨ ਇਸ ਕੇਸ ਵਿਚ ਵੀ ਜਿਨ੍ਹਾਂ ਦਾ 50--50 ਹਜ਼ਾਰ ਰੁਪਿਆ ਇਨਾਮ ਰੱਖਿਆ ਹੋਇਆ ਹੈ ਤਾਂ ਉਹ ਕੇਸ ਜਿਨ੍ਹਾਂ ਬੇਗੁਨਾਹਾਂ ਉਤੇ ਪਾਇਆ ਹੈ ਉਹ ਵਿਦਡਰਾ ਕਰੇ । ਇਹ ਚੀਫ ਮਨਿਸਟਰ ਸਾਹਿਬ ਨੂੰ ਵੀ ਪਤਾ ਹੈ, ਆਈ. ਜੀ. ਨੂੰ ਵੀ ਪਤਾ ਹੈ । ਲੇਕਿਨ ਉਹ ਬੇਗੁਨਾਹ ਅਦਾਲਤਾਂ ਵਿਚ ਜਾ ਰਹੇ ਹਨ ਅਤੇ ਉਹ ਕੇਸ ਵਾਪਿਸ ਨਹੀਂ ਲਿਆ । ਇਹ ਪੁਲਿਸ ਦਾ ਕਿਰਦਾਰ ਹੈ । ਇਹ ਬੜੀ ਬਦਕਿਸਮਤੀ ਦੀ ਗੱਲ ਹੈ ਕਿ ਪਤਾ ਹੋਣ ਦੇ ਬਾਵਜੂਦ ਕੇਸ ਵਾਪਿਸ ਨਹੀਂ ਲਿਆ ਗਿਆ । ਸਾਡੇ ਬਜ਼ੁਰਗ ਸਿਆਸਤਦਾਨ ਲਾਲਾ ਜਗਤ ਨਰਾਇਣ ਜੀ ਦਾ ਕਤਲ ਕੀਤਾ ਗਿਆ । ਇਹ ਕਿਸੇ ਬਜ਼ਾਰ ਵਿਚ ਤੁਰੇ ਜਾਂਦੇ ਆਮ ਆਦਮੀ ਦਾ ਕਤਲ ਨਹੀਂ ਸੀ । ਜਿਸ ਤਰ੍ਹਾਂ ਪੰਜਾਬ ਦੇ ਅੰਦਰ ਕਿਸੇ ਵੱਡੇ ਆਦਮੀ ਨੇ ਗੱਲ ਕਹੀ ਹੈ...... ਸਵਰਨ ਸਿੰਘ ਨੂੰ ਉਸ ਦੇ ਕਾਤਲ ਨੂੰ, ਮੈਨੂੰ ਇਸ ਗੱਲ ਦਾ ਬੜਾ ਫਖਰ ਹੋਵੇਗਾ ਜਿਸ ਦਿਨ ਸਵਰਨ ਸਿੰਘ ਉਸ ਕਤਲ ਦੇ ਇਲਜ਼ਾਮ ਵਿਚ ਫਾਂਸੀ ਦੇ ਤਖਤੇ ਤੇ ਲਟਕੇਗਾ । ਉਸ ਨੇ ਆਮ ਬਾਜ਼ਾਰ ਵਿਚ ਤੁਰੀ ਜਾਂਦੀ ਚਿਊਂਟੀ ਨਹੀਂ ਮਾਰੀ । ਮੈਂ ਪੁਛਦਾ ਹਾਂ ਕਿ ਕੀ ਇਹ ਤਸ਼ੱਦਦ ਵਾਸਤੇ ਖੁਲ ਦੇ ਦਿਤੀ ਗਈ ਹੈ । ਕਾਨੂੰਨ ਕਿਉਂ ਖਾਮੋਸ਼ ਹੈ ? ਕਾਨੂੰਨ ਦੀ ਲਾਠੀ ਹਰ ਆਦਮੀ ਵਾਸਤੇ ਇਕ ਹੁੰਦੀ ਹੈ । ਕਿਉਂ ਨਹੀਂ ਇਥੇ ਕਾਨੂੰਨ ਦੀ ਲਾਠੀ ਉਠੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲਾਲਾ ਜਗਤ ਨਰਾਇਣ ਤੋਂ ਬਾਅਦ ਪੰਜਾਬ ਵਿਚ ਕਤਲਾਂ ਦਾ ਹੜ੍ਹ ਆ ਗਿਆ । ਜਲੰਧਰ ਵਿਚ, ਤਰਨ ਤਾਰਨ ਵਿਚ ਅਤੇ ਕਪੂਰਥਲਾ ਵਿਚ ਕਤਲਾਂ ਦਾ ਹੜ ਆ ਗਿਆ । ਇਥੇ ਹਰ ਆਦਮੀ ਮਹਿਸੂਸ ਕਰਦਾ ਹੈ ਕਿ ਸਾਡੀ ਸਿਕਿਉਰਿਟੀ ਵਾਸਤੇ ਗੌਰਮਿੰਟ ਬੈਠੀ ਹੈ । ਇਸ ਵਿਚ ਦੱਸਿਆ ਗਿਆ ਹੈ ਕਿ ਸਾਡੀ ਗੌਰਮਿੰਟ ਬੜਾ ਕੰਮ ਕਰਦੀ ਹੈ । ਮੈਂ ਕਹਿੰਦਾ ਹਾਂ ਕਿ ਖਾਕ ਵਰਕ ਕਰਦੀ ਹੈ ਇਹ ਗੌਰਮਿੰਟ । ਇਸ ਦੇ ਸੈਕਰੀਟੇਰੀਏਟ ਦੇ ਥੱਲੇ ਇਕ ਆਈ. ਏ. ਐਸ. ਅਫਸਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ ਔਰ ਉਸ ਦੇ ਭਾਈ ਨੂੰ ਸੈਕਰੀਟੇਰੀਏਟ ਦੇ ਸਾਹਮਣੇ ਕਤਲ ਕਰ ਦਿੱਤਾ ਗਿਆ । ਸੈਂਕੜੇ ਪੁਲਿਸ ਦੇ ਅਫਸਰ ਅਤੇ ਦੂਜੇ ਮੁਲਾਜ਼ਮ ਮੌਜੂਦ ਸਨ । ਇਹ ਜਿਹੜੀ ਜੁਰਅਤ ਹੈ ਇਹ ਕਿਸ ਤਰਾਂ ਪੈਦਾ ਹੋਈ ? ਇਸ ਕਿਸਮ ਦੀ ਪੁਲਿਸ ਸਕਿਉਰਿਟੀ ਦੇ ਸਕੇਗੀ ਪਬਲਿਕ ਨੂੰ । ਇਕ ਬਹੁਤ ਵੱਡਾ ਕੁਐਸਚਨ ਮਾਰਕ ਲੱਗਾ ਹੋਇਆ ਹੈ । ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਇਸ ਦਾ ਜਵਾਬ ਦੇਣਾ ਪਵੇਗਾ । ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਆਪਣੀ ਸਟੇਟ ਵਿਚ ਜਲਸੇ ਕਰ ਰਹੇ ਹਨ ਅਤੇ ਇਤਨੀ ਸਿਕਿਉਰਿਟੀ ਹੋਣ ਦੇ ਬਾਵਜੂਦ ਉਨਾਂ ਦੀ ਪੱਗ ਨੂੰ ਹੱਥ ਪਾਇਆ ਜਾਏ ਔਰ ਉਨ੍ਹਾਂ ਨੂੰ ਗੇਰ ਦਿਤਾ ਜਾਏ ? ਇਹ ਕੇਵਲ ਸਰਦਾਰ ਦਰਬਾਰਾ ਸਿੰਘ ਦਾ ਸੁਆਲ ਨਹੀਂ। ਇਹ ਸਟੇਟ ਦੀ ਪਾਵਰ ਨੂੰ ਹੱਥ ਪਾਇਆ ਹੈ । ਜੋ ਹੋਇਆ ਸੀ ਉਸ ਦਾ ਸੀਰੀਅਸ ਨੋਟਿਸ ਲਿਆ ਜਾਂਦਾ ਅਤੇ ਕੇਸ ਜੋ ਵੀ ਬਣਦਾ ਸੀ ਬਣਾਇਆ ਜਾਣਾ ਚਾਹੀਦਾ ਸੀ । ਸੀਰੀਅੱਸ ਗੱਲ ਇਹ ਹੈ ਕਿ ਪੁਲਿਸ ਦੀ ਜਿਹੜੀ ਨਾ-ਅਹਿਲੀਅਤ ਹੈ ਇਸ ਦੇ ਲਈ ਕੁਝ ਕੀਤਾ ਜਾਵੇ । ਪਰ, ਸਪੀਕਰ ਸਾਹਿਬ, ਸਰਵਿਸਿਜ਼ ਵਿਚ ਕੀ ਹਾਲਤ ਇਹ ਹੈ । ਮੈ ਇਕ ਕਿਤਾਬ ਪੜ੍ਹੀ ਸੀ ਸਰਦਾਰ ਖੁਸ਼ਵੰਤ ਸਿੰਘ ਦੀ " A Journey to Pakistan " । ਇਸ ਦੇ ਇਕ ਚੈਪਟਰ ਵਿਚ ਪੁਲਿਸ ਦਾ ਜ਼ਿਕਰ ਹੈ ਕਿ ਕਿਸ ਤਰੀਕੇ ਨਾਲ ਪੁਲਿਸ ਨੇ ਆਰਗੇਨਾਈਜ਼ ਕੀਤੇ ਸਨ ਕਰਾਈਮਜ਼ ਜਿਸ ਦੇ ਵਿਚ ਬੇਗੁਨਾਹ ਲੋਕ ਮਾਰੇ ਗਏ ਸਨ । ਰਾਵੀ ਦਾ ਪਾਣੀ ਬੇਗੁਨਾਹਾਂ ਦੇ ਲਹੂ ਨਾਲ ਲਾਲ ਹੋਇਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਸੀ । ਜਿਹੜੀਆਂ ਵਿਧਵਾ ਹੋਈਆਂ ਸਨ ਉਨ੍ਹਾਂ ਦੀ ਮਾਂਗ ਦਾ ਸੰਦੂਰ ਸੀ । ਖੁਸ਼ਵੰਤ ਸਿੰਘ ਅੱਗੇ ਕਹਿੰਦਾ ਹੈ ਕਿ ਜਿਸ ਪੁਲਿਸ ਦੇ ਅੰਦਰ ਫਿਰਕਾਪ੍ਰਸਤੀ ਦਾ ਜ਼ਹਿਰ ਫੈਲ ਜਾਏਗਾ ਉਸ ਮੁਲਕ ਨੂੰ ਉਸ ਸੂਬੇ ਨੂੰ ਫਿਰਕਾਪ੍ਰਸਤੀ ਦੇ ਘਿਨਾਉਣੇ ਨਾਚ ਤੋਂ ਬਚਾਇਆ ਨਹੀਂ ਜਾ ਸਕਦਾ । ਅੱਜ ਇਕ ਰਿੱਟ ਪੇਟੀਸ਼ਨ ਕਰਕੇ ਇਕ ਸਾਬਕਾ ਪੁਲਿਸ ਮੁਲਾਜ਼ਮ ਨੇ ਪੰਜਾਬ ਦੇ ਇਕ ਏ, ਆਈ. ਜੀ. ਬਾਰੇ ਕਿਹਾ ਹੈ ਕਿ ਉਸ ਨੇ ਫਿਰੋਜ਼ਪੁਰ ਦਾ ਐਸ. ਐਸ. ਪੀ. ਅਤੇ ਫਰੀਦਕੋਟ ਦਾ ਐਸ. ਐਸ. ਪੀ. ਹੁੰਦਿਆਂ ਖੂਨੀ ਜੱਥਾ ਆਰਗੇਨਾਈਜ਼ ਕੀਤਾ ਅਤੇ ਸਰਕਾਰ ਦੇ ਪੁਲਿਸ ਥਾਣਿਆਂ ਵਿਚ ਹਥਿਆਰ ਦਿਤੇ ਉਸ ਖੂਨੀ ਜੱਥੇ ਨੂੰ ਟਰੇਨਿੰਗ ਦੇਣ ਲਈ । ਮੇਰੇ ਮੋਹਤਰਮ ਦੋਸਤ ਬਾਦਲ ਸਾਹਿਬ ਨੇ ਕੁਝ ਕਿਹਾ ਸੀ । ਮੈਂ ਉਸ ਦੀ ਤਾਈਦ ਕਰਦਾ ਹਾਂ ਕਿ ਉਹ ਲੋਕ ਪੁਲਿਸ ਥਾਣਿਆਂ ਵਿਚੋਂ ਨਿਕਲਦੇ ਰਹੇ ਹਨ ਅਤੇ ਪੁਲਿਸ ਥਾਣਿਆਂ ਵਿਚ ਜਾਂਦੇ ਸਨ । ਪਰ ਇਸ ਦੇ ਵਿਚ ਕੋਈ ਸ਼ੱਕ ਨਹੀਂ ਕਿ ਸਾਰੀ ਪੁਲੀਸ ਇਸ ਤਰਾਂ ਦੀ ਨਹੀਂ । ਉਸ ਪੁਲੀਸ ਅਫਸਰ ਨੇ ਜਿਸ ਨੇ ਇਹ ਆਰਗੇਨਾਈਜ਼ ਕੀਤਾ ਸੀ ਉਸ ਏ. ਆਈ. ਜੀ. ਨੂੰ, ਜਿਸ ਦੇ ਖਿਲਾਫ ਸਾਰੇ ਪੰਜਾਬ ਵਿਚ ਰੋਸ ਹੈ, ਇਕੱਲਾ ਮੈਂ ਹੀ ਨਹੀਂ ਕਹਿ ਰਿਹਾ, ਉਸ ਬਾਰੇ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਵੀ ਕਹਿ ਰਿਹਾ ਹੈ । ਅੱਜ ਇਕ ਰਿੱਟ ਪੇਟੀਸ਼ਨ ਹੋ ਗਈ ਹੈ ਜਿਸ ਦਾ ਬੜਾ ਚਰਚਾ ਹੈ । ਕਿਉਂ ਨਹੀਂ ਅਜੇ ਤੱਕ ਉਸ ਨੂੰ ਨੌਕਰੀ ਤੋਂ ਬਰਤਰਫ ਕੀਤਾ ਗਿਆ । ਉਸ ਆਦਮੀ ਨੇ ਫਰੀਦਕੋਟ ਵਿਚ 500 ਦੇ ਕਰੀਬ ਐਸੇ ਲਾਇਸੈਂਸ ਦਿਤੇ । ਇਹ ਜ਼ਰੂਰੀ ਨਹੀਂ ਕਿ ਉਸ ਬੰਦੇ ਨੂੰ ਦਿੱਤੇ ਹੋਣ ਜਿਸ ਦੀ ਫੋਟੋ ਹੈ । ਫੋਟੋ ਕਿਸੇ ਹੋਰ ਦੀ ਹੈ ਲਾਇਸੈਂਸ ਦੀ ਕਾਪੀ ਤੇ ਅਤੇ ਹਥਿਆਰ ਕਿਸੇ ਹੋਰ ਕੋਲ ਹੈ । ਕਿਸ ਮਕਸਦ ਨਾਲ ਇਹ ਕੀਤਾ ਗਿਆ ? ਜਿਸ ਮੁਲਾਜ਼ਮ ਨੇ ਰਿੱਟ ਪੇਟੀਸ਼ਨ ਕੀਤੀ ਹੈ ਉਹ ਹੈਡ ਕਾਂਸਟੇਬਲ ਸੀ । ਉਸ ਨੇ ਆਪਣੇ ਡਾਇਰੈਕਟਰ ਜਨਰਲ ਆਫ ਪੁਲੀਸ ਨੂੰ ਇਕ ਦਰਖਾਸਤ ਦਿੱਤੀ । ਪਰ ਉਸ ਨੂੰ ਉਸ ਦੇ ਨਾਲ ਮੁਲਾਕਾਤ ਦਾ ਮੌਕਾ ਨਹੀਂ ਮਿਲਿਆ ਔਰ ਉਸ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ ਔਰ ਨੈਨੀਤਾਲ ਤੋਂ ਝੂਠਾ ਮੁਕੱਦਮਾ ਉਸ ਤੇ ਬਣਾਇਆ ਗਿਆ । ਇਹ ਇਸ ਲਈ ਕੀਤਾ ਗਿਆ ਕਿਉਂਕਿ ਉਸ ਨੇ ਉਸ ਖੂਨੀ ਜੱਥੇ ਬਾਰੇ ਲਿਖਤ ਦਿਤੀ ਸੀ । ।

ਇਹ ਜਿਹੜਾ ਕਮਿਊਨਲ ਵਾਇਰਸ ਹੈ ਇਸ ਦੀ ਗੱਲ ਉਸ ਨੇ ਕੀਤੀ । ਪਰ ਉਸ ਦੇ ਨਾਲ ਅੱਜ ਕੋਈ ਨਹੀਂ ਔਰ ਉਹ ਨੌਕਰੀ ਵਿਚ ਨਹੀਂ । ਪਰ ਜਿਸ ਬੰਦੇ ਨੇ ਉਹ ਖੂਨੀ ਜੱਥਾ ਤਿਆਰ ਕੀਤਾ ਉਸ ਨੂੰ ਕਮਾਂਡਰ ਬਣਾ ਕੇ ਆਲ ਇੰਡੀਆ ਸਰਵਿਸਿਜ਼ ਵਿਚ ਬੰਬਈ ਬੈਠਾ ਦਿਤਾ ਹੈ। ਮੈਂ ਕਹਿੰਦਾ ਹਾਂ ਕਿ ਉਸ ਏ. ਆਈ. ਜੀ. ਨੂੰ ਜਿਸ ਦੇ ਖਿਲਾਫ ਇਲਜ਼ਾਮ ਹਨ ਉਸ ਨੂੰ ਨੌਕਰੀ ਤੋਂ ਬਾਹਰ ਕੱਢਿਆ ਜਾਏ ਔਰ ਉਸ ਤੇ ਮੁਕੱਦਮਾ ਚਲਾਇਆ ਜਾਵੇ । ਉਸ ਦਾ ਪਾਸਟ ਕੋਈ ਬਹੁਤਾ ਚੰਗਾ ਨਹੀਂ । ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਉਹ ਆਦਮੀ ਹੈ ਜਿਸ ਆਦਮੀ ਦੇ ਫਾਰਮ ਉਤੇ ਤਿੰਨ ਮਹੀਨੇ ਤੱਕ ਬੋਰਡ ਲੱਗਾ ਰਿਹਾ ਸੀ 'ਖਾਲਿਸਤਾਨ ਫਾਰਮ' । ਇਸ ਦੇ ਵਾਲਦ ਬਜ਼ੁਰਗਵਾਰ ਨੇ ਗੰਗਾ ਸਿੰਘ ਢਿੱਲੋਂ ਨੂੰ ਪਹਿਲੀ ਟਿਕਟ ਲੈ ਕੇ ਦਿਤੀ ਸੀ ਹਵਾਈ ਜਹਾਜ਼ ਦੀ । ਉਸ ਗੰਗਾ ਸਿੰਘ ਨੂੰ ਜਿਸ ਨੇ ਅੱਗ ਲਾਈ ਸੀ ਸਟੇਟ ਦੇ ਅੰਦਰ । ਜਿੰਨੀ ਦੇਰ ਤੱਕ ਗੰਗਾ ਸਿੰਘ ਅਮਰੀਕਾ ਵਿਚ ਸੈਟਲ ਨਹੀਂ ਹੋਇਆ ਉਤਨੀ ਦੇਰ ਤੱਕ ਉਸ ਨੂੰ ਇਹ ਫਾਈਨਾਂਸ ਕਰਦੇ ਰਹੇ । ਇਹ ਉਸ ਖਾਨਦਾਨ ਦਾ ਚਸ਼ਮੋ ਚਿਰਾਗ ਹੈ ਜਿਸ ਨੇ ਦਲ ਖਾਲਸਾ ਦੀ ਨੀਂਹ ਰੱਖੀ ਸੀ । ਪਬਲਿਕ ਨੂੰ ਸਿਕਿਉਰਿਟੀ ਦੇਣਾ ਸਰਕਾਰ ਦਾ ਪਹਿਲਾ ਕੰਮ ਹੈ । ਪਰ ਜਿਹੜੇ ਇਹੋ ਜਿਹੇ ਸਰਕਾਰੀ ਅਫਸਰ ਰੱਖੇ ਹੋਏ ਹਨ ਇਨ੍ਹਾਂ ਰਾਹੀਂ ਸਰਕਾਰ ਲੋਕਾਂ ਨੂੰ ਸਿਕਿਉਰਿਟੀ ਨਹੀਂ ਦੇ ਸਕਦੀ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਸਾਰਾ ਕੁਝ ਹੋਣ ਦੇ ਬਾਵਜੂਦ ਐਡਰੈਸ ਵਿਚ

Original with;
Punjab Vidhan Sabha
Digitized by;
Panjab Digital Library

ਇਸ ਬਾਰੇ ਇਕ ਲਫਜ਼ ਤੱਕ ਨਹੀਂ । ਐਡਰੇਸ ਵਿਚ ਕੀ ਹੈ ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ । ਇਹ ਸਫਾ ਦੋ ਤੇ ਪੈਰਾ ਨੰਬਰ 4 ਹੈ। ਗਵਰਨਰ ਨੇ ਐਡਰੇਸ ਕੀਤਾ ਕਿ--

There has been substantial decline in almost all the crimes against persons

ਜਿਸ ਸਟੇਟ ਦੇ ਅੰਦਰ ਸਿਕਿਉਰਿਟੀ ਦੀ ਹਾਲਤ ਇਹ ਹੋਵੇ ਅੌਰ ਇਸ ਕਿਸਮ ਦੀ ਸਟੇਟਮੈਂਟ ਗਵਰਨਰ ਐਡਰੈਸ ਵਿਚ ਹੋਵੇ, ਕੀ ਸਰਕਾਰ ਹਾਲੇ ਵੀ ਚਾਹੁੰਦੀ ਹੈ ਕਿ ਅਸੀਂ ਇਸ ਸ਼ੁਕਰੀਏ ਦੇ ਪ੍ਰਸਤਾਵ ਦੀ ਹਮਾਇਤ ਕਰੀਏ । ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ । ਅਸੀਂ ਉਸ ਵੇਲੇ ਬੈਠੇ ਨਹੀਂ ਸੀ ਬਾਹਰ ਚਲੇ ਗਏ ਸੀ । ਸਪੀਕਰ ਸਾਹਿਬ, ਮੈਂ ਜ਼ਿਕਰ ਕਰ ਰਿਹਾ ਸੀ ਪੁਲੀਸ ਦਾ । ਜਿਥੇ ਇਹੋ ਜਿਹਾ ਵਾਇਰੈਸ ਆ ਜਾਏ ਫਿਰ ਇਸ ਦੇ ਕੀ ਨਤੀਜੇ ਨਿਕਲਦੇ ਹਨ । ਜਿਹੜੇ ਅੱਛੇ ਕਿਸਮ ਦੇ ਲੋਕ ਹਨ, ਫਿਰਕਾਪ੍ਰਸਤ ਨਹੀਂ, ਜਾਤਪ੍ਰਸਤ ਨਹੀਂ ਕਿਸੇ ਜਨੂੰਨ ਦਾ ਸ਼ਿਕਾਰ ਨਹੀਂ ਉਨ੍ਹਾਂ ਨੂੰ ਪਿੰਚ ਕੀਤਾ ਜਾਂਦਾ ਹੈ ਸਿਸਟੇਮੈਟੀਕਲੀ ਡੀਗਰੇਡ ਕੀਤਾ ਜਾਂਦਾ ਹੈ, ਡੀਰੇਟ ਕੀਤਾ ਜਾਂਦਾ ਹੈ । ਉਨ੍ਹਾਂ ਨੂੰ ਇਹੋ ਜਿਹੀਆਂ ਪੋਸਟਾਂ ਤੋਂ ਹਟਾ ਕੇ ਖਿਚ ਲਿਆ ਜਾਂਦਾ ਹੈ । ਇਹ ਕੋਈ ਇਕੋ ਗੱਲ ਨਹੀਂ । ਇਹ ਤਾਂ ਪੰਜਾਬ ਦੀ ਸਾਰੀ ਸਿਵਲ ਸਰਵਿਸਿਜ਼ ਦੀ ਗੱਲ ਹੈ । ਭਾਵੇਂ ਆਈ. ਪੀ. ਐਸ. ਹੈ ਅਤੇ ਭਾਵੇਂ ਆਈ. ਏ. ਐਸ. ਹੈ । ਮੋਰ ਸਪੈਸ਼ਲੀ ਆਈ. ਪੀ. ਐਸ. ਵਿਚ ਪਿਛਲੇ 10 ਸਾਲਾਂ ਵਿਚ ਜਿਹੜੀ ਰੇਟਿੰਗ ਹੋਈ ਹੈ ਕਿ ਕਿਹੜਾ ਅਫਸਰ ਕਾਬਲ ਹੈ, ਕਿਹੜਾ ਨਾਕਾਬਲ ਹੈ ਕਿਸ ਨੂੰ ਕਿਹੜਾ ਅਹੁੱਦਾ ਦਿਤਾ ਜਾਏ, ਕਿਹੜਾ ਖਾ ਲਿਆ ਜਾਏ 1969 ਤੋਂ ਲੈ ਕੇ 1982 ਤੱਕ ਸਾਰੀ ਰੇਟਿੰਗ ਜਿਹੜੀ ਹੋਈ ਹੈ ਇਸ ਤੇ ਵਿਚਾਰ ਹੋਣਾ ਚਾਹੀਦਾ ਹੈ । ਕੋਈ ਸੈਂਟਰ ਦੀ ਏਜੰਸੀ ਇਸ ਰੇਟਿੰਗ ਦਾ ਚੰਗੀ ਤਰਾਂ ਵਿਚਾਰ ਕਰੇ ਅੌਰ ਵਿਚਾਰ ਕਰਕੇ ਅੱਜ ਜਿਹੜੀ ਇਸ ਦੇ ਅੰਦਰ ਪਰੇਸ਼ਾਨੀ ਹੈ ਉਸ ਨੂੰ ਦੂਰ ਕਰੇ । ਜਿਨ੍ਹਾਂ ਲੋਕਾਂ ਨਾਲ ਧੱਕਾ ਹੋਇਆ ਹੈ ਉਨ੍ਹਾਂ ਦੇ ਉਸ ਧੱਕੇ ਨੂੰ ਰੀਸਟੋਰ ਕੀਤਾ ਜਾਵੇ। ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਹੱਥਾਂ ਵਿਚ ਹਥਿਆਰ ਫੜ ਕੇ ਇਨਸਕਿਉਰਿਟੀ ਪੈਦਾ ਕੀਤੀ ਹੈ ਖਤਰਾ ਉਨ੍ਹਾਂ ਤੋਂ ਇਤਨਾ ਨਹੀਂ ਜਿਤਨਾ ਕਿ ਪੁਲਿਸ ਦੇ ਅੰਦਰ ਇਸ ਕਿਸਮ ਦੀ ਅਵੱਸਥਾ ਤੋਂ ਹੈ । ਫਿਰ ਇਥੇ ਇਲਜ਼ਾਮ ਲਗਦੇ ਹਨ ਕਿ ਫਲਾਣਾ ਆਦਮੀ ਕੰਮ ਨਹੀਂ ਕਰਦਾ । ਮੈਂ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਇਨਸੈਂਟਿਵ ਕੀ ਹੈ ? ਜਿਸ ਨੇ ਆਪਣੀ ਜਾਨ ਜੋਖਮ ਵਿਚ ਪਾਉਣੀ ਹੈ ਉਸ ਨੂੰ ਇਨਸੈਂਟਿਵ ਦੇਣਾ ਚਾਹੀਦਾ ਹੈ । ਸਾਡੇ ਦੋ ਪੁਲਿਸ ਕਰਮਚਾਰੀ ਦਹੇੜੂ ਵਿਚ ਇਨ੍ਹਾਂ ਜਨੂਨੀਆਂ ਦੇ ਹੱਥੋਂ ਸ਼ਹੀਦ ਹੋਏ । ਮੈਂ ਤਵੱਕੋ ਕਰਦਾ ਸੀ ਕਿ ਜਿਥੇ ਮਾਨਯੋਗ ਲੀਡਰ ਆਫ ਦੀ ਹਾਊਸ ਨੇ ਸ਼ਰਧਾਂਜਲੀ ਪੇਸ਼ ਕਰਦੇ ਹੋਏ ਕੁਝ ਲੋਕਾਂ ਦੇ ਨਾਂ ਲਿਖੇ ਸਨ ਉਥੇ ਉਨ੍ਹਾਂ ਦੇ ਨਾਲ ਇਨ੍ਹਾਂ ਦੋ ਸ਼ਹੀਦਾ ਦਾ ਨਾਂ ਵੀ ਹੁੰਦਾ ਜਿਨਾਂ ਨੇ ਕਾਨੂੰਨ ਦੀ ਰੱਖਿਆ ਵਾਸਤੇ ਆਪਣੀ ਜਾਨ ਜੋਖਮ ਵਿਚ ਪਾਈ ਸੀ । ਉਨ੍ਹਾਂ ਦੇ ਨਾਂ ਵੀ ਇਸ ਲਿਸਟ ਵਿਚ ਪਾਏ ਜਾਂਦੇ । ਕੁਝ ਇਨਸੈਂਟਿਵ ਜ਼ਰੂਰ ਹੋਣਾ ਚਾਹੀਦਾ ਹੈ । ਇਹ ਭਾਵੇਂ ਮੌਰਲ ਹੋਵੇ ਜਾਂ ਮੈਟੀਰੀਅਲ ਹੋਵੇ । ਜਦੋਂ ਇਹ ਇਨਸੈਂਟਿਵ ਡਿਨਾਈ ਹੋ ਜਾਵੇ ਤਾਂ ਕੌਣ ਕੰਮ ਕਰੇਗਾ, ਕੌਣ ਆਪਣੀ ਜਾਨ ਜੋਖਮ ਵਿਚ ਪਾਏਗਾ ।ਇਸ ਵਾਸਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਐਡਰੈਸ ਜ਼ਿੰਦਗੀ ਦੀਆਂ ਬਹਤ ਹਕੀਕਤਾਂ ਤੋਂ ਦੂਰ ਹੈ । ਸਪੀਕਰ ਸਾਹਿਬ, ਇਕ ਏ. ਐਸ. ਆਈ. ਨੂੰ ਟਾਪ ਮੋਸਟ ਅਵਾਰਡ ਦੇਣ ਵਾਸਤੇ ਸਿਲੈਕਟ ਕੀਤਾ ਗਿਆ । ਉਹ ਫਿਲੌਰ ਟਰੇਨਿੰਗ ਸਕੂਲ ਵਿਚ ਸੀ । ਉਸ ਦਾ ਨਾਂ ਲਿਸਟ ਤੇ ਆ ਗਿਆ । ਉਹ ਨੰਬਰ ਤਿੰਨ ਤੇ ਸੀ । ਪਰ ਅਵਾਰਡ ਦੇਣ ਵੇਲੇ ਸੱਤ ਨੰਬਰ ਤੇ ਜੋ ਲਿਸਟ ਵਿਚ ਸੀ ਉਸ ਨੂੰ ਅਵਾਰਡ ਦੇ ਦਿਤਾ ਗਿਆ । ਇਹ ਇਕ ਰਿਕਾਰਡਡ ਫੈਕਟ ਹੈ । ਮੈਂ ਚਾਹਾਂਗਾ ਕਿ ਇਸ ਤੇ ਇਨਕੁਆਇਰੀ ਹੋਵੇ । ਇਸ ਕਿਸਮ ਦਾ ਸਿਲਸਿਲਾ ਅੱਜ ਪੁਲਿਸ ਦੇ ਅੰਦਰ ਚਲ ਰਿਹਾ ਹੈ । ਇਸ ਲਈ ਕੌਣ ਲੋਕ ਜ਼ਿੰਮੇਵਾਰ ਹਨ ? ਉਨ੍ਹਾਂ ਨੂੰ ਆਈਡੈਂਟੀਫਾਈ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਜੋ ਉਨ੍ਹਾਂ ਦੀਆ ਮੁਨਾਸਿਬ ਥਾਵਾਂ ਹਨ ਉਥੇ ਭੇਜਣਾ ਪਵੇਗਾ । ਅੱਜ ਪੁਲਿਸ ਦੇ ਟਾਪ ਕਾਡਰਜ਼ ਦੇ ਅੰਦਰ ਕਮਿਊਨਲ ਵਾਇਰਸ ਫੈਲ ਗਿਆ ਹੈ । ਇਸ ਜ਼ਹਿਰ ਨੂੰ ਕੱਢਣ ਵਾਸਤੇ ਕੋਈ ਐਂਟੀਡੋਟ ਦੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਲੋੜ ਹੈ । ਇਹ ਐਟੀਚੇਟ ਇਸ ਸ਼ਕਲ ਵਿਚ ਹੋ ਸਕਦਾ ਹੈ ਕਿ ਪਿਛਲੇ ਸਮੇਂ ਵਿਚ ਜੋ ਕੁਝ ਹੋਇਆ ਹੈ ਇਸ ਦੀ ਰੋਸ਼ਨੀ ਵਿਚ ਉਹ ਤਮਾਮ ਲੋਕ ਜਿਨ੍ਹਾਂ ਦੀ ਹਮਦਰਦੀ ਇਸ ਕਿਸਮ ਦੇ ਜਨੂੰਨੀ ਕੱਟੜ ਵਾਦੀ ਅਤੇ ਫਿਰਕਾਪ੍ਰਸਤੀਆਂ ਨਾਲ ਹੈ ਜਿਹੜੇ ਕਿ ਆਪਣੇ ਐਕਟਸ ਆਫ ਓਮਿਸ਼ਨ ਐਂਡ ਕਮਿਸ਼ਨ ਰਾਹੀਂ ਸਾਬਤ ਹੋ ਚੁਕੇ ਹਨ ਉਨ੍ਹਾਂ ਨੂੰ ਸਾਫ ਕੀਤਾ ਜਾਵੇ । ਜਿਨ੍ਹਾਂ ਲੋਕਾਂ ਦਾ ਯਕੀਨ ਸੈਕੂਲਰਿਜ਼ਮ ਵਿਚ ਹੈ ਹਿੰਦੁਸਤਾਨ ਦੀ ਇੰਟੈਗਰਿਟੀ ਵਿਚ ਹੈ ਹਿੰਦੂ-ਸਿੱਖ ਅਤੇ ਸਾਰੇ ਲੋਕਾਂ ਦੀ ਏਕਤਾ ਵਿਚ ਹੈ ਜਿਹੜੇ ਕਾਂਸਟੀਚਿਊਸ਼ਨ ਵਿਚ ਦਿਤੇ ਗਏ ਆਦਰਸ਼ਾਂ ਦੇ ਪਾਬੰਦ ਹਨ ਜਿਹੜੇ ਮੁਲਕ ਨਾਲ ਕੀਤੇ ਗਏ ਵਾਇਦਿਆਂ ਦੇ ਪਾਬੰਦ ਹਨ, ਉਨ੍ਹਾਂ ਦੇ ਮਤਲਕ ਡੇਫੀਨੇਟ ਫੈਸਲਾ ਹੋਵੇ। ਜਿਹੜੇ ਦੂਜੇ ਲੋਕ ਹਨ, ਇਸ ਦੇ ਉਲਟ ਹਨ, ਉਹ ਇਕ ਚੀਜ਼ ਚੁਣਨ । ਉਨ੍ਹਾਂ ਨੇ ਆਪਣੀ ਮਨ-ਮਰਜ਼ੀ ਨਾਲ ਰਹਿਣਾ ਹੈ ਜਾਂ ਮੁਲਕ ਦੇ ਆਦਰਸ਼ਾਂ ਦੇ ਮੁਤਾਬਿਕ ਰਹਿਣਾ ਹੈ । ਇਨ੍ਹਾਂ ਦੋਨਾਂ ਵਿਚੋਂ ਇਕ ਚੀਜ਼ ਉਨ੍ਹਾਂ ਨੂੰ ਸਿਲੈਕਟ ਕਰਨੀ ਪਵੇਗੀ । ਇਹ ਘੱਟ ਤੋਂ ਘੱਟ ਮੈਂ ਤਵੱਕੋ ਇਨ੍ਹਾਂ ਤੋਂ ਕਰ ਸਕਦਾ ਹਾਂ ।

**ਸ੍ਰੀ ਸਪੀਕਰ** : ਹੁਣ ਵਾਈਂਡ ਅੱਪ ਕਰੋ ਜੀ ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਜਦੋਂ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਟੇਕਓਵਰ ਕੀਤਾ ਸੀ ਤਾਂ ਇਕ ਪਹਿਲਾ ਕੰਮ ਐਸਾ ਹੋਇਆ ਜਿਸ ਨੇ ਮੈਨੂੰ ਆਉਣ ਵਾਲੇ ਵਕਤ ਵਿਚ ਵਾਪਰਨ ਵਾਲੀਆਂ ਬਹੁਤ ਸਾਰੀਆਂ ਚੀਜ਼ਾਂ ਦੇ ਮੁਤੱਲਕ ਜਾਣਕਾਰੀ ਕਰਾ ਦਿਤੀ । ਸਰਦਾਰ ਦਰਬਾਰਾ ਸਿੰਘ ਨੇ ਗੁਰਦੇਵ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਉਸ ਵੇਲੇ ਟੇਬਲ ਤੇ ਰੱਖਿਆ ਜਿਸ ਵੇਲੇ ਸਾਰੇ ਮੈਂਬਰ ਇਥੋਂ ਚਲੇ ਗਏ ਸਨ । ਇਨ੍ਹਾਂ ਨੇ ਵੀ ਉਹੀ ਕੀਤਾ ਹੈ ਜੋ ਕੁਝ ਛੰਗਾਣੀ ਕਮਿਸ਼ਨ ਨਾਲ ਹੋਇਆ, ਜੋ ਕੁਝ ਦਾਸ ਕਮਿਸ਼ਨ ਨਾਲ ਹੋਇਆ । ਜਿਹੜੇ ਹਾਈ ਪਲੇਸਿਜ਼ ਵਿਚ ਬੈਠੇ ਲੋਕ ਐਕਟਸ ਆਫ ਓਮਿਸ਼ਨ ਐਂਡ ਕਮਿਸ਼ਨ ਕਰਦੇ ਹਨ, ਜਿਨ੍ਹਾਂ ਦੇ ਮੁਤੱਲਕ ਕਮਿਸ਼ਨ ਬਿਠਾ ਕੇ ਲੱਖਾਂ ਰੁਪਏ ਖਰਚੇ ਜਾਂਦੇ ਹਨ ਉਨ੍ਹਾਂ ਤੇ ਐਕਸ਼ਨ ਨਾ ਹੋਵੇ..........

**ਸ੍ਰੀ ਸਪੀਕਰ** : ਇਸ ਚੀਜ਼ ਤੇ ਡਿਸਕਸ਼ਨ ਮੈਂ ਅਲਾਓ ਨਹੀਂ ਕਰਾਂਗਾ ।

**ਕਾਮਰੇਡ ਰਾਜ ਕੁਮਾਰ** : ਮੈਂ ਕਿਸੇ ਦਾ ਨਾਂ ਨਹੀਂ ਲਿਆ । ਮੈਂ ਤਾਂ ਗੁਰਦੇਵ ਸਿੰਘ ਕਮਿਸ਼ਨ, ਛੰਗਾਣੀ ਕਮਿਸ਼ਨ ਅਤੇ ਦਾਸ ਕਮਿਸ਼ਨ ਦਾ ਜ਼ਿਕਰ ਕੀਤਾ ਹੈ । ਇਸ ਤੋਂ ਬਾਅਦ ਕੀ ਤਵੱਕੋ ਕੀਤੀ ਜਾਵੇ ਕਿ ਕੁਰੱਪਸ਼ਨ ਖਤਮ ਹੋ ਜਾਵੇਗੀ । ਮੈਂ ਬਿਲਕੁਲ ਇਸ ਗੱਲ ਦੀ ਉਮੀਦ ਨਹੀਂ ਕਰਦਾ ਕਿ ਕੋਈ ਹਾਈ ਟ੍ਰਿਬਿਊਨਲ ਪੰਜਾਬ ਵਿਚ ਬਣੇਗਾ ਜਿਸ ਨੂੰ ਇਕ ਆਮ ਆਦਮੀ 10 ਪੈਸੇ ਦੇ ਕਾਗਜ਼ ਤੇ ਅਰਜ਼ੀ ਦੇ ਕੇ ਕਿਸੇ ਦੇ ਖਿਲਾਫ ਸ਼ਿਕਾਇਤ ਕਰੇ ਤਾਂ ਉਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਵਾਈ ਜਾ ਸਕੇ । ਇਸ ਕਰਕੇ ਗਵਰਨਰ ਐਡਰੈਸ ਵਿਚ ਜਿਹੜਾ ਜ਼ਿਕਰ ਕੀਤਾ ਹੈ..............

"My Government is determined to provide a clean and honest administration."

ਇਹ ਡਿਟਰਮੀਨੇਸ਼ਨ ਸਿਰੇ ਨਹੀਂ ਚੜ੍ਹਨੀ। ਪਿਛਲੇ ਮੁਕੱਦਮਿਆਂ ਦੇ ਬਾਰੇ ਜੋ ਫੈਸਲਾ ਹੋਇਆ ਹੈ ਉਹ ਤੁਹਾਡੇ ਸਾਹਮਣੇ ਹੈ। 89 ਅਫਸਰ ਐਸੇ ਹਨ ਜਿਨ੍ਹਾਂ ਦੇ ਮੁਤੱਲਕ ਛੰਗਾਣੀ ਕਮਿਸ਼ਨ, ਗੁਰਦੇਵ ਸਿੰਘ ਕਮਿਸ਼ਨ ਅਤੇ ਦਾਸ ਕਮਿਸ਼ਨ ਨੇ ਐਕਸ਼ਨ ਲੈਣ ਲਈ ਸਿਫਾਰਸ਼ ਕੀਤੀ ਸੀ। ਜਿਵੇਂ ਪਹਿਲੀਆਂ ਸਿਫਾਰਸ਼ਾਂ ਖੱਟੇ ਪੈ ਗਈਆਂ ਉਸੇ ਤਰ੍ਹਾਂ ਗੁਰਦੇਵ ਸਿੰਘ ਕਮਿਸ਼ਨ ਦੀਆਂ ਸਿਫਾਰਸ਼ਾਂ ਵੀ ਖੱਟੇ ਪੈ ਜਾਣ-ਗੀਆਂ। ਸਪੀਕਰ ਸਾਹਿਬ, ਪਿਛਲੇ ਇਜਲਾਸ ਵਿੱਚ ਅਸੀਂ ਕਾਨੂੰਨ ਪਾਸ ਕੀਤਾ ਸੀ ਕਿ ਅਲੈਕਟਿਡ ਪੀਪਲਜ਼ ਨੂੰ ਅਸੀਂ ਹੁਣ ਮੁਨਾਫਾਬਖਸ਼ ਅਹੁੱਦਿਆਂ ਤੇ ਬਿਠਾਉਣਾ ਹੈ। ਦਲੀਲ ਇਹ ਦਿੱਤੀ ਗਈ ਕਿ ਜੇ ਇਹ ਲੋਕ ਉਥੇ ਬੈਠਣਗੇ ਤਾਂ ਜਿਹੜੀ ਉਥੇ ਕਮੀ ਹੈ ਉਸਨੂੰ ਇਹ ਪੂਰਾ ਕਰ ਦੇਣਗੇ । ਇਹ

Original with;
Punjab Vidhan Sabha
Digitized by;
Panjab Digital Library

ਮਾੜੀ ਪ੍ਰਥਾ ਬਣ ਜਾਵੇਗੀ। ਉਸ ਕਾਨੂੰਨ ਦੇ ਬਣਨ ਤੋਂ ਬਾਅਦ ਇਹ ਪਾਸੀਬਿਲਟੀ ਘੱਟੇਗੀ। ਪਬਲਿਕ ਅੰਡਰਟੇਕਿੰਗਜ਼ ਵਿੱਚ ਤੁਸੀਂ ਵੇਖ ਲਓ ਕਿ ਕੀ ਹੋ ਰਿਹਾ ਹੈ ? ਪਿਛਲੇ ਦੋ ਮਹੀਨਿਆਂ ਲਈ ਤੁਸੀਂ ਮੈਨੂੰ ਕਮੇਟੀ ਆਨ ਪਬਲਿਕ ਅੰਡਰਟੇਕਿੰਗਜ਼ ਦਾ ਚੇਅਰਮੈਨ ਬਣਾ ਦਿੱਤਾ।

**ਸ੍ਰੀ ਸਪੀਕਰ:** ਮੈਂ ਡਾਕਟਰ ਭਗਤ ਸਿੰਘ ਨੂੰ ਕਹਾਂਗਾ ਕਿ ਉਹ ਆਪਣੀ ਸਪੀਚ ਸ਼ੁਰੂ ਕਰਨ ।

ਕਾਮਰੇਡ **ਰਾਜ ਕੁਮਾਰ**: ਸਪੀਕਰ ਸਾਹਿਬ, ਮੇਰੇ 10 ਮਿੰਟ ਜ਼ਾਇਆ ਹੋਏ ਹਨ। ਮੈਂ 1972-73 ਦੀ ਕਮੇਟੀ ਦੀਆਂ ਰਿਪੋਰਟਾਂ 1982 ਵਿੱਚ ਕੱਢਵਾਈਆਂ ਹਨ। ਇਹ ਸਿਫਾਰਸ਼ ਕੀਤੀ ਗਈ ਸੀ ਕਿ ਪਬਲਿਕ ਅੰਡਰਟੇਕਿੰਗ ਦਾ ਜਿਹੜਾ ਹੈਡ ਹੈ ਉਹ ਆਈ.ਏ.ਐਸ. ਸੈਕਟਰੀ ਨਹੀਂ ਹੋਣਾ ਚਾਹੀਦਾ। ਆਈ.ਏ.ਐਸ. ਉਹ ਬੇਸ਼ਕ ਹੋਵੇ, ਪਰ ਉਸਨੂੰ ਉਥੇ ਲਾਇਆ ਜਾਵੇ ਜਿਸ ਨੂੰ ਇਸ ਕਿਸਮ ਦਾ ਤਜ਼ੱਰੁਬਾ ਹੋਵੇ। 1972-73 ਦੀ ਕਮੇਟੀ ਦੀਆਂ ਰਿਪੋਰਟਾਂ ਤੋਂ ਹੁਣ ਘੱਟਾ ਝਾੜਿਆ ਗਿਆ ਹੈ । ਕਮੇਟੀ ਦੇ ਸਾਹਮਣੇ ਚੀਫ ਸੈਕਟਰੀ ਸਾਹਿਬ ਆਏ ਸਨ। ਉਨ੍ਹਾਂ ਨੇ ਵਾਇਦਾ ਕੀਤਾ ਸੀ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਪਬਲਿਕ ਅੰਡਰਟੇਕਿੰਗ ਕਮੇਟੀ ਦੇ ਚੇਅਰਮੈਨ ਹਨ। ਉਨ੍ਹਾਂ ਨੂੰ ਇਸ ਕਮੇਟੀ ਦੀ ਵਰਕਿੰਗ ਡਿਸਕਸ ਨਹੀਂ ਕਰਨੀ ਚਾਹੀਦੀ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਮੈਂ ਕੋਈ ਚੀਜ਼ ਲੀਕ ਆਊਟ ਨਹੀਂ ਕਰ ਰਿਹਾ । ਡਾਕਟਰ ਸਾਹਿਬ ਨੇ ਆਪ ਸੀ.ਏ.ਜੀ. ਦੀਆਂ ਰਿਪੋਰਟਾਂ ਇਥੇ ਪੇਸ਼ ਕੀਤੀਆਂ ਹਨ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਗਰ ਅਸੀਂ ਚਾਹੁੰਦੇ ਹਾਂ ਕਿ ਪਬਲਿਕ ਅੰਡਰਟੇਕਿੰਗਜ਼ ਠੀਕ ਤਰੀਕੇ ਨਾਲ ਚਲਣ ਮਨਾਫਾ ਕਮਾਉਣ ਤਾਂ ਜਿਹੜੀ ਪੁਲੀਟੀਕਲ ਲੀਡਰਸ਼ਿਪ ਹੈ ਉਸਨੂੰ ਆਪਣਾ ਸਿਲਸਿਲਾ ਠੀਕ ਕਰਨਾ ਚਾਹੀਦਾ ਹੈ। ਝਗੜਾ ਕਿਹੜੀ ਗੱਲ ਤੋਂ ਸ਼ੁਰੂ ਹੁੰਦਾ ਹੈ। ਅਗਰ ਪੁਲੀਟੀਕਲ ਹੈਡ ਇਹ ਕਹੇ ਕਿ ਮੈਨੂੰ ਇੰਪੋਰਟਿਡ ਕਾਰ ਮਿਲੇ, ਉਹ ਏਅਰ ਕੰਡੀਸ਼ਨਡ ਹੋਵੇ ਮੇਰ ਬੰਗਲੇ ਦੀ ਟੈਪਸਟਰੀ ਵਧੀਆ ਕੁਆਲਟੀ ਦੀ ਹੋਵੇ ਤਾਂ ਕੀ ਅਸੀਂ ਇਹ ਤਵੱਕੋ ਕਰਾਂਗੇ ਕਿ ਜਿਹੜੇ ਐਡਮਨਿਸਟ੍ਰੇਟਿਵ ਲੀਡਰ ਹਨ ਉਹ ਇਹ ਨਹੀਂ ਚਾਹੁੰਣਗੇ ਕਿ ਉਨ੍ਹਾਂ ਨੂੰ ਵੀ ਕੋਈ ਨਾ ਕੋਈ ਤਰੀਕਾ ਲੱਭੇ ਜਿਸ ਨਾਲ ਉਹ ਵੀ ਇਨ੍ਹਾਂ ਕਾਰਪੋਰੇਸ਼ਨਾਂ ਦੇ ਚਅਰਮੈਨ ਲੱਗ ਜਾਣ। ਜੁਆਇੰਟ ਸੈਕਟਰੀ ਹੁੰਦੇ ਹੋਏ ਉਹ ਪੂਲ ਵਿੱਚੋਂ ਕਾਰ ਵਰਤਦਾ ਹੈ। ਅਗਰ ਉਹ ਕਾਰਪੋਰੇਸ਼ਨ ਵਿੱਚ ਚਲਾ ਜਾਵੇ ਤਾਂ ਉਸਨੂੰ ਅਲਹਿਦਾ ਕਾਰ ਮਿਲ ਜਾਵੇਗੀ। ਇਸ ਤੋਂ ਇਲਾਵਾ ਟੈਲੀਫੂਨ ਅਤੇ ਹੋਰ ਪਰਕਸ ਮਿਲ ਜਾਣਗੇ। ਖਰਬੂਜ਼ੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜਦਾ ਹੈ। ਜਿਸ ਤਰੀਕੇ ਨਾਲ ਪੁਲੀਟੀਕਲ ਲੀਡਰਸ਼ਿਪ ਬਿਹੇਵ ਕਰੇਗੀ ਉਸੇ ਤਰੀਕੇ ਨਾਲ ਐਡਮਨਿਸਟ੍ਰੇਟਿਵ ਲੀਡਰਸ਼ਿਪ ਬਿਹੇਵ ਕਰੇਗੀ। ਇਸ ਸਿਲਸਲੇ ਵਿੱਚ ਜੋ ਲੁੱਟ ਪੈਦਾ ਹੋਈ ਹੈ ਉਸ ਦੀ ਸਾਡੇ ਸਾਹਮਣੇ ਐਗਜ਼ਾਂਪਲ ਹੈ। ਇਸ ਲੇਟੈਂਟ ਫੋਰਸ ਆਫ ਐਗਜ਼ਾਂਪਲ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੀਏ। ਸਪੀਕਰ ਸਾਹਿਬ, ਮੈਂ ਸਿਰਫ ਦੋ ਹੋਰ ਪੁਆਇੰਟਾਂ ਤੇ ਗਲ ਕਰਨੀ ਹੈ। ਇਹ ਕਿਸਾਨ ਅਤੇ ਮਜ਼ਦੂਰ ਦੇ ਮੁਤੱਲਕ ਹਨ। ਗੌਰਮਿੰਟ ਦਾ ਫੈਸਲਾ ਸੀ ਕਿ ਪੱਕੇ ਖਾਲੇ ਕਰਨ ਵਾਸਤੇ ਮਾਰਕੀਟਿੰਗ ਕਮੇਟੀਆਂ 75% ਪੈਸਾ ਖਰਚ ਕਰਨਗੀਆਂ ਅਤੇ 25% ਗੌਰਮਿੰਟ ਦੇਵੇਗੀ। ਹੁਣ ਇਹ ਫੈਸਲਾ ਹੋ ਗਿਆ ਹੈ ਕਿ ਇਹ ਸਾਰੇ ਦੇ ਸਾਰੇ ਪੈਸੇ ਉਨ੍ਹਾਂ ਕੋਲੋਂ ਲਏ ਜਾਣ ਜਿਹੜੇ ਪਾਣੀ ਵਰਤਦੇ ਹਨ। ਇਹ ਫੈਸਲਾ ਗਲਤ ਹੈ। ਇਨਫਰਾਸਟਕਚਰ ਗੌਰਮਿੰਟ ਦਾ ਠੀਕ ਕਰਨਾ ਹੈ । ਸਪਲਾਈ ਗੌਰਮਿੰਟ ਦੀ ਠੀਕ ਹੋਣੀ ਹੈ। ਇਸ ਮਾਮਲੇ ਉਤੇ ਮੁੜ ਕੇ ਵਿਚਾਰ ਕੀਤਾ ਜਾਵੇ। ਐਜੀਟੇਸ਼ਨ ਅਜਿਹੀਆਂ ਗੱਲਾਂ ਤੇ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਮੈਂ ਇੱਕ ਗਲ ਹੋਰ ਕਹਿਣਾ ਚਾਹੁੰਦਾ ਹਾਂ ਕਿ ਆਲੂਆਂ ਦੀ ਪਰਚੇਜ਼

Original with;
Punjab Vidhan Sabha
Digitized by;
Panjab Digital Library

[ਕਾਮਰੇਡ ਰਾਜ ਕੁਮਾਰ]

ਦਾ ਗੌਰਮਿੰਟ ਪ੍ਰਬੰਧ ਕਰੇ। ਇਨ੍ਹਾਂ ਦੀ ਸਟੋਰੇਜ ਦਾ ਗੌਰਮਿੰਟ ਪ੍ਰਬੰਧ ਕਰੇ ਤਾਂ ਕਿ ਉਨ੍ਹਾਂ ਦੀਆ ਪ੍ਰਾਈਸਿਜ਼ ਸਟੇਬੇਲਾਈਜ਼ ਹੋਣ। ਕਰਾਪ ਇਨਸ਼ੋਰੈਂਸ ਬਾਰੇ ਰੈਜ਼ੋਲਿਊਸ਼ਨ ਆਪ ਜੀ ਦੀ ਪ੍ਰਧਾਨਗੀ ਵਿੱਚ ਇਥੇ ਪਾਸ ਹੋਇਆ ਹੈ। ਇਸ ਨੂੰ ਸ਼ੁਰੂ ਕੀਤਾ ਜਾਵੇ। ਅੱਜ ਪੰਜਾਬ ਵਿੱਚ ਹਾਲਤ ਇਹ ਹੈ ਕਿ ਨਾ ਪੈਸਟੀਸਾਈਡਜ਼, ਨਾ ਜਰਮੀਸਾਈਡਜ਼, ਨਾ ਫਰਟੇਲਾਈਜ਼ਰ ਅਤੇ ਨਾ ਹਰਬੀਸਾਈਡਜ਼ ਮਿਲਦੇ ਹਨ...... ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਇਨ੍ਹਾਂ ਚੀਜ਼ਾਂ ਦੀ ਐਡੀਕੁਏਟ ਸਪਲਾਈ ਦਾ ਪ੍ਰਬੰਧ ਕਰੇ।

**ਖੇਤੀ ਬਾੜੀ ਮੰਤਰੀ** : ਸਪੀਕਰ ਸਾਹਿਬ ਮੈਂ ਰਾਜ ਕੁਮਾਰ ਜੀ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਕਿਤਨੀਂ ਖਾਦ ਚਾਹੀਦੀ ਹੈ ਇਹ ਦੱਸ ਦੇਣਾ। (ਹਾਸਾ)

**ਡਾਕਟਰ ਭਗਤ ਸਿੰਘ** (ਪੱਕਾ ਕਲਾਂ, ਐਸ.ਸੀ.): ਮਾਨਯੋਗ ਸਪੀਕਰ ਸਾਹਿਬ, ਇਸ ਹਾਊਸ ਵਿਚ ਜੋ ਮਤਾ ਗਵਰਨਰ ਸਾਹਿਬ ਦੇ ਐਡਰੇਸ ਤੇ ਥੈਂਕਸ ਦਾ ਪੇਸ਼ ਹੋਇਆ ਹੈ ਮੈਂ ਕਹਿੰਦਾ ਹਾਂ ਕਿ ਉਹ ਜਾਇਜ਼ ਨਹੀਂ, ਠੀਕ ਨਹੀਂ ਹੈ ਤੇ ਮੈਂ ਉਸ ਦੇ ਹੱਕ ਵਿਚ ਨਹੀਂ ਬੋਲਣਾ ਚਾਹੁੰਦਾ। ਗਵਰਨਰ ਸਾਹਿਬ ਦੇ ਭਾਸ਼ਣ ਤੇ ਅਸੀਂ ਬਾਈਕਾਟ ਕੀਤਾ, ਵਾਕਆਊਟ ਕੀਤਾ। ਉਹ ਇਕ ਪੇਨਫੁੱਲ ਸੀਨ ਸੀ। ਮਜ਼ਬੂਰ ਹੋ ਕੇ ਅਸੀਂ ਇਸ ਹਾਊਸ ਵਿਚੋਂ ਕੁਝ ਸਮੇਂ ਵਾਸਤੇ ਚਲੇ ਗਏ ਸੀ। ਸਾਡਾ ਕਾਂਸਟੀ-ਚਿਊਸ਼ਨ ਕੁਝ ਅਜਿਹਾ ਹੈ ਕਿ ਭਾਵੇਂ ਗਵਰਨਰ ਸਾਹਿਬ ਦੇ ਮਨ ਵਿਚ ਹੁੰਦਾ ਹੈ ਕਿ ਇਥੇ ਸਟੇਟ ਵਿਚ ਬਦਇੰਤਜ਼ਾਮੀ ਹੋ ਰਹੀ ਹੈ ਲੇਕਿਨ ਉਨ੍ਹਾਂ ਦੀ ਜ਼ਬਾਨ ਬੰਦ ਹੁੰਦੀ ਹੈ। ਉਨ੍ਹਾਂ ਨੂੰ ਇਕ ਲਿਖਿਆ ਹੋਇਆ ਐਡਰੇਸ ਮਿਲ ਜਾਂਦਾ ਹੈ ਤੇ ਸਰਕਾਰ ਦਾ ਇਹ ਹੁਕਮ ਹੁੰਦਾ ਹੈ ਕਿ ਉਹ ਉਸ ਨੂੰ ਪੜ੍ਹ ਕੇ ਸੁਣਾਉਣ। ਉਸ ਤੋਂ ਉਹ ਆਪ ਵਾਕਫ ਹੋਣ ਜਾਂ ਨਾ ਹੋਣ। ਅਸੀਂ ਵੇਖਿਆ ਹੈ ਕਿ ਉਨ੍ਹਾਂ ਦੀ ਆਤਮਾ ਖੁਸ਼ ਨਹੀਂ ਸੀ। ਇਸ ਲਈ ਅਸੀਂ ਬਾਹਰ ਨਿਕਲ ਗਏ ਸੀ। ਉਨ੍ਹਾਂ ਦੀ ਜ਼ਬਾਨ ਇਕ ਪੈਰਟ ਲਾਈਕ ਟੰਗ ਸੀ।

ਇਸ ਅਡਰੇਸ ਦੇ ਵਿਚ ਇਕ ਆਈਟਮ ਲਾਅ ਐਂਡ ਆਰਡਰ ਦੀ ਆਈ ਹੈ। ਮੈਂ ਕਹਿੰਦਾ ਹਾਂ ਕਿ ਮੇਰੀ ਸਟੇਟ ਦੀ ਕਦੇ ਇਤਨੀਂ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਮਾੜੀ ਨਹੀਂ ਸੀ ਹੋਈ। ਪਰ ਇਸ ਦਾ ਕਾਰਣ ਕੀ ਹੈ। ਇਸ ਦਾ ਕਾਰਣ ਤੁਹਾਡੇ ਸਾਹਮਣੇ ਹੀ ਹੈ। ਹਰ ਇਕ ਬੰਦਾ ਜੋ ਉਸ ਪਾਸੇ ਵੱਲੋਂ ਬੋਲਿਆ ਹੈ ਉਸ ਨੇ ਡਾਇਰੈਕਟਲੀ ਜਾਂ ਇਨਡਾਇਰੈਕਟਲੀ ਸਿੱਖਾਂ ਨੂੰ ਕਨਡੈਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਹੜੀ ਅਸਲ ਬਿਮਾਰੀ ਹੈ ਉਸ ਨੂੰ ਡਾਇਗਨੋਜ਼ ਨਹੀਂ ਕੀਤਾ। ਇਨ੍ਹਾਂ ਨੇ ਇਹ ਪਾਲਿਸੀ ਬਣਾ ਲਈ ਹੈ ਕਿ give a bad name to a dog and kill him,

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਲਾਲ ਸਿੰਘ, ਪੈਨਲ ਆਫ ਦੀ ਚੇਅਰਮੈਨ ਨੇ ਕੁਰਸੀ ਸਭਾਲੀ।)

(1.00 ਵਜੇ ਬਾਅਦ ਦੁਪਹਿਰ)

ਮੈਂ ਕਹਿੰਦਾ ਹਾਂ ਕਿ ਫੈਕਟਰਜ਼ ਕੀ ਹਨ ਜਿਨ੍ਹਾਂ ਫੈਕਟਰਜ਼ ਕਰਕੇ ਉਹ ਲੋਕ ਮਜ਼ਬੂਰ ਹੋ ਕੇ ਆਪਣੇ ਆਪ ਫੈਸਲਾ ਕਰਨ ਲੱਗੇ ਹਨ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਕਾਫੀ ਗੱਲਾਂ ਜੋ ਸਿੱਖ ਕੌਮ ਨੇ ਇਸ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਉਣ ਲਈ ਕੀਤੀਆਂ ਸਨ ਉਹ ਦੱਸੀਆਂ ਸਨ। ਮੈਂ ਹਾਊਸ ਦਾ ਟਾਈਮ ਜ਼ਾਇਆ ਨਾ ਕਰਦਾ ਹੋਇਆ ਉਨ੍ਹਾਂ ਨੂੰ ਰਿਪੀਟ ਨਹੀਂ ਕਰਨਾ ਚਾਹੁੰਦਾ। ਮਗਰ ਬਹੁਤ ਸਾਰੀਆਂ ਗੱਲਾਂ ਐਸੀਆਂ ਹਨ ਜਿਨ੍ਹਾਂ ਦਾ ਪਿਛੋਕੜ ਸਮਝੇ ਬਗੈਰ ਨਵੀਂ ਪੀੜ੍ਹੀ ਜੋ ਹੈ ਉਹ ਆਪਣੇ ਫਿਊਚਰ ਨੂੰ ਸ਼ਾਨਦਾਰ ਬਣਾਉਣ ਲਈ ਸਮਝ ਨਹੀਂ ਸਕੇਗੀ। ਇਸ

Original with;
Punjab Vidhan Sabha
Digitized by;
Panjab Digital Library

ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਬਥੇਰੇ ਡੰਡੀ ਮਾਰਚ ਹੋਏ, ਨਾਨ-ਵਾਇਲੈਂਟ ਮਾਰਚ ਹੋਏ, ਬਥੇਰੀਆਂ ਕੁੱਟਾਂ ਖਾਧੀਆਂ ਪਰ ਫਿਰ ਵੀ ਬਣਿਆਂ ਕੁਝ ਨਾ। 1929 ਵਿਚ ਆਲ ਇੰਡੀਆ ਨੈਸ਼ਨਲ ਕਾਂਗਰਸ ਨੇ ਇਕ ਕਾਨਫਰੰਸ ਕੀਤੀ ਲੇਕਿਨ ਕੁਝ ਨਾ ਬਣਿਆ। ਉਸ ਦੇ ਮੁਕਾਬਲੇ ਵਿਚ ਬਾਬਾ ਖੜਗ ਸਿੰਘ ਜੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਅਕਾਲੀ ਦਲ ਦਾ ਇਕ ਇਕੱਠ ਹੋਇਆ। ਉਸ ਦੀ ਰਿਪੋਰਟ ਜਿਹੜੀ ਹੈ ਉਹ ਲੰਦਨ ਦੇ ਅਖਬਾਰ 'ਟਾਈਮਜ਼' ਨੇ ਦਿੱਤੀ ਸੀ। ਉਸ ਨੇ ਲਿਖਿਆ ਸੀ ਕਿ ਕਾਂਗਰਸ ਦਾ ਜਿਹੜਾ ਸੈਸ਼ਨ ਸੀ ਉਸ ਦੇ ਮੁਕਾਬਲੇ ਤੇ ਸ਼੍ਰੋਮਣੀ ਅਕਾਲੀ ਦਲ ਦਾ ਇਕੱਠ ਜੋ ਸੀ ਉਹ ਜ਼ਿਆਦਾ ਪ੍ਰਭਾਵ ਵਾਲਾ ਸੀ। ਕਾਂਗਰਸ ਦੇ ਸੈਸ਼ਨ ਦਾ ਉਸ ਦੇ ਮੁਕਾਬਲੇ ਸ਼ੇਮਫੁੱਲ ਔਰ ਸ਼ੇਬੀ ਪ੍ਰਭਾਵ ਪਿਆ। ਜਦੋਂ ਇਹ ਚੀਜ਼ ਉਸ ਵੇਲੇ ਕਾਂਗਰਸ ਦੇ ਲੀਡਰਾਂ ਨੇ ਵੇਖੀ ਤਾਂ ਪੰਡਿਤ ਮੋਤੀ ਲਾਲ ਨਹਿਰੂ, ਪੰਡਿਤ ਜਵਾਹਰ ਲਾਲ ਨਹਿਰੂ ਬਾਬਾ ਖੜਗ ਸਿੰਘ ਪਾਸ ਮਿਨਤ ਕਰਨ ਗਏ ਕਿ ਰੱਬ ਦੇ ਵਾਸਤੇ ਸਾਡੀ ਲਹਿਰ ਵਿਚ ਸ਼ਾਮਲ ਹੋ ਜਾਓ ਤੇ ਅਸੀਂ ਜੋ ਹਿੰਦੋਸਤਾਨ ਦੀ ਬਣਤਰ ਬਣਾਉਣਾ ਚਾਹੁੰਦੇ ਹਾਂ ਉਸ ਵਿਚ ਸਾਡਾ ਸਾਥ ਦਿਓ। ਅਸੀਂ ਤੁਹਾਨੂੰ ਐਸ਼ੋਰੈਂਸ ਦਿੰਦੇ ਹਾਂ ਕਿ ਤੁਹਾਡੀ ਸਿੱਖਾਂ ਦੀ ਮਰਜ਼ੀ ਤੋਂ ਬਗੈਰ ਕੋਈ ਵੀ ਕਾਨੂੰਨ ਕੋਈ ਵੀ ਵਿਧਾਨ ਲਾਗੂ ਨਹੀਂ ਹੋਵੇਗਾ। ਇਸ ਤਰ੍ਹਾਂ ਉਨ੍ਹਾਂ ਨੇ ਕਿਉਂ ਕੀਤਾ? ਕਿਉਂਕਿ ਉਨ੍ਹਾਂ ਨੇ ਜਾਣ ਲਿਆ ਸੀ ਕਿ ਸਿੱਖਾਂ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੈ।

ਗੁਰਦਵਾਰਾ ਲਹਿਰ ਸੰਨ 1921 ਵਿਚ ਚੱਲੀ ਸੀ। ਉਸ ਲਹਿਰ ਵਿਚ ਜੋ ਹਾਲਾਤ ਪੈਦਾ ਹੋਏ ਸਨ ਉਹ ਮਹਾਤਮਾ ਗਾਂਧੀ ਜੀ ਨੇ ਵੇਖੇ ਸਨ ਪੰਡਿਤ ਨਹਿਰੂ ਜੀ ਵੀ ਇਥੇ ਆਏ ਸਨ। ਉਹ ਨਾਭਾ ਜੇਲ ਵਿਚ ਇਕ ਰਾਤ ਹੀ ਰਹੇ ਸਨ। ਸਰਕਾਰੀ ਮੁਲਾਜ਼ਮ ਚਲਾਕ ਹੁੰਦੇ ਹਨ। ਉਨ੍ਹਾਂ ਵੱਲੋਂ ਪੰਡਿਤ ਜੀ ਦੀ ** ਉਹ ਸਾਰੀ ਰਾਤ ਨਾ ਸੁੱਤੇ ਔਰ ਸਵੇਰ ਨੂੰ ਉਨ੍ਹਾਂ ਕਹਿ ਦਿੱਤਾ ਕਿ ਮੈਂ ਤਾਂ ਚਲਿਆ ਮੇਰਾ ਤਾਂ ਇਸ ਲਹਿਰ ਨਾਲ ਕੋਈ ਤੁਅੱਲਕ ਨਹੀਂ ਹੈ। ਇਹ ਨਾਨ-ਵਾਇਲੈਂਟ ਮੂਵਮੈਂਟ ਸੀ। ਲੇਕਿਨ ਇਸ ਤੋਂ ਮਹਾਤਮਾ ਗਾਂਧੀ ਜੀ ਪ੍ਰਭਾਵਤ ਹੋਏ ਔਰ ਹਿੰਦੂ ਲੀਡਰ ਪ੍ਰਭਾਵਤ ਹੋਏ ਔਰ ਉਨ੍ਹਾਂ ਨੇ ਕਿਹਾ ਕਿ ਜੇਕਰ ਇਸ ਸੈਕਸ਼ਨ ਨੂੰ ਵੀ ਆਪਣੇ ਨਾਲ ਜੋੜਿਆ ਜਾਵੇ ਤਾਂ ਸਾਡਾ ਕਲਿਆਣ ਹੋ ਸਕਦਾ ਹੈ। ......

**ਵਿਕਾਸ ਮੰਤਰੀ** : ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਨੇ ਅਨਪਾਰਲੀਮੈਂਟਰੀ ਲਫਜ਼ ਕਹੇ ਹਨ ਕਿ * * ਦਿੱਤਾ ਗਿਆ। ਉਹ ਇਕ ਵੱਡੇ ਦੇਸ਼ ਭਗਤ ਸਨ। ਇਹ ਗਲਤ ਗੱਲ ਕਰ ਰਹੇ ਹਨ। ਇਸ ਲਈ ਇਹ ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ।

**ਸ੍ਰੀ ਸਭਾਪਤੀ** : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

**ਵੈਦ ਕਰਤਾਰ ਸਿੰਘ** : ਇਹ ਹਕੀਕਤ ਹੈ, ਇਹ ਲਫਜ਼ ਐਕਸਪੰਜ ਨਹੀਂ ਹੋ ਸਕਦੇ। ਅਸੀਂ ਇਹ ਸਾਬਤ ਕਰ ਦਿੰਦੇ ਹਾਂ। ਇਹ ਇਤਹਾਸਿਕ ਗੱਲ ਹੈ। ਡਾਕਟਰ ਸਾਹਿਬ ਨੇ ਠੀਕ ਕਿਹਾ ਹੈ।...

**ਸ੍ਰੀ ਸਭਾਪਤੀ** : ਇਹ ਲਫਜ਼ ਐਕਸਪੰਜ ਹੋ ਚੁਕੇ ਹਨ ਤੁਸੀਂ ਬੈਠੋ ਵੈਦ ਸਾਹਿਬ।

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਮੈਂ ਬਾਕਾਇਦਾ ਕੋਟ ਕਰਾਂਗਾ। ਪੰਡਿਤ ਨਹਿਰੂ ਜੀ ਇਹ ਗੱਲ ਖੁਦ ਕਹਿੰਦੇ ਹਨ। ਤੁਸੀਂ ਪੜ੍ਹਿਆ ਹੋਵੇਗਾ।

**ਸਰਦਾਰ ਪ੍ਰਿਥੀਪਾਲ ਸਿੰਘ** : ** ** **

**Expunched as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਡਾਕਟਰ ਭਗਤ ਸਿੰਘ** : ਪ੍ਰਿਥੀਪਾਲ ਸਿੰਘ ਜੀ ਤੁਸੀਂ ਬਅਦ ਵਿਚ ਪੈਦਾ ਹੋਏ ਹੋ ਔਰ ਸੈਂਟਰਲ ਅਕਾਲੀ ਦਲ ਵੀ ਬਅਦ ਵਿਚ ਹੀ ਬਣਿਆ ਹੈ। (ਹਾਸਾ)

ਚੇਅਰਮੈਨ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਕਿਸੇ ਨੂੰ ਇਨਟਰੱਪਟ ਨਹੀਂ ਕੀਤਾ। ਅਗਰ ਗਲਤ ਗੱਲ ਹੈ ਤਾਂ ਜਵਾਬ ਦਿਓ। ਮੈਂ ਰਿਟਨ ਪਰੂਫ ਦੇਵਾਂਗਾ। ਮੇਰੀ ਅਰਜ਼ ਹੈ ਕਿ ਉਦੋਂ ਸਿੱਖਾਂ ਨੇ ਕਿਹਾ ਕਿ ਅਸੀਂ ਜਿਉਂ ਜਿਉਂ ਆਜ਼ਾਦੀ ਵੱਲ ਤੁਰ ਰਹੇ ਹਾਂ ਸਾਡੇ ਨਾਲ ਕੋਈ ਧੋਖਾ ਨਾ ਹੋ ਜਾਵੇ। ਇਹ ਗੱਲ ਮਹਾਤਮਾ ਗਾਂਧੀ ਜੀ ਦੇ ਕੰਨਾਂ ਵਿਚੋਂ ਕੱਢੀ ਗਈ। ਸੀਸ ਗੰਜ ਗੁਰਦਵਾਰੇ ਜੋ ਇਕੱਠ ਹੋਇਆ ਸੀ ਉਥੇ ਵੀ ਇਹ ਗੱਲ ਲੀਡਰਾਂ ਦੇ ਕੰਨਾਂ ਵਿਚੋਂ ਦੀ ਕੱਢੀ ਗਈ। ਉਸ ਵੇਲੇ, ਚਅਰਮੈਨ ਸਾਹਿਬ, ਮਹਾਤਮਾ ਗਾਂਧੀ ਦੇ ਆਪਣੇ ਲਫਜ਼ ਸਨ ਕਿ ਮੈਂ ਜਦੋਂ ਤੁਹਾਨੂੰ ਵਾਇਦਾ ਦਿੱਤਾ ਹੈ ਤਾਂ ਫਿਰ ਤੁਹਾਨੂੰ ਕਿਸੇ ਕਿਸਮ ਦੀ ਚਿੰਤਾ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਔਰ ਵਾਹਿ-ਗੁਰੂ ਪਰਮਾਤਮਾ ਉਤੇ ਬੈਠਾ ਹੈ ਉਹ ਸਹਾਈ ਹੈ ਕੋਈ ਫੈਸਲਾ ਤੁਹਾਡੀ ਮਰਜ਼ੀ ਦੇ ਬਗੈਰ ਨਹੀਂ ਹੋਵੇਗਾ। ਫਿਰ ਵੀ ਸੁਰਜਣ ਸਿੰਘ ਨੇ ਕਿਹਾ ਕਿ ਪਿਛਲੀਆਂ ਗੱਲਾਂ ਤੋਂ ਅਸੀਂ ਵੇਖਦੇ ਹਾਂ ਕਿ ਕੋਈ ਵੀ ਪੁਲੀਟੀਕਲ ਵਾਇਦਾ ਜਿਤਨਾ ਚਿਰ ਤਕ ਉਸ ਦੇ ਪਿੱਛੇ ਤਾਕਤ ਨਾ ਹੋਵੇ ਸਿਰੇ ਨਹੀਂ ਚੜ੍ਹਦਾ।...

**ਮੁੜ ਵਸਾਉ ਅਤੇ ਉਦਯੋਗ ਦੇ ਰਾਜ ਮੰਤਰੀ (ਸਰਦਾਰ ਦਰਸ਼ਨ ਸਿੰਘ ਕੇ.ਪੀ.)** : ਨਹੀਂ ਜੀ, ਇਹ ਗੱਲ ਗਲਤ ਹੈ। ਇਹ ਗਲਤ ਬਿਆਨੀ ਕੀਤੀ ਜਾ ਰਹੀ ਹੈ।

**ਡਾਕਟਰ ਭਗਤ ਸਿੰਘ** : ਤੂੰ ਤਾਂ ਬਾਬਾ ਕਲ੍ਹ ਆਇਆ ਹੈਂ ਤੂੰ ਤਾਂ ਕਪੜੇ ਸਿਊਣ ਦੀ ਕੋਈ ਗੱਲ ਕਰ।

**ਮੁੜ ਵਸਾਉ ਦੇ ਰਾਜ ਮੰਤਰੀ** : ਠੀਕ ਹੈ, ਠੀਕ ਹੈ, ਹੱਥੀਂ ਕੰਮ ਕਰਨਾ ਕੋਈ ਮਾੜੀ ਗੱਲ ਨਹੀਂ ਹੈ। (ਥੰਪਿੰਗ)

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਚੇਅਰਮੈਨ ਸਾਹਿਬ, ਇਹ ਮਾੜੀ ਗੱਲ ਹੈ। ਇਸ ਤਰ੍ਹਾਂ ਕਿਸੇ ਨੂੰ ਕਪੜੇ ਸੀਊਣ ਵਾਲਾ ਨਹੀਂ ਕਹਿਣਾ ਚਾਹੀਦਾ।

**ਡਾਕਟਰ ਭਗਤ ਸਿੰਘ** : ਮੈਂ ਕੋਈ ਟਾਂਚ ਨਹੀਂ ਕੀਤੀ। ਇਹ ਇਮਾਨਦਾਰੀ ਨਾਲ ਕੰਮ ਕਰ ਰਿਹਾ ਹੈ ......

ਇਹ ਗਲ ਉਸ ਵੇਲੇ ਮਹਾਤਮਾ ਗਾਂਧੀ ਨੇ ਵੀ ਕਹੀ ਸੀ ਕਿ ਜੇ ਤੁਹਾਡੇ ਨਾਲ ਕੋਈ ਧੋਖਾ ਹੋ ਜਾਵੇ ਤਾਂ ਜਿਹੜਾ ਮੈਂ ਇਹ ਵਾਇਦਾ ਕੀਤਾ ਹੈ, ਜਿਹੜਾ ਇਸ ਕਾਂਗ੍ਰਸ ਦਾ ਰੈਜ਼ੋਲਿਊਸ਼ਨ ਹੈ, ਇਸ ਦੀ ਪੂਰਤੀ ਲਈ ਤੁਸੀਂ ਆਪਣੇ ਹੱਕਾਂ ਦੀ ਰਾਖੀ ਲਈ ਕ੍ਰਿਪਾਨਾਂ ਕੱਢ ਲੈਣਾ।

**ਮੁੜ ਵਸਾਉ ਤੇ ਜਨ ਸਿਹਤ ਰਾਜ ਮੰਤਰੀ (ਸਰਦਾਰ ਦਰਸ਼ਨ ਸਿੰਘ ਕੇ.ਪੀ.)**: ਚੇਅਰਮੈਨ ਸਾਹਿਬ, ਇਹ ਕਿਹੜੇ ਇਤਿਹਾਸ ਦੀਆਂ ਗਲਾਂ ਕਰ ਰਹੇ ਹਨ। ਉਸ ਵੇਲੇ ਤਾਂ ਇਥੇ ਪੰਜਾਬੀ ਕੋਈ ਪੜ੍ਹਦਾ ਨਹੀਂ ਸੀ ਹੁੰਦਾ। ਫਾਰਸੀ ਪੜ੍ਹਦੇ ਸਨ। ਡਾਕਟਰ ਅੰਬੇਦਕਰ ਨੇ ਇਥੇ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਸੀ।

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ ਜਾਂ ਤਾਂ ਇਹ ਚੈਲੰਜ ਕਰਨ ਨਹੀਂ ਤਾਂ ਜੋ ਮੈਂ ਕਹਿ ਰਿਹਾ ਹਾਂ ਉਹ ਸੁਣਨ। ਫਿਰ ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ

Original with;
Punjab Vidhan Sabha
Digitized by;
Panjab Digital Library

ਕਿ ਉਸ ਤੋਂ ਬਾਅਦ ਰਾਊਂਡ ਟੇਬਲ ਕਾਂਨਫਰੰਸ ਹੋਈ ਉਸ ਵਿਚ ਆਪੋਜ਼ੀਸ਼ਨ ਦੇ ਮੈਂਬਰਜ਼ ਨੇ ਕਿਹਾ ਸੀ ਕਿ ਇਹ ਜਿਹੜੀ ਫਤਹਿ ਹੋਈ ਹੈ ਇਸ ਵਿਚ ਪੰਜਾਬ ਨੂੰ ਅਸੀਂ ਫਤਹਿ ਨਹੀਂ ਕੀਤਾ ਬਲਕਿ ਅਸੀਂ ਪੰਜਾਬ ਨੂੰ ਤਾਂ ਅਨੈਕਸ ਕੀਤਾ ਹੈ । ਸਿਰਫ ਮੁਲਕ ਨਾਲ ਇਸ ਨੂੰ ਜੋੜਿਆ ਹੈ। ਪੰਡਿਤ ਨਹਿਰੂ ਨੇ ਵੀ ਫਿਰ ਇਹ ਗਲ ਕਹੀ ਸੀ। ਉਸ ਤੋਂ ਬਾਅਦ ਮਿਸਟਰ ਜਿਨਾਹ ਨੇ ਔਫਰ ਕੀਤਾ ਸੀ ਕਿ ਪਾਣੀਪਤ ਤੋਂ ਲੈ ਕੇ ਰਾਵੀ ਵਾਲੇ ਪਾਸੇ ਤਕ ਦਾ ਸਾਰਾ ਇਲਾਕਾ ਇਨ੍ਹਾਂ ਦਾ ਆਪਣਾ ਹੈ। ਇਹ ਇਸ ਨੂੰ ਵਖਰੀ ਅਟਾਨੌਮੀ ਦੇ ਸਕਦੇ ਹਨ । ਜੇ ਸਿੱਖ ਚਾਹੁੰਣ ਤਾਂ ਆਪਣੀ ਵੱਖਰੀ ਸਟੇਟ ਬਣਾ ਲੈਣ, ਜੇ ਚਾਹੁੰਣ ਤਾਂ ਪਾਕਿਸਤਾਨ ਨਾਲ ਜੁੜ ਜਾਣ ਔਰ ਜੇ ਚਾਹੁੰਣ ਤਾਂ ਇੰਡੀਆ ਨਾਲ ਜੁੜੇ ਰਹਿਣ। 1946 ਵਿਚ ਇਹ ਵਾਇਦਾ ਕੀਤਾ ਗਿਆ ਸੀ ਕਿ ਅਸੀਂ ਇਸ ਦੇ ਵਿਚ ਕੋਈ ਇੰਟਰਫੀਅਰੈਂਸ ਨਹੀਂ ਕਰਾਂਗੇ ।

(ਇਸ ਵੇਲੇ ਸਰਦਾਰ ਦਰਸ਼ਨ ਸਿੰਘ ਕੇ.ਪੀ. ਉਠ ਕੇ ਕੁਝ ਬੋਲਣਾ ਚਾਹੁੰਦੇ ਸਨ।)

ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ, ਇਹ ਬੈਠ ਜਾਣ, ਇਨ੍ਹਾਂ ਨੂੰ ਬੈਠਾਣਾ ਤੁਹਾਡੀ ਜ਼ਿਮੇਵਾਰੀ ਹੈ। ਜਾਂ ਮੈਨੂੰ ਕਹੋ ਮੈਂ ਬੈਠ ਜਾਵਾਂ, ਇਨ੍ਹਾਂ ਨੂੰ 5 ਮਿੰਟ ਸੁਣ ਲਵੋ ।

ਚੇਅਰਮੈਨ ਸਾਹਿਬ, ਜਦੋਂ 1947 ਵਿਚ ਇੰਗਲੈਂਡ ਦੇ ਵਿਚ ਇਸ ਸਬੰਧ ਵਿਚ ਬਿਲ ਪੇਸ਼ ਹੋਇਆ ਸੀ ਤਾਂ ਉਸ ਵੇਲੇ ਆਪੋਜ਼ੀਸ਼ਨ ਦੇ ਲੀਡਰ ਵਿੰਟਸਨ ਚਰਚਲ ਨੇ ਇਹ ਕਿਹਾ ਸੀ ਕਿ—

> "It will be pertinent to record that Wintson Churchill, knowing full well the propensities of the Hindu people had warned them that trampling over the rights of minorities to autonomous existence would prove to be detrimental to the integrity of India. Speaking in the House of Commons as a leader of the opposition, he said on December, 12, 1946, "Besides and in addition to this, I am sure that any attempt by the Congress Party to establish a Hindu Raj on the basis of majorities measured by the standards of Western civilisation or what is left of it—and proceeding by the form and formulae of govern ments with which we are familiar over there will, at a very early stage, be fatal to any conception of the unity of India."

ਚੇਅਰਮੈਨ ਸਾਹਿਬ, ਇਹ ਬੜੀ ਇਪਾਰਟੈਂਟ ਗਲ ਹੈ। ਉਹ ਲੋਕ ਜਾਣਦੇ ਸਨ ਕਿ ਜਿਨ੍ਹਾਂ ਵਨੇ ਦੇਸ਼ ਅਜ਼ਾਦ ਕਰਾਇਆ ਹੈ ਉਸ ਵਿਚ ਜ਼ਿਆਦਾ ਹਿੱਸਾ ਇਨਾਂ ਦਾ ਹੈ । ਪਰ ਅੱਜ ਇਹ ਇਨ੍ਹਾਂ ਗਲਾਂ ਨੂੰ ਕਮਿਊਨਲ ਗੱਲਾਂ ਕਹਿੰਦੇ ਹਨ। ਜਦੋਂ ਕੋਈ ਪੰਜਾਬ ਦੀ ਗਲ ਕੀਤੀ ਜਾਂਦੀ ਹੈ ਤਾਂ ਇਹ ਕਹਿੰਦੇ ਹਨ ਕਿ ਕਮਿਊਨਲ ਗਲਾਂ ਕਰਦੇ ਹਨ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਮੈਜਾਰਿਟੀ ਦੇ ਆਧਾਰ ਤੇ ਜਿਹੜਾ ਵੈਸ਼ਟਰਨ ਟਾਈਪ ਦਾ ਸਿਸਟਮ ਇਹ ਅਪਣਾਉਣਾ ਚਾਹੁੰਦੇ ਹਨ ਉਹ ਸਿਸਟਮ ਇਹ ਨਹੀਂ ਚਲਾ ਸਕਣਗੇ। ਜੇ ਉਹ ਸਿਸਟਮ ਇਹ ਅਪਣਾਉਣਗੇ ਤਾਂ ਇਸ ਦੇ ਸਿੱਟੇ ਕੁਝ ਹੋਰ ਹੀ ਨਿਕਲਣਗੇ। ਉਨ੍ਹਾਂ ਨੇ ਅਗੇ ਜਾਕੇ ਇਹ ਵੀ ਕਿਹਾ ਸੀ ਕਿ...

> "Let us also keep in mind the main provisions of the White Paper of the British Government of May 16, 1946 It ha d clearly and unambiguously recognised the Sikhs, the Congress and the Muslim League as the three parties entitled to share the sovereignty of India. It cannot be a permanent state of affairs in which one party is sought to be perpetually excluded from their legitimate share of sovereignty."

ਚੇਅਰਮੈਨ ਸਾਹਿਬ, ਉਸ ਵੇਲੇ ਉਨਾਂ ਨੇ ਹਿੰਦੁਸਤਾਨ ਵਾਸਤੇ ਟਰੂ ਫੈਡਰਲ ਸਟਰਕਚਰ ਮੰਨਿਆ ਸੀ । ਪਰ ਹਾਲੇ ਤਕ ਉਹ ਟਰੂ ਫੈਡਰਲ ਸਟ੍ਰਕਚਰ ਨਹੀਂ ਆਇਆ । ਅੱਜ ਜਿਵੇਂ ਕਾਮਰੇਡ ਰਾਜ ਕੁਮਾਰ ਜੀ ਨੇ ਆਪਣਾ ਤੌਖਲਾ ਜ਼ਾਹਿਰ ਕੀਤਾ ਹੈ ਉਹ ਬਿਲਕੁਲ ਸਹੀ ਹੈ। ਜੇ ਫੈਡਰੇਲਿਜ਼ਮ ਵਾਲੀ ਗਲ ਨਾ ਮੰਨੀ ਗਈ ਤਾਂ ਇਸ ਦੇ ਨਤੀਜੇ ਬੜੇ ਭੈੜੇ ਨਿਕਲਣਗੇ। ਉਸ ਵੇਲੇ ਦੀ ਸ਼੍ਰੋਮਣੀ ਅਕਾਲੀ ਪਾਰਟੀ ਨੇ ਇਹ ਕਿਹਾ ਸੀ ...

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਉਹ ਅਕਾਲੀ ਪਾਰਟੀ ਕਿਹੜੀ ਸੀ ?

**ਡਾਕਟਰ ਭਗਤ ਸਿੰਘ** : ਗੁਪਤਾ ਸਾਹਿਬ ਵਾਲੀ ਅਕਾਲੀ ਪਾਰਟੀ ਸੀ।

ਚੇਅਰਮੈਨ ਸਾਹਿਬ, ਉਸ ਵੇਲੇ ਮਾਲਵੀਆ ਜੀ ਨੇ ਇਹ ਕਿਹਾ ਸੀ ਕਿ ਹਰ ਹਿੰਦੂ ਘਰ ਦਾ ਬੱਚਾ ਸਿੱਖ ਬਣੇਗਾ। ਪਰ ਅੱਜ ਇਹ ਕਹਿੰਦੇ ਹਨ ਕਿ ਹਰ ਸਿੱਖ ਦੇ ਬੱਚੇ ਨੂੰ ਸਿਰ ਮੁਨਾਣਾ ਪਵੇਗਾ।...

**ਸ੍ਰੀ ਸਭਾਪਤੀ** : ਤੁਸੀਂ ਵਾਈਂਡ ਅਪ ਕਰੋ।

**ਸ੍ਰੀ ਰਾਮ ਲਾਲ ਚਿੱਟੀ** : ਚੇਅਰਮੈਨ ਸਾਹਿਬ, ਇਨਾਂ ਨੂੰ ਇਹ ਕਹੋ ਕਿ ਇਹ ਗਵਰਨਰ ਐਡਰਸ ਤੇ ਬੋਲਣ। ਇਹ ਗਵਰਨਰ ਐਡਰਸ ਤੇ ਬੋਲ ਰਹੇ ਹਨ ਜਾਂ ਕਿਸੇ ਪਬਲਿਕ ਮੀਟਿੰਗ ਵਿਚ ? ਇਨ੍ਹਾਂ ਨੂੰ ਦਸ ਦਿਓ ਕਿ ਜਿਹੜੀਆਂ ਗਲਾਂ ਇਹ ਕਹਿ ਰਹੇ ਹਨ ਉਨ੍ਹਾਂ ਦਾ ਕੀ ਮਤਲਬ ਹੈ ?

**ਡਾਕਟਰ ਭਗਤ ਸਿੰਘ** : ਅਮਰੀਕਾ ਦਾ ਜਗਜੀਤ ਸਿੰਘ ਨਾਲ ਕੀ ਮਤਲਬ ਹੈ।

**ਸ੍ਰੀ ਸਭਾਪਤੀ** : ਤੁਸੀਂ ਜਲਦੀ ਵਾਈਂਡ ਅਪ ਕਰੋ।

**ਡਾਕਟਰ ਭਗਤ ਸਿੰਘ** : ਸੋ ਜਿਹੜੀ ਇਨ੍ਹਾਂ ਦੀ ਐਪਰੋਚ ਹੈ ਉਹ ਹੀ ਗਲਤ ਹੈ। ਇਹ ਗੌਰਮਿੰਟ ਇਥੇ ਲੋਕਾਂ ਨੂੰ ਆਪਸ ਵਿਚ ਲੜਾਉਣ ਦਾ ਯਤਨ ਕਰ ਰਹੀ ਹੈ। ਅੱਜ ਜਿਹੜੇ ਵੀ ਝਗੜੇ ਲੋਕਾਂ ਦੇ ਹੋ ਰਹੇ ਹਨ, ਚਾਹੇ ਉਹ ਅੰਮ੍ਰਿਤਸਰ ਵਿਚ ਹੋ ਰਹੇ ਹਨ ਜਾਂ ਕੋਈ ਹੋਰ ਹਨ ਜਿਵੇਂ ਸਿਗਰਟ ਦੇ ਹੱਕ ਵਿਚ ਜਲੂਸ ਅੰਮ੍ਰਿਤਸਰ ਵਿਚ ਨਿਕਲੇ ਹਨ ਅਤੇ ਇਸ ਦੇ ਖਿਲਾਫ ਵੀ ਨਿਕਲੇ ਹਨ। ਇਹ ਨੈਸ਼ਨਲ ਕਾਂਗਰਸ ਪਾਰਟੀ ਜਿਹੜੀ ਪਹਿਲੇ ਨੈਸ਼ਨਲ ਨੂੰ ਇਕੱਠਾ ਕਰਦੀ ਸੀ ਹੁਣ ਇਹ ਲੋਕਾਂ ਨੂੰ ਆਪਸ ਵਿਚ ਲੜਾ ਕੇ ਰਾਜ ਕਰਨਾ ਚਾਹੁੰਦੀ ਹੈ ਅਤੇ ਇਹ ਐਂਟੀ ਨੈਂਸ਼ਨਲ ਕਾਰਵਾਈ ਹੈ। ਜੇ ਮੈਂ ਇਕ ਸ਼ਬਦ ਇਸਤੇਮਾਲ ਕਰ ਦੇਵਾਂ ਤਾਂ ਠੀਕ ਹੋਵੇਗਾ ਕਿ ਸਾਡੀ ਸਟੇਟ ਦਾ ਚੀਫ ਮਨਿਸਟਰ ਇਕ ** ਸੀ.ਐਮ. ਹੈ। ਇਸ ਕਰਕੇ ਸਟੇਟ ਦਾ ਚੀਫ ਸੈਕਟਰੀ ਸਟੇਟਮੈਂਟਾਂ ਦੇਈ ਜਾ ਰਿਹਾ ਹੈ ਔਰ ਸੀ.ਐਮ. ਚੁੱਪ ਬੈਠਾ ਹੈ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਨੇ ਸੀ.ਐਮ. ਦੇ ਮੁਤਲਕ ** ਲਫਜ਼ ਇਸਤੇਮਾਲ ਕੀਤਾ ਹੈ। ਇਹ ਅਨਪਾਰਲੀਮੈਂਟਰੀ ਹੈ। ਇਸ ਲਈ ਇਸ ਨੂੰ ਐਕਸਪੰਜ ਕਰ ਦੇਣਾ ਚਾਹੀਦਾ ਹੈ।

**ਸ੍ਰੀ ਸਭਾਪਤੀ** : ** ਲਫਜ਼ ਐਕਸਪੰਜ ਕਰ ਦਿੱਤਾ ਜਾਵੇ। ਵਾਈਂਡ ਅੱਪ ਕਰੋ। (ਘੰਟੀ)

**ਡਾਕਟਰ ਭਗਤ ਸਿੰਘ** : ਚੇਅਰਮੈਨ ਸਾਹਿਬ, ਤੁਹਾਡੇ ਪਟਿਆਲੇ ਜ਼ਿਲ੍ਹੇ ਵਿਚ ਇਕ ਕੀਰਤਨ ਜੱਥਾ ਹੈ। ਉਸ ਨੇ ਅਰਦਾਸ ਵਾਹਿਗੁਰੂ ਕੋਲ ਕੀਤੀ ਅਤੇ ਇਹ ਅਰਦਾਸ ਅਖਬਾਰਾਂ ਦੇ ਵਿਚ ਵੀ ਛੱਪੀ ਹੈ। ਉਹ ਮੈਂ ਤੁਹਾਨੂੰ ਪੜ ਕੇ ਦੱਸਦਾ ਹਾਂ ਕਿ "ਇਹ ਸਤਿਗੁਰੂ, ਸੱਚੇ ਪਾਤਸ਼ਾਹ ਜਿਨ੍ਹਾਂ ਸਿੰਘਾਂ ਨੇ ਸਿੰਘਾਂ ਦੇ ਨਾਲ ਹੋਈ ਬੇਇਨਸਾਫੀ ਦਾ ਬਦਲਾ ਲਿਆ ਹੈ ਉਨ੍ਹਾਂ ਸਿੰਘਾਂ ਦੇ ਸਿਰ ਤੇ ਮੇਹਰ ਦਾ ਹੱਥ ਰੱਖੀਂ।" ਮੁਲਕ ਦੇ ਵਿਚ ਖਤਰਾ ਪੈਦਾ ਹੋ ਗਿਆ ਹੈ ਔਰ ਸੀ. ਐਮ. ਡੀਫੈਂਡ ਕਰਦਾ ਹੈ ** ** **

---

**Expungsd as order by the Ohair.

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿਘ ਰੰਧਾਵਾ) : ਚੇਅਰਮੈਨ ਸਾਹਿਬ, ** ** ਬਾਰੇ ਗੱਲ ਕਰਨਾ ਇਥੇ ਠੀਕ ਨਹੀਂ ਹੈ। ਇਸ ਦੇ ਨਾਲ ਉਹ ਡੀਮਾਰਲਾਈਜ਼ ਹੁੰਦੇ ਹਨ । ਇਸ ਲਈ ਐਕਸਪੰਜ ਕਰ ਦਿੱਤਾ ਜਾਵੇ

**ਸ੍ਰੀ ਸਭਾਪਤੀ** : ** ਦੀ ਗੱਲ ਐਕਸਪੰਜ ਕਰ ਦਿੱਤੀ ਜਾਵੇ।

**ਡਾਕਟਰ ਭਗਤ ਸਿੰਘ** : ਮੈਂ ਪ੍ਰਾਈਮ ਮਨਿਸ਼ਟਰ ਅਤੇ ਸੀ.ਐਮ. ਕੋਲ ਖਾਲਿਸਤਾਨ ਦੇ ਬਾਰੇ ਤਾਰਾਂ ਦਿੱਤੀਆਂ ਅਤੇ ਇਸ ਦੀਆਂ ਕਾਪੀਆਂ ਮੈਂ ਹਾਊਸ ਦੀ ਟੇਬਲ ਤੇ ਲੇ ਕਰਦਾ ਹਾਂ। ਇਸ ਬਾਰੇ ਪਾਰਲੀਮੈਂਟ ਵਿਚ ਚਰਚਾ ਹੋਈ ਹੈ। (ਘੰਟੀ, ਘੰਟੀ)

**Mr. Chairman, I do not allow** ਡਾਕਟਰ ਸਾਹਿਬ ਤੁਸੀਂ ਬੈਠੋ, ਸਰਦਾਰ ਮਹਿੰਦਰ ਸਿੰਘ ਸੁਰਪਵਾਲੀ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** (ਕਾਦੀਆਂ) : ਚੇਅਰਮੈਨ ਸ਼ਾਹਿਬ, ਗਵਰਨਰ ਸਾਹਿਬ ਨੇ ਜੋ ਐਡਰੈਸ ਪੇਸ਼ ਕੀਤਾ ਹੈ, ਮੈਂ ਉਸ ਦੇ ਵਿਰੁੱਧ ਬੋਲਣ ਲਈ ਖੜ੍ਹਾ ਹੋਇਆ ਹਾਂ। ਪਰ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਮੈਨੂੰ ਤੁਸੀਂ ਬੋਲਣ ਲਈ ਵਕਤ ਦਿੱਤਾ ਹੈ। ਇਥੇ ਕਲੀਨ ਐਡਮਨਿਸਟਰੇਸ਼ਨ ਦੀ ਗੱਲ ਹੀਰੋ ਸਾਹਿਬ ਨੇ ਕੀਤੀ ਹੈ। ਇਹ ਕਲੀਨ ਹੋਣੀ ਵੀ ਚਾਹੁੰਦੀ ਹੈ। ਮੇਰੇ ਵੱਡੇ ਵੀਰ ਹੀਰੋ ਸਾਹਿਬ ਨੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੀ ਬੜੀ ਪ੍ਰਸ਼ੰਸਾ ਕੀਤੀ ਹੈ। ਇਹ ਬੜੀ ਚੰਗੀ ਗੱਲ ਹੈ। ਪਰ ਜਿਸ ਪਾਰਟੀ ਟਿਕਟ ਤੋਂ ਇਹ ਇਲੈਕਸ਼ਨ ਜਿੱਤ ਕੇ ਇਥੇ ਆਏ ਸਨ ਉਸ ਦੇ ਖਿਲਾਫ ਬੋਲਦੇ ਰਹੇ। ਚੰਗਾ ਹੁੰਦਾ ਅਗਰ ਇਹ ਕਾਂਗਰਸ ਪਾਰਟੀ ਵਿਚ ਆਉਣ ਤੋਂ ਪਹਿਲਾਂ ਅਸਤੀਫਾ ਦੇ ਕੇ ਦੁਬਾਰਾ ਕਾਂਗਰਸ ਪਾਰਟੀ ਦੀ ਟਿਕਟ ਲੈ ਕੇ ਜ਼ੀਰੇ ਤੋਂ ਇਲੈਕਸ਼ਨ ਲੜਦੇ ਫਿਰ ਪਤਾ ਲਗਦਾ ਕਿ ਇਹ ਕਿਸ ਨੀਤੀਆਂ ਦੇ ਹਾਮੀ ਹਨ। ਅਕਾਲੀ ਪਾਰਟੀ ਦੇ ਪ੍ਰੋਗਰਾਮ ਲੈ ਕੇ ਇਹ ਜਿੱਤੇ ਸੀ ਅਤੇ ਅਜ਼ ਉਸ ਦੇ ਖਿਲਾਫ ਗੱਲਾਂ ਕਰਦੇ ਹਨ। ਗਵਰਨਰ ਸਾਹਿਬ ਦੇ ਐਡਰਸ ਦੇ ਪੈਰਾ-6 ਵਿਚ ਲਿਖਿਆ ਹੋਇਆਂ ਹੈ ਕਿ "ਮੇਰੀ ਸਰਕਾਰ ਰਾਜ ਵਿਚ ਇਕ ਇਮਾਨਦਾਰ ਅਤੇ ਸਵੱਛ ਪ੍ਰਸ਼ਾਸਨ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।" ਇਸ ਸਰਕਾਰ ਦੇ 2 ਸਾਲ ਗੁਜ਼ਰ ਗਏ ਹਨ ਅਤੇ ਕਿੰਨੀ ਆਦਰਸ਼ ਐਡਮਨਿਸਟਰੇਸ਼ਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਥੇ ਬਹੁਤ ਸਾਰੇ ਮੈਂਬਰਾਂ ਨੇ ਕਿਹਾ ਹੈ ਕਿ ਪੁਲਿਸ ਪੰਜਾਬ ਦੇ ਲੋਕਾਂ ਤੇ ਤਸ਼ੱਦਦ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ ਸਿਰਫ਼ ਪੁਲਿਸ ਤਸ਼ੱਦਦ ਹੀ ਨਹੀਂ ਕਰ ਰਹੀ ਬਲਕਿ ਰੂਲਿੰਗ ਪਾਰਟੀ ਦੇ ਸ਼ਾਰੇ ਨੁਮਾਇੰਦੇ ਪੁਲਿਸ ਐਡਮਾਨਸਟਰੇਸ਼ਨ ਵਿਚ ਬਹੁਤ ਭਾਰੀ ਦਖਲ-ਅੰਦਾਜ਼ੀ ਕਰ ਰਹੇ ਹਨ। ਪੰਜਾਬ ਦੇ ਵਿਚ ਕਿਸ ਤਰ੍ਹਾਂ ਦਾ ਰਾਜ ਭਾਗ ਚਲ ਰਿਹਾ ਹੈ। ਜ਼ਿਲ੍ਹਿਆਂ ਦੇ ਵਿਚ ਮਨਿਸਟਰ ਹੁਕਮਰਾਨ ਹਨ ਅਤੇ ਕੰਸਟੀਚੂਐਂਸੀਆਂ ਦੇ ਵਿਚ ਰੂਲਿੰਗ ਪਾਰਟੀ ਦੇ ਨੁਮਾਇੰਦੇ ਹੁਕਮਰਾਨ ਹਨ ਔਰ ਇਹ ਆਪਣੇ ਵਿਰੋਧੀ ਦੀ ਗੱਲ ਸੁਣਨ ਲਈ ਤਿਆਰ ਨਹੀਂ ਹਨ। ਜੋ ਹਾਲਾਤ ਪੰਜਾਬ ਦੇ ਅੰਦਰ ਪੈਦਾ ਹੋ ਗਏ ਹਨ ਇਸ ਦੀ ਸਾਰੀ ਜ਼ਿੰਮੇਦਾਰੀ ਸਰਕਾਰ ਦੇ ਉਤੇ ਅਤੇ ਰੂਲਿੰਗ ਪਾਰਟੀ ਦੇ ਉਤੇ ਆਉਂਦੀ ਹੈ। ਪੰਜਾਬ ਦੇ ਵਿਚ ਪੁਲਿਸ ਨੂੰ ਡੀਮਾਰੋਲਾਈਜ਼ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਦੇ ਹਾਲਾਤ-ਪੈਦਾ ਹੋ ਗਏ ਹਨ ਕਿ ਇਹ ਕਿਸੇ ਦੇ ਖਿਲਾਫ ਐਕਸ਼ਨ ਲੈਣ ਲਈ ਤਿਆਰ ਨਹੀਂ ਹਨ। ਸਰਦਾਰ ਦਰਬਾਰਾ ਸਿੰਘ ਇਕ ਸਟੇਟ ਦੇ ਹੈਡ ਹਨ। ਤਕਰੀਰ ਕਰਦੇ ਹੋਏ ਉਨ੍ਹਾਂ ਨਾਲ ਵਾਕਿਆ ਹੋ ਗਿਆ। ਉਨ੍ਹਾਂ ਦੇ ਬਚਾਓ ਤੇ ਵੱਧਾਈਆਂ ਦਿਤੀਆਂ ਗਈਆਂ। ਉਨ੍ਹਾਂ ਤੇ ਹਮਲਾ ਕੀਤਾ ਗਿਆ। ਐਫ. ਆਈ. ਆਰ. ਦਰਜ ਕੀਤਾ ਗਿਆ ਪਰ ਬਾਅਦ ਵਿਚ ਸੀ. ਐਮ. ਸਾਹਿਬ ਮੁਕਰ ਗਏ ਕਿ ਮੇਰੇ ਨਾਲ ਐਸਾ ਵਾਕਿਆ ਨਹੀਂ ਹੋਇਆ ਬਲਕਿ ਏ. ਐਸ. ਆਈ ਦੇ ਨਾਲ ਹੋਇਆ ਹੈ ਔਰ ਐਫ. ਆਈ. ਆਰ. ਨੂੰ ਬਦਲ ਦਿੱਤਾ ਗਿਆ ਔਰ ਏ. ਐਸ. ਆਈ. ਵਲੋਂ ਦਰਜ ਕਰਵਾਈ ਗਈ। ਅਗਰ ਸਟੇਟ ਦੇ ਵਿਚ ਇਸ ਤਰ੍ਹਾਂ ਦੇ ਹਾਲਾਤ ਹੋਣ ਕਿ ਐਫ. ਆਈ. ਆਰ. ਬਦਲੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ[

ਜਾਂਦੀਆਂ ਹੋਣ ਉਥੇ ਪੁਲਿਸ ਡੀਮਾਰੇਲਾਈਜ਼ ਨਹੀਂ ਹੋਵੇਗੀ ਤਾਂ ਹੋਰ ਕੀ ਹੋਵੇਗਾ। ਇਹ ਤੁਹਾਡੀ ਕਲੀਨ ਐਡਮਨਿਸਟ੍ਰੇਸ਼ਨ ਹੈ। ਤੁਸੀਂ ਸੀ. ਐਮ. ਨੂੰ ਫਿਰ ਵੱਧਾਈਆਂ ਕਿਸ ਗੱਲ ਦੀਆਂ ਦਿੱਤੀਆਂ ਸਨ। ਪੁਲਿਸ ਬੇਗੁਨਾਹ ਲੋਕਾਂ ਤੇ ਤਸ਼ੱਦਦ ਕਰ ਰਹੀ ਹੈ ਅਤੇ ਰੋਜ਼ ਮਰਾ ਦੀਆਂ ਚੀਜ਼ਾਂ ਲੋਕਾਂ ਨੂੰ ਮਿਲ ਨਹੀਂ ਰਹੀਆਂ। ਇਸ ਕਰਕੇ ਤੁਸੀਂ ਸਾਰਿਆਂ ਨੇ ਵੱਧਾਈ ਦਿੱਤੀ ਹੈ।

ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਕਿਸੇ ਚੀਜ਼ ਦੀ ਵੀ ਡਿਵੈਲਪਮੈਂਟ ਨਹੀਂ ਹੋ ਰਹੀ ਹੈ। ਗਵਰਨਰ ਸਾਹਿਬ ਦੇ ਐਡਰੇਸ ਵਿਚ ਖਾਲੇ ਪੱਕੇ ਕਰਨ ਦਾ ਜ਼ਿਕਰ ਕੀਤਾ ਗਿਆ ਹੈ। ਪਰ ਮੈਂ ਕਹਿੰਦਾ ਹਾਂ ਕਿ ਖਾਲੇ ਪੱਕੇ ਕਿਥੇ ਹੋ ਰਹੇ ਹਨ। ਅੱਜ ਇੱਟਾਂ ਨਹੀਂ ਮਿਲਦੀਆਂ, ਸੀਮਿੰਟ ਨਹੀਂ ਮਿਲਦਾ ਪਰ ਪਤਾ ਨਹੀਂ ਡਿਵੈਲਪਮੈਂਟ ਕਿਥੇ ਹੋ ਰਹੀ ਹੈ। ਚੇਅਰਮੈਨ ਸਾਹਿਬ, ਵਿਦਿਆ ਮੰਤਰੀ ਜੀ ਨੇ ਕਿਹਾ ਹੈ ਕਿ ਮੈਂ ਹਾਊਸ ਵਿਚ ਗਲਤ ਬਿਆਨੀ ਨਹੀਂ ਕਰਨਾ ਚਾਹੁੰਦਾ। ਇਹ ਬੜੀ ਚੰਗੀ ਗੱਲ ਹੈ ਔਰ ਕਿਸੇ ਨੂੰ ਗਲਤ ਬਿਆਨੀ ਨਹੀਂ ਕਰਨੀ ਚਾਹੀਦੀ। ਇਹ ਪਵਿਤਰ ਹਾਊਸ ਹੈ। ਚੇਅਰਮੈਨ ਸਾਹਿਬ, ਜਿਤਨੇ ਸਕੂਲ ਅਪਗ੍ਰੇਡ ਕੀਤੇ ਗਏ ਹਨ, ਉਹ ਸਾਰੇ ਫੈਸਲੇ ਪੁਲਿਟੀਕਲ ਆਧਾਰ ਤੇ ਕੀਤੇ ਗਏ ਹਨ। ਆਪੋਜ਼ੀਸ਼ਨ ਪਾਰਟੀ ਦੇ ਵਿਧਾਇਕਾਂ ਦੀਆਂ ਕੰਸਟੀਚਿਊਐਂਸੀਆਂ ਦੇ ਸਕੂਲਾਂ ਨੂੰ ਅਪ-ਗ੍ਰੇਡ ਨਹੀਂ ਕੀਤਾ ਗਿਆ। ਇਹ ਇਸ ਗੱਲ ਨੂੰ ਮੰਨਣ ਕਿ ਇਹ ਠੀਕ ਹੈ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਐਸੇ ਹਾਲਾਤ ਪੈਦਾ ਕਰਨ ਵਿਚ ਸਰਕਾਰ ਦਾ ਬਹੁਤ ਤਕੜਾ ਹੱਥ ਹੈ।

**ਸਿਖਿਆ ਮੰਤਰੀ** (ਸਰਦਾਰ ਹਰਚਰਨ ਸਿੰਘ ਅਜਨਾਲਾ) : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਸਰ। ਚੇਅਰਮੈਨ ਸਾਹਿਬ ਜੋ ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਸਕੂਲਾਂ ਨੂੰ ਅਪਗ੍ਰੇਡ ਕਰਨ ਵੇਲੇ ਪੁਲੀਟੀਕਲ ਆਧਾਰ ਤੇ ਫੈਸਲਾ ਕੀਤਾ ਗਿਆ ਹੈ, ਉਹ ਬਿਲਕੁਲ ਗਲਤ ਹੈ। ਇਹ ਇਨ੍ਹਾਂ ਦਾ ਆਪਣਾ ਨਜ਼ਰੀਆ ਹੋਵੇਗਾ। ਪਰ ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ ਦੀ ਸਰਕਾਰ ਦਾ ਇਹ ਨਜ਼ਰੀਆ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਤੁਸੀਂ ਇਸ ਬਾਰੇ ਆਪਣੀ ਰੂਲਿੰਗ ਦਿਓ।

**ਸ੍ਰੀ ਸਭਾਪਤੀ**: ਉਨ੍ਹਾਂ ਨੇ ਠੀਕ ਕਿਹਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ**: ਚੇਅਰਮੈਨ ਸਾਹਿਬ, ਮੈਂ ਦੱਸ ਰਿਹਾ ਸੀ ਕਿ ਜੋ ਹਾਲਾਤ ਬਣੇ ਹਨ।

**Mr. Chairman (Sardar Lal Singh)** : The House stands adjourned till 9.00 A.M. on Wednesday, the 3rd March, 1982.

---

*1-30 p.m. | (*The Sabha then adjourned till* 9.00 *A.M. on Wednesday, the* 3rd *March,* 1982).

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

# APPENDIX

## TO

# PUNJAB VIDHAN SABHA DEBATES

*Dated 2nd March, 1982*

## VOL. IV NO. 5

## UNSTARRED QUESTION AND ANSWERS

### Yellow Cards

205 **Comrade Raj Kumar :** Will the Minister for Finance be pleased to state whether the Food and Supplies Department during the present Ministry framed any scheme for issuing "Yellow Cards" to the poor in the State; if so, the details thereof and the concessions to which the holders of the yellow cards are entitled ?

ਚੌਧਰੀ ਜਗਤ ਰਾਮ : (ਭਲਾਈ ਅਤੇ ਕਰਤ ਮੰਤਰੀ) ਪੀਲੇ ਕਾਰਡ ਵਾਲਿਆਂ ਨੂੰ ਉਪਲਬਧ ਸਹੂਲਤਾਂ ਦੇ ਵੇਰਵੇ ਨਾਲ ਨੱਥੀ ਸੂਚੀ ਵਿਚ ਦਰਜ ਹਨ।

CONCESSIONS GIVEN TO THE YELLOW IDENTITY CARD HOLDERS

| Serial No. | Department | Concessions | | |
|---|---|---|---|---|
| | | *Commodity* | *Scale* | *Rate* |
| 1. | Food and Supplies. | Wholemeal Atta. | 10 Kg. per head per month for an adult, 5 Kg. per head per month for a minor subject to a maximum of 80 Kgs. per ration card per month. (for the convenience of the Public, weekly ration of atta is allowed to be draw). | Rs. 1.55 per Kg. under Subsidy scheme. Rs. 1f72 per Kg. for P.D.S. |
| | | Moong whole | 500 grams per head per month. Both the pulses can be draw in aggregate of 500 grams per month. | Rs. 3.50 per Kg. (w.e.f. 16-2-82.) |
| | | Urd whole | Ditto | Rs. 2.61 per Kg. |
| | | Rub Palm Oil | Ditto | Rs. 9.05 per Kg (w.e.f. 25-2-82.) |
| | | Controlled Cloth | Quantitative restrictions have been removed. | At mills stamped Prices. |
| 2. | Punjab Scheduled Castes Land Development and Finance Corporation. | The Corporation arranges advancement of loans through Banks to the Scheduled Caste persons alone. While interest of these loans is subsidized by the Corporation. Seed Money on behalf of the loanees is paid by the Corporation, when needed. The Corporation has disbursed Rs. 36.63 lacs to 526 Scheduled Caste beneficiaries from its own funds. | | |
| 3. | Punjab Backward Classes Land Development and Finance Corporation. | BACKFINCO arrange, interest free loans upto Rs. 10,000/- in tie-up arrangements with Commercial Bank for the Yellow Identity Card holders of Urban areas for various productives and Employment Oriented Schemes- | | |

4800/PVS—Govt. Press, Chd. (U.T.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1982

Published under the authority of the Punjab Vidhan Sabha and printed by Controller, Printing and Stationery (U.T.) Chd.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*3rd March ,1982*

**Vol IV No. 6**

**OFFICIAL REPORT**

**CONTENTS** — Page

*Wednesday, the 3rd March,* 1982


| | | |
|---|---|---|
| Starred Questions and Answers | | (6)1 |
| Written Answers to Starred Questions laid on the Table of the House under Rule 38 | .. | (6)35 |
| Call Attention Notice under Rule 66 | .. | (6)39 |
| Walk-out | .. | (6)42 |
| Call Attention Notice under Rule 66 (*Resumption*) | .. | (6)42 |
| Papers laid on the Table | .. | (6)42 |
| LEGISLATIVE BUSINESS— | | |
| Bill— | | |
| The Punjab Official Language (Amendment)—1982 (*Introduced*) | .. | (6)43 |
| Resumption of Discussion on Governor's Address | .. | (6)43 |
| Personal Explanation by Sardar Parkash Singh Majitha | .. | (6)61 |
| Resumption of Discussion on Governor's Address | .. | (6)61 |
| Statement by the Chief Minister | .. | (6)65 |
| Resumption of Discussion on Governor's Address | .. | (6)66 |
| Appendix | .. | (i) |



PUNJAB VIDHAN SABHA SECRETARIAT, CHANDIGARH

**Price :** Rs. 37.00 Paise



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Wednesday, the 3rd March, 1982**

*The Vidhan Sabha met in the Punjab Vidhan Sabha Hall, Vidhan Bhavan Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

### BRICKLINING OF STREETS AND DRAINS IN HARIJAN BASTIES UNDER THE HARIJAN BASTI SUDHAR SCHEME

***1243. (1) Jathedar Naranjan Singh Patti**
**(2) Sardar Major Singh Ubboke** } : Will the Minister for Welfare and Labour be pleased to state —

(a) the total number of villages and cities in the State in which streets and drains in Harijan Bastis have been bricklined under the Harijan Basti Sudhar Scheme during the current financial year viz., 1981-82 (todate) ;

(b) the total number and names of villages in Tehsil Patti district Amritsar where Harijan Bastis have been made 'Pucca' under the Scheme mentioned in part (a) above ?

**ਚੌਧਰੀ ਜਗਤ ਰਾਮ** :—(ੳ) ਸਾਲ 1981-82 ਦੌਰਾਨ ਹੁਣ ਤੱਕ ਬਸਤੀ ਸੁਧਾਰ ਸਕੀਮ ਅਧੀਨ 71 ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆ ਕੀਤੀਆਂ ਗਈਆਂ। ਇਸ ਸਮੇਂ ਦੌਰਾਨ ਕਿਸੇ ਵੀ ਸ਼ਹਿਰ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਨਹੀਂ ਕੀਤੀਆਂ ਗਈਆਂ।

(ਅ) ਹੁਣ ਤਕ ਤਹਿਸ਼ੀਲ ਪੱਟੀ ਦੇ 7 ਪਿੰਡਾਂ ਦੀਆਂ ਹਰੀਜਨ ਬਸਤੀਆਂ ਜਿਨ੍ਹਾਂ ਦੇ ਨਾਂ ਹਰੀਕੇ, ਪੁੱਨੀਆਂ, ਕਲਸੀਆ ਕਲਾਂ, ਭਿੱਖੀ ਵਿੰਡ, ਵਾਨ, ਗੱਜਲ ਅਤੇ ਸੋਦੋਂ ਹਨ, ਨੂੰ ਪੱਕਾ ਕਰ ਦਿੱਤਾ ਗਿਆ ਹੈ।

**ਜੱਥੇਦਾਰ ਨਰੰਜਨ ਸਿੰਘ ਪੱਟੀ** : ਸੋਦੋਂ ਪਿੰਡ ਵਿਚ ਕੰਮ ਮੁਕੰਮਲ ਹੋਇਆ ਨਹੀਂ ਹੈ। ਮੈਂ ਇਨਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਪਿੰਡਾਂ ਵਿਚ ਰਹਿੰਦਾ ਕੰਮ ਜਲਦੀ ਮੁਕੰਮਲ ਕਰ ਦਿੱਤਾ ਜਾਏਗਾ ? ਇਸ ਪਿੰਡ ਦੇ ਦੋ ਚਾਰ ਸਾਲਾਂ ਤੋਂ ਡੈਪੂਟੇਸ਼ਨ ਸਾਡੇ ਕੋਲ ਆਉਂਦੇ ਹਨ। ਕੀ ਇਥੇ ਕੰਮ ਮੁਕੰਮਲ ਕਰ ਦਿੱਤਾ ਜਾਏਗਾ ?

**ਮੰਤਰੀ**: ਐਗਜ਼ਾਮਿਨ ਕਰ ਲਵਾਂਗੇ ਔਰ ਅਗਰ ਬਕਾਇਆ ਕੰਮ ਰਹਿੰਦਾ ਹੋਇਆ ਤਾਂ ਕਰ ਦਿਆਂਗੇ।

**ਸਰਦਾਰ ਮੇਜਰ ਸਿੰਘ ਉਬੋਕੇ**: ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਕਿ ਹੁਣ ਤਕ ਐਨਾ ਕੰਮ ਕਰ ਦਿੱਤਾ ਗਿਆ ਹੈ। ਇਹ 7 ਪਿੰਡ ਜਦੋਂ ਤੋਂ ਹਿੰਦੁਸਤਾਨ ਆਜ਼ਾਦ ਹੋਇਆ ਹੈ ਉਦੋਂ ਤੋਂ ਲੈ ਕੇ ਹੁਣ ਤਕ ਇਥੇ ਕੰਮ ਹੋਇਆ ਹੈ। ਮੈਂ ਇਹ ਪੁਛਣਾ ਚਹੁੰਦਾ ਹਾਂ ਕਿ 1981-82 ਸਾਲ ਵਿਚ

Original with;
Punjab Vidhan Sabha
Digitized by;
Panjab Digital Library

[ਸਰਦਾਰ ਮੇਜਰ ਸਿੰਘ ਉਬੋਕੇ]

ਇਨ੍ਹਾਂ ਨੇ ਕੀ ਕੰਮ ਕੀਤਾ ਹੈ ? ਇਸ ਸਾਲ ਵਿਚ ਕੋਈ ਕੰਮ ਨਹੀਂ ਕੀਤਾ ਗਿਆ । ਇਹ ਸਾਡੀ ਤਹਿਸੀਲ ਨਾਲ ਐਨਾ ਵਿਤਕਰਾ ਕਿਉਂ ਕਰਦੇ ਹਨ ?

**ਮੰਤਰੀ**: ਇਨਾਂ ਨੇ 1981-82 ਤੋਂ ਲੈ ਕੇ ਹੁਣ ਤਕ ਸਵਾਲ ਪੁਛਿਆ ਸੀ, ਜਿਸ ਦਾ ਜਵਾਬ ਦੇ ਦਿੱਤਾ ਗਿਆ ਹੈ। ਜੇਕਰ ਕੋਈ ਫਰਕ ਰਹਿ ਗਿਆ ਹੈ ਤਾਂ ਉਸ ਬਾਰੇ ਇਹ ਦਸ ਦੇਣ ਉਸ ਬਾਰੇ ਵੀ ਜਵਾਬ ਦੇ ਦਿਤਾ ਜਾਏਗਾ ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ 1981-82 ਵਿਚ ਪੱਟੀ ਤਹਿਸਲਿ ਦੀ ਕੋਈ ਗਲੀ ਜਾਂ ਮੁਹਲਾ ਪੱਕਾ ਨਹੀਂ ਕੀਤਾ ਗਿਆ । ਇਸ ਬਾਰੇ ਇਹ ਦਸ ਦੇਣ।

**ਮੰਤਰੀ**: ਇਨ੍ਹਾਂ ਨੇ ਜੋ ਸਵਾਲ ਪੁਛਿਆ ਸੀ ਉਸ ਬਾਰੇ ਜਵਾਬ ਦੇ ਦਿਤਾ ਗਿਆ ਹੈ।

**ਸਰਦਾਰ ਲੱਖਾ ਸਿੰਘ** : ਮੈਂ ਇਨ੍ਹਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਨਾਂ ਪਿੰਡਾਂ ਵਾਸਤੇ ਪੈਸਾ ਦਿਤਾ ਗਿਆ ਹੈ ਕੀ ਉਨ੍ਹਾਂ ਪਿੰਡਾਂ ਦੇ ਕੰਮ ਨੂੰ ਜਲਦੀ ਕੰਪਲੀਟ ਕਰਾ ਦਿਤਾ ਜਾਏਗਾ ?

**ਮੰਤਰੀ**: ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ ।

**ਸਰਦਾਰ ਪ੍ਰਿਥੀਪਾਲ ਸਿੰਘ** : ਵਜ਼ੀਰ ਸਾਹਿਬ ਨੇ ਸ਼ਹਿਰਾਂ ਦੇ ਸਿਲਸਿਲੇ ਵਿਚ ਸਵਾਲ ਦੇ (ੳ) ਦੇ ਜਵਾਬ ਵਿਚ ਕਿਹਾ ਹੈ 'ਨਾ ਜੀ ।' ਮੇਰੇ ਹਲਕੇ ਵਿਚ ਸ਼ਹਿਰ ਵਿਚ 5 ਹਰੀਜਨ ਬਸਤੀਆਂ ਹਨ ਉਥੇ ਦੋ ਸਾਲਾਂ ਵਿਚ ਇਕ ਪੈਸਾ ਵੀ ਨਹੀਂ ਲਗਿਆ । ਆਇਆ ਸ਼ਹਿਰਾਂ ਵਿਚ ਹਰੀਜਨ ਬਸਤੀਆਂ ਦੀਆਂ ਗਲੀਆਂ ਔਰ ਨਾਲੀਆਂ ਪੱਕੀਆਂ ਕਰ ਦਿਤੀਆਂ ਜਾਣਗੀਆਂ ?

**ਮੰਤਰੀ** : ਸ਼ਹਿਰਾਂ ਵਿਚ ਕੰਮ ਕਰਨ ਦੀ ਜ਼ਿਮਵਾਰੀ ਮਿਉਂਸਿਪਲ ਕਮਟੀਆਂ ਦੀ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਪਿੰਡਾਂ ਵਿਚ ਜੋ ਗਲੀਆਂ ਨਾਲੀਆਂ ਪੱਕੀਆਂ ਕਰਨ ਬਾਰੇ ਫੈਸਲਾ ਕੀਤਾ ਜਾਂਦਾ ਹੈ ਉਹ ਪੁਲੀਟਿਕਲ ਅਧਾਰ ਤੇ ਕੀਤਾ ਜਾਂਦਾ ਹੈ। ਇਹ ਵਿਤਕਰਾ ਨਹੀਂ ਹੋਣਾ ਚਾਹੀਦਾ ਕਿਉਂਕਿ ਸਾਰਿਆਂ ਹਲਕਿਆਂ ਵਿਚ ਇਸ ਦੀ ਲੋੜ ਹੁੰਦੀ ਹੈ ।ਇਸ ਬਾਰੇ ਦੱਸਣਾ ਚਾਹੀਦਾ ਹੈ।

**ਸ਼੍ਰੀ ਸਪੀਕਰ** : ਇਹ ਕੋਈ ਸਪਲੀਮੈਂਟਰੀ ਨਹੀਂ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ** : ਜਦੋਂ ਪਿੰਡ ਸਕੀਮ ਵਿਚ ਆਉਂਦੇ ਹਨ ਅਤੇ ਉਥੇ ਕੰਮ ਕਰਨ ਵਾਸਤੇ ਜੋ ਐਸਟੀਮੇਟਸ ਬਣਦੇ ਹਨ ਇਹ ਐਸਟੀਮੇਟਸ ਮਹਿੰਗਾਈ ਨਾਲ ਅੱਧੇ ਵੀ ਨਹੀਂ ਰਹਿੰਦੇ ਅਤੇ ਕੰਮ ਕਾਫੀ ਰਹਿ ਜਾਂਦਾ ਹੈ । ਕੀ ਨਵਿਉਂ ਸਿਰਿਉਂ ਐਸਟੀਮੇਟਸ ਬਣਾ ਕੇ ਉਨ੍ਹਾਂ ਪਿਡਾਂ ਦੇ ਕੰਮ ਨੂੰ ਮੁਕੰਮਲ ਕਰਾਉਣ ਦਾ ਵਿਸ਼ਵਾਸ ਦਿਲਾਉਣਗੇ ?

**ਮੰਤਰੀ** : ਜਿਹੜੇ ਪਿੰਡਾਂ ਵਿਚ ਕੰਮ ਅਧੂਰਾ ਰਹਿ ਗਿਆ ਹੈ ਉਨ੍ਹਾਂ ਪਿੰਡਾਂ ਬਾਰੇ ਇਹ ਦੱਸ ਦੇਣ ਉਥੇ ਕੰਮ ਕਰਾ ਦਿਆਂਗੇ ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ ਮੇਰਾ ਵੀ ਇਸ ਤੇ ਸਵਾਲ ਸੀ ਪਰ ਉਸ ਨੂੰ ਪਿਛੇ ਰਖ ਦਿੱਤਾ ਜਾਂਦਾ ਹੈ ਅਤੇ ਉਸ ਦਾ ਕਦੇ ਜਵਾਬ ਨਹੀਂ ਆਉਂਦਾ। ਮੇਰਾ ਇਸ ਸਬੰਧ ਵਿਚ ਸਵਾਲ ਸੀ। 28 ਲੱਖ ਰੁਪਿਆ ਕੇਵਲ ਜਲੰਧਰ ਜ਼ਿਲ੍ਹੇ ਵਾਸਤੇ ਵਰਤਿਆ ਗਿਆ ਹੈ ਔਰ ਬਾਕੀ ਜ਼ਿਲ੍ਹੇ

Original with;
Punjab Vidhan Sabha
Digitized by;
Panjab Digital Library

ਵਾਸਤੇ 2,94 ਲੱਖ ਹੀ ਰਖਿਆ ਗਿਆ ਹੈ। ਵਜ਼ੀਰ ਸਾਹਿਬ ਨੇ ਆਪਣੇ ਜ਼ਿਲ੍ਹੇ ਵਿਚ ਹੀ ਸਾਰਾ ਰੁਪਿਆ ਲਗਾ ਦਿਤਾ ਹੈ। ਮੇਰੇ ਹਲਕੇ ਵਿਚ ਇਕ ਪਿੰਡ ਹੈ ਹਮਜ਼ਾ ਇਸ ਬਾਰੇ ਐਸਟੀਮੇਟ ਆ ਚੁਕਾ ਹੈ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਤਕ ਕਰਾ ਦਿਤਾ ਜਾਏਗਾ ?

**ਮੰਤਰੀ** : ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ ਇਨ੍ਹਾਂ ਨੂੰ ਵਾਜਬ ਜਵਾਬ ਦੇਣਾ ਚਾਹੀਦਾ ਹੈ। ਇਹ ਟਾਲਮ ਟੋਲ ਕਰ ਰਹੇ ਹਨ। ਇਸ ਤਰ੍ਹਾਂ ਨਾਲ ਵਜ਼ੀਰ ਸਾਹਿਬ ਦਾ ਵਤੀਰਾ ਠੀਕ ਨਹੀਂ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਇਹ ਆਪਣੀ ਮਰਜ਼ੀ ਨਾਲ ਹੀ ਇਹ ਕੰਮ ਕਰੀ ਜਾਂਦੇ ਹਨ । ਕਿਸੇ ਮੌਕੇ ਦੇ ਅਫਸਰ ਨੂੰ ਬੁਲਾ ਕੇ ਇਹ ਕੰਮ ਕਰਨਾ ਚਾਹੀਦਾ ਹੈ।

**ਮੰਤਰੀ** : ਮੈਂ ਬੜੇ ਅਦਬ ਨਾਲ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ । ਜੇਕਰ ਇਹ ਵਖਰਾ ਸਵਾਲ ਦੇ ਦੇਣ ਤਾਂ ਮੈਂ ਉਸ ਦਾ ਜਵਾਬ ਦੇ ਦਿਆਂਗਾ।

**ਸਰਦਾਰ ਬਸੰਤ ਸਿੰਘ ਖਾਲਸਾ** : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਪਿੰਡਾਂ ਨੂੰ ਚੁਣਨ ਦਾ ਤਰੀਕਾਕਾਰ ਕੀ ਹੈ ? ਕਿਸ ਦੀ ਹਾਜ਼ਰੀ ਵਿਚ ਇਹ ਪਿੰਡ ਇਸ ਕੰਮ ਲਈ ਚੁਣੇ ਜਾਂਦੇ ਹਨ ?

**ਮੰਤਰੀ** : ਇਹ ਸਵਾਲ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ ਸਾਨੂੰ ਪ੍ਰੋਟੈਕਸ਼ਨ ਦਿਓ ਜਵਾਬ ਠੀਕ ਆਉਣਾ ਚਾਹੀਦਾ ਹੈ। ਵਜ਼ੀਰ ਸਾਹਿਬ ਨੂੰ ਕਹੋ ਕਿ ਇਹ ਜਵਾਬ ਠੀਕ ਤਰ੍ਹਾਂ ਨਾਲ ਦੇਣ।

**ਸਰਦਾਰ ਬਸੰਤ ਸਿੰਘ ਖਾਲਸਾ** : ਇਹ ਸਾਰੇ ਪੰਜਾਬ ਦੇ ਹਰੀਜਨਾਂ ਦਾ ਮਸਲਾ ਹੈ। ਇਨ੍ਹਾਂ ਨੂੰ ਪਿੰਡਾਂ ਦੇ ਚੁਣਨ ਦਾ ਤਰੀਕਾਕਾਰ ਦਸਣਾ ਚਾਹੀਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ**: ਵਜ਼ੀਰ ਸਾਹਿਬ ਨੂੰ ਕਹੋ ਕਿ ਇਹ ਜਵਾਬ ਦੇਣ।

**ਸ੍ਰੀ ਸਪੀਕਰ** : ਇਨ੍ਹਾਂ ਨੇ ਵਜ਼ੀਰ ਸਾਹਿਬ ਤੋਂ ਸਵਾਲ ਪੁਛਿਆ ਹੈ ਕਿ ਤੁਹਾਡਾ ਪਿੰਡਾਂ ਨੂੰ ਚੁਣਨ ਦਾ ਤਰੀਕਾਕਾਰ ਕੀ ਹੈ ਇਸ ਬਾਰੇ ਵਜ਼ੀਰ ਸਾਹਿਬ ਨੂੰ ਜਵਾਬ ਦੇਣਾ ਚਾਹੀਦਾ ਹੈ।

**ਮੰਤਰੀ** : ਸਪੀਕਰ ਸਾਹਿਬ ਇਸ ਕੰਮ ਲਈ ਬੈਕਵਰਡ ਏਰੀਆ ਔਰ ਪਛੜੇ ਹੋਏ ਇਲਾਕੇ ਨੂੰ ਪਹਿਲ ਦਿੱਤੀ ਜਾਂਦੀ ਹੈ ।

**ਡਾਕਟਰ ਭਗਤ ਸਿੰਘ**. ਮਨਿਸਟਰ ਸਾਹਿਬ ਨੇ ਠੀਕ ਨਹੀਂ ਕਿਹਾ। ਮਨਿਸਟਰ ਸਾਹਿਬ ਨੂੰ ਕਹੋ ਕਿ ਇਹ ਇਸ ਬਾਰੇ ਪਿੰਡਾਂ ਨੂੰ ਚੁਣਨ ਦਾ ਕਰਾਈਟੇਰੀਆ ਜੋ ਹੈ ਉਸ ਨੂੰ ਇਹ ਸਦਨ ਦੀ ਮੇਜ਼ ਤੇ ਰਖਣ।

---

## Enhancement of income limit for Stipends to the Scheduled Castes Students

*1389. **Vaid Kartar Singh :** Will the Minister for Education be pleased to state whether there is any proposal under the consideration of the Government to enhance the limit of annual family income to Rs. 12,000 for

Original with;
Punjab Vidhan Sabha
Digitized by;
Panjab Digital Library

[Vaid Kartar Singh]

granting stipends at the school level to the students belonging to the Scheduled Castes and Backward Classes ; if so, the time by which it is likely to materalise ?

**ਚੌਧਰੀ ਜਗਤ ਰਾਮ (ਭਲਾਈ ਮੰਤਰੀ)** : ਹਾਂ ਜੀ, ਕੇਵਲ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਇਸ ਮਾਮਲੇ ਬਾਰੇ ਛੇਤੀ ਫੈਸਲਾ ਕਰਨ ਬਾਰੇ ਯਤਨ ਕੀਤੇ ਜਾ ਰਹੇ ਹਨ।

**ਵੈਦ ਕਰਤਾਰ ਸਿੰਘ** : ਇਹੀ ਸਵਾਲ ਪਿਛਲੇ ਸਾਲ ਵੀ ਇਸ ਹਾਉਸ ਵਿਚ ਆਇਆ ਸੀ ਕਿ ਜਿਹੜੇ ਹਰੀਜਨ ਵਿਦਿਆਰਥੀ ਪੜ੍ਹਦੇ ਹਨ ਉਨ੍ਹਾਂ ਨੂੰ ਵਜ਼ੀਫੇ ਆਦਿ ਦੇਣ ਵਾਸਤੇ ਆਮਦਨੀ ਦੀ ਹੱਦ 12,000 ਰੁਪਏ ਤਕ ਵਧਾਈ ਜਾਵੇਗੀ । ਉਦੋਂ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮਾਮਲਾ ਵਿਚਾਰ ਅਧੀਨ ਹੈ। ਇੱਕ ਸਾਲ ਦਾ ਅਰਸਾ ਹੋ ਗਿਆ ਹੈ ਪਰ ਅੱਜ ਫਿਰ ਉਹੀ ਜਵਾਬ ਆਇਆ ਹੈ ਕਿ ਇਹ ਚੀਜ਼ ਵਿਚਾਰ ਅਧੀਨ ਹੈ ਕਿ ਮਨਿਸਟਰ ਸਾਹਿਬ 31 ਮਾਰਚ, 1983 ਤਕ ਇਨ੍ਹਾਂ ਲਈ 12,000 ਦੀ ਹੱਦ ਮੁਕੱਰਰ ਕਰਨਗੇ ਅਤੇ ਹਰੀਜਨਾਂ ਨੂੰ ਇਸ ਤਰ੍ਹਾਂ ਕਰਕੇ ਲੋੜੀਂਦੀ ਰਿਆਇਤ ਦਿਤੀ ਜਾਏਗੀ ?

**ਮੰਤਰੀ** : ਸਪੀਕਰ ਸਾਹਿਬ ਵੈਸੇ ਇਸ ਦੇ ਲਈ ਸਰਕਾਰ ਬੜੀ ਉਤਾਵਲੀ ਹੈ ਕਿ ਇਸ ਦਾ ਵਿਚਾਰ ਕਰ ਕੇ ਇਸ ਦਾ ਕੁਝ ਕੀਤਾ ਜਾਵੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ ਪਿਛਲੀ ਵਾਰੀ ਅਸੀਂ ਸਾਰਿਆਂ ਨੇ ਰਲ ਕੇ ਸਵਾਲ ਦਿਤਾ ਸੀ ਇਕ ਸਾਲ ਹੋ ਗਿਆ ਹੈ ਇਨ੍ਹਾਂ ਨੇ ਕਿਹਾ ਸੀ ਕਿ ਉਹ ਸਾਡੇ ਵਿਚਾਰ ਅਧੀਨ ਹੈ । ਇਸ ਦਾ ਕੌਣ ਜ਼ਿਮੇਵਾਰ ਹੈ। ਇਹ ਗਰੀਬ ਸ਼੍ਰੇਣੀਆਂ ਦਾ ਸਵਾਲ ਹੈ। ਤੁਸੀਂ ਅੱਗੇ ਇਕ ਸਾਲ ਇਸ ਦਾ ਕੁਝ ਨਹੀਂ ਕੀਤਾ । ਕੀ ਅੱਗੇ ਲਈ ਵੀ ਇਹੀ ਸ਼ੋਅਰਿਟੀ ਦਿੰਦੇ ਹੋ ਕਿ ਇਸ ਨੂੰ ਵਿਚਾਰ ਅਧੀਨ ਰੱਖੋਗੇ ? ਹੁਣ ਇਸ ਨੂੰ ਕਦੋਂ ਤੱਕ ਫਾਈਨੇਲਾਈਜ਼ ਕਰ ਦਿਉਗੇ ?

**ਮੰਤਰੀ** : ਮੈਂ ਇਨ੍ਹਾਂ ਦਾ ਧੰਨਵਾਦੀ ਹਾਂ ਕਿ ਇਹ ਵੀ ਗਰੀਬਾਂ ਦਾ ਖਿਆਲ ਰਖਦੇ ਹਨ । ਸਾਡੀ ਸਰਕਾਰ ਤਾਂ ਗਰੀਬਾਂ ਦਾ ਬਹੁਤ ਖਿਆਲ ਰਖਦੀ ਹੈ । ਇਹ ਮਾਮਲਾ ਸਰਕਾਰ ਦੇ ਜ਼ੇਰੇ ਗੌਰ ਹੈ ਅਤੇ ਇਸ ਨੂੰ ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕਰਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈਂ ਪੁਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਦੇ ਵਜ਼ੀਫੇ ਦੇ ਫਾਰਮ ਤੇ ਪਹਿਲਾਂ ਐਮ. ਐਲ. ਏਜ਼ ਦਸਤਖਤ ਕਰਿਆ ਕਰਦੇ ਸਨ ਪਰ ਹੁਣ ਉਨ੍ਹਾਂ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ ਕਿਉਂ ਕਿ ਤਹਿਸੀਲਦਾਰ ਉਨ੍ਹਾਂ ਦੇ ਫਾਰਮਾਂ ਤੇ ਦਸਤਖਤ ਨਹੀਂ ਕਰਦੇ । ਇਸ ਲਈ ਕੀ ਵਜ਼ੀਰ ਸਾਹਿਬ ਮਜਬੂਰ ਹਨ ਕਿ ਸੀ. ਐਮ. ਜਾਂ ਐਫ. ਐਮ. ਉਨ੍ਹਾਂ ਦੀ ਗੱਲ ਨਹੀਂ ਮੰਨਦੇ ਕੀ ਇਨ੍ਹਾਂ ਦੇ ਮਹਿਕਮੇਂ ਨੇ ਇਹ ਮਾਮਲਾ ਕਦੇ ਕੈਬਨਿਟ ਵਿਚ ਲਿਆਂਦਾ ਜੇ ਲਿਆਂਦਾ ਤਾਂ ਕਦੋਂ ਲਿਆਂਦਾ ਅਤੇ ਸਰਕਾਰ ਨੇ ਉਸ ਵਿਚ ਕੀ ਰੁਕਾਵਟ ਪਾਈ ? 12 000 ਰੁਪਏ ਦੀ ਇਨਕਮ ਦੀ ਲਿਮਿਟ ਕਰਨ ਵਿਚ ਕੀ ਦਿਕਤ ਹੈ ?

**ਮੰਤਰੀ** : ਸਪੀਕਰ ਸਾਹਿਬ. ਵਿਚਾਰ ਅਧੀਨ ਕਹਿਣ ਦਾ ਮਤਲਬ ਇਹ ਹੁੰਦਾ ਹੈ ਕਿ ਸਰਕਾਰ ਸੋਚ ਵਿਚਾਰ ਕਰ ਰਹੀ ਹੈ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ ਇਹ ਬੜਾ ਅਹਿਮ ਮਸਲਾ ਹੈ। ਇਹ ਕਦੋਂ ਤਕ ਵਿਚਾਰ ਅਧੀਨ ਰਹੇਗਾ ? ਦੂਜਾ ਇਹ ਕਿ ਸ਼ਡਿਊਲਡ ਕਾਸਟਸ ਨੂੰ ਐਮ. ਐਲ. ਏ. ਵਲੋਂ ਸਰਟੀਫੀਕੇਟ ਦੇਣਾ ਇਸ ਨੂੰ ਅਫਸਰ/ਮਹਿਕਮੇਂ ਵਾਲੇ ਮੰਨਦੇ ਨਹੀਂ ਹਨ ਉਸ ਦੇ ਲਈ ਕੀ ਸਰਕਾਰ ਹਦਾਇਤਾਂ ਜਾਰੀ ਕਰ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਮੈਂ ਤਾਂ ਪਹਿਲਾਂ ਹੀ ਇਸ ਬਾਰੇ ਦੱਸ ਦਿਤਾ ਹੈ ਕਿ ਸਰਕਰ ਇਸ ਦੇ ਉਤੇ ਵਿਚਾਰ ਕਰ ਰਹੀ ਹੈ ਸੋਚ ਰਹੀ ਹੈ ।

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਿਹੜਾ ਜਵਾਬ ਦਿਤਾ ਹੈ ਕੀ ਉਸ ਨਾਲ ਤੁਹਾਡੀ ਤਸੱਲੀ ਹੋ ਗਈ ਹੈ ?

**ਸ਼੍ਰੀ ਸਪੀਕਰ :** ਉਨ੍ਹਾਂ ਨੇ ਕਿਹਾ ਹੈ ਕਿ ਹਾਊਸ ਦੀ ਰਾਏ ਦਾ ਉਨ੍ਹਾਂ ਨੂੰ ਪਤਾ ਲਗ ਗਿਆ ਹੈ। ਇਸ ਬਾਰੇ ਉਹ 31 ਮਾਰਚ ਤੋਂ ਪਹਿਲਾਂ ਫੈਸਲਾ ਕਰ ਲੈਣਗੇ ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ ਤੁਸੀਂ ਉਨ੍ਹਾਂ ਤੋਂ ਐਸ਼ੋਰੈਂਸ ਦਿਵਾਓ ਕਿ 31 ਮਾਰਚ ਤੱਕ ਉਹ ਇਸ ਦਾ ਫੈਸਲਾ ਕਰ ਦੇਣਗੇ ?

(ਕੋਈ ਉਤਰ ਨਹੀਂ ਦਿਤਾ ਗਿਆ ।)

**Setting up of a College for Girls at Munak in District Sangrur**

*1384. **Comrade Amar Singh :** Will the Minister for Education be pleased to state whether any proposal to set up a college for Girls at Munak, District Sangrur is under the consideration of the Government ; if so, the details thereof ?

**ਸਰਦਾਰ ਹਰਚਰਨ ਸਿੰਘ ਅਜਨਾਲਾ :** ਇਸ ਸਮੇਂ ਮੂਨਿਕ ਜ਼ਿਲ੍ਹਾ ਸੰਗਰੂਰ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ ਖੋਲ੍ਹਣ ਦੀ ਕੋਈ ਭੀ ਤਜ਼ਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ।

**ਕਾਮਰੇਡ ਅਮਰ ਸਿੰਘ:** ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਇਸ ਸਮੇਂ ਮੂਨਿਕ, ਜ਼ਿਲ੍ਹਾ ਸੰਗਰੂਰ ਵਿਖੇ ਲੜਕੀਆਂ ਦਾ ਸਰਕਾਰੀ ਕਾਲਜ ਖੋਲਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ । ਸਪੀਕਰ ਸਾਹਿਬ ਸਾਡਾ ਇਲਾਕਾ ਪਛੜਿਆ ਹੋਇਆ ਹੈ ਅਤੇ ਬੇਟ ਏਰੀਆ ਹੈ । ਨਾਲ ਹਰਿਆਣਾ ਲੱਗਦਾ ਹੈ। ਉਥੇ 70 ਕਿੱਲੋ ਮੀਟਰ ਦੀ ਵਿੱਥ ਵਿਚ ਕੋਈ ਕਾਲਜ ਲੜਕਿਆਂ ਜਾਂ ਲੜਕੀਆਂ ਦਾ ਸਰਕਾਰੀ ਜਾਂ ਗੈਰ ਸਰਕਾਰੀ ਨਹੀਂ ਹੈ। 20 ਹਾਈ ਸਕੂਲ ਹਨ। ਕੀ ਇਹ ਉਥੇ ਲੜਕੀਆਂ ਦਾ ਜਾਂ ਲੜਕਿਆਂ ਦਾ ਕੋਈ ਕਾਲਜ ਖੋਲਣ ਦਾ ਯਤਨ ਕਰਨਗੇ ?

**ਮੰਤਰੀ :** ਕਾਲਜ ਦੇ ਖੋਲਣ ਲਈ ਬਹੁਤ ਸਾਰੇ ਫੰਡਜ਼ ਚਾਹੀਦੇ ਹੁੰਦੇ ਹਨ। ਇਸ ਲਈ ਮੈਂ ਅਰਜ਼ ਕੀਤੀ ਹੈ ਕਿ ਇਸ ਸਮੇਂ ਸਰਕਾਰ ਦੇ ਵਿਚਾਰ ਅਧੀਨ ਕੋਈ ਐਸੀ ਤਜਵੀਜ਼ ਨਹੀਂ ਹੈ। ਜਿਨਾਂ ਚਿਰ ਫੰਡਜ਼ ਪ੍ਰੋਵਾਈਡ ਨਾ ਕੀਤੇ ਜਾਣ ਉਨਾਂ ਚਿਰ ਮੇਰਾ ਇਹ ਕਹਿਣਾ ਕਿ ਉਥੇ ਕਾਲਜ ਖੋਲਣਾ ਪਾਸੀਬਲ ਹੋ ਸਕੇਗਾ ਇਹ ਗਲਤ ਗੱਲ ਹੈ ।

**ਕਾਮਰੇਡ ਅਮਰ ਸਿੰਘ :** ਮੈਂ ਪੁਛਣਾ ਚਾਹੁੰਦਾ ਹਾਂ ਕਿ ਉਸ 70 ਕਿਲੋ ਮੀਟਰ ਤੱਕ ਕੋਈ ਕਾਲਜ ਨਹੀਂ ਹੈ ਜਦ ਕਿ 20 ਹਾਈ ਸਕੂਲ ਹਨ। ਮੁੰਡਿਆਂ/ਕੁੜੀਆਂ ਨੂੰ ਦੂਰ ਪੜ੍ਹਣ ਜਾਣ ਵਿਚ ਬੜੀ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਲਈ ਇਹ ਕਦੋਂ ਤਕ ਉਥੇ ਕਾਲਜ ਖੋਲਣ ਦੀ ਖੇਚਲ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ ਜ਼ਿਲ੍ਹਾ ਸੰਗਰੂਰ ਵਿਚ 3 ਸਰਕਾਰੀ ਕਾਲਜ ਲੜਕਿਆਂ ਦੇ ਹਨ 5 ਪ੍ਰਾਈਵੇਟ ਕਾਲਜ ਲੜਕਿਆਂ ਦੇ ਹਨ ਅਤੇ 2 ਪ੍ਰਾਈਵੇਟ ਕਾਲਜ ਲੜਕੀਆਂ ਦੇ ਹਨ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ:** ਮੈਂ ਪੁਛਣਾ ਚਾਹੁੰਦਾ ਹਾਂ ਕਿ ਸੰਗਰੂਰ ਜ਼ਿਲ੍ਹੇ ਦਾ ਅੱਧਾ ਏਰੀਆ ਬੈਕਵਰਡ ਹੈ ਪਰ ਉਸ ਦੇ ਲਈ ਇਕ ਵੀ ਕਾਲਜ ਨਹੀਂ ਹੈ ਪਰ ਹੁਣ ਵੀ ਇਹ ਗੱਲ ਇਨ੍ਹਾਂ ਦੇ ਜ਼ੇਰੇ ਗੌਰ ਨਹੀਂ ਹੈ। ਇਸ ਲਈ ਅਗਲੇ ਸਮੇਂ ਲਈ ਇਹ ਇਸ ਮਾਮਲੇ ਉਤੇ ਵਿਚਾਰ ਕਰਨ ਲਈ ਤਿਆਰ ਹਨ ?

**ਮੰਤਰੀ:** ਮੈਂ ਬੜਾ ਸਾਫ ਜਵਾਬ ਦਿਤਾ ਹੈ ਕਿ ਜਿੰਨਾ ਚਿਰ ਇਸ ਕੰਮ ਲਈ ਫੰਡਜ਼ ਨਾ ਪ੍ਰੋਵਾਈਡ ਕੀਤੇ ਜਾਣ ਉਨਾਂ ਚਿਰ ਕਾਲਜ ਖੋਲਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ।

**ਸਰਦਾਰ ਬਸੰਤ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਕਾਲਜ ਬਣਾਉਣ ਦਾ ਐਲਾਨ ਹੋ ਗਿਆ ਹੈ ਅਤੇ ਮਨਿਸਟਰ ਸਾਹਿਬ ਨੇ ਹਾਊਸ ਵਿਚ ਵੀ ਕਿਹਾ ਸੀ ਕਿ ਜਲਦੀ ਬਣਾਇਆ ਜਾਵੇਗਾ। ਉਸ ਦੀ ਕੀ ਪੁਜ਼ੀਸ਼ਨ ਹੈ ?

**ਮੰਤਰੀ:** ਸਪੀਕਰ ਸਾਹਿਬ ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅਲਕ ਨਹੀਂ ਹੈ।

---

**Upgradation of Dispensary at Mullanpur Dakha**

*1336. **Sardar Basant Singh Khalsa : Will the Minister for Health** be pleased to state whether there is any proposal to upgrade the Dispensary of Mandi Mullan Pur Dakha, district Ludhiana, if so, the details thereof and the time by which it is likely to be materialise ?

**ਸ਼੍ਰੀ ਜੋਗਿੰਦਰ ਪਾਲ ਪਾਂਡੇ:** ਅਜੇਹੀ ਕੋਈ ਤਜਵੀਜ਼ ਨਹੀਂ।

**ਸਰਦਾਰ ਬਸੰਤ ਸਿੰਘ ਖਾਲਸਾ:** ਵਜ਼ੀਰ ਸਾਹਿਬ ਨੇ ਮੇਰੇ ਸਵਾਲ ਦਾ ਜਵਾਬ ਇਕ ਲਫਜ਼ ਵਿਚ ਮੁਕਾ ਦਿਤਾ ਹੈ। ਅਸਲ ਗਲ ਇਹ ਹੈ ਕਿ ਪਿਛਲੀ ਵਾਰੀ ਵੀ ਮੈਂ ਸਵਾਲ ਕੀਤਾ ਸੀ ਤਾਂ ਕਪੂਰ ਸਾਹਿਬ ਨੇ ਟਾਲ ਦਿਤਾ ਸੀ। ਉਨ੍ਹਾਂ ਨੇ ਇਹ ਕਹਿ ਕੇ ਟਾਲ ਦਿਤਾ ਸੀ ਕਿ ਆ ਕੇ ਗਲ ਕਰ ਲੈਣਾ। ਮੁਲਾਂਪੁਰ ਨੋਟੀਫਾਈਡ ਏਰੀਆ ਕਮੇਟੀ ਹੈ। ਉਹ ਬਲਾਕ ਵਿਚ ਨਹੀਂ ਆਉਂਦਾ। ਪਿਛਲੀ ਵਾਰੀ ਇਨ੍ਹਾਂ ਨੇ ਮੁਲਾਂਪੁਰ ਮੰਡੀ ਤੇ ਨੋਟੀਫਾਈਡ ਏਰੀਆ ਕਮੇਟੀ ਨੂੰ ਬਲਾਕ ਨਾਲ ਜੋੜ ਦਿਤਾ ਸੀ ਅਤੇ ਸ਼ਹਿਰ ਵਾਲੀਆਂ ਉਸ ਨੂੰ ਸਹੂਲਤਾਂ ਮਿਲਦੀਆਂ ਹਨ। ਸਪੀਕਰ ਸਾਹਿਬ ਜਿਹੜੀ ਚੰਡੀਗੜ ਤੋਂ ਫਿਰੋਜ਼ਪੁਰ ਨੂੰ ਸੜਕ ਜਾਂਦੀ ਹੈ ਉਸ ਉਤੇ ਕਈ ਐਕਸੀਡੈਂਟ ਹੋ ਜਾਂਦੇ ਹਨ ਪਰ ਚੰਡੀਗੜ੍ਹ ਤੋਂ ਲੈ ਕੇ ਫਿਰੋਜ਼ਪੁਰ ਤਕ ਕੋਈ ਐਸਾ ਹਸਪਤਾਲ ਨਹੀਂ ਹੈ ਜਿਹੜਾ ਸੜਕ ਦੇ ਉਤੇ ਜਾ ਲਾਗੇ ਹੋਵੇ ਸੜਕ ਉਤੇ ਕੋਈ ਡਿਸਪੈਂ-ਸਰੀ ਨਹੀਂ ਹੈ ਦੂਰ ਤਾਂ ਬਹੁਤ ਸਾਰੀਆਂ ਹਨ। ਇਸ ਲਈ ਕੀ ਵਜ਼ੀਰ ਸਾਹਿਬ ਉਸ ਮੁਲਾਂਪੁਰ ਦੇ ਹਸਪ-ਤਾਲ ਨੂੰ ਅਪਗੇਰਡ ਕਰਨ ਦੀ ਐਸ਼ਿਉਰੈਂਸ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ ਜੋ ਮੈਂਬਰ ਸਾਹਿਬ ਨੇ ਇਨਫਰਮੇਸ਼ਨ ਮੰਗੀ ਸੀ ਮੈਂ ਉਸ ਦਾ ਜਵਾਬ ਦਿਤਾ ਸੀ। ਸਰਕਾਰ ਦੀ ਪਾਲਿਸੀ ਹੈ ਕਿ ਬਲਾਕ ਲੈਵਲ ਤੇ 25 ਬੈਡਜ਼ ਦਾ ਹਸਪਤਾਲ ਹੋਣਾ ਚਾਹੁੰਦਾ ਹੈ। ਸੋ ਉਥੇ ਕਟਾਣੀ ਕਲਾਂ ਆਲਰੈਡੀ ਇਕ ਹਸਪਤਾਲ ਐਗਜ਼ਿਸਟ ਕਰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਅਗਰ ਕੋਈ ਚੇਂਜ ਕਰਨ ਦੀ ਸਕੀਮ ਹੋਵੇਗੀ ਤਾਂ ਉਸ ਵੇਲੇ ਇਸ ਗੱਲ ਨੂੰ ਵੀ ਵਿਚਾਰ ਲਿਆ ਜਾਵੇਗਾ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕਟਾਣੀ ਕਲਾਂ ਅਤੇ ਮੁਲਾਂ ਪੁਰ ਦਾ ਕਿੰਨਾ ਫਰਕ ਹੈ ? ਕਟਾਣੀ ਕਲਾਂ ਤਾਂ ਸਮਰਾਲੇ ਦੇ ਨੇੜੇ ਹੈ ਅਤੇ

Original with;
Punjab Vidhan Sabha
Digitized by;
Panjab Digital Library

ਮੁਲਾਂਪੁਰ ਜਗਰਾਉਂ ਦੇ ਨੇੜੇ ਹੈ। ਇਸ ਲਈ ਇਸ ਸਥਿਤੀ ਨੂੰ ਮੁੱਖ ਰਖਦੇ ਹੋਏ ਕਿਉਂਕਿ ਇਹ ਬਹੁਤ ਵੱਡਾ ਮਸਲਾ ਹੈ ਅਤੇ ਮੁਲਾਂਪੁਰ ਬਲਾਕ ਵਿਚ ਨਹੀਂ ਆਉਂਦਾ ਅਤੇ ਉਹ ਸ਼ਹਿਰ ਦੇ ਨਾਲ ਆਉਂਦਾ ਹੈ ਅਤੇ ਉਸ ਨੂੰ ਸ਼ਹਿਰ ਵਾਲੀਆਂ ਸਹੂਲਤਾਂ ਮਿਲਦੀਆਂ ਹਨ ਕੀ ਉਸ ਡਿਸਪੈਂਸਰੀ ਨੂੰ ਅਪ ਗਰੇਡ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ ਜਿਥੇ ਵੀ ਹਸਪਤਾਲ ਬਣੇਗਾ ਉਹ ਕਿਸੇ ਬਲਾਕ ਵਿਚ ਜਾਂ ਕਿਸੇ ਨਾ ਕਿਸੇ ਏਰੀਆ ਵਿਚ ਜ਼ਰੂਰ ਆਵੇਗਾ। ਹਰ ਏਟੀਏ ਨੂੰ ਕੋਈ ਪਿੰਡ ਸਰਵ ਨਹੀਂ ਕਰ ਸਕਦਾ। ਸਪੀਕਰ ਸਾਹਿਬ ਮੁਲਾਂ ਪੁਰ ਨੂੰ ਲੁਧਿਆਣਾ ਬਹੁਤ ਨਜ਼ਦੀਕ ਹੈ ਅਤੇ ਲੁਧਿਆਣੇ ਸਿਵਲ ਹਸਪਤਾਲ ਹੈ। ਇਸ ਕਰ ਕੇ ਉਨ੍ਹਾਂ ਨੂੰ ਕਟਾਣੀ ਕਲਾਂ ਜਾਣ ਦੀ ਲੋੜ ਨਹੀਂ ਹੈ। ਇਹ ਲੁਧਿਆਣੇ ਜਾ ਸਕਦੇ ਹਨ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ ਮੇਰੀ ਬੇਨਤੀ ਇਹ ਹੈ ਕਿ ਲੁਧਿਆਣੇ ਸ਼ਹਿਰ ਨਾਲ ਤਾਂ ਬਹੁਤ ਸਾਰੇ ਬਲਾਕਾਂ ਦੇ ਪਿੰਡ ਲਗਦੇ ਹਨ ਅਤੇ ਲੁਧਿਆਣਾ ਸ਼ਹਿਰ ਦੇ ਨੇੜੇ ਹਨ ਇਕਲੇ ਮੇਰੇ ਹਲਕੇ ਦੇ ਬਲਾਕ ਦੇ ਪਿੰਡ ਹੀ ਨੇੜੇ ਨਹੀਂ ਪੈਂਦੇ। ਆਖੀਰ ਜੋ ਸਰਕਰ ਨੇ ਫੈਸਲਾ ਕੀਤਾ ਹੈ ਕਿ ਪਿੰਡਾਂ ਦੇ ਲੋਕਾਂ ਨੂੰ ਸਹੂਲਤ ਦੇਣੀ ਹੈ ਤਾਂ ਇਨ੍ਹਾਂ ਦੀ ਇਹ ਗਲ ਕਿਥੇ ਗਈ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦੇ ਲਈ ਟਾਲ ਮਟੋਲ ਨਾ ਕਰੋ. ਹਸਪਤਾਲ ਉਥੇ ਜ਼ਰੂਰ ਅਪ ਗਰੇਡ ਕਰਨਾ ਚਾਹੀਦਾ ਹੈ। ਕੀ ਵਜ਼ੀਰ ਸਾਹਿਬ ਉਸ ਹਸਪਾਤਲ ਅਪ ਗਰੇਡ ਕਰਨ ਲਈ ਐਸ਼ਿਉਰ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਕੋਈ ਟਾਲ ਮਟੋਲ ਤਾਂ ਨਹੀਂ ਕੀਤੀ, ਮੈਂ ਤਾਂ ਕਿਹਾ ਹੈ ਕਿ ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਉਸ ਬਲਾਕ ਵਿਚ ਇਕ ਹਸਪਤਾਲ ਹੈ।

---

**Setting up a 100-Bed Hospital at Mansa district Bhatinda**

*1392. **Comrade Buta Singh :** Will the Minister for Health be pleased to state whether there is any proposal under the considration of the Government to set up a 100-bed Hospital at Mansa, district Bhatinda ; if so, the time by which it is likely to be set up ?

**ਸ੍ਰੀ ਜੋਗਿੰਦਰ ਪਾਲ ਪਾਂਡੇ : ਸਿਵਲ ਹਸਪਤਾਲ, ਮਾਨਸਾ ਪਹਿਲਾਂ ਹੀ ਸਾਲ 1978-79 ਦੌਰਾਨ 50 ਬਿਸਤਰਿਆਂ ਤੋਂ 100 ਬਿਸਤਰਿਆਂ ਦੇ ਹਸਪਤਾਲ ਦੇ ਤੌਰ ਤੇ ਅਪਗਰੇਡ ਕੀਤਾ ਹੋਇਆ ਹੈ ਅਤੇ ਇਹ ਚਲ ਰਿਹਾ ਹੈ।**

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਹ ਅਪ ਗਰੇਡ ਕੀਤਾ ਹੋਇਆ ਹੈ ਪਰ ਮੇਰੀ ਬੇਨਤੀ ਹੈ ਕਿ 2 ਸਾਲ ਹੋ ਗਏ ਹਨ ਜਿਹੜੇ ਮਰਜ਼ੀ ਉਥੇ ਜਾਂਦੇ ਹਨ ਉਨ੍ਹਾਂ ਨੂੰ ਕੋਈ ਮੰਜੀ ਬਿਸਤਰਾ ਨਹੀਂ ਮਿਲਦਾ ਅਤੇ ਅੱਜ ਵੀ ਮਰੀਜ਼ ਜਾ ਕੇ ਦੇਖ ਲਓ ਉਥੇ ਬਾਹਰ ਬਿਨਾ ਮੰਜੀ ਤੋਂ, ਬਿਸਤਰੇ ਤੋਂ ਬੈਠੇ ਹਨ। ਦੋ ਸਾਲ ਹੋ ਗਏ ਹਨ ਬਿਲਡਿੰਗ ਮੁਕੰਮਲ ਨਹੀਂ ਹੋਈ ਅਤੇ ਕਈ ਕਮਰਿਆਂ ਵਿਚ ਫਰਸ਼ ਨਹੀਂ ਪਿਆ, ਲਕੜੀ ਦਾ ਕੰਮ ਸਾਰਾ ਬਕਾਇਆ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੋ ਕੰਮ ਉਸੇ ਬਿਲਡਿੰਗ ਦਾ ਬਕਾਇਆ ਪਿਆ ਹੈ, ਉਹ ਕਦੋਂ ਤਕ ਮੁਕੰਮਲ ਕਰਾ ਦੇਣਗੇ ?

**ਮੰਤਰੀ** : ਸਪੀਕਰ ਸਹਿਬ, ਇਨ੍ਹਾਂ ਨੇ ਸਵਾਲ ਕੀਤਾ ਸੀ

Will the Minister for Health be pleased to state whether there is any proposal under the considration of the Government to set up a 100 bed Hospital at Mansa, district Bhatinda, if so, the time by which it is likely to be set up

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਇਨ੍ਹਾਂ ਨੇ ਇਹ ਪੁਛਿਆ ਸੀ ਕਿ ਕਦੋਂ ਬਣਾਵੋਗੇ । ਮੈਂ ਦੱਸਿਆ ਹੈ ਕਿ ਬਣਿਆ ਹੋਇਆ ਹੈ ਅਤੇ ਉਥੇ ਕੰਮ ਚਲ ਰਿਹਾ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ ਜੇ ਲਿਖਣ ਵਿੱਚ ਕੋਈ ਟੈਕਨੀਕਲ ਗਲਤੀ ਰਹਿ ਗਈ ਹੈ ਤਾਂ ਉਸ ਦਾ ਜਵਾਬ ਵਜ਼ੀਰ ਸਾਹਿਬ ਟਾਲਣ ਦੀ ਕੋਸ਼ਿਸ਼ ਨਾ ਕਰਨ । ਉਥੇ ਦੀ ਬਿਲਡਿੰਗ ਇਨਕਮਪਲੀਟ ਹੈ। ਕੀ ਵਜ਼ੀਰ ਸਾਹਿਬ ਇਸ ਗਲ ਦਾ ਯਕੀਨ ਦੁਆਉਣਗੇ ਕਿ 31 ਮਾਰਚ ਤਕ ਯਾਨੀ ਇਸ ਫਾਈਨਾਂਸ਼ਿਅਲ ਈਅਰ ਵਿਚ ਬਿਲਡਿੰਗ ਕਮਪਲੀਟ ਕਰਵਾ ਕੇ ਲੋੜੀਂਦਾ ਸਾਮਾਨ ਪ੍ਰੋਵਾਈਡ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ ਇਹ ਬਿਲਕੁਲ ਨਵਾਂ ਸਵਾਲ ਪੈਦਾ ਹੋ ਗਿਆ ਹੈ। ਜੇ ਇਹ ਨਵਾਂ ਵੱਖਰਾ ਸਵਾਲ ਦੇ ਦੇਣ ਤਾਂ ਮੈਂ ਐਗਜ਼ਾਮਿਨ ਕਰਵਾ ਲਵਾਂਗਾ ।

**ਸਰਦਾਰ ਦਲੀਪ ਸਿੰਘ** ਪਾਂਧੀ : ਸਪੀਕਰ ਸਾਹਿਬ ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਪਹਿਲਾਂ ਹੀ ਟੌਹੜਾ ਬਾਦਸ਼ਾਹਪੁਰ ਅਮਲੋਹ ਅਤੇ ਮੰਡੀ ਗੋਬਿੰਦਗੜ ਵਿਖੇ ਹਸਪਤਾਲ ਅਪਗਰੇਡ ਕੀਤੇ ਹਨ ਨਵੇਂ ਹਸਪਤਾਲ ਦੀ ਤਾਂ ਬਾਅਦ ਦੀ ਗਲ ਹੈ ਜਿਹੜੇ ਪਹਿਲਾਂ ਦੇ ਅਪਗਰੇਡ ਕੀਤੇ ਹੋਏ ਹਨ ਉਥੇ ਨਾ ਬਿਲਡਿੰਗ ਕੰਪਲੀਟ ਹੈ ਅਤੇ ਨਾ ਹੀ ਸਟਾਫ ਪੂਰਾ ਗਿਆ ਹੈ ਕੀ ਵਜ਼ੀਰ ਸਾਹਿਬ ਉਨਾਂ ਥਾਵਾਂ ਤੇ ਸਟਾਫ ਪੂਰਾ ਭਿਜਵਾ ਦੇਣਗੇ ਅਤੇ ਬਿਲਡਿੰਗਾਂ ਮੁਕੰਮਲ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ ਇਹ ਤਾਂ ਬਿਲਕੁਲ ਨਵਾਂ ਸਵਾਲ ਹੈ । ਇਹ ਵੱਖਰਾ ਨੋਟਿਸ ਦੇ ਦੇਣ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ ਹਾਊਸ ਦੀ ਪ੍ਰੋਟੈਕਸ਼ਨ ਕਰੋ । ਹਰ ਗਲ ਨੂੰ ਵਜ਼ੀਰ ਸਾਹਿਬ ਟਾਲੀ ਜਾਂਦੇ ਹਨ।

**ਸ੍ਰੀ ਚਮਨ ਲਾਲ** : ਸਪੀਕਰ ਸਾਹਿਬ ਮੇਰੇ ਹਲਕੇ ਵਿੱਚ ਸੁਜਾਨਪੁਰ ਕੰਡੀ ਦਾ ਏਰੀਆ ਹੈ ਬੇਟ ਏਰੀਆ ਹੈ ਅਤੇ ਉਥੇ 27 ਹਜ਼ਾਰ ਦੀ ਆਬਾਦੀ ਹੈ। ਉਥੇ ਪਹਿਲਾਂ ਡਿਸਟ੍ਰਿਕਟ ਬੋਰਡ ਦਾ 4 ਮੰਜੀ ਦਾ ਹਸਪਤਾਲ ਸੀ ਜਿਹੜਾ ਕਿ ਹੁਣ ਗੌਰਮਿੰਟ ਨੇ ਸਰਕਾਰੀ ਤੌਰ ਤੇ ਆਪਣੇ ਕੋਲ ਲੈ ਲਿਆ ਹੈ। ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਹੁਣ ਉਹ ਹਸਪਤਾਲ ਜਦੋਂ ਗੌਰਮਿੰਟ ਨੇ ਲੈ ਲਿਆ ਹੈ ਤਾਂ ਇਸ ਨੂੰ ਹੁਣ 25 ਬੈਡਜ਼ ਦਾ ਹਸਪਤਾਲ ਕਦੋਂ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ ਮੇਰੇ ਦੋਸਤ ਸ੍ਰੀ ਚਮਨ ਲਾਲ ਜੀ ਜੇ ਇਸ ਦਾ ਜਵਾਬ ਅਸੈਂਬਲੀ ਵਿੱਚ ਲੈਣਾ ਚਾਹੁੰਦੇ ਹਨ ਤਾਂ ਇਸ ਦੇ ਵਾਸਤੇ ਵੱਖਰਾ ਸਵਾਲ ਕਰ ਦੇਣ । ਜੇ ਮੇਰੇ ਨਾਲ ਇਸ ਦੇ ਬਾਰੇ ਗਲ ਕਰਨਾ ਚਾਹੁੰਦੇ ਹਨ ਤਾਂ ਮੇਰੇ ਪਾਸ ਤਸ਼ਰੀਫ ਲੈ ਆਉਣ ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ ਮੈਂ ਹੈਲਥ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿਛਲੀ ਵਾਰੀ ਮੈਂ ਇਕ ਸਵਾਲ ਅੰਮ੍ਰਿਤਸਰ ਵਾਸਤੇ ਬਲਡ ਸਾਫ ਕਰਨ ਲਈ ਮਸ਼ੀਨ ਬਾਰੇ ਕੀਤਾ ਸੀ ਜਿਸ ਦਾ ਮੈਨੂੰ ਜਵਾਬ ਦਿਤਾ ਗਿਆ ਸੀ ਕਿ 31 ਮਾਰਚ ਤਕ ਲਗ ਜਾਵੇਗੀ। ਫਿਰ ਸਵਾਲ ਕੀਤਾ ਸੀ ਤਾਂ ਕਿਹਾ ਗਿਆ ਕਿ ਜਲਦੀ ਹੀ ਲਗ ਜਾਵੇਗੀ। ਹੁਣ ਦੂਸਰੀ 31 ਮਾਰਚ ਵੀ ਆਉਣ ਵਾਲੀ ਹੈ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਹੁਣ ਇਹ ਕਦੋਂ ਤਕ ਲਗ ਜਾਵੇਗੀ ਅਤੇ ਕੀ ਇਨ੍ਹਾਂ ਦੀ ਇਹੀ ਸਪੀਡ ਰਹੇਗੀ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ ਮੈਨੂੰ ਤਾਂ ਹਾਲੀਂ ਚਾਰਜ ਸੰਭਾਲੇ ਨੂੰ ਹੀ ਮਹੀਨਾ ਡੇਢ ਮਹੀਨਾ ਹੋਇਆ ਹੈ । ਮਾਨਯੋਗ ਮੈਂਬਰ ਸਾਹਿਬ ਪਤਾ ਨਹੀਂ ਕਿਹੜੀ 31 ਮਾਰਚ ਦੀ ਗਲ ਕਰਦੇ ਹਨ ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ ਇਨ੍ਹਾਂ ਨੂੰ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ । ਗੌਰਮਿੰਟ ਕੰਨਟੀਨਿਊ ਪ੍ਰੋਸੈਸ ਹੈ। ਇਹ ਕੋਈ ਮਤਲਬ ਨਹੀਂ ਕਿ ਇਹ ਵਜ਼ੀਰ ਇਸ ਮਹਿਕਮੇ ਦੇ ਕਦੋਂ ਬਣੇ ਜਾਂ ਕਦੋਂ ਨਾ ਬਣੇ। ਸਰਦਾਰ ਪ੍ਰਿਥੀਪਾਲ ਸਿੰਘ ਜੀ ਨੇ ਜੋ ਸਵਾਲ ਕੀਤਾ ਹੈ ਉਸ ਦਾ ਜਵਾਬ ਵਜ਼ੀਰ ਸਾਹਿਬ ਨੂੰ ਦੇਣਾ ਚਾਹੀਦਾ ਹੈ ।

(ਕੋਈ ਉਤਰ ਨਹੀਂ ਦਿਤਾ ਗਿਆ)

------

**Buses of Punjab Roadways and Pepsu Road Transport Corporation which ply from Delhi to Chandigarh and back**

*1244. **(1) Jathedar Naranjan Singh Patti** **(2) Sardar Major Singh Ubboke** : Will the Minister of State for Transport be pleased to state—

(a) the total number of buses of the Punjab Roadways and Pepsu Road Transport Corporation which ply daily from Delhi to Chandigarh and back ;

(b) whether there is any proposal under consideration of the Government to increase the number of trips of the said buses ?

**ਸਰਦਾਰ ਅਵਤਾਰ ਸਿੰਘ ਗਟਵਾਲੀ** : ਬਸਾਂ ਦਾ ਕੁਲ ਵੇਰਵਾ ਜਿਹੜੀਆਂ ਰੋਜ਼ ਦਿੱਲੀ ਤੋਂ ਚੰਡੀਗੜ ਆਉਂਦੀਆਂ ਹਨ ਹੇਠ ਲਿੱਖੇ ਅਨੁਸਾਰ ਹੈ ।

**ਪੰਜਾਬ ਰੋਡਵੇਜ** :

(ੳ) ਅੱਠ ਵਾਪਸੀ ਫੇਰੇ, ਜਿਨ੍ਹਾਂ ਵਿਚ ਦੋ ਫੇਰੇ ਦਿੱਲੀ ਤੇ ਚੰਡੀਗੜ ਦਰਮਿਆਨ ਅਤੇ ਛੇ ਵਾਪਸੀ ਫੇਰੇ ਦਿੱਲੀ ਅਤੇ ਦੂਜੇ ਸਟੇਸ਼ਨਾਂ ਵਿਚਕਾਰ ਜੋ ਬਰਾਸਤਾ ਚੰਡੀਗੜ੍ਹ ਚਲਦੇ ਹਨ. ਸ਼ਾਮਲ ਹਨ ।

**ਪੈਪਸੂ ਰੋਡ** ਟਰਾਂਸਪੋਰਟ ਕਾਰਪੋਰੇਸ਼ਨ : ਕੋਈ ਨਹੀਂ

(ਅ) ਦਿੱਲੀ ਚੰਡੀਗੜ੍ਹ ਅੰਤਰ ਰਾਜੀ ਰੂਟ ਤੇ ਹੋਰ ਫੇਰਿਆਂ ਵਿਚ ਵਾਧਾ ਹਰਿਆਣਾ ਰਾਜ ਅਤੇ ਦਿੱਲੀ ਸ਼ਾਸ਼ਨ ਨਾਲ ਸਾਂਝੇ ਸਮਝੌਤੇ ਵਿਚ ਸੋਧ ਹੋਣ ਤੇ ਹੀ ਵਿਚਾਰਿਆ ਜਾ ਸਕਦਾ ਹੈ।

**ਜੱਥੇਦਾਰ ਨਰੰਜਨ ਸਿੰਘ ਪੱਟੀ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੰਡੀਗੜ ਜੋ ਹੈ ਇਹ ਪੰਜਾਬ ਦੀ ਰਾਜਧਾਨੀ ਹੈ ਅਤੇ ਇਹ ਬੜੀ ਆਮਦਨ ਵਾਲਾ ਰੂਟ ਹੈ । ਪੰਜਾਬ ਵਿੱਚ ਅਗੇ ਹੀ ਟਰਾਂਸਪੋਰਟ ਨੂੰ ਘਾਟਾ ਪੈ ਰਿਹਾ ਹੈ। ਕੀ ਵਜ਼ੀਰ ਸਾਹਿਬ ਇਸ ਦਾ ਕੋਈ ਪ੍ਰਬੰਧ ਕਰਨਗੇ ਤਾ ਕਿ ਘਾਟਾ ਵੀ ਪੂਰਾ ਹੋ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਰੂਟ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਉਸ ਦਾ ਬਹੁਤਾ ਹਿੱਸਾ ਹਰਿਆਣੇ ਵਿਚ ਪੈਂਦਾ ਹੈ ਅਤੇ ਸਾਡਾ ਸਿਰਫ 25-30 ਕਿਲੋ ਮੀਟਰ ਹੀ ਪੈਂਦਾ ਹੈ। ਇਸ ਲਈ ਸਾਨੂੰ ਉਸ ਹਿਸਾਬ ਨਾਲ ਰੂਟ ਮਿਲੇ ਹੋਏ ਹਨ।

Original with;
Punjab Vidhan Sabha
Digitized by;
Panjab Digital Library

**ਜੱਥੇਦਾਰ ਨਰੰਜਨ ਸਿੰਘ ਪੱਟੀ** : ਸਪੀਕਰ ਸਾਹਿਬ ਮੈਂ ਤਾਂ ਦਿੱਲੀ ਵਾਸਤੇ ਹੀ ਕਿਹਾ ਹੈ।ਜੇ ਇਹ ਉਧਰ ਬਸਾਂ ਚਲਾਉਣਗੇ ਤਾਂ ਸਾਡੀ ਆਮਦਨੀ ਵੀ ਸਟੇਟ ਦੀ ਵੱਧੇਗੀ ?

**ਰਾਜ ਮੰਤਰੀ**: ਸਪੀਕਰ ਸਾਹਿਬ ਮੈਂ ਇਹੀ ਅਰਜ਼ ਕੀਤੀ ਹੈ ਕਿ ਦਿੱਲੀ-ਚੰਡੀਗੜ੍ਹ ਤੋਂ ਜਿਹੜਾ ਰੂਟ ਹੈ ਇਸ ਦੇ ਵਿਚ ਬਹੁਤਾ ਹਿੱਸਾ ਹਰਿਆਣਾ ਸਰਕਾਰ ਦੀ ਹੱਦ ਵਿਚ ਹੀ ਪੈਂਦਾ ਹੈ। ਸਾਡਾ 30 ਕਿਲੋਮੀਟਰ ਉਸ ਦੇ ਵਿਚ ਪੈਂਦਾ ਹੈ ਅਤੇ ਉਸ ਹਿਸਾਬ ਨਾਲ ਅਸੀਂ ਆਪਣਾ ਪੂਰਾ ਹਿਸਾ ਲਿਆ ਹੋਇਆ ਹੈ ਅਤੇ ਉਸ ਨੂੰ ਬੜੀ ਚੰਗੀ ਤਰ੍ਹਾਂ ਓਪਰੇਟ ਕਰ ਰਹੇ ਹਾਂ।

**ਸ੍ਰੀ ਸੇਵਾ ਰਾਮ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਚੰਡੀਗੜ੍ਹ-ਦਿੱਲੀ ਰੂਟ ਤੇ ਕੋਈ ਏਅਰ ਕੰਡੀਸ਼ਨ ਬੱਸ ਚਲਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਇਕ ਨਵਾਂ ਸਵਾਲ ਹੈ। ਵੈਸੇ ਉਨ੍ਹਾਂ ਦੀ ਜਾਣਕਾਰੀ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਮਸਲਾ ਵੀ ਹਰਿਆਣਾ ਸਰਕਾਰ ਨਾਲ ਚਲ ਰਿਹਾ ਹੈ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਤੋਂ ਦਿੱਲੀ ਵਾਇਆ ਚੰਡੀਗੜ੍ਹ ਬੱਸ ਪੰਜਾਬ ਟੂਰਿਜ਼ਮ ਚਲਾਉਂਦੀ ਹੈ ਜਾਂ ਦਿਲੀ ਟੂਰਿਜ਼ਮ ਚਲਾਉਂਦੀ ਹੈ ਜੇ ਪੰਜਾਬ ਟੂਰਿਜ਼ਮ ਚਲਾਉਂਦੀ ਹੈ ਤਾਂ ਉਸ ਦੇ ਵਿਚ ਐਮ ਐਲ. ਏਜ਼. ਕਿਉਂ ਨਹੀਂ ਅਲਾਊਡ ?

**ਰਾਜ ਮੰਤਰੀ** : ਮੈਂ ਸਪੀਕਰ ਸਾਹਿਬ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਬਿਲ ਕੁਲ ਨਵਾਂ ਸਵਾਲ ਹੈ। ਉਹ ਇਸ ਦੇ ਬਾਰੇ ਵੱਖਰਾ ਸਵਾਲ ਕਰ ਦੇਣ ਮੈਂ ਜਵਾਬ ਦੇ ਦੇਵਾਂ-ਗਾ।

**ਪ੍ਰੋਫੈਸਰ ਬਲਵੰਤ ਸਿੰਘ** : ਮੈਂ ਮਨਿਸਟਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਬੱਸਾਂ ਦਿੱਲੀ ਨੂੰ ਜਾਂਦੀਆਂ ਹਨ ਉਨ੍ਹਾਂ ਦੇ ਐਕਸੀਡੈਂਟਸ ਬਹੁਤ ਹੁੰਦੇ ਹਨ, ਕੀ ਵਜ਼ੀਰ ਸਾਹਿਬ ਦੱਸ ਸਕਣਗੇ ਕਿ ਉਨ੍ਹਾਂ ਦੀ ਸਪੀਡ ਕੀ ਨਿਰਧਾਰਤ ਕੀਤੀ ਹੋਈ ਹੈ ਅਤੇ ਕੀ ਉਹ ਮੋਟਰ ਵੈਹੀਕਲ ਐਕਟ ਦੇ ਤਹਿਤ ਨਿਰ-ਧਾਰਤ ਸਪੀਡ ਤੇ ਚਲਦੀਆਂ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਕੁਐਸ਼ਚਨ ਦੇ ਨਾਲ ਸਪੀਡ ਦਾ ਕੋਈ ਸਬੰਧ ਨਹੀਂ ਹੈ। ਦੂਸਰੀ ਗਲ ਇਹ ਹੈ ਕਿ ਸਪੀਡ ਮੋਟਰ ਵੈਹੀਕਲ ਐਕਟ ਦੇ ਤਹਿਤ ਜੋ ਪ੍ਰੈਸਕ੍ਰਾਈਬਡ ਕੀਤੀ ਹੋਈ ਹੈ ਉਹੀ ਹੁੰਦੀ ਹੈ। ਜੇ ਕੋਈ ਖਾਸ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਉਹ ਦੱਸ ਦੇਣ। ਮੈਂ ਇਨ੍ਹਾਂ ਨੂੰ ਇਹ ਵੀ ਕਹਾਂਗਾ ਕਿ ਘੱਟੋ ਘੱਟ ਇਹ ਆਪਣੀ ਸਪੀਡ ਹੌਲੀ ਜ਼ਰੂਰ ਰਖਣ।

**ਸ੍ਰੀ ਸਪੀਕਰ** : ਮੈਂ, ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਪ੍ਰੋਫੈਸਰ ਸਾਹਿਬ ਦਾ ਜਨਰਲ ਜਿਹਾ ਸਪਲੀਮੈਂਟਰੀ ਹੈ, ਉਸ ਦਾ ਜਵਾਬ ਦੇਣਾ ਚਾਹੀਦਾ ਹੈ। ਜਨਰਲ ਇਨਫਰਮੇਸ਼ਨ ਮੰਗੀ ਹੈ ਕਿ ਕਿੰਨੀ ਸਪੀਡ ਹੈ, ਇਹ ਦਸ ਦੇਣ।

**ਸ੍ਰੀ ਸੰਤ ਰਾਮ ਸਿੰਗਲਾ** : ਸਪੀਕਰ ਸਾਹਿਬ ਜਿਹੜੀ ਲੰਮੇ ਰੂਟ ਦੀਆਂ ਬਸਾਂ ਹਨ ਉਹ ਅੱਡਿਆਂ ਤੋਂ ਇਲਾਵਾ ਪ੍ਰਾਈਵੇਟ ਢਾਬਿਆਂ ਤੇ ਖੜੀਆਂ ਕਰ ਦਿਤੀਆਂ ਜਾਂਦੀਆਂ ਹਨ। ਉਹ ਢਾਬੇ ਵਾਲੇ

Original with;
Punjab Vidhan Sabha
Digitized by;
Panjab Digital Library

ਡਰਾਈਵਰਾਂ ਨਾਲ ਮਿਲੇ ਹੋਏ ਹੁੰਦੇ ਹਨ । ਉਥੇ ਖਾਣ ਪੀਣ ਦੀਆਂ ਚੀਜ਼ਾਂ ਦਾ ਬਹੁਤ ਮਾੜਾ ਇੰਤਜ਼ਾਮ ਹੁੰਦਾ ਹੈ ਦੂਸਰੇ ਉਹ ਪੈਸੇ ਵੀ ਜ਼ਿਆਦਾ ਲੈਂਦੇ ਹਨ। ਕੀ ਮੰਤਰੀ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਰਿਕੁਗਨਾਈਜ਼ਡ ਅੱਡਿਆਂ ਤੋਂ ਇਲਾਵਾ ਬੱਸਾਂ ਹੋਰ ਕਿਤੇ ਨਾ ਖੜੀਆਂ ਹੋਣ।

**ਰਾਜ ਮੰਤਰੀ** : ਸਪੀਕਰ ਸਾਹਿਬ. ਇਸ ਦਾ ਅਸਲ ਸੁਆਲ ਦੇ ਨਾਲ ਕਈ ਸਬੰਧ ਨਹੀਂ ਹੈ, ਅਗਰ ਮੈਂਬਰ ਸਾਹਿਬ ਦੇ ਨੋਟਿਸ ਵਿਚ ਹੈ ਕਿ ਕਿਸੇ ਐਸੀ ਜਗਾ ਤੇ ਬੱਸਾਂ ਖੜੀਆਂ ਹੁੰਦੀਆਂ ਹਨ ਤਾਂ ਇਹ ਮੇਰੇ ਨੋਟਿਸ ਵਿਚ ਲਿਆ ਦੇਣ ਵੇਖ ਲਵਾਂਗੇ ।

**ਸ਼੍ਰੀ ਸਪੀਕਰ** : ਮੰਤਰੀ ਜੀ, ਮੈਂਬਰ ਸਾਹਿਬ ਇਹ ਆਸ਼ਵਾਸਨ ਚਾਹੁੰਦੇ ਹਨ ਕਿ ਤੁਸੀਂ ਇੰਨ-ਸਟਰੱਕਸ਼ਨਜ਼ ਇਸ਼ੂ ਕਰ ਦਿਓ ਕਿ ਪ੍ਰੈਸਕਰਾਈਬਡ ਬੱਸ ਸਟੈਂਡ ਤੋਂ ਇਲਾਵਾ ਹੋਰ ਜਗ੍ਹਾਂ ਤੇ ਬਸਾਂ ਨਾ ਖੜੀਆਂ ਕੀਤੀਆਂ ਜਾਣ।

**ਰਾਜ ਮੰਤਰੀ** : ਇਹ ਇਨਸਟਰਕਸ਼ਨਜ਼ ਆਲਰੇਡੀ ਹਨ ਜੀ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਰਾਜ ਪੁਰਾ ਬੱਸ ਸਟੈਂਡ ਤੇ ਬੱਸ ਨਹੀਂ ਖੜੀ ਕਰਦੇ ਬਲਕਿ ਦੂਜੇ ਢਾਬਿਆਂ ਤੇ ਖੜੀ ਕਰ ਦਿੰਦੇ ਹਨ ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਸਪਲੀਮੈਂਟਰੀ ਕਰਨ ਤੋਂ ਪਹਿਲਾਂ ਅਰਜ਼ ਕਰਦਾ ਹਾਂ ਕਿ ਮੈਂ ਕਦੀ ਕਦਾਈਂ ਖੜਾ ਹੁੰਦਾ ਹਾਂ ਮੇਰੇ ਵਲ ਧਿਆਨ ਦੇਣ ਦੀ ਕਿਰਪਾ ਕਰਿਆ ਕਰੋ। ਸਪੀਕਰ ਸਾਹਿਬ, ਦਿੱਲੀ ਰਾਜਧਾਨੀ ਹੈ ਇਸ ਲਈ ਲੋਕਾਂ ਨੂੰ ਉਥੇ ਆਉਣਾ ਜਾਣਾ ਪੈਂਦਾ ਹੈ ਅਤੇ ਹੋਰ ਸਟੇਟਾਂ ਦੀਆਂ ਬੱਸਾਂ ਵੀ ਉਥੇ ਜਾਂਦੀਆਂ ਹਨ। ਸਾਡੀ ਬਾਰਡਰ ਦੀ ਸਟੇਟ ਹੈ ਇਧਰ ਕਿਸ ਨੇ ਆਉਣਾ ਹੈ। ਕੀ ਇਹ ਕੋਈ ਪ੍ਰੈਫਰੈਂਸ਼ੀਅਲ ਟਰੀਟਮੈਂਟ ਦਿੱਲੀ ਦੇ ਰੂਟ ਤੇ ਦਿੱਲੀ ਨੂੰ ਜਾਣ ਵਾਸਤੇ ਏਅਰ ਕੰਡੀਸ਼ਨਡ ਬਸਾਂ ਦਾ ਉਪਰਾਲਾ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਦਿੱਲੀ ਨੂੰ ਪੰਜਾਬ ਰੋਡਵੇਜ਼ ਦੀਆਂ ਬਹੁਤ ਬਸਾਂ ਜਾਂਦੀਆਂ ਹਨ ਕਿਉਂ ਕਿ ਸਾਡੀ ਕੋਸ਼ਿਸ਼ ਹੈ ਕਿ ਦਿੱਲੀ ਜਾਣ ਵਾਲੇ ਲੋਕਾਂ ਨੂੰ ਪੂਰੀ ਸਹੂਲਤ ਮਿਲੇ। ਅਗਰ ਫਿਰ ਵੀ ਇਹ ਸੋਚਦੇ ਹਨ ਕਿ ਕਿਤੇ ਕਮੀ ਹੈ ਤਾਂ ਇਹ ਦਸ ਦੇਣ ਅਸੀਂ ਗੌਰ ਕਰ ਲਵਾਂਗੇ ।

## Upgradation of Punjab Roadways Sub-Depot at Jagraon

*1248. **Sardar Jagroop Singh:** Will the Minister of State for Transport be pleased to state whether there is any proposal under the consideration of the Government for the upgradation of Punjab Roadways Sub Depot at Jagraon ; if so, the time by which it is likely to materialise ?

**Sardar Avtar Singh Gatwali** : No, Sir.

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਮੇਰਾ ਸੁਆਲ ਸੀ ਜਗਰਾਉਂ ਵਿਚ ਪੰਜਾਬ ਰੋਡ ਵੇਜ਼ ਦਾ ਸੱਬ ਡਿਪੂ ਹੈ ਉਸ ਨੂੰ ਡਿਪੂ ਬਣਾਇਆ ਜਾਏ । ਮੈਂ ਦਸਣਾ ਚਾਹੁੰਦਾ ਹਾਂ ਕਿ ਜਗਰਾਉਂ ਸੱਬ ਡਵੀਜ਼ਨ ਹੈ ਜਿੱਥੋਂ ਬਹੁਤ ਸਾਰੇ ਰੂਟਾਂ ਨੂੰ ਬੱਸਾਂ ਜਾਂਦੀਆਂ ਹਨ, ਜਿਸ ਤਰ੍ਹਾਂ ਜਗਰਾਉਂ-ਫਿਰੋਜ਼ਪੁਰ, ਜਗਰਾਉਂ-ਲੁਧਿਆਣਾ, ਜਗਰਾਉਂ ਨਿਹਾਲ ਸਿੰਘ ਵਾਲਾ, ਜਗਰਾਉਂ-ਅੰਮ੍ਰਿਤਸਰ। ਇਸ ਤੋਂ ਇਲਾਵਾ ਪਿੰਡਾਂ ਨੂੰ ਬਹੁਤ ਸਾਰੀਆਂ ਬੱਸਾਂ ਚਲਦੀਆਂ ਹਨ। ਇਹ ਲਾਲਾ ਲਾਜਪਤ ਰਾਏ ਦਾ ਸ਼ਹਿਰ ਹੈ। ਲੋਕਾਂ ਦੀ ਬੜੇ ਚਿਰ ਦੀ ਮੰਗ ਹੈ। ਮੈਂ ਪੁਛਣਾ ਇਹ ਚਾਹੁੰਦਾ ਹਾਂ ਕਿ ਸਾਡਾ ਜਿਹੜਾ ਇਹ ਸੱਬ ਡਿਪੂ ਹੈ ਇਸ ਨੂੰ ਡਿਪੂ ਕਦੋਂ ਤਕ ਬਣਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਜਵਾਬ ਦਿਤਾ ਹੈ 'ਨਹੀਂ'। ਇਹ ਇਸ ਲਈ 'ਨਹੀਂ' ਕਿਹਾ ਹੈ ਕਿਉਂ ਕਿ ਪੰਜਾਬ ਰੋਡਵੇਜ਼ ਦੀ ਮਾਲੀ ਹਾਲਤ ਇਤਨੀ ਚੰਗੀ ਨਹੀਂ ਅਤੇ ਮਾਲੀ ਹਾਲਤ ਨੂੰ ਮੱਦੇ ਨਜ਼ਰ ਰਖ ਕੇ ਹੀ ਇਹ ਕਿਹਾ ਹੈ ।

---

**Starting of an I.T.I. in Munak, District Sangrur**

*1383. **Comrade Amar Singh :** Will the Minister of State for Rehabilitation and Industries be pleased to state whether any proposal to start an Industrial Training Institute in Munak (Block Lehra, District Sangrur) is under the consideration of the Government ; if so, the time by which it is likely to start functioning ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਨਹੀਂ ਜੀ।

**ਕਾਮਰੇਡ ਅਮਰ ਸਿੰਘ** : ਸਪੀਕਰ ਸਾਹਿਬ, ਜ਼ਿਲ੍ਹਾ ਸੰਗਰੂਰ ਮਰਕਜ਼ ਵਲੋਂ ਸੱਨਤੀ ਤੌਰ ਤੇ ਪਛੜਿਆ ਹੋਇਆ ਕਰਾਰ ਦਿਤਾ ਗਿਆ ਹੈ। ਇਸ ਦਾ ਬਹੁਤ ਏਰੀਆ ਬੇਟ ਏਰੀਆ ਵਿਚ ਪੈਂਦਾ ਹੈ। ਵਜ਼ੀਰ ਸਾਹਿਬ ਦਾ ਜਵਾਬ ਆਇਆ ਹੈ ਉਥੇ ਨਹੀਂ ਖੋਲ੍ਹਣਾ। ਮੈਂ ਕਹਿੰਦਾ ਹਾਂ ਕਿ ਇਸ ਚੀਜ਼ ਨੂੰ ਮੱਦੇਨਜ਼ਰ ਰਖਦੇ ਹੋਏ ਕੀ ਉਥੇ ਆਈ. ਟੀ. ਆਈ. ਖੋਲ੍ਹਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੂਣਕ ਤੋਂ ਸੁਨਾਮ 58 ਕਿਲੋ ਮੀਟਰ ਤੇ ਹੈ ਉਥੇ ਆਈ. ਟੀ ਆਈ. ਹੈ। ਬੁਢਲਾਡਾ 10 ਕਿਲੋਮੀਟਰ ਤੇ ਹੈ ਅਤੇ ਉਥੇ ਵੀ ਇਹ ਚਲ ਰਿਹਾ ਹੈ। ਸਾਡਾ ਕਰਾਈਟੇਰੀਆ ਇਹ ਹੈ ਕਿ ਇਹ ਖੋਲ੍ਹਣ ਲਈ 20 ਕਿਲੋ ਮੀਟਰ ਤਕ ਦਾ ਫਾਸਲਾ ਹੋਵੇ, ਇਸ ਕਰ ਕੇ ਉਥੇ ਨਹੀਂ ਖੋਲ੍ਹਿਆ ਜਾ ਸਕਦਾ ।

**ਕਾਮਰੇਡ ਅਮਰ ਸਿੰਘ** : ਲੈਹਿਰਾਗਾਗਾ ਤੋਂ ਸੁਨਾਮ 8 ਕਿਲੋ ਮੀਟਰ ਹੈ ਪਰ ਘਨੌਰੀ ਮੂਣਕ ਤੋਂ 60 ਕਿਲੋ ਮੀਟਰ ਪੈਂਦਾ ਹੈ। ਵਜ਼ੀਰ ਸਾਹਿਬ ਨੇ ਠੀਕ ਜਵਾਬ ਨਹੀਂ ਦਿੱਤਾ।

**ਰਾਜ ਮੰਤਰੀ** : ਸਪੀਕਰ ਸਾਹਿਬ. ਮੈਂ ਜਵਾਬ ਠੀਕ ਦਿੱਤਾ ਹੈ। ਦੂਸਰੇ ਆਈ. ਟੀ. ਆਈ. ਖੋਲ੍ਹਣ ਤੇ 40 ਲੱਖ ਰੁਪਿਆ ਲਗਦਾ ਹੈ, ਨਾਲ ਹੀ ਇਹ ਪਿੰਡ 20 ਕਿਲੋ ਮੀਟਰ ਵਾਲੀ ਸ਼ਰਤ ਵੀ ਪੂਰੀ ਨਹੀਂ ਕਰਦਾ ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਜਿਹੜੀ ਪਹਿਲਾਂ ਇਨਫਰਮੇਸ਼ਨ ਦਿੱਤੀ ਹੈ ਉਹ ਗਲਤ ਹੈ। ਮੂਣਕ ਤੋਂ ਬੁਢਲਾਡਾ 25 ਮੀਲ ਹੈ। 9 ਮੀਲ ਤਾਂ ਮੂਣਕ ਤੋਂ ਜਾਖਲ ਹੈ ਅਤੇ ਸੁਨਾਮ 20 ਮੀਲ ਤੇ ਪੈਂਦਾ ਹੈ ਅਤੇ ਲਹਿਰਾਗਾਗਾ ਦੇ ਵਿਚ ਦੀ ਜਾਣਾ ਪੈਂਦਾ ਹੈ। ਪੰਜਾਬ ਸਰਕਾਰ ਵਲੋਂ ਇਹ ਪੱਛੜਿਆ ਇਲਾਕਾ ਕਰਾਰ ਦਿੱਤਾ ਹੋਇਆ ਹੈ, ਇਥੋਂ ਦੇ ਲੋਕ ਪਛੜੇ ਹੋਏ ਹਨ। ਇਸ ਗਲ ਨੂੰ ਮੱਦੇ ਨਜ਼ਰ ਰਖਦੇ ਹੋਏ ਕੀ ਮੂਣਕ ਵਿਖੇ ਆਈ. ਟੀ. ਆਈ. ਖੋਲ੍ਹਣ ਦਾ ਉਪਰਾਲਾ ਕਰਨਗੇ ਤਾਂਕਿ ਬੱਚਿਆਂ ਨੂੰ ਅਰਾਮ ਮਿਲ ਸਕੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਠੀਕ ਜਵਾਬ ਦਿਤਾ ਹੈ। ਇਕ ਆਈ. ਟੀ. ਆਈ. ਸੁਨਾਮ ਚਲ ਰਿਹਾ ਹੈ ਅਤੇ ਦੂਸਰਾ ਬੁਢਲਾਡੇ ਵਿਚ ਵੀ ਚਲ ਰਿਹਾ ਹੈ। ਉਥੇ ਆਈ. ਟੀ. ਆਈ. ਖੋਲਣ ਦਾ ਅੱਜੇ ਕੋਈ ਵਿਚਾਰ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**Compensation to Sufferers of Punjab Border during Indo-Pak War, 1971**

*1208. (1) **Sardar Major Singh Ubboke**
(2) **Sardar Naranjan Singh Patti** : Will the Minister of State for Rehabilitation and Industries be pleased to state—

(a) whether any compensation was given by the State Government to the sufferers of Punjab Border during Indo-Pak War of 1971 ; if so, the amount of compensation sanctioned for village Dall of Tehsil Patti ; District Amritsar ;

(b) whether the whole sanctioned amount of compensation was disbursed to the sufferers of the said village, if not, the reasons therefor ?

**ਸਰਦਾਰ ਦਰਸ਼ਨ ਸਿੰਘ ਕੇ. ਪੀ.** : (ੳ) ਹਾਂ ਜੀ, ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ 'ਡੱਲ' ਲਈ ਮੁਆਵਜ਼ੇ ਦੀ ਰੁਪਏ 15,90,869--32 ਪੈਸੇ ਦੀ ਰਕਮ ਮਨਜ਼ੂਰ ਕੀਤੀ ਗਈ ਸੀ ।

(ਅ) ਮੁਆਵਜ਼ੇ ਦੀ ਮਨਜ਼ੂਰ ਕੀਤੀ ਗਈ ਰਕਮ ਵਿਚੋਂ ਰੁਪਏ 14,51,513-96 ਪੈਸੇ ਦੀ ਰਕਮ ਉਕਤ ਪਿੰਡ ਦੇ ਪੀੜਤਾਂ ਨੂੰ ਵੰਡ ਦਿਤੀ ਗਈ ਹੈ । ਬਾਕੀ ਰੁਪਏ 1,39,355-36 ਪੈਸੇ ਦੀ ਮੁਆਵਜ਼ੇ ਦੀ ਰਕਮ ਕੇਸਾਂ ਵਿਚ ਵਿਵਾਦ ਹੋਣ ਕਾਰਣ ਅਤੇ ਕੁਝ ਕੇਸਾਂ ਵਿਚ ਮਹਾਂ ਲੇਖਾ ਕਾਰ ਪੰਜਾਬ ਦੁਆਰਾ ਇਤਰਾਜ਼ ਲਾਉਣ ਕਾਰਣ ਨਹੀਂ ਵੰਡੀ ਜਾ ਸਕੀ । ਇਨ੍ਹਾਂ ਕੇਸਾਂ ਵਿਚ ਮਹਾਂ ਲੇਖਾ ਕਾਰ ਤੋਂ ਰੀਵਿਊ ਕਰਵਾਇਆ ਜਾ ਰਿਹਾ ਹੈ ਅਤੇ ਇਤਰਾਜ਼ ਸੈਟਲ ਹੋ ਜਾਣ ਤੇ ਰਹਿੰਦੀ ਰਕਮ ਦੀ ਅਦਾਇਗੀ ਕਰ ਦਿਤੀ ਜਾਵੇਗੀ ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਬਹੁਤ ਦੁੱਖ ਦੀ ਗਲ ਹੈ ਕਿ 1971 ਦੀ ਹਿੰਦ-ਪਾਕ ਦੀ ਲੜਾਈ ਵਿਚ ਉਜੜੇ ਹੋਏ ਲੋਕਾਂ ਨੂੰ ਅਜੇ ਤਕ ਮੁਆਵਜ਼ਾ ਨਹੀਂ ਦਿਤਾ ਗਿਆ । ਇਹ ਲੋਕ ਸਭ ਤੋਂ ਪਹਿਲਾਂ ਪਾਕਿਸਤਾਨੀ ਜੰਗ ਦਾ ਸ਼ਿਕਾਰ ਹੋਏ । ਇਹ ਸਰਕਾਰ ਦੀ ਲਾਪਰਵਾਹੀ ਦਾ ਹੀ ਨਤੀਜਾ ਹੈ ਕਿ ਉਹ ਲੋਕ ਅਜੇ ਵੀ ਭਟਕ ਰਹੇ ਹਨ । ਇਨ੍ਹਾਂ ਨੂੰ ਅਜ ਤਕ 1 ਲੱਖ 39 ਹਜ਼ਾਰ ਰੁਪਏ ਦੇ ਕਰੀਬ ਇਸ ਸਰਕਾਰ ਨੇ ਨਹੀਂ ਦਿਤਾ । ਕੀ ਵਜ਼ੀਰ ਸਾਹਿਬ ਕਿਰਪਾ ਕਰ ਕੇ ਇਹ ਵਿਸ਼ਵਾਸ ਦਿਵਾਉਣ ਦੀ ਖੇਚਲ ਕਰਣਗੇ ਕਿ ਕਦੋਂ ਤਕ ਇਹ ਰੁਪਿਆ ਉਨ੍ਹਾਂ ਗਰੀਬਾਂ ਨੂੰ ਦਿਵਾ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ. ਇਕ ਆਬਜੈਕਸ਼ਨ ਲੱਗਾ ਸੀ । ਪਹਿਲਾਂ ਕਾਫੀ ਰੁਪਿਆ ਵੰਡ ਦਿੱਤਾ ਗਿਆ ਹੈ ਕੁਝ ਰੁਪਿਆ ਦੇਣਾ ਰਹਿੰਦਾ ਹੈ । ਆਬਜੈਕਸ਼ਨ ਲੱਗਾ ਹੋਇਆ ਹੈ । ਅਸੀਂ ਫਿਰ ਕੇਂਦਰੀ ਸਰਕਾਰ ਨੂੰ ਲਿਖ ਦਿਤਾ ਹੈ । ਇਹ ਜਲਦੀ ਤੋਂ ਜਲਦੀ ਦਿਵਾ ਦਿਆਂਗੇ ।

**ਸ੍ਰੀ ਸਪੀਕਰ** : ਕੋਸ਼ਿਸ਼ ਕਰੋ ਕਿ ਜੂਨ ਤਕ ਇਹ ਪੈਸਾ ਉਨ੍ਹਾਂ ਲੋਕਾਂ ਨੂੰ ਦੇ ਦਿੱਤਾ ਜਾਵੇ ।

**ਜੱਥੇਦਾਰ ਨਰੰਜਨ ਸਿੰਘ ਪੱਟੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਅਸ਼ੋਰੇਂਸ ਦੇਣੀ ਚਾਹੀਦੀ ਹੈ ਕਿ ਬਾਕੀ ਦਾ ਜਿਹੜਾ ਰੁਪਿਆ ਰਹਿੰਦਾ ਹੈ ਇਹ ਕਦੋਂ ਤਕ ਦਿਵਾ ਦੇਣਗੇ ?

**ਰਾਜ ਮੰਤਰੀ** : ਬਹੁਤ ਜਲਦੀ ਤੋਂ ਜਲਦੀ ਇਹ ਰੁਪਿਆ ਲੋਕਾਂ ਨੂੰ ਦਿਵਾ ਦਿੱਤਾ ਜਾਵੇਗਾ ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਕੇਂਦਰ ਸਰਕਾਰ ਦਾ ਪੈਸਾ ਇਨ੍ਹਾਂ ਨੇ ਵੰਡਣਾ ਹੈ । ਮਨਿਸਟਰ ਸਾਹਿਬ ਆਸ਼ਵਾਸਨ ਦੇਣ ਕਿ ਜੂਨ ਤਕ ਇਹ ਲੋਕਾਂ ਨੂੰ ਦਿਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : 30 ਲੱਖ ਰੁਪਿਆ ਹੁਣ ਤਕ ਵੰਡਿਆ ਜਾ ਚੁੱਕਾ ਹੈ। ਇਕ ਲੱਖ ਦੇ ਕਰੀਬ ਰਹਿੰਦਾ ਹੈ। ਉਹ ਵੀ ਬਹੁਤ ਜਲਦੀ ਦਿਵਾ ਦਿਆਂਗੇ।

## Permits for Cement issued by the Block Development and Panchayat Officer Mansa

***1200. Sardar Baldev Singh Khiala** : Will the Minister of State for Food and Supplies be pleased to state the total number of permits for cement issued by the Block Development and Panchayat Officer, Mansa during the year from 30th June, 1980 to 30th June, 1981 and the name and full addresses of the persons to whom the permits were issued ?

**ਸ੍ਰੀ ਭਗਵਾਨ ਦਾਸ** : 486. ਨਾਵਾਂ ਅਤੇ ਪਤੇ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

30-6-80 ਤੋਂ 30-6-81 ਤੱਕ ਸੀਮਿੰਟ ਦੇ ਕੱਟੇ ਗਏ ਪਰਮਿਟਾਂ ਸਬੰਧੀ ਵੇਰਵੇ, ਮਾਨਸਾ ਬਲਾਕ।

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 1. | ਮੁਖਤਿਆਰ ਸਿੰਘ, ਪੁੱਤਰ ਬਖਸ਼ੀਸ਼ ਸਿੰਘ, ਧਲੇਵਾਂ |
| 2. | ਬੰਤ ਸਿੰਘ, ਪੁੱਤਰ ਇੰਦਰ ਸਿੰਘ, ਧਲੇਵਾਂ |
| 3. | ਪੂਰਨ ਦਾਸ, ਪੁੱਤਰ ਭਗਵਾਨ ਦਾਸ, ਧਲੇਵਾਂ |
| 4. | ਸੁਰੇਸ਼ ਕੁਮਾਰ, ਪੁੱਤਰ ਸ਼ੰਕਰ ਪ੍ਰਸ਼ਾਦ, ਭੀਖੀ |
| 5. | ਅੰਗਰੇਜ਼ਪਾਲ, ਪੁੱਤਰ ਮਿਹਰ ਚੰਦ, ਭੀਖੀ |
| 6. | ਮਿਹਰ ਚੰਦ, ਪੁੱਤਰ ਨੌਹਰ ਚੰਦਰ ਭੀਖੀ |
| 7. | ਜੋਗਿੰਦਰ ਸਿੰਘ, ਪੁੱਤਰ ਜੰਗ ਸਿੰਘ, ਬੁਰਜਹਰੀ |
| 8. | ਜੰਗੀਰ ਸਿੰਘ, ਪੁੱਤਰ ਬਲਵਿੰਦਰ ਸਿੰਘ, ਬੁਰਜਹਰੀ |
| 9. | ਗੁਰਨੈਬ ਸਿੰਘ, ਪੁੱਤਰ ਬਲਵਿੰਦਰ ਸਿੰਘ, ਬੁਰਜਹਰੀ |
| 10. | ਹਾਕਮ ਸਿੰਘ, ਪੁੱਤਰ ਮੰਗਲ ਸਿੰਘ, ਬੁਰਜਹਰੀ |
| 11. | ਬੱਗਾ ਸਿੰਘ, ਪੁੱਤਰ ਬੁੱਘਾ ਸਿੰਘ, ਬੁਰਜਹਰੀ |
| 12. | ਕੌਲਾ ਸਿੰਘ ਇੰਦਰ ਸਿੰਘ, ਬੁਰਜਹਰੀ |
| 13. | ਬਖਤੌਰ ਸਿੰਘ, ਪੁੱਤਰ ਸਰਵਨ ਸਿੰਘ, ਮਾਖਾ |
| 14. | ਬਾਬੂ ਸਿੰਘ, ਪੁੱਤਰ ਹੀਰਾ ਸਿੰਘ, ਅਕਲੀਆ |
| 15. | ਮਘਰ ਸਿੰਘ, ਪੁੱਤਰ ਕਰਤਾਰ ਸਿੰਘ, ਜੋਗਾ |
| 16. | ਜੰਗੀਰ ਸਿੰਘ, ਪੁੱਤਰ ਉਤਮ ਸਿੰਘ, ਜੋਗਾ |
| 17. | ਸ਼ੇਰ ਸਿੰਘ, ਪੁੱਤਰ ਅਰਜਨ ਸਿੰਘ, ਗਾਗੋਵਾਲ |
| 18. | ਜੀਤ ਸਿੰਘ. ਪੁੱਤਰ ਇੰਦਰ ਸਿੰਘ, ਧਲੇਵਾਂ |
| 19. | ਬਲਵੀਰ ਸਿੰਘ, ਪੁੱਤਰ ਦੇਵਾ ਸਿੰਘ, ਭੈਣੀ ਬਾਘਾ |
| 20. | ਦਰਸ਼ਨ ਦਾਸ ਪੁੱਤਰ ਰਾਮਪ੍ਰਤਾਪ, ਭੀਖੀ |
| 21. | ਬਾਬੂ ਸਿੰਘ, ਪੁੱਤਰ ਗੁਰਦੇਵ ਸਿੰਘ ਸਦਾ ਸਿੰਘ, ਵਾਲਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 22. | ਗੁਰਦੇਵ ਸਿੰਘ, ਪੁੱਤਰ ਅਰਜਨ ਸਿੰਘ, ਗਾਗੋਵਾਲ |
| 23. | ਦੇਸ ਰਾਜ, ਪੁੱਤਰ ਰ;ਮ ਚੰਦ, ਅਕਲੀਆ |
| 24. | ਗੁਲਜ਼ਾਰ ਸਿੰਘ, ਪੁੱਤਰ ਸਵਸਨ ਸਿੰਘ ਸਦਾ ਸਿੰਘ ਵਾਲਾ |
| 25. | ਬਾਬੂ ਰਾਮ, ਕਾਲਾ ਰਾਮ, ਭੀਖੀ |
| 26. | ਗੁਰਚਰਨ ਸਿੰਘ, ਪੁੱਤਰ ਇੰਦਰ ਸਿੰਘ, ਧਲੇਵਾਂ |
| 27. | ਮਦਨ ਗੋਪਾਲ, ਪੁੱਤਰ ਸਿਵਜੀਆ, ਗੁੜਕੜੀ |
| 28. | ਗੁਰਨਾਮ ਸਿੰਘ, ਪੁੱਤਰ ਮਿਹਰ ਸਿੰਘ, ਘਲਵਾਂ |
| 29. | ਕੇਵਲ ਕ੍ਰਿਸ਼ਨ, ਪੁੱਤਰ ਪਿਆਰਾ ਰਾਮ, ਭੀਖੀ |
| 30. | ਸੁਖਵਿੰਦਰ ਕੌਰ, ਪਤਨੀ ਕੁਲਦੀਪ ਸਿੰਘ, ਭੈਣੀ ਬਾਘਾ |
| 31. | ਅਵਤਾਰ ਸਿੰਘ, ਪੁੱਤਰ ਕਾਕੂ ਸਿੰਘ, ਗਹਲ |
| 32. | ਨਛਤਰ ਸਿੰਘ, ਪੁੱਤਰ ਪੂਰਨ ਸਿੰਘ, ਗਹਲ |
| 33. | ਪਿਆਰਾ ਸਿੰਘ ਗੁਰਦੇਵ ਸਿੰਘ, ਗਾਗੋਵਾਲ |
| 34. | ਨਿਰਮਲ ਸਿੰਘ ਕੁੰਢਾ ਸਿੰਘ, ਗਾਗੋਵਾਲ |
| 35. | ਮਦਨ ਲਾਲ, ਪੁੱਤਰ ਬਾਬੂ ਰਾਮ, ਭੀਖੀ |
| 36. | ਭਾਗ ਚੰਦ, ਪੁੱਤਰ ਚਰੰਜੀ ਲਾਲ, ਭੀਖੀ |
| 37. | ਹਮੀਰ ਸਿੰਘ, ਪੁੱਤਰ ਧਰਮਾ ਸਿੰਘ, ਅਕਲੀਆਂ |
| 38. | ਨਰੰਜਨ ਸਿੰਘ, ਪੁੱਤਰ ਚੰਨਣ ਸਿੰਘ, ਅਕਲੀਆਂ |
| 39. | ਅਜਮੇਰ ਸਿੰਘ ਪੁੱਤਰ ਮਸਤਾਨ ਸਿੰਘ, ਅਕਲੀਆਂ |
| 40. | ਜਗਨ ਨਾਥ ਪੁੱਤਰ ਸਿਰੀ ਰਾਮ, ਭੀਖੀ |
| 41. | ਬਾਬੂ ਸਿੰਘ ਪੁੱਤਰ ਦਿਆਲ ਸਿੰਘ, ਅਕਲੀਆਂ |
| 42. | ਜੋਰਾ ਸਿੰਘ ਪੁੱਤਰ ਅਰਜਨ ਸਿੰਘ, ਮੂਸਾ |
| 43. | ਨੇਕ ਸਿੰਘ ਪੁੱਤਰ ਸੋਹਨਾ ਸਿੰਘ, ਮੂਸਾ |
| 44. | ਨੇਕ ਲਾਲ ਚੂਲਾ ਰਾਮ, ਭੀਖੀ |
| 45. | ਪਿਆਰਾ ਲਾਲ ਪੁੱਤਰ ਕਸਤੂਰੀ ਲਾਲ, ਭੀਖੀ |
| 46. | ਪਵਨ ਕੁਮਾਰ ਪੁੱਤਰ ਲਭੂ ਰਾਮ, ਭੀਖੀ |
| 47. | ਟਹਲ ਸਿੰਘ ਪੁੱਤਰ ਸੌਣ ਸਿੰਘ, ਅਤਲਾ ਖੁਰਦ |
| 48. | ਅਜਮੇਰ ਸਿੰਘ ਪੁੱਤਰ ਆਸਾ ਸਿੰਘ, ਅਮਲਾ ਖੁਰਦ |
| 49. | ਗਿੰਦਰ ਸਿੰਘ ਪੁੱਤਰ ਦਲਵਾਰਾ ਸਿੰਘ, ਧਲੇਵਾ |
| 50. | ਜਗੀਰ ਸਿੰਘ ਪੁੱਤਰ ਨਿਕਾ ਸਿੰਘ, ਧਲੇਵਾਂ |
| 51. | ਜਗਤਾਰ ਸਿੰਘ ਪੁੱਤਰ ਦੂਲਾ ਸਿੰਘ, ਅਕਲਾ ਖੁਰਦ |
| 52. | ਟੇਕ ਸਿੰਘ ਪੁੱਤਰ ਸਰਵਣ ਸਿੰਘ, ਸਦਾ ਸਿੰਘ ਵਾਲਾ |
| 53. | ਜਗਦੇਵ ਸਿੰਘ ਪੁੱਤਰ ਹਰਦੇਵ ਸਿੰਘ, ਸਦਾ ਸਿੰਘ ਵਾਲਾ |
| 54. | ਜਾਗਰ ਸਿੰਘ ਪੁੱਤਰ ਸਦਰ ਸਿੰਘ, ਸਦਾ ਸਿੰਘ ਵਾਲਾ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 55. | ਅਮਰਤ ਪਾਲ, ਪੁੱਤਰ ਰੋਸ਼ਨ ਲਾਲ, ਭੀਖੀ |
| 56. | ਬਲਕਾਰ ਸਿੰਘ, ਪੁੱਤਰ ਸ਼ਿੰਗਾਰ ਸਿੰਘ, ਭੀਖੀ |
| 57. | ਰਾਮ ਸਰੂਪ ਪੁੱਤਰ ਚੰਦੂ ਲਾਲ, ਫਫੜਭਾਈ ਕੇ |
| 58. | ਜੀਤ ਸਿੰਘ ਪੁੱਤਰ ਸ਼ਾਮ ਸਿੰਘ, ਭੀਖੀ |
| 59. | ਲਾਲ ਸਿੰਘ ਪੁੱਤਰ ਕਪੂਰ ਸਿੰਘ, ਭੀਖੀ |
| 60. | ਬਲਜੀਤ ਦਾਸ ਪੁੱਤਰ ਰਾਮ ਸਰੂਪ, ਭੀਖੀ |
| 61. | ਸਿਵਜੀ ਰਾਮ ਪੁੱਤਰ ਜੌਹਰੀ ਰਾਮ, ਭੀਖੀ |
| 62. | ਇੰਦਰ ਜੀਤ ਪੁੱਤਰ ਪਿਆਰਾ ਰਾਮ, ਭੀਖੀ |
| 63. | ਜੰਗ ਸਿੰਘ ਪੁੱਤਰ ਸਦਾ ਸਿੰਘ, ਅਤਲਾ ਕਲਾਂ |
| 64. | ਨਛਤਰ ਸਿੰਘ ਪੁੱਤਰ ਮੱਲ ਰਾਮ, ਧਲੇਵਾਂ |
| 65. | ਸੌਣ ਸਿੰਘ ਪੁੱਤਰ ਜਗਿੰਦਰ ਸਿੰਘ, ਧਲੇਵਾਂ |
| 66. | ਮਖਣ ਸਿੰਘ ਪੁੱਤਰ ਮੱਲ ਸਿੰਘ, ਧਲੇਵਾਂ |
| 67. | ਨਿਧਾਨ ਸਿੰਘ ਪੁੱਤਰ ਈਸ਼ਰ ਸਿੰਘ, ਗੇਹੇਲ |
| 68. | ਜਸਵਿੰਦਰ ਸਿੰਘ ਪੁੱਤਰ ਭਰ ਪੂਰ ਸਿੰਘ, ਮਾਨਸਾ ਖੁਰਦ |
| 69. | ਹਰਤੇਜ ਕੌਰ ਪੁੱਤਰੀ ਭਰ ਪੂਰ ਸਿੰਘ, ਮਾਨਸਾ ਖੁਰਦ |
| 70. | ਸੁਖਮਿੰਦਰ ਕੌਰ ਪੁੱਤਰੀ ਗੁਰਦੇਵ ਸਿੰਘ, ਮਾਊ |
| 71. | ਕਰਮ ਸਿੰਘ ਪੁੱਤਰ ਲਾਲ ਸਿੰਘ, ਜੋਗਾ |
| 72. | ਮਹਿੰਦਰ ਸਿੰਘ ਲਛਮਣ ਸਿੰਘ, ਭੀਖੀ |
| 73. | ਤੇਜਾ ਸਿੰਘ ਪੁੱਤਰ ਲਛਮਣ ਸਿੰਘ, ਮੂਸਾ |
| 74. | ਭਗਵਾਨ ਸਿੰਘ ਪੁੱਤਰ ਜਗਤ ਸਿੰਘ, ਮੂਸਾ |
| 75. | ਨੇਕ ਸਿੰਘ ਪੁੱਤਰ ਬਚਨ ਸਿੰਘ, ਮੂਸਾ |
| 76. | ਰਾਮ ਸਿੰਘ ਪੁੱਤਰ ਕਪੂਰ ਸਿੰਘ, ਭੀਖੀ |
| 77. | ਰਮੇਸ਼ ਕੁਮਾਰ, ਪੁੱਤਰ ਦਿਆ ਕਰਿਸ਼ਨ, ਭੀਖੀ |
| 78. | ਦਿਆ ਕਰਿਸ਼ਨ ਪੁੱਤਰ ਸ੍ਰੀ ਦਵਿੰਦਰ ਸਿੰਘ, ਭੀਖੀ |
| 79. | ਮਰ ਨਾਥ ਪੁੱਤਰ ਸਾਦੀ ਰਾਮ, ਭੀਖੀ |
| 80. | ਜਗਿੰਦਰ ਸਿੰਘ ਪੁੱਤਰ ਨਰਾਇਣ ਸਿੰਘ, ਮੂਸਾ |
| 81. | ਡਾ: ਰਾਮ ਲਾਲ, ਭੀਖੀ |
| 82. | ਕਦਾਰ ਨਾਥ ਪੁੱਤਰ ਪੂਰਨ ਚੰਦ, ਭੀਖੀ |
| 83. | ਨਰੰਜਨ ਡਾ: ਰਾਮ ਲਾਲ, ਭੀਖੀ |
| 84. | ਦਰਸ਼ਨ ਲਾਲ, ਪੁੱਤਰ ਬਾਬੂ ਰਾਮ, ਬਕਾਲਾ |
| 85. | ਬੁਗਰ ਸਿੰਘ ਪੁੱਤਰ ਸੌਣ ਸਿੰਘ, ਜੋਗਾ |
| 86. | ਨਰੰਜਨ ਸਿੰਘ ਪੁੱਤਰ ਸੁੰਦਰ ਸਿੰਘ, ਰਾਮ ਦਿਤੇ ਵਾਲਾ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 87. | ਬਾਬੂ ਰਾਮ ਪੁੱਤਰ ਮੁਨਸ਼ੀ ਰਾਮ, ਬਰਨਾਲਾ |
| 88. | ਤੋਤਾ ਰਾਮ ਪੁੱਤਰ ਬਰਿਜ ਲਾਲ, ਬਰਨਾਲਾ |
| 89. | ਮੋਹਨਜੀਤ ਪੁੱਤਰ ਦਲਿਓ, ਬਰਨਾਲਾ |
| 90. | ਜਗਰੂ ਸਿੰਘ ਪੁੱਤਰ ਜਤੂ ਸਿੰਘ, ਭੇਣੀ ਬਾਬਾ |
| 91. | ਬਲਵਿੰਦਰ ਪੁੱਤਰ ਸਾਧੂ ਸਿੰਘ, ਭੇਣੀ ਬਾਬਾ |
| 92. | ਗੁਰਦੇਵ ਸਿੰਘ ਪੁੱਤਰ ਅਰਜਨ ਸਿੰਘ, ਭੇਣੀ ਬਾਬਾ |
| 93. | ਬਾਬੂ ਸਿੰਘ ਪੁੱਤਰ ਮਹਿੰਦਰ ਸਿੰਘ, ਭੇਣੀ ਬਾਬਾ |
| 94. | ਭੂਠਾ ਸਿੰਘ ਪੁੱਤਰ ਮਾਨਾ ਸਿੰਘ, ਫਫੜੇ ਭਾਈਕੇ |
| 95. | ਆਤਮਾ ਸਿੰਘ ਪੁੱਤਰ ਬਾਬੂ ਸਿੰਘ, ਚੰਦੇਰੀਆਂ |
| 96. | ਹਾਕਮ ਸਿੰਘ ਪੁੱਤਰ ਕਪੂਰ ਸਿੰਘ, ਅਕਲੀਆਂ |
| 97. | ਪਰਮਜੀਤ ਸਿੰਘ ਪੁੱਤਰ ਸੁਰਜਨ ਸਿੰਘ, ਹੈਡਲਾ ਕਲਾਂ |
| 98. | ਸੁਖਦੇਵ ਸਿੰਘ ਪੁੱਤਰ ਹਰਭਜਨ ਸਿੰਘ, ਜਵਾਹਰਕੇ |
| 99. | ਸੁਖਦੇਵ ਸਿੰਘ ਪੁੱਤਰ ਚੂਹੜ ਸਿੰਘ ਘਮੰਣ ਕਲਾਂ |
| 100. | ਭਗਵਾਨ ਦਾਸ ਪੁੱਤਰ ਰਾਮਜੀ ਦਾਸ, ਰਲਾਂ |
| 101. | ਕਰਨੈਲ ਸਿੰਘ ਪੁੱਤਰ ਜਵਾਲਾ ਸਿੰਘ, ਰਲਾਂ |
| 102. | ਧਰਮ ਪਾਲ ਪੁੱਤਰ ਨਰਾਤਾ ਰਾਮ, ਜੋਗਾ |
| 103. | ਹੰਸ ਰਾਜ ਪੁੱਤਰ ਸੰਤ ਰਾਮ, ਨੰਗਲ ਕਲਾਂ |
| 104. | ਧਰਮ ਚੰਦ ਪੁੱਤਰ ਹਰਭਗਵਾਨ ਦਾਸ, ਭੀਖੀ |
| 105. | ਗਰਾਮ ਪੰਚਾਇਤ, ਗਾਗੋਵਾਲ |
| 106. | ਧਰਮਪਾਲ ਪੁੱਤਰ, ਕਿਸ਼ਨ ਲਾਲ, ਭੀਖੀ |
| 107. | ਮੁਖਤਿਆਰ ਸਿੰਘ ਪੁੱਤਰ ਕਰਤਾਰ ਸਿੰਘ, ਖਾਖਾ |
| 108. | ਜਰਨੈਲ ਸਿੰਘ ਪੁੱਤਰ ਮੱਘਰ ਸਿੰਘ, ਮਾਖਾ |
| 109. | ਲਾਭ ਸਿੰਘ ਪੁੱਤਰ ਰਾਮ ਸਿੰਘ, ਸਦਾਸਿੰਘ ਵਾਲਾ |
| 110. | ਛੋਟਾ ਸਿੰਘ ਪੁੱਤਰ ਕਿਹਰ ਸਿੰਘ, ਸਦਾ ਸਿੰਘ ਵਾਲਾ |
| 111. | ਹਰਨੇਕ ਸਿੰਘ ਪੁੱਤਰ ਧੰਨਾ ਸਿੰਘ, ਅਸਪਾਲ |
| 112. | ਛੋਟਾ ਸਿੰਘ ਪੁੱਤਰ ਜੈ ਸਿੰਘ, ਅਸਪਾਲ |
| 113. | ਅਜੈਬ ਸਿੰਘ ਪੁੱਤਰ ਚੇਤੂ ਸਿੰਘ, ਅਸਪਾਲ |
| 114. | ਪਹਾੜਾ ਸਿੰਘ ਪੁੱਤਰ ਆਸਾ ਸਿੰਘ, ਅਸਪਾਲ |
| 115. | ਜਮੇਤ ਸਿੰਘ ਪੁੱਤਰ ਲਾਲ ਸਿੰਘ, ਅਸਪਾਲ |
| 116. | ਰਾਮ ਸਿੰਘ ਪੁੱਤਰ ਕਰਤਾਰ ਸਿੰਘ, ਸਦਾਸਿੰਘ ਵਾਲਾ |
| 117. | ਭਗਵਾਨ ਸਿੰਘ ਪੁੱਤਰ ਸੇਠ ਸਿੰਘ, ਸਦਾ ਸਿੰਘ ਵਾਲਾ |
| 118. | ਬਗਾ ਸਿੰਘ ਪੁੱਤਰ ਅਮਰ ਸਿੰਘ ਸਦਾ ਸਿੰਘ ਵਾਲਾ |
| 119. | ਤਰਸੇਮ ਚੰਦ ਪੁੱਤਰ ਚਰੰਜੀ ਲਾਲ, ਮੂਸਾ |
| 120. | ਸਾਦੀ ਰਾਮ ਪੁੱਤਰ ਗੇਂਦਾ ਮਲ, ਮੂਸਾ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਖੁਰਾਕ ਤੇ ਸਪਲਾਈਜ਼]

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 121. | ਹਰਬੰਸ ਸਿੰਘ ਪੁੱਤਰ ਕਰਨੈਲ ਸਿੰਘ, ਅਕਲੀਆਂ |
| 122. | ਕਰਨੈਲ ਸਿੰਘ ਪੁੱਤਰ ਮੇਵਾ ਸਿੰਘ, ਜੋਗਾ |
| 123. | ਬਿਕਰ ਸਿੰਘ ਪੁੱਤਰ ਮਿਤਾ ਸਿੰਘ, ਧਲੇਵਾਂ |
| 124. | ਮੇਲਾ ਸਿੰਘ ਪੁੱਤਰ ਗਿੰਦਾ ਸਿੰਘ, ਧਲੇਵਾਂ |
| 125. | ਜਗਰ ਸਿੰਘ ਪੁੱਤਰ ਗੁਜਰ ਸਿੰਘ, ਗਾਗੋਵਾਲ |
| 126. | ਗੁਰਚਰਨ ਸਿੰਘ ਪੁੱਤਰ ਜੰਗੀਰ ਸਿੰਘ, ਗਾਗੋਵਾਲ |
| 127. | ਮਘਰ ਸਿੰਘ ਪੁੱਤਰ ਗੁਜਰ ਸਿੰਘ, ਗਾਗੋਵਾਲ |
| 128. | ਕਰਨੈਲ ਸਿੰਘ ਪੁੱਤਰ ਗੁਰਚਰਨ ਸਿੰਘ, ਗਾਗੋਵਾਲ |
| 129. | ਕਰਤਾਰ ਸਿੰਘ ਪੁੱਤਰ ਗੰਡਾ ਸਿੰਘ, ਅਤਲਾ ਕਲਾਂ |
| 130. | ਨਾਜਰ ਸਿੰਘ ਪੁੱਤਰ ਕੇਸਰ ਸਿੰਘ, ਅਤਲਾ ਕਲਾਂ |
| 131. | ਬਲਵਿੰਦਰ ਸਿੰਘ ਪੁੱਤਰ ਤੇਜਾ ਸਿੰਘ, ਅਤਲਾ ਕਲਾਂ |
| 132. | ਬਲਦੇਵ ਸਿੰਘ ਪੁੱਤਰ ਦਲੇਲ ਸਿੰਘ, ਖਿਆਲਾ ਕਲਾਂ |
| 133. | ਪੂਰਨ ਸਿੰਘ ਪੁੱਤਰ ਹਰੀ ਸਿੰਘ, ਗੇਹਲੇ |
| 134. | ਚਤਿੰਨ ਕੌਰ ਪਤਨੀ ਧਰਮ ਸਿੰਘ, ਖੋਖਰਕਲਾਂ |
| 135. | ਧਰਮ ਸਿੰਘ ਪੁੱਤਰ ਬਸਾਖਾ ਸਿੰਘ, ਖੋਖਰਕਲਾਂ |
| 136. | ਭਰਪੂਰ ਸਿੰਘ ਪੁੱਤਰ ਗੁਜਰ ਸਿੰਘ, ਰਾਮ ਦਿੱਤੇ ਵਾਲਾ |
| 137. | ਘੁਕਰ ਸਿੰਘ ਪੁੱਤਰ ਚੰਨਣ ਸਿੰਘ, ਬੁਜ ਝੱਬਰ |
| 138. | ਮਹਿੰਦਰ ਸਿੰਘ ਪੁੱਤਰ ਕਿਸ਼ਨ ਸਿੰਘ, ਚਕੇਰੀਆਂ |
| 139. | ਜੰਗੀਰ ਸਿੰਘ ਪੁੱਤਰ ਕਿਮਤ ਸਿੰਘ, ਮੌਜੋ ਖੁਰਦ |
| 140. | ਬਾਵਾ ਸਿੰਘ, ਪੁੱਤਰ ਕਰਤਾਰ ਸਿੰਘ, ਬੁਰਜ ਝੱਬਰ |
| 141. | ਜੰਗੀਰ ਸਿੰਘ ਪੁੱਤਰ ਗੋਵਿੰਦ ਸਿੰਘ, ਖੋਖਰ ਕਲਾਂ |
| 142. | ਜੀਵਾ ਸਿੰਘ ਪੁੱਤਰ ਕਪੂਰ ਸਿੰਘ, ਖੋਖਰ ਕਲਾਂ |
| 143. | ਬਾਬੂ ਸਿੰਘ ਪੁੱਤਰ ਪਰੀਤਮ ਸਿੰਘ, ਜੋਗਾ |
| 144. | ਜਗਨ ਸਿੰਘ ਪੁੱਤਰ ਅਰਜਨ ਸਿੰਘ, ਉਭਾ |
| 145. | ਮੇਘ ਨਾਥ ਪੁੱਤਰ ਜਗਨ ਨਾਥ, ਭੀਖੀ |
| 146. | ਸਰਪੰਚ ਗਰਾਮ ਪੰਚਾਇਤ, ਕੋਟ ਦਲੂ |
| 147. | ਸੰਤ ਲਖਾ ਸਿੰਘ ਸਾਬਕਾ ਐਮ. ਐਲ.ਏ., ਅਤਲਾ ਕਲਾਂ |
| 148. | ਚੰਦਾ ਸਿੰਘ ਪੁੱਤਰ ਨਰੰਜਨ ਸਿੰਘ, ਬੁਰਜਹਰੀ |
| 149. | ਮਿਠੂ ਸਿੰਘ ਪੁੱਤਰ ਕਰਤਾਰ ਸਿੰਘ ਬੁਰਜਹਰੀ |
| 150. | ਬਲਵੀਰ ਸਿੰਘ ਪੁੱਤਰ ਹਰਨਾਮ ਸਿੰਘ, ਬੁਰਜਹਰੀ |
| 151. | ਮਜਰ ਸਿੰਘ ਪੁੱਤਰ ਬਲ ਵੰਤ ਸਿੰਘ, ਬੁਰਜਹਰੀ |
| 152. | ਮਕੰਦ ਸਿੰਘ ਪੁੱਤਰ ਜੰਗੀ ਸਿੰਘ, ਬੁਰਜਹਰੀ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾਂ ਨਾਂ ਤੇ ਪੂਰਾ ਪਤਾ |
|---|---|
| 153. | ਮਘਰ ਸਿੰਘ ਪੁੱਤਰ ਅਗੰਮ ਸਿੰਘ, ਬੁਰਜ ਹਰੀ |
| 154. | ਗੰਗਾ ਸਿੰਘ ਪੁੱਤਰ ਦਿਆਲ ਸਿੰਘ, ਬੁਰਜ ਹਰੀ |
| 155. | ਬਲਦੇਵ ਸਿੰਘ ਪੁੱਤਰ ਗੁਜਰ ਸਿੰਘ, ਬੁਰਜ ਹਰੀ |
| 156. | ਬਲਦੇਵ ਸਿੰਘ ਪੁੱਤਰ ਸੁੰਦਰ ਸਿੰਘ, ਬੁਰਜ ਹਰੀ |
| 157. | ਲੀਲਾ ਸਿੰਘ ਪੁੱਤਰ ਇੰਦਰ ਸਿੰਘ, ਬੁਰਜ ਹਰੀ |
| 158. | ਨਛਤਰ ਸਿੰਘ ਪੁੱਤਰ ਕਿਸ਼ਨ ਸਿੰਘ, ਬੁਰਜਹਰੀ |
| 159. | ਜਗਰੂਪ ਸਿੰਘ ਪੁੱਤਰ ਬਚਨ ਸਿੰਘ, ਬੁਰਜ ਹਰੀ |
| 160. | ਦਲਜੀਤ ਸਿੰਘ ਪੁੱਤਰ ਜਸਵੰਤ ਸਿੰਘ, ਮਾਨਸਾ ਖੁਰਦ |
| 161. | ਨੇਤਾ ਸਿੰਘ ਪੁੱਤਰ ਲਾਲ ਸਿੰਘ, ਧਲੇਵਾ |
| 162. | ਵਲੈਤੀ ਰਾਮ ਪੁੱਤਰ ਪਰਮਾ ਨੰਦ, ਧਲੇਵਾ |
| 163. | ਜਗਜੀਤ ਸਿੰਘ ਪੁੱਤਰ ਹਰੀ ਸਿੰਘ, ਰਲਾ |
| 164. | ਗੁਰਦਿਆਲ ਸਿੰਘ ਪੁੱਤਰ ਬਸਾਖਾ ਸਿੰਘ, ਖੋਖਰਕਲਾਂ |
| 165. | ਗੁਰਦੇਵ ਸਿੰਘ ਸਰਪੰਚ, ਭੈਣੀ ਬਾਘਾ |
| 166. | ਓਮ ਪ੍ਰਕਾਸ਼, ਠੇਕੇਦਾਰ, ਮਾਨਸਾ |
| 167. | ਸਰਪੰਚ ਗਰਾਮ ਪੰਚਾਇਤ, ਭੀਖੀ |
| 168. | ਗੁਰਦੇਵ ਸਿੰਘ ਸਰਪੰਚ, ਅਕਲੀਆਂ |
| 169. | ਜਸਵੰਤ ਸਿੰਘ ਪੁੱਤਰ ਜਗਦੀਸ਼ ਸਿੰਘ, ਬੁਰਜ ਦਿਲਵਰ |
| 170. | ਗੁਰਚਰਨ ਸਿੰਘ ਪੁੱਤਰ ਕਾਕੂ ਸਿੰਘ, ਫਫੜੇ ਭਾਈਕੇ |
| 171. | ਜਗਨ ਨਾਥ ਪੁੱਤਰ ਕਾਲੂ ਰਾਮ, ਫਫੜੇ ਭਾਈਕੇ |
| 172. | ਬਾਬੂ ਸਿੰਘ ਪੁੱਤਰ ਹੀਰਾ ਸਿੰਘ, ਅਕਲੀਆਂ |
| 173. | ਰਣਜੀਤ ਸਿੰਘ ਪੁੱਤਰ ਆਤਮਾ ਸਿੰਘ,. ਮੱਤੀ |
| 174. | ਗੁਰਦੇਵ ਸਿੰਘ ਪੁੱਤਰ ਸ਼ੇਰ ਸਿੰਘ, ਖਿਆਲਾ ਕਲਾਂ |
| 175. | ਭਰਪੂਰ ਸਿੰਘ ਪੁੱਤਰ ਰਲਾ ਸਿੰਘ, ਗੇਹਲੇ |
| 176. | ਬਾਬੂ ਸਿੰਘ ਪੁੱਤਰ ਸੋਣਾ ਸਿੰਘ, ਬੁਰਜ ਹਰੀ |
| 177. | ਬੂਟਾ ਸਿੰਘ ਪੁੱਤਰ ਚੰਦਾ ਸਿੰਘ, ਬੁਰਜ ਹਰੀ |
| 178. | ਜਗੀਰ ਸਿਘ ਪੁੱਤਰ ਗੁਰਬਖਸ਼ ਸਿੰਘ, ਬੁਰਜ ਹਰੀ |
| 179. | ਨਥਾ ਸਿੰਘ ਪੁੱਤਰ ਹਜ਼ਾਰਾ ਸਿੰਘ, ਖਿਆਲਾ ਕਲਾਂ |
| 180. | ਗੁਰਦੇਵ ਸਿੰਘ ਸਰਪੰਚ, ਗਰਾਮ ਪੰਚਾਇਤ, ਅਕਲੀਆਂ |
| 181. | ਮਹੰਤ ਬਰਹਮ ਤੇਜ, ਡੇਰਾ ਘੜਾਊ ਸਾਹਿਬ, ਅਕਲੀਆਂ |
| 182. | ਮਹੰਤ ਰਾਮ ਗੋਪਾਲ, ਡੇਰਾ ਬਾਗਵਾਲਾ, ਅਕਲੀਆਂ |
| 183. | ਪਿਆਰਾ ਲਾਲ, ਸਰਪੰਚ, ਢੈਪਈ |
| 184. | ਲਾਭ ਸਿੰਘ ਸਰਪੰਚ, ਫਫੜੇ ਭਾਈਕੇ |
| 185. | ਸਰਪੰਚ, ਗਰਾਮ ਪੰਚਾਇਤ, ਭੀਖੀ |
| 186. | ਸਰਪੰਚ, ਗਰਾਮ ਪੰਚਾਇਤ, ਅਸਪਾਲ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 187. | ਬਲਵੀਰ ਸਿੰਘ, ਪ੍ਰਧਾਨ, ਵਿਸ਼ਕਰਮਾ ਮੰਦਰ, ਭੀਖੀ |
| 188. | ਕਿਸ਼ੋਰੀ ਦਾਸ, ਪ੍ਰਧਾਨ, ਜੈਨ ਮੰਦਰ, ਭੀਖੀ |
| 189. | ਜੰਗੀਰ ਸਿੰਘ, ਪੁੱਤਰ ਉਤਰ ਸਿੰਘ, ਬਾਬਤ ਗਰਲ ਸਕੂਲ ਜੋਗਾ |
| 190. | ਰਜਿੰਦਰ ਕੌਰ ਪਤਨੀ ਬਲਵੰਤ ਸਿੰਘ, ਮਾਨਸਾ ਖੁਰਦ |
| 191. | ਬਲਵੰਤ ਸਿੰਘ, ਪੁੱਤਰ ਹਰਨਾਮ ਸਿੰਘ, ਮਾਨਸਾ ਖੁਰਦ |
| 192. | ਸਰਪੰਚ, ਗਰਾਮ ਪੰਚਾਇਤ, ਜਵਾਹਰਕੇ |
| 193. | ਸਰਪੰਚ, ਗਰਾਮ ਪੰਚਾਇਤ, ਮਾਨਸਾ ਖੁਰਦ |
| 194. | ਹਰਚਰਨ ਸਿੰਘ ਪੁੱਤਰ ਗੁਰਬਖਸ਼ ਸਿੰਘ, ਨਰਿੰਦਰਪੁਰਾ |
| 195. | ਕਿਸ਼ਨ ਸਿੰਘ ਪੁੱਤਰ ਅਰਜਨ ਸਿੰਘ, ਬਪੀਆਨਾ |
| 196. | ਹੰਸ ਰਾਜ ਪੁੱਤਰ ਨਰੰਜਨ ਮੱਲ, ਬਪੀਆਨਾ |
| 197. | ਸ਼ਾਮ ਸਿੰਘ ਪੁੱਤਰ ਬਲਵੰਤ ਸਿੰਘ, ਬਪੀਆਨਾ |
| 198. | ਕਾਕਾ ਸਿੰਘ ਪੁੱਤਰ ਮਕੰਦ ਸਿੰਘ, ਬਪੀਆਨਾ |
| 199. | ਮੇਂਗਲ ਸਿੰਘ ਪੁੱਤਰ ਸੁੰਦਰ ਸਿੰਘ, ਭੀਖੀ |
| 200. | ਦਰਸ਼ਨ ਸਿੰਘ ਪੁੱਤਰ ਦੇਵ ਰਾਜ, ਧਨੇਵਾ |
| 201. | ਗੁਰਦਿਆਲ ਸਿੰਘ, ਪੁੱਤਰ ਸਾਧੂ ਸਿੰਘ, ਹੀਰੋਂ ਕਲਾਂ |
| 202. | ਰਾਜ ਕੁਮਾਰ ਪੁੱਤਰ ਦੇਸ ਰਾਜ, ਭੀਖੀ |
| 203. | ਨਰੰਜਨ ਸਿੰਘ ਪੁੱਤਰ ਗੁਰਬਖਸ਼ ਸਿੰਘ, ਬੁਰਜਹਰੀ |
| 204. | ਮਿਠੂ ਸਿੰਘ ਪੁੱਤਰ ਹਾਕਮ ਸਿੰਘ, ਬੁਰਜਹਰੀ |
| 205. | ਨਰੰਜਨ ਸਿੰਘ ਪੁੱਤਰ ਜੰਗ ਸਿੰਘ, ਬੁਰਜਹਰੀ |
| 206. | ਮਿਠੂ ਸਿੰਘ ਪੁੱਤਰ ਮਹਿੰਦਰ ਸਿੰਘ, ਬੁਰਜਹਰੀ |
| 207. | ਬੂਟਾ ਸਿੰਘ ਪੁੱਤਰ ਚੰਦ ਸਿੰਘ, ਬੁਰਜਹਰੀ |
| 208. | ਹਮੀਰ ਸਿੰਘ ਪੁੱਤਰ ਜੰਗ ਸਿੰਘ, ਬੁਰਜਹਰੀ |
| 209. | ਤੇਜਾ ਸਿੰਘ ਪੁੱਤਰ ਨਥਾ ਸਿੰਘ, ਬੁਰਜਹਰੀ |
| 210. | ਹਾਕਮ ਸਿੰਘ ਪੁੱਤਰ ਪਰੇਮ ਸਿੰਘ, ਬੁਰਜਹਰੀ |
| 211. | ਜੰਗ ਸਿੰਘ ਪੁੱਤਰ ਵਰਿਆਮ ਸਿੰਘ, ਬੁਰਜਹਰੀ |
| 212. | ਗੁਲਾਬ ਸਿੰਘ ਪੁੱਤਰ ਗੁਰਦਿਆਲ ਸਿੰਘ, ਬੁਰਜਹਰੀ |
| 213. | ਭੂਰਾ ਸਿੰਘ ਪੁੱਤਰ ਗਜਨ ਸਿੰਘ, ਬੁਰਜਹਰੀ |
| 214. | ਕਰਤਾਰ ਸਿੰਘ, ਪੁੱਤਰ ਜਵਾਹਰ ਸਿੰਘ, ਬੁਰਜਹਰੀ |
| 215. | ਲਾਭ ਸਿੰਘ ਪੁੱਤਰ ਬਸਾਖਾ ਸਿੰਘ, ਬੁਰਜਹਰੀ |
| 216. | ਬੰਤ ਸਿੰਘ ਪੁੱਤਰ ਗੁਰਬਖਸ਼ ਸਿੰਘ, ਬੁਰਜਹਰੀ |
| 217. | ਰੂਪ ਚੰਦ ਪੁੱਤਰ ਦੁਨੀ ਚੰਦ, ਨੰਗਲ ਕਲਾਂ |
| 218. | ਜੀਤ ਸਿੰਘ ਪੁੱਤਰ ਬਿਸ਼ਨ ਸਿੰਘ, ਭੀਖੀ |

Original with;
Punjab Vidhan Sabha
Digitized by;
Punjab Digital Library

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 219. | ਕਾਕਾ ਸਿੰਘ ਪੁੱਤਰ ਧਰਮੀ ਸਿੰਘ, ਬਪੀਆਨਾ |
| 220. | ਜਗਦੇਵ ਸਿੰਘ ਪੁੱਤਰ ਰਾਮ ਸਿੰਘ ਬਪੀਆਨਾ |
| 221. | ਗੁਰਬਖਸ਼ ਸਿੰਘ ਪੁੱਤਰ ਅਰਜਣ ਸਿੰਘ, ਕੋਟੜਾ |
| 222. | ਹਰਜਿਦਰ ਕੌਰ ਪੁਤਰੀ ਗੁਰਦਿਆਲ ਸਿੰਘ, ਰੱੜ |
| 223. | ਕਰਤਾਰ ਸਿੰਘ ਪੁੱਤਰ ਦਿਆਲ ਸਿੰਘ, ਰੱੜ |
| 224. | ਅਜੈਬ ਸਿੰਘ ਪੁੱਤਰ ਜੰਗ ਸਿੰਘ, ਜਵਾਹਰਕੇ |
| 225. | ਗੁਰਨਾਮ ਸਿੰਘ ਪੁੱਤਰ ਸ਼ੇਰ ਸਿੰਘ, ਫਫੜੇ ਭਾਈਕੇ |
| 226. | ਬਲਦੇਵ ਸਿੰਘ ਪੁੱਤਰ ਕਰਤਾਰ ਸਿੰਘ, ਮੋਹਰ ਸਿੰਘ ਵਾਲਾ |
| 227. | ਲਾਭ ਸਿੰਘ ਪੁੱਤਰ ਹਰੀ ਸਿੰਘ, ਫਫੜੇ ਭਾਈਕੇ |
| 228. | ਹੰਸਾ ਸਿੰਘ ਪੁੱਤਰ ਇੰਦਰ ਸਿੰਘ, ਫਫੜੇ ਭਾਈਕੇ |
| 229. | ਬੰਤ ਸਿੰਘ ਪੁੱਤਰ ਸ਼ੇਰ ਸਿੰਘ, ਫੇਫੜੇ ਭਾਈਕੇ |
| 230. | ਗੁਰਦੇਵ ਸਿੰਘ ਪੁੱਤਰ ਕਰਮ ਸਿੰਘ, ਤਾਮ ਕੋਟ |
| 231. | ਗਿਆਨ ਸਿੰਘ ਪੁੱਤਰ ਮਿਤ ਸਿੰਘ, ਨੰਗਲ ਕਲਾਂ |
| 232. | ਬਲਦੇਵ ਸਿੰਘ ਪੁੱਤਰ ਆਸਾ ਸਿੰਘ, ਨੰਗਲ ਕਲਾਂ |
| 233. | ਗੁਰਦੇਵ ਸਿੰਘ ਪੁੱਤਰ ਮਿਹਰ ਸਿੰਘ, ਫਫੜੇ ਭਾਈਕੇ |
| 234. | ਬੂਟਾ ਸਿੰਘ ਪੁੱਤਰ ਕਾਕੂ ਸਿੰਘ, ਫੇਫੜੇ ਭਾਈਕੇ |
| 235. | ਕਰਨੈਲ ਸਿੰਘ ਪੁੱਤਰ ਜਗਨ ਸਿੰਘ, ਫਫੜੇ ਭਾਈਕੇ |
| 236. | ਬਚਨ ਸਿੰਘ ਪੁੱਤਰ ਸਾਧੂ ਸਿੰਘ, ਫਫੜੇ ਭਾਈਕੇ |
| 237. | ਤੇਜਾ ਸਿੰਘ ਪੁੱਤਰ ਜੰਗੀਰ ਸਿੰਘ, ਫਫੜੇ ਭਾਈਕੇ |
| 238. | ਸੰਤ ਸਿੰਘ ਪੁੱਤਰ ਜਗਤਾਰ ਸਿੰਘ, ਖਿਲਨ |
| 239. | ਮਿਠੂ ਸਿੰਘ ਪੁੱਤਰ ਜਗਤਾ ਸਿੰਘ, ਖਿਲਨ |
| 240. | ਰੁਲਦੂ ਸਿੰਘ ਪੁੱਤਰ ਹਜੂਰਾ ਸਿੰਘ, ਖਿਲਨ |
| 241. | ਹਰਦੇਵ ਸਿੰਘ ਪੁੱਤਰ ਆਸਾ ਸਿੰਘ, ਨੰਗਲ ਕਲਾਂ |
| 242. | ਸੁਖਦੇਵ ਸਿੰਘ ਪੁੱਤਰ ਲਾਲ ਸਿੰਘ, ਫਫੜੇ ਭਾਈਕੇ |
| 243. | ਸੁਖਮਿੰਦਰ ਸਿੰਘ ਪੁੱਤਰ ਰਣਜੀਤ ਸਿੰਘ, ਫਫੜੇ ਭਾਈਕੇ |
| 244. | ਅਵਤਾਰ ਸਿੰਘ ਪੁੱਤਰ ਸੰਪੂਰਨ ਸਿੰਘ, ਹੀਰੇਵਾਲਾ |
| 245. | ਸਰਜੀਤ ਸਿੰਘ ਪੁੱਤਰ ਹੰਸ ਰਾਜ, ਕੋਟ ਬਾਬੂ |
| 246. | ਬਚਨ ਸਿੰਘ ਪੁੱਤਰ ਦਰਬਾਰਾ ਸਿੰਘ, ਠੂਹਿਆ ਵਾਲੀ |
| 247. | ਮਖਣ ਲਾਲ ਪੁੱਤਰ ਅਮਰ ਚੰਦ, ਭੀਖੀ |
| 248. | ਸੁਭਾਸ਼ ਚੰਦ ਪੁੱਤਰ ਅਮਰ ਚੰਦ, ਭੀਖੀ |
| 249. | ਬੂਟਾ ਸਿੰਘ ਪੁੱਤਰ ਨਿਕੂ ਸਿੰਘ, ਗੇਹਲੇ |
| 250. | ਰੂਪ ਚੰਦ ਪੁੱਤਰ ਬਾਬੂ ਰਾਮ, ਗੇਹਲੇ |
| 251. | ਕੁਲਦੀਪ ਸਿੰਘ ਪੁੱਤਰ ਬਲਵੀਰ ਸਿੰਘ, ਭੈਣੀ ਬਾਘਾ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 252. | ਗੁਰਦੀਪ ਸਿੰਘ. ਪੁੱਤਰ ਬਲਵੀਰ ਸਿੰਘ, ਭੈਣੀ ਬਾਘਾ |
| 253. | ਕਰਤਾਰ ਕੋਰ ਪਤਨੀ ਬਲਵੀਰ ਸਿੰਘ, ਭੈਣੀ ਬਾਘਾ |
| 254. | ਖੇਮ ਸਿੰਘ ਪੁੱਤਰ ਭਗਵਾਨ ਸਿੰਘ, ਗੋਹਲੇ |
| 255. | ਬਲੌਰ ਸਿੰਘ ਪੁੱਤਰ ਸਰਵਨ ਸਿੰਘ, ਸਦਾ ਸਿੰਘ ਵਾਲਾ |
| 256. | ਸਰਜੀਤ ਸਿੰਘ ਪੁੱਤਰ ਗੁਜਰ ਸਿੰਘ, ਰਾਮ੍ ਦਿਤੇ ਵਾਲਾ |
| 257. | ਜਗਰੂਪ ਸਿੰਘ ਪੁੱਤਰ ਮਕੰਦ ਸਿੰਘ, ਰਮ ਦਿਤੇ ਵਾਲਾ |
| 258. | ਅਮਰੀਕ ਸਿੰਘ ਪੁੱਤਰ ਸੁਰਜਨ ਸਿੰਘ, ਰਾਮ ਦਿਤੇ ਵਾਲਾ |
| 259. | ਸ੍ਰੀ ਮੋਹਨ ਸਿੰਘ ਪੁੱਤਰ ਮੁਖਤਿਆਰ ਸਿੰਘ, ਸਦਾ ਸਿੰਘ ਵਾਲਾ |
| 260. | ਦੀਦਾਰ ਸਿੰਘ ਪੁੱਤਰ ਧੰਨਾ ਸਿੰਘ, ਸਦਾ ਸਿੰਘ ਵਾਲਾ |
| 261. | ਅਮਰੀਕ ਸਿੰਘ ਪੁੱਤਰ ਸ਼ੇਰ ਸਿੰਘ, ਸਦਾ ਸਿੰਘ ਵਾਲਾ |
| 262. | ਭੁਪਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ, ਸਦਾ ਸਿੰਘ ਵਾਲਾ |
| 263. | ਬਿਰਜ ਲਾਲ ਪੁੱਤਰ ਪਰਭ ਦਿਆਲ, ਪਿੰਡ ਖਾਰਾ |
| 264. | ਗੁਰਦੇਵ ਸਿੰਘ ਪੁੱਤਰ ਭਾਮਤਾ ਸਿੰਘ, ਪਿੰਡ ਮੂਸਾ |
| 265. | ਮੇਜਰ ਸਿੰਘ ਪੁੱਤਰ ਕਰਤਾਰ ਸਿੰਘ, ਪਿੰਡ ਗਾਗੋ ਵਾਲ |
| 266. | ਅਜੈਬ ਸਿੰਘ ਪੁੱਤਰ ਬਚਨ ਸਿੰਘ, ਪਿੰਡ ਮੂਸਾ |
| 267. | ਨਾਜਰ ਸਿੰਘ ਪੁੱਤਰ ਬਚਨ ਸਿੰਘ, ਪਿੰਡ ਅਕਲੀਆ |
| 268. | ਗੁਰਚਰਨ ਸਿੰਘ ਪੁੱਤਰ ਜਗੀਰ ਸਿੰਘ, ਪਿੰਡ ਜਵਾਹਰ ਕੇ |
| 269. | ਬਲਵਿੰਦਰ ਸਿੰਘ ਪੁੱਤਰ ਮੋਹਨ ਸਿੰਘ, ਪਿੰਡ ਖੋਖਰ ਖੁਰਦ |
| 270. | ਨਿਰਮਲ ਸਿੰਘ ਪੁੱਤਰ ਅਜੈਬ ਸਿੰਘ' ਪਿੰਡ ਜਵਾਹਰ ਕੇ |
| 271. | ਰੂਪ ਸਿੰਘ ਪੁੱਤਰ ਗੁਰਬਚਨ ਸਿੰਘ, ਪਿੰਡ ਜਵਾਹਰ ਕੇ |
| 272. | ਮੁਖਤਿਆਰ ਸਿੰਘ ਪੁੱਤਰ ਦਲੀਪ ਸਿੰਘ, ਪਿੰਡ ਮਾਖਾ |
| 273. | ਲਾਲ ਸਿੰਘ ਪੁੱਤਰ ਸੁਚਾ ਸਿੰਘ, ਸਾਬਕਾ ਐਮ. ਐਲ ਏ, ਪਿੰਡ ਮੂਸਾ |
| 274. | ਜਗੀਰ ਸਿੰਘ ਪੱਤਰ ਉਤਚ ਸਿੰਘ, ਪਿੰਡ ਜੋਗਾ |
| 275. | ਅਸ਼ੋਕ ਕੁਮਾਰ ਪੁੱਤਰ ਪਿਆਰਾ ਲਾਲ, ਭੀਖੀ |
| 276. | ਸੁਖਦੇਵ ਸਿੰਘ ਪੁੱਤਰ ਬਚਨ ਸਿੰਘ, ਧਲੇਵਾ |
| 277. | ਹਮੀਰ ਸਿੰਘ ਪੁੱਤਰ ਚੰਨਣ ਸਿੰਘ, ਧਲੇਵਾ |
| 278. | ਭਰਪੂਰ ਸਿੰਘ ਪ੍ਰਧਾਨ ਵਿਸ਼ਕਰਮਾ ਮੰਦਰ ਧਲੇਵਾ |
| 279. | ਸੁਖ ਦੇਵ ਸਿੰਘ ਪੁਜਾਰੀ, ਦੁਰਗਾ ਮੰਦਰ, ਧਲੇਵਾ |
| 280. | ਨਾਹਰ ਸਿੰਘ, ਪੁੱਤਰ ਕਰਨੈਲ ਸਿੰਘ, ਪਿੰਡ ਬੁਰਜ ਹਰੀ |
| 281. | ਹਾਕਮ ਸਿੰਘ ਪੁੱਤਰ ਮਹਿੰਦਰ ਸਿੰਘ, ਪਿੰਡ ਬੁਰਜ ਹਰੀ |
| 282. | ਮਦਨ ਲਾਲ ਪੁੱਤਰ ਪਿਆਰਾ ਲਾਲ, ਭੀਖੀ |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜਿਸ ਵਿਅਕਤੀ ਦੇ ਨਾਂ ਤੇ ਪਰਮਿਟ ਕਟਿਆ ਉਸ ਦਾ ਨਾਂ ਤੇ ਪੂਰਾ ਪਤਾ |
|---|---|
| 283. | ਗੰਗਾ ਰਾਮ ਪੁੱਤਰ ਹਰੀ ਰਾਮ, ਭੀਖੀ |
| 284. | ਮਾਂਗਾ ਰਾਮ ਪੁੱਤਰ ਬਚਨ ਰਾਮ, ਭੀਖੀ |
| 285. | ਜੀ ਰਾਮ ਪੁੱਤਰ ਸ਼੍ਰੀ ਸ਼ਾਮ, ਭੀਖੀ |
| 286. | ਸੰਤ ਰਾਮ ਪੁੱਤਰ ਸਿਰੀ ਰਾਮ, ਭੀਖੀ |
| 287. | ਭਗਤਾ ਰਾਮ ਪੁੱਤਰ ਸਿਰੀ ਰਾਮ, ਭੀਖੀ |
| 288. | ਪਰੀਤਮ ਰਾਮ ਪੁੱਤਰ ਅਮਰ ਰਾਮ, ਭੀਖੀ |
| 289. | ਤਰਸੇਮ ਲਾਲ ਪੁੱਤਰ ਸੁਖਦੇਵ ਰਾਮ, ਨੰਗਲ ਕਲਾਂ |
| 290. | ਬਿੰਦਰ ਸਿੰਘ ਪੁਤਰ ਬਖਸ਼ੀ ਸਿੰਘ, ਮਾਲਕ ਪੁਰ |
| 291. | ਬਚਨ ਸਿੰਘ ਪੁੱਤਰ ਨਰੈਣ ਸਿੰਘ, ਨੰਗਲ ਕਲਾਂ |
| 292. | ਸਕੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ, ਮਾਲਕ ਪੁਰ |
| 293. | ਸੁਖਰਾਜ ਸਿੰਘ ਪੁੱਤਰ ਹਰਨੇਕ ਸਿੰਘ, ਮਾਲਕ ਪੁਰ |
| 294. | ਮਹਿੰਦਰ ਸਿੰਘ ਪੁੱਤਰ ਬਾਬੂ ਸਿੰਘ, ਮੱਤੀ |
| 295. | ਆਤਮਾ ਸਿੰਘ ਪੁੱਤਰ ਸੁੰਦਰ ਸਿੰਘ, ਮੱਤੀ |
| 296. | ਦਲੀਪ ਸਿੰਘ ਸਰਪੰਚ, ਅਤਲਾ ਕਲਾਂ |
| 297. | ਗੁਰਦਿਆਲ ਸਿੰਘ ਪੁੱਤਰ ਮੇਹਰ ਸਿੰਘ, ਅਤਲਾ ਕਲਾਂ |
| 298. | ਕਰਤਾਰ ਸਿੰਘ ਪੁੱਤਰ ਮੁਕੰਦ ਸਿੰਘ, ਧਲੇਵਾ |
| 299. | ਰਮੇਸ਼ ਪਾਲ ਪੁੱਤਰ ਹੰਸ ਰਾਜ, ਨੰਗਲ ਕਲਾਂ |
| 300. | ਕੋਰ ਸਿੰਘ ਪੁੱਤਰ ਕਰਨੈਲ ਸਿੰਘ, ਬਰਨਾਲਾ |
| 301. | ਜੋਗਿੰਦਰ ਦੇਵੀ ਪਤਨੀ ਸਰੂਪ ਚੰਦ, ਅਤਲਾ |
| 302. | ਤਰਸੇਮ ਲਾਲ ਪੁੱਤਰ ਵਲਾਇਤੀ ਰਾਮ, ਭੀਖੀ |
| 303. | ਨਛੱਤਰ ਸਿੰਘ ਪੁੱਤਰ ਕਰਤਾਰ ਸਿੰਘ, ਬੁਰਜ ਹਰੀ |
| 304. | ਹਰਚਰਨ ਸਿੰਘ ਪੁੱਤਰ ਝੰਡਾ ਸਿੰਘ, ਜਵਾਹਰਕੇ |
| 305. | ਕੁਲਵੰਤ ਸਿੰਘ ਪੁੱਤਰ ਗੁਰਬਖਸ਼ ਸਿੰਘ, ਜਵਾਹਰਕੇ |
| 306. | ਗੁਰਬਖਸ਼ ਸਿੰਘ ਪੁੱਤਰ ਝੰਡਾ ਸਿੰਘ, ਜਵਾਹਰ ਕੇ |
| 307. | ਰਣਜੀਤ ਸਿੰਘ ਪੁੱਤਰ ਦਰਬਾਰਾ ਸਿੰਘ, ਖੋਖਰ ਕਲਾਂ |
| 303. | ਜੋਗਿੰਦਰ ਸਿੰਘ ਪੁੱਤਰ ਬਲਵੰਤ ਸਿੰਘ, ਕਿਸ਼ਨ ਗੜ੍ਹ ਫਰਵਾਹੀ |
| 309. | ਪਰੀਤਮ ਸਿੰਘ ਪੁੱਤਰ ਦਿਆਲ ਸਿੰਘ, ਖੋਖਰ ਕਲਾਂ |
| 310. | ਪਰਮਿੰਦਰ ਸਿੰਘ ਪੁੱਤਰ ਚੇਤਨ ਸਿੰਘ, ਭੀਖੀ |
| 311. | ਸੁਖਦੇਵ ਸਿੰਘ ਪੁੱਤਰ ਕਰਤਾਰ ਸਿੰਘ, ਨੰਗਲ ਕਲਾਂ |
| 312. | ਪਰੀਤਮ ਸਿੰਘ ਪੁੱਤਰ ਸਦਾ ਸਿੰਘ, ਨੰਗਲ ਕਲਾਂ |
| 313. | ਕਿਸ਼ਨ ਸਿੰਘ ਪੁੱਤਰ ਕਾਹਨ ਸਿੰਘ, ਖਿਆਲਾ ਕਲਾਂ |
| 314. | ਲਾਭ ਸਿੰਘ ਪੁੱਤਰ ਹਰਨਾਮ ਸਿੰਘ, ਖਿਆਲਾ ਕਲਾਂ |
| 315. | ਜਗਰਾਜ ਸਿੰਘ ਪੁੱਤਰ ਚੂਹੜ ਸਿੰਘ, ਮਾਨਸਾ ਖੁਰਦ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| 1 | 2 |
|---|---|
| 316. | ਸੂਰਜ ਸਿੰਘ ਪੁੱਤਰ ਘੁਕਰ ਸਿੰਘ, ਬੁਰਜ ਝਬਰ |
| 317. | ਗੁਰਮੇਲ ਸਿੰਘ ਪੁੱਤਰ ਬਰਖਾ ਸਿੰਘ, ਬੁਰਜ ਝਬਰ |
| 318. | ਮੇਜਰ ਸਿੰਘ ਪੁੱਤਰ ਮੁਖਤਿਆਰ ਸਿੰਘ, ਬੁਰਜ ਝਬਰ |
| 319. | ਮਹਿੰਦਰ ਸਿੰਘ ਪੁੱਤਰ ਲਾਭ ਸਿੰਘ, ਬੁਰਜ ਝਬਰ |
| 320. | ਬਚਨ ਸਿੰਘ ਪੁੱਤਰ ਗੰਡਾ ਸਿੰਘ, ਅਕਲੀਆ |
| 321. | ਸਰਪੰਚ ,ਗਰਾਮ ਪੰਚਾਇਤ, ਫੈਪੇਈ |
| 322. | ਮਹੰਤ ਬਸਾਖਾ ਸਿੰਘ, ਗੁਰਦਵਾਰਾ, ਖਿਆਲਾ ਕਲਾਂ |
| 323. | ਜਗਨ ਨਾਥ ਪੁੱਤਰ ਕਾਲੂ ਰਾਮ, ਫਫੜੇ ਭਾਈ ਕੇ |
| 324. | ਬੁਧ ਸਿੰਘ ਪੁੱਤਰ ਚੰਦ ਸਿੰਘ, ਭੈਣੀ ਬਾਘਾ |
| 325. | ਮਨਜੀਤ ਸਿੰਘ, ਪੁੱਤਰ ਭਰਪੂਰ ਸਿੰਘ, ਜੋਗਾ |
| 326. | ਗਿੰਦਰ ਸਿੰਘ ਪੁੱਤਰ ਜਗਰਾਜ ਸਿੰਘ, ਬੁਰਜ ਹਰੀ |
| 327. | ਮਲਕੀਤ ਸਿੰਘ ਪੁੱਤਰ ਗਜਨ ਸਿੰਘ, ਖਾਰਾ |
| 328. | ਹਰਨੇਕ ਸਿੰਘ ਪੁੱਤਰ ਜੋਰਾ ਸਿੰਘ, ਮੂਸਾ |
| 329. | ਆਤਮਾ ਸਿੰਘ ਪੁੱਤਰ ਸੂਰਜ ਰਾਮ, ਭੀਖੀ |
| 330. | ਜੋਰਾ ਸਿੰਘ ਪੁੱਤਰ ਅਰਜਨ ਸਿੰਘ, ਮੂਸਾ |
| 331. | ਨਰੰਜਨ ਸਿੰਘ ਮੁੱਖ ਅਧਿਆਪਕ, ਮੂਸਾ |
| 332. | ਮੰਦਰ ਸ਼ਿਵ ਦਿਆਲਾ ਮਾਰਫਤ ਸ਼ਿਵਜੀ ਰਾਮ ਪੁੱਤਰ ਪੂਰਨ ਰਾਮ |
| 333. | ਸਿਵਜੀ ਰਾਮ ਪੁੱਤਰ ਪੂਰਨ ਰਾਮ, ਭੀਖੀ |
| 334. | ਮਾਤੂ ਰਾਮ ਪੁੱਤਰ ਮੋਹਗਾ ਰਾਮ, ਭੀਖੀ |
| 335. | ਗੁਰਦੇਵ ਸਿੰਘ ਪੁੱਤਰ ਤਰਲੋਕ ਸਿੰਘ, ਮੋਹਰ ਸਿੰਘ ਵਾਲਾ |
| 336. | ਗੁਰਬਚਨ ਸਿੰਘ ਪੁੱਤਰ ਮੋਠਾ ਸਿੰਘ, ਮੂਸਾ |
| 337. | ਚਾਨਣ ਸਿੰਘ ਪੁੱਤਰ ਗੁਰਦਿਆਲ ਸਿੰਘ, ਮੂਸਾ |
| 338. | ਗੁਰਦਿਆਲ ਸਿੰਘ ਪੁੱਤਰ ਬੀਰ ਸਿੰਘ, ਮੂਸਾ |
| 339. | ਪਰਕਾਸ਼ ਚੰਦ ਪੁੱਤਰ ਤੇਜ ਰਾਮ, ਕੋਟਲੀ ਕਲਾਂ |
| 340. | ਸਰਪੰਚ, ਗਰਾਮ ਪੰਚਾਇਤ, ਮੌਜ ਕਲਾਂ |
| 341. | ਸਰਪੰਚ, ਗਰਾਮ ਪੰਚਾਇਤ, ਅਤਲਾ ਕਲਾਂ |
| 342. | ਰਾਮ ਜੀ ਦਾਸ ਪੁੱਤਰ ਦੇਵੀ ਦਿਆਲ, ਹੱਠਾ |
| 343. | ਹਾਕਮ ਸਿੰਘ ਪੁੱਤਰ ਜੋਗਿੰਦਰ ਸਿੰਘ, ਹੱਠਾ |
| 344. | ਬਾਬੂ ਰਾਮ ਪੁੱਤਰ ਰੁਣੀਆ ਰਾਮ, ਹੱਠਾ |
| 345. | ਨਾਰ ਸਿੰਘ ਪੁੱਤਰ ਚੰਦ ਸਿੰਘ, ਤਾਮ ਕੋਟ |
| 346. | ਕੁੰਢਾ ਸਿੰਘ ਪੁੱਤਰ ਨੱਥੂ ਸਿੰਘ, ਰੱਠਾ |
| 347. | ਭਗਤ ਸਿੰਘ ਪੁੱਤਰ ਹਰਨਾਮ ਸਿੰਘ, ਜੋਗਾ |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| 348. | ਨੱਥਾ ਸਿੰਘ ਪੁੱਤਰ ਹਜ਼ੂਰਾ ਸਿੰਘ, ਖਿਆਲਾ ਕਲਾਂ |
| 349. | ਭਗਵਾਨ ਦਾਸ ਪੁੱਤਰ ਰਾਮ ਜੀ ਦਾਸ, ਭੱਪਾ |
| 350. | ਸਰਪੰਚ, ਗਰਾਮ ਪੰਚਾਇਤ, ਗੇਹਲੇ |
| 351. | ਸਰਪੰਚ, ਗਰਾਮ ਪੰਚਾਇਤ ਕੇ, ਜਵਾਹਰ ਕੇ |
| 352. | ਪਰੀਤਮ ਸਿੰਘ ਪੁੱਤਰ ਮੋਹਨਾ ਸਿੰਘ, ਅਸਪਾਲ |
| 353. | ਭਾਨ ਸਿੰਘ ਪੁੱਤਰ ਗੁਰਦਿਆਲ ਸਿੰਘ, ਸਦਾ ਸਿੰਘ ਵਾਲਾ |
| 354. | ਦਰਸ਼ਨ ਸਿੰਘ ਪੁੱਤਰ ਗੁਰਦਿਆਲ ਸਿੰਘ ਮਾਨ, ਅਸਪਾਲ |
| 355. | ਗੁਰਦਿਆਲ ਸਿੰਘ ਪੁੱਤਰ ਨਿਧਾਨ ਸਿੰਘ, ਖੋਖਰ ਖੁਰਦ |
| 356. | ਗੁਰਚਰਨ ਸਿੰਘ ਪੁੱਤਰ ਜੰਗੀਰ ਸਿੰਘ, ਜਵਾਹਰ ਕੇ |
| 357. | ਅਜੈਬ ਸਿੰਘ ਪੁੱਤਰ ਜੰਗੀਰ ਸਿੰਘ, ਜਵਾਹਰ ਕੇ |
| 358. | ਹਰਪਾਲ ਸਿੰਘ ਪੁੱਤਰ ਭਾਗ ਸਿੰਘ, ਜਵਾਹਰ ਕੇ |
| 359. | ਭੰਪਾ ਰਾਮ ਪੁੱਤਰ ਕਪੂਰ ਚੰਦ, ਨੰਗਲ ਕਲਾਂ |
| 360. | ਹੇਮ ਪ੍ਰਕਾਸ਼ ਪੁੱਤਰ ਰਾਮ ਜੀ ਦਾਸ, ਭੱਪਾ |
| 361. | ਗੁਰਦਿਆਲ ਸਿੰਘ ਪੁੱਤਰ ਸੁਚਾ ਸਿੰਘ, ਬੁਰਜ ਹਰੀ |
| 362. | ਹਰਭਜਨ ਸਿੰਘ ਪੁੱਤਰ ਨਾਹਰ ਸਿੰਘ, ਤਾਮ ਕੋਟ |
| 363. | ਅਮਰੀਕ ਸਿੰਘ ਪੁੱਤਰ ਹਰਚੰਦ ਸਿੰਘ, ਜਸੜ ਵਾਲ |
| 364. | ਨੰਦ ਸਿੰਘ ਪੁੱਤਰ ਹਰਨਾਮ ਸਿੰਘ, ਬੁਰਜ ਢਿਲਵਾਂ |
| 365. | ਗੁਰਚਰਨ ਸਿੰਘ ਪੁੱਤਰ ਚੰਦ ਸਿੰਘ, ਕੋਟ ਭੱਪਾ |
| 366. | ਮੇਜਰ ਸਿੰਘ ਪੁੱਤਰ ਘੀਚਰ ਸਿੰਘ, ਅਕਲੀਆਂ |
| 367. | ਮੁਕੰਦ ਸਿੰਘ ਪੁੱਤਰ ਘੀਚਰ ਸਿੰਘ, ਅਕਲੀਆਂ |
| 368. | ਕਰਤਾਰ ਸਿੰਘ ਪੁੱਤਰ ਬੀਰ ਸਿੰਘ, ਜੋਗਾ |
| 369. | ਸੰਤ ਰਾਮ ਪੁੱਤਰ ਪਰਭ ਦਿਆਲ, ਜੋਗਾ |
| 370. | ਮੋਹਨਾ ਸਿੰਘ ਪੁੱਤਰ ਬੰਗਾ ਸਿੰਘ, ਜੋਗਾ |
| 371. | ਭਗਵੰਤ ਕੌਰ ਪਤਨੀ ਭਾਗ ਸਿੰਘ, ਅਤਲਾ ਖੁਰਦ |
| 372. | ਪਿਆਰਾ ਲਾਲ ਪੁੱਤਰ ਸੁਭ ਰਾਮ, ਨੰਗਲ ਕਲਾਂ |
| 373. | ਜਨੈਲ ਸਿੰਘ ਪੁੱਤਰ ਕੇਹਰ ਸਿੰਘ, ਠੂਠਿਆ ਵਾਲੀ |
| 374. | ਸਰਪੰਚ, ਗਰਾਮ ਪੰਚਾਇਤ, ਜਵਾਹਰ ਕੇ |
| 375. | ਸਰਪੰਚ, ਗਰਾਮ ਪੰਚਾਇਤ, ਬਪੀਆਨਾ |
| 376. | ਰਘਬੀਰ ਸਿੰਘ ਪੁੱਤਰ ਉਜਾਗਰ ਸਿੰਘ, ਘੁੰਮਣ ਕਲਾਂ |
| 377. | ਪੂਰਨ ਦਾਸ ਪੁੱਤਰ ਭਗਵਾਨ ਦਾਸ, ਧਲੇਵਾ |
| 378. | ਸੀਤਾ ਰਾਮ ਪੁੱਤਰ ਦੁਲਾ ਰਾਮ, ਧਲੇਵਾ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| 1 | 2 |
|---|---|
| 379. | ਸਰਪੰਚ, ਗਰਾਮ ਪੰਚਾਇਤ ਖੀਵਾ ਖੁਰਦ |
| 380. | ਸਰਪੰਚ, ਗਰਾਮ ਪੰਚਾਇਤ ਮੌਜੇ ਖੁਰਦ |
| 381. | ਰਾਮ ਲਾਲ ਪੁੱਤਰ ਪਰਮਾ ਨੰਦ, ਭਿੱਖੀ |
| 382. | ਸਰਵਣ ਸਿੰਘ ਪੁੱਤਰ ਪਰਤਾਪ ਸਿੰਘ, ਖੀਰ ਖੁਰਦ |
| 383. | ਕਪੂਰ ਸਿੰਘ ਪੁੱਤਰ ਮੱਘਰ ਸਿੰਘ, ਖੋਖਰ ਖੁਰਦ |
| 384. | ਸੱਜਨ ਸਿੰਘ ਪੁੱਤਰ ਭਜਨ ਸਿੰਘ, ਚਕੇਰੀਆਂ |
| 385. | ਮਾਘੀ ਸਿੰਘ ਪੁੱਤਰ ਬਿਸ਼ਨ ਸਿੰਘ, ਚਕੇਰੀਆ |
| 386. | ਭਰਪੂਰ ਸਿੰਘ ਪੁੱਤਰ ਕੇਹਰ ਸਿੰਘ, ਨੰਗਲ ਕਲਾਂ |
| 387. | ਬੰਤਾ ਸਿੰਘ ਪੁੱਤਰ ਬਗਾ ਸਿੰਘ, ਜੋਗਾ |
| 388. | ਕੁਲਵੰਤ ਸਿੰਘ ਪੁੱਤਰ ਗੋਬਿੰਦਰ ਸਿੰਘ, ਮਾਨਸਾ ਖੁਰਦ ਗਿਆ |
| 389. | ਜਗਜੀਤ ਸਿੰਘ ਪੁੱਤਰ ਹਰੀ ਸਿੰਘ, ਰਣ |
| 390. | ਬਲਦੇਵ ਸਿੰਘ ਪੁੱਤਰ ਦਲੇਲ ਸਿੰਘ, ਮਣਕਪੁਰ |
| 391. | ਰਣਜੀਤ ਸਿੰਘ ਪੁੱਤਰ ਹਰਦਿਆਲ ਸਿੰਘ, ਜੋਗਾ |
| 392. | ਸੰਤ ਬਰਹਮ ਤੇਜ ਡੇਰਾ, ਅਕਲੀਆਂ। |
| 393. | ਨਰਿੰਦਰ ਪੁੱਤਰ ਰਾਮ ਸਿੰਘ, ਭੀਖੀ |
| 394. | ਮੱਘਰ ਸਿੰਘ ਪੁੱਤਰ ਬਚਨ ਸਿੰਘ, ਅਕਲੀਆ |
| 395. | ਫਕੀਰੀਆ ਪੁੱਤਰ ਲਛਮਣ ਸਿੰਘ, ਭੀਖੀ |
| 396. | ਰਤਨ ਸਿੰਘ ਪੁੱਤਰ ਰਦਰ ਸਿੰਘ, ਭੀਖੀ |
| 397. | ਲਾਭ ਸਿੰਘ ਪੁੱਤਰ ਸੁੱਚਾ ਸਿੰਘ, ਜੋਗਾ |
| 398. | ਹਰਦੇਵ ਸਿੰਘ ਪੁੱਤਰ ਇੰਦਰ ਸਿੰਘ ਜੋਗਾ |
| 399. | ਕਰਨੈਲ ਸਿੰਘ ਪੁੱਤਰ ਮੇਵਾ ਸਿੰਘ ਜੋਗਾ |
| 400. | ਸਿਰੀ ਰਾਮ ਪੁੱਤਰ ਸ਼ਿਵ ਰਾਮ ਜੋਗਾ |
| 401. | ਮਦਨ ਲਾਲ ਪੁੱਤਰ ਸਿਰੀ ਰਾਮ, ਜੋਗਾ |
| 402. | ਗੁਰਸੇਵਕ ਸਿੰਘ ਪੁੱਤਰ ਦਰਬਾਰਾ ਸਿੰਘ, ਹਹਲੇ |
| 403. | ਮੁਖਤਿਆਰ ਸਿੰਘ ਪੁੱਤਰ ਨਾਜਰ ਸਿੰਘ, ਰੱਠਾ |
| 404. | ਬਿਟੂ ਸਿੰਘ ਪੁੱਤਰ ਨੇਕ ਸਿੰਘ, ਕੋਟਲੀ ਕਲਾਂ |
| 405. | ਸੁਖਦੇਵ ਸਿੰਘ ਪੁੱਤਰ ਕਰਤਾਰ ਸਿੰਘ, ਕੋਟਲੀ ਕਲਾਂ |
| 406. | ਰੂਪ ਸਿੰਘ ਪੁੱਤਰ ਗੁਰਬਚਨ ਸਿੰਘ, ਜਵਾਹਰਕੇ |
| 407. | ਗੁਰਦੇਵ ਸਿੰਘ ਪੁੱਤਰ ਮੇਹਰ ਸਿੰਘ, ਧਲੇਵਾ |
| 408. | ਕੁਲਵੰਤ ਸਿੰਘ ਪੁੱਤਰ ਗੁਰਮੁੱਖ ਸਿੰਘ, ਸਮਾ |
| 409. | ਮਹਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ, ਧਲੇਵਾ |
| 410. | ਹੇਮਾ ਮਲ ਪੁੱਤਰ ਕਿਸ਼ਨ ਮੱਲ, ਧਲੇਵਾ |

Original with;
Punjab Vidhan Sabha
Digitized by;
Panjab Digital Library

| 1 | 2 |
|---|---|
| 411. | ਮਿੱਠੂ ਸਿੰਘ ਪੁੱਤਰ ਹਾਕਮ ਸਿੰਘ, ਧਲੇਵਾ |
| 412. | ਛੋਟਾ ਸਿੰਘ ਪੁੱਤਰ ਗੁਰਬਖਸ਼ ਸਿੰਘ, ਧਲੇਵਾ |
| 413. | ਸੁਖਦੇਵ ਸਿਘ ਪੁੱਤਰ ਮੇਹਰ ਸਿਘ ਧਲੇਵਾ |
| 414. | ਬਚਨ ਰਾਮ ਪੁੱਤਰ ਜਾਨੀ ਰਾਮ ਧਲੇਵਾਂ |
| 415. | ਕਰਤਾਰਾ ਸਿੰਘ ਪੁੱਤਰ ਗੰਡਾ ਸਿੰਘ ਅਤਲਾ ਕਲਾਂ |
| 416. | ਤੇਜਾ ਸਿੰਘ ਪੱਤਰ ਜਿਉਣ ਸਿੰਘ, ਰੱਠਾ |
| 417. | ਨਛੱਤਰ ਸਿੰਘ ਪੁੱਤਰ ਈਸ਼ਰ ਸਿੰਘ, ਕੋਟਲਾ |
| 418. | ਮਹੰਤ ਲਾਲ ਸਿੰਘ ਧਲੋਵਾਂ |
| 419. | ਦਿਵਾਨ ਚੰਦ ਪੱਤਰ ਬਿਰਜ ਲਾਲ, ਭੀਖੀ |
| 420. | ਆਤਮਾ ਰਾਮ ਪੁੱਤਰ ਸੂਰਤ ਰਾਮ, ਭੀਖੀ |
| 421. | ਸੌਣ ਸਿੰਘ ਪੁੱਤਰ ਕੇਹਰ ਸਿੰਘ, ਧਲੇਵਾਂ |
| 422. | ਰਮੇਸ਼ ਕੁਮਾਰ, ਪੁੱਤਰ ਬਚਨ ਰਾਮ, ਧਲੋਵਾਂ |
| 423. | ਨੰਦ ਸਿੰਘ ਪੁੱਤਰ ਹਰਨਾਮ ਸਿੰਘ, ਧਲੋਵਾਂ |
| 424. | ਭਰਪੂਰ ਸਿੰਘ ਪੁੱਤਰ ਖੇਤਾ ਸਿੰਘ, ਧਲੇਵਾ |
| 425. | ਪੂਰਨ ਦਾਸ ਪੁੱਤਰ ਭਗਵਾਨ ਦਾਸ ਧਲੇਵਾ |
| 426. | ਸੀਤਾ ਰਾਮ ਪੁੱਤਰ ਦੂਣਾ ਰਾਮ ਧਲੈਵਾਂ |
| 427. | ਬਲਵੀਰ ਸਿੰਘ ਪੁੱਤਰ ਸੁਖਦੇਵ ਸਿੰਘ, ਧਲੇਵਾਂ |
| 428. | ਗੁਰਮੇਲ ਸਿੰਘ ਪੁੱਤਰ ਸੁੰਦਰ ਸਿੰਘ, ਧਲੇਵਾਂ |
| 429. | ਪੂਰਨ ਸਿੰਘ ਪੁੱਤਰ ਸਿਆਮ ਸਿੰਘ, ਧਲੇਵਾਂ |
| 430. | ਬਹਾਦਰ ਸਿੰਘ ਪੁੱਤਰ ਗੁਰਦੇਵ ਸਿੰਘ ਧਲੇਵਾਂ |
| 431. | ਗੁਰਦਿਆਲ ਸਿੰਘ ਪੁੱਤਰ ਲਾਲ ਸਿੰਘ, ਜੋਗਾ |
| 432. | ਮਿੰਦਰ ਸਿੰਘ ਪੁੱਤਰ ਰੂੜ ਸਿੰਘ, ਸਮਾ |
| 433. | ਰੇਸ਼ਮ ਸਿੰਘ ਪੁੱਤਰ ਪ੍ਰੀਤਮ ਸਿੰਘ, ਘਰਾਗਣਾ |
| 434. | ਗਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਉਭਾ |
| 435. | ਰਾਮ ਦਾਸ ਪੁੱਤਰ ਪੂਰਨ ਸਿੰਘ, ਉਭਾ |
| 436. | ਸੁਖਦੇਵ ਸਿੰਘ ਪੁੱਤਰ ਕੇਹਰ ਸਿੰਘ, ਭੈਣੀ ਬਾਘਾ |
| 437. | ਹਰਦੇਵ ਸਿੰਘ ਪੁੱਤਰ ਕੇਹਰ ਸਿੰਘ, ਭੈਣੀ ਬਾਘਾ |
| 438. | ਗੁਰਦੁਵਾਰਾ ਸਾਹਿਬ, ਗਾਗੋਵਾਲ |
| 439. | ਮਾਘੀ ਸਿੰਘ ਪੁੱਤਰ ਪੂਰਨ ਸਿੰਘ, ਉਭਾ |
| 440. | ਜੈਲਾ ਸਿੰਘ ਪੁੱਤਰ ਦਲੀਪ ਸਿੰਘ, ਉਭਾ |
| 441. | ਮਘਰ ਸਿੰਘ ਪੁੱਤਰ ਗਜਨ ਸਿੰਘ, ਠਠਿਆਂ ਵਾਲੀ |
| 442. | ਗੁਰਜੰਟ ਸਿੰਘ ਪੁੱਤਰ ਸਾਧੂ ਸਿੰਘ, ਮਲਕਪੁਰ |
| 443. | ਭਾਨ ਸਿੰਘ ਪੁੱਤਰ ਕਪੂਰ ਸਿੰਘ, ਮਲਕ ਪੁਰ |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

| 1 | 2 |
|---|---|
| 444. | ਮੀਰਾ ਸਿੰਘ ਪੁੱਤਰ ਕੇਹਰ ਸਿੰਘ, ਮਲਕ ਪੁਰ |
| 445. | ਬਲਦੇਵ ਸਿੰਘ ਪੁੱਤਰ ਬਖਤੌਰ ਸਿੰਘ, ਮਲਕਪੁਰ |
| 446. | ਹਾਕਮ ਸਿੰਘ ਪੁੱਤਰ ਕਾਹਨ ਸਿੰਘ, ਮਲਕਪੁਰ |
| 447. | ਬੰ[illegible] ਸਿੰਘ ਪੁੱਤਰ ਹਰਨਾਮ ਸਿੰਘ, ਜੋਗਾ |
| 448. | ਮਹਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ, ਚਕੋਰੀਆਂ |
| 449. | ਗਿੰਦਰ ਸਿੰਘ ਪੁੱਤਰ ਕਰਤਾਰ ਸਿੰਘ, ਉਭਾ |
| 450. | ਸੁਖਵਿੰਦਰ ਸਿੰਘ ਪੁੱਤਰ ਰਣਜੀਤ ਸਿੰਘ, ਫੇਫੜੇ ਭਾਈ ਕੇ |
| 451. | ਸੁਖਦੇਵ ਸਿੰਘ ਪੁੱਤਰ ਲਾਲ ਸਿੰਘ, ਫੇਫੜੇ ਭਾਈ ਕੇ |
| 452. | ਨਰੰਜਨ ਸਿੰਘ ਪੁੱਤਰ ਮਘਰ ਸਿੰਘ, ਫੇਫੜੇ ਭਾਈ ਕੇ |
| 453. | ਪਰੀਤਮ ਸਿੰਘ ਪੁੱਤਰ ਹਰੀ ਸਿੰਘ, ਹੀਰੋ ਕਲਾਂ |
| 454. | ਸ਼ੇਰ ਸਿੰਘ ਪੁੱਤਰ ਨੱਥਾ ਸਿੰਘ, ਕੋਟਲੀ ਕਲਾਂ |
| 455. | ਹਬੀਬ ਖਾਂ, ਪਰਧਾਨ, ਨਾਮਜਦ ਕਮੇਟੀ, ਭੀਖੀ |
| 456. | ਹਰਨੇਕ ਸਿੰਘ, ਪਰਧਾਨ, ਗੁਰਦਵਾਰਾ, ਬਰਨਾਲਾ |
| 457. | ਮੇਜਰ ਹਰਿੰਦਰ ਸਿੰਘ, ਬਪੀਆਨਾ |
| 458. | ਸੁਖਦੇਵ ਸਿੰਘ, ਪੁੱਤਰ ਧਰਮ ਸਿੰਘ, ਮੂਸਾ |
| 459. | ਗੁਰਦੇਵ ਸਿੰਘ, ਪੁੱਤਰ ਅਰਜਨ ਸਿੰਘ, ਭੈਣੀ ਬਾਘਾ |
| 460. | ਹਰਨਾਮ ਸਿੰਘ, ਬਖਤੌਰ ਸਿੰਘ, ਜਵਾਹਰਕੇ |
| 461. | ਜਰਨੈਲ ਸਿੰਘ, ਪੁੱਤਰ ਅਜੀਤ ਸਿੰਘ, ਮਾਨਸਾ ਕਲਾਂ |
| 462. | ਹਬੀਬ ਖਾਂ, ਪਰਧਾਨ, ਨਾਮਜਦ ਕਮੇਟੀ, ਭੀਖੀ |
| 463. | ਸਰਪੰਚ, ਗਰਾਮ ਪੰਚਾਇਤ, ਭੀਖੀ |
| 464. | ਸਰਪੰਚ, ਗਰਾਮ ਪੰਚਾਇਤ, ਖੀਵਾ ਕਲਾਂ |
| 465. | ਸਰਪੰਚ, ਗਰਾਮ ਪੰਚਾਇਤ, ਖਾਰਾ |
| 466. | ਪਰਧਾਨ, ਗੁਰਦਵਾਰਾ ਸਾਹਿਬ, ਭੈਣੀ ਬਾਘਾ |
| 467. | ਬਲਦੇਵ ਸਿੰਘ ਸਰਪੰਚ, ਮੋਹਰ ਸਿੰਘ ਵਾਲਾ |
| 468. | ਸੀਤਾ ਰਾਮ ਪੁੱਤਰ ਦੁਲਾ ਰਾਮ, ਧਲੇਵਾਂ |
| 469. | ਬਲਵੀਰ ਸਿੰਘ ਪੁੱਤਰ ਸੁਖਦੇਵ ਸਿੰਘ, ਧਲੇਵਾਂ |
| 470. | ਗੁਰਮੇਲ ਸਿੰਘ ਪੁੱਤਰ ਸੁੰਦਰ ਸਿੰਘ, ਧਲੇਵਾਂ |
| 471. | ਹਬੀਬ ਖਾਂ, ਪਰਧਾਨ, ਨਾਮਜਦ ਕਮੇਟੀ ਮੰਦਰ, ਭੀਖੀ |
| 472. | ਜਗਨ ਨਾਥ, ਪੁੱਤਰ ਕਾਲੂ ਰਾਮ , ਫੇਫੜੇ ਭਾਈਕੇ |
| 473. | ਗੁਰਤੇਜ ਸਿੰਘ ਪੁੱਤਰ ਕਪੂਰ ਸਿੰਘ, ਖੋਖਰ ਕਲਾਂ |
| 474. | ਬੁੱਧ ਸਿੰਘ ਪੁੱਤਰ ਭਗਵਾਨ ਸਿੰਘ, ਕੋਟ ਲਲੂ |
| 475. | ਜਗਰੂਪ ਸਿੰਘ ਪੁੱਤਰ ਮਿਲਖਾ ਸਿੰਘ, ਸੁੱਖਾ ਸਿੰਘ ਵਾਲਾ |
| 476. | ਭੂਰਾ ਸਿੰਘ ਪੱਤਰ ਸਰਵਨ ਸਿੰਘ, ਗਾਗੋਵਾਲ |

Original with;
Punjab Vidhan Sabha
Digitized by;
Panjab Digital Library

| 1 | 2. |
|---|---|
| 477. | ਕਰਤਾਰ ਸਿੰਘ, ਕਾਕਾ ਸਿੰਘ, ਗਾਗੋਵਾਲ |
| 478. | ਨੇਕ ਸਿੰਘ ਪੁੱਤਰ ਹਰੀ ਸਿੰਘ, ਹੀਰੇਵਾਲਾ |
| 479. | ਲੋਕ ਰਾਮ ਪੁੱਤਰ ਨੰਦ ਰਾਮ, ਖਿਆਲਾ ਕਲਾਂ |
| 480. | ਨੰਦ ਸਿੰਘ ਪੁੱਤਰ ਗੁਜਰ ਸਿੰਘ, ਖਿਆਲਾ ਕਲਾਂ |
| 481. | ਬਲਦੇਵ ਸਿੰਘ ਪੁੱਤਰ ਬਖਤੌਰ ਸਿੰਘ, ਮਲਕਪੁਰ |
| 482. | ਪਰੀਤਮ ਸਿੰਘ ਬਲਦੇਵ ਸਿੰਘ, ਮਲਕਪੁਰ |
| 483. | ਘੁੰਮਣ ਸਿੰਘ ਪੁੱਤਰ ਜਵਾਹਰ ਸਿੰਘ, ਮੱਤੀ |
| 484. | ਹਰੀ ਰਾਮ ਪੁੱਤਰ ਨੰਦ ਰਾਮ, ਮੱਤੀ |
| 485. | ਰਾਮ ਜੀ ਦਾਸ ਪੁੱਤਰ ਰਾਧਾ, ਮੱਤੀ |
| 486. | ਵਸਾਖਾ ਸਿੰਘ ਪੁੱਤਰ ਚੂਹੜ ਸਿੰਘ, ਗੁੜਥੜੀ |

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਉਥੇ ਜੋ ਉਸ ਸਮੇਂ ਦੇ ਦੌਰਾਨ ਬੀ. ਡੀ. ਪੀ. ਓ, ਲੱਗਾ ਸੀ ਕਰਤਾਰ ਸਿੰਘ ਉਸ ਨੇ ਸੀਮਿੰਟ ਦੀ ਬੜੀ ਹੇਰਾਫੇਰੀ ਕੀਤੀ ਸੀ। ਇਹ ਲਿਸਟ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪਿੰਡ ਬੁਰਜ ਹਰੀ ਅਤੇ ਦਲੇਪਾ ਢਿਲਵਾਂ ਨੂੰ ਬਹੁਤ ਸੀਮਿੰਟ ਦਿੱਤਾ ਗਿਆ ਹੈ। ਇਨ੍ਹਾਂ ਪਿੰਡਾਂ ਦੇ ਸਰਪੰਚਾਂ ਨਾਲ ਮਿਲਕੇ ਬਹੁਤ ਵੱਡੀ ਹੇਰਾ ਫੇਰੀ ਕੀਤੀ ਗਈ ਹੈ। ਕੀ ਵਜ਼ੀਰ ਸਾਹਿਬ ਇਸ ਸਾਰੇ ਮਾਮਲੇ ਦੀ ਪੜਤਾਲ ਕਰਾਉਣਗੇ ?

**ਰਾਜ ਮੰਤਰੀ** : ਇਸ ਸਬੰਧੀ ਕੋਈ ਵੀ ਲਿਖਤੀ ਸ਼ਿਕਾਇਤ ਸਾਡੇ ਕੋਲ ਨਹੀਂ ਆਈ। ਜੇ ਕੋਈ ਸਪੈਸੇਫਿਕ ਕੇਸ ਇਨ੍ਹਾਂ ਦੇ ਨੋਟਿਸ ਵਿੱਚ ਹੈ ਤਾਂ ਇਹ ਲਿਖ ਕੇ ਭੇਜ ਦੇਣ।

**ਸਰਦਾਰ ਬਲਦੇਵ ਸਿੰਘ ਖਿਆਲਾ** : ਇੱਕ ਬੰਦਾ ਜਿਸ ਨੂੰ ਸੀਮਿੰਟ ਦਿੱਤਾ ਗਿਆ ਹੈ ਉਹ ਪਿੰਡ ਸੁੱਖਾ ਸਿੰਘ ਵਾਲੇ ਦਾ ਹੈ। ਇਹ ਪਿੰਡ ਇਸ ਬਲਾਕ ਵਿੱਚ ਨਹੀਂ ਹੈ। ਕੀ ਇਹ ਇਨਕੁਆਇਰੀ ਕਰਾਉਣਗੇ ਕਿ ਦੂਸਰੇ ਬਲਾਕ ਦੇ ਪਿੰਡ ਨੂੰ ਕਿਉਂ ਸੀਮਿੰਟ ਦਿੱਤਾ ਗਿਆ ?

**ਰਾਜ ਮੰਤਰੀ** : ਇਨ੍ਹਾਂ 486 ਵਿੱਚੋਂ ਕੁਝ ਪਰਮਿਟ ਕੈਂਸਲ ਹੋਏ ਹਨ। ਕੁਝ ਐਸੇ ਪਰਮਿਟ ਵੀ ਹਨ ਜਿਹੜੇ ਕਿ ਸੀਮਿੰਟ ਲੈ ਕੇ ਨਹੀਂ ਗਏ। ਇਹ ਲਿਖ ਕੇ ਭੇਜ ਦੇਣ ਜ਼ਰੂਰ ਇਨਕੁਆਇਰੀ ਕਰਵਾ ਲਵਾਂਗੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਸੀਮਿੰਟ ਦੀ ਵੰਡ ਠੀਕ ਨਹੀਂ ਹੁੰਦੀ। ਸ਼ਹਿਰਾਂ ਨੂੰ ਬਹੁਤ ਜ਼ਿਆਦਾ ਚਲਾ ਜਾਂਦਾ ਹੈ ਪਿੰਡਾਂ ਨੂੰ ਘੱਟ ਜਾਂਦਾ ਹੈ। ਜਦ ਹੜ੍ਹ ਆਉਂਦੇ ਹਨ ਤਾਂ ਹਰ ਜਗਾ ਨੁਕਸਾਨ ਹੁੰਦਾ ਹੈ। ਇਹ ਸੀਮਿੰਟ ਵੰਡਣ ਦਾ ਕੀ ਕਰਾਈਟੇਰੀਆ ਹੈ। ਪਿੰਡਾਂ ਨੂੰ ਜੇ ਵਜ਼ੀਰ ਸਾਹਿਬ ਮਹਿਸੂਸ ਕਰਦੇ ਹਨ ਕਿ ਘੱਟ ਸੀਮਿੰਟ ਜਾਂਦਾ ਹੈ ਤਾਂ ਕੀ ਇਸਦੀ ਮਾਤਰਾ ਵਧਾਈ ਜਾਵੇਗੀ?

**ਰਾਜ ਮੰਤਰੀ**: ਸਪੀਕਰ ਸਾਹਿਬ, ਸ਼ਾਇਦ ਮਾਨਯੋਗ ਮੈਂਬਰ ਨੂੰ ਪਤਾ ਨਹੀਂ ਅਸੀਂ ਸਾਰੀ ਸੀਮਿੰਟ ਦੀ ਵੰਡ ਪਾਪੂਲੇਸ਼ਨ ਦੇ ਲਿਹਾਜ਼ ਨਾਲ ਕਰਦੇ ਹਾਂ। ਸ਼ਹਿਰ ਅਤੇ ਪਿੰਡਾਂ ਦਾ ਕੋਈ ਇਮਤਿਆਜ਼ ਅਸੀਂ ਨਹੀਂ ਰਖਦੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਸ਼ਹਿਰਾਂ ਵਿੱਚ 70% ਅਤੇ ਪਿੰਡਾਂ ਵਿਚ 30% ਸੀਮਿੰਟ ਜਾਂਦਾ ਹੈ। ਇਹ ਕਰਾਈਟੇਰੀਆ ਦੱਸ ਦੇਣ ਜਿਸ ਮੁਤਾਬਿਕ ਇਸ ਦੀ ਵੰਡ ਕੀਤੀ ਜਾਂਦੀ ਹੈ।

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬ ਮੇਰੇ ਕੋਲ ਆ ਜਾਣ। ਅਸੀਂ ਪਾਪੂਲੇਸ਼ਨ ਦੇ ਹਿਸਾਬ ਨਾਲ ਵੰਡ ਕਰਦੇ ਹਾਂ। ਕੋਈ ਸ਼ਹਿਰ ਅਤੇ ਪਿੰਡ ਦਾ ਇਮਤਿਆਜ਼ ਨਹੀਂ ਰਖਿਆ ਜਾਂਦਾ। ਸਾਡੀ ਸਰਕਾਰ ਦਾ ਇਹ ਫਸਲਾ ਹੈ ਕਿ ਅਸੀਂ ਸ਼ਹਿਰਾਂ ਨਾਲੋਂ ਪਿੰਡਾਂ ਨੂੰ ਵੱਧ ਅਹਿਮੀਅਤ ਦੇਣੀ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਸੀਮਿੰਟ ਦੀ ਵੰਡ ਵਿਚ ਬਹੁਤ ਵੱਡੇ ਪੱਧਰ ਤੇ ਹੇਰਾ-ਫੇਰੀ ਹੁੰਦੀ ਹੈ। ਇਕੱਲੇ ਮਾਨਸਾ ਵਿਚ ਨਹੀਂ ਬਲਕਿ ਜ਼ਿਲ੍ਹਾ ਸੰਗਰੂਰ ਵਿੱਚ ਧੂਰੀ ਅਤੇ ਹੋਰਨਾਂ ਥਾਵਾਂ ਤੇ ਵੀ ਬਹੁੱਤ ਵੱਡੇ ਪੱਧਰ ਤੇ ਹੇਰਾ ਫੇਰੀ ਹੁੰਦੀ ਹੈ। ਪੁਰਾਣੀਆਂ ਐਪਲੀਕੇਸ਼ਨਾਂ ਤੇ ਸੀਮਿੰਟ ਨਹੀਂ ਮਿਲ ਰਿਹਾ। ਨਵੀਆਂ ਐਪਲੀਕੇਸ਼ਨਾਂ ਲੈ ਕੇ ਉਨ੍ਹਾਂ ਤੋਂ ਪੈਸੇ ਲੈ ਕੇ, ਸੀਮਿੰਟ ਦਿੱਤਾ ਜਾਂਦਾ ਹੈ। ਇਸ ਕਰਕੇ ਉੱਚ ਪੱਧਰੀ ਪੜਤਾਲ ਕਰਕੇ ਕੀ ਵਜ਼ੀਰ ਸਾਹਿਬ ਇਨਸਾਫ ਦਿਵਾਉਣਗੇ ਅਤੇ ਇਸ ਸਬੰਧੀ ਨਵੀਂ ਪਾਲਿਸੀ ਕੀ ਹੈ, ਉਹ ਵੀ ਦਸਣਗੇ?

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਮੈਂ ਇਨ੍ਹਾਂ ਨੂੰ ਫਿਰ ਵੀ ਕਹਿਣਾ ਚਾਹੁੰਦਾ ਹਾਂ ਕਿ ਕੋਈ ਸਪੈਸੇਫਿਕ ਸ਼ਿਕਾਇਤ ਇਹ ਦੇ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਲਿਖ ਕੇ ਦੇਣ। ਸਪੀਕਰ ਸਾਹਿਬ ਇਸ ਸਵਾਲ ਤੇ ਸਪਲੀਮੈਂਟਰੀ ਹੋ ਗਏ ਹਨ। ਇਸ ਬਲਾਕ ਦੇ 70 ਦੇ ਕਰੀਬ ਪਿੰਡ ਹਨ ਜਿਨ੍ਹਾਂ ਵਿੱਚੋਂ ਸਿਰਫ ਦੋ ਪਿੰਡਾਂ ਨੂੰ 33% ਸੀਮਿੰਟ ਦੇ ਪਰਮਿਟ ਦਿੱਤੇ ਗਏ ਹਨ। ਇਸ ਤੋਂ ਇਲਾਵਾ ਇੱਕ ਸੁੱਖਾ ਸਿੰਘ ਵਾਲਾ ਪਿੰਡ ਹੈ ਜਿਹੜਾ ਇਸ ਬਲਾਕ ਵਿੱਚ ਨਹੀਂ ਹੈ ਪਰ ਉਥੇ ਸੀਮਿੰਟ ਗਿਆ ਹੈ। ਕੀ ਇਸ ਸਪੈਸੇਫਿਕ ਐਲੀਗੇਸ਼ਨ ਦੇ ਮੱਦੇਨੇਜ਼ਰ ਕੋਈ ਸਪੈਸ਼ਲ ਅਫਸਰ ਭੇਜ ਕੇ ਇਨਕੁਆਇਰੀ ਕਰਾਉਣਗੇ ਤਾਂ ਕਿ ਪਤਾ ਲੱਗ ਸਕੇ ਕਿ ਕੀ ਹੇਰਾ ਫੇਰੀ ਹੋ ਰਹੀ ਹੈ?

**ਰਾਜ ਮੰਤਰੀ**: ਸਪੀਕਰ ਸਾਹਿਬ ਮੈਂ ਬੇਨਤੀ ਕੀਤੀ ਹੈ ਕਿ ਇਹ ਲਿਖ ਕੇ ਭੇਜ ਦੇਣ। ਅਸੀਂ ਜ਼ਰੂਰ ਉਸਦੀ ਇਨਕੁਆਇਰੀ ਕਰਵਾ ਲਵਾਂਗੇ।

**ਸ੍ਰੀ ਸਪੀਕਰ**: ਜੋ ਗਲ ਬਾਤ ਵੀ ਹੋ ਰਹੀ ਹੈ ਉਹ ਰਿਕਾਰਡ ਹੋ ਰਹੀ ਹੈ। ਇਥੇ ਆਨਰੇਬਲ ਮੈਂਬਰਾਂ ਨੇ ਕਿਹਾ ਹੈ ਕਿ ਦੋ ਪਿੰਡ ਐਸੇ ਹਨ ਜਿਨ੍ਹਾਂ ਨੂੰ ਬਹੁੱਤ ਸੀਮਿੰਟ ਗਿਆ ਹੈ ਅਤੇ ਇਹ ਅਲੇਜ ਕੀਤਾ ਹੈ ਕਿ ਇਸ ਵਿੱਚ ਬੇਗਲਿੰਗ ਹੋਈ ਹੈ। ਇਸ ਦੇ ਆਧਾਰ ਉਤੇ ਹੀ ਇਨਕੁਆਇਰੀ ਕਰਵਾ ਲਓ।

**ਰਾਜ ਮੰਤਰੀ**: ਇਹ ਵੇਖ ਲਵਾਂਗੇ ਜੀ।

---

## Quantity of Wheat Procured for Central Pool

*1235. **Sardar Harcharan Singh Hero** : Will the Minister of State for Food and Supplies be pleased to state the total quantity of wheat procured by the various agencies of Punjab Government for Central Pool during the years 1978-79, 1979-80, 1980-81 and 1981-82 (to date) ?

Original with;
Punjab Vidhan Sabha
Digitized by;
Panjab Digital Library

**ਸ੍ਰੀ ਭਗਵਾਨ ਦਾਸ**: ਸਾਲ 1978-79, 1979-80, 1980-81 ਅਤੇ 1981-82 ਦੇ ਦੌਰਾਨ ਪੰਜਾਬ ਸਰਕਾਰ ਦੀਆਂ ਵੱਖ ਵੱਖ ਏਜੰਸੀਆਂ ਦੁਆਰਾ ਕੇਂਦਰੀ ਭੰਡਾਰ ਲਈ ਕੁੱਲ ਕਣਕ ਦੀ ਖਰੀਦੀ ਗਈ ਮਿਕਦਾਰ (ਅਜ ਤੀਕ):-

(ਅੰਕੜੇ ਟਨਾਂ ਵਿਚ)

| ਸਾਲ | | ਰਾਜ ਸਰਕਾਰ | ਮਾਰਕਫੈਡ | ਪਨਸਪ | ਕੁੱਲ ਜੋੜ |
|---|---|---|---|---|---|
| 1978-79 | ... | 10,66,752 | 7,67,136 | 6,29,315 | 24,63,203 |
| 1979-80 | ... | 14,95,426 | 9,17,163 | 8,21,218 | 32,33,807 |
| 1980-81 | ... | 14,40,328 | 9,45,914 | 8,22,679 | 32,08,921 |
| 1981-82 | ... | 13,61,310 | 7,45,473 | 7,04,897 | 28,11,680 |

ਮਿਤੀ 19 ਫਰਵਰੀ, 1982 ਤੀਕ

**ਸਰਦਾਰ ਹਰਚਰਨ ਸਿੰਘ ਹੀਰੋ**: ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸਾਲ 1980-81 ਵਿਚ 32,08,921 ਟਨ ਕਣਕ ਦੀ ਪ੍ਰੋਕਿਉਰਮੈਂਟ ਹੋਈ ਹੈ ਔਰ ਸਾਲ 1981-82 ਵਿਚ 28,11,680 ਟਨ ਪ੍ਰੋਕਿਉਅਰ ਹੋਈ ਹੈ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸਾਲ 1981-82 ਵਿਚ ਸਾਲ 1980-81 ਨਾਲੋਂ 4 ਲੱਖ ਟਨ ਕਣਕ ਘੱਟ ਪ੍ਰੋਕਿਉਰ ਹੋਈ ਹੈ। ਮੈਂ ਇਸ ਬਾਰੇ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਦਾ ਕੀ ਕਾਰਣ ਹੈ ਕਿ ਸਟੇਟ ਦੀਆਂ ਏਜੰਸੀਆਂ ਨੇ 4 ਲੱਖ ਟਨ ਕਣਕ ਘੱਟ ਕਿਉਂ ਖਰੀਦੀ ਹੈ? ਕੀ ਕੋਈ ਐਸੀ ਗੱਲ ਤਾਂ ਨਹੀਂ ਹੈ ਕਿ ਵਪਾਰੀਆਂ ਨੇ ਕਿਸਾਨਾਂ ਦੇ ਨਾਵਾਂ ਤੇ ਕਣਕ ਬਾਹਰਲਿਆਂ ਸੂਬਿਆਂ ਨੂੰ ਭੇਜੀ ਹੋਵੇ ਔਰ ਇਸ ਕਰਕੇ ਸਰਕਾਰੀ ਪ੍ਰੋਕਿਉਅਰਮੈਂਟ ਘਟੀ ਹੋਵੇ?

**ਰਾਜ ਮੰਤਰੀ** : ਸਪੀਕਰ ਸਾਹਿਬ, ਕੁਝ ਕਣਕ ਦੀ ਪੈਦਾਵਾਰ ਘਟੀ ਹੈ ਔਰ ਇਹੀ ਕਾਰਣ ਹੈ ਕਿ ਪੰਜਾਬ ਗੌਰਮਿੰਟ ਦੀ ਪ੍ਰੋਕਿਉਅਰਮੈਂਟ 4 ਲੱਖ ਟਨ ਘਟੀ ਹੈ।

**ਸਰਦਾਰ ਹਰਚਰਨ ਸਿੰਘ ਹੀਰੋ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁਛਿਆ ਸੀ ਕਿ ਆਇਆ ਕੋਈ ਐਸਾ ਕੇਸ ਉਨ੍ਹਾਂ ਦੇ ਨੋਟਿਸ ਵਿਚ ਤਾਂ ਨਹੀਂ ਹੈ ਕਿ ਵਪਾਰੀਆਂ ਨੇ ਜ਼ਿਮੀਦਾਰਾਂ ਦੇ ਨਾਮ ਤੇ ਕੁਝ ਕਣਕ ਬਾਹਰਲੇ ਸੂਬਿਆਂ ਵਿਚ ਭੇਜੀ ਹੋਵੇ? ਸਰਕਾਰ ਨੇ ਇਹੋ ਜਿਹੇ ਕਿਤਨੇ ਕੇਸ ਫੜੇ ਹਨ ਅਤੇ ਉਨ੍ਹਾਂ ਤੇ ਕੀ ਐਕਸ਼ਨ ਲਿਆ ਹੈ? ਕੀ ਸਰਕਾਰ ਨੇ ਕੋਈ ਰੋਕ ਥਾਮ ਕੀਤੀ ਹੈ ਕਿ ਅੱਗੇ ਤੋਂ ਵਪਾਰੀ ਇਸ ਤਰ੍ਹਾਂ ਨਾ ਕਰਨ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਣਕ ਦੀ ਐਕਸਪੋਰਟ ਵਾਸਤੇ ਪੰਜਾਬ ਸਰਕਾਰ ਪਾਸ ਕੋਈ ਪਾਵਰ ਨਹੀਂ ਹੈ। ਲੇਕਿਨ ਜ਼ਿਮੀਦਾਰ ਜਿਹੜੀ ਕਣਕ

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਖੁਰਾਕ ਤੇ ਸਪਲਾਈਜ਼]

ਭੇਜਦੇ ਹਨ ਉਹ ਆਪਣੇ ਨਾਮ ਤੇ ਭੇਜਦੇ ਹਨ। ਗੌਰਮਿੰਟ ਵੱਲੋਂ ਇਸ ਤੇ ਕੋਈ ਪਾਬੰਦੀ ਨਹੀਂ ਹੈ। ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਹੈ। ਜੇਕਰ ਇਨ੍ਹਾਂ ਨੂੰ ਕੋਈ ਇਨਫਰਮੇਸ਼ਨ ਦੀ ਹੋਰ ਲੋੜ ਹੈ ਤਾਂ ਇਹ ਮੇਰੇ ਚੈਂਬਰ ਵਿਚ ਆ ਜਾਣ, ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗਾ।

(ਇਸ ਸਮੇਂ ਮਾਨਯੋਗ ਮੈਂਬਰ ਕਾਮਰੇਡ ਬਲਦੇਵ ਸਿੰਘ ਲੂੰਬਾ ਅਤੇ ਸਰਦਾਰ ਸੰਤ ਸਿੰਘ ਧੂਰੀ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ । ਮਾਨਯੋਗ ਸਪੀਕਰ ਸਾਹਿਬ ਨੇ ਕਾਮਰੇਡ ਬਲਦੇਵ ਸਿੰਘ ਲੂੰਬਾ ਜੀ ਨੂੰ ਇਜਾਜ਼ਤ ਦਿੱਤੀ।)

**ਸਰਦਾਰ ਸੰਤ ਸਿੰਘ**: ਸਪੀਕਰ ਸਾਹਿਬ, ਤੁਸੀਂ ਵੀ ਸਿਵਲ ਸਪਲਾਈਜ਼ ਮਹਿਕਮੇਂ ਵਾਲੀ ਸਪਲੀ-ਮੈਂਟਰੀਜ਼ ਦੀ ਵੰਡ ਕਰਦੇ ਹੋ। (ਹਾਸਾ)

**ਕਾਮਰੇਡ ਬਲਦੇਵ ਸਿੰਘ ਲੂੰਬਾ**: ਸਪੀਕਰ ਸਾਹਿਬ, ਹੀਰੋ ਸਾਹਿਬ ਦਾ ਸਵਾਲ ਬੜਾ ਹੀ ਸਿੱਧਾ ਸੀ। ਕਾਫੀ ਮਾਤਰਾ ਵਿਚ ਕਣਕ ਵਪਾਰੀਆਂ ਨੇ ਜ਼ਿਮੀਦਾਰਾਂ ਦੇ ਨਾਮ ਤੇ ਭੇਜੀ ਹੈ। ਉਨ੍ਹਾਂ ਨੇ ਇਹ ਗੱਲ ਕਹਿ ਦਿੱਤੀ ਹੈ ਕਿ ਇਹ ਭੇਜੀ ਗਈ ਹੈ ਪਰ ਉਹ ਇਸ ਨੂੰ ਰੋਕ ਨਹੀਂ ਸਕਦੇ। ਕੀ ਇਹ ਇਸ ਗੱਲ ਦਾ ਜਵਾਬ ਦੇਣਗੇ ਕਿ ਕਿਤਨੀ ਕੁ ਕਣਕ ਇਸ ਤਰ੍ਹਾਂ ਬਾਹਰ ਗਈ ਹੈ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੀਰੋ ਸਾਹਿਬ ਦਾ ਸਵਾਲ ਸੀ ਕਿ ਪੰਜਾਬ ਸਰਕਾਰ ਦੀਆਂ ਵੱਖ ਵੱਖ ਏਜੰਸੀਆਂ ਦੁਆਰਾ ਕੇਂਦਰੀ ਭੰਡਾਰ ਲਈ ਕੁੱਲ ਕਿੰਨੀ ਕਣਕ ਪ੍ਰਾਪਤ ਕੀਤੀ ਗਈ? ਸਪੀਕਰ ਸਾਹਿਬ ਇਸ ਸਵਾਲ ਦਾ ਜਵਾਬ ਮੈਂ ਦੇ ਦਿੱਤਾ ਹੈ। ਜੇਕਰ ਇਨ੍ਹਾਂ ਨੂੰ ਫਰਦਰ ਇਨਫਰਮੇਸ਼ਨ ਦੀ ਲੋੜ ਹੈ ਤਾਂ ਇਹ ਚਾਹੇ ਮੈਨੂੰ ਲਿਖ ਕੇ ਭੇਜ ਦੇਣ ਚਾਹੇ ਮੇਰੇ ਚੈਂਬਰ ਵਿਚ ਆ ਜਾਣ ਮੈਂ ਇਨਾਂ ਦੀ ਤਸੱਲੀ ਕਰਵਾ ਦੇਵਾਂਗਾ। ਜਾਂ ਫਿਰ ਇਹ ਨਵਾਂ ਕੁਐਸਚਨ ਦੇ ਦੇਣ ਕਿਉਂਕਿ ਇਨ੍ਹਾਂ ਦੀ ਇਸ ਸਪਲੀਮੈਂਟਰੀ ਦਾ ਸਵਾਲ ਨਾਲ ਕੋਈ ਸਬੰਧ ਨਹੀਂ ਬਣਦਾ।

(ਇਸ ਸਮੇਂ ਮਾਨਯੋਗ ਮੈਂਬਰ, ਸਰਦਾਰ ਸੰਤ ਸਿੰਘ ਅਤੇ ਸਰਦਾਰ ਆਤਮਾ ਸਿੰਘ ਜੀ ਸਪਲੀਮੈਂਟਰੀ ਕਰਨ ਵਾਸਤੇ ਖੜੇ ਹੋਏ। ਮਾਨਯੋਗ ਸਪੀਕਰ ਸਾਹਿਬ ਨੇ ਸਰਦਾਰ ਆਤਮਾ ਸਿੰਘ ਜੀ ਨੂੰ ਆਗਿਆ ਦਿੱਤੀ।)

**ਸਰਦਾਰ ਸੰਤ ਸਿੰਘ ਧੂਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਖੜ੍ਹਾ ਹੋਇਆ ਹਾਂ ਜੀ। ਤੁਸੀਂ ਮੈਨੂੰ ਮੈਂਬਰ ਹੀ ਨਹੀਂ ਸਮਝਦੇ। ਮੈਂ ਪਹਿਲਾਂ ਵੀ ਕਿਹਾ ਸੀ ਕਿ ਸਪਲੀਮੈਂਟਰੀ ਅਲਾਓ ਕਰਨ ਵਾਸਤੇ ਤੁਹਾਡੀ ਟਾਈਮ ਦੀ ਵੰਡ ਸਿਵਲ ਸਪਲਾਈਜ਼ ਮਹਿਕਮੇਂ ਵਾਲੀ ਹੈ। ਸਪੀਕਰ ਸਾਹਿਬ, ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ।

**ਸ੍ਰੀ ਸਪੀਕਰ**: ਤੁਸੀਂ ਬੈਠੋ ਮੈਂ ਸਰਦਾਰ ਆਤਮਾ ਸਿੰਘ ਜੀ ਨੂੰ ਇਜਾਜ਼ਤ ਦਿੱਤੀ ਹੈ। ਇਹ ਵੀ ਤੁਹਾਡੇ ਹੀ ਮੈਂਬਰ ਹਨ।

**ਸਰਦਾਰ ਆਤਮਾ ਸਿੰਘ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਦੇ ਇਹ ਗੱਲ ਨਾਲਿਜ ਵਿਚ ਹੋਵੇਗੀ, ਇਨ੍ਹਾਂ ਨੇ ਜੈਤੋ ਜਾਂ ਕੋਟਕਪੂਰੇ ਛਾਪਾ ਮਾਰ ਕੇ ਕੁਝ ਐਸੀਆਂ ਕਣਕ ਦੀਆਂ ਬੋਰੀਆਂ ਪਕੜੀਆਂ ਜਿਹੜੀਆਂ ਕਿ ਵਪਾਰੀ ਕਿਸੇ ਜ਼ਿਮੀਦਾਰ ਦੇ ਨਾਮ ਉਪਰ ਬਾਹਰ ਭੇਜ ਰਿਹਾ ਸੀ। ਉਨ੍ਹਾਂ ਨੇ ਮੁਕੱਦਮਾ ਵੀ ਦਰਜ ਕਰਵਾਇਆ ਸੀ। ਉਸ ਕੇਸ ਬਾਰੇ ਕੀ ਮੰਤਰੀ ਜੀ ਦੱਸਣਗੇ ਕਿ ਕੀ ਐਕਸ਼ਨ ਲਿਆ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ**: ਸਪੀਕਰ ਸਾਹਿਬ, ਕੋਟਕਪੂਰੇ ਔਰ ਜੈਤੋ ਦਾ ਕੋਈ ਇਸ ਤਰ੍ਹਾਂ ਦਾ ਕੇਸ ਮੇਰੇ ਨੋਟਿਸ ਵਿਚ ਨਹੀਂ ਹੈ ਕਿ ਕੋਈ ਵਪਾਰੀ ਜ਼ਿਮੀਦਾਰ ਦੇ ਨਾਮ ਤੇ ਕਣਕ ਲੈ ਕੇ ਗਿਆ ਹੋਵੇ । ਪਰ ਜੇਕਰ ਇਨ੍ਹਾਂ ਦੇ ਨੋਟਿਸ ਵਿਚ ਕੋਈ ਐਸਾ ਕੇਸ ਹੈ ਤਾਂ, ਮੈਂ ਜਿਸ ਤਰ੍ਹਾਂ ਪਹਿਲਾਂ ਵੀ ਕਿਹਾ ਹੈ, ਮੇਰੇ ਚੈਂਬਰ ਵਿਚ ਇਹ ਆ ਜਾਣ ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦਿਆਂਗਾ ।

**ਸਰਦਾਰ ਸੰਤ ਸਿੰਘ**: ਸਪੀਕਰ ਸਾਹਿਬ, ਸ਼ਾਇਦ ਇਹ ਕੇਸ ਇਨ੍ਹਾਂ ਦੇ ਨੋਟਿਸ ਵਿਚ ਨਾ ਆਇਆ ਹੋਵੇ, ਸ਼ਾਇਦ ਇਹ ਇਨ੍ਹਾਂ ਦੇ ਵਜ਼ੀਰ ਬਣਨ ਤੋਂ ਪਹਿਲਾਂ ਦਾ ਹੋਵੇ। ਮਾਨਸਾ ਤੋਂ ਕਣਕ ਦੀ ਗੱਡੀ ਭੇਜੀ ਗਈ ਸੀ ਕੀ ਉਹ ਗੱਡੀ ਕਿਸਾਨਾਂ ਦੇ ਨਾਮ ਤੇ ਭੇਜੀ ਗਈ ਸੀ ਜਾਂ ਕਿਸੇ ਹੋਰ ਦੇ ਨਾਮ ਤੇ ਭੇਜੀ ਗਈ ਸੀ ? ਇਹ ਵੀ ਦੱਸਣ ਕਿ ਉਸ ਵਿਚ ਕਿਸ ਕਿਸ ਦਾ ਹੱਥ ਸੀ ।

**ਰਾਜ ਮੰਤਰੀ**: ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਸਵਾਲ ਨਾਲ ਸਬੰਧ ਨਹੀਂ ਹੈ। ਜੇਕਰ ਇਨ੍ਹਾਂ ਨੂੰ ਇਸ ਦੇ ਜਵਾਬ ਦੀ ਲੋੜ ਹੈ ਤਾਂ ਮੇਰੇ ਪਾਸ ਆ ਜਾਣ, ਮੈਂ ਇਨ੍ਹਾਂ ਦੀ ਪੂਰੀ ਤਸੱਲੀ ਕਰਵਾ ਦਿਆਂਗਾ ।

**Mr. Speaker** : Next question please.

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਇਹ ਸਵਾਲ ਸਟੇਟ ਦੀ ਪਾਲਿਸੀ ਨਾਲ ਸਬੰਧ ਰਖਦਾ ਹੈ। ਇਸ ਲਈ ਮੈਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਦਿਓ । ਪੰਜਾਬ ਦਾ ਕਿਸਾਨ ਲੁੱਟਿਆ ਗਿਆ । ਵਪਾਰੀ ਉਸ ਨੂੰ ਲੁੱਟ ਕੇ ਲੈ ਗਿਆ ਹੈ। ਤੁਸੀਂ ਸਾਨੂੰ ਸਪਲੀਮੈਂਟਰੀ ਕਰਨ ਦਿਓ।

**ਸ੍ਰੀ ਸਪੀਕਰ**: ਮੈਂ ਪਹਿਲਾਂ ਹੀ ਇਸ ਸਵਾਲ ਤੇ ਛੇ-ਸੱਤ ਸਪਲੀਮੈਂਟਰੀ ਅਲਾਓ ਕਰ ਚੁੱਕਾ ਹਾਂ (ਇਸ ਸਮੇਂ ਕਈ ਮਾਨਯੋਗ ਮੈਂਬਰ ਵਿਰੋਧੀ ਧਿਰ ਵੱਲੋਂ ਖੜ੍ਹੇ ਹੋ ਕੇ ਬੋਲਣ ਲੱਗ ਪਏ ** **)

**Mr. Speaker** : Nothing to be noted. ਬਜਟ ਤੇ ਡਿਸਕਸ਼ਨ ਹੋਣੀ ਹੈ, ਤੁਸੀਂ ਇਹ ਪੁਆਇੰਟ ਉਸ ਵੇਲੇ ਰੇਜ਼ ਕਰ ਸਕਦੇ ਹੋ, ਪਲੀਜ਼ ਬੈਠੋ। ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਤੁਹਾਡੀ ਪਾਵਰ ਹੈ, ਤੁਸੀਂ ਸਪੈਸ਼ਲ ਸਪਲੀਮੈਂਟਰੀ ਅਲਾਓ ਕਰ ਸਕਦੇ ਹੋ। ਅਸੀਂ ਤੁਹਾਡੇ ਤੋਂ ਪ੍ਰੋਟੈਕਸ਼ਨ ਚਾਹੁੰਦੇ ਹਾਂ। ਅਸੀਂ ਸਬੂਤ ਦਿੰਦੇ ਹਾਂ ......

**ਸ੍ਰੀ ਸਪੀਕਰ**: ਭੂੰਦੜ ਜੀ ਗੱਲ ਇਹ ਹੈ ਕਿ ਤੁਸੀਂ ਇਹ ਚੀਜ਼ ਲਿਖ ਕੇ ਦੇ ਦਿਓ। ਸਰਕਾਰ ਉਸ ਦਾ ਜਵਾਬ ਦੇ ਦੇਵੇਗੀ। ਮੈਂ ਸਰਦਾਰ ਤੇਜ ਸਿੰਘ ਜੀ ਦਾ ਸਵਾਲ ਕਾਲ ਅਪਾਨ ਕਰ ਲਿਆ ਹੈ। ਹਾਂ ਜੀ, ਸਰਦਾਰ ਤੇਜ ਸਿੰਘ ਜੀ। ਭੂੰਦੜ ਸਾਹਿਬ, ਬੈਠੋ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਮੁਆਫ ਕਰਨਾ ਜੀ। ਸਪੀਕਰ ਸਾਹਿਬ, ਸਾਡੇ ਕਿਸਾਨ ਦੀ ਇਕਾਨੋਮੀ, ਸਾਡੀ ਸਟੇਟ ਦੀ ਇਕਾਨੋਮੀ, ਵੀਟ ਔਰ ਝੋਨੇ ਤੇ ਡਿਪੈਂਡ ਕਰਦੀ ਹੈ। ਸੈਂਟਰ ਨੇ ਇਕ ਜ਼ੋਨ ਕੀਤਾ ਹੋਇਆ ਹੈ। ਕਿਸਾਨ ਲੁੱਟਿਆ ਗਿਆ ਹੈ। ਸਾਡੇ ਪਾਸ ਪ੍ਰੋਟੈਸਟ ਕਰਨ ਲਈ ਹੋਰ ਚਾਰਾ ਕੀ ਹੈ। ਇਸ ਲਈ ਸਾਨੂੰ ਸਪਲੀਮੈਂਟਰੀ ਕਰਨ ਦਿਓ। ਇਹ ਕਿਸਾਨਾਂ ਦਾ ਮਸਲਾ ਹੈ . .

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ**: ਮੈਂ 6, 7 ਸਪਲੀਮੈਂਟਰੀ ਇਸ ਸਵਾਲ ਤੇ ਅਲਾਓ ਕਰ ਚੁਕਿਆ ਹਾਂ। ਤੁਹਾਡੇ ਕੋਲ ਹੋਰ ਮੌਕੇ ਹਨ, ਤੁਸੀਂ ਉਸ ਵੇਲੇ ਇਹ ਮਸਲਾ ਰੇਜ਼ ਕਰ ਸਕਦੇ ਹੋ। 10 ਮਿੰਟ ਇਸ ਕੁਐਸਚਨ ਤੇ ਲੱਗ ਚੁੱਕੇ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਤੁਸੀਂ ਅੱਧਾ ਘੰਟਾ ਵੀ ਅਲਾਓ ਕਰ ਸਕਦੇ ਹੋ। ਜੇਕਰ ਮਨਿਸਟਰ ਗੱਲ ਨੂੰ ਟਾਲੀ ਜਾਵੇ ਤਾਂ ਸਾਡੇ ਪਾਸ ਹੋਰ ਚਾਰਾ ਕੀ ਹੈ। ਇਸ ਲਈ ਸਾਨੂੰ ਇਜਾਜ਼ਤ ਦਿਓ।

## Ad hoc Relief to Pensioners

*1343. **Sardar Tej Singh :** Will the Minister for Finance be pleased to state —

(a) Whether it is a fact that two instalments of *ad-hoc* relief to the extent of 2.5 percent each have become due to the Punjab Government pensioners with effect from 1st April, 1981 and 1st June, 1981 respectively on the Central Pattern ;

(b) If the answer to part (a) above be in the affirmative, whether the Government have so far taken any decision to grant the said instalments to State Government Pensioners ; if so, the details thereof ?

**ਡਾਕਟਰ ਕੇਵਲ ਕ੍ਰਿਸ਼ਨ** : (ੳ) ਹਾਂ ਜੀ।

(ਅ) ਲੋੜੀਂਦੇ ਹੁਕਮ ਪਹਿਲਾਂ ਹੀ ਪੰਜਾਬ ਸਰਕਾਰ, ਵਿੱਤ ਵਿਭਾਗ ਦੇ ਗਸ਼ਤੀ ਪੱਤਰ ਨੰ: 16/99/78-6 ਐਫ. ਆਰ./1266, ਮਿਤੀ 17-2-82 ਰਾਹੀਂ ਜਾਰੀ ਹੋ ਚੁੱਕੇ ਹਨ।

**ਸਰਦਾਰ ਤੇਜ ਸਿੰਘ**: ਕੀ ਮਨਿਸਟਰ ਸਾਹਿਬ ਭਰੋਸਾ ਦਿਵਾਉਣਗੇ ਕਿ ਅੱਗੇ ਤੋਂ ਵੀ ਪੈਨਸ਼ਨਰਜ਼ ਨੂੰ ਵੇਲੇ ਸਿਰ ਮਹਿੰਗਾਈ ਭੱਤਾ ਦੇਣ ਦੀ ਖੇਚਲ ਕੀਤਾ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਫੈਸਲਾ ਹੋਣ ਤੋਂ ਬਾਅਦ ਹੁਣ ਤਕ 32 ਲੱਖ ਰੁਪਿਆ ਦਿੱਤਾ ਜਾ ਚੁੱਕਾ ਹੈ। ਬਾਕੀ ਅੱਗੇ ਤੋਂ ਜਿਸ ਵੇਲੇ ਫੈਸਲਾ ਹੋਵੇ ਉਸ ਵੇਲੇ ਹੀ ਇਹ ਭੱਤਾ ਦੇਣ ਬਾਰੇ ਵਿਚਾਰ ਕਰ ਲਿਆ ਜਾਵੇਗਾ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਦੇ ਜਿੰਨੇ ਵੀ ਡਿਪਾਰਟਮੈਂਟਸ ਹਨ ਉਨ੍ਹਾਂ ਦੇ ਸਾਰੇ ਮੁਲਾਜ਼ਮਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਪਰ ਪੰਜਾਬ ਰੋਡਵੇਜ਼ ਵਿਚ ਡਰਾਈਵਰ ਅਤੇ ਕੰਡਕਟਰ ਦੋ ਐਸੀਆਂ ਅਸਾਮੀਆਂ ਹਨ ਜਿਨ੍ਹਾਂ ਨੂੰ ਕੋਈ ਪੈਨਸ਼ਨ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੀ ਡਿਊਟੀ ਵੀ ਬੜੀ ਸਖ਼ਤ ਹੈ। ਕੀ ਵਜ਼ੀਰ ਸਾਹਿਬ, ਉਨ੍ਹਾਂ ਨੂੰ ਵੀ ਰਿਟਾਇਰ ਹੋਣ ਤੇ ਪੈਨਸ਼ਨ ਦੇਣ ਤੇ ਵਿਚਾਰ ਕਰਨਗੇ?

**ਮੰਤਰੀ**: ਸੁਝਾਵ ਅੱਛਾ ਹੈ, ਵਿਚਾਰ ਕਰ ਲਿਆ ਜਾਵੇਗਾ।

**Mr. Speaker :** Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Digging up of Heeron Khurd New Minor

*1393. **Comrade Buta Singh :** Will the Minister for Agricuture and Irrigation be pleased to state whether there is any proposal under the consideration of the Government to dig up Heeron Khurd New Minor (Mansa, district Bhatinda) ; if so, the time by which it is likely to materialize ?

ਚੌਧਰੀ ਕਾਂਸ਼ੀ ਰਾਮ: ਹਾਂ ਜੀ 1982-83 ਵਿਚ।

### Shifting of Sabzi Mandi

*1382. **Comrade Sohan Singh :** Will the Minister for Agriculture and Irrigation be pleased to state whether it is a fact that the Government proposed to shift the "Subzi Mandi" (Gandhigate) Amritsar under the World Bank Aid Scheme ; if so, the details of the proposed site ?

ਚੌਧਰੀ ਕਾਂਸ਼ੀ ਰਾਮ :—ਹਾਲੇ ਨਹੀਂ।

### Guru Gobind Singh Marg

*1337. **Sardar Basant Singh Khalsa :** Will the Minister for Public Works be pleased to state —

(a) the details of the original plan of Guru Gobind Singh Ji Marg ;

(b) the date when its construction was started ;

(c) the total length of the said road ;

(d) whether the said road is going to be widened ;

(e) whether flower tree plantation on both sides of the said road was proposed ;

(f) if the reply to part (e) be in the affirmative, whether the said plantation has been completed ?,

(g) the number of gates which were proposed in the original plan and the names of places where those were to be erected.

(h) whether all the gates referred to in part (g) above, have since been constructed ?

**Sardar Beant Singh :** (a) A plan showing original plan of the Guru Gobind Singh Ji Marg connecting all religious places which were visited by Sri Guru Gobind Singh Ji is placed on the table of the House.

(b) 1972-73.

(c) 577 Kms.

(d) Yes.

Original with;
Punjab Vidhan Sabha
Digitized by;
Panjab Digital Library

[Public Works Minister]

(e) Yes. There was proposal to provide flowers, trees and shrubs on both sides of the Marg.

(f) The plantation had been completed wherever adequate road width was available and the area could be irrigated.

(g) Four number of gates were proposed in the orignal plan. These were to be erected at Anandpur Sahib, Singh, Sahnewal and Talwandi Sabo.

(h) No. Only three gates have since been completed. Only Gate at Anandpur Sahib is yet to be completed.

**STARRED QUESTION No. 1201**

(Extension was asked for in respect of Starred Question No. 1201*).

---

**Construction of a ward in Sri Guru Tegh Bahadur Hospital, Amritsar**

***1207. Sardar Major Singh Ubboke :** Will the Minister for Health and Family Welfare be pleased to state—

(a) when was the Dr. Karam Singh Ward of Sri Guru Tegh Bahadur Hospital, Amritsar was constructed ;

(b) whether it is a fact that some portion of it which housed Dr. Sethi's surgical ward had to be vacated, if so, the reasons therefor ;

(c) whether the Government propose to take steps to repair it in view of the acute shortage of space in the Orthopaedics Wards housed in this building ?

**ਸ੍ਰੀ ਜੁਗਿੰਦਰ ਪਾਲ ਪਾਂਡੇ** : (ੳ) 1959 ਵਿੱਚ।

(ਅ) ਹਾਂ ਜੀ। ਆਰਥੋਪੈਡਿਕ ਵਾਰਡ ਨੂੰ ਜ਼ਿਆਦਾ ਥਾਂ ਦੇਣ ਲਈ।

(ੲ) ਲੋੜੀਂਦੀ ਮੁਰੰਮਤ ਪਹਿਲਾਂ ਹੀ ਕਰ ਦਿੱਤੀ ਗਈ ਹੈ।

---

**Construction of a bridge on River Beas near Sri Hargobindpur, District Gurdaspur**

***1313. Sardar Natha Singh Dalam :** Will the Minister for Agriculture and Irrigation be pleased to state—

(a) whether there is any proposal under the consideration of the Government to construct a bridge on River Beas near Sri Hargobindpur, district Gurdasur.

(b) if the reply to part (a) above be in the affirmative the approximate time by which the bridge is likely to be constructed ?

---

*For Starred Question No. 1201 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

ਸਰਦਾਰ ਬੇਅੰਤ ਸਿੰਘ (ਲੋਕ ਨਿਰਮਾਣ ਮੰਤਰੀ) : (ੳ) ਹਾਂ ਜੀ । ਭਾਰਤ ਸਰਕਾਰ ਨੂੰ ਇਹ ਪ੍ਰੋਜੈਕਟ ਇਕਨਾਮਿਕ ਐਂਡ ਇੰਟਰਸਟੇਟ ਸਕੀਮ ਵਿਚ ਸ਼ਾਮਲ ਕਰਨ ਲਈ ਬੇਨਤੀ ਕੀਤੀ ਗਈ ਹੈ।

(ਅ) ਇਸ ਵੇਲੇ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਾਰਤ ਸਰਕਾਰ ਨੇ ਇਸ ਪ੍ਰੋਜੈਕਟ ਦੀ ਹਾਲੇ ਪ੍ਰਵਾਨਗੀ ਨਹੀਂ ਦਿੱਤੀ ।

## Saplings supplied by the Forest Department

***1234. Sardar Harcharan Singh Hero :** Will the Minister for Agriculture and Irrigation be pleased to state the number of total saplings supplied to private land owners by the Forests Department for plantation of trees during the years 1979-80, 1980-81 and 1981-82 (to-date).

ਚੌਧਰੀ ਕਾਂਸ਼ੀ ਰਾਮ : ਸਾਲ 1979-80, 1980-81 ਅਤੇ 1981-82 (31 ਜਨਵਰੀ, 1982 ਤੱਕ) ਵਿਚ ਵਣ ਵਿਭਾਗ ਵਲੋਂ ਲੋਕਾਂ ਨੂੰ ਆਪਣੀਆਂ ਜ਼ਮੀਨਾਂ ਵਿਚ ਲਾਉਣ ਲਈ ਸਪਲਾਈ ਕੀਤੇ ਗਏ ਪੌਦਿਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ :—

| ਸਾਲ | ਲੋਕਾਂ ਨੂੰ ਸਪਲਾਈ ਕੀਤੇ ਗਏ ਪੌਦਿਆਂ ਦੀ ਗਿਣਤੀ (ਲੱਖਾਂ ਵਿਚ) |
|---|---|
| 1979-80 | 48.60 |
| 1980-81 | 67.00 |
| 1981-82 | 171.00 |

## Introduction of lift Irrigation Scheme in Bet area of the State

***1251. Pandit Sarwan Ram :** Will the Minister for Agriculture and Irrigation be pleased to state whether there is any proposal under the consideration of the Government to introduce lift irrigation scheme in the Bet area of the State on the pattern of Himchal Pradesh ; if so, the time by which it is likely to be introduced ?

ਚੌਧਰੀ ਕਾਂਸ਼ੀ ਰਾਮ : ਨਹੀਂ ਜੀ, ਸਵਾਲ ਹੀ ਪੈਦਾ ਨਹੀਂ ਹੁੰਦਾ ।

ਮਾਸਟਰ ਚੰਦ ਸਿੰਘ : ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਹਾਊਸ ਕਮੇਟੀ ਵਿਚ ਇਹ ਗਲ ਹੋ ਸਕਦੀ ਹੈ ।

ਮਾਸਟਰ ਚੰਦ ਸਿੰਘ : ** **

ਵਿੱਤ ਮੰਤਰੀ : ਕੀ ਤੁਸੀਂ ਇਹ ਪੁਆਇੰਟ ਆਫ ਆਰਡਰ ਅਲਾਓ ਕੀਤਾ ਹੈ?

ਸ਼੍ਰੀ ਸਪੀਕਰ : ਮੈਂ ਤਾਂ ਕਿਹਾ ਹੈ ਕਿ ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵੈਦ ਕਰਤਾਰ ਸਿੰਘ** : ** **

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਰ ਤੁਸੀਂ ਇਹ ਇਨਫਰਮੇਸ਼ਨ ਮੈਨੂੰ ਲਿਖ ਕੇ ਦੇ ਦੇਣਾ ਮੈਂ ਪਤਾ ਕਰਾ ਲਵਾਂਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਬਾਹਰ ਕੋਈ ਹਜ਼ਾਰਾਂ ਕਿਸਾਨ ਐਨੇ ਖਰਾਬ ਮੌਸਮ ਦੇ ਵਿਚ ਬਾਰਸ਼ਾਂ ਹੋਣ ਦੇ ਬਾਵਜੂਦ ਧਰਨਾ ਮਾਰ ਕੇ ਬੈਠੇ ਹਨ। ਅੱਜ ਜਦੋਂ ਕਿ ਉਨ੍ਹਾਂ ਦਾ ਵਕਤ ਬੜਾ ਕੀਮਤੀ ਹੈ, ਪਰ ਫਿਰ ਵੀ ਉਹ ਆਪਣੀ ਮੰਗ ਲੈ ਕੇ ਇਥੇ ਬੈਠੇ ਹਨ। ਉਨ੍ਹਾਂ ਦੀ ਮੰਗ ਇਹ ਹੈ ਕਿ ਜਿਹੜੇ ਯੂਨੀਵਰਸਲ ਟਰੈਕਟਰ 445 ਐਗਰੋ-ਇੰਡਸਟਰੀ ਕਾਰਪੋਰੇਸ਼ਨ ਰਾਹੀਂ ਦਿੱਤੇ ਗਏ ਸਨ ਉਨਾਂ ਵਿਚ ਮੈਨੂਫੈਕਚਰਿੰਗ ਡਿਫੈਕਟ ਹੈ। ਉਨ੍ਹਾਂ ਨੇ ਇੰਜਣ ਵਗੈਰਾ ਸਭ ਬਦਲ ਕੇ ਵੇਖ ਲਏ ਹਨ ਪਰ ਉਹ ਠੀਕ ਨਹੀਂ ਹੋ ਰਹੇ। ਇਹ ਟਰੈਕਟਰ ਰੁਮਾਨੀਆ ਤੋਂ ਖਰੀਦੇ ਗਏ ਸਨ। ਉਨ੍ਹਾਂ ਦੀ ਮੰਗ ਹੈ ਕਿ ਇਹ ਟਰੈਕਟਰ ਵਾਪਸ ਕੀਤੇ ਜਾਣ। ਇਸ ਲਈ ਸਰਕਾਰ ਨੂੰ ਜ਼ਰੂਰ ਇਸ ਸਬੰਧ ਵਿਚ ਬਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਦੀ ਬੜੀ ਜਾਇਜ਼ ਮੰਗ ਹੈ।

**ਕਾਮਰੇਡ ਸੱਘੜ ਸਿੰਘ** : ** **

**ਵਿਕਾਸ ਮੰਤਰੀ** : ਕੀ ਤੁਸੀਂ ਡਿਸਕਸ਼ਨ ਅਲਾਓ ਕਰ ਦਿੱਤੀ ਹੈ ?

**ਸ਼੍ਰੀ ਸਪੀਕਰ** : ਨਹੀਂ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਸੇਵਾ ਰਾਮ** : ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਜਥੇਦਾਰ ਜੀਵਨ ਸਿੰਘ ਉਮਰਾਨੰਗਲ** : ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਇਹ ਪੁਆਇੰਟ ਆਫ ਆਰਡਰ ਹੋਣਾ ਚਾਹੀਦਾ ਹੈ।

**ਸਰਦਾਰ ਹਰਚੰਦ ਸਿੰਘ ਬਰਾੜ** : ** **

**ਸ਼੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਇਹ ਹੈ ਕਿ ਜੱਥੇਦਾਰ ਜੀ ਨੇ ਬੜੀ ਸੀਰੀਅਸ ਗੱਲ ਕੀਤੀ ਹੈ ਪਰ ਤੁਸੀਂ ਇਸ ਨੂੰ ਲਾਈਟਲੀ ਲੈ ਰਹੇ ਹੋ। ਉਨ੍ਹਾਂ ਨੇ ਕਿਹਾ ਕਿ ਮੇਰੀ ਜਾਨ ਨੂੰ ਖਤਰਾ ਹੈ ਇਸ ਲਈ ਮੈਨੂੰ ਕਾਰਬਾਈਨ ਦਾ ਲਾਈਸੈਂਸ ਦਿੱਤਾ ਜਾਵੇ ਪਰ ਸਰਕਾਰ ਉਨ੍ਹਾਂ ਨੂੰ 5 ਮਹੀਨਿਆਂ ਦੇ ਬਾਅਦ ਜਵਾਬ ਦਿੰਦੀ ਹੈ ਕਿ ਸੈਂਟਰ ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਲਾਈਸੈਂਸ ਨਹੀਂ ਦਿੱਤਾ ਜਾ ਸਕਦਾ। ਬੜੇ ਅਫਸੋਸ ਦੀ ਗੱਲ ਹੈ ਕਿ ਇਕ ਐਮ. ਐਲ. ਏ. ਦੀ ਚਿੱਠੀ ਦਾ ਜਵਾਬ ਸਰਕਾਰ ਵਲੋਂ 5 ਮਹੀਨਿਆਂ ਦੇ ਵਿਚ ਦਿੱਤਾ ਜਾਵੇ ਔਰ ਉਹ ਵੀ ਉਸ ਦੀ ਜਾਨ ਨੂੰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਖਤਰਾ ਹੋਵੇ,ਇਸ ਲਈ, ਸਪੀਕਰ ਸਾਹਿਬ, ਤੁਸੀਂ ਅਤੇ ਸਰਕਾਰ ਜ਼ਿੰਮੇਵਾਰ ਹੋਵੇਗੀ ਅਗਰ ਮੈਂਬਰ ਸਾਹਿਬ ਨੂੰ ਕੁਝ ਹੋ ਗਿਆ। ਜਦੋਂ ਅਕਾਲੀ ਪਾਰਟੀ ਦੀ ਸਰਕਾਰ ਸੀ ਅਸੀਂ ਲੋਕਾਂ ਨੂੰ ਕਾਰਬਾਈਨ ਦੇ ਲਾਈਸੈਂਸ ਦਿੱਤੇ ਸਨ ਔਰ ਮੇਰਾ ਖ਼ਿਆਲ ਹੈ ਕਿ ਐਸੀ ਕੋਈ ਪਾਲਿਸੀ ਨਹੀਂ ਹੈ ਕਿ ਲਾਈਸੈਂਸ ਨਾ ਦਿੱਤਾ ਜਾਵੇ। ਜੇਕਰ ਕੋਈ ਸੈਂਟਰਲ ਗੌਰਮਿੰਟ ਦੀ ਚਿੱਠੀ ਹੈ ਤਾਂ ਉਹ ਹਾਊਸ ਦੇ ਵਿਚ ਲੇਅ ਕੀਤੀ ਜਾਵੇ। ਇਤਨੀ ਸੀਰੀਅਸ ਗੱਲ ਨੂੰ ਇਹ ਨਹੀਂ ਸਮਝ ਲੈਣਾ ਚਾਹੀਦਾ ਹੈ ਕਿ ਕੋਈ ਗੱਲ ਨਹੀਂ ਹੈ।

**ਸ੍ਰੀ ਸਪੀਕਰ**: ਕਾਰਬਾਈਨ ਦਾ ਲਾਈਸੈਂਸ ਨਾ ਦੇਣਾ ਇਹ ਇਕ ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ** **

**ਸ੍ਰੀ ਸਪੀਕਰ** : ਡਿਸਅਲਾਓ ਕੀਤਾ ਜਾਂਦਾ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ** **

**Mr. Speaker :** It is not to be recorded. Whatever is spoken without my permission should not be recorded.

**Comrade Raj Kumar :** Jathedar Jiwan Singh Umrangal has raised a very serious matter...............

**Mr. Speaker :** Please take your seat.

**Comrade Raj Kumar :** Why don't you allow me to speak ? Please over-rule it ,if my statement is incorrect.

## CALL ATTENTION NOTICE UNDER RULE 66

**(Serial No. 14)***

**Vaid Kartar Singh :** Sir, I beg to draw the attention of the Government towards a matter of urgent public importance, that there is an acute shortage of vegetable ghee in Hoshiarpur City and the consumers are facing more hardship. There is such resentment, discontentment and anxiety amongst the residents of the city. I would request the Government to make a statement in the House in this behalf.

**ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ** (ਸ੍ਰੀ ਭਗਵਾਨ ਦਾਸ) : ਸਪੀਕਰ ਸਾਹਿਬ, ਹੁਸ਼ਿਆਰਪੁਰ ਸ਼ਹਿਰ ਵਿਚ ਰਜਿਸਟਰ ਹੋਏ, 3,28,148 ਯੂਨਿਟਾਂ ਲਈ 500 ਗਰਾਮ ਪ੍ਰਤੀ ਜੀਅ ਦੇ ਹਿਸਾਬ ਨਾਲ ਅਤੇ ਹਲਵਾਈਆਂ/ਹੋਟਲਾਂ ਅਤੇ ਰੈਸਟੋਰੈਂਟਾਂ ਆਦਿ ਲਈ ਵਨਾਸਪਤੀ ਘੀ ਦੀ ਕੁਲ ਮੰਗ 225 ਟਨ ਪ੍ਰਤੀ ਮਹੀਨਾ ਹੈ। ਜਨਵਰੀ ਅਤੇ ਫਰਵਰੀ, 1982 ਦੇ ਦੌਰਾਨ ਹੁਸ਼ਿਆਰਪੁਰ ਸ਼ਹਿਰ ਨੂੰ ਕ੍ਰਮਵਾਰ 227.7 ਟਨ ਅਤੇ 239.2 ਟਨ ਵਨਾਸਪਤੀ ਘੀ ਸਪਲਾਈ ਕੀਤਾ ਗਿਆ ਸੀ। ਇਸ ਤਰ੍ਹਾਂ ਨਾਲ ਉਥੇ ਵਨਾਸਪਤੀ ਘੀ ਦੀ ਕੋਈ ਘਾਟ ਨਹੀਂ ਹੈ। ਵਨਾਸਪਤੀ ਘੀ ਦੀ ਕੀਮਤ ਅਤੇ ਵੰਡ ਤੇ ਕੋਈ ਪ੍ਰਤੀਬੰਧ ਨਹੀਂ ਹੈ ਅਤੇ ਇਹ

(i) **Expunged not recorded as ordered by the Chair.

(ii) *Read in Punjabi.

Original with;
Punjab Vidhan Sabha
Digitized by;
Panjab Digital Library

[ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ]

ਰਾਜ ਵਿੱਚ ਆਮ ਉਪਲੱਬਧ ਹੈ। ਪਾਮ ਆਇਲ ਵੀ ਦਿੱਤਾ ਜਾਂਦਾ ਹੈ ਅਤੇ ਇਸ ਦੀ ਸਪਲਾਈ ਹੋਰ ਤੇਜ਼ ਕਰ ਰਹੇ ਹਾਂ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ । ਜੱਥੇਦਾਰ ਜੀ ਨੇ ਬੜਾ ਸੀਰੀਅਸ ਮੈਟਰ ਰੇਜ਼ ਕੀਤਾ ਹੈ ਕਿ ਉਨ੍ਹਾਂ ਨੇ ਆਪਣੀ ਹਿਫ਼ਾਜ਼ਤ ਵਾਸਤੇ ਕਾਰਬਾਈਨ ਦੇ ਲਾਈਸੈਂਸ ਲਈ ਅਪਲਾਈ ਕੀਤਾ ਸੀ ਪਰ ਉਨ੍ਹਾਂ ਨੂੰ 5 ਮਹੀਨਿਆਂ ਦੇ ਬਾਅਦ ਜਵਾਬ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਸੈਂਟਰਲ ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਲਾਈਸੈਂਸ ਨਹੀਂ ਦਿੱਤਾ ਜਾ ਸਕਦਾ ਜਦ ਕਿ ਉਨ੍ਹਾਂ ਦੀ ਜ਼ਿੰਦਗੀ ਨੂੰ ਖਤਰਾ ਸੀ ਔਰ ਉਹ ਆਪਣੀ ਪ੍ਰੋਟੈਕਸ਼ਨ ਖੁਦ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਲਾਈਸੈਂਸ ਦਾ ਜਵਾਬ ਟਾਈਮ ਸਿਰ ਮਿਲਣਾ ਚਾਹੀਦਾ ਸੀ।

ਸਪੀਕਰ ਸਾਹਿਬ, ਜਦੋਂ ਹਾਊਸ ਵਿਚ ਇੱਕ ਆਨਰੇਬਲ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਮੇਰੀ ਜਾਨ ਖਤਰੇ ਵਿਚ ਹੈ ਤਾਂ ਫਿਰ ਇਸ ਕੇਸ ਨੂੰ ਸਿਰਫ ਚਿਠੀ ਰਾਹੀਂ ਹੀ ਡਿਸਪੋਜ਼ ਆਫ ਨਹੀ ਕਰਨਾ ਚਾਹੀਦਾ ਬਲਕਿ ਇਹ ਕੇਸ ਦੋਬਾਰਾ ਰੀਕੰਸਿਡਰ ਕੀਤਾ ਜਾਏ। ਆਨਰੇਬਲ ਮੈਂਬਰ ਸਾਹਿਬ ਦੀ ਗੌਰਮਿੰਟ ਨੂੰ, ਸਪੀਕਰ ਸਾਹਿਬ, ਪਰੋਟੈਕਸ਼ਨ ਕਰਨੀ ਚਾਹੀਦੀ ਹੈ।

**ਵਿਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਜੀ ਨੇ ਕੁਝ ਗੱਲ ਪੁਆਇੰਟ ਆਫ ਆਰਡਰ ਤੇ ਕਹੀ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰੂਲਜ਼ ਆਫ ਪਰੋਸੀਜਰ ਐਂਡ ਕੰਡਕਟ ਆਫ ਬਿਜ਼ਨੇਸ ਦੇ ਮੁਤਾਬਿਕ ਇਸ ਹਾਊਸ ਅੱਗੇ ਕਾਲ ਅਟੈਨਸ਼ਨ ਦਾ ਜਵਾਬ ਮਨਿਸਟਰ ਸਾਹਿਬ ਵੱਲੋਂ ਦਿਤਾ ਗਿਆ ਸੀ ਪਰ ਬਾਅਦ ਵਿਚ ਪੁਆਇੰਟ ਆਫ ਆਰਡਰ ਦੀ ਤੁਸੀਂ ਇਜਾਜ਼ਤ ਦੇ ਕੇ ਕੀ ਰੈਲੇਵੈਂਸੀ ਕੀਤੀ ਗਈ ਹੈ? ਸਪੀਕਰ ਸਾਹਿਬ, ਰੂਲਜ਼ ਦੇ ਮੁਤਾਬਿਕ ਹੀ ਹਾਊਸ ਦੀ ਕਾਰਵਾਈ ਚਲਣੀ ਚਾਹੀਦੀ ਹੈ । ਤੁਸੀਂ ਪੁਆਇੰਟ ਆਫ ਆਰਡਰ ਰਾਹੀਂ ਡਿਸਕਸ਼ਨ ਅਲਾਓ ਕਰ ਦਿੰਦੇ ਹੋ ਜਿਹੜੀ ਕਿ ਮੁਨਾਸਿਬ ਨਹੀਂ ਹੈ। ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਤੇ ਡਿਸਕਸ਼ਨ ਹੋ ਰਹੀ ਹੈ ਔਰ ਬਜਟ ਤੇ ਅੱਗੇ ਬਹਿਸ ਹੋਣੀ ਹੈ। ਉਸ ਵੇਲੇ ਇਹ ਆਪਣੀ ਸਪੀਚ ਵਿਚ ਸਾਰੀ ਗੱਲ ਕਰ ਸਕਦੇ ਹਨ। ਇਸ ਤਰ੍ਹਾਂ ਇੰਟਰੱਪਸ਼ਨ ਹੋਵੇ, ਅੱਛੀ ਗੱਲ ਨਹੀਂ ਹੈ। ਮੈਂ ਸਮਝਦਾ ਹਾਂ ਕਿ ਰੂਲਜ਼ ਦੇ ਮੁਤਾਬਿਕ ਹੀ ਹਾਊਸ ਨੂੰ ਚਲਾਉਣਾ ਚਾਹੀਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਤੁਹਾਡੀਆਂ ਬਹੁਤ ਵਾਈਡ ਪਾਵਰਜ਼ ਹਨ । ਇਨ੍ਹਾਂ ਪਾਵਰਾਂ ਨੂੰ ਕੋਈ ਚੈਲੰਜ ਨਹੀਂ ਕਰ ਸਕਦਾ, ਜੇਕਰ ਡਾਕਟਰ ਸਾਹਿਬ ਨੂੰ ਇਸ ਬਾਰੇ ਕੋਈ ਕਿੰਤੂ ਹੈ ਤਾਂ ਉਹ ਬੇਸ਼ਕ ਸਪੀਕਰ ਬਣ ਜਾਣ ਅਤੇ ਸਪੀਕਰ ਸਾਹਿਬ ਨੂੰ ਮਨਿਸਟਰ ਬਣਾ ਦਿਓ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਜਦੋਂ ਬਹੁਤ ਇੰਪਾਰਟੈਂਟ ਇਸ਼ੂ ਤੁਹਾਡੇ ਸਾਹਮਣੇ ਆ ਜਾਵੇ ਤਾਂ ਤੁਸੀਂ ਪ੍ਰੋਸੀਜਰ ਨੂੰ ਚੇਂਜ ਵੀ ਕਰ ਸਕਦੇ ਹੋ । ਆਨਰੇਬਲ ਮੈਂਬਰ ਸਾਹਿਬਾਨ ਇਹ ਕਹਿ ਰਹੇ ਹਨ ਕਿ ਮੇਰੀ ਜਾਨ ਨੂੰ ਖਤਰਾ ਹੈ ਔਰ ਇਸ ਲਈ ਮੈਨੂੰ ਕਾਰਬਾਈਨ ਦਾ ਲਾਈਸੈਂਸ ਦਿਤਾ ਜਾਵੇ । ਹੋਰ ਵੀ ਹਜ਼ਾਰਾਂ ਲੋਕਾਂ ਕੋਲ ਕਾਰਬਾਈਨ ਦੇ ਲਾਈਸੈਂਸ ਹਨ । ਆਨਰੇਬਲ ਮੈਂਬਰ ਨੂੰ ਕਾਰਬਾਈਨ ਦਾ ਲਾਈਸੈਂਸ ਜ਼ਰੂਰ ਮਿਲਣਾ ਚਾਹੀਦਾ ਹੈ ਜਾਂ ਉਨ੍ਹਾਂ ਵਾਸਤੇ ਬਾਡੀ-ਗਾਰਡ ਦਾ ਪ੍ਰਬੰਧ ਗੌਰਮਿੰਟ ਨੂੰ ਕਰਨਾ ਚਾਹੀਦਾ ਹੈ । ਇਥੇ ਹਾਊਸ ਵਿਚ ਮਨਿਸਟਰ ਸਾਹਿਬ ਬੈਠੇ ਹਨ, ਉਹ ਇਸ ਬਾਰੇ ਕੁਝ ਜਵਾਬ ਦੇਣ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

(ਇਸ ਵੇਲੇ ਆਪੋਜੀਸ਼ਨ ਪਾਰਟੀ ਵੱਲੋਂ ਕਈ ਆਨਰੇਬਲ ਮੈਂਬਰਜ਼ ਖੜੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ । **)

**ਸ੍ਰੀ ਸਪੀਕਰ** : ਸਾਰੇ ਮਾਨਯੋਗ ਮੈਂਬਰਜ਼ ਸਾਹਿਬਾਨ ਬੈਠ ਜਾਣ । ਕੋਈ ਵੀ ਮੈਂਬਰ ਜੋ ਮੇਰੀ ਇਜਾਜ਼ਤ ਤੋਂ ਬਗੈਰ ਬੋਲੇਗਾ, ਉਹ ਰਿਕਾਰਡ ਨਾ ਕੀਤਾ ਜਾਵੇ ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ) : ਸਪੀਕਰ ਸਾਹਿਬ, ਇਸ ਦਾ ਕੋਈ ਹੱਲ ਕੱਢਣ ਦੀ ਲੋੜ ਹੈ ਔਰ ਤਲਖੀ ਵਿਚ ਪੈਣ ਦੀ ਕਿਸੇ ਨੂੰ ਲੋੜ ਨਹੀਂ ਹੈ । ਇੱਕ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਮੈਨੂੰ ਕਾਰਬਾਈਨ ਦਾ ਲਾਈਸੈਂਸ ਚਾਹੀਦਾ ਹੈ ਔਰ ਗੌਰਮਿੰਟ ਨੇ ਪਾਲਿਸੀ ਦੇ ਮੁਤਾਬਿਕ ਉਸ ਦਾ ਜਵਾਬ ਦੇ ਦਿਤਾ ਹੈ । ਜੇਕਰ ਆਨਰੇਬਲ ਮੈਂਬਰ ਸਾਹਿਬ ਲਿਖ ਕੇ ਦੇਣਗੇ ਕਿ ਉਨ੍ਹਾਂ ਨੂੰ ਆਪਣੀ ਪਰੋਟੈਕਸ਼ਨ ਵਾਸਤੇ ਗਨ-ਮੈਨ ਚਾਹੀਦਾ ਹੈ ਤਾਂ ਗੌਰਮਿੰਟ ਜ਼ਰੂਰ ਉਸ ਦੀ ਪਰੋਟੈਕਸ਼ਨ ਕਰੇਗੀ ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਸਪੀਕਰ ਸਾਹਿਬ ਇਨ੍ਹਾਂ ਨੇ ਕਾਰਬਾਈਨਾਂ ਦੇ ਲਾਈਸੈਂਸ ਹੋਰਾਂ ਨੂੰ ਦਿਤੇ ਹਨ ਪਰ ਮੈਨੂੰ ਕੋਈ ਨਹੀਂ ਦਿੰਦਾ । ਮੇਰੀ ਜਾਨ ਨੂੰ ਖਤਰਾ ਹੈ ਔਰ ਮੈਨੂੰ ਪ੍ਰੋਟੈਕਸ਼ਨ ਵਾਸਤੇ ਕਾਰਬਾਈਨ ਦਾ ਲਾਈਸੈਂਸ ਚਾਹੀਦਾ ਹੈ । (ਵਿਘਨ)

**ਸ੍ਰੀ ਸਪੀਕਰ** : ਅਫਸੋਸ ਦੀ ਗੱਲ ਹੈ ਕਿ ਇਸ ਹਾਊਸ ਵਿਚ ਇਕ ਆਨਰੇਬਲ ਮੈਂਬਰ ਸਾਹਿਬ ਨੇ ਕਾਰਬਾਈਨ ਦਾ ਲਾਈਸੈਂਸ ਲੈਣ ਬਾਰੇ ਮਸਲਾ ਉਠਾਇਆ । ਇਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਆਈ. ਜੀ., ਪੁਲਿਸ ਨੂੰ ਚਿੱਠੀ ਲਿਖੀ ਹੈ ਕਿ ਪਰੋਟੈਕਸ਼ਨ ਦਿਤੀ ਜਾਵੇ । ਚੀਫ ਮਨਿਸਟਰ ਸਾਹਿਬ ਨੇ ਆਈ. ਜੀ. ਨੂੰ ਲਿਖਿਆ ਹੈ ਕਿ ਆਨਰੇਬਲ ਮੈਂਬਰ ਸਾਹਿਬ ਦੀ ਪਰੋਟੈਕਸ਼ਨ ਕਰਨੀ ਚਾਹੀਦੀ ਹੈ । ਜਿਥੋਂ ਤੱਕ ਕਾਰਬਾਈਨ ਦਾ ਲਾਈਸੈਂਸ ਦੇਣ ਦਾ ਸਬੰਧ ਹੈ, ਉਹ ਤਾਂ ਜੋ ਗੌਰਮਿੰਟ ਦੀ ਪਾਲਿਸੀ ਹੈ, ਉਸ ਦੇ ਮੁਤਾਬਿਕ ਹੀ ਲਾਈਸੈਂਸ ਦਿੱਤਾ ਜਾ ਸਕਦਾ ਹੈ । ਤੁਸੀਂ ਪੁਰਾਣੇ ਪਾਰਲੀਮੈਂਟੇਰੀਅਨ ਹੋ ਔਰ ਤੁਹਾਨੂੰ ਗੌਰਮਿੰਟ ਦੀ ਪਾਲਿਸੀ ਦੀ ਨਿਖੇਧੀ ਨਹੀਂ ਕਰਨੀ ਚਾਹੀਦੀ ਹੈ । ਗਵਰਨਰ ਸਾਹਿਬ ਦੇ ਐਡਰੈਸ ਤੇ ਤੁਹਾਨੂੰ ਬੋਲਣ ਦਾ ਮੌਕਾ ਮਿਲ ਰਿਹਾ ਹੈ ਔਰ ਬਜਟ ਤੇ ਵੀ ਬੋਲਣ ਦਾ ਮੌਕਾ ਮਿਲਣਾ ਹੈ । 6 ਮਹੀਨਿਆਂ ਦੇ ਬਾਅਦ ਨੋ-ਕਾਨਫੀਡੈਂਸ ਮੋਸ਼ਨ ਵੀ ਦਿਤੀ ਜਾ ਸਕਦੀ ਹੈ । ਰੱਬ ਦੇ ਵਾਸਤੇ ਪੁਆਇੰਟ ਆਫ ਆਰਡਰ ਰੇਜ਼ ਕਰਕੇ ਹਾਊਸ ਦਾ ਟਾਈਮ ਖਰਾਬ ਨਾ ਕਰੋ । ਮੈਂ ਅਲਾਓ ਨਹੀਂ ਕਰਦਾ ਹਾਂ ਔਰ ਵੈਦ ਕਰਤਾਰ ਸਿੰਘ ਜੀ ਨੂੰ ਰਿਕੁਐਸਟ ਕਰਦਾ ਹਾਂ ਕਿ ਉਹ ਆਪਣਾ ਸਵਾਲ ਕਰਨ ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ** ** **

**Sardar Sukhdev Singh Dhindsa :** ** ** **

**Finance Minister :** Speaker Sahib, is it a Point of Order ?

**Mr. Speaker :** What has been said by Jathedar Jiwan Singh Umranangal and Sardar Sukhdev Singh Dhindsa without my permission should not be recorded.

**ਵੈਦ ਕਰਤਾਰ ਸਿੰਘ** : ਵਜ਼ੀਰ ਸਹਿਬ ਨੇ ਜੋ ਮੇਰੀ ਕਾਲ ਅਟੈਨਸ਼ਨ ਦਾ ਜਵਾਬ ਦਿਤਾ ਹੈ ਉਸ ਵਿਚ ਇਨ੍ਹਾਂ ਨੇ ਇਕ ਗੱਲ ਲਿਖੀ ਹੈ ਕਿ ਘੀ ਦੀ ਕੋਈ ਕਮੀ ਨਹੀਂ ਹੈ । ਜਿੰਨਾਂ ਕੋਟਾ ਦਿੰਦੇ ਹਾਂ ਉਸ ਨਾਲੋਂ ਵੱਧ ਘੀ ਦੇ ਦਿਤਾ ਹੈ । ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ (ਵਿਘਨ)

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**Doctor Bhagat Singh :** Speaker Sahib you always ignore me. I do not know why ? I am on a point of order. You allow so many people. I want to raise only one Point of Order.

**Mr. Speaker :** Let me hear Vaid Kartar Singh.

**ਵੈਦ ਕਰਤਾਰ ਸਿੰਘ** : ਫੂਡ ਸਪਲਾਈਜ਼ ਅਫਸਰ, ਲੁਧਿਆਣਾ ਨੇ ਘੀ ਦਾ ਪਰਮਿੱਟ ਦਿਤਾ ਕਿ 300 ਘੀ ਦੇ ਟੀਨ ਮਿਲ ਵਿਚੋਂ ਲਿਆਂਦੇ ਜਾਣ । ਇਹ 3 ਫਰਵਰੀ ਦਾ ਪਰਮਿੱਟ ਹੈ । ਉਸ ਫਰਮ ਨੇ ਰੁਪਿਆ ਜਮ੍ਹਾਂ ਕਰਾ ਦਿਤਾ ਅਤੇ ਡੇਢ ਹਜ਼ਾਰ ਰੁਪਿਆ ਬਤੌਰ ਇੰਟ੍ਰਸਟ ਉਸ ਰੁਪਏ ਦਾ ਉਨ੍ਹਾਂ ਨੂੰ ਮਿਲ ਸਕਦਾ ਸੀ । 25 ਰੁਪਏ ਟੀਨ ਦੇ ਹਿਸਾਬ ਨਾਲ ਬਲੈਕ ਮੰਗਦੇ ਹਨ । ਕਿਉਂਕਿ ਉਨ੍ਹਾਂ ਨੇ 25 ਰੁਪਏ ਫੀ ਟੀਨ ਬਲੈਕ ਦੇ ਨਹੀਂ ਦਿਤੇ, ਇਸ ਲਈ ਉਨ੍ਹਾਂ ਨੂੰ ਪਰਮਿਟ ਤੇ ਘੀ ਨਹੀਂ ਦਿਤਾ ਗਿਆ ਜਦ ਕਿ ਘੀ ਉਨ੍ਹਾਂ ਕੋਲ ਪਿਆ ਹੈ । ਮਨਿਸਟਰ ਸਾਹਿਬ ਨੇ ਜਵਾਬ ਗੋਲ ਮੋਲ ਕਰਕੇ ਦਿਤਾ ਹੈ । ਜੇਕਰ ਘੀ ਦੀ ਲੋੜ ਨਹੀਂ ਸੀ ਤਾਂ ਫਿਰ ਇਹ 300 ਟੀਨ ਘੀ ਦਾ ਪਰਮਿੱਟ ਕਿਉਂ ਜਾਰੀ ਕੀਤਾ ਗਿਆ ? ਉਨ੍ਹਾਂ ਨੇ 300 ਟੀਨ ਲੈਣ ਵਾਸਤੇ ਲੋੜੀਂਦੀ ਰਕਮ ਵੀ ਜਮ੍ਹਾਂ ਕਰਾ ਦਿਤੀ ਸੀ । ਵਜ਼ੀਰ ਸਾਹਿਬ ਦਾ ਉਸ ਬਲੈਕ ਵਿਚ ਆਪਣਾ ਹੱਥ ਹੋਏਗਾ । ਜਿਸ ਕਰਕੇ ਇਹ ਜਵਾਬ ਦੇਣ ਵਿਚ ਗੋਲਮੋਲ ਕਰੀ ਜਾਂਦੇ ਹਨ । (ਵਿਘਨ)

## WALK-OUT

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ** : ਮੈਨੂੰ ਕਾਰਬਾਈਨ ਆਪਣੀ ਪ੍ਰੋਟੈਕਸ਼ਨ ਵਾਸਤੇ ਚਾਹੀਦੀ ਹੈ । ਤੁਸੀਂ ਇਹ ਨਹੀਂ ਦਿੰਦੇ ਜਿਸ ਕਰਕੇ ਮੈਂ ਬਤੌਰ ਪ੍ਰੋਟੈਸਟ, ਕਿਉਂਕਿ ਕਾਂਗਰਸ ਮੈਨੂੰ ਮਰਵਾਉਣਾ ਚਾਹੁੰਦੀ ਹੈ, ਇਸ ਕਰਕੇ ਮੈਂ ਵਾਕ ਆਊਟ ਕਰਦਾ ਹਾਂ ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ (ਐਲ) ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਸਿਵਾਏ ਸਰਦਾਰ ਮਹਿੰਦਰ ਸਿੰਘ ਸਰੂਪਵਾਲੀ ਦੇ ਹਾਊਸ ਤੋਂ ਵਾਕ ਆਊਟ ਕਰ ਗਏ)

## CALL ATTENTION NOTICE UNDER RULE 66 (*Resumption*)

**ਵੈਦ ਕਰਤਾਰ ਸਿੰਘ** : ** ** **

**ਸ੍ਰੀ ਸਪੀਕਰ** : ਇਹ ਐਕਸਪੰਜ ਕੀਤਾ ਜਾਏ ।

**ਖੁਰਾਕ ਅਤੇ ਸਪਲਾਈਜ਼ ਦੇ ਰਾਜ ਮੰਤਰੀ** (ਸ੍ਰੀ ਭਗਵਾਨ ਦਾਸ) : ਵੈਦ ਜੀ ਨੇ ਜੋ ਸਪਲੀਮੈਂਟਰੀ ਕੀਤੀ ਹੈ, ਇਸ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ । ਫਿਰ ਵੀ ਮੈਂ ਇਨ੍ਹਾਂ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਸ ਲਈ ਸੈਂਟਰ ਦੀ ਸਰਕਾਰ ਦਾ ਡਾਇਰੈਕਟਰ ਕੰਪੀਟੈਂਟ ਹੈ ਔਰ ਉਸ ਨੂੰ ਫੌਰਨ ਲਿਖ ਦਿਤਾ ਹੈ ਕਿ ਉਸ ਦੇ ਖਿਲਾਫ ਐਕਸ਼ਨ ਲਿਆ ਜਾਏ ।

## PAPERS LAID ON THE TABLE

**Finance Minister (Doctor Kewal Krishan ):** Sir, I beg to lay on the Table the Annual Financial Statement of the Punjab State Electricity Board containing Actuals 1980-81, Budget Estimates/Revised Estimates 1981-82 and Budget Estimates 1982-83, as required under section 61(3) of the Electricity (Supply) Act, 1948.

Sir, I also beg to lay on the Table the Statement explaining the reasons for delay in laying the Annual Reports on the working of the Punjab

**Expunged as ordered by the Chair.

Original with;
Punjab Vidhan Sabha
Digitized by;
Panjab Digital Library

Women and Children Development and Welfare Corporation for the years 1979-80 and 1980-81, before the House within the prescribed period.

**ਡਾਕਟਰ ਭਗਤ ਸਿੰਘ** : ** **

**ਸ੍ਰੀ ਸਪੀਕਰ** : ਇਹ ਐਕਸਪੰਜ ਕਰ ਦਿਤਾ ਜਾਏ ।

## LEGISLATIVE BUSINESS

### Punjab Official Language (Amendment) Bill, 1982

**Education Minister (Sardar Harcharan Singh Ajnala ) :** Sir, I beg to ask for leave to introduce the Punjab Official Language (Amendment) Bill.

**Mr. Speaker :** Motion moved—

That leave be granted to introduce the Punjab Official Language (Amendment) Bill.

**Mr. Speaker :** Question is—

That leave be granted to introduce the Punjab Official Language (Amendment) Bill.

*The motion was carried*

**Education Minister (Sardar Harcharan Singh Ajnala ) :** Sir, I beg to introduce the Punjab Official Language (Amendment) Bill.

## RESUMPTION OF DISCUSSION ON GOVERNOR'S ADDRESS

**ਸ੍ਰੀ ਸਪੀਕਰ** : ਜੋ ਮਤਾ *ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ ਵਲੋਂ ਗਵਰਨਰ ਐਡਰੇਸ ਲਈ ਪੇਸ਼ ਹੋਇਆ ਸੀ, ਉਸ ਤੇ ਹੁਣ ਅੱਗੋਂ ਡਿਸਕਸ਼ਨ ਹੋਏਗੀ ਅੋਰ ਸਰਦਾਰ ਮਹਿੰਦਰ ਸਿੰਘ ਸਰੂਪਵਾਲੀ ਬੋਲਣਗੇ ।

**Shri Gopal Krishan Chatrath :** Mr. Speaker, before the business entered in today's list of Business is taken up, I would like to ask for the time left for each party, because previously the Akali Parties and other parties have taken their time and the Members of the Congress Party have yet to speak. I would request you to Kindly allot time accordingly so that our Members may also participate in the discussion.

**ਸ੍ਰੀ ਸਪੀਕਰ** : ਜਿਹੜਾ ਬੈਲੇਂਸ ਟਾਈਮ ਰਹਿੰਦਾ ਹੈ ਉਸ ਵਿਚ ਕਾਂਗਰਸ (ਆਈ) ਲਈ 3 ਘੰਟੇ ਰਹਿੰਦੇ ਹਨ (ਵਿਘਨ)

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਜਿਹੜਾ ਟਾਈਮ ਅਕਾਲੀ ਪਾਰਟੀ ਵਾਲਿਆਂ ਨੇ ਜ਼ਾਇਆ ਕੀਤਾ ਹੈ, ਉਹ ਟਾਈਮ ਇਨ੍ਹਾਂ ਦੇ ਟਾਈਮ ਵਿਚੋਂ ਕੱਟ ਦਿਤਾ ਜਾਣਾ ਚਾਹੀਦਾ ਹੈ ।

---

*"That an Address be presented to the Governor in the following terms:—

"That the Members of this House assembled in this Session are deeply grateful to the Governor for the address which he has been pleased to deliver to the House on the 24th February, 1982."

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਸਰਦਾਰ ਮਹਿੰਦਰ ਸਿੰਘ ਸਰੂਪਵਾਲੀ ਹੁਣ ਬੋਲਣਗੇ, ਇਨ੍ਹਾਂ ਦੇ 12 ਮਿੰਟ ਹਨ ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** (ਕਾਦੀਆਂ) : ਸਪੀਕਰ ਸਾਹਿਬ, ਪੈਰਾ ਨੰ: 6 ਬਾਰੇ ਮੈਂ ਕਹਿਣਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਪੈਰਾ 6 ਵਿਚ ਇਹ ਗੱਲ ਕਹੀ ਹੈ ਕਿ ਮੇਰੀ ਸਰਕਾਰ ਰਾਜ ਵਿਚ ਇਕ ਇਮਾਨਦਾਰ ਅਤੇ ਸੁਥਰਾ ਪ੍ਰਸ਼ਾਸ਼ਨ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨ-ਬੱਧ ਹੈ । ਮੈਂ ਕੱਲ ਇਸ ਸਾਫ ਸੁਥਰੇ ਰਾਜ ਪ੍ਰਬੰਧ ਬਾਰੇ ਕੁਝ ਮਿਸਾਲਾਂ ਦਿਤੀਆਂ ਸਨ । ਇਕ ਦੋ ਮਿਸਾਲਾਂ ਅੱਜ ਵੀ ਅਰਜ਼ ਕਰਨੀਆਂ ਚਾਹੁੰਦਾ ਹਾਂ । ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਹੁਣੇ ਹੁਣੇ ਕੁਐਸਚਨ ਆਵਰ ਦੇ ਵਿਚ ਆਨਰੇਬਲ ਮੈਂਬਰਜ਼ ਨੇ ਸਵਾਲ ਉਠਾਇਆ ਕਿ ਜਿੰਨੇ ਵੀ ਵਜ਼ੀਰ ਹਨ ਅਤੇ ਜਿੰਨੇ ਵੀ ਉਨ੍ਹਾਂ ਦੇ ਅਖਤਿਆਰੀ ਫੰਡ ਹਨ ਉਹ ਸਮੁੱਚੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਨਹੀਂ ਵਰਤਦੇ ਸਗੋਂ ਆਪਣੇ ਆਪਣੇ ਹਲਕਿਆਂ ਵਿਚ ਵਰਤਦੇ ਹਨ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਾਫ ਸੁਥਰੇ ਰਾਜ ਪ੍ਰਬੰਧ ਦੀ ਨਿਸ਼ਾਨੀ ਹੈ ? ਅਖਤਿਆਰੀ ਫੰਡ ਜਿਹੜੇ ਹੁੰਦੇ ਹਨ ਉਹ ਕਿਸੇ ਖਾਸ ਹਲਕੇ ਵਾਸਤੇ ਨਿਸਚਿਤ ਨਹੀਂ ਕੀਤੇ ਜਾਂਦੇ ਸਗੋਂ ਉਹ ਸਮੁੱਚੇ ਪੰਜਾਬ ਵਾਸਤੇ ਜਿਥੇ ਕਿਤੇ ਖਾਸ ਲੋੜ ਹੋਵੇ ਉਥੇ ਵਾਸਤੇ ਦਿਤੇ ਜਾਂਦੇ ਹਨ । ਪਰ ਵਜ਼ੀਰ ਇਨ੍ਹਾਂ ਅਖਤਿਆਰੀ ਫੰਡਾਂ ਨੂੰ ਆਪਣੇ ਆਪਣੇ ਹਲਕਿਆਂ ਵਿਚ ਵਰਤੀ ਜਾਂਦੇ ਹਨ । ਸਪੀਕਰ ਸਾਹਿਬ, ਤੁਸੀਂ ਆਪ ਦੇਖੋ ਕਿ ਇਸ ਤੋਂ ਵੱਡੀ ਗਲਤ ਬਿਆਨੀ ਕਰਨ ਵਾਲੀ ਹੋਰ ਕਿਹੜੀ ਗੱਲ ਹੈ । ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ । ਕੱਲ ਤੁਹਾਡੇ ਸਾਹਮਣੇ ਇਥੇ ਸਾਰੀ ਆਪੋਜੀਸ਼ਨ ਨੇ ਧਰਨਾ ਦਿਤਾ ਸੀ । ਬੜੇ ਦੁੱਖ ਦੀ ਗੱਲ ਹੈ ਕਿ ਟਰੈਜ਼ਰੀ ਬੈਂਚਿਜ਼ ਤੇ ਬੈਠੇ ਮੇਰੇ ਵੀਰ ਵੀਕਰ ਸੈਕਸ਼ਨ ਬਾਰੇ ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦਾ ਬਹੁਤ ਖਿਆਲ ਰਖਦੇ ਹਾਂ। ਪਰ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਦਾਉਕੇ ਵਿਚ ਕੀ ਵਾਕਿਆ ਹੋਇਆ ? ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਅਸੀਂ ਵੀਕਰ ਸੈਕਸ਼ਨ ਦਾ ਪੂਰਾ ਖਿਆਲ ਰੱਖਦੇ ਹਾਂ ਪਰ ਪਿੰਡ ਦਾਉਕੇ ਵਿਚ ਜੋ ਵਾਕਿਆ ਹੋਇਆ ਜੇ ਉਸ ਬਾਰੇ ਅਸੀਂ ਇਸੇ ਹਾਊਸ ਵਿਚ ਗੱਲ ਕਰਨੀ ਚਾਹੀ ਤਾਂ ਇਨ੍ਹਾਂ ਨੇ ਸਾਡੀ ਕੋਈ ਗੱਲ ਨਹੀਂ ਸੁਣੀ । ਪਰ ਜਦੋਂ ਸਾਰੀ ਆਪੋਜੀਸ਼ਨ ਇਕੱਠੀ ਹੋ ਗਈ ਤਾਂ ਫਿਰ ਆਪੋਜੀਸ਼ਨ ਦੇ ਲੀਡਰ ਨੂੰ ਸੱਦਿਆ । ਤੁਸੀਂ ਵੀ ਇੰਟਰਵੀਨ ਕੀਤਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਦਾਉਕੇ ਵਿਚ ਜੋ ਵਾਕਿਆ ਹੋਇਆ ਕੀ ਇਹ ਸਾਫ ਸੁਥਰੇ ਰਾਜ ਪ੍ਰਬੰਧ ਦੀ ਨਿਸ਼ਾਨੀ ਹੈ ? ਸਪੀਕਰ ਸਾਹਿਬ, ਇਕ ਜੀਤ ਰਾਮ ਨੂੰ ਥਾਣੇ ਵਿਚ ਮਾਰਿਆ ਗਿਆ । ਉਸ ਨੂੰ ਕਿਹਾ ਗਿਆ ਕਿ ਉਹ 10 ਨੰਬਰੀ ਬਦਮਾਸ਼ ਸੀ । ਕੀ ਇਹ ਕਾਨੂੰਨ ਵਿਚ ਦਿਤਾ ਹੋਇਆ ਹੈ ਕਿ ਉਨ੍ਹਾਂ ਨੂੰ ਥਾਣਿਆਂ ਵਿਚ ਵਾੜ ਕੇ ਮਾਰ ਦਿਤਾ ਜਾਵੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਲੀਨ ਐਡਮਨਿਸਟਰੇਸ਼ਨ ਦੀ ਨਿਸ਼ਾਨੀ ਹੈ ? ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜਾ ਪਲੰਦਾ ਹੈ, ਇਹ ਜਿਹੜਾ ਡਾਕੂਮੈਂਟ ਹਾਊਸ ਵਿਚ ਪੇਸ਼ ਕੀਤਾ ਗਿਆ ਹੈ, ਇਹ ਬੋਗਸ ਹੈ । ਇਸ ਦੇ ਵਿਚ ਅੰਕੜੇ ਐਸੇ ਦਿਤੇ ਗਏ ਹਨ ਜਿਹੜੇ ਕਿ ਪੰਜਾਬੀਆਂ ਦੇ ਹਿੱਤ ਵਿਚ ਨਹੀਂ ਹਨ, ਉਹ ਲੋਕਾਂ ਦੀ ਜਾਨ ਅਤੇ ਮਾਲ ਦੀ ਰਖਵਾਲੀ ਵਾਲੇ ਨਹੀਂ ਹਨ । ਮੈਨੂੰ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ, ਜੋ ਕਿ ਸਾਬਕਾ ਮਨਿਸਟਰ ਹਨ, ਉਹ ਸਾਡੇ ਲੈਜਿਸਲੇਟਰ ਹਨ, ਉਨ੍ਹਾਂ ਨੇ ਸਰਕਾਰ ਨੂੰ ਲੈਟਰ ਲਿਖਿਆ । ਤੁਸੀਂ ਇਸ ਗੱਲ ਤੋਂ ਹੀ ਸਰਕਾਰ ਦੀ ਪਰਫਾਰਮੈਂਸ ਦਾ ਅੰਦਾਜ਼ਾ ਲਗਾ ਲਓ ਕਿ ਉਨ੍ਹਾਂ ਨੂੰ 5 ਮਹੀਨਿਆਂ ਬਾਅਦ ਜਵਾਬ ਦਿਤਾ । ਉਨ੍ਹਾਂ ਦੀ ਗੱਲ ਨੂੰ ਲਾਈਟਲੀ ਲਿਆ ਗਿਆ । ਚਾਹੀਦਾ ਤਾਂ ਇਹ ਸੀ ਕਿ ਜਿਸ ਦਿਨ ਉਨ੍ਹਾਂ ਦਾ ਲੈਟਰ ਆਇਆ ਸੀ ਉਸ ਦਿਨ ਹੀ ਐਕਸ਼ਨ ਹੋ ਜਾਂਦਾ ਕਿਉਂਕਿ ਉਨ੍ਹਾਂ ਨੇ ਕਿਹਾ ਕਿ ਪੰਜਾਬ ਵਿਚ ਐਸੇ ਹਾਲਾਤ ਹਨ

Original with;
Punjab Vidhan Sabha
Digitized by;
Panjab Digital Library

ਇਸ ਲਈ ਮੇਰੀ ਜਾਨ ਦਾ ਖਤਰਾ ਹੈ । ਇਸ ਲਈ ਸਰਕਾਰ ਨੂੰ ਉਸੇ ਵੇਲੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਸੀ । ਕੋਈ ਪਹਾੜ ਨਹੀਂ ਸੀ ਡਿਗ ਪੈਣਾ ਜੇ ਉਨ੍ਹਾਂ ਨੂੰ ਕਾਰਬਾਈਨ ਵਾਸਤੇ ਲਾਈਸੈਂਸ ਜਾਰੀ ਕਰ ਦਿੰਦੇ । ਇਸ ਲਈ ਮੈਂ ਕਹਾਂਗਾ ਕਿ ਲਾਅ ਐਂਡ ਆਰਡਰ ਨੂੰ ਵਿਗਾੜਨ ਵਿਚ ਇਨ੍ਹਾਂ ਦਾ ਹੱਥ ਹੈ । ਕੀ ਇਹ ਇਨ੍ਹਾਂ ਦੀ ਕਲੀਨ ਐਡਮਨਿਸਟਰੇਸ਼ਨ ਹੈ ? ਮੇਰੇ ਲੀਡਰ ਨੇ, ਸਮੁੱਚੇ ਪੰਜਾਬੀਆਂ ਦੇ ਲੀਡਰ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਨੇ ਆਪਣੇ ਭਾਸ਼ਣ ਵਿਚ ਬਹੁਤ ਕਲੀਅਰ ਗਲਾਂ ਕੀਤੀਆਂ ਹਨ । ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਬੈਕਗਰਾਉਂਡ ਬਾਰੇ ਬਹੁਤ ਕੁਝ ਦੱਸਿਆ ਸੀ ਅਤੇ ਮੈਂ ਵੀ ਇਸ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ । ਪਿਛਲੇ ਸਮੇਂ ਵਿਚ ਕੁਝ ਲੋਕ ਇਕ ਸਾਜ਼ਿਸ਼ ਦੇ ਅਧੀਨ ਸ਼੍ਰੋਮਣੀ ਅਕਾਲੀ ਦਲ ਦੇ ਜਿਨ੍ਹਾਂ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਬਦਨਾਮ ਕਰਨ ਵਾਲੇ ਪਾਸੇ ਤੁਰੇ ਪਰ ਉਨ੍ਹਾਂ ਦੀਆਂ ਸਾਜ਼ਿਸ਼ਾਂ ਨਾਕਾਮਯਾਬ ਹੋਈਆਂ । ਜਦੋਂ ਮੂਵਮੈਂਟ ਚਲੀ ਤਾਂ ਕੁਝ ਵੀਰਾਂ ਨੇ ਕਿਹਾ ਕਿ ਫਿਰਕਾਪ੍ਰਸਤੀ ਦਾ ਬੜਾ ਭਾਰੀ ਹੜ੍ਹ ਆ ਗਿਆ ਹੈ । ਪਰ ਮੈਂ ਉਨ੍ਹਾਂ ਨਾਲ ਸਹਿਮਤ ਨਹੀਂ ਹਾਂ । ਮੈਂ ਕਹਿੰਦਾ ਹਾਂ ਕਿ ਪੰਜਾਬੀ ਵਧਾਈ ਦੇ ਪਾਤਰ ਹਨ ਕਿਉਂਕਿ ਇਨ੍ਹਾਂ ਲੋਕਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਕੇ ਲੋਕ ਆਪਸ ਵਿਚ ਲੜਨ ਪਰ ਉਹ ਨਹੀਂ ਲੜੇ । ਇਸ ਲਈ ਪੰਜਾਬੀ ਸਮੁੱਚੇ ਤੌਰ ਤੇ ਵਧਾਈ ਦੇ ਪਾਤਰ ਹਨ । ਮੇਰੇ ਲੀਡਰ ਨੇ ਕਿਹਾ ਕਿ ਇਹ ਜੋ ਕੁਝ ਹੋਇਆ ਇਸ ਦੀ ਸਾਰੀ ਜ਼ਿੰਮੇਵਾਰੀ ਕਾਂਗਰਸ ਸਰਕਾਰ ਤੇ ਆਉਂਦੀ ਹੈ । ਇਸ ਵਾਸਤੇ ਮੇਰੇ ਲੀਡਰ ਨੇ ਕਿਹਾ ਕਿ ਇਥੇ ਕੋਈ ਕਮਿਸ਼ਨ ਮੁਕਰਰ ਕੀਤਾ ਜਾਵੇ, ਮੈਂ ਵੀ ਇਸ ਦੀ ਪ੍ਰੋੜਤਾ ਕਰਦਾ ਹਾਂ ਤਾਂ ਕਿ ਪਤਾ ਲੱਗ ਜਾਵੇ ਕਿ ਇਸ ਸਾਰੀ ਸਾਜ਼ਿਸ਼ ਦਾ ਜ਼ਿੰਮੇਵਾਰ ਕੌਣ ਹੈ ?

ਹੁਣ ਮੈਂ ਆਪਣੇ ਵਿਚਾਰ ਖੇਤੀਬਾੜੀ ਬਾਰੇ ਦੱਸਣਾ ਚਾਹੁੰਦਾ ਹਾਂ । ਜਦੋਂ ਬਾਦਲ ਸਾਹਿਬ ਸਰਕਾਰ ਨੇ 1977 ਵਿਚ ਰਾਜ ਭਾਗ ਸੰਭਾਲਿਆ ਸੀ ਤਾਂ ਸਭ ਤੋਂ ਪਹਿਲਾਂ ਆਉਂਦਿਆਂ ਬਿਜਲੀ ਦੇ ਫਲੈਟ ਰੇਟ ਨੂੰ ਘਟ ਕੀਤਾ ਸੀ । ਚਾਹੀਦਾ ਤਾਂ ਇਹ ਸੀ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਜੋ ਬਿਜਲੀ ਦਾ ਫਲੈਟ ਰੇਟ 19 ਰੁਪਏ ਤੋਂ 13 ਰੁਪਏ ਕੀਤਾ ਸੀ ਉਸ ਨੂੰ ਦਰਬਾਰਾ ਸਿੰਘ ਦੀ ਸਰਕਾਰ 13 ਤੋਂ 10 ਰੁਪਏ ਕਰ ਦਿੰਦੀ ਫਿਰ ਤਾਂ ਅਸੀਂ ਸਮਝਦੇ ਕਿ ਇਸ ਸਰਕਾਰ ਨੂੰ ਕਿਸਾਨਾਂ ਨਾਲ ਕੁਝ ਹਮਦਰਦੀ ਹੈ । ਪਰ ਇਸ ਸਰਕਾਰ ਨੇ ਇਸ ਦੇ ਉਲਟ ਕੀਤਾ ਕਿ ਬਾਦਲ ਸਾਹਿਬ ਦੀ ਸਰਕਾਰ ਨੇ ਜਿਹੜੀ ਖਾਦ ਦੀ ਕੀਮਤ 117 ਰੁਪਏ ਤੋਂ 72 ਰੁਪਏ ਕੀਤੀ ਸੀ ਉਹ ਇਨ੍ਹਾਂ ਨੇ 72 ਰੁਪਏ ਤੋਂ ਫਿਰ 117 ਰੁਪਏ ਕਰ ਦਿਤੀ । ਇਸੇ ਤਰ੍ਹਾਂ ਹੋਰ ਖੇਤੀਬਾੜੀ ਦੇ ਕੰਮ ਵਿਚ ਆਉਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧਾਈਆਂ । ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਅਸੀਂ ਕਿਸਾਨਾਂ ਦੇ ਹਮਦਰਦ ਹਾਂ ।

ਹੁਣ ਮੈਂ ਇਕ ਗਲ ਹੋਰ ਕਹਿਣੀ ਚਾਹੁੰਦਾ ਹਾਂ । ਪੰਜਾਬ ਦੀ ਸਰਕਾਰ ਨੇ ਕਣਕ ਦੀ ਕੀਮਤ 161 ਰੁਪਏ ਪ੍ਰਤੀ ਕੁਇੰਟਲ ਮੁੱਕਰਰ ਕਰਨ ਵਾਸਤੇ ਸੈਂਟਰ ਦੀ ਸਰਕਾਰ ਨੂੰ ਸਿਫਾਰਸ਼ ਕੀਤੀ ਹੈ । ਸਾਨੂੰ ਇਹ ਉਮੀਦ ਨਹੀਂ ਕਿ ਇਹ ਸੈਂਟਰ ਦੀ ਸਰਕਾਰ ਕੋਲੋਂ 161 ਰੁਪਏ ਦਾ ਭਾਅ ਕਿਸਾਨਾਂ ਨੂੰ ਦਿਵਾ ਦੇਣਗੇ । ਸਾਨੂੰ ਤਾਂ ਇਹ ਵੀ ਉਮੀਦ ਨਹੀਂ ਕਿ ਇਹ ਏ.ਪੀ.ਸੀ. ਤੋਂ 145 ਰੁਪਏ ਤੋਂ ਵੱਧ ਦਿਵਾ ਸਕਣਗੇ । ਕੀ ਇਹ ਸਰਕਾਰ ਇਹ ਗਲ ਮੰਨਦੀ ਹੈ ਕਿ 161 ਰੁਪਏ ਦਾ ਭਾਅ ਕਿਸਾਨ ਨੂੰ ਮਿਲਣਾ ਚਾਹੀਦਾ ਹੈ ? ਜੇ ਸੈਂਟਰ ਦੀ ਸਰਕਾਰ ਨੇ ਇਹ ਭਾਅ ਨਾ ਦਿਤਾ ਤਾਂ ਕੀ ਇਹ ਸਰਕਾਰ ਆਪਣੇ ਕੋਲੋਂ ਪੈਸਾ ਪਾ ਕੇ, ਉਨ੍ਹਾਂ ਨੂੰ ਬੋਨਸ ਦੇ ਕੇ, ਕੰਪਨਸੇਟ ਕਰੇਗੀ ?

10.48
ਪੂਰਵ ਦੁਪਹਿਰ

(ਇਸ ਸਮੇਂ ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ ਸਰੂਪਵਾਲੀ]

ਡਿਪਟੀ ਸਪੀਕਰ ਸਾਹਿਬ, ਪੰਜਾਬ ਦਾ ਕਿਸਾਨ ਵਧਾਈ ਦਾ ਪਾਤਰ ਹੈ । ਅਸੀਂ ਹਿੰਦੁਸਤਾਨ ਦੇ ਸੈਂਟਰਲ ਪੂਲ ਵਿਚ ਟੋਟਲ ਅਨਾਜ ਦਾ 77 ਪ੍ਰਤੀਸ਼ਤ ਦਿੰਦੇ ਹਾਂ । ਜਿਹੜਾ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਅਮਰੀਕਾ, ਕਨੇਡਾ ਅਤੇ ਆਸਟਰੇਲੀਆ ਜਿਹੇ ਦੇਸ਼ਾਂ ਅਗੇ ਕਣਕ ਵਾਸਤੇ ਠੂਠਾ ਲੈ ਕੇ ਜਾਂਦੇ ਸਨ, ਉਸ ਚੀਜ਼ ਨੂੰ ਸਾਡੇ ਕਿਸਾਨ ਨੇ ਬੰਦ ਕੀਤਾ ਹੈ । ਪੰਜਾਬ ਦੇ ਮਿਹਨਤੀ ਕਿਸਾਨ ਨੇ ਆਪਣੀ ਮਿਹਨਤ ਨਾਲ ਸਾਡੇ ਦੇਸ਼ ਦਾ ਨਾਮ ਉਚਾ ਕੀਤਾ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਹਰ ਦੇ ਦੇਸ਼ਾਂ ਤੋਂ ਤੁਸੀਂ ਕਣਕ 196 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖਰੀਦਦੇ ਹੋ। ਉਸ ਹਿਸਾਬ ਨਾਲ ਪੰਜਾਬ ਦੇ ਕਿਸਾਨ ਨੂੰ 175 ਰੁਪਏ ਪ੍ਰਤੀ ਕੁਇੰਟਲ ਦੇ ਦੇਣੇ ਚਾਹੀਦੇ ਹਨ। ਕਿਸਾਨ ਨੂੰ ਪੂਰਾ ਇਨਸੈਂਟਿਵ ਮਿਲਣਾ ਚਾਹੀਦਾ ਹੈ । ਪੰਜਾਬ ਦੇ ਕਿਸਾਨ ਦੀ ਬਿਹਤਰੀ ਵਾਸਤੇ ਕੰਮ ਕਰਨੇ ਚਾਹੀਦੇ ਹਨ । ਪਰ ਇਸ ਪਾਸੇ ਧਿਆਨ ਨਹੀਂ ਦਿਤਾ ਜਾ ਰਿਹਾ । ਮੈਂ ਬੇਨਤੀ ਕਰਾਂਗਾ ਕਿ ਗੰਨੇ ਦੇ ਮੁਤੱਲਕ ਮੈਂ ਕਾਲ ਅਟੈਨਸ਼ਨ ਮੋਸ਼ਨ ਵੀ ਦਿਤੀ ਸੀ ਪਰ ਉਹ ਸਪੀਕਰ ਸਾਹਿਬ ਨੇ ਐਡਮਿਟ ਨਹੀਂ ਕੀਤੀ । ਕੱਲ ਇਥੇ ਸਰਦਾਰ ਬੀਰ ਪਾਲ ਸਿੰਘ, ਰਾਜ ਮੰਤਰੀ, ਸਹਿਕਾਰਤਾ ਨੇ ਕਿਹਾ ਸੀ ਕਿ ਸਾਰਾ ਗੰਨਾ ਚੁੱਕ ਲਿਆ ਜਾਵੇਗਾ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਚੁੱਕ ਲਿਆ ਜਾਵੇਗਾ ? ਸ਼ੂਗਰ ਮਿੱਲ, ਬਟਾਲਾ ਦਾ ਮਸਲਾ ਹੈ । ਰੰਧਾਵਾ ਸਾਹਿਬ ਉਥੇ ਜਾ ਕੇ ਆਏ ਹਨ । ਉਨ੍ਹਾਂ ਨੂੰ ਪਤਾ ਹੈ ਕਿ ਬਾਂਡਿਡ ਗੰਨਾ 26 ਲਖ ਕੁਇੰਟਲ ਹੈ । 13 ਅਪ੍ਰੈਲ, 1982 ਤਕ ਤਾਂ 16 ਲਖ ਕੁਇੰਟਲ ਗੰਨਾ ਵੀ ਨਹੀਂ ਪੀੜ ਸਕਣਾ ਬਾਕੀ ਦੇ 10 ਲਖ ਕੁਇੰਟਲ ਗੰਨੇ ਦਾ ਕੀ ਪ੍ਰਬੰਧ ਕੀਤਾ ਹੈ ? ਇਨ੍ਹਾਂ ਨੇ ਉਸ ਦੇ ਵਾਸਤੇ ਇਕ ਫਾਰਮੂਲਾ ਬਣਾਇਆ ਹੈ ਕਿ 2 ਲੱਖ ਕੁਇੰਟਲ ਗੁਰਦਾਸਪੁਰ ਦੀ ਮਿਲ ਨੂੰ ਦਿਤਾ ਜਾਵੇਗਾ । 2 ਲਖ ਕੁਇੰਟਲ ਫਗਵਾੜਾ ਦੀ ਮਿਲ ਨੂੰ ਦਿਤਾ ਜਾਵੇਗਾ । 50 ਹਜ਼ਾਰ ਕੁਇੰਟਲ ਨਵਾਂ ਸ਼ਹਿਰ ਦੀ ਮਿਲ ਨੂੰ ਭੇਜਿਆ ਜਾਵੇਗਾ ਅਤੇ ਬਾਕੀ ਦਾ ਧੂਰੀ ਭੇਜਿਆ ਜਾਵੇਗਾ । ਪਰ ਉਥੇ ਦੇ ਕਿਸਾਨਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਾਡਾ ਜਿਹੜਾ ਗੰਨਾ ਬਾਂਡਿਡ ਹੈ ਉਹ ਪੀੜਨਾ ਚਾਹੀਦਾ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ 10 ਲੱਖ ਕੁਇੰਟਲ ਦਾ ਸਰਕਾਰ ਕੀ ਕਰੇਗੀ ? ਜਿਹੜਾ ਅਨ-ਬਾਂਡਿਡ ਹੈ ਉਸ ਦਾ ਸਰਕਾਰ ਨੇ ਕੀ ਪ੍ਰਬੰਧ ਕੀਤਾ ਹੈ ? ਸਰਕਾਰ ਹਾਊਸ ਵਿਚ ਇਸ ਬਾਰੇ ਐਸ਼ੋਰੈਂਸ ਦੇਵੇ । ਕੀ ਸਰਕਾਰ ਉਨ੍ਹਾਂ ਨੂੰ ਮੁਆਵਜ਼ਾ ਦੇਵੇਗੀ ? ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਸਰਦਾਰ ਦਰਬਾਰਾ ਸਿੰਘ ਅਤੇ ਰੰਧਾਵਾ ਜੀ ਸਾਡੇ ਜ਼ਿਲ੍ਹੇ ਵਿਚ ਦੋ ਵਖਰੀਆਂ ਵਖਰੀਆਂ ਐਸ਼ੋਰੈਂਸਿਜ਼ ਦੇ ਕੇ ਆਏ ਹਨ ਕਿ ਜਿਨ੍ਹਾਂ ਕਿਸਾਨਾਂ ਨੇ ਵਧੀਆ ਗੰਨਾ ਪਰੋਡਿਊਸ ਕੀਤਾ ਹੈ ਉਨ੍ਹਾਂ ਨੂੰ ਅਸੀਂ 6 ਲਖ ਰੁਪਿਆ ਦਿਆਂਗੇ । ਡਿਪਟੀ ਸਪੀਕਰ ਸਾਹਿਬ, ਬਟਾਲਾ ਅਤੇ ਭੋਗਪੁਰ ਮਿਲਾਂ ਹਨ ਉਥੇ ਬਾਦਲ ਸਾਹਿਬ ਨੇ 42 ਲਖ ਰੁਪਿਆ ਵੰਡਿਆ ਸੀ ਪਰ ਇਸ ਹੁਣ ਦੀ ਸਰਕਾਰ ਨੇ ਪਿਛਲੇ ਸਾਲ ਕੁਝ ਪੈਸਾ ਦਿਤਾ ਸੀ । ਹੁਣ ਵੀ ਐਲਾਨ ਕੀਤਾ ਗਿਆ ਕਿ ਅਸੀਂ ਦਿਆਂਗੇ ਪਰ ਪੈਸਾ ਨਹੀਂ ਮਿਲਿਆ। ਸਰਦਾਰ ਦਰਬਾਰਾ ਸਿੰਘ ਨੇ ਅਤੇ ਰੰਧਾਵਾ ਜੀ ਨੇ ਅਨਾਊਂਸਮੈਂਟ ਕੀਤੀ ਸੀ ਕਿ ਅਸੀਂ 6 ਲੱਖ ਰੁਪਿਆ ਕਿਸਾਨਾਂ ਨੂੰ ਦੇਣਾ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਜਿਹੜੀ ਸ਼ੂਗਰ ਮਿਲ ਬਟਾਲਾ ਦੀ ਹੈ ਉਸ ਦੀ ਕਪੈਸਿਟੀ ਡੇਢ ਗੁਣਾ ਵਧਾਉਣ ਵਾਸਤੇ ਇਕ ਲਾਇਸੈਂਸ ਇਸ਼ੂ ਹੋਇਆ ਸੀ । ਮੈਂ ਪਿਛਲੇ ਸੈਸ਼ਨ ਵਿਚ ਇਕ ਕੁਐਸਚਨ ਵੀ ਕੀਤਾ ਸੀ ਜਿਸ ਤੋਂ ਤੁਸੀਂ ਸਰਕਾਰ ਦੀ ਪ੍ਰਫਾਰਮੈਂਸ ਦਾ ਅੰਦਾਜ਼ਾ ਲਗਾ ਲੈਣਾ । ਮੈਂ ਸਵਾਲ ਕੀਤਾ ਸੀ ਕਿ ਕੀ ਸ਼ੂਗਰ ਮਿਲਾਂ ਲਈ ਸੈਂਟਰ ਦੀ ਸਰਕਾਰ ਤੋਂ ਕੋਈ ਲਾਇਸੈਂਸ ਲਿਆ ਸੀ ਤਾਂ ਉਸ ਦਾ ਜਵਾਬ ਮੁੱਖ ਮੰਤਰੀ ਜੀ ਨੇ ਦਿਤਾ ਕਿ ਮੇਰੀ ਨਾਲਿਜ ਵਿਚ ਨਹੀਂ ਹੈ । ਮੈਂ ਤੁਹਾਡੇ ਰਾਹੀਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਸੇ ਅਫਸਰ ਜੋ ਮੁੱਖ ਮੰਤਰੀ ਸਾਹਿਬ ਨੂੰ ਗੁੰਮਰਾਹ ਕਰਦੇ ਹਨ ਕੀ ਉਨ੍ਹਾਂ ਦੇ ਪ੍ਰਤੀ ਕੋਈ ਐਕਸ਼ਨ ਲਿਆ ਹੈ ? ਇਕ ਪਾਸੇ ਤਾਂ

Original with;
Punjab Vidhan Sabha
Digitized by;
Panjab Digital Library

ਇਹ ਮੰਗਦੇ ਫਿਰਦੇ ਹਨ ਕਿ ਸਾਨੂੰ ਮਿਲਾਂ ਹੋਰ ਚਾਹੀਦੀਆਂ ਹਨ ਅਤੇ ਦੂਸਰੇ ਪਾਸੇ ਜੋ ਲਾਇਸੈਂਸ ਸਾਨੂੰ ਮਿਲੇ ਹੋਏ ਹਨ ਉਨ੍ਹਾਂ ਦੀ ਡੇਟ ਐਕਸਪਾਇਰ ਹੋ ਗਈ ਹੈ ਅਤੇ ਉਸ ਦੀ ਡੇਟ ਹੋਰ ਲੈਣ ਵਾਸਤੇ ਟਾਈਮ ਸਿਰ ਲਿਖ ਨਹੀਂ ਸਕਦੇ । ਇਸ ਗਲ ਤੋਂ, ਡਿਪਟੀ ਸਪੀਕਰ ਸਾਹਿਬ, ਸਾਫ ਜ਼ਾਹਿਰ ਹੈ ਕਿ ਇਹ ਸਰਕਾਰ ਕਿਸਾਨਾਂ ਦੀ ਹਮਦਰਦ ਸਰਕਾਰ ਨਹੀਂ ਹੈ ।

ਬਿਜਲੀ ਦਾ ਮਸਲਾ ਆਇਆ । ਡਿਪਟੀ ਸਪੀਕਰ ਸਾਹਿਬ, ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਥੀਨ ਡੈਮ ਜਿਸ ਦੀ ਸਾਡੇ ਲਈ ਬੜੀ ਮਹਾਨਤਾ ਹੈ ਉਸ ਦੇ ਲਈ ਕੋਈ ਗਲ ਨਹੀਂ ਕੀਤੀ ਗਈ । ਇਹ ਗਲ ਤਾਂ ਕਹਿ ਦਿਤੀ ਇਨ੍ਹਾਂ ਨੇ ਕਿ ਟੋਟਲ ਬਜਟ ਦਾ 49 ਪ੍ਰਤੀਸ਼ਤ ਜੋ ਹੈ ਉਹ ਬਿਜਲੀ ਪੈਦਾ ਕਰਨ ਤੇ ਖਰਚ ਕੀਤਾ ਜਾਵੇਗਾ ਪਰ ਸਪੈਸ਼ਲ ਤੌਰ ਤੇ ਥੀਨ ਡੈਮ ਦਾ ਕੋਈ ਜ਼ਿਕਰ ਤੱਕ ਨਹੀਂ ਕੀਤਾ । ਇਸ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਸਰਕਾਰ ਕਿਸੇ ਕੰਮ ਵਾਸਤੇ ਕਿੰਨੀ ਕੁ ਦ੍ਰਿੜ ਹੈ । ਨਿੱਕੀਆਂ ਨਿੱਕੀਆਂ ਗੱਲਾਂ ਵਾਸਤੇ ਤਾਂ ਵਾਧੂ ਦੇ ਪੈਸੇ ਖਰਚ ਕੀਤੇ ਜਾ ਰਹੇ ਹਨ ਪਰ ਵੱਡੀਆਂ ਵੱਡੀਆਂ ਗੱਲਾਂ ਵੱਲ ਇਸ ਸਰਕਾਰ ਦਾ ਕੋਈ ਧਿਆਨ ਨਹੀਂ ਹੈ । ਇਹ ਠੀਕ ਹੈ, ਡਿਪਟੀ ਸਪੀਕਰ ਸਾਹਿਬ, ਇਥੇ ਰਾਵੀ-ਬਿਆਸ ਦੇ ਪਾਣੀ ਤੇ ਬਹਿਸ ਹੋਣੀ ਹੈ ਅਤੇ ਮੈਂ ਇਸ ਵੇਲੇ ਬਹੁਤਾ ਉਸ ਗੱਲ ਵੱਲ ਨਹੀਂ ਜਾਂਦਾ ਪਰ ਅੱਜ ਰਾਵੀ-ਬਿਆਸ ਦਾ ਪਾਣੀ ਹਰਿਆਣੇ ਵਾਲੇ ਵੰਡ ਲੈ ਕੇ ਸਾਡੇ ਹਾਈਡਲ ਪ੍ਰਾਜੈਕਟਸ, ਮੁਕੇਰੀਆਂ ਹਾਈਡਲ ਪ੍ਰਾਜੈਕਟ, ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਵਿਚ ਭਾਈਵਾਲ ਬਣਨ ਲਈ ਤਿਆਰ ਹੋ ਗਏ ਹਨ । ਇਹ ਕਿੰਨੀ ਮਾੜੀ ਗੱਲ ਹੈ । ਸਾਡੇ ਪੰਜਾਬ ਦੇ ਲੋਕਾਂ ਦੀ ਮਿਹਨਤ ਦੇ ਸਦਕੇ, ਪੰਜਾਬ ਦੇ ਇੰਜੀਨੀਅਰਜ਼ ਦੇ ਸਦਕੇ ਉਹ ਤਿਆਰ ਹੋਏ ਹਨ ਪਰ ਅੱਜ ਉਹ ਲੋਕ ਇਸ ਦੇ ਭਾਈਵਾਲ ਬਣਨ ਲਈ ਤਿਆਰ ਹੋਏ ਹਨ । ਸੋ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸੜਕਾਂ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ, ਸਰਦਾਰ ਬੇਅੰਤ ਸਿੰਘ ਜੀ ਇਸ ਹਾਊਸ ਵਿਚ ਇਸ ਵੇਲੇ ਬੈਠੇ ਨਹੀਂ ਹਨ। ਉਨ੍ਹਾਂ ਨੇ ਨਵਾਂ ਨਵਾਂ ਇਹ ਮਹਿਕਮਾ ਲਿਆ ਹੈ । ਜਦੋਂ ਸਰਦਾਰ ਦਰਬਾਰਾ ਸਿੰਘ ਨੇ ਰਾਜ ਭਾਗ ਸੰਭਾਲਿਆ ਸੀ, ਜਦੋਂ ਉਹ ਇਥੇ ਬੈਠੇ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਬਹੁਤ ਤਕੜਾ ਸਰਮਾਇਆ ਪ੍ਰੋਵਾਈਡ ਕਰਕੇ ਅਸੀਂ ਪਿੰਡਾਂ ਦੀਆਂ ਸੜਕਾਂ ਬਣਾਵਾਂਗੇ ਅਤੇ ਜਿਹੜੀਆਂ ਸੜਕਾਂ ਟੁੱਟੀਆਂ ਹੋਈਆਂ ਹਨ ਉਨ੍ਹਾਂ ਦੀ ਰਿਪੇਅਰ ਕਰਾਵਾਂਗੇ । ਡਿਪਟੀ ਸਪੀਕਰ ਸਾਹਿਬ, ਮੈਂ ਇਸ ਗੱਲ ਨੂੰ ਚੈਲੰਜ ਕਰਦਾ ਹਾਂ ਅਤੇ ਤੁਸੀਂ ਹਾਊਸ ਦੀ ਕੋਈ ਕਮੇਟੀ ਬਣਾ ਦਿਓ ਜਿਹੜੀ ਸਾਰੇ ਪੰਜਾਬ ਵਿਚ ਜਾ ਕੇ ਫਿਰ ਕੇ ਦੇਖੇ ਕਿ ਕਿੰਨੀਆਂ ਸੜਕਾਂ ਇਨ੍ਹਾਂ ਨੇ ਬਣਾਈਆਂ ਹਨ ਅਤੇ ਕਿੰਨੀਆਂ ਕੁ ਦੀ ਰਿਪੇਅਰ ਕੀਤੀ ਗਈ ਹੈ । ਇਹ ਕਹਿੰਦੇ ਹਨ ਕਿ ਪਲੈਨ ਵਿਚ 125 ਕਰੋੜ ਰੁਪਿਆ ਪ੍ਰੋਵਾਈਡ ਕਰ ਦਿਤਾ ਹੈ । (ਘੰਟੀ) ਪਰ ਜੇ ਤੁਸੀਂ ਪੰਜਾਬ ਵਿਚ ਜਾ ਕੇ ਦੇਖੋ ਤਾਂ ਪਿੰਡਾਂ ਵਿਚ ਕੋਈ ਡਿਵੈਲਪਮੈਂਟ ਦੇ ਕੰਮ ਨਹੀਂ ਹੋਏ । ਨਾ ਕੋਈ ਨਵੀਂ ਡਿਸਪੈਂਸਰੀ ਬਣੀ ਹੈ, ਨਾ ਕੋਈ ਸੜਕਾਂ ਬਣਾਈਆਂ ਹਨ ਅਤੇ ਨਾ ਹੀ ਕੋਈ ਹੋਰ ਡਿਵੈਲਪਮੈਂਟ ਦਾ ਕੰਮ ਇਨ੍ਹਾਂ ਨੇ ਕੀਤਾ ਹੈ ਜਿਸ ਨੂੰ ਦੇਖ ਕੇ ਲੋਕ ਇਹ ਕਹਿ ਸਕਣ ਕਿ ਇਹ ਸਰਕਾਰ ਪਾਪੂਲਰ ਸਰਕਾਰ ਹੈ । ਮੈਂ ਇਸ ਸਰਕਾਰ ਨੂੰ ਪਾਪੂਲਰ ਕਹਿਣ ਨੂੰ ਤਿਆਰ ਨਹੀਂ । ਜਿਸ ਤਰ੍ਹਾਂ ਤੁਸੀਂ ਦੇਖਿਆ ਹੈ ਕਿ ਜਥੇਦਾਰ ਉਮਰਾਨੰਗਲ ਜੀ ਨੂੰ 5 ਮਹੀਨੇ ਬਾਅਦ ਜਵਾਬ ਆਇਆ ਹੈ । ਕੋਈ ਸਰਕਾਰ ਦੀ ਪਰਫਾਰਮੈਂਸ ਹੈ ਨਹੀਂ ਅੱਜ । ਨੋ ਪਰਫਾਰਮੈਂਸ ਐਟ ਆਲ । ਸੜਕਾਂ ਸਾਰੀਆਂ ਪਿੰਡਾਂ ਵਿਚ ਅੱਜ ਟੁੱਟੀਆਂ ਹੋਈਆਂ ਹਨ, ਉਨ੍ਹਾਂ ਵੱਲ ਕੋਈ ਧਿਆਨ ਇਸ ਸਰਕਾਰ ਨੇ ਨਹੀਂ ਦਿਤਾ । ਮੈਂ ਤਾਂ ਕਹਿੰਦਾ ਹਾਂ ਕਿ ਪਿੰਡਾਂ ਵਿਚ ਜਿਤਨਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜੀ ਦੀ ਸਰਕਾਰ ਨੇ ਧਿਆਨ ਦਿਤਾ ਹੈ,

Original with;
Punjab Vidhan Sabha
Digitized by;
Panjab Digital Library

[ਸਰਦਾਰ ਮਹਿੰਦਰ ਸਿੰਘ **ਸਰੂਪਵਾਲੀ**]
ਉਸ ਤੋਂ ਬਾਅਦ ਕਿਸੇ ਸਰਕਾਰ ਨੇ ਵੀ ਪਿੰਡਾਂ ਦੀ ਤਰੱਕੀ ਵਾਸਤੇ, ਡਿਵੈਲਪਮੈਂਟ ਵਾਸਤੇ ਕੋਈ ਧਿਆਨ ਨਹੀਂ ਦਿਤਾ ।

**ਇਸੇ** ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਵਿਦਿਆ ਦਾ ਪੱਖ ਲੈ ਲਓ । ਵਿਦਿਆ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਿਦਿਆ ਦਾ ਲਫਜ਼ ਕਿੰਨਾ ਪਵਿੱਤਰ ਲਫਜ਼ ਹੈ ਪਰ ਇਸ ਦੇ ਵਿੱਚ ਵੀ ਘੱਪਲੇਬਾਜ਼ੀ ਹੁੰਦੀ ਜਾ ਰਹੀ ਹੈ । ਤੁਸੀਂ ਦੇਖਿਆ ਹੈ ਕਿ ਸਾਡੇ ਬਜ਼ੁਰਗ ਮੈਂਬਰ ਸਰਦਾਰ ਆਤਮਾ ਸਿੰਘ ਜੀ ਬੈਠੇ ਹਨ ਉਨ੍ਹਾਂ ਨੇ ਇਸ ਹਾਊਸ ਵਿਚ ਦੱਸਿਆ ਕਿ ਕਿਸ ਤਰ੍ਹਾਂ ਗੁਰੂ ਨਾਨਕ ਖਾਲਸਾ ਕਾਲਜ ਵਿਚ ਫਾਰ ਵਿਮੈਨ, ਬੰਗਾ, ਦੇ ਪ੍ਰਿੰਸਿਪਲ ਜੋ ਲੇਡੀ ਹੈ, ਉਸ ਦੇ ਘਰ ਦਾ ਸਾਮਾਨ ਬਾਹਰ ਸੁਟਿਆ ਗਿਆ, ਉਸ ਦੇ ਘਰ ਦਾ ਫਰਿਜ ਅਤੇ ਗੀਜ਼ਰ ਤੋੜ ਦਿਤਾ ਗਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਵੀ ਕੋਈ ਐਡਮਨਿਸਟਰਸ਼ਨ ਹੈ ਕਿ ਇਕ ਕਾਲਜ ਦੇ ਪਿੰਸੀਪਲ, ਜੋ ਇਕ ਇਸਤਰੀ ਹੈ, ਉਸ ਦੇ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾਵੇ । ਡਿਪਟੀ ਸਪੀਕਰ ਸਾਹਿਬ, ਲੋਕਾਂ ਨੂੰ ਵਿਦਿਆ ਦੇਣਾ ਸਾਡਾ ਮੁਢਲਾ ਫਰਜ਼ ਹੈ । ਇਸ ਲਈ ਮੇਰੀ ਰਾਇ ਹੈ ਕਿ ਵਿਦਿਆ ਦਾ ਸਮੁੱਚੇ ਤੌਰ ਤੇ ਕੌਮੀ ਕਰਨ ਕਰਨਾ ਚਾਹੀਦਾ ਹੈ ਅਤੇ ਸਟੇਟ ਦੇ ਜੋ ਲੋਕ ਹਨ ਉਨ੍ਹਾਂ ਨੂੰ ਫਰੀ ਵਿਦਿਆ ਦੇਣੀ ਚਾਹੀਦੀ ਹੈ ।

ਡਿਪਟੀ ਸਪੀਕਰ ਸਾਹਿਬ, ਜਿਥੋਂ ਤੱਕ ਬਿਜਲੀ ਦਾ ਸਬੰਧ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਜਲੀ ਦਾ ਮਸਲਾ ਇਸ ਤਰ੍ਹਾਂ ਹੱਲ ਨਹੀਂ ਹੋਣਾ । ਮੈਂ ਵਜ਼ੀਰ ਸਾਹਿਬ ਨੂੰ, ਮੁੱਖ ਮੰਤਰੀ ਸਾਹਿਬ ਨੂੰ ਇਸ ਦੇ ਬਾਰੇ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਸਾਰੀ ਆਪੋਜ਼ੀਸ਼ਨ ਨੂੰ ਨਾਲ ਲੈ ਕੇ ਚੱਲਣ ਔਰ ਸੈਂਟਰ ਦੀ ਸਰਕਾਰ ਨਾਲ ਇਹ ਮਾਮਲਾ ਟੇਕ ਅੱਪ ਕਰਕੇ ਸਾਨੂੰ ਪੰਜਾਬ ਵਿਚ ਅਟਾਮਿਕ ਪਾਵਰ ਪਲਾਂਟ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ । ਇਹ ਬਿਜਲੀ ਦਾ ਮਸਲਾ ਫਿਰ ਹੀ ਹੱਲ ਹੋ ਸਕਣਾ ਹੈ, ਨਹੀਂ ਤਾਂ ਇਹ ਮਸਲਾ ਹੱਲ ਹੋਣ ਵਾਲਾ ਨਹੀਂ ।

**ਸ੍ਰੀ ਡਿਪਟੀ ਸਪੀਕਰ** : ਹੁਣ ਤੁਸੀ ਵਾਈਂਡ ਅੱਪ ਕਰ ਦਿਓ ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** : ਮੈਂ ਹੁਣੇ ਹੀ ਵਾਈਂਡ ਅੱਪ ਕਰ ਦਿਦਾ ਹਾਂ ਜੀ ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਸਾਨ ਸਮੁੱਚੇ ਤੌਰ ਤੇ ਬਹੁਤ ਤਕੜਾ ਕਰਜ਼ਾਈ ਹੈ ਔਰ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜਾ ਖੇਤੀ ਬਾੜੀ ਦੇ ਕੰਮਾਂ ਵਾਸਤੇ ਸਰਕਾਰ ਕੋਲੋਂ ਕਿਸਾਨਾਂ ਨੇ ਕਰਜ਼ਾ ਲਿਆ ਹੈ ਉਹ ਸਾਰਾ ਮੁਆਫ ਕਰਨਾ ਚਾਹੀਦਾ ਹੈ।

**ਰਾਜ ਮੰਤਰੀ, ਉਦਯੋਗ** (ਸਰਦਾਰ ਦਰਸ਼ਨ ਸਿੰਘ ਕੇ. ਪੀ.): ਸਾਰਾ ਮੁਆਫ ਕਰਨਾ ਚਾਹੀਦਾ ਹੈ !

**ਸਰਦਾਰ ਨਥਾ ਸਿੰਘ ਦਾਲਮ** : ਕੀ ਕੋਈ ਮਾੜੀ ਗੱਲ ਕਹਿ ਦਿਤੀ ਹੈ । ਕਿਸਾਨ ਤਾਂ ਪੰਜਾਬ ਦੀ ਰੀੜ ਦੀ ਹੱਡੀ ਹੈ । ਇਸ ਦੇ ਵਿਚ ਹਾਸੇ ਦੀ ਕੀ ਗੱਲ ਹੈ ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ** : ਕੇ. ਪੀ. ਸਾਹਿਬ ਵਜ਼ੀਰ ਹਨ, ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ, ਧਿਆਨ ਨਾਲ ਸੁਣਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਜਿਹੜੇ ਪੜ੍ਹੇ ਲਿਖੇ ਨੌਜਵਾਨ ਬੇਰੋਜ਼ਗਾਰ ਹਨ, ਉਨ੍ਹਾਂ ਦੇ ਰੋਜ਼ਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਪੰਜਾਬ ਦੇ ਵਾਸਤੇ ਸੈਂਟਰ ਦੀ ਸਰਕਾਰ ਨਾਲ ਟੇਕ ਅੱਪ ਕਰਕੇ

Original with;
Punjab Vidhan Sabha
Digitized by;
Panjab Digital Library

ਹੈਵੀ ਇੰਡਸਟਰੀਜ਼ ਪੰਜਾਬ ਵਿਚ ਲਿਆਉਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ । (ਘੰਟੀ) ਬਸ ਜੀ ਇਤਨੀਆਂ ਬੇਨਤੀਆਂ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਸੀ । ਇਤਨੀਆਂ ਬੇਨਤੀਆਂ ਕਰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

**ਸ੍ਰੀ ਰਾਮ ਲਾਲ ਚਿੱਟੀ** (ਜਲੰਧਰ, ਛਾਉਣੀ) : ਡਿਪਟੀ ਸਪੀਕਰ ਸਾਹਿਬ, ਤੁਹਾਡੀ ਬਹੁਤ ਮਿਹਰਬਾਨੀ ਹੈ ਕਿ ਤੁਸੀਂ ਮੈਨੂੰ ਇਸ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਦਾ ਮੌਕਾ ਦਿਤਾ ਹੈ। ਇਹ ਜਿਹੜਾ ਗਵਰਨਰ ਸਾਹਿਬ ਦਾ ਐਡਰੈਸ ਹੈ ਜੇ ਇਸ ਨੂੰ ਪਹਿਲੇ ਪੇਜ ਤੋਂ ਲੈ ਕੇ ਆਖਰੀ ਪੇਜ ਤੱਕ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇਸ ਦੇ ਵਿਚ ਪੰਜਾਬ ਦੀ ਜੋ ਤਰੱਕੀ ਹੋਈ ਹੈ, ਪੰਜਾਬ ਦੀ ਜੋ ਡਿਵੈਲਪਮੈਂਟ ਹੋਈ ਹੈ ਉਹ ਸਾਰੀ ਤੁਹਾਡੇ ਸਾਹਮਣੇ ਆਉਂਦੀ ਹੈ ਪਰ ਮੈਨੂੰ ਅਫ਼ਸੋਸ ਹੈ ਕਿ ਮੇਰੇ ਦੋਸਤਾਂ ਕੋਲ ਸ਼ਾਇਦ ਉਹ ਐਨਕ ਨਹੀਂ ਇਸ ਐਡਰੈਸ ਨੂੰ ਪੜ੍ਹਨ ਵਾਲੀ ਜਾਂ ਇਨ੍ਹਾਂ ਨੇ ਮੁਖਾਲਫਤ ਦੀ ਖਾਤਰ ਹੀ ਮੁਖਾਲਫਿਤ ਕਰਨੀ ਹੈ । ਇਥੇ ਇੰਡਸਟਰੀ ਦੀ ਗੱਲ ਕਹੀ ਗਈ । ਪਿਛਲੇ ਦੋ ਸਾਲਾਂ ਵਿਚ ਪੰਜਾਬ ਵਿਚ ਜੋ ਇੰਡਸਟਰੀ ਨੇ ਤਰੱਕੀ ਕੀਤੀ ਹੈ ਉਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ । ਇਥੇ ਮੇਰੇ ਦੋਸਤਾਂ ਨੇ ਗੋਇੰਦਵਾਲ ਦੀ ਗੱਲ ਕੀਤੀ । ਗੋਇੰਦਵਾਲ ਇਕ ਬੜੀ ਮੁਤਬੱਰਕ ਜਗ੍ਹਾ ਹੈ ਪਰ ਪਿਛਲੀ ਸਰਕਾਰ ਨੇ ਇਸ ਗੋਇੰਦਵਾਲ ਦੀ ਮੁਤਬੱਰਕ ਜਗ੍ਹਾ ਵੱਲ ਆਪਣਾ ਕੋਈ ਧਿਆਨ ਨਹੀਂ ਦਿਤਾ । ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਆਉਂਦਿਆਂ ਹੀ ਇਸ ਪਾਸੇ ਆਪਣਾ ਧਿਆਨ ਦਿਤਾ । ਇਸ ਤੋਂ ਇਲਾਵਾ ਰਣਜੀਤਗੜ੍ਹ ਜਿਥੇ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਸੀ ਉਥੇ ਰਣਜੀਤਗੜ੍ਹ ਨਗਰ ਬਣਾਉਣ ਦਾ ਵੀ ਫੈਸਲਾ ਕੀਤਾ । ਇਸ ਤੋਂ ਇਲਾਵਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਸਨ ਅਤੇ ਬੱਚੇ ਦਰਖਤਾਂ ਥੱਲੇ ਪੜ੍ਹਦੇ ਹੁੰਦੇ ਸਨ ਔਰ ਜਦੋਂ ਬਾਰਸ਼ ਹੁੰਦੀ ਸੀ ਤਾਂ ਬੱਚਿਆਂ ਨੂੰ ਛੁੱਟੀ ਕਰ ਦਿਤੀ ਜਾਂਦੀ ਸੀ । ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵਿੱਚ ਅਜਨਾਲਾ ਸਾਹਿਬ ਨੇ 800 ਸਕੂਲਾਂ ਦੀਆਂ ਬਿਲਡਿੰਗਾਂ ਬਣਾ ਦਿਤੀਆਂ । ਕਿੰਨੇ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਸਕੂਲ ਅਪਗ੍ਰੇਡ ਹੋਏ ਇਸ ਦਾ ਤਾਂ ਕੋਈ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ ।

ਮੇਰੇ ਸਾਥੀ ਇਥੇ ਵੀਕਰ ਸੈਕਸ਼ਨ ਦੀ ਗੱਲ ਕਰ ਰਹੇ ਸਨ ਕਿ ਕਾਂਗਰਸ ਦੀ ਸਰਕਾਰ ਨੇ ਕਮਜ਼ੋਰਾਂ ਨੂੰ ਹੋਰ ਕਮਜ਼ੋਰ ਕੀਤਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਾਡੀ ਪਿਛਲੀ ਸਰਕਾਰ ਸੀ, ਗਿਆਨੀ ਜ਼ੈਲ ਸਿੰਘ ਜਿਸ ਦੇ ਚੀਫ ਮਨਿਸਟਰ ਸਨ, ਉਨ੍ਹਾਂ ਨੇ ਪੰਜਾਬ ਦੇ ਹਾਊਸਲੈਸ ਲੋਕਾਂ ਨੂੰ ਮਕਾਨ ਬਣਾਉਣ ਲਈ ਪਲਾਟ ਦਿਤੇ ਸਨ । ਪਰ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਉਸ ਨੇ ਲੋਕਾਂ ਦੇ ਪਲਾਟ ਕੈਂਸਲ ਕਰ ਦਿਤੇ ਇਸ ਖਦਸ਼ੇ ਤੋਂ ਕਿ ਕਿਤੇ ਇਹ ਲੋਕ ਵੇਚ ਨਾ ਦੇਣ ਜਾਂ ਹੋ ਸਕਦਾ ਹੈ ਇਹ ਨਾ ਬਣਾ ਸਕਣ ਔਰ ਕਿਹਾ ਕਿ ਅਸੀਂ ਮਕਾਨ ਬਣਾ ਕੇ ਦਿਆਂਗੇ। ਪਰ ਇਨ੍ਹਾਂ ਨੇ ਆਪਣੇ 2 ਸਾਲਾਂ ਵਿਚ ਸਿਰਫ 722 ਮਕਾਨ ਦਿਤੇ । ਹੁਣ ਜਦੋਂ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆਈ ਮੈਂ ਇਸ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਜਿਸ ਨੇ ਪਹਿਲੇ ਸਾਲ ਵਿਚ 10,500 ਮਕਾਨ ਬਣਾ ਕੇ ਵੀਕਰ ਸੈਕਸ਼ਨ ਨੂੰ ਦਿਤੇ ਅਤੇ ਇਸ ਸਾਲ 11, 12 ਹਜ਼ਾਰ ਦੇ ਕਰੀਬ ਬਣਾ ਕੇ ਦੇਣਗੇ । ਇਸ ਤਰ੍ਹਾਂ ਵੀਕਰ ਸੈਕਸ਼ਨ ਨੂੰ ਲੋਨ ਦਿਤੇ ਹਨ । ਬੜਾ ਜ਼ਰੂਰੀ ਹੈ ਕਿ ਕਮਜ਼ੋਰ ਆਦਮੀ ਜਿਸ ਦੇ ਕੋਲ ਆਪਣੇ ਕਾਰੋਬਾਰ ਵਾਸਤੇ ਪੈਸੇ ਨਹੀਂ ਤਾਂ ਇਹ ਜ਼ਰੂਰੀ ਸੀ ਕਿ ਸਰਕਾਰ ਉਨ੍ਹਾਂ ਨੂੰ ਗਰੰਟੀ ਦੇ ਕੇ ਕਰਜ਼ੇ ਦਿਵਾਏ । ਇਨ੍ਹਾਂ ਨੂੰ ਐਨੇ ਕਰਜ਼ੇ ਦਿਵਾਏ ਗਏ ਕਿ ਤੁਸੀਂ ਉਸ ਦਾ ਅੰਦਾਜ਼ਾ ਨਹੀਂ ਲਗਾ ਸਕਦੇ । ਸਾਡੀ ਸਰਕਾਰ ਨੇ ਲੋਕਾਂ ਨੂੰ ਕਰਜ਼ੇ ਦਿਵਾ ਕੇ ਉਨ੍ਹਾਂ ਦੀ ਅੱਪ ਲਿਫਟ ਕਰਨ ਦੀ ਕੋਸ਼ਿਸ਼ ਕੀਤੀ ਹੈ ।

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਲਾਲ ਚਿੱਟੀ]

ਇਥੇ ਗੌਰਮਿੰਟ ਐਮਪਲਾਈਜ਼ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਸਾਡੀ ਸਰਕਾਰ ਨੇ ਗੌਰਮਿੰਟ ਐਮਪਲਾਈਜ਼ ਵਾਸਤੇ ਮਕਾਨ ਬਣਾਉਣ ਲਈ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਲੋਕਾਂ ਕੋਲ ਆਪਣੇ ਮਕਾਨ ਨਹੀਂ ਹਨ ਉਨ੍ਹਾਂ ਨੂੰ ਧੁੱਪ ਔਰ ਬਾਰਿਸ਼ ਆਦਿ ਤੋਂ ਬਚਾਉਣ ਲਈ ਮਕਾਨ ਬਣਾਉਣ ਵਾਸਤੇ ਸਾਡੀ ਸਰਕਾਰ ਨੇ ਇਸ ਸਾਲ ਵਿਚ 1.85 ਕਰੋੜ ਰੁਪਏ ਰੱਖੇ ਹਨ ।

ਇਸ ਤੋਂ ਇਲਾਵਾ ਮੇਰੇ ਇਕ ਦੋਸਤ ਨੇ ਇਥੇ ਕਿਹਾ ਸੀ ਕਿ ਚੌਧਰੀ ਜਗਤ ਰਾਮ ਨੇ 340 ਰੁਪਏ ਮਿਨੀਮਮ ਵੇਜ ਤਾਂ ਮੁਕੱਰਰ ਕਰ ਦਿਤੇ ਪਰ ਇਹ ਲਾਗੂ ਨਹੀਂ ਹੋਏ । ਮੈਂ ਦੱਸਦਾ ਹਾਂ ਕਿ ਜਦੋਂ ਬਾਦਲ ਸਾਹਿਬ ਦੀ ਸਰਕਾਰ ਸੀ ਤਾਂ ਉਸ ਵੇਲੇ ਇਹ ਮਿਨੀਮਮ ਵੇਜ ਦੋ ਜਾਂ ਸਵਾ ਦੋ ਸੌ ਰੁਪਏ ਸੀ । ਅਗਰ ਕੋਈ ਲਾਗੂ ਕਰਨ ਵਿਚ ਦਿੱਕਤ ਹੈ ਤਾਂ ਉਹ ਵੀ ਦੂਰ ਕੀਤੀ ਜਾਏਗੀ ।

ਇਸ ਤੋਂ ਇਲਾਵਾ ਹੋਰ ਬੜੀ ਜ਼ਰੂਰੀ ਚੀਜ਼ ਕੀਤੀ ਹੈ । ਪਿੰਡਾਂ ਵਿਚ ਹਾਈ ਸਕੂਲ ਬਣ ਜਾਂਦੇ ਹਨ । ਬੱਚੇ ਦਸਵੀਂ ਪਾਸ ਕਰਨ ਤੋਂ ਬਾਅਦ ਸ਼ਹਿਰਾਂ ਨੂੰ ਭੱਜਦੇ ਸਨ । ਪਰ ਹੁਣ ਸਾਡੀ ਸਰਕਾਰ ਨੇ ਦੋ ਸੌ ਸਕੂਲਾਂ ਵਿਚ ਵੋਕੇਸ਼ਨਲ ਟਰੇਨਿੰਗ ਦੇਣੀ ਸ਼ੁਰੂ ਕਰ ਦਿਤੀ ਹੈ ਜਿਸ ਨਾਲ ਬੱਚਿਆਂ ਦੀ ਆਉਣ ਜਾਣ ਦੀ ਤਕਲੀਫ ਦੂਰ ਹੋ ਗਈ ।

ਡਿਪਟੀ ਸਪੀਕਰ ਸਾਹਿਬ, ਅੱਜ ਵੀ ਬੜਾ ਰੌਲਾ ਪਾਇਆ ਔਰ 26 ਤਾਰੀਖ ਨੂੰ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਬੜਾ ਰੌਲਾ ਪਾਇਆ ਸੀ ਅਤੇ ਆਪਣੀ ਤਕਰੀਰ ਵਿਚ 3, 4 ਪੁਆਇੰਟ ਟੱਚ ਕੀਤੇ ਸਨ ਕਿ ਇਹ ਸਰਕਾਰ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ ਇਕੱਲੇ ਅਕਾਲੀਆਂ ਨਾਲ ਹੀ ਨਹੀਂ । ਮੈਂ ਦੱਸਦਾ ਹਾਂ ਕਿ ਨਿਰੰਕਾਰੀ ਵੀ ਸਿੱਖ ਹਨ, ਨਾਮਧਾਰੀ ਵੀ ਸਿੱਖ ਹਨ, ਕਾਂਗਰਸੀ ਵੀ ਸਿੱਖ ਹਨ, ਜਨਤਾ ਪਾਰਟੀ ਵਿਚ ਵੀ ਸਿੱਖ ਹਨ, ਸੀ. ਪੀ. ਆਈ. ਅਤੇ ਸੀ. ਪੀ. ਆਈ. (ਐਮ) ਵਿਚ ਵੀ ਸਿੱਖ ਹਨ। ਮੈਂ ਦੱਸਦਾ ਹਾਂ ਕਿ ਇਹ ਇਕੱਲੀ ਅਕਾਲੀ ਪਾਰਟੀ ਹੀ ਸਿੱਖਾਂ ਨੂੰ ਨਹੀਂ ਰਿਪਰੇਜ਼ੈਂਟ ਕਰਦੀ । ਫਿਰ ਕਿਹਾ ਕਿ ਹਿੰਦੁਸਤਾਨ ਦੀ ਸਰਕਾਰ ਵਿਤਕਰਾ ਕਰਦੀ ਹੈ ਅਤੇ ਸਾਨੂੰ ਗੋਲਡਨ ਟੈਂਪਲ ਵਿਚ ਬਰਾਡਕਾਸਟਿੰਗ ਦੀ ਇਜਾਜ਼ਤ ਨਹੀਂ ਦਿੰਦੀ ਅਤੇ ਜਿਹੜੀ ਫਲਾਇੰਗ ਮੇਲ ਟਰੇਨ ਚੱਲਦੀ ਹੈ ਉਸ ਦਾ ਨਾਂ ਗੋਲਡਨ ਟੈਂਪਲ ਨਹੀਂ ਰੱਖਿਆ ਗਿਆ । ਡਿਪਟੀ ਸਪੀਕਰ ਸਾਹਿਬ, ਇਹ ਆਪ ਪਹਿਲਾਂ ਢਾਈ ਸਾਲ ਰਹੇ, 1967 ਵਿਚ ਵੀ ਰਹੇ, ਚਾਹੇ 5 ਸਾਲਾਂ ਵਿਚ 6 ਵਾਰੀ ਇਨ੍ਹਾਂ ਦੀ ਸਰਕਾਰ ਬਦਲੀ, ਮੈਂ ਪੁੱਛਦਾ ਹਾਂ ਕਿ ਉਸ ਵੇਲੇ ਇਨ੍ਹਾਂ ਨੇ ਕਿਉਂ ਨਹੀਂ ਐਸੀ ਮੰਗ ਕੀਤੀ, ਢਾਈ ਸਾਲ ਸੈਂਟਰ ਵਿਚ ਅਕਾਲੀ-ਜਨਤਾ ਸਰਕਾਰ ਰਹੀ ਉਸ ਵੇਲੇ ਕਿਉਂ ਨਹੀਂ ਅਜਿਹੀ ਮੰਗ ਕੀਤੀ ਗਈ । ਕਰਦੇ ਵੀ ਕਿਸ ਤਰ੍ਹਾਂ, ਸਾਰਾ ਸਮਾਂ ਤਾਂ ਇਹ ਕਦੇ ਜਨਤਾ ਵਾਲਿਆਂ ਨੂੰ ਮੰਨਾਉਣ ਤੇ ਲੱਗੇ ਰਹੇ ਤੇ ਫਿਰ ਕਦੇ ਆਪਣੇ ਲੋਕਾਂ ਨੂੰ ਮੰਨਾਉਣ ਤੇ ਲੱਗੇ ਰਹੇ । ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਜੀ ਬੈਠੇ ਹਨ, ਬੜੇ ਬਜ਼ੁਰਗ ਹਨ, ਸੱਚੇ ਤੇ ਸੁੱਚੇ ਆਦਮੀ ਹਨ, ਮੇਰੇ ਪਾਸ ਇਨ੍ਹਾਂ ਦੀ ਇਕ ਫੋਟੋ ਹੈ। ਇਹ ਅਨੰਦਪੁਰ ਸਾਹਿਬ ਵਿਚ ਖੜੇ ਹੋਏ ਹਨ ਅਤੇ ਆਪਣੇ ਸਾਫੇ ਸਮੋਸੇ ਨਾਲ ਹੰਝੂ ਪੂੰਝ ਰਹੇ ਹਨ ਗੁਰਦੁਆਰਾ ਕੇਸਗੜ੍ਹ ਵਿਚ । ਜਦੋਂ ਬਾਦਲ ਮਨਿਸਟਰੀ ਬਣੀ ਸੀ ਤਾਂ ਇਹ ਸਾਰੇ ਗੁਰਦੁਆਰਾ ਕੇਸਗੜ੍ਹ ਗਏ ਸੀ ਅਤੇ ਅਰਦਾਸ ਕੀਤੀ ਸੀ ਕਿ ਅਸੀਂ ਠੀਕ ਤਰ੍ਹਾਂ ਲੋਕਾਂ ਦੀ ਸੇਵਾ ਕਰਾਂਗੇ ਤਾਂਕਿ ਪੰਜਾਬ ਦੇ ਲੋਕਾਂ ਨੂੰ ਠੀਕ ਅਤੇ ਅੱਛੀ ਐਡਮਨਿਸਟਰੇਸ਼ਨ ਦੇ ਸਕੀਏ । ਪਰ 6 ਮਹੀਨੇ ਬਾਅਦ ਉਹਨਾਂ ਦੇ ਜਿਹੜੇ ਸਾਥੀ ਸੀ ਵਜ਼ੀਰ ਉਨ੍ਹਾਂ ਦੇ ਖਿਲਾਫ ਇਲਜ਼ਾਮ ਲੱਗ ਗਏ । ਇਸ ਦੇ ਬਾਅਦ ਜੱਥੇਦਾਰ ਜੀਵਨ ਸਿੰਘ ਉਮਰਾਨੰਗਲ ਰੋਏ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਲੀਡਰ ਦੇ ਖਿਲਾਫ ਸਹਾਇਕ ਮੰਤਰੀ ਦੇ ਖਿਲਾਫ ਇਲਜ਼ਾਮ ਲੱਗੇ ਸਨ । ਇਨ੍ਹਾਂ ਨੇ ਕਿਹਾ ਕਿ ਅਗਰ ਤੁਸੀਂ ਸੱਚੇ ਹੋ ਤਾਂ ਆਓ ਆਨੰਦਪੁਰ ਸਾਹਿਬ ਗੁਰਦੁਆਰੇ ਵਿਚ ਚੱਲੀਏ ਜਿਥੇ ਅਸੀ ਕਿਹਾ ਸੀ ਅਤੇ ਅਰਦਾਸ ਕੀਤੀ ਸੀ ਕਿ ਅਸੀਂ ਕੋਈ ਐਸੀ ਗੱਲ ਨਹੀਂ ਕਰਾਂਗੇ ਪਰ ਉਥੇ ਕੋਈ ਵੀ ਉਨ੍ਹਾਂ ਦੇ ਨਾਲ ਨਾ

Original with;
Punjab Vidhan Sabha
Digitized by;
Panjab Digital Library

ਗਿਆ । ਪਰ ਬਾਦਲ ਸਾਹਿਬ ਨੇ ਇਨਕੁਆਇਰੀ ਨਹੀਂ ਕਰਵਾਈ ਕਿਉਂਕਿ ਇਨ੍ਹਾਂ ਕੋਲ ਟਾਈਮ ਨਹੀਂ ਸੀ । ਟਾਈਮ ਤਾਂ ਕਾਂਗਰਸੀਆਂ ਦੇ ਖਿਲਾਫ ਇਨਕੁਆਇਰੀਆਂ ਕਰਾਉਣ ਤੇ ਲੱਗਾ ਹੋਇਆ ਸੀ। ਅਸੀਂ ਮਟੌਰ ਸੈਸ਼ਨ ਕੀਤਾ ਸੀ ਉਸ ਦੀ ਇਨਕੁਆਇਰੀ ਕਰਾਉਣ ਵਿਚ ਭੱਜੇ ਨੱਠੇ ਫਿਰਦੇ ਸਨ । ਅਕਾਲੀਆਂ ਦੀ ਕਾਨਫਰੰਸ ਲੁਧਿਆਣਾ ਵਿਚ ਹੋਈ, ਅਗਰ ਚਾਹੁੰਦੇ ਤਾਂ ਉਸ ਦੀ ਇਨਕੁਆਇਰੀ ਕਰਾਈ ਜਾ ਸਕਦੀ ਸੀ। ਜੱਥੇਦਾਰ ਜੀ ਨੇ ਜੋ ਕੁਝ ਕਿਹਾ ਸੀ ਉਸ ਦੀ ਇਨਕੁਆਇਰੀ ਕਰਾਈ ਜਾ ਸਕਦੀ ਸੀ, ਸ਼ਰਦਾਰ ਪ੍ਰੇਮ ਸਿੰਘ ਲਾਲ ਪੁਰਾ ਨੇ ਮੈਮੋਰੰਡਮ ਦਿਤਾ ਸੀ ਉਸ ਦੀ ਇਨਕੁਆਇਰੀ ਹੋ ਸ਼ਕਦੀ ਸੀ ਲੇਕਿਨ ਸਰਦਾਰ ਦਰਬਾਰਾ ਸਿੰਘ ਨੇ ਇਹ ਗੱਲ ਕਹੀ ਸੀ ਕਿ ਮੈਂ ਪੰਜਾਬ ਦੇ ਲੋਕਾਂ ਨੂੰ ਤਰੱਕੀ ਵੱਲ ਲਿਜਾਣਾ ਹੈ, ਮੈਂ ਇਸ ਪਾਸੇ ਨਹੀਂ ਜਾਣਾ । ਦੂਸਰੀ ਗੱਲ ਇਹ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਢਾਈ ਸਾਲਾਂ ਦੇ ਅਰਸੇ ਵਿਚ ਕਦੇ ਤਾਂ ਆਪਣੀ ਪਾਰਟੀ ਵਾਲਿਆਂ ਨੂੰ ਮੰਨਾਉਂਦੇ ਰਹੇ ਅਤੇ ਕਦੇ ਫਿਰ ਜਨਤਾ ਪਾਰਟੀ ਵਾਲਿਆਂ ਨੂੰ ਮੰਨਾਉਂਦੇ ਰਹੇ । ਕਦੇ ਅਖਬਾਰਾਂ ਵਿਚ ਬਿਆਨ ਦਿੰਦੇ ਸਨ ਕਿ ਮੇਰੇ ਨਾਲ ਪੂਰੀ ਮੈਜਾਰਿਟੀ ਹੈ ਅਤੇ ਇਕ ਇਕ ਐਮ. ਐਲ. ਏ. ਦੀ ਲਿਸਟ ਛਪਦੀ ਰਹਿੰਦੀ ਜਾਂ ਫਿਰ ਆਪਣੇ ਲੀਡਰਾਂ ਤੋਂ ਭਾਂਡੇ ਮਜਵਾਉਂਦੇ ਰਹੇ। ਪਰ ਪੰਜਾਬ ਦੀ ਤਰੱਕੀ ਦਾ ਕੋਈ ਕੰਮ ਨਹੀਂ ਸੀ ਕੀਤਾ ਗਿਆ । ਪੰਜਾਬ ਦੀ ਤਰੱਕੀ ਦੇ ਕੰਮ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕਰਨੇ ਸ਼ੁਰੂ ਕੀਤੇ ਹਨ । ਸਰਦਾਰ ਸੰਤੋਖ ਸਿੰਘ ਰੰਧਾਵਾ ਪੰਜਾਬ ਦੇ ਸਾਰੇ ਪਿੰਡਾਂ ਦੀਆਂ ਨਾਲੀਆਂ ਅਤੇ ਗਲੀਆਂ ਪੱਕੀਆਂ ਕਰਨਾ ਚਾਹੁੰਦੇ ਹਨ ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਸਮਾਂ ਹੀ ਨਹੀਂ ਮਿਲਿਆ । ਇਨ੍ਹਾਂ ਨੇ ਇਹ ਵੀ ਇਲਜ਼ਾਮ ਲਾਏ ਅਤੇ ਇੰਤਹਾਪਸੰਦਾਂ ਨਾਲ ਸਾਂਝ ਦੀਆਂ ਗੱਲਾਂ ਕੀਤੀਆਂ । ਮੇਰੇ ਦੋਸਤ ਨੇ ਗੱਲ ਕੀਤੀ ਸੀ ਜਿਹੜੇ ਪੰਜਾਬ ਦੇ ਅਕਾਲੀਆਂ ਨਾਲ ਮਿਲੇ ਸਨ, ਮੇਰੀ ਮੁਰਾਦ ਲਾਲਾ ਜਗਤ ਨਰਾਇਣ ਤੋਂ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਉਨ੍ਹਾਂ ਨੇ ਇਕ ਇਕ ਪਿੰਡ ਵਿਚ ਜਾ ਕੇ ਮੱਦਦ ਕੀਤੀ ਸੀ, ਪਰ ਉਹ ਉਨ੍ਹਾਂ ਦੇ ਭੋਗ ਤੇ ਨਹੀਂ ਜਾ ਸਕੇ । ਇਕੱਲੇ ਪਾਂਧੀ ਸਾਹਿਬ ਗਏ ਸਨ । ਬਾਦਲ ਸਾਹਿਬ ਉਥੇ ਜਾਣ ਦੀ ਜੁਰਅਤ ਨਹੀਂ ਕਰ ਸਕੇ । ਡਿਪਟੀ ਸਪੀਕਰ ਸਾਹਿਬ, ਜੋ ਪਿਛਲੇ ਦੋ ਸਾਲਾਂ ਦੇ ਰਾਜ ਵਿਚ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਪੰਜਾਬ ਅਤੇ ਪੰਜਾਬੀਆਂ ਲਈ ਕੀਤਾ ਹੈ, ਉਹ ਇਹ ਨਹੀਂ ਕਰ ਸਕੇ । ਅੱਜ ਇਹ ਈਰਖਾ ਕਰਦੇ ਹਨ । ਪੰਜਾਬ ਤਰੱਕੀ ਦੀਆਂ ਮੰਜ਼ਲਾਂ ਨੂੰ ਤਹਿ ਕਰਦਾ ਹੋਇਆ ਵੱਧ ਰਿਹਾ ਹੈ । ਸ਼੍ਰੀ ਗੋਪਾਲ ਕ੍ਰਿਸ਼ਨ ਚਤਰੱਥ ਨੇ ਗਵਰਨਰ ਦੇ ਐਡਰੈਸ ਉਤੇ ਜੋ ਧੰਨਵਾਦ ਦਾ ਰੈਜ਼ੋਲਿਊਸ਼ਨ ਪੇਸ਼ ਕੀਤਾ ਹੈ ਅਤੇ ਜਿਸਦੀ ਤਾਈਦ ਸਰਕਾਰ ਬੀਰਦਵਿੰਦਰ ਸਿੰਘ ਨੇ ਕੀਤੀ ਹੈ, ਮੈਂ ਉਸ ਦੀ ਦਿੱਲੋਂ ਪ੍ਰੋੜਤਾ ਕਰਦਾ ਹਾਂ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜੋ ਪੰਜਾਬ ਦੀ ਅਗਵਾਈ ਕਰਕੇ ਇਸ ਨੂੰ ਅੱਗੇ ਤਰੱਕੀ ਵੱਲ ਲੈ ਜਾ ਰਹੇ ਹਨ।

**ਕਾਮਰੇਡ ਬਲਦੇਵ ਸਿੰਘ ਲੂੰਬਾ (ਸ਼ੁਤਰਾਣਾ, ਐਸ.ਸੀ.) :** ਡਿਪਟੀ ਸਪੀਕਰ ਸਾਹਿਬ, ਮੈਂ ਪਹਿਲੀ ਗਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਐਡਰੈਸ ਵਿਚ ਜੋ ਕੁਝ ਰਿਆਇਤਾਂ ਦਿਤੀਆਂ ਗਈਆਂ ਹਨ, ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਲੇਕਿਨ ਸਵਾਲ ਇਹ ਹੈ ਕਿ ਪੰਜਾਬ ਦੀ ਜਨਤਾ ਨਾਲ ਕੀ ਵਾਪਰ ਰਿਹਾ ਹੈ । ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਇਹ ਸਰਕਾਰ ਕਿਤਨੀ ਕਾਮਯਾਬ ਹੋਈ ਹੈ, ਉਸ ਸਬੰਧ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਮਹਿੰਗਾਈ ਮੇਰਾ ਖਿਆਲ ਹੈ ਕਿ ਲਗਾਤਾਰ ਦਿਨੋਂ ਦਿਨ ਵੱਧਦੀ ਜਾ ਰਹੀ ਹੈ । ਇਸ ਵਿਚ ਕੋਈ ਦੋ ਰਾਵਾਂ ਨਹੀਂ । ਅਜ ਕੋਈ ਚੀਜ਼ ਲੈਣ ਲਈ ਚਲੇ ਜਾਓ, ਅਗਲੇ ਦਿਨ ਇਸ ਤੋਂ ਵਧ ਰੇਟ ਤੇ ਚੀਜ਼ ਮਿਲੇਗੀ । ਇਸੇ ਤਰ੍ਹਾਂ ਬੇਰੁਜ਼ਗਾਰੀ ਦਿਨੋਂ ਦਿਨ ਵਧਦੀ ਜਾ ਰਹੀ ਹੈ । ਭਾਵੇਂ ਸਰਕਾਰ ਅਕਾਲੀਆਂ ਦੀ ਸੀ ਅਤੇ ਭਾਵੇਂ ਹੁਣ ਕਾਂਗਰਸ ਦੀ ਹੈ, ਇਸ ਨੂੰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਕੋਈ ਰੋਕ ਨਹੀਂ ਸਕਿਆ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਲਾਅ ਐਂਡ ਆਰਡਰ ਦੀ ਸਮੱਸਿਆ ਹੈ। ਚਾਹੇ ਅਕਾਲੀ ਵੀਰ ਜੋ ਮਰਜ਼ੀ ਇਥੇ ਕਹੀ ਜਾਣ ਜਾਂ ਦੂਜੇ ਪਾਸੇ ਵਾਲੇ ਡੀਂਗਾਂ ਮਾਰੀ ਜਾਣ, ਪਰ ਅਸਲੀਅਤ ਇਹ ਹੈ ਕਿ ਲਾਅ ਐਂਡ ਆਰਡਰ ਦੀ ਸਮੱਸਿਆ ਵਧੀ ਹੈ। ਹੇਠਾਂ ਲੋਕਾਂ ਨਾਲ ਕੀ ਵਾਪਰ ਰਿਹਾ ਹੈ ? ਅਗਰ ਉਸ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਇਹ ਸਮੱਸਿਆ ਬਿਲਕੁਲ ਹਲ ਨਹੀਂ ਹੋਈ ਸਗੋਂ ਦਿਨੋ ਦਿਨ ਵੱਧਦੀ ਜਾ ਰਹੀ ਹੈ। ਲੋਕ ਇਨ੍ਹਾਂ ਸਮੱਸਿਆਵਾਂ ਤੋਂ ਤੰਗ ਹਨ। ਮੈਂ ਸਮਝਦਾ ਹਾਂ ਕਿ ਇਸ ਦਾ ਇਨ੍ਹਾਂ ਕੋਲ ਕੋਈ ਇਲਾਜ ਨਹੀਂ। ਲੋਕਾਂ ਵਿਚ ਅੱਜ ਬੇਚੈਨੀ ਹੈ। ਲੋਕ ਗਰੀਬ ਹਨ। ਦਿਨੋ-ਦਿਨ ਲੋਕ ਆਰਥਿਕ ਤੌਰ ਤੇ ਤੰਗ ਹੋ ਰਹੇ ਹਨ। ਇਸ ਵਿਚੋਂ ਹੀ ਲਾਅ ਐਂਡ ਆਰਡਰ ਦੀ ਸਮੱਸਿਆ ਨਿਕਲਦੀ ਹੈ ਜਿਸ ਦਾ ਇਨ੍ਹਾਂ ਕੋਲ ਕੋਈ ਇਲਾਜ ਨਹੀਂ। ਜਿਤਨੀ ਦੇਰ ਹਿੰਦੁਸਤਾਨ ਦੇ ਮਨਾਪਲਿਸਟ ਅਤੇ ਵੱਡੇ ਵੱਡੇ ਧਨਾਢ ਵਪਾਰੀ ਜੋ ਹਨ ਉਨ੍ਹਾਂ ਦੇ ਗਲਿਆਂ ਵਿਚ ਰੱਸੇ ਨਹੀਂ ਪਾਏ ਜਾਂਦੇ ਉਤਨੀ ਦੇਰ ਨਾ ਪ੍ਰਾਈਸ ਰਾਈਜ਼ ਚੈਕ ਹੋ ਸਕਦੀ ਹੈ, ਨਾ ਅਨਇੰਪਲਾਇਮੈਂਟ ਚੈਕ ਹੋ ਸਕਦੀ ਹੈ ਅਤੇ ਨਾ ਹੀ ਲਾਅ ਐਂਡ ਆਰਡਰ ਦੀ ਸਿਚੁਏਸ਼ਨ ਨੂੰ ਸੁਧਾਰਿਆ ਜਾ ਸਕਦਾ ਹੈ। ਇਹ ਇਨ੍ਹਾਂ ਸਮੱਸਿਆਵਾਂ ਦੇ ਬੁਨਿਆਦੀ ਤੱਤ ਹਨ। ਮੈਂ ਸਮਝਦਾ ਹਾਂ ਕਿ ਕੋਈ ਵੀ ਸਰਕਾਰ ਇਸ ਪਾਸੇ ਧਿਆਨ ਨਹੀਂ ਦੇ ਰਹੀ। ਇਹ ਠੀਕ ਹੈ ਕਿ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਪੀਲੇ ਕਾਰਡ ਬਣਵਾਏ ਹਨ। ਇਹ ਚੰਗੀ ਗੱਲ ਹੈ। ਲੇਕਿਨ ਇਸ ਦੀ ਇਨਕੁਆਇਰੀ ਹੋਣੀ ਚਹੀਦੀ ਹੈ। ਗਰੀਬ ਲੋਕਾਂ ਦੇ ਇਹ ਕਾਰਡ ਨਹੀਂ ਬਣੇ ਬਲਕਿ ਟਰੱਕਾਂ ਵਾਲਿਆਂ ਦੇ ਬਣੇ ਹਨ। ਗਰੀਬ ਲੋਕਾਂ ਦੇ ਨਹੀਂ ਬਣੇ। ਜਿਤਨੀ ਦੇਰ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਬੁਨਿਆਦੀ ਤਬਦੀਲੀ ਨਹੀਂ ਹੁੰਦੀ ਉਤਨੀ ਦੇਰ ਅੰਕੜੇ ਇਕ ਦੂਜੇ ਦੇ ਦੱਸਣ ਨਾਲ ਕੁਝ ਨਹੀਂ ਬਣਨਾ। ਅੱਜ ਗਰੀਬ ਲੋਕ ਗਰੀਬੀ ਨਾਲ ਨਪੀੜੇ ਜਾ ਰਹੇ ਹਨ।

ਡਿਪਟੀ ਸਪੀਕਰ ਸਾਹਿਬ, ਜ਼ਮੀਨੀ ਸੁਧਾਰ ਦੀ ਗਲ ਲੈ ਲਓ। ਇਸ ਐਡਰੈਸ ਵਿੱਚ ਕਿਹਾ ਗਿਆ ਹੈ ਕਿ 95,880 ਸਟੈਂਡਰਡ ਏਕੜ ਜ਼ਮੀਨ ਗਰੀਬਾਂ ਵਿੱਚ ਵੰਡੀ ਗਈ ਹੈ। ਲੇਕਿਨ ਅਮਲ ਵਿੱਚ ਇਹ ਵੰਡੀ ਨਹੀਂ ਗਈ ਹੋਣੀ। ਤੁਹਾਨੂੰ ਪਤਾ ਹੀ ਹੈ ਕਿ ਇਹ ਸਿਰਫ਼ ਕਾਗਜ਼ਾਂ ਵਿੱਚ ਹੀ ਵੰਡੀ ਜਾਂਦੀ ਹੈ। ਜਦੋਂ ਲੋਕ ਕਬਜ਼ਾ ਲੈਣ ਜਾਂਦੇ ਹਨ ਤਾਂ ਜਗੀਰਦਾਰ ਕਬਜ਼ਾ ਨਹੀਂ ਦਿੰਦੇ। ਸਰਕਾਰ ਗਰੀਬ ਲੋਕਾਂ ਦੀ ਮੱਦਦ ਨਹੀਂ ਕਰਦੀ। ਜੇ ਇੱਕ ਵਾਰੀ ਪੁਲਿਸ ਆ ਵੀ ਜਾਵੇ ਤਾਂ ਦੂਜੇ ਦਿਨ ਫਿਰ ਜ਼ਿਮੀਦਾਰ ਉਨ੍ਹਾਂ ਨੂੰ ਭਜਾ ਦਿੰਦੇ ਹਨ। ਅਕਾਲੀਆਂ ਦੀ ਜਗੀਰਦਾਰਾਂ ਪ੍ਰਤੀ ਨੀਤੀ ਹੈ। ਇਸ ਲਈ ਮੈਂ ਕਾਂਗਰਸ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਗਰ ਤੁਸੀਂ ਕੁਝ ਕਰਨਾ ਹੈ ਤਾਂ ਅਮਲ ਵਿੱਚ ਕਰੋ, ਨਿਰਾ ਕਾਗਜ਼ਾਂ ਵਿੱਚ ਹੀ ਨਾ ਕਰੋ। ਲੋਕਾਂ ਨੂੰ ਸਰਪਲੱਸ ਜ਼ਮੀਨਾਂ ਦਿਓ ਤਾਂ ਅਸੀਂ ਸਮਝਾਂਗੇ ਕਿ ਤੁਹਾਡੀ ਨੀਤੀ ਦਰੁਸਤ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗਲ ਇਹ ਕਹਿਣੀ ਚਾਹੁੰਦਾ ਹਾਂ ਕਿ ਬੜੀ ਵਾਰੀ ਵਾਅਦੇ ਹੋਏ ਕਿ ਟਰਾਂਸਪੋਰਟ ਦਾ ਕੌਮੀਕਰਣ ਕੀਤਾ ਜਾਵੇਗਾ। ਇਸ ਦਾ ਮਤਾ ਵੀ ਸਰਵਸੰਮਤੀ ਨਾਲ ਪਾਸ ਹੋਇਆ ਅਤੇ ਇਸ ਦੇ ਨਾਲ ਹੀ ਵਿਦਿਆ ਨੂੰ ਨੈਸ਼ਨੇਲਾਈਜ਼ ਕਰਨ ਦਾ ਮਤਾ ਵੀ ਪਾਸ ਹੋਇਆ। ਪਰ ਕੀ ਇਸ ਐਡਰੈਸ ਵਿੱਚ ਟਰਾਂਸਪੋਰਟ ਦਾ ਕੌਮੀਕਰਨ ਦਾ ਜੋ ਮਤਾ ਇਥੇ ਹਾਊਸ ਵਿੱਚ ਪਾਸ ਹੋਇਆ ਸੀ, ਉਸ ਦੇ ਬਾਰੇ ਕੋਈ ਲਫ਼ਜ਼ ਹੈ, ਨਹੀਂ। ਇਥੇ ਸਰਦਾਰ ਦਰਬਾਰਾ ਸਿੰਘ ਨੂੰ ਚੇਲੈਂਜ ਕੀਤਾ ਗਿਆ ਸੀ ਸਰਦਾਰ ਉਮਰਾਨੰਗਲ ਵੱਲੋਂ। ਸ਼ਾਇਦ ਸਰਦਾਰ ਦਰਬਾਰਾ ਸਿੰਘ ਇਸ ਗਲ ਤੋਂ ਡਰ ਗਏ। ਸਰਦਾਰ ਉਮਰਾਨੰਗਲ ਨੇ ਕਿਹਾ ਸੀ ਕਿ ਟਰਾਂਸਪੋਰਟ ਨੂੰ ਕੌਮੀਕਰਨ ਕਰਕੇ ਤਾਂ ਵੇਖੋ। ਇਸ ਕਰਕੇ ਮੈਂ ਸਮਝਦਾ ਹਾਂ ਕਿ ਟਰਾਂਸਪੋਰਟ ਨੂੰ ਕੌਮੀਕਰਨ ਕਰਨਾ ਹੈ ਤਾਂ ਦਲੇਰੀ ਨਾਲ ਇਸ ਗਲ ਨੂੰ ਲੈਣ। ਜਿਤਨੀ ਦੇਰ ਟਰਾਂਸਪੋਰਟ ਦਾ ਕੌਮੀਕਰਨ ਨਹੀਂ ਹੁੰਦਾ ਇਹ ਟਰਾਂਸਪੋਰਟ ਘਾਟੇ ਵਿੱਚ ਹੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

ਨਾਲ ਲਗਦੇ ਗਰੀਬ ਸੂਬੇ ਹਰਿਆਣੇ ਨੇ ਇਸ ਦਾ ਮੁਕੰਮਲ ਕੌਮੀਕਰਨ ਕਰ ਦਿੱਤਾ ਸੀ । ਉਨ੍ਹਾਂ ਦੀ ਟਰਾਂਸਪੋਰਟ ਫਾਇਦੇ ਵਿੱਚ ਜਾ ਰਹੀ ਹੈ। ਇਸ ਲਈ ਮੈਂ ਕਹਾਂਗਾ ਕਿ ਡਰਨ ਦੀ ਲੋੜ ਨਹੀਂ। ਲੋਕ ਤੁਹਾਡੇ ਨਾਲ ਹੋਣਗੇ ਜੇ ਤੁਸੀਂ ਕੌਮੀਕਰਨ ਟਰਾਂਸਪੋਰਟ ਦਾ ਕਰ ਦਿਉਗੇ । ਇਸੇ ਤਰ੍ਹਾਂ ਇੱਕ ਪਾਸੇ ਤਾਂ ਇਥੇ ਪਬਲਿਕ ਸਕੂਲ ਹਨ ਅਤੇ ਦੂਜੇ ਪਾਸੇ ਪਿੰਡਾਂ ਦੇ ਸਕੂਲ। ਸਾਡੇ ਵਿਦਿਆ ਮੰਤਰੀ ਨੇ ਪਿਛਲੇ ਸਮੇਂ ਵਿੱਚ ਇਥੇ ਕਿਹਾ ਸੀ ਕਿ ਮੈਂ ਚਾਹੁੰਦਾ ਹਾਂ ਕਿ ਇਕੋ ਜਿਹੀ ਵਿਦਿਆ ਦਿੱਤੀ ਜਾਵੇ। ਪ੍ਰਾਇਮਰੀ ਸਕੂਲਾਂ ਵਿੱਚ ਵੀ ਟਾਟ ਹੋਣ, ਬਿਲਡਿੰਗਾਂ ਹੋਣ। ਅਸੀਂ ਇਸ ਨੂੰ ਬੜੀ ਚੰਗੀ ਗੱਲ ਸਮਝਦੇ ਸੀ। ਪਰ ਇਹ ਚੀਜ਼ ਉਤਨੀ ਦੇਰ ਨਹੀਂ ਹੋ ਸਕਦੀ ਜਿਤਨੀ ਦੇਰ ਪਬਲਿਕ ਸਕੂਲ ਬੰਦ ਨਹੀਂ ਕੀਤੇ ਜਾਂਦੇ। ਇਹ ਸਫੇਦ ਹਾਥੀ ਗਰੀਬ ਲੋਕਾਂ ਤੇ ਬਿਠਾਏ ਹੋਏ ਹਨ।

**ਸ੍ਰੀ ਚਮਨ ਲਾਲ**: ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਲੂੰਬਾ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਵੱਲੋਂ ਜਦੋਂ ਟਰਾਂਸਪੋਰਟ ਦਾ ਕੌਮੀਕਰਨ ਕਰਨ ਵਾਸਤੇ ਮਤਾ ਇਥੇ ਪੇਸ਼ ਹੋਇਆ ਸੀ ਅਤੇ ਅਸੀਂ ਪਾਸ ਕੀਤਾ ਸੀ ਤਾਂ ਉਸ ਦਿਨ ਇਨ੍ਹਾਂ ਨੇ ਇਥੇ ਥੱਲੇ ਧਰਨਾ ਮਾਰ ਲਿਆ ਸੀ। ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਸਾਡੇ ਨਾਲ ਹੱਥ ਖੜਾ ਕਰੋ। ਮੈਂ ਬੜੇ ਜ਼ੋਰ ਨਾਲ ਇਨ੍ਹਾਂ ਦੀ ਬਾਂਹ ਖੜੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਨ੍ਹਾਂ ਦੀ ਬਾਂਹ ਥੱਲੇ ਹੀ ਰਹੀ। ਅੱਜ ਇਹ ਟਰਾਂਸਪੋਰਟ ਦਾ ਕੌਮੀਕਰਨ ਕਰਨ ਵਾਸਤੇ ਕਹਿੰਦੇ ਹਨ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਜੋ ਵਿਦਿਆ ਦਾ ਵਿਤਕਰਾ ਦੂਰ ਕਰਨ ਦਾ ਵਾਅਦਾ ਕੀਤਾ ਸੀ ਉਸ ਨੂੰ ਪੂਰਾ ਕਰਨ। ਇਸ ਲਈ ਇਨ੍ਹਾਂ ਨੂੰ ਡਰਨ ਦੀ ਲੋੜ ਨਹੀਂ। ਇਨ੍ਹਾਂ ਨੂੰ ਦਲੇਰੀ ਨਾਲ ਆਪਣੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ। ਇਸ ਪਾਸੇ ਗੌਰਮਿੰਟ ਨੂੰ ਕਦਮ ਚੁਕਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਕਰਜ਼ੇ ਵੰਡਣ ਦੀ ਗਲ ਲੈ ਲਓ । ਇਹ ਕਹਿੰਦੇ ਹਨ ਕਿ ਕਰੋੜਾਂ ਰੁਪਿਆ ਵੰਡ ਦਿੱਤਾ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਅਮਲ ਵਿੱਚ ਕੁਝ ਨਹੀਂ ਹੋਇਆ। ਬੈਂਕਾਂ ਵਾਲਿਆਂ ਨੇ ਕਹਿ ਦਿੱਤਾ ਹੈ ਕਿ ਅਸੀਂ ਇਹ ਮਨਜ਼ੂਰ ਨਹੀਂ ਕਰ ਸਕਦੇ। ਇਸ ਸਬੰਧ ਵਿੱਚ ਮੈਂ ਦੋ ਤਿੰਨ ਬੈਂਕਾਂ ਦੀਆਂ ਉਦਾਹਰਣਾਂ ਦਿੰਦਾ ਹਾਂ। ਸਾਡੇ ਪਾਤੜਾਂ ਵਿੱਚ ਸਟੇਟ ਬੈਂਕ ਆਫ ਪਟਿਆਲਾ ਹੈ ਜਿਸ ਦੇ ਮੈਨੇਜਰ ਨੇ ਦੋ ਢਾਈ ਸਾਲਾਂ ਵਿੱਚ ਇੱਕ ਐਪਲੀਕੇਸ਼ਨ ਨਹੀਂ ਫੜੀ । ਉਹ ਕਹਿ ਦਿੰਦਾ ਹੈ ਕਿ ਇਹ ਮੇਰੇ ਵੱਸ ਦਾ ਰੋਗ ਨਹੀਂ। ਇਸੇ ਤਰ੍ਹਾਂ ਸਿੰਧ ਬੈਂਕ ਹੈ। ਅਰਜ਼ੀਆਂ ਮਗਰੋਂ ਜਾਂਦੀਆਂ ਹਨ ਪਰ ਉਹ ਪਹਿਲਾਂ ਹੀ ਵਾਪਸ ਕਰ ਦਿੰਦੇ ਹਨ। ਇਨ੍ਹਾਂ ਵੱਲੋਂ ਤਾਂ ਪੈਸੇ ਵੰਡੇ ਜਾਂਦੇ ਹਨ ਪਰ ਲੋਕਾਂ ਨੂੰ ਉਹ ਨਹੀਂ ਮਿਲਦੇ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਿਸਟਮ ਨੂੰ ਸੁਧਾਰੋ ਨਹੀਂ ਤਾਂ ਲੋਕਾਂ ਵਿੱਚ ਤੁਹਾਡੀ ਬੜੀ ਬੁਰੀ ਤਰ੍ਹਾਂ ਬਦਨਾਮੀ ਹੋਵੇਗੀ । ਜਿਥੇ ਵਜ਼ੀਰ ਸਾਹਿਬਾਨ ਜਾਂ ਮੁੱਖ ਮੰਤਰੀ ਸਾਹਿਬ ਜਾਂਦੇ ਨੇ ਉਥੇ ਤਾਂ ਪੈਸੇ ਤੁਰਤ ਵੰਡ ਦਿੱਤੇ ਜਾਂਦੇ ਹਨ। ਪਹਿਲਾਂ ਇਹ ਵਿਚਾਰ ਸੀ ਕਿ ਬੈਂਕਾਂ ਵਾਲੇ ਰਿਸ਼ਵਤ ਨਹੀਂ ਲੈ ਸਕਦੇ। ਪਰ ਇਸ ਮਾਮਲੇ ਵਿੱਚ ਹੁਣ ਬੈਂਕਾਂ ਦੇ ਮੈਨੇਜਰ ਵੀ ਪੈਸੇ ਲੈਣ ਲੱਗ ਗਏ ਹਨ। 100,150 ਰੁਪਏ ਲੈਣ ਤੋਂ ਬਿਨਾਂ ਉਹ ਕੇਸ ਨਹੀਂ ਕੱਢਦੇ, ਇਸ ਸਿਸਟਮ ਨੂੰ ਸੁਧਾਰਨਾ ਚਾਹੀਦਾ ਹੈ। ਅਖ਼ੀਰ ਵਿੱਚ. ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗਲ ਕਹਿਣੀ ਚਾਹੁੰਦਾ ਹਾਂ। ਇਥੇ ਮੋਰ ਪਾਵਰਜ਼, ਫਾਇਨਾਂਸ਼ਿਅਲ ਅਟਾਨੋਮੀ ਅਤੇ ਫਿਰ ਖਾਲਿਸਤਾਨ ਦੀ ਗਲ ਚਲੀ। ਮੈਂ ਸਮਝਦਾ ਹਾਂ ਕਿ ਜਿਥੋਂ ਤਕ ਮੋਰ ਪਾਵਰਜ਼ ਦਾ ਸਵਾਲ ਹੈ 1947 ਤੋਂ ਬਾਅਦ ਜਿਹੜੀ ਪਾਵਰਜ਼ ਦੀ ਡਿਵੀਜ਼ਨ ਹੋਈ ਉਸ ਨੂੰ ਬੜਾ ਲੰਮਾ ਸਮਾਂ ਹੋ ਗਿਆ ਹੈ। ਇਸ ਦੇ ਵਿੱਚ ਦੋ ਰਾਵਾਂ ਨਹੀਂ। ਇਸ ਬਾਰੇ ਸਾਰਿਆਂ ਦੀ ਇੱਕੋ ਰਾਏ ਹੋਣੀ ਚਾਹੀਦੀ ਹੈ ਕਿ ਇਸ ਦਾ ਰਿਵਿਊ ਹੋਣਾ ਚਾਹੀਦਾ ਹੈ। 33-34 ਸਾਲਾਂ ਵਿੱਚ ਬਹੁੱਤ ਤਬਦੀਲੀ ਆਈ ਹੈ। ਸਟੇਟਾਂ ਦੀ ਜ਼ਰੂਰਤ ਵੱਧੀ ਹੈ। ਇਸ ਦਾ ਅਗਰ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਰਿਵਿਊ ਕੀਤਾ ਜਾਵੇ ਤਾਂ ਕੋਈ ਮਾੜੀ ਗਲ ਨਹੀਂ। ਸਟੇਟਾਂ ਨੂੰ ਵੱਧ ਫਾਇਨਾਂਸ਼ਿਅਲ ਅਧਿਕਾਰ ਦੇਣ ਦੇ ਸਵਾਲ ਨੂੰ ਪ੍ਰੈਸਟੀਜ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ।

ਇਸ ਤਰੀਕੇ ਨਾਲ ਜਿਥੋਂ ਤਕ ਅਟਾਨਮੀ ਜਾਂ ਇਸ ਤੋਂ ਵਧ ਕੇ ਖਾਲਿਸਤਾਨ ਦਾ ਸਵਾਲ ਹੈ, ਇਸ ਬਾਰੇ ਮੈਂ ਸਮਝਦਾ ਹਾਂ ਕਿ ਰੂਲਿੰਗ ਪਾਰਟੀ ਨੂੰ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ ਔਰ ਇਸ ਮਾਮਲੇ ਵਿਚ ਦੂਜੀਆਂ ਪਾਰਟੀਆਂ ਨੂੰ, ਉਨਾਂ ਨੂੰ ਨਾਲ ਲੈਣਾ ਚਾਹੀਦਾ ਹੈ। ਮੈਂ ਇਹ ਗਲ ਨਹੀਂ ਸੀ ਕਹਿਣੀ ਚਾਹੁੰਦਾ ਲੇਕਿਨ ਲੋਕਾਂ ਵਿਚ ਇਹ ਗਲ ਆਮ ਕਹੀ ਜਾਂਦੀ ਹੈ ਕਿ ਜੋ ਕੁਝ ਪਿਛਲੇ ਛੇ ਸਤ ਮਹੀਨਿਆਂ ਵਿਚ ਪੰਜਾਬ ਵਿਚ ਵਾਪਰ ਰਿਹਾ ਹੈ ਉਸ ਦਾ ਇਕ ਕਾਰਣ ਰੂਲਿੰਗ ਪਾਰਟੀ ਵਿਚ ਏਕਤਾ ਦਾ ਨਾ ਹੋਣਾ ਵੀ ਹੈ। ਇਹ ਬੜੀ ਕਲੀਅਰ ਗਲ ਹੈ ਔਰ ਹੇਠਾਂ ਲੋਕ ਇਸ ਗਲ ਤੇ ਬੜੇ ਕਲੀਅਰ ਹਨ ਕਿ ਕਾਂਗਰਸ ਦੀ ਆਪਣੀ ਫੁੱਟ, ਆਪਣੀ ਇਸ ਦੀ ਡਵੀਜ਼ਨ ਇਸ ਗਲ ਦਾ ਕਾਰਣ ਬਣ ਰਹੀ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਰੂਲਿੰਗ ਪਾਰਟੀ ਨੂੰ ਆਪਣੀ ਫੁੱਟ ਦੂਰ ਕਰਨੀ ਚਾਹੀਦੀ ਹੈ ਔਰ ਇਹੋ ਜਿਹੇ ਮਾਮਲੇ ਉਤੇ ਜਿਥੇ ਦੇਸ਼ ਨੂੰ ਵੰਡਣ ਦੀਆਂ ਗਲਾਂ ਹੁੰਦੀਆਂ ਹੋਣ, ਜਿਥੇ ਅਮਰੀਕਾ ਵਰਗੇ, ਚੀਨ ਵਰਗੇ ਜਾਂ ਪਾਕਿਸਤਾਨ ਵਰਗੇ ਦੇਸ਼ ਇਸ ਦੇਸ਼ ਦੀ ਵੰਡ ਕਰਾਉਣਾ ਚਾਹੁੰਦੇ ਹੋਣ, ਜਿਥੇ ਸਿੱਖ ਪ੍ਰਸਤ ਲੋਕ ਜਾਂ ਜਨਸੰਗ ਵਾਲੇ ਜਾਂ ਹਿੰਦੂ ਪ੍ਰਸਤ ਲੋਕ ਇਸ ਗਲ ਨੂੰ ਹਵਾ ਦਿੰਦੇ ਹੋਣ, ਚਾਹੇ ਕੋਈ ਸਿਖ-ਪ੍ਰਸਤ ਵਿਅਕਤੀ ਅਮਰੀਕਾ ਵਿਚ ਬੈਠ ਕੇ ਜਾਂ ਕਨੇਡਾ ਵਿਚ ਬੈਠ ਕੇ ਇਹ ਵੰਡ ਕਰਾਉਣਾ ਚਾਹੁੰਦਾ ਹੋਵੇ, ਉਸ ਦਾ ਸਾਨੂੰ ਸਾਰਿਆਂ ਨੂੰ ਡਟ ਕੇ ਟਾਕਰਾ ਕਰਨਾ ਚਾਹੀਦਾ ਹੈ। ਤੁਹਾਡੀ ਰੂਲਿੰਗ ਪਾਰਟੀ ਨੂੰ ਚਾਹੀਦਾ ਹੈ ਕਿ ਇਸ ਦਾ ਡਟ ਕੇ ਟਾਕਰਾ ਕਰੇ ਔਰ ਇਸ ਮਾਮਲੇ ਵਿਚ ਦੂਜੀਆਂ ਬਾਕੀ ਪਾਰਟੀਆਂ ਨੂੰ ਨਾਲ ਲਵੇ ਤਾਂ ਹੀ ਇਸ ਚੀਜ਼ ਨੂੰ ਰੋਕਿਆ ਜਾ ਸਕਦਾ ਹੈ। ਅਦਰਵਾਈਜ਼ ਫਿਰਕਾਪ੍ਰਸਤੀ ਹੋਰ ਵੀ ਆਪਣਾ ਸਿਰ ਚੁੱਕੇਗੀ ਔਰ ਇਸ ਦੇ ਜ਼ਿਮੇਵਾਰ ਕਈ ਅਕਾਲੀ ਪਾਰਟੀ ਦੇ ਵਿਅਕਤੀ ਵੀ ਹਨ, ਔਰ ਜਿਹੜੇ ਹਿੰਦੂ-ਪ੍ਰਸਤ ਲੋਕ ਹਨ ਉਹ ਵੀ ਇਸ ਦੇ ਜ਼ਿਮੇਵਾਰ ਹਨ। ਇਸ ਫਿਰਕਾਪ੍ਰਸਤੀ ਲਈ ਕੁਝ ਅਖਬਾਰ ਵੀ ਜ਼ਿਮੇਵਾਰ ਹਨ ਜਿਹੜੇ ਕਿ ਇਸ ਨੂੰ ਹਵਾ ਦੇ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਹੋਵੇਗਾ। ਗਜਿੰਦਰ ਸਿੰਘ ਜਿਸ ਨੇ ਕਿ ਹਵਾਈ ਜਹਾਜ਼ ਅਗਵਾਹ ਕੀਤਾ ਸੀ ਅਖਬਾਰ ਵਾਲਿਆਂ ਨੇ ਉਸ ਦੀਆਂ ਫੋਟੋ ਅਖ-ਬਾਰਾਂ ਵਿਚ ਛਾਪੀਆਂ ਸਨ। ਮੈਂ ਸਮਝਦਾ ਹਾਂ ਕਿ ਇਹ ਕਿਤਨੀਂ ਸ਼ਰਮ ਦੀ ਗਲ ਹੈ। ਅਖਬਾਰਾਂ ਵਾਲਿਆਂ ਨੇ ਉਸ ਦੀ ਫੋਟੋ ਲਈ। ਉਹ ਅਖਬਾਰਾਂ ਵਿਚ ਛਾਪੀ, ਉਸ ਦੀ ਫੈਮਿਲੀ ਬਾਰੇ ਖਬਰਾਂ ਅਖਬਾਰਾਂ ਵਿਚ ਦਿਤੀਆਂ। ਇਸ ਤਰ੍ਹਾਂ ਨਾਲ ਕਈ ਅਖਬਾਰਾਂ ਨੇ ਫਿਰਕਾਪ੍ਰਸਤੀ ਫੈਲਾਉਣ ਦਾ ਠੇਕਾ ਚੁਕਿਆ ਹੋਇਆ ਹੈ। ਕਈ ਅਖਬਾਰ ਸਿੱਖ-ਪ੍ਰਸਤੀ ਦੀਆਂ ਗਲਾਂ ਕਰਦੇ ਹਨ ਔਰ ਕਈ ਅਖਬਾਰਾਂ ਨੇ ਹਿੰਦੂਆਂ ਦਾ ਠੇਕਾ ਚੁੱਕਿਆ ਹੋਇਆ ਹੈ। ਇਸ ਲਈ ਸਾਡੀ ਸਰਕਾਰ ਨੂੰ ਇਨ੍ਹਾਂ ਇਸ ਤਰ੍ਹਾਂ ਦੀਆਂ ਗਲ ਕਰਨ ਵਾਲੀਆਂ ਅਖਬਾਰਾਂ ਨਾਲ ਗਲ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਪੰਜਾਬ ਵਿਚ ਫਿਰਕਾ-ਪ੍ਰਸਤੀ ਨੂੰ ਹਵਾ ਨਾ ਦੇਣ, ਪੰਜਾਬ ਇਕ ਬਾਰਡਰ ਦਾ ਸੂਬਾ ਹੈ।

**ਸ਼੍ਰੀ ਡਿਪਟੀ ਸਪੀਕਰ**: ਤੁਸੀਂ ਵਾਈਂਡ ਅੱਪ ਕਰੋ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਸਾਡੀ ਸਰਕਾਰ ਨੂੰ ਹਰ ਪੱਖ ਤੋਂ ਧਿਆਨ ਦੇਣਾ ਚਾਹੀਦਾ ਹੈ ਤਾਕਿ ਸੂਬੇ ਦੇ ਵਿਚ ਕਿਸੇ ਕਿਸਮ ਦੀ ਬਦਅਮਨੀ ਔਰ ਫਿਰਕਾਪ੍ਰਸਤੀ ਸਿਰ ਨਾ ਚੁਕ ਸਕੇ ਔਰ ਸੂਬੇ ਵਿਚ ਕਦੇ ਵੀ

Original with;
Punjab Vidhan Sabha
Digitized by;
Panjab Digital Library

ਦੇਸ਼ ਦੀ ਵੰਡ ਦੀ ਗਲ ਨਾ ਆ ਸਕੇ ਔਰ ਸਾਮਰਾਜਵਾਦੀ ਮੁਲਕਾਂ ਦਾ ਜੋ ਮਨਸ਼ਾ ਹੈ ਉਹ ਕਾਮਯਾਬ ਨਾ ਹੋ ਸਕੇ। ਇਸ ਲਈ ਇਸ ਚੀਜ਼ ਨੂੰ ਰੋਕਣ ਲਈ ਰਲ ਕੇ ਟਾਕਰਾ ਕਰਨ ਦੀ ਲੋੜ ਹੈ, ਸਰਕਾਰ ਨੂੰ ਹਰ ਪਖ ਤੋਂ ਸੋਚਣ ਦੀ ਲੋੜ ਹੈ। ਪਾਕਿਸਤਾਨ , ਚੀਨ ਔਰ ਅਮਰੀਕਾ ਇਹ ਸੁਣ ਕੇ ਖੁਸ਼ ਹੋ ਰਹੇ ਹਨ ਕਿ ਸ਼ਾਇਦ ਹਿੰਦੁਸਤਾਨ ਦੀ ਵੰਡ ਹੋ ਰਹੀ ਹੈ, ਉਨ੍ਹਾਂ ਦਾ ਇਹ ਮਨਸੂਬਾ ਕਾਮਯਾਬ ਨਹੀਂ ਹੋ ਸਕਦਾ।

ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਅੱਜ ਗਵਰਨਰ ਸਾਹਿਬ ਦੇ ਐਡਰੈਸ ਤੇ ਆਪੋਜ਼ੀਸ਼ਨ ਔਰ ਕਾਂਗਰਸ ਪਾਰਟੀ ਤੇ ਬਾਕੀ ਦੀਆਂ ਪਾਰਟੀਆਂ ਹਿੱਸਾ ਲੈ ਰਹੀਆਂ ਹਨ। ਮੈਂ ਇਸ ਤੋਂ ਪਹਿਲਾਂ ਕਿ ਉਸ ਦੇ ਮੁਤਲਿਕ ਕੋਈ ਗਲ ਕਰਾਂ, ਮੈਂ ਇਕ ਹੋਰ ਗਲ ਕਰਨੀ ਚਾਹੁੰਦਾ ਹਾਂ ਔਰ ਉਸ ਦੇ ਬਾਰੇ ਮੈਂ ਹਾਊਸ ਦਾ ਜ਼ਿਆਦਾ ਟਾਈਮ ਨਹੀਂ ਲੈਣਾ, ਸਿਰਫ ਦੋ ਚਾਰ ਮਿੰਟਾਂ ਵਿਚ ਹੀ ਉਹ ਗਲ ਕਲੀਅਰ ਕਰ ਦੇਣੀ ਹੈ।

ਡਿਪਟੀ ਸਪੀਕਰ ਸਾਹਿਬ, ਇਕ ਇਥੇ ਹਾਊਸ ਵਿਚ ਬੰਗਿਆਂ ਦੇ ਲੜਕੀਆਂ ਦੇ ਕਾਲਜ ਦੀ ਗੱਲ ਹੋ ਰਹੀ ਸੀ। ਉਸ ਬਾਰੇ ਮੈਂ ਦਸਣਾ ਹੈ ਤਾਕਿ ਉਹ ਗਲ ਸਾਫ ਹੋ ਸਕੇ ਔਰ ਹਾਊਸ ਨੂੰ ਪਤਾ ਲਗ ਸਕੇ ਕਿ ਇਹ ਸਾਡੇ ਸਾਥੀ (ਅਕਾਲੀ ਪਾਰਟੀ ਵੱਲ ਇਸ਼ਾਰਾ) ਕੀ ਕਹਿੰਦੇ ਹਨ, ਕਿਸ ਤਰ੍ਹਾਂ ਗਲਤ ਢੰਗ ਨਾਲ ਗਲਤ ਪਰਚਾਰ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਅਸਲੀਅਤ ਇਹ ਹੈ ਕਿ ਬੰਗਿਆਂ ਵਿਚ ਇਕ ਲੜਕੀਆਂ ਦਾ ਕਾਲਜ ਉਥੋਂ ਦੇ ਸ਼ਹਿਰੀਆਂ ਵਲੋਂ, ਹਰੀਜਨਾਂ ਵਲੋਂ, ਹਿੰਦੂਆਂ ਵਲੋਂ ਅਤੇ ਇਲਾਕੇ ਦੇ ਜ਼ਿਮੀਂਦਾਰ ਭਰਾਵਾਂ ਵਲੋਂ ਰਲ ਕੇ ਬਣਾਇਆ ਗਿਆ ਹੈ।

**ਸਰਦਾਰ ਆਤਮਾ ਸਿੰਘ** : ਜ਼ਮੀਨ ਕਿਸ ਦੀ ਹੈ ? ਇਹ ਵੀ ਦਸੋ। ਜ਼ਮੀਨ ਗੁਰਦਵਾਰੇ ਦੀ ਹੈ।

**ਸਰਦਾਰ ਦਿਲਬਾਗ ਸਿੰਘ** : ਮੇਰੀ ਗਲ ਤਾਂ ਸੁਣ ਲਓ। ਗੁਰਦਵਾਰਾ ਹੀ ਉਸ ਜ਼ਮੀਨ ਦਾ ਮਾਲਿਕ ਸਹੀ। ਪਰ ਗੁਰਦਵਾਰੇ ਦੇ ਮਾਲਿਕ, ਡਿਪਟੀ ਸਪੀਕਰ ਸਾਹਿਬ, ਇਹ ਇਧਰਲੇ ਪਾਸੇ (ਅਕਾਲੀ ਪਾਰਟੀ ਵਲ ਇਸ਼ਾਰਾ) ਵਾਲੇ ਸਿੱਖ ਹੀ ਨਹੀਂ, ਸਿੱਖ ਤਾਂ ਇਧਰ (ਰੂਲਿੰਗ ਪਾਰਟੀ ਵਲ ਇਸ਼ਾਰਾ) ਵੀ ਬੈਠੇ ਹਨ । ਗੁਰਦਵਾਰਾ ਸਾਰੇ ਸਿੱਖਾਂ ਅਤੇ ਹਿੰਦੂਆਂ ਦਾ ਸਾਂਝਾ ਹੁੰਦਾ ਹੈ। ਖੈਰ, ਡਿਪਟੀ ਸਪੀਕਰ ਸਾਹਿਬ, ਇਹ ਸਮਝਦੇ ਹਨ ਤਾਂ ਠੀਕ ਹੈ ਇਹ ਇਨ੍ਹਾਂ ਦਾ ਹੀ ਗੁਰਦਵਾਰਾ ਹੈ, ਪ੍ਰਮਾਤਮਾ ਇਨ੍ਹਾਂ ਨੂੰ ਹੀ ਪੂਜਾ ਦਾ ਧਨ ਦੇਵੇ। ਪਰ ਮੈਂ ਜੋ ਦੱਸਣਾ ਚਾਹੁੰਦਾ ਹਾਂ ਉਸ ਨਾਲ ਚਾਨਣ ਹੋ ਜਾਵੇਗਾ ਕਿ ਤੁਸੀਂ (ਅਕਾਲੀ ਪਾਰਟੀ ਵਲ ਇਸ਼ਾਰਾ) ਕੀ ਕਰ ਰਹੇ ਹੋ ? (ਥੰਪਿੰਗ) ... (ਵਿਘਨ) ਜੋ ਹਾਊਸ ਦੀ ਛੱਤ ਕੱਲ ਡਿਗੀ ਹੈ, ਉਹ ਝੂਠ ਬੋਲਣ ਵਾਲਿਆਂ ਤੇ, ਝੂਠ ਬੋਲਣ ਦੀ ਵਜ੍ਹਾ ਨਾਲ ਹੀ ਡਿਗੀ ਹੈ।

**Mr. Deputy Speaker.** Silence please

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਤੁਸੀਂ (ਸਰਦਾਰ ਦਿਲਬਾਗ ਸਿੰਘ ਜੀ ਵਲ ਇਸ਼ਾਰਾ) ਇਤਿਹਾਸ ਨਹੀਂ ਪੜ੍ਹਿਆ ਕਿ ਸਿੱਖੀ ਕੀ ਹੈ ?

**ਸਰਦਾਰ ਦਿਲਬਾਗ ਸਿੰਘ** : ਮੈਂ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਬੜੀ ਦੇਰ ਤੋਂ ਵਾਕਿਫ ਹਾਂ। ਇਹ ਮੈਂਬਰ ਤਾਂ ਇਥੇ ਬਾਅਦ ਵਿਚ ਆਏ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਗੱਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]

ਕਲੀਅਰ ਕਰਨੀ ਚਾਹੁੰਦਾ ਹਾਂ ਤਾਕਿ ਰੋਜ਼ ਰੋਜ਼ ਦਾ ਝਗੜਾ ਹੀ ਮੁੱਕ ਜਾਵੇ । ਮੈਂ ਇਹ ਹੀ ਕਹਿ ਦਿੰਦਾ ਹਾਂ ਕਿ ਇਹ ਸਿੱਖਾਂ ਦੇ ਗੁਰਦਵਾਰੇ ਦੀ ਜ਼ਮੀਨ ਹੈ।

**ਸਰਦਾਰ ਆਤਮਾ ਸਿੰਘ**: ਗੁਰਦਵਾਰਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਪਾਸ ਹੈ।

**ਸਰਦਾਰ ਦਿਲਬਾਗ ਸਿੰਘ**: ਚਲੋ, ਇਸ ਤਰ੍ਹਾਂ ਹੀ ਸਹੀ। ਮੈਂ ਇਹ ਕਹਿ ਦਿੰਦਾ ਹਾਂ ਕਿ ਉਹ ਪੰਜਾਬ ਦੇ ਸਿੱਖਾਂ ਦੇ ਜੋ ਗੁਰਦਵਾਰੇ ਹਨ, ਜਿਨ੍ਹਾਂ ਵਿਚ ਅਸੀਂ ਵੀ ਹਾਂ, ਉਨਾਂ ਲੋਕਾਂ ਦੀ ਉਹ ਜ਼ਮੀਨ ਹੈ ਔਰ ਉਹ ਉਥੇ, ਡਿਪਟੀ ਸਪੀਕਰ ਸਾਹਿਬ, ਸਿਰਫ ਬੱਚੀਆਂ ਵਾਸਤੇ ਕਾਲਜ ਬਣਾਇਆ ਗਿਆ ਹੈ। ਉਹ ਕਾਲਜ ਉਥੇ ਦੇ ਇਲਾਕੇ ਦੇ ਲੋਕਾਂ ਤੋਂ, ਉਥੋਂ ਦੇ ਹਰੀਜਨਾਂ ਤੋਂ, ਉਥੋਂ ਦੇ ਹਿੰਦੂ-ਆਂ ਤੋਂ, ਉਥੋਂ ਦੇ ਸ਼ਹਿਰੀਆਂ ਤੋਂ ਪੈਸਾ ਇਕੱਠਾ ਕਰਕੇ ਬਣਾਇਆ ਗਿਆ ਹੈ। ਕੁਝ ਚਿਰ ਉਸ ਕਾਲਜ ਦੇ ਬਣਨ ਤੋਂ ਬਾਅਦ ਜਿਹੜੀ ਉਥੋਂ ਦੀ ਪ੍ਰਿੰਸੀਪਲ ਸੀ ਉਹ ਉਥੇ ਖਾਲਸਾ ਦਲ ਦੀਆਂ ਮੀਟਿੰਗਾਂ ਕਰਾਉਣ ਲੱਗ ਪਈ। ਉਸ ਨੇ ਗੰਗਾ ਸਿੰਘ ਢਿਲੋਂ ਨੂੰ ਚਿੱਠੀਆਂ ਲਿਖੀਆਂ। ਮੈਂ ਸਬੂਤ ਦੇ ਸਕਦਾ ਹਾਂ, ਉਥੋਂ ਚਿੱਠੀਆਂ ਪੋਸਟ ਹੋਈਆਂ ਅਤੇ ਕਾਲਜ ਦੇ ਡਿਸਪੈਚ ਰਜਿਸਟਰ ਵਿਚ ਸ: ਗੰਗਾ ਸਿੰਘ ਢਿਲੋਂ ਨੂੰ ਪਾਈਆਂ। ਚਿੱਠੀਆਂ ਦਰਜ ਹਨ ਅਤੇ ਟਿਕਟਾਂ ਕਾਲਜ ਦੇ ਹਿਸਾਬ ਵਿਚੋਂ ਲਈਆਂ ਗਈਆਂ। ਇਸ ਤਰ੍ਹਾਂ ਦੀਆਂ ਕਾਰਵਾਈਆਂ ਉਥੇ ਹੋਣ ਲਗ ਪਈਆਂ। ਇਥੇ ਹੀ ਬਸ ਨਹੀਂ ਉਥੋਂ ਦੇ ਸਟੂਡੈਂਟਸ ਦਾ ਨਿਜੀ ਫੰਡ ਸੀ ਉਸ ਵਿਚੋਂ 47,000 ਰੁਪਿਆ ਕਢ ਕੇ ਖਾਲਸਾ ਦਲ ਵਾਲਿਆਂ ਨੂੰ ਦਿਤਾ ਗਿਆ ਔਰ ਉਹ ਪ੍ਰਿੰਸੀਪਲ ਦੇ ਦਸਤਖਤਾਂ ਨਾਲ ਕਢਾ ਕੇ ਦਿਤਾ ਗਿਆ। ਇਹ ਉਸ ਵੇਲੇ ਦੀ ਗਲ ਹੈ ਜਦੋਂ ਕਿ ਪੰਜਾਬ ਵਿਚ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨਹੀਂ ਸੀ। ਡਿਪਟੀ ਸਪੀਕਰ ਸਾਹਿਬ, ਉਸ ਤੋਂ ਬਾਅਦ ਕਮੇਟੀ ਨੇ ਇਹ ਠੀਕ ਨਾ ਸਮਝਿਆ ਔਰ ਉਸ ਪ੍ਰਿੰਸੀਪਲ ਨੂੰ ਡਿਸਮਿਸ ਕਰ ਦਿਤਾ। ਪਰ ਉਹ ਡਿਸਮਿਸ ਹੋਣ ਤੋਂ ਬਾਅਦ ਉਥੇ ਹੀ ਬੈਠੀ ਰਹੀ, ਜਿਸ ਵੇਲੇ ਮਰਜ਼ੀ ਹੋਣਾ ਉਸ ਕਾਲਜ ਵਲੋਂ ਮਿਲੇ ਹੋਏ ਮਕਾਨ ਚਲੇ ਜਾਣਾ ਹਾਲਾਂਕਿ ਪ੍ਰਿੰਸੀਪਲ ਦੀ ਇਜਾਜ਼ਤ ਤੋਂ ਬਿਨਾ ਕੋਈ ਇਸ ਤਰ੍ਹਾਂ ਕਾਲਜ ਦੀ ਚਾਰ ਦਿਵਾਰੀ ਵਿਚ ਦਾਖਲ ਨਹੀਂ ਹੋ ਸਕਦਾ। ਇਥੇ ਹੀ ਬੱਸ ਨਹੀਂ, ਡਿਪਟੀ ਸਪੀਕਰ ਸਾਹਿਬ, ਉਥੇ ਉਸ ਦੇ ਪਾਸ ਦੋ ਆਦਮੀ ਆਉਣੇ, ਦੋ ਚਲੇ ਜਾਣੇ। ਇਸ ਤਰ੍ਹਾਂ ਦੀਆਂ ਹਰਕਤਾਂ ਉਥੇ ਚਲਦੀਆਂ ਰਹੀਆਂ। ਉਸ ਦੇ ਬਾਰੇ ਯੂਨੀਵਰਸਿਟੀ ਨੇ ਵੀ ਕਹਿ ਦਿੱਤਾ ਕਿ ਉਸ ਨੂੰ ਕੱਢ ਦਿਓ।

**ਸਰਦਾਰ ਆਤਮਾ ਸਿੰਘ**: ** ** **

**ਸ੍ਰੀ ਡਿਪਟੀ ਸਪੀਕਰ**: ਇਹ ਪੁਆਇੰਟ ਆਫ ਆਰਡਰ ਨਹੀਂ ਹੈ। ਉਹ ਐਕਸਪਲੇਨ ਕਰ ਰਹੇ ਹਨ। (ਇਸ ਸਮੇਂ ਭਲਾਈ ਮੰਤਰੀ ਜੀ ਖੜੇ ਹੋਏ।) (ਵਿਘਨ)

**ਸ੍ਰੀ ਡਿਪਟੀ ਸਪੀਕਰ**: ਰੰਧਾਵਾ ਸਾਹਿਬ, ਚੌਧਰੀ ਸਾਹਿਬ ਨੂੰ ਜ਼ਰਾ ਸੰਭਾਲ ਕੇ ਰੱਖੋ। ਉਨ੍ਹਾਂ ਨੂੰ ਕਹੋ ਉਹ ਨਾ ਬੋਲਣ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਗੁਰਦਵਾਰੇ ਵਿਚ ਜਿੱਥੇ ਲੜਕੀਆਂ ਦਾ ਕਾਲਜ ਹੈ ਉਥੇ ਦੋ ਆਦਮੀ ਜਾਂਦੇ ਹਨ, ਦੋ ਆਉਂਦੇ ਹਨ। ਇਹ ਗੱਲ ਮਾੜੀ ਹੈ ਕਿ ਇਸ ਦੀ ਡਿਸਮਿਸਲ ਤੋਂ ਬਾਅਦ ਮੌਜੂਦਾ ਪ੍ਰਿੰਸੀਪਲ ਦੀ ਇਜਾਜ਼ਤ ਤੋਂ ਬਗੈਰ ਕੋਈ ਕਾਲਜ ਵਿਚ ਆ ਜਾਵੇ। ਮੈਂ ਇਹ ਤਾਂ ਨਹੀਂ ਕਿਹਾ ਕਿ ਉਹ ਚੰਗਾ ਕੰਮ ਕਰਨ ਆਉਂਦੇ ਹਨ ਜਾਂ ਮਾੜਾ ਕਰਨ ਆਉਂਦੇ ਹਨ। ਇਹ ਗਲ ਮੈਂ ਨਹੀਂ ਕਹਿੰਦਾ । ਡਿਪਟੀ ਸਪੀਕਰ ਸਾਹਿਬ, ਉਸ ਕਾਲਜ ਦੀ ਹਦੂਦ ਵਿਚ ਖ਼ਾਲਸਾ ਦਲ ਦੀਆਂ ਮੀਟਿੰਗਾਂ ਹੋਈਆਂ, ਮੈਂ ਉਸ ਬਾਰੇ ਵੀ ਦਸ ਚੁਕਿਆ ਹਾਂ, ਮੈਂ ਇਹ ਵੀ ਦਸ ਚੁਕਿਆ ਹਾਂ ਕਿ 47 ਹਜ਼ਾਰ ਰੁਪਿਆ ਕਢਾ ਕੇ ਉਨ੍ਹਾਂ ਤੇ ਖਰਚਿਆ ਗਿਆ। ਇਹ ਇਨ੍ਹਾਂ ਅਕਾਲੀਆਂ ਦੇ ਰਾਜ ਦੀ ਗੱਲ ਕਰਦਾ ਹਾਂ । ਇਹੋ ਜਿਹੀਆਂ ਗਲਾਂ ਨੂੰ ਵੇਖ ਕੇ ਉਥੋਂ ਦੀ ਕਾਲਜ ਕਮੇਟੀ ਨੇ ਪਹਿਲੇ ਪ੍ਰਿੰਸੀਪਲ ਨੂੰ ਡਿਸਮਿਸ ਕਰ ਦਿਤਾ ਅਤੇ ਉਸ ਤੇ ਜੋ ਚਾਰਜ ਲਗੇ ਉਸ ਨੂੰ ਘੋਖਣ ਲਈ ਇਕ ਕਮੇਟੀ ਬਣਾ ਦਿੱਤੀ । ਕਮੇਟੀ ਨੇ ਰਿਪੋਰਟ D.P.I. (colleges), ਨੂੰ ਭੇਜ ਦਿੱਤੀ। ਕਾਲਜਾਂ ਦਾ ਮੌਜੂਦਾ ਡਾਇਰੈਕਟਰ ਜੋ ਹੈ ਉਸ ਨੇ ਕਮੇਟੀ ਦੀ ਮੀਟਿੰਗ ਦੀਆਂ ਪ੍ਰੋਸੀਡਿੰਗਾਂ ਕਨਫਰਮ ਕਰ ਦਿੱਤੀਆਂ ਹਨ ਅਤੇ ਉਸ ਕਮੇਟੀ ਦੇ ਚਾਰਜਿਜ਼ ਸਹੀ ਪਾਏ ਗਏ । ਪਰ ਉਸ ਤੋਂ ਬਾਅਦ ਪੁਰਾਣੀ ਜਿਹੜੀ ਪ੍ਰਿੰਸੀਪਲ ਹੈ ਉਹ ਉਥੇ ਰਹੀ, ਗਈ ਨਹੀਂ ਔਰ ਕੀਤਾ ਕੀ ਗਿਆ ? ਕਾਲਜ ਕੁਆਟਰ ਦੀ ਮੋਟਰ ਗੈਰਾਜ ਵਿਚ ਮਹਾਰਾਜ ਜੀ ਦਾ ਪਰਕਾਸ਼ ਕਰ ਦਿੱਤਾ ਔਰ ਲਾਊਡ ਸਪੀਕਰ ਦਾ ਮੂੰਹ ਉਸ ਪਾਸੇ ਵੱਲ ਕਰ ਦਿੱਤਾ ਜਿਸ ਪਾਸੇ ਬੱਚੇ ਪੜ੍ਹਦੇ ਹਨ। ਜੇਕਰ ਪੁਲਿਸ ਵਾਲਿਆਂ ਨੇ ਕਿਹਾ ਤਾਂ ਉਨ੍ਹਾਂ ਨੂੰ ਕਹਿ ਦਿੱਤਾ ਖ਼ਬਰਦਾਰ ਅਗਰ ਸਾਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਔਰ ਫਿਰ ਇਹ ਕਹਿੰਦੇ ਹਨ ਕਿ ਜੇ ਸਾਨੂੰ ਕੋਈ ਗਲ ਤੁਸੀਂ ਕਹੀ ਤਾਂ ਅਸੀਂ ਮੋਰਚਾ ਲਾ ਲਵਾਂਗੇ। ਇਥੇ ਹੀ ਬਸ ਨਹੀਂ ਥੋੜ੍ਹੇ ਦਿਨ ਪਹਿਲਾਂ ਕੁਝ ਆਦਮੀ ਨਿਹੰਗ ਨਾਲ ਲੈ ਕੇ ਲੜਕੀਆਂ ਦੇ ਕਾਲਿਜ ਦੀਆਂ ਕੰਧਾਂ ਟੱਪ ਕੇ ਅੰਦਰ ਚਲੇ ਗਏ ਜਿਨ੍ਹਾਂ ਨੂੰ ਪੁਲਿਸ ਨੇ ਆ ਕੇ ਕੱਢਿਆ। ਜਿਸ ਦੀ ਰਪਟ ਥਾਣਾ ਬੰਗਾ ਵਿੱਚ ਦਰਜ ਹੈ। ਮੈਂ ਇਨਾਂ ਨੂੰ ਦਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਅਕਾਲੀ ਦਲ (ਲੌਂਗੋਵਾਲ) ਗਰੁਪ ਦੇ ਮੋਰਚਿਆਂ ਤੋਂ ਡਰਨ ਵਾਲੀ ਨਹੀਂ ਹੈ। ਜੇ ਪ੍ਰਧਾਨ ਮੰਤਰੀ ਨੂੰ ਮਿਲਣ ਦੀ ਇਜਾਜ਼ਤ ਨਹੀਂ ਮਿਲੀ ਤਾਂ ਵੀ ਇਹ ਕਹਿੰਦੇ ਹਨ ਮੋਰਚਾ ਲਾ ਲਵਾਂਗੇ। ਇਸ ਤਰ੍ਹਾਂ ਦੀਆਂ ਹਲਕੀਆਂ ਗਲਾਂ ਕਰਕੇ ਇਹ ਡਰਾਉਂਦੇ ਹਨ। ਪਰ ਮੈਂ ਇਹ ਫਿਰ ਕਹਿੰਦਾ ਹਾਂ ਕਿ ਤੁਹਾਡੇ ਵਿਚ ਕੋਈ ਮੋਰਚਾ ਲਾਉਣ ਵਾਲਾ ਨਹੀਂ। ਇਹ ਵੇਖੋ ਸਾਡੇ ਵਿਚ ਸਰਦਾਰੀ ਲਾਲ ਕਪੂਰ ਔਰ ਕੇ.ਪੀ. ਵਰਗੇ ਮੋਰਚੇ ਲਾਉਂਦੇ ਹਨ।

(ਇਸ ਵੇਲੇ ਕਈ ਮੈਂਬਰਜ਼ ਬੋਲਣ ਲਗ ਪਏ।)

**Mr. Deputy Speaker :** Please, no interruption

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਪਰਮਿੱਟਾਂ ਦੀ ਗਲ ਕਰਦੇ ਹਨ। ਹੁਣ ਤਾਂ ਸਾਰੇ ਪੰਜਾਬ ਵਿਚ ਟਰੱਕਾਂ ਦੇ ਪਰਮਿੱਟ ਮਿਲ ਸਕਦੇ ਹਨ । ਖੁਲ ਹੈ ਜਿਤਨੇ ਮਰਜ਼ੀ ਪ੍ਰਮਿਟ ਲੈ ਸਕਦੇ ਹੋ, ਟਰੱਕ ਲਿਆਓ, ਸਰਕਾਰੀ ਟੈਕਸ ਦਿਓ ਅਤੇ ਪ੍ਰਮਿਟ ਲੈ ਲਓ, ਕੋਈ ਪਾਬੰਦੀ ਨਹੀਂ ਹੈ। ਮੈਂ ਕੋਈ ਚੈਲਦਾਰ ਨਹੀਂ ਜਿਹੜਾ ਆਪ ਹੀ ਪਰਮਿੱਟ ਲੈ ਕੇ ਬੈਠ ਜਾਵਾਂ।

**ਸਰਦਾਰ ਸੰਤ ਸਿੰਘ** : ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

(ਇਸ ਵੇਲੇ ਸਰਦਾਰ ਸੰਤ ਸਿੰਘ ਬੋਲੀ ਜਾ ਰਹੇ ਸਨ ** ** । )

**Expunged/Not recorded as ordered by the Chair

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਕਹਿ ਰਹੇ ਹਨ. ਰਿਕਾਰਡ ਨਹੀਂ ਕਰਨਾ ।

**ਸਰਦਾਰ ਦਿਲਬਾਗ ਸਿੰਘ :** ਮੈਂ ਪਾਲੇਟੀਸ਼ਿਅਨ ਰਿਹਾ ਹਾਂ। ਮੈਂ ਇਨ੍ਹਾਂ ਦੀ ਤਰ੍ਹਾਂ ਝੂਠੇ ਪਰਮਿਟ ਨਹੀਂ ਲੈਂਦਾ। ਜੇ ਮੈਂ ਚੀਫ਼ ਮਨਿਸਟਰ ਤੋਂ ਪਰਮਿਟ ਲੈਣੇ ਹੋਣ ਤਾਂ ਮੈਂ ** ।

(ਇਸ ਵੇਲੇ ਸਰਦਾਰ ਸੰਤ ਸਿੰਘ ਬੋਲੀ ਜਾ ਰਹੇ ਸਨ ** ।)

**ਸ੍ਰੀ ਡਿਪਟੀ ਸਪੀਕਰ** : ਇਹ ਜੋ ਕੁਝ ਬਗੈਰ ਇਜਾਜ਼ਤ ਦੇ ਬੋਲ ਰਹੇ ਹਨ, ਰਿਕਾਰਡ ਨਹੀਂ ਕਰਨਾ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਡਿਪਟੀ ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਇਹ ਗਲ ਕਹੀ ਹੈ ਕਿ ਮੈਂ ** ** ਇਹ ਗਲ ਠੀਕ ਨਹੀਂ। ਇਹ ਐਕਸਪੰਜ ਹੋਣੇ ਚਾਹੀਦੇ ਹਨ। ਇਹ ਕੀ ** ਸਕਦੇ ਹਨ।

**ਸ੍ਰੀ ਡਿਪਟੀ ਸਪੀਕਰ** : ਇਹ ਲਫਜ਼ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਔਰ ਇਹ ਵੀ ਜਾਣਦੇ ਹਨ ਕਿ ਜਿੰਨੀ ਵਾਰ ਵੀ ਇਥੇ ਅਕਾਲੀ ਸਰਕਾਰ ਆਈ ਹੈ ਉਹ ਕਾਂਗਰਸ ਦੀ ਵਜ੍ਹਾ ਨਾਲ ਇਥੇ ਆਈ ਹੈ । ਆਪਣੇ ਆਪ ਇਹ ਨਹੀਂ ਆ ਸਕੇ । ਕਾਂਗਰਸ ਦੀ ਵਜ੍ਹਾ ਨਾਲ ਹੀ ਸਰਕਾਰ ਬਣਾ ਸਕੇ ਹਨ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਕਹਿ ਰਹੇ ਹਨ ਕਿ ਅਕਾਲੀ ਪਾਰਟੀ ਦੀ ਸਰਕਾਰ ਕਾਂਗਰਸ ਨਾਲ ਮਿਲ ਕੇ ਹੀ ਆਉਂਦੀ ਰਹੀ ਹੈ। ਪਰ ਅਸੀਂ ਤਾਂ ਇਨ੍ਹਾਂ ਦੇ ਖਿਲਾਫ਼ ਲੜਦੇ ਰਹੇ ਹਾਂ। ਇਹ ਕਿਸ ਤਰ੍ਹਾਂ ਕਹਿ ਰਹੇ ਹਨ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਹੁਣ ਗਲ ਛੋੜ ਦਿੱਤੀ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਆਪਣੀ ਸਪੀਚ ਕਨਕਲੂਡ ਕਰਨ ਦੀ ਕੋਸ਼ਿਸ਼ ਕਰੋ।

**ਸਰਦਾਰ ਦਿਲਬਾਗ ਸਿੰਘ** : ਮੈਂ ਹੁਣ ਦਸ ਹੀ ਦਿੰਦਾ ਹਾਂ ਕਿ ਸੰਤ ਚੰਨਣ ਸਿੰਘ ਅਤੇ ਬਾਦਲ ਸਾਹਿਬ ਮੈਨੂੰ ਇਹ ਆਪਣੇ ਨਾਲ ਲੈ ਕੇ ਪਿਛਲੀਵਾਰ ਇਸੇ ਹੀ ਸਬੰਧ ਵਿਚ ਇੰਦਰਾ ਗਾਂਧੀ ਜੀ ਨੂੰ ਮਿਲਣ ਗਏ ਸਨ ਕਿ ਸਾਡੀ ਮੱਦਦ ਕਰੋ। ਉਨ੍ਹਾਂ ਨੇ ਹੁਕਮ ਦਿੱਤਾ ਕਿ ਇਨ੍ਹਾਂ ਦੀ ਮੱਦਦ ਕਰੋ। (ਥੰਪਿੰਗ) ਕਾਂਗਰਸ ਪਾਰਟੀ ਨੇ ਇਨ੍ਹਾਂ ਦੀ ਮੱਦਦ ਕਰਕੇ ਇਨ੍ਹਾਂ ਦੀ ਸਰਕਾਰ ਬਣਾਈ।

(ਇਸ ਵੇਲੇ ਕਈ ਮੈਂਬਰਜ਼ ਬੋਲ ਰਹੇ ਸਨ।)

**Mr. Deputy Speaker** : No interruptions. ਤੁਸੀਂ ਆਪਣੀ ਸਪੀਚ ਕਨਕਲੂਡ ਕਰੋ ।

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** : ਫਿਰ ਡਿਪਟੀ ਸਪੀਕਰ ਸਾਹਿਬ, ਇਹ ਬਾਰ ਬਾਰ ਇਥੇ ਸਿੱਖੀ ਦੀ ਗਲ ਕਰਦੇ ਹਨ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਬਹੁਤ ਵਡੇ ਸਿੱਖ ਹਨ। ਜੇ ਇਹ ਸਿੱਖੀ ਦੀ ਗਲ ਕਰਦੇ ਹਨ ਤਾਂ ਕੀ ਸਰਦਾਰ ਦਰਬਾਰਾ ਸਿੰਘ ਸਿੱਖ ਨਹੀਂ ਹਨ ? ਜਦੋਂ ਕਾਂਗਰਸੀ ਅਜ਼ਾਦੀ ਲਈ ਅੰਗਰੇਜ਼ਾਂ ਨਾਲ ਲੜੇ ਸਨ ਤਾਂ ਕੀ ਉਹ ਬਾਦਲ ਸਾਹਿਬ ਸਨ ਜਾਂ ਸਰਦਾਰ ਦਰਬਾਰਾ ਸਿੰਘ ਸਨ । ਇਨ੍ਹਾਂ ਨੂੰ ਸਭ ਪਤਾ ਹੈ । ਉਸ ਵੇਲੇ ਸਰਦਾਰ ਦਰਬਾਰਾ ਸਿੰਘ ਹੀ ਸਨ।

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਬਗੈਰ ਪਰਮਿਸ਼ਨ ਦੇ ਇਕੱਠੇ ਹੀ ਬੋਲਣ ਲਗੇ ** **।)

**Mr. Deputy Speaker** : Please, no Interruptions. ਇਹ ਜੋ ਕੁਝ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਹੀਂ ਕਰਨਾ।

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੰਟਰਲ ਕਰੋ। ਉਨ੍ਹਾਂ ਨੂੰ ਸਪੀਚ ਕਰ ਲੈਣ ਦਿਓ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਆਪਣੀ ਸਪੀਚ ਹੁਣ ਕਨਕਲੂਡ ਕਰੋ ਜੀ।
(ਇਸ ਵੇਲੇ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ ** **)

**ਸ੍ਰੀ ਡਿਪਟੀ ਸਪੀਕਰ** : ਇਹ ਰਿਕਾਰਡ ਨਹੀਂ ਕਰਨਾ।
ਤੁਸੀਂ ਸਾਰੇ ਬੈਠ ਜਾਓ। ਇਹ ਤੁਹਾਡੀ ਗਲ ਰਿਕਾਰਡ ਨਹੀਂ ਹੋਣੀ। ਬਾਗੀ ਸਾਹਿਬ, ਬੈਠ ਜਾਓ। ਵੈਦ ਸਾਹਿਬ ਤੁਸੀਂ ਵੀ ਬੈਠ ਜਾਓ।

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਕੰਟਰੋਲ ਕਰੋ। ਇਸ ਤਰ੍ਹਾਂ ਇਕ ਦੂਜੇ ਤੇ ਲਾਛਣ ਲਾਉਣਾ ਚੰਗੀ ਗਲ ਨਹੀਂ ਹੈ।

**Mr. Deputy Speaker** : Please, no Interruptions.

**ਵਿਕਾਸ ਮੰਤਰੀ** : ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ, ਇਹ ਫਰੀਡਮ ਸਟੱਰਗਲ ਦੀ ਕਿਤਾਬ ਪੜ੍ਹਨ। ਉਸ ਵਿਚ ਵੇਖਣ ਕਿ ਅਜ਼ਾਦੀ ਲਈ ਕੌਣ ਜੇਲ੍ਹ ਗਿਆ ਸੀ।
(ਇਸ ਵੇਲੇ ਵੀ ਬਹੁਤ ਸਾਰੇ ਮੈਂਬਰਜ਼ ਬੋਲ ਰਹੇ ਸਨ ** **।)

**ਸ੍ਰੀ ਡਿਪਟੀ ਸਪੀਕਰ** : ਇਹ ਰਿਕਾਰਡ ਨਹੀਂ ਕਰਨਾ। ਟਾਈਮ ਜ਼ਿਆਦਾ ਹੋ ਗਿਆ ਹੈ। ਤੁਸੀਂ ਹੁਣ ਕਨਕਲੂਡ ਕਰੋ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਪਰਮਿਟ ਦੀ ਕੋਈ ਗਲ ਨਹੀਂ। ਪਰਮਿਟ ਮੈਂ ਜੁੱਤੀ ਤੇ ਮਾਰਦਾ ਹਾਂ। ਕਾਂਗਰਸ ਸਰਕਾਰ ਨੇ ਹੁਣ ਪਰਮਿਟ ਖੋਲ੍ਹ ਦਿੱਤੇ ਹਨ, ਲੈ ਲਓ ਜਿਤਨੇ ਚਾਹੀਦੇ ਹਨ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਗਵਰਨਰ ਐਡਰੈਸ ਤੇ ਬੋਲੋ ਔਰ ਜਲਦੀ ਸਪੀਚ ਕਨਕਲੂਡ ਕਰੋ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਿਲਬਾਗ ਸਿੰਘ** : ਫਿਰ ਡਿਪਟੀ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪੰਜਾਬ ਵਿਚ ਸਿੱਖੀ ਦਾ ਬੋਲ ਬਾਲਾ ਹੋਵੇ । ਇਨ੍ਹਾਂ ਦੇ ਕਹਿਣ ਤੋਂ ਭਾਵ ਇਹ ਹੈ ਕਿ ਜੇ ਸਰਦਾਰ ਦਰਬਾਰਾ ਸਿੰਘ ਚੀਫ਼ ਮਨਿਸਟਰ ਹੋਵੇ ਤਾਂ ਸਿੱਖੀ ਦਾ ਬੋਲ ਬਾਲਾ ਨਹੀਂ, ਇਹ ਜਿੰਨੇ ਕਾਂਗਰਸ ਵਿਚ ਸਿੱਖ ਬੈਠੇ ਹਨ ਤਾਂ ਸਿੱਖੀ ਦਾ ਬੋਲ ਬਾਲਾ ਨਹੀਂ । ਮੇਰੇ ਨਾਲ ਧੰਨੋਵਾਲੀਆ ਸਾਹਿਬ ਬੈਠੇ ਹਨ ਪਰ ਚੌਧਰੀ ਜਗਤ ਰਾਮ ਅਤੇ ਕੇ.ਪੀ. ਸਾਹਿਬ ਵਜ਼ੀਰ ਲਏ ਹਨ ਤਾਂ ਕੀ ਇਹ ਸਿੱਖੀ ਦਾ ਬੋਲ ਬਾਲਾ ਨਹੀਂ ? ਸੈਂਟਰ ਦਾ ਹੋਮ ਮਨਿਸਟਰ ਸਿੱਖ ਹੋਵੇ ਤਾਂ ਬੋਲਬਾਲਾ ਨਹੀਂ, ਕਨੇਡਾ ਦਾ ਹਾਈ ਕਮਿਸ਼ਨਰ ਸਿੱਖ ਹੋਵੇ ਤਾਂ ਸਿੱਖੀ ਦਾ ਬੋਲਬਾਲਾ ਨਹੀਂ, ਸਰਦਾਰ ਹੁਕਮ ਸਿੰਘ ਪਹਿਲੇ ਸਪੀਕਰ ਬਣੇ ਤਾਂ ਸਿੱਖੀ ਦਾ ਬੋਲ ਬਾਲਾ ਨਹੀਂ, ਬੂਟਾ ਸਿੰਘ ਮਨਿਸਟਰ ਬਣੇ ਤਾਂ ਸਿੱਖੀ ਦਾ ਬੋਲਬਾਲਾ ਨਹੀਂ, ਪਰ ਜੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਬਣੇ ਤਾਂ ਸਿੱਖੀ ਦਾ ਬੋਲਬਾਲਾ ਹੈ। ਸੈਂਟਰ ਵਿਚ ਜੇ ਇਤਨੇ ਕਾਂਗਰਸੀ ਸਿੱਖ ਹਕੂਮਤ ਵਿਚ ਹੋਣ ਤਾਂ ਇਨ੍ਹਾਂ ਦੇ (ਅਕਾਲੀ ਪਾਰਟੀ ਲੌਂਗੋਵਾਲ) ਖਿਆਲ ਨਾਲ ਸਿੱਖੀ ਦਾ ਬੋਲ ਬਾਲਾ ਨਹੀਂ ਪਰ ਜੇ ਸੈਂਟਰ ਵਿਚ ਇਕੱਲੇ ਬਰਨਾਲਾ ਜੀ ਬੈਠੇ ਹੋਣ ਤਾਂ ਸਿੱਖੀ ਦਾ ਬੋਲ ਬਾਲਾ ਹੈ । ਇਹ ਗੱਲ ਠੀਕ ਨਹੀਂ ਹੈ । ਇਥੇ ਸੰਵਿਧਾਨ ਬਣਾਇਆ ਹੋਇਆ ਹੈ ਕਿ ਲੋਕਾਂ ਦਾ ਰਾਜ ਹੋਵੇਗਾ ਅਤੇ ਲੋਕ ਵੋਟਾਂ ਪਾ ਕੇ ਆਪਣੇ ਨੁਮਾਇੰਦੇ ਚੁਣਨਗੇ। ਕੀ ਇਨ੍ਹਾਂ ਦੀ ਸਰਕਾਰ 8-9 ਮਹੀਨਿਆਂ ਤੋਂ ਵੱਧ ਕਦੇ ਟਿੱਕੀ ਹੈ ? ਕਦੇ ਇਹ ਜਨ-ਸੰਘੀਆਂ ਦੇ ਨਾਲ ਮਿਲ ਜਾਂਦੇ ਹਨ ਕਦੇ ਇਹ ਸੀ.ਪੀ.ਆਈ. ਵਾਲਿਆਂ ਦੇ ਨਾਲ ਔਰ ਇਹ ਆਪਸ ਵਿਚ ਹੀ ਜੁੱਤੋ ਜੁੱਤੀ ਹੁੰਦੇ ਰਹਿੰਦੇ ਹਨ। ਤੁਹਾਡੇ ਨਾਲੋਂ ਜ਼ਿਆਦਾ ਗੁਰ-ਸਿੱਖ ਅਸੀਂ ਹਾਂ। ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਲੈਣ ਵਾਲਿਆਂ ਨਾਲੋਂ ਅਸੀਂ ਜ਼ਿਆਦਾ ਵੋਟਾਂ ਲੈ ਕੇ ਇਥੇ ਆਏ ਹੋਏ ਹਾਂ। ਫਿਰ ਤੁਸੀਂ ਕਿਥੋਂ ਜ਼ਿਆਦਾ ਸਿੰਘ ਹੋ ਗਏ। ਥੋੜੀ ਜਿਹੀ ਇਥੇ ਹਾਊਸ ਦੇ ਵਿਚ ਇਨਸਾਫ ਵਾਲੀ ਗੱਲ ਕਰੋ (ਵਿਘਨ) ਡਿਪਟੀ ਸਪੀਕਰ ਸਾਹਿਬ, ਰੰਧਾਵਾ ਸਾਹਿਬ ਨੇ ਪਿੰਡਾਂ ਦੀਆਂ ਗਲੀਆਂ ਨਾਲੀਆਂ ਤੇ ਇਤਨਾ ਪੈਸਾ ਖਰਚਿਆ ਹੈ ਕਿ ਸ਼ਹਿਰਾਂ ਵਰਗੇ ਨਜ਼ਾਰੇ ਪਿੰਡਾਂ ਵਿਚ ਨਜ਼ਰ ਆਉਂਦੇ ਹਨ। ਐਜੂਕੇਸ਼ਨ ਵਾਲਿਆਂ ਨੇ ਪਿੰਡਾਂ ਦੇ ਵਿਚ ਕਾਫੀ ਪ੍ਰਾਇਮਰੀ ਸਕੂਲਜ਼ ਦੀਆਂ ਇਮਾਰਤਾਂ ਬਣਾਈਆਂ ਹਨ। ਬਾਦਲ ਸਾਹਿਬ ਨੇ ਵੀ ਆਦਰਸ਼ ਸਕੂਲ ਖੋਲ੍ਹੇ ਸਨ ਜਿਹੜੇ ਕਿ ਸਾਰੇ ਪੰਜਾਬ ਵਿਚ 8 ਕੁ ਦੇ ਕਰੀਬ ਹਨ, ਅਤੇ ਉਹ ਅਮੀਰ ਘਰਾਂ ਦੇ ਬੱਚਿਆਂ ਵਾਸਤੇ ਜਿਹੜੇ ਕਿ ਆਪਣੇ ਬਚਿਆਂ ਨੂੰ ਪਬਲਿਕ ਸਕੂਲਾਂ ਵਿਚ ਭੇਜਦੇ ਹਨ, ਉਨ੍ਹਾਂ ਨੂੰ ਫਾਇਦਾ ਪਹੁੰਚਾਇਆ ਪਰ ਅਜਨਾਲਾ ਸਾਹਿਬ ਨੇ ਪਿੰਡਾਂ ਦੇ ਗਰੀਬ ਬਚਿਆਂ ਦੇ ਪੜ੍ਹਨ ਲਈ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਬਣਾਈਆਂ, ਜਿਨ੍ਹਾਂ ਦੀ ਪਹਿਲਾਂ ਕੋਈ ਛੱਤ ਨਹੀਂ ਸੀ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ। ਟਾਈਮ ਹੋ ਚੁੱਕਾ ਹੈ ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੀ ਪਾਰਟੀ ਦੇ ਸਾਥੀਆਂ ਦਾ ਟਾਈਮ ਮੈਨੂੰ ਅਲਾਟ ਕਰ ਦਿਓ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ। ਇਸ ਦੇ ਵਿਚ ਤੁਹਾਨੂੰ ਕੀ ਇਤਰਾਜ਼ ਹੋ ਸਕਦਾ ਹੈ। ਇਨ੍ਹਾਂ ਨੂੰ ਮੇਰੀ ਗੱਲ ਤਾਂ ਸੁਣ ਲੈਣ ਦਿਓ ਅਤੇ ਜਿਥੇ ਇਨ੍ਹਾਂ ਦੀ ਤਸੱਲੀ ਨਾ ਹੋਵੇ ਉਥੇ ਇਹ ਪੁੱਛ ਸਕਦੇ ਹਨ ਅਤੇ ਮੇਰੀ ਹਰ ਇਕ ਗੱਲ ਦਾ ਇਹ ਜਵਾਬ ਦੇਣ। ਪੰਜਾਬ ਦੇ ਵਿਚ ਜੋ ਅੱਜ ਹਾਲਾਤ ਪੈਦਾ ਹੋਏ ਹਨ ਜਿਸ ਦੇ ਪਿਛੇ ਕੌਣ ਹੈ, ਉਹ ਹੈ ਅਕਾਲੀ ਪਾਰਟੀ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਵਿਚ ਹਫੜਾ ਦਫੜੀ ਅਕਾਲੀ ਪਾਰਟੀ ਨੇ ਪੈਦਾ ਕੀਤੀ ਹੋਈ ਹੈ। ਜਿਸ ਪਿਛੇ ਲੌਂਗੋਵਾਲ ਗਰੁਪ ਹੈ। ** **
ਦੇਸ਼ ਨੂੰ ਆਜ਼ਾਦ ਕਰਵਾਇਆਂ ਇਨ੍ਹਾਂ ਕਾਂਗਰਸੀ ਗਾਂਧੀ ਟੋਪੀ ਵਾਲਿਆਂ ਨੇ ਅਤੇ ਕਾਂਗਰਸੀ ਸਿੱਖਾਂ ਨੇ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਡਿਪਟੀ ਸਪੀਕਰ ਸਾਹਿਬ, ਡਿਫੈਕਸ਼ਨ ਕਰਕੇ ਇਹ ਕਾਂਗਰਸ ਵਿਚ ਆਇਆ ਹੈ ਅਤੇ ਹੁਣ ਇਹ ਸਰਕਾਰ ਦਾ ** ਬਣ ਗਿਆ ਹੈ । ਇਨ੍ਹਾਂ ਨੇ ਜ਼ੈਲਦਾਰ ਬਾਰੇ ਅਤੇ ਗੁਰਦੁਆਰਿਆਂ ਦੇ ਫੰਡਜ਼ ਬਾਰੇ ਗੱਲ ਕੀਤੀ ਹੈ, ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ ਨਹੀਂ ਤਾਂ ਅਸੀਂ ਇਸ ਹਾਊਸ ਨੂੰ ਚੱਲਣ ਨਹੀਂ ਦਿਆਂਗੇ।

**ਵਿਕਾਸ ਮੰਤਰੀ** : ਡਿਪਟੀ ਸਪੀਕਰ ਸਾਹਿਬ, ਜੋ ਕੁਝ ਮਜੀਠਾ ਸਾਹਿਬ ਨੇ ਅਤੇ ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਗੁਰਦੁਆਰਿਆਂ ਦੇ ਬਾਰੇ ਅਤੇ ਜ਼ੈਲਦਾਰ ਜੀ ਦੇ ਬਾਰੇ ਅਤੇ ਸਰਦਾਰ ਦਿਲਬਾਗ ਸਿੰਘ ਨੂੰ ** ਕਾਂਗਰਸ ਦਾ ਕਿਹਾ ਗਿਆ ਹੈ, ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

**ਸ਼੍ਰੀ ਡਿਪਟੀ ਸਪੀਕਰ** : ਸ਼ਰਦਾਰ ਦਿਲਬਾਗ ਸਿੰਘ ਜੀ ਦੇ ਰਿਮਾਰਕਸ ਗੁਰਦੁਆਰਿਆਂ ਦੇ ਫੰਡਜ਼ ਅਤੇ ਜ਼ੈਲਦਾਰ ਜੀ ਨੂੰ ** ਅਤੇ ਮਜੀਠਾ ਸਾਹਿਬ ਵਲੋਂ ਸ਼ਰਦਾਰ ਦਿਲਬਾਗ ਸਿੰਘ ਜੀ ਨੂੰ ** ਦੇ ਲਫਜ਼ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਦਿਲਬਾਗ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਮਜੀਠਾ ਸਾਹਿਬ ਬਾਰੇ ਇਹ ਇਰਰੈਲੇਵੈਂਟ ਪੋਰਸ਼ਨ ਐਕਸਪੰਜ ਜੇਕਰ ਦਿੱਤਾ ਜਾਵੇ ।

---

## PERSONAL EXPLANATION BY SARDAR PARKASH SINGH MAJITHA

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** (ਮਜੀਠਾ) : ਆਨ ਏ ਪੁਆਇੰਟ ਆਫ ਪਰਸਨਲ ਐਕਸ-ਪਲੇਨੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਜੋ ਸਰਦਾਰ ਦਿਲਬਾਗ ਸਿੰਘ ਨੇ ਕਿਹਾ ਹੈ ਕਿ ਮੈਂ ਡਿਫੈਕਟ ਹੋ ਕੇ ਸਰਕਾਰ ਬਣਾਈ ਸੀ ਇਹ ਬਿਲਕੁਲ ਗਲਤ ਹੈ। ਅਸੀਂ ਉਹ ਸਰਕਾਰ ਸਿਧਾਂਤਕ ਤਰੀਕੇ ਨਾਲ ਬਣਾਈ ਸੀ ਅਤੇ ਕਾਂਗਰਸ ਦੇ ਮੋਢੇ ਉਤੇ ਚੜ੍ਹ ਕੇ ਬਣਾਈ ਸੀ । ਉਹ ਗਿਲ ਸਰਕਾਰ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਅਤੇ ਪਿੰਡਾਂ ਦੀ ਤਰੱਕੀ ਵਾਸਤੇ ਅਤੇ ਪੰਜਾਬ ਦੇ ਮੁਲਾਜ਼ਮਾਂ ਨੂੰ ਸੈਂਟਰ ਦੇ ਪੱਧਰ ਤੇ ਡੀ.ਏ. ਦਿੱਤਾ ਅਤੇ ਪੰਜਾਬ ਵਿਚ ਪੰਜਾਬੀ ਭਾਸ਼ਾ ਲਾਗੂ ਕੀਤੀ। ਅਸੀਂ ਆਪਣਾ ਅਲੱਗ ਗਰੁਪ ਬਣਾਇਆ ਸੀ ਅਸੀਂ ਕਾਂਗਰਸ ਵਿਚ ਜੁਆਇੰਨ ਨਹੀਂ ਸੀ ਕੀਤਾ ਬਲਕਿ ਅਸੀਂ ਪੰਜਾਬ ਦੇ ਪਛੜੇ ਇਲਾਕਿਆਂ ਦੀ ਮੱਦਦ ਲਈ ਸਰਕਾਰ ਕਾਇਮ ਰੱਖੀ। ਸਰਦਾਰ ਦਿਲਬਾਗ ਸਿੰਘ ਤੋਂ ਵੱਡਾ ਡਿਫੈਕਟਰ ਕੌਣ ਹੋ ਸਕਦਾ ਹੈ ਜਿਹੜਾ ਕਾਂਗਰਸ ਵਿਚ ਹੁਣ ਸ਼ਾਮਲ ਹੋਇਆ ਹੈ ।

## RESUMPTION OF DISCUSSION ON GOVERNOR'S ADDRESS

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਜਿਹੜੇ ਇਹ ਕਹਿੰਦੇ ਹਨ ਕਿ ਡਿਵੈਲਪ-ਮੈਂਟ ਕਰਾਂਗੇ ਉਹ ਡਿਵੈਲਪਮੈਂਟ ਨਹੀਂ ਸੀ ਕਰ ਰਹੇ।

**ਸ਼੍ਰੀ ਡਿਪਟੀ ਸਪੀਕਰ** : ਸਰਦਾਰ ਦਿਲਬਾਗ ਸਿੰਘ ਜੀ, ਤੁਸੀਂ ਬੈਠੋ ਔਰ ਹੁਣ ਸਰਦਾਰ ਬਲਦੇਵ ਸਿੰਘ ਖਿਆਲਾ ਜੀ, ਤੁਸੀਂ ਬੋਲੋ ।

**ਪੰਡਿਤ ਸਰਵਣ ਰਾਮ** : ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ** (ਜੋਗਾ) : ਡਿਪਟੀ ਸਪੀਕਰ ਸਾਹਿਬ, 24 ਤਾਰੀਖ ਨੂੰ ਗਵਰ-ਨਰ ਸਾਹਿਬ ਨੇ ਇਥੇ ਆਪਣਾ ਭਾਸ਼ਣ ਪੜ੍ਹਿਆ ਹੈ। ਉਹ ਭਾਸ਼ਣ ਪੰਜਾਬ ਸਰਕਾਰ ਨੇ ਤਿਆਰ ਕਰਕੇ ਉਨ੍ਹਾਂ ਨੂੰ ਦਿੱਤਾ ਸੀ। ਮੈਨੂੰ ਉਸ ਭਾਸ਼ਣ ਵਿਚ ਪੰਜਾਬ ਦੀ ਤਰੱਕੀ ਵਾਸਤੇ ਇੱਕ ਝਲਕ ਵੀ ਨਜ਼ਰ ਨਹੀਂ ਆਉਂਦੀ। ਇਕ ਸਾਲ ਦਾ ਸਮਾਂ ਤਾਂ ਇਨ੍ਹਾਂ ਨੇ ਸਰਵੇ ਕਰਨ ਤੇ ਹੀ ਲਗਾ ਦਿਤਾ ਔਰ ਉਸ ਦਾ ਕੋਈ ਨਤੀਜਾ ਲੋਕਾਂ ਦੇ ਸਾਹਮਣੇ ਨਹੀਂ ਆਇਆ। ਕਾਂਗਰਸ ਸਰਕਾਰ ਨੂੰ ਬਣੀ ਨੂੰ ਦੋ ਸਾਲ ਤੋਂ ਉਪਰ ਹੋ ਗਏ ਹਨ ਪਰ ਪੰਜਾਬ ਦੀ ਤਰੱਕੀ ਦਾ ਰੀਵਰਸ ਗੇਅਰ ਲਗ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਤਰੱਕੀ ਵਿਚ ਬਰੇਕਾਂ ਲਗ ਗਈਆਂ ਹਨ। ਪਿਛੇ ਤਿੰਨ ਸਾਲ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਸਰਕਾਰ ਚਲੀ ਸੀ। ਬਾਦਲ ਸਾਹਿਬ ਦੀ ਸਰਕਾਰ ਨੇ ਪੰਜਾਬ ਦੀ ਤਰੱਕੀ ਲਈ ਨਵੀਆਂ ਸਕੀਮਾਂ ਤਿਆਰ ਕੀਤੀਆਂ ਸਨ। ਤਿੰਨ ਸਾਲ ਵਿਚ ਪੰਜਾਬ ਦੀ ਬੜੀ ਤਰੱਕੀ ਹੋਈ ਸੀ ਔਰ ਪਿੰਡਾਂ ਦੀ ਬੜੀ ਹੀ ਡਿਵੈਲਪਮੈਂਟ ਹੋਈ ਸੀ। ਪੰਜਾਬ ਇਕ ਖੇਤੀਬਾੜੀ ਦਾ ਸੂਬਾ ਹੈ। ਇਸ ਲਈ ਸੂਬੇ ਨੂੰ ਆਵਾਜਾਈ ਦੇ ਸਾਧਨ ਚਾਹੀਦੇ ਹਨ। ਪੱਕੀਆਂ ਸੜਕਾਂ ਦੀ ਲੋੜ ਹੈ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਨੇ ਆਪਣੀ ਸਰਕਾਰ ਵੇਲੇ ਲਿੰਕ ਸੜਕਾਂ ਬਣਵਾਈਆਂ। ਇਹ ਸੜਕਾਂ ਕੋਈ ਇਕ ਕਿਲੋਮੀਟਰ ਜਾਂ 100 ਕਿਲੋਮੀਟਰ ਦੀਆਂ ਨਹੀਂ ਬਣਾਈਆਂ ਬਲਕਿ 1,000 ਕਿਲੋ ਮੀਟਰ ਦੀਆਂ ਲਿੰਕ ਸੜਕਾਂ ਬਣਵਾਈਆਂ ਸਨ। ਕਿਧਰੇ ਇਸ ਕੰਮ ਲਈ ਬਜਰੀ ਪਈ ਸੀ ਔਰ ਕਿਧਰੇ ਇਸ ਕੰਮ ਲਈ ਲੁੱਕ ਪਈ ਸੀ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਖੁਸ਼ਹਾਲ ਕਰਨ ਵਾਸਤੇ ਪਿੰਡਾਂ ਦੇ ਵਿਚ ਫੋਕਲ ਪੁਆਇੰਟ ਦੀ ਸਕੀਮ ਸ਼ੁਰੂ ਕੀਤੀ ਸੀ ਤਾਂ ਕਿ ਕਿਸਾਨਾਂ ਨੂੰ ਧੱਕੇ ਨਾ ਖਾਣੇ ਪੈਣ, ਅਨਾਜ ਬਰਬਾਦ ਨਾ ਹੋਵੇ ਅਤੇ ਕਿਸਾਨ ਆਪਣੀ ਜਿਨਸ ਨੂੰ ਘਰ ਬੈਠੇ ਹੀ ਵੇਚ ਸਕਣ।

**ਪੰਡਿਤ ਸਰਵਣ ਰਾਮ** : ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ** : ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਤਰਕੀ ਖੇਤੀਬਾੜੀ ਤੇ ਨਿਰਭਰ ਕਰਦੀ ਹੈ। ਪੰਜਾਬ ਦੀ ਖੇਤੀਬਾੜੀ ਨੂੰ ਉੱਨਤ ਕਰਨ ਲਈ ਹੀ ਫੋਕਲ ਪੁਆਇੰਟ ਬਣਾਏ ਗਏ ਸਨ। ਪਿੰਡਾਂ ਵਿਚ ਬੈਂਕ ਖੋਲ੍ਹੇ ਗਏ ਤਾਕਿ ਪਿੰਡਾਂ ਦੇ ਕਿਸਾਨ ਆਪਣੀ ਜਿਨਸ ਉਥੇ ਹੀ ਵੇਚ ਸਕਣ। ਡਿਪਟੀ ਸਪੀਕਰ ਸਾਹਿਬ, ਜਦੋਂ ਪਿੰਡਾਂ ਦੇ ਲੋਕ ਬਿਮਾਰ ਹੋ ਜਾਂਦੇ ਸਨ ਤਾਂ ਉਨ੍ਹਾਂ ਲਈ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਪਿੰਡਾਂ ਵਿਚ 25-25 ਬੇਡਿਡ ਹਸਪਤਾਲ ਬਣਾਏ ਔਰ ਪਿੰਡਾਂ ਵਿਚ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਔਰ ਸਰਕਾਰ ਨੇ ਕਰੋੜਾਂ ਰੁਪਏ ਇਕੱਠੇ ਕਰਕੇ ਲਿਆਂਦੇ। ਇੱਕ ਫੋਕਲ ਪੁਆਇੰਟ ਵਾਸਤੇ 10 ਏਕੜ ਜ਼ਮੀਨ ਪਿੰਡਾਂ ਦੇ ਲੋਕਾਂ ਨੇ ਦਿਤੀ ਜਿਹੜੀ ਕਿ 5 ਲੱਖ ਦੀ ਇਕੱਲੀ ਜ਼ਮੀਨ ਹੀ ਬਣਦੀ ਹੈ। ਲੋਕਾਂ ਨੇ ਮਿਲ ਕੇ ਟਰਾਲੀਆਂ ਦੇ ਨਾਲ ਮਿੱਟੀ ਪਾਈ ਸੀ। ਇੱਕ-ਇੱਕ ਪਿੰਡ ਵਾਲਿਆਂ ਨੇ ਡਿਪਟੀ ਸਪੀਕਰ ਸਾਹਿਬ, 10-10 ਲੱਖ ਰੁਪਿਆ ਇਕੱਠਾ ਕਰਕੇ ਦਿਤਾ। (ਥੰਪਿੰਗ) ਇਸ ਤਰ੍ਹਾਂ ਕੁਲ ਕਰੋੜਾਂ ਰੁਪਏ ਇਕੱਠੇ ਕਰਕੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਫੋਕਲ ਪੁਆਇੰਟ ਬਣਾਏ ਸਨ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਵਿਚ ਇਹ ਲਿਖਣਾ ਚਾਹੀਦਾ ਸੀ ਕਿ ਪਿਛਲੀ ਸਰਕਾਰ ਨੇ ਇਤਨੀਆਂ ਸੜਕਾਂ ਬਣਵਾਈਆਂ ਔਰ ਹੁਣ ਇਤਨੀਆਂ ਸੜਕਾਂ ਬਣੀਆਂ ਹਨ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਪਿਛਲੀ ਸਰਕਾਰ ਨੇ ਇਤਨੇ ਬਿਜਲੀ ਦੇ ਕੁਨੈਕਸ਼ਨ ਦਿੱਤੇ ਸਨ ਔਰ ਹੁਣ ਦੀ ਸਰਕਾਰ ਨੇ ਇਤਨੇ ਬਿਜਲੀ ਦੇ ਕੁਨੈਕਸ਼ਨ ਦਿਤੇ ਹਨ। ਪਰ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੁਝ ਵੀ ਜ਼ਿਕਰ ਨਹੀਂ ਕੀਤਾ ਗਿਆ। ਇਥੇ ਹੀ ਬਸ ਨਹੀਂ ਹੈ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੀ ਪਿਛਲੀ ਸਰਕਾਰ ਨੇ ਆਦਰਸ਼ ਸਕੂਲਾਂ ਦੀ ਕਾਢ ਕੱਢੀ ਤਾਕਿ ਲੋਕਾਂ ਨੂੰ ਚੰਗੀ ਵਿਦਿਆ ਮਿਲ ਸਕੇ ਪਰ ਕਾਂਗਰਸ ਸਰਕਾਰ ਨੇ ਤਾਂ ਬਰੇਕਾਂ ਹੀ ਲਗਾ ਦਿਤੀਆਂ ਹਨ। ਇਹ ਬਰੇਕਾਂ ਦਾ ਲਫਜ਼ ਇਸ ਭਾਸ਼ਣ ਵਿਚ ਲਿਖ ਦੇਣਾ ਚਾਹੀਦਾ ਸੀ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਪਾਣੀ ਦੀ ਵੰਡ ਬਾਰੇ ਗੱਲ ਕੀਤੀ ਗਈ ਹੈ ਇਹ ਕਹਿੰਦੇ ਹਨ ਕਿ ਦਰਿਆਵਾਂ ਵਿਚ ਪਾਣੀ ਵਧ ਗਿਆ ਹੈ। ਅਗਰ ਪਿਛਲੇ ਸਾਲ 1976-77 ਦੇ ਸਾਲ ਨਾਲੋਂ ਪਾਣੀ ਵਧ ਗਿਆ ਹੈ ਤਾਂ ਫਿਰ ਉਹ ਪਾਣੀ ਕਿਥੇ ਗਿਆ। ਕੀ ਪਾਣੀ ਡੁਲ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਬੇਸਲੈਸ ਗਲ ਕਰ ਰਹੀ ਹੈ ਪੰਜਾਬ ਦੇ ਦਰਿਆ ਸੁਕੇ ਪਏ ਹਨ ਮੈਂ ਕਹਿੰਦਾ ਹਾਂ ਕਿ ਪਾਣੀ ਵਧਿਆ ਨਹੀਂ ਹੈ ਬਲਕਿ ਪਾਣੀ ਸੁਕ ਰਿਹਾ ਹੈ ਇਹ ਪੰਜਾਬ ਦੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਉਣ ਵਾਲੀ ਗਲ ਕੀਤੀ ਗਈ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਗਿਆ ਹੈ ਕਿ ਖਾਲੇ ਪੱਕੇ ਕਰਾਂਗੇ, ਨਹਿਰਾਂ ਪੱਕੀਆਂ ਕਰਾਂਗੇ ਅਤੇ 39,000 ਏਕੜ ਵਾਧੂ ਰਕਬੇ ਦੀ ਸਿੰਜਾਈ ਹੋਵੇਗੀ। ਇਸ ਤਰ੍ਹਾਂ ਕੁੱਲ 65,000 ਏਕੜ ਰਕਬਾ ਬਣ ਜਾਂਦਾ ਹੈ, ਜਿਹੜਾ ਕਿ ਠੀਕ ਨਹੀਂ ਹੈ। ਜਿਸ ਨੇ ਵੀ ਇਹ ਅੰਕੜੇ ਦਿਤੇ ਹਨ, ਉਹ ਸਹੀ ਅੰਕੜੇ ਨਹੀਂ ਦਿਤੇ ਹਨ। ਡਿਪਟੀ ਸਪੀਕਰ ਸਾਹਿਬ, ਕੋਈ ਵੀ ਝਲਕ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਨਹੀਂ ਮਿਲਦੀ। ਗਵਰਨਰ ਸਾਹਿਬ ਦੇ ਐਡਰੈਸ ਵਿਚ ਲਿਖਿਆ ਗਿਆ ਹੈ ਕਿ ਮੇਰੀ ਸਰਕਾਰ ਕੁਰਪਸ਼ਨ ਨੂੰ ਖਤਮ ਕਰਨ ਲਈ ਉਪਰਾਲੇ ਕਰ ਰਹੀ ਹੈ। ਕੋਈ ਵੀ ਉਪਰਾਲੇ ਇਸ ਸਰਕਾਰ ਨੇ ਕੁਰੱਪਸ਼ਨ ਨੂੰ ਖਤਮ ਕਰਨ ਵਾਸਤੇ ਨਹੀਂ ਕੀਤੇ। ਅਸੀਂ ਤਾਂ ਹੈਰਾਨ ਹਾਂ ਕਿ ਪੰਜਾਬ ਇਕ ਖੇਤੀਬਾੜੀ ਸੂਬਾ ਹੈ ਪਰ ਇਥੇ ਜਿਨਸਾਂ ਦੇ ਭਾਅ ਠੀਕ ਨਹੀਂ ਮਿਲ ਰਹੇ ਹਨ। ਬਿਜਲੀ ਨਹੀਂ ਮਿਲ ਰਹੀ ਹੈ। ਪਾਣੀ ਨਹੀਂ ਮਿਲ ਰਿਹਾ ਹੈ। ਐਗਰੀਕਲਚਰਲ ਯੂਨੀਵਰਸਿਟੀ ਦੇ ਮੁਤਾਬਿਕ ਕਿਸਾਨਾਂ ਦਾ ਪੈਦਾਵਾਰ ਤੇ ਬਹੁਤ ਖਰਚ ਆ ਰਿਹਾ ਹੈ। ਪਿਛੇ ਜਿਹੇ ਡਿਪਟੀ ਸਪੀਕਰ ਸਾਹਿਬ, ਸਾਡੇ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਪੰਜਾਬ ਦਾ ਦੌਰਾ ਕੀਤਾ ਅਤੇ ਕਿਹਾ ਗਿਆ ਕਿ ਟੀਚਾ ਪੂਰਾ ਕਰੋ। ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਜੀ, ਨੇ ਕਿਹਾ ਕਿ ਅਸੀਂ ਆਪਣਾ ਨਿਸ਼ਾਨਾ ਪੂਰਾ ਕਰਾਂਗੇ। ਫਿਰ ਉਸ ਵਕਤ ਪਾਬੰਦੀ ਲਗਾ ਦਿਤੀ ਗਈ ਕਿ ਜ਼ਿਮੀਂਦਾਰ ਆਪਣੀ ਜਿਨਸ ਨੂੰ ਇਕ ਕਿਲੋਮੀਟਰ ਜਾਂ 8 ਕਿਲੋਮੀਟਰ ਤਕ ਵੀ ਦੂਜੇ ਜ਼ਿਲ੍ਹੇ ਵਿਚ ਨਹੀਂ ਲਿਜਾ ਸਕਦਾ।

**ਸ਼੍ਰੀ ਚਮਨ ਲਾਲ :** ** ** **

**ਸ਼੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ:** ਜੇ ਸਰਕਾਰ ਇਥੋਂ ਕਣਕ ਖਰੀਦ ਕਰਕੇ ਦੂਸਰਿਆਂ ਸੂਬਿਆਂ ਵਿਚ ਜਿਥੇ ਇਸ ਦੀ ਲੋੜ ਸੀ ਉਥੇ ਸਹੀ ਭਾਅ ਵਿਚ ਦਿੰਦੀ ਤਾਂ ਸਾਨੂੰ ਘਟ ਦੁੱਖ ਹੁੰਦਾ। ਪਰ ਬੜੇ ਅਫਸੋਸ ਦੀ ਗਲ ਹੈ ਕਿ ਕਿਸਾਨਾਂ ਦੀ ਦਸਾਂ ਨੌਹਾਂ ਦੀ ਕਮਾਈ ਕਣਕ ਨੂੰ ਸਸਤੇ ਭਾਅ ਤੇ ਲੈ ਕੇ ਸਰਕਾਰ ਨੇ, ਵਜ਼ੀਰਾਂ ਦੇ ਚਹੇਤਿਆਂ ਨੇ ਉਨ੍ਹਾਂ ਦੀ ਕਣਕ ਦੀਆਂ ਗੱਡੀਆਂ ਬਾਹਰ ਭੇਜੀਆਂ। ਇੱਕ ਇੱਕ ਗੱਡੀ ਤੇ ਸੱਠ ਸੱਠ ਹਜ਼ਾਰ ਰੁਪਿਆ ਬਲੈਕ ਦਾ ਲਿਆ ਗਿਆ। ਪੰਜਾਬ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਖਿਆਲਾ]

ਵਿਚੋਂ ਇਹ ਕਣਕ 130 ਰੁਪਏ ਕੁਇੰਟਲ ਦੇ ਹਿਸਾਬ ਨਾਲ ਖਰੀਦ ਕੇ ਬਾਹਰ 320 ਰੁਪਏ ਕੁਇੰਟਲ ਦੇ ਹਿਸਾਬ ਨਾਲ ਵੇਚੀ ਜਾ ਰਹੀ ਹੈ। 60,000 ਰੁਪਿਆ ਇਕ ਗਡੀ ਮਗਰ ਬਲੈਕ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਤੁਹਾਡੇ ਵਜ਼ੀਰ ਤੁਹਾਨੂੰ ਵੀ ਇਸ ਵਿਚੋਂ ਕੋਈ ਹਿੱਸਾ ਦਿੰਦੇ ਹਨ ਜਾਂ ਇਹ ਇਕੱਲੇ ਆਪ ਹੀ ਖਾਈ ਜਾਂਦੇ ਹਨ ? ਜੇਕਰ ਇਹ ਇਸ ਬਾਰੇ ਪੜਤਾਲ ਕਰਨ ਤਾਂ ਮੈਂ ਇਸ ਸਬੰਧ ਵਿਚ ਸਬੂਤ ਦੇਣ ਨੂੰ ਤਿਆਰ ਹਾਂ। ਸੀ.ਬੀ.ਆਈ. ਦੀ ਇਨਕੁਆਇਰੀ ਬਿਠਾਉਣੀ ਚਾਹੀਦੀ ਹੈ ਕਿ ਪੰਜਾਬ ਵਿਚੋਂ ਕਿੰਨੀਆਂ ਗਡੀਆਂ ਕਣਕ ਦੀਆਂ ਬਾਹਰ ਗਈਆਂ ਹਨ ਔਰ ਕਿਨ੍ਹਾਂ ਦੇ ਨਾਂ ਤੇ ਇਹ ਗਡੀਆਂ ਭੇਜੀਆਂ ਗਈਆਂ ਹਨ। ਸ਼ਹਿਰਾਂ ਵਿਚ ਇਨ੍ਹਾਂ ਨੂੰ ਪਾਰਟੀਆਂ ਨੇ 18, 18 ਚਾਹ ਪਾਰਟੀਆਂ ਦਿਤੀਆਂ ਹਨ। ਬੜੀ ਹੈਰਾਨੀ ਦੀ ਗਲ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਪਟਵਾਰੀ ਪਕੜ ਲਿਆ ਹੈ। ਫਿਰ ਇਹ ਕਹਿੰਦੇ ਹਨ ਕਿ ਇਥੇ ਬੜਾ ਸਾਫ ਰਾਜ ਹੈ । ਮੈਂ ਕਹਿੰਦਾ ਹਾਂ ਕਿ ਇਸ ਸਬੰਧ ਵਿਚ ਸੀ.ਬੀ.ਆਈ. ਵਲੋਂ ਇਨਕੁਆਇਰੀ ਕਰਾਉਣ ਬਾਰੇ ਐਲਾਨ ਕਰੋ। ਮਾਨਸਾ ਔਰ ਜੈਤੋ ਤੋਂ ਗਡੀਆਂ ਅੱਜ ਵੀ ਬਾਹਰ ਜਾ ਰਹੀਆਂ ਹਨ। ਇਸ ਬਾਰੇ ਇਨਕੁਆਇਰੀ ਸੀ.ਬੀ.ਆਈ. ਵਲੋਂ ਹੋਣੀ ਚਾਹੀਦੀ ਹੈ।

ਫਿਰ ਇਸ ਵਿਚ ਕਿਹਾ ਗਿਆ ਹੈ ਕਿ ਅਤਿਵਾਦੀ ਅਨਸਰਾਂ ਨੇ ਪੰਜਾਬ ਵਿਚ ਬਦਅਮਨੀ ਫੈਲਾਉਣੀ ਸ਼ੁਰੂ ਕੀਤੀ। ਪਰ ਇਹ ਕਿਤੇ ਨਹੀਂ ਦਸਿਆ ਗਿਆ ਕਿ ਕੀ ਮੌਕੇ ਤੇ ਸਾਰੇ ਮੁਲਜ਼ਮ ਪਕੜ ਲਏ ਗਏ ਕਿ ਨਹੀਂ। ਇਸ ਬਾਰੇ ਇਸ ਭਾਸ਼ਣ ਵਿਚ ਕੋਈ ਜ਼ਿਕਰ ਨਹੀਂ ਹੈ। ਸਰਕਾਰ ਦੀ ਜ਼ਿਮੇਂ-ਵਾਰੀ ਬਣਦੀ ਹੈ ਜਦੋਂ ਪੰਜਾਬ ਵਿਚ ਕਿਸੇ ਦੀ ਮੌਤ ਹੋਵੇ ਤਾਂ ਮੌਤ ਕਰਨ ਵਾਲੇ ਨੂੰ ਸਜ਼ਾ ਦਿੱਤੀ ਜਾਵੇ। ਪਰ ਜੋ ਕੁਝ ਪੰਜਾਬ ਵਿਚ ਹੋਇਆ ਹੈ, ਉਹ ਸਰਕਾਰ ਦੀ ਨਾਅਹਿਲੀਅਤ ਦਾ ਸਬੂਤ ਹੈ। ਸਰਕਾਰ ਦੀ ਨਾਅਹਿਲੀਅਤ ਹੈ ਕਿ ਇੱਕ ਵੀ ਐਫ. ਆਈ. ਆਰ. ਮੌਕੇ ਦੇ ਗਵਾਹ ਵਲੋਂ ਦਰਜ ਨਹੀਂ ਕਰਾਈ ਗਈ। ਜਿੰਨਾ ਚਿਰ ਆਈ ਵਿਟਨੈਸ ਵਲੋਂ ਰਿਪੋਰਟ ਨਾ ਦਰਜ ਕਰਾਈ ਜਾਏ ਉਨਾਂ ਚਿਰ ਕਿਸੇ ਨੂੰ ਸਜ਼ਾ ਨਹੀਂ ਮਿਲਦੀ। ਪਿਛੇ ਜਿਹੇ ਇੱਕ ਮਾਨਯੋਗ ਅਖਬਾਰ ਦੇ ਐਡੀਟਰ ਨੂੰ ਮਾਰਿਆ ਗਿਆ, ਉਸ ਦਾ ਸਾਨੂੰ ਅਫਸੋਸ ਹੈ। ਪਰ ਉਸ ਦੀ ਮੌਤ ਤੋਂ ਬਾਅਦ ਜੋ ਪੰਜਾਬ ਸਰਕਾਰ ਨੇ ਡਰਾਮਾ ਕੀਤਾ ਉਸ ਤੇ ਵੀ ਅਫਸੋਸ ਹੈ। ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਸਰਕਾਰ ਵਲੋਂ ਬਿਆਨ ਆਇਆ ਕਿ 3 ਮੁਲਜ਼ਮ ਪਕੜੇ ਗਏ ਹਨ। ਫਿਰ 2 ਘੰਟੇ ਬਾਅਦ ਇਨ੍ਹਾਂ ਦਾ ਬਿਆਨ ਆਇਆ ਕਿ 3 ਨਹੀਂ 2 ਮੁਲਜ਼ਮ ਪਕੜੇ ਗਏ ਹਨ। ਫਿਰ ਇਨ੍ਹਾਂ ਦਾ ਬਿਆਨ ਆਇਆ ਕਿ 2 ਨਹੀਂ 1 ਮੁਲਜ਼ਮ ਪਕੜਿਆ ਗਿਆ ਹੈ। ਫਿਰ ਇਨ੍ਹਾਂ ਵਲੋਂ ਬਿਆਨ ਆਇਆ ਕਿ ਮੁਲਜ਼ਮ ਨੂੰ ਕਿਸੇ ਯੂ. ਪੀ. ਦੇ ਭਈਏ ਨੇ ਪਕੜ ਲਿਆ ਹੈ। ਜੋ ਆਦਮੀਂ ਐਨੇ ਨਿਧੜਕ ਹੋਣ ਔਰ ਜਰਨੈਲੀ ਸੜਕ ਤੇ ਕਤਲ ਕਰ ਸਕਦੇ ਹੋਣ ਉਨ੍ਹਾਂ ਬਾਰੇ ਕਿਵੇਂ ਯਕੀਨ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕੋਈ ਯੂ. ਪੀ. ਦਾ ਭਈਆ ਪਕੜ ਲਏ। ਇਹ ਝੂਠ ਹੈ। ਉਸ ਤੋਂ ਬਾਅਦ ਇਨ੍ਹਾਂ ਨੇ ਕਿਹਾ ਕਿ ਯੂ. ਪੀ. ਦੇ ਭਈਏ ਨੇ ਨਹੀਂ ਬਲਕਿ ਇੱਕ ਏ. ਐਸ. ਆਈ. ਨੇ ਪਕੜ ਲਿਆ ਹੈ। ਅੱਜ ਤਕ ਇਹ ਚੀਜ਼ ਸਾਬਤ ਨਹੀਂ ਹੋ ਸਕੀ ਕਿ ਉਸ ਨੂੰ ਕਿਸ ਨੇ ਪਕੜਿਆ ਔਰ ਕਿਥੇ ਪਕੜਿਆ। ** ** **

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਆਨ ਏ ਪੁਆਇੰਟ ਆਫ ਆਰਡਰ, ਸਰ। ਜਿਸ ਕੇਸ ਦਾ ਜ਼ਿਕਰ ਇਹ ਹਾਊਸ ਵਿਚ ਕਰ ਰਹੇ ਹਨ ਉਹ ਅਦਾਲਤ ਵਿਚ ਚਲ ਰਿਹਾ ਹੈ ਅਤੇ ਇਹ ਸਬਜੁਡਿਸ ਹੈ। ਇਹ ਸਾਰੀ ਬਹਿਸ ਉਸ ਕੇਸ ਤੇ ਅਸਰ-ਅੰਦਾਜ਼ ਹੋਏਗੀ। ਇਸ ਲਈ ਇਹ ਜੋ ਕੁਝ ਸੰਤ ਜੀ ਦੀ ਗ੍ਰਿਫਤਾਰੀ ਬਾਰੇ ਕਿਹਾ ਗਿਆ ਹੈ, ਇਹ ਐਕਸਪੰਜ ਹੋਣਾ ਚਾਹੀਦਾ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ**: ਸੰਤ ਜੀ ਬਾਰੇ ਜੋ ਕੁਝ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿਓ।

**ਸਰਦਾਰ ਬਲਦੇਵ ਸਿੰਘ ਖਿਆਲਾ**: ** **

**ਸ੍ਰੀ ਡਿਪਟੀ ਸਪੀਕਰ**: ਜੋ ਬੰਦੇ ਇਥੇ ਹਾਜ਼ਰ ਨਹੀਂ ਹਨ ਉਨ੍ਹਾਂ ਬਾਰੇ ਜੋ ਕੁਝ ਕਿਹਾ ਜਾ ਰਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਏ।

**ਵਿਕਾਸ ਮੰਤਰੀ**: ਜਦੋਂ ਇਨਕੁਆਇਰੀ ਕਮਿਸ਼ਨ ਮੁਕਰਰ ਹੋ ਚੁੱਕਾ ਹੈ ਫਿਰ ਉਸ ਬਾਰੇ ਇਥੇ ਹਾਊਸ ਵਿਚ ਬੋਲਣਾ ਨਹੀਂ ਚਾਹੀਦਾ ਹੈ। ਇਹ ਜੋ ਕੁਝ ਕਹਿ ਰਹੇ ਹਨ, ਇਹ ਐਕਸਪੰਜ ਕਰਾਉਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ**: ਇਸ ਬਾਰੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਏ। ਤੁਸੀਂ ਇਕ ਮਿੰਟ ਵਿਚ ਵਾਈਂਡ ਅੱਪ ਕਰੋ।

**ਸਰਦਾਰ ਬਲਦੇਵ ਸਿੰਘ ਖਿਆਲਾ**: ** **

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਡਿਪਟੀ ਸਪੀਕਰ ਸਾਹਿਬ, ਇਥੇ ਖਿਆਲਾ ਜੀ ਨੇ **

**ਸ੍ਰੀ ਡਿਪਟੀ ਸਪੀਕਰ**: ਉਹ ਸ਼ਬਦ ਐਕਸਪੰਜ ਹੋ ਚੁੱਕੇ ਹਨ। ਸੰਤ ਜੀ ਬਾਰੇ ਕਹੇ ਗਏ ਸ਼ਬਦ ਐਕਸਪੰਜ ਕਰ ਦਿਤੇ ਜਾਂਦੇ ਹਨ।

**ਸਰਦਾਰ ਜਗਦੇਵ ਸਿੰਘ ਜੱਸੋਵਾਲ**: ਡਿਪਟੀ ਸਪੀਕਰ ਸਾਹਿਬ, ਖਿਆਲਾ ਜੀ ਉਸ ਮਸਲੇ ਦਾ ਇਸ ਹਾਊਸ ਵਿਚ ਜ਼ਿਕਰ ਕਰ ਰਹੇ ਹਨ ਜਿਹੜਾ ਸਬਜੁਡਿਸ ਹੈ। ਇਹ ਸਾਰਾ ਐਕਸਪੰਜ ਕਰਾਓ ਜੀ।

**ਸ੍ਰੀ ਡਿਪਟੀ ਸਪੀਕਰ**: ਉਹ ਸਾਰੇ ਵਰਡਜ਼ ਐਕਸਪੰਜ ਹੋ ਚੁਕੇ ਹਨ।

**ਸਰਦਾਰ ਬਲਦੇਵ ਸਿੰਘ ਖਿਆਲਾ**: ਪੰਜਾਬ ਦੀ ਸਰਕਾਰ ਨੇ ਇਸ ਗੱਲ ਦਾ ਤਹੱਈਆ ਕਰ ਲਿਆ ਸੀ ਕਿ ਸਾਰੇ ਪੰਜਾਬ ਨੂੰ ਅੱਗ ਦੇ ਭੰਬੜ ਵਿਚ ਪਾ ਦੇਣਾ ਹੈ (ਵਿਘਨ) ਇਹ ਪੰਜਾਬ ਨੂੰ ਤਬਾਹ ਕਰਨਾ ਚਾਹੁੰਦੇ ਹਨ। ਐਨਾ ਕੁਝ ਕਹਿੰਦਾ ਹੋਇਆ ਮੈਂ ਬੈਠਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਡਿਪਟੀ ਸਪੀਕਰ ਸਾਹਿਬ, ਪਿੰਡ ਦਾਓਕੇ ਵਿਚ ਜੋ ਵਾਕਿਆ ਹੋਇਆ ਉਸ ਬਾਰੇ ਸੀ. ਐਮ. ਨੇ ਕੱਲ੍ਹ ਕਿਹਾ ਸੀ ਕਿ ਮੈਂ ਕੱਲ ਨੂੰ ਇਸ ਬਾਰੇ ਸਦਨ ਵਿਚ ਸਟੇਟਮੈਂਟ ਦਿਆਂਗਾ। (ਵਿਘਨ) ਅਸੀਂ ਕਹਿੰਦੇ ਹਾਂ ਕਿ ਉਸ ਦੀ ਇਨਕੁਆਇਰੀ ਲਈ ਕਮੇਟੀ ਬਣਾਓ। ਉਨ੍ਹਾਂ ਨੂੰ ਕਹੋ ਕਿ ਉਹ ਪਹਿਲਾਂ ਕਮੇਟੀ ਬਨਾਉਣ ਬਾਰੇ ਆਪਣੀ ਸਟੇਟਮੈਂਟ ਦੇਣ।

## STATEMENT BY THE CHIEF MINISTER

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਡਿਪਟੀ ਸਪੀਕਰ ਸਾਹਿਬ, ਅਗਰ ਇਹ ਕਹਿੰਦੇ ਹਨ ਤਾਂ ਮੈਂ ਇਸ ਬਾਰੇ ਪਹਿਲਾਂ ਸਟੇਟਮੈਂਟ ਦੇ ਦਿੰਦਾ ਹਾਂ ਅਤੇ ਗਵਰਨਰ ਐਡਰੈਸ ਤੇ ਹੋਈ ਬਹਿਸ ਦਾ ਜਵਾਬ ਬਾਅਦ ਵਿਚ ਦੇ ਦਿਆਂਗਾ।

**ਅਵਾਜ਼ਾਂ**: ਪਹਿਲਾਂ ਇਸ ਬਾਰੇ ਸਟੇਟਮੈਂਟ ਦਿਓ।

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ**: ਮੈਂ ਬਾਹਰ ਆਪਣੇ ਸੀ. ਆਈ. ਡੀ. ਵਾਲਿਆਂ ਨੂੰ ਵੀ ਭੇਜਿਆ ਹੈ ਤਾਂ ਕਿ ਉਹ ਵੀ ਆਪਣੀ ਰਿਪੋਰਟ ਲਿਆ ਕੇ ਦੇਣ। ਅਸੀਂ ਆਪਣੀ ਕਮੇਟੀ ਬਣਾ ਕੇ ਵੀ ਭੇਜਾਂਗੇ ਤਾਂਕਿ ਪਤਾ ਲਗੇ ਕਿ ਕੀ ਗੱਲ ਹੈ। (ਥੰਪਿੰਗ)

## RESUMPTION OF DISCUSSION ON GOVERNOR'S ADDRESS

ਮੁੱਖ **ਮੰਤਰੀ** (ਸਰਦਾਰ ਦਰਬਾਰਾ ਸਿੰਘ): ਡਿਪਟੀ ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਇਥੇ ਕਾਫੀ ਜ਼ਿੰਮੇਦਾਰ ਸੱਜਣਾਂ ਨੇ ਕਾਫੀ ਜ਼ਿੰਮੇਦਾਰ ਗੱਲਾਂ ਕੀਤੀਆਂ ਹਨ। ਉਨ੍ਹਾਂ ਵਿਚੋਂ ਮੈਂ ਬਿਲਕੁਲ ਵਾਜ਼ੇ ਤੌਰ ਤੇ ਕਹਿਣਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਦੇ ਲੀਡਰ ਨੇ ਪਹਿਲੀ ਵਾਰ ਬੜਾ ਖੁੱਲ ਕੇ ਇਸ ਅਸੈਂਬਲੀ ਵਿਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਅਸੀਂ ਬਿਲਕੁਲ ਨੈਸ਼ਨੇਲਿਸਟ ਹਾਂ। (ਵਿਘਨ) ਇਸ ਬਾਰੇ ਹੋਰ ਵੀ ਚੰਦ ਆਦਮੀਆਂ ਨੇ ਕਿਹਾ ਹੈ ਕਿ ਅਸੀਂ ਨੈਸ਼ਨੇਲਿਸਟ ਹਾਂ।

| | |
|---|---|
| *12.13 (ਬਾਅਦ ਦੁਪਹਿਰ) | (ਇਸ ਸਮੇਂ ਸ੍ਰੀ *ਸਪੀਕਰ ਨੇ ਕੁਰਸੀ ਸੰਭਾਲੀ।) |

ਉਨ੍ਹਾਂ ਨੇ ਕਿਹਾ ਕਿ ਅਸੀਂ ਮੁਲਕ ਦੀ ਇੰਟੈਗਰੇਸ਼ਨ ਚਾਹੁੰਦੇ ਹਾਂ। ਮੈਨੂੰ ਇਸ ਗਲ ਦੀ ਖੁਸ਼ੀ ਹੈ। ਸਪੀਕਰ ਸਾਹਿਬ, ਮੈਂ ਵਾਜ਼ੇ ਗੱਲਾਂ ਕਥਨੀਆਂ ਚਾਹੁੰਦਾ ਹਾਂ, ਇਸ ਲਈ ਜੇ ਕੁਝ ਟਾਈਮ ਜ਼ਿਆਦਾ ਵੀ ਲੱਗ ਜਾਵੇ ਤਾਂ ਦੇਖ ਲੈਣਾ।

**ਸ੍ਰੀ ਸਪੀਕਰ** : ਠੀਕ ਹੈ।

ਮੁੱਖ **ਮੰਤਰੀ** (ਸਰਦਾਰ ਦਰਬਾਰਾ ਸਿੰਘ): ਕਾਫੀ ਸਮਾਂ ਸੱਜਣਾਂ ਨੇ ਬੋਲਣ ਲਈ ਲਿਆ ਹੈ ਉਸ ਦਾ ਮੁਕਤਸਰ ਜਿਹਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ। ਉਸ ਦੇ ਲਈ ਵੀ ਸਮਾਂ ਚਾਹੀਦਾ ਹੈ। ਮੈਨੂੰ ਖੁਸ਼ੀ ਹੈ ਕਿ ਸਾਡੇ ਕਾਂਗਰਸ ਲੈਜਿਸਲੇਟਰਜ਼ ਨੇ ਬੜੀਆਂ ਕੰਸਟਰੱਕਟਿਵ ਪਰਪੋਜ਼ਲਜ਼ ਦਿਤੀਆਂ ਹਨ। ਮੈਂ ਉਨ੍ਹਾਂ ਬਾਰੇ ਬਾਅਦ ਵਿਚ ਜ਼ਿਕਰ ਕਰਾਂਗਾ। ਮੈਨੂੰ ਇਸ ਗੱਲ ਦਾ ਖੇਦ ਹੈ ਕਿ ਇਥੇ ਇਨ੍ਹਾਂ (ਆਪੋ-ਜ਼ੀਸ਼ਨ ਵਲ ਇਸ਼ਾਰਾ) ਨੇ ਵੀ ਸਰਕਾਰ ਚਲਾਈ ਪਰ ਉਸ ਸਮੇਂ ਜਦੋਂ ਗਵਰਨਰ ਸਾਹਿਬ ਆਪਣਾ ਐਡਰੈਸ ਪੜ੍ਹ ਰਹੇ ਹੋਣ ਤਾਂ ਕਿਸੇ ਨੇ ਵੀ ਉਠ ਕੇ ਵਿਚ ਆਪਣਾ ਭਾਸ਼ਣ ਨਹੀਂ ਪੜ੍ਹਿਆ। ਜਿਸ ਤਰ੍ਹਾਂ ਕਿ ਇਨ੍ਹਾਂ ਨੇ ਪੜ੍ਹਨਾ ਸ਼ੁਰੂ ਕੀਤਾ। ਮੈਂ ਪਿਛਲੀ ਵਾਰੀ ਵੀ ਬੇਨਤੀ ਕੀਤੀ ਸੀ ਅਤੇ ਹੁਣ ਵੀ ਕਰਦਾ ਹਾਂ ਕਿ ਇਹ ਸਾਡੀਆਂ ਰਵਾਇਤਾਂ, ਕਨਵੈਨਸ਼ਨਜ਼ ਦੇ ਉਲਟ ਗਲ ਹੈ। ਜਦੋਂ ਗਵਰਨਰ ਸਾਹਿਬ ਆਪਣਾ ਭਾਸ਼ਣ ਪੜ੍ਹਦੇ ਹੋਣ ਤਾਂ ਉਸੇ ਵੇਲੇ ਨਾਲ ਦੀ ਨਾਲ ਆਪਣਾ ਭਾਸ਼ਣ ਪੜ੍ਹਿਆ ਜਾਵੇ ਇਹ ਗਲਤ ਗੱਲ ਹੈ। ਡੈਮੋਕਰੇਸੀ ਵਿਚ ਜਿਹੜੀ ਆਜ਼ਾਦੀ ਮਿਲੀ ਹੋਈ ਹੈ ਉਸ ਨੂੰ ਵਾਜ਼ੇ ਤੌਰ ਤੇ ਇਸਤੇਮਾਲ ਕੀਤਾ ਜਾਵੇ, ਉਸ ਦੀ ਗਲਤ ਵਰਤੋਂ ਕਰਨੀ ਠੀਕ ਗੱਲ ਨਹੀਂ ਹੈ। ਸਪੀਕਰ ਸਾਹਿਬ, ਇਹੀ ਨਹੀਂ ਕੀਤਾ, ਇਥੇ ਨਾਹਰੇ ਮਾਰੇ ਗਏ। ਤੁਸੀਂ ਹਾਊਸ ਦੇ ਬਾਹਰ ਗੌਰਮਿੰਟ ਦੇ ਖਿਲਾਫ ਕੋਈ ਗੱਲ ਕਹਿੰਦੇ ਹੋ ਤਾਂ ਅਸੀਂ ਕੋਈ ਇਤਰਾਜ਼ ਨਹੀਂ ਕੀਤਾ। ਪਰ ਇਸ ਹਾਊਸ ਵਿਚ ਅਜਿਹਾ ਕਰਨਾ ਠੀਕ ਨਹੀਂ ਹੈ। ਇਸ ਹਾਊਸ ਦੀ ਪਰੰਪਰਾ ਕਾਇਮ ਰੱਖਣੀ ਚਾਹੀਦੀ ਹੈ। ਜਿੰਨੀ ਸਾਡੀ ਜ਼ਿੰਮੇਦਾਰੀ ਹੈ ਉਨੀ ਜ਼ਿੰਮੇਦਾਰੀ ਆਪੋਜ਼ੀਸ਼ਨ ਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੀ ਪਾਰਟੀ ਨੂੰ ਸਿੱਧ ਕਰਨ ਵਾਸਤੇ ਕਿ ਅਸੀਂ ਨੈਸ਼ਨੇਲਿਸਟ ਰਹੇ ਹਾਂ ਇਸ ਗੱਲ ਉਤੇ ਬੜਾ ਜ਼ੋਰ ਦਿਤਾ ਅਤੇ ਬਹੁਤ ਕੁਝ ਕਿਹਾ। ਉਨ੍ਹਾਂ ਨੇ ਆਪਣੀ ਪਾਰਟੀ ਬਾਰੇ ਦੱਸਿਆ ਕਿ ਉਸ ਨੇ ਕੀ ਕੀਤਾ ਅਤੇ ਸਿੱਖਾਂ ਨੇ ਕੀ ਕੀਤਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਬਾਰਡਰ ਦੀ ਸਟੇਟ ਹੈ। 1947 ਤੋਂ ਪਹਿਲੇ ਦੇਸ਼ ਦੀ ਆਜ਼ਾਦੀ ਲਈ ਬਹੁਤ ਸਾਰਿਆਂ ਨੇ ਕੁਰਬਾਨੀਆਂ ਕੀਤੀਆਂ, ਆਜ਼ਾਦੀ ਦੀ ਖਾਤਰ ਬੜੀ ਲੜਾਈ ਲੜੀ ਅਤੇ ਬਹੁਤ ਕੰਮ ਕੀਤਾ।

Original with;
Punjab Vidhan Sabha
Digitized by;
Panjab Digital Library

ਉਸ ਵਿਚ, ਸਪੀਕਰ ਸਾਹਿਬ, ਮੈਂ ਤੁਹਾਡੀ ਯਾਦ-ਦਾਸ਼ਤ ਵਾਸਤੇ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਕੱਲਾ ਕੋਈ ਅਕਾਲੀ ਨਹੀਂ ਸੀ, ਇਕੱਲਾ ਕੋਈ ਸਿੱਖ ਨਹੀਂ ਸੀ ਸਗੋਂ ਸਾਰਿਆਂ ਨੇ ਰਲਕੇ ਹਿੱਸਾ ਪਾਇਆ ਸੀ। ਪਰ ਜੇ ਇਹ ਕਿਹਾ ਜਾਵੇ ਕਿ ਸਿੱਖਾਂ ਨੇ ਬਹੁਤ ਕੁਝ ਕੀਤਾ, ਸਿੱਖਾਂ ਵਿਚ ਇਕੱਲੀ ਅਕਾਲੀ ਪਾਰਟੀ ਨਹੀਂ ਹੈ, ਸਿੱਖਾਂ ਵਿਚ ਹਰ ਵਰਗ ਦੇ ਆਦਮੀ ਹਨ, ਹਰ ਖਿਆਲ ਦੇ ਆਦਮੀ ਮੌਜੂਦ ਹਨ। ਸਭ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ ਮੂਵਮੈਂਟ ਚਲਾਈ ਸੀ। ਉਦੋਂ ਕਨੇਡਾ ਵਿਚ ਗਦਰ ਪਾਰਟੀ ਬਣੀ ਸੀ। ਲੋਕਾਂ ਨੇ ਆਪਣੀ ਜਾਨ ਤਲੀ ਤੇ ਰੱਖ ਕੇ ਦੇਸ਼ ਦੀ ਖਾਤਰ ਕੰਮ ਕੀਤਾ, ਫਾਂਸੀਆਂ ਤੇ ਚੜ੍ਹੇ, ਕੁਰਬਾਨੀਆਂ ਦਿਤੀਆਂ ਜਿਸ ਦਾ ਸ਼ਾਇਦ ਅੱਜ ਇਨ੍ਹਾਂ ਨੂੰ ਪਤਾ ਨਹੀਂ। ਉਹ ਲੋਕ ਕਿੰਨੀ ਵਾਰੀ ਜੇਲ੍ਹ ਵਿਚ ਗਏ। ਉਸ ਵੇਲੇ ਲੋਕਾਂ ਨੇ ਕਿੰਨੇ ਤਸੀਹੇ ਝੱਲੇ, ਕੋਹਲੂਆਂ ਵਿਚ ਪੀੜੇ ਗਏ, ਕਾਲੇ ਪਾਣੀਆਂ ਵਿਚ ਗਏ। ਸੋ ਜਿਨ੍ਹਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਵਿਚ ਇਕੱਲੇ ਸਿੱਖ ਹੀ ਨਹੀਂ ਸਨ। ਉਨ੍ਹਾਂ ਵਿਚ ਸਿੱਖ ਵੀ ਸਨ ਅਤੇ ਦੂਸਰੇ ਵਰਗ ਦੇ ਲੋਕ ਵੀ ਸਨ। ਅਸੀਂ ਕਹਿੰਦੇ ਹਾਂ ਕਿ ਸਿੱਖਾਂ ਦਾ ਇਕ ਸ਼ਾਨਦਾਰ ਇਤਿਹਾਸ ਹੈ ਲੇਕਿਨ ਸ਼ਾਨਦਾਰ ਇਤਿਹਾਸ ਵਿਚ ਇਕ ਪਾਰਟੀ ਦਾ ਹਿੱਸਾ ਨਹੀਂ ਹੈ। 1947 ਤੋਂ ਪਹਿਲਾਂ ਜਿਨ੍ਹਾਂ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਉਸ ਵਿਚ ਹਰ ਵਰਗ ਦੇ ਲੋਕ, ਹਰ ਖਿਆਲ ਦੇ ਲੋਕ ਸਨ। ਇਸ ਵਿਚ ਕੋਈ ਸ਼ੱਕ ਨਹੀਂ ਸਿੱਖਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ। ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਕਾਮਾਗਾਟਾ-ਮਾਰੂ ਜਹਾਜ਼ ਵਾਲਾ ਆਦਮੀ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਜਦ ਉਹ ਜਹਾਜ਼ ਲੈ ਕੇ ਆਇਆ ਤਾਂ ਉਸ ਦੀ ਛਾਤੀ ਵਿਚ ਗੋਲੀ ਲੱਗੀ। ਫਿਰ ਗਦਰ ਪਾਰਟੀ ਵਾਲਿਆਂ ਨੇ ਕੁਰਬਾਨੀਆਂ ਕੀਤੀਆਂ। ਉਹ ਅਕਾਲੀ ਪਾਰਟੀ ਨਾਲ ਤੁਅਲੱਕ ਨਹੀਂ ਸੀ ਰੱਖਦੇ। (ਥੰਪਿੰਗ) ਇਹ ਮੈਨੂੰ ਦੱਸਣ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦਾ ਇਨ੍ਹਾਂ ਨੇ ਕਿੰਨਾ ਸਨਮਾਨ ਕੀਤਾ ? ਊਧਮ ਸਿੰਘ ਨਾਗੋਕੇ, ਜੱਥੇਦਾਰ ਮੋਹਣ ਸਿੰਘ ਅਤੇ ਜਲਾਲਉਸਮਾਨ ਦਾ ਇਨ੍ਹਾਂ ਨੇ ਕਿੰਨਾ ਆਦਰ ਮਾਨ ਕੀਤਾ ਹੈ? ਉਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਦਾ ਆਦਰ ਮਾਨ ਕਰ ਲਓ। ਉਨ੍ਹਾਂ ਦਾ ਆਦਰ ਮਾਨ ਨਹੀਂ ਕੀਤਾ ਸਗੋਂ ਇਨ੍ਹਾਂ ਨੇ ਉਨ੍ਹਾਂ ਦੀ ਨਿਖੇਧੀ ਕੀਤੀ ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ। ਫਿਰ ਇਹ ਕਹਿੰਦੇ ਹਨ ਕਿ ਗੁਰਦੁਆਰਾ ਮੂਵਮੈਂਟ ਵਿਚ ਲੋਕਾਂ ਨੇ ਸੈਕਰੇਫਾਇਸ ਕੀਤਾ, ਠੀਕ ਹੈ ਕੀਤੀ ਪਰ ਮੈਂ ਇਨ੍ਹਾਂ ਦੀ ਯਾਦਦਾਸ਼ਤ ਵਾਸਤੇ ਕਹਿਣਾ ਚਾਹੁੰਦਾ ਹਾਂ ਕਿ ਭਾਵੇਂ ਉਹ ਅੰਮ੍ਰਿਤਸਰ ਜ਼ਿਲ੍ਹੇ ਦੇ ਹੋਣ ਜਾਂ ਕਿਸੇ ਵੀ ਜ਼ਿਲ੍ਹੇ ਦੇ ਹੋਣ ਉਨ੍ਹਾਂ ਲੋਕਾਂ ਨੇ ਚਾਦਰੇ ਮਾਰੇ ਹੋਏ ਸਨ ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ। ਉਨ੍ਹਾਂ ਵਿਚ ਰੋਅ ਸੀ। ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੇ ਆਪ ਨੂੰ ਕੈਦ ਕਰਵਾਇਆ। (ਥੰਪਿੰਗ) ਉਨ੍ਹਾਂ ਦੇ ਖਾਨਦਾਨ ਦੀਆਂ 4 ਪੁਸ਼ਤਾਂ ਹੋ ਗਈਆਂ ਹਨ ਉਨ੍ਹਾਂ ਨੇ ਇਸ ਦੇਸ਼ ਨੂੰ ਇੰਟੇਗਰੇਟ ਕੀਤਾ। ਉਹ ਦੇਸ਼ ਨੂੰ ਅਗੇ ਲੈ ਗਏ ਹਨ। ਉਨ੍ਹਾਂ ਦੇ ਜਾਨਸ਼ੀਨ ਸ਼੍ਰੀਮਤੀ ਇੰਦਰਾ ਗਾਂਧੀ ਨੇ ਦੇਸ਼ ਨੂੰ ਇਕੱਠਾ ਕੀਤਾ ਅਤੇ ਉਸੇ ਵਜ੍ਹਾ ਕਰਕੇ ਦੇਸ਼ ਅੱਜ ਅੱਗੇ ਵਧ ਰਿਹਾ ਹੈ। (ਥੰਪਿੰਗ) ਸਪੀਕਰ ਸਾਹਿਬ, ਮੁਲਕ ਨੂੰ ਡਿਸਇੰਟੇਗਰੇਟ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਚੰਗੇ ਆਦਮੀ ਬਾਰੇ ਮਾੜੀ ਗੱਲ ਕਰਨੀ ਇਨ੍ਹਾਂ ਦੀ ਆਪਣੀ ਜ਼ਬਾਨ ਨੂੰ ਸ਼ੋਭਾ ਨਹੀਂ ਦਿੰਦੀ। ਜਿਨ੍ਹਾਂ ਨੇ ਦੇਸ਼ ਦੀ ਖਾਤਰ ਕੁਰਬਾਨੀਆਂ ਕੀਤੀਆਂ ਹਨ ਉਨ੍ਹਾਂ ਬਾਰੇ ਮਾੜੀਆਂ ਗੱਲਾਂ ਕਹਿਣਾ ਠੀਕ ਨਹੀਂ ਹੈ। ਇਥੇ ਕਿਹਾ ਗਿਆ ਕਿ ਅਸ਼ੋਰੈਂਸਿਜ਼ ਦਿਤੀਆਂ ਗਈਆਂ ਸਨ। ਅਸ਼ੋਰੈਂਸਿਜ਼ ਕੀ ਦਿਤੀਆਂ ਸਨ? ਮੈਂ ਇਸ ਗਲ ਵਿਚ ਨਹੀਂ ਜਾਂਦਾ। ਸਰਦਾਰ ਕਪੂਰ ਸਿੰਘ ਬੜੇ ਪੜ੍ਹੇ ਲਿਖੇ ਸੱਜਣ ਹਨ, ਉਹ ਐਮ. ਪੀ. ਰਹੇ ਹਨ। ਉਨ੍ਹਾਂ ਨੇ ਆਪਣੀ ਕੋਈ ਕਿਤਾਬ ਲਿਖੀ ਹੈ ਅਤੇ ਉਸ ਵਿਚ ਉਨ੍ਹਾਂ ਨੇ ਲਿਖਿਆ ਹੈ ਉਨ੍ਹਾਂ ਦੀ ਕਿਤਾਬ ਦਾ ਹਵਾਲਾ ਦੇ ਕੇ ਇਨ੍ਹਾਂ ਨੇ ਕਿਹਾ ਹੈ। ਸਾਡਾ ਕੰਸਟੀਚਿਊਸ਼ਨ ਬਣਿਆ ਹੋਇਆ ਹੈ। ਉਸ ਦੇ ਵਿੱਚ ਜਿਨ੍ਹਾਂ ਨੇ ਵੀ ਕੋਈ ਗਲ ਕਹੀ ਹੈ ਸਾਡਾ ਜੋ ਕੰਸਟੀਚਿਊਸ਼ਨ ਹੈ ਉਹ ਉਸ ਦੀ ਸੰਭਾਲ ਕਰਦਾ ਹੈ। ਕਿਸੇ ਨੇ ਕਿਧਰੇ ਕੋਈ ਲੈਕਚਰ ਕੀਤਾ, ਕਿਸੇ ਨੇ ਕਿਧਰੇ ਕੋਈ ਗਲ ਕਹੀ ਉਹ ਸਾਡਾ ਕੰਸਟੀਚਿਊਸ਼ਨ ਲਪੇਟ ਵਿਚ ਲੈ ਲੈਂਦਾ ਹੈ। ਸਾਡੇ ਕੰਸਟੀਚਿਊਸ਼ਨ ਦੇ ਆਰਟੀਕਲ 25, 26, 29 ਅਤੇ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

30 ਹਨ ਜਿਹੜੇ ਮਾਈਨਾਰਿਟੀ ਦੀ ਸੇਫ-ਗਾਰਡ ਵਾਸਤੇ ਹਨ, ਮਾਈਨਾਰਿਟੀ ਦੀ ਪ੍ਰੋਟੈਕਸ਼ਨ ਵਾਸਤੇ ਹਨ। ਅੱਜ ਇਹ ਗਲ ਕਹੀ ਜਾਵੇ ਕਿ ਕੰਸਟੀਚਿਊਸ਼ਨ ਵਿਚ ਕੋਈ ਪ੍ਰੋਵੀਜ਼ਨ ਨਹੀਂ ਇਹ ਬਿਲਕੁਲ ਗਲਤ ਬਾਤ ਹੋਵੇਗੀ। ਜੇ ਸਿਰਫ ਪ੍ਰਚਾਰ ਦੇ ਵਾਸਤੇ ਹੀ ਕੋਈ ਗਲ ਕਰਨੀ ਹੋਵੇ ਤਾਂ ਉਹ ਅਲੈਹਦਾ ਬਾਤ ਹੈ। ਮੈਂ ਇਸ ਕਰਕੇ, ਸਪੀਕਰ ਸਾਹਿਬ, ਇਸ ਦਾ ਜ਼ਿਕਰ ਕੀਤਾ ਹੈ ਕਿਉਂਕਿ ਬਾਰ ਬਾਰ ਇਥੇ ਇਹ ਕਿਹਾ ਗਿਆ ਹੈ ਕਿ ਸਿੱਖਾਂ ਨਾਲ ਬੇਇਨਸਾਫੀ ਹੁੰਦੀ ਹੈ। ਇਹ ਵੀ ਕਿਹਾ ਗਿਆ ਕਿ ਸਾਡੇ ਮਿਲਣ ਵਿਚ ਦਰਬਾਰਾ ਸਿੰਘ ਰਸਤੇ ਵਿੱਚ ਰੁਕਾਵਟ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਤਅਨ ਬਾਤ ਠੀਕ ਨਹੀਂ ਹੈ, ਇਹ ਬਿਲਕੁਲ ਗਲਤ ਬਾਤ ਹੈ। ਮੈਂ ਹਾਊਸ ਵਿਚ ਪੁਰਜ਼ੋਰ ਸ਼ਬਦਾਂ ਨਾਲ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਲੀਡਰ ਸ਼੍ਰੀਮਤੀ ਇੰਦਰਾ ਗਾਂਧੀ ਜੀ ਹਨ, ਉਹ ਜੋ ਫੈਸਲਾ ਕਰਨ ਸਾਨੂੰ ਮਨਜ਼ੂਰ ਹੈ। (ਥੰਪਿੰਗ) ਜਾਣਾ ਵੀ ਹੈ ਅਤੇ ਮੇਰਾ ਨਾਮ ਵੀ ਲਈ ਜਾਣਾ, ਇਹ ਠੀਕ ਨਹੀਂ ਹੈ। ਮੇਰਾ ਕੋਈ ਬਿਆਨ ਦਸ ਦਿਓ, ਮੇਰੀ ਕੋਈ ਸਟੇਟਮੈਂਟ ਦਸ ਦਿਓ ਜਿਥੇ ਮੈਂ ਕੋਈ ਇਸ ਤਰ੍ਹਾਂ ਦੀ ਗਲ ਕੀਤੀ ਹੋਵੇ। ਤੁਸੀਂ ਆਪਣੀਆਂ ਡਿਮਾਂਡਜ਼ ਦਿੱਤੀਆਂ ਹਨ। ਉਨ੍ਹਾਂ ਡਿਮਾਂਡਜ਼ ਦੇ ਵਿਚ ਕੁਝ ਰਿਲੀਜਸ ਡਿਮਾਂਡਜ਼ ਵੀ ਹਨ, ਪੋਲੀਟੀਕਲ ਡਿਮਾਂਡਜ਼ ਵੀ ਹਨ ਅਤੇ ਇਕਨਾਮਿਕ ਡਿਮਾਂਡਜ਼ ਵੀ ਹਨ। ਕਰ ਲਓ ਗਲ। ਮੈਨੂੰ ਤਾਂ ਕਿਸੇ ਨੇ ਕੁਝ ਪੁਛਿਆ ਨਹੀਂ। ਜੇ ਕੋਈ ਪੁਛੇਗਾ ਤਾਂ ਦੱਸ ਦੇਵਾਂਗਾ। ਤੁਸੀਂ ਪੁਛੋਗੇ ਤਾਂ ਤੁਹਾਨੂੰ ਵੀ ਦਸਾਂਗਾ, ਸ਼ਾਇਦ ਮੇਰੀ ਕੀਤੀ ਗਲ ਤੁਹਾਡੀ ਰੇਂਜ ਦੀ ਪਕੜ ਵਿਚ ਆ ਜਾਵੇ, ਗਲ ਕਰਕੇ ਦੇਖ ਲਓ। ਮੈਂ ਕਈ ਵਾਰੀ ਕਿਹਾ ਹੈ ਅਤੇ ਹੁਣ ਵੀ ਕਹਿੰਦਾ ਹਾਂ ਕਿ ਅਪੋਜ਼ੀਸ਼ਨ ਪਾਰਟੀ ਦੇ ਲੀਡਰ ਜਾਂ ਦੂਸਰੀਆਂ ਪਾਰਟੀਆਂ ਦੇ ਲੀਡਰ ਮੇਰੇ ਨਾਲ ਕੋਈ ਗਲ ਬਾਤ ਕਰਨਗੇ ਤਾਂ ਮੈਂ ਸਾਰਿਆਂ ਨੂੰ ਵੈਲਕਮ ਕਰਦਾ ਹਾਂ। ਡੇਮਕਰੇਸੀ ਦੇ ਨਾਮ ਤੇ ਤੁਸੀਂ ਗਲਾਂ ਕਹੀ ਜਾਵੋ ਪਰ ਇਹ ਤਾਂ ਕੋਈ ਡੈਮੋਕਰੇਸੀ ਨਹੀਂ ਹੈ ਕਿ ਜਦੋਂ ਵੀ ਉਠੋ ਮੁਰਦਾਬਾਦ, ਜਦੋਂ ਵੀ ਉਠੋ ਮੁਰਦਾਬਾਦ। ਬਾਹਰ ਇਹ ਕਰੋ, ਅਸੀਂ ਵੀ ਕਰਦੇ ਹਾਂ, ਤੁਸੀਂ ਵੀ ਕਰਦੇ ਹੋ ਇਹ ਪਾਰਟੀ ਦੀ ਗਲ ਹੈ ਪਰ ਇਥੇ ਤਾਂ ਪਾਰਟੀ ਨਹੀਂ ਤੁਸੀਂ ਇਕ ਲੈਜਿਸਲੇਟਰ ਹੋ, ਤੁਸੀਂ ਕੋਈ ਕਮਪਰੀਹੈਨਸਿਵ ਪਰੋਪੋਜ਼ਲ ਇਥੇ ਲਿਆਓ ਉਸ ਦਾ ਲਾਜ਼ਮੀ ਤੌਰ ਤੇ ਅਸਰ ਪਵੇਗਾ। ਮੈਂ ਤਾਂ ਤੁਹਾਨੂੰ ਇਹੀ ਕਹਾਂਗਾ ਕਿ ਤੁਸੀਂ ਸਾਡੇ ਕੋਲ ਇਥੇ ਠੋਸ ਪਰੋਪੋਜ਼ਲਜ਼ ਲਿਆਓ।

ਸਪੀਕਰ ਸਾਹਿਬ, ਸ਼ੁਰੂ ਵਿਚ ਮੈਂ ਇਹ ਗਲ ਕਹਿਣਾ ਚਾਹੁੰਦਾ ਸੀ ਪਰ ਹੁਣ ਕਹਿ ਦਿੰਦਾ ਹਾਂ ਇਥੇ ਕਿਹਾ ਗਿਆ ਕਿ ਮੈਂ ਸੂਬੇ ਦੀ ਮੁਖਾਲਫਤ ਕੀਤੀ ਹੈ। ਠੀਕ ਹੈ। ਮੇਰੀ ਆਪਣੀ ਰਾਇ ਸੀ, ਤੁਹਾਡੀ ਆਪਣੀ ਰਾਇ ਸੀ। ਤੁਸੀਂ ਸੂਬੇ ਵਾਸਤੇ ਕੀ ਕੀਤਾ ਹੈ? ਮੈਂ ਤਾਂ ਇਹੀ ਕਹਿੰਦਾ ਹੁੰਦਾ ਸੀ ਕਿ ਸੂਬਾ ਵੱਡਾ ਹੋਣਾ ਚਾਹੀਦਾ ਹੈ। ਇਸ ਦੇ ਲਈ ਇਕ ਕਮਿਸ਼ਨ ਬਣਿਆ ਜਿਹੜਾ ਤਿੰਨ ਸੱਜਣਾਂ ਦਾ ਕਮਿਸ਼ਨ ਸੀ, ਸਟੇਟ ਰੀਆਰਗੇਨਾਈਜ਼ੇਸ਼ਨ ਕਮਿਸ਼ਨ। ਉਨ੍ਹਾਂ ਨੇ ਕਿਹਾ ਸੀ ਕਿ 10 ਸਾਲ ਐਸੇ ਹਾਲਾਤ ਹਨ ਕਿ ਪੰਜਾਬ ਔਰ ਹਿਮਾਚਲ ਇਕ ਦੂਜੇ ਤੇ ਨਿਰਭਰ ਹਨ। ਇਕਨਾਮਿਕ ਤੌਰ ਤੇ, ਪਾਣੀਆਂ ਦੇ ਤੌਰ ਤੇ ਅਤੇ ਹੋਰ ਕੋਈ ਚੀਜ਼ਾਂ ਦੀ ਸਮੱਗਰੀ ਜਿਹੜੀ ਪਹਾੜਾਂ ਵਿੱਚ ਪਈ ਹੈ ਉਸ ਕਰਕੇ ਇਹ ਇਕ ਦੂਜੇ ਤੇ ਨਿਰਭਰ ਹਨ। ਇਸ ਲਈ 10 ਸਾਲ ਤੋਂ ਬਾਅਦ ਜੋ ਕਰਨਾ ਹੈ ਉਹ ਕਰਨਾ ਚਾਹੀਦਾ ਹੈ। ਠੀਕ ਹੈ, ਹਾਲਾਤ ਬਦਲੇ ਹਨ ਔਰ ਹਾਲਾਤ ਬਦਲ ਕੇ ਇਸ ਤਰ੍ਹਾਂ ਹੋਇਆ ਹੈ ਅਤੇ ਸੂਬਾ ਬਣਿਆ ਹੈ। ਇਸ ਦੇ ਨਾਲ ਨੁਕਸਾਨ ਜ਼ਰੂਰ ਹੋਇਆ ਹੈ ਪਰ ਮੈਂ ਤਾਂ ਨਹੀਂ ਸੀ ਕਿਹਾ ਕਿ ਇਸ ਨੂੰ ਮੰਨ ਲਓ। ਦੀਪ ਮਾਲਾ ਇਥੇ ਹੋਈ, ਤਿੰਨ ਦਿਨ ਦੀ ਛੁਟੀ ਕੀਤੀ ਗਈ ਲਿੰਗੁਇਸਟਿਕ ਸੂਬਾ ਇਤਨਾ ਛੋਟਾ ਜਿਹਾ ਇਹ ਫਿਰ ਬਣ ਗਿਆ ਇਹ ਕਹਿੰਦੇ ਸਨ ਕਿ ਚਾਹੇ ਚਿੜੀ ਦੇ ਪਹੁੰਚੇ ਜਿੰਨਾ ਸਾਨੂੰ ਸੂਬਾ ਮਿਲ ਜਾਏ ਪਰ ਸਾਨੂੰ ਮਿਲ ਜਾਏ ਜੋ ਪੰਜਾਬ ਦੇ ਇਲਾਕੇ ਰਹਿ ਗਏ ਹਨ ਉਸ ਦੇ ਲਈ ਅਸੀਂ ਤਾਂ ਨਹੀਂ ਸੀ ਕਿਹਾ ਕਿ

Original with;
Punjab Vidhan Sabha
Digitized by;
Panjab Digital Library

ਤੁਸੀਂ ਪੇਸ਼ ਨਾ ਹੋਵੋ ਅਸੀਂ ਤਾਂ ਨਹੀਂ ਕਿਹਾ ਕਿ ਉਹ ਇਲਾਕੇ ਤੁਸੀਂ ਦੇ ਦਿਓ। ਇਥੇ ਸਪੀਕਰ ਸਾਹਿਬ, ਇਕ ਕਮਿਸ਼ਨ ਆਇਆ ਸੀ ਜਿਸ ਦਾ ਨਾਮ ਸੀ ਸ਼ਾਹ ਕਮਿਸ਼ਨ ਤਾਂ ਉਸ ਦੇ ਕੋਲ ਅਸੀਂ ਹੀ ਪੇਸ਼ ਹੋਏ ਸੀ ਕੋਈ ਨਹੀਂ ਹੋਰ ਬਤੌਰ ਪਾਰਟੀ ਉਸ ਦੇ ਸਾਹਮਣੇ ਪੇਸ਼ ਹੋਇਆ। ਜੇ ਇਹ ਪੇਸ਼ ਹੋਏ ਸੀ ਤਾਂ ਦਸ ਦੇਣ। ਸਿਰਫ ਕਾਂਗਰਸ ਪਾਰਟੀ ਵਾਲੇ ਹੀ ਉਸ ਦੇ ਸਾਹਮਣੇ ਪੇਸ਼ ਹੋਏ। ਸਪੀਕਰ ਸਾਹਿਬ, ਇਹ ਮੇਰੇ ਪਾਸ ਇਕ ਕਿਤਾਬ ਹੈ ਇਸ ਕਿਤਾਬ ਦੇ ਵਿਚ ਸਾਰੀਆਂ ਉਨ੍ਹਾਂ ਪਾਰਟੀਆਂ ਦੇ, ਉਨ੍ਹਾਂ ਲੋਕਾਂ ਦੇ ਨਾਮ ਦਰਜ ਹਨ ਜਿਹੜੇ ਪ੍ਰਸਨਲ ਤੌਰ ਤੇ ਔਰ ਪਾਰਟੀ ਦੇ ਤੌਰ ਤੇ ਪੇਸ਼ ਹੋਏ ਸੀ। ਅਨੰਦਪੁਰ ਸਾਹਿਬ ਔਰ ਖਰੜ ਬਾਰੇ ਕਿਸੇ ਨੇ ਸਵਾਲ ਨਹੀਂ ਸੀ ਉਠਾਇਆ। ਪਾਰਲੀਮੈਂਟ ਵਿਚ ਮੈਂ ਤੇ ਸਰਦਾਰ ਬੂਟਾ ਸਿੰਘ ਨੇ ਕਿਹਾ। ਇਸ ਦੀ ਅਮੈਂਡਮੈਂਟ ਕਰਵਾਈ। ਹੋਰ ਕਿਸੇ ਨੇ ਸਵਾਲ ਨਹੀਂ ਸੀ ਉਠਾਇਆ। ਚੰਡੀਗੜ੍ਹ ਦੀ ਗਲ ਕੀਤੀ ਗਈ। ਅਬੋਹਰ ਔਰ ਫਾਜ਼ਿਲਕਾ ਦੇ ਬਾਰੇ ਕਿਹਾ ਗਿਆ ਕਿ ਇਹ ਬੇਸ਼ਕ ਲੈ ਲਓ ਅਤੇ ਸੂਬੇ ਨੂੰ ਹੋਰ ਛੋਟਾ ਕਰ ਦਿਓ। ਪੌਣੇ ਤਿੰਨ ਸਾਲ ਇਨ੍ਹਾਂ ਦੀ ਹਕੂਮਤ ਰਹੀ, ਉਸ ਪੀਰੀਅਡ ਵਿਚ ਇਹ ਕੁਝ ਨਹੀਂ ਕਰ ਸਕੇ। ਪਾਲੇਟਿਕਸ ਵਿਚ ਇਹ ਕਦੇ ਨਹੀਂ ਹੁੰਦਾ ਕਿ ਮਜਾਰਿਟੀ ਦੂਸਰਿਆਂ ਦੇ ਰਾਈਟਸ ਨੂੰ ਹਾਸਲ ਕਰ ਸਕੇ, ਜੋ ਇਸ ਤਰ੍ਹਾਂ ਕਰੋਗੇ ਤਾਂ ਲੋਕ ਤੁਹਾਡੇ ਨਾਲ ਨਹੀਂ ਰਹਿਣਗੇ। ਇਹ ਡੈਮੋਕਰੇਸੀ ਹੈ ਅਤੇ ਇਸ ਡੈਮੋਕਰੇਸੀ ਦੇ ਰਾਜ ਵਿਚ ਇਧਰ, ਉਧਰ ਅਦਲਾ ਬਦਲੀ ਹੁੰਦੀ ਰਹਿੰਦੀ ਹੈ। ਫਿਰ, ਸਪੀਕਰ ਸਾਹਿਬ, ਤੁਸੀਂ ਦੇਖੋ ਕਿ ਜਦੋਂ ਪੰਜਾਬੀ ਸੂਬਾ ਬਣਿਆਂ ਤਾਂ ਸਰੋਪਾ ਕਿਸ ਨੂੰ ਦਿਤਾ ? ਦੇਵੀ ਲਾਲ ਨੂੰ। ਪੰਜਾਬੀ ਸੂਬਾ ਜਦੋਂ ਬਣਿਆ ਸੀ ਉਦੋਂ ਇਨ੍ਹਾਂ ਨੂੰ ਕਿਹਾ ਸੀ ਕਿ ਚੰਡੀਗੜ੍ਹ ਵਿਚ ਲੇਕ ਵਾਲੇ ਪਾਸੇ ਲਕੀਰ ਖਿਚ ਦਿਓ ਜੇ ਹਰਿਆਣੇ ਵਾਲੇ ਚੀਕਾਂ ਮਾਰ ਕੇ ਨਾ ਚਲੇ ਜਾਣ ਕਿਉਂਕਿ ਨਾ ਉਧਰ ਕੋਈ ਇੰਡਸਟਰੀ ਹੈ, ਨਾ ਕੋਈ ਕਾਲਜ ਹੈ। ਉਦੋਂ ਇਹ ਕਹਿੰਦੇ ਸੀ ਕਿ ਦਰਬਾਰਾ ਸਿੰਘ ਦਾ ਦਿਮਾਗ ਖਰਾਬ ਹੈ। ਚੰਗੇ ਦਿਮਾਗ ਵਾਲਿਆਂ ਦੀ ਗਲ ਤੁਸੀਂ ਦੇਖ ਹੀ ਲਈ ਹੈ। ਫਾਜ਼ਿਲਕਾ ਔਰ ਅਬੋਹਰ ਦੀ ਫਰਟਾਈਲ ਜ਼ਮੀਨ ਜਿਥੇ ਕਾਟਨ ਬਹੁਤ ਜ਼ਿਆਦਾ ਹੁੰਦਾ ਹੈ, ਉਹ ਇਹ ਕਹਿੰਦੇ ਹਨ ਕਿ ਚਲੇ ਜਾਂਦੇ ਹਨ ਇਲਾਕੇ ਤਾਂ ਚਲੇ ਜਾਣ। ਇਹ ਸੋਚਦੇ ਹਨ ਕਿ ਕੁਝ ਹਿੰਦੂ ਇਥੋਂ ਆਉਂਦੇ ਹਨ ਉਹ ਹੀ ਸਾਡੇ ਗਲੋਂ ਲਥਣਗੇ। ਸਪੀਕਰ ਸਾਹਿਬ, ਗਲੋਂ ਲਥਣ ਵਾਲੀ ਪਾਲਿਸੀ ਨੇ ਹੀ ਸਾਨੂੰ ਖਰਾਬ ਕੀਤਾ ਹੈ। ਇਹ ਮੈਂ ਇਸ ਕਰਕੇ ਅਰਜ਼ ਕੀਤੀ ਹੈ ਕਿਉਂਕਿ ਇਥੇ ਬਹੁਤ ਸਾਰੀਆਂ ਗਲਾਂ ਕਹੀਆਂ ਗਈਆਂ ਹਨ।

ਫਿਰ, ਸਪੀਕਰ ਸਾਹਿਬ, ਇਥੇ ਪਾਣੀ ਦੇ ਬਾਰੇ ਕਹਿੰਦੇ ਹਨ ਕਿ ਹਿਮਾਚਲ ਵਿੱਚ ਹੈ। ਇਸ ਦਾ ਜ਼ਿਕਰ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਵੀ ਕੀਤਾ ਸੀ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਸੀ ਕਿ ਹਾਈਡਲਜ਼ ਜ਼ਿਆਦਾ ਕਰਨੇ ਚਾਹੀਦੇ ਹਨ। ਇਸ ਦਾ ਜ਼ਿਕਰ ਮੈਂ ਬਾਅਦ ਵਿੱਚ ਕਰਾਂਗਾ। ਮੈਂ ਥੋੜਾ ਥੋੜਾ ਸਾਰੀਆਂ ਗਲਾਂ ਬਾਰੇ ਇਸ ਕਰਕੇ ਗਲ ਕਰ ਰਿਹਾ ਹਾਂ ਕਿਉਂਕਿ ਸਮਾਂ ਥੋੜ੍ਹਾ ਹੈ ਅਤੇ ਉਸ ਸਮੇਂ ਦੇ ਮੁਤਾਬਿਕ ਹੀ ਮੈਂ ਆਪਣੀ ਮੁਕਤਸਰ ਜਿਹੀ ਗਲ ਕਰ ਰਿਹਾ ਹਾਂ।

ਲੈਂਗੂਏਜ ਬਾਰੇ, ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਲੈਂਗੂਏਜ ਦੀ ਤਰੱਕੀ ਨਹੀਂ ਹੋਈ। ਲਛਮਣ ਸਿੰਘ ਗਿੱਲ ਦੀ ਜਦੋਂ ਇਥੇ ਸਰਕਾਰ ਬਣੀ ਸੀ ਤਾਂ ਉਸ ਦੀ ਸਪੋਰਟ ਕਾਂਗਰਸ ਪਾਰਟੀ ਨੇ ਕੀਤੀ ਸੀ। ਉਸ ਵਕਤ ਪੰਜਾਬੀ ਲੈਂਗੂਏਜ ਦੀ ਸੇਵਾ ਕੀਤੀ ਗਈ, ਇਸ ਦੇ ਵਿੱਚ ਕੋਈ ਦੋ ਰਾਵਾਂ ਨਹੀਂ ਪਰ ਉਸ ਵਕਤ ਪਿੱਛੇ ਸਪੋਰਟ ਕਿਸ ਦੀ ਸੀ ? ਸਪੋਰਟ ਕਾਂਗਰਸ ਪਾਰਟੀ ਦੀ ਹੀ ਸੀ। ਅਸੀਂ ਕਹਿੰਦੇ ਹਾਂ ਕਿ ਪੰਜਾਬੀ ਜ਼ਬਾਨ ਦੀ ਤਰੱਕੀ ਹੋਵੇ, ਪਬਲਿਕ ਸਰਵਿਸ ਕਮਿਸ਼ਨ ਵਿੱਚ ਪੰਜਾਬੀ ਦੇ ਲਾਗੂ ਕਰਨ ਦਾ ਮਾਮਲਾ ਕਿੰਨਾ ਚਿਰ ਪਿਆ ਰਿਹਾ ਪਰ ਇਨ੍ਹਾਂ ਨੇ ਉਸ ਵਕਤ ਕੋਈ ਫੈਸਲਾ ਨਹੀਂ ਕੀਤਾ। ਇਸ ਦਾ ਕਾਰਨ ਕੀ ਸੀ ? ਕਾਰਨ ਸਪੀਕਰ ਸਾਹਿਬ, ਇਹ ਨਹੀਂ ਦੱਸਣਗੇ। ਮੈਂ ਆਪ ਨੂੰ ਕਾਰਨ ਦੱਸਦਾ ਹਾਂ। ਇਨ੍ਹਾਂ ਦਾ ਜੋੜ ਉਨ੍ਹਾਂ ਨਾਲ ਸੀ ਜਿਹੜੇ ਫਿਰਕਾਪ੍ਰਸਤ ਸਨ। ਉਹ ਇਨ੍ਹਾਂ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਨੂੰ ਹਿਲਣ ਨਹੀਂ ਸੀ ਦਿੰਦੇ, ਉਹ ਇਨ੍ਹਾਂ ਨੂੰ ਇਕ ਕਦਮ ਵੀ ਇਧਰ ਉਧਰ ਕਰਨ ਨਹੀਂ ਸੀ ਦਿੰਦੇ। ਸਾਡੇ ਕੋਲ ਜਦੋਂ ਉਹ ਫਾਈਲ ਆਈ ਤਾਂ ਅਸੀਂ ਕਿਹਾ ਕਿ ਪੰਜਾਬੀ ਲਾਗੂ ਕਰੋ। (ਥੰਪਿੰਗ) ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਿੰਦੀ ਸਾਡੀ ਨੈਸ਼ਨਲ ਲੈਂਗੁਏਜ ਹੈ। ਇਸ ਦਾ ਜੋ ਚੰਗਾ ਪਹਿਲੂ ਹੈ ਉਹ ਵੀ ਸਾਨੂੰ ਦੇਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਕੱਲੇ ਸਿੱਖ ਪੰਜਾਬ ਵਿੱਚ ਹੀ ਨਹੀਂ ਵਸਦੇ, ਬਾਹਰ ਵੀ ਵਸਦੇ ਹਨ, ਹਿੰਦੁਸਤਾਨ ਦੇ ਦੂਸਰਿਆਂ ਸੂਬਿਆਂ ਵਿੱਚ ਵੀ ਸਿੱਖ ਵਸਦੇ ਹਨ। ਉਥੇ ਹਿੰਦੀ ਬੋਲਣ ਵਾਲੇ ਹਨ ਜੋ ਸਰਲ ਹਿੰਦੀ ਹੈ, ਸੰਸਕ੍ਰਿਤਕ ਹਿੰਦੀ ਨਹੀਂ, ਉਹ ਸਮਝਦੇ ਹਨ, ਬੋਲਦੇ ਹਨ ਪਰ ਉਨ੍ਹਾਂ ਨੇ ਆਪਣੀ ਮਾਤਰ ਬੋਲੀ ਤਾਂ ਨਹੀਂ ਛੱਡੀ। ਲੇਕਿਨ ਇਹ ਕਹਿਣਾ ਕਿ ਦੂਜੀਆਂ ਭਾਸ਼ਾਵਾਂ ਦੇ ਖਿਲਾਫ ਹਾਂ ਤਾਂ ਠੀਕ ਨਹੀਂ। ਜੇ ਕੋਈ ਦੂਸਰੀਆਂ ਭਾਸ਼ਾਵਾਂ ਜਾਣਦਾ ਹੈ ਤਾਂ ਇਹ ਚੰਗੀ ਗਲ ਹੈ। ਜੇ ਕੋਈ ਫਰੈਂਚ ਭਾਸ਼ਾ ਜਾਣਦਾ ਹੈ ਤਾਂ ਚੰਗੀ ਗਲ ਹੈ ਅਤੇ ਉਹ ਬਾਹਰ ਜਾ ਕੇ ਗਲ ਬਾਤ ਕਰ ਸਕਦਾ ਹੈ। ਦਸਾਂ ਮੁਲਕਾਂ ਵਿੱਚ ਉਹ ਜਾ ਸਕਦਾ ਹੈ, ਗਲ ਬਾਤ ਕਰ ਸਕਦਾ ਹੈ ਪਰ ਜੇ ਉਹ ਨਹੀਂ ਜਾਣਦਾ ਅਤੇ ਇੰਟਰਨੈਸ਼ਨਲ ਲੈਂਗੁਏਜ ਹੀ ਬੋਲਦਾ ਹੈ ਤਾਂ ਫਿਰ ਉਹ ਕੁਝ ਨਹੀਂ ਕਰ ਸਕੇਗਾ। ਇੰਟਰਨੈਸ਼ਨਲ ਲੈਂਗੁਏਜ ਕਿਉਂ ਸਿਖਣ ਦੀ ਕੋਸ਼ਿਸ਼ ਕਰਦੇ ਹੋ?

ਸਪੀਕਰ ਸਾਹਿਬ, ਫਿਰ ਇਥੇ ਲਾਅ ਐਂਡ ਆਰਡਰ ਦੇ ਬਾਰੇ ਵਿਚ ਕਿਹਾ ਗਿਆ ਹੈ ਕਿ ਲਾਅ ਐਂਡ ਆਰਡਰ ਤਾਂ ਹੈ ਨਹੀਂ। ਮੈਂ ਬਹੁਤਾ ਨਹੀਂ ਸਿਰਫ ਇਕੋ ਗਲ ਪੁਛਦਾ ਹਾਂ ਕਿ ਅਪਰੈਲ, 1978 ਵਿਚ ਜਿਹੜਾ ਵਾਕਿਆ ਅੰਮ੍ਰਿਤਸਰ ਵਿਚ ਹੋਇਆ ਕੀ ਉਸ ਵਿਚ ਇਨ੍ਹਾਂ ਨੇ ਜੁਡੀਸ਼ੀਅਲ ਇਨਕੁਆਇਰੀ ਕਰਾ ਦਿਤੀ ਸੀ? ਕੀ ਉਸ ਵਿਚ ਕੋਈ ਨਹੀਂ ਮਰਿਆ ਸੀ? ਉਸ ਵੇਲੇ ਕਾਫੀ ਝਗੜਾ ਹੋਇਆ ਸੀ ਅਤੇ ਇਹ ਸਾਰੀਆਂ ਚੀਜ਼ਾਂ ਹੋਈਆਂ ਸਨ। ਉਸ ਵਕਤ ਆਪੋਜ਼ੀਸ਼ਨ ਪਾਰਟੀ ਨੇ ਕਿਹਾ ਅਤੇ ਦੂਸਰਿਆਂ ਨੇ ਕਿਹਾ ਕਿ ਕਿੰਨੇ ਬੰਦੇ ਮਰੇ ਹਨ, ਕੋਈ ਜੁਡੀਸ਼ੀਅਲ ਇਨਕੁਆਇਰੀ ਕਰਾਈ ਹੋਵੇ ਤਾਂ ਇਹ ਦਸ ਦੇਣ। ਇਨ੍ਹਾਂ ਨੇ ਬਿਲਕੁਲ ਗਲਤ ਗਲ ਕਹੀ ਹੈ ਅਤੇ ਇਸ ਗਲ ਨੂੰ ਚੁਕਣਾ ਨਹੀਂ ਚਾਹੀਦਾ। ਕੀ ਇਹ ਗੁਰੂ ਗਰੰਥ ਸਾਹਿਬ ਨੂੰ ਸਾਡੇ ਤੋਂ ਜ਼ਿਆਦਾ ਮੰਨਣ ਵਾਲੇ ਹਨ? ਬਿਲਕੁਲ ਨਹੀਂ। ਸਿੱਖਾਂ ਨੂੰ ਚੁਕਣਾ ਨਹੀਂ ਚਾਹੀਦਾ। ਮੈਂ ਇਹ ਚੀਜ਼ ਨਹੀਂ ਬਰਦਾਸ਼ਤ ਕਰ ਸਕਦਾ ਅਤੇ ਕੋਈ ਵੀ ਨਹੀਂ ਕਰ ਸਕਦਾ। ਇਸ ਬਾਰੇ ਅਗਰ ਕੋਈ ਜੁਡੀਸ਼ੀਅਲ ਇਨਕੁਆਇਰੀ ਕਰਵਾਈ ਗਈ ਤਾਂ ਦਸ ਦੇਣ ਮੈਂ ਕੁਝ ਨਹੀਂ ਕਹਾਂਗਾ। ਇਥੇ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਾਂ ਲਿਆ, ਬੜੀਆਂ ਗਲਾਂ ਕੀਤੀਆਂ ਗਈਆਂ, ਮੈਂ ਉਸ ਦਾ ਜ਼ਿਕਰ ਛੇੜਨਾ ਨਹੀਂ ਚਾਹੁੰਦਾ। ਜਦੋਂ ਕੋਈ ਗਲ ਕੀਤੀ ਜਾਵੇ, ਜਿਹੜੇ ਲੋਕ ਚੁੱਪ ਬੈਠੇ ਹਨ, ਉਨ੍ਹਾਂ ਵਿਚੋਂ ਆਵਾਜ਼ ਆਉਂਦੀ ਹੈ। ਮੈਂ ਨਿਸ਼ਾਨੀ ਹੀ ਦੱਸਾਂਗਾ Under the heading "Ultimatum to the Centre Mr. Longowal has said 'The Anandpur Sahib Resolution would have to be implemented and the concept that the Sikhs were a separate nation within the Indian Union would have to be accepted' ਇਕ ਦੂਸਰਾ ਇਹ ਹੈ ਕਿ ਸਾਡੀ ਡਬਲ ਸਿਟੀਜ਼ਨਸ਼ਿਪ ਹੋਣੀ ਚਾਹੀਦੀ ਹੈ। ਇਹ ਦੋ ਗਲਾਂ ਕਿਸ ਤਰ੍ਹਾਂ ਠੀਕ ਬੈਠਦੀਆਂ ਹਨ। ਡਬਲ ਸਿਟੀਜ਼ਨ ਦਾ ਕੀ ਮਤਲਬ ਹੈ, ਇਹ ਦਸ ਦੇਣ। ਇਸ ਤੋਂ ਅਗੇ ਜਾ ਕੇ it is written Dal Longowal wants change in Constitution. ਕਾਂਸਟੀਚਿਊਸ਼ਨ ਵਿਚ ਵੀ ਕਹਿੰਦੇ ਹਨ ਕਿ ਚੇਂਜ ਕਰਨੀ ਚਾਹੀਦੀ ਹੈ। ਇਹ ਕਾਂਸਟੀਚਿਊਸ਼ਨ ਸਾਨੂੰ ਮਨਜ਼ੂਰ ਨਹੀਂ। ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ। ਇਹ ਦੋ ਸਤੰਬਰ ਦਾ ਟਰਬਿਊਨ ਹੈ ਪੜ੍ਹ ਲੈਣ। ਇਸ ਵਿਚ ਲਿਖਿਆ ਹੈ "Indian Constitution carries its own pernicious meaning. If the leaders of the Secessionist campaign do not subscribe to the Indian Constitution". ਯਾਨੀ ਜਿਹੜੇ ਸੀਸੇਸ਼ਨਿਸਟਸ ਹਨ, ਐਕਸਟ੍ਰੀਮਿਸਟਸ ਹਨ ਉਨ੍ਹਾਂ ਦੀ ਕਦੇ ਇਨ੍ਹਾਂ ਕੰਡੈਮਨੇਸ਼ਨ ਨਹੀਂ ਕੀਤੀ। ਕਿਸੇ ਇਕ ਪਰਚੇ ਵਿਚ ਕਿਸੇ ਸੱਜਣ ਨੇ ਲਿਖ ਕੇ ਭੇਜਿਆ ਹੋਵੇ ਕਿਸੇ ਨੇ ਕਿਹਾ ਹੋਵੇ ਕਿ ਇਹ ਸਾਡੀ

Original with;
Punjab Vidhan Sabha
Digitized by;
Panjab Digital Library

ਗਲ ਹੈ ਜਾਂ ਅਸ਼ੀਂ ਕਿਲੱਰਜ਼ ਨੂੰ ਅੱਛਾ ਨਹੀਂ ਸਮਝਦੇ। ਇਨ੍ਹਾਂ ਦੇ ਹੱਕ ਵਿਚ ਤਾਂ ਭਾਵੇਂ ਕੋਈ ਚੀਜ਼ ਵੇਖੀ ਹੋਵੇ ਕਿ ਇਨ੍ਹਾਂ ਨੂੰ ਸਰੋਪਾ ਦਿਤਾ ਜਾਏਗਾ। ਹੱਕ ਵਿਚ ਹਨ ਪਰ ਕੋਈ ਕੰਡੈਮਨੇਸ਼ਨ ਨਹੀਂ ਹੈ ਕਿ ਜੇ ਐਕਸਟਰੀ- ਮਿਸਟਸ ਨੇ ਕਿਲਿੰਗਜ਼ ਕੀਤੀਆਂ ਹਨ, ਉਹ ਮਾੜੀ ਗਲ੍ਹ ਹੈ, ਕਿਸੇ ਨੇ ਕੋਈ ਐਸੀ ਸਟੇਟਮੈਂਟ ਨਹੀਂ ਦਿਤੀ ਹੋਵੇਗੀ। ਫਿਰ ਇੰਡੀਅੱਨ ਐਕਸਪਰੈਸ, 9 ਦਸੰਬਰ, 1981 ਦਾ ਹਵਾਲਾ ਦਿੰਦਾ ਹਾਂ,'ਅਕਾਲੀ ਗੇਮਜ਼' ਦੇ ਨਾਂ ਤੇ ਦਿੱਤਾ ਹੈ valuable intervention, ਸਤੰਬਰ, 23 ਦੇ ਟ੍ਰੀਬਿਊਨ ਵਿੱਚ ਹੈ, ਫਿਰ 23 ਅਕਤੂਬਰ, 1981 ਵਿਚ ਹੈ। It is necessary for the saner elements in the community to curb the rabid and fanatical sections. ਇਹ ਕਿਤੇ ਵਿਖਾ ਦੇਣ ਕਿਸੇ ਫੈਨਾਟਿਕਸ ਬਾਰੇ ਕੋਈ ਕੰਡੈਮਨੇਸ਼ਨ ਕੀਤੀ ਹੋਵੇ। ਇਥੇ ਇਹ ਕਹਿੰਦੇ ਹਨ ਕਿ ਸਾਡੇ ਲਾਅ ਐਂਡ ਆਰਡਰ ਬੜਾ ਖਰਾਬ ਹੈ। ਦਿੱਲੀ ਵਿਚ ਕਰਾਈਮਜ਼ ਦਾ ਸ਼ਰਵੇ ਹੋਇਆ ਹੈ ਉਸ ਵਿਚ ਆਇਆ ਹੈ ਕਿ ' crimes lowest in Punjab ' ਮੈਂ ਹੁਣ ਇਨ੍ਹਾਂ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਵਾਕਿਆਤ ਦਿਤੇ ਹਨ ਉਨ੍ਹਾਂ ਵਿਚੋਂ ਕਈ ਕੇਸਿਜ਼ ਤਾਂ ਕੋਰਟ ਵਿਚ ਚਲੇ ਗਏ, ਕਈ ਅੰਡਰ ਇਨਕੁਆਇਰੀ ਹਨ, ਐਸਾ ਕੋਈ ਕੇਸ ਨਹੀਂ ਛਡਿਆ ਜਿਥੇ ਡਿਲੇਅ ਹੋਈ ਹੋਵੇ। ਇਹ ਆਪਣੀ 1977,1978 ਅਤੇ 1979 ਦੀਆਂ ਫਿਗਰਜ਼ ਕੱਢ ਕੇ ਵੇਖ ਲੈਣ ਇਨ੍ਹਾਂ ਨਾਲੋਂ ਅੱਜ ਸਾਰੇ ਕੇਸ਼ਾਂ ਵਿਚ ਚੋਰੀਆਂ ਵਿਚ ਕਤਲਾਂ ਵਿਚ, ਡਕੈਤੀਆਂ ਵਿਚ ਥਲੇ ਹਾਂ। ਅਸੀਂ ਕਰਾਈਮਜ਼ ਘਟਾਏ ਹਨ। ਇਹ ਕਹਿੰਦੇ ਹਨ ਕਿ ਫਿਗਰਜ਼ ਵਰਕ ਨਹੀਂ ਹੁੰਦਾ। ਮੈਂ ਕਹਿੰਦਾ ਹਾਂ ਕਿ ਅਗਰ ਇਹ ਕਹਿ ਦੇਈਏ ਕਿ ਇਨ੍ਹਾਂ ਦੇ ਰਾਜ ਵਿਚ ਹਨੇਰਾ ਹੀ ਹਨੇਰਾ ਸੀ ਤਾਂ ਕੀ ਇਹ ਮੰਨ ਲੈਣਗੇ। ਫਿਗਰਜ਼ ਦੇਣੀਆਂ ਪੈਂਦੀਆਂ ਹਨ। ਜੇ ਕਿਹਾ ਜਾਏ ਕਿ ਕਤਲ ਨਹੀਂ ਹੋਇਆ ਔਰ ਅਗਰ ਕਤਲ ਹੋਇਆ ਹੋਵੇ ਤਾਂ ਫਿਰ ਜਵਾਬ ਦੇਣਾ ਸਰਕਾਰ ਵਲੋਂ ਨਿਹਾਇਤ ਹੀ ਜ਼ਰੂਰੀ ਹੈ। ਸਪੀਕਰ ਸਾਹਿਬ, ਮੈਂ ਮੋਟੀ ਗੱਲ ਕਹੀ ਹੈ। ਮੈਂ ਕਿਸੇ ਆਪੋਜ਼ੀਸ਼ਨ ਦੇ ਮੈਂਬਰ ਨੂੰ ਕਿਸੇ ਐਕਸਟਰੀਮਿਸਟ ਨੂੰ ਪਨਾਹ ਦੇਣ ਵਾਸਤੇ, ਸਰੋਪਾ ਦੇਣ ਵਾਸਤੇ ਨਹੀਂ ਕਿਹਾ। ਮੈਂ ਉਨ੍ਹਾਂ ਦੀ ਕੋਆਪ੍ਰੇਸ਼ਨ ਚਾਹੁੰਦਾ ਹਾਂ। ਇਹ ਮਾੜੇ ਕੰਮਾਂ ਦੀ ਕੰਡੈਮਨੇਸ਼ਨ ਕਰਨ ਅਤੇ ਅਗਰ ਕੋਈ ਛੋਟੇ ਮੋਟੇ ਵਾਕਿਆਤ ਹਨ ਉਨ੍ਹਾਂ ਦੀ ਆੜ ਵਿਚ ਉਨ੍ਹਾਂ ਨੂੰ ਬਹੁਤ ਜ਼ਿਆਦਾ ਬੜ੍ਹਾਵਾ ਦੇਣਾ, ਕਿਸੇ ਦੀ ਮੌਤ ਤੇ ਲੋਕਾਂ ਨੂੰ ਭੜਕਾਉਣਾ ਇਹ ਮਾੜੀ ਗਲ ਹੈ।

ਇਹ ਕਹਿੰਦੇ ਹਨ ਕਿ ਇਸ ਸੂਬੇ ਵਿਚ ਤਰੱਕੀ ਰੁਕੀ ਪਈ ਹੈ। ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਪੰਜਾਬ ਵਿਚ ਲੈਟਰ ਆਫ ਇੰਟੈਂਟਸ 5 ਆਏ ਹਨ। ਇਹ 105 ਨੂੰ 5 ਨਾ ਕਹਿਣ। ਇਨ੍ਹਾਂ ਦੇ 1978-79 ਅਤੇ 1979-80 ਵਿਚ 65 ਆਏ ਸਨ ਸਾਡੇ 105 ਆਏ ਹਨ (ਥੰਪਿੰਗ) 85 ਪ੍ਰਤੀਸ਼ਤ ਇਨਕਰੀਜ਼ ਹੈ। ਇਸ ਦੇ ਨਾਲ ਰਜਿਸਟਰੇਸ਼ਨ ਡੀ. ਜੀ. ਟੀ. ਸੀ. ਇਨ੍ਹਾਂ ਦੇ 1978-79 ਅਤੇ 1979-80 ਵਿਚ 104 ਹੈ ਜਦ ਕਿ ਸਾਡੇ 1980-81 ਵਿਚ 265। 155 ਪ੍ਰਤੀਸ਼ਤ ਇਨਕਰੀਜ਼ ਹੋਈ ਹੈ। ਇਸ ਦੇ ਨਾਲ ਹੀ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਕਹਿੰਦੇ ਹਨ ਕਿ ਪ੍ਰਾਜੈਕਟਸ ਆਏ ਨਹੀਂ। ਜਾਂ ਤਾਂ ਇਹ ਮਿਹਰ ਕਰਨ ਪੜ੍ਹ ਲਿਆ ਕਰਨ ਚੰਗੀ ਗੱਲ ਹੋਵੇਗੀ। ਮੈਂ ਦੱਸਦਾ ਹਾਂ, the projects in hand are, Light Commercial Vehicles, Telephone Cables, Bulbs and Lamps, T.V. Glass, Electronic Typewriters, Textitle machinery, Handloom Projects. ਇਹ ਤਕਰੀਬਨ 88 ਕਰੋੜ ਰੁਪਏ ਦੇ ਹਨ ਇਹ ਇਨ ਹੈਂਡ ਹਨ। ਇਨ੍ਹਾਂ ਦੇ ਨਾਲ ਡਾਇਰੈਕਟ ਇੰਪਲਾਇਮੈਂਟ 22 ਹਜ਼ਾਰ ਦੀ ਹੋਵੇਗੀ। ਇਸ ਨੂੰ ਕਹੀ ਜਾਣਾ ਕੁਝ ਨਹੀਂ ਇਹ ਠੀਕ ਨਹੀਂ। Capital outlay for the new Projects ਜਿਹੜਾ ਪੀ. ਐਸ. ਆਈ. ਡੀ. ਸੀ. ਨੇ ਲਿਆ ਹੈ, ਉਹ 290 ਕਰੋੜ ਰੁਪਏ ਦਾ ਹੈ। ਇਹ ਫਿਗਰਜ਼ ਸਾਡੇ ਪੌਣੇ ਦੋ ਸਾਲਾਂ ਦੀਆਂ ਹਨ। ਇਨ੍ਹਾਂ ਤੋਂ ਇਲਾਵਾ ਪੇਪਰ ਮਿਲਜ਼ ਅਤੇ ਹੋਰ ਲਮੰਸਿਜ਼ 40 ਲਏ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]
ਹਨ, ਜਿਨ੍ਹਾਂ ਵਿਚੋਂ 6 ਪ੍ਰੋਡਕਸ਼ਨ ਵਿਚ ਹਨ ਅਤੇ 3 ਹੋਰ 1982 ਵਿਚ ਚਾਲੂ ਹੋ ਜਾਣੇ ਹਨ । This is the government for implementation of the projects. ਅਸੀਂ ਕੋਈ ਹਵਾਈ ਗੱਲ ਨਹੀਂ ਕੀਤੀ ਔਰ ਨਾ ਹੀ ਐਲਾਨ ਕਰਦੇ ਰਹੇ । ਅਸੀਂ ਐਲਾਨ ਨਹੀਂ ਕੀਤਾ 25-ਬਿਸਤਰਿਆਂ ਦਾ ਹਸਪਤਾਲ ਬਨਾਉਣਾ ਸੀ । ਜੇ ਕਿਹਾ ਹੈ ਤਾਂ ਕੀਤਾ ਹੈ । ਇਹ ਐਲਾਨ ਕਰਨ ਵਾਲੀ ਸਰਕਾਰ ਨਹੀਂ ਬਲਕਿ ਇਹ ਇੰਪਲੀਮੈਂਟੇਸ਼ਨ ਵਿਚ ਯਕੀਨ ਕਰਦੀ ਹੈ । ਮੈਂ ਇਸ ਦੇ ਨਾਲ ਨਾਲ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਸੀਂ ਇਕ ਉਦਯੋਗ ਸਹਾਇਕ ਰੱਖਿਆ ਹੈ । ਇਕ ਪਰਫਾਰਮਾ ਬਣਾਇਆ ਹੈ ਜਿੰਨੀ ਇੰਡਸਟਰੀ ਕਿਸੇ ਨੇ ਲੈਣੀ ਹੈ, ਕਿੰਨੀ ਮੰਗ ਕਰਨੀ ਹੈ, ਕਿੰਨੀ ਮਿਲ ਸਕਦੀ ਹੈ ਇਹ ਸਾਰੀ ਚੀਜ਼ ਉਸ ਇਕ ਪਰਫਾਰਮੇ ਵਿਚ ਹੈ । ਜੇਕਰ ਉਸ ਨੂੰ ਮਿਲਣੀ ਹੈ, ਜੇ ਕੋਈ ਮੱਦਦ ਹੋ ਸਕਦੀ ਹੈ, ਕੀਤੀ ਜਾਏਗੀ ਨਹੀਂ ਤਾਂ ਕਹਿ ਦਿਤਾ ਜਾਏਗਾ ਨਹੀਂ ਮਿਲ ਸਕਦੀ । 1979-80 ਵਿਚ 28 ਮੀਡੀਅਮ ਅਤੇ ਲਾਰਜ ਸਕੇਲ ਪ੍ਰਾਜੈਕਟਸ ਕਮਿਸ਼ਨ ਹੋਏ । 1981-82 ਵਿਚ 47 ਯੂਨਿਟ ਕਮਿਸ਼ਨ ਹੋਏ । ਇਸ ਤਰ੍ਹਾਂ 98 ਪ੍ਰਤੀਸ਼ਤ ਇਨਕਰੀਜ਼ ਹੋਈ ਹੈ। 1978-79 ਵਿਚ ਟੋਟਲ ਵੈਲਿਊ ਪ੍ਰੋਡਕਸ਼ਨ ਦੀ 711 ਕਰੋੜ ਸੀ । 1979-80 ਵਿਚ ਇਹ 869 ਕਰੋੜ ਸੀ । ਲੇਕਿਨ 1980-81 ਵਿਚ ਇਹ 1023 ਕਰੋੜ ਹੋ ਗਈ । ਇਸ ਤਰ੍ਹਾਂ ਅਸੀਂ ਪ੍ਰਾਗਰੈਸ ਕੀਤੀ ਹੈ । ਲਾਇਸੈਂਸਿਜ਼ ਬਾਰੇ ਮੈਂ ਪਹਿਲਾਂ ਅਰਜ਼ ਕਰ ਦਿਤੀ ਹੈ ।

ਸਪੀਕਰ ਸਾਹਿਬ, ਮੈਂ ਐਗਰੋ-ਬੇਸਡ ਇੰਡਸਟਰੀਜ਼ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ ਇਸ ਇਲਾਕੇ ਨੂੰ ਇਹ ਆਪਣਾ ਇਲਾਕਾ ਕਹਿੰਦੇ ਹਨ, ਮਾਲਵੇ ਦੀ ਬੈਲਟ ਤੋਂ ਇਹ ਕਹਿੰਦੇ ਹਨ ਅਸੀਂ ਆਉਂਦੇ ਹਾਂ, ਇਸ ਇਲਾਕੇ ਨੂੰ ਇਨ੍ਹਾਂ ਨੇ ਟੱਚ ਨਹੀਂ ਕੀਤਾ । ਅਸੀਂ ਲੋਕਾਂ ਨੂੰ ਅਨਜਾਣ ਅਤੇ ਨਾਵਾਕਫ ਨਹੀਂ ਰੱਖਣਾ ਚਾਹੁੰਦੇ । ਅਸੀਂ ਉਨ੍ਹਾਂ ਦੀ ਮਦਦ ਕਰਨ ਵਾਸਤੇ ਭਾਵੇਂ ਪੇਪਰ ਮਿਲ ਹੋਵੇ, ਸ਼ੂਗਰ ਮਿਲ ਹੋਵੇ ਜਾਂ ਸਪਿੰਨਿੰਗ ਮਿੱਲ ਹੋਵੇ, ਉਨ੍ਹਾਂ ਇਲਾਕਿਆਂ ਵਿਚ ਲਾਈਆਂ ਹਨ ਜਿਥੇ ਇਨ੍ਹਾਂ ਦਾ ਰਾਅ ਮੈਟੀਰੀਅਲ ਹੈ, ਸਿਵਾਏ ਇਕ ਦੋ ਇਧਰ ਉਧਰ ਲਾਉਣ ਦੇ । ਅਸੀਂ ਇਸ ਕਰਕੇ ਉਨ੍ਹਾਂ ਇਲਾਕਿਆਂ ਵਿਚ ਇਹ ਲਾਈਆਂ ਹਨ ਤਾਂਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਉਨ੍ਹਾਂ ਵੱਲ ਇੰਡਸਟਰੀ ਆ ਰਹੀ ਹੈ । ਅੱਜ ਕੋਈ ਵੀ ਸੂਬਾ ਐਗਰੀਕਲਚਰ ਤੇ ਡਿਪੈਂਡੈਂਟ ਨਹੀਂ ਰਹਿ ਸਕਦਾ । ਇੰਡਸਟਰੀ ਨੂੰ ਤਿੱਖਾ ਕਰਨਾ ਪਵੇਗਾ । ਇਹ ਕਹਿਣਾ ਕਿ ਸਾਡੇ ਨਾਲ ਜ਼ਿਆਦਤੀ ਹੋ ਰਹੀ ਹੈ, ਠੀਕ ਨਹੀਂ । ਮੈਂ ਇਕੋ ਅਰਜ਼ ਕਰਾਂਗਾ ਕਿ ਅਸੀਂ ਕੋਇਲੇ ਅਤੇ ਲੋਹੇ ਦੀਆਂ ਖਾਣਾਂ ਤੋਂ ਦੂਰ ਬੈਠੇ ਹਾਂ। ਇਸ ਲਈ ਅਸੀਂ ਇਥੇ ਇਲੈਕਟ੍ਰਾਨਿਕ ਐਨਰਜੀ ਵੱਲ ਧਿਆਨ ਦੇਵਾਂਗੇ । ਇਸ ਦਾ ਪੋਰਟ-ਫੋਲਿਓ ਅਲੈਹਦਾ ਰੱਖ ਕੇ ਮੈਂ ਆਪਣੇ ਕੋਲ ਰੱਖਿਆ ਹੈ ਤਾਂ ਕਿ ਇਸ ਦੀ ਦੇਖ ਭਾਲ ਕਰ ਸਕਾਂ । ਇਥੇ ਇਲੈਕਟ੍ਰਾਨਿਕਸ ਦਾ ਬੜਾ ਸਕੋਪ ਹੈ । ਇਸ ਦੇ ਨਾਲ ਨਾਲ ਸਾਡੇ ਸਾਇੰਟਿਸਟਸ ਨੂੰ ਵੀ ਕੰਮ ਮਿਲੇਗਾ । ਇੰਡਸਟਰੀ ਦੇ ਹੋਰ ਵੀ ਕਈ ਪਹਿਲੂ ਹਨ, ਮੈਂ ਉਨ੍ਹਾਂ ਦਾ ਜ਼ਿਆਦਾ ਜ਼ਿਕਰ ਨਹੀਂ ਕਰਨਾ ਚਾਹੁੰਦਾ ਕਿਉਂਕਿ ਵਕਤ ਜ਼ਿਆਦਾ ਹੋ ਗਿਆ ਹੈ ।

ਇਥੇ ਪਾਵਰ ਬਾਰੇ ਕਿਹਾ ਗਿਆ ਹੈ ਕਿ ਕੁਝ ਨਹੀਂ ਕੀਤਾ ਗਿਆ । ਸਪੀਕਰ ਸਾਹਿਬ, ਪੰਜ ਛੇ ਸਾਲ ਆਨੰਦਪੁਰ ਸਾਹਿਬ ਪ੍ਰਾਜੈਕਟ ਵੇਹਲਾ ਪਿਆ ਰਿਹਾ । ਕਿਸੇ ਨੇ ਕੋਈ ਧਿਆਨ ਉਸ ਵੱਲ ਨਹੀਂ ਦਿਤਾ । ਇਨ੍ਹਾਂ ਨੇ ਆਪਣੇ ਤਿੰਨ ਸਾਲਾਂ ਦੇ ਰਾਜ ਵਿਚ 676 ਲੱਖ ਰੁਪਿਆ ਇਸ ਪ੍ਰਾਜੈਕਟ ਤੇ ਖਰਚ ਕੀਤਾ ਜਦੋਂ ਕਿ 1980-81 ਅਤੇ 1981-82 ਵਿਚ 2,373 ਲੱਖ ਰੁਪਿਆ ਲਾ ਕੇ 93 ਪ੍ਰਤੀਸ਼ਤ ਇਸ ਪ੍ਰਾਜੈਕਟ ਨੂੰ ਕੰਪਲੀਟ ਕਰ ਦਿਤਾ ਹੈ । ਸਪੀਕਰ ਸਾਹਿਬ, ਅਸੀਂ ਪ੍ਰਾਜੈਕਟ ਐਡਵਾਂਸ ਕੀਤੇ ਹਨ । ਹੁਣ ਫੈਸਲਾ ਕੀਤਾ ਹੈ ਕਿ ਜੁਲਾਈ, 1982 ਵਿਚ ਪਹਿਲਾ ਯੂਨਿਟ ਚਾਲੂ ਹੋ ਜਾਵੇਗਾ । ਕੀ ਇਨ੍ਹਾਂ ਨੇ ਕਦੇ ਕੋਈ ਟੀਚਾ ਰੱਖਿਆ ਸੀ ਕਿ ਇਸ ਪ੍ਰਾਜੈਕਟ ਨੂੰ ਇਸ ਸਮੇਂ ਤੱਕ ਪੂਰਾ ਕਰ ਦਿਆਂਗੇ । ਇਨ੍ਹਾਂ ਨੂੰ ਇਹ ਆਦਤ ਹੀ ਨਹੀਂ ਸੀ ਪਈ । ਪੰਜ ਸਾਲ ਮੁਕੇਰੀਆਂ ਵਾਲਾ

162

Original with;
Punjab Vidhan Sabha
Digitized by;
Panjab Digital Library

ਪ੍ਰਾਜੈਕਟ ਪਿਆ ਰਿਹਾ । ਉਥੇ ਵੀ ਅਸੀਂ ਪੈਸਾ ਦਿੱਤਾ । ਇਨ੍ਹਾਂ ਦੇ 2,738 ਲੱਖ ਰੁਪਏ ਦੇ ਮੁਕਾਬਲੇ ਅਸੀਂ 1980-81 ਅਤੇ 1981-82 ਵਿਚ 4,470 ਲੱਖ ਰੁਪਏ ਖਰਚ ਚੁਕੇ ਹਾਂ । 1981-82 ਵਿਚ ਅਸੀਂ 25 ਪ੍ਰਤੀਸ਼ਤ ਵਾਧਾ ਕੀਤਾ ਹੈ । 31 ਦਸੰਬਰ, 1982 ਤਕ ਤਕਰੀਬਨ 159 ਮੈਗਾਵਾਟ ਬਿਜਲੀ ਆਵੇਗੀ । ਜਿਹੜੀ ਸੈਂਟਰ ਵਿਚੋਂ 80 ਮੈਗਾਵਾਟ ਬਿਜਲੀ ਮਿਲਣੀ ਹੈ, ਇਹ ਉਸ ਤੋਂ ਇਲਾਵਾ ਹੈ। ਸਾਡੀ ਘਾਟ ਨੂੰ ਕਿਸੇ ਹੱਦ ਤੱਕ ਇਹ ਪੂਰਾ ਕਰੇਗੀ । (ਥੰਪਿੰਗ) ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ 46 ਪ੍ਰਤੀਸ਼ਤ ਬਿਜਲੀ ਜਿਹੜੀ ਹੈ, ਉਹ ਐਗਰੀਕਲਚਰਲ ਸੈਕਟਰ ਨੂੰ ਜਾਂਦੀ ਹੈ ਔਰ ਪੀ. ਐਸ. ਈ. ਬੀ. ਦਾ 60 ਪ੍ਰਤੀਸ਼ਤ ਰੈਵੇਨਿਊ ਉਥੇ ਆਉਂਦਾ ਹੈ । ਇਹ ਕਹਿੰਦੇ ਹਨ ਕਿ ਅਸੀਂ ਆਪਣੇ ਰਾਜ ਵਿਚ ਬਹੁਤ ਕੀਤਾ ਹੈ । ਸਪੀਕਰ ਸਾਹਿਬ, ਬਠਿੰਡੇ ਥਰਮਲ ਪਲਾਂਟ ਤੋਂ ਬਿਜਲੀ ਦੀ ਜੈਨਰੇਸ਼ਨ 1979-80 ਵਿਚ 1141 ਮਿਲੀਅਨ ਯੂਨਿਟਸ ਹੋਈ, 1980-81 ਵਿਚ 1451 ਮਿਲੀਅਨ ਯੂਨਿਟਸ ਹੋਈ ਅਤੇ 1981-82 ਵਿਚ 1600 ਮਿਲੀਅਨ ਯੂਨਿਟਸ ਬਿਜਲੀ ਪੈਦਾ ਹੋਵੇਗੀ । ਅੱਗੇ ਨਾਲੋਂ ਬਠਿੰਡਾ ਥਰਮਲ ਪਲਾਂਟ ਵਿਚ ਬਿਜਲੀ ਦੀ ਜੈਨਰੇਸ਼ਨ ਜ਼ਿਆਦਾ ਹੋਈ ਹੈ । (ਥੰਪਿਗ) ਇਸੇ ਤਰ੍ਹਾਂ ਰੋਪੜ ਥਰਮਲ ਪਲਾਂਟ ਦੇ ਬਾਰੇ ਮੈਂ ਅਰਜ਼ ਕਰਨਾ ਚਾਹੁੰਦਾ ਹਾਂ। ਇਥੇ ਕਿਹਾ ਗਿਆ ਹੈ ਕਿ ਥਰਮਲ ਪਲਾਂਟ ਦੀ ਬਿਜਲੀ ਬੜੀ ਮਹਿੰਗੀ ਪੈਂਦੀ ਹੈ । ਇਸ ਵਿੱਚ ਕੋਈ ਸ਼ੱਕ ਨਹੀਂ ਕਿਉਂਕਿ ਕੋਇਲਾ ਦੂਰ ਤੋਂ ਆਉਂਦਾ ਹੈ । ਪਾਣੀ ਤੋਂ ਬਿਜਲੀ ਜਿਹੜੀ ਪੈਦਾ ਹੁੰਦੀ ਹੈ ਉਹ ਸਸਤੀ ਪੈਂਦੀ ਹੈ ਲੇਕਿਨ ਕਿਸੇ ਘਾਟ ਨੂੰ ਪੂਰਾ ਕਰਨ ਵਾਸਤੇ ਹਾਈਡਲ ਤੋਂ ਇਲਾਵਾ ਥਰਮਲ ਪਾਵਰ ਦੇ ਸੋਰਸਿਜ਼ ਨੂੰ ਵੀ ਟੇਪ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਅਸੀਂ ਹਿਮਾਚਲ ਪ੍ਰਦੇਸ਼ ਨਾਲ ਵੀ ਸੰਧੀ ਕਰ ਰਹੇ ਹਾਂ । ਜਿਸ ਹਿਮਾਚਲ ਪ੍ਰਦੇਸ਼ ਦੇ ਹਿੱਸੇ ਨੂੰ ਇਨ੍ਹਾਂ ਨੇ ਪਲੇਟ ਤੇ ਰੱਖ ਕੇ ਦੇ ਦਿਤਾ ਸੀ ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਦੇ ਜਿਹੜੇ ਬਿਜਲੀ ਦੇ ਪ੍ਰਾਜੈਕਟ ਇਨਵੈਸਟੀਗੇਟ ਹੋ ਚੁਕੇ ਹਨ ਉਨ੍ਹਾਂ ਸਬੰਧੀ ਸੰਧੀ ਕੀਤੀ ਜਾਵੇ । ਅਸੀਂ ਚਾਹੁੰਦੇ ਹਾਂ ਕਿ ਬਿਜਲੀ ਦੀ ਜ਼ਿਆਦਾ ਤੋਂ ਜ਼ਿਆਦਾ ਪੈਦਾਵਾਰ ਹੋਵੇ ਅਤੇ ਜਲਦੀ ਤੋਂ ਜਲਦੀ ਸਾਨੂੰ ਇਹ ਮਿਲੇ । 31 ਦਸੰਬਰ, 1983 ਤੱਕ ਪਹਿਲਾ ਯੂਨਿਟ ਰੋਪੜ ਥਰਮਲ ਪਲਾਂਟ ਦਾ ਚਾਲੂ ਹੋ ਜਾਵੇਗਾ । ਇਹ ਟੀਚੇ ਅਸੀਂ ਮੁਕੱਰਰ ਕੀਤੇ ਹਨ । ਇਹ ਟੀਚੇ ਐਵੇਂ ਰਾਹ ਤੁਰੇ ਜਾਂਦੇ ਅਸੀਂ ਫਿਕਸ ਨਹੀਂ ਕੀਤੇ । ਕੋਈ ਵੀ ਪ੍ਰਾਜੈਕਟ ਵੇਖ ਲਓ । ਕੀ ਉਹ ਆਪਣੇ ਸ਼ਡਿਊਲ ਦੇ ਮੁਤਾਬਿਕ ਆ ਰਿਹਾ ਹੈ ਜਾਂ ਨਹੀਂ । ਐਡੀਸ਼ਨਲ ਪਾਵਰ ਜਨਰੇਸ਼ਨ ਦੇ ਬਾਰੇ ਮੈਂ ਅਰਜ਼ ਕਰ ਦਿਤੀ ਹੈ । ਇਸ ਤੋਂ ਇਲਾਵਾ ਇਹ ਵੀ ਕਿਹਾ ਜਾਂਦਾ ਹੈ ਕਿ ਏ. ਪੀ. ਸੀ. ਐਗਰੀਕਲਚਰ ਦਾ ਧਿਆਨ ਨਹੀਂ ਕਰਦਾ । ਇਹ ਆਪ ਚੀਫ ਮਨਿਸਟਰ ਰਹੇ ਹਨ । ਇਹ ਜਾਣਦੇ ਹਨ ਕਿ ਪਰਫਾਰਮੈਂਸ ਵਿਚ ਲਿਖਿਆ ਜਾਂਦਾ ਹੈ । ਜਿਸ ਗੱਲ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਉਸ ਸਬੰਧੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਾਲਾਤ ਦੇ ਮੁਤਾਬਕ ਅਗਰ ਟਰਾਂਸਪੋਰਟ ਚਾਰਜਿਜ਼ ਆ ਜਾਣ ਜਾਂ ਕੋਈ ਹੋਰ ਫੈਕਟਰ ਆ ਜਾਣ ਤਾਂ ਉਨ੍ਹਾਂ ਦਾ ਧਿਆਨ ਰੱਖਿਆ ਜਾਂਦਾ ਹੈ । ਇਹ ਵੀ ਕਿਹਾ ਗਿਆ ਹੈ ਕਿ ਕਣਕ ਬਾਹਰ ਕਿਉਂ ਨਹੀਂ ਜਾਣ ਦਿਤੀ । ਲੋਕ ਕੋਰਟਾਂ ਵਿਚ ਗਏ । ਅਸੀਂ ਕਰਨਲ ਬੰਟ ਦੇ ਰੋਗ ਵਾਲੀ ਕਣਕ ਬਾਹਰ ਨਹੀਂ ਜਾਣ ਦਿਤੀ । ਅਸੀਂ ਛੂਤ ਦੀ ਬਿਮਾਰੀ ਵਾਲੀ ਕਣਕ ਨੂੰ ਦੂਜਿਆਂ ਸੂਬਿਆਂ ਵਿਚ ਨਹੀਂ ਜਾਣ ਦੇਣਾ । ਇਹ ਠੀਕ ਹੈ ਕਿ ਉਨ੍ਹਾਂ ਦੇ ਕਾਗਜ਼ ਠੀਕ ਸਨ, ਸੇਲਜ਼ਟੈਕਸ ਉਨ੍ਹਾਂ ਨੇ ਦਿਤਾ ਹੋਇਆ ਸੀ, ਸਾਨੂੰ ਕੋਈ ਇਤਰਾਜ਼ ਨਹੀਂ । ਪਰ ਬਿਮਾਰੀ ਵਾਲੀ ਕਣਕ ਅਸੀਂ ਬਾਹਰ ਨਹੀਂ ਜਾਣ ਦਿਆਂਗੇ । ਅਸੀਂ ਕੋਈ ਰੁਕਾਵਟ ਨਹੀਂ ਪਾਉਂਦੇ। ਰੁਕਾਵਟਾਂ ਤਾਂ ਇਹ ਆਪ ਪਾਉਂਦੇ ਰਹੇ ਹਨ । ਮੈਂ ਕਹਿੰਦਾ ਹਾਂ ਕਿ ਸ਼ੂਗਰਕੇਨ ਦੀਆਂ ਮਿੱਲਾਂ ਕਿਉਂ ਨਹੀਂ ਮਹੀਨਾ ਪਹਿਲਾਂ ਚੱਲੀਆਂ । ਹੁਣ ਤੱਕ ਕਈ ਲੱਖ ਟਨ ਗੰਨਾ ਪੀੜਿਆ ਜਾਣਾ ਸੀ । ਜਿਹੜਾ ਗੰਨਾ ਕਿਸੇ ਮਿੱਲ ਨੂੰ ਅਲਾਟਿਡ ਹੈ, ਬਾਂਡਿਡ ਹੈ, ਉਹ ਮਿਲ ਉਸ ਨੂੰ ਜ਼ਰੂਰ ਪੀੜੇਗੀ । ਇਥੇ ਕਣਕ ਦੀ ਗੱਲ ਕੀਤੀ ਗਈ । ਕਣਕ ਦੀ ਕੀਮਤ 1978 ਵਿਚ 112.50 ਰੁਪਏ ਕੁਇੰਟਲ ਸੀ । 1979 ਵਿਚ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

115 ਰੁਪਏ ਸੀ ਲੇਕਿਨ 1980 ਵਿੱਚ ਇਹ 117 ਰੁਪਏ ਅਤੇ 1981 ਵਿਚ ਇਹ 130 ਰੁਪਏ ਕੁਇੰਟਲ ਹੋ ਗਈ। ਅਸੀਂ 1982 ਲਈ 142 ਰੁਪਏ ਕੁਇੰਟਲ ਦੀ ਮੰਗ ਕੀਤੀ ਸੀ। ਲੇਕਿਨ ਮੈਨੂੰ ਉਮੀਦ ਹੈ ਕਿ ਦੂਜੀ ਵਾਰੀ ਅਸੀਂ ਜਿਹੜੇ ਕਾਗਜ਼ ਭੇਜੇ ਹਨ ਉਨ੍ਹਾਂ ਤੇ ਅਮਲ ਹੋਵੇਗਾ ਔਰ 142 ਰੁਪਏ ਨਾਲੋਂ ਜ਼ਿਆਦਾ ਭਾਅ ਕਣਕ ਦਾ ਮਿਲੇਗਾ।

ਪੈਡੀ ਦੀ ਜਿਹੜੀ ਕਾਮਨ ਵਰਾਇਟੀ ਹੈ ਉਸਦਾ 1979 ਵਿੱਚ ਭਾਅ 95 ਰੁਪਏ ਕੁਇੰਟਲ ਸੀ। 1980 ਵਿਚ ਇਹ 105 ਰੁਪਏ ਹੋ ਗਿਆ। 1981 ਵਿੱਚ ਇਹ ਵਧ ਕੇ 115 ਰੁਪਏ ਕੁਇੰਟਲ ਹੋ ਗਿਆ। ਇਸੇ ਤਰ੍ਹਾਂ ਸ਼ੂਗਰਕੇਨ ਦੀ ਕੀਮਤ 1979 ਵਿਚ 13 ਰੁਪਏ 16 ਪੈਸੇ ਪ੍ਰਤੀ ਕੁਇੰਟਲ ਸੀ। 1980 ਵਿਚ ਇਸਦਾ ਭਾਅ 23.26 ਰੁਪਏ ਸੀ ਅਤੇ ਹੁਣ 1982 ਵਿਚ ਜਿਨ੍ਹਾਂ ਕਿਸਾਨਾਂ ਨੇ ਗੰਨਾ ਬੀਜਿਆ ਹੈ ਉਨ੍ਹਾਂ ਨੂੰ ਕਾਫੀ ਕਮਾਈ ਹੋਈ ਹੈ।

ਇਸ ਤਰ੍ਹਾਂ ਅਸੀਂ ਲਾਰਜ ਨੰਬਰ ਆਫ ਐਗਰੋ-ਇੰਡਸਟਰੀਜ਼ ਦਾ ਪ੍ਰਬੰਧ ਕੀਤਾ ਹੈ। ਸਿਰਫ ਇਕ ਮਿੱਲ ਸੀ ਜੋ ਇਨ੍ਹਾਂ ਨੇ ਬਣਾਈ ਸੀ ਆਪਣੇ ਪੌਣੇ ਤਿੰਨ ਸਾਲਾਂ ਵਿਚ। ਲੇਕਿਨ ਅਸੀਂ ਕੋਆਪ੍ਰੇਟਿਵ ਰਾਈਸ ਸ਼ੈਲਰਜ਼ 4 ਲਗਾਈਆਂ ਹਨ। ਕੋਆਪ੍ਰੇਟਿਵ ਸਪਿੰਨਿੰਗ ਮਿਲ ਅਬੋਹਰ, ਮਲੋਟ, ਮਾਨਸਾ ਔਰ ਤਪਾ ਵਾਲੇ ਪਾਸੇ ਲਗੀਆਂ ਹਨ, ਇਸ ਪਾਸੇ ਨਹੀਂ ਲਗੀਆਂ। ਇਸ ਪਾਸੇ ਗੋਇੰਦਵਾਲ ਸਾਹਿਬ ਲਗਾਉਣ ਦੀ ਗੱਲ ਹੈ, ਫਿਰ ਇਕ ਮਿਲ ਜ਼ੀਰੇ ਲਗੀ। ਜਿੰਨਿੰਗ ਫੈਕਟਰੀ ਰਾਮਪੁਰਾ ਫੂਲ ਲਗੀ ਹੈ, ਗਿਦੜਬਾਹੇ ਲਗੀ ਹੈ। ਇਸ ਤਰ੍ਹਾਂ ਕਾਟਨ ਪ੍ਰਾਸੈਸਿੰਗ ਜਿਹੜੀ ਹੈ, ਇਹ ਨਵਾਂ ਪ੍ਰਾਜੈਕਟ ਹੈ, ਇਹ ਸਾਨੂੰ ਵਿਰਾਸਤ ਵਿਚ ਨਹੀਂ ਸੀ ਮਿਲਿਆ ਪਰ ਅਸੀਂ ਇਹ ਪ੍ਰਾਜੈਕਟ ਲਗਾ ਰਹੇ ਹਾਂ। ਸਪੀਕਰ ਸਾਹਿਬ, ਇਹ ਸਾਰੀਆਂ ਹੀ ਐਗਰੀਕਲਚਰ ਨਾਲ ਤੁਅੱਲਕ ਰਖਣ ਵਾਲੀਆਂ ਇੰਡਸਟਰੀਆਂ ਹਨ। ਫਿਰ ਅਸੀਂ ਬਾਰਸ਼ਾਂ ਨਾ ਹੋਣ ਦੇ ਬਾਵਜੂਦ ਵੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਸ਼ਹਿਰਾਂ ਵਿਚ ਬਿਜਲੀ ਦੀ ਕਟੌਤੀ ਕਰਕੇ ਕਿਸਾਨਾਂ ਨੂੰ ਬਿਜਲੀ ਦੇਈਏ ਔਰ ਅਸੀਂ ਉਨ੍ਹਾਂ ਨੂੰ 12 ਘੰਟੇ ਬਿਜਲੀ ਜ਼ਰੂਰ ਦਿਤੀ ਹੈ ਜਿਸ ਦਾ ਨਤੀਜਾ ਇਹ ਹੋਇਆ ਕਿ 44 ਲੱਖ ਟਨ ਜੋ ਪਹਿਲਾਂ ਅਨਾਜ ਹੋਇਆ ਸੀ ਉਹ 51 ਲੱਖ ਟਨ ਹੋਇਆ। ਅਸੀਂ ਉਸ ਨੂੰ ਦੇਖ ਭਾਲ ਕਰਨ ਵਾਸਤੇ, ਉਸ ਨੂੰ ਮਾਨੀਟਰ ਕਰਨ ਵਾਸਤੇ ਵੀ ਕੋਸ਼ਿਸ਼ ਕੀਤੀ ਹੈ। ਸਪੀਕਰ ਸਾਹਿਬ, ਮੈਂ ਜਲਦੀ ਜਲਦੀ ਕਰ ਰਿਹਾ ਹਾਂ, ਮੈਟੀਰੀਅਲ ਜ਼ਿਆਦਾ ਹੈ, ਲੇਕਿਨ ਫਿਰ ਵੀ ਹੋ ਸਕਦਾ ਹੈ ਕਿ ਜ਼ਿਆਦਾ ਟਾਈਮ ਲੱਗ ਜਾਵੇ।

ਸਪੀਕਰ ਸਾਹਿਬ, ਇਕਨਾਮਿਕ ਪ੍ਰੋਗਰਾਮ ਬਾਰੇ ਕਿਹਾ ਗਿਆ ਹੈ। 20 ਪੁਆਇੰਟਸ ਪ੍ਰੋਗਰਾਮ ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਦਿੱਤਾ ਹੈ ਔਰ ਉਨ੍ਹਾਂ ਨੇ ਇਹ ਪ੍ਰੋਗਰਾਮ ਦੇਸ਼ ਦੀ ਤਰੱਕੀ ਵਾਸਤੇ ਦਿੱਤਾ ਹੈ। ਉਨ੍ਹਾਂ ਪੁਆਇੰਟਾਂ ਤੇ ਜਿਵੇਂ ਜਿਵੇਂ ਅਮਲ ਹੋਵੇਗਾ ਲਾਜ਼ਮੀ ਤੌਰ ਤੇ ਉਸ ਤਰ੍ਹਾਂ ਹੀ ਦੇਸ਼ ਤਰੱਕੀ ਕਰੇਗਾ, ਪੰਜਾਬ ਤਰੱਕੀ ਕਰੇਗਾ, ਪੰਜਾਬ ਅਗੇ ਜਾਵੇਗਾ। ਉਨ੍ਹਾਂ ਦੇ ਸਾਰੇ ਹੀ ਸਟੈਪਸ ਕਮਜ਼ੋਰ ਵਰਗਾਂ ਦੀ ਤਰੱਕੀ ਵਾਸਤੇ ਹਨ। ਇਸ ਲਈ ਹੀ ਅਸੀਂ ਵੀ ਇਕਨਾਮਿਕ ਸਰਵੇ ਕੀਤਾ ਹੈ ਔਰ ਬਲੋ ਪਾਵਰਟੀ ਲਾਈਨ ਤੋਂ ਰਹਿ ਰਹੀਆਂ ਫੈਮਿਲੀਜ਼ ਨੂੰ ਆਈਡੈਂਟੀਫਾਈ ਕੀਤਾ ਹੈ। ਇਹ ਠੀਕ ਹੈ ਕਿ ਕੋਈ ਇਸ ਵਿਚ ਖਰਾਬੀ ਹੋ ਗਈ ਹੋਵੇ, ਕਿਸੇ ਨੇ ਗਲਤ ਤੌਰ ਤੇ ਆਪਣਾ ਨਾਮ ਦਰਜ ਕਰਵਾ ਲਿਆ ਹੋਵੇ ਜਾਂ ਗਲਤੀ ਨਾਲ ਕਿਸੇ ਦਾ ਨਾਮ ਅੰਦਰਾਜ਼ ਨਾ ਹੋਇਆ ਹੋਵੇ। ਅਗਰ ਕੋਈ ਵੀ ਐਸੀ ਗੱਲ ਹੋਈ ਹੋਵੇਗੀ ਤਾਂ ਹੀ ਅਸੀਂ ਰਿਵਿਊ ਕੀਤਾ ਹੈ ਔਰ ਫਿਰ ਵੀ ਅਗਰ ਕੋਈ ਰਹਿ ਗਿਆ ਹੋਵੇਗਾ ਤਾਂ ਉਸ ਵਲ ਵੀ ਧਿਆਨ ਕਰਾਂਗੇ। ਲੇਕਿਨ 33 ਪ੍ਰਤੀਸ਼ਤ ਲੋਕ ਜਿਹੜੇ ਗਰੀਬੀ ਦੀ ਰੇਖਾ ਤੋਂ ਥਲੇ ਰਹਿ ਰਹੇ ਹਨ ਉਨ੍ਹਾਂ ਵਾਸਤੇ ਇਹ ਸਾਰੀਆਂ ਸਕੀਮਾਂ ਹਨ।

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਫਿਰ ਹਾਊਸਿੰਗ ਦੀ ਗੱਲ ਹੈ । ਇਹ 700 ਤੋਂ ਨਹੀਂ ਸਨ ਵਧੇ, ਇਨਾਂ ਦਾ ਹਾਊਸਿਜ਼ ਦਾ ਟੋਟਲ 700 ਤੋਂ ਨਹੀਂ ਸੀ ਵਧਦਾ ਪਰ ਹੁਣ ਇਹ ਟੋਟਲ 20 ਹਜ਼ਾਰ ਪੂਰਾ ਹੋ ਜਾਣਾ ਹੈ ਐਰ ਉਨ੍ਹਾਂ ਮਕਾਨਾਂ ਦੇ ਲੋਕਾਂ ਨੂੰ ਕਬਜ਼ੇ ਦਿਤੇ ਜਾਣਗੇ ।

ਸਪੀਕਰ ਸਾਹਿਬ, ਪਲਾਨ ਦੇ ਐਕਸਪਰਟ ਸਾਹਿਬ ਵੀ ਬੈਠੇ ਹਨ, ਹੁਣ ਮੈਂ ਪਲਾਨ ਬਾਰੇ ਕਹਿਣਾ ਚਾਹੁੰਦਾ ਹਾਂ । ਸੰਨ 1977-78, 1978-79 ਅਤੇ 1979-80 ਵਿਚ ਪਲਾਨ 694 ਕਰੋੜ ਐਰ 48 ਲੱਖ ਦਾ ਸੀ, ਪਰ ਇਹ ਪਲਾਨ ਸੰਨ 1980-81, 1981-82 ਵਿਚ 1025 ਕਰੋੜ ਦਾ ਹੋ ਗਿਆ । ਇਸ ਨੂੰ ਪਲਾਨ ਕਹਿੰਦੇ ਹਾਂ । ਅਸੀਂ ਸਪੀਕਰ ਸਾਹਿਬ, ਇੰਸਟੀਚਿਊਸ਼ਨਲ ਫਾਇਨਾਂਸ ਤੋਂ ਪੈਸਾ ਲਿਆ ਹੈ ਐਰ ਇਨ੍ਹਾਂ ਨੇ ਕਤਈ ਉਸ ਪਾਸਿਉਂ ਪੈਸਾ ਨਹੀਂ ਸੀ ਲਿਆ । ਇਹ ਨਹੀਂ ਹੈ ਕਿ ਘਾਟਾ ਪਾ ਦਿਤਾ ਜਾਵੇ । ਅਸੀਂ ਇਹ ਨਹੀਂ ਕੀਤਾ, ਅਸੀਂ ਇੰਸਟੀਚਿਊਸ਼ਨਲ ਫਾਇਨਾਂਸ ਤੋਂ ਪੈਸਾ ਲਿਆ ਹੈ । ਇਹ ਰੁਪਿਆ 614 ਕਰੋੜ ਹੈ । ਇਹ ਸੂਬੇ ਦੀ ਪ੍ਰਾਗਰੈਸ ਵਾਸਤੇ, ਸੂਬੇ ਦੀ ਹਾਲਤ ਨੂੰ ਬਦਲਣ ਵਾਸਤੇ ਪੈਸਾ ਲਿਆ ਹੈ ਐਰ ਇਨ੍ਹਾਂ ਨੇ ਧੇਲਾ ਵੀ ਨਹੀਂ ਸੀ ਲਿਆ ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਇਕ ਗੱਲ ਹੋਰ ਮੈਂ ਆਪ ਦੇ ਗੋਸ਼ਗੁਜ਼ਾਰ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਰੁਪਿਆ ਇਨ੍ਹਾਂ ਨੇ ਖਰਚ ਕੀਤਾ, ਰੀਸੋਰਸਿਜ਼ ਮਾਬਲਾਈਜ਼ ਨਹੀਂ ਕੀਤੇ, ਸਾਨੂੰ ਘਾਟਾ ਦਿਤਾ ਹੈ, ਸਾਡੇ ਤੇ ਲੋਡ ਪਾਇਆ ਹੈ । ਉਹ ਰੁਪਿਆ 27.53 ਕਰੋੜ ਇਕ ਹੈ ਜਿਹੜਾ ਕਿ ਮੁਲਾਜ਼ਮਾਂ ਦੇ ਪੇਅ ਸਕੇਲਾਂ ਵਿਚ ਵਾਧਾ ਹੋਣ ਕਰਕੇ ਦਿਤਾ ਹੈ । ਇਸ ਤਰ੍ਹਾਂ ਸਾਰਾ ਘਾਟਾ ਜੋ ਇਹ ਸਾਨੂੰ ਦੇ ਕੇ ਗਏ ਸਨ ਉਹ ਹੈ 54.53 ਕਰੋੜ ਰੁਪਏ ਦਾ, ਇਹ ਪੁਰਾਣਾ ਘਾਟਾ ਇਨ੍ਹਾਂ ਦੀ ਸਰਕਾਰ ਨੇ ਸਾਡੇ ਉਤੇ ਪਾਇਆ ਸੀ । ਜੋ ਸਾਡੇ ਜ਼ਿੰਮੇ ਘਾਟਾ ਹੈ ਉਹ ਹੈ 70 ਕਰੋੜ 47 ਲੱਖ ਰੁਪਏ ਦਾ । ਇਸ ਤਰ੍ਹਾਂ ਟੋਟਲ 125 ਕਰੋੜ ਰੁਪਏ ਵਿਚੋਂ ਜੋ ਤੁਸੀਂ ਸਾਡੇ ਜ਼ਿੰਮੇਂ 54 ਕਰੋੜ 53 ਲੱਖ ਪਾਇਆ ਹੈ ਉਹ ਤਾਂ ਤੁਸੀਂ ਪੂਰਾ ਕਰਵਾਓ । ਇਹ ਦਸੋ ਕਿ ਕਿਸ ਤਰ੍ਹਾਂ ਪੂਰਾ ਹੋਵੇਗਾ ? ਤੁਸੀਂ ਇਹ ਘਾਟਾ ਛੱਡ ਕੇ ਗਏ ਹੋ ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਤੁਹਾਨੂੰ ਇਹ ਫਿੱਗਰਜ਼ ਚੈਕ ਕਰਵਾਉਣੇ ਚਾਹੀਦੇ ਹਨ ।

**ਮੁੱਖ ਮੰਤਰੀ** : ਠੀਕ ਹੈ, ਤੁਸੀਂ ਫਿਗਰਾਂ ਚੈਕ ਕਰਾਓ ਜੀ । ਸਪੀਕਰ ਸਾਹਿਬ, 125 ਕਰੋੜ ਰੁਪਏ ਦਾ ਘਾਟਾ ਹੈ । ਇਸ ਬਾਰੇ ਮੈਂ ਅਰਜ਼ ਕੀਤੀ ਹੈ ਕਿ 54 ਕਰੋੜ ਤੋਂ ਵਧ ਤਾਂ ਇਨ੍ਹਾਂ ਨੇ ਸਾਡੇ ਤੇ ਘਾਟੇ ਦਾ ਲੋਡ ਪਾਇਆ ਹੈ ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਸਾਡੇ ਪਾਸ ਗੌਰਮਿੰਟ ਦਾ ਜਵਾਬ ਹੈ ਕਿ ਸਾਡੇ ਸਰਕਾਰ ਛੱਡਣ ਤੋਂ ਦੋ ਦਿਨ ਬਾਅਦ 22 ਕਰੋੜ ਰੁਪਿਆ ਖਜ਼ਾਨੇ ਵਿਚ ਜਮ੍ਹਾਂ ਸੀ ।

**ਸ੍ਰੀ ਸਪੀਕਰ** : ਸੇਖਵਾਂ ਸਾਹਿਬ, ਤੁਸੀਂ ਬੋਲੋ ਨਾ ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ਸਪੀਕਰ ਸਾਹਿਬ, ਕਲੈਰੀਫਾਈ ਤਾਂ ਕਰਨਾ ਹੀ ਪੈਂਦਾ ਹੈ ਜੀ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਕਲੈਰੀਫੀਕੇਸ਼ਨ ਲਈ ਇਨ੍ਹਾਂ ਨੇ ਜੱਥੇਦਾਰ ਜੀ ਦੀ ਡਿਊਟੀ ਲਗਾਈ ਹੈ । (ਹਾਸਾ)

**Mr. Speaker**: Order please,

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ 'ਨਿਊ ਟਾਈਮਜ਼' ਇਕ ਰਸਾਲਾ ਹੈ । ਮੈਂ ਵੀ ਇਸ ਨੂੰ ਪੜ੍ਹਿਆ ਹੈ । ਇਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਦੀ ਹਾਲਤ ਪੰਜਾਬ ਵਿਚ ਹੈ । ਇਹ ਪੜ੍ਹਨ ਯੋਗ ਗੱਲ ਹੈ । ਇਹ ਪੜ੍ਹ ਲੈਣ । ਉਨ੍ਹਾਂ ਕੁਝ ਮੈਥੋਂ ਵੀ ਪੁਛਿਆ ਹੋਵੇਗਾ ਲੇਕਿਨ ਉਸ ਨੇ ਆਪਣੀ ਰਾਏ ਜੋ ਦਿੱਤੀ ਹੈ ਉਹ ਇਹ ਪੜ੍ਹ ਕੇ ਵੇਖ ਲੈਣ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਗਰੀਕਲਚਰ ਔਰ ਇੰਡਸਟਰੀ ਬਾਰੇ ਮੈਂ ਜ਼ਿਕਰ ਕੀਤਾ ਹੈ । ਹੁਣ ਮੈਂ ਇਨ੍ਹਾਂ ਦੀ ਹੋਰ ਗੱਲ ਦੱਸਦਾ ਹਾਂ।

ਸਪੀਕਰ ਸਾਹਿਬ, ਇਥੇ ਬਹੁਤ ਕੁਝ ਕਿਹਾ ਗਿਆ ਕਿ ਫਲਾਣੇ ਨੂੰ ਪਕੜਿਆ ਗਿਆ ਹੈ, ਫਲਾਣੇ ਨੂੰ ਛੱਡਿਆ ਗਿਆ ਹੈ, ਇਹ ਕੀਤਾ ਹੈ, ਉਹ ਕੀਤਾ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਆਪ ਕਦੀ ਫਿੱਗਰਜ਼ ਵੇਖ ਲੈਣ, ਇਹ ਆਪਣੇ ਵੇਲੇ ਦੀਆਂ ਫਿੱਗਰਜ਼ ਵੱਲ ਵੀ ਕਦੀ ਨਿਗਾਹ ਮਾਰ ਕੇ ਵੇਖ ਲੈਣ । ਸਪੀਕਰ ਸਾਹਿਬ, ਇਸ ਪੰਜਾਬ ਸਰਕਾਰ ਨੇ ਸੂਬੇ ਦੀ ਤਰੱਕੀ ਦੇ ਸਾਧਨ ਜੁਟਾਏ ਹਨ । ਇੰਡਸਟਰੀ ਔਰ ਐਗਰੀਕਲਚਰ ਦੋ ਪਹੀਏ ਹਨ ਗੱਡੀ ਨੂੰ ਚਲਾਉਣ ਦੇ । ਅਸੀਂ ਇੰਡਸਟਰੀ ਵੱਲ ਤਵੱਜੋਂ ਦਿੱਤੀ ਹੈ ਔਰ ਨਵੀਆਂ ਲੀਹਾਂ ਦਿਤੀਆਂ ਹਨ, ਅਸੀਂ ਕਰੋੜਾਂ ਰੁਪਏ ਦੇ ਪ੍ਰਾਜੈਕਟਸ ਲਿਆਏ ਹਾਂ । ਇਹ ਕਹਿੰਦੇ ਹਨ ਕਿ ਇੰਪਲੀਮੈਂਟੇਸ਼ਨ ਨਹੀਂ ਹੋਈ । ਮੈਂ ਕਹਿੰਦਾ ਹਾਂ ਕਿ ਇੰਪਲੀਮੈਂਟੇਸ਼ਨ ਕਿਸ ਤਰ੍ਹਾਂ ਨਹੀਂ ਹੋਈ, ਕਈ ਹਜ਼ਾਰ ਆਦਮੀਆਂ ਨੂੰ ਕੰਮ ਮਿਲਣਾ ਹੈ । ਫਿਰ ਜਿਹੜਾ ਖੇਤਾਂ ਵਿਚ ਮਜ਼ਦੂਰ ਕੰਮ ਕਰਦਾ ਹੈ ਉਸ ਦੇ ਅਸੀਂ ਪੈਸੇ ਮੁਕੱਰਰ ਕੀਤੇ ਹਨ, ਪਹਿਲਾਂ ਨਹੀਂ ਸੀ ਕੀਤੇ ਗਏ ਔਰ ਇਨਸਪੈਕਟੋਰੇਟ ਜਿਹੜਾ ਹੈ, ਜਿਨ੍ਹਾਂ ਦੇ ਜ਼ਿੰਮੇ ਦੇਖ-ਭਾਲ ਦਾ ਕੰਮ ਲਗਾਇਆ ਹੋਇਆ ਹੈ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਸ਼ਹਿਰਾਂ ਵਿਚ ਨਹੀਂ ਰਹਿ ਸਕਦੇ, ਪਿੰਡਾਂ ਵਿਚ ਜਾ ਕੇ ਵੇਖਣ ਕਿ ਇੰਪਲੀਮੈਂਟੇਸ਼ਨ ਹੁੰਦੀ ਹੈ, ਜਾਂ ਨਹੀਂ । ਫਿਰ ਅਸੀਂ ਲੇਬਰ ਦੇ ਝਗੜੇ ਨਿਪਟਾਉਣ ਲਈ ਪ੍ਰਬੰਧ ਕੀਤਾ ਹੈ । ਲੇਕਿਨ, ਸਪੀਕਰ ਸਾਹਿਬ, ਐਕਸਟ੍ਰੀਮਿਸਟਾਂ ਵਾਸਤੇ ਅਕਾਲੀ ਪਾਰਟੀ ਨੇ ਇਕ ਲਫਜ਼ ਨਹੀਂ ਕਿਹਾ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ ਲੇਕਿਨ ਹੋਏ ਵਾਕਿਆਤ ਤੇ ਇਹ ਕਹਿਣ ਕਿ ਬਹੁਤ ਅੱਛਾ ਹੋਇਆ ਹੈ, ਇਸ ਨੂੰ ਸਰੋਪਾ ਦਿਤਾ ਜਾਵੇ, ਇਹ ਠੀਕ ਨਹੀਂ ਹੈ । ਇਹ ਗੱਲ ਨਹੀਂ ਹੈ ਕਿ ਸਾਡੇ ਨੋਟਿਸ ਵਿਚ ਨਹੀਂ ਹੈ । ਜਦੋਂ ਇਹ ਛੋਟੀ ਛੋਟੀ ਗੱਲ ਬਾਹਰ ਲੈ ਕੇ ਆਉਂਦੇ ਹਨ ਤਾਂ ਇਥੇ ਇਹ ਗੱਲਾਂ ਕਿਉਂ ਨਹੀਂ ਕੀਤੀਆਂ । 10 ਆਦਮੀਆਂ ਦਾ ਬੇਗੁਨਾਹ ਕਤਲ ਕੀਤਾ ਗਿਆ ਔਰ ਉਨ੍ਹਾਂ ਨੇ ਉਨ੍ਹਾਂ ਦੇ ਵਾਸਤੇ ਆਵਾਜ਼ ਤੱਕ ਨਹੀਂ ਉਠਾਈ ਬਲਕਿ ਉਸ ਦੇ ਉਲਟ ਬਿਆਨ ਦਿੰਦੇ ਹਨ । ਇਹ ਠੀਕ ਨਹੀਂ । ਫਿਰ ਸਪੀਕਰ ਸਾਹਿਬ, ਇਹ ਅੰਮ੍ਰਿਤਧਾਰੀਆਂ ਦੀ ਗੱਲ ਕਰਦੇ ਹਨ । ਇਹ ਕਹਿੰਦੇ ਹਨ ਕਿ ਅੰਮ੍ਰਿਤਧਾਰੀ ਕਾਤਲ ਨਹੀਂ ਹੋ ਸਕਦਾ । ਜੇ ਇਹ ਬਿਲਕੁਲ ਸਹੀ ਹੈ ਤਾਂ ਇਹ ਦੱਸਣ ਕਿ ਕਾਤਲ ਕੌਣ ਹੈ ? ਠੀਕ ਹੈ ਮੈਂ ਵੀ ਅੰਮ੍ਰਿਤਧਾਰੀਆਂ ਦੀ ਇੱਜ਼ਤ ਕਰਦਾ ਹਾਂ । ਪਰ ਜੇ ਕੋਈ ਅੰਮ੍ਰਿਤਧਾਰੀ ਕਤਲ ਕਰ ਦੇਵੇ ਤਾਂ ਕੀ ਉਸ ਨੂੰ ਨਾ ਫੜਿਆ ਜਾਵੇ । ਜੇ ਕਈ 20 ਸਾਲ ਸਾਧ ਰਿਹਾ ਹੋਵੇ ਤੇ ਫਿਰ 21-ਵੇਂ ਸਾਲ ਵਿਚ ਕੋਈ ਕਤਲ ਕਰ ਦੇਵੇ ਤਾਂ ਉਸ ਨੂੰ ਕਾਤਲ ਹੀ ਕਿਹਾ ਜਾਏਗਾ ਉਸ ਨੂੰ ਸਾਧ ਕੋਈ ਨਹੀਂ ਕਹਿ ਸਕਦਾ ।

(ਇਸ ਵੇਲੇ ਕੁਝ ਮੈਂਬਰਜ਼ ਬੈਠੇ ਬੈਠੇ ਬੋਲਣ ਲੱਗ ਪਏ।)

**ਸ੍ਰੀ ਸਪੀਕਰ** : ਵੈਦ ਕਰਤਾਰ ਸਿੰਘ ਜੀ, no interruption please.

**ਮੁੱਖ ਮੰਤਰੀ** : ਮੈਂ ਨਾਂ ਕਿਸ ਤਰ੍ਹਾਂ ਲੈ ਦੇਵਾਂ ਜੋ ਕਾਤਲ ਕੋਈ ਹੋਰ ਹੈਗੇ ਨੇ । (ਵਿਘਨ)

**Mr. Speaker:** No interruption.

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਮੈਂ ਇਨ੍ਹਾਂ ਨੂੰ ਇਕ ਬੇਨਤੀ ਕਰਦਾ ਹਾਂ ਕਿ ਇਹ ਬੜੇ ਪੁਰਾਣੇ ਮੈਂਬਰ ਹਨ ਪਰ ਇਹ ਗੱਲ ਬੜੀ ਕੁਰੱਖਤੀ ਨਾਲ ਕਰਦੇ ਹਨ । ਇਨ੍ਹਾਂ ਨੂੰ ਮੈਂ ਬੇਨਤੀ ਕਰਦਾ ਹਾਂ ਕਿ ਜ਼ਰਾ ਤਹਿਜ਼ੀਬ ਨਾਲ ਗੱਲ ਕਰਨ ।

ਫਿਰ ਸਪੀਕਰ ਸਾਹਿਬ, ਇਥੇ ਪਰ ਕੈਪੀਟਾ ਅਸਿਸਟੈਂਸ ਦੇ ਬਾਰੇ ਗੱਲ ਕੀਤੀ ਗਈ ਹੈ । ਇਹ ਕਹਿੰਦੇ ਹਨ ਕਿ ਸਾਨੂੰ ਅਸਿਸਟੈਂਸ ਨਹੀਂ ਮਿਲਦੀ । ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਸਾਡੇ ਨਾਲ 2 ਸਟੇਟਾਂ ਅਗੇ ਨੇ ਤੀਸਰਾ ਨੰਬਰ ਸਾਡਾ ਹੈਗਾ ਹੈ । ਇਹ ਅਸਿਸਟੈਂਸ ਸੈਂਟਰ ਤੋਂ ਸਾਨੂੰ ਮਿਲਦੀ ਹੈ । ਇਥੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਇਸ ਬਾਰੇ ਕਈ ਗਲਾਂ ਕੀਤੀਆਂ ਸਨ, ਇਸ ਕਰਕੇ ਮੈਂ ਦੱਸਦਾ ਹਾਂ ਕਿ ਜਿਥੋਂ ਤਕ ਤੁਅੱਲਕ ਹੈ ਸਾਡੀ ਗੱਲਬਾਤ ਦਾ, ਸਾਰੇ ਮੈਂਬਰਜ਼ ਜਾਣਦੇ ਹਨ ਕਿ ਅਸੀਂ ਕੀ ਕੀ ਕੀਤਾ ਹੈ । ਪਰ ਇਹ ਮੰਨਣ ਜਾਂ ਨਾ ਮੰਨਣ, ਅਸੀਂ ਕੀ ਕਰ ਸਕਦੇ ਹਾਂ । ਪਰ ਜੇ ਇਹ ਕਹਿਣ ਕਿ ਥਰੈਟਨਿੰਗ ਕਰਕੇ ਗੱਲ ਕਰੋ ਤਾਂ ਇਹ ਗੱਲ ਤਾਂ ਨਹੀਂ ਚੱਲ ਸਕਦੀ । ਇਕ ਪਾਸੇ ਪੰਜਾਬ ਵਿਚ ਇਹੋ ਜਿਹੇ ਹਾਲਾਤ ਪੈਦਾ ਕੀਤੇ ਜਾਣ ਜਿਸ ਨਾਲ ਕਿ ਕੰਮ ਰੁਕਦਾ ਹੋਵੇ ਔਰ ਫਿਰ ਆਪ ਇਥੇ ਇਹੋ ਜਿਹੀਆਂ ਗੱਲਾਂ ਕਰਨ, ਇਹ ਠੀਕ ਨਹੀਂ । ਠੀਕ ਹੈ, ਇਹ ਕਹਿੰਦੇ ਹਨ ਕਿ ਰੇਲ ਦਾ ਨਾਂ ਇਹ ਰੱਖ ਦੇਵੋਂ ਕੋਈ ਗੱਲ ਨਹੀਂ, ਹੋ ਸਕਦਾ ਹੈ । ਪਰ ਜੇ ਇਹ ਕਹਿਣ ਕਿ ਕਾਂਗਰਸ ਵਾਲੇ ਨੇ ਕਤਲ ਕੀਤਾ ਹੈ ਤਾਂ ਇਹ ਸਾਨੂੰ ਦੱਸਣ ਕਿ ਉਹ ਇਸ ਵੇਲੇ ਕਿਥੇ ਹੈ ਜੇ ਇਨ੍ਹਾਂ ਨੂੰ ਪਤਾ ਹੈ ਤਾਂ । ਪਰ ਇਹ ਉਨ੍ਹਾਂ ਬਾਰੇ ਕੁਝ ਨਹੀਂ ਦੱਸਦੇ । (ਵਿਘਨ)

**Mr. Speaker :** No interruption please.

ਮੁੱਖ ਮੰਤਰੀ : ਕੀ ਤੁਸੀਂ ਨਾਲ ਹੁੰਦੇ ਹੋ ? ਨਹੀਂ ਤਾਂ ਮੈਂ ਦੱਸ ਦਿੰਦਾ ਹਾਂ । ਮੇਰੇ ਨਾਲ ਚੱਲੋ ਪਰ ਕਿਸੇ ਨੂੰ ਦੱਸ ਕੇ ਨਹੀਂ । (ਵਿਘਨ)

**Mr. Speaker :** No interruption.

ਮੁੱਖ ਮੰਤਰੀ : ਇਸ ਕਰਕੇ ਮੈਂ ਨਹੀਂ ਦੱਸ ਕੇ ਜਾਣਾ ਚਾਹੁੰਦਾ ਕਿ ਇਹ ਉਸ ਨੂੰ ਉਥੋਂ ਰੀਮੂਵ ਨਾ ਕਰ ਦੇਣ। ਮੈਂ ਤਾਂ ਜਵਾਬ ਦਿੱਤਾ ਹੈ ਕਿ ਫਲਾਣੇ ਫਲਾਣੇ ਕਮਰੇ ਵਿਚ ਫਲਾਣਾ ਫਲਾਣਾ ਬੰਦਾ ਹੈ । (ਵਿਘਨ)

**Mr. Speaker :** Please sit down. No interruption.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਗੁਰਦੁਆਰਿਆਂ ਦੀ ਪਵਿੱਤਰਤਾ ਹੋਣੀ ਚਾਹੀਦੀ ਹੈ । (ਵਿਘਨ)

**Mr. Speaker :** Please no interruption.

ਮੁੱਖ ਮੰਤਰੀ (ਸਰਦਾਰ ਦਰਬਾਰਾ ਸਿੰਘ) : ਜੇ ਤੁਹਾਨੂੰ ਜ਼ਿਆਦਾ ਪਤਾ ਹੈ ਤਾਂ ਉਨ੍ਹਾਂ ਦੇ ਫੜਨ ਵਿਚ ਸਾਡੀ ਮੱਦਦ ਕਰੋ । ਸਪੀਕਰ ਸਾਹਿਬ, ਮੈਂ ਇਹ ਫਿਰ ਅਰਜ਼ ਕਰਦਾ ਹਾਂ ਕਿ ਇਹੋ ਜਿਹਿਆਂ ਨੂੰ ਗੁਰਦੁਆਰਿਆਂ ਵਿਚ ਪਰੋਟੈਕਸ਼ਨ ਨਹੀਂ ਦਿੱਤੀ ਜਾਣੀ ਚਾਹੀਦੀ । ਇਹ ਸਾਡੀ ਪਰੰਪਰਾ ਨਹੀਂ । ਅਸੀਂ ਗੁਰਦੁਆਰਿਆਂ ਦਾ ਸਨਮਾਨ ਕਰਦੇ ਹਾਂ । ਮੈਨੂੰ ਇਹ ਤਾਂ ਗੱਲ ਕਰਨੀ ਪੈਂਦੀ ਹੈ ਕਿ ਇਹ ਜਿਹੜੇ ਉਨ੍ਹਾਂ ਦੇ ਵਫਾਦਾਰ ਬਣਦੇ ਹਨ, ਇਹ ਇਥੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਇਥੇ ਅੱਜ ਇਕ ਆਨਰੇਬਲ ਬਜ਼ੁਰਗ ਮੈਂਬਰ ਨੇ ਕਿਹਾ ਹੈ ਕਿ ਉਸ ਨੂੰ ਜਾਨ ਦਾ ਖਤਰਾ ਹੈ ਇਸ ਲਈ ਉਸ ਨੂੰ ਹਥਿਆਰ ਦੇਣ ਦੀ ਪਰਮਿਸ਼ਨ ਨਹੀਂ ਦਿੱਤੀ ਗਈ । ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਹਥਿਆਰਾਂ ਦੀ ਪਰਮਿਸ਼ਨ ਕਿਉਂ ਚਾਹੁੰਦੇ ਹੋ, ਅਸੀਂ ਤੁਹਾਨੂੰ ਬੰਦੇ ਦੀ ਪਰੋਟੈਕਸ਼ਨ ਦਿੰਦੇ ਹਾਂ। (ਵਿਘਨ) ਤੁਸੀਂ ਰਿਵਾਲਵਰ ਮੰਗੋ, ਇਕ ਮੰਗੋ, ਦੋ ਮੰਗੋ, ਪਰ ਤੁਸੀਂ ਹਥਿਆਰ ਦੀ ਚੂਜ਼ ਕਿਉਂ ਕਰਦੇ ਹੋ। ਫਿਰ ਅਸੀਂ ਤਾਂ ਤੁਹਾਨੂੰ ਬੰਦੇ ਦੀ ਪਰੋਟੈਕਸ਼ਨ ਦਿੰਦੇ ਹਾਂ, ਕਾਰਬਾਈਨ ਦਾ ਲਾਇਸੈਂਸ ਕਿਉਂ ਮੰਗਦੇ ਹੋ। ਕੋਈ ਆਦਮੀ ਚਾਹੇ ਉਹ ਕਿਥੇ ਵੀ ਕੰਮ ਕਰਦਾ ਹੋਵੇ, ਸਕੱਤਰੇਤ ਵਿਚ ਕੰਮ ਕਰਦਾ ਹੋਵੇ ਜਾਂ ਆਈ. ਪੀ. ਐਸ. ਵਿਚ ਹੋਵੇ ਪਰ ਮੈਂ ਕਿਸੇ ਦੇ ਧਰਮ ਔਰ ਜਾਤ ਵਿਚ ਨਹੀਂ ਜਾਣਾ ਚਾਹੁੰਦਾ ਬਲਕਿ ਇਨ੍ਹਾਂ ਦੇ ਕਿਰਦਾਰ ਵਾਲੇ ਪਾਸੇ ਜਾਂਦਾ ਹਾਂ। ਮੈਨੂੰ ਯਾਦ ਹੈ ਕਿ ਬਾਦਲ ਸਾਹਿਬ ਨੇ ਵੀ ਇਥੇ ਇਕ ਵਾਰ ਹਾਊਸ ਵਿਚ ਕਿਹਾ ਸੀ ਕਿ ਇਹ ਜਿਹੜਾ ਹੁਕਮਨਾਮਾ ਹੈ ਇਹ ਮੇਰੇ ਤੇ ਵੀ ਸਿੱਖ ਦੇ ਤੌਰ ਤੇ ਲਾਗੂ ਹੁੰਦਾ ਹੈ ਪਰ ਇਸ ਹਾਊਸ ਵਿਚ ਇਹ ਲਾਗੂ ਨਹੀਂ ਹੁੰਦਾ। ਇਥੇ ਮੈਂ ਹਰ ਮੈਂਬਰ ਦਾ ਕਿਰਦਾਰ ਵੇਖਣਾ ਹੈ, ਚਾਹੇ ਉਹ ਸਿੱਖ ਹੈ, ਚਾਹੇ ਉਹ ਕਿਸੇ ਹੋਰ ਜਾਤ ਨਾਲ ਤੁਅੱਲਕ ਰੱਖਦਾ ਹੈ। ਇਸ ਲਈ ਇਸ ਸਦਨ ਵਿਚ ਮੈਂ ਪਗੜੀ ਵਾਲੇ ਔਰ ਬਗੈਰ ਪਗੜੀ ਵਾਲੇ ਦੀ ਗੱਲ ਨਹੀਂ ਕਰਦਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜਾ ਖਰਾਬੀ ਕਰਦਾ ਹੈ, ਜਿਹੜਾ ਗੁਨਾਹ ਕਰਦਾ ਹੈ ਉਸ ਨੂੰ ਦੰਡ ਮਿਲਣਾ ਚਾਹੀਦਾ ਹੈ ਔਰ ਜਿਹੜਾ ਕੋਈ ਅੱਛਾ ਕੰਮ ਕਰਦਾ ਹੈ ਉਸ ਨੂੰ ਐਨਕਰੇਜ ਕਰਨਾ ਚਾਹੀਦਾ ਹੈ। ਇਸ ਲਈ ਇਥੇ ਕਿਸੇ ਦੀ ਠੇਕੇਦਾਰੀ ਕਰਨਾ ਠੀਕ ਨਹੀਂ ਫਿਰ ਇਹ ਕਹਿੰਦੇ ਹਨ ਕਿ ਸਿੱਖ ਨੇਸ਼ਨ ਹੈ। ਮੈਂ ਨਹੀਂ ਮੰਨਦਾ। ਠੀਕ ਹੈ ਇਸ ਦੇਸ਼ ਦੇ ਵਿਚ ਕਿਸੇ ਕਮਿਊਨਿਟੀ ਨੇ ਥੋੜਾ ਔਰ ਕਿਸੇ ਕਮਿਊਨਿਟੀ ਨੇ ਜ਼ਿਆਦਾ ਹਿੱਸਾ ਪਾਇਆ ਹੋਣਾ ਹੈ। ਔਰ ਫਿਰ ਜੇ ਤਮਾਮ ਕਮਿਊਨਿਟੀ ਮਿਲ ਕੇ ਇਕ ਹਿੰਦੁਸਤਾਨ ਬਣਾਉਣ ਤਾਂ ਫਿਰ ਉਹ ਸਿੱਖ ਨੇਸ਼ਨ ਵੱਖਰੀ ਕਿਸ ਤਰ੍ਹਾਂ ਹੋ ਸਕਦੀ ਹੈ। ਸੋ ਇਸ ਲਈ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਜਿਹੜੀ ਅਸਿਸਟੈਂਸ ਦੀ ਗੱਲ ਕਰਦੇ ਹਨ, ਅਸੀਂ ਇਨ੍ਹਾਂ ਦੇ ਨਾਲ ਹਾਂ। ਅਸੀਂ ਵੀ ਚਾਹੁੰਦੇ ਹਾਂ ਕਿ ਸਾਨੂੰ ਅਸਿਸਟੈਂਸ ਜ਼ਿਆਦਾ ਮਿਲਣੀ ਚਾਹੀਦੀ ਹੈ। ਪਰ ਇਨ੍ਹਾਂ ਨੂੰ ਯਾਦ ਹੋਣਾ ਹੈ ਕਿ ਜਦੋਂ ਇਹ ਮੁਰਾਰਜੀ ਡਿਸਾਈ ਪਾਸ ਅਸਿਸਟੈਂਸ ਲਈ ਜਾਂਦੇ ਸਨ ਤਾਂ ਉਸ ਵੇਲੇ ਤੁਹਾਨੂੰ ਅੰਗੂਠਾ ਹੀ ਵਿਖਾਇਆ ਜਾਂਦਾ ਸੀ। ਤੁਸੀਂ ਦੱਸੋ ਕਿਹੜੀ ਕਿਹੜੀ ਗੱਲ ਲਈ ਤੁਹਾਨੂੰ ਅੰਗੂਠਾ ਦਿਖਾਇਆ ਗਿਆ।

ਅਕਾਲੀ ਪਾਰਟੀ ਨੇ ਇੰਦਰਾ ਗਾਂਧੀ ਜੀ ਨਾਲ ਗੱਲ ਬਾਤ ਕੀਤੀ ਅਤੇ ਬੜੇ ਸ਼ਿਕਵੇ ਕਰਦੇ ਹਨ ਕਿ ਸਰਕਾਰ ਹੈ ਕੋਈ ਨਹੀਂ ਅਤੇ ਸਰਕਾਰ ਠੀਕ ਤਰੀਕੇ ਨਾਲ ਚੱਲ ਨਹੀਂ ਰਹੀ। ਇਸ ਸਰਕਾਰ ਨੇ ਲਾਅ ਐਂਡ ਆਰਡਰ ਤੇ ਕਾਬੂ ਪਾਇਆ ਅਤੇ ਅਸੀਂ ਕਾਤਲਾਂ ਨੂੰ ਪਕੜਿਆ ਹੈ ਅਤੇ ਸਾਡੀ ਕੋਸ਼ਿਸ਼ ਹੈ ਕਿ ਜਿਹੜੇ ਕਾਨੂੰਨ ਦੀ ਗਰਿੱਪ ਵਿਚੋਂ ਹਾਲੇ ਬਾਹਰ ਹਨ ਉਨ੍ਹਾਂ ਨੂੰ ਵੀ ਪਕੜਿਆ ਜਾਵੇ ਤਾਂ ਕਿ ਜਿਹੜਾ ਐਕਸਟ੍ਰੀਮਿਸਟ ਐਲੀਮੈਂਟ ਹੈ ਉਹ ਖਤਮ ਹੋ ਸਕੇ। ਅਸੀਂ ਚਾਹੁੰਦੇ ਹਾਂ ਕਿ ਇਸ ਸੂਬੇ ਦੀ ਡਿਵੈਲਪਮੈਂਟ ਹੋਵੇ ਅਤੇ ਸਾਰੇ ਸਾਧਨਾਂ ਦਾ ਇਸਤੇਮਾਲ ਹੋ ਸਕੇ ਅਤੇ ਅਸੀਂ ਆਪਣੇ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਨਾਲ ਇੰਪਲੀਮੈਂਟ ਕਰ ਸਕੀਏ ਅਤੇ ਟੀਚੇ ਟਾਈਮ ਸਿਰ ਕਰ ਸਕੀਏ। ਅਸੀਂ ਐਕਸਟ੍ਰੀਮਿਸਟ ਨੂੰ ਬਿਲਕੁਲ ਖਤਮ ਕਰ ਦੇਣਾ ਹੈ। ਤੁਸੀਂ ਪ੍ਰਧਾਨ ਮੰਤਰੀ ਜੀ ਨਾਲ ਗੱਲ ਕਰਨਾ ਚਾਹੁੰਦੇ ਹੋ ਕਰੋ ਅਸੀਂ ਤੁਹਾਡੇ ਰਸਤੇ ਵਿਚ ਰੁਕਾਵਟ ਨਹੀਂ ਬਣਾਂਗੇ ਪਰ ਤੁਸੀਂ ਇਥੋਂ ਦੇ ਹਾਲਾਤ ਨੂੰ ਨਜ਼ਰਅੰਦਾਜ਼ ਨਾ ਕਰੋ। ਮੈਨੂੰ ਇਹ ਵੀ ਪਤਾ ਹੈ ਕਿ ਤੁਹਾਡੇ ਬਾਰੇ ਪ੍ਰਧਾਨ ਮੰਤਰੀ ਨੂੰ ਕੌਣ ਅਲਿਹਦਾ ਅਲਹਿਦਾ ਮਿਲਦਾ ਹੈ ਅਤੇ ਕਹਿੰਦੇ ਹਨ ਕਿ ਇਹ ਅਕਾਲੀ ਪਾਰਟੀ ਵਾਲੇ ਕਣ ਲੀਡਰ ਹੁੰਦੇ ਹਨ ਔਰ ਤੁਹਾਡੇ ਖਿਲਾਫ ਗੱਲਾਂ ਕਰਕੇ ਆਉਂਦੇ ਹਨ। ਮੈਂ ਤੁਹਾਨੂੰ ਤਾਂ ਸੂਤਰ ਨਹੀਂ ਕਰ ਸਕਦਾ ਪਰ ਤੁਹਾਡੇ ਕੰਮ ਨੂੰ ਸੂਤਰ ਜ਼ਰੂਰ ਕਰ ਦੇਵਾਂਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸੀ. ਐਮ. ਸਾਹਿਬ ਤੁਸੀਂ ਸਾਨੂੰ ਨਾਂ ਹੀ ਦੱਸ ਦਿਓ ਉਹ ਕੌਣ ਕੌਣ ਹਨ ਜਿਹੜੇ ਸਾਡੇ ਖਿਲਾਫ਼ ਪ੍ਰਧਾਨ ਮੰਤਰੀ ਨੂੰ ਮਿਲਦੇ ਹਨ । ਅਗਰ ਤੁਸੀਂ ਨਾਂ ਨਹੀਂ ਦੱਸੋਗੇ ਫਿਰ ਤੁਸੀਂ ਭੁਲੇਖਾ ਪਾ ਰਹੇ ਹੋ ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ) : ਸਪੀਕਰ ਸਾਹਿਬ, ਮੈਂ ਉਨ੍ਹਾਂ ਬੰਦਿਆਂ ਦਾ ਨਾਂ ਨਹੀਂ ਦੱਸਾਂਗਾ । ਮੈਂ ਮਸ਼ਕੂਰ ਹਾਂ ਕਿ ਸਾਡੀ ਪਾਰਟੀ ਦੇ ਕੁਝ ਮੈਂਬਰਾਂ ਨੇ, ਸੀ. ਪੀ. ਆਈ. ਅਤੇ ਦੂਜੇ ਗਰੁਪ ਦੇ ਮੈਂਬਰਾਂ ਨੇ ਪਰਪੋਜ਼ਲਾਂ ਦਿੱਤੀਆਂ ਹਨ । ਅਸੀਂ ਉਨ੍ਹਾਂ ਪਰਪੋਜ਼ਲਾਂ ਨੂੰ ਦੇਖਾਂਗੇ ਅਤੇ ਵਿਚਾਰ ਕਰਾਂਗੇ । (ਵਿਘਨ) ਸਪੀਕਰ ਸਾਹਿਬ, ਚੂੰਕਿ ਹਾਊਸ ਦਾ ਟਾਈਮ ਹੋਣ ਵਾਲਾ ਹੈ ਇਸ ਲਈ ਮੈ ਜ਼ਿਆਦਾ ਵਕਤ ਹੋਰ ਨਹੀਂ ਲੈਣਾ ਚਾਹੁੰਦਾ । ਲੀਡਰ ਆਫ ਦੀ ਆਪੋਜੀਸ਼ਨ ਨੇ ਕਿਹਾ ਸੀ ਕਿ ਅਸੀਂ ਮਿਲਵਰਤਣ ਦਿਵਾਂਗੇ । ਇਸ ਦੇ ਲਈ ਮੈਂ ਸ਼ੁਕਰਗੁਜ਼ਾਰ ਹਾਂ । ਅਗਰ ਤੁਸੀਂ ਸਾਨੂੰ ਮਿਲਵਰਤਣ ਦਿਓਗੇ ਤਾਂ ਫਿਰ ਅਸੀਂ ਵੀ ਤੁਹਾਨੂੰ ਦਿਵਾਂਗੇ । ਖਿਆਲਾ ਜੀ ਨੇ ਇਥੇ ਕਿਹਾ ਸੀ ਕਿ ਕਾਂਗਰਸ ਪਾਰਟੀ ਨੇ ਬਹੁਤ ਕੰਮ ਕੀਤਾ ਹੈ ਅਤੇ ਇਤਨਾ ਹੋਰ ਕਿਸੇ ਨੇ ਨਹੀਂ ਕੀਤਾ ਸੀ। ਇਨ੍ਹਾਂ ਨੇ ਇਹ ਗੱਲ ਠੀਕ ਕਹੀ ਹੈ । ਸਾਡੀ ਪਾਰਟੀ ਜ਼ਾਤ ਬਰਾਦਰੀ ਅਤੇ ਧਰਮ ਦੇ ਵਿਚ ਵਿਸ਼ਵਾਸ ਬਿਲਕੁਲ ਨਹੀਂ ਰੱਖਦੀ ਹੈ । ਸਾਡੀ ਪਾਰਟੀ ਕਤਲ ਨਹੀਂ ਕਰਵਾਉਂਦੀ ਹੈ ਸਗੋਂ ਫੜਦੀ ਹੈ ਅਤੇ ਕਾਤਲਾਂ ਨੂੰ ਹਟਾਵਾਂਗੇ । ਤੁਸੀਂ ਅਕਾਲੀ ਪਾਰਟੀ ਵਾਲੇ ਇਨਡਾਇਰੈਕਟ ਤਰੀਕੇ ਨਾਲ ਇਨ੍ਹਾਂ ਕਾਤਲਾਂ ਨੂੰ ਮੱਦਦ ਦਿੰਦੇ ਹੋ, ਪਨਾਹ ਦਿੰਦੇ ਹੋ ਅਤੇ ਗੁਰਦੁਆਰਿਆਂ ਦੇ ਵਿਚ ਉਨ੍ਹਾਂ ਨੂੰ ਸਰੋਪੇ ਭੇਂਟ ਕਰਦੇ ਹੋ । ਤੁਸੀਂ ਇਨ੍ਹਾਂ ਚੀਜ਼ਾਂ ਨੂੰ ਰੋਕੋ ਅਤੇ ਤੁਹਾਡੀ ਚੁੱਪ ਉਨ੍ਹਾਂ ਲੋਕਾਂ ਨੂੰ ਉਤਸ਼ਾਹ ਦਿੰਦੀ ਹੈ । ਕਦੇ ਤੁਸੀਂ ਕਹਿ ਦਿੰਦੇ ਹੋ ਕਿ ਕਾਤਲ ਅੰਮ੍ਰਿਤਸਰ ਦੇ ਵਿਚ ਲੁਕੇ ਹੋਏ ਹਨ ਅਤੇ ਪੁਲਿਸ ਉਨ੍ਹਾਂ ਨੂੰ ਫੜਦੀ ਨਹੀਂ ਹੈ । ਜੇਕਰ ਤੁਹਾਨੂੰ ਪਤਾ ਹੈ ਫਿਰ ਤੁਸੀਂ ਉਨ੍ਹਾਂ ਨੂੰ ਸਾਡੇ ਹਵਾਲੇ ਕਿਉਂ ਨਹੀਂ ਕਰਵਾ ਦਿੰਦੇ ਅਗਰ ਤੁਸੀਂ ਸੱਚੇ ਹੋ ਔਰ ਕਦੇ ਤੁਸੀਂ ਕਹਿੰਦੇ ਹੋ ਕਿ ਸਾਨੂੰ ਨਹੀਂ ਪਤਾ ਹੈ । ਸਪੀਕਰ ਸਾਹਿਬ, ਜਿਹੜਾ ਗਵਰਨਰ ਸਾਹਿਬ ਨੇ ਇਥੇ ਐਡਰੈਸ ਦਿਤਾ ਸੀ ਅਤੇ ਚੱਤਰਥ ਸਾਹਿਬ ਅਤੇ ਬੀਰਦਵਿੰਦਰ ਜੀ ਨੇ ਥੈਂਕਸ ਦਾ ਮਤਾ ਲਿਆਂਦਾ ਹੈ ਇਹ ਸਰਵਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਖਤਮ ਕਰਦਾ ਹਾਂ ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ਼੍ਰੀ ਸਪੀਕਰ** : ਪਾਂਧੀ ਜੀ ਦੇ ਰਿਮਾਰਕਸ ਐਕਸਪੰਜ ਕੀਤੇ ਜਾਂਦੇ ਹਨ ।

**ਮਾਸਟਰ ਚੰਦ ਸਿੰਘ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ ਇਕ ਗਲ ਲਈ ਸਰਕਾਰ ਵਚਨ ਬੱਧ ਹੈ ਕਿ ਪੰਜਾਬੀ ਬੋਲਦੇ ਇਲਾਕਿਆਂ ਨੂੰ ਜੋ ਪੰਜਾਬ ਤੋਂ ਬਾਹਰ ਰਹਿ ਗਏ ਹਨ ਉਨ੍ਹਾਂ ਨੂੰ ਵਾਪਿਸ ਲੈਣ ਲਈ ਸੀ. ਐਮ. ਸਾਹਿਬ ਨੇ ਕੁਝ ਨਹੀਂ ਕਿਹਾ ਹੈ ਅਤੇ ਨਾ ਹੀ ਐਡਰੈਸ ਦੇ ਵਿਚ ਇਸ ਦਾ ਜ਼ਿਕਰ ਹੈ। ਦੂਜੇ ਸਾਲ ਵਿਚ ਮਿਨੀਮਮ ਵੇਜਿਜ਼ ਐਕਟ ਲਾਗੂ ਹੈ ਪਰ ਇਸ ਦੀ ਇੰਪਲੀਮੈਂਟੇਸ਼ਨ ਇਫੈਕਟਿਵ ਨਹੀਂ ਹੈ। ਇਸ ਲਈ ਇਸ ਨੂੰ ਫੌਰਨ ਲਾਗੂ ਕੀਤਾ ਜਾਵੇ। ਅਗਲੀ ਗੱਲ ਕਨੌਰ ਗੋਲੀ ਕਾਂਡ ਦੀ ਫਾਈਲ ਗੁੰਮ ਹੋ ਗਈ ਹੈ। ਇਸ ਫਾਈਲ ਨੂੰ ਪੁਲਿਸ ਨੇ ਚੋਰੀ ਕਰਵਾਇਆ ਹੈ। ਇਸ ਬਾਰੇ ਸਾਨੂੰ ਜਵਾਬ ਦਿਤਾ ਜਾਵੇ।

**ਡਾਕਟਰ ਭਗਤ ਸਿੰਘ** : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ । ਸਪੀਕਰ ਸਾਹਿਬ, ਸੀ. ਐਮ. ਸਾਹਿਬ ਨੇ ਜਵਾਬ ਦਿਤਾ ਹੈ ਇਸ ਦੇ ਵਿਚ ਕੁਝ ਚੰਗੀਆਂ ਗੱਲਾਂ ਵੀ ਸਨ। ਮੈਂ ਪਹਿਲਾਂ ਵੀ ਕਿਹਾ ਸੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਡਾਕਟਰ ਭਗਤ ਸਿੰਘ]

ਪੰਜਾਬ ਅਤੇ ਹਿਮਾਚਲ ਇਕੱਠੇ ਹੋ ਸਕਦੇ ਹਨ ਅਤੇ ਪੰਜਾਬ ਨੂੰ ਵੱਡਾ ਬਣਾਇਆ ਜਾ ਸਕਦਾ ਹੈ ਅਤੇ ਹੁਣ ਵੀ ਮੈਂ ਇਹ ਕਹਿੰਦਾ ਹਾਂ। ਮੈਂ ਅੰਮ੍ਰਿਤਸਰ ਦੇ ਵਿਚ 6 ਮਹੀਨੇ ਪਾਰਟੀ ਦਾ ਡਿਕਟੇਟਰ ਬਣ ਕੇ ਰਿਹਾ ਹਾਂ ਅਤੇ ਮੈਂ ਪ੍ਰਾਈਮ ਮਨਿਸਟਰ ਸਾਹਿਬਾ ਨੂੰ ਅਤੇ ਸੀ. ਐਮ. ਸਾਹਿਬ ਨੂੰ ਤਾਰਾਂ ਦਿਤੀਆਂ ਸਨ ਕਿ ਕਾਂਗਰਸ ਪਾਰਟੀ ਇਕ ਕਮਿਊਨਲ ਰੋਲ ਅਦਾ ਕਰ ਰਹੀ ਹੈ ਅਤੇ ਕਮਿਊਨਲ ਫਸਾਦ ਕਰਵਾ ਰਹੀ ਹੈ। ਤੁਸੀਂ ਕਮਿਸ਼ਨ ਮੁਕਰੱਰ ਕਰ ਦੇਵੋ ਅਤੇ ਮੈਂ ਤੁਹਾਨੂੰ ਇਸ ਦਾ ਰਿਕਾਰਡ ਦੇ ਸਕਦਾ ਹਾਂ।

**Mr. Speaker** : No clarification.

**ਕਾਮਰੇਡ ਬਲਦੇਵ ਸਿੰਘ** ਲੂੰਬਾ : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੇਸ ਤੇ ਮਤਾ ਸਰਵਸੰਮਤੀ ਨਾਲ ਪਾਸ ਕਰਨ ਲਈ ਕਿਹਾ ਗਿਆ ਹੈ ਪਰ ਐਡਰੇਸ ਦੇ ਵਿਚ ਟਰਾਂਸਪੋਰਟ ਕੌਮੀਕਰਨ ਦੇ ਬਾਰੇ ਕੋਈ ਜ਼ਿਕਰ ਐਡਰੇਸ ਵਿਚ ਨਹੀਂ ਆਇਆ ਹੈ ਅਤੇ ਨਾ ਸੀ. ਐਮ. ਨੇ ਜਵਾਬ ਵਿਚ ਗੱਲ ਕੀਤੀ ਹੈ। ਇਸ ਬਾਰੇ ਦੱਸ ਦਿਓ।

**ਮਾਸਟਰ ਬਾਬੂ ਸਿੰਘ**: ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਪਿਛੇ ਜਿਹੇ ਕਣਕ ਦੀਆਂ ਗੱਡੀਆਂ ਭੇਜੀਆਂ ਗਈਆਂ ਹਨ, ਕੀ ਉਨ੍ਹਾਂ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ? ਦੂਜਾ ਜੋ ਮਾਸਟਰ ਚੰਦ ਸਿੰਘ ਚੋਪੜਾ ਜੀ ਨੇ ਐਗਰੀਕਲਚਰ ਲੇਬਰ ਬਾਰੇ ਪੁੱਛਿਆ ਹੈ ਕਿ ਇੰਪਲੀਮੈਂਟੇਸ਼ਨ ਹੋਵੇਗੀ, ਉਸ ਬਾਰੇ ਮੁੱਖ ਮੰਤਰੀ ਜੀ ਕੀ ਡੀਟੇਲ ਵਿਚ ਵਜ਼ਾਹਤ ਕਰਨਗੇ ?

**ਸਰਦਾਰ ਬਲਵੰਤ ਸਿੰਘ** : ਪੁਆਇੰਟ ਆਫ ਕਲੈਰੀਫਿਕੇਸ਼ਨ, ਸਰ। ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਬੜੇ ਅਛੇ ਢੰਗ ਨਾਲ ਐਕਸਪਲੇਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਨੇ ਕਿਹਾ ਕਿ ਜਦੋਂ ਅਕਾਲੀ ਸਰਕਾਰ ਛਡਕੇ ਗਈ ਸੀ ਤਾਂ ਬਜਟ ਵਿਚ 28 ਕਰੋੜ ਰੁਪਏ ਦਾ ਘਾਟਾ ਸੀ, ਜਿਹੜਾ ਕਿ ਓਵਰ ਦੀ ਈਅਰ 25-26 ਕਰੋੜ ਹੋਰ ਪਾ ਕੇ 54 ਕਰੋੜ ਹੋ ਗਿਆ ਸੀ। ਸਪੀਕਰ ਸਾਹਿਬ, ਮੈਂ ਇੱਕ ਸਵਾਲ ਪੁਛਿਆ ਸੀ ਕਿ ਜਦੋਂ ਅਕਾਲੀ ਗੌਰਮਿੰਟ ਗਈ ਸੀ ਤਾਂ ਵੇਜ਼ ਐਂਡ ਮੀਨਜ਼ ਦੀ ਕੀ ਪੁਜੀਸ਼ਨ ਸੀ? ਸਪੀਕਰ ਸਾਹਿਬ, ਉਸ ਵੇਲੇ ਜੋ ਐਫ. ਐਮ. ਸਾਹਿਬ ਨੇ ਜਵਾਬ ਦਿਤਾ ਸੀ ਔਰ ਹੁਣ ਜੋ ਸੀ. ਐਮ. ਸਾਹਿਬ ਨੇ ਜਵਾਬ ਦਿਤਾ ਹੈ, ਇਹ ਦੋਵੇਂ ਸਟੇਟਮੈਂਟਾਂ ਕੰਟ੍ਰਾਡਿਕਟਰੀ ਹਨ। ਕੀ ਮੁੱਖ ਮੰਤਰੀ ਸਾਹਿਬ, ਦਸਣਗੇ ਕਿ ਦੋਨਾਂ ਰਿਪਲਾਈਜ਼ ਵਿਚੋਂ ਕਿਹੜਾ ਰਿਪਲਾਈ ਠੀਕ ਹੈ ? (ਵਿਘਨ) ਮੇਰੀ ਇਹ ਅਰਜ਼ ਹੈ ਕਿ ਇਹ ਕੇਸ ਪ੍ਰਿਵਿਲੇਜ਼ ਕਮੇਟੀ ਨੂੰ ਦਿਤਾ ਜਾਵੇ।

**ਸਰਦਾਰ ਸਰਵਨ ਸਿੰਘ ਫਿਲੌਰ** : ** **

**ਸ੍ਰੀ ਸਪੀਕਰ** : ਮੈਂ ਤੁਹਾਨੂੰ ਬੋਲਣ ਲਈ ਅਲਾਓ ਨਹੀਂ ਕਰਦਾ। ਇਹ ਜੋ ਸਰਦਾਰ ਸਰਵਣ ਸਿੰਘ ਫਿਲੌਰ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਸੀ. ਐਮ. ਸਾਹਿਬ ਤੁਸੀਂ ਬੋਲੋ।

**ਮੁੱਖ ਮੰਤਰੀ** (ਸਰਦਾਰ ਦਰਬਾਰਾ ਸਿੰਘ): ਸਪੀਕਰ ਸਾਹਿਬ, ਇਥੇ ਦੋ ਤਿੰਨ ਸਵਾਲ ਕੀਤੇ ਗਏ ਹਨ। (ਵਿਘਨ) ਇਨ੍ਹਾਂ ਨੇ ਹਿਸਟਰੀ ਕਾਲੇ ਪਾਣੀ ਦੀ ਪੜ੍ਹੀ ਨਹੀਂ ਹੈ। ਜਿਹੜਾ ਬੰਦਾ, ਸਪੀਕਰ ਸਾਹਿਬ, ਕਾਲੇ ਪਾਣੀ ਜਾਂਦਾ ਹੈ, ਉਸ ਦੀ ਫੋਟੋ ਲਗੀ ਹੋਈ ਹੁੰਦੀ ਹੈ। ਮੈਂ ਵੀ ਉਥੇ ਜਾ ਕੇ ਆਇਆ ਹਾਂ। ਇਥੇ ਸਪੀਕਰ ਸਾਹਿਬ, ਹਾਊਸ ਵਿਚ ਐਗਰੀਕਲਚਰਲ ਲੇਬਰ ਦੇ ਬਾਰੇ ਕਿਹਾ ਗਿਆ ਹੈ। ਲੇਬਰ ਮੁਤੱਲਕ ਜੋ ਮੈਂ ਕਿਹਾ ਹੈ, ਉਸ ਦੀ ਇੰਪਲੀਮੈਂਟੇਸ਼ਨ ਹੋਵੇਗੀ। ਇਸ ਲਈ ਅਸੀਂ ਵੈਲਫੇਅਰ ਅਫਸਰ ਵੱਧ ਮੁਕੱਰਰ ਕੀਤੇ ਹੋਏ ਹਨ ਜੋ ਕਿ ਜਾ ਕੇ ਦੇਖਣਗੇ ਕਿ ਜੋ ਰੁਪਿਆ ਮੁਕੱਰਰ ਕੀਤਾ ਹੋਇਆ ਹੈ, ਉਹ ਰੁਪਿਆ ਲੇਬਰ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਨੂੰ ਮਿਲਦਾ ਹੈ, ਜਾਂ ਨਹੀਂ। ਦੂਸਰਾ ਸਪੀਕਰ ਸਾਹਿਬ, ਇੱਕ ਦੋ ਮੈਂਬਰਾਂ ਨੇ ਇਨਕੁਆਇਰੀ ਬਾਰੇ ਕਿਹਾ ਹੈ, ਮੈਂ ਕਹਿੰਦਾ ਹਾਂ ਕਿ ਦੋ ਮੈਂਬਰਾਂ ਵਿਚੋਂ ਕੋਈ ਵੀ ਇੱਕ ਮੈਂਬਰ ਮੈਨੂੰ ਲਿਖ ਕੇ ਦੇ ਦੇਵੇ ਤਾਂ ਮੈਂ ਜ਼ਰੂਰ ਇੰਨਕੁਆਇਰੀ ਕਰਵਾਂਵਾਂਗਾ। ਸਪੀਕਰ ਸਾਹਿਬ, ਮੋਟਰਾਂ ਦੇ ਕੌਮੀਕਰਨ ਵਾਸਤੇ ਵੀ ਇਥੇ ਕਿਹਾ ਗਿਆ ਹੈ, ਇਸ ਬਾਰੇ ਅਸੀਂ ਪਰੋਸੀਜ਼ਰ ਅਡਾਪਟ ਕੀਤਾ ਹੋਇਆ ਹੈ ਔਰ ਟਰਾਂਸਪੋਰਟ ਮਨਿਸਟਰ ਸਾਹਿਬ ਦੇ ਇਹ ਚੀਜ਼ ਨੋਟਿਸ ਵਿਚ ਹੈ। ਮੋਟਰਾਂ ਦਾ ਕੌਮੀਕਰਨ ਅਸੀਂ ਕਰਾਂਗੇ। ਤੀਸਰਾ ਸਵਾਲ, ਸਪੀਕਰ ਸਾਹਿਬ, ਇਨ੍ਹਾਂ ਨੇ ਪੰਜਾਬੀ ਬੋਲਣ ਵਾਲੇ ਇਲਾਕੇ ਦਾ ਉਠਾਇਆ ਹੈ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ**: ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਦੱਸਣ ਕਿ ਕੀ ਪਿੰਡ ਨੂੰ ਇਕਾਈ ਮੰਨ ਕੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਾਉਣਗੇ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਥੇ ਕਮਿਸ਼ਨ ਆਇਆ ਸੀ ਤਾਂ ਕਮਿਉਨਿਸਟ ਪਾਰਟੀ ਦੇ ਬੰਦੇ ਆਏ ਸੀ ਔਰ ਸਾਡੀ ਕਾਂਗਰਸ ਪਾਰਟੀ ਦੇ ਪੈਜ਼ੀਡੈਂਟ ਸ੍ਰੀ ਹੰਸ ਰਾਜ ਸ਼ਰਮਾ, ਪੰਡਿਤ ਮੋਹਨ ਲਾਲ ਅਤੇ ਹੋਰ ਸਾਰੇ ਬੰਦੇ ਆਏ ਸਨ ਪਰ ਤੁਸੀਂ ਉਸ ਵੇਲੇ ਯੂ. ਕੇ. ਵਿਚ ਗਏ ਹੋਏ ਸੀ। ਤੁਸੀਂ ਕਮਿਸ਼ਨ ਦੇ ਸਾਹਮਣੇ ਕਿਉਂ ਨਹੀਂ ਪੇਸ਼ ਹੋਏ। ਇਹ ਕਿਤਾਬ ਵੇਖ ਲਓ ਜੋ ਕਿ ਅੰਗਰੇਜ਼ੀ ਵਿਚ ਹੈ। ਤੁਸੀਂ ਵੀ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣਾ ਸੀ।

**Mr. Speaker**: There are two amendments to the Motion of thanks to the Governor's Address. First I will put the amendment standing in the names of Sardar Dalip Singh Pandhi and Sardar Gurdev Singh Badal to the vote of the House.

**Mr. Speaker**: Question is—

That in the motion, the following be added at the end, namely :—

"but regret that no mention has been made in the Address :—

(1) to provide relief to the farmers from the enhanced prices of fertilizers, diesel, light diesel oil, kerosine oil, pestisides, etc. ;

(2) to compensate the farmers for the loss of last Hari crop and this Hari crop by the hailstorm rains, etc.;

(3) to pay the remunerative prices of the next wheat crop ;

(4) to ensure uninterrupted supply of power to the agriculture as well as the industry ;

(5) to secure Chandigarh and other Punjabi speaking areas for Punjab ;

(6) to undo the unjust and arbitrary agreement of sharing Ravi-Beas waters ;

(7) great resentment and discontentment amongst the labour class ;

(8) to take steps to decrease Bus and truck accidents in large number daily causing huge loss to the life and property in the State ;

(9) no mention has been made regarding enactment of the Punjab Scheduled Castes and Backward Classes (Protection of Constitutional Rights) Reservation, Bill ;

(10) excesses by the Police and rich persons on women and weaker section of the society ;

Original with;
Punjab Vidhan Sabha
Digitized by;
Panjab Digital Library

[Mr- Speaker]

(11) steep rise in prices, complete stoppage of developmental activities, non-construction of new roads, and repair of old ones ;

(12) non-formulation of transfer policy in respect of employees working in Government and semi-Government offices and Corporations ;

(13) acute shortage of essential commodities at Fair price shops ; closing of Punsup shops in the State ;

(14) increase in corruption in all the spheres ;

(15) failure to maintain law and order in the State ;

(16) failure to make mention of safety of life and property in the State ;

(17) Police stations usurping the powers of Court ;

(18) acute shortage of coal and cement and their black-marketing ;

(19) condemned and unsatisfactory bus service and that too running into loss ;

(20) acute shortage of staff and medicines in the vaterinary and other Hospitals ;

(21) complete stoppage of IRDPC activities ;

(22) kidnapping children by the Police during broad day light, rape of minor girls by the Police and rich people during broad day light and no action on the part of the Government in the matter ;

(23) increase in the incidents of dacoities, thefts and smuggling ;

(24) fabrication of false cases by the Police against the poor people ;

(25) inadequate and substandard construction of houses ;

(26) unprecedented increase in the unemployment amongst skilled, unskilled and educated persons ;

(27) unrest amongst the Universities and Colleges students ;

(28) unrest amongst the employees of Government, semi-Government offices and Corporations who are on the path of agitation ;

(29) irregularities committed in issuing the yellow cards and the holders of these cards are not getting benefits according to the policy of the Government ;

(30) collection of chowkidara from the public instead of its payment from the State exchequer ;

(31) plying of private cars as taxis ;

(32) evasion of taxes and complete failure of the Government in realisation of the taxes ;

(33) non-setting up of 25 Bed Hospital and inadequate facilities in the existing ones ;

(34) poor standard of education in Primary Schools and acute shortage of furniture, mats, building and staff therein ;

(35) evasion of entertainment tax in cinemas and black marketing of cinema tickets ;

Original with;
Punjab Vidhan Sabha
Digitized by;
Punjab Digital Library

(36) loaning to Scheduled Castes and Backward Classes and other weaker sections of Society is unsatisfactory ;

(37) delay in the construction of Thein Dam and other power projects ;

(38) acute shortage of pig-iron for industries ;

(39) non-existence of heavy industry in the State ;

(40) nationalisation of passenger transport and policy to organise the goods Road Transport ;

(41) increase in red-tapism and favouritism in every Department ;

(42) inefficiency in administration ;

(43) encouragement to communalism ;

(44) increase in political interference in public administration ;

(45) failure to take steps for new Railway lines between Rajpura-Narwana, Rajpura-Mohali, Nangal-Talwara, Chandigarh-Ludhiana and Gobindgarh-Malerkotla and also failure to electrify the Railway lines from Delhi-Amritsar ;

(46) non-arrangements of lights on State highways ;

(47) non-creation of new districts though the case is ready ;

(48) new organisation of the police station and buildings thereof with residential complex for the police officials ;

(49) new patwar/kanungo buildings construction and also provision for their repair also.

*The Motion was lost*

**Mr. Speaker :** Now I put the Second amendment, standing in the name of Sardar Tara Singh Layallpuri, to the vote of the House.

**Mr. Speaker :** Question is—

That in the motion, the following be added at the end , namely —

"but regret that no mention has been made in the Address to the effect that the Punjab Government is committed for getting Chandigarh, Fazilka, Abohar and other Punjabi speaking areas included in Punjab in the national interest."

*The motion was lost*

**Mr. Speaker :** Question is—

"That an Address be presented to the Governor in the following terms :—

"That the Members of this House assembled in this Session are deeply grateful to the Governor for the Address which he has been pleased to deliver to the House on the 24th February, 1982."

*The motion was carried*

**Mr. Speaker :** The House stands adjourned till 9.00 A.M. on Thursday the 4th March, 1982.

*

***1.28 P.M.** | **(The Sabha then adjourned till 9-00 A.M. on Thursday, the 4th March, 1982.)**

Original with;
Punjab Vidhan Sabha
Digitized by;
Panjab Digital Library

Orig[illegible]al with;
Punj[illegible]b Vidhan Sabha
Digi[illegible]zed by;
Panj[illegible] Digital Library

# APPENDIX

# TO

# PUNJAB VIDHAN SABHA DEBATES

## DATED 3RD MARCH, 1982

## Vol. IV—No. 6

## STARRED QUESTIONS AND ANSWER

### DISPENSARIES WITHOUT DOCTORS IN THE STATE

*1201. **Sardar Baldev Singh Khiala :** Will the Minister for Health and Family Welfare be pleased to state the district-wise total number of Government dispensaries in the State which were without doctors as on 1st January, 1982 ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** ਇਹ ਸਟੇਟਮੈਂਟ ਸਭਾ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸਟੇਟਮੈਂਟ

ਜ਼ਿਲ੍ਹਾਵਾਰ ਡਿਸਪੈਂਸਰੀਆਂ ਜਿਹੜੀਆਂ ਕਿ ਮਿਤੀ 1 ਜਨਵਰੀ, 1982 ਅਤੇ 28 ਫਰਵਰੀ, 1982 ਨੂੰ ਡਾਕਟਰਾਂ ਦੇ ਬਿਨਾਂ ਸਨ ।

| ਲੜੀ ਨੰ: | ਜ਼ਿਲ੍ਹੇ ਦਾ ਨਾਂ | ਸਰਕਾਰੀ ਡਿਸਪੈਂਸਰੀਆਂ ਦੀ ਬਿਨਾਂ ਡਾਕਟਰਾਂ ਦੇ ਗਿਣਤੀ । (ਮਿਤੀ 1-1-82 ਨੂੰ) | (28-2-82 ਨੂੰ) | ਸ਼ਾਰਟ-ਟਰਮ ਬੇਸਿਜ਼ ਤੇ ਨਿਯੁਕਤ ਕੀਤੇ ਡਾਕ-ਟਰ ਜਿਨ੍ਹਾਂ ਵਲੋਂ ਅਪ੍ਰੈਲ, 1982 ਵਿੱਚ ਡਿਊਟੀ ਤੇ ਹਾਜ਼ਰ ਹੋਣ ਦੀ ਆਸ਼ਾ ਹੈ | ਅਪ੍ਰੈਲ, 1982 ਡੋਂ ਬਾਅਦ ਖਾਲੀ ਰਹਿਣ ਵਾਲੀਆਂ ਆਸਾਮੀਆਂ ਦੀ ਗਿਣਤੀ |
|---|---|---|---|---|---|
| 1 | ਰੋਪੜ | 7 | 2 | -- | 2 |
| 2 | ਗੁਰਦਾਸਪੁਰ | 66 | 30 | 27 | 3 |
| 3 | ਕਪੂਰਥਲਾ | 15 | 9 | 9 | ... |
| 4 | ਜਲੰਧਰ | 40 | 22 | 22 | ... |

Original with;
Punjab Vidhan Sabha
Digitized by;
Panjab Digital Library

| ਲੜੀ ਨੂੰ: | ਜ਼ਿਲ੍ਹੇ ਦਾ ਨਾਂ | ਸਰਕਾਰੀ ਡਿਸਪੈਂਸਰੀਆਂ ਦੀ ਬਿਨਾਂ ਡਾਕਟਰਾਂ ਦੇ ਗਿਣਤੀ। (ਮਿਤੀ 1-1-82 ਨੂੰ) | (28-2-82 ਨੂੰ) | ਸ਼ਾਰਟ ਟਰਮ ਬੇਸਿਜ਼ ਤੇ ਨਿਯੁਕਤ ਕੀਤੇ ਡਾਕਟਰ ਜਿਨ੍ਹਾਂ ਵਲੋਂ ਅਪ੍ਰੈਲ, 1982 ਵਿਚ ਡਿਊਟੀ ਤੇ ਹਾਜ਼ਰ ਹੋਣ ਦੀ ਆਸ਼ਾ ਹੈ | ਅਪ੍ਰੈਲ, 1982 ਤੋਂ ਬਾਅਦ ਖਾਲੀ ਰਹਿਣ ਵਾਲੀਆਂ ਆਸਾਮੀਆਂ ਦੀ ਗਿਣਤੀ |
|---|---|---|---|---|---|
| 5 | ਹੁਸ਼ਿਆਰਪੁਰ | 38 | 30 | 23 | 7 |
| 6 | ਅੰਮ੍ਰਿਤਸਰ | 52 | 49 | 43 | 6 |
| 7 | ਬਠਿੰਡਾ | 27 | 12 | 11 | 1 |
| 8 | ਪਟਿਆਲਾ | 26 | 18 | 17 | 1 |
| 9 | ਫਿਰੋਜ਼ਪੁਰ | 35 | 22 | 22 | ... |
| 10 | ਸੰਗਰੂਰ | 39 | 33 | 32 | 1 |
| 11 | ਲੁਧਿਆਣਾ | 34 | 25 | 20 | 5 |
| 12 | ਫਰੀਦਕੋਟ | 30 | 22 | 16 | 6 |
| | ਕੁੱਲ | 409 | 274 | 242 | 32 |

28 ਹੋਰ ਡਾਕਟਰਾਂ ਨੂੰ ਨਿਯੁਕਤ ਕਰਨ ਦੇ ਆਦੇਸ਼ ਜਾਰੀ ਕੀਤੇ ਜਾ ਚੁੱਕੇ ਹਨ।

4801/PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 1982

Published under the authority of the Punjab Vidhan Sabha and printed by the Controller, Government Press, U.T., Chandigarh,

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*4th March, 1982*

Vol. IV—No. 7

OFFICIAL REPORT

CONTENTS

**Thursday, the 4th March, 1982**


| | | *Pages* |
|---|---|---|
| Starred Questions and Answers | .. | (7)1 |
| Written Answers to Starred Questions Laid on the Table of the House under Rule 38 | .. | (7)25 |
| Walk-outs | .. | (7)33 |
| Call Attention Notice under Rule 66 | .. | (7)35 |
| Walk-out | .. | (7)37 |
| Papers Laid/Relaid on the Table | .. | (7)37 |
| Resolution *re*: Taking of effective steps to popularise the sports and improve their standards in the State. | .. | (7)38 |


Punjab Vidhan Sabha Secretariat, Chandigarh.

**Price : Rs.** Rs. 31.00 Paise

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Thursday, the 4th March, 1982.**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

## STARRED QUESTIONS AND ANSWERS

### Construction of culverts in Tehsil Kharar

*1278. **Sardar Jagat Singh** : Will the Minister for Public Works be pleased to state whether the Government propose to construct the following culverts in Tehsil Kharar; if so, when;—

(i) Darhi-Chaomajra culvert.

(ii) Bakarpur-Chachumajra culvert,

(iii) Rurke culvert,

(iv) Culvert on link road Kumbra,

(v) Rangian to Cholta culvert,

(iv) Gobindgarh-Chandiala culvert ,

(vii) Bharatpur to Chandiala culvert ?

**ਸਰਦਾਰ ਬੇਅੰਤ ਸਿੰਘ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ:

**ਸੂਚਨਾ**

ਖਰੜ ਤਹਿਸੀਲ ਵਿਚ ਜੋ ਕਲਵਰਟਸ ਬਣਾਉਣੇ ਹਨ ਉਨ੍ਹਾਂ ਦੀ ਮੌਜੂਦਾ ਸਥਿਤੀ ਹੇਠ ਲਿਖੇ ਅਨੁਸਾਰ ਹੈ :—

| | | |
|---|---|---|
| 1. | ਦੇਰੀ ਚੋ ਮਾਜਰਾ ਕਲਵਰਟ ... | ਕਲਵਰਟਸ ਹਿਊਮ ਪਾਈਪ ਹੈ 10 ਫੁੱਟ ਸਲੈਕ ਟਾਈਪ ਕਲਵਰਟ ਬਣਦੀ ਹੈ, ਹਿਊਮ ਪਾਈਪ ਕਲਵਰਟ ਮਾਰਚ, 1982 ਦੇ ਅੰਤ ਤਕ ਮੁਕੰਮਲ ਹੋ ਜਾਵੇਗੀ ਅਤੇ ਦੂਸਰੀ ਕਲਵਰਟ ਬਰਸਾਤਾਂ ਤੋਂ ਪਹਿਲਾਂ ਮੁਕੰਮਲ ਕਰ ਦਿਤੀ ਜਾਵੇਗੀ। |
| 2. | ਬਾਕਰਪੁਰ ਛੱਜੂ ਮਾਜਰਾ ਕਲਵਰਟ | ਇਸ ਸੜਕ ਤੇ ਇਕ ਹਿਊਮ ਪਾਈਪ ਕਲਵਰਟ ਬਣਨੀ ਹੈ ਜੋ ਕਿ ਮਾਰਚ, 1982 ਦੇ ਅੰਤ ਤੱਕ ਬਣਾ ਦਿੱਤੀ ਜਾਵੇਗੀ । |
| 3. | ਰੁੜਕਾ ਕਲਵਰਟ .. | ਇਕ 10 ਫੁੱਟ ਸਪੇਨ ਸਲੈਬ ਟਾਈਪ ਕਲਵਰਟ ਬਣਨੀ ਹੈ ਅਤੇ ਉਹ ਬਰਸਾਤਾਂ ਤੋਂ ਪਹਿਲਾਂ ਮੁਕੰਮਲ ਕਰ ਦਿਤੀ ਜਾਵੇਗੀ । |

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ ਮੰਤਰੀ]

| | |
|---|---|
| 4. ਕਲਵਰਟ ਆਨ ਲਿੰਕ ਰੋਡ ਕੁੰਬੜਾ<br>5. ਰੰਗੀਆਂ ਤੇ ਚੋਲਟਾਂ ਕਲਵਰਟ | ਲੋੜੀਂਦੀਆਂ ਕਲਵਰਟਾਂ ਪਹਿਲਾਂ ਹੀ ਬਣ ਚੁਕੀਆਂ ਹਨ ਅਤੇ ਹੋਰ ਨਵੀਂ ਕਲਵਰਟ ਬਣਾਉਣ ਦੀ ਲੋੜ ਨਹੀਂ ਹੈ। |
| 6. ਗੋਬਿੰਦ ਗੜ੍ਹ ਚੰਡਿਆਲਾ ਕਲਵਰਟ | ਗੋਬਿੰਦਗੜ੍ਹ ਅਤੇ ਚੰਡਿਆਲਾ ਦੇ ਵਿਚ ਕੋਈ ਸੜਕ ਨਹੀਂ ਹੈ । |
| 7. ਭਰਤ ਗੜ੍ਹ ਤੇ ਚੰਡਿਆਲਾ ਕਲ-ਵਰਟ | ਲੋੜੀਂਦੀਆਂ ਕਲਵਰਟਾਂ ਪਹਿਲਾਂ ਹੀ ਮੁਕੰਮਲ ਕਰ ਦਿੱਤੀਆਂ ਗਈਆਂ ਹਨ ਅਤੇ ਹੋਰ ਨਵੀਂ ਕਲਵਰਟ ਨਹੀਂ ਬਣੇਗੀ । |

**ਸਰਦਾਰ ਜਗਤ ਸਿੰਘ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਮੈਂ 7, 8 ਪੁਲੀਆਂ ਦੇ ਨਾਂ ਆਪਣੇ ਸਵਾਲ ਵਿਚ ਦਿੱਤੇ ਹਨ ਇਨ੍ਹਾਂ ਦਾ ਉਸ ਇਲਾਕੇ ਵਿਚ ਆਵਾਜਾਈ ਲਈ ਬਣਨਾ ਬਹੁਤ ਜ਼ਰੂਰੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੁਲੀਆਂ ਕਦੋਂ ਤਕ ਬਣਾ ਦਿਤੀਆਂ ਜਾਣਗੀਆਂ ?

**ਮੰਤਰੀ :** ਜਿਹੜੇ ਕਲਵਰਟਸ ਦੀ ਗੱਲ ਇਨ੍ਹਾਂ ਨੇ ਪੁੱਛੀ ਹੈ ਇਨ੍ਹਾਂ ਵਿਚੋਂ ਕੁਝ ਬਣ ਗਈਆਂ ਹਨ ਔਰ ਕੁਝ ਬਣ ਰਹੀਆਂ ਹਨ। ਬਾਕੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਉਥੇ ਟਰਾਂਸਪੋਰਟ ਨਹੀਂ ਚਲਦੀ ਉਸ ਬਾਰੇ ਇਹ ਮੈਨੂੰ ਲਿਖ ਕੇ ਦੇ ਦੇਣ ਮੈਂ ਦੇਖ ਲਵਾਂਗਾ । ਜਿਥੇ ਟਰਾਂਸਪੋਰਟ ਨਹੀਂ ਚਲਦੀ ਇਹ ਮੈਨੂੰ ਦੱਸ ਦੇਣ ਉਥੇ ਮਾਰਚ ਦੇ ਮਹੀਨੇ ਵਿਚ ਬਣਾ ਦਿਆਂਗੇ ।

**ਸਰਦਾਰ ਦਲੀਪ ਸਿੰਘ ਪਾਂਧੀ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੁਲੀ-ਵਾਰ ਕਲਵਰਟਸ ਲਈ ਕਿੰਨੇ ਪੈਸੇ ਰਖੇ ਗਏ ਹਨ ਅਤੇ ਇਹ ਕਦੋਂ ਤਕ ਬਣਾ ਦੇਣਗੇ, ਇਸ ਬਾਰੇ ਦਸਿਆ ਜਾਏ । ਨਾ ਇਨ੍ਹਾਂ ਕੋਲ ਸੀਮਿੰਟ ਹੈ ਨਾ ਲੁਕ ਹੈ ਨਾ ਕੋਈ ਹੋਰ ਸਾਮਾਨ ਹੈ, ਇਸ ਦੇ ਮੱਦੇ ਨਜ਼ਰ ਇਹ ਕਿਸ ਤਰ੍ਹਾਂ ਨਾਲ ਇਹ ਕੰਮ ਕਰਾ ਦੇਣਗੇ ? (ਵਿਘਨ) ਹੋਰ ਵੀ ਰਾਜ ਵਿੱਚ ਕਈ ਥਾਂ ਤੇ ਪੁਲੀਆਂ ਦਾ ਕੰਮ ਅਧੂਰਾ ਪਿਆ ਹੈ, ਉਸ ਬਾਰੇ ਵੀ ਇਹ ਦੱਸ ਦੇਣ ਕਿ ਉਹ ਕੰਮ ਕਦੋਂ ਤਕ ਪੂਰਾ ਕਰਾ ਦਿੱਤਾ ਜਾਏਗਾ ?

**ਮੰਤਰੀ** · ਇਹ ਰੋਪੜ ਦੇ ਜ਼ਿਲ੍ਹੇ ਦੀ ਗਲ ਕਰਦੇ ਹਨ ਜਾਂ ਪਟਿਆਲੇ ਜ਼ਿਲ੍ਹੇ ਦੀ ਗਲ ਕਰਦੇ ਹਨ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਇਹ ਪੁਲੀ-ਵਾਰ ਦੱਸਣ ਕਿ ਕਿਨਾ ਰੁਪਿਆ ਰਖਿਆ ਗਿਆ ਹੈ ਔਰ ਇਹ ਕਦੋਂ ਤਕ ਉਨ੍ਹਾਂ ਨੂੰ ਬਣਾ ਦੇਣਗੇ ?

**ਵੈਦ ਕਰਤਾਰ ਸਿੰਘ :** ਇਸ ਸਬੰਧ ਵਿਚ ਅਗੇ ਵੀ ਜਵਾਬ ਆਉਂਦੇ ਰਹੇ ਹਨ। ਹੁਣ ਵੀ ਇਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ।

**ਸ਼੍ਰੀ ਸਪੀਕਰ :** 20 ਸਵਾਲ ਹਨ। ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕਿ 20 ਦੇ 20 ਸਵਾਲ ਭੁਗਤ ਜਾਣ । ਮਾਨਯੋਗ ਮੈਂਬਰਾਂ ਨੇ ਇਨਫਰਮੇਸ਼ਨ ਸਵਾਲਾਂ ਰਾਹੀਂ ਹੀ ਲੈਣੀ ਹੁੰਦੀ ਹੈ । ਜੇ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਹੀ ਵਕਤ ਜ਼ਾਇਆ ਕਰਨਾ ਹੈ ਤਾਂ ਫਿਰ ਕੀ ਫਾਇਦਾ ਹੋਇਆ। ਇਹ ਸਵਾਲ ਖਰੜ ਤਹਿ-ਸੀਲ ਬਾਰੇ ਹੈ ਜੇਕਰ ਪਟਿਆਲਾ ਤਹਿਸੀਲ ਬਾਰੇ ਸਵਾਲ ਪੁਛੋਗੇ ਤਾਂ ਫਿਰ ਉਸ ਦਾ ਜਵਾਬ ਹੁਣੇ ਦੇਣਾ ਮੰਤਰੀ ਜੀ ਲਈ ਅਸੰਭਵ ਹੈ।

**ਸਰਦਾਰ ਦਲੀਪ ਸਿੰਘ ਪਾਂਧੀ:** ਸਪੀਕਰ ਸਾਹਿਬ, ਇਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਨ੍ਹਾਂ ਪੁਲੀਆਂ ਲਈ ਕਿੰਨਾ ਪੈਸਾ ਮਨਜ਼ੂਰ ਹੋਇਆ ਹੈ।

**ਸ੍ਰੀ ਸਪੀਕਰ :** ਉਨ੍ਹਾਂ ਨੇ ਜਵਾਬ ਦੇ ਦਿੱਤਾ ਹੈ।

**ਮੰਤਰੀ :** ਮੈਂ ਮੈਂਬਰ ਸਾਹਿਬ ਜਿਨ੍ਹਾਂ ਦਾ ਸਵਾਲ ਸੀ ਉਸ ਦਾ ਜਵਾਬ ਦੇ ਦਿੱਤਾ ਹੈ। ਜੇਕਰ ਪਾਂਧੀ ਸਾਹਿਬ ਮਜਮੂਈ ਤੌਰ ਤੇ ਪੁੱਛਣਾ ਚਾਹੁੰਦੇ ਹਨ ਕਿ ਕਿੰਨਾ ਪੈਸਾ ਰਖਿਆ ਹੈ, ਤਾਂ ਫਿਰ ਇਹ ਨੋਟਿਸ ਦੇ ਦੇਣ ਮੈਂ ਦੱਸ ਦਿਆਂਗਾ।

---

### Construction of Bridge over Sutlej on Chamkaur Sahib Paniali road

***1177. Master Dalip Chand :** Will the Minister for Public Works be pleased to state whether there is any proposal under the consideration of the Government to construct a bridge over Sutlej on Chamkaur Sahib Paniali Road in Balachaur Assembly Constituency?

**ਸਰਦਾਰ ਬੇਅੰਤ ਸਿੰਘ :** ਨਹੀਂ ਜੀ।

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਨਿਆਲੀ ਤੋਂ ਚਮਕੌਰ ਸਾਹਿਬ ਇਹ ਬੜੀ ਇਤਿਹਾਸਕ ਸੜਕ ਹੈ, ਇਸ ਤੇ ਆਵਾਜਾਈ ਬਲਾਚੌਰ ਹਲਕੇ ਦੇ ਲੋਕਾਂ ਦੀ ਚਮਕੌਰ ਸਾਹਿਬ ਮੋਰਿੰਡਾ, ਸਮਰਾਲਾ, ਸਰਹਿੰਦ, ਪਟਿਆਲਾ, ਖੰਨਾ, ਨਾਭਾ ਔਰ ਰਾਜਪੁਰਾ ਆਦਿ ਲਈ ਬਹੁਤ ਰਹਿੰਦੀ ਹੈ। ਲੇਕਿਨ ਦਰਿਆ ਸਤਲੁਜ ਤੇ ਪੁਲ ਨਾ ਹੋਣ ਕਰ ਕੇ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਅੱਵਲ ਤਾਂ ਇਸ ਤੇ ਪੱਕਾ ਪੁੱਲ ਬਣਾਉਣਾ ਚਾਹੀਦਾ ਹੈ ਜੇਕਰ ਪੱਕਾ ਪੁਲ ਹਾਲੇ ਨਹੀਂ ਬਣਾਉਣਾ ਤਾਂ ਕਮ-ਅਜ਼-ਕਮ ਇਥੇ ਕਿਸ਼ਤੀਆਂ ਦਾ ਪੁਲ ਬਣਾਉਣਾ ਚਾਹੀਦਾ ਹੈ। ਜਿਸ ਤਰ੍ਹਾਂ ਨੂਰ ਪੁਰ ਬੇਦੀ ਕੋਲ ਸਰਾਂ ਦਾ ਕਿਸ਼ਤੀਆਂ ਦਾ ਪੁੱਲ ਹੈ ਕੀ ਉਸੇ ਤਰ੍ਹਾਂ ਇਥੇ ਵੀ ਕਿਸ਼ਤੀਆਂ ਦਾ ਪੁੱਲ ਬਣਾਉਣ ਦਾ ਇਨ੍ਹਾਂ ਦਾ ਵਿਚਾਰ ਹੈ?

**ਮੰਤਰੀ :** ਕਿਸ਼ਤੀਆਂ ਦਾ ਪੁੱਲ ਬਣਾਉਣ ਵਾਸਤੇ ਵਿਚਾਰ ਕੀਤਾ ਸੀ ਪਰ ਕਿਸ਼ਤੀਆਂ ਦਾ ਪੁੱਲ ਬਣਾਉਣਾ ਫੀਜ਼ੇਬਲ ਨਹੀਂ ਰਹਿੰਦਾ। ਵੱਡੇ ਪੁੱਲ ਤੇ 6 ਕਰੋੜ ਰੁਪਿਆ ਲਗਦਾ ਹੈ। ਇਸ ਲਈ ਹਾਲੇ ਵਿਚਾਰ ਨਹੀਂ ਬਣਿਆ।

**ਮਾਸਟਰ ਦਲੀਪ ਚੰਦ :** ਸਪੀਕਰ ਸਾਹਿਬ, 1974-75 ਵਿੱਚ ਇਸ ਸਦਨ ਵਿੱਚ ਇਸ ਬਾਰੇ ਮੇਰਾ ਸਵਾਲ ਆਇਆ ਸੀ। ਸਰਕਾਰ ਨੇ ਇਸ ਪੁੱਲ ਤੇ ਕਿਸ਼ਤੀਆਂ ਦਾ ਪੁੱਲ ਬਣਾਉਣ ਦਾ ਐਲਾਨ ਕੀਤਾ ਸੀ। ਰੁਪਿਆ ਮਨਜ਼ੂਰ ਹੋ ਕੇ ਕਿਸ਼ਤੀਆਂ ਦਾ ਸਾਮਾਨ ਵੀ ਪਿੰਡ ਦੌਲਤਪੁਰ ਲਿਆਂਦਾ ਹੋਇਆ ਹੈ। ਉਸ ਵਕਤ ਤੋਂ ਹਾਲੇ ਵੀ ਇਹ ਸਾਮਾਨ ਉਥੇ ਪਿਆ ਹੈ। ਕੀ ਸਰਕਾਰ ਇਸ ਗਲ ਨੂੰ ਮੱਦੇ ਨਜ਼ਰ ਰਖਦੇ ਹੋਏ ਇਸ ਪੁੱਲ ਨੂੰ ਕਿਸ਼ਤੀਆਂ ਦਾ ਪੁੱਲ ਬਣਾਉਣ ਲਈ ਵਿਚਾਰ ਕਰੇਗੀ ਤਾ ਕਿ ਲੋਕਾਂ ਨੂੰ ਬਰਾਸਤਾ ਰੋਪੜ, ਕੁਰਾਲੀ ਘੁੰਮ ਕੇ ਆਉਣਾ ਨਾ ਪਏ ਔਰ ਉਨ੍ਹਾਂ ਨੂੰ ਸਫਰ ਦੀ ਬੱਚਤ ਹੋ ਸਕੇ?

Original with;
Punjab Vidhan Sabha
Digitized by;
Panjab Digital Library

ਮੰਤਰੀ : ਪਿਸ਼ਤੀਆਂ ਦਾ ਪੁੱਲ ਉਥੇ ਬਣਾਉਣਾ ਸੰਭਵ ਨਹੀਂ ਹੈ। ਫਿਰ ਵੀ ਮੈਂ ਇਸ ਨੂੰ ਐਗਜ਼ਾਮਿਨ ਕਰਾ ਲਵਾਂਗਾ ਔਰ ਜੇਕਰ ਬਣ ਸਕਦਾ ਹੋਇਆ ਤਾਂ ਬਣਾ ਦਿਆਂਗੇ।

ਸਰਦਾਰ ਹਰਚੰਦ ਸਿੰਘ ਬਰਾੜ : ਸਪੀਕਰ ਸਾਹਿਬ, ਪਹਿਲਾਂ ਤਾਂ ਸਾਨੂੰ ਇਥੇ ਬੋਲਣ ਲਈ ਮੌਕਾ ਹੀ ਨਹੀਂ ਮਿਲਦਾ, ਜੇਕਰ ਬੋਲਣ ਲਈ ਮੌਕਾ ਮਿਲਦਾ ਹੈ ਤਾਂ ਉਹ ਕੱਟ ਦਿੱਤਾ ਜਾਂਦਾ ਹੈ। ਸਾਡੀ ਜ਼ਿਮੀਂਦਾਰਾਂ ਦੀ ਆਵਾਜ਼ ਤਾਂ ਸੁਣਨੀ ਚਾਹੀਦੀ ਹੈ (ਵਿਘਨ) ਸ਼ਰਾਫਤ ਦਾ ਨਾਜਾਇਜ਼ ਫਾਇਦਾ ਨਹੀਂ ਉਠਾਉਣਾ ਚਾਹੀਦਾ।

ਸ੍ਰੀ ਸਪੀਕਰ : ਤੁਸੀਂ ਰੇਲੇਵੇਂਟ ਰਹੋ ਅਤੇ ਸਵਾਲ ਪੁੱਛੋ।

ਸਰਦਾਰ ਹਰਚੰਦ ਸਿੰਘ ਬਰਾੜ : ਮੇਰੀ ਸਪਲੀਮੈਂਟਰੀ ਇਹ ਹੈ ਕਿ ਮੁਕਤਸਰ ਬੜੀ ਇਤਿਹਾਸਿਕ ਥਾਂ ਹੈ। ਉਥੇ ਸੜਕਾਂ ਦੀ ਬਹੁਤ ਬੁਰੀ ਹਾਲਤ ਹੈ। ਕੀ ਇਹ ਉਨ੍ਹਾਂ ਸੜਕਾਂ ਨੂੰ ਠੀਕ ਕਰਨਗੇ ਜਾਂ ਨਹੀਂ ? ਜੇਕਰ ਕਰਨਗੇ ਤਾਂ ਕਦੋਂ ਤਕ ਠੀਕ ਕਰ ਦੇਣਗੇ ?

ਮੰਤਰੀ : ਇਨ੍ਹਾਂ ਨੇ ਮੁਕਤਸਰ ਬਾਰੇ ਸਵਾਲ ਕੀਤਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਮਾਘੀ ਦੇ ਮੇਲੇ ਤੇ ਮੈਂ ਆਪ ਉਥੇ ਜਾ ਕੇ ਸੜਕਾਂ ਦੀ ਮੁਰੰਮਤ ਕਰਾਉਣੀ ਸ਼ੁਰੂ ਕੀਤੀ ਸੀ। ਮੇਲੇ ਵਾਲੇ ਸਾਰੇ ਉਥੋਂ ਲੰਘੇ ਹਨ। ਹੁਣ ਵੀ ਉਥੇ ਸਪੈਸ਼ਲ ਤੌਰ ਤੇ ਕੰਮ ਕਰਾ ਰਹੇ ਹਾਂ।

## Unemployment Allowance to Graduates/Matriculates

*1464. **Comrade Baldev Singh Loomba** : Will the Minister for Welfare and Labour be pleased to state the total number of graduates and matriculates who were given unemployment allowance during the year 1978, 1979, 1980 and 1981 separately ?

ਚੌਧਰੀ ਜਗਤ ਰਾਮ : ਲੋੜੀਂਦੀ ਸੂਚਨਾ ਹੇਠ ਦਿੱਤੀ ਜਾਂਦੀ ਹੈ :--

| ਲੜੀ ਨੰ : | ਸਾਲ | ਉਨ੍ਹਾਂ ਉਮੀਦਵਾਰਾਂ ਦੀ ਕੁਲ ਗਿਣਤੀ ਜਿਨ੍ਹਾਂ ਨੂੰ ਬੇਕਾਰੀ ਭੱਤਾ ਦਿੱਤਾ ਗਿਆ | | |
|---|---|---|---|---|
| | | ਕੁਲ ਜੋੜ | ਬੀ. ਏ. ਪਾਸ | ਦਸਵੀਂ ਪਾਸ |
| 1 | 2 | 3 | 4 | 5 |
| 1 | 1978 | 230 | 74 | 156 |
| 2 | 1979 | 2,528 | 632 | 1,896 |
| 3 | 1980 | 7,108 | 1,823 | 5,285 |
| 4 | 1981 | 14,024 | 3,828 | 10,196 |

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1978-79 ਵਿਚ ਇਹ ਸੰਖਿਆ ਘੱਟ ਸੀ, ਇਸ ਦੇ ਕੀ ਕਾਰਨ ਹਨ ? 5 ਸਾਲ ਤੋਂ ਘਟਾ ਕੇ ਜੋ 3 ਸਾਲ ਦਾ ਸਮਾਂ ਕੀਤਾ ਹੈ, ਇਹ ਚੰਗੀ ਗਲ ਕੀਤੀ ਗਈ ਹੈ। ਪਰ ਖਾਸ ਕਰਕੇ ਪਿੰਡ ਵਾਲੇ ਲੋਕ ਕਈ ਅਜਿਹੇ ਰਹਿ ਜਾਂਦੇ ਹਨ ਜਿਨ੍ਹਾਂ ਦਾ ਦੁਬਾਰਾ ਨਾਂ ਰਜਿਸਟਰ ਕਰਾਉਣ ਵਿਚ ਕੁਝ ਗੈਪ ਰਹਿ ਜਾਂਦਾ ਹੈ ਜਿਸ ਕਰ ਕੇ ਉਨ੍ਹਾਂ ਦਾ ਪਿਛਲਾ ਪੀਰੀਅਡ ਗਿਣਿਆ ਨਹੀਂ ਜਾਂਦਾ। ਕੀ ਮਨਿਸਟਰ ਸਾਹਿਬ ਇਸ ਗੈਪ ਨੂੰ ਕਨਡੋਨ ਕਰਨ ਲਈ ਕੰਸਿਡਰ ਕਰਨਗੇ ?

**ਮੰਤਰੀ** : ਮੈਂਬਰ ਸਾਹਿਬ ਨੇ ਕਿਹਾ ਹੈ 1978-79 ਵਿਚ ਇਨ੍ਹਾਂ ਦੀ ਸੰਖਿਆ ਘਟ ਰਹੀ ਹੈ। ਉਸ ਵੇਲੇ ਪਿਛਲੀ ਸਰਕਾਰ ਸੀ। ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਤਾਂ 1980 ਵਿਚ ਆਈ ਹੈ। ਉਸ ਵੇਲੇ 10,000 ਰਜਿਸਟਰ ਹੋਏ। ਇਸ ਲਈ ਇਸ ਸਰਕਾਰ ਨੇ ਤੇਜ਼ੀ ਨਾਲ ਇਹ ਕੰਮ ਕਰ ਕੇ ਬੰਦੇ ਰਜਿਸਟਰ ਕੀਤੇ ਹਨ। ਬਾਕੀ ਜਿਹੜੀ ਗਲ ਗੈਪ ਦੇ ਕਨਡੋਨ ਕਰਨ ਬਾਰੇ ਇਨ੍ਹਾਂ ਨੇ ਕੀਤੀ ਹੈ, ਉਸ ਬਾਰੇ ਇਹ ਸੇਪਰੇਟ ਨੋਟਿਸ ਦੇ ਦੇਣ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਜਿਹੜੇ ਪਿੰਡ ਵਾਲੇ ਅਨ-ਐਂਪਲਾਇਡ ਹਨ ਉਹ ਦੁਬਾਰਾ ਨਾਂ ਰਜਿਸਟਰ ਕਰਾਉਣ ਵਿਚ ਦਸ ਵੀਹ ਦਿਨਾਂ ਦਾ ਗੈਪ ਪਾ ਲੈਂਦੇ ਹਨ, ਜਿਸ ਕਰਕੇ ਉਨ੍ਹਾਂ ਨੂੰ ਕਾਫ਼ੀ ਨੁਕਸਾਨ ਹੁੰਦਾ ਹੈ। ਕੀ ਇਹ ਜੋ ਗੈਪ ਪੈ ਜਾਂਦਾ ਹੈ ਇਸ ਨੂੰ ਕਨਡੋਨ ਕਰਨ ਵਾਸਤੇ ਵਜ਼ੀਰ ਸਾਹਿਬ ਵਿਚਾਰ ਕਰਨਗੇ ?

**ਮੰਤਰੀ** : ਜੇ ਕੋਈ ਐਸੀ ਗੱਲ ਹੈ ਤਾਂ ਇਹ ਮੈਨੂੰ ਦੱਸ ਦੇਣ, ਅਸੀਂ ਦੇਖ ਲਵਾਂਗੇ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਪਿਛਲੇ ਸਾਲ ਇਨ੍ਹਾਂ ਨੇ 50 ਰੁਪਏ ਮੈਟਰਿਕ ਵਾਲਿਆਂ ਦੇ ਕੀਤੇ ਸਨ ਅਤੇ 100 ਰੁਪਏ ਗਰੈਜੂਏਟਸ ਦੇ ਕੀਤੇ ਸਨ, ਇਹ ਚੰਗੀ ਗੱਲ ਹੈ। ਪਰ ਤੁਸੀਂ ਦੇਖੋ ਕਿ ਇਸ ਸਾਲ ਮਹਿੰਗਾਈ ਕਿਥੋਂ ਤਕ ਪਹੁੰਚ ਗਈ ਹੈ। ਕੀ ਹੁਣ ਫਿਰ ਇਸ ਗੱਲ ਉਤੇ ਵਿਚਾਰ ਕਰਨ ਲਈ ਤਿਆਰ ਹਨ ਕਿ ਇਹ ਪੈਸੇ ਮਹਿੰਗਾਈ ਨੂੰ ਮੁੱਖ ਰਖਦੇ ਹੋਏ ਵਧਾਏ ਜਾਣ ?

**ਮੰਤਰੀ** : ਹੁਣੇ ਹੀ ਅਸੀਂ 1 ਅਪਰੈਲ, 1981 ਤੋਂ 40 ਰੁਪਏ ਤੋਂ 80 ਰੁਪਏ ਕੀਤੇ ਹਨ ਅਤੇ 50 ਰੁਪਏ ਤੋਂ 100 ਰੁਪਏ ਕੀਤੇ ਹਨ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਬੇਰੁਜ਼ਗਾਰਾਂ ਪਾਸ ਪੀਲੇ ਕਾਰਡ ਨਹੀਂ ਹਨ ਸਰਕਾਰ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਉਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਨਾ ਦਿੱਤਾ ਜਾਵੇ, ਕੀ ਇਹ ਗੱਲ ਠੀਕ ਹੈ ?

**ਮੰਤਰੀ** : ਇਸ ਬਾਰੇ ਇਹ ਵੱਖਰਾ ਸਵਾਲ ਦੇ ਦੇਣ। ਇਸ ਸਵਾਲ ਵਿਚ ਇਹ ਚੀਜ਼ ਨਹੀਂ ਹੈ।

**ਸ੍ਰੀ ਸਪੀਕਰ** : ਆਨਰੇਬਲ ਮੈਂਬਰ ਨੇ ਇਕ ਸਪੈਸੀਫਿਕ ਸਵਾਲ ਪੁੱਛਿਆ ਹੈ ਕਿ ਜਿਨ੍ਹਾਂ ਕੋਲ ਪੀਲੇ ਕਾਰਡ ਨਹੀਂ ਹਨ ਉਨ੍ਹਾਂ ਦਾ ਭੱਤਾ ਬੰਦ ਕਰਨ ਲਈ ਕੋਈ ਹਦਾਇਤਾਂ ਜਾਰੀ ਕੀਤੀਆਂ ਹਨ ?

**ਮੰਤਰੀ** : ਇਹ ਮੈਂ ਦੇਖ ਲਵਾਂਗਾ ਜੀ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਤੁਸੀਂ ਮੈਨੂੰ ਸਵਾਲ ਪੁੱਛਣ ਦੀ ਆਗਿਆ ਦਿਤੀ ਹੈ, ਵਜ਼ੀਰ ਸਾਹਿਬ ਜਵਾਬ ਨੂੰ ਲੁਕੋ ਰਹੇ ਹਨ। I seek your protection, Sir.

Original with;
Punjab Vidhan Sabha
Digitized by;
Panjab Digital Library

[ਸਰਦਾਰ ਆਤਮਾ ਸਿੰਘ]
ਇਨ੍ਹਾਂ ਨੇ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਜਿਨ੍ਹਾਂ ਕੋਲ ਪੀਲੇ ਕਾਰਡ ਨਹੀਂ ਹਨ ਉਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਨਹੀਂ ਦਿਤਾ ਜਾਵੇਗਾ ; ਕੀ ਇਹ ਠੀਕ ਗਲ ਹੈ ?

**ਸ਼੍ਰੀ ਸਪੀਕਰ** : ਮਨਿਸਟਰ ਸਾਹਿਬ ਇਸ ਗਲ ਦਾ ਪਤਾ ਕਰਕੇ ਕੱਲ ਹਾਊਸ ਨੂੰ ਦੱਸ ਦੇਣਗੇ । (ਥੰਪਿੰਗ)

**ਮਾਸਟਰ ਬਾਬੂ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪੇਂਡੂ ਮੁੰਡੇ ਆਪਣੇ ਕਾਰਡ ਰਿਨਿਊ ਨਹੀਂ ਕਰਵਾ ਸਕੇ ਜਾਂ ਨਹੀਂ ਕਰਵਾ ਸਕਦੇ, ਜਿਸ ਤਰ੍ਹਾਂ ਲੁੰਬਾ ਜੀ ਨੇ ਵੀ ਪੁੱਛਿਆ ਸੀ, ਕੀ ਇਸ ਬਾਰੇ ਇਹ ਇੰਪਲਾਇਮੈਂਟ ਐਕਸਚੇਂਜਿਜ਼ ਨੂੰ ਇਨਸਟਰਕਸ਼ਨਜ਼ ਜਾਰੀ ਕਰਨਗੇ ਕਿ ਜਦ ਤਕ ਉਨ੍ਹਾਂ ਨੂੰ ਨੌਕਰੀ ਨਾ ਮਿਲੇ ਉਨ੍ਹਾਂ ਦੇ ਕਾਰਡ ਕੰਟੀਨਿਊ ਕਰਨ ਤਾਂ ਕਿ ਉਨ੍ਹਾਂ ਦਾ ਵਿਚ ਗੈਪ ਨਾ ਪਵੇ ?

**ਮੰਤਰੀ** : ਇਸ ਬਾਰੇ ਇਹ ਮੈਨੂੰ ਦੱਸ ਦੇਣ, ਮੈਂ ਪਤਾ ਕਰ ਲਵਾਂਗਾ ।

---

**Government Schools without buildings in Kharar Tehsil**

***1281. Sardar Jagat Singh** : Will the Minister for Education be pleased to state—

(a) whether it is a fact that the following Schools in Kharar Tehsil are without buildings :—

(i) Government School, Kurarha ;

(ii) Government School, Mattran ;

(iii) Government School, Nagiari ;

(iv) Government School, Bharatpur ;

(v) Government School, Mattaur (Middle School portion );

((vi) Government School, Kumbra (Middle School portion) ;

(b) if reply to part (a) above be in the affirmative, the steps being taken for the construction of buildings for the aforesaid schools together with the time by which these are likely to be constructed ?

**ਸਰਦਾਰ ਹਰਚਰਨ ਸਿੰਘ ਅਜਨਾਲਾ** : (ੳ) (i) ਨਹੀਂ ਜੀ।

(ii) ਤੋਂ (vi) ਹਾਂ ਜੀ ।

(ਅ) ਪਿੰਡਾਂ ਦੀਆਂ ਪੰਚਾਇਤਾਂ ਵਲੋਂ ਜ਼ਮੀਨ ਮਿਲਣ ਤੇ ਅਤੇ ਫੰਡ ਉਪਲੱਬਧ ਹੋਣ ਤੇ ਇਨ੍ਹਾਂ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਸ਼ੁਰੂ ਹੋ ਸਕੇਗੀ।

ਮਟੌਰ ਪੰਚਾਇਤ ਨੇ ਮਿਡਲ ਸਕੂਲ ਲਈ ਇਮਾਰਤ ਦੀ ਉਸਾਰੀ ਸ਼ੁਰੂ ਕਰ ਦਿਤੀ ਹੈ ਅਤੇ ਕੁੰਭੜਾ ਪੰਚਾਇਤ ਵਲੋਂ ਛੇਤੀ ਉਸਾਰੀ ਸ਼ੁਰੂ ਕਰਨ ਦੀ ਆਸ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਜਗਤ ਸਿੰਘ** : ਸਪੀਕਰ ਸਾਹਿਬ, ਮੈਂ ਆਪ ਦੇ ਥਰੂ ਵਜ਼ੀਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਕਈ ਪ੍ਰਾਇਮਰੀ ਸਕੂਲਾਂ ਵਾਸਤੇ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਜ਼ਮੀਨ ਦੇ ਦਿੱਤੀ ਹੈ, ਇਸ ਲਈ ਕੀ ਉਹ ਕ੍ਰਿਪਾ ਕਰਕੇ ਦੱਸਣਗੇ ਕਿ ਉਥੇ ਕਦੋਂ ਤੱਕ ਬਿਲਡਿੰਗਜ਼ ਬਣਾਉਣੀਆਂ ਸ਼ੁਰੂ ਕਰ ਦੇਣਗੇ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮਿਡਲ ਸਕੂਲ ਹਨ, ਜਿਵੇਂ ਕਿ ਕੁੰਭੜਾ ਸਕੂਲ ਹੈ, ਉਨ੍ਹਾਂ ਕੋਲ ਅਜੇ ਤਕ ਬਿਲਡਿੰਗ ਬਣਾਉਣ ਲਈ ਕੋਈ ਮਨਜ਼ੂਰੀ ਨਹੀਂ ਆਈ। ਉਨ੍ਹਾਂ ਨੂੰ ਪੈਸੇ ਵੀ ਨਹੀਂ ਮਿਲੇ। ਪਿਛਲੇ ਸੈਸ਼ਨ ਵਿਚ ਇਹ ਕੁੰਭੜੇ ਦਾ ਸਕੂਲ ਅਪਗਰੇਡ ਹੋਇਆ ਸੀ ਇਸ ਬਾਰੇ ਵਜ਼ੀਰ ਸਾਹਿਬ ਦੱਸਣ ?

**ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਕੁੰਭੜਾ ਦੇ ਸਕੂਲ ਬਾਰੇ ਪੁੱਛਿਆ ਹੈ। ਇਹ ਸਕੂਲ ਪ੍ਰਾਇਮਰੀ ਤੋਂ ਮਿਡਲ ਸਕੂਲ ਬਣਿਆ ਸੀ ਅਤੇ ਇਹ ਇਸ ਕੰਡੀਸ਼ਨ ਤੇ ਬਣਿਆ ਸੀ ਕਿ ਜਿਹੜੀ ਇਸ ਸਕੂਲ ਦੀ ਬਿਲਡਿੰਗ ਹੈ ਉਹ ਪੰਚਾਇਤ ਸਾਨੂੰ ਪ੍ਰੋਵਾਈਡ ਕਰਕੇ ਦੇਵੇਗੀ। ਹੁਣ ਉਨ੍ਹਾਂ ਨੇ 74 ਹਜ਼ਾਰ ਰੁਪਿਆ ਇਕੱਠਾ ਕਰ ਲਿਆ ਹੈ। ਉਨ੍ਹਾਂ ਨੇ ਸਕੂਲ ਦੀ ਬਿਲਡਿੰਗ ਦੀ ਉਸਾਰੀ ਜਲਦੀ ਸ਼ੁਰੂ ਕਰ ਦੇਣੀ ਹੈ, ਇਸ ਬਾਰੇ ਮਹਿਕਮੇਂ ਵਲੋਂ ਸਾਨੂੰ ਇਤਲਾਹ ਆਈ ਹੈ।

**ਸਰਦਾਰ ਜਗਤ ਸਿੰਘ** : ਸਪੀਕਰ ਸਾਹਿਬ, ਮੈਂ ਇਕ ਹੋਰ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਤੋਂ ਪਿਛਲੇ ਸੈਸ਼ਨ ਵਿੱਚ ਐਸ. ਏ. ਐਸ. ਨਗਰ ਵਿਖੇ ਇਕ ਕਾਲਜ ਦੀ ਮਨਜ਼ੂਰੀ ਬਾਰੇ ਚੀਫ਼ ਮਨਿਸਟਰ ਸਾਹਿਬ ਨੇ ਦੱਸਿਆ ਸੀ। ਉਸ ਦੀ ਹੁਣ ਕੀ ਪੋਜ਼ੀਸ਼ਨ ਹੈ। ਕੀ ਇਹ ਕ੍ਰਿਪਾ ਕਰਕੇ ਦੱਸਣਗੇ ਕਿ ਉਸ ਕਾਲਜ ਨੂੰ ਕਦੋਂ ਬਣਾਉਣਗੇ ? ਇਸ ਬਾਰੇ ਅਖ਼ਬਾਰਾਂ ਵਿਚ ਵੀ ਆਇਆ ਹੈ। ਮੌਕੇ ਤੇ ਬਿਲਡਿੰਗ ਵੀ ਦੇਖ ਲਈ ਹੈ। ਕੀ ਇਹ ਕ੍ਰਿਪਾ ਕਰਕੇ ਦੱਸਣਗੇ ਕਿ ਇਹ ਕਾਲਜ ਕਦੋਂ ਤਕ ਚਾਲੂ ਹੋ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਆਨਰੇਬਲ ਮੈਂਬਰ ਦਾ ਬੜਾ ਸਤਿਕਾਰ ਹੈ। ਪਰ ਗੱਲ ਇਹ ਹੈ ਕਿ ਸਵਾਲ ਤਾਂ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਬਾਰੇ ਸੀ ਪਰ ਇਹ ਸਪਲੀਮੈਂਟਰੀ ਕਾਲਜ ਬਾਰੇ ਕਰ ਰਹੇ ਹਨ, ਮੈਨੂੰ ਇਹ ਸਮਝ ਨਹੀਂ ਆਈ। ਇਸ ਲਈ ਇਹ ਵੱਖਰਾ ਨੋਟਿਸ ਦੇ ਦੇਣ।

**ਸ੍ਰੀ ਗੋਪਾਲ ਕ੍ਰਿਸ਼ਨ ਚਤੱਰਥ** : ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਪ੍ਰਾਇਮਰੀ ਸਕੂਲ ਦੀ ਬਿਲਡਿੰਗ ਬਣਦੀ ਹੈ ਉਸ ਪਿੰਡ ਨੇ ਉਸ ਲਈ 5 ਹਜ਼ਾਰ ਰੁਪਏ ਦੇਣੇ ਹੁੰਦੇ ਹਨ। ਡਿਪਾਰਟਮੈਂਟ ਵਲੋਂ ਹਦਾਇਤ ਇਹ ਹੈ ਕਿ ਇਹ 5 ਹਜ਼ਾਰ ਰੁਪਿਆ ਸਕੂਲ ਫੰਡ ਵਿਚ ਜਮ੍ਹਾਂ ਕਰਵਾ ਦਿਓ। ਪੰਚਾਇਤ ਵਾਲੇ ਕਹਿੰਦੇ ਹਨ ਕਿ ਡਿਵੈਲਪਮੈਂਟ ਡਿਪਾਰਟਮੈਂਟ ਕਹਿੰਦਾ ਹੈ ਕਿ ਸਾਡੇ ਕੋਲ ਕੋਈ ਹਦਾਇਤ ਨਹੀਂ ਹੈ ਜਿਸ ਮੁਤਾਬਿਕ ਅਸੀਂ ਪੰਚਾਇਤ ਦਾ ਪੈਸਾ ਕੱਢ ਕੇ ਸਕੂਲ ਬਿਲਡਿੰਗ ਫੰਡ ਵਿਚ ਪਾ ਦੇਈਏ। ਕੀ ਇਸ ਨੂੰ ਇਹ ਕੰਸਿਡਰ ਕਰਨਗੇ ?

**ਮੰਤਰੀ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 5 ਹਜ਼ਾਰ ਰੁਪਏ ਦੀ ਪ੍ਰੋਵੀਜ਼ਨ ਕਰਵਾਈ ਹੈ। ਉਹ ਲੋਕਲ ਕਮਿਉਨਿਟੀ ਨੇ ਕੁਲੈਕਸ਼ਨ ਕਰ ਕੇ ਸਾਨੂੰ ਦੇਣਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਇਹ ਪੰਚਾਇਤ ਫੰਡ ਵਿਚੋਂ ਦੇਣਾ ਹੈ। ਸਾਡੇ ਪੰਚਾਇਤ ਮਨਿਸਟਰ ਸਾਹਿਬ ਨੇ ਪੰਚਾਇਤਾਂ ਨੂੰ ਹਦਾ-ਇਤ ਜਾਰੀ ਕੀਤੀ ਹੈ ਕਿ ਪ੍ਰਾਇਮਰੀ ਸਕੂਲਾਂ ਦੀ ਮੁਰੰਮਤ ਉਹ ਪੰਚਾਇਤ ਫੰਡ ਵਿਚੋਂ ਕਰਵਾ ਦੇਣ।

**ਸਰਦਾਰ ਲੱਖਾ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਏਰੀਏ ਵਿਚ ਜਿਥੇ 25-26 ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਤੋਂ ਮਿਡਲ ਸਕੂਲ ਅਪਗਰੇਡ ਕੀਤੇ ਗਏ ਹਨ ਉਥੇ ਸਰਮਾਏਦਾਰਾਂ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਲੱਖਾ ਸਿੰਘ]

ਬੱਚੇ ਪਬਲਿਕ ਸਕੂਲਾਂ ਵਿਚ ਪੜ੍ਹਦੇ ਹਨ। ਇਸ ਲਈ ਸਰਕਾਰ ਜ਼ਮੀਨ ਲੈ ਕੇ ਬਿਲਡਿੰਗਾਂ ਦਾ ਪ੍ਰਬੰਧ ਕਰੇ ਤਾਂਕਿ ਗਰੀਬਾਂ ਦੇ ਬੱਚੇ ਉਥੇ ਪੜ੍ਹ ਸਕਣ ?

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਦਾ ਸਤਿਕਾਰ ਕਰਦਾ ਹਾਂ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਅਸੀਂ ਸਕੂਲ ਖੋਲ੍ਹਦੇ ਹਾਂ ਉਥੇ ਬਿਲਡਿੰਗਾਂ ਆਮ ਤੌਰ ਤੇ ਬੈਨੀਫਿਸ਼ਰੀਜ਼ ਪ੍ਰੋਵਾਈਡ ਕਰਦੇ ਹਨ। ਜਿਨ੍ਹਾਂ ਸਕੂਲਾਂ ਦਾ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਉਥੇ ਸਿਮੀਲਰ ਹਾਲਤ ਹੈ। ਬਾਕੀ ਅਗਰ ਕੋਈ ਐਸੀ ਗੱਲ ਹੈ ਤਾਂ ਇਹ ਨੋਟਿਸ ਵਿਚ ਲਿਆਉਣ ਅਸੀਂ ਦੇਖ ਲਵਾਂਗੇ।

**ਸਰਦਾਰ ਮਹਿੰਦਰ ਸਿੰਘ ਸਰੂਪਵਾਲੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਪਿੰਡਾਂ ਅਤੇ ਸ਼ਹਿਰਾਂ ਵਿਚ ਸਕੂਲਾਂ ਦੀਆਂ ਬਿਲਡਿੰਗਾਂ ਬਣਾਉਣ ਵਾਸਤੇ ਕੋਈ ਕਰਾਈਟੇਰੀਆ ਵੱਖਰਾ ਵੱਖਰਾ ਹੈ ਕਿਉਂਕਿ ਪਿੰਡਾਂ ਦੇ ਵਿਚ ਪੰਚਾਇਤਾਂ ਕੋਲੋਂ ਮੰਗ ਕਰਦੇ ਹਨ ਕਿ ਉਹ ਜਗ੍ਹਾ ਵੀ ਦੇਣ ਅਤੇ ਬਿਲਡਿੰਗ ਵੀ ਉਸਾਰ ਕੇ ਦੇਣ ?

**ਮੰਤਰੀ :** ਐਸੀ ਕੋਈ ਗਲ ਨਹੀਂ ਹੈ। ਸ਼ਹਿਰਾਂ ਵਿਚ ਵੀ ਜੇ ਅਸੀਂ ਸਕੂਲ ਅਪਗਰੇਡ ਕਰਦੇ ਹਾਂ ਤਾਂ ਜ਼ਮੀਨ ਸਰਕਾਰ ਆਪ ਪ੍ਰੋਵਾਈਡ ਨਹੀਂ ਕਰਕੇ ਦਿੰਦੀ।

---

**Regularisation of Services of Teachers**

*1295. **Comrade Darshan Singh Jhabal,** : Will the Minister for Education be pleased to state—

(a) the time by which the services of the teachers who completed one year service as on 30th September, 1980 are likey to be regularised by the Government ;

(b) the districtwise total number of teachers in the State who had completed one year service as on 30th September, 1980 ;

(c) whether the Government propose to regularise the services of those teachers who have completed one year service without any break ;

(d) whether the services of lecturers who have completed one year service as on 30th September, 1980 are also being regularised ?

---

**ਸਰਦਾਰ ਹਰਚਰਨ ਸਿੰਘ ਅਜਨਾਲਾ :** (ੳ) ਮਿਤੀ 1 ਅਕਤੂਬਰ, 1980 ਨੂੰ ਉਪਲੱਬਧ ਆਸਾਮੀਆਂ ਦੀ ਗਿਣਤੀ ਦੇ ਮੁਤਾਬਿਕ ਯੋਗ ਅਧਿਆਪਕਾਂ ਦੀਆਂ ਸੇਵਾਵਾਂ ਜਲਦੀ ਹੀ ਨਿਯਮਤ ਕਰ ਦਿਤੀਆਂ ਜਾਣਗੀਆਂ ;

(ਅ) ਅਧਿਆਪਕਾਂ ਦੀ ਜ਼ਿਲ੍ਹਾਵਾਰ ਗਿਣਤੀ ਇਸ ਪ੍ਰਕਾਰ ਹੈ :

| ਲੜੀ ਨੰ : | ਜ਼ਿਲ੍ਹਾ | | ਅਧਿਆਪਕ |
|---|---|---|---|
| 1. | ਜਲੰਧਰ | .. | 1,256 |
| 2. | ਅੰਮ੍ਰਿਤਸਰ | .. | 999 |

Original with;
Punjab Vidhan Sabha
Digitized by;
Panjab Digital Library

| ਲੜੀ ਨੰ : | ਜ਼ਿਲ੍ਹਾ | | ਅਧਿਆਪਕ |
|---|---|---|---|
| 3. | ਗੁਰਦਾਸਪੁਰ | .. | 880 |
| 4. | ਫਿਰੋਜ਼ਪੁਰ | .. | 994 |
| 5. | ਹੁਸ਼ਿਆਰਪੁਰ | .. | 967 |
| 6. | ਕਪੂਰਥਲਾ | .. | 591 |
| 7. | ਪਟਿਆਲਾ | | 1,054 |
| 8. | ਲੁਧਿਆਣਾ | | 753 |
| 9. | ਬਠਿੰਡਾ | | 982 |
| 10. | ਸੰਗਰੂਰ | .. | 761 |
| 11. | ਫਰੀਦਕੋਟ | .. | 802 |
| 12, | ਰੋਪੜ | .. | 548 |
| | ਕੁੱਲ ਜੋੜ | .. | 10,587 |

(ੲ) ਨਹੀਂ ਜੀ।

(ਸ) ਨਹੀਂ ਜੀ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਸਵਾਲ ਦੇ 'ੳ' ਭਾਗ ਵਿਚ ਕਿਹਾ ਹੈ ਕਿ 1 ਅਕਤੂਬਰ, 1980 ਨੂੰ ਉਪਲੱਬਧ ਆਸਾਮੀਆਂ ਦੀ ਗਿਣਤੀ ਦੇ ਮੁਤਾਬਿਕ ਯੋਗ ਅਧਿਆਪਕਾਂ ਦੀਆਂ ਸੇਵਾਵਾਂ ਜਲਦੀ ਹੀ ਰੈਗੂਲਰ ਕਰ ਦਿੱਤੀਆਂ ਜਾਣਗੀਆਂ। ਇਹੀ ਜਵਾਬ ਪਿਛਲੇ ਸੈਸ਼ਨ ਵਿਚ ਦਿੱਤਾ ਗਿਆ ਸੀ। ਅਧਿਆਪਕਾਂ ਦੇ ਆਗੂ ਇਨ੍ਹਾਂ ਨੂੰ ਮਿਲਦੇ ਰਹੇ ਹਨ ਕਿ ਸਾਨੂੰ ਕਦੋਂ ਰੈਗੂਲਰ ਕੀਤਾ ਜਾਵੇਗਾ ਪਰ ਇਹ ਜਵਾਬ ਦੇ ਰਹੇ ਹਨ ਕਿ ਜਲਦੀ ਰੈਗੂਲਰ ਕਰ ਦਿਆਂਗੇ।

ਇਕ ਸਾਲ ਹੋ ਗਿਆ ਹੈ ਜਲਦੀ ਕੀ ਹੁੰਦੀ ਹੈ ਇਹ ਇਨ੍ਹਾਂ ਨੂੰ ਪਤਾ ਹੋਵੇਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਤਾਰੀਖ ਮੁਕੱਰਰ ਕਰਨਗੇ ਕਿ ਕਦੋਂ ਤਕ ਰੈਗੂਲਰ ਕਰ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਸਰਵਿਸਿਜ਼ ਰੈਗੂਲਰ ਕਰਨ ਲਈ ਕਈ ਚੀਜ਼ਾਂ ਦੇਖਣੀਆਂ ਪੈਂਦੀਆਂ ਹਨ, ਉਨ੍ਹਾਂ ਦੀ ਸੀਨੀਆਰਿਟੀ ਵਗੈਰਾ ਦੇਖਣੀ ਪੈਂਦੀ ਹੈ ਅਤੇ ਸੀਨੀਆਰਿਟੀ ਦੇ ਅਗੇਂਸਟ ਜਿਹੜੀਆਂ ਦੂਸਰੀਆਂ ਕਾਊਂਟਰ ਪਾਰਟੀਆਂ ਕੋਈ ਇਤਰਾਜ਼ ਕਰਦੀਆਂ ਹਨ ਉਨ੍ਹਾਂ ਦੇ ਔਬਜੈਕਸ਼ਨਜ਼ ਦੇਖਣੇ ਪੈਂਦੇ

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਹਨ ਅਤੇ ਸਾਰੀ ਸਕਰੀਨਿੰਗ ਲਈ ਕਮੇਟੀਆਂ ਬਣਾਉਣੀਆਂ ਪੈਂਦੀਆਂ ਹਨ ਔਰ ਫਿਰ ਇਹ ਵੀ ਦੇਖਣਾ ਪੈਂਦਾ ਹੈ ਕਿ ਕਿੰਨੀਆਂ ਰੈਗੂਲਰ ਪੋਸਟਸ ਹਨ। ਮੇਰੀ ਬੇਨਤੀ ਹੈ ਕਿ ਡਿਸਟ੍ਰਿਕਟ ਲੈਵਲ ਤੇ ਅਤੇ ਸਟੇਟ ਲੈਵਲ ਤੇ ਕਮੇਟੀ ਬਣ ਚੁਕੀ ਹੈ। ਜਿਸ ਕਿਸਮ ਦਾ ਕਾਡਰ ਹੈ ਉਨ੍ਹਾਂ ਦੀਆਂ ਸਰਵਿਸਿਜ਼ ਰੈਗੂਲਰ ਕਰਨ ਲਈ ਸਾਰਾ ਕੇਸ ਉਹ ਕਮੇਟੀ ਪ੍ਰੋਸੈਸ ਕਰਦੀ ਹੈ। ਡੇਟ, ਸਪੀਕਰ ਸਾਹਿਬ, ਮੈਂ ਇਸ ਕਰ ਕੇ ਨਹੀਂ ਦੇਣਾ ਚਾਹੁੰਦਾ ਕਿ ਡੇਟ ਦਾ ਫਰਜ਼ ਕੀਤਾ ਮੈਂ ਕਹਿ ਦੇਵਾਂ ਕਿ ਫਲਾਣੀ ਡੇਟ ਤਕ ਹੋ ਜਾਣਗੇ ਤਾਂ ਕਿਸੇ ਵੇਲੇ ਕੋਈ ਅਜਿਹੇ ਕੇਸਿਜ਼ ਸਾਹਮਣੇ ਆ ਜਾਂਦੇ ਹਨ ਜਿਨ੍ਹਾਂ ਦੀ ਸੀਨੀਆਰਿਟੀ ਜਾਂ ਹੋਰ ਚੀਜ਼ਾਂ ਡੀਸਾਈਡ ਕਰਨ ਲਈ ਕੋਈ ਵਕਤ ਜ਼ਿਆਦਾ ਲਗ ਜਾਂਦਾ ਹੈ। ਪਰ ਇਹ ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਜਿੰਨੀਆਂ ਸਾਡੇ ਕੋਲ ਅਵੇਲੇਬਲ ਪ੍ਰਮਾਨੈਂਟ ਪੋਸਟਸ ਹੋਣਗੀਆਂ ਉਨ੍ਹਾਂ ਦੇ ਅਗੇਂਸਟ ਜਲਦੀ ਤੋਂ ਜਲਦੀ ਕਰ ਦਿਤੇ ਜਾਣਗੇ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਸਪੱਸ਼ਟ ਜਵਾਬ ਨਹੀਂ ਆਇਆ। ਜੇ ਇਹ ਕੋਈ ਡੇਟ ਨਹੀਂ ਦੱਸ ਸਕਦੇ ਤਾਂ ਕੋਈ ਮਹੀਨਾ ਹੀ ਦੱਸ ਦੇਣ ਕਿ ਇਸ ਮਹੀਨੇ ਹੋ ਜਾਣਗੇ ਜਾਂ ਕੋਈ ਸਾਲ ਹੀ ਦੱਸ ਦੇਣ ਕਿ ਇਸ ਸਾਲ ਤਕ ਕਰ ਦਿਤਾ ਜਾਵੇਗਾ। ਦੂਸਰਾ 10,587 ਅਧਿਆਪਕ ਕਹੇ ਹਨ ਕੀ ਉਹ ਸਾਰੇ ਹੀ ਲਾਏ ਜਾਣਗੇ ਜਾਂ ਜਿਸ ਤਰ੍ਹਾਂ ਇਨ੍ਹਾਂ ਨੇ ਜਵਾਬ ਦਿਤਾ ਹੈ ਕਿ ਜਿੰਨੀਆਂ ਆਸਾਮੀਆਂ ਹੋਣਗੀਆਂ ਉਤਨੇ ਹੀ ਲਾਏ ਜਾਣਗੇ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਧਿਆਪਕਾਂ ਦੀ ਇਕ ਸਾਲ ਦੀ ਸਰਵਿਸ ਹੋ ਗਈ ਹੈ ਅਤੇ ਬਰੇਕ ਕੋਈ ਨਹੀਂ ਹੋਈ, ਕੀ ਉਨ੍ਹਾਂ ਨੂੰ ਵੀ ਰੈਗੂਲਰ ਕਰਨ ਲਈ ਸੋਚਿਆ ਜਾਵੇਗਾ ?

**ਮੰਤਰੀ :** ਸਪੀਕਰ ਸਾਹਿਬ, ਪਹਿਲਾ ਸਵਾਲ ਤਾਂ ਇਨ੍ਹਾਂ ਨੇ ਇਹ ਕੀਤਾ ਹੈ ਕਿ ਕੀ ਸਾਰਿਆਂ ਨੂੰ ਲਾਇਆ ਜਾਵੇਗਾ ? ਉਸ ਦੇ ਬਾਰੇ ਮੈਂ ਆਪਣੇ ਜਵਾਬ ਵਿਚ ਕਿਹਾ ਹੈ ਕਿ ਜਿੰਨੀਆਂ ਪ੍ਰਮਾਨੈਂਟ ਪੋਸਟਸ ਹਨ ਉਨ੍ਹਾਂ ਦੇ ਅਗੇਂਸਟ ਹੀ ਨਿਯੁਕਤ ਕੀਤਾ ਜਾਵੇਗਾ।

ਦੂਸਰੇ ਬਾਰੇ ਮੈਂ ਸਪੱਸ਼ਟ ਤੌਰ ਤੇ ਕਿਹਾ ਹੈ 'ਨਹੀਂ ਜੀ' ਕਿਉਂਕਿ ਕਈ ਐਸੀਆਂ ਕੈਟੇ-ਗਰੀਜ਼ ਹਨ ਜਿਸ ਤਰ੍ਹਾਂ ਲੈਕਚਰਾਰ ਦੀ ਕੈਟੇਗਰੀ ਹੈ ਉਹ ਪਬਲਿਕ ਸਰਵਿਸ ਕਮਿਸ਼ਨ ਦੇ ਪਰ-ਵਿਊ ਵਿੱਚ ਆਉਂਦੀ ਹੈ। ਔਰ ਦੂਸਰਾ ਅਵੇਲੇਬਿਲਟੀ ਆਫ਼ ਪੋਸਟਸ ਤੇ ਡਿਪੈਂਡ ਕਰਦਾ ਹੈ। ਜਿੰਨੀਆਂ ਪੋਸਟਾਂ ਅਵੇਲੇਬਲ ਹੋਣਗੀਆਂ ਉਸ ਦੇ ਮੁਤਾਬਿਕ ਹੀ ਸਾਰੀ ਚੀਜ਼ ਹੋ ਸਕਦੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ :** ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਬਹੁਤ ਸਾਰੀਆਂ ਜੇ. ਬੀ. ਟੀ. ਦੀਆਂ, ਐਸ. ਟੀ. ਦੀਆਂ ਪੋਸਟਾਂ ਸੀ ਇਹ ਵੋਕੇਸ਼ਨਲ ਟੀਚਰਜ਼ ਨੂੰ ਕਨਵਰਟ ਕਰ ਕੇ ਉਨ੍ਹਾਂ ਨੂੰ ਦੇ ਦਿੱਤੀਆਂ। ਇਸ ਬਾਰੇ ਪ੍ਰਚਾਰ ਵੀ ਕੀਤਾ ਗਿਆ ਹੈ ਔਰ ਸੈਂਟਰਲ ਗੌਰ-ਮਿੰਟ ਵੀ ਚਾਹੁੰਦੀ ਹੈ। ਉਨਾਂ ਨੂੰ 7-7 ਸਾਲ ਹੋ ਗਏ ਹਨ ਸਿਲਾਈ ਟੀਚਰਜ਼ ਨੂੰ, ਕੀ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇਗਾ ?

**ਮਾਸਟਰ ਬਾਬੂ ਸਿੰਘ :** 28 ਫਰਵਰੀ, 1981 ਨੂੰ ਉਨ੍ਹਾਂ ਨੂੰ ਤਾਂ ਨੋਟਿਸ ਵੀ ਦੇ ਦਿੱਤੇ ਹਨ।

**ਮੰਤਰੀ :** ਸਪੀਕਰ ਸਾਹਿਬ, 28 ਫਰਵਰੀ, 1981 ਤਾਂ ਲੰਘ ਗਈ ਹੈ। ਉਨ੍ਹਾਂ ਦੇ ਕੇਸਿਜ਼ ਵਿਚਾਰ ਅਧੀਨ ਹਨ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਟੀਚਰਜ਼ ਦੇ ਕੇਸਿਜ਼ ਡਿਸਟ੍ਰਿਕਟ ਕਮੇਟੀ ਤੋਂ ਕਲੀਅਰ ਹੋ ਗਏ ਹਨ, ਸਟੇਟ ਕਮੇਟੀ ਤੋਂ ਕਲੀਅਰ ਹੋ ਗਏ ਹਨ ਕੀ ਉਨ੍ਹਾਂ ਲਈ ਕੋਈ ਟਾਈਮ ਨਿਸਚਿਤ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕਦੋਂ ਤਕ ਰੈਗੂਲਰ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਅਗੇ ਹੀ ਅਰਜ਼ ਕੀਤੀ ਹੈ ਕਿ ਗੌਰਮਿੰਟ ਤਾਂ ਚਾਹੁੰਦੀ ਹੈ ਕਿ ਇਹੋ ਜਿਹੇ ਜਿਹੜੇ ਪੁਰਾਣੇ ਕੇਸਿਜ਼ ਹਨ, ਜਿਹੜੇ ਸਾਲਾਂ ਬੱਧੀ ਤੋਂ ਪਏ ਹਨ, ਉਨ੍ਹਾਂ ਨੂੰ ਜਲਦੀ ਕੀਤਾ ਜਾਵੇ। ਅਸੀਂ ਆਪਣੇ ਲੈਂਵਲ ਤੋਂ ਕੋਈ ਡੀਲੇਅ ਨਹੀਂ ਕਰ ਰਹੇ ।

---

**ਤਾਰਾਂਕਿਤ ਸਵਾਲ ਨੰਬਰ 1268**

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ ) ।

---

**Construction of 50 bedded Hospital at Sunam**

***1299. Jathedar Gurbachan Singh Lakhmirwala** : Will the Minister for Health be pleased to state the time by which the construction work of 50-bedded Civil Hospital sanctioned at Sunam, is likely to be started and the time by which it is likely to be completed ?

**ਸਰਦਾਰ ਹਰਚਰਨ ਸਿੰਘ ਅਜਨਾਲਾ** (ਸਿਖਿਆ ਮੰਤਰੀ) : ਜ਼ਮੀਨ ਪ੍ਰਾਪਤ ਕਰਨ ਸਬੰਧੀ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਮਿਤੀ 10 ਫਰਵਰੀ, 1982 ਨੂੰ ਰੱਦ ਕਰ ਦਿਤੀ ਹੈ ਜਿਹੜੀ ਕਿ ਨਵੇਂ ਸਿਰਿਉਂ ਕੀਤੀ ਜਾਣੀ ਹੈ। ਇਨ੍ਹਾਂ ਹਾਲਾਤ ਵਿਚ ਹਸਪਤਾਲ ਦੀ ਬਿਲਡਿੰਗ ਦੀ ਉਸਾਰੀ ਦੇ ਕੰਮ ਦਾ ਇਸ ਸਟੇਜ ਤੇ ਸਵਾਲ ਹੀ ਪੈਦਾ ਨਹੀਂ ਹੁੰਦਾ।

**ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਸਟੇਅ ਤਾਂ ਹੁਣ ਹੋਈ ਦੱਸਦੇ ਹਨ, ਇਸ ਤੋਂ ਪਹਿਲਾਂ ਵੀ ਕੋਈ ਕਾਰਵਾਈ ਸਰਕਾਰ ਨੇ ਨਹੀਂ ਕੀਤੀ ਸ਼ਾਇਦ ਇਸ ਦੇ ਵਿਚ ਪਤਾ ਨਹੀਂ ਸਟੇਅ ਹੋਈ ਵੀ ਹੈ ਕਿ ਨਹੀਂ, ਸੁਨਾਮ ਵਾਲਿਆਂ ਨੂੰ ਤਾਂ ਇਸ ਦੀ ਕੋਈ ਖ਼ਬਰ ਨਹੀਂ ਹੈ। ਇਥੇ ਹਸਪਤਾਲ ਦੀ ਬਹੁਤ ਜ਼ਰੂਰਤ ਹੈ ਅਤੇ ਸ਼ਹਿਰ ਦੀ ਆਬਾਦੀ ਵੀ ਬਹੁਤ ਤਗੜੀ ਹੈ । ਮਹਾਰਾਜਾ ਭੂਪਾ ਸਿੰਘ ਦੇ ਵੇਲੇ ਦੀ ਬਿਲਡਿੰਗ ਬਣੀ ਹੋਈ ਹੈ। ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਹੋਰ ਜਗ੍ਹਾ ਦਾ ਪ੍ਰਬੰਧ ਕਰ ਕੇ ਉਥੇ ਹਸਪਤਾਲ ਬਣਾਇਆ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਆਪਣੇ ਲੋਕਲ ਸ਼ਹਿਰ ਦੇ ਕੁਝ ਬੈਨੇਫਿਸ਼ਰੀਜ਼ ਨੇ ਸੈਕਸ਼ਨ 4 ਅਤੇ ਸੈਕਸ਼ਨ 6 ਦੀ ਨੋਟੀਫੀਕੇਸ਼ਨ ਨੂੰ ਚੈਲੰਜ ਕੀਤਾ ਔਰ ਇਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਨਹੀਂ ਪਤਾ 10 ਫਰਵਰੀ, 1982 ਨੂੰ ਨੋਟੀਫੀਕੇਸ਼ਨ ਹੋ ਚੁੱਕਾ ਹੈ । ਸਪੀਕਰ ਸਾਹਿਬ, ਜਿੰਨਾ ਚਿਰ ਜ਼ਮੀਨ ਮੌਜੂਦ ਨਾ ਹੋਵੇ ਤੁਹਾਨੂੰ ਪਤਾ ਹੀ ਹੈ ਕਿ ਬਿਲ-ਡਿੰਗ ਔਰ ਪਲਾਨਜ਼ ਵਗੈਰਾ ਨਹੀਂ ਬਣ ਸਕਦੇ। ਅਸੀਂ ਨਵੇਂ ਸਿਰੇ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਕੋਈ ਜ਼ਮੀਨ ਦਾ ਟੁਕੜਾ ਮਿਲ ਜਾਵੇ ਤੇ ਉਸ ਦੀ ਸਾਈਟ ਔਰ ਪਲਾਨ ਤੇ ਐਸਟੀਮੇਟ ਬਣ ਜਾਵੇ ਤਾਂ ਕਿ ਇਸ ਮਾਮਲੇ ਤੇ ਜਲਦੀ ਕਾਰਵਾਈ ਕਰ ਸਕੀਏ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਅਗਰ ਹਾਈ ਕੋਰਟ ਨੇ ਸਟੇਅ ਕਰ ਦਿਤੀ ਹੈ ਤਾਂ ਕੀ ਇਨ੍ਹਾਂ ਨੇ ਆਪਣੇ ਲੀਗਲ ਡਿਪਾਰਟਮੈਂਟ ਦੀ ਲੀਗਲ ਓਪੀਨੀਅਨ ਲੈ ਲਈ ਹੈ ਕਿ ਇਹ ਕੇਸ ਸੁਪਰੀਮ ਕੋਰਟ ਵਿਚ ਕਰ ਸਕਦੇ ਹਾਂ ਜਾਂ ਨਹੀਂ ਕਰ ਸਕਦੇ ; ਜੇ ਕਰ ਸਕਦੇ ਹਾਂ ਤਾਂ ਇਨ੍ਹਾਂ ਨੂੰ ਸੁਪਰੀਮ ਕੋਰਟ ਵਿਚ ਜਾਣਾ ਚਾਹੀਦਾ ਹੈ ਨਾ ਕਿ ਨਵੇਂ ਸਿਰਿਉਂ ਸੋਚਣਾ ਚਾਹੀਦਾ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਤਾਂ ਬੜੀ ਕਾਮਨ ਸੈਂਸ ਦੀ ਗੱਲ ਹੈ ਕਿ ਕੋਈ ਅਗਰ ਕੰਪੀਟੈਂਟ ਕੋਰਟ ਫੈਸਲਾ ਕਰਦੀ ਹੈ ਤਾਂ ਜੇ ਉਸ ਦੇ ਵਿੱਚ ਕੋਈ ਲੀਗਲ ਲਾਕੂਨਾ ਜਾਂ ਕਮੀ ਪੇਸ਼ੀ ਹੁੰਦੀ ਹੈ ਤਾਂ ਉਸ ਦੇ ਲਈ ਅਪੀਲ ਜ਼ਰੂਰ ਕੀਤੀ ਜਾਂਦੀ ਹੈ । ਇਸ ਦੇ ਵਿਚ ਤਾਂ ਕੋਈ ਦੱਸਣ ਵਾਲੀ ਗੱਲ ਨਹੀਂ ਹੈ ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੱਲ ਬੜੀ ਸਪੱਸ਼ਟ ਹੈ ਕਿ 1978-79 ਤੋਂ ਹੁਣ ਤਕ ਜੋ ਸਰਕਾਰ ਦੀ ਕਾਰਵਾਈ ਹੈ ਉਸ ਦੇ ਵਿੱਚ ਇਤਨੀ ਢਿਲ ਹੈ ਕਿ ਸਰਕਾਰ ਦੀ ਮਨਸ਼ਾ ਨਹੀਂ ਲਗਦੀ ਕਿ ਉਥੇ ਹਸਪਤਾਲ ਬਣਾਇਆ ਜਾਵੇ । ਹੁਣ ਜਿਹੜੇ ਉਥੋਂ ਦੇ ਕੁਝ ਲਾਲਚੀ ਲੋਕ ਹਨ ਉਨ੍ਹਾਂ ਨੇ ਸਟੇਅ ਲੈ ਲਈ ਹੈ । ਕੀ ਸਰਕਾਰ ਉਸ ਸਟੇਅ ਨੂੰ ਵਿਕੇਟ ਕਰਾਉਣ ਲਈ ਕੋਈ ਕੋਸ਼ਿਸ਼ ਕਰੇਗੀ ਜਾਂ ਸੁਪਰੀਮ ਕੋਰਟ ਵਿੱਚ ਜਾਣ ਲਈ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਤਾਂ ਇਨ੍ਹਾਂ ਦੀ ਇਸ ਗੱਲ ਦਾ ਸਵਾਲ ਹੈ ਕਿ ਸੁਨਾਮ ਦੇ ਹਲਕੇ ਵਿਚ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਹਸਪਤਾਲ ਬਣਾਉਣ ਲਈ ਇਨਟ੍ਰੈਸਟਿਡ ਨਹੀਂ, ਇਹ ਬਿਲਕੁਲ ਇਨ੍ਹਾਂ ਦੀ ਗਲਤ ਬਾਤ ਹੈ । ਅਸੀਂ ਹਰ ਸਬ-ਡਿਵੀਜ਼ਨਲ ਲੈਵਲ ਤੇ ਹਸਪ-ਤਾਲ ਬਣਾ ਰਹੇ ਹਾਂ ਔਰ ਸੁਨਾਮ ਵੀ ਇਕ ਸਬ-ਡਿਵੀਜ਼ਨ ਹੈ । ਇਸ ਲਈ ਇਹ ਸੋਚਣਾ ਕਿ ਉਥੇ ਅਸੀਂ ਹਸਪਤਾਲ ਨਹੀਂ ਬਣਾਉਣਾ ਚਾਹੁੰਦੇ, ਇਹ ਗਲਤ ਗੱਲ ਹੈ । ਜਿਥੋਂ ਤਕ ਇਨ੍ਹਾਂ ਦੀ ਇਸ ਗੱਲ ਦਾ ਸਬੰਧ ਹੈ ਕਿ ਸਟੇਅ ਵਿਕੇਟ ਕਰਾਉਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ਉਸ ਦੇ ਲਈ ਅਰਜ਼ ਹੈ ਕਿ ਲੀਗਲ ਬਰਾਂਚ ਵਿਚ ਕੇਸ ਹੈ । ਨਸੈਸਰੀ ਸਟੈਪਸ ਜੋ ਹਨ ਉਨ੍ਹਾਂ ਦੇ ਲਈ ਡੀਪਾਰਟਮੈਂਟ ਬੜੀ ਤੀਬਰ ਇੱਛਾ ਰਖਦਾ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਸੁਨਾਮ ਇਕ ਬੜਾ ਇਤਿਹਾਸਕ ਟਾਊਨ ਹੈ । ਉਥੇ ਲੋਕਾਂ ਦੀਆਂ ਕੁਰਬਾਨੀਆਂ ਨੂੰ ਮੁੱਖ ਰਖ ਕੇ ਇਕ ਹਸਪਤਾਲ ਬਣਾਉਣ ਦਾ ਫੈਸਲਾ ਕੀਤਾ ਸੀ । ਪਰ ਜਗ੍ਹਾ ਲੈਣ ਵਿੱਚ ਰੁਕਾਵਟ ਆ ਗਈ ਹੈ । ਕੀ ਇਹ ਮਾਮਲਾ ਐਲ. ਆਰ. ਨਾਲ ਡਿਸਕਸ ਕਰ ਕੇ ਕਿਸੇ ਹੋਰ ਜਗ੍ਹਾ ਤੇ ਹਸਪਤਾਲ ਬਣਾਉਗੇ ਅਤੇ ਇਸ ਵਕਤ ਕੋਈ ਜਗ੍ਹਾ ਕਿਰਾਏ ਤੇ ਲੈ ਕੇ 50 ਬਿਸਤਰਿਆਂ ਦਾ ਹਸਪਤਾਲ ਚਾਲੂ ਕਰ ਦੇਣਗੇ ? ਇਸ ਤੋਂ ਇਲਾਵਾ ਮੰਡੀ ਗੋਬਿੰਦਗੜ੍ਹ ਅਮ-ਲੋਹ ਵਗੈਰਾ ਦੇ ਹਸਪਤਾਲ ਵਿਚੇ ਪਏ ਹਨ ਕੀ ਉਹ ਵੀ ਮੁਕੰਮਲ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਸਪੈਸਿਫਿਕ ਕੁਐਸਚਨ ਹੈ ਪਰ ਪਾਂਧੀ ਸਾਹਿਬ ਦਾ ਸਪਲੀਮੈਂਟਰੀ ਸ਼ੈਤਾਨ ਦੀ ਆਂਤ ਵਰਗਾ ਹੈ । ਅਸੀਂ ਸਾਰੇ ਉਪਰਾਲੇ ਕਰ ਰਹੇ ਹਾਂ ਤਾਕਿ ਉਸ ਹਸਪ-ਤਾਲ ਨੂੰ ਜਲਦੀ ਬਣਾ ਦਿਤਾ ਜਾਏ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਕੀ ਜਗ੍ਹਾ ਕਿਰਾਏ ਤੇ ਲੈ ਕੇ ਹਸਪਤਾਲ ਚਾਲੂ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਇਥੇ ਤਾਂ ਚਲੋ ਜਗ੍ਹਾ ਲੈਣ ਦੀ ਰੁਕਾਵਟ ਹੈ, ਪਰ ਅੰਮ੍ਰਿਤਸਰ ਦਾ ਹਸਪਤਾਲ ਕਦੋਂ ਤਕ ਪੂਰਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਸੁਨਾਮ ਬਾਰੇ ਸੁਆਲ ਸੀ ਉਸ ਦਾ ਮੈਂ ਜਵਾਬ ਦੇ ਦਿਤਾ ਹੈ ਪਰ ਹੁਣ ਇਨ੍ਹਾਂ ਨੇ ਅੰਮ੍ਰਿਤਸਰ ਦੇ ਬਾਰੇ ਸੁਆਲ ਕਰ ਦਿਤਾ ਹੈ । ਉਸ ਬਾਰੇ ਅਰਜ਼ ਹੈ ਕਿ ਉਹ ਬਹੁਤ ਵੱਡਾ ਇੰਸਟੀਚਿਊਸ਼ਨ ਹੈ ਉਸ ਤੇ ਕਰੋੜਾਂ ਰੁਪਏ ਲਗਣੇ ਹਨ । ਕੱਲ ਸਰਦਾਰ ਦਰਬਾਰਾ ਸਿੰਘ ਜੀ ਨੇ ਕਿਹਾ ਸੀ ਕਿ ਅਸੀਂ ਜਿਹੜੀ ਚੀਜ਼ ਸ਼ੁਰੂ ਕਰਦੇ ਹਾਂ ਮੁਕੰਮਲ ਕਰਦੇ ਹਾਂ, ਸਾਨੂੰ ਐਲਾਨ ਕਰਨ ਦੀ ਆਦਤ ਨਹੀਂ । ਇਹ ਹਸਪਤਾਲ ਵੀ ਸਬਜੈਕਟ ਟੂ ਦੀ ਅਵੇਲੇਬਿਲਿਟੀ ਆਫ ਫੰਡਜ਼ ਹੋ ਜਾਏਗਾ ।

**Increase in the Salary of Chowkidars**

*1329. **Sardar Ravi Inder Singh** : (Put by Sardar Parkash Singh Majitha) : Will the Minister for Revenue be pleased to state—

(a) whether the burden of recent increase in the salary of chowkidars has fallen on the small and marginal farmers ;

(b) if the reply to part(a) above be in the affirmative, whether the Government is considering any proposal to pay the chowkidars from the revenues of the State ?

**Doctor Kewal Krishan** (Finance Minister): (a) As all house owner or occupiers equally share the burden of chowkidara, the increase in salary of chowkidars has also to be equally borne by all such persons. However, members of Scheduled Castes and Backward Classes are exempt from chowkidara.

(b) No sir.

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਦੇ ਵਿਚ ਕੁਝ ਐਸੇ ਨਗਰ ਹਨ ਜਿਥੇ ਮਾਲਕ ਮਕਾਨ ਥੋੜ੍ਹੇ ਹਨ ਅਤੇ ਅਕੂਪਾਇਰ ਕਾਫ਼ੀ ਗਿਣਤੀ ਵਿਚ ਹਨ ਔਰ ਕੁਝ ਪਿੰਡ ਐਸੇ ਹਨ ਜਿਥੇ ਹਰੀਜਨ ਆਬਾਦੀ ਜ਼ਿਆਦਾ ਹੈ ਅਨੁਸੂਚਿਤ ਜਾਤੀਆਂ ਦੇ ਟੱਬਰ ਜ਼ਿਆਦਾ ਹਨ. ਇਸ ਲਈ ਬਹੁਤ ਥੋੜ੍ਹੇ ਘਰ ਰਹਿ ਜਾਂਦੇ ਹਨ ਜਿਹੜੇ ਇਹ ਚੌਕੀਦਾਰਾ ਦੇਣਗੇ ਅਤੇ ਉਨ੍ਹਾਂ ਉਤੇ ਕਾਫ਼ੀ ਬਰਡਨ ਪੈ ਜਾਏਗਾ ਕਿਉਂਕਿ ਬਹੁਤ ਸਾਰੇ ਐਸੇ ਵੀ ਨਿਕਲ ਆਉਣਗੇ ਜਿਨ੍ਹਾਂ ਨੂੰ ਪੀਲੇ ਕਾਰਡ ਦਿੱਤੇ ਹੋਏ ਹਨ । ਕੀ ਸਰਕਾਰ ਕੰਸਿਡਰ ਕਰਨ ਨੂੰ ਤਿਆਰ ਹੈ ਕਿ ਚੌਕੀਦਾਰਾਂ ਨੂੰ ਬਜਾਏ ਚੌਕੀਦਾਰਾ ਇਕੱਠਾ ਕਰਕੇ ਤਨਖਾਹ ਦੇਣ ਦੇ ਚੌਕੀਦਾਰਾਂ ਨੂੰ ਫੋਰਥ ਕਲਾਸ ਦਾ ਸਟੇਟਸ ਦੇ ਕੇ ਉਨ੍ਹਾਂ ਦੀ ਤਨਖਾਹ ਦੀ ਜ਼ਿਮੇਵਾਰੀ ਸਰਕਾਰ ਆਪ ਲੈਣ ਲਈ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਚੌਕੀਦਾਰ ਸਭ ਤੋਂ ਘੱਟ ਪੇਡ ਐਮਪਲਾਈਜ਼ ਹਨ । ਉਹ ਪਾਰਟ ਟਾਈਮ ਹਨ ਅਤੇ ਉਨ੍ਹਾਂ ਨੂੰ 60 ਰੁਪਏ ਮਹੀਨਾ ਮਿਲਦੇ ਸਨ. ਪਰ ਪੰਜਾਬ ਸਰਕਾਰ ਨੇ ਖਾਸ ਤੌਰ ਤੇ ਸਭ ਤੋਂ ਲੋਐਸਟ ਪੇਡ ਲੋਕਾਂ ਦੀ ਤਨਖਾਹ 100 ਰੁਪਏ ਕਰ ਦਿਤੀ ਹੈ ਅਤੇ ਇਸ ਦੇ ਨਾਲ ਹੀ ਹਰ ਮਹੀਨੇ ਤਨਖਾਹ ਦੇਣ ਦਾ ਵੀ ਫੈਸਲਾ ਕੀਤਾ ਹੈ । 1981-82 ਵਿਚ 1 ਕਰੋੜ. 59 ਲੱਖ 27 ਹਜ਼ਾਰ ਰੁਪਿਆ ਚੌਕੀਦਾਰਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨੂੰ ਦੇਣ ਲਈ ਫੈਸਲਾ ਕਰ ਦਿਤਾ ਹੈ। ਇਹ ਜਿਹੜਾ 100 ਰੁਪਿਆ ਮਹੀਨਾ ਦੇਣਾ ਹੈ ਇਹ ਚੌਕੀਦਾਰਾ ਦੇ ਤੌਰ ਤੇ ਪਿੰਡਾਂ ਵਾਲਿਆਂ ਤੋਂ ਵਸੂਲਿਆ ਜਾਂਦਾ ਹੈ। 1965 ਤੋਂ ਚੌਕੀਦਾਰ ਪ੍ਰੋਵਾਈਡ ਕੀਤੇ ਹਨ। 1971 ਵਿਚ ਸ਼ਡਿਊਲਡ ਕਾਸਟਸ ਨੂੰ ਚੌਕੀਦਾਰਾ ਤੋਂ ਐਗਜ਼ੈਂਮਪਟ ਕਰ ਦਿਤਾ ਸੀ ਅਤੇ 1973 ਤੋਂ ਬੈਕਵਰਡ ਕਲਾਸਿਜ਼ ਨੂੰ ਐਗਜ਼ੈਂਮਪਟ ਕਰ ਦਿਤਾ ਸੀ। ਹੁਣ 40 ਰੁਪਏ ਤਨਖਾਹ ਉਨ੍ਹਾਂ ਦੀ ਹੋਰ ਵਧਾਈ ਹੈ। ਉਹ ਪੈਸੇ ਉਥੋਂ ਦੇ ਨਿਵਾਸੀਆਂ ਤੋਂ ਵਸੂਲੇ ਜਾਣੇ ਹਨ। ਫੋਰਥ ਕਲਾਸ ਐਂਮਪਲਾਈਜ਼ ਬਣਾਉਣ ਦਾ ਹਾਲੇ ਤਕ ਕੋਈ ਫੈਸਲਾ ਨਹੀਂ, ਉਸ ਨੂੰ ਹਰ ਮਹੀਨੇ ਤਨਖਾਹ ਮਿਲਿਆ ਕਰੇਗੀ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਮੇਰੇ ਸੁਆਲ ਦਾ ਜਵਾਬ ਨਹੀਂ ਦਿੱਤਾ। ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ 100 ਰੁਪਏ ਕਰ ਦਿਤੇ ਹਨ। ਮੈਂ ਕਹਿੰਦਾ ਹਾਂ ਕਿ ਇਸ ਦੇ ਨਾਲ ਅੱਜ ਦੇ ਯੁਗ ਵਿਚ ਗੁਜ਼ਾਰਾ ਨਹੀਂ ਹੁੰਦਾ। ਉਸ ਦੇ ਕੋਲੋਂ ਪੁਲਿਸ ਵਾਲੇ ਅਤੇ ਤਹਿਸੀਲ ਵਾਲੇ ਵਗਾਰ ਲੈਂਦੇ ਹਨ ਔਰ ਸਰਕਾਰ ਸਾਰੇ ਕੰਮ ਉਸ ਤੋਂ ਲੈਂਦੀ ਹੈ। ਇਸ ਲਈ ਕੰਮ ਨੂੰ ਮੱਦੇ ਨਜ਼ਰ ਰਖਦੇ ਹੋਏ ਇਹ 100 ਰੁਪਏ ਉਸ ਦੇ ਨਾਲ ਮਜ਼ਾਕ ਕਰਨ ਵਾਲੀ ਗਲ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਨੂੰ ਠੀਕ ਤਨਖਾਹ ਦਿੱਤੀ ਜਾਏ। ਫ਼ਾਰਮ ਲੇਬਰ ਨੂੰ 14 ਰੁਪਏ ਰੋਜ਼ ਦੇ ਕਰ ਦਿੱਤੇ ਹਨ ਇਸ ਲਈ ਇਸ ਦੀ ਵੀ ਯੋਗ ਤਨਖਾਹ ਕਰਕੇ ਸਰਕਾਰ ਦੇ ਖਜ਼ਾਨੇ ਵਿਚੋਂ ਦਿਤੀ ਜਾਏ ਅਤੇ ਲੋਕਾਂ ਤੇ ਬਰਡਨ ਨਾ ਪਾਇਆ ਜਾਏ।

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਕੋਈ ਕਰੰਸੀ ਨੋਟ ਤਾਂ ਛਾਪਦੀ ਨਹੀਂ ਜਿਹੜਾ ਲੋਕਾਂ ਤੋਂ ਪੈਸਾ ਆਉਂਦਾ ਹੈ ਉਹ ਅਗੇ ਦੇ ਦਿਤਾ ਜਾਂਦਾ ਹੈ। ਜਿਹੜਾ ਰੈਵਿਨਿਊ ਲੋਕਾਂ ਤੋਂ ਵਸੂਲ ਹੁੰਦਾ ਹੈ ਉਸ ਦੇ ਨਾਲ ਸੈਲਰੀਜ਼ ਚਲਦੀਆਂ ਹਨ। ਇਹ ਪਾਰਟ ਟਾਈਮ ਐਂਮਪਲਾਈਜ਼ ਹਨ। ਅਸੀਂ ਇਨ੍ਹਾਂ ਦਾ 60 ਰੁਪਏ ਮਹੀਨੇ ਤੋਂ 100 ਰੁਪਏ ਮਹੀਨਾ ਕਰ ਦਿਤਾ ਹੈ। ਇਹ ਪੰਜਾਬ ਸਰਕਾਰ ਦਾ ਬਹੁਤ ਵੱਡਾ ਫੈਸਲਾ ਹੈ। ਚੌਥੇ ਦਰਜੇ ਦੇ ਐਂਮਪਲਾਈਜ਼ ਬਣਾਉਣ ਦਾ ਅੱਜੇ ਕੋਈ ਫੈਸਲਾ ਨਹੀਂ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਮੁਆਫ਼ੀ ਦੀ ਗਲ ਕਰਦੇ ਹਨ ਇਹ ਤਾਂ ਪਿਛਲੇ ਦਸ ਸਾਲਾਂ ਤੋਂ ਤੁਰੀ ਆ ਰਹੀ ਹੈ। ਇਹ ਕਹਿੰਦੇ ਹਨ ਕਿ ਤਨਖਾਹ ਵਧਾ ਦਿਤੀ ਹੈ ਮੈਂ ਕਹਿੰਦਾ ਹਾਂ ਕਿ ਇਹ ਇਸ ਪ੍ਰਚਾਰ ਤੇ ਕੰਮ ਕਰਦੇ ਹਨ। ਇਹ ਕੀ ਹੱਕ ਰਖਦੇ ਹਨ ਕਿ ਚੌਕੀਦਾਰਾਂ ਦੀ ਤਨਖਾਹ ਪਿੰਡਾਂ ਦੇ ਲੋਕਾਂ ਤੇ, ਕਿਸਾਨਾਂ ਤੇ ਟੈਕਸ ਲਾ ਕੇ ਦੇਣ, ਕਿਉਂ ਨਾ ਪੰਜਾਬ ਦੇ ਖਜ਼ਾਨੇ ਵਿਚੋਂ ਦਿਤੀ ਜਾਏ ?

**ਮੰਤਰੀ** : ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਹਰ ਮਹੀਨੇ ਪੰਜਾਬ ਦੇ ਖਜ਼ਾਨੇ ਵਿਚੋਂ 100 ਰੁਪਏ ਤਨਖਾਹ ਦੇਣੀ ਹੈ।

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਚੌਕੀਦਾਰ ਪਿੰਡਾਂ ਵਿਚੋਂ ਮਾਮਲਾ ਉਗਰਾਉਂਦੇ ਹਨ, ਉਗਰਾਹੀ ਤੋਂ ਬਾਦ ਖਜ਼ਾਨੇ ਵਿਚ ਪੈਸੇ ਜਮ੍ਹਾ ਹੁੰਦੇ ਹਨ ਫਿਰ ਵੀ ਉਨ੍ਹਾਂ ਲੋਕਾਂ ਨੂੰ ਤਨਖਾਹ ਨਹੀਂ ਮਿਲਦੀ। ਤਨਖਾਹ ਲੈਣ ਲਈ ਉਸ ਨੂੰ ਲੰਬਰਦਾਰ ਅਤੇ ਪਟਵਾਰੀ ਨੂੰ ਨਾਲ ਲਿਜਾਣਾ ਪੈਂਦਾ ਹੈ ਅਤੇ ਉਨ੍ਹਾਂ ਦਾ ਕਾਫ਼ੀ ਪੈਸਾ ਖਰਚ ਹੋ ਜਾਂਦਾ ਹੈ। ਕੀ ਮਨਿਸਟਰ ਸਾਹਿਬ ਚੌਕੀਦਾਰ ਨੂੰ ਚੈਕ ਰਾਹੀਂ ਪੇਮੈਂਟ ਕਰਨ ਦਾ ਪ੍ਰਬੰਧ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ. ਪੰਜਾਬ ਸਰਕਾਰ ਨੇ ਇਹ ਰੈਵੋਲਿਊਸ਼ਨਰੀ ਫੈਸਲਾ ਕੀਤਾ ਹੈ । ਅਗੇ 6 ਮਹੀਨਿਆਂ ਬਾਦ ਬੜੀ ਮੁਸ਼ਿਕਲ ਨਾਲ ਪੈਸੇ ਮਿਲਦੇ ਸਨ ਪਰ ਹੁਣ ਰੈਵੇਨਿਊ ਡਿਪਾਰਟਮੈਂਟ ਰਾਹੀਂ ਹਰ ਮਹੀਨੇ 100 ਰੁਪਏ ਮਿਲਿਆ ਕਰਨਗੇ ਔਰ ਕਿਸੇ ਪਟਵਾਰੀ ਵਗੈਰਾ ਨੂੰ ਨਾਲ ਲਿਜਾਣ ਦੀ ਲੋੜ ਨਹੀਂ।

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ. ਪੰਜਾਬ ਦੇ ਜਿਹੜੇ ਚੌਕੀਦਾਰ ਹਨ ਉਹ ਘੱਟ ਤੋਂ ਘੱਟ ਤਨਖਾਹ ਲੈਂਦੇ ਹਨ 100 ਰੁਪਏ ਔਰ ਉਹ ਸਭ ਤੋਂ ਵੱਧ ਕੰਮ ਕਰਦੇ ਹਨ । ਸਾਡੀ ਸਰਕਾਰ ਨੇ 14 ਰੁਪਏ ਦਿਹਾੜੀ ਮੁਕਰਰ ਕੀਤੀ ਹੈ. ਕੀ ਸਰਕਾਰ ਚੌਕੀਦਾਰ ਨੂੰ ਉਸ 14 ਰੁਪਏ ਦਿਹਾੜੀ ਦੇ ਹਿਸਾਬ ਨਾਲ ਪੈਸੇ ਦੇਣ ਲਈ ਤਿਆਰ ਹੈ ਅਤੇ ਉਸ ਦੀ ਤਨਖਾਹ ਉਸ ਦੇ ਮੁਤਾਬਕ ਵਧਾ ਦੇਣਗੇ. ?

**ਮੰਤਰੀ :** ਸਪੀਕਰ ਸਾਹਿਬ. 60 ਰੁਪਏ ਤੋਂ 100 ਰੁਪਿਆ ਅਸੀਂ ਕਰ ਦਿਤਾ ਹੈ ਅਤੇ ਇਹ ਅਪ੍ਰੈਲ ਤੋਂ ਨਕਦ ਮਿਲਣਾ ਸ਼ੁਰੂ ਹੋ ਜਾਣਾ ਹੈ। ਜੋ ਪੰਡਿਤ ਸਰਵਣ ਰਾਮ ਹੋਰਾਂ ਨੇ ਫੁਰਮਾਇਆ ਹੈ ਉਸ ਦੇ ਬਾਰੇ ਮੇਰੀ ਅਰਜ਼ ਇਹ ਹੈਕਿ ਇਹ ਪਾਰਟ-ਟਾਈਮ ਇੰਪਲਾਈਜ਼ ਹਨ । ਇਹ ਨਹੀਂ ਕਿ ਉਨਾਂ ਨੂੰ ਸਾਰੀ ਦਿਹਾੜੀ ਕੰਮ ਕਰਨਾ ਪੈਂਦਾ ਹੈ । ਕੇਜੂਅਲੀ ਕੰਮ ਕਰਨਾ ਪੈਂਦਾ ਹੈ।

**ਸਰਦਾਰ ਹਰਚੰਦ ਸਿੰਘ ਬਰਾੜ :** ਸਪੀਕਰ ਸਾਹਿਬ. ਇਨ੍ਹਾਂ ਸਾਰਿਆਂ ਮੈਂਬਰਾਂ ਨੇ ਸਹੀ ਸਵਾਲ ਨਹੀਂ ਕੀਤਾ । ਜਿਹੜਾ ਚੌਕੀਦਾਰ ਹੈ ਇਸ ਦਾ ਸਾਰਾ ਖਰਚਾ ਜੱਟ ਤੇ ਪੈਂਦਾ ਹੈ। ਹਰੀਜਨ ਨੂੰ ਇਹ ਮੁਆਫ ਹੈ। ਜੇ ਕਿਸੇ ਪਿੰਡ ਵਿੱਚ ਜੱਟਾਂ ਦੇ ਚਾਰ ਘਰ ਹਨ ਤਾਂ ਉਨ੍ਹਾਂ ਤੋਂ ਹੀ ਇਹ ਵਸੂਲਿਆ ਜਾਂਦਾ ਹੈ। ਕੀ ਵਜ਼ੀਰ ਸਾਹਿਬ ਜੱਟ ਦੇ ਸਿਰ ਤੋਂ ਇਹ ਬੋਝ ਲਾਹੁਣਗੇ ?

**ਮੰਤਰੀ :** ਸਪੀਕਰ ਸਾਹਿਬ. ਮੈਂ ਇਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾ ਹਾਂ। ਬੈਕਵਰਡ ਕਲਾਸਿਜ਼ ਅਤੇ ਸ਼ਡਿਊਲਡ ਕਾਸਟਸ ਨੂੰ ਐਗਜ਼ੈਂਪਟ ਕੀਤਾ ਹੋਇਆ ਹੈ । ਬਾਕੀਆਂ ਤੋਂ ਚੌਕੀਦਾਰਾ ਟੈਕਸ ਵਸੂਲਿਆ ਜਾਂਦਾ ਹੈ ।

---

## Allotment of Surplus Land in Tehsil Rajpura

***1285. Prof. Balwant Singh :** Will the Minister for Revenue be pleased to state—

(a) the names and addresses of the persons to whom surplus land has been alloted in Rajpura Tehsil during the last two years together with the details of the landed property owned by the members of their families ;

(b) The details of the remaining surplus land in Tehsil Rajpura ;

(c) the rules under which the allottees were allotted the land referred to in part (a) above ?

**ਸਰਦਾਰ ਗੁਰਦਰਸ਼ਨ ਸਿੰਘ :** (ੳ) ਪਿਛਲੇ ਦੋ ਸਾਲਾਂ ਵਿਚ, ਪਿੰਡ ਰਾਮ ਗੜ੍ਹ ਭੁੱਡਾਂ ਦੇ ਕੇਵਲ ਇਕ ਵਿਅਕਤੀ ਜੋਗਿੰਦਰ ਸਿੰਘ ਪੁੱਤਰ ਜੁਮਾ ਸਿੰਘ ਨੂੰ ਸਰਪਲਸ ਜ਼ਮੀਨ ਅਲਾਟ ਕੀਤੀ ਗਈ। ਉਸ ਦੇ ਪਰਿਵਾਰ ਦੇ ਕਿਸੇ ਹੋਰ ਵਿਅਕਤੀ ਪਾਸ ਕੋਈ ਜ਼ਮੀਨੀ ਜਾਇਦਾਦ ਨਹੀਂ ਹੈ

Original with;
Punjab Vidhan Sabha
Digitized by;
Panjab Digital Library

[ ਮਾਲ ਮੰਤਰੀ ]

(ਅ) 12 ਪਿੰਡਾਂ ਵਿਚ 485.05 ਏਕੜ ਜ਼ਮੀਨ ਜੋ ਕਿ ਵਾਧੂ ਕਰਾਰ ਦਿੱਤੀ ਜਾ ਚੁੱਕੀ ਹੈ ਪਰ ਹੁਣ ਤਕ ਵੰਡੀ ਨਹੀਂ ਗਈ।

(ੲ) ਇਹ ਜ਼ਮੀਨ ਪੰਜਾਬ ਭੋਂ ਸੁਧਾਰ ਐਕਟ, 1972 ਅਧੀਨ ਤਿਆਰ ਹੋਈ ''ਪੰਜਾਬ ਯੂਟੀਲਾਈਜ਼ੇਸ਼ਨ ਆਫ ਸਰਪਲੱਸ ਏਰੀਆ ਸਕੀਮ, 1973'' ਅਧੀਨ ਅਲਾਟ ਕੀਤੀ ਗਈ।

**ਪ੍ਰੋਫੈਸਰ ਬਲਵੰਤ ਸਿੰਘ**: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ 485 ਏਕੜ ਜ਼ਮੀਨ ਤਹਿਸੀਲ ਰਾਜਪੁਰਾ ਦੇ ਪਿੰਡਾਂ ਵਿੱਚ ਵਾਧੂ ਹੈ ਇਹ ਕਿਹੜੇ ਕਿਹੜੇ ਪਿੰਡਾਂ ਵਿੱਚ ਹੈ. ਉਨ੍ਹਾਂ ਦੇ ਨਾਂ ਦੱਸ ਦਿਤੇ ਜਾਣ ਅਤੇ ਕੀ ਪਿੰਡ ਲੋਹ ਸਿੰਮਲੀ ਦੀ 117 ਏਕੜ ਜ਼ਮੀਨ ਇਸ ਵਿੱਚ ਸ਼ਾਮਲ ਹੈ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਮੀਨ ਵੰਡਣ ਵਿਚ ਕੀ ਅੜਚਨ ਹੈ ਜਿਸ ਕਾਰਨ ਇਹ ਵੰਡੀ ਨਹੀਂ ਗਈ ?

**ਮੰਤਰੀ**: ਸਪੀਕਰ ਸਾਹਿਬ. 12 ਪਿੰਡਾਂ ਦੇ ਨਾਂ ਇਹ ਹਨ ਰਾਜ ਗੜ੍ਹ ਕਿਸ਼ਨ ਪੁਰਾ, ਕਰਾਲਾ, ਮੋਹੀ ਖੁਰਦ, ਗੁਲਾਬ ਗੜ੍ਹ, ਸਨੋਲੀਆਂ, ਬਰਤਾਨਾ, ਚਮਾਰੂ, ਧਰਮ ਗੜ੍ਹ, ਦੁਕਾਨਸੂ, ਬਨੂੜ, ਅਤੇ ਰਾਮਪੁਰ ਕਲਾਂ। ਇਸ ਦੀ ਅਲਾਟਮੈਂਟ ਨਾ ਕਰਨ ਦੇ ਕਾਰਨ ਇਹ ਹਨ ਕਿ ਇਕ ਕੇਸ ਸੁਪਰੀਮ ਕੋਰਟ ਵਿੱਚ ਹੈ. ਦੋ ਹਾਈ ਕੋਰਟ ਵਿੱਚ ਹਨ. ਚਾਰ ਕਮਿਸ਼ਨਰ ਕੋਲ ਹਨ। ਇਨ੍ਹਾਂ ਕਾਨੂੰਨੀ ਅੜਚਨਾਂ ਕਰ ਕੇ ਇਹ ਸਰਪਲਸ ਜ਼ਮੀਨ ਨਹੀਂ ਵੰਡੀ ਗਈ। ਅਸੀਂ ਛੇਤੀ ਤੋਂ ਛੇਤੀ ਇਸ ਨੂੰ ਅਲਾਟ ਕਰਨ ਦੀ ਕੋਸ਼ਿਸ਼ ਕਰਾਂਗੇ।

**ਪ੍ਰੋਫੈਸਰ ਬਲਵੰਤ ਸਿੰਘ**: ਸਪੀਕਰ ਸਾਹਿਬ. ਮੈਂ ਪਿੰਡ ਲੋਹ ਸਿੰਬਲੀ ਦੀ 117 ਏਕੜ ਸਰਪਲਸ ਜ਼ਮੀਨ ਦੀ ਗਲ ਕੀਤੀ ਸੀ। ਉਸ ਦਾ ਜਵਾਬ ਨਹੀਂ ਆਇਆ। ਸਪੀਕਰ ਸਾਹਿਬ, ਬਾਰਡਰ ਉਤੇ ਦੇਸ਼ ਦੀ ਰਾਖੀ ਕਰਦੇ ਹੋਏ ਇੱਕ ਜਵਾਨ ਸ਼ਹੀਦੀ ਪਾ ਗਿਆ ਸੀ। ਉਸ ਦੀ ਘਰਵਾਲੀ ਨੂੰ 50 ਵਿੱਘੇ ਜ਼ਮੀਨ ਦੇਣ ਲਈ ਆਖਿਆ ਸੀ ਪਰ ਹਾਲੇ ਦਿੱਤੀ ਨਹੀਂ ਗਈ। ਐਸ. ਡੀ. ਐਮ. ਕਹਿੰਦਾ ਹੈ ਕਿ ਸਾਡੇ ਕੋਲ ਜ਼ਮੀਨ ਨਹੀਂ ਹੈ ਪਰ ਦੂਜੇ ਪਾਸੇ ਲੋਹ ਸਿੰਮਲੀ ਦੀ 117 ਏਕੜ ਸਰਪਲਸ ਨਿਕਲੀ ਜ਼ਮੀਨ ਇਸ ਵਿਚ ਸ਼ਾਮਲ ਨਹੀਂ ਕੀਤੀ ਗਈ। ਜਿਹੜੇ ਦੇਸ਼ ਦੀ ਰਾਖੀ ਕਰਦੇ ਹਨ ਅਸੀਂ ਉਨ੍ਹਾਂ ਪ੍ਰਤੀ ਵੀ ਸਿਨ ਸੀਅਰ ਨਹੀਂ ਹਾਂ। ਕੀ ਵਜ਼ੀਰ ਸਾਹਿਬ ਕੋਈ ਐਸਾ ਉਪਰਾਲਾ ਕਰਨਗੇ ਜਿਸ ਨਾਲ ਰਹਿੰਦੀ ਜ਼ਮੀਨ ਹਾਸਲ ਕੀਤੀ ਜਾਵੇ ਅਤੇ ਜਿਨ੍ਹਾਂ ਦਾ ਰਾਈਟ ਬਣਦਾ ਹੈ. ਉਨ੍ਹਾਂ ਨੂੰ ਅਲਾਟ ਕੀਤੀ ਜਾਵੇ ?

**ਮੰਤਰੀ**: ਇਹ ਸੈਪਰੇਟ ਨੋਟਿਸ ਦੇ ਦੇਣ. ਇਸ ਦਾ ਪਤਾ ਕਰ ਲਵਾਂਗੇ। ਰਾਜਪੁਰਾ ਤਹਿਸੀਲ ਵਿੱਚ ਜਿਹੜੀ ਜ਼ਮੀਨ ਸਰਪਲਸ ਡਿਕਲੇਅਰ ਹੋਈ ਹੈ, ਉਹ 3,053.06 ਏਕੜ ਹੈ। ਇਸ ਦੇ ਵਿਚੋਂ 2,297.10 ਏਕੜ ਜ਼ਮੀਨ ਅਸੀਂ ਅਲਾਟ ਕਰ ਚੁਕੇ ਹਾਂ। 270 ਏਕੜ ਜ਼ਮੀਨ ਸਰਪਲਸ ਡਿਕਲੇਅਰ ਹੋਣ ਤੋਂ ਨਿਕਲ ਗਈ ਹੈ। ਕੋਰਟਾਂ ਦੇ ਫੈਸਲੇ ਹੋਏ ਹਨ। 485 ਏਕੜ ਜ਼ਮੀਨ ਵੰਡਣੋਂ ਰਹਿੰਦੀ ਹੈ। ਅਸੀਂ ਛੇਤੀ ਤੋਂ ਛੇਤੀ ਅਲਾਟ ਇਸ ਨੂੰ ਕਰਨ ਦੀ ਕੋਸ਼ਿਸ਼ ਕਰਾਂਗੇ। ਅਸੀਂ ਹੁਣ ਤਕ 261 ਆਦਮੀਆਂ ਨੂੰ ਇਹ ਜ਼ਮੀਨ ਅਲਾਟ ਕਰ ਚੁਕੇ ਹਾਂ ਜਿਨ੍ਹਾਂ ਵਿਚੋਂ 39 ਸ਼ਡਿਊਲਡ ਕਾਸਟਸ ਦੇ ਹਨ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਸਰਪਲਸ ਜ਼ਮੀਨ ਹੈ ਇਸ ਨੂੰ ਅਲਾਟ ਕਰਨ ਦਾ ਕੀ ਤਰੀਕਾਕਾਰ ਹੈ, ਇਸ ਦੇ ਕੀ ਨਾਰਮਜ਼ ਹਨ ?

**ਮੰਤਰੀ** : ਨਾਰਮ ਇਹ ਹੈ ਕਿ ਉਸ ਕੋਲ ਕੋਈ ਜ਼ਮੀਨ ਨਹੀਂ ਹੋਣੀ ਚਾਹੀਦੀ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਜਿਨ੍ਹਾਂ ਲੋਕਾਂ ਕੋਲ ਜ਼ਮੀਨ ਨਹੀਂ ਹੈ, ਅਜਿਹੇ ਲੋਕ ਤਾਂ ਬਹੁਤ ਸਾਰੇ ਹਨ। ਉਨ੍ਹਾਂ ਵਿਚੋਂ ਛਾਂਟੀ ਕਿਵੇਂ ਕੀਤੀ ਜਾਣੀ ਹੈ, ਉਹ ਨਾਰਮ ਦੱਸ ਦੇਣ।

(ਕੋਈ ਉਤਰ ਨਹੀਂ ਆਇਆ।)

**ਕਾਮਰੇਡ ਅਮਰ ਸਿੰਘ** : ਸਪੀਕਰ ਸਾਹਿਬ, ਸੰਨ 1967 ਵਿੱਚ ਪੰਚਾਇਤ ਚਾਂਦੂ ਵਿਚ ਇਕ ਪੱਟਾ ਜ਼ਮੀਨ ਦਾ 15 ਸਾਲਾਂ ਲਈ ਮੁਨਸ਼ੀ ਨੰਬਰ ਦਾਰ ਆਦਿ ਨੇ ਲਿਆ ਸੀ ਜਿਸ ਦਾ ਪਿਛਲੇ ਸੈਸ਼ਨ ਵਿੱਚ ਰੰਧਾਵਾ ਸਾਹਿਬ ਨੇ ਮੇਰੇ ਅਸੈਂਬਲੀ ਕੁਐਸਚਨ ਤੇ ਇਹ ਪਟਾ ਤੋੜ ਦਿਤਾ ਸੀ। ਮਹਿਕਮਾ ਮਾਲ ਨੇ ਇਕ ਝੂਠੀ ਚਿੱਠੀ ਦਾ ਨੰਬਰ ਦੇ ਕੇ ਉਨ੍ਹਾਂ ਨੇ ਬੰਦੋਬਸਤ ਕਰਾਰ ਦੇ ਕੇ ਇੰਤਕਾਲ ਦਰਜ ਕਰਵਾ ਦਿੱਤਾ। ਮੇਰੇ ਕੋਲ ਫੋਟੋ ਸਟੈਟ ਕਾਪੀ ਹੈ। ਇਸ ਦੇ ਵਿਚ ਦੋਸ਼ੀ ਕਾਨੂੰਗੋ, ਪਟਵਾਰੀ ਅਤੇ ਤਹਿਸੀਲਦਾਰ ਮੁਨਕ ਹਨ। ਇਹ ਪਤਾ ਲਗਾ ਹੈ ਕਿ ਐਸ. ਡੀ. ਐਮ. ਸੁਨਾਮ ਨੇ ਪ੍ਰੈਸ਼ਰ ਦੇ ਕੇ ਇੰਤਕਾਲ ਕੈਂਸਲ ਕਰਾ ਦਿਤਾ ਹੈ।

**ਸ਼੍ਰੀ ਸਪੀਕਰ** : ਮੁਖਾਤਬ ਹੋਵੋ।

**ਕਾਮਰੇਡ ਅਮਰ ਸਿੰਘ** : ਦੂਸਰਾ, ਸਪੀਕਰ ਸਾਹਿਬ, ਪੰਚਾਇਤ ਮੰਡਵੀ ਦਾ ਸਰਪੰਚ ਅਤੇ ਮਹਿਕਮਾ ਮਾਲ ਦੇ ਅਫਸਰਾਂ ਨੇ ਮਿਲ ਕੇ 15 ਏਕੜ ਪੰਚਾਇਤੀ ਜ਼ਮੀਨ ਦੇ ਕੇ ਢਾਈ ਏਕੜ ਜ਼ਮੀਨ ਲੈ ਲਈ ਅਤੇ ਡਾਇਰੈਕਟਰ ਦੀ ਮਨਜ਼ੂਰੀ ਤੋਂ ਬਗੈਰ ਇਹ ਤਬਾਦਲਾ ਕੀਤਾ ਗਿਆ ਹੈ। ਇਨ੍ਹਾਂ ਦੇ ਖਿਲਾਫ ਵਿੱਤੀ ਕਮਿਸ਼ਨਰ, ਵਿਕਾਸ ਅਤੇ ਸਕੱਤਰ, ਪੰਚਾਇਤ ਨੇ ਇੱਕ ਹੁਕਮ ਜਾਰੀ ਕੀਤਾ ਹੈ ਕਿ ਇਨ੍ਹਾਂ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਵੇ। ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਇਨ੍ਹਾਂ ਦੋਸ਼ੀਆਂ ਦੇ ਖਿਲਾਫ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਤਾਂ ਰਾਜਪੁਰਾ ਤਹਿਸੀਲ ਦਾ ਹੈ ਪਰ ਇਹ ਹੋਰ ਪਾਸੇ ਚਲੇ ਗਏ ਹਨ। ਜੋ ਸਰਕਾਰੀ ਕਰਮਚਾਰੀ ਗਲਤ ਕੰਮ ਕਰਨਗੇ ਉਨ੍ਹਾਂ ਦੇ ਖਿਲਾਫ ਜ਼ਰੂਰ ਐਕਸ਼ਨ ਲਿਆ ਜਾਵੇਗਾ।

---

**Issue of Cement Permits by Sub Divisional Officers Rajpura and Deputy Commissioner, Patiala**

*1286. **Professor Balwant Singh** : Will the Minister of State for Food and Supplies be pleased to state the names and addresses of persons in Rajpura to whom permits for 30 bags of cement or more were issued by the Sub-Divisional Officer, Rajpura and Deputy Commissioner, Patiala during the period from 1st January, 1981 to date ?

Original with;
Punjab Vidhan Sabha
Digitized by;
Panjab Digital Library

**Shri Bhagwan Dass** : The list is laid on the table of the House.

LIST

| Serial No. | Name and addresses of persons | Quantity of cement issued (in bags) |
|---|---|---|
| | **Permits issued by Deputy Commissioner, Patiala** | |
| 1 | Shri Gurinder Singh, son of Shri Bhagwan Singh Eagle Hotal, Rajpura .. | 30 |
| 2 | Shamshan Bhumi, Rajpura .. | 50 |
| | **Permits issued by the S.D.O. (C) )Rajpura** | 50 |
| 1 | Executive Officer, Municipal Committee, Rajpura .. | 50 |
| 2 | Ditto .. | 40 |
| 3 | Shri Krishana Guashala, Rajpura Township .. | 30 |
| 4 | President, C.M. Model School, Rajpura Township .. | 30 |
| 5 | K.K. High School, Rajpura Township .. | 30 |
| 6 | Government High School, Mubarkpur .. | 30 |
| 7 | Prof. Balwant Singh, M.L.A., Rajpura .. | 31 |
| 8 | Prof. Balwant Singh M.L.A., Rajpura .. | 50 |
| 9 | Shri A.C. Agnihotri, P.A. to Development Minister, Punjab, Resident of Village Lohgarh (Tehsil Rajpura) .. | 50 |

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ. ਜਿਹੜੀ ਲਿਸਟ ਵਜ਼ੀਰ ਸਾਹਿਬ ਨੇ ਦੱਸੀ ਹੈ ਉਸ ਦੇ ਵਿੱਚ ਕੇਵਲ 421 ਥੈਲੀਆਂ ਦਾ ਵੇਰਵਾ ਦਿੱਤਾ ਹੈ। ਕੀ ਵਜ਼ੀਰ ਸਾਹਿਬ ਕਿਰਪਾ ਕਰ ਕੇ ਦੱਸਣਗੇ ਕਿ ਟੋਟਲ ਕਿਤਨੇ ਥੈਲੇ ਉਨ੍ਹਾਂ ਨੇ ਦਿਤੇ ਹਨ ? ਮੈਨੂੰ ਖਦਸ਼ਾ ਹੈ ਕਿ ਇਹ ਇਨਫਰਮੇਸ਼ਨ ਅਧੂਰੀ ਹੈ । ਕੀ ਵਜ਼ੀਰ ਸਾਹਿਬ ਇਹ ਵੀ ਇਨਕੁਆਇਰੀ ਕਰਾਉਣਗੇ ਕਿ ਇਹ ਅਧੂਰੀ ਅਤੇ ਗੁਮਰਾਹ ਕੁਨ ਰਿਪੋਰਟ ਕਿਉਂ ਦਿਤੀ ਗਈ ਹੈ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਸਵਾਲ ਪੁੱਛਿਆ ਹੈ ਉਹ ਇਨਫਰਮੇਸ਼ਨ ਦੇ ਦਿੱਤੀ ਗਈ ਹੈ। ਜੇ ਕੋਈ ਹੋਰ ਫਰਦਰ ਜਾਣਕਾਰੀ ਲੈਣਾ ਚਾਹੁੰਦੇ ਹਨ ਤਾਂ ਮੈਨੂੰ ਦੱਸ ਦੇਣ ।

**ਸ੍ਰੀ ਸਪੀਕਰ** : ਆਨਰੇਬਲ ਮੈਂਬਰ ਨੇ ਕਿਹਾ ਹੈ ਕਿ 421 ਥੈਲਿਆਂ ਦਾ ਕੇਵਲ ਵੇਰਵਾ ਦਿੱਤਾ ਹੈ ।

**ਰਾਜ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਪੁੱਛਿਆ ਹੈ ਕਿ 30 ਬੋਰੀਆਂ ਤੋਂ ਵੱਧ ਪਰਮਿਟ ਕਿਨ੍ਹਾਂ ਨੂੰ ਦਿੱਤੇ ਗਏ ਹਨ ? ਇਹ ਠੀਕ ਇਨਫਰਮੇਸ਼ਨ ਮੈਂ ਦਿੱਤੀ ਹੈ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਮੈਂ ਸਪੈਸੇਫਿਕ ਸਵਾਲ ਕੀਤਾ ਹੈ । ਇਹ ਇਨਫਰਮੇਸ਼ਨ ਅਧੂਰੀ ਅਤੇ ਗਲਤ ਹੈ। ਜਿਨ੍ਹਾਂ ਅਫਸਰਾਂ ਨੇ ਗਲਤ ਇਨਫਰਮੇਸ਼ਨ ਸਪਲਾਈ ਕੀਤੀ ਹੈ ਕੀ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕਰਨਗੇ ?

**ਸ੍ਰੀ ਸਪੀਕਰ :** ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਨਫਰਮੇਸ਼ਨ ਠੀਕ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਸਵਾਲ ਕੀਤਾ ਹੈ ਉਸ ਦਾ ਠੀਕ ਜਵਾਬ ਦਿਤਾ ਹੈ। ਜੇ ਗਲਤ ਦਿਤਾ ਹੋਇਆ ਹੈ ਤਾਂ ਲਾਜ਼ਮੀ ਤੌਰ ਤੇ ਇਨਕੁਆਇਰੀ ਕਰਾਂਗੇ।

**ਮਾਸਟਰ ਬਾਬੂ ਸਿੰਘ :** ਕੀ ਮੰਤਰੀ ਜੀ ਹਾਊਸ ਨੂੰ ਦਸਣਗੇ ਕਿ ਹੁਣ ਸੀਮਿੰਟ ਦੀ ਡਿਸਟਰੀਬਿਊਸ਼ਨ ਦਾ ਕੀ ਸਿਸਟਮ ਹੈ ? ਆਇਆ ਇਹ ਡੀ. ਸੀ. ਸਾਹਿਬ ਇਸ਼ੂ ਕਰਦੇ ਹਨ, ਐਸ. ਡੀ. ਐਮ, ਕਰਦਾ ਹੈ ਜਾਂ ਬੀ, ਡੀ, ਓ, ਕਰਦਾ ਹੈ ? ਕੀ ਲੇਟੈਸਟ ਪਾਲਿਸੀ ਬਾਰੇ ਰੋਸ਼ਨੀ ਪਾਉਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦਿਨਾਂ ਵਿਚ ਸਾਡੀ ਸੈਂਟਰ ਦੀ ਸਰਕਾਰ ਨੇ ਸੀਮਿੰਟ ਦੀ ਪਾਲਿਸੀ ਚੇਂਜ ਕਰ ਦਿਤੀ ਹੈ । ਨਵੀਂ ਪਾਲਿਸੀ ਦੇ ਮੁਤਾਬਿਕ 66.5% ਲੇਵੀ ਸੀਮਿੰਟ ਹੋਵੇਗਾ ਔਰ 33.4% ਫਰੀ ਸੇਲ ਵਾਸਤੇ ਸੀਮਿੰਟ ਹੋਵੇਗਾ । ਇਹ ਉਨ੍ਹਾਂ ਨੇ ਪਾਲਸੀ ਬਣਾਈ ਹੈ । ਇਸ ਪਾਲਿਸੀ ਦੀ ਡੀਟੇਲ ਮੇਰੇ ਪਾਸ ਰਾਤ ਲੇਟ ਪੁੱਜੀ ਹੈ ਉਹ ਡੀਟੇਲ ਜਿਵੇਂ ਤੁਸੀਂ ਚਾਹੋਗੇ ਮੈਂ ਤੁਹਾਨੂੰ ਦੱਸ ਦੇਵਾਂਗਾ ।

**ਕਾਮਰੇਡ ਸੋਹਨ ਸਿੰਘ :** ਸਪੀਕਰ ਸਾਹਿਬ, ਇਹ ਸੀਮਿੰਟ ਦਾ ਸਵਾਲ ਹੈ। ਸੀਮਿੰਟ ਦੀ ਪੰਜਾਬ ਵਿਚ ਇਤਨੀ ਕਿੱਲਤ ਹੈ ਕਿ ਲੋਕ ਇਕ ਇਕ ਬੋਰੀ ਨੂੰ ਤਰਸਦੇ ਹਨ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਕੋਈ ਇਸ ਤਰ੍ਹਾਂ ਦਾ ਪਰਮਿਟ ਸਿਸਟਮ ਚਾਲੂ ਕਰੇਗੀ ਜਿਸ ਨਾਲ ਸੀਮਿੰਟ ਲੋਕਾਂ ਨੂੰ ਮਿਲ ਸਕੇ ।

**ਸ੍ਰੀ ਸਪੀਕਰ :** ਕਾਮਰੇਡ ਸਾਹਿਬ, ਸੀਮਿੰਟ ਦੀ ਪਾਲਿਸੀ ਬਾਰੇ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਚੇਂਜ ਹੋ ਗਈ ਹੈ ਹੁਣ 33.4% ਸੀਮਿੰਟ ਫਰੀ ਸੇਲ ਦਾ ਮਿਲਿਆ ਕਰੇਗਾ ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਸਰਕਾਰ ਨੇ 5.24.352 ਟਨ ਸੀਮਿੰਟ ਲੋਕਾਂ ਨੂੰ ਮੁਹਈਆ ਕੀਤਾ ਸੀ ਔਰ ਇਸ ਸਾਲ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ 7.21.695 ਟਨ ਸੀਮਿੰਟ ਪੰਜਾਬ ਦੇ ਲੋਕਾਂ ਨੂੰ ਮੁਹੱਈਆ ਕੀਤਾ ਹੈ। ਅਸੀਂ ਸੈਂਟਰ ਨੂੰ ਲਿਖਦੇ ਰਹੇ ਹਾਂ ਕਿ ਸਾਡੀ ਰਿਕੁਆਇਰਮੈਂਟ ਪੂਰੀ ਕੀਤੀ ਜਾਵੇ। ਮੈਂ ਇਹ ਯਕੀਨ ਦਿਵਾਉਂਦਾ ਹਾਂ ਕਿ ਨਵੀਂ ਪਾਲਸੀ ਦੇ ਤਹਿਤ ਸੀਮਿੰਟ ਦੀ ਕੋਈ ਥੁੜ ਨਹੀਂ ਰਹਿਣ ਦੇਵਾਂਗੇ ।

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਠੀਕ ਜਵਾਬ ਦਿੰਦੇ ਹਨ। ਇਨ੍ਹਾਂ ਨੇ 421 ਥੈਲਿਆਂ ਬਾਰੇ ਦਸਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸੀਮਿੰਟ ਕਿਨ੍ਹਾਂ ਕਿਨ੍ਹਾਂ ਬੰਦਿਆਂ ਨੂੰ ਵੰਡਿਆ ਗਿਆ ਹੈ। ਔਰ ਕੀ ਜਿਸ ਪਰਪਜ਼ ਲਈ ਇਹ ਸੀਮਿੰਟ ਦਿਤਾ ਗਿਆ ਸੀ ਉਸ ਪਰਪਜ਼ ਵਾਸਤੇ ਹੀ ਇਸਤੇਮਾਲ ਹੋਇਆ ਹੈ ਜਾਂ ਕਿਸੇ ਹੋਰ ਪਰਪਜ਼ ਵਾਸਤੇ ਵਰਤਿਆ ਗਿਆ ਹੈ ? ਇਹ ਤਾਂ ਨਹੀਂ ਕਿ ਜਿਸ ਤਰ੍ਹਾਂ ਬੱਸੀ ਪਠਾਣਾ ਦੇ ਲੋਕਾਂ ਦੇ ਨਾਮ ਤੇ ਅਰਜ਼ੀਆਂ ਲੈ ਲਈਆਂ ਜਾਂਦੀਆਂ ਹਨ ਔਰ ਉਹ ਦਿਤਾ ਕਿਸੇ ਹੋਰ ਨੂੰ ਜਾਂਦਾ ਹੈ । ਕੀ ਇਸ ਤਰ੍ਹਾਂ ਤਾਂ ਨਹੀਂ ਹੋਇਆ ?

Original with;
Punjab Vidhan Sabha
Digitized by;
Panjab Digital Library

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਾਧੀ ਸਾਹਿਬ ਨੂੰ ਕਹਾਂਗਾ ਕਿ ਅਗਰ ਉਨ੍ਹਾਂ ਦੇ ਨੋਟਿਸ ਵਿਚ ਕੋਈ ਐਸੀ ਚੀਜ਼ ਹੈ ਤਾਂ ਉਹ ਸੁਪੈਸੀਫਿਕਲੀ ਲਿਖ ਕੇ ਦੇ ਦੇਣ । ਉਸ ਦੀ ਮੈਂ ਲਾਜ਼ਮੀ ਤੌਰ ਤੇ ਇਨਕੁਆਇਰੀ ਕਰਵਾ ਲਵਾਂਗਾ ।

**Allotment of Depots under the Public Distribution System in Jallandur District**

***1245. 1. Comrade Kulwant Singh**
**2. Comrade Sarwan Singh Cheema**
**3. Comrade Buta Singh :** Will the Minister of State for Food and Supplies be pleased to state—

(a) the blockwise number of depots allotted under the public distribution system in Jullundur District ;

(b) the names of the commodities being supplied through these depots alongwith the rates thereof ;

(c) whether adequate quota of the said commodities is being supplied to each of the said depots to meet the needs of the population covered by it, if not, the reasons therefor ?

**ਸ਼੍ਰੀ ਭਗਵਾਨ ਦਾਸ :** (ੳ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ੲ) ਹਾਂ ਜੀ। ਆਰ. ਬੀ. ਡੀ. ਪਾਮ ਤੇਲ ਦੇ ਸਿਵਾਏ ਜਿਹੜਾ ਕਿ ਭਾਰਤ ਸਰਕਾਰ ਬਾਹਰੋਂ ਮੰਗਵਾਉਂਦੀ ਹੈ, ਉਸਦੀ ਐਲੋਕੇਸ਼ਨ ਸਾਡੀ ਮੰਗ ਅਨੁਸਾਰ ਨਹੀਂ ਕੀਤੀ ਜਾਂਦੀ।

ਸੂਚੀ

| | | ਬਲਾਕ ਦਾ ਨਾਂ | | ਡਿਪੂਆਂ ਦੀ ਗਿਣਤੀ |
|---|---|---|---|---|
| (ੳ) | 1. | ਜਲੰਧਰ ਪੱਛਮ | ... | 267 |
| | 2. | ਜਲੰਧਰ ਪੂਰਬ | ... | 83 |
| | 3. | ਆਦਮਪੁਰ | ... | 42 |
| | 4. | ਭੋਗਪੁਰ | ... | 54 |
| | 5. | ਨਕੋਦਰ | ... | 88 |
| | 6. | ਸ਼ਾਹਕੋਟ | ... | 69 |

Original with;
Punjab Vidhan Sabha
Digitized by;
Panjab Digital Library

| ਬਲਾਕ ਦਾ ਨਾਂ | | ਡਿਪੂਆਂ ਦੀ ਗਿਣਤੀ |
|---|---|---|
| 7. ਫਿਲੌਰ | ... | 73 |
| 9. ਰੁੜਕਾ ਕਲਾਂ | ... | 41 |
| 9. ਨੂਹ ਮਹਿਲ | ... | 35 |
| 10. ਨਵਾਂ ਸ਼ਹਿਰ | ... | 61 |
| 11. ਬੰਗਾ | ... | 56 |
| 12. ਔੜ | ... | 31 |
| ਜੋੜ | ... | 900 |

(ਅ) :

| ਲੜੀ ਨੰ: | ਵਸਤੂ | | ਦਰ |
|---|---|---|---|
| 1 | ਹੋਲ ਮੀਲ ਆਟਾ | ... | 1.72 ਪੈਸੇ ਪ੍ਰਤੀ ਕਿਲੋ (ਮਿਲ ਵਾਲੇ ਸ਼ਹਿਰ ਦੇ 8 ਕਿਲੋ ਮੀਟਰ ਦੇ ਅੰਦਰ ਆਵਾਜਾਈ ਦਾ ਕੋਈ ਖਰਚਾ ਨਹੀਂ ਪੈਂਦਾ) 8 ਕਿਲੋ ਮੀਟਰ ਤੋਂ ਬਾਅਦ 1.72 ਪੈਸੇ ਪ੍ਰਤੀ ਕਿਲੋ ਗਰਾਮ ਦੀ ਮੂਲ ਲਾਗਤ ਵਿਚ ਅਸਲ ਆਵਾਜਾਈ ਦਾ ਖਰਚਾ ਪਾਇਆ ਜਾਂਦਾ ਹੈ । |
| 2 | ਕੰਟਰੋਲ ਦਾ ਕਪੜਾ | ... | ਮਿੱਲ ਦੀ ਸਟੈਂਪ ਹੋਈ ਕੀਮਤ ਉਤੇ। ਵਖ ਵਖ ਕੀਮਤਾਂ ਤੇ ਵਖ ਵੱਖ ਤਰ੍ਹਾਂ ਦਾ ਕਪੜਾ ਮਿਲਦਾ ਹੈ। |
| 3 | ਮਿੱਟੀ ਦਾ ਤੇਲ | ... | ਫਰੀ ਡਿਲਿਵਰੀ ਜ਼ੋਨ ਜੋ ਤੇਲ ਦੇ ਡਿਪੂ ਤੋਂ 19.5 ਕਿਲੋਮੀਟਰ ਤੱਕ ਹੈ, 1.91 ਪ੍ਰਤੀ ਲਿਟਰ। ਇਸ ਜ਼ੋਨ ਤੋਂ ਬਾਦ ਇਸ ਵਿਚ ਆਵਾਜਾਈ ਦੇ ਖਰਚੇ ਲਗਦੇ ਹਨ । |

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ ਖ਼ੁਰਾਕ ਤੇ ਸਪਲਾਈ]

| ਲੜੀ ਨੰ: | ਵਸਤੂ | | ਦਰ |
|---|---|---|---|
| 4 | ਲੇਵੀ ਸੂਗਰ | ... | 3.65 ਪੈਸੇ ਪ੍ਰਤੀ ਕਿਲੋਗਰਾਮ |
| 5 | ਚਾਵਲ ਪੀ. ਆਰ. 106 | ... | 2.13 ਪੈਸੇ ਪ੍ਰਤੀ ਕਿਲੋਗਰਾਮ |
| | ਨਵੀਂ ਸਬਸਿਡੀ ਸਕੀਮ (15 ਅਗਸਤ 1981 ਤੋਂ) | | |
| 6 | ਹੋਲ ਮੀਲ ਆਟਾ | ... | 1.55 ਪੈਸੇ ਪ੍ਰਤੀ ਕਿਲੋਗਰਾਮ |
| 7 | ਆਰ. ਬੀ. ਡੀ. ਪਾਮ ਦਾ ਤੇਲ | ... | 9.05 ਪੈਸੇ ਪ੍ਰਤੀ ਕਿਲੋਗਰਾਮ |
| 8 | ਮੂੰਗੀ ਸਾਬਤ | ... | 3.55 ਪੈਸੇ ਪ੍ਰਤੀ ਕਿਲੋਗਰਾਮ |
| 9 | ਮਾਂਹ ਸਾਬਤ | ... | 2.65 ਪੈਸੇ ਪ੍ਰਤੀ ਕਿਲੋਗਰਾਮ |

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਕ ਲਿਸਟ ਜਵਾਬ ਦੇ ਨਾਲ ਦਿੱਤੀ ਹੈ ਜਿਸ ਦੇ ਵਿਚ ਬਲਾਕ-ਵਾਰ ਡਿਪੂਆਂ ਦਾ ਵੇਰਵਾ ਦਿਤਾ ਗਿਆ ਹੈ। ਜਲੰਧਰ ਵੈਸਟ ਵਿੱਚ 267 ਡਿਪੂ ਦਿੱਤੇ ਗਏ ਹਨ ਪਰ ਹੋਰ ਥਾਵਾਂ ਤੇ, ਹੋਰ ਕਿਸੇ ਬਲਾਕ ਵਿਚ 31 ਹਨ, ਕਿਸੇ ਵਿਚ 42 ਹਨ। ਸਾਡੇ ਆਦਮਪੁਰ ਬਲਾਕ ਵਿਚ 42 ਡਿਪੂ ਹਨ। ਮੈ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਡਿਪੂ ਦੇਣ ਦਾ ਇਨ੍ਹਾਂ ਨੇ ਕੀ ਸਿਸਟਮ ਬਣਾਇਆ ਹੈ, ਕਿਸ ਹਿਸਾਬ ਨਾਲ ਦਿੱਤੇ ਜਾਂਦੇ ਹਨ ? ਜਲੰਧਰ ਵੈਸਟ ਵਿੱਚ ਇਤਨੇ ਕਿਉਂ ਜ਼ਿਆਦਾ ਹਨ ਔਰ ਬਾਕੀ 11 ਬਲਾਕਾਂ ਵਿਚ ਕਿਉਂ ਘਟ ਹਨ ? ਇਹ ਪੱਧਰਾ ਜਵਾਬ ਦੇਣ ਕਿ ਇਸ ਇਸ ਦੀ ਕੀ ਵਜਾ ਹੈ, ਉਥੇ ਇਤਨੇ ਜ਼ਿਆਦਾ ਕਿਉਂ ਹਨ ਔਰ ਬਾਕੀ ਵਿਚ ਇਤਨੇ ਕਿਉਂ ਘਟ ਹਨ ?

ਦੂਸਰਾ, ਇਹ ਕਿ ਮਿੱਲਾਂ ਤੋਂ ਜਿਹੜਾ ਆਟਾ 1.72 ਰੁਪਏ ਕਿਲੋ ਦੇ ਹਿਸਾਬ ਨਾਲ ਜਾਣਾ ਹੈ ਇਹ ਕਹਿੰਦੇ ਹਨ ਕਿ ਅਗਰ ਉਹ ਅੱਠ ਕਿਲੋ ਮੀਟਰ ਦੂਰ ਜਾਣਾ ਹੈ ਤਾਂ ਉਸ ਦੀ ਟਰਾਂਸਪੋਰਟੇਸ਼ਨ ਦਾ ਖਰਚਾ ਵੀ ਲੈਣ ਵਾਲਿਆਂ ਤੇ ਹੀ ਪਵੇਗਾ। ਮਿੱਲਾਂ ਵਾਲੇ ਸੂਜੀ ਮੈਦਾ ਤਾਂ ਆਟੇ ਵਿਚੋਂ ਵੈਸੇ ਹੀ ਕੱਢ ਲੈਂਦੇ ਹਨ, ਫਿਰ ਪਿੰਡਾਂ ਵਾਲਿਆਂ ਤੇ ਜਿਨ੍ਹਾਂ ਤੋਂ ਕਣਕ ਆਉਂਦੀ ਹੈ ਉਨਾਂ ਨੂੰ ਜਦੋਂ ਆਟਾ ਦਿਤਾ ਜਾਂਦਾ ਹੈ ਤਾਂ ਇਹ ਖਰਚਾ ਕਿਉਂ ਉਨ੍ਹਾਂ ਤੇ ਪਾਇਆ ਜਾਂਦਾ ਹੈ, ਕੀ ਮੰਤਰੀ ਜੀ ਇਸ ਨੂੰ ਰੋਕਣ ਦਾ ਯਤਨ ਕਰਨਗੇ ?

ਸਪੀਕਰ ਸਾਹਿਬ, ਤੀਸਰਾ ਮੇਰਾ ਸਵਾਲ ਇਹ ਹੈ ਕਿ ਜਿਤਨਾਂ ਵੀ ਕਪੜਾ ਇਹ ਭੇਜਦੇ ਹਨ ਉਹ ਐਸਾ ਭੇਜਦੇ ਹਾਂ ਜਿਸ ਕਪੜੇ ਨੂੰ ਕੋਈ ਨਹੀਂ ਖਰੀਦਦਾ। ਕੀ ਜਿਹੜਾ ਸਸਤਾ ਕੋਰਸ ਕਲਾਥ ਹੈ ਉਹ ਲੋਕਾਂ ਨੂੰ ਮੁਹੱਈਆ ਕਰਨਗੇ ?

ਸਪੀਕਰ ਸਾਹਿਬ, ਹੁਣ ਇਹ ਕਹਿੰਦੇ ਹਨ ਕਿ ਪਾਮ ਆਇਲ ਨਹੀਂ ਮਿਲਦਾ। ਇਹ ਪੀਲੇ ਕਾਰਡਾਂ ਵਾਲਿਆਂ ਨੂੰ ਦੇਣਾ ਸੀ। ਪਹਿਲਾਂ ਤਾਂ ਇਨ੍ਹਾਂ ਤੋਂ ਲੋਕਾਂ ਦੇ ਕਾਰਡ ਨਹੀਂ ਬਣੇ, ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਨੇ ਕਿਹਾ ਸੀ ਕਿ 31 ਤਾਰੀਖ ਤਕ ਬਣ ਜਾਣਗੇ ਪਰ ਉਹ ਵੀ ਤਾਰੀਖ ਲੰਘ ਗਈ ਹੈ। ਡਾਲਡਾ ਘਿਓ ਦਾ ਵੀ ਭਾਅ ਵਧ ਗਿਆ ਹੈ ਉਹ 17 ਰੁਪਏ ਕਿਲੋ ਹੋ ਗਿਆ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਬਾਰੇ ਇਨ੍ਹਾਂ ਨੇ ਸੋਚਿਆ ਹੈ ? ਤੇਲ ਇਨ੍ਹਾਂ ਨੂੰ, ਸਪੀਕਰ ਸਾਹਿਬ, ਮਿਲਣਾ ਨਹੀਂ ਹੈ, ਡਾਲਡਾ ਮਹਿੰਗਾ ਹੋ ਗਿਆ ਹੈ, ਆਟਾ ਜਿਹੜਾ ਕਿ ਇਨ੍ਹਾਂ ਨੇ 1.55 ਰੁਪਏ ਫੀ ਕਿਲੋ ਦੇਣਾ ਹੈ ਉਹ ਕਿਸੇ ਵੀ ਡਿਪੂ ਤੇ ਪੁੱਜਿਆ ਨਹੀਂ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਪਲੀਮੈਂਟਰੀ ਨਹੀਂ ਪੁੱਛੀ ਬਲਕਿ ਕਹਾਣੀ ਹੀ ਸ਼ੁਰੂ ਕਰ ਦਿਤੀ । ਸਾਡੇ ਕੋਲ ਕਿਤੋਂ ਵੀ, ਕੋਈ ਵੀ ਐਪਲੀਕੇਸ਼ਨ ਡਿਪੂ ਲੈਣ ਵਾਸਤੇ ਆਉਂਦੀ ਹੈ, ਉਸ ਦਾ ਛੇਤੀ ਹੀ ਨਿਟਪਾਰਾ ਕੀਤਾ ਜਾਂਦਾ ਹੈ । ਜਲੰਧਰ ਜ਼ਿਲ੍ਹੇ ਵਿਚ 900 ਡਿਪੂ ਖੁਲਿਆ ਹੋਇਆ ਹੈ। ਪਹਿਲਾਂ 700 ਕਾਰਡ ਇਕ ਡਿਪੂ ਤੇ ਰਖੇ ਹੁੰਦੇ ਸੀ ਪਰ ਅਸੀਂ 400 ਰਖੇ ਹਨ। ਜੇਕਰ ਸਪੀਕਰ ਸਾਹਿਬ, ਕਿਸੇ ਪਿੰਡ ਵਿਚ ਹੋਰ ਡਿਪੂ ਇਹ ਸਮਝਦੇ ਹਨ ਕਿ ਹੋਣਾ ਚਾਹੀਦਾ ਹੈ ਤਾਂ ਲਿਖ ਕੇ ਦੇ ਦੇਣ । ਜਿਥੋਂ ਇੰਡਸਟਰੀਅਲ ਏਰੀਆ ਹੋਵੇ, ਹਰੀਜਨ ਬਸਤੀ ਹੋਵੇ, ਜਾਂ ਜਿਥੇ ਮੁੰਡਿਆਂ ਦਾ ਸਕੂਲ ਜਾਂ ਕਾਲਿਜ ਹੋਵੇ ਉਥੇ ਅਸੀਂ ਸਪੈਸ਼ਲ ਤੌਰ ਤੇ ਡਿਪੂ ਦਿੰਦੇ ਹਾਂ।

ਦੂਸਰਾ, ਸਪੀਕਰ ਸਾਹਿਬ, ਗੌਰਮਿਟ ਵਲੋਂ ਆਟੇ ਦਾ ਭਾਅ 1.72 ਰੁਪਏ ਪਰ ਕਿਲੋ ਫਿਕਸ ਕੀਤਾ ਹੋਇਆ ਹੈ । ਲੇਕਿਨ ਜੋ 8 ਕਿਲੋ ਮੀਟਰ ਤੋਂ ਬਾਹਰ ਜਾਂਦਾ ਹੈ ਉਸ ਨੂੰ ਲਿਜਾਣ ਦਾ ਟਰੱਕ ਦਾ ਮੁਸ਼ਕਲ ਨਾਲ ਹੀ ਦੋ ਤਿੰਨ ਜਾਂ ਚਾਰ ਪੈਸੇ ਫੀ ਕਿਲੋ ਜ਼ਿਆਦਾ ਲਗਦੇ ਹਨ।

ਸਪੀਕਰ ਸਾਹਿਬ, ਮੈਂ ਕੰਟਰੋਲਡ ਕਪੜੇ ਦੀ ਗੱਲ ਭੁਲ ਹੀ ਗਿਆ ਸੀ। ਮੈਂ ਮਾਨਯੋਗ ਮੈਂਬਰ ਨੂੰ ਦਸਣਾ ਚਾਹੁੰਦਾ ਹਾਂ ਕਿ ਕੰਨਟਰੋਲਡ ਕਪੜਾ ਜੋ ਉਪਰੋਂ ਆਉਂਦਾ ਹੈ ਉਸ ਦੀ ਵੰਡ ਹੁਣ ਸਰਕਾਰ ਨੇ ਸਾਰਿਆਂ ਵਾਸਤੇ ਖੋਲ੍ਹ ਦਿੱਤੀ ਹੈ। ਜੋ ਚਾਹੇ ਉਹ ਕਪੜਾ ਖਰੀਦ ਸਕਦਾ ਹੈ ਔਰ ਮੈਂ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਹੁਣ ਅਸੀਂ ਇਸ ਕਪੜੇ ਦੀ ਥੁੜ ਨਹੀਂ ਆਉਣ ਦਿਆਂਗੇ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਜਿਹੜਾ ਮਿੱਟੀ ਦਾ ਤੇਲ ਸਰਕਾਰੀ ਡਿਪੂਆਂ ਤੇ ਭੇਜਦੀ ਹੈ, ਡਿਪੂਆਂ ਦਾ ਰਿਕਾਰਡ ਠੀਕ ਰੱਖਿਆ ਜਾਂਦਾ ਹੈ ਪਰ ਤੇਲ ਪੈਟਰੋਲ ਪੰਪਾਂ ਤੇ ਪੁੱਜ ਜਾਂਦਾ ਹੈ ਜਿਹੜਾ ਕਿ ਹਜ਼ਾਰਾਂ, ਲੱਖਾਂ ਲਿਟਰ ਤੇਲ ਡੀਜ਼ਲ ਵਿੱਚ ਮਿਲਾ ਕੇ ਮਹਿੰਗੇ ਭਾਅ ਤੇ ਵੇਚਦੇ ਹਨ । ਮਾਨਸਾ ਵਿਚ ਇਸ ਕਿਸਮ ਦਾ ਕੇਸ ਫੜਿਆ ਵੀ ਗਿਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਇਸ ਕਿਸਮ ਦੀ ਮਿਲਾਵਟ ਕਰਦੇ ਹਨ ਔਰ ਕਰੋੜਾਂ ਰੁਪਏ ਦੀ ਮਸ਼ੀਨਰੀ ਦਾਂ ਸਤਿੱਆਨਾਸ ਕਰਦੇ ਹਨ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਹੁਣ ਤਕ ਕੀਤੀ ਗਈ ਹੈ ਹੈ ਔਰ ਅਗੇ ਤੋਂ ਜਿਹੜੇ ਮਿਲਾਵਟ ਕਰਨ ਵਾਲੇ ਲੋਕ ਹਨ ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਦਾ ਕੀ ਇਹ ਭਰੋਸਾ ਦਿਵਾਉਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਜਦੋਂ ਦੀ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ ਹੈ, ਉਸ ਨੇ ਮਿਲਾਵਟ ਦੇ ਖਿਲਾਫ ਸਖਤ ਕਦਮ ਚੁਕਿਆ ਹੈ। ਜਿਸ ਕਿਸੇ ਵੀ ਡੀਲਰ ਦੀ ਸ਼ਿਕਾ-ਇਤ ਕੀਤੀ ਗਈ ਹੈ, ਸ਼ਿਕਾਇਤ ਸਹੀ ਪਾਈ ਜਾਣ ਤੇ ਉਸ ਦਾ ਲਾਈਸੈਂਸ ਕੈਂਸਲ ਕਰ ਦਿਤਾ ਜਾਂਦਾ ਹੈ। ਜੇਕਰ ਮਾਨਯੋਗ ਮੈਂਬਰ ਦੇ ਨੋਟਿਸ ਵਿਚ ਹੋਰ ਕੋਈ ਇਸ ਕਿਸਮ ਦੀ ਸ਼ਿਕਾਇਤ ਹੈ ਤਾਂ ਦਸ ਦੇਣ ਅਸੀਂ ਫੌਰੀ ਤੌਰ ਤੇ ਇਨਕੁਆਇਰੀ ਕਰਵਾਵਾਂਗੇ । (ਥੰਪਿੰਗ)

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਜਿਹੜੀਆਂ ਮਿੱਲਾਂ ਤੋਂ ਗੌਰਮਿੰਟ ਕਣਕ ਪਿਸਾ-ਉਂਦੀ ਹੈ ਕਈ ਮਿਲਾਂ ਉਸ ਕਣਕ ਵਿਚੋਂ ਮੈਦਾ ਕੱਢ ਕੇ ਬਲੈਕ ਵਿਚ ਉਸ ਨੂੰ ਵੇਚਦੀਆਂ ਹਨ, ਕੀ ਉਨ੍ਹਾਂ ਮਿੱਲਾਂ ਦੇ ਖਿਲਾਫ ਵੀ ਐਕਸ਼ਨ ਲਿਆ ਜਾਵੇਗਾ ?

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਿਥੀਪਾਲ ਸਿੰਘ]

ਸਪੀਕਰ ਸਾਹਿਬ. ਮਿੱਟੀ ਦਾ ਤੇਲ ਲੈਣ ਵਾਸਤੇ ਡਿਪੂ ਵਾਲੇ ਨੂੰ ਕਿਸੇ ਲਾਇਸੈਂਸੀ ਦੀ ਦੁਕਾਨ ਤੇ ਜਾਣਾ ਪੈਂਦਾ ਹੈ, ਕੀ ਸਰਕਾਰ ਇਸ ਤਰ੍ਹਾਂ ਦਾ ਪ੍ਰਬੰਧ ਕਰੇਗੀ ਕਿ ਡਿਪੂ ਨੂੰ ਲਾਈਸੈਂਸ ਦੀ ਦੁਕਾਨ ਤੇ ਨਾ ਜਾਣਾ ਪਵੇ ਤੇ ਉਸ ਨੂੰ ਨੂੰ ਤੇਲ ਸਿੱਧਾ ਮਿਲ ਜਾਵੇ ?

**ਰਾਜ ਮੰਤਰੀ :** ਇਹ ਪ੍ਰਬੰਧ ਕਰ ਦਿਤਾ ਗਿਆ ਹੈ ਜੀ। ਜੇਕਰ ਕਿਤੇ ਹੋਰ ਲੋੜ ਹੈ ਤਾਂ ਦੱਸ ਦੇਣ। ਸਪੀਕਰ ਸਾਹਿਬ, ਇਨ੍ਹਾਂ ਨੇ ਮੈਦੇ ਦੀ ਗੱਲ ਕੀਤੀ ਹੈ। ਉਸ ਬਾਰੇ ਅਰਜ਼ ਹੈ ਕਿ ਮੈਦੇ ਦੀ ਪ੍ਰਾਈਸ ਔਰ ਆਟੇ ਦੀ ਪ੍ਰਾਈਸ ਗੌਰਮਿੰਟ ਵੱਲੋਂ ਬਾਕਾਇਦਾ ਫਿਕਸ ਕੀਤੀ ਹੋਈ ਹੈ। ਜੇਕਰ ਕੋਈ ਸ਼ਿਕਾਇਤ ਹੋਵੇ ਤਾਂ ਇਹ ਦਸ ਦੇਣ। ਮੈਦਾ ਔਰ ਸੂਜੀ ਜੋ ਕਣਕ ਵਿਚੋਂ ਕੱਢਿਆ ਜਾਂਦਾ ਹੈ ਉਸ ਤੇ ਸਰਕਾਰ ਦਾ ਬਾਕਾਇਦਾ ਕੰਟਰੋਲ ਹੈ। ਸੋ, ਜੇਕਰ ਕੋਈ ਸਪੈਸੇਫਿਕ ਸ਼ਿਕਾਇਤ ਹੈ ਤਾਂ ਦੱਸ ਦੇਣ, ਇਨ-ਕੁਆਇਰੀ ਕਰਵਾ ਲਈ ਜਾਵੇਗੀ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਸਰਕਾਰ ਦਾ ਇਹ ਫੈਸਲਾ ਹੋਇਆ ਸੀ ਕਿ ਹਰ ਰਾਸ਼ਨ ਡਿਪੂ ਤੇ 500 ਕਾਰਡ ਹੋਣਗੇ ਔਰ ਜੇਕਰ ਜ਼ਿਆਦਾ ਹੋਣਗੇ ਤਾਂ ਘਟਾ ਦਿਤੇ ਜਾਣਗੇ, ਜੇਕਰ ਘਟ ਹੋਣਗੇ ਤਾਂ ਵਧਾ ਦਿਤੇ ਜਾਣਗੇ। ਹੁਣ ਸਰਕਾਰ ਨੇ ਨਵੇਂ ਰਾਸ਼ਨ ਕਾਰਡ ਬਣਾਉਣ ਤੇ ਪਾਬੰਦੀ ਲਗਾ ਦਿੱਤੀ ਹੈ, ਕੀ ਉਹ ਪਾਬੰਦੀ ਸਰਕਾਰ ਵਿਦਡਰਾਅ ਕਰੇਗੀ ? ਫਿਰ ਸਪੀਕਰ ਸਾਹਿਬ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਪਹਿਲਾਂ ਕਣਕ ਰਾਸ਼ਨ ਡਿਪੂਆਂ ਤੇ ਵਿਕਦੀ ਹੁੰਦੀ ਸੀ, ਜਿਸ ਦੀ ਮਰਜ਼ੀ ਹੁੰਦੀ ਸੀ ਉਹ ਉਥੋਂ ਖਰੀਦ ਕੇ ਆਪਣੀ ਮਰਜ਼ੀ ਨਾਲ ਆਟਾ ਪਿਸਾ ਲੈਂਦਾ ਸੀ ਪਰ ਹੁਣ ਉਹ ਨਹੀਂ ਮਿਲਦੀ। ਹੁਣ ਆਟਾ ਮਿਲਦਾ ਹੈ, ਔਰ ਉਹ ਕੋਈ ਇਤਨਾ ਚੰਗਾ ਨਹੀਂ ਹੁੰਦਾ। ਕੀ ਸਰਕਾਰ ਪਹਿਲਾਂ ਵਾਂਗ ਡਿਪੂਆਂ ਤੇ ਕਣਕ ਸਪਲਾਈ ਕਰੇਗੀ ?

**ਰਾਜ ਮੰਤਰੀ :** ਮੈਂ ਆਨਰੇਬਲ ਮੈਂਬਰਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਕਿਸੇ ਵੀ ਡਿਪੂ ਤੇ 500 ਤੋਂ ਵੱਧ ਰਾਸ਼ਨ ਕਾਰਡ ਨਹੀਂ ਹੋਣਗੇ। ਪਰ ਹੁਣ ਇਹ ਫਿਰ ਫੈਸਲਾ ਕੀਤਾ ਹੈ ਕਿ ਹਰ ਡਿਪੂ ਤੇ 300 ਜਾਂ 400 ਤਕ ਰਾਸ਼ਨ ਕਾਰਡ ਹੋਣੇ ਚਾਹੀਦੇ ਹਨ ਤਾਕਿ ਕਿਸੇ ਨੂੰ ਮੁਸ਼ਕਲ ਨਾ ਆਵੇ।

ਦੂਜਾ, ਕਣਕ ਬਾਰੇ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਣਕ ਡਿਪੂਆਂ ਤੇ ਦਿੱਤੀ ਜਾਂਦੀ ਹੈ ਪਰ ਉਹ ਆਪ ਪਿਹਾ ਕੇ ਆਟਾ ਵੰਡਦੇ ਹਨ। ਕਣਕ ਇਸ ਕਰ ਕੇ ਨਹੀਂ ਵੰਡੀ ਜਾਂਦੀ ਕਿਉਂ ਕਿ ਲੋਕੀਂ ਇਹ ਕਣਕ ਲੈ ਕੇ ਬਲੈਕ ਵਿਚ ਨਾ ਵੇਚ ਦੇਣ। ਕਣਕ ਦੀ ਬਲੈਕ ਨੂੰ ਰੋਕਣ ਲਈ ਆਟਾ ਦਿਤਾ ਜਾਂਦਾ ਹੈ।

**ਸਰਦਾਰ ਬਲਦੇਵ ਸਿੰਘ ਮਾਨ :** ਸਪੀਕਰ ਸਾਹਿਬ, ਬੁਢਿਹਾਰ ਜ਼ਿਲ੍ਹਾ ਸੰਗਰੂਰ ਵਿਚ ਇਕ ਪੈਟ-ਰੋਲ ਪੰਪ ਹੈ ਜਿਹੜਾ ਕਿ ਕਾਂਗ੍ਰਸ ਦੇ ਜਨਰਲ ਸੈਕਟਰੀ ਦੇ ਰਿਸ਼ਤੇਦਾਰ ਦਾ ਹੈ। ਉਹ ਬੰਦਾ ਹਾਜੀ ਮਸਤਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹ ਡੀਜ਼ਲ ਦਾ ਪੰਪ ਹੈ ਪਰ ਉਹ ਬੰਦਾ ਉਥੇ ਮਿੱਟੀ ਦਾ ਤੇਲ ਵੇਚ ਰਿਹਾ ਸੀ। ਮੌਕੇ ਤੇ ਜਾ ਕੇ ਉਸ ਦਾ ਸੈਂਪਲ ਲਿਆ ਗਿਆ ਹੈ। ਕੀ ਵਜ਼ੀਰ ਸਾਹਿਬ ਉਸ ਦਾ ਹੁਣ ਲਾਇਸੈਂਸ ਕੈਂਸਲ ਕਰਵਾਉਣਗੇ ?

**ਰਾਜ ਮੰਤਰੀ :** ਸਾਡੀ ਸਰਕਾਰ ਦਾ ਫੈਸਲਾ ਹੈ ਕਿ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਔਰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

**Mr. Speaker** : Question Hour is over, . The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38..

### Introduction of Group Insurance Scheme

*1385. **Shri Balmukand Sharma**: Will the Chief Minister be pleased to state whether the Government contemplates introducting Group Insurance Scheme for its employees on the pattern of Central and Haryana Governments ?

ਸਰਦਾਰ ਦਰਬਾਰਾ ਸਿੰਘ : ਹਾਂ ਜੀ।

### Construction of Punjab Bhawans in other States.

*1395. **Shri Balmukand Sharma**: Will the Chief Minister be pleased to state—

(a) whether there is any proposal under the consideration of the Government to construct its own Bhawans in the Capitals of other States, like Circuit House in Simla and Punjab Bhawan at Dehli, in view of difficulties being faced by those visiting other States;

(b) If the reply to part (a) above, be in the negative, whether the Government propose to fromulate any such scheme in the next financial year ?

ਸਰਦਾਰ ਦਰਬਾਰਾ ਸਿੰਘ: (ੳ) ਨਹੀਂ ਜੀ।

(ਅ) ਨਹੀਂ ਜੀ ।

### Anomaly Committee

*1289. **Jathedar Gurbachan Singh Lakhmirwala**: Will the Minister for Finance be pleased to state—

(a) the department-wise number of cases pending with the Anomaly Committee;

(b) the department-wise number of cases in which anomalies were removed during the lst year ?

**Doctor Kewal Krishan**, (a) Cases relating to 675 categories posts out of total categories of 4148 of posts covering 46,780 employees as indicated in Annexure-I which is laid on the table of the house are pending.

Original with;
Punjab Vidhan Sabha
Digitized by;
Panjab Digital Library

[Finance Minister]

(b) The anomalies in cases covering about 1,96,000 employees have been removed. The department-wise number of employees covered by the categories of posts which have already been considered by the Anomalies Committee is indicated in Annexure-II which is laid on the table of the House.

**ANNEXURE—I**

| Serial No. | Name of the Department | Categories of posts pending consideration | Number of employees covered by these categories |
|---|---|---|---|
| 1 | 2 | 3 | 4 |
| 1 | Advocate General .. | 2 | 17 |
| 2 | Agriculture .. | 33 | 2972 |
| 3 | Animal Husbandry .. | 25 | 3939 |
| 4 | Architecture .. | 2 | 104 |
| 5 | Ayurveda .. | 34 | 1046 |
| 6 | Co-operation and Co-operative Audit .. | 5 | 555 |
| 7 | Dairy Development .. | 5 | 183 |
| 8 | District Soldiers' Sailer's and Airmen's Board .. | 1 | 1 |
| 9 | Economic and Statistical Organisation .. | 9 | 372 |
| 10 | Elections .. | 6 | 59 |
| 11 | Employment .. | 3 | 74 |
| 12 | Excise and Taxation .. | 4 | 783 |
| 13 | Financial Commissioner's Office .. | 10 | 28 |
| 14 | Fisheries .. | 9 | 239 |
| 15 | Food and Supplies .. | 15 | 2020 |
| 16 | Forests .. | 2 | 2 |
| 17 | Governor's Secretary and the Military Secretary's Establishment .. | 13 | 13 |
| 18 | Health and Family Welfare .. | 457 | 8369 |
| 19 | Home Guards (Civil Defence) .. | 10 | 411 |
| 20 | Hospitality .. | 3 | 51 |
| 21 | Housing and Urban Development .. | 6 | 26 |
| 22 | Information and Publicity .. | 21 | 63 |
| 23 | Industries .. | 127 | 887 |
| 24 | Industrial Training .. | 89 | 2454 |

Original with;
Punjab Vidhan Sabha
Digitized by;
Panjab Digital Library

| Serial No. | Name of the Department | | Categories of posts pending consideration | Number of employees covered by these categories |
|---|---|---|---|---|
| 1 | 2 | | 3 | 4 |
| 25 | Judicial Services | .. | 3 | 26 |
| 26 | Labour | .. | 8 | 83 |
| 27 | Law and Legislative | .. | 3 | 14 |
| 28 | Police | .. | 6 | 76 |
| 29 | Prisons | .. | 20 | 891 |
| 30 | Prosecution and Litigation | .. | 6 | 174 |
| 31 | P.C.S. (E.B.) | .. | 1 | 240 |
| 32 | Printing and Stationery | .. | 57 | 681 |
| 33 | Public Services Commission | .. | 1 | 1 |
| 34 | Public Works (B&R) | .. | 13 | 3423 |
| 35 | Public Works (Irrigation) | .. | 15 | 5468 |
| 36 | Public Works (P.H.) | .. | 33 | 1523 |
| 37 | Rehabilitation | .. | 1 | 1 |
| 38 | Research and Medical Education | .. | 14 | 923 |
| 39 | Revenue | .. | 6 | 3937 |
| 40 | Rural Development and Panchayats | .. | 22 | 2269 |
| 41 | Social Welfare | .. | 11 | 266 |
| 42 | Soil Conservation and Engineering | .. | 2 | 326 |
| 43 | Technical Education | .. | 15 | 15 |
| 44 | Tourism, Cultural Affairs, Archaeology and Museum | | 12 | 194 |
| 45 | Town and Country Planning | .. | 4 | 37 |
| 46 | Treasuries and Accounts | .. | 16 | 892 |
| 47 | Vidhan Sabha | .. | 5 | 91 |
| 48 | Welfare of Scheduled Castes and Backaward Classes | | 10 | 246 |
| | | | | 46780 |

Original with;
Punjab Vidhan Sabha
Digitized by;
Panjab Digital Library

[Finance Minister]

ANNEXURE-II

| Serial No. | Name of the Department | | Number of employees covered by the categories of posts which have already been considered by the Anomalies Committee |
|---|---|---|---|
| 1 | 2 | | 3 |
| 1 | All posts belonging to common categories | .. | About one lac. |
| 2 | Archives | .. | 18 |
| 3 | Languages | .. | 78 |
| 4 | Education | .. | 82,013 |
| 5 | Transport | .. | 5,675 |
| 6 | Architecture | .. | 99 |
| 7 | Chief Electrical Inspector's Organisation | .. | 30 |
| 8 | Technical Education | .. | 128 |
| 9 | Housing and Urban Development | .. | 91 |
| 10 | Town and Country Planning | .. | 317 |
| 11 | Public Works (B&R) | .. | 2048 |
| 12 | Public Works (Public Health) | .. | 1707 |
| 13 | Public Works (Irrigation) | .. | 3201 |
| | | | 1,95,407 |

**Functioning of Hospital at village Badshahpur district Patiala**

*1327. **Comrade Baldev Singh Loomba:** Will the Minister for Health be pleased to state—

(a) whether the building of the hospital at village Badshahpur, Block Samana, district Patiala has since been completed;

(b) if the reply to part (a) above be in the affirmative, whether the said hospital has started functioning ; if not, the reasons therefor ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਅਤੇ (ਅ) ਪਿੰਡ ਬਾਦਸ਼ਾਹ ਪੁਰ, ਬਲਾਕ ਸਮਾਣਾ, ਜ਼ਿਲ੍ਹਾ ਪਟਿਆਲਾ ਵਿਖੇ ਹਸਪਤਾਲ ਦੀ ਬਿਲਡਿੰਗ ਅਜੇ ਪੂਰੀ ਨਹੀਂ ਹੋਈ । ਜਦ ਇਹ ਪੂਰੀ ਹੋ ਜਾਵੇਗੀ, ਹਸਪਤਾਲ ਕੰਮ ਕਰਨਾ ਸ਼ੁਰੂ ਕਰ ਦੇਵੇਗਾ ।

Original with;
Punjab Vidhan Sabha
Digitized by;
Panjab Digital Library

## Supply of Coal to Brick Kiln Owners in District Jullundur at Controlled Rates

*1246. 1. **Comrade Kulwant Singh**
2. **Comrade Sarwan Singh Cheema** : Will the Minister of
3. **Comrade Buta Singh**

State for Food and Supplies be pleased to state ;:—

(a) the quantity, in quintals, of coal issued at the controlled rates to each of the brick kiln owners during the period from 31st December, 1980 to 31 December, 1981, in district Jullundur;

(b) whether the official quota of bricks manufactured with the coal issued at the controlled rates has been procured from each brick kiln owners if not, the reasons therefor?

ਸ੍ਰੀ ਭਗਵਾਨ ਦਾਸ : (ੳ) ਨਿੱਲ ।

(ਅ) ਕਿਉਂ ਜੋ ਦੱਸੇ ਗਏ ਸਮੇਂ ਦੌਰਾਨ ਕੋਈ ਸਪਾਂਸਰਡ ਕੋਲਾ ਪ੍ਰਾਪਤ ਨਹੀਂ ਹੋਇਆ ਅਤੇ ਨਾ ਹੀ ਜਲੰਧਰ ਦੇ ਭੱਠੇ ਦਾਰਾਂ ਨੇ ਜਾਰੀ ਕੀਤਾ ਗਿਆ। ਇਸ ਲਈ ਕੰਟਰੋਲ ਰੇਟ ਤੇ ਜਾਰੀ ਕੀਤੇ ਗਏ ਕੋਲੇ ਵਿਰੁੱਧ ਇੱਟਾਂ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

---

## Incidents of Murders on Account of Dowry in the State

*1331. **Master Chand Singh**: Will the Chief Minister be pleased to state the district-wise total number of the incidents of murders of married women that occurred in the State on account of dowry, during the years 1980-81 and 1981-82 (to-date) together with the action, if any, taken against the culprits ?

ਸਰਦਾਰ ਦਰਬਾਰਾ ਸਿੰਘ : ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਦਾਜ ਕਾਰਨ ਵਿਆਹੀਆ ਔਰਤਾਂ ਦੇ ਜ਼ਿਲ੍ਹਾ ਵਾਰ ਕਤਲ ਦੀਆਂ ਕੁੱਲ ਘਟਨਾਵਾਂ ਅਤੇ ਦੋਸ਼ੀਆਂ ਵਿਰੁਧ ਕੀਤੀ ਗਈ ਕਾਰਵਾਈ ਦਾ ਵੇਰਵਾ

ਸਾਲ 1980-81

| ਕ੍ਰਮ ਅੰਕ | ਜ਼ਿਲ੍ਹਾ | ਵਿਆਹੀਆਂ ਔਰਤਾਂ ਦੇ ਕਤਲ ਦੀ ਗਿਣਤੀ | ਦੋਸ਼ੀਆਂ ਵਿਰੁਧ ਕੀਤੀ ਗਈ ਕਾਰਵਾਈ |
|---|---|---|---|
| 1. | ਜਲੰਧਰ | 1 | ਇਕ ਮੁਕੱਦਮਾ ਦਰਜ ਕੀਤਾ ਗਿਆ ਤੇ ਚਲਾਨ ਅਦਾਲਤ ਵਿਚ ਦਿੱਤਾ ਗਿਆ ਜਿੱਥੋਂ ਕਿ ਦੋਸ਼ੀ ਬਰੀ ਹੋ ਚੁਕੇ ਹਨ । |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਕ੍ਰਮ ਅੰਕ | ਜ਼ਿਲ੍ਹਾ | ਵਿਆਹੀਆਂ ਔਰਤਾਂ ਦੇ ਕਤਲ ਦੀ ਗਿਣਤੀ | ਦੋਸ਼ੀਆਂ ਵਿਰੁੱਧ ਕੀਤੀ ਗਈ ਕਾਰਵਾਈ |
|---|---|---|---|
| 2. | ਅੰਮ੍ਰਿਤਸਰ | ... | ਕੋਈ ਨਹੀਂ । |
| 3. | ਗੁਰਦਾਸਪੁਰ | ... | ਕੋਈ ਨਹੀਂ । |
| 4. | ਹੁਸ਼ਿਆਰਪੁਰ | 2 | ਦੋ ਮੁਕਦਮੇਂ ਦਰਜ ਕੀਤੇ ਗਏ ਅਤੇ ਅਦਾਲਤ ਵਿਚ ਚਲਾਨ ਪੇਸ਼ ਕੀਤੇ ਗਏ। ਇਕ ਮੁਕਦਮਾ ਜ਼ੇਰ ਸਮਾਇਤ ਹੈ ਦੂਜੇ ਵਿਚ ਦੋਸ਼ੀ ਬਰੀ ਹੋ ਚੁੱਕੇ ਹਨ । |
| 5. | ਕਪੂਰਥਲਾ | 1 | ਇਕ ਮੁਕਦਮਾ ਦਰਜ ਕੀਤਾ ਗਿਆ ਅਤੇ ਚਲਾਨ ਪੇਸ਼ ਅਦਾਲਤ ਕੀਤਾ ਗਿਆ ਜਿਥੋਂ ਕਿ ਦੋਸ਼ੀ ਸਜ਼ਾਯਾਬ ਹੋ ਚੁੱਕੇ ਹਨ । |
| 6. | ਪਟਿਆਲਾ | 2 | ਦੋ ਮੁਕਦਮੇਂ ਦਰਜ ਕੀਤੇ ਗਏ ਅਤੇ ਚਲਾਨ ਅਦਾਲਤ ਵਿਚ ਦਿਤੇ ਗਏ ।ਇਕ ਮੁਕਦਮਾ ਜ਼ੇਰ ਸਮਾਇਤ ਅਦਾਲਤ ਹੈ ਅਤੇ ਦੂਜੇ ਵਿਚ ਦੋਸ਼ੀ ਬਰੀ ਹੋ ਚੁਕੇ ਹਨ । |
| 7. | ਲੁਧਿਆਣਾ | 2 | ਦੋ ਮੁਕਦਮੇਂ ਦਰਜ ਕੀਤੇ ਗਏ ਅਤੇ ਚਲਾਨ ਪੇਸ਼ ਅਦਾਲਤ ਕੀਤੇ ਗਏ । ਇਕ ਮੁਕਦਮਾ ਜ਼ੇਰ ਸਮਾਇਤ ਹੈ ਅਤੇ ਦੂਜੇ ਵਿਚ ਦੋਸ਼ੀ ਸਜ਼ਾਯਾਬ ਹੋ ਚੁਕੇ ਹਨ । |
| 8. | ਸੰਗਰੂਰ | ... | ਕੋਈ ਨਹੀਂ । |
| 9. | ਰੋਪੜ | .. | ਕੋਈ ਨਹੀਂ । |
| 10. | ਫਿਰੋਜ਼ਪੁਰ | .. | ਕੋਈ ਨਹੀਂ । |
| 11. | ਬਠਿੰਡਾ | 1 | ਇਕ ਮੁਕਦਮਾ ਦਰਜ ਕੀਤਾ ਗਿਆ, ਚਲਾਨ ਅਦਾਲਤ ਵਿਚ ਦਿਤਾ ਗਿਆ । ਇਹ ਮੁਕਦਮਾ ਜ਼ੇਰ ਸਮਾਇਤ ਹੈ । |
| 12. | ਫਰੀਦਕੋਟ | .. | ਕੋਈ ਨਹੀਂ । |

Original with;
Punjab Vidhan Sabha
Digitized by;
Panjab Digital Library

## ਦਾਜ ਕਾਰਨ ਵਿਆਹੀਆਂ ਔਰਤਾਂ ਦੇ ਜ਼ਿਲ੍ਹਾਵਾਰ ਕਤਲ ਦੀਆਂ ਕੁਲ ਘਟਨਾਵਾਂ ਅਤੇ ਦੋਸ਼ੀਆਂ ਵਿਰੁਧ ਕੀਤੀ ਗਈ ਕਾਰਵਾਈ ਦਾ ਵੇਰਵਾ

ਸਾਲ 1981-82 (ਮਿਤੀ 9 ਫਰਵਰੀ, 1982 ਤੱਕ—ਵਿਧਾਨ ਸਭਾ ਸਵਾਲ ਦਾ ਨੋਟਿਸ ਪ੍ਰਾਪਤ ਹੋਣ ਦੀ ਮਿਤੀ)

| ਕ੍ਰਮ ਅੰਕ | ਜ਼ਿਲ੍ਹਾ | ਵਿਆਹੀਆਂ ਔਰਤਾਂ ਦੇ ਕਤਲ ਦੀ ਗਿਣਤੀ | ਦੋਸ਼ੀਆਂ ਵਿਰੁਧ ਕੀਤੀ ਗਈ ਕਾਰਵਾਈ |
|---|---|---|---|
| 1 | ਜਲੰਧਰ | .. | ਕੋਈ ਨਹੀਂ । |
| 2 | ਅੰਮ੍ਰਿਤਸਰ .. | .. | ਕੋਈ ਨਹੀਂ । |
| 3 | ਗੁਰਦਾਸਪੁਰ | 1 | ਇਕ ਮੁਕਦਮਾ ਦਰਜ ਕੀਤਾ ਗਿਆ, ਜੋਕਿ ਜ਼ੇਰ ਤਫਤੀਸ਼ ਹੈ । |
| 4 | ਹੁਸ਼ਿਆਰਪੁਰ | 1 | ਇਕ ਮੁਕਦਮਾ ਦਰਜ ਕੀਤਾ ਗਿਆ ਅਤੇ ਚਲਾਨ ਅਦਾਲਤ ਵਿਚ ਦਿੱਤਾ ਗਿਆ, ਜਿਥੋਂ ਕਿ ਦੋਸ਼ੀ ਬਰੀ ਹੋ ਚੁੱਕੇ ਹਨ । |
| 5 | ਕਪੂਰਥਲਾ | .. | ਕੋਈ ਨਹੀਂ । |
| 6 | ਪਟਿਆਲਾ | 1 | ਇਕ ਮੁਕਦਮਾ ਦਰਜ ਕੀਤਾ ਗਿਆ । ਚਲਾਨ ਅਦਾਲਤ ਵਿਚ ਦਿੱਤਾ ਗਿਆ ਜਿਥੇ ਕਿ ਇਹ ਜ਼ੇਰ ਸਮਾਇਤ ਹੈ । |
| 7 | ਲੁਧਿਆਣਾ | .. | ਕੋਈ ਨਹੀਂ । |
| 8 | ਸੰਗਰੂਰ | 2 | ਦੋ ਮੁਕਦਮੇਂ ਦਰਜ ਕੀਤੇ ਗਏ । ਇਕ ਮੁਕਦਮਾ ਜ਼ੇਰ ਤਫਤੀਸ਼ ਹੈ ਅਤੇ ਦੂਜਾ ਅਦਾਲਤ ਵਿਚ ਜ਼ੇਰ ਸਮਾਇਤ ਹੈ । |
| 9 | ਰੋਪੜ | .. | ਕੋਈ ਨਹੀਂ । |
| 10 | ਫਿਰੋਜ਼ਪੁਰ | .. | ਕੋਈ ਨਹੀਂ । |
| 11 | ਬਠਿੰਡਾ | .. | ਕੋਈ ਨਹੀਂ । |
| 12 | ਫਰੀਦਕੋਟ | .. | ਕੋਈ ਨਹੀਂ । |

Original with;
Punjab Vidhan Sabha
Digitized by;
Panjab Digital Library

## Bus Accidents in the State

***1296. Comrade Darshan Singh Jhabal** : Will the Chief Minister be pleased to state :—

(a) the total number of bus accidents that occurred in the State during the period from January, 1981 to January, 1982; and the number of persons who lost their lives and were injured as a result thereof ;

(b) the reasons for a large number of bus accidents in the State together with the steps being taken by the Government to check their recurrence;

(c) whether any compensation is paid to the families of the deceased?

**ਸਰਦਾਰ ਦਰਬਾਰਾ ਸਿੰਘ** : (ੳ) ਪੰਜਾਬ ਰਾਜ ਵਿਚ ਜਨਵਰੀ, 1981 ਤੋਂ ਜਨਵਰੀ, 1982 ਤੱਕ ਹੋਏ ਹਾਦਸਿਆਂ ਦੀ ਕੁਲ ਗਿਣਤੀ .. 262

ਇਨ੍ਹਾਂ ਹਾਦਸਿਆਂ ਵਿਚ ਮਰਨ ਵਾਲਿਆਂ ਵਿਅਕਤੀਆਂ ਦੀ ਕੁਲ ਗਿਣਤੀ .. 196

ਇਨ੍ਹਾਂ ਹਾਦਸਿਆਂ ਵਿਚ ਫੱਟੜ ਹੋਏ ਵਿਅਕਤੀਆਂ ਦੀ ਗਿਣਤੀ .. 427

(ਅ) ਇਨ੍ਹਾਂ ਹਾਦਸਿਆਂ ਦਾ ਮੁੱਖ ਕਾਰਨ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਗੱਡੀਆਂ ਚਲਾਉਣਾ ਹੈ। ਪਰੰਤੂ ਚਹੇੜੂ ਲਾਗੇ ਹੋਏ ਇਕ ਬੱਸ ਹਾਦਸੇ ਜਿਸ ਵਿਚ ਬਹੁਤ ਸਾਰੇ ਵਿਅਕਤੀਆਂ ਦੀਆਂ ਜਾਨਾਂ ਗਈਆਂ ਦਾ ਕਾਰਨ ਸ਼ੇਰ ਸ਼ਾਹ ਸੂਰੀ ਮਾਰਗ ਉਪਰ **ਬਣੇ ਪੁੱਲ ਦੀ ਚੌੜਾਈ ਘੱਟ** ਹੋਣੀ ਸੀ ।

ਆਵਾਜਾਈ ਵਿਭਾਗ ਦੇ ਗਸ਼ਤੀ ਅਮਲੇ ਰਾਹੀਂ ਤੇਜ਼ ਰਫਤਾਰੀ ਦੇ ਜੁਰਮ ਨੂੰ ਰੋਕਣ ਲਈ, ਸਟਾਪ ਵਾਚਿਜ਼, ਡਾਪਲਰ ਰਾਡਾਰ ਸਪੀਡ ਇੰਡੀਕੇਟਰ ਅਤੇ ਵਾਰਨਿੰਗ ਸਾਈਰਨਜ਼ ਨਾਲ ਲੈਸ ਸਰਕਾਰੀ ਗੱਡੀਆਂ ਵਿਚ ਤੇਜ਼ ਰਫਤਾਰ ਗੱਡੀਆਂ ਦਾ ਪਿੱਛਾ ਕਰ ਕੇ, ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ ।

(ੲ) ਜਦ ਕਦੇ ਕਿਸੇ ਮੋਟਰ ਐਕਸੀਡੈਂਟ ਕਲੇਮਜ਼ ਟਰੀਬਿਊਨਲ ਰਾਹੀਂ ਮੁਆਵਜ਼ਾ ਮਨਜ਼ੂਰ ਕੀਤਾ ਜਾਂਦਾ ਹੈ ਤਾਂ ਸਬੰਧਤ ਵਿਭਾਗ ਨੂੰ ਇਸ ਦੀ ਅਦਾਇਗੀ ਕਰਨੀ ਪੈਂਦੀ ਹੈ।

---

## Arrests made on the charge of Kidnapping the Children

***1330. Master Chand Singh**: Will the Chief Minister be pleased to state:—

(a) whether any persons were arrested in district Sangrur and from other places of the State on the charge of kidnapping the missing children during the month of January, 1982;

(b) If reply to part (a) above be in the affirmative, the names of persons referred to in part (a) above and details of the action taken against them ?

**ਸਰਦਾਰ ਦਰਬਾਰਾ ਸਿੰਘ**: (ੳ) ਕੋਈ ਨਹੀਂ ਜੀ।

(ਅ) ਲਾਗੂ ਨਹੀਂ ਜੀ।

Original with;
Punjab Vidhan Sabha
Digitized by;
Panjab Digital Library

***1269. Sardar Shamsher Singh:** Will the Chief Minister be pleased to state whether there is any proposal under the consideration of Government for the setting up of Cotton and Spinning Mills at Khanna, if so, the details thereof ?

**ਸਰਦਾਰ ਦਰਬਾਰਾ ਸਿੰਘ :** ਨਹੀਂ ਜੀ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ :** ** ** ***

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ :** ** ** **

**ਸ੍ਰੀ ਸਪੀਕਰ :** ਮੈਂ ਕਿਹਾ ਹੈ ਕਿ ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਪ੍ਰੋਫੈਸਰ ਬਲਵੰਤ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਤੁਸੀਂ ਬੈਠ ਜਾਓ।

**ਕਾਮਰੇਡ ਕੁਲਵੰਤ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਬਸੰਤ ਸਿੰਘ ਖਾਲਸਾ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

## WALK-OUTS

**ਸਰਦਾਰ ਹਰਚੰਦ ਸਿੰਘ ਬਰਾੜ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਹਰਚੰਦ ਸਿੰਘ ਬਰਾੜ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। ਸਰਦਾਰ ਆਤਮਾ ਸਿੰਘ।

**ਸਰਦਾਰ ਹਰਚੰਦ ਸਿੰਘ ਬਰਾੜ :** ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਲਈ ਵਕਤ ਨਹੀਂ ਦਿੰਦੇ ਇਸ ਲਈ ਮੈਂ ਵਾਕ ਆਊਟ ਕਰਦਾ ਹਾਂ।

(ਇਸ ਵਕਤ ਮਾਨਯੋਗ ਮੈਂਬਰ, ਸਰਦਾਰ ਹਰਚੰਦ ਸਿੰਘ ਬਰਾੜ ਵਾਕ ਆਊਟ ਕਰ ਗਏ)

**ਸਰਦਾਰ ਆਤਮਾ ਸਿੰਘ :** ** ** **

**ਸ੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

****Expunged as ordered by the Chair.**

Original with;
Punjab Vidhan Sabha
Digitized by;
Panjab Digital Library

**ਪੰਡਿਤ ਸਰਵਣ ਰਾਮ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਚੰਦ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਤੁਹਾਡੇ ਸੈਂਟੀਮੈਂਟ ਹਨ। ਇਸ ਨੂੰ ਮੈਂ ਨੋਟ ਕਰ ਲਿਆ ਹੈ। ਬਾਕੀ ਇਹ ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਰਾਜ ਕੁਮਾਰ** : ** ** **

**ਸ਼੍ਰੀ ਸਪੀਕਰ** : ਜਿਸ ਤਰ੍ਹਾਂ ਮੈਂ ਪਹਿਲੇ ਵੀ ਕਿਹਾ ਹੈ ਕਿ ਮੈਂ ਤੁਹਾਡੇ ਸੈਂਟੀਮੈਂਟ ਨੂੰ ਨੋਟ ਕਰ ਲਿਆ ਹੈ। ਤੁਹਾਡਾ ਪੁਆਇੰਟ ਆਫ ਆਰਡਰ ਨਹੀਂ ਬਣਦਾ ਹੈ। ਇਸ ਮਾਮਲੇ ਬਾਰੇ ਕਾਫੀ ਕਾਲ ਅਟੈਨਸ਼ਨ ਮੋਸ਼ਨ ਆਈਆਂ ਸਨ ਔਰ ਕੁਝ ਕੁ ਮੈਂ ਰਿਜੈਕਟ ਕਰ ਦਿਤੀਆਂ ਹਨ ਔਰ ਜੇਕਰ ਹੋਰ ਕੋਈ ਕਾਲ ਅਟੈਨਸ਼ਨ ਮੋਸ਼ਨ ਇਸ ਮੁਤੱਲਕ ਪੈਂਡਿੰਗ ਹੋਵੇਗੀ ਤਾਂ ਮੈਂ ਰੀਕੰਸੀਡਰ ਕਰ ਲਵਾਂਗਾ।

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਅਸੀਂ ਇਸ ਤੇ ਵਾਕ ਆਊਟ ਕਰਦੇ ਹਾਂ।

(ਇਸ ਵੇਲੇ ਸ਼੍ਰੋਮਣੀ ਅਕਾਲੀ ਦਲ (ਐਲ) (ਸਰਦਾਰ ਆਤਮਾ ਸਿੰਘ ਅਤੇ ਸਰਦਾਰ ਦਲੀਪ ਸਿੰਘ ਪਾਂਧੀ ਤੋਂ ਇਲਾਵਾ), ਸ਼੍ਰੋਮਣੀ ਅਕਾਲੀ ਦਲ(ਟੀ), ਸੀ. ਪੀ. ਆਈ., ਸੀ. ਪੀ. ਆਈ. (ਐਮ), ਅਤੇ ਆਲ ਇੰਡੀਆ ਕਮਿਊਨਿਸਟ ਪਾਰਟੀ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਵਾਕ ਆਊਟ ਕਰ ਗਏ)

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**Mr. Speaker**: Please sit down. ਸਰਦਾਰ ਦਲੀਪ ਸਿੰਘ ਪਾਂਧੀ ਜੀ ਜੋ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। ਮੈਨੂੰ ਤੁਹਾਨੂੰ ਨੇਮ ਕਰਨਾ ਪਏਗਾ। ਮੈਂ ਤੁਹਾਡੇ ਤੇ ਐਕਸ਼ਨ ਨਹੀਂ ਲੈਣਾ ਚਾਹੁੰਦਾ।

---

**Expunged/not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਤੁਸੀਂ ਮੇਰੇ ਤੇ ਐਕਸ਼ਨ ਲੈ ਲਵੋ। ਤੁਸੀਂ ਮੈਨੂੰ ਬੋਲਣ ਨਹੀਂ ਦਿੰਦੇ। ਮੈਂ ਪਰੋਟੈਸਟ ਦੇ ਤੌਰ ਤੇ ਵਾਕ ਆਊਟ ਕਰਦਾ ਹਾਂ।

(ਇਸ ਵੇਲੇ ਮਾਨਯੋਗ ਮੈਂਬਰ ਸਰਦਾਰ ਦਲੀਪ ਸਿਘ ਪਾਂਧੀ ਸ਼੍ਰੋਮਣੀ ਅਕਾਲੀ ਦਲ (ਐਲ) ਵਾਕ ਆਊਟ ਕਰ ਗਏ।)

**ਸ਼੍ਰੀ ਸਪੀਕਰ** : ਸਰਦਾਰ ਆਤਮਾ ਸਿੰਘ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਨੰ: 44 ਪੜ੍ਹੋ।

## CALL ATTENTION NOTICE UNDER RULE 66

(ਕ੍ਰਮ ਨੰ : 44)

1. **ਸਰਦਾਰ ਆਤਮਾ ਸਿੰਘ**
2. **ਜੱਥੇਦਾਰ ਉਜਾਗਰ ਸਿੰਘ ਸੇਖਵਾਂ**

} : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪੰਜਾਬ ਸਰਕਾਰ ਵਲੋਂ ਕਿਸਾਨਾਂ ਦੇ ਆਲੂ ਖਰੀਦਣ, ਬਾਹਰ ਭੇਜਣ ਜਾਂ ਕੋਲਡ ਸਟੋਰਾਂ ਵਿਚ ਰੱਖਣ ਦਾ ਪ੍ਰਬੰਧ ਨਾ ਹੋਣ ਕਾਰਨ ਲੱਖਾਂ ਮਣ ਆਲੂਆਂ ਦੇ ਢੇਰ ਖੇਤਾਂ ਵਿਚ ਲੱਗੇ ਹੋਏ ਸੜ ਰਹੇ ਹਨ। ਆਲੂਆਂ ਦੀ ਕੀਮਤ 60 ਰੁਪਏ ਬੋਰੀ ਤੋਂ ਘਟ ਕੇ 35 ਰੁਪਏ ਬੋਰੀ ਤੇ ਆ ਗਈ ਹੈ ਜਿਸ ਨਾਲ ਆਲੂ ਬੀਜਣ ਵਾਲੇ ਕਿਸਾਨ ਤਬਾਹੀ ਦੇ ਕੰਢੇ ਆ ਕੇ ਖੜ੍ਹੇ ਹੋ ਗਏ ਹਨ। ਖੇਤੀਬਾੜੀ ਮੰਤਰੀ ਜੀ ਕਿਰਪਾ ਕਰਕੇ ਇਸ ਪਾਸੇ ਧਿਆਨ ਦੇਣ ਤੇ ਪੁਜ਼ੀਸ਼ਨ ਸਪੱਸ਼ਟ ਕਰਨ ਲਈ ਬਿਆਨ ਦੇਣ ਦੀ ਖੇਚਲ ਕਰਨ।

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ): ਇਸ ਸਾਲ ਪੰਜਾਬ ਵਿਚ ਆਲੂ ਦੀ ਫਸਲ ਤਕਰੀਬਨ 40,000 ਹੈਕਟੇਅਰ ਰਕਬੇ ਵਿਚ ਬੀਜੀ ਗਈ ਹੈ, ਜਿਸ ਦੀ ਉਪਜ ਦਾ ਅਨੁਮਾਨ ਤਕਰੀਬਨ 8 ਲੱਖ ਟਨ ਹੈ। ਹੁਣ ਵਾਲੀ ਫਸਲ ਦੀ ਪੁਟਾਈ ਨਵੰਬਰ, 1981 ਤੋਂ ਸ਼ੁਰੂ ਹੈ ਅਤੇ ਅੰਦਾਜ਼ਨ 2 ਲੱਖ ਟਨ ਤੋਂ ਉਪਰ ਕੱਚਾ ਆਲੂ ਖਾਣ ਲਈ ਦਿੱਲੀ, ਕਲਕੱਤੇ, ਬੰਬਈ, ਮਦਰਾਸ ਆਦਿ ਵੱਖ ਵੱਖ ਭਾਰਤ ਦੀਆਂ ਮੰਡੀਆਂ ਵਿਚ ਵਿਕ ਚੁੱਕਿਆ ਹੈ। ਅਗਲੇ ਸਾਲ ਆਲੂ ਬੀਜਣ ਲਈ ਤਕਰੀਬਨ 1.60 ਲੱਖ ਟਨ ਆਲੂ ਦੇ ਬੀਜ ਦੀ ਲੋੜ ਹੈ ਜਿਹੜਾ ਕਿ ਆਉਂਦੀਆਂ ਗਰਮੀਆਂ ਦੀ ਰੁੱਤ ਤੋਂ ਪਹਿਲਾਂ ਪਹਿਲਾਂ ਰੱਖਣਾ ਪਵੇਗਾ। ਪੰਜਾਬ ਵਿਚ ਇਸ ਸਾਲ ਦੀ ਖਪਤ ਦਾ ਅੰਦਾਜ਼ਾ ਤਕਰੀਬਨ 1.00 ਲੱਖ ਟਨ ਦਾ ਹੈ। ਸੋ ਪੰਜਾਬ ਵਿਚੋਂ ਤਕਰੀਬਨ 3.5 ਲੱਖ ਟਨ ਆਲੂ ਪਹਿਲਾਂ ਵਾਂਗ ਹੀ ਪੰਜਾਬ ਦੀਆਂ ਮੰਡੀਆਂ ਵਿਚ ਜਾਂ ਕੋਲਡ ਸਟੋਰਾਂ ਵਿਚ ਭੇਜਣ ਤੋਂ ਪਹਿਲਾਂ ਜਾਂ ਪਿਛੋਂ ਜ਼ਿਮੀਦਾਰਾਂ ਵਲੋਂ ਵੇਚਣਾ ਪਵੇਗਾ। ਇਸ ਵੇਲੇ ਪੰਜਾਬ ਰਾਜ ਵਿਚ ਕੁਲ 292 ਚਾਲੂ ਕੋਲਡ ਸਟੋਰਜ਼ ਹਨ ਜਿਨ੍ਹਾਂ ਦੀ ਆਲੂ ਭੰਡਾਰ ਕਰਨ ਦੀ ਸਮਰੱਥਾ ਤਕਰੀਬਨ 5.19 ਲੱਖ ਟਨ ਹੈ ਜੋ ਕਿ ਇਸ ਵੇਲੇ ਜ਼ਿਮੀਦਾਰਾਂ ਕੋਲ ਪਏ ਆਲੂ ਨਾਲੋਂ ਜ਼ਿਆਦਾ ਹੈ। ਆਲੂ ਨਾ ਤਾਂ ਅਜੇ ਤਕ ਗਲਿਆ ਸੜਿਆ ਹੈ ਅਤੇ ਨਾ ਹੀ ਸਟੋਰ ਕਰਨ ਦੀ ਵਜ੍ਹਾ ਕਾਰਨ ਗਲੇਗਾ, ਸੜੇਗਾ। ਸਰਕਾਰ ਪਾਸ ਆਲੂਆਂ ਦੀ ਗਲਨ, ਸੜਨ ਦੀ ਰਿਪੋਰਟ ਨਹੀਂ ਪੁੱਜੀ ਹੈ। ਪੰਜਾਬ ਸਰਕਾਰ ਵਲੋਂ ਕੋਲਡ ਸਟੋਰਾਂ ਨੂੰ ਚਾਲੂ ਰਖਣ ਲਈ ਬਿਜਲੀ ਦੇਣ ਦਾ ਪ੍ਰਬੰਧ ਪਰਮ ਅਗੇਤ ਤੌਰ ਤੇ ਕੀਤਾ ਗਿਆ ਹੈ। ਜਿਥੋਂ ਤਕ ਨਵੀਂ ਆਲੂਆਂ ਦੀ ਫਸਲ ਦੇ ਭਾਅ ਦਾ ਮਸਲਾ ਹੈ, ਪਿਛਲੇ ਸਾਲਾਂ ਵਾਂਗੂ ਆਲੂ ਦੀ ਫਸਲ ਦੀ ਪੁਟਾਈ ਸਮੇਂ ਜਿਸ ਤਰ੍ਹਾਂ ਪਹਿਲਾਂ ਭਾਅ ਤੇ ਅਸਰ ਪੈਂਦਾ ਸੀ, ਇਸ ਸਾਲ ਵੀ ਅਸਰ ਪਿਆ ਹੈ। ਪਰ ਫਿਰ ਵੀ ਅੱਜ ਕੱਲ੍ਹ ਪੰਜਾਬ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਦੀਆਂ ਮੁੱਖ ਮੰਡੀਆਂ ਵਿਚ ਆਲੂਆਂ ਦਾ ਭਾਅ ਜ਼ਿਮੀਦਾਰਾਂ ਨੂੰ 40 ਰੁਪਏ ਤੋਂ 50 ਰੁਪਏ ਪ੍ਰਤੀ ਕੁਇੰਟਲ ਤਕ ਮਿਲ ਰਿਹਾ ਹੈ।

ਸਕੱਤਰ, ਖੇਤੀਬਾੜੀ, ਭਾਰਤ ਸਰਕਾਰ ਦੁਆਰਾ ਇਕ ਮੀਟਿੰਗ 24 ਫਰਵਰੀ, 1982 ਨੂੰ ਹੋਈ ਇਸ ਵਿਚ ਸੰਯੁਕਤ ਡਾਇਰੈਕਟਰ, ਬਾਗਬਾਨੀ ਅਤੇ ਵਧੀਕ ਐਮ. ਡੀ., ਮਾਰਕਫੈਡ, ਪੰਜਾਬ ਨੇ ਹਿੱਸਾ ਲਿਆ। ਇਸ ਤੋਂ ਇਲਾਵਾ ਯੂ.ਪੀ. ਅਤੇ ਹੋਰ ਸੂਬਿਆਂ ਦੇ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ। ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਸੀ ਕਿ 4,000 ਟਨ ਮਾਰਕਫੈਡ ਨੇ ਆਪਣੇ ਤੌਰ ਤੇ ਅਤੇ 2,000 ਟਨ ਨੈਫਡ ਦੇ ਤੌਰ ਤੇ ਖਰੀਦੇ। ਇਸ ਤੋਂ ਇਲਾਵਾ 50 ਟਨ ਹਰ ਰੋਜ਼ ਨੈਸ਼ਨਲ ਕੋਆਪਰੇਟਿਵ ਮਾਰਕੀਟਿੰਗ ਫੈਡਰੇਸ਼ਨ ਦੇ ਵਜੋਂ ਵੀ ਖਰੀਦੇ ਜਦ ਕਿ ਆਲੂਆਂ ਦੀ ਕੀਮਤ 50 ਰੁਪਏ ਪ੍ਰਤੀ ਕੁਇੰਟਲ ਤੋਂ ਡਿਗੀ। ਬਾਗਬਾਨੀ ਅਤੇ ਮਾਰਕਫੈਡ ਨੂੰ ਵੀ ਹਦਾਇਤ ਕੀਤੀ ਗਈ ਕਿ ਉਹ ਸਰਕਾਰ ਨੂੰ ਰੋਜ਼ਾਨਾ ਆਲੂਆਂ ਦੀ ਪਹੁੰਚ ਕੀਮਤ, ਖਰੀਦੀ ਗਈ ਮਿਕਦਾਰ ਦੇ ਬਾਰੇ ਸੂਚਨਾ ਭੇਜਣ ਅਤੇ ਛੇਤੀ ਹੀ ਇਹ ਸੂਚਨਾ ਪਹੁੰਚਣੀ ਸ਼ੁਰੂ ਹੋ ਜਾਵੇਗੀ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਖੇਤਾਂ ਵਿਚ ਆਲੂ ਸੜ ਨਹੀਂ ਰਿਹਾ ਹੈ। ਇਸ ਦੇ ਲਈ ਮੇਰੀ ਬੇਨਤੀ ਹੈ ਕਿ ਕ੍ਰਿਪਾ ਕਰਕੇ ਵਜ਼ੀਰ ਸਾਹਿਬ ਸਰਕਾਰੀ ਗੱਡੀ ਲੈ ਕੇ ਦੁਬਾਰਾ ਪਿੰਡਾਂ ਵਿਚ ਜਾਣ। ਗੁਰਦਾਸਪੁਰ, ਜਲੰਧਰ ਅਤੇ ਮਾਲਵੇ ਵਿਚ ਜਾਣ ਅਤੇ ਵੇਖਣ ਕਿ ਕਿਸ ਤਰ੍ਹਾਂ ਆਲੂਆਂ ਦੇ ਢੇਰ ਲਗੇ ਹੋਏ ਪਏ ਹਨ ਔਰ ਮੰਡੀਆਂ ਵਿਚ ਆਲੂ ਰੁਲਦਾ ਪਿਆ ਹੈ। 4,000 ਟਨ ਮਾਰਕਫੈਡ ਅਤੇ 2,000 ਟਨ ਨੈਫਡ ਵਾਲੇ ਖਰੀਦਣਾ ਹੀ ਕਾਫੀ ਨਹੀਂ ਹੈ। ਕੀ ਪੰਜਾਬ ਸਰਕਾਰ ਜੋ ਕਿਸਾਨਾਂ ਦਾ ਆਲੂ ਸੜ ਰਿਹਾ ਹੈ ਉਸ ਨੂੰ ਐਕਸਪੋਰਟ ਕਰਾਉਣਗੇ ਜਾਂ ਹੋਰ ਜ਼ਿਆਦਾ ਆਲੂ ਖਰੀਦਣ ਦਾ ਪ੍ਰਬੰਧ ਸਰਕਾਰ ਕਰੇਗੀ ? ਕਿਸਾਨਾਂ ਨੂੰ 60 ਜਾਂ 65 ਰੁਪਏ ਬੋਰੀ ਦਾ ਭਾਅ ਦੇਣ ਲਈ ਸਰਕਾਰ ਕੋਈ ਪ੍ਰਬੰਧ ਕਰੇਗੀ ?

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਆਲੂਆਂ ਦੀ ਫਸਲ ਤਕਰੀਬਨ 40,000 ਹੈਕਟੇਅਰ ਰਕਬੇ ਵਿਚ ਬੀਜੀ ਗਈ ਹੈ ਔਰ ਅਨੁਮਾਨ ਹੈ ਕਿ 8 ਲੱਖ ਟਨ ਆਲੂ ਪੰਜਾਬ ਦੀ ਪੈਦਾਵਾਰ ਹੋਵੇਗੀ। 40% ਜਲੰਧਰ ਵਿਚ, 35% ਹੁਸ਼ਿਆਰਪੁਰ ਵਿੱਚ ਆਲੂ ਪੈਦਾ ਹੁੰਦੇ ਹਨ ਔਰ 25% ਬਾਕੀ ਸਾਰੇ ਪੰਜਾਬ ਵਿਚ ਹੁੰਦੇ ਹਨ। ਜਲੰਧਰ, ਹੁਸ਼ਿਆਰਪੁਰ ਵਿਚ ਤਕਰੀਬਨ ਨਵੰਬਰ ਵਿਚ ਪੁਟਾਈ ਸ਼ੁਰੂ ਹੋ ਜਾਂਦੀ ਹੈ। ਹੁਣ ਤਕ 2 ਲਖ ਟਨ ਆਲੂ ਬੰਬਈ, ਮਦਰਾਸ, ਕਲਕੱਤਾ ਅਤੇ ਦੂਜੇ ਸ਼ਹਿਰਾਂ ਵਿਚ ਭੇਜ ਦਿਤਾ ਗਿਆ ਹੈ। 1.60 ਲੱਖ ਟਨ ਸੀਡ ਵਾਸਤੇ ਜ਼ਿਮੀਦਾਰਾਂ ਨੇ ਲੈਣਾ ਹੈ। ਸਾਡੇ ਕੋਲ ਇਸ ਵੇਲੇ 2 ਲੱਖ ਟਨ ਆਲੂ ਹੈ ਔਰ ਤਕਰੀਬਨ 292 ਕੋਲਡ ਸਟੋਰਜ਼ ਹਨ ਜਿਨ੍ਹਾਂ ਦੀ ਸਮਰੱਥਾ 5.19 ਲੱਖ ਟਨ ਹੈ। ਮੈਂ ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਹ ਕਿਸਾਨਾਂ ਵਾਸਤੇ ਕਾਫੀ ਹੈ। 4 ਲੱਖ 40 ਹਜ਼ਾਰ ਟਨ ਆਲੂਆਂ ਦਾ ਅਸੀਂ ਇੰਤਜ਼ਾਮ ਕੀਤਾ ਹੋਇਆ ਹੈ। ਮਿਤੀ 24 ਫਰਵਰੀ, 1982 ਨੂੰ ਗੌਰਮਿੰਟ ਆਫ਼ ਇੰਡੀਆ ਦੇ ਸੈਕਟਰੀ ਐਗਰੀਕਲਚਰ, ਨੇ ਮੀਟਿੰਗ ਬੁਲਾਈ ਸੀ ਜਿਸ ਵਿਚ ਸਾਡੇ ਐਮ. ਡੀ. ਸਾਹਿਬ ਮਾਰਕਫੈਡ ਦੇ ਅਤੇ ਜੁਆਇੰਟ ਸੈਕਟਰੀ ਹੋਰਟੀਕਲਚਰ ਦੇ ਉਥੇ ਗਏ ਸੀ। ਉਥੇ ਮੀਟਿੰਗ ਵਿਚ ਫੈਸਲਾ ਹੋਇਆ ਕਿ 50 ਟਨ ਹਰ ਰੋਜ਼ ਮਾਰਕਫੈਡ ਐਨ. ਸੀ.ਸੀ.ਐਫ. ਰਾਹੀਂ ਖਰੀਦ ਕਰੇਗਾ। ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਹਦਾਇਤ ਕੀਤੀ ਹੋਈ ਹੈ ਕਿ ਹੋਰਟੀਕਲਚਰ ਅਤੇ ਮਾਰਕਫੈਡ ਵਾਲੇ ਰੋਜ਼ ਇਤਲਾਹ ਦੇਣਗੇ ਕਿ ਮੰਡੀਆਂ ਵਿਚ ਕਿਤਨਾ ਆਲੂ ਆ ਰਿਹਾ ਹੈ ਔਰ ਕਿਤਨਾ ਖਰੀਦਿਆ ਜਾ ਰਿਹਾ ਹੈ। 50 ਰੁਪਏ ਦਾ ਜੋ ਭਾਅ ਹੈ ਉਸ ਦੇ ਮੁਤਾ-

Original with;
Punjab Vidhan Sabha
Digitized by;
Panjab Digital Library

ਬਿਕ ਹੀ ਆਲੂਆਂ ਨੂੰ ਚੁੱਕਣ ਦਾ ਸਰਕਾਰ ਪ੍ਰਬੰਧ ਕਰੇਗੀ। ਸਪੀਕਰ ਸਾਹਿਬ, 1978 ਵਿਚ ਆਲੂ ਜ਼ਰੂਰ ਸੜੇ ਸਨ ਪਰ ਹੁਣ ਮੰਡੀਆਂ ਵਿਚ ਆਲੂ 50 ਰੁਪਏ ਬੋਰੀ ਤੋਂ ਘੱਟ ਨਹੀਂ ਵਿਕ ਰਿਹਾ।

**ਜਥੇਦਾਰ ਉਜਾਗਰ ਸਿੰਘ ਸੇਖਵਾਂ**: ਸਪੀਕਰ ਸਾਹਿਬ, ਆਲੂ ਕਿਸਾਨਾਂ ਨੇ ਪੈਦਾ ਕਰਨੇ ਹਨ ਪਰ ਆਲੂਆਂ ਦਾ ਠੀਕ ਭਾਅ ਸਰਕਾਰ ਨੇ ਦੇਣਾ ਹੁੰਦਾ ਹੈ। ਵਜ਼ੀਰ ਸਾਹਿਬ, ਹੁਣ ਇਹ ਗੱਲ ਮੰਨ ਗਏ ਹਨ। ਦੂਜਾ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ 1978 ਵਿਚ ਆਲੂ ਸੜੇ ਸਨ। ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਉਸ ਵੇਲੇ ਆਲੂ ਸੜੇ ਸਨ ਤਾਂ ਅਸੀਂ ਉਸ ਵੇਲੇ ਵੀ ਰੌਲਾ ਪਾਇਆ ਸੀ ਜਿਸ ਕਰਕੇ ਸਾਡੇ ਪਹਿਲੇ ਮੁੱਖ ਮੰਤਰੀ ਜੀ ਨੇ ਡੇਢ ਕਰੋੜ ਰੁਪਿਆ ਕਿਸਾਨਾਂ ਨੂੰ ਦਿੱਤਾ ਸੀ। ਇਸ ਲਈ ਹੁਣ ਜਿਹੜੀ ਗੌਰਮਿੰਟ ਹੈ, ਕੀ ਉਹ ਵੀ ਕਿਸਾਨਾਂ ਨੂੰ ਆਪਣੇ ਰਲੀਫ ਫੰਡ ਵਿਚੋਂ ਜਾਂ ਕਿਧਰੋਂ ਹੋਰ ਰੁਪਿਆ ਹੁਣ ਦੇਣ ਦਾ ਪ੍ਰਬੰਧ ਕਰੇਗੀ?

**ਵਿਕਾਸ ਮੰਤਰੀ**: ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਇਹ ਖੁਦ ਆਪ ਮੰਨ ਗਏ ਹਨ ਕਿ ਉਸ ਵੇਲੇ ਆਲੂ 1978 ਵਿਚ ਸੜ ਗਿਆ ਸੀ ਔਰ ਮਾਰਕਫੈਡ ਨੇ 2.92 ਕਰੋੜ ਦੇ ਆਲੂ ਖਰੀਦੇ ਸਨ ਔਰ ਘਾਟਾ ਪਿਆ ਸੀ। 3 ਕਰੋੜ ਰੁਪਏ ਦਾ ਇਸ ਦਫ਼ਾ ਪ੍ਰਬੰਧ ਕਰ ਦਿਤਾ ਹੈ। ਸਾਡੇ ਅਫਸਰ ਹਰ ਮੀਟਿੰਗ ਵਿਚ ਪਹੁੰਚਣਗੇ ਔਰ ਪਹੁੰਚ ਕੇ ਪਤਾ ਕਰਨਗੇ ਕਿ ਕਿਤੇ 50 ਰੁਪਏ ਕੁਇੰਟਲ ਤੋਂ ਥੱਲੇ ਤਾਂ ਨਹੀਂ ਆਲੂ ਰਿਹਾ। ਅਗਰ ਕੋਈ ਐਸੀ ਇਤਲਾਹ ਮਿਲੀ ਤਾਂ ਉਸ ਬਾਰੇ ਪ੍ਰਬੰਧ ਕੀਤਾ ਜਾਵੇਗਾ। ਇਸ ਵੇਲੇ ਐਨ. ਸੀ. ਸੀ. ਐਫ, ਜਲੰਧਰ ਵਿਚ ਆਲੂ 57 ਰੁਪਏ ਤੋਂ ਲੈ ਕੇ 60 ਰੁਪਏ ਤਕ ਖਰੀਦ ਰਿਹਾ ਹੈ। ਇਸ ਕਰਕੇ ਆਲੂਆਂ ਦੇ ਖਰਾਬ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

## WALK OUT

**ਕਾਮਰੇਡ ਦਰਸ਼ਨ ਸਿੰਘ** ਝਬਾਲ: ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਜੋ ਕੁਝ ਇਹ ਕਹਿੰਦੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। ਡਾਕਟਰ ਸਾਹਿਬ, ਪੇਪਰ ਲੇਅ ਕਰੋ।

(ਇਸ ਵਕਤ ਮਾਨਯੋਗ ਮੈਂਬਰ ਕਾਮਰੇਡ ਦਰਸ਼ਨ ਸਿੰਘ ਝਬਾਲ ਅਤੇ ਉਨ੍ਹਾਂ ਦੀ ਪਾਰਟੀ (ਸੀ. ਪੀ. ਐਮ.) ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰਜ਼ ਵਾਕ ਆਊਟ ਕਰ ਗਏ।)

## PAPERS LAID/RELAID ON THE TABLE

**Finance Minister (Doctor Kewal Krishan)**: Sir, I beg to lay on the Table the Statements explaining the reasons for delay in laying the Annual Reports of the Punjab Backward Classes Land Development and Finance Corporation for the years 1979-80 and 1980-81, before the House within the prescribed period.

**Finance Minister (Doctor Kewal Krishan)**: Sir, I beg to relay on the Table the Punjab Motor Vehicles (Second Amendment) Rules, 1981, as required under section 133(3) of the Motor Vehicles Act, 1939.

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

## RESOLUTION *Re.* TAKING OF EFFECTIVE STEPS TO POPULARISE THE SPORTS AND IMPROVE THEIR STANDARDS IN RHE STATE

**ਸਰਦਾਰ ਜਗਤ ਸਿੰਘ** (ਖਰੜ): ਮੈਂ ਮੂਵ ਕਰਦਾ ਹਾਂ "ਇਹ ਸਦਨ ਰਾਜ ਸਰਕਾਰ ਨੂੰ ਰਾਜ ਵਿੱਚ ਖੇਡਾਂ ਨੂੰ ਹਰਮਨ ਪਿਆਰਾ ਬਣਾਉਣ ਅਤੇ ਉਨ੍ਹਾਂ ਦਾ ਮਿਆਰ ਉਚਾ ਚੁੱਕਣ ਲਈ ਪ੍ਰਭਾਵੀ ਕਦਮ ਉਠਾਉਣ ਦੀ ਸਿਫਾਰਸ਼ ਕਰਦਾ ਹੈ।

ਸਪੀਕਰ ਸਾਹਿਬ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨੂੰ ਇਸ ਵਾਸਤੇ ਬੋਲਣ ਲਈ ਟਾਈਮ ਦਿੱਤਾ ਹੈ। ਭਾਰਤ ਵਿਚ ਜਦੋਂ ਖੇਡਾਂ ਦਾ ਨਾਂ ਹੀ ਲਿਆ ਜਾਂਦਾ ਹੈ ਤਾਂ ਹਰ ਵਿਅਕਤੀ ਦੀ ਨਜ਼ਰ ਅਤੇ ਸੋਚ ਪੰਜਾਬ ਵੱਲ ਜਾਂਦੀ ਹੈ ਕਿਉਂਕਿ ਪੰਜਾਬ ਦਾ ਵਿਰਸਾ ਅਤੇ ਪਿਛੋਕੜ ਖੇਡਾਂ ਨਾਲ ਖਾਸ ਤੌਰ ਤੇ ਜੁੜਿਆ ਹੀ ਨਹੀਂ ਹੋਇਆ ਬਲਕਿ ਪੰਜਾਬ ਦੇਸ਼ ਵਿੱਚ ਖੇਡਾਂ ਦਾ ਮੋਹਰੀ ਹੈ। ਪੰਜਾਬ ਨੇ ਮੇਜਰ ਧਿਆਨ ਚੰਦ ਅਤੇ ਸਰਦਾਰ ਬਲਬੀਰ ਸਿੰਘ ਵਰਗੇ ਹਾਕੀ ਖਿਡਾਰੀ ਪੈਦਾ ਕੀਤੇ ਹਨ ਜਿਨ੍ਹਾਂ ਦੀ ਖੇਡ ਦੀ ਪ੍ਰਸ਼ੰਸਾ ਕਦੇ ਸਾਰੀ ਦੁਨੀਆਂ ਵਿਚ ਹੋ ਚੁੱਕੀ ਹੈ। ਮਿਲਖਾ ਸਿੰਘ ਵਰਗੇ ਐਥਲੀਟ ਜਿਨ੍ਹਾਂ ਨੂੰ 'ਉਡਣਾ ਸਿੱਖ' ਦਾ ਖਿਤਾਬ ਮਿਲ ਚੁੱਕਾ ਹੈ ਪੰਜਾਬ ਦਾ ਖੇਡਾਂ ਵਿਚ ਯੋਗਦਾਨ ਦਰਸਾਉਂਦੇ ਹਨ। ਸਭ ਨੂੰ ਹੀ ਪਤਾ ਹੈ ਕਿ ਭਾਰਤ ਅੱਜ ਜਿਥੇ ਖੇਡਾਂ ਵਿਚ ਖੜ੍ਹਾ ਹੈ ਉਹ ਕੋਈ ਐਡੇ ਵੱਡੇ

10.35 ਪੂਰਵ ਦੁਪਹਿਰ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਦੇਸ਼ ਲਈ ਢੁਕਵੀਂ ਥਾਂ ਨਹੀਂ। ਜਦੋਂ ਕਿ ਦੁਨੀਆਂ ਦੇ ਹੋਰ ਛੋਟੇ ਛੋਟੇ ਦੇਸ਼ ਅੰਤਰ ਰਾਸ਼ਟਰੀ ਖੇਡਾਂ ਵਿਚ ਆਪਣੇ ਦੇਸ਼ਾਂ ਦਾ ਨਾਂ ਸੋਨੇ ਦੇ ਤਗਮੇਂ ਜਿੱਤ ਕੇ ਚਮਕਾਉਂਦੇ ਹਨ। ਸਾਨੂੰ ਵੇਖਣਾ ਪਵੇਗਾ ਕਿ ਅਸੀਂ ਖੇਡਾਂ ਵਿਚ ਕਿਉਂ ਪਿੱਛੇ ਹਾਂ। ਇਸਦਾ ਕਾਰਨ ਇਹੀ ਹੋ ਸਕਦਾ ਹੈ ਕਿ ਸਾਡੇ ਦੇਸ਼ ਵਿਚ ਖਿਡਾਰੀਆਂ ਦਾ ਮਾਣ ਉਨ੍ਹਾਂ ਦੀ ਸੰਭਾਲ ਅਤੇ ਉਨ੍ਹਾਂ ਦੀ ਸਿਖਲਾਈ ਚੰਗੇ ਪੱਧਰ ਦੀ ਨਹੀਂ ਜਿਹੜੀ ਕਿ ਹੋਣੀ ਚਾਹੀਦੀ ਹੈ। ਆਪ ਸਾਰਿਆਂ ਨੂੰ ਪਤਾ ਹੀ ਹੋਵੇਗਾ ਕਿ 'ਕੁਆਲਾ-ਲੰਪੁਰ' ਵਿਖੇ 1975 ਵਿਚ ਭਾਰਤ ਨੇ ਵਿਸ਼ਵ ਹਾਕੀ ਕੱਪ ਜਿੱਤਿਆ ਸੀ। ਮੈਂ ਇਹ ਬੜੇ ਮਾਨ ਨਾਲ ਕਹਿ ਸਕਦਾ ਹਾਂ ਕਿ ਉਸ ਹਾਕੀ ਟੀਮ ਦੀ ਸਮੁੱਚੀ ਤਿਆਰੀ ਉਸ ਵੇਲੇ ਦੀ ਪੰਜਾਬ ਦੀ ਕਾਂਗਰਸ ਸਰਕਾਰ ਨੇ ਕਰਵਾਈ ਸੀ।

ਸਾਨੂੰ ਬਹੁਤ ਖੁਸ਼ੀ ਹੈ ਕਿ ਇਸ ਸਾਲ ਸਾਡੇ ਦੇਸ਼ ਵਿਚ ਦਿੱਲੀ ਵਿਖੇ 'ਏਸ਼ੀਅਨ ਗੇਮਜ਼ ਹੋ ਰਹੀਆਂ ਹਨ। ਇਸ ਮੌਕੇ ਤੇ ਸਾਡੇ ਦੇਸ਼ ਦੇ ਲੋਕਾਂ ਨੂੰ ਖੇਡਾਂ ਵਿਚ ਅਗਾਂਹ ਵਧੂ ਦੇਸ਼ਾਂ ਦੇ ਖਿਡਾ-ਰੀਆਂ ਦੇ ਕਮਾਲ ਵੇਖਣ ਦਾ ਮੌਕਾ ਮਿਲੇਗਾ ਅਤੇ ਸਾਡੇ ਦੇਸ਼ ਦੇ ਖਿਡਾਰੀਆਂ ਵਿਚ ਵੀ ਖੇਡਾਂ ਪ੍ਰਤੀ ਬਹੁਤ ਹੀ ਜ਼ਿਆਦਾ ਜਾਗਰਤੀ ਆਵੇਗੀ।

ਸਾਨੂੰ ਬਹੁਤ ਹੀ ਅਫਸੋਸ ਹੈ ਕਿ ਸਾਡੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਜੀ ਨੇ ਇਨ੍ਹਾਂ ਏਸ਼ੀਅਨ ਖੇਡਾਂ ਦਾ ਭਾਰਤ ਵਿਚ ਕਰਾਉਣ ਸਬੰਧੀ ਵਿਰੋਧ ਕੀਤਾ ਸੀ ਜਿਸ ਨਾਲ ਸਾਡੇ ਖਿਡਾਰੀਆਂ ਅਤੇ ਖੇਡ ਪ੍ਰਸ਼ੰਸਕਾਂ ਨੂੰ ਬਹੁਤ ਵੱਡਾ ਧੱਕਾ ਲੱਗਾ ਸੀ। ਹੁਣ ਸਾਨੂੰ ਮਾਣ ਹੈ ਕਿ ਸਾਡੇ ਪ੍ਰਧਾਨ ਮੰਤਰੀ, ਸ਼੍ਰੀਮਤੀ ਇੰਦਰਾ ਗਾਂਧੀ ਜੀ ਦੀ ਸਰਕਾਰ ਨੇ ਨਿੱਜੀ ਧਿਆਨ ਦੇ ਕੇ ਇਹ ਖੇਡਾਂ ਸਾਡੇ ਦੇਸ਼ ਵਿਚ ਕਰਾਉਣ ਦਾ ਮਾਣ ਪ੍ਰਾਪਤ ਕੀਤਾ ਹੈ। ਇਹ ਹੋਰ ਵੀ ਖੁਸ਼ੀ ਦੀ ਗੱਲ ਹੈ

Original with; Punjab Vidhan Sabha Digitized by; Panjab Digital Library

ਕਿ ਇਨ੍ਹਾਂ ਖੇਡਾਂ ਦੀ ਸਭ ਤੋਂ ਵੱਡੀ ਕਮੇਟੀ ਦੇ ਚੇਅਰਮੈਨ ਭਾਰਤ ਦੇ ਸਿਵਲ ਸਪਲਾਈ ਅਤੇ ਪੁਨਰ-ਵਾਸ ਮੰਤਰੀ ਸਰਦਾਰ ਬੂਟਾ ਸਿੰਘ ਜੀ ਹਨ (ਥੰਪਿੰਗ) ਜੋ ਕਿ ਪੰਜਾਬ ਨਾਲ ਸਬੰਧਤ ਹਨ। ਮੈਂ ਵੀ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਏਸ਼ੀਅਨ ਖੇਡਾਂ ਵਿਚ ਵੀ ਸਾਡੇ ਦੇਸ਼ ਵਿਚੋਂ ਪੰਜਾਬ ਹੀ ਮੋਹਰੀ ਹੋਵੇਗਾ। ਇਹ ਸਾਡੇ ਸੂਬੇ ਦਾ ਖੇਡਾਂ ਪ੍ਰਤੀ ਯੋਗਦਾਨ ਦਾ ਹੀ ਸਦਕਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਜੀ, ਸਿੱਖਿਆ ਮੰਤਰੀ, ਅਜਨਾਲਾ ਸਾਹਿਬ ਅਤੇ ਵਿਕਾਸ ਮੰਤਰੀ ਰੰਧਾਵਾ ਸਾਹਿਬ ਨੂੰ ਇਨ੍ਹਾਂ ਜਿੱਤਾਂ ਦੀ ਹਾਰਦਿਕ ਵਧਾਈ ਦਿੰਦਾ ਹਾਂ (ਥੰਪਿੰਗ) ਜਿਨ੍ਹਾਂ ਦੀ ਯੋਗ ਅਗਵਾਈ ਸਦਕਾ ਸਾਡੇ ਸੂਬੇ ਦੇ ਖਿਡਾਰੀਆਂ ਨੇ ਇਹ ਮਾਰਕੇ ਕੌਮੀ ਪੱਧਰ ਤੇ ਮਾਰੇ ਹਨ।

ਪੰਜਾਬ ਨੇ ਪੁਰਸ਼ਾਂ ਦਾ ਰਾਸ਼ਟਰੀ ਪੱਧਰ ਦਾ ਹਾਕੀ ਮੁਕਾਬਲਾ ਲਗਾਤਾਰ ਦੂਜੀ ਵਾਰ ਫਿਰ ਜਿੱਤਿਆ ਹੈ। ਪੰਜਾਬ ਦੇ ਐਥਲੀਟਾਂ ਨੇ ਰਾਸ਼ਟਰੀ ਐਥਲੈਟਿਕ ਚੈਂਪੀਅਨਸ਼ਿਪ ਵੀ ਜਿੱਤੀ ਹੈ। ਪੰਜਾਬ ਦੀਆਂ ਇਸਤਰੀਆਂ ਨੇ ਰਾਸ਼ਟਰੀ ਇਸਤਰੀਆਂ ਦੇ ਖੇਡ ਮੁਕਾਬਲੇ ਵਿਚ ਪਹਿਲੀ ਵਾਰੀ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੰਜਾਬ ਨੇ ਅਪਾਹਜਾਂ ਲਈ ਕਰਵਾਏ ਗਏ ਰਾਸ਼ਟਰੀ ਖੇਡ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੰਜਾਬ ਦੀਆਂ ਇਸਤਰੀਆਂ ਨੇ ਲਗਾਤਾਰ ਚੌਥੀ ਵਾਰ ਬਾਸਕਿਟ ਬਾਲ ਦਾ ਮੁਕਾਬਲਾ ਇਸ ਵਾਰ ਫਿਰ ਜਿੱਤਿਆ ਹੈ। ਪੰਜਾਬ ਦੇ ਲੜਕੇ ਅਤੇ ਲੜਕੀਆਂ ਨੇ ਜੂਨੀਅਰ ਬਾਸਕਿਟ ਬਾਲ ਚੈਂਪੀਅਨਸ਼ਿਪ ਇਸ ਵਾਰ ਫੇਰ ਜਿੱਤੀ ਹੈ। ਬੀ.ਐਸ. ਐਫ. ਜਲੰਧਰ ਨੇ ਅੰਤਰ-ਰਾਸ਼ਟਰੀ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ ਵਿਚ ਜਿੱਤ ਪ੍ਰਾਪਤ ਕੀਤੀ ਹੈ। ਰਾਜ ਦੇ ਸਪੋਰ-ਟਸ ਸਕੂਲ, ਜਲੰਧਰ ਨੇ ਜੂਨੀਅਰ ਜਵਾਹਰ ਲਾਲ ਨਹਿਰੂ ਹਾਕੀ ਟੂਰਨਾਮੈਂਟ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੰਜਾਬ ਦੀ ਸ਼ੂਟਿੰਗ ਟੀਮ ਨੇ ਰਾਈਫਲ ਸ਼ੂਟਿੰਗ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੰਜਾਬ ਕੱਬਡੀ ਵਿਚ ਇਸ ਸਾਲ ਫਿਰ ਜੇਤੂ ਰਿਹਾ ਹੈ। ਹੋਰ ਕਈ ਖੇਡ ਮੁਕਾਬਲੇ ਬੈਡਮਿੰਟਨ ਜਿਮਨਾਸਟਿਕ ਆਦਿ ਵਿਚ ਵੀ ਪੰਜਾਬ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਕਈਆਂ ਵਿਚ ਦੂਜਾ ਅਤੇ ਤੀਜਾ ਸਥਾਨ ਵੀ ਪ੍ਰਾਪਤ ਕੀਤਾ ਹੈ।

ਪੰਜਾਬ ਵਲੋਂ ਗੁਰਦਾਸਪੁਰ, ਸੁਨਾਮ, ਅੰਮ੍ਰਿਤਸਰ ਅਤੇ ਬਠਿੰਡਾ ਵਿਖੇ ਲੱਖਾਂ ਰੁਪਏ ਦੀ ਲਾਗਤ ਨਾਲ ਇਨਡੋਰ ਅਤੇ ਆਊਟਡੋਰ ਸਟੇਡੀਅਮ ਬਣਵਾਏ ਗਏ ਹਨ। ਪਟਿਆਲਾ ਵਿਖੇ ਰਿੰਕ ਹਾਲ ਦੀ ਮੁਰੰਮਤ ਤੇ ਵੀ ਹਜ਼ਾਰਾਂ ਰੁਪਏ ਖਰਚ ਕੀਤੇ ਗਏ ਹਨ।

ਰਾਜ ਵਿਚ ਹੋਰ ਕਈ ਥਾਵਾਂ ਤੇ ਸਪੋਰਟਸ ਅਦਾਰਿਆਂ ਦੇ ਨਿਰਮਾਣ ਦਾ ਕੰਮ ਉਸਾਰੀ ਅਧੀਨ ਹੈ।

ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਜਲੰਧਰ ਵਿਖੇ ਸਪੋਰਟਸ ਅਕੈਡਮੀ ਚਾਲੂ ਕੀਤੀ ਹੈ ਜਿਸ ਦਾ ਕੰਮ ਫਿਲਹਾਲ ਸਪੋਰਟਸ ਕਾਲਜ ਵਿਚ ਸ਼ੁਰੂ ਹੋ ਚੁੱਕਾ ਹੈ ਅਤੇ ਜਲੰਧਰ ਦੇ ਇਪਰੂਵਮੈਂਟ ਟ੍ਰਸਟ ਨਾਲ ਜੀ. ਟੀ. ਰੋਡ ਤੇ ਅਕੈਡਮੀ ਦੀ ਇਮਾਰਤ ਲਈ ਢੁਕਵੀਂ ਥਾਂ ਪ੍ਰਾਪਤ ਕਰਨ ਸਬੰਧੀ ਗਲ ਬਾਤ ਚਲ ਰਹੀ ਹੈ। ਆਸ ਹੈ ਕਿ ਇਹ ਕੰਮ ਛੇਤੀ ਹੀ ਨੇਪਰੇ ਚਾੜ੍ਹਿਆ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਰਾਜ ਵਿਚ ਚੰਗੇ ਖਿਡਾਰੀਆਂ ਲਈ ਮੁਫਤ ਰਿਹਾਇਸ਼ੀ ਹੋਸਟਲ ਵੀ ਕਾਇਮ ਕੀਤੇ ਗਏ ਹਨ ਜਿਨ੍ਹਾਂ ਵਿਚ ਇਨ੍ਹਾਂ ਖਿਡਾਰੀਆਂ ਨੂੰ ਪੜ੍ਹਾਈ ਦੇ ਨਾਲ ਖੇਡਾਂ ਪ੍ਰਤੀ ਚੰਗੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਤ ਸਿੰਘ]

ਸਿਖਲਾਈ ਵੀ ਮੁਹੱਈਆ ਕੀਤੀ ਜਾ ਰਹੀ ਹੈ ਜਿਸ ਤੇ ਸਰਕਾਰ ਵਲੋਂ ਕੁੱਲ 4.90 ਲੱਖ ਰੁਪਏ ਚਾਲੂ ਮਾਲੀ ਸਾਲ ਵਿਚ ਖਰਚ ਕੀਤੇ ਗਏ ਹਨ ਅਤੇ 1425 ਖਿਡਾਰੀ ਇਨ੍ਹਾਂ ਹੋਸਟਲਾਂ ਵਿਚ ਇਸ ਸਹੂਲਤ ਦਾ ਲਾਭ ਲੈ ਰਹੇ ਹਨ।

ਪੰਜਾਬ ਸਰਕਾਰ ਨੇ ਚਾਲੂ ਮਾਲੀ ਸਾਲ ਦੌਰਾਨ 177.62 ਲੱਖ ਰੁਪਏ ਵੱਖ ਵੱਖ ਸਪੋਰਟਸ ਅਦਾਰਿਆਂ ਰਾਹੀਂ ਖੇਡਾਂ ਦੀ ਉੱਨਤੀ ਲਈ ਖਰਚਣ ਲਈ ਪ੍ਰਵਾਨ ਕੀਤੇ ਹਨ ਜੋ ਕਿ ਪਿਛਲੇ ਵਰ੍ਹੇ ਨਾਲੋਂ ਕਾਫੀ ਵੱਧ ਹਨ। ਸਰਕਾਰ ਨੇ ਖਿਡਾਰੀਆਂ ਦੀ ਰੋਜ਼ਾਨਾ ਖੁਰਾਕ 8 ਰੁਪਏ ਤੋਂ ਵਧਾ ਕੇ 15 ਰੁਪਏ ਖਿਡਾਰੀਆਂ ਲਈ ਕੀਤੀ ਹੈ। (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਖੇਡ ਵਿਭਾਗ, ਪੰਜਾਬ ਰਾਜ ਖੇਡ ਕੌਂਸਲ ਪੰਜਾਬ ਪੰਚਾਇਤੀ ਰਾਜ ਖੇਡ ਪ੍ਰੀਸ਼ਦ, ਯੂਵਕ ਭਲਾਈ ਵਿਭਾਗ ਅਤੇ ਸਿੱਖਿਆ ਵਿਭਾਗ ਵਿੱਚ ਸਪੋਰਟਸ ਵਿੰਗ ਆਦਿ ਪੰਜ ਅਦਾਰੇ ਖੇਡਾਂ ਦੀ ਉੱਨਤੀ ਲਈ ਕੰਮ ਕਰ ਰਹੇ ਹਨ ਜਿਨ੍ਹਾਂ ਤੇ ਸਾਡੀ ਸਰਕਾਰ ਨੂੰ ਬਹੁਤ ਮਾਣ ਹੈ। ਮੈਂ ਪੰਜਾਬ ਸਰਕਾਰ ਨੂੰ ਜਿਸਨੇ ਪਹਿਲਾਂ ਹੀ ਸੂਬੇ ਵਿਚ ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਬਹੁਤ ਉਪਰਾਲੇ ਕੀਤੇ ਹਨ, ਨੂੰ ਬੇਨਤੀ ਕਰਦਾ ਹਾਂ ਕਿ ਖੇਡਾਂ ਵਲ ਹੋਰ ਧਿਆਨ ਦਿੱਤਾ ਜਾਵੇ ਤਾਂ ਜੋ ਅਸੀਂ ਆਪਣੇ ਸੂਬੇ ਵਿਚ ਚੰਗੇ ਖਿਡਾਰੀ ਪੈਦਾ ਕਰ ਸਕੀਏ। ਇਕ ਅੰਦਾਜ਼ੇ ਅਨੁਸਾਰ ਸਾਡੇ ਦੇਸ਼ ਵਿਚ ਖੇਡਾਂ ਤੇ ਪ੍ਰਤੀ ਜੀਅ ਸਿਰਫ 4 ਪੈਸੇ ਖਰਚੇ ਜਾਂਦੇ ਹਨ, ਜੋ ਦੁਨੀਆਂ ਵਿਚ ਸਭ ਤੋਂ ਘੱਟ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਾਡੀ ਸਰਕਾਰ ਖੇਡਾਂ ਲਈ ਬਹੁਤ ਫੰਡ ਮੁਹੱਈਆ ਕਰੇ। ਮੈਂ ਰਾਜ ਸਰਕਾਰ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਸੂਬੇ ਵਿਚ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਪਹਿਲਾਂ ਹੀ ਸਾਡੀ ਪਿਛਲੀ ਕਾਂਗਰਸ ਸਰਕਾਰ ਨੇ ਖੇਡਾਂ ਦੇ ਵਿਸ਼ੇ ਨੂੰ ਲਾਜ਼ਮੀ ਬਣਾਇਆ ਸੀ ਜਿਸ ਨਾਲ ਖੇਡਾਂ ਦਾ ਮਿਆਰ ਬਹੁਤ ਉੱਚਾ ਹੋਇਆ ਹੈ। (ਵਿਘਨ) ਮੈਂ ਇਹ ਸਮਝਦਾ ਹਾਂ ਕਿ ਜੇ ਪ੍ਰਾਇਮਰੀ ਸਕੂਲਾਂ ਵਿਚ ਬੱਚਿਆਂ ਵਿਚ ਸਰਕਾਰ ਵਲੋਂ ਖੇਡਣ ਦੀ ਆਦਤ ਪਾਉਣ ਸਬੰਧੀ ਯੋਗ ਪ੍ਰਬੰਧ ਕੀਤੇ ਜਾਣ ਤਾਂ ਸਾਡੇ ਦੇਸ਼ ਵਿਚ ਆਉਣ ਵਾਲੇ ਸਮੇਂ ਲਈ ਚੰਗੇ ਸਿੱਟਿਆਂ ਦੀ ਆਸ ਕੀਤੀ ਜਾ ਸਕਦੀ ਹੈ।

ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਰਾਜ ਦੇ ਦਿਹਾਤੀ ਇਲਾਕਿਆਂ ਵਿਚ ਵੱਧ ਤੋਂ ਵੱਧ ਖੇਡਾਂ ਦੇ ਮੈਦਾਨਾਂ ਦਾ ਪ੍ਰਬੰਧ ਕਰਨ ਨਾਲ ਵੀ ਭਵਿੱਖ ਵਿਚ ਚੰਗੇ ਸਿੱਟੇ ਨਿਕਲ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਦਾ ਹਾਂ ਕਿ ਰਾਜ ਦੇ ਉਦਯੋਗਾਂ ਵਿਚ ਵੀ ਵਰਕਰਾਂ ਨੂੰ ਖੇਡਾਂ ਦੀਆਂ ਸਹੂਲਤਾਂ ਵੱਧ ਤੋਂ ਵੱਧ ਦਿਵਾਉਣੀਆਂ ਚਾਹੀਦੀਆਂ ਹਨ।

ਅੰਤ ਵਿਚ ਮੈਂ ਸਰਦਾਰ ਦਰਬਾਰਾ ਸਿੰਘ ਜੀ ਨੂੰ ਅਤੇ ਸਿੱਖਿਆ ਮੰਤਰੀ ਸਰਦਾਰ ਹਰਚਰਨ ਸਿੰਘ ਜੀ ਅਜਨਾਲਾ ਨੂੰ ਇਹ ਬੇਨਤੀ ਕਰਦਾ ਹਾਂ ਕਿ ਜੇ ਆਉਣ ਵਾਲੀਆਂ ਏਸ਼ੀਅਨ ਖੇਡਾਂ ਜੋ ਦਿੱਲੀ ਵਿਖੇ ਹੋ ਰਹੀਆਂ ਹਨ ਵਿਖੇ ਪੰਜਾਬ ਦੀ ਕਬੱਡੀ ਦੀ ਪ੍ਰਦਰਸ਼ਨੀ ਕੀਤੀ ਜਾਵੇ ਤਾਂ ਪੰਜਾ-ਬੀਆਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੋਵੇਗੀ ਕਿਉਂਕਿ ਮੈਂ ਇਹ ਸਮਝਦਾ ਹਾਂ ਕਿ ਇਹ ਸਾਡੀ ਹਰਮਨ ਪਿਆਰੀ ਖੇਡ ਇਸ ਮੌਕੇ ਤੇ ਲੋਕਾਂ ਲਈ ਨਾ ਕੇਵਲ ਨਿੱਘਾ ਦਿਲ ਪ੍ਰਚਾਵਾ ਹੀ ਬਣੇਗੀ ਸਗੋਂ ਬਾਹਰ ਤੋਂ ਆਉਣ ਵਾਲੇ ਦੇਸ਼ਾਂ ਦੇ ਲੋਕ ਵੀ ਇਸ ਨੂੰ ਅਪਨਾਉਣਗੇ ਜਿਸ ਨਾਲ ਪੰਜਾਬ ਦਾ ਬਹੁਤ ਹੀ ਮਾਣ ਵਧੇਗਾ। ਡਿਪਟੀ ਸਪੀਕਰ ਸਾਹਿਬ, ਏਨਾ ਕਹਿੰਦਾ ਹੋਇਆ ਮੈਂ ਬੈਠਦਾ ਹਾਂ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

**Mr. Deputy Speaker :** Motion moved—

This House recommends to the State Government to take effective steps to popularise the sports and improve their standards in the State.

There is a notice of amendment to this Resolution given notice of by Sardar Dalip Singh Pandhi. It will be deemed to have been read and moved and will be discussed alongwith the Resolution.

**Sardar Dalip Singh Pandhi :** That the following words be added at the end of the Resolutton :—

**"and make a budgetary provision of Rs 20 Crores annually, for this purpose.**

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਸਰਦਾਰ ਜਗਤ ਸਿੰਘ ਨੇ ਜਿਹੜਾ ਮਤਾ ਪੰਜਾਬ ਵਿੱਚ ਖੇਡਾਂ ਨੂੰ ਜ਼ਿਆਦਾ ਪ੍ਰਚੱਲਤ ਕਰਨ ਵਾਸਤੇ ਅਤੇ ਉਨ੍ਹਾਂ ਦਾ ਮਿਆਰ ਉੱਚਾ ਕਰਨ ਵਾਸਤੇ ਪੇਸ਼ ਕੀਤਾ ਹੈ, ਮੈਂ ਉਸ ਦੀ ਹਮਾਇਤ ਲਈ ਖੜ੍ਹਾ ਹੋਇਆ ਹਾਂ। ਪੰਜਾਬ ਖੇਡਾਂ ਦੇ ਮੈਦਾਨ ਵਿਚ ਸਾਰੇ ਭਾਰਤ-ਵਰਸ਼ ਤੋਂ ਅੱਗੇ ਹੈ। ਪੰਜਾਬ ਇਕ ਬਾਰਡਰ ਸਟੇਟ ਹੈ। ਪੰਜਾਬ ਦੇ ਜਿਹੜੇ ਗੱਭਰੂ ਹਨ, ਪੰਜਾਬ ਦੇ ਜਿਹੜੇ ਲੋਕ ਹਨ ਉਨ੍ਹਾਂ ਨੂੰ ਡਿਸਿਪਲਿਨ ਵਿਚ ਰਹਿਣ ਲਈ ਅਤੇ ਉਨ੍ਹਾਂ ਨੂੰ ਜਿਸਮਾਨੀ ਤੌਰ ਤੇ ਤਕੜੇ ਹੋਣ ਲਈ ਖੇਡਾਂ ਬਹੁਤ ਜ਼ਰੂਰੀ ਹਨ ਜਿਨ੍ਹਾਂ ਦੇ ਰਾਹੀਂ ਅਸੀਂ ਆਪਣੇ ਵਿਚ ਡਿਸਿਪਲਿਨ ਪੈਦਾ ਕਰ ਸਕਦੇ ਹਾਂ ਅਤੇ ਅਸੀਂ ਆਪਣੀ ਭਾਈਚਾਰੇ ਨੂੰ ਮਜ਼ਬੂਤ ਕਰ ਸਕਦੇ ਹਾਂ, ਅਸੀਂ ਜਿਸਮਾਨੀ ਤੌਰ ਤੇ ਤਕੜੇ ਹੋ ਸਕਦੇ ਹਾਂ ਤਾਂਕਿ ਅਸੀਂ ਆਪਣੇ ਸੁਹਣੇ ਪੰਜਾਬ ਦੀ ਤਰੱਕੀ ਵਿਚ ਹਿੱਸਾ ਪਾ ਸਕੀਏ। (ਥੰਪਿੰਗ)

*10.51 ਪੂਰਵ ਦੁਪਹਿਰ | *(ਇਸ ਸਮੇਂ ਸ਼੍ਰੀ ਓਮ ਪ੍ਰਕਾਸ਼ ਗੁਪਤਾ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਚੇਅਰਮੈਨ ਸਾਹਿਬ, ਪੰਜਾਬ ਵਿਚ ਖੇਡਾਂ ਦੇ ਮੈਦਾਨ ਵਿਚ 4 ਡਿਪਾਰਟਮੈਂਟਸ ਹਨ, 4 ਵਿੰਗ ਹਨ, ਜਿਨ੍ਹਾਂ ਵਲੋਂ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

ਇਕ ਸਪੋਰਟਸ ਡੀਪਾਰਟਮੈਂਟ, ਦੂਸਰਾ ਖੇਡ ਪ੍ਰੀਸ਼ਦ, ਤੀਸਰਾ ਸਕੂਲਾਂ ਵਿੱਚ ਸਪੋਰਟਸ ਵਿੰਗ ਅਤੇ ਚੌਥਾ ਡਾਇਰੈਕਟੋਰੇਟ ਆਫ਼ ਯੂਥ ਸਰਵਿਸਿਜ਼। ਚੇਅਰਮੈਨ ਸਾਹਿਬ, ਇਹ ਚਾਰ ਵਿੰਗ ਹਨ ਜਿਹੜੇ ਪੰਜਾਬ ਵਿੱਚ ਬੜੇ ਅੱਛੇ ਢੰਗ ਨਾਲ ਕੰਮ ਕਰ ਰਹੇ ਹਨ ਔਰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਬੜੇ ਵਧੀਆ ਤਰੀਕੇ ਨਾਲ ਖੇਲਾਂ ਨੂੰ ਬੜ੍ਹਾਵਾ ਦੇਣ ਦਾ ਯਤਨ ਕਰ ਰਹੀ ਹੈ ਤਾਂਕਿ ਅਸੀਂ ਆਪਣੇ ਪੰਜਾਬ ਵਿੱਚ ਅੱਛੇ ਖਿਲਾੜੀ ਪੈਦਾ ਕਰ ਸਕੀਏ ਔਰ ਪੰਜਾਬ ਦਾ ਨਾਮ ਉੱਚਾ ਕਰ ਸਕੀਏ। ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਨੇ ਬੜੇ ਉਘੇ ਔਰ ਚੰਗੇ ਚੰਗੇ ਖਿਲਾੜੀ ਪੈਦਾ ਕੀਤੇ ਹਨ। ਸਰਦਾਰ ਗੁਰਮੀਤ ਸਿੰਘ ਜਿਹੜੇ ਹਾਕੀ ਦੇ ਖਿਲਾੜੀ ਹਨ, ਉਨ੍ਹਾਂ ਨੂੰ ਪਦਮ ਸ਼੍ਰੀ ਮਿਲਿਆ ਹੈ। ਇਸੇ ਤਰ੍ਹਾਂ ਸਰਦਾਰ ਮਿਲਖਾ ਸਿੰਘ ਨੂੰ ਪਦਮ ਸ਼੍ਰੀ ਮਿਲਿਆ ਹੈ, ਜੋ ਬੜੇ ਚੰਗੇ ਐਥਲੀਟ ਹਨ। ਫੁੱਟਬਾਲ ਦੇ ਵਿੱਚ ਸਰਦਾਰ ਜਰਨੈਲ ਸਿੰਘ ਹਨ ਜਿਨ੍ਹਾਂ ਨੂੰ ਅਰਜਨ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਅਵਾਰਡ ਮਿਲਿਆ ਹੈ ਅਤੇ ਇਸੇ ਤਰ੍ਹਾਂ ਮਿਸਿਜ਼ ਮਿਲਖਾ ਸਿੰਘ ਵਾਲੀਬਾਲ ਦੇ ਅਤੇ ਮਿਸਟਰ ਭੁੱਲਰ ਕਬੱਡੀ ਦੇ ਬਹੁਤ ਚੰਗੇ ਖਿਲਾੜੀ ਹਨ। ਜਿਨ੍ਹਾਂ ਦੇ ਨਾਮ ਮੈਂ ਆਪ ਨੂੰ ਦੱਸੇ ਹਨ ਇਨ੍ਹਾਂ ਨੇ ਸਾਰੇ ਹਿੰਦੁਸਤਾਨ ਵਿੱਚ ਔਰ ਸਾਰੀ ਦੁਨੀਆਂ ਵਿੱਚ ਆਪਣਾ ਨਾਮ ਉੱਚਾ ਕੀਤਾ ਹੈ, ਪੰਜਾਬ ਦਾ ਨਾਮ ਉੱਚਾ ਕੀਤਾ ਹੈ। ਮੈਨੂੰ ਇਸ ਦਾ ਪੂਰਾ ਭਰੋਸਾ ਹੈ ਕਿ ਜਿਹੜੇ ਵਿੰਗਾਂ ਦੇ ਨਾਮ ਮੈਂ ਦੱਸੇ ਹਨ ਉਨ੍ਹਾਂ ਵਿੱਚ, ਅਰਥਾਤ ਸਪੋਰਟਸ ਡੀਪਾਰਟਮੈਂਟ ਵਿੱਚ, ਐਜੂਕੇਸ਼ਨ ਡੀਪਾਰਟਮੈਂਟ ਵਿੱਚ, ਖੇਡ ਪ੍ਰੀਸ਼ਦ ਵਿੱਚ ਅਤੇ ਡਾਇਰੈਕਟੋਰੇਟ ਆਫ਼ ਯੂਥ ਸਰਵਿਸਿਜ਼ ਵਿੱਚ, ਇਹ ਬੜਾ ਅੱਛਾ ਕੰਮ ਕਰ ਰਹੇ ਹਨ। ਜਿਥੇ, ਚੇਅਰ-ਮੈਨ ਸਾਹਿਬ ਇਸ ਮੌਕੇ ਤੇ ਮੈਂ ਤੁਹਾਡੀ ਮਾਰਫਤ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਨੇ ਇਹ ਚੰਗੇ ਚੰਗੇ ਖਿਲਾੜੀ ਪੈਦਾ ਕੀਤੇ ਹਨ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਪੰਜਾਬ ਦੇ ਅੰਦਰ ਖੇਡਾਂ ਦਾ ਸਾਰਾ ਪ੍ਰਬੰਧ ਹੈ ਅਤੇ ਉਨ੍ਹਾਂ ਦੀ ਗਾਈਡੈਂਸ ਨਾਲ ਕੰਮ ਬਹੁਤ ਚੰਗਾ ਚਲ ਰਿਹਾ ਹੈ ਉਥੇ ਮੈਂ ਇਹ ਸੁਝਾਉ ਵੀ ਦੇਣਾ ਚਾਹੁੰਦਾ ਹਾਂ ਇਨ੍ਹਾਂ ਚਾਰ ਵਿੰਗਾਂ—ਐਜੂਕੇਸ਼ਨ ਡੀਪਾਰਟਮੈਂਟ, ਸਪੋਰਟਸ ਡੀ-ਪਾਰਟਮੈਂਟ, ਖੇਡ ਪ੍ਰੀਸ਼ਦ ਔਰ ਡਾਇਰੈਕਟੋਰੇਟ ਆਫ਼ ਯੂਥ ਸਰਵਿਸਿਜ਼—ਇਨ੍ਹਾਂ ਚਾਰ ਡੀਪਾਰਟਮੈਂਟ ਦੀ ਇਕ ਐਸੀ ਕੋਆਰਡੀਨੇਸ਼ਨ ਕਮੇਟੀ ਬਣਾਉਣੀ ਚਾਹੀਦੀ ਹੈ ਜਿਸ ਦੇ ਨਾਲ ਇਨ੍ਹਾਂ ਦਾ ਆਪਸ ਵਿੱਚ ਤਾਲ ਮੇਲ ਹੋ ਸਕੇ ਅਤੇ ਅੱਛੇ ਢੰਗ ਨਾਲ ਪੰਜਾਬ ਵਿੱਚ ਖੇਲਾਂ ਦਾ ਪ੍ਰਬੰਧ ਕਰਕੇ ਇਸ ਨੂੰ ਹੋਰ ਪ੍ਰਚੱਲਤ ਕਰ ਸਕਣ ਅਤੇ ਇਕ ਨਵੀਂ ਸੇਧ ਦੇ ਸਕਣ ਜਿਸ ਦੇ ਨਾਲ ਅਸੀਂ ਸਪੋਰਟਸ ਵਿੱਚ ਹੋਰ ਤਰੱਕੀ ਕਰ ਸਕੀਏ। ਮੇਰੀ ਇਹ ਵੀ ਰਾਏ ਹੈ ਕਿ ਜਿਸ ਤਰ੍ਹਾਂ ਸਰਦਾਰ ਗੁਰਮੀਤ ਸਿੰਘ ਸਪੋਰਟਸ ਡੀਪਾਰਟਮੈਂਟ ਦੇ ਡਾਇਰੈਕਟਰ ਹਨ ਅਤੇ ਹਾਕੀ ਦੇ ਬੜੇ ਮਾਹਿਰ ਹਨ ਉਹ ਹਾਕੀ ਦੀ ਟੀਮ ਤਿਆਰ ਕਰਨ ਅਤੇ ਇਸੇ ਤਰ੍ਹਾਂ ਸਰਦਾਰ ਮਿਲਖਾ ਸਿੰਘ ਜੋ ਬੜੇ ਅੱਛੇ ਐਥਲੀਟ ਹਨ ਉਹ ਐਥਲੈਟਿਕਸ ਵਲ ਉਚੇਚਾ ਧਿਆਨ ਦੇ ਕੇ ਚੰਗੇ ਚੰਗੇ ਐਥਲੀਟ ਤਿਆਰ ਕਰਨ ਅਤੇ ਇਸ ਤਰ੍ਹਾਂ ਹੋਰ ਸੱਜਣ ਜੋ ਵੱਖ ਵੱਖ ਡੀਪਾਟਮੈਂਟਸ ਵਿੱਚ ਕੰਮ ਕਰਦੇ ਹਨ ਉਨ੍ਹਾਂ ਨੂੰ ਇਕੋ ਪੱਧਰ ਤੇ ਇਕੱਠਿਆਂ ਕਰਕੇ ਇਨ੍ਹਾਂ ਨੂੰ ਆਪਣੀਆਂ ਆਪਣੀਆਂ ਆਪਣੀਆਂ ਟੀਮਾਂ ਤ੍ਰਿਆਰ ਕਰਨੀਆਂ ਚਾਹੀਦੀਆਂ ਹਨ ਤਾਂਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਨਾਮ ਹੋਰ ਉੱਚਾ ਹੋ ਸਕੇ, ਹੋਰ ਰੋਸ਼ਨ ਹੋ ਸਕੇ।

ਚੇਅਰਮੈਨ ਸਾਹਿਬ, ਮੈਂ ਤੁਹਾਡੀ ਮਾਰਫਤ ਆਪਣੀ ਪੰਜਾਬ ਸਰਕਾਰ ਨੂੰ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਜਿਹੜੇ ਖਿਲਾੜੀ ਹਨ ਉਹ ਆਮ ਤੌਰ ਤੇ ਗਰੀਬ ਘਰਾਣਿਆਂ ਵਿੱਚੋਂ ਜਾਂ ਦਰਮਿਆਨੇ ਤਬਕੇ ਦੇ ਘਰਾਣਿਆਂ ਵਿੱਚ ਆਉਂਦੇ ਹਨ ਕਿਉਂਕਿ ਅਮੀਰ ਆਦਮੀਆਂ ਦੇ ਬੱਚੇ ਤਾਂ ਆਪਣੇ ਸਰੀਰ ਨੂੰ ਕਸ਼ਟ ਦੇਣ ਲਈ ਤਿਆਰ ਨਹੀਂ ਹੁੰਦੇ, ਇਸ ਲਈ ਇਨ੍ਹਾਂ ਗਰੀਬ ਅਤੇ ਦਰਮਿਆਨੇ ਤਬਕਿਆਂ ਦੇ ਘਰਾਣਿਆਂ ਦੇ ਬੱਚਿਆਂ ਨੂੰ, ਨੌਜਵਾਨਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਪੜ੍ਹਾਈ, ਖੁਰਾਕ ਔਰ ਨੌਕਰੀ ਵਲ ਧਿਆਨ ਦੇਣਾ ਚਾਹੀਦਾ ਹੈ। ਗਰੀਬ ਆਦਮੀ ਜੋ ਹੁੰਦਾ ਹੈ ਉਹ ਆਪਣੇ ਬੱਚਿਆਂ ਨੂੰ ਚੰਗੀ ਖੁਰਾਕ ਨਹੀਂ ਦੇ ਸਕਦਾ, ਖੇਡਾਂ ਵਾਸਤੇ ਉਸ ਨੂੰ ਚੰਗੀਆਂ ਸਹੂਲਤਾਂ ਨਹੀਂ ਦੇ ਸਕਦਾ, ਇਸ ਲਈ ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਖੁਰਾਕ ਦਾ ਸਰਕਾਰ ਨੂੰ ਵੀ ਧਿਆਨ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਪੜ੍ਹਾਈ ਵਿੱਚ ਮੁਫ਼ਤ ਕਿਤਾਬਾਂ ਦੇਣੀਆਂ ਚਾਹੀਦੀਆਂ ਹਨ। ਮੈਂ ਤਾਂ, ਚੇਅਰਮੈਨ ਸਾਹਿਬ ਇਥੋਂ ਤਕ ਵੀ ਕਹਾਂਗਾ ਕਿ ਜਿਹੜੇ ਬਚੇ ਖੇਲਾਂ ਵਿਚ ਜ਼ਿਆਦਾ ਰੁਚੀ ਰਖਦੇ ਹਨ, ਜ਼ਿਆਦਾ ਸ਼ੌਕ ਰਖਦੇ ਹਨ ਉਨ੍ਹਾਂ ਦੀ ਪੜ੍ਹਾਈ ਵਿਚ ਰੁਚੀ ਕੁਝ ਘਟ ਜਾਂਦੀ ਹੈ। ਜੇ ਪੰਜਾਬ ਸਰਕਾਰ ਇਸ ਦੇ ਵਿਚ ਉਸ ਨੂੰ ਇਮਤਿਹਾਨਾਂ ਵਿਚ 2, 4 ਜਾਂ 5 ਨੰਬਰ ਗਰੇਸ ਮਾਰਕਸ ਵੀ ਦੇ ਦੇਵੇ, ਤਾਂਕਿ ਖੇਲਾਂ ਵਿੱਚ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਨੂੰ ਹੋਰ ਉਤਸ਼ਾਹ ਮਿਲ ਸਕੇ, ਤਾਂ ਇਹ ਬੜੀ ਅੱਛੀ ਗਲ ਹੋਵੇਗੀ। ਇਸ ਪਾਸੇ ਵੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀਆਂ ਖੇਲਾਂ ਨੂੰ ਹੋਰ ਚੰਗਾ ਕਰਨ ਵਾਸਤੇ, ਪੰਜਾਬ ਪੱਧਰ ਤੇ, ਨੈਸ਼ਨਲ ਪੱਧਰ ਤੇ, ਇੰਟਰਨੈਸ਼ਨਲ ਪੱਧਰ ਤੇ ਖੇਡਣ ਲਈ ਸਾਡੀਆਂ ਟੀਮਾਂ ਨੇ ਕੋਚਿੰਗ ਵਾਸਤੇ ਜਾਂ ਪ੍ਰੈਕਟਿਸ ਵਾਸਤੇ ਜਾਣਾ ਹੁੰਦਾ ਹੈ ਤਾਂ ਉਨ੍ਹਾਂ ਨੂੰ ਕਦੇ ਕਿਸੇ ਜ਼ਿਲ੍ਹੇ ਵਿੱਚ ਅਤੇ ਕਦੇ ਕਿਸੇ ਜ਼ਿਲ੍ਹੇ ਵਿੱਚ ਭੇਜਿਆ ਜਾਂਦਾ ਹੈ ਜਿਸ ਦੇ ਨਾਲ ਉਨ੍ਹਾਂ ਦੀ ਪ੍ਰੈਕਟਿਸ ਅੱਛੀ ਤਰ੍ਹਾਂ ਨਹੀਂ ਹੋ ਸਕਦੀ, ਪੰਜਾਬ ਸਰਕਾਰ ਨੇ ਜਲੰਧਰ ਵਿੱਚ ਸਪੋਰਟਸ ਅਕੈਡਮੀ ਬਣਾਉਣ ਦਾ ਜੋ ਯਤਨ ਆਰੰਭ ਕੀਤਾ ਹੈ ਉਸ ਦੇ ਲਈ ਮੈਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ, ਸਰਦਾਰ ਹਰਚਰਨ ਸਿੰਘ ਅਜਨਾਲਾ ਜੀ ਨੂੰ ਜੋ ਕਿ ਖੁਦ ਇਸ ਦੇ ਵਿੱਚ ਬੜਾ ਇਨਟ੍ਰੈਸਟ ਲੈਂਦੇ ਹਨ ਅਤੇ ਮੈਨੂੰ ਪਤਾ ਹੈ ਕਿ ਉਹ ਜਲੰਧਰ ਵਿੱਚ ਦੋ ਤਿੰਨ ਵਾਰੀ ਜਾ ਕੇ ਵੀ ਆਏ ਹਨ ਜ਼ਮੀਨ ਦੇਖਣ ਵਾਸਤੇ ਜਾਂ ਹੋਰ ਇਸ ਤਰ੍ਹਾਂ ਦੇ ਕੰਮਾਂ ਵਾਸਤੇ ਥੋੜੇ ਥੋੜੇ ਅਰਸੇ ਬਾਅਦ ਮੀਟਿੰਗਾਂ ਕਰਕੇ ਆਏ ਹਨ, ਉਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੀ ਅਕੈਡਮੀ ਜਿੰਨੀ ਜਲਦੀ ਤੋਂ ਜਲਦੀ ਹੋ ਸਕੇ ਕਾਇਮ ਕੀਤੀ ਜਾਵੇ ਤਾਂਕਿ ਸਾਡੇ ਜਿਹੜੇ ਨੌਜਵਾਨ ਖਿਲਾੜੀ ਹਨ, ਸਾਡੀਆਂ ਜਿਹੜੀਆਂ ਟੀਮਾਂ ਹਨ ਉਨ੍ਹਾਂ ਨੂੰ ਕਦੇ ਕਿਸੇ ਜਗ੍ਹਾ ਤੇ ਅਤੇ ਕਦੇ ਕਿਸੇ ਜਗ੍ਹਾ ਤੇ ਭੇਜਣ ਦੀ ਬਜਾਏ ਇੱਕੋ ਅਕੈਡਮੀ ਵਿੱਚ ਹੀ ਪ੍ਰੈਕਟਿਸ ਕਰਵਾਈ ਜਾਵੇ, ਗਾਈਡੈਂਸ ਦਿੱਤੀ ਜਾਵੇ। ਉਨ੍ਹਾਂ ਦੇ ਰਹਿਣ ਲਈ ਉਥੇ ਚੰਗੇ ਸਾਧਨ ਹੋਣ, ਉਨ੍ਹਾਂ ਲਈ ਜੋ ਇਨਸਟਰੱਕਟਰਜ਼ ਹਨ ਜਾਂ ਕੋਚ ਹਨ ਉਨਾਂ ਦੇ ਰਹਿਣ ਲਈ ਚੰਗੇ ਸਾਧਨ ਹੋਣ ਤਾਂਕਿ ਇਕੋ ਪੱਧਰ ਤੇ, ਇਕੋ ਜਗ੍ਹਾ ਤੇ ਸਾਰੀਆਂ ਟੀਮਾਂ ਨੂੰ ਆਪਣੀ ਆਪਣੀ ਪ੍ਰੈਕਟਿਸ ਚੰਗੇ ਢੰਗ ਨਾਲ ਕਰਵਾਈ ਜਾ ਸਕੇ। ਇਸ ਦੇ ਬਣ ਜਾਣ ਨਾਲ ਸਾਡੀਆਂ ਖੇਲਾਂ ਜ਼ਿਆਦਾ ਚੰਗੀਆਂ ਹੋ ਸਕਦੀਆਂ ਹਨ ਅਤੇ ਖੇਲਾਂ ਦੇ ਮੈਦਾਨ ਵਿੱਚ ਅਗੇ ਨਾਲੋਂ ਸਾਡਾ ਸਟੈਂਡਰਡ ਹੋਰ ਜ਼ਿਆਦਾ ਉੱਚਾ ਹੋ ਸਕਦਾ ਹੈ।

ਮੈਂ ਇਸ ਦੇ ਨਾਲ ਹੀ, ਚੇਅਰਮੈਨ ਸਾਹਿਬ, ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਦੇ ਜਿਹੜੇ ਖਿਲਾੜੀ ਹਨ, ਜਿਹੜੇ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਸ਼ੌਕ ਰਖਦੇ ਹਨ, ਜਿਹੜੇ ਚੰਗੇ ਖਿਲਾੜੀ ਪੰਜਾਬ ਦੇ ਹਨ ਉਨ੍ਹਾਂ ਨੂੰ ਦੂਸਰਿਆਂ ਸੂਬਿਆਂ ਵਾਲੇ, ਫੈਕਟਰੀਆਂ ਵਾਲੇ ਜਾਂ ਹੋਰ ਦੂਸਰੇ ਅਦਾਰਿਆਂ ਵਾਲੇ ਪੰਜਾਬ ਤੋਂ ਬਾਹਰ ਲੈ ਜਾਂਦੇ ਹਨ। ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਨੂੰ ਉਨ੍ਹਾਂ ਨੂੰ ਅਡਾਪਟ ਕਰਨਾ ਚਾਹੀਦਾ ਹੈ ਤਾਂਕਿ ਉਹ ਪੰਜਾਬ ਵਿੱਚ ਹੀ ਰਹਿਣ ਅਤੇ ਜਿਥੇ ਜਾ ਕੇ ਵੀ ਉਹ ਖੇਲਣ ਉਹ ਪੰਜਾਬ ਵਲੋਂ ਖੇਲਣ ਅਤੇ ਪੰਜਾਬ ਦਾ ਹੀ ਨਾਮ ਉੱਚਾ ਕਰਨ, ਪੰਜਾਬ ਵਾਸਤੇ ਹੀ ਜਿੱਤਾਂ ਪ੍ਰਾਪਤ ਕਰਨ। ਇਸ ਦੇ ਨਾਲ ਸਾਡਾ ਪੰਜਾਬ ਦਾ ਨਾਮ ਉੱਚਾ ਹੋਵੇਗਾ ਨਾ ਕੇ ਬਿਜ਼ਨਸ ਅਦਾਰੇ ਜਾਂ ਦੂਸਰੇ ਜੋ ਉਨ੍ਹਾਂ ਨੂੰ ਇਥੋਂ ਪੰਜਾਬ ਵਿੱਚੋਂ ਲੈ ਜਾਂਦੇ ਹਨ, ਉਨ੍ਹਾਂ ਦਾ ਨਾਮ ਉੱਚਾ ਹੋਵੇ। ਇਸ ਲਈ, ਚੇਅਰ-ਮੈਨ ਸਾਹਿਬ, ਮੈਂ ਤੁਹਾਡੀ ਮਾਰਫ਼ਤ ਪੰਜਾਬ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਅੱਛੇ ਖਿਲਾੜੀ ਹਨ ਉਨ੍ਹਾਂ ਨੂੰ ਪੰਜਾਬ ਸਰਕਾਰ ਨੂੰ ਅਡਾਪਟ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਖਿਲਾੜੀਆਂ ਨੂੰ ਚੰਗੀਆਂ ਨੌਕਰੀਆਂ ਦੇਣੀਆਂ ਚਾਹੀਦੀਆਂ ਹਨ, ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂਕਿ ਸਾਡੇ ਜਿਹੜੇ ਖਿਲਾੜੀ ਹਨ ਉਹ ਇਸ ਖੇਤਰ ਵਿੱਚ ਜ਼ਿਆਦਾ ਸ਼ੌਕ ਨਾਲ ਕੰਮ ਕਰ ਸਕਣ। ਜਿਹੜੇ ਸਾਡੇ ਪੰਜਾਬ ਪੱਧਰ ਤੇ ਨੈਸ਼ਨਲ ਪੱਧਰ ਤੇ ਇੰਟਰਨੈਸ਼ਨਲ ਪੱਧਰ ਤੇ ਖੇਲਣ ਵਾਲੇ ਅੱਛੇ ਖਿਲਾੜੀ ਹਨ ਉਨ੍ਹਾਂ ਨੂੰ ਅੱਛੀਆਂ ਸਰਵਿਸਿਜ਼ ਦੇਣ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]
ਨਾਲ, ਉਨ੍ਹਾਂ ਨੂੰ ਅੱਛੀਆਂ ਸਹੂਲਤਾਂ ਦੇਣ ਨਾਲ ਉਹ ਇਸ ਪਾਸੇ ਆਪਣਾ ਜ਼ਿਆਦਾ ਧਿਆਨ ਕਰ ਸਕਣਗੇ ਅਤੇ ਪੰਜਾਬ ਦਾ ਨਾਮ ਹੋਰ ਉੱਚਾ ਕਰ ਸਕਣਗੇ। (ਘੰਟੀ) ਬਸ ਜੀ, ਪੰਜ ਚਾਰ ਮਿੰਟ ਵਿੱਚ ਹੀ ਮੈਂ ਖ਼ਤਮ ਕਰ ਦਿੰਦਾ ਹਾਂ ਜੀ।

ਤੁਹਾਡੀ ਮਾਰਫਤ, ਚੇਅਰਮੈਨ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਪੰਜਾਬ ਦਾ ਬਿਜਲੀ ਬੋਰਡ ਹੈ, ਮਾਰਕਫੈਡ ਹੈ ਜਾਂ ਹੋਰ ਇਸ ਤਰ੍ਹਾਂ ਦੇ ਬੋਰਡ ਹਨ ਜਾਂ ਕਾਰਪੋਰੇਸ਼ਨਜ਼ ਹਨ ਉਨ੍ਹਾਂ ਸਾਰਿਆਂ ਨੂੰ ਸਾਰੇ ਪੰਜਾਬ ਦੇ ਖਿਲਾੜੀ ਅਲਾਟ ਕੀਤੇ ਜਾਣ, ਉਨ੍ਹਾਂ ਬੋਰਡਾਂ ਵਿੱਚ, ਉਨ੍ਹਾਂ ਕਾਰਪੋਰੇਸ਼ਨਾਂ ਵਿੱਚ ਟੀਮਾਂ ਕਾਇਮ ਕੀਤੀਆਂ ਜਾਣ, ਮੁਕਾਬਲੇ ਕਰਵਾਏ ਜਾਣ। ਜਿਸ ਦੇ ਨਾਲ ਸਾਡੇ ਆਪਸ ਵਿੱਚ ਤਾਲੁਕਾਤ, ਆਪਸ ਵਿੱਚ ਭਾਈਚਾਰਾ ਅਤੇ ਡਿਸਿਪਲਿਨ ਵੱਧ ਸਕੇ ਕਿਉਂਕਿ ਕੁਝ ਲੋਕ ਪੰਜਾਬ ਦੇ ਵਿੱਚ ਐਸੇ ਹਨ ਜਿਹੜੇ ਆਪਸ ਵਿੱਚ ਇਕ ਦੂਜੇ ਨੂੰ ਦੂਰ ਕਰਨਾ ਚਾਹੁੰਦੇ ਹਨ। ਮੇਰੀ ਬੇਨਤੀ ਹੈ ਕਿ ਜੇ ਅਸੀਂ ਆਪਸ ਵਿੱਚ ਭਾਈਚਾਰਕ ਸਬੰਧ ਪੱਕੇ ਕਰਨਾ ਚਾਹੁੰਦੇ ਹਾਂ, ਮਿਲ ਜੁਲ ਕੇ ਰਹਿਣਾ ਹੈ ਤਾਂ ਉਸ ਦੇ ਲਈ ਇਕੋ ਇਕ ਪਲੇਟ ਫਾਰਮ ਖੇਲਾਂ ਦਾ ਹੈ। ਇਸ ਪਾਸੇ ਵਲ ਧਿਆਨ ਦੇਈਏ, ਹਿੱਸਾ ਲਈਏ ਤਾਂਕਿ ਸਾਡਾ ਆਪਸ ਵਿੱਚ ਜੋ ਪਿਆਰ ਹੈ ਉਹ ਵਧੇ ਔਰ ਪੰਜਾਬ ਦੀ ਤਰੱਕੀ ਲਈ, ਦੇਸ਼ ਦੀ ਤਰੱਕੀ ਲਈ ਅਸੀਂ ਆਪਣਾ ਹਿੱਸਾ ਪਾ ਸਕੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਚੇਅਰਮੈਨ ਸਾਹਿਬ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਇਸ ਮਤੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ ਐਸ.ਸੀ.): ਚੇਅਰਮੈਨ ਸਾਹਿਬ, ਮੈਂ ਸਰਦਾਰ ਜਗਤ ਸਿੰਘ ਦਾ ਰਿਣੀ ਹਾਂ ਕਿ ਇਨ੍ਹਾਂ ਨੇ ਬੜਾ ਅਹਿਮ ਮਤਾ ਲਿਆਂਦਾ ਹੈ, ਇਸ ਗਲ ਦੀ ਬੜੀ ਖੁਸ਼ੀ ਹੈ। ਇਸ ਮਤੇ ਤੇ ਬਹੁਤ ਬਹਿਸ ਨਾ ਕੀਤੀ ਜਾਏ ਅਤੇ ਇਸ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਜਾਏ। ਮੈਂ ਇਕ ਅਮੈਂਡਮੈਂਟ ਦਿੱਤੀ ਹੈ ਕਿ ਇਸ ਡਿਪਾਰਟਮੈਂਟ ਨੂੰ 20 ਕਰੋੜ ਰੁਪਏ ਦਿੱਤੇ ਜਾਣ, ਤੁਹਾਡੀ ਮਿਹਰਬਾਨੀ ਹੋਵੇਗੀ ਔਰ ਇਸ ਪੈਸੇ ਨਾਲ ਇਹ ਡਿਪਾਰਟਮੈਂਟ ਸੁਚਾਰੂ ਰੂਪ ਨਾਲ ਚਲ ਸਕੇਗਾ। ਚੇਅਰਮੈਨ ਸਾਹਿਬ, ਇਹ ਗਲੀਂ ਬਾਤੀਂ ਮਤਾ ਨਾ ਟਾਲ ਦੇਣ ਇਨ੍ਹਾਂ ਕੋਲ ਪੈਸੇ ਤਾਂ ਹੈ ਨਹੀਂ। ਤੁਸੀਂ ਵੇਖ ਲਵੋ ਸਟੇਡੀਅਮ ਬਣਾਉਣੇ ਜਿਥੇ ਸਾਡੀ ਸਰਕਾਰ ਨੇ ਸ਼ੁਰੂ ਕੀਤੇ ਸੀ ਉਥੇ ਹੀ ਰਹਿ ਗਏ ਹਨ ਇਕ ਇੱਟ ਵੀ ਨਹੀਂ ਲਗੀ। ਕੋਈ ਚੀਜ਼ ਮਿਲਦੀ ਨਹੀਂ। ਨਾ ਸੀਮਿੰਟ ਹੈ, ਨਾ ਇੱਟਾਂ ਹਨ, ਨਾ ਲੁੱਕ ਹੈ। ਇਹ ਜਿਹੜੇ ਸਟੇਡੀਅਮ ਹਨ ਇਹ ਬਲਾਕ ਪੱਧਰ ਤੇ ਹੋਣ ਔਰ ਪਿੰਡਾਂ ਵਿਚ ਜਾਣ ਨਾ ਕਿ ਸ਼ਹਿਰਾਂ ਵਿਚ ਹੀ ਰਹਿ ਜਾਣ।

ਹੁਣ ਮੈਂ ਦੱਸਦਾ ਹਾਂ ਕਿ ਤੁਸੀਂ ਵੇਖ ਲਵੋ ਬੰਗਲੌਰ ਵਿਚ ਕੀ ਹੋਇਆ। ਸਾਡੀ ਬੇਇਜ਼ਤੀ ਕਰਵਾ ਦਿੱਤੀ। ਅਫਸਰਾਂ ਵਿਚ ਧੜੇ ਬਾਜ਼ੀ ਬਣੀ ਹੋਈ ਹੈ। ਸ਼ਡਿਊਲਡ ਕਾਸਟਸ ਨੂੰ ਕੋਈ ਪੁੱਛਦਾ ਨਹੀਂ। ਕੋਈ ਸਪੋਰਟਸ ਡਿਪਾਰਟਮੈਂਟ ਹੈ ਤੇ ਕੋਈ ਅਗੇ ਪ੍ਰੀਜ਼ਦ ਹੈ। ਕੰਮ ਕੋਈ ਨਹੀਂ ਕਰਦਾ। ਬੰਗਲੌਰ ਵਿਚ ਇਕ ਲੜਕੀ ਫੜ ਲਈ। ਉਹ ਵਿਚਾਰੀ ਕਿਸੇ ਗਰੀਬ ਘਰਾਣੇ ਦੀ ਸੀ। ਸਾਡਾ ਨਾਉਂ ਨੀਂਵਾਂ ਹੋਇਆ। ਉਸ ਵਿਚ ਪੰਜਾਬ ਦੇ ਅਫ਼ਸਰ ਸ਼ਾਮਲ ਸਨ ਇਥੇ ਪੰਜਾਬ ਦੀ ਸਰਕਾਰ ਟਾਰ੍ਹਾਂ ਮਾਰਦੀ ਹੈ ਉਨ੍ਹਾਂ ਅਫ਼ਸਰਾਂ ਦੇ ਖਿਲਾਫ਼ ਕੋਈ ਐਕਸ਼ਨ ਨਹੀਂ। ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਹੈ ਜੋ ਮਰਜ਼ੀ ਆਏ ਕਰੋ। ਬੜੇ ਮਾੜੇ ਅਫ਼ਸਰ ਲਾਏ ਹੋਏ ਹਨ। ਇਹ ਹੁਣ ਡੀ.ਪੀ.ਆਈ ਬਣਾ ਦਿੱਤੀ। ਮਸਾਂ ਅੱਜੇ ਮਟੌਰ ਸੈਸ਼ਨ ਵਿਚੋਂ ਨਿਕਲੇ ਹਨ ਫਿਰ ਇਹੋ ਜਿਹੇ ਕੰਮ ਕਰਨ ਲੱਗ ਪਏ ਹਨ। ਐਗਰੀਕਲਚਰਲ ਯੂਨੀਵਰਸਿਟੀ ਵਿੱਚ ਆਈ. ਏ. ਐਸ ਅਫ਼ਸਰ ਲਗਾ ਦਿੱਤੇ ਜਿਥੇ ਸਪੈਸ਼ਲਿਸਟਸ

Original with;
Punjab Vidhan Sabha
Digitized by;
Panjab Digital Library

ਲਾਉਣੇ ਚਾਹੀਦੇ ਸਨ। ਕਿਸ ਤਰ੍ਹਾਂ ਯੂਨੀਵਰਸਿਟੀ ਚਲੇਗੀ। ਇਸੇ ਤਰ੍ਹਾਂ ਸਪੋਰਟਸ ਡਿਪਾਰਟਮੈਂਟ ਦਾ ਹੈ ਕਿਸ ਤਰ੍ਹਾਂ ਇਹ ਚਲ ਸਕਦਾ ਹੈ। ਜੇ ਮੈਂ ਖ਼ਾਨਾਪੁਰੀ ਦੀ ਸਰਕਾਰ ਕਹੀ ਸੀ ਤਾਂ ਤੁਸੀਂ ਉਹ ਲਫ਼ਜ਼ ਐਕਸਪੰਜ ਕਰਵਾ ਦਿੱਤੇ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹ ਬੜਾ ਸੀਰੀਅੱਸ ਮਾਮਲਾ ਹੈ ਇਸ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਇਕ ਸ਼ਡਿਊਲਡ ਕਾਸਟਸ ਅਸਿਸਟੈਂਟ ਡਾਇਰੈਕਟਰ ਹੈ ਉਸ ਨੂੰ ਇਸ ਲਈ ਅਗੇ ਨਹੀਂ ਲਿਆ ਰਹੇ ਕਿਉਂਕਿ ਉਹ ਸ਼ਡਿਊਲਡ ਕਾਸਟਸ ਹੈ। ਇਨ੍ਹਾਂ ਦੀ ਬੁਰੀ ਹਾਲਤ ਕਰ ਰੱਖੀ ਹੈ। ਦਿਆਲਪੁਰ ਵਿਚ ਪੁਲੀਸ ਨੇ ਇਕ ਸ਼ਡਿਊਲਡ ਕਾਸਟਸ ਨੂੰ ਕੁੱਟ ਦਿੱਤਾ। ਅੰਮ੍ਰਿਤਸਰ ਵਿਚ ਕੁੱਟ ਕੇ ਮਾਰ ਦਿੱਤਾ। (ਵਿਘਨ) ਚੇਅਰਮੈਨ ਸਾਹਿਬ, ਮੈਂ ਕਹਿੰਦਾ ਹਾਂ ਕਿ ਜੇਕਰ ਸਾਡੇ ਖਿਡਾਰੀ ਹੱਟੇ ਕੱਟੇ ਹੋਣਗੇ ਤਾਂ ਹੀ ਅਗੇ ਵੱਧ ਸਕਣਗੇ। ਉਹ ਤਾਂ ਹੀ ਹੋ ਸਕਦੇ ਹਨ ਅਗਰ ਉਨ੍ਹਾਂ ਨੂੰ ਖੁਰਾਕ ਮਿਲੇਗੀ। ਦੇਸੀ ਘੀ ਅਗੇ ਹੀ ਨਹੀਂ ਲਭਦਾ। ਸ਼ਰਾਬ ਵਿਚ ਜ਼ਹਿਰ ਹੈ, ਕਿਉਂਕਿ ਜਿੰਨੇ ਸ਼ਰਾਬ ਦੇ ਠੇਕੇ ਹਨ ਉਹ ਸਾਰੇ ਕਾਂਗਰਸ ਦੇ ਲੀਡਰਾਂ ਕੋਲ ਹਨ ਉਹ ਜੋ ਮਰਜ਼ੀ ਆਏ ਕਰਨ। ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਸ਼ਰਾਬ ਦੇ ਠੇਕੇਦਾਰਾਂ ਨੂੰ ਸਪੋਰਟਸ ਦੇ ਵਿਚ ਵਾੜ ਰਖਿਆ ਹੈ। ਪਟਿਆਲਾ ਵਿਚ ਰੈਡਕਰਾਸ ਦੀਆਂ ਜਿਹੜੀਆਂ ਖੇਡਾਂ ਕਰਾਉਂਦੇ ਹੁਨ ਉਸ ਦਾ ਵਾਈਸ ਚੇਅਰਮੈਨ ਇਕ ਸ਼ਰਾਬ ਦੇ ਠੇਕੇਦਾਰ ਨੂੰ ਬਣਾ ਰਖਿਆ ਹੈ। ਮੈਂ ਕਹਿੰਦਾ ਹਾਂ ਕਿ ਜੇ ਵਾੜ ਹੀ ਖੇਤ ਨੂੰ ਖਾਣ ਲਗ ਜਾਏ ਤਾਂ ਫਿਰ ਖੇਤ ਦਾ ਕੀ ਬਣੇਗਾ ?

**ਸਿਖਿਆ ਮੰਤਰੀ** : ਚੇਅਰਮੈਨ ਸਾਹਿਬ, ਮੈਂ ਦਸਤ-ਬਦਸਤਾ ਤੁਹਾਡੇ ਸਾਹਮਣੇ ਅਰਜ਼ ਕਰਾਂਗਾ ਕਿ ਸਪੋਰਟਸ ਨੂੰ ਬੜਾਵਾ ਦੇਣ ਵਾਸਤੇ ਇਕ ਬੜਾ ਚੰਗਾ ਮਤਾ ਸਰਦਾਰ ਜਗਤ ਸਿੰਘ ਨੇ ਪੇਸ਼ ਕੀਤਾ ਹੈ। ਮੈਂ ਸਮਝਦਾ ਸੀ ਕਿ ਹਾਊਸ ਦੇ ਸਾਰੇ ਮਾਨਯੋਗ ਮੈਂਬਰਜ਼ ਆਪਣਾ ਆਪਣਾ ਕੰਟਰੀਬਿਊਸ਼ਨ ਪਾਉਣਗੇ ਕਿ ਕਿਸ ਤਰ੍ਹਾਂ ਖੇਡਾਂ ਨੂੰ ਬੜ੍ਹਾਵਾ ਦਿੱਤਾ ਜਾ ਸਕਦਾ ਹੈ ਪਰ ਪਾਂਧੀ ਸਾਹਿਬ ਦੀ ਜਿਹੜੀ ਸਪੀਚ ਹੈ ਉਸ ਦਾ ਵਰਬੈਟਮ ਕੱਢਾ ਕੇ ਵੇਖ ਲਵੋ ਉਸ ਦੇ ਵਿਚ ਅਗਰ 2% ਤੋਂ ਜ਼ਿਆਦਾ ਸਪੋਰਟਸ ਤੇ ਹੋਵੇ ਤਾਂ ਮੈਂ ਗਲਤ ਹੋਵਾਂਗਾ। ਉਨ੍ਹਾਂ ਨੇ ਸਪੋਰਟਸ ਬਾਰੇ ਕੋਈ ਗਲ ਨਹੀਂ ਕਹੀ। ਉਨ੍ਹਾਂ ਨੂੰ ਸਪੋਰਟਸ ਤੇ ਹੀ ਕਨਫਾਈਨ ਕੀਤਾ ਜਾਏ।

**ਸ੍ਰੀ ਸਭਾਪਤੀ** : ਪਾਂਧੀ ਸਾਹਿਬ ਅਗਰ ਆਪਣੀ ਸਪੀਚ ਸਪੋਰਟਸ ਤੇ ਕਨਫਾਈਨ ਰਖੋਗੇ ਤਾਂ ਠੀਕ ਰਹੇਗਾ।

**ਸਰਦਾਰ ਚਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਹਿਕਮੇ ਵਿਚ ਪਾਰਟੀਬਾਜ਼ੀ ਬਹੁਤ ਹੈ। ਜਿਹੜੀਆਂ ਖਿਡਾਰਨਾਂ ਹਨ ਉਨ੍ਹਾਂ ਵਿਚਾਰੀਆਂ ਦੇ ਰੇਪ ਹੋ ਰਹੇ ਹਨ। ਕਰਨ ਵਾਲੇ ਅਫ਼ਸਰ ਹਨ। ਧੀਆਂ ਭੈਣਾਂ ਦੀ ਇੱਜ਼ਤ ਮਹਿਫੂਜ਼ ਨਹੀਂ। ਜਦੋਂ ਇਸ ਤਰ੍ਹਾਂ ਦੀਆਂ ਖਬਰਾਂ ਆ ਰਹੀਆਂ ਹਨ ਤਾਂ ਕੋਈ ਕਿਸ ਤਰ੍ਹਾਂ ਲੜਕੀਆਂ ਨੂੰ ਭੇਜੇਗਾ। ਮੈਂ ਤੁਹਾਨੂੰ ਦੱਸਦਾ ਹਾਂ ਔਰ ਤੁਸੀਂ ਹੀ ਮਾਮਲੇ ਦੀ ਪੜਤਾਲ ਕਰਾਓ। ਅਸੀਂ ਹਾਕੀ ਦੇ ਖਿਲਾੜੀ ਸੀ ਪਰ ਬਾਹਰਲੇ ਮੁਲਕਾਂ ਵਿਚ ਜਾ ਕੇ ਕੋਈ ਤਗਮਾ ਨਹੀਂ ਲਿਆ ਸਕੇ। ਕਾਂਗਰਸ ਪਾਰਟੀ ਵਿਚ ਜਿਨ੍ਹਾਂ ਦਾ ਅਸਰ ਰਸੂਖ ਹੈ ਉਹ ਆਪਣੇ ਮੁੰਡੇ ਗੇਮਾਂ ਵਿਚ ਕਰਾ ਕੇ ਭੇਜ ਦਿੰਦੇ ਹਨ ਉਹ ਕੀ ਇਨਾਮ ਲਿਆਉਣਗੇ ?

**ਸ੍ਰੀ ਸੰਤ ਰਾਮ ਸਿੰਗਲਾ** : ਚੇਅਰਮੈਨ ਸਾਹਿਬ, ਜਦੋਂ ਵਰਲਡ ਕੱਪ ਜਿੱਤਿਆ ਸੀ ਤਾਂ ਉਸ ਸਮੇਂ ਇਥੇ ਕਾਂਗਰਸ ਦੀ ਸਰਕਾਰ ਸੀ ਅਤੇ ਗਿਆਨੀ ਜ਼ੈਲ ਸਿੰਘ ਜੀ ਮੁੱਖ ਮੰਤਰੀ ਸਨ। ਉਸ ਵੇਲੇ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਇਸ ਜਿੱਤ ਤੇ ਪੰਜਾਬ ਨੂੰ ਵਧਾਈ ਦਿੱਤੀ ਸੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ:** ਚੇਅਰਮੈਨ ਸਾਹਿਬ, ਏਸ਼ੀਅਨ ਗੇਮਜ਼ ਹੋਈਆਂ ਸਨ। ਮਲਹੋਤਰਾ ਸਾਹਿਬ ਦਿੱਲੀ ਦੇ ਇਕ ਲੀਡਰ ਹਨ ਉਨ੍ਹਾਂ ਨੇ ਇਸ ਬਾਰੇ ਕਿਹਾ ਹੈ ਕਿ ਸਾਡੇ ਖਿਡਾਰੀਆਂ ਦਾ ਖਾਣਾ ਘਟੀਆ ਸੀ, ਖਿਡਾਰੀ ਪਾਲੇ ਵਿਚ ਮਰਦੇ ਸਨ ਪਰ ਅਫ਼ਸਰ ਜਿਹੜੇ ਨਾਲ ਗਏ ਸਨ ਉਹ ਹੋਟਲਾਂ ਵਿਚ ਮੌਜਾਂ ਕਰਦੇ ਸਨ। ਸਾਡਾ ਖੇਡਾਂ ਦਾ ਸਾਮਾਨ ਘਟੀਆ ਹੈ ਅਤੇ ਹੋਰ ਪ੍ਰਬੰਧ ਘਟੀਆ ਹੈ। 10 ਖਿਡਾਰੀ ਜੇ ਬਾਹਰ ਜਾਂਦੇ ਹਨ ਤਾਂ ** **

**ਸ਼੍ਰੀ ਸਭਾਪਤੀ** : ਪਾਂਧੀ ਸਾਹਿਬ ਨੇ ਜਿਹੜੀ ਐਸਪਰਸ਼ਨ ਕੀਤੀ ਹੈ ਇਹ ਲਫ਼ਜ਼ ਐਕਸਪੰਜ ਕਰ ਦਿਓ।

**ਸਰਦਾਰ ਦਲੀਪ ਸਿੰਘ ਪਾਂਧੀ** : ਇਹ ਖਿਡਾਰੀ ਸ਼ਹਿਰਾਂ ਵਿਚ ਨਹੀਂ ਪਿੰਡਾਂ ਵਿਚ ਪੈਦਾ ਹੋ ਸਕਦੇ ਹਨ। ਪਿੰਡਾਂ ਦੇ ਜਿਹੜੇ ਗਰੀਬ ਔਰ ਅੱਛੇ ਖਿਡਾਰੀ ਹਨ ਉਨ੍ਹਾਂ ਨੂੰ ਪੈਸੇ ਦਿਓ ਅਤੇ ਅੱਛੀ ਟਰੇਨਿੰਗ ਦਿਓ। ਸਾਡੀ ਸਰਕਾਰ ਦਾ ਇਹ ਫੈਸਲਾ ਸੀ ਮੈਂ ਕਹਿੰਦਾ ਹਾਂ ਕਿ ਸਰਮਾਏਦਾਰਾਂ ਦੇ ਬੱਚਿਆਂ ਨੇ ਕੀ ਖੇਡਾਂ ਖੇਡਣੀਆਂ ਹਨ ਜਾਂ ਬਿਊਰੋਕਰੇਟਾਂ ਦੇ ਬੱਚਿਆਂ ਨੇ ਕੀ ਖੇਡਾਂ ਖੇਡਣੀਆਂ ਹਨ। ਇਨ੍ਹਾਂ ਲੋਕਾਂ ਦੇ ਬੱਚੇ ਖੇਡਾਂ ਵਿਚ ਪਾ ਕੇ ਸਾਡਾ ਖੇਡਾਂ ਵਿਚ ਨਾਂ ਨੀਵਾਂ ਕਰ ਦਿੱਤਾ। ਅਸੀਂ ਰੈਸਲਿੰਗ ਵਿੱਚ ਮਾਹਰ ਸੀ। ਬਾਣੀਆਂ ਵਿਚ ਰੈਸਲਿੰਗ ਪੈਦਾ ਕਰੋ ਜਿਹੜੇ ਮੁਰਦੇ ਸਨ। ਮੈਂ ਕਹਿੰਦਾ ਹਾਂ ਕਿ ਜਿਹੜੇ ਚੰਗੇ ਮੁੰਡੇ ਹਨ ਉਨ੍ਹਾਂ ਨੂੰ ਲਵੋ ਅਤੇ ਪਾਰਟੀਬਾਜ਼ੀ ਤੋਂ ਉਠ ਕੇ ਉਨ੍ਹਾਂ ਨੂੰ ਚੰਗੀ ਟਰੇਨਿੰਗ ਦਿਓ ਤਾਂਕਿ ਉਹ ਬਾਹਰਲੇ ਮੁਲਕਾਂ ਵਿਚ ਸਾਡਾ ਨਾਂ ਉੱਚਾ ਕਰ ਸਕਣ। ਇਸ ਤੋਂ ਇਲਾਵਾ ਜਿਹੜਾ ਸਾਡਾ ਪ੍ਰਬੰਧ ਹੈ ਇਸ ਨੂੰ ਠੀਕ ਕਰਨਾ ਚਾਹੀਦਾ ਹੈ। ਪ੍ਰਾਇਮਰੀ ਸਕੂਲਾਂ ਵਿਚ, ਮਿਡਲ ਸਕੂਲਾਂ ਵਿਚ, ਹਾਈ ਸਕੂਲਾਂ ਵਿਚ ਅਲਹਿਦਾ ਅਲਹਿਦਾ ਕਾਰਪੋਰੇਸ਼ਨਾਂ ਬਣੀਆਂ ਹੋਈਆਂ ਹਨ, ਇਨ੍ਹਾਂ ਤੋਂ ਇਲਾਵਾ ਕਈ ਖੇਡਾਂ ਦੇ ਡਿਪਾਰਟਮੈਂਟ ਬਣੇ ਹੋਏ ਹਨ। ਬਿਜਲੀ ਬੋਰਡ ਦਾ ਕੰਮ ਬਿਜਲੀ ਦੇਣਾ ਹੈ ਜਾਂ ਖੇਡਾਂ ਖਿਡਾਣਾ ਹੈ। ਬਿਜਲੀ ਦਾ ਪ੍ਰਬੰਧ ਉਨ੍ਹਾਂ ਪਾਸੋਂ ਹੁੰਦਾ ਨਹੀਂ। ਉਹ ਖੇਡਾਂ ਕਨੀਂ ਤੁਰ ਪਏ ਹਨ। ਇਸੇ ਤਰ੍ਹਾਂ ਪੁਲਿਸ ਵਿਚ ਵੇਖ ਲਵੋ। ਉਨ੍ਹਾਂ ਦਾ ਕੰਮ ਲਾਅ ਐਂਡ ਆਰਡਰ ਮੇਨਟੇਨ ਕਰਨਾ ਹੈ ਜਾਂ ਖੇਡਾਂ ਖੇਡਣੀਆਂ ਹਨ। ਇਸ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ। ਅਫ਼ਸਰ ਦੇ ਬਾਹਰ ਜਾਣ ਲਈ ਕੋਈ ਨਾ ਕੋਈ ਲਕੂਨੇ ਰੱਖ ਲਏ। ਮੈਂ ਕਹਿੰਦਾ ਹਾਂ ਕਿ ਪੁਲਿਸ ਦੀ ਜਾਂ ਬਿਜਲੀ ਬੋਰਡ ਦੀ ਸਪੋਰਟਸ ਨਾਲ ਕੀ ਰੈਲੇਵੈਂਸੀ ਹੈ। ਇਕ ਸਪੋਰਟਸ ਕੌਂਸਲ ਹੈ ਅਤੇ 40 ਹੋਰ ਮਹਿਕਮੇ ਹੁਨ ਆਪਣਾ ਆਪਣਾ ਢੂੰਡੋਰਾਂ ਪਿਟਦੇ ਫਿਰਦੇ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਸਮਾਂ ਨਹੀਂ ਲੈਂਦਾ। ਮੈਂ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਡਿਪਾਰਟਮੈਂਟ ਵਿਚ ਬਹੁਤ ਸਾਰਾ ਸਟਾਫ਼ ਘੱਟੀਆ ਲਾਇਆ ਹੋਇਆ ਹੈ। ਚੇਅਰਮੈਨ ਸਾਹਿਬ, ਇੱਕ ਐਨ.ਡੀ.ਐਸ. ਟੀਚਰ ਗੋਬਿੰਦਗੜ੍ਹ ਦੇ ਸਕੂਲ ਵਿਚ ਹੈ। ਉਸ ਦੇ ਬਾਰੇ ਮੈਂ ਬੜੀਆਂ ਸ਼ਿਕਾਇਤਾਂ ਮੰਤਰੀ ਸਾਹਿਬ ਨੂੰ ਕੀਤੀਆਂ, ਚਿੱਠੀਆਂ ਵੀ ਲਿਖੀਆਂ ਕਿ ** ** **

**ਸ਼੍ਰੀ ਸਭਾਪਤੀ** : ਇਹ ਗੰਦੇ ਲਫ਼ਜ਼ ਹਾਊਸ ਦੀ ਕਾਰਵਾਈ ਵਿੱਚੋਂ ਕੱਢ ਦਿੱਤੇ ਜਾਣ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਇਨ੍ਹਾਂ ਕਾਂਗਰਸੀਆਂ ਦੀਆਂ ਚੀਕਾਂ ਨਿਕਲਣ ਤਾਂ ਇਨ੍ਹਾਂ ਨੂੰ ਪਤਾ ਲੱਗੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਿੱਖਿਆ ਮੰਤਰੀ** : ਚੇਅਰਮੈਨ ਸਾਹਿਬ, ਤੁਸੀਂ ਸਟੈਂਡਿੰਗ ਆਰਡਰ ਦੇ ਦਿਓ ਲਿਖਣ ਵਾਲਿਆਂ ਨੂੰ ਕਿ ਇਹੋ ਜਿਹੇ ਪੋਰਸ਼ਨ ਉਹ ਡਿਲੀਟ ਕਰ ਦੇਣ ਕਿਉਂਕਿ ਇਨ੍ਹਾਂ ਨੇ ਤਾਂ ਸਾਰੀ ਗਲ ਹੀ ਉਹੀ ਕਰਨੀ ਹੈ ਜਿਸਦਾ ਰੈਜ਼ੋਲਿਊਸ਼ਨ ਨਾਲ ਕੋਈ ਸਬੰਧ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ ਪੰਜਾਬ ਸਰਕਾਰ ਨੇ ਅਤੇ ਦਿੱਲੀ ਦੀ ਸਰਕਾਰ ਨੇ ਐਨ.ਡੀ.ਐਸ. ਟੀਚਰ ਇਸ ਲਈ ਲਾਏ ਸਨ ਕਿ ਉਹ ਗੇਮਾਂ ਖਿਡਾਉਣਗੇ ਅਤੇ ਚੰਗੇ ਮੁੰਡੇ ਸਿਲੈਕਟ ਕਰਨਗੇ। ਇਹ ਸਾਰੇ ਗੋਬਿੰਦਗੜ੍ਹ ਵਿੱਚੋਂ ਪੁਛ ਲੈਣ, ਕੋਈ ਵੀ ਸਕੂਲ ਚੈਕ ਕਰ ਲੈਣ। ਸਕੂਲਾਂ ਵਿੱਚ ਕੋਈ ਸਪੋਰਟਸ ਦਾ ਕੰਮ ਨਹੀਂ ਹੋ ਰਿਹਾ। ** **

**ਸ੍ਰੀ ਸਭਾਪਤੀ** : ਇਹ ਰੇਪ ਵਾਲੇ ਲਫਜ਼ ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਦਲੀਪ ਸਿੰਘ ਪਾਂਧੀ** : ਚੇਅਰਮੈਨ ਸਾਹਿਬ, ਇਹ ਸਾਰੀ ਛਾਣ-ਬੀਣ ਕਰਨ ਦੀ ਲੋੜ ਹੈ। ਅੱਗੇ ਇੱਕੋ ਸਟੈਂਡਰਡ ਦੇ ਖਿਲਾੜੀਆਂ ਨੂੰ ਆਪਸ ਵਿੱਚ ਗੇਮ ਖੇਡਾਈ ਜਾਂਦੀ ਸੀ। ਲੇਕਿਨ ਅੱਜ ਵਿਤਕਰਾ ਕੀਤਾ ਜਾਂਦਾ ਹੈ। ਚੰਗੇ ਖਿਲਾੜੀਆਂ ਨੂੰ ਮਾੜਿਆਂ ਦੇ ਨਾਲ ਖਿਡਾਇਆ ਜਾਂਦਾ ਹੈ। ਸਿਲੈਕਸ਼ਨ ਵਿੱਚ ਵਿਤਕਰਾ ਕੀਤਾ ਜਾਂਦਾ ਹੈ। ਮਾੜੇ ਖਿਲਾੜੀਆਂ ਨੂੰ ਇਨਾਮ ਦੇ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਮਹਿਕਮੇ ਵਿੱਚ ਐਨਾਮਲੀਜ਼ ਬੜੀਆਂ ਹਨ ਜਿਨ੍ਹਾਂ ਨੂੰ ਕਿ ਪੇ-ਕਮਿਸ਼ਨ ਨੇ ਹਾਲੇ ਤੱਕ ਠੀਕ ਨਹੀਂ ਕੀਤਾ। ਇਹ ਮਹਿਕਮਾ ਸਾਰਾ ਐਸ਼-ਇਸ਼ਰਤ ਦਾ ਅੱਡਾ ਬਣ ਗਿਆ ਹੈ। ਇਹ ਪੰਜਾਬ ਦੀ ਅਣਖ ਨਾਲ ਖੇਡ ਰਿਹਾ ਹੈ। ਮੈਂ ਬੇਨਤੀ ਕਰਾਂਗਾ ਕਿ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਈ ਜਾਵੇ ਜੋ ਇਸ ਮਹਿਕਮੇ ਦੀ ਇਨਕੁਆਇਰੀ ਕਰੇ ਤਾਂ ਕਿ ਪੰਜਾਬ ਦਾ ਨਾਂ ਖੇਡਾਂ ਦੇ ਖੇਤਰ ਵਿੱਚ ਉੱਚਾ ਕੀਤਾ ਜਾ ਸਕੇ। ਮੇਰੀ ਜਿਹੜੀ ਅਮੈਂਡਮੈਂਟ ਹੈ ਉਹ ਜ਼ਰੂਰ ਮੰਨੀ ਜਾਵੇ। ਜਿਤਨੀ ਦੇਰ ਪੈਸਾ ਨਹੀਂ ਹੋਵੇਗਾ, ਉਤਨੀ ਦੇਰ ਕੰਮ ਨਹੀਂ ਚਲਣਾ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.) : ਚੇਅਰਮੈਨ ਸਾਹਿਬ, ਇਹ ਜੋ ਮਤਾ ਇਸ ਹਾਊਸ ਵਿੱਚ ਰੱਖਿਆ ਗਿਆ ਹੈ ਕਿ ਪੰਜਾਬ ਗੌਰਮਿੰਟ ਨੂੰ ਇਹ ਰਿਕੁਮੈਂਡ ਕੀਤਾ ਜਾਵੇ ਕਿ ਜੋ ਸਾਡੀਆਂ ਪੰਜਾਬ ਦੀਆਂ ਖੇਡਾਂ ਹਨ ਇਨ੍ਹਾਂ ਨੂੰ ਹੋਰ ਜ਼ਿਆਦਾ ਉਤਸ਼ਾਹਿਤ ਕਰਨ ਲਈ ਅਤੇ ਇਨ੍ਹਾਂ ਦਾ ਸਟੈਂਡਰਡ ਉੱਚਾ ਕਰਨ ਲਈ ਸਟੈਪਸ ਚੁੱਕੇ ਜਾਣ, ਮੈਂ ਇਸ ਮਤੇ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ। ਸਾਡੇ ਪੰਜਾਬ ਨੂੰ ਇਸ ਗਲ ਦਾ ਮਾਣ ਹੈ .... (ਵਿਘਨ)

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਭਾਪਤੀ** : ਇਹ ਜੋ ਕੁਝ ਬਗੈਰ ਇਜਾਜ਼ਤ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਖੇਡਾਂ ਵਿੱਚ ਪੰਜਾਬ ਨੂੰ ਬੜਾ ਮਾਣ ਪ੍ਰਾਪਤ ਹੋਇਆ ਹੈ। ਜਿਸ ਤਰ੍ਹਾਂ ਮੇਰੇ ਸਾਥੀਆਂ ਨੇ ਬੜੀ ਡੀਟੇਲ ਨਾਲ ਦੱਸਿਆ ਹੈ। 1960 ਵਿੱਚ ਰੋਮ ਵਿੱਚ ਜਿਹੜੀਆਂ ਖੇਡਾਂ ਹੋਈਆਂ ਉਸ ਵਿੱਚ ਸਾਡਾ ਪੰਜਾਬ ਦਾ ਨੌਜਵਾਨ ਜੋ ਅੱਜ ਸਕੂਲਾਂ ਵਿੱਚ ਖੇਡਾਂ ਦਾ ਡੀ.ਪੀ.ਆਈ. ਦਫਤਰ ਵਿੱਚ ਇਨਚਾਰਜ ਹੈ,

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਸਰਦਾਰ ਮਿਲਖਾ ਸਿੰਘ, ਜਿਸ ਨੂੰ ਫਲਾਇੰਗ ਸਿੱਖ ਵੀ ਕਿਹਾ ਜਾਂਦਾ ਹੈ, ਉਸ ਨੇ 400 ਮੀਟਰ ਦੀ ਲੰਮੀ ਦੌੜ ਵਿੱਚ ਰਿਕਾਰਡ ਕਾਇਮ ਕੀਤਾ ਜੋ ਅਜੇ ਤਕ ਬੀਟ ਨਹੀਂ ਹੋਇਆ। ਇਸ ਗਲ ਦਾ ਮਾਣ ਵੀ ਪੰਜਾਬ ਨੂੰ ਪ੍ਰਾਪਤ ਹੈ। ਇਸੇ ਤਰ੍ਹਾਂ ਮਲੇਸ਼ੀਆ ਵਿੱਚ 1975 ਵਿੱਚ ਜਦੋਂ ਹਾਕੀ ਦਾ ਮੈਚ ਹੋਇਆ ਤਾਂ ਉਸ ਵੇਲੇ ਪੰਜਾਬ ਵਿੱਚ ਗਿਆਨੀ ਜ਼ੈਲ ਸਿੰਘ ਚੀਫ ਮਨਿਸਟਰ ਸਨ ਤੇ ਸਰਦਾਰ ਉਮਰਾਓ ਸਿੰਘ ਸਪੋਰਟਸ ਦੇ ਮਨਿਸਟਰ ਇਨਚਾਰਜ ਸਨ। 1975 ਵਿੱਚ ਜਿਹੜੀ ਹਾਕੀ ਦੀ ਜਿੱਤ ਹੋਈ ਇਸ ਦਾ ਵੱਡਾ ਕਾਰਨ ਇਹ ਸੀ ਕਿ ਹਾਕੀ ਦੇ ਖਿਲਾੜੀਆਂ ਲਈ ਇੱਕ ਕੈਂਪ ਇਥੇ ਪੰਜਾਬ ਵਿਚ ਲਗਾਇਆ ਗਿਆ ਸੀ। ਉਨ੍ਹਾਂ ਖਿਲਾੜੀਆਂ ਨੂੰ ਇਸ ਕੈਂਪ ਵਿੱਚ ਟਰੇਨਿੰਗ ਦਿੱਤੀ ਗਈ। ਇਸ ਗਲ ਦੇ ਨਤੀਜੇ ਵੱਜੋਂ ਹੀ ਅਸੀਂ ਉਹ ਹਾਕੀ ਦਾ ਮੈਚ ਜਿੱਤ ਕੇ ਆਏ ਸੀ। ਮੈਨੂੰ ਹੋਰ ਵੀ ਇਸ ਗੱਲ ਦਾ ਮਾਣ ਹੈ ਕਿ ਉਸ ਟੀਮ ਵਿੱਚ ਮੇਰੇ ਪਿੰਡ ਧੰਨੋਵਾਲੀਆ ਦਾ ਲੜਕਾ ਵਰਿੰਦਰ ਸਿੰਘ ਵੀ ਸ਼ਾਮਲ ਸੀ।

**ਮਾਸਟਰ ਬਾਬੂ ਸਿੰਘ** : ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਚੇਅਰਮੈਨ ਸਾਹਿਬ, ਅਸੀਂ ਇਸ ਆਗਸਟ ਹਾਊਸ ਵਿੱਚ ਬੈਠੇ ਹਾਂ। ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ। ਕਿੰਨੇ ਮਾਣ ਵਾਲੀ ਗਲ ਹੈ। ਚੇਅਰਮੈਨ ਸਾਹਿਬ ਖੇਡਾਂ ਨੂੰ ਹੋਰ ਉਤਸ਼ਾਹ ਦੇਣਾ ਚਾਹੀਦਾ ਹੈ। ਸਪੋਰਟਸ ਦੀ ਤਰੱਕੀ ਲਈ ਹਰ ਸਾਲ ਪੰਜਾਬ ਗੌਰਮਿੰਟ ਤਕਰੀਬਨ 1.50 ਕਰੋੜ ਰੁਪਿਆ ਖਰਚਦੀ ਹੈ। ਬੜੀ ਚੰਗੀ ਗਲ ਹੈ। ਦਿੱਲੀ ਵਿਖੇ 1982 ਵਿੱਚ ਏਸ਼ਿਆਈ ਗੇਮਜ਼ ਹੋ ਰਹੀਆਂ ਹਨ। ਮੈਂ ਤੁਹਾਡੀ ਮਾਰਫਤ ਆਪਣੀ ਸਰਕਾਰ ਨੂੰ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ 1975 ਵਿੱਚ ਕੈਂਪ ਲਾਇਆ ਸੀ ਹੁਣ ਵੀ ਸਰਕਾਰ ਨੂੰ ਚਾਹੀਦਾ ਹੈ ਕਿ ਉਸੇ ਤਰ੍ਹਾਂ ਖਿਲਾੜੀਆਂ ਦੇ ਕੈਂਪ ਲਗਾਏ ਜਾਣ ਅਤੇ ਐਥਲੇਟਿਕਸ ਦੇ ਕੈਂਪ ਲਗਣ ਤਾਂਕਿ ਪੰਜਾਬ ਨੂੰ ਹੋਰ ਵੀ ਉਸ ਵਿਚ ਜਿੱਤਾਂ ਪ੍ਰਾਪਤ ਹੋਣ, ਮਾਣ ਪ੍ਰਾਪਤ ਹੋਵੇ ਔਰ ਅਸੀਂ ਮੈਡਲ ਜਿੱਤੀਏ, ਕੱਪ ਜਿੱਤੀਏ। ਇਹ ਮੇਰਾ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਸੁਝਾਉ ਹੈ। ਸਰਦਾਰ ਜਗਤ ਸਿੰਘ ਹੋਰਾਂ ਨੇ ਔਰ ਚੌਧਰੀ ਜਗਜੀਤ ਸਿੰਘ ਹੋਰਾਂ ਨੇ ਵੀ ਡੀਟੇਲ ਨਾਲ ਇਸ ਦੇ ਬਾਰੇ ਦੱਸਿਆ ਹੈ ਕਿ ਅਸੀਂ ਲੱਖਾਂ ਰੁਪਿਆ ਖਰਚ ਕਰਕੇ ਕੁਝ ਸਪੋਰਟਸ ਦੇ ਗਰਾਊਂਡਜ਼ ਬਣਾਏ ਹਨ। ਸਵਿੰਮਿੰਗ ਪੂਲ ਅੰਮ੍ਰਿਤਸਰ ਬਣਾਇਆ ਹੈ, ਸੰਗਰੂਰ ਵਿਚ ਸਟੇਡੀਅਮ ਬਣਾਇਆ ਹੈ, ਬਠਿੰਡੇ ਵਿਚ, ਗੁਰਦਾਸਪੁਰ ਵਿਚ ਔਰ ਸੁਨਾਮ ਵਗੈਰਾ ਵਿਚ ਸਟੇਡੀਅਮ ਬਣਾਏ ਹਨ। ਅਸੀਂ ਕਾਫੀ ਪੈਸਾ ਖਰਚ ਕਰਕੇ ਖੇਡਾਂ ਨੂੰ ਉਤਸ਼ਾਹ ਦੇ ਰਹੇ ਹਾਂ। ਚੇਅਰਮੈਨ ਸਾਹਿਬ, ਮੈਂ ਕੁਝ ਸੁਝਾਉ ਪੇਸ਼ ਕਰਾਂਗਾ। ਜਿਸ ਤਰ੍ਹਾਂ ਸਕੂਲਾਂ ਵਿਚ ਪਿਛਲੀ ਸਰਕਾਰ ਨੇ ਖੇਡਾਂ ਦੇ ਮਜ਼ਮੂਨ ਨੂੰ ਇਕ ਲਾਜ਼ਮੀ ਮਜ਼ਮੂਨ ਕਰਾਰ ਦਿਤਾ ਸੀ ਔਰ ਪੰਜਾਬ ਵਿਚ ਖੇਡਾਂ ਲਈ ਕਾਫੀ ਅੱਛਾ ਕੰਮ ਕੀਤਾ ਸੀ ਮੈਂ ਇਹ ਸੁਝਾਉ ਦੇਵਾਂਗਾ ਕਿ ਜਿਤਨੇ ਵੀ ਪ੍ਰਾਇਮਰੀ ਸਕੂਲ ਹਨ ਉਨ੍ਹਾਂ ਦੇ ਬੱਚਿਆਂ ਨੂੰ ਖੇਡਣ ਵਾਸਤੇ ਗਰਾਊਂਡਜ਼ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਉਹ ਬੱਚੇ ਸ਼ੁਰੂ ਵਿਚ ਹੀ ਪੂਰੀ ਤਰ੍ਹਾਂ ਖ਼ੇਡਾਂ ਖੇਡ ਸਕਣ ਅਤੇ ਉਨ੍ਹਾਂ ਦੀ ਖੇਡਾਂ ਵਾਲੇ ਪਾਸੇ ਨੂੰ ਸ਼ੁਰੂ ਤੋਂ ਹੀ ਰੁਚੀ ਹੋ ਜਾਵੇ। ਚਿਲਡਰਨ ਪਾਰਕ ਵੀ ਬਨਾਉਣ ਲਈ ਸਪੇਸਿਜ਼ ਚਾਹੀਦੀਆਂ ਹਨ। ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਸ਼ਹਿਰਾਂ ਦੀ ਆਬਾਦੀ

---

****Expunged as ordered by the Chair.**

Original with;
Punjab Vidhan Sabha
Digitized by;
Panjab Digital Library

ਬੜੀ ਤੇਜ਼ੀ ਨਾਲ ਵੱਧਦੀ ਜਾ ਰਹੀ ਹੈ । ਸ਼ਹਿਰਾਂ ਵਿਚ ਜਿਹੜੀਆਂ ਥੋੜੀਆਂ ਬਹੁਤ ਖੇਲ ਕੂਦ ਦੀਆਂ ਜਗ੍ਹਾਂ ਸਨ ਉਹ ਵੀ ਰੋਕੀਆਂ ਜਾ ਰਹੀਆਂ ਹਨ, ਉਨ੍ਹਾਂ ਤੇ ਬੜੇ ਬੜੇ ਮਕਾਨ ਬਣ ਰਹੇ ਹਨ, ਉਹ ਘੇਰੀਆਂ ਜਾ ਰਹੀਆਂ ਹਨ । ਇਸ ਲਈ ਮੈਂ ਸਰਕਾਰ ਨੂੰ ਸੁਝਾਉ ਦੇਵਾਂਗਾ ਕਿ ਕੋਈ ਐਸਾ ਕਾਨੂੰਨ ਬਣਾਇਆ ਜਾਵੇ ਕਿ ਜਿਹੜੀਆਂ ਇਸ ਤਰ੍ਹਾਂ ਦੀਆਂ ਸ਼ਹਿਰਾਂ ਵਿਚ ਖਾਲੀ ਥਾਵਾਂ ਪਈਆਂ ਹਨ ਉਨ੍ਹਾਂ ਤੇ ਬਿਲਡਿੰਗਾਂ ਨਾ ਬਣਾਈਆਂ ਜਾਣ ਔਰ ਉਹ ਥਾਵਾਂ ਖੇਲ ਕੂਦ ਲਈ ਰਾਖਵੀਆਂ ਰੱਖੀਆਂ ਜਾਣ । ਇਸ ਤਰ੍ਹਾਂ ਹੀ ਇੰਡਸਟਰੀਅਲ ਵਰਕਰਜ਼ ਜੋ ਹਨ, ਕਾਰਖਾਨਿਆਂ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਵੀ ਖੇਲ ਕੂਦ ਲਈ ਜ਼ਰੂਰੀ ਸਾਮਾਨ ਔਰ ਸਹੂਲਤਾਂ ਮੁਹੱਈਆ ਕੀਤੀਆਂ ਜਾਣ ਤਾਂ ਕਿ ਜਿਹੜਾ ਵਕਤ ਉਹ ਹੜਤਾਲਾਂ ਜਾਂ ਹੋਰ ਇਸ ਤਰ੍ਹਾਂ ਦੇ ਕੰਮ ਤੇ ਲਗਾਉਂਦੇ ਹਨ ਉਹ ਖੇਡਾਂ ਤੇ ਲਗਾਇਆ ਕਰਨ ।

ਇਕ ਸੁਝਾਉ ਮੈਂ ਹੋਰ ਦੇਣਾ ਚਾਹੁੰਦਾ ਹਾਂ । ਜਲੰਧਰ ਵਿਚ ਸਪੋਰਟਸ ਬਾਰੇ ਇਕ ਅਕੈਡਮੀ ਖੋਲ੍ਹਣ ਦੀ ਗੱਲ ਚੱਲ ਰਹੀ ਹੈ । ਜਿਸ ਤਰ੍ਹਾਂ ਪੰਜਾਬ 'ਚ ਯੂਨੀਵਰਸਟੀਆਂ ਅੰਮ੍ਰਿਤਸਰ ਔਰ ਪਟਿਆਲੇ ਵਿਚ ਜਾਂ ਚੰਡੀਗੜ੍ਹ ਵਿਚ ਖੁਲ੍ਹੀਆਂ ਹੋਈਆਂ ਹਨ ਉਸੇ ਤਰ੍ਹਾਂ ਦੀ ਯੂਨੀਵਰਸਿਟੀ ਖੇਡਾਂ ਵਾਸਤੇ ਬਣਾਈ ਜਾਵੇ । ਇਹ ਸਪੋਰਟਸ ਯੂਨੀਵਰਸਿਟੀ ਬਣਾਈ ਜਾਵੇ । ਉਸ ਬਾਰੇ ਮੈਂ ਇਹ ਸੁਝਾਉ ਦੇਵਾਂਗਾ ਕਿ ਜਲੰਧਰ ਔਰ ਫਗਵਾੜਾ ਦੇ ਦਰਮਿਆਨ ਵਿਚ ਕਾਫੀ ਜਗ੍ਹਾ ਪਈ ਹੈ । ਉਥੇ ਇਹ ਸਪੋਰਟਸ ਯੂਨੀਵਰਸਿਟੀ ਬਣਾਈ ਜਾਵੇ ਤਾਂ ਕਿ ਜਿਥੇ ਅਸੀਂ ਹੋਰ ਸ਼ੋਭਿਆਂ ਵਿਚ ਅੱਗੇ ਜਾ ਰਹੇ ਹਾਂ ਉਥੇ ਅਸੀਂ ਇਸ ਮੈਦਾਨ ਵਿਚ ਵੀ ਅੱਗੇ ਜਾ ਸਕੀਏ ।

ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਮਤੇ ਦੀ ਹਮਾਇਤ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ ।

**ਸਰਦਾਰ ਜਗਦੇਵ ਸਿੰਘ ਜੱਸੋਵਾਲ (ਰਾਏਕੋਟ)** : ਪਰਮ ਸਤਿਕਾਰਯੋਗ ਚੇਅਰਮੈਨ ਸਾਹਿਬ, ਔਰ ਮੇਰੇ ਮਾਨਯੋਗ ਮਿੱਤਰੋ ਸਰਦਾਰ ਜਗਤ ਸਿੰਘ ਜੀ ਨੇ ਜੋ ਪੰਜਾਬ ਦੇ ਅੰਦਰ ਖੇਡਾਂ ਨੂੰ ਉਤਸ਼ਾਹ ਦੇਣ ਵਾਸਤੇ, ਖੇਡਾਂ ਦੇ ਮੈਦਾਨ ਵਿਚ ਅਗੇ ਵਧਣ ਵਾਸਤੇ ਮਤਾ ਪੇਸ਼ ਕੀਤਾ ਹੈ ਮੈਂ ਉਸ ਦੀ ਪ੍ਰੋੜਤਾ ਕਰਨ ਵਾਸਤੇ ਖੜ੍ਹਾ ਹੋਇਆ ਹਾਂ । ਚੇਅਰਮੈਨ ਸਾਹਿਬ, ਖੇਡਾਂ ਦਾ ਜਨਮ ਵੀ ਮਨੁੱਖ ਦੇ ਜਨਮ ਨਾਲ ਹੀ ਹੋਇਆ ਹੈ । ਖੇਡਾਂ ਦੀ ਤਰੱਕੀ ਵੀ ਮਨੁੱਖ ਦੀ ਤਰੱਕੀ ਹੈ । 'ਹੱਸਣ ਖੇਡਣ ਮਨ ਕਾ ਚਾਓ', ਔਰ 'ਹਸਦਿਆਂ ਖੇਡਦਿਆਂ ਪਹਿਨੰਦਿਆਂ ਵਿਚੇ ਹੋਵੇ ਮੁਕਤ' ਇਹ ਗੁਰਬਾਣੀ ਦੇ ਮਹਾਂਵਾਕ ਹਨ । ਇਕ ਅੱਛੇ ਸਰੀਰ ਵਿਚ ਹੀ ਅੱਛੀ ਆਤਮਾ ਪੈਦਾ ਹੋ ਸਕਦੀ ਹੈ । ਜੇਕਰ ਸਰੀਰ ਅੱਛਾ ਨਹੀਂ ਤਾਂ ਉਸ ਵਿਚ ਆਤਮਾ ਦੇ ਬਲਵਾਨ ਹੋਣ ਦੀ ਆਸ ਨਹੀਂ ਰੱਖਣੀ ਚਾਹੀਦੀ ।

ਪੰਜਾਬ ਯੁੱਗਾਂ ਯੁਗਾਂਤਰਾਂ ਤੋਂ ਖੇਡਾਂ ਦੇ ਮੈਦਾਨ ਵਿਚ ਬਹੁਤ ਅੱਗੇ ਰਿਹਾ ਹੈ, ਇਸ ਨੇ ਇਸ ਮੈਦਾਨ ਵਿਚ ਬਹੁਤ ਨਾਮਣਾ ਖੱਟਿਆ ਹੈ, ਇਸ ਨੇ ਬਹੁਤ ਪ੍ਰਸਿੱਧੀ ਖੱਟੀ ਹੈ । ਅਸੀਂ ਮਹਿਸੂਸ ਕਰਦੇ ਹਾਂ ਕਿ ਹੁਣ ਜਿਹੜੇ ਪਿੱਛੇ ਜਿਹੇ ਅੰਤਰ ਰਾਸ਼ਟਰੀ ਖੇਡਾਂ ਦੇ ਮੁਕਾਬਲੇ ਹੋਏ ਹਨ, ਚਾਹੇ ਵਰਲਡ ਓਲੰਪਿਕਸ ਹੋਏ ਹਨ, ਚਾਹੇ ਸਪੋਰਟਸ ਮੀਟ ਹੋਈਆਂ ਹਨ, ਉਨ੍ਹਾਂ ਸਥਾਨਾਂ ਤੇ ਜਾ ਕੇ ਪੰਜਾਬ ਬਲਕਿ ਹਿੰਦੁਸਤਾਨ ਜਿਹੜਾ ਕਿ 66 ਕਰੋੜ ਦੀ ਆਬਾਦੀ ਤੋਂ ਜ਼ਿਆਦਾ ਦਾ ਦੇਸ਼ ਹੈ ਜਦੋਂ ਇਸ ਦੇ ਖਿਡਾਰੀ ਬਗੈਰ ਕਿਸੇ ਕੱਪ ਦੇ, ਬਗੈਰ ਕਿਸੇ ਇਨਾਮ ਦੇ ਵਾਪਿਸ ਆਏ ਤਾਂ ਸਾਰਾ ਮੁਲਕ ਹੀ ਸ਼ਰਮਿੰਦਾ ਨਹੀਂ ਹੋਇਆ ਬਲਕਿ ਮੁਲਕ ਦਾ ਖੇਡਾਂ ਦਾ ਇਤਿਹਾਸ ਵੀ ਸ਼ਰਮਿੰਦਾ ਹੋਇਆ ਹੈ । (ਅਕਾਲੀ ਪਾਰਟੀ ਦੇ ਮਾਨਯੋਗ ਮੈਂਬਰਾਂ ਵਲੋਂ ਥੰਪਿੰਗ) (ਵਿਘਨ)

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਚੇਅਰਮੈਨ ਸਾਹਿਬ, ਦੁਨੀਆਂ ਦੇ ਹਾਕੀ ਦਾ ਕੱਪ ਪੰਜਾਬ ਨੇ ਜਿੱਤਿਆ ਹੈ ਲੇਕਿਨ ਇਸ ਪੰਜਾਬ ਨੇ ਨਹੀਂ ਜਿੱਤਿਆ, ਪੱਛਮੀ ਪੰਜਾਬ ਨੇ ਜਿੱਤਿਆ ਹੈ ਜਿਹੜਾ ਕਿ ਇਸ ਵੇਲੇ ਪਾਕਿਸਤਾਨ ਵਿਚ ਹੈ। ਇਸ ਦੀ ਕੀ ਵਜ੍ਹਾ ਹੈ ? ਕੀ ਕਾਰਨ ਹਨ ? ਚੇਅਰਮੈਨ ਸਾਹਿਬ, ਮੈਂ ਇਸ ਦੇ ਲਈ ਕੁਝ ਇਕ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ ਔਰ ਕੁਝ ਇਕ ਜ਼ਰੂਰੀ ਸੁਝਾਓ ਮੈਂ ਇਸ ਮਾਨਯੋਗ ਸਦਨ ਵਿਚ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਮਾਨਯੋਗ ਚੇਅਰਮੈਨ ਸਾਹਿਬ, ਸਾਡੇ ਪੰਜਾਬ ਦੇ ਅੰਦਰ ਖੇਡਾਂ ਵਾਸਤੇ ਪ੍ਰਬੰਧ ਪੂਰੇ ਨਹੀਂ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ** ** ** **

**ਸ੍ਰੀ ਸਭਾਪਤੀ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਚੇਅਰਮੈਨ ਸਾਹਿਬ, ਮੈਨੂੰ ਅਫਸੋਸ ਹੈ ਕਿ ਖੇਡਾਂ ਨੂੰ ਉਤੇਜਤ ਕਰਨ ਵਾਸਤੇ ਇਹ ਮਤਾ ਹੈ ਲੇਕਿਨ ਪਾਂਧੀ ਸਾਹਿਬ ਸਪੋਰਟਸਮੈਨਸ਼ਿਪ ਨਹੀਂ ਵਿਖਾ ਰਹੇ। ਮੈਂ ਆਸ ਰੱਖਦਾ ਹਾਂ ਕਿ ਪਾਲੇਟਿਕਸ ਨੂੰ ਖੇਡਾਂ ਤੋਂ ਪਰ੍ਹੇ ਰੱਖਣਗੇ। ਮੈਂ ਸਮਝਦਾ ਹਾਂ ਕਿ ਪਾਲੇਟਿਕਸ ਨੂੰ ਖੇਡਾਂ ਤੋਂ ਪਰ੍ਹੇ ਰੱਖਣਾ ਚਾਹੀਦਾ ਹੈ ਤਾਂ ਹੀ ਖੇਡਾਂ ਦੇ ਮੈਦਾਨ ਵਿਚ ਉੱਨਤੀ ਹੋ ਸਕਦੀ ਹੈ। ਜਿਹੜਾ ਵਿਅੱਕਤੀ 24 ਘੰਟੇ ਪਾਲੇਟਿਕਸ ਨੂੰ ਆਪਣੇ ਦਿਮਾਗ ਵਿਚ ਰੱਖਦਾ ਹੈ ਉਹ ਮੈਂ ਸਮਝਦਾ ਹਾਂ ਕਿ ਖੇਡਾਂ ਨਾਲ ਬੇਇਨਸਾਫ਼ੀ ਹੀ ਨਹੀਂ ਕਰਦਾ ਬਲਕਿ ਉਹ ਆਪਣੇ ਆਪ ਨਾਲ ਵੀ ਬੇਇਨਸਾਫੀ ਕਰਦਾ ਹੈ। ** ** ** **

**ਮਾਸਟਰ ਚੰਦ ਸਿੰਘ** : ** ** ** **

**ਸ੍ਰੀ ਸਭਾਪਤੀ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਖੇਡਾਂ ਜਿਤਨੀਆਂ ਪਾਲੇਟਿਕਸ ਤੋਂ ਦੂਰ ਰਹਿਣਗੀਆਂ ਉਤਨਾ ਹੀ ਚੰਗਾ ਹੋਵੇਗਾ। ਮੈਨੂੰ ਅਫਸੋਸ ਹੈ ਕਿ ਖੇਡਾਂ ਦੇ ਅੰਦਰ ਪਾਲੇਟਿਕਸ ਲੈ ਆਉਣ ਦਾ ਯਤਨ ਕੀਤਾ ਜਾਂਦਾ ਹੈ ਔਰ ਇਸ ਤਰ੍ਹਾਂ ਨਾਲ ਮੈਂਬਰ ਸਾਹਿਬਾਨ ਆਪਣਾ ਔਰ ਹਾਊਸ ਦਾ ਸਮਾਂ ਜ਼ਾਇਆ ਕਰ ਰਹੇ ਹਨ। ਤੇ ਮੈਂ ਅਰਜ਼ ਕਰਨੀ ਚਾਹਵਾਂਗਾ ਕਿ ਖੇਲ ਔਰ ਖਿਡਾਰੀ ਸਾਡੇ ਸਾਰੇ ਭਾਰੀ ਹਿੱਸੇ ਹਨ। ਲੇਕਿਨ ਸਾਨੂੰ ਅਫਸੋਸ ਹੈ ਕਿ ਸਾਡੇ ਪੰਜਾਬ ਵਿਚ ਜਿਹੜੀਆਂ ਖੇਡਾਂ ਮਸ਼ਹੂਰ ਸਨ ਉਨ੍ਹਾਂ ਨੂੰ ਰਸ਼ੀਆ ਨੇ ਬੁਰੀ ਤਰ੍ਹਾਂ ਘੇਰ ਲਿਆ ਹੈ। ਮਾਝਾ ਦੇ ਅੰਦਰ ਨੌਜਵਾਨਾਂ ਨੂੰ ਅਫੀਮ ਖਾਣ ਦੀ ਪ੍ਰਥਾ ਪੈ ਗਈ ਹੈ, ਮਾਲਵਾ ਦੇ ਅੰਦਰ ਜ਼ਰਦਾ ਖਾਣ ਦੀ ਪ੍ਰਥਾ ਪੈ ਗਈ ਹੈ ਔਰ ਇਸੇ ਤਰ੍ਹਾਂ ਦੇਸੀ ਸ਼ਰਾਬ ਅਤੇ ਦੂਸਰੀ ਸ਼ਰਾਬ ਪੀਣ ਦੀ ਆਦਤ ਨੌਜਵਾਨਾਂ ਨੂੰ ਖਾਈ ਜਾ ਰਹੀ ਹੈ। ਇਨ੍ਹਾਂ ਨਸ਼ਿਆਂ ਨੇ ਪੰਜਾਬ ਦੇ ਖਿਡਾਰੀਆਂ ਨੂੰ ਆਪਣੇ ਸਿਕੰਜੇ ਵਿਚ ਲੈ ਲਿਆ ਹੈ। ਸਾਡਾ ਖੇਡਾਂ ਵਿਚ ਪਿੱਛੇ ਜਾਣ ਦਾ ਮੇਨ ਕਾਰਨ ਇਹ ਹੈ ਕਿ ਇਹ ਨਸ਼ਾ ਖਾਣ ਦੀ ਆਦਤ ਨੌਜਵਾਨਾਂ ਦੇ ਰਸਤੇ ਵਿਚ ਰੁਕਾਵਟ ਬਣ ਚੁੱਕੀ ਹੈ। ਇਸ ਲਈ ਇਸ ਰੁਕਾਵਟ ਨੂੰ ਖਤਮ ਕਰਨ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਪਾਕਿਸਤਾਨ ਜਿਹੜਾ ਕਿ ਸਾਡਾ ਦੁਸ਼ਮਣ ਦੇਸ਼ ਹੈ ਉਸ ਅੰਦਰ ਭਾਰੀ ਗਿਣਤੀ ਵਿਚ

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਅਫੀਮ ਦੀ ਸਮੱਗਲਿੰਗ ਹੁੰਦੀ ਹੈ । ਇਸ ਵਜ੍ਹਾ ਨਾਲ ਹਿੰਦੁਸਤਾਨ ਦੇ ਨੌਜਵਾਨਾਂ ਅੰਦਰ ਨਸ਼ੇ ਖਾਣ ਦੀ ਬੀਮਾਰੀ ਜ਼ਿਆਦਾ ਹੋ ਰਹੀ ਹੈ ਅਤੇ ਖੇਡ ਦੇ ਮੈਦਾਨ ਵਿਚੋਂ ਉਹ ਪਿਛੇ ਹੱਟ ਰਹੇ ਹਨ।

ਇਸ ਦੇ ਨਾਲ, ਚੇਅਰਮੈਨ ਸਾਹਿਬ, ਮੈਂ ਇਕ ਹੋਰ ਅਰਜ਼ ਇਹ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਸਾਡੇ ਦੇਸ਼ ਅੰਦਰ ਖੇਡ ਦੇ ਤਿੰਨ ਵਿੰਗ ਬਣੇ ਹਨ। ਇਹ ਤਿੰਨ ਨਹੀਂ ਰਹਿਣੇ ਚਾਹੀਦੇ । ਇਕ ਤਾਂ ਖੇਡ ਪਰੀਸ਼ਦ ਹੈ, ਇਕ ਸਟੇਟ ਸਪੋਰਟਸ ਕੌਂਸਲ ਬਣੀ ਹੈ ਅਤੇ ਇਕ ਸਪੋਰਟਸ ਡਿਪਾਰਟਮੈਂਟ ਵੱਖਰਾ ਬਣਿਆ ਹੋਇਆ ਹੈ । ਮੈਂ ਸਮਝਦਾ ਹਾਂ ਕਿ ਖੇਡਾਂ ਨੂੰ ਉਤਸ਼ਾਹ ਦੇਣ ਲਈ ਇਹ ਤਿੰਨ ਵਿੰਗ ਨਹੀਂ ਹੋਣੇ ਚਾਹੀਦੇ ਬਲਕਿ ਇਨ੍ਹਾਂ ਤਿੰਨਾਂ ਵਿੰਗਾਂ ਨੂੰ ਇਕ ਵਿੰਗ ਵਿਚ ਪਰੋ ਦੇਣਾ ਜਾਹੀਦਾ ਹੈ ਤਾਂ ਕਿ ਜਿਹੜਾ ਖੇਡ ਦਾ ਵਾਤਾਵਰਨ ਹੈ ਉਸ ਨੂੰ ਉੱਚਾ ਚੁਕਿਆ ਜਾ ਸਕੇ । ਇਹ ਇਕ ਇੰਡੀਪੈਂਡੈਂਟ ਡਿਪਾਰਟਮੈਂਟ ਕਾਇਮ ਹੋਣਾ ਚਾਹੀਦਾ ਹੈ ਔਰ ਇਸ ਦੀ ਡਿਸਪੋਜ਼ਲ ਲਈ ਬਹੁਤ ਜ਼ਿਆਦਾ ਪੈਸਾ ਰੱਖਣਾ ਚਾਹੀਦਾ ਹੈ ਤਾਂ ਕਿ ਸਪੋਰਟਸ ਵਿਚ ਸਾਡਾ ਪੰਜਾਬ ਤਰੱਕੀ ਕਰ ਸਕੇ ।

ਇਸ ਦੇ ਨਾਲ ਮੈਂ ਇਹ ਵੀ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਵਿਚ ਸਰਕਾਰ ਨੂੰ ਛੋਟੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਖੇਡ ਵਿਚ ਉਤਸ਼ਾਹ ਦੇਣਾ ਚਾਹੀਦਾ ਹੈ । ਉਨ੍ਹਾਂ ਨੂੰ ਖੇਡਣ ਵਾਲੇ ਪਾਸੇ ਪ੍ਰੇਰਨਾ ਕਰਨੀ ਚਾਹੀਦੀ ਹੈ । ਸਾਡੇ ਪੰਜਾਬ ਵਿਚ 12,188 ਪਿੰਡ ਹਨ ਲੇਕਿਨ ਪਿੰਡਾਂ ਦੇ ਪੱਧਰ ਤੇ ਕੋਈ ਖੇਡ ਦਾ ਮੁਕਾਬਲਾ ਨਹੀਂ ਕੀਤਾ ਜਾਂਦਾ, ਬਲਾਕ ਪੱਧਰ ਤੇ ਖੇਡਾਂ ਦਾ ਕੋਈ ਮੁਕਾਬਲਾ ਨਹੀਂ ਕੀਤਾ ਜਾਂਦਾ, ਕੇਵਲ ਡਿਸਟ੍ਰਿਕਟ ਪੱਧਰ ਤੇ ਸਾਲ ਵਿਚ ਇਕ ਵਾਰ ਮੁਕਾਬਲਾ ਕੀਤਾ ਜਾਂਦਾ ਹੈ ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਸਾਲ ਵਿਚ ਇਕ ਵਾਰੀ ਖਿਡਾਰੀ ਉਹ ਖੇਡ ਦੇ ਮੁਕਾਬਲੇ ਕਰਕੇ ਆਪਣੇ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕੋਈ ਉਤਸ਼ਾਹ ਨਹੀਂ ਦਿੱਤਾ ਜਾਂਦਾ । ਇਸ ਲਈ ਮੇਰਾ ਸੁਝਾਉ ਹੈ ਕਿ ਪਿੰਡ ਪੱਧਰ ਤੇ ਔਰ ਬਲਾਕ ਪੱਧਰ ਤੇ ਖੇਡਾਂ ਦੇ ਮੁਕਾਬਲੇ ਕੀਤੇ ਜਾਣੇ ਚਾਹੀਦੇ ਹਨ । ਇਹ ਸਾਰਾ ਇੰਤਜ਼ਾਮ ਸਰਕਾਰ ਵੱਲੋਂ ਕੀਤਾ ਜਾਣਾ ਚਾਹੀਦਾ ਹੈ । ਪੰਜਾਬ ਦੇ ਵਿਚ ਬਹੁਤ ਸਾਰੇ ਮੇਲੇ ਲੱਗਦੇ ਹਨ । ਅਨੰਦਪੁਰ ਸਾਹਿਬ ਬੜਾ ਭਾਰੀ ਮੇਲਾ ਲੱਗਦਾ ਹੈ, ਚਮਕੌਰ ਸਾਹਿਬ ਬੜਾ ਭਾਰੀ ਮੇਲਾ ਲਗਦਾ ਹੈ, ਫਤਹਿਗੜ੍ਹ ਸਾਹਿਬ ਸਰਹਿੰਦ ਦਾ ਮੇਲਾ ਬੜਾ ਭਾਰੀ ਲਗਦਾ ਹੈ, ਮਾਛੀਵਾੜਾ ਦਾ ਮੇਲਾ ਬੜਾ ਭਾਰੀ ਲੱਗਦਾ ਹੈ, ਮਾਘੀ ਦਾ ਮੇਲਾ ਲਗਦਾ ਹੈ, ਵਿਸਾਖੀ ਦਾ ਮੇਲਾ ਲਗਦਾ ਹੈ ਇਸੇ ਤਰ੍ਹਾਂ ਬਹੁਤ ਸਾਰੇ ਮੇਲੇ ਪੰਜਾਬ ਵਿਚ ਲੱਗਦੇ ਹਨ ਮੇਰਾ ਸੁਝਾਉ ਹੈ ਕਿ ਇਨ੍ਹਾਂ ਮੇਲਿਆਂ ਵਿਚ ਸਰਕਾਰ ਨੂੰ ਸਰਕਾਰੀ ਤੌਰ ਤੇ ਖੇਡਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਿਉਂਕਿ ਲੋਕ ਉਥੇ ਭਾਰੀ ਗਿਣਤੀ ਵਿਚ ਇਕੱਠੇ ਹੁੰਦੇ ਹਨ ਔਰ ਇਸ ਤਰ੍ਹਾਂ ਨਾਲ ਜੇ ਉਥੇ ਖੇਡਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਉਥੇ ਆਏ ਨੌਜਵਾਨਾਂ ਨੂੰ ਕਾਫੀ ਪ੍ਰੇਰਨਾ ਮਿਲ ਸਕਦੀ ਹੈ ।

ਇਕ ਮੈਂ ਹੋਰ ਗੱਲ ਇਹ ਵੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ ਖਿਡਾਰੀਆਂ ਦੀ ਚੋਣ ਕੀਤੀ ਜਾਂਦੀ ਹੈ ਇਹ ਮੈਰਿਟ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ । ਹੁੰਦਾ ਕੀ ਹੈ ਕਿ ਇਹ ਚੋਣ ਸੂਬੇ ਦੇ ਆਧਾਰ ਤੇ ਕੀਤੀ ਜਾਂਦੀ ਹੈ ਕਿ ਇਸ ਸੂਬੇ ਵਿਚ ਇਤਨੇ ਖਿਡਾਰੀ ਲੈਣੇ ਹਨ ਅਤੇ ਦੂਜੇ ਸੂਬੇ ਵਿਚ ਇਤਨੇ ਖਿਡਾਰੀ ਲੈਣੇ ਹਨ । ਇਹ ਜਿਹੜਾ ਸਿਸਟਮ ਇੰਟਰੋਡਿਊਸ ਹੋਇਆ ਹੈ ਇਸ ਨਾਲ ਅਸੀਂ ਖੇਡ ਦੇ ਮੈਦਾਨ ਵਿਚ ਬਹੁਤ ਪਿਛੇ ਚਲੇ ਗਏ ਹਾਂ । ਹੋਣਾ ਇਹ ਚਾਹੀਦਾ ਹੈ ਕਿ ਸੂਬੇ ਦੇ ਆਧਾਰ ਤੇ ਖਿਡਾਰੀਆਂ ਦੀ ਚੋਣ ਨਹੀਂ ਕੀਤੀ ਜਾਣੀ ਚਾਹੀਦੀ ਹੈ, ਬਲਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਮੈਰਿਟ ਦੇ ਆਧਾਰ ਤੇ ਖਿਡਾਰੀਆਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ । ਇਸ ਨਾਲ ਚੰਗੇ ਖਿਡਾਰੀ ਅੱਗੇ ਆ ਸਕਣਗੇ ਅਤੇ ਸਾਡਾ ਪੰਜਾਬ ਤਰੱਕੀ ਕਰ ਸਕੇਗਾ । ਸੂਬੇ ਦੇ ਆਧਾਰ ਤੇ ਚੋਣ ਕਰਨਾ ਜਾਂ ਗਿਣਤੀ ਦੇ ਆਧਾਰ ਤੇ ਚੋਣ ਕਰਨਾ ਠੀਕ ਨਹੀਂ । ਇਹ ਸਿਸਟਮ ਬੰਦ ਕਰਨਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਖੇਡਾਂ ਦਾ ਮੈਦਾਨ ਇਕ ਪਵਿੱਤਰ ਮੈਦਾਨ ਹੈ । ਇਸ ਲਈ ਮੈਂ ਇਹ ਬੇਨਤੀ ਇਸ ਸਦਨ ਵਿਚ ਕਰਨਾ ਚਾਹੁੰਦਾ ਹਾਂ ਕਿ ਜਿੰਨੇ ਵੀ ਸਪੋਰਟਸ ਸਟੇਡੀਅਮ ਹਨ ਉਨ੍ਹਾਂ ਵਿਚ ਪੁਲਿਟੀਕਲ ਕਾਨਫਰੰਸਾਂ ਨਹੀਂ ਕਰਨੀਆਂ ਚਾਹੀਦੀਆਂ । ਜੇ ਇਨ੍ਹਾਂ ਸਟੇਡੀਅਮਾਂ ਵਿਚ ਪੁਲਿਟੀਕਲ ਕਾਨਫਰੰਸਾਂ ਹੋਣਗੀਆਂ ਤਾਂ ਸਪੋਰਟਸ ਤਰੱਕੀ ਨਹੀਂ ਕਰੇਗਾ । ਇਸ ਲਈ ਇਹ ਕੋਡ ਆਫ ਕੰਡਕਟ ਬਣਾ ਦੇਣਾ ਚਾਹੀਦਾ ਹੈ ਕਿ ਉਥੇ ਕੋਈ ਪੁਲਿਟੀਕਲ ਕਾਨਫਰੰਸ ਨਾ ਹੋਵੇ। ਖੇਡ ਦਾ ਮੈਦਾਨ ਇਕ ਐਸਾ ਮੈਦਾਨ ਹੈ ਜਿਥੇ ਖਿਡਾਰੀਆਂ ਨੂੰ ਬਹੁਤ ਜ਼ਿਆਦਾ ਪ੍ਰੇਰਨਾ ਮਿਲਦੀ ਹੈ । ਇਸ ਲਈ ਉਨ੍ਹਾਂ ਨੂੰ ਉਤਸ਼ਾਹ ਦੇਣ ਲਈ ਉਥੇ ਪੋਲਿਟਿਕਸ ਬਿਲਕੁਲ ਨਹੀਂ ਰਹਿਣ ਦੇਣੀ ਚਾਹੀਦੀ ।

**ਸ੍ਰੀ ਸਭਾਪਤੀ** : ਜਲਦੀ ਵਾਈਂਡ ਅੱਪ ਕਰੋ ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਬੱਸ ਮੈਂ ਇਕ ਦੋ ਬੇਨਤੀਆਂ ਹੋਰ ਕਰਾਂਗਾ ਕਿ ਪੰਜਾਬ ਵਿਚ ਬਹੁਤ ਸਾਰੇ ਐਸੇ ਸਥਾਨ ਹਨ ਜਿਥੇ ਕਿ ਖੇਡਾਂ ਨੇ ਜਨਮ ਲਿਆ ਹੈ । ਇਸ ਲਈ ਮੇਰਾ ਸੁਝਾਅ ਹੈ ਕਿ ਜਿਹੜੇ ਸਟੇਡੀਅਮ ਬਣਾਏ ਜਾਂਦੇ ਹਨ ਉਹ ਪੁਲਿਟੀਕਲ ਕੰਸਿਡਰੇਸ਼ਨ ਨਾਲ ਨਹੀਂ ਬਣਾਏ ਜਾਣੇ ਚਾਹੀਦੇ ਬਲਕਿ ਜਿਥੇ ਖੇਡਾਂ ਦੇ ਇਤਿਹਾਸਕ ਸਥਾਨ ਵੀ ਹਨ ਉਥੇ ਇਹ ਸਟੇਡੀਅਮ ਬਣਾ ਕੇ ਖਿਡਾਰੀਆਂ ਦਾ ਉਤਸ਼ਾਹ ਵਧਾਉਣਾ ਚਾਹੀਦਾ ਹੈ । ਜਿਸ ਤਰ੍ਹਾਂ ਕਿਲਾ ਰਾਏਪੁਰ ਖੇਡਾਂ ਦਾ ਬਹੁਤ ਇਤਿਹਾਸਕ ਸਥਾਨ ਹੈ, ਉਥੇ ਸਟੇਡੀਅਮ ਬਣਨਾ ਚਾਹੀਦਾ ਹੈ । ਇਸ ਨਾਲ ਖਿਡਾਰੀਆਂ ਦਾ ਉਤਸ਼ਾਹ ਵਧੇਗਾ ਔਰ ਪੰਜਾਬ ਤਰੱਕੀ ਕਰੇਗਾ ।

ਇਕ ਬੇਨਤੀ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਏਸ਼ੀਅਨ ਗੇਮਜ਼ 1982 ਵਿਚ ਹੋ ਰਹੀਆਂ ਹਨ, ਇਨ੍ਹਾਂ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਕਾਫੀ ਉਤਸ਼ਾਹ ਮਿਲ ਸਕਦਾ ਹੈ । ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡਾਂ ਵਿਚ ਟੈਲੀਵਿਜ਼ਨ ਸੈਂਟਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਇਹ ਜਿਹੜੀਆਂ ਗੇਮਜ਼ ਹੋ ਰਹੀਆਂ ਹਨ ਇਨ੍ਹਾਂ ਵਿਚ ਜਿਹੜੇ ਪਿੰਡਾਂ ਦੇ ਨੌਜਵਾਨ ਨਾ ਜਾ ਸਕਣ ਉਹ ਆਪਣੇ ਪਿੰਡਾਂ ਵਿਚ ਬੈਠ ਕੇ ਇਹ ਖੇਡਾਂ ਵੇਖ ਸਕਣ, ਇਸ ਨਾਲ ਉਨ੍ਹਾਂ ਵਿਚ ਕਾਫੀ ਉਤਸ਼ਾਹ ਵਧੇਗਾ ।

ਐਨਾ ਕਹਿੰਦਾ ਹੋਇਆ ਮੈਂ ਇਹ ਫਿਰ ਕਹਿੰਦਾ ਹਾਂ ਕਿ ਸਪੋਰਟਸ ਦੇ ਮੈਦਾਨ ਵਿਚ ਪਾਲਿਟਿਕਸ ਬਿਲਕੁਲ ਬੰਦ ਹੋਣੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਮੇਰੇ ਵਿਚਾਰ ਸ਼ਾਂਤੀ ਨਾਲ ਸੁਣੇ ਹਨ ਔਰ ਉਨ੍ਹਾਂ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਹਾਊਸ ਵਿਚ ਵੀ ਉਨ੍ਹਾਂ ਨੂੰ ਸਪੋਰਟਸਮੈਨਸ਼ਪ ਪੈਦਾ ਕਰਨੀ ਚਾਹੀਦੀ ਹੈ । ਜਿਹੜੀ ਪਾਰਟੀ ਜਿੱਤ ਕੇ ਇਥੇ ਆਉਂਦੀ ਹੈ, ਉਸ ਨੂੰ 5 ਸਾਲ ਲਈ ਆਪਣੇ ਮੈਨੀਫੈਸਟੋ ਦੇ ਮੁਤਾਬਕ ਕੰਮ ਕਰ ਲੈਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ ।

Original with;
Punjab Vidhan Sabha
Digitized by;
Panjab Digital Library

**ਸ੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, ਮੈਂ ਸਿਰਫ ਐਨਾ ਪੁਛਣਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਵੱਲੋਂ ਕਿਹੜੇ ਨੰਬਰ ਤੇ ਮੇਰਾ ਨਾਂ ਸਟੈਂਡ ਕਰਦਾ ਹੈ।

**ਸ੍ਰੀ ਸਭਾਪਤੀ** : ਤੁਹਾਡਾ ਨਾਂ ਛੇਵੇਂ ਨੰਬਰ ਤੇ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਭਾਪਤੀ** : ਇਹ ਲਫਜ਼ ਐਕਸਪੰਜ ਕਰ ਦਿਤੇ ਜਾਣ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਸਪੋਰਟਸ ਦਾ ਅੱਜ ਪੇਸ਼ ਹੋਇਆ ਹੈ ਇਸ ਸਬੰਧ ਵਿਚ ਮੈਂ ਬੋਲਣ ਲਈ ਖੜ੍ਹਾ ਹੋਇਆ ਹਾਂ। ਇਸ ਦੇ ਲਈ ਜਿਹੜਾ 20 ਲੱਖ ਰੁਪਿਆ ਰੱਖਿਆ ਗਿਆ ਹੈ ਇਹ ਬਹੁਤ ਥੋੜ੍ਹਾ ਪੈਸਾ ਹੈ। ਇਸ ਲਈ ਵੱਧ ਪੈਸੇ ਰੱਖੇ ਜਾਣੇ ਚਾਹੀਦੇ ਹਨ। ਇਸ ਵਿਭਾਗ ਦੇ ਕੋਈ 100 ਦੇ ਕਰੀਬ ਮੁਲਾਜ਼ਮ ਹਨ, ਉਨ੍ਹਾਂ ਨੂੰ ਪੇ ਸਕੇਲ ਚੰਗੇ ਦੇਣੇ ਚਾਹੀਦੇ ਹਨ। ਉਨ੍ਹਾਂ ਮੁਲਾਜ਼ਮਾਂ ਦੇ ਕੋਈ ਸਰਵਿਸ ਰੂਲਜ਼ ਨਹੀਂ ਬਣੇ ਹਏ, ਇਹ ਜ਼ਰੂਰ ਬਣਾਉਣੇ ਚਾਹੀਦੇ ਹਨ। ਸਰਕਾਰ ਨੂੰ ਖੇਡਾਂ ਦੇ ਵਿੰਗ ਨੂੰ ਬਿਲਕੁਲ ਪੁਲੀਟੀਕਲ ਐਂਗਲ ਤੋਂ ਦੂਰ ਰੱਖਣਾ ਚਾਹੀਦਾ ਹੈ। ਜਿਸ ਤਰ੍ਹਾਂ ਸਰਕਾਰ ਨੇ ਇਕਬਾਲ ਸਿੰਘ ਅਤੇ ਦਲਬੀਰ ਸਿੰਘ ਨੂੰ ਕੱਢ ਦਿਤਾ ਹੈ, ਇਹ ਪੁਲੀਟੀਕਲ ਐਂਗਲ ਤੋਂ ਕੀਤਾ ਗਿਆ ਹੈ। ਇਸ ਤਰੀਕੇ ਨਾਲ ਖੇਡਾਂ ਬੇਹਤਰੀਨ ਨਹੀਂ ਹੋ ਸਕਦੀਆਂ। ਇਨ੍ਹਾਂ ਦੇ ਸਰਵਿਸ ਰੂਲਜ਼ ਬਣਾ ਦੇਣੇ ਚਾਹੀਦੇ ਹਨ ਅਤੇ ਪ੍ਰੋਵੀਡੈਂਟ ਫੰਡ ਕੱਟਿਆ ਜਾਣਾ ਚਾਹੀਦਾ ਹੈ। ਇਸ ਦੀ ਪ੍ਰੋਵੀਜ਼ਨ ਕੀਤੀ ਜਾਵੇ। ਇਨ੍ਹਾਂ ਨੂੰ ਚੈਨਲ ਰਾਹੀਂ ਪਰਮੋਟ ਕੀਤਾ ਜਾਣਾ ਚਾਹੀਦਾ ਹੈ।

11.40 ਪੂਰਵ ਦੁਪਹਿਰ

(ਇਸ ਸਮੇਂ ਸ੍ਰੀ ਰਾਮ ਸਵਰੂਪ ਬਾਗੀ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਸਭਾਪਤੀ ਦੀ ਕੁਰਸੀ ਸੰਭਾਲੀ)।

ਇਨ੍ਹਾਂ ਕੋਚਾਂ ਨੂੰ ਟਾਈਮ ਸਿਰ ਪੱਕਾ ਕਰ ਦੇਣਾ ਚਾਹੀਦਾ ਹੈ। ਜਿਹੜੀਆਂ ਵੀਕਨੈਸ ਹਨ ਉਨ੍ਹਾਂ ਨੂੰ ਦੂਰ ਕਰਨਾ ਚਾਹੀਦਾ ਹੈ। ** ** **

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ** ** **

**ਸ੍ਰੀ ਸਭਾਪਤੀ** : ਕਿੱਲਾ ਰਾਇਪੁਰ ਦਾ ਸਾਰਾ ਪੋਰਸ਼ਨ ਹਾਊਸ ਦੀ ਕਾਰਵਾਈ ਵਿਚੋਂ ਕੱਟ ਦਿੱਤਾ ਜਾਵੇ। ਪ੍ਰੋਫੈਸਰ ਬਲਵੰਤ ਸਿੰਘ ਜੀ ਤੁਸੀਂ ਆਪਣੇ ਪੁਆਇੰਟ ਤੇ ਆਓ। ਗੇਮਜ਼ ਬਾਰੇ ਤੁਸੀਂ ਗੱਲ ਕਰੋ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਗੇਮਜ਼ ਦੇ ਵਿਚ ਪਾਲੇਟਿਕਸ ਨਹੀਂ ਆਉਣੀ ਚਾਹੀਦੀ ਔਰ ਇਸ ਨੂੰ ਇਸ ਤੋਂ ਦੂਰ ਰੱਖਣਾ ਚਾਹੀਦਾ ਹੈ। ਇਸ ਦੇ ਲਈ ਮੇਰੇ ਸਾਥੀ ਨੇ ਕਿਹਾ ਹੈ ਕਿ 20 ਕਰੋੜ ਰੁਪਏ ਦੇ ਫੰਡਜ਼ ਦੀ ਪ੍ਰੋਵੀਜ਼ਨ ਕਰਨੀ ਚਾਹੀਦੀ ਹੈ ਜਦ ਕਿ ਹੁਣ ਇਹ ਥੋੜੀ ਹੈ। ਇਸ ਨੂੰ ਵਧਾ ਦਿਓ। ** ** ** ਤਾਂ ਕਿ ਪਾਪੂਲੈਰਿਟੀ ਲੈ ਸਕਣ ਅਤੇ ਲੋਕਾਂ ਤੋਂ ਵੋਟਾਂ ਲੈ ਸਕਣ। ਇਸ ਤਰੀਕੇ ਨਾਲ ਦੂਜੇ ਇਲਾਕੇ ਜਿਥੇ ਖੇਡਾਂ ਅੱਛੀਆਂ ਹੋ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਸਕਦੀਆਂ ਹਨ ਅਤੇ ਅੱਛੇ ਖਿਡਾਰੀ ਪੈਦਾ ਹੋ ਸਕਦੇ ਹਨ ਉਨ੍ਹਾਂ ਨੂੰ ਉਤਸ਼ਾਹ ਨਹੀਂ ਮਿਲਦਾ ਹੈ। ਇਹ ਵੀ ਇਕ ਤਰ੍ਹਾਂ ਦੀ ਪੁਲੀਟੀਕਲ ਕੁਰੱਪਸ਼ਨ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਖੇਡਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਪਰ ਇਸ ਨੂੰ ਹਰ ਸਾਲ ਵਾਰੀ ਵਾਰੀ ਡਿਸਟ੍ਰਿਕਟ-ਵਾਰ ਕਰਵਾਓ ਤਾਂ ਕਿ ਹਰ ਇਕ ਜ਼ਿਲ੍ਹੇ ਨੂੰ ਮੌਕਾ ਮਿਲੇ।

**ਸਿਖਿਆ ਮੰਤਰੀ** : ਚੇਅਰਮੈਨ ਸਾਹਿਬ, ਇਨ੍ਹਾਂ ਨੇ ਜਿਹੜਾ ਐਲੀਗੇਸ਼ਨ ਲਗਾਇਆ ਹੈ ਕਿ ** ** **। ਮੈਂ ਇਸ ਨੂੰ ਬਿਲਕੁਲ ਬੇ-ਬੁਨਿਆਦ ਕਹਿੰਦਾ ਹਾਂ ਅਤੇ ਮੈਨੂੰ ਇਹ ਦੱਸ ਦੇਣ ਕਿ ** ** ਇਸ ਦੇ ਲਈ ਮੈਂ ਜਵਾਬ ਦੇਹ ਹਾਂ। ਪਿੱਛੇ ਕੀ ਹੁੰਦਾ ਰਿਹਾ ਹੈ ਉਸ ਦੇ ਲਈ ਮੈਂ ਜਿੰਮੇਵਾਰ ਨਹੀਂ ਹਾਂ। ਇਸ ਲਈ ਤੁਸੀਂ ਇਸ ਪੋਰਸ਼ਨ ਨੂੰ ਐਕਸਪੰਜ ਕਰ ਦਿਓ।

**ਸ਼੍ਰੀ ਸਭਾਪਤੀ** : ** ** ਇਸ ਨੂੰ ਐਕਸਪੰਜ ਕਰ ਦਿਤਾ ਜਾਵੇ। ਅਜਨਾਲਾ ਸਾਹਿਬ ਨੇ ਪਰਸਨਲ ਐਕਸਪਲੇਨੇਸ਼ਨ ਦੇ ਦਿਤੀ ਹੈ।

**ਸ਼੍ਰੀ ਗੁਰਦਿਆਲ ਸੈਣੀ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਦੇਵ ਸਿੰਘ ਖਿਆਲਾ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰ-ਮੈਨ ਸਾਹਿਬ, ਖੇਡਾਂ ਦਾ ਤਰੀਕਾ ਕਿਸ ਤਰ੍ਹਾਂ ਦਾ ਹੋਵੇ ਇਸ ਉਤੇ ਬਹਿਸ ਚੱਲ ਰਹੀ ਹੈ ਅਤੇ ਹਰ ਇਕ ਮੈਂਬਰ ਦਾ ਰਾਈਟ ਹੈ ਕਿ ਉਹ ਜੋ ਚਾਹੇ ਇਥੇ ਕਹਿ ਸਕਦਾ ਹੈ ਇਹ ਉਸ ਦੀ ਪ੍ਰਿਵਲਿਜ ਹੈ ਅਤੇ ਉਸ ਦੀ ਗੱਲ ਰਿਕਾਰਡ ਤੇ ਆਉਣੀ ਚਾਹੀਦੀ ਹੈ ਪਰ ਤੁਸੀਂ ਪ੍ਰੋਫੈਸਰ ਸਾਹਿਬ ਦੀ ਸਾਰੀ ਗੱਲ ਕਟਾਈ ਜਾ ਰਹੇ ਹੋ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

**ਸ਼੍ਰੀ ਸਭਾਪਤੀ** : ਇਹ ਮੈਨੂੰ ਪਤਾ ਹੈ ਕਿ ਚੇਅਰ ਤੋਂ ਕੀ ਆਰਡਰ ਦੇਣੇ ਹਨ ਅਤੇ ਕੀ ਹਾਊਸ ਦੀ ਕਾਰਵਾਈ ਵਿਚ ਆਉਣਾ ਚਾਹੀਦਾ ਹੈ ਕੀ ਨਹੀਂ ਆਉਣਾ ਚਾਹੀਦਾ ਹੈ। ਤੁਸੀਂ ਬੈਠੋ।

**ਸਰਦਾਰ ਬੀਰਦਵਿੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਅਸੀਂ ਹਾਊਸ ਦੇ ਵਿਚ ਸਪੋਰਟਸ ਤੇ ਡਿਸਕਸ਼ਨ ਕਰ ਰਹੇ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਮੈਂਬਰ ਸਾਹਿਬਾਨ ਇਥੇ ਠੀਕ ਠੀਕ ਟੂ ਦੀ ਪੁਆਇੰਟ ਗੱਲ ਕਰਨ ਅਤੇ ਇੱਧਰ ਉਧਰ ਦੀਆਂ ਗੱਲਾਂ ਕਰਕੇ ਹਾਊਸ ਦਾ ਮਹੌਲ ਖਰਾਬ ਨਾ ਕਰਨ। ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਚੇਅਰਮੈਨ ਸਾਹਿਬ ਬੜੇ ਗੁਸਾਖ਼ਰ ਹਨ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਪਹਿਲੇ ਹੀ ਇਸ ਕੁਰਸੀ ਤੇ ਬੈਠਣ ਦੀ ਵਧਾਈ ਦੇ ਚੁੱਕਾ ਹਾਂ। ਇਸ ਸਪੋਰਟਸ ਦੇ ਮਹਿਕਮੇ ਵਿਚ ਖੇਡ ਪਰੀਸ਼ਦ ਦੇ ਵਿਚ 4 ਪੋਸਟਾਂ ਅਸਿਸਟੈਂਟ ਸੈਕਟਰੀ ਦੀਆਂ ਚਾਹੀਦੀਆਂ ਹਨ ਔਰ ਇਨ੍ਹਾਂ ਦਾ ਸਕੇਲ 825--1700 ਹੋਣਾ ਚਾਹੀਦਾ ਹੈ। ਇਥੇ ਜੁਆਇੰਟ ਸੈਕਟਰੀ ਦੀ ਪੋਸਟ ਟੈਕਨੀਕਲ ਹੋਣੀ ਚਾਹੀਦੀ ਹੈ। ਕੋਚਾਂ ਦੀ ਪ੍ਰੋਮੋਸ਼ਨ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ, ਇਹ ਟੈਕਨੀਕਲ ਆਦਮੀ ਹੁੰਦੇ ਹਨ। ਇਨ੍ਹਾਂ ਪੋਸਟਾਂ ਦੀ ਜਿਹੜੀ ਘਾਟ ਹੈ ਇਸ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੂੰ

**Expunged as ordered by Chair.

Original with;
Punjab Vidhan Sabha
Digitized by;
Panjab Digital Library

ਸਪੋਰਟਸ ਵਿਚ ਸਾਰੀਆਂ ਖਰਾਬੀਆਂ ਨੂੰ ਦੂਰ ਕਰ ਦੇਣਾ ਚਾਹੀਦਾ ਹੈ ਤਾਂ ਹੀ ਅਸੀਂ ਤਰੱਕੀ ਕਰ ਸਕਦੇ ਹਾਂ । ਛੋਟੇ ਛੋਟੇ ਮੁਲਕ ਅਤੇ ਘੱਟ ਆਬਾਦੀ ਵਾਲੇ ਮੁਲਕ ਜਿਹੜੇ ਪੰਜਾਬ ਤੋਂ ਵੀ ਛੋਟੇ ਮੁਲਕ ਹਨ ਉਹ ਗੋਲਡ ਮੈਡਲ ਲੈ ਜਾਂਦੇ ਹਨ ਅਤੇ ਸਾਡਾ ਇਤਨਾ ਵੱਡਾ ਮੁਲਕ ਹੋਵੇ ਅਤੇ ਆਬਾਦੀ ਇਤਨੀ ਜ਼ਿਆਦਾ ਹੋਵੇ ਪਰ ਉਹ ਗੋਲਡ ਮੈਡਲ ਨਾ ਲੈ ਸਕਣ ਤਾਂ ਬੜੀ ਮਾੜੀ ਗੱਲ ਹੈ । ਇਸ ਲਈ ਸਾਨੂੰ ਖੇਡਾਂ ਦੇ ਵਿਚ ਤਰੱਕੀ ਕਰਨੀ ਚਾਹੀਦੀ ਹੈ । ਇਸ ਦੇ ਵਿਚ ਪਾਲਿਟਿਕਸ ਦੀ ਦਖਲ ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ ਔਰ ਪਲੇਅਰਜ਼ ਦੀ ਸਿਲੈਕਸ਼ਨ ਬਿਲਕੁਲ ਮੈਰਿਟ ਤੇ ਹੋਣੀ ਚਾਹੀਦੀ ਹੈ । ਪੁਲੀਟੀਕਲ ਐਂਗਲ ਤੋਂ ਸਿਲੈਕਸ਼ਨ ਨਹੀਂ ਕੀਤੀ ਜਾਣੀ ਚਾਹੀਦੀ ।

ਚੇਅਰਮੈਨ ਸਾਹਿਬ, ਇਸ ਦੇ ਸਿੱਟੇ ਵੱਜੋਂ ਕੌਮ ਦੀ ਹੱਤਕ ਹੋ ਰਹੀ ਹੈ । ਫੰਡਜ਼ ਦੀ ਬੜੀ ਲੋੜ ਹੈ ।

**ਸ਼੍ਰੀ ਸਭਾਪਤੀ** : ਪ੍ਰੋਫੈਸਰ ਬਲਵੰਤ ਸਿੰਘ ਜੀ, ਹੁਣ ਤੁਸੀਂ ਵਾਈਂਡ ਅੱਪ ਕਰੋ ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਮੈਨੂੰ ਤੁਸੀਂ ਬੋਲਣ ਲਈ ਕਿਤਨਾ ਟਾਈਮ ਦੇਣਾ ਹੈ ?

**ਸ਼੍ਰੀ ਸਭਾਪਤੀ** : ਤੁਹਾਡੇ ਸਿਰਫ ਪੰਜ ਮਿੰਟ ਰਹਿ ਗਏ ਹਨ ।

**ਪ੍ਰੋਫੈਸਰ ਬਲਵੰਤ ਸਿੰਘ** : ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਪਿੰਡਾਂ ਵਿਚ ਕਲੱਬ ਹੋਣੇ ਚਾਹੀਦੇ ਹਨ । ਹੁਣ ਇਸ ਵੇਲੇ, ਚੇਅਰਮੈਨ ਸਾਹਿਬ, ਇਕ ਕਲੱਬ ਲਈ 500 ਰੁਪਿਆ ਦਿਤਾ ਜਾਂਦਾ ਹੈ । ਜੇਕਰ ਕਿਸੇ ਕਲੱਬ ਦੇ 50 ਮੈਂਬਰ ਹੋਣ ਤਾਂ ਇਕ ਮੈਂਬਰ ਨੂੰ ਸਿਰਫ 10 ਰੁਪਏ ਆਉਂਦੇ ਹਨ । ਅੱਜ 10 ਰੁਪਏ ਦੀ ਫੁੱਟਬਾਲ ਵੀ ਨਹੀਂ ਆਉਂਦੀ ਅਤੇ ਹੋਰ ਕੋਈ ਵੀ ਖੇਡ ਦੀ ਚੀਜ਼ ਨਹੀਂ ਆ ਸਕਦੀ । ਇਸ ਤਰ੍ਹਾਂ 10 ਰੁਪਏ ਦੇ ਖਰਚ ਨਾਲ ਕਿਹੜਾ ਖਿਡਾਰੀ ਪੈਦਾ ਹੋ ਸਕਦਾ ਹੈ । ਪਿੰਡਾਂ ਵਿਚ ਬੱਚਿਆਂ ਲਈ ਕਲੱਬ ਹੋਣੇ ਚਾਹੀਦੇ ਹਨ ਅਤੇ ਸਫੀਸ਼ੈਂਟ ਫੰਡ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ । ਦਫਤਰ ਦੇ ਵਿਚ ਜੇਕਰ ਕੋਈ ਚੀਜ਼ ਖਰਾਬ ਹੋ ਜਾਵੇ ਤਾਂ ਸਾਰਾ ਕੰਮ ਠੱਪ ਪਿਆ ਰਹਿੰਦਾ ਹੈ ਤਾਂ ਤੁਸੀਂ ਉਸ ਚੀਜ਼ ਲਈ ਫੰਡਜ਼ ਮੁਹੱਈਆ ਕਰਦੇ ਹੋ । ਇਸ ਲਈ ਤੁਹਾਨੂੰ ਸਕੂਲਾਂ ਵਿਚ ਬੱਚਿਆਂ ਦੇ ਖੇਡਣ ਲਈ ਗਰਾਊਂਡਜ਼ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਅਤੇ ਫੰਡਜ਼ ਦਾ ਵੀ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਂ ਕਿ ਬੱਚਿਆਂ ਦੀ ਸਿਹਤ ਠੀਕ ਰਹੇ । ਹੋਰ ਬੱਚਿਆਂ ਦਾ ਕੋਈ ਨੁਕਸਾਨ ਨਾ ਹੋਵੇ ।

ਚੇਅਰਮੈਨ ਸਾਹਿਬ, ਹਾਕੀ ਕਬੱਡੀ, ਰੈਸਲਿੰਗ ਅਤੇ ਹੋਰ ਬਹੁਤ ਸਾਰੀਆਂ ਖੇਡਾਂ ਹਨ ਜੋ ਕਿ ਸਾਨੂੰ ਵਿਰਸੇ ਤੋਂ ਮਿਲੀਆਂ ਹਨ। ਇਨ੍ਹਾਂ ਖੇਡਾਂ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾ ਰਿਹਾ। ਇਨ੍ਹਾਂ ਖੇਡਾਂ ਨੂੰ ਸਗੋਂ ਬੜਾਵਾ ਦਿੱਤਾ ਜਾਣਾ ਚਾਹੀਦਾ ਹੈ। ਇਨ੍ਹਾਂ ਖੇਡਾਂ ਨੂੰ ਸਰਕਾਰ ਪਿਛੇ ਲਿਜਾ ਰਹੀ ਹੈ। ਇਸ ਲਈ ਮੈਂ ਸਪੋਰਟਸ ਮਨਿਸਟਰ ਸਾਹਿਬ ਕੋਲੋਂ ਉਮੀਦ ਰਖਾਂਗਾ ਕਿ ਇਨ੍ਹਾਂ ਖੇਡਾਂ ਨੂੰ ਬੜਾਵਾ ਦਿੱਤਾ ਜਾਵੇ ਔਰ ਇਨ੍ਹਾਂ ਖੇਡਾਂ ਵੱਲ ਵਿਸ਼ੇਸ਼ ਧਿਆਨ ਦਿਤਾ ਜਾਵੇ। ਚੇਅਰਮੈਨ ਸਾਹਿਬ, ਪਿਛਲੇ ਸਮੇਂ ਵਿਚ 8-10 ਕਲੱਬ ਬੰਦ ਕੀਤੇ ਗਏ ਸਨ ਔਰ ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਕਲੱਬਾਂ ਨੂੰ ਫਿਰ ਦੁਬਾਰਾ ਤੋਂ ਚਾਲੂ ਕੀਤਾ ਜਾਵੇ। ਚੇਅਰਮੈਨ ਸਾਹਿਬ, ਸਾਰੇ ਪੰਜਾਬ ਵਿੱਚ ਸਪੋਰਟਸ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਸਕੂਲ ਜਲੰਧਰ ਵਿਖੇ ਇਕੋ ਹੀ ਹੈ। ਇਕ ਸਕੂਲ ਸਾਰੇ ਪੰਜਾਬ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਦਾ ਇਸ ਲਈ ਹੋਰ ਸਪੋਰਟਸ ਸਕੂਲ ਖੋਲ੍ਹਣੇ ਚਾਹੀਦੇ ਹਨ। ਮੈਂ ਕਹਾਂਗਾ ਕਿ ਹਰ ਜ਼ਿਲ੍ਹੇ ਵਿੱਚ ਇੱਕ ਸਪੋਰਟਸ ਸਕੂਲ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਲੱਡਾ ਕੋਠੀ ਵਿਚ ਜਗ੍ਹਾ ਬਹੁਤ ਹੈ ਅਤੇ ਉਹ ਥਾਂ ਪੁਲਿਸ ਨੂੰ ਦਿੱਤੀ ਹੋਈ ਹੈ। ਉਹ ਜਗ੍ਹਾ ਸਪੋਰਟਸ ਲਈ ਵਰਤਣੀ ਚਾਹੀਦੀ ਹੈ। ਇਸੇ ਤਰ੍ਹਾਂ ਪਟਿਆਲੇ ਵਿੱਚ ਔਰ ਹੋਰ ਥਾਵਾਂ ਤੇ ਜਗ੍ਹਾ ਹੈ ਅਤੇ ਉਨ੍ਹਾਂ ਥਾਵਾਂ ਨੂੰ ਸਪੋਰਟਸ ਲਈ ਵਰਤਿਆ ਜਾ ਸਕਦਾ ਹੈ ਪਰ ਉਨ੍ਹਾਂ ਥਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਜਦ ਤਕ ਚੇਅਰਮੈਨ ਸਾਹਿਬ, ਤੁਸੀਂ ਸਪੋਰਟਸ ਦੇ ਖਿਡਾਰੀਆਂ ਲਈ ਨੌਕਰੀਆਂ ਵਿੱਚ ਵੀ ਰਿਜ਼ਰਵੇਸ਼ਨ ਨਹੀਂ ਰਖੋਗੇ ਤਦ ਤਕ ਅਸੀਂ ਖੇਡਾਂ ਵਿਚ ਹੋਰ ਅਗੇ ਨਹੀਂ ਆ ਸਕਦੇ ।

**ਸ੍ਰੀ ਸਭਾਪਤੀ :** ਹੁਣ ਤੁਸੀਂ ਵਾਈਂਡ ਅਪ ਕਰੋ ਜੀ।

**ਪ੍ਰੋਫੈਸਰ ਬਲਵੰਤ ਸਿੰਘ:** ਚੇਅਰਮੈਨ ਸਾਹਿਬ, ਮੈਂ ਵਾਈਂਡ ਅਪ ਕਰਦਾ ਹਾਂ। ਜਿਨ੍ਹਾਂ ਨੇ ਖੇਡ ਦੇ ਮੈਦਾਨ ਵਿਚ ਹਿੰਦੁਸਤਾਨ ਨੂੰ ਉਪਰ ਚੁੱਕਿਆ ਹੈ ਅਤੇ ਪੰਜਾਬ ਨੂੰ ਉਪਰ ਚੁਕਿਆ ਹੈ ਉਹ ਅੱਜ ਬੇਕਾਰ ਫਿਰ ਰਹੇ ਹਨ । ਇਕ ਪਾਸੇ ਪੰਜਾਬ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿਤਾ ਜਾ ਰਿਹਾ ਹੈ। ਉਹ ਵਿਚਾਰੇ ਬੇਕਾਰ ਹਨ ਅਤੇ ਉਨ੍ਹਾਂ ਦਾ ਕੋਈ ਇੰਤਜ਼ਾਮ ਸਰਕਾਰ ਵਲੋਂ ਨਹੀਂ ਕੀਤਾ ਜਾ ਰਿਹਾ ਹੈ। ਜਾਬਜ਼ ਲਈ ਉਨ੍ਹਾਂ ਵਾਸਤੇ, ਚੇਅਰਮੈਨ ਸਾਹਿਬ, ਰਿਜ਼ਰਵੇਸ਼ਨ ਹੋਣੀ ਚਾਹੀਦੀ ਹੈ । ਜੋ ਬੇਕਾਰੀ ਅਲਾਊਂਸ ਦੂਸਰਿਆਂ ਨੂੰ 50 ਰੁਪਏ ਮਹੀਨਾ ਦਿਤਾ ਜਾ ਰਿਹਾ ਹੈ ਉਨ੍ਹਾਂ ਖਿਡਾਰੀਆਂ ਨੂੰ ਵੀ ਬੇਕਾਰੀ ਅਲਾਊਂਸ ਉਹੀ 50 ਰੁਪਏ ਮਹੀਨਾ ਦਿਤਾ ਜਾਂਦਾ ਹੈ। ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਤੁਹਾਡੇ ਪਾਸ ਪੀਲੇ ਕਾਰਡ ਹੋਣ ਅਤੇ ਤੁਹਾਡੀ ਫੈਮਲੀ ਇਨਕਮ 3600 ਰੁਪਏ ਤੋਂ ਘੱਟ ਹੋਵੇ। (ਘੰਟੀ) ਉਨ੍ਹਾਂ ਖਿਡਾਰੀਆਂ ਲਈ ਬੇਕਾਰੀ ਅਲਾਊਂਸ ਵਧਾਉਣਾ ਚਾਹੀਦਾ ਹੈ।

**ਸ੍ਰੀ ਗੁਰਦਿਆਲ ਸੈਣੀ** (ਜਲੰਧਰ ਉੱਤਰੀ) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ। ਸਰਦਾਰ ਜਗਤ ਸਿੰਘ ਜੀ ਨੇ ਸਪੋਰਟਸ ਬਾਰੇ ਰੈਜ਼ੋ-ਲਿਊਸ਼ਨ ਲਿਆ ਕੇ ਇੱਕ ਬਹੁਤ ਚੰਗਾ ਕੰਮ ਕੀਤਾ ਹੈ ਇਸ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਦੂਸਰਾ, ਚੇਅਰਮੈਨ ਸਾਹਿਬ, ਮੈਂ ਤੁਹਾਡਾ ਵੀ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੈਨ ਤੋਂ ਹੁਣ ਚੇਅਰਮੈਨ ਬਣ ਗਏ ਹੋ। ਸਪੋਰਟਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਹਰਲੇ ਮੁਲਕਾਂ ਵਿਚ ਇਹ ਚੀਜ਼ ਕੰਪਲਸਰੀ ਹੈ। 1976 ਵਿਚ ਸਾਡੇ ਪੰਜਾਬ ਵਿੱਚ ਵੀ ਇਹ ਚੀਜ਼ ਕੰਪਲਸਰੀ ਹੋਈ ਸੀ ਪਰ ਅਕਾਲੀ ਜਨਤਾ ਸਰਕਾਰ ਨੇ ਇਸਤੇ ਅਮਲ ਸਹੀ ਢੰਗ ਨਾਲ ਨਹੀਂ ਕੀਤਾ। ਇਸ ਲਈ ਮੇਰੀ ਸਪੋਰਟਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਹੈ ਕਿ ਇਸ ਨੂੰ ਇਥੇ ਜ਼ਰੂਰ ਲਾਗੂ ਕੀਤਾ ਜਾਵੇ। ਸ੍ਰੀ ਧਿਆਨ ਚੰਦ ਨੇ ਹਾਕੀ ਵਿੱਚ ਹਿੰਦੁਸਤਾਨ ਦਾ ਨਾਂ ਉੱਚਾ ਕੀਤਾ ਸੀ। ਜਦੋਂ ਉਹ ਗੇਂਦ ਨੂੰ ਪਕੜ ਲੈਂਦਾ ਸੀ ਤਾਂ ਉਹ ਗੋਲ ਜ਼ਰੂਰ ਕਰ ਲੈਂਦਾ ਸੀ ਅਤੇ ਲੋਕ ਉਸ ਨੂੰ ਚੁੰਮਦੇ ਸਨ। ਸਰਦਾਰ ਬਲਬੀਰ ਸਿੰਘ ਬਾਰੇ ਕਈ ਮੈਂਬਰਾਂ ਨੇ ਕਹਿ ਦਿੱਤਾ ਹੈ। ਜਿਹੜੀ ਗੱਲ ਇਕ ਵਾਰ ਹਾਊਸ ਵਿਚ ਕਹੀ ਗਈ ਹੈ, ਉਸਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ। ਸਪੋਰਟਸ ਮਨਿਸਟਰ ਸਾਹਿਬ, ਨੇ ਮੇਰੇ ਹਲਕੇ ਦੇ ਗਾਂਧੀ ਸਕੂਲ ਨੂੰ ਹਾਈ ਸਕੂਲ ਬਣਾਇਆ ਹੈ ਲੇਕਿਨ ਉਥੇ ਬੱਚਿਆਂ ਦੇ ਖੇਡਣ ਵਾਸਤੇ ਗਰਊਂਡ ਕੋਈ ਨਹੀਂ ਹੈ। ਉਥੇ ਸਕੂਲ ਕੋਲ ਗਾਂਧੀ ਕੈਂਪ ਪਾਸ ਜਗਾ ਪਈ ਹੈ ਔਰ ਉਹ ਜਗ੍ਹਾ ਸਕੂਲ ਦੇ ਬੱਚਿਆਂ ਦੇ ਖੇਡਣ ਵਾਸਤੇ ਲਿਤੀ ਜਾ ਸਕਦੀ ਹੈ। ਚੇਅਰਮੈਨ ਸਾਹਿਬ, ਮੰਡੀ ਫੈਣਨ ਗੰਜ ਕੋਲ ਇਹ ਜਗ੍ਹਾ ਪਈ ਹੈ । ਮੈਂ ਤੁਹਾਡੇ ਰਾਹੀਂ ਸਪੋਰਟਸ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਉਸ ਜਗ੍ਹਾ

Original with;
Punjab Vidhan Sabha
Digitized by;
Panjab Digital Library

ਤੇ ਸਕੂਲ ਦੇ ਬੱਚਿਆਂ ਵਾਸਤੇ ਖੇਡਣ ਲਈ ਗਰਾਊਂਡ ਦਾ ਪ੍ਰਬੰਧ ਕਰ ਦੇਣ। ਚੇਅਰਮੈਨ ਸਾਹਿਬ, ਜਲੰਧਰ ਨੇ ਖੇਡਾਂ ਵਿਚ ਪੰਜਾਬ ਦਾ ਨਾਂ ਰੋਸ਼ਨ ਕੀਤਾ ਹੈ। ਹਸ ਰਾਜ ਸੂਰੀ ਵਲੋਂ 12 ਕਰੋੜ ਰੁਪਏ ਦਾ ਸਪੋਰਟਸ ਦਾ ਮਾਲ ਐਕਸਪੋਰਟ ਹੁੰਦਾ ਹੈ। ਹੰਸ ਰਾਜ ਐਂਡ ਸੰਨਜ਼ ਵਲੋਂ ਸਪੋਰਟਸ ਦਾ ਸਾਢੇ ਨੌ ਕਰੋੜ ਰੁਪਏ ਦਾ ਮਾਲ ਐਕਸਪੋਰਟ ਹੁੰਦਾ ਹੈ। ਇਸੇ ਤਰ੍ਹਾਂ ਬਲਬੀਰ ਕੰਪਨੀ ਵੱਲੋਂ, ਚੇਅਰਮੈਨ ਸਾਹਿਬ, ਸਾਢੇ ਸੱਤ ਕਰੋੜ ਰੁਪਏ ਦਾ ਮਾਲ ਐਕਸਪੋਰਟ ਹੁੰਦਾ ਹੈ। ਚੇਅਰਮੈਨ ਸਾਹਿਬ, ਪਹਿਲਾਂ ਕੱਚਾ ਰਾਅ-ਮੈਟੀਰੀਅਲ ਬੈਟਸ ਅਤੇ ਮਲਵਰੀ ਵਾਸਤੇ (ਖੇਡਾਂ ਦੇ ਸਮਾਨ ਵਾਸਤੇ) ਜੰਮੂ ਕਸ਼ਮੀਰ ਤੋਂ ਆਉਂਦਾ ਸੀ। ਉਹ ਮਾਲ ਆਉਣਾ ਬੰਦ ਹੋ ਗਿਆ ਹੈ। ਜੰਮੂ ਕਸ਼ਮੀਰ ਵਾਲੇ ਕਹਿੰਦੇ ਹਨ ਕਿ ਤੁਸੀਂ ਇਥੇ ਆ ਕੇ ਇੰਡਸਟਰੀ ਲਗਾਉ ਅਸੀਂ ਤੁਹਾਨੂੰ ਕੱਚਾ ਮਾਲ ਨਹੀਂ ਦਿੰਦੇ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਸਪੋਰਟਸ ਲਈ ਚਮੜਾ ਪਹਿਲਾਂ ਬਾਹਰੋਂ ਆਇਆ ਕਰਦਾ ਸੀ ਪਰ ਅਕਾਲੀ ਸਰਕਾਰ ਵੇਲੇ ਇਹ ਚਮੜਾ ਬਾਹਰੋਂ ਆਉਣਾ ਬੰਦ ਹੋ ਗਿਆ ਸੀ। ਇਸ ਵੇਲੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਵੇਲੇ ਇਹ ਚਮੜਾ ਫਿਰ ਆਉਣ ਲਗ ਗਿਆ ਹੈ। ਉਨ੍ਹਾਂ ਨੂੰ ਮਿਲ ਰਿਹਾ ਹੈ ਔਰ ਕੰਮ ਚਲ ਰਿਹਾ ਹੈ। ਸਪੋਰਟਸ ਲਈ ਰਾਅ-ਮੈਟੀਰੀਅਲ ਜੰਮੂ-ਕਸ਼ਮੀਰ ਤੋਂ ਮੰਗਵਾਉਣਾ ਪੈਂਦਾ ਹੈ ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੰਮੂ-ਕਸ਼ਮੀਰ ਸਰਕਾਰ ਨਾਲ ਗੱਲ ਬਾਤ ਕਰੇ ਅਤੇ ਜੋ ਚੀਜ਼ ਪੰਜਾਬ ਵਿਚ ਚਾਹੀਦੀ ਹੈ ਉਹ ਲਾਜ਼ਮੀ ਤੌਰ ਤੇ ਇਨ੍ਹਾਂ ਨੂੰ ਦਿਲਾਉਣ ਦਾ ਯਤਨ ਕਰੇ।

ਚੇਅਰਮੈਨ ਸਾਹਿਬ, ਤੁਹਾਨੂੰ ਸੁਣਕੇ ਖੁਸ਼ੀ ਹੋਏਗੀ ਕਿ ਜਦੋਂ ਪਿਛੇ ਜਿਹੇ ਗੇਮਜ਼ ਮੌਂਨਟ੍ਰੀਅਲ ਵਿੱਚ ਹੋਈਆਂ ਸਨ ਤਾਂ ਜੋ ਬੈਟ ਜਲੰਧਰ ਵਿਚ ਬਣਦਾ ਹੈ ਉਸ ਦਾ ਯੂਜ਼ ਉਥੇ ਹੋਇਆ ਸੀ। ਇਸ ਤਰ੍ਹਾਂ ਕਰਕੇ ਜਦੋਂ ਖਿਲਾੜੀ ਇਸ ਦੇਸ਼ ਦਾ ਉਥੇ ਖੇਡ ਵਿੱਚ ਨਾਂ ਉਚਾ ਕਰਦੇ ਹਨ ਤਾਂ ਉਨ੍ਹਾਂ ਨੂੰ ਇਨ-ਸੈਂਟਿਵ ਦਿੱਤਾ ਜਾਂਦਾ ਹੈ ਮੇਰੀ ਬੇਨਤੀ ਹੈ ਕਿ ਉਸੇ ਤਰ੍ਹਾਂ ਹੀ ਜੋ ਗੇਮਜ਼ ਮੈਟੀਰੀਅਲ ਉਥੇ ਵਰਤਿਆ ਜਾਂਦਾ ਹੈ ਔਰ ਜੋ ਇੰਡਸਟਰੀ ਵਾਲੇ ਉਹ ਮੈਟੀਰੀਅਲ ਇਥੇ ਬਣਾਉਂਦੇ ਹਨ ਉਨ੍ਹਾਂ ਲਈ ਵੀ ਕੋਈ ਇਨਸੈਂਟਿਵ ਹੋਣਾ ਚਾਹੀਦਾ ਹੈ। ਪਹਿਲਾਂ 15%, 10%, ਅਤੇ 7% ਆਦਿ ਅਜਿਹੇ ਕੰਮਾਂ ਲਈ ਇਨਸੈਂਟਿਵਜ਼ ਦਿੱਤੇ ਜਾਂਦੇ ਸਨ ਪਰ 1977 ਤੋਂ 1980 ਤਕ ਜਦੋਂ ਅਕਾਲੀ-ਜਨਤਾ ਸਰਕਾਰ ਇਥੇ ਰਹੀ ਉਦੋਂ ਇਹ ਇਨਸੈਂਟਿਵ ਬੰਦ ਕਰ ਦਿੱਤੇ ਗਏ ਜਿਸ ਨਾਲ ਸਾਡੀ ਸਪੋਰਟਸ ਦੀ ਐਕਸਪੋਰਟ ਨੂੰ ਬੜਾ ਧੱਕਾ ਲੱਗਾ। ਇਸ ਲਈ ਮੇਰੀ ਬੇਨਤੀ ਹੈ ਕਿ ਜੋ ਲੋਕ ਸਪੋਰਟਸ ਦਾ ਸਾਮਾਨ ਐਕਸਪੋਰਟ ਕਰਦੇ ਹਨ ਉਨ੍ਹਾਂ ਨੂੰ 3%, 5%, ਜਾਂ 7% ਇਨਸੈਂਟਿਵ ਦੇਣਾ ਚਾਹੀਦਾ ਹੈ ਤਾਂ ਕਿ ਸਪੋਰਟਸ ਦੀ ਐਕਸਪੋਰਟ ਨੂੰ ਬੜਾਵਾ ਮਿਲੇ ਔਰ ਇਹ ਇੰਡਸਟਰੀ ਇਥੇ ਤਰੱਕੀ ਕਰ ਸਕੇ।

1976 ਵਿਚ ਜਲੰਧਰ ਵਿੱਚ 2 ਫੋਕਲ ਪੁਆਇੰਟਸ ਬਣੇ ਸਨ। ਇਕ ਕੰਪਲੈਕਸ ਸਪੋਰਟਸ ਇੰਡਸਟਰੀਜ਼ ਦਾ ਸੀ। ਉਦੋਂ ਤੋਂ ਲੈ ਕੇ ਹੁਣ ਤਕ ਉਨ੍ਹਾਂ ਨੂੰ ਕੋਈ ਅਲਾਟਮੈਂਟ ਨਹੀਂ ਹੋਈ। ਜਿਹੜੇ ਮਜ਼ਦੂਰ ਛੋਟੇ ਛੋਟੇ ਕਮਰਿਆਂ ਵਿਚ ਕੰਮ ਕਰਦੇ ਹਨ, ਉਨ੍ਹਾਂ ਵਾਸਤੇ ਕੰਮ ਕਰਨ ਲਈ ਅੱਜ ਤੋਂ ਪੰਜ ਸਾਲ ਪਹਿਲਾਂ ਉਥੇ ਜਗਾ ਐਕੁਆਇਰ ਕੀਤੀ ਗਈ ਸੀ। ਉਸਦੀ ਅਲਾਟਮੈਂਟ ਹੋਣੀ ਚਾਹੀਦੀ ਹੈ। ਜਿਹੜੇ ਬੰਦਿਆਂ ਨੂੰ ਅਲਾਟਮੈਂਟ ਹੋ ਜਾਵੇ ਠੀਕ ਹੈ, ਬਾਕੀਆਂ ਦੇ ਪੈਸੇ ਵਾਪਸ ਨਹੀਂ ਹੋਣੇ ਚਾਹੀਦੇ ਬਲਿਕ ਉਨਾਂ ਨੂੰ ਅੱਗੇ ਵਾਸਤੇ ਰਖ ਲੈਣਾ ਚਾਹੀਦਾ ਹੈ ਔਰ ਬਾਅਦ ਵਿਚ ਜਗ੍ਹਾ ਅਲਾਟ ਹੋ ਜਾਣੀ ਚਾਹੀਦੀ ਹੈ। ਇਸ ਕੰਮ ਲਈ ਇਕ ਕਮੇਟੀ ਬਣਾ ਲੈਣੀ ਚਾਹੀਦੀ ਹੈ ਜਿਹੜੀ ਕਿ ਇਸ ਕੰਮ ਨੂੰ ਚੰਗੀ ਤਰ੍ਹਾਂ ਦੇਖੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਵਾਈਂਡ ਅਪ ਕਰੋ ਜੀ।

**ਸ੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਮੈਂ 5 ਮਿੰਟ ਹੋਰ ਬੋਲਣਾ ਚਾਹੁੰਦਾ ਹਾਂ। ਇਹ ਇੰਡਸਟਰੀ ਮੇਰੇ ਹਲਕੇ ਵਿਚ ਹੈ ਮੈਨੂੰ 5 ਮਿੰਟ ਬੋਲ ਲੈਣ ਦਿਓ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜੋ ਸਪੋਰਟ ਕੰਪਲੈਕਸ ਹੈ, ਕਈ ਆਦਮੀਆਂ ਨੇ ਦੋ, ਦੋ, ਚਾਰ, ਚਾਰ ਹਜ਼ਾਰ ਰੁਪਿਆ ਜਮ੍ਹਾ ਕਰਾਇਆ ਅਲਾਟਮੈਂਟ ਹੋਣ ਲਈ। ਉਸ ਵੇਲੇ ਦੀ ਅਕਾਲੀ ਸਰਕਾਰ ਨੇ ਕੋਈ ਫੈਸਲਾ ਨਹੀਂ ਕੀਤਾ। ਹੁਣ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਇਸ ਬਾਰੇ ਫੌਰੀ ਤੌਰ ਤੇ ਫੈਸਲਾ ਕਰਨਾ ਚਾਹੀਦਾ ਹੈ ਔਰ ਜਿਹੜੇ ਬੰਦੇ ਬਚ ਜਾਣ ਉਨ੍ਹਾਂ ਨੂੰ ਅੱਗੇ ਵਾਸਤੇ ਰਖ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਪੈਸੇ ਵਾਪਸ ਕਰਨ ਵਾਸਤੇ ਨਹੀਂ ਕਹਿਣਾ ਚਾਹੀਦਾ। ਉਥੇ ਬੂਟਾ ਮੰਡੀ ਸਾਰੇ ਹਿੰਦੁਸਤਾਨ ਵਿਚ ਮਸ਼ਹੂਰ ਹੈ। ਉਥੋਂ ਚਮੜਾ ਬਾਹਰਲੇ ਮੁਲਕਾਂ ਵਿਚ ਰੀਫਾਈਨ ਹੋ ਕੇ ਜਾਂਦਾ ਹੈ। ਉਥੇ ਜੋ ਮਜ਼ਦੂਰ ਕੰਮ ਕਰਦਾ ਹੈ ਉਹ ਆਪਣੀ ਮਿਹਨਤ ਕਰਕੇ ਇਕ ਗਜ਼ਟਿਡ ਅਫ਼ਸਰ ਤੋਂ ਜ਼ਿਆਦਾ ਕਮਾਈ ਕਰ ਲੈਂਦਾ ਹੈ। ਉਥੇ ਇਕ ਪਾਣੀ ਦਾ ਟੋਬਾ ਹੈ। ਲੋਕ ਉਥੇ ਵੱਸ ਨਹੀਂ ਸਕਦੇ। ਹੁਣ ਤਾਂ ਕੇ. ਪੀ. ਸਾਹਿਬ ਮਨਿਸਟਰ ਬਣ ਗਏ ਹਨ। ਇਨ੍ਹਾਂ ਦਾ ਇਲਾਕਾ ਵੀ ਉਸ ਦੇ ਨਾਲ ਹੀ ਹੈ। ਉਹ ਪਾਣੀ ਗੰਦਾ ਹੈ ਔਰ ਉਥੇ ਉਸ ਦੇ ਨਾਲ ਭਾਰਗੋ ਕੈਂਪ ਵਿਖੇ ਕੁੜੀਆਂ ਦਾ ਸਕੂਲ ਵੀ ਹੈ। ਉਸ ਪਾਣੀ ਦਾ ਨਿਕਾਸ ਹੋਣਾ ਚਾਹੀਦਾ ਹੈ।

ਟੈਨਰੀਜ਼ ਜਲੰਧਰ ਵਿਚ ਬਣੀ ਲੇਕਿਨ, ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਅੱਜ ਤੋਂ ਪੰਜ ਸਾਲ ਪਹਿਲਾਂ ਸ੍ਰੀ ਧਮੀਜਾ ਉਥੇ ਹੁੰਦੇ ਸਨ ਔਰ ਉਥੋਂ ਮਾਲ ਬਣਕੇ ਬਾਹਰ ਜਾਂਦਾ ਸੀ। ਲੇਕਿਨ ਹੁਣ ਨਾ ਉਨ੍ਹਾਂ ਨੂੰ ਕੋਈ ਚਮੜਾ ਮਿਲਦਾ ਹੈ ਅਤੇ ਨਾ ਹੀ ਕੋਈ ਮਾਲ ਬਣਦਾ ਹੈ ਔਰ ਬਾਹਰ ਜਾਂਦਾ ਹੈ। ਉਸ ਟੈਨਰੀਜ਼ ਨੂੰ ਜੋ ਰਾਅ-ਮੈਟੀਰੀਅਲ ਚਾਹੀਦਾ ਹੈ ਉਹ ਦੇਣਾ ਚਾਹੀਦਾ ਹੈ। ਜਿਹੜੀ ਪਹਿਲਾਂ 17 ਕਰੋੜ ਦੇ ਮਾਲ ਦੀ ਐਕਸਪੋਰਟ ਹੋਈ ਉਹ ਹੁਣ ਬੰਦ ਹੋ ਗਈ ਹੈ। ਇਸ ਵੱਲ ਵੀ ਖਿਆਲ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਜੋ ਮਾਲ ਚਾਹੀਦਾ ਹੈ ਉਹ ਮੁਹੱਈਆ ਕਰਨਾ ਚਾਹੀਦਾ ਹੈ।

ਸਪੋਰਟਸ ਇੰਡਸਟਰੀ ਲਈ ਜੋ ਮਜ਼ਦੂਰ ਆਪਣੇ ਹਥੀਂ ਕੰਮ ਕਰਦੇ ਹਨ ਉਨ੍ਹਾਂ ਲਈ ਹਾਊਸ ਟੈਕਸ ਮੁਆਫ ਹੋਣਾ ਚਾਹੀਦਾ ਹੈ। ਸ਼ਹਿਰਾਂ ਵਿਚ ਬਹੁਤ ਟੈਕਸ ਲੱਗੇ ਹੋਏ ਹਨ ਅਗਰ ਇਨ੍ਹਾਂ ਤੇ ਹਾਊਸ ਟੈਕਸ ਛੱਡ ਦਿੱਤਾ ਜਾਏਗਾ ਤਾਂ ਕੋਈ ਫਰਕ ਨਹੀਂ ਪੈ ਸਕਦਾ। ਇਨ੍ਹਾਂ ਲੋਕਾਂ ਲਈ ਹਾਊਸ ਟੈਕਸ ਮੁਆਫ ਹੋਣਾ ਚਾਹੀਦਾ ਹੈ ਤਾਂਕਿ ਇਹ ਇੰਡਸਟਰੀ ਹੋਰ ਤਰੱਕੀ ਕਰ ਸਕੇ।

ਆਖਿਰ ਵਿਚ, ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜਤਾ ਕਰਦਾ ਹਾਂ (ਵਿਘਨ)

**ਸ੍ਰੀ ਸਭਾਪਤੀ :** ਇਹ ਬੜਾ ਅੱਛਾ ਇਸ਼ੂ ਹੈ। ਸਪੋਰਟਸ ਬਾਰੇ ਪੁਆਇੰਟਸ ਕੰਸਟ੍ਰਕਟਿਵ ਆਉਣੇ ਚਾਹੀਦੇ ਹਨ ਔਰ ਰੈਪੀਟੀਸ਼ਨ ਨਹੀਂ ਹੋਣੀ ਚਾਹੀਦੀ। ਚੰਗੇ ਸੁਝਾਉ ਆਉਣੇ ਚਾਹੀਦੇ ਹਨ। ਮੈਂ ਚਾਹਵਾਂਗਾ ਕਿ ਦਸ ਦਸ ਮਿੰਟ ਸਾਰੇ ਮੈਂਬਰ ਸਾਹਿਬਾਨ ਬੋਲਣ ਤਾਂ ਕਿ ਹਰ ਇਕ ਨੂੰ ਟਾਈਮ ਮਿਲ ਸਕੇ।

**ਸ੍ਰੀ ਗੁਰਦਿਆਲ ਸੈਣੀ :** ਚੇਅਰਮੈਨ ਸਾਹਿਬ, ਜਲੰਧਰ ਵਿਖੇ ਸਵਿਮਿੰਗ ਪੂਲ 25 ਮੀਟਰ ਦੀ ਬਜਾਏ 50 ਮੀਟਰ ਦਾ ਹੋਣਾ ਚਾਹੀਦਾ ਹੈ। ਅੰਮ੍ਰਿਤਸਰ ਵਿਖੇ, ਪਟਿਆਲਾ ਵਿਖੇ, ਜਲੰਧਰ ਵਿਖੇ, ਅਤੇ ਹੋਰ ਥਾਵਾਂ ਤੇ ਇਸ ਪ੍ਰਤੀ ਸਕੂਲਾਂ ਵਿਚ ਸਾਲਾਨਾ ਫੰਕਸ਼ਨਜ਼ ਹੁੰਦੇ ਹਨ, ਇਸ ਲਈ ਇਸ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। (ਵਿਘਨ)

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ :** ਸਰਦਾਰ ਢੀਂਡਸਾ ਜੀ ਤੁਸੀਂ ਬੋਲੋ । ਸੈਣੀ ਸਾਹਿਬ ਤੁਸੀਂ ਤਸ਼ਰੀਫ਼ ਰੱਖੋ ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** (ਸੰਗਰੂਰ) : ਚੇਅਰਮੈਨ ਸਾਹਿਬ, ਜੋ ਮਤਾ ਸਰਦਾਰ ਜਗਤ ਸਿੰਘ ਜੀ ਨੇ ਇਸ ਹਾਊਸ ਵਿਚ ਲਿਆਂਦਾ ਹੈ ਸਪੋਰਟਸ ਨੂੰ ਪਾਪੂਲੇਰਾਈਜ਼ ਕਰਨ ਲਈ ਔਰ ਇਸਦਾ ਸਟੈਂਡਰਡ ਉੱਚਾ ਕਰਨ ਲਈ, ਮੈਂ ਇਸ ਨਾਲ ਸਹਿਮਤ ਹਾਂ ਔਰ ਮੈਂ ਇਸ ਲਈ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਭਾਵੇਂ ਉਨ੍ਹਾਂ ਨੇ ਆਪਣੀ ਸਾਰੀ ਸਪੀਚ ਨੂੰ ਪੜ੍ਹਿਆ ਹੈ ਔਰ ਬਜਾਏ ਇਸ ਤਰ੍ਹਾਂ ਕਰਨ ਨਾਲ ਕੋਈ ਗਲਤ ਪ੍ਰੰਪਰਾ ਪਏ ਮੈਂ ਕਿਹਾ ਸੀ ਕਿ ਉਸ ਨੂੰ ਪੜ੍ਹੀ ਸਮਝ ਲਵੋ ਤਾਂ ਸ਼ਾਇਦ ਉਨ੍ਹਾਂ ਨੇ ਇਸ ਗਲ ਦਾ ਬੁਰਾ ਮਨਾਇਆ ਹੈ। ਮੈਂ ਨਹੀਂ ਸੀ ਚਾਹੁੰਦਾ ਕਿ ਕੋਈ ਅੱਗੇ ਵਾਸਤੇ ਗਲਤ ਪਰੰਪਰਾ ਪਏ। ਬਾਕੀ ਮੈਂ ਇਸ ਮਤੇ ਨਾਲ ਸਹਿਮਤ ਹਾਂ। ਸਪੋਰਟਸ ਐਸਾ ਸਫੀਅਰ ਹੈ ਜਿਸ ਨਾਲ ਪੰਜਾਬ ਨੇ ਆਪਣਾ ਹੀ ਨਹੀਂ ਬਲਿਕ ਸਾਰੇ ਹਿੰਦੁਸਤਾਨ ਦਾ ਨਾਂ ਉੱਚਾ ਕੀਤਾ ਹੈ। ਇਸ ਦੇ ਵਿਚ ਪੰਜਾਬ ਦਾ ਬਹੁਤ ਵੱਡਾ ਹਿੱਸਾ ਰਿਹਾ ਹੈ ਅਤੇ ਅੱਗੇ ਨੂੰ ਵੀ ਰਹਿਣਾ ਚਾਹੀਦਾ ਹੈ। ਅਸੀਂ ਸਰਕਾਰ ਨੂੰ ਇਸ ਬਾਰੇ ਸਿਫਾਰਸ਼ ਕਰਨੀ ਹੈ। ਸਪੋਰਟਸ ਵਿੱਚ ਪਾਲੇਟਿਕਸ ਨਹੀਂ ਆਉਣੀ ਚਾਹੀਦੀ। ਸਪੋਰਟਸ-ਮੈਨ ਕਿਸੇ ਪਾਰਟੀ ਨਾਲ ਜਾਂ ਸਰਕਾਰ ਨਾਲ ਸਬੰਧ ਨਹੀਂ ਰੱਖਦੇ ਹੁੰਦੇ, ਉਹ ਸੂਬੇ ਨਾਲ ਜਾਂ ਮੁਲਕ ਨਾਲ ਸਬੰਧ ਰੱਖਦੇ ਹੁੰਦੇ ਹਨ । ਇਸ ਲਈ ਉਨ੍ਹਾਂ ਦੀ ਭਲਾਈ ਲਈ ਸਾਨੂੰ ਅੱਜ ਸੁਝਾਓ ਦੇਣੇ ਚਾਹੀਦੇ ਹਨ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅੱਜ ਅਸੀਂ ਸਪੋਰਟਸ ਦੇ ਵਿਚ ਹੇਠਾਂ ਨੂੰ ਕਿਉਂ ਜਾ ਰਹੇ ਹਾਂ। ਇਸ ਦਾ ਕਾਰਨ ਜਿਸ ਤਰ੍ਹਾਂ ਪਾਂਧੀ ਜੀ ਨੇ ਵੀ ਦੱਸਿਆ ਹੈ ਕਿ ਫਾਈਨੈਂਸਿਜ਼ ਦੀ ਕਮੀ ਹੈ। ਜਰਮਨੀ ਵਿਚ ਬਜਟ ਦਾ 4% ਹਿੱਸਾ ਸਪੋਰਟਸ਼ ਤੇ ਖਰਚਿਆ ਜਾਂਦਾ ਹੈ ਲੇਕਿਨ ਸਾਡੇ .004% ਹਿੱਸਾ ਯਾਨੀ ਸੌ ਰੁਪਏ ਪਿਛੇ 4 ਪੈਸੇ ਸਪੋਰਟਸ ਤੇ ਖਰਚੇ ਜਾਂਦੇ ਹਨ। ਇਸ ਹਿਸਾਬ ਨਾਲ ਅਸੀਂ ਸਪੋਰਟਸ ਨੂੰ ਅੱਗੇ ਵਾਸਤੇ ਨਹੀਂ ਲੈ ਜਾ ਸਕਦੇ। ਮੈਂ ਸਪੋਰਟਸ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਐਫ. ਐਮ. ਸਾਹਿਬ ਨੇ ਜ਼ਰੂਰ ਇਸ ਦੇ ਵਿੱਚ ਅੜਿੱਕਾ ਡਾਹੁਣਾ ਹੈ ਪਰ ਉਹ ਇਸ ਪਾਸੇ ਜ਼ਰੂਰ ਧਿਆਨ ਰੱਖਣ। ਇਸਦਾ ਬਜਟ ਉਹ 2 ਜਾਂ 3 ਗੁਣਾਂ ਜ਼ਰੂਰ ਕਰ ਲੈਣ ਤਾਂ ਬਹੁਤ ਅੱਛਾ ਹੋਵੇਗਾ। ਚੇਅਰਮੈਨ ਸਾਹਿਬ, ਸਪੋਰਟਸ ਦਾ ਫੰਡ ਕਈ ਤਰ੍ਹਾਂ ਵੰਡਿਆ ਹੋਇਆ ਹੈ। ਇਨ੍ਹਾਂ 4 ਵਿੰਗਾਂ ਵਿੱਚ ਕਿਸੇ ਵ੍ਵਿਚ 20 ਲੱਖ ਰੁਪਿਆ ਖੇਡਾਂ ਲਈ ਰਖਿਆ ਹੈ, ਕਿਸੇ ਵਿਚ 10 ਲੱਖ ਰੁਪਿਆ ਰੱਖਿਆ ਹੈ ਅਤੇ ਕਿਸੇ ਵਿਚ 50 ਲੱਖ ਰੁਪਿਆ ਰੱਖਿਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਾਰੀ ਸਪੋਰਟਸ ਨੂੰ ਇਕੱਠਾ ਕਰ ਲਈਏ ਜਿਸ ਦੇ ਬਾਰੇ ਇਨ੍ਹਾਂ ਨੇ ਇਕ ਵਾਰੀ ਐਲਾਨ ਵੀ ਕੀਤਾ ਸੀ। ਇਨ੍ਹਾਂ ਨੇ ਕਿਹਾ ਸੀ ਕਿ 31 ਜਨਵਰੀ ਤੱਕ ਇਹ ਜ਼ਰੂਰ ਹੋ ਜਾਣਾ ਸੀ ਪਰ ਉਹ ਨਹੀਂ ਹੋਇਆ। ਜਿਹੜੇ ਸਪੋਰਟਸਮੈਨ ਹੁੰਦੇ ਹਨ, ਜੇ ਪੰਚਾਇਤਾਂ ਦੀਆਂ ਖੇਡਾਂ ਹੋਣ ਤਾਂ ਵੀ ਉਥੇ ਉਨ੍ਹਾਂ ਸਪੋਰਟਸਮੈਨ ਨੇ ਜਾਣਾ ਹੈ। ਜੇ ਕਾਲਜਿਜ਼ ਦੀਆਂ ਖੇਡਾਂ ਹੋਣ ਤਾਂ ਵੀ ਉਨ੍ਹਾਂ ਸਪੋਰਟਸਮੈਨ ਨੇ ਜਾਣਾ ਹੈ ਅਤੇ ਜੇ ਸਟੇਟ ਲੈਵਲ ਤੇ ਖੇਡਾਂ ਹੋਣ ਤਾਂ ਵੀ ਉਨ੍ਹਾਂ ਸਪੋਰਟਸਮੈਨ ਨੇ ਜਾਣਾ ਹੈ। ਇਸ ਲਈ ਮੈਂ ਕਹਾਂਗਾ ਕਿ ਸਪੋਰਟਸ ਦੇ ਇਸ ਫੰਡ ਨੂੰ ਜ਼ਾਇਆ ਨਾ ਕੀਤਾ ਜਾਵੇ। ਇਸ ਨੂੰ ਇਕ ਥਾਂ ਇਕੱਠਾ ਕਰ ਲਿਆ ਜਾਵੇ। ਪੰਜਾਬ ਦੇ ਸਪੋਰਟਸਮੈਨ ਨੇ ਪੰਜਾਬੀ ਅਤੇ ਹਿੰਦੁਸਤਾਨ ਦਾ ਨਾਮ ਉੱਚਾ ਕੀਤਾ ਹੈ। ਪੰਜਾਬ ਦੇ ਉਨ੍ਹਾਂ ਸਪੋਰਟਸਮੈਨ ਨੂੰ ਬਹੁਤ ਵੱਡਿਆਂ ਅਹੁਦਿਆਂ ਤੇ ਲਗਾਇਆ ਹੈ ਜਿਨ੍ਹਾਂ ਵਿਚੋਂ ਖਾਸ ਕਰਕੇ ਮੈਂ ਬਲਬੀਰ ਸਿੰਘ, ਮਿਲਖਾ ਸਿੰਘ ਅਤੇ ਜਰਨੈਲ ਸਿੰਘ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਤਿੰਨਾਂ ਨੂੰ ਕਿਸੇ ਨੂੰ ਡਾਇਰੈਕਟਰ, ਐਡੀਸ਼ਨਲ ਡਾਇਰੈਕਟਰ ਅਤੇ ਕਿਸੇ ਨੂੰ ਜੁਆਇੰਟ ਡਾਇਰੈਕਟਰ ਲਗਾਇਆ ਹੈ । ਜਿਵੇਂ ਇਥੇ ਪਾਂਧੀ ਜੀ ਨੇ ਵੀ ਕਿਹਾ ਸੀ ਕਿ ਉਥੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਸਪੋਰਟਸ ਦੇ ਮਹਿਕਮੇਂ ਵਿਚ ਬੜੀ ਲੜਾਈ ਚਲ ਰਹੀ ਹੈ ਉਥੇ ਉਨ੍ਹਾਂ ਦੀ ਗਰੁਪਬੰਦੀ ਹੈ। ਇਹ ਚੀਜ਼ ਸਪੋਰਟਸ ਤੇ ਇਕ ਧੱਬਾ ਹੈ। ਮੈਂ ਸਪੋਰਟਸ ਮਨਿਸਟਰ ਨੂੰ ਕਹਾਂਗਾ ਕਿ ਉਹ ਇਸ ਗਰੁਪ-ਬੰਦੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨ। ਜਦੋਂ ਮੈਂ ਸਪੋਰਟਸ ਮਨਿਸਟਰ ਸੀ ਤਾਂ ਮੈਂ ਉਨ੍ਹਾਂ ਦੀ ਗਰੁਪਬੰਦੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਠੀਕ ਹੈ ਉਨ੍ਹਾਂ ਨੇ ਸਪੋਰਟਸ ਵਿਚ ਦੁਨੀਆਂ ਵਿਚ ਨਾਮ ਪੈਦਾ ਕੀਤਾ ਹੈ ਪਰ ਜੇ ਉਨ੍ਹਾਂ ਦੀ ਗਰੁਪਬੰਦੀ ਬਾਰੇ ਥੱਲੇ ਫੀਲਡ ਵਿਚ ਗੱਲਾਂ ਹੋਣ ਤਾਂ ਇਹ ਗਲ ਠੀਕ ਨਹੀਂ ਹੈ। ਉਨ੍ਹਾਂ ਦੇ ਡਰਾਈਵਰ ਇਕ ਦੂਜੇ ਨੂੰ ਪੁਛਦੇ ਹਨ ਕਿ ਅੱਜ ਤੇਰਾ ਡਾਇਰੈਕਟਰ ਕਿੱਥੇ ਗਿਆ ਸੀ। ਇਹ ਗੱਲ ਚੰਗੀ ਨਹੀਂ ਹੈ।

ਚੇਅਰਮੈਨ ਸਾਹਿਬ, ਮੈਂ ਹੋਰ ਦੱਸਦਾ ਹਾਂ ਕਿ ਇਕ ਕੇਸ ਹਾਈਕੋਰਟ ਵਿੱਚ ਵੀ ਗਿਆ ਸੀ ਕਿ ਮੈਡੀਕਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਅਤੇ ਦੂਜੇ ਟੈਕਨੀਕਲ ਕਾਲਜਾਂ ਵਿੱਚ 2% ਤੋਂ 5% ਸੀਟਾਂ ਜਿਹੜੀਆਂ ਰਿਜ਼ਰਵ ਕੀਤੀਆਂ ਹਨ ਉਸ ਬਾਰੇ ਉਨ੍ਹਾਂ ਨੂੰ ਸਰਟੀਫਿਕੇਟ ਕੌਣ ਦੇਵੇ ? ਬਾਦਲ ਸਾਹਿਬ ਦੀ ਸਰਕਾਰ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਉਨ੍ਹਾਂ ਲਈ 2% ਤਂ 5% ਸੀਟਾਂ ਰਿਜ਼ਰਵ ਕੀਤੀਆਂ ਜਾਣ। ਹੁਣ ਸਵਾਲ ਇਹ ਹੈ ਕਿ ਉਨ੍ਹਾਂ ਲਈ ਸਰਟੀਫਿਕੇਟ ਕਿਸ ਨੇ ਦੇਣਾ ਹੈ ? ਸਪੋਰਟਸ ਡਾਇਰੈਕਟੋਰੇਟ ਵਿੱਚ ਇਕ ਕਮੇਟੀ ਬਣੀ ਹੈ ਉਸ ਦਾ ਸਰਟੀਫਿਕੇਟ ਠੀਕ ਮੰਨਿਆ ਜਾਂਦਾ ਹੈ ਪਰ ਸਪੋਰਟਸ ਡਿਪਾਰਟਮੈਂਟ ਦੇ ਡਾਇਰੈਕਟਰ ਨੇ ਸਾਰੇ ਸਰਟੀਫਿਕੇਟ ਗਲਤ ਇਸ਼ੂ ਕਰ ਦਿੱਤੇ, ਉਹ ਇਕ ਦੂਜੇ ਨਾਲੋਂ ਕੰਟਰਾਡਿਕਟਰੀ ਸਨ। ਇਸ ਦਾ ਕੋਰਟ ਨੇ ਕੋਈ ਫੈਸਲਾ ਕੀਤਾ ਹੋਣਾ ਹੈ ਪਰ ਮੈਨੂੰ ਇਸ ਬਾਰੇ ਪਤਾ ਨਹੀਂ ਹੈ। ਪਰ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਕਰਕੇ ਸਪੋਰਟਸ ਡਿਪਾਰਟਮੈਂਟ ਦਾ ਮਜ਼ਾਕ ਉਡਾਇਆ ਗਿਆ ਹੈ ਜੋ ਕਿ ਠੀਕ ਨਹੀਂ ਹੈ। ਇਸ ਤਰ੍ਹਾਂ ਸਪੋਰਟਸ ਡਿਪਾਰਟਮੈਂਟ ਸਪੋਰਟਸ ਨੂੰ ਅੱਗੇ ਨਹੀਂ ਲਿਜਾ ਸਕਦਾ। ਮੈਂ ਸਪੋਰਟਸ ਮਨਿਸਟਰ ਨੂੰ ਕਹਾਂਗਾ ਕਿ ਉਹ ਇਸ ਡਿਪਾਰਟਮੈਂਟ ਵਿਚ ਜਿਹੜੀ ਗਰੁਪਬਾਜੀ ਹੈ ਉਸਨੂੰ ਉਹ ਖਤਮ ਕਰਾਉਣ। ਜਿਹੜੇ ਕੋਚ ਰੱਖੇ ਜਾਂਦੇ ਹਨ, ਕਈ ਕਾਲਜ ਦੇ ਕੋਚ ਹੋ ਗਏ, ਕਈ ਸਪੋਰਟਸ ਡਿਪਾਰਟਮੈਂਟ ਦੇ ਕੋਚ ਹੋ ਗਏ ਅਤੇ ਕਈ ਖੇਡ ਪ੍ਰੀਸ਼ਦ ਦੇ ਕੋਚ ਹੋ ਗਏ, ਇਨ੍ਹਾਂ ਸਾਰਿਆਂ ਨੂੰ ਇਕੱਠਾ ਕਰਕੇ ਬੇਸ਼ੱਕ ਇਨ੍ਹਾਂ ਦੀਆਂ ਤਨਖਾਹਾਂ ਵਧਾ ਦਿਓ ਪਰ ਸਵਾਲ ਇਹ ਹੈ ਕਿ ਇਨ੍ਹਾਂ ਕੋਚਾਂ ਤੋਂ ਕਰਾਉਣਾ ਕੀ ਹੈ ? ਅਗਰ ਕਿਸੇ ਕੋਚ ਨੇ ਇੰਮਪਰੂਵਮੈਂਟ ਨਹੀਂ ਕੀਤੀ ਤਾਂ ਉਸ ਦੇ ਲਈ ਥੋੜ੍ਹੀ ਬਹੁਤ ਸਜ਼ਾ ਮਿਲਣੀ ਚਾਹੀਦੀ ਹੈ। ਉਸ ਕੋਚ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਕੋਚਿਜ਼ ਨੂੰ ਕੰਟਰੈਕਟ ਬੇਸਿਜ਼ ਤੇ ਰੱਖਣਾ ਚਾਹੀਦਾ ਹੈ, ਪੰਜ ਸਾਲ ਤਕ ਉਸਨੂੰ ਵਾਚ ਕਰਨਾ ਚਾਹੀਦਾ ਹੈ ਕਿ ਉਸ ਨੇ 5 ਸਾਲਾਂ ਵਿਚ ਸਪੋਰਟਸ ਨੂੰ ਅੱਗੇ ਲੈ ਜਾਣ ਵਿਚ ਕੀ ਕੀਤਾ ਹੈ। ਜੇ ਉਸਨੇ ਕੋਈ ਯੋਗਦਾਨ ਨਹੀਂ ਪਾਇਆ ਜਾਂ ਜਿਸ ਦੀ ਗਲਤੀ ਹੋਵੇ ਤਾਂ ਉਸਨੂੰ ਥੋੜ੍ਹੀ ਬਹੁਤ ਸਜ਼ਾ ਮਿਲਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਇਥੇ ਸਪੋਰਟਸ ਅਕੈਡਮੀ ਦੀ ਗੱਲ ਹੋਈ ਸੀ। ਕਿਹਾ ਗਿਆ ਕਿ ਸਪੋਰਟਸ ਅਕੈਡਮੀ ਜਲੰਧਰ ਵਿਚ ਚਾਲੂ ਕਰਨੀ ਹੈ। ਮੈਂ ਅਜਨਾਲਾ ਜੀ ਨੂੰ ਮਿਲਿਆ ਸੀ। ਬੀਬੀ ਭੱਠਲ ਜੀ ਵੀ ਬੈਠੇ ਹਨ। ਲੱਡਾ ਕੋਠੀ ਸੰਗਰੂਰ ਵਿਚ ਸਪੋਰਟਸ ਡਿਪਾਰਟਮੈਂਟ ਦੀ ਬਿਲਡਿੰਗ ਹੈ। ਪਹਿਲਾਂ ਉਸ ਬਿਲਡਿੰਗ ਵਿਚ ਪੀ. ਏ. ਪੀ. ਬੈਠੀ ਸੀ ਪਰ ਉਹ ਹੁਣ ਉਥੋਂ ਚਲੀ ਗਈ ਹੈ। ਹੁਣ ਉਹ ਬਿਲਡਿੰਗ ਖਾਲੀ ਪਈ ਹੈ। ਸਰਕਾਰ ਕੋਲ ਅਕੈਡਮੀ ਖੋਲਣ ਲਈ ਫੰਡ ਨਹੀਂ ਹਨ। ਇਸ ਲਈ ਮੈਂ ਕਹਾਂਗਾ ਕਿ ਇਹ ਜਿਹੜੀ ਸੰਗਰੂਰ ਵਾਲੀ ਬਿਲਡਿੰਗ ਹੈ ਇਸ ਨੂੰ ਇਸ ਕੰਮ ਲਈ ਵਰਤਿਆ ਜਾ ਸਕਦਾ ਹੈ। ਪਿਛਲੇ ਸਾਲ ਇਕ ਸੁਪਰਡੰਟ ਐਪੁਆਇੰਟ ਕੀਤਾ ਸੀ ਅਤੇ ਕਿਹਾ ਸੀ

Original with;
Punjab Vidhan Sabha
Digitized by;
Panjab Digital Library

ਕਿ ਜਲੰਧਰ ਵਿਖੇ ਸਪੋਰਟਸ ਅਕੈਡਮੀ ਖੋਲ੍ਹ ਦਿੱਤੀ ਜਾਵੇਗੀ। ਮੈਂ ਕਹਿੰਦਾ ਹਾਂ ਕਿ ਅਗਰ ਉਥੇ ਜਗ੍ਹਾ ਨਹੀਂ ਮਿਲਦੀ ਅਤੇ ਤੁਹਾਡੇ ਕੋਲ ਇਸ ਵਾਸਤੇ ਫੰਡਜ਼ ਨਹੀਂ ਹਨ ਤਾਂ ਜਿਥੇ ਜਗ੍ਹਾ ਮਿਲ ਸਕਦੀ ਹੈ ਉਥੇ ਹੀ ਬਣਾ ਦਿਓ, ਜਿਸ ਤਰ੍ਹਾਂ ਕਿ ਮੈਂ ਸੰਗਰੂਰ ਵਾਲੀ ਜਗ੍ਹਾ ਬਾਰੇ ਦੱਸਿਆ ਹੈ। ਅਜਨਾਲਾ ਸਾਹਿਬ ਨੇ ਯਕੀਨ ਵੀ ਦਿਵਾਇਆ ਸੀ ਕਿ ਅਸੀਂ ਉਥੇ ਚੱਲਾਂਗੇ। ਕਿਤੇ ਇਹ ਨਾ ਹੋਵੇ ਕਿ ਕਿਸੇ ਐਸੀ ਜਗ੍ਹਾ ਤੇ ਹੀ ਬਣਾਉਣਾ ਸ਼ੁਰੂ ਕਰ ਦਿਓ ਜਿਥੇ ਟਰੇਨੀਜ਼ ਲਈ ਬੈਠਣ ਲਈ ਜਗ੍ਹਾ ਨਾ ਹੋਵੇ। ਇਸ ਲਈ ਇਸ ਪਾਸੇ ਜ਼ਰੂਰ ਧਿਆਨ ਦਿੱਤਾ ਜਾਵੇ।

ਫਿਰ ਸਟੇਡੀਅਮ ਬਾਰੇ ਕਿਹਾ ਗਿਆ। ਸਟੇਡੀਅਮ ਸਾਰੇ ਜ਼ਿਲ੍ਹਿਆਂ ਵਿਚ ਹੋਣੇ ਚਾਹੀਦੇ ਹਨ। ਸਟੇਡੀਅਮ ਬਲਾਕ ਲੈਵਲ ਤੇ ਹੋਣੇ ਚਾਹੀਦੇ ਹਨ ਅਤੇ ਇਹ ਪਿੰਡਾਂ ਵਿਚ ਵੀ ਹੋਣੇ ਚਾਹੀਦੇ ਹਨ। ਤਾਂ ਹੀ ਅਸੀਂ ਸਪੋਰਟਸ ਨੂੰ ਅੱਗੇ ਲੈ ਜਾ ਸਕਦੇ ਹਾਂ। ਇਥੇ ਸੈਣੀ ਸਾਹਿਬ ਨੇ ਬੋਲਦੇ ਹੋਏ ਕਿਹਾ ਕਿ ਅਕਾਲੀ ਸਰਕਾਰ ਵੇਲੇ ਸਪੋਰਟਸ ਦੇ ਕੰਪਲਸਰੀ ਸਬਜੈਕਟ ਵਲ ਧਿਆਨ ਨਹੀਂ ਦਿਤਾ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਕੀ ਕੀਤਾ ਹੈ। ਉਹ ਤਾਂ ਕਹਿੰਦੇ ਹਨ ਕਿ ਸਾਡੇ ਕੋਲ ਫੰਡਜ਼ ਨਹੀਂ ਹਨ ਉਹ ਸਕੂਲਾਂ ਵਿਚ ਗਰਾਊਂਡਜ਼ ਨਹੀਂ ਦੇ ਸਕਦੇ। ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਦੀ ਸਰਕਾਰ ਵੇਲੇ ਅਸੀਂ ਮਿਨੀ ਨੈਸ਼ਨਲ ਗੇਮਜ਼ ਜਲੰਧਰ ਵਿੱਚ ਕਰਵਾਈਆਂ ਸਨ। ਉਸ ਦਾ ਮਤਲਬ ਇਹ ਸੀ ਕਿ ਛੋਟੇ ਟੇਲੈਂਟਿਡ ਬੱਚਿਆਂ ਨੂੰ ਲੱਭ ਕੇ ਉਨ੍ਹਾਂ ਨੂੰ ਇਕੱਠੇ ਕਰਕੇ ਇਕ ਸਕੂਲ ਵਿਚ ਪੜ੍ਹਾਇਆ ਜਾਵੇ, ਉਨ੍ਹਾਂ ਨੂੰ ਮੁਫਤ ਪੜ੍ਹਾਇਆ ਜਾਵੇ ਅਤੇ ਵਜ਼ੀਫੇ ਦਿੱਤੇ ਜਾਣ ਅਤੇ ਇਸ ਤਰ੍ਹਾਂ ਉਹ 5-10 ਸਾਲਾਂ ਵਿਚ ਹਿੰਦੁਸਤਾਨ ਦਾ ਨਾਮ ਸਾਰੀ ਦੁਨੀਆਂ ਵਿੱਚ ਉੱਚਾ ਕਰ ਸਕਦੇ ਹਨ। ਇਥੇ ਇਹ ਵੀ ਦੇਖਣ ਵਾਲੀ ਗੱਲ ਹੈ ਕਿ ਕੋਚ ਕਿਹੜੇ ਹੋਣੇ ਚਾਹੀਦੇ ਹਨ ਅਤੇ ਕੋਚਿੰਗ ਕਿਸ ਕਿਸਮ ਦੀ ਹੋਣੀ ਚਾਹੀਦੀ ਹੈ? ਇਕੱਲੀ ਖੁਰਾਕ ਹੀ ਸਭ ਕੁਝ ਨਹੀਂ ਕਰ ਸਕਦੀ। ਮੈਂ ਇਕ ਮਿਸਾਲ ਦੇਣੀ ਚਾਹੁੰਦਾ ਹਾਂ। 1977-78 ਵਿੱਚ ਦਿੱਲੀ ਵਿੱਚ ਸਾਡੇ ਜੂਨੀਅਰ ਸਕੂਲ ਦੇ ਬੱਚੇ, ਨਹਿਰੂ ਮੈਮੋਰੀਅਲ ਗੋਲਡ ਕੱਪ ਵਿੱਚ ਸਾਡੇ ਸਪੋਰਟਸ ਸਕੂਲ ਜਲੰਧਰ ਔਰ ਇਕ ਹੋਰ ਦੂਸਰੇ ਸਕੂਲ ਦੇ ਬੱਚੇ, ਫਸਟ ਅਤੇ ਸੈਕੰਡ ਆਏ ਸੀ। ਮੈਂ ਸਰਦਾਰ ਮਿਲਖਾ ਸਿੰਘ ਨੂੰ ਅਤੇ ਹੋਰ ਦੂਸਰੇ ਜਿਹੜੇ ਅਫ਼ਸਰ ਸਨ ਉਨ੍ਹਾਂ ਨੂੰ ਬੁਲਾ ਕੇ ਕਿਹਾ ਕਿ ਜਿੰਨਾ ਮਰਜ਼ੀ ਖਰਚ ਕਰੋ ਪਰ ਜਿਹੜੀਆਂ 1982 ਵਿੱਚ ਏਸ਼ੀਅਨ ਗੇਮਜ਼ ਹੋ ਰਹੀਆਂ ਹਨ ਇਨ੍ਹਾਂ ਵਿੱਚੋਂ ਘੱਟੋ ਘੱਟ 8 ਖਿਡਾਰੀ ਇੰਡੀਅਨ ਟੀਮ ਵਿਚ ਖੇਡਣੇ ਚਾਹੀਦੇ ਹਨ। ਇਸ ਬਾਰੇ ਸਰਦਾਰ ਗੁਰਚਰਨ ਸਿੰਘ ਬੋਧੀ ਨੂੰ ਕੋਚ ਰਖ ਲਿਆ ਉਨ੍ਹਾਂ ਦੇ ਲਈ ਸਾਰਾ ਕੁਝ ਹੋ ਕੇ ਆ ਗਿਆ, ਪੈਸਿਆਂ ਦਾ ਪ੍ਰਬੰਧ ਵੀ ਕੀਤਾ ਲੇਕਿਨ ਮੈਨੂੰ ਅਫ਼ਸੋਸ ਹੈ ਕਿ ਅਗਲੇ ਸਾਲ ਸਾਡੀ ਕੋਈ ਵੀ ਟੀਮ ਅਗੇ ਨਹੀਂ ਆ ਸਕੀ। ਮੇਰੀ ਬੇਨਤੀ ਹੈ ਕਿ ਜਿੰਨਾ ਚਿਰ ਸਪੋਰਟਸ ਵਲ ਉਚੇਚਾ ਧਿਆਨ ਨਹੀਂ ਦਿਤਾ ਜਾਵੇਗਾ, ਡਿਸਿਪਲਿਨ ਨਹੀਂ ਆਵੇਗਾ ਉਤਨਾ ਚਿਰ ਸਾਡੀ ਸਪੋਰਟਸ ਨੇ ਤਰੱਕੀ ਨਹੀਂ ਕਰ ਸਕਣੀ ਅਤੇ ਕੋਈ ਅਗੇ ਨਹੀਂ ਆ ਸਕੇਗਾ। ਇਸ ਦੀ ਤਰੱਕੀ ਨਾ ਹੋਣ ਦਾ ਕਾਰਨ ਕੀ ਹੈ? ਕਾਰਨ ਇਹ ਹੈ ਕਿ ਜੇ ਇਕ ਬੰਦੇ ਸਰਦਾਰ ਬਲਬੀਰ ਸਿੰਘ ਨੂੰ ਕੋਈ ਕਰੈਡਿਟ ਮਿਲਦਾ ਹੈ ਤਾਂ ਦੋ ਦੂਸਰਿਆਂ ਨੇ ਉਸ ਦੇ ਪੈਰ ਖਿਚਣ ਦੀ ਕੋਸ਼ਿਸ਼ ਕਰਨੀ ਹੈ। ਇਸ ਲਈ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਅੱਛੇ ਖਿਲਾੜੀ ਹਨ, ਜਿਨ੍ਹਾਂ ਨੇ ਨਾਮ ਪੈਦਾ ਕੀਤਾ ਹੈ ਉਨ੍ਹਾਂ ਵਲੋਂ ਕੋਚਿੰਗ ਵੀ ਹੋਣੀ ਚਾਹੀਦੀ ਹੈ ਅਤੇ ਉਨਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ ਅੱਛੇ ਖਿਲਾੜੀ ਪੈਦਾ ਕਰਨ। ਜੇ ਕੋਈ ਫੁਟਬਾਲ ਦਾ ਕੋਚ ਹੈ ਅਤੇ ਉਸ ਖੇਤਰ ਵਿਚ ਉਸ ਨੇ ਨਾਮ ਪੈਦਾ ਕੀਤਾ ਹੋਇਆ ਹੈ ਤਾਂ ਉਸਨੂੰ ਅਗੋਂ 3-4 ਟੀਮਾਂ ਹੋਰ ਤਿਆਰ ਕਰਕੇ ਦੇਣੀਆਂ ਚਾਹੀਦੀਆਂ ਹਨ। ਜੇ ਕੋਈ ਐਥਲੀਟ ਹੈ ਜਾਂ ਹਾਕੀ ਦਾ ਮਾਹਰ ਹੈ ਤਾਂ ਉਸ ਨੂੰ ਹਾਕੀ ਵਿੱਚ ਅਤੇ ਐਥਲੈਟਿਕਸ ਵਾਲੇ ਨੂੰ ਆਪਣੇ ਵਰਗੇ ਐਥਲੀਟ ਪੈਦਾ ਕਰਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਚਾਹੀਦੇ ਹਨ। ਜੇ ਉਹ ਆਪਣੇ ਵਰਗੇ ਐਥਲੀਟ ਬੰਦੇ ਤਿਆਰ ਨਹੀਂ ਕਰ ਸਕਦਾ, ਹਾਕੀ ਵਾਲਾ ਹਾਕੀ ਵਿਚ ਪਲੇਅਰ ਆਪਣੇ ਵਰਗੇ ਨਹੀਂ ਬਣਾ ਸਕਦਾ, ਫੁੱਟਬਾਲ ਵਾਲਾ ਜਾਂ ਵਾਲੀਬਾਲ ਵਾਲਾ ਆਪਣੇ ਵਰਗੇ ਪਲੇਅਰ ਨਹੀਂ ਬਣਾ ਸਕਦਾ ਤਾਂ ਸਾਡੇ ਲਈ ਇਹ ਇਕ ਸ਼ਰਮ ਦੀ ਗੱਲ ਹੈ। ਜੇ ਸਰਦਾਰ ਜਰਨੈਲ ਸਿੰਘ, ਸਰਦਾਰ ਬਲਬੀਰ ਸਿੰਘ ਜਾਂ ਸ਼ਰਦਾਰ ਮਿਲਖਾ ਸਿੰਘ ਨੇ ਆਪਣੇ ਥਾਏ ਦੇ ਪੰਜਾਬ ਵਿੱਚ ਹੋਰ ਬੰਦੇ ਪੈਦਾ ਨਹੀਂ ਕੀਤੇ ਤਾਂ ਇਹ ਸਾਡੇ ਵਾਸਤੇ ਇਕ ਸ਼ਰਮ ਦੀ ਗੱਲ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਥੇ ਅਸੀਂ ਉਨ੍ਹਾਂ ਨੂੰ ਇਤਨੇ ਵੱਡੇ ਵੱਡੇ ਅਹੁਦੇ ਦਿੱਤੇ ਹੋਏ ਹਨ ਉਨ੍ਹਾਂ ਦੀ ਇਸ ਗਲ ਦੀ ਜਿਮੇਵਾਰੀ ਵੀ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਆਪਣੇ ਵਰਗੇ ਪਲੇਅਰਜ਼, ਆਪਣੇ ਵਰਗੇ ਐਥਲੀਟਸ ਪੈਦਾ ਕਰਨੇ ਹਨ, ਆਪਣੇ ਵਰਗੀਆਂ ਟੀਮਾਂ ਪੈਦਾ ਕਰਨੀਆਂ ਹਨ । ਇਸ ਦੇ ਨਾਲ ਹੀ ਮੈਂ ਵਜ਼ੀਰ ਸਾਹਿਬ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸਪੋਰਟਸ ਐਸੋਸੀਏਸ਼ਨ ਜੋ ਅਲੇਕਟਿਡ ਬਾਡੀਜ਼ ਹਨ ਉਨ੍ਹਾਂ ਦਾ ਸਪੋਰਟਸ ਕੌਂਸਲ ਨਾਲ, ਸਪੋਰਟਸ ਡਿਪਾਰਟਮੈਂਟਸ ਨਾਲ ਤਾਲ ਮੇਲ ਕੋਈ ਨਹੀਂ ਹੈ ਜਿਹੜਾ ਕਿ ਹੋਣਾ ਬੜਾ ਜ਼ਰੂਰੀ ਹੈ। ਜੇ ਕੋਈ ਸਪੋਰਟਸ ਦੀ ਐਸੋਸੀਏਸ਼ਨ, ਫਰਜ਼ ਕੀਤਾ, ਵਾਲੀਬਾਲ ਦੀ ਕੋਈ ਟੀਮ ਸਿਲੈਕਟ ਕਰਦੀ ਹੈ ਅਤੇ ਉਨ੍ਹਾਂ ਨੇ ਕੋਈ ਕੈਂਪ ਲਾਇਆ ਅਤੇ ਕਹਿੰਦੀ ਹੈ ਕਿ ਕੋਚ ਫਲਾਣਾ ਚੰਗਾ ਕੰਮ ਕਰ ਸਕਦਾ ਹੈ ਤਾਂ ਉਥੇ ਸਪੋਰਟਸ ਕੌਂਸਲ ਕਹਿੰਦੀ ਹੈ ਕਿ ਅਸੀਂ ਤੁਹਾਨੂੰ ਗਰਾਂਟ ਤਾਂ ਦੇਣੀ ਹੈ ਜੇ ਫਲਾਣੇ ਕੋਚ ਲਾਉਗੇ। ਜੇ ਤੁਸੀਂ ਉਸ ਨੂੰ ਲਾਉਗੇ ਤਾਂ ਅਸੀਂ ਤੁਹਾਨੂੰ ਗਰਾਂਟ ਨਹੀਂ ਦੇਣੀ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਇਕ ਪਰਟੀਕੁਲਰ ਕੋਚ ਜਦੋਂ ਉਹ ਲਾ ਦਿੰਦੇ ਹਨ ਤਾਂ ਫਿਰ ਉਸਨੂੰ ਆਪਸ ਵਿੱਚ ਮਿਲਵਰਤਨ ਨਹੀਂ ਮਿਲਦਾ ਤੇ ਨਤੀਜਾ ਹੁੰਦਾ ਹੈ ਕਿ ਉਹ ਖੇਡਾਂ ਵਿਚ ਅੱਗੇ ਨਹੀਂ ਆ ਸਕਦੇ। ਉਨ੍ਹਾਂ ਦਾ ਗਰਾਂਟ ਬਿਨਾਂ ਸਰਦਾ ਨਹੀਂ ਅਤੇ ਉਨ੍ਹਾਂ ਦੀ ਮਰਜ਼ੀ ਦੇ ਮੁਤਾਬਿਕ ਜਦੋਂ ਉਹ ਲਗਾ ਦਿੰਦੇ ਹਨ ਤਾਂ ਫਿਰ ਔਖਾ ਹੋਣਾ ਪੈਂਦਾ ਹੈ ਅਤੇ ਜਿਸ ਦੀ ਵਜ੍ਹਾ ਕਰਕੇ ਪੰਜਾਬ ਨੂੰ ਅਗੇ ਜਾ ਕੇ ਨਮੋਸ਼ੀ ਉਠਾਉਣੀ ਪੈਂਦੀ ਹੈ ਜਿਹੜੀ ਕਿ ਧੱਬੇ ਦਾ ਇਕ ਕਾਰਨ ਬਣਦੀ ਹੈ। (ਘੰਟੀ) ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਪੋਰਟਸ ਡਿਪਾਰਟਮੈਂਟ ਔਰ ਸਪੋਰਟਸ ਕੌਂਸਲ ਦਾ, ਸਪੋਰਟਸ ਐਸੋਸੀਏਸ਼ਨ ਦਾ ਤਾਲ ਮੇਲ ਹੋਣਾ ਚਾਹੀਦਾ ਹੈ ਤਾਂਕਿ ਟੀਮਾਂ ਠੀਕ ਤਰੀਕੇ ਨਾਲ ਤਿਆਰ ਹੋ ਸਕਣ। ਜੇ ਇਹ ਤਾਲ ਮੇਲ ਨਾ ਹੋਵੇ ਤਾਂ ਇਸ ਦੇ ਨਾਲ ਪੰਜਾਬ ਦਾ ਨੁਕਸਾਨ ਹੈ ਅਤੇ ਮੈਂ ਤਾਂ ਇਹ ਕਹਾਂਗਾ ਕਿ ਇਕੱਲੇ ਪੰਜਾਬ ਦਾ ਹੀ ਨਹੀਂ ਇਸ ਦੇ ਨਾਲ ਸਾਰੇ ਹਿੰਦੁਸਤਾਨ ਦਾ ਵੀ ਨੁਕਸਾਨ ਹੋਵੇਗਾ ਕਿਉਂਕਿ ਇਨ੍ਹਾਂ ਬਾਹਰ ਏਸ਼ੀਅਨ ਗੇਮਜ਼ ਵਿੱਚ ਜਾਂ ਓਲੰਮਪਿਕ ਗੇਮਜ਼ ਵਿੱਚ ਵੀ ਫਿਰ ਜਾਣਾ ਹੁੰਦਾ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਆਪਸ ਵਿਚ ਤਾਲ ਮੇਲ ਜ਼ਰੂਰ ਹੋਵੇ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ 1982 ਵਿੱਚ ਨਵੰਬਰ ਵਿੱਚ ਜੋ ਏਸ਼ੀਅਨ ਗੇਮਜ਼ ਹੋਣੀਆਂ ਹਨ ਉਸ ਦੇ ਵਿਚ ਸਾਡਾ ਪਤਾ ਲਗਣਾ ਹੈ ਕਿ ਇਸ ਦੇ ਵਿਚ ਪੰਜਾਬ ਨੇ ਆਪਣਾ ਹਿੱਸਾ ਕਿਨਾ ਪਾਇਆ ਹੈ । ਇਹ ਗੇਮਜ਼ ਹਿੰਦੁਸਤਾਨ ਵਿੱਚ ਹੋਣੀਆਂ ਹਨ ਅਤੇ ਇਨ੍ਹਾਂ ਦੇ ਨਾਲ ਹਿੰਦੁਸਤਾਨ ਦਾ ਸਿਰ ਉੱਚਾ ਹੋਣਾ ਹੈ । ਜਿਥੇ ਦੂਸਰਿਆਂ ਸੂਬਿਆਂ ਨੇ ਆਪਣਾ ਆਪਣਾ ਹਿੱਸਾ ਪਾਉਣਾ ਹੈ ਉਥੇ ਪੰਜਾਬ ਨੂੰ ਵੀ ਵੱਧ ਤੋਂ ਵੱਧ ਹਿੱਸਾ ਪਾਉਣਾ ਚਾਹੀਦਾ ਹੈ। ਇਥੋਂ ਪਤਾ ਲੱਗਣਾ ਹੈ ਕਿ ਪੰਜਾਬ ਕਿਤਨੇ ਖਿਲਾੜੀ ਪੈਦਾ ਕਰ ਸਕਿਆ ਹੈ, ਕਿੰਨੀ ਇਹ ਸਪਿਰਟ ਪੈਦਾ ਕਰ ਸਕਿਆ ਹੈ। ਇਸ ਦੇ ਨਾਲ ਸਾਰੇ ਪੰਜਾਬ ਦਾ ਨਾਮ ਉੱਚਾ ਹੋਣਾ ਹੈ ਔਰ ਪੰਜਾਬੀਆਂ ਨੂੰ ਮਾਣ ਵੀ ਹੈ ਕਿ ਉਹ ਹਰ ਖੇਤਰ ਵਿਚ ਅਗੇ ਹੁੰਦੇ ਹਨ । ਉਂਜ ਵੀ ਜਿਹੜੀ ਆਰਗੇਨਾਈਜੇਸ਼ਨ ਕਮੇਟੀ ਹੈ, ਮੈਂ ਅਗੇ ਵੀ ਕਿਹਾ ਸੀ ਕਿ ਇਸ ਦੇ ਵਿਚ ਪੰਜਾਬ ਦੀ ਸਭ

Original with;
Punjab Vidhan Sabha
Digitized by;
Panjab Digital Library

ਤੋਂ ਜ਼ਿਆਦਾ ਰਿਪ੍ਰੇਜ਼ੇਂਟੇਸ਼ਨ ਹੈ। ਸਰਦਾਰ ਬੂਟਾ ਸਿੰਘ ਉਸ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਹਨ ਔਰ ਸਰਦਾਰ ਉਮਰਾਓ ਸਿੰਘ ਉਸ ਦੇ ਵਾਈਸ ਪ੍ਰੈਜ਼ੀਡੈਂਟ ਹਨ ਔਰ ਸਰਦਾਰ ਕੇ. ਐਸ. ਬੈਂਸ ਐਡੀਸ਼ਨਲ ਸੈਕਟਰੀ ਜਨਰਲ ਹਨ। ਜਿਸ ਤਰ੍ਹਾਂ ਸਾਰੇ ਹਿੰਦੁਸਤਾਨ ਦੇ ਦੂਸਰੇ ਸੂਬਿਆਂ ਨਾਲੋਂ ਪੰਜਾਬ ਦਾ ਉਸ ਦੇ ਵਿੱਚ ਬਹੁਤ ਹੱਥ ਹੈ, ਇਤਨੀ ਪਾਰਟੀਸਿਪੇਸ਼ਨ ਹੈ ਮੈਂ ਸਮਝਦਾ ਹਾਂ ਕਿ ਜਿਤਨੀ ਸਾਡੀ ਪਾਰਟੀਸਿਪੇਸ਼ਨ ਹੈ ਉਸ ਵਿੱਚ ਉਸ ਦੇ ਮੁਤਾਬਿਕ ਜੇ ਪੰਜਾਬ ਦਾ ਹਿੱਸਾ ਇਨ੍ਹਾਂ ਗੇਮਜ਼ ਵਿੱਚ ਵੱਧ ਨਹੀਂ ਹੋਵੇਗਾ ਤਾਂ ਇਹ ਸਾਡੇ ਵਾਸਤੇ ਨੁਕਸਾਨ ਵਾਲੀ ਗੱਲ ਹੋਵੇਗੀ।

**ਸ਼੍ਰੀ ਸਭਾਪਤੀ**: ਹੁਣ ਵਾਈਂਡ ਅਪ ਕਰ ਦਿਓ।

**ਸਰਦਾਰ ਸੁਖਦੇਵ ਸਿੰਘ ਢੀਂਡਸਾ**: ਬਸ ਜੀ, ਹੁਣੇ ਵਾਈਂਡ ਅਪ ਕਰ ਦਿੰਦਾ ਹਾਂ।

ਚੇਅਰਮੈਨ ਸਾਹਿਬ, ਮੈਂ ਇਸ ਗਲ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ ਕਿ ਸਪੋਰਟਸਮੈਨ ਜੋ ਹਨ ਉਹ ਅਕੇਡਮੀਕਲੀ ਘੱਟ ਅੱਛੇ ਹੁੰਦੇ ਹਨ। ਖੇਡਾਂ ਵਲ ਉਨ੍ਹਾਂ ਦਾ ਜ਼ਿਆਦਾ ਧਿਆਨ ਹੋਣ ਕਾਰਨ ਪੜ੍ਹਾਈ ਵਾਲੇ ਪਾਸੇ ਉਹ ਢਿਲੇ ਹੁੰਦੇ ਹਨ, ਪੜ੍ਹਾਈ ਵਿਚ ਉਹ ਕੋਈ ਬਹੁਤੇ ਅਗੇ ਨਹੀਂ ਹੁੰਦੇ। ਇਸ ਲਈ ਜਦੋਂ ਉਨ੍ਹਾਂ ਦੀ ਨੌਕਰੀ ਦਾ ਸਵਾਲ ਆਉਂਦਾ ਹੈ ਤਾਂ ਉਨ੍ਹਾਂ ਨੂੰ ਫਿਰ ਨੌਕਰੀ ਨਹੀਂ ਮਿਲਦੀ। ਜੇ ਨੌਕਰੀ ਮਿਲ ਜਾਂਦੀ ਹੈ ਤਾਂ ਫਿਰ ਉਨ੍ਹਾਂ ਨੂੰ ਖੇਡਣ ਦਾ ਮੌਕਾ ਨਹੀ ਮਿਲਦਾ ਸਾਡੀਆਂ ਜਿਹੜੀਆਂ ਕਾਰਪੋਰੇਸ਼ਨਾਂ ਜਾਂ ਬੋਰਡ ਹਨ ਜਿਥੇ ਅਸੀਂ ਇਹ ਰੁਝਾਨ ਸ਼ੁਰੂ ਕੀਤਾ ਹੈ ਕਿ ਇਕ ਇਕ ਦੋ ਦੋ ਟੀਮਾਂ ਚੰਗੀਆਂ ਤਿਆਰ ਕਰਨ ਉਥੇ ਮੈਂ ਤੁਹਾਡੇ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਕਾਰਪੋਰੇਸ਼ਨਾਂ ਜਾਂ ਬੋਰਡਜ਼ ਨੇ ਪਲੇਅਰਜ਼ ਨੂੰ ਚੰਗੀਆਂ ਚੰਗੀਆਂ ਤਨਖਾਹਾਂ ਦੇ ਕੇ ਰਖਿਆ ਹੈ ਉਥੇ ਉਨ੍ਹਾਂ ਦੀ ਇਹ ਵੀ ਜ਼ਿਮੇਵਾਰੀ ਬਣਦੀ ਹੈ ਕਿ ਉਨ੍ਹਾਂ ਦੀ ਪ੍ਰਫਾਰਮੈਂਸ ਦੇਖਣ ਕਿ ਕਿਧਰੇ ਇਹ ਗਲ ਤਾਂ ਨਹੀਂ ਕਿ ਉਹ ਨੌਕਰੀ ਲੈ ਕੇ ਅਵੇਸਲਾ ਹੋ ਗਿਆ ਹੈ। ਉਹ ਇਸ ਗਲ ਨੂੰ ਦੇਖਣ ਕਿ ਉਸਦੀ ਪ੍ਰਫਾਰਮੈਂਸ ਵਿੱਚ ਢਿਲ੍ਹ ਨਾ ਆਵੇ।

ਇਸ ਤੋਂ ਇਲਾਵਾ, ਚੇਅਰਮੈਨ ਸਾਹਿਬ, ਮੈਂ ਇਕ ਗਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਥੇ ਕ੍ਰਿਕਟ ਦੀ ਗਲ ਚਲੀ ਸੀ, ਮੈਂ ਇਹ ਨਹੀਂ ਕਹਿੰਦਾ ਕਿ ਕ੍ਰਿਕਟ ਨੂੰ ਖੇਡਿਆ ਨਾ ਜਾਵੇ ਲੇਕਿਨ ਕ੍ਰਿਕਟ ਜੋ ਹੈ ਉਸ ਦੇ ਵਲ ਬਹੁਤ ਜ਼ਿਆਦਾ ਹੀ ਧਿਆਨ ਦਿੱਤਾ ਜਾ ਰਿਹਾ ਹੈ ਜਦ ਕਿ ਦੂਸਰੀਆਂ ਗੇਮਜ਼ ਵਲ ਕੋਈ ਖਾਸ ਧਿਆਨ ਨਹੀਂ ਦਿਤਾ ਜਾ ਰਿਹਾ। ਜਦੋਂ ਕੋਈ ਕ੍ਰਿਕਟ ਦਾ ਮੈਚ ਹੁੰਦਾ ਹੈ ਤਾਂ ਬੜੀਆਂ ਟਿਕਟਾਂ ਵੇਚੀਆਂ ਜਾਂਦੀਆਂ ਹਨ ਅਤੇ ਪ੍ਰੈਸ ਜੋ ਹੈ, ਰੇਡੀਓ ਜਾਂ ਦੂਰ-ਦਰਸ਼ਨ ਸੇਵਾ ਵੀ ਜੋ ਹੈ ਉਹ ਵੀ ਕ੍ਰਿਕਟ ਦਾ ਜ਼ਿਆਦਾ ਪ੍ਰਚਾਰ ਕਰਦੀ ਹੈ। ਇਸਦਾ ਇਤਨਾ ਪ੍ਰਚਾਰ ਹੋਣ ਕਰਕੇ ਇਕ ਆਮ ਆਦਮੀ ਵੀ ਟਰਾਂਜ਼ਿਸਟਰ ਕੰਨਾਂ ਨਾਲ ਲਾ ਕੇ ਸੁਣਦਾ ਹੈ ਭਾਵੇਂ ਉਸ ਨੂੰ ਗੇਮ ਦੇ ਬਾਰੇ ਕੁਝ ਪਤਾ ਹੈ ਜਾਂ ਨਹੀਂ। ਮੈਨੂੰ ਬੜਾ ਅਫ਼ਸੋਸ ਹੋਇਆ ਜਦੋਂ ਪਿਛੇ ਜਿਹੇ ਕ੍ਰਿਕਟ ਦਾ ਇਕ ਟੈਸਟ ਮੈਚ ਹੋਇਆ ਤਾਂ ਉਸ ਦਾ ਜ਼ਿਕਰ ਅਖਬਾਰਾਂ ਵਿੱਚ, ਰੇਡੀਓ ਵਿੱਚ ਅਤੇ ਦੂਰ ਦਰਸ਼ਨ ਵਾਲਿਆਂ ਨੇ ਬੜਾ ਕੀਤਾ ਪਰ ਉਸ ਵੇਲੇ ਤਿੰਨ ਨੈਸ਼ਨਲ ਗੇਮਜ਼ ਹੋ ਰਹੀਆਂ ਸਨ ਹਿੰਦੁਸਤਾਨ ਦੇ ਅੰਦਰ, ਉਸ ਦੇ ਬਾਰੇ ਕੁਝ ਅਖਬਾਰਾਂ ਨੇ ਭਾਵੇਂ ਮਾੜਾ ਮੋਟਾ ਹਵਾਲਾ ਦਿੱਤਾ ਹੋਵੇ ਪਰ ਅਖਬਾਰਾਂ ਦੀ ਸਪੋਰਟਸ ਸਪੇਸ ਜੋ ਸੀ ਉਹ ਸਾਰੀ ਕ੍ਰਿਕਟ ਤੇ ਹੀ ਭਰੀ ਹੋਈ ਸੀ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਇਹ ਪ੍ਰੋਫੈਸ਼ਨਲ ਹੈ। ਜੇ ਜਲੰਧਰ ਵਿਚ ਇਕ ਦਿਨ ਕ੍ਰਿਕਟ ਦਾ ਮੈਚ ਖੇਡਿਆ ਜਾਣਾ ਸੀ ਤਾਂ ਉਸ ਦੇ ਲਈ ਡੀ. ਸੀ. ਨੂੰ ਕਹਿ ਦਿਤਾ ਐਸ. ਡੀ. ਐਮ. ਦੀ ਡਿਊਟੀ ਲਗ ਗਈ ਕਿ ਲੈ ਜਾਓ ਟਿਕਟਾਂ ਤੇ ਵੇਚੋ ਔਰ ਪੈਸੇ ਇਕੱਠੇ ਕਰੋ।

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਜਿਸ ਸੰਸਥਾ ਕੋਲ ਪੈਸੇ ਹੋਣ, ਜਿਸ ਦੇ ਕੋਲੋਂ ਕੁਝ ਕਮਾਈ ਇਨ੍ਹਾਂ ਨੂੰ ਦਿਸਦੀ ਹੈ, ਚੇਅਰਮੈਨ ਸਾਹਿਬ, ਤੁਸੀਂ ਦੇਖਿਆ ਹੈ, ਕਿ ਉਸ ਵਾਸਤੇ ਸਰਕਾਰੀ ਮਸ਼ੀਨਰੀ ਪੈਸੇ ਇਕੱਠੇ ਕਰਦੀ ਫਿਰੇ ਪਰ ਦੂਸਰੇ ਪਾਸੇ ਜੇ ਕੋਈ ਫੁਟਬਾਲ ਦਾ ਮੈਚ ਹੋਵੇ ਤਾਂ ਉਸ ਦੇ ਵਾਸਤੇ ਨਾ ਕੋਈ ਤਹਿਸੀਲਦਾਰ ਪੈਸੇ ਇਕੱਠਾ ਕਰਦਾ ਹੈ, ਨਾ ਐਸ.ਡੀ.ਐਮ. ਕਰਦਾ ਹੈ ਅਤੇ ਨਾ ਕਿਸੇ ਡੀ.ਸੀ. ਦੀ ਕੋਈ ਡਿਊਟੀ ਲਗਦੀ ਹੈ। ਕ੍ਰਿਕਟ ਤੋਂ ਕਮਾਈ ਹੈ ਅਤੇ ਉਸ ਕਮਾਈ ਨੂੰ ਦੇਖਦੇ ਹੋਏ ਕ੍ਰਿਕਟ ਦੀ ਖੇਡ ਬਾਕੀ ਦੀਆਂ ਦੂਸਰੀਆਂ ਖੇਡਾਂ ਨੂੰ ਖਾ ਰਹੀ ਹੈ, ਉਨ੍ਹਾਂ ਦਾ ਨੁਕਸਾਨ ਕਰ ਰਹੀ ਹੈ। ਕ੍ਰਿਕਟ ਦੇ ਲਈ ਪ੍ਰੈਸ ਵੀ ਜ਼ਿਆਦਾ ਜ਼ੋਰ ਦੇ ਰਹੀ ਹੈ, ਦੂਰਦਰਸ਼ਨ ਵੀ ਜ਼ਿਆਦਾ ਜ਼ੋਰ ਦੇ ਰਿਹਾ ਹੈ। ਇਨ੍ਹਾਂ ਨੂੰ ਦੂਸਰੀਆਂ ਗੇਮਾਂ ਵੱਲ ਵੀ ਜ਼ਿਆਦਾ ਜ਼ੋਰ ਦੇਣਾ ਚਾਹੀਦਾ ਹੈ।

ਦੂਸਰੀ ਬੇਨਤੀ, ਚੇਅਰਮੈਨ ਸਾਹਿਬ, ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਸਪੋਰਟਸਮੈਨ ਏਸ਼ੀਅਨ ਗੇਮਜ਼ ਵਿੱਚ ਜਾਂ ਦੂਸਰੀਆਂ ਓਲਮਪਿਕ ਗੇਮਜ਼ ਦੇ ਵਿੱਚ ਜਿਨ੍ਹਾਂ ਨੇ ਵੱਡੇ ਵੱਡੇ ਗੋਲਡ ਮੈਡਲਜ਼ ਲਏ ਹਨ ਉਨ੍ਹਾਂ ਦੀ ਆਖਿਰ ਤੇ ਅਸੀਂ ਦੇਖਿਆ ਹੈ ਕਿ ਬੜੀ ਦੁਰਦਸ਼ਾ ਹੁੰਦੀ ਹੈ। ਚੇਅਰਮੈਨ ਸਾਹਿਬ, ਅਸੀਂ ਆਪਣੇ ਵੇਲੇ ਇਕ ਸਕੀਮ ਬਣਾਈ ਸੀ ਕਿ ਜਿਹੜੇ ਇਸ ਤਰ੍ਹਾਂ ਦੇ ਸਪੋਰਟਸਮੈਨ ਹਨ ਜਿਨ੍ਹਾਂ ਨੇ ਹਿੰਦੁਸਤਾਨ ਦੀਆਂ ਗੇਮਜ਼ ਵਿੱਚ, ਏਸ਼ੀਅਨ ਗੇਮਜ਼ ਵਿੱਚ ਜਾਂ ਓਲਮਪਿਕ ਗੇਮਜ਼ ਵਿੱਚ ਜਾਂ ਇੰਟਰ ਨੈਸ਼ਨਲ ਟੂਰਨਾਮੈਂਟ ਵਿੱਚ ਹਿੱਸਾ ਲਿਆ ਹੋਵੇ ਤਾਂ ਉਸ ਨੂੰ 55 ਸਾਲ ਦੀ ਉਮਰ ਤੋਂ ਉਪਰ ਪੈਨਸ਼ਨ ਦੇ ਦਿਤੀ ਜਾਵੇ। ਅਸੀਂ ਕੁਝ ਪੈਨਸ਼ਨਾਂ ਲਾਈਆਂ ਵੀ ਸਨ। ਸਾਡੇ ਜ਼ਿਲ੍ਹੇ ਵਿੱਚ, ਚੇਅਰਮੈਨ ਸਾਹਿਬ, ਅਸੀਂ ਦੇਖਿਆ ਹੈ ਕਿ ਇਕ ਇਨਸਾਨ ਨੇ ਏਸ਼ੀਅਨ ਗੇਮਜ਼ ਵਿਚ 4-5 ਵਾਰੀ ਪਾਰਟੀਸਿਪੇਟ ਕੀਤਾ ਸੀ ਪਰ ਜੋ ਉਸ ਦੀ ਅਖੀਰ ਦੀ ਉਮਰ ਤੇ ਦੁਰਦਸ਼ਾ ਹੁੰਦੀ ਸੀ, ਉਹ ਰੋਟੀ ਤੋਂ ਵੀ ਤਰਸਦਾ ਸੀ, ਡੰਗਰ ਚਾਰਨ ਵਾਸਤੇ ਉਸ ਨੂੰ ਭੇਜ ਦਿਤਾ ਜਾਂਦਾ ਸੀ ਅਤੇ ਉਸ ਦੀ ਜੋ ਅਸੀਂ ਦੁਰਦਸ਼ਾ ਦੇਖੀ ਤਾਂ ਉਦੋਂ ਅਸੀਂ ਕੋਸ਼ਿਸ਼ ਕੀਤੀ ਕਿ ਇਨ੍ਹਾਂ ਨੂੰ ਕੋਈ ਪੈਨਸ਼ਨ ਲਾਈ ਜਾਵੇ ਔਰ ਇਨ੍ਹਾਂ ਦੀ ਪੈਨਸ਼ਨ ਨੂੰ ਚਾਲੂ ਰਖਣਾ ਚਾਹੀਦਾ ਹੈ। ਕੁਝ ਸਪੋਰਟਸਮੈਨ ਅਜੇ ਵੀ ਰਹਿ ਗਏ ਹਨ। ਵਜ਼ੀਰ ਸਾਹਿਬ, ਤੁਸੀਂ ਆਪਣੇ ਡਿਪਾਰਟਮੈਂਟ ਨੂੰ ਕਹੋ ਕਿ ਉਹ ਉਨ੍ਹਾਂ ਨੂੰ ਭਾਲ ਕੇ ਲਿਆਉਣ ਅਤੇ ਉਨ੍ਹਾਂ ਨੂੰ ਵਜ਼ੀਫੇ ਦਿਓ ਤਾਂ ਕਿ ਆਉਣ ਵਾਲੀਆਂ ਜਿਹੜੀਆਂ ਨਸਲਾਂ ਹਨ ਉਹ ਜਾਣਨ ਕਿ ਸਪੋਰਟਸਮੈਨ ਦੀ ਕਿੰਨੀ ਕਦਰ ਹੋ ਸਕਦੀ ਹੈ ਅਤੇ ਉਹ ਵੀ ਸਪੋਰਟਸਮੈਨ ਬਣਨ ਦਾ ਯਤਨ ਕਰਨ। ਸਪੋਰਟਸਮੈਨ ਆਪਣੇ ਮੁਲਕ ਲਈ ਆਉਂਦਾ ਹੈ। ਜਦੋਂ ਕੋਈ ਵਿਕਟਰੀ ਸਟੈਂਡ ਤੇ ਚੜ੍ਹਦਾ ਹੈ ਤਾਂ ਪਲੇਅਰਜ਼ ਦੇ ਨਾਲ ਉਸ ਦੇਸ਼ ਦਾ ਝੰਡਾ ਵੀ ਨਾਲ ਚੜ੍ਹਦਾ ਹੈ ਜਿਸ ਦੇ ਨਾਲ ਸਾਰੇ ਦੇਸ਼ ਦਾ ਨਾਂ ਉਚਾ ਹੁੰਦਾ ਹੈ, ਸਾਰੇ ਹਿੰਦੁਸਤਾਨੀਆਂ ਦਾ ਨਾਂ ਉਚਾ ਹੁੰਦਾ ਹੈ। ਜੇਕਰ ਇਕ ਬੰਦੇ ਨੇ ਇਸ ਤਰ੍ਹਾਂ ਕਰਨਾ ਹੈ ਤਾਂ ਉਸ ਨੂੰ ਇੰਨੀ ਰਿਸਪੈਕਟ ਜ਼ਰੂਰ ਦੇਣੀ ਚਾਹੀਦੀ ਹੈ ਤਾਂਕਿ ਆਉਣ ਵਾਲੀਆਂ ਨਸਲਾਂ ਸਪੋਰਟਸ ਵਿਚ ਆਪਣਾ ਜ਼ਿਆਦਾ ਹਿਸਾ ਪਾ ਸਕਣ। ਚੇਅਰਮੈਨ ਸਾਹਿਬ, ਮੈਂ ਇੰਨੀਆਂ ਬੇਨਤੀਆਂ ਨਾਲ ਅਰਜ਼ ਕਰਦਾ ਹਾਂ ਕਿ ਇਹ ਹਾਊਸ ਮਤਾ ਪਾਸ ਕਰੇਗਾ ਅਤੇ ਸਰਕਾਰ ਸਪੋਰਟਸ ਨੂੰ ਉਚਾ ਚੁਕੇਗੀ।

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ): ਚੇਅਰਮੈਨ ਸਾਹਿਬ, ਮਨਿਸਟਰ ਸਾਹਿਬ ਗਲਾਂ ਕਰ ਰਹੇ ਸਨ ਅਤੇ ਚੌਧਰੀ ਸਾਹਿਬ ਬੈਠੇ ਸਨ। ਹੁਣ ਇਕ ਹੋਰ ਸਾਹਿਬ ਵੀ ਆ ਗਏ। ਬੜੀ ਖੁਸ਼ੀ ਦੀ ਗਲ ਹੈ। ਤੁਸੀਂ ਆਪ ਵੇਖ ਲਵੋ ਕਿ ਇਨ੍ਹਾਂ ਦਾ ਸਪੋਰਟਸ ਵਾਲੇ ਪਾਸੇ ਕਿੰਨਾ ਧਿਆਨ ਹੈ। ਇਸ ਤੋਂ ਇਲਾਵਾ ਤੁਹਾਡੇ ਸੱਜੇ ਪਾਸੇ ਵੇਖ ਲਵੋ ਕਿੰਨੇ ਅਫ਼ਸਰ ਬੈਠੇ ਹਨ।

Original with;
Punjab Vidhan Sabha
Digitized by;
Panjab Digital Library

ਪਹਿਲਾਂ ਦੋ ਸੀ ਹੁਣ ਤਿੰਨ ਹੋ ਗਏ ਹਨ। ਇਹ ਨਹੀਂ ਕਿ ਰੇਜ਼ੋਲਿਊਸ਼ਨ ਆਇਆ ਹੈ. ਇਸ ਦੇ ਲਈ ਕੋਈ ਉਤਸ਼ਾਹ ਹੋਵੇ। ਤੁਸੀਂ ਵੇਖੋ ਕਿ ਇਸਨੂੰ ਤਰਜੀਹ ਕਿੰਨੀ ਦਿੱਤੀ ਹੈ? ਹਿੰਗ ਲਗੇ ਨਾ ਫਟਕੜੀ ਰੰਗ ਚੋਖਾ ਹੋਵੇ। ਮੈਂ ਕਹਿੰਦਾ ਹਾਂ ਕਿ ਜਿਹੜੇ ਪੁਲੀਟੀਕਲ ਲੀਡਰ ਜਾਂ ਅਫਸਰ ਜਿਹੜੇ ਹਰਟ-ਅਟੈਕ ਨਾਲ ਮਰਦੇ ਹਨ ਅਗਰ ਉਨ੍ਹਾਂ ਵਿਚ ਸਪੋਰਟਸਮੈਨਸ਼ਿਪ ਪੈਦਾ ਹੋ ਜਾਵੇ ਤਾਂ ਇਹ ਬਿਮਾਰੀ ਨਹੀਂ ਆਉਂਦੀ। ਇਹ ਕਿੰਨਾ ਅੱਛਾ ਪੁਆਇੰਟ ਹੈ। ਮੈਂ ਬਹੁਤਾ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਢੀਂਡਸਾ ਸਾਹਿਬ ਨੇ ਬਹੁਤ ਕੁਝ ਦਸ ਦਿਤਾ ਹੈ ਮੈਂ ਕਹਿੰਦਾ ਹਾਂ ਕਿ ਆਪਸ ਵਿਚ ਕੋਆਰਡੀਨੇਸ਼ਨ ਹੋਣੀ ਚਾਹੀਦੀ ਹੈ। ਫੰਡਜ਼ ਕੁਲੈਕਟ ਹੋ ਜਾਣ ਔਰ ਉਸ ਦੇ ਚੇਅਰਮੈਨ ਮਨਿਸਟਰ ਸਾਹਿਬ ਜਾਂ ਚੀਫ ਮਨਿਸਟਰ ਸਾਹਿਬ ਹੋ ਜਾਣ। ਹੁਣ ਇਕ ਡਿਪਾਰਟਮੈਂਟ ਤਾਂ ਹੈ ਪਰ ਵਿੰਗ 4. 5 ਹਨ। ਪਾਂਧੀ ਸਾਹਿਬ. ਦੀਆਂ ਗੱਲਾਂ ਨੂੰ ਰੇਪ ਕਹਿਕੇ ਨਹੀਂ ਟਾਲਣਾ ਚਾਹੀਦਾ। ਉਨ੍ਹਾਂ ਨੇ ਇਕ ਅਮੈਂਡਮੈਂਟ 20 ਕਰੋੜ ਰੁਪਿਆ ਰਖਣ ਦੀ ਦਿਤੀ ਹੈ ਇਹ ਠੀਕ ਹੈ ਕਿ 20 ਕਰੋੜ ਨਹੀਂ ਦਿਤਾ ਜਾ ਸਕਦਾ ਪਰ 10 ਕਰੋੜ ਰੁਪਿਆ ਕਮ-ਅਜ਼-ਕਮ ਜ਼ਰੂਰ ਕਰ ਦਿਓ ਕਿਉਂਕਿ ਬਗੈਰ ਫੰਡਜ਼ ਦੇ ਅੱਛੇ ਖਿਲਾੜੀ ਪੈਦਾ ਨਹੀਂ ਹੋ ਸਕਦੇ। ਇਸ ਦੇ ਨਾਲ ਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਪ੍ਰਾਈਮਰੀ ਸਕੂਲ ਤੋਂ ਹੀ ਬਚਿਆਂ ਦੇ ਐਪਟੀਚਿਊਡ ਨੂੰ ਵੇਖ ਲਿਆ ਜਾਵੇ ਕਿ ਆਇਆ ਬੱਚਾ ਗੋਲੇ ਵਿਚ ਰੁਝਾਨ ਰਖਦਾ ਹੈ, ਵੇਟ ਲਿਫਟਿੰਗ ਵਿਚ ਰਖਦਾ ਹੈ, ਕਬੱਡੀ ਵਿਚ ਰਖਦਾ ਹੈ ਜਾਂ ਕਿਸੇ ਹੋਰ ਵਿਚ ਰਖਦਾ ਹੈ। ਸਾਡੀ ਖੋਹ-ਖ਼ੋਹ ਇਕ ਛੋਟੀ ਜਿਹੀ ਗੇਮ ਹੈ ਉਸ ਦੇ ਵਿਚ ਕਿਸੇ ਨੂੰ ਕੋਈ ਸ਼ਕ ਹੋ ਸਕਦਾ ਹੈ. ਬੱਚੇ ਦਾ ਐਪਟੀਚਿਊਡ ਵੇਖ ਕੇ ਉਸ ਨੂੰ ਡਿਵੈਲਪ ਕਰਨਾ ਚਾਹੀਦਾ ਹੈ। ਉਸਨੂੰ ਉਥੇ ਖੇਡ ਵਿਚ ਮੌਕਾ ਦੇਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਪੂਰਬੀ ਜਰਮਨੀ ਇਕ ਸੋਸ਼ਲਿਸਟ ਦੇਸ਼ ਹੈ ਉਸ ਨੇ ਸਾਰੇ ਵਰਲਡ ਵਿਚੋਂ ਸਪੋਰਟਸ ਵਿੱਚ ਵੱਧ ਮੈਡਲ ਲਏ। ਇਹ ਇਕ ਛੋਟਾ ਜਿਹਾ ਦੇਸ਼ ਹੈ। ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਉਹ ਬਜਟ ਦਾ 4% ਫੰਡ ਉਸ ਤੇ ਖਰਚ ਕਰਦੇ ਹਨ। ਪਾਂਧੀ ਸਾਹਿਬ ਦਾ ਜਿਹੜਾ ਸੁਝਾਓ ਹੈ ਉਸ ਦੇ ਨਾਲ ਬਾਕੀ ਮੈਂਬਰਾਂ ਨੇ ਵੀ ਸਹਿਮਤੀ ਪ੍ਰਗਟ ਕੀਤੀ ਹੈ, ਫੰਡਜ਼ ਵਿਚ ਬਕਾਇਦਾ ਵਾਧਾ ਕਰਨਾ ਚਾਹੀਦਾ ਹੈ। ਵਜ਼ੀਰ ਸਾਹਿਬ ਖੁਦ ਵੀ ਵੇਖਣ ਅਤੇ ਮੈਂ ਵੀ ਸਟਰੈਸ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਨਸ਼ੇ ਵਾਲੀਆਂ ਚੀਜ਼ਾਂ ਹਨ ਭਾਵੇਂ ਸਟੂਡੈਂਟ ਕਾਲਜ ਦਾ ਹੈ, ਮੈਡੀਕਲ ਕਾਲਜ ਦਾ ਹੈ ਜਾਂ ਇੰਜੀਨੀਅਰਿੰਗ ਕਾਲਜ ਦਾ ਹੈ ਖਾਸ ਤੌਰ ਤੇ ਸਪੋਰਟਸ ਵਾਲੇ ਜਿਹੜੇ ਹਨ ਉਹ ਸੇਵਨ ਕਰਦੇ ਹਨ। ਸਾਡੇ ਮਾਲਵੇ ਦੇ ਕਬੱਡੀ ਵਾਲੇ ਬੱਚੇ ਹਨ ਉਹ ਜਾਂ ਤਾਂ ਅਫੀਮ ਖਾਣਗੇ ਜਾਂ ਸ਼ਰਾਬ ਪੀਣਗੇ। ਉਹ ਕਹਿੰਦੇ ਹਨ ਕਿ ਇਨ੍ਹਾਂ ਨਾਲ ਸਰੀਰ ਗਰਮ ਹੋ ਜਾਵੇਗਾ। ਇਹ ਚੀਜ਼ ਬੰਦ ਕਰਨੀ ਚਾਹੀਦੀ ਹੈ। ਹਰ ਪੱਖ ਤੋਂ ਪ੍ਰਚਾਰ ਦੇ ਪੱਖੋਂ ਵੀ ਅਤੇ ਕੁਝ ਪ੍ਰੋਹਿਬਟਰੀ ਆਰਡਰਜ਼ ਵਲੋਂ ਵੀ ਧਿਆਨ ਦੇਣਾ ਚਾਹੀਦਾ ਹੈ। ਲੈਂਡਲਾਰਡਜ਼ ਦੇ ਲੜਕੇ ਹਨ ਉਹ ਵੀ ਸਪੋਰਟਸ ਵਿਚ ਆ ਸਕਦੇ ਹਨ। ਰਾਈਫਲ ਸ਼ੂਟਿੰਗ ਵਿੱਚ ਉਹ ਜਾਣ ਉਹ ਕਾਮਯਾਬ ਹੋ ਸਕਦੇ ਹਨ। ਉਨ੍ਹਾਂ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ, ਉਹ ਵੀ ਗੋਲਡ ਮੈਡਲ ਲੈ ਸਕਦੇ ਹਨ। ਅਸੀਂ ਪਿੰਡਾਂ ਵਿਚ ਬੋਰੀਆਂ ਵਿਚ ਰੇਤਾ ਪਾ ਕੇ ਚੱਕਦੇ ਹੁੰਦੇ ਸੀ ਉਨ੍ਹਾਂ ਵਿਚੋਂ ਵੇਟਲਿਫਟਰ ਪੈਦਾ ਹੋ ਸਕਦੇ ਸੀ। ਬੱਚੇ ਦਾ ਰੁਝਾਨ ਵੇਖ ਕੇ ਉਸ ਨੂੰ ਮੌਕਾ ਦੇਣਾ ਚਾਹੀਦਾ ਹੈ। ਮੈਂ ਛੋਟੀ ਜਿਹੀ ਮਿਸਾਲ ਦਿੰਦਾ ਹਾਂ ਕਿ ਡਿਊਕ ਆਫ ਵੈਲਜ਼ ਨੇ ਕਿਹਾ ਸੀ "Battle of waterloo was won in the ground of Eden."

ਚੇਅਰਮੈਨ ਸਾਹਿਬ, ਸਕੂਲਾਂ ਵਿਚ, ਕਾਲਜਾਂ ਵਿਚ ਗਰਾਊਂਡਾਂ ਵਿੱਚ ਡਿਸਿਪਲਿਨ, ਕੋਆਰਡੀ-ਨੇਸ਼ਨ ਔਰ ਕੋਆਪਰੇਸ਼ਨ ਪੈਦਾ ਹੁੰਦੀ ਹੈ। ਸਾਡੇ ਇਥੇ ਹਾਕੀ ਵਿੱਚ ਕੋਆਪਰੇਸ਼ਨ ਨਹੀਂ ਹੁੰਦੀ, ਇੰਡੀਵਿਜੂਅਲੀ ਅਸੀਂ ਗੋਲ ਨਹੀਂ ਕਰ ਸਕਦੇ। ਸਾਨੂੰ ਚਾਹੀਦਾ ਹੈ ਕਿ ਜਿਹੜੇ ਪਲੇਅਰਜ਼

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਹਨ, ਜਿਹੜੇ ਸੈੱਟ ਆਫ ਅਫ਼ੇਅਰਜ਼ ਆਫ ਸਪੋਰਟਸਮੈਨ ਹਨ ਉਨ੍ਹਾਂ ਦੇ ਬਾਰੇ ਵਿਚ ਮੁਨਾਸਿਬ ਕਦਮ ਚੁਕਣੇ ਚਾਹੀਦੇ ਹਨ। ਰੂਸ ਦੀ ਇਕ ਤ੍ਰਸੂਨਾ ਲੜਕੀ ਹੈ ਜਿਸ ਨੇ ਹਵਾਬਾਜ਼ ਇਸਤਰੀਆਂ ਵਿਚੋਂ ਪਹਿਲ ਕੀਤੀ ਹੈ। ਇਹ ਤਾਂ ਮੌਕਾ ਮਿਲਣ ਵਾਲੀ ਗਲ ਹੈ। ਤੋਰੀ ਦਾ ਫੁੱਲ ਵੀ ਗੁਲਾਬ ਦੇ ਫੁੱਲ ਵਾਂਗ ਹੈ ਭਾਵੇਂ ਉਸ ਦੀ ਖੁਸ਼ਬੂ ਘੱਟ ਹੋਵੇ। ਮੇਰੇ ਕਹਿਣ ਦਾ ਮਤਲਬ ਹੈ ਕਿ ਬਹੁਤ ਸਾਰੇ ਲੋਕ ਐਸੇ ਹਨ ਜਿਹੜੇ ਲੁਕੇ ਹੋਏ ਹਨ। ਮੈਂ ਦੱਸਦਾ ਹਾਂ ਕਿ ਭੂੰਦੜ ਮਿਡਲ ਸਕੂਲ ਹੈ, ਉਥੇ ਦੀ ਮਿਡਲ ਦੀ ਇਕ ਲੜਕੀ ਨੇ ਸੋਨੇ ਦਾ ਮੈਡਲ ਜਿਤਿਆ ਉਸ ਨੂੰ ਨਾ ਅਜੇ ਤਕ ਕੋਈ ਮੈਡਲ ਮਿਲਿਆ ਹੈ ਅਤੇ ਨਾ ਹੀ ਸਰਟੀਫਿਕੇਟ ਮਿਲਿਆ ਹੈ। ਇਸੇ ਤਰ੍ਹਾਂ ਭਾਈ ਰੂਪਾ ਦਾ ਇਕ ਲੜਕਾ ਹੈ ਜਿਹੜਾ ਕਿ ਇੰਡੀਆ ਵਿਚੋਂ ਸੈਕੰਡ ਆਇਆ ਹੈ। ਪੋਲਵਾਲਟ ਵਿਚੋਂ ਮੈਂ ਕੋਸ਼ਿਸ਼ ਕੀਤੀ ਹੈ ਕਿ ਕਿਤੇ ਉਸਨੂੰ ਲਵਾ ਦਿਆਂ ਪਰ ਕੋਈ ਥਾਂ ਨਹੀਂ ਮਿਲੀ। ਇਨ੍ਹਾਂ ਤੋਂ ਇਲਾਵਾ ਅਗਰ ਧਿਆਨ ਦੇਈਏ ਤਾਂ ਹੋਰ ਵੀ ਹੋ ਸਕਦੇ ਹਨ। ਮੈਂ ਕਹਿੰਦਾ ਹਾਂ ਕਿ ਪ੍ਰਾਇਮਰੀ ਸਕੂਲਾਂ ਵਿਚ, ਮਿਡਲ ਸਕੂਲਾਂ ਵਿੱਚ ਅਤੇ ਹਾਈ ਸਕੂਲਾਂ ਵਿੱਚ ਇਨ੍ਹਾਂ ਵਲ ਖਾਸ ਤੌਰ ਤੇ ਧਿਆਨ ਦੇਣਾ ਚਾਹੀਦਾਂ ਹੈ ਇਨ੍ਹਾਂ ਨੂੰ ਡਿਵੈਲਪ ਕੀਤਾ ਜਾ ਸਕਦਾ ਹੈ। ਆਉਣ ਵਾਲੀਆਂ 1982 ਦੀਆਂ ਖੇਡਾਂ ਵਿਚ ਸਪੈਸ਼ਲ ਧਿਆਨ ਦਿੱਤਾ ਜਾਏ। ਸਰਦਾਰ ਬੂਟਾ ਸਿੰਘ ਚੇਅਰਮੈਨ ਹਨ, ਸਰਦਾਰ ਉਮਰਾਓ ਸਿੰਘ ਮੈਂਬਰ ਹਨ ਅਤੇ ਢੀਂਡਸਾ ਸਾਹਿਬ ਵੀ ਹਨ। ਆਪਣੇ ਬੱਚੇ ਲੈ ਕੇ ਜਾਓ ਅਸੀਂ ਵੇਖਾਂਗੇ ਕਿ ਕਿੰਨੇ ਮੈਡਲ ਗੋਲਡ ਦੇ ਹਨ, ਕਿੰਨੇ ਸਿਲਵਰ ਦੇ ਅਤੇ ਕਿੰਨੇ ਤਾਂਬੇ ਦੇ ਹਨ ਜਿਹੜੇ ਕਿ ਸਾਡੇ ਪੰਜਾਬ ਵਾਲਿਆਂ ਨੂੰ ਮਿਲੇ। ਮੇਰੀ ਇਕ ਅਰਜ਼ ਹੈ ਕਿ ਸਾਡੀ ਪੁਲੀਟੀਕਲ ਇੰਟਰਫੀਰੈਂਸ ਬਿਲਕੁਲ ਨਹੀਂ ਹੋਣੀ ਚਾਹੀਦੀ। ਰਾਜ ਚਾਹੇ ਅਕਾਲੀਆਂ ਦਾ ਹੋਵੇ ਭਾਵੇਂ ਕਾਂਗਰਸ ਦਾ ਹੋਵੇ ਤੇ ਭਾਵੇਂ ਕਿਸੇ ਹੋਰ ਦਾ ਹੋਵੇ ਸਿਲੈਕਸ਼ਨ ਮੈਰਿਟ ਮੁਤਾਬਕ ਹੋਣੀ ਚਾਹੀਦੀ ਹੈ ਕਿਉਂਕਿ ਇਥੇ ਸਾਰੇ ਦੇਸ਼ ਦਾ ਸੁਆਲ ਹੈ ਔਰ ਸਾਰੇ ਦੇਸ਼ ਦਾ ਨਾਂ ਉਚਾ ਹੋਣਾ ਹੈ। ਇਸ ਦੇ ਨਾਲ ਹੀ ਪੰਜਾਬ ਦੇ ਨਾਂ ਨੇ ਉਚਾ ਹੋਣਾ ਹੈ। ਜਿਹੜਾ ਬੱਚਾ ਇਕ ਵਾਰੀ ਖੇਡ ਆਵੇ ਉਸ ਨੂੰ ਉਸ ਦੇ ਅਨੁਸਾਰ ਚੰਗੀ ਨੌਕਰੀ ਮਿਲ ਜਾਵੇ। ਆਪਣੇ ਪੁਲਿਸ ਵਾਲੇ ਹਨ, ਟਾਟਾ ਕੰਪਨੀ ਹੈ ਉਹ ਚੰਗੇ ਖਿਲਾੜੀ ਨਹੀਂ ਛੱਡਦੇ। ਸਕੂਲ ਤੋਂ ਹੀ ਬੱਚਿਆਂ ਨੂੰ ਇਨਸੈਂਟਿਵ ਦੇਣਾ ਚਾਹੀਦਾ ਹੈ। ਮੈਂ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਟੇਡੀਅਮਜ਼ ਬਾਰੇ ਕੋਈ ਵਿੱਤਕਰਾ ਨਹੀਂ ਹੋਣਾ ਚਾਹੀਦਾ। ਮੈਂ ਇਹ ਨਹੀਂ ਕਹਿੰਦਾ ਕਿ ਬਾਦਲ ਸਾਹਿਬ ਵੇਲੇ ਬਣਿਆ ਜਾਂ ਗਿਆਨੀ ਜ਼ੈਲ ਸਿੰਘ ਵੇਲੇ ਬਣਿਆ। ਸਾਡੇ ਇਥੇ ਇਕ ਮਸਤੂਆਣਾ ਦਾ ਸਟੇਡੀਅਮ ਹੈ। ਉਸ ਦੀ ਬਾਕਾਇਦਾ ਚਾਰ ਦੀਵਾਰੀ ਹੈ। ਉਸ ਵਿੱਚ ਜਾ ਕੇ ਵੇਖੋ ਤਾਂ ਕਦੇ ਚਾਵਲ ਉਗੇ ਹੋਏ ਹਨ ਅਤੇ ਕਦੇ ਕਣਕ। ਵਜ਼ੀਰ ਸਾਹਿਬ ਆਪ ਲੰਘਦੇ ਜਾਂਦੇ ਕਦੇ ਵੇਖ ਲੈਣ। ਇਸ ਤਰ੍ਹਾਂ ਸਾਡੇ ਰਾਮਪੁਰਾ ਫੂਲ ਵਿਚ 50 ਕਿਲੇ ਜ਼ਮੀਨ ਛੱਡੀ ਹੋਈ ਹੈ ਇਸ ਦੇ ਨਾਲ ਰਾਮਪੁਰਾ ਫੂਲ, ਨਥਾਣਾ ਆਦਿ 3 ਬਲਾਕ ਲਗਦੇ ਹਨ। ਬਾਦਲ ਸਾਹਿਬ ਵੇਲੇ ਕੋਸ਼ਿਸ਼ ਕੀਤੀ ਸੀ ਪਰ ਨਹੀਂ ਬਣਿਆ ਇਨ੍ਹਾਂ ਸਟੇਡੀਅਮਜ਼ ਤੋਂ ਹੀ ਪਲੇਅਰਜ਼ ਨੇ ਪੈਦਾ ਹੋਣਾ ਹੈ, ਅਦਰ-ਵਾਈਜ਼ ਪੈਦਾ ਨਹੀਂ ਹੋ ਸਕਦੇ। ਜੇਕਰ ਬਚਿਆਂ ਨੂੰ ਮੌਕਾ ਨਾ ਮਿਲੇ ਤਾਂ ਫਿਰ ਕਿਸ ਤਰ੍ਹਾਂ ਅਛੇ ਪਲੇਅਰਜ਼ ਬਣ ਸਕਦੇ ਹਨ। ਸਾਨੂੰ ਸਟਾਈਪੈਂਡ ਜਾਂ ਸਕਾਲਰਸ਼ਿਪ ਬੜੇ ਦਿਲ ਖੋਲ੍ਹ ਕੇ ਦੇਣੇ ਚਾਹੀਦੇ ਹਨ। 12, 15 ਰੁਪਿਆਂ ਨਾਲ ਉਨ੍ਹਾਂ ਦੀ ਖੁਰਾਕ ਪੂਰੀ ਨਹੀਂ ਹੁੰਦੀ। ਇਸ ਨਾਲ ਉਨ੍ਹਾਂ ਦਾ ਕੁਝ ਨਹੀਂ ਬਣਦਾ। ਜਰਮਨ ਨੇ ਅੱਜ ਖੇਡਾਂ ਦੇ ਮੈਦਾਨ ਵਿੱਚ ਆਪਣਾ ਨਾਂ ਪੈਦਾ ਕੀਤਾ ਹੈ। ਉਹ ਖਿਲਾੜੀਆਂ ਦਾ ਸਾਰਾ ਬੋਰਡਿੰਗ ਅਤੇ ਲਾਜਿੰਗ ਦਾ ਖਰਚ ਸਰਕਾਰ ਵੱਲੋਂ ਦਿੰਦੇ ਹਨ। ਇਸ ਲਈ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਖਿਲਾੜੀਆਂ ਦਾ ਸਾਰਾ ਖਰਚ ਇਹ ਆਪਣੇ ਕੋਲੋਂ ਦੇਵੇ। ਇਹ ਵੀ ਧਿਆਨ ਕਰਨਾ ਚਾਹੀਦਾ ਹੈ ਕਿ ਇਹ ਕਿਸੇ ਗਲਤ ਰੁਚੀ ਵਿੱਚ ਤਾਂ ਨਹੀਂ ਪੈ ਗਏ

Original with;
Punjab Vidhan Sabha
Digitized by;
Panjab Digital Library

ਫਿਰ ਰੈਸਲਿੰਗ, ਸਵਿਮਿੰਗ, ਵੇਟ ਲਿਫਟਿੰਗ ਦੇ ਮੈਦਾਨ ਵਿੱਚ ਸਾਡਾ ਨਾਂ ਪੈਦਾ ਹੋ ਸਕਦਾ ਹੈ। ਜਿਹੜੀ ਸਾਡੀ ਪਿੱਛੇ ਬਦਨਾਮੀ ਹੋਈ ਹੈ, ਉਸ ਨੂੰ ਅਸੀਂ ਰੋਕ ਸਕਦੇ ਹਾਂ ਅਤੇ ਆਪਣੀ ਇਜ਼ਤ ਬਹਾਲ ਕਰ ਸਕਦੇ ਹਾਂ। ਮੈਂ ਮਨਿਸਟਰ ਸਾਹਿਬ ਦੀ ਸੇਵਾ ਵਿੱਚ ਬੇਨਤੀ ਕਰਾਂਗਾ ਕਿ ਅੱਜ ਵੀ ਰੈਡ ਕਰਾਸ ਦੇ ਨਾਂ ਤੇ ਮਲੋਟ ਅਤੇ ਮੁਕਤਸਰ ਵਿੱਚ ਮੇਲੇ ਲਗਦੇ ਹਨ। ਉਥੇ ਜੂਆ ਖੇਲਿਆ ਜਾਂਦਾ ਹੈ। ਸਕਿਲ ਗੇਮਜ਼ ਦਾ ਇਨ੍ਹਾਂ ਨੂੰ ਨਾਂ ਦਿੱਤਾ ਜਾਂਦਾ ਹੈ।

**ਸਰਦਾਰ ਹਰਚਰਨ ਸਿੰਘ ਹੀਰੋ** (ਜ਼ੀਰਾ): ਚੇਅਰਮੈਨ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਸਰਦਾਰ ਜਗਤ ਸਿੰਘ ਨੇ ਲਿਆਂਦਾ ਹੈ ਸਪੋਰਟਸ ਨੂੰ ਪਾਪੂਲਰਾਈਜ਼ ਕਰਨ ਅਤੇ ਇਸ ਦਾ ਸਟੈਂਡਰਡ ਵਧਾਉਣ ਲਈ ਮੈਂ ਉਸ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ। ਮੈਂ ਢੀਂਡਸਾ ਸਾਹਿਬ ਦੀ ਸਪੀਚ ਬੜੇ ਧਿਆਨ ਨਾਲ ਸੁਣੀ ਹੈ। ਇਨ੍ਹਾਂ ਨੇ ਸੁਜੇਸ਼ਨਜ਼ ਬੜੀਆਂ ਦਿੱਤੀਆਂ ਹਨ। ਇਹ ਆਪ ਵੀ ਵਜ਼ੀਰ ਰਹੇ ਹਨ। ਸਪੋਰਟਸ ਦੇ ਮੰਤਰੀ ਰਹੇ ਹਨ। ਤਿੰਨ ਸਾਲ ਇਨ੍ਹਾਂ ਦਾ ਰਾਜ ਭਾਗ ਰਿਹਾ ਹੈ। ਉਦੋਂ ਆਪ ਇਹ ਸਾਰੇ ਕੰਮ ਕਰ ਸਕਦੇ ਸਨ। ਜੇ ਤਾਂ ਸਾਡੀ ਗੌਰਮਿੰਟ ਨੇ ਇਨ੍ਹਾਂ ਤੋਂ ਬਜਟ ਘਟਾਇਆ ਹੋਵੇ ਤਾਂ ਇਨ੍ਹਾਂ ਦਾ ਨੁਕਤਾਚੀਨੀ ਠੀਕ ਹੈ। ਸਪੋਰਟਸ ਦਾ ਸਟੈਂਡਰਡ ਅੱਗੇ ਨਾਲੋਂ ਵੱਧਿਆ ਹੈ। ਬਜਟ ਵੀ ਅੱਗੇ ਨਾਲੋਂ ਵਧਿਆ ਹੈ। ਜਿਹੜੀਆਂ ਇਸ ਡਿਪਾਰਟਮੈਂਟ ਦੀਆਂ ਅਚੀਵ-ਮੈਂਟਸ ਹਨ ਵੀ ਇਨ੍ਹਾਂ ਨੂੰ ਦੱਸ ਦੇਣੀਆਂ ਚਾਹੀਦੀਆਂ ਸਨ।
ਬਰਨਾਲਾ ਸਾਹਿਬ ਵੀ ਸਪੋਰਟਸ ਦੇ ਮੰਤਰੀ ਰਹੇ ਹਨ। ਮੈਂ ਕਹਿੰਦਾ ਹਾਂ ਕਿ ਅੱਜ ਇਹ ਆਪ ਸੁਜੇਸ਼ਨਜ਼ ਦੇ ਰਹੇ ਹਨ ਪਰ ਆਪ ਇਨ੍ਹਾਂ ਨੇ ਫੰਡਜ਼ ਬਿਲਕੁਲ ਨਹੀਂ ਵਧਾਏ। (ਵਿਘਨ)

**ਪ੍ਰੋਫੈਸਰ ਬਲਵੰਤ ਸਿੰਘ**: ** ** **

**ਸ੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਹਰਚਰਨ ਸਿੰਘ ਹੀਰੋ**: ਚੇਅਰਮੈਨ ਸਾਹਿਬ, ਇਹ ਆਪ ਲਛਮਣ ਸਿੰਘ ਗਿੱਲ ਦੀ ਸਰਕਾਰ ਵਿੱਚ ਸਨ ਜਿਸ ਦੀ ਸਪੋਰਟ ਕਾਂਗਰਸ ਪਾਰਟੀ ਨੇ ਕੀਤੀ ਸੀ। ਚੇਅਰਮੈਨ ਸਾਹਿਬ, ਮੈਂ ਇਹ ਗਲ ਮੰਨਦਾ ਹਾਂ ਕਿ ਸਪੋਰਟਸ ਦਾ ਬਜਟ ਜੋ ਹੈ ਉਹ ਵੱਧਣਾ ਚਾਹੀਦਾ ਹੈ। ਮੈਂ ਢੀਂਡਸਾ ਸਾਹਿਬ ਨਾਲ ਇਸ ਗਲ ਤੇ ਸਹਿਮਤ ਹਾਂ। 4 ਪੈਸੇ ਪਰ ਹੈਡ ਜੋ ਰਖਿਆ ਹੈ, ਇਹ ਵਰਲਡ ਵਿੱਚ ਲੋਐਸਟ ਹੈ। ਹਿੰਦੁਸਤਾਨ ਵਿੱਚ ਸਭ ਤੋਂ ਚੰਗੇ ਖਿਲਾੜੀ ਪੰਜਾਬ ਨੇ ਪੈਦਾ ਕੀਤੇ ਹਨ। ਪੰਜਾਬ ਨੂੰ ਇਸ ਗਲ ਦਾ ਮਾਣ ਹੈ। ਮਨਿਸਟਰੀ ਕੋਈ ਵੀ ਆਵੇ ਪਰ ਸਪੋਰਟਸ ਵੱਲ ਸਟੇਟ ਗੌਰਮਿੰਟ ਨੇ ਕੋਈ ਧਿਆਨ ਨਹੀਂ ਦਿੱਤਾ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਇਥੇ ਬੈਠੇ ਹਨ। ਸਪੋਰਟਸ ਮਨਿਸਟਰ ਵੀ ਬੈਠੇ ਹਨ। ਸਪੋਰਟਸ ਦਾ ਬਜਟ ਵਧਾਉਣਾ ਚਾਹੀਦਾ ਹੈ। ਇਹ ਬਹੁਤ ਚੰਗੀ ਸੁਜੇਸ਼ਨ ਹੈ ਜਿਥੇ ਮਹਿਕਮੇ ਤੇ ਬੜੀਆਂ ਨੁਕਤਾਚੀਨੀਆਂ ਵੀ ਹੋਈਆਂ ਹਨ ਅਤੇ ਸੁਜੇਸ਼ਨਜ਼ ਵੀ ਆਈਆਂ ਹਨ ਉਥੇ ਇਹ ਗਲ ਨਹੀਂ ਕਿ ਮਹਿਕਮੇਂ ਨੇ ਕੁਝ ਵੀ ਨਹੀਂ ਕੀਤਾ। ਮਹਿਕਮੇ ਦੀਆਂ ਅਚੀਵਮੈਂਟਸ ਵੀ ਹਨ। ਪਹਿਲੀਵਾਰ ਨੇਸ਼ਨਲ ਵੂਮੈਨ ਸਪੋਰਟਸ ਫੈਸਟੀਵਲ ਵਿੱਚ ਨੈਸ਼ਨਲ ਲੈਵਲ ਤੇ ਪੰਜਾਬ ਦੀਆਂ ਇਸਤਰੀਆਂ ਜਿੱਤ ਕੇ ਆਈਆਂ। ਪੰਜਾਬ ਦੀ ਵੂਮੈਨ ਬੈਡਮਿੰਟਨ ਟੀਮ ਨੇ ਨੇਸ਼ਨਲ ਚੈਂਪੀਅਨਸ਼ਿਪ ਫਸਟ ਟਾਈਮ ਜਿੱਤੀ ਹੈ। ਇਹ ਇਸ ਡਿਪਾਰਟਮੈਂਟ ਦੀ ਅਚੀਵਮੈਂਟ ਹੈ। ਜਿਥੇ ਇਹ ਨੁਕਤਾਚੀਨੀ

**Expunged as Ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਹੀਰੋ]
ਕਰਦੇ ਹਨ ਉਥੇ ਜੋ ਇਨ੍ਹਾਂ ਦੀਆਂ ਅਚੀਵਮੈਂਟਸ ਹਨ ਉਸ ਦਾ ਜ਼ਿਕਰ ਕਰਨਾ ਚਾਹੀਦਾ ਹੈ। 50 ਸਾਲ ਤੋਂ ਉਪਰ ਦੀ ਉਮਰ ਦੇ ਖਿਲਾੜੀਆਂ ਦਾ ਸਿੰਗਾਪੁਰ ਵਿੱਚ ਮੀਟ ਹੋਇਆ ਸੀ, ਇੰਟਰ-ਨੈਸ਼ਨਲ ਗੇਮਜ਼ ਹੋਈਆਂ ਸਨ। ਤੁਹਾਨੂੰ ਇਹ ਸੁਣ ਕੇ ਖੁਸ਼ੀ ਹੋਵੇਗੀ ਕਿ 16 ਗੋਲਡ ਮੈਡਲ ਪੰਜਾਬ ਨੇ ਉਥੋਂ ਜਿੱਤ ਕੇ ਲਿਆਂਦੇ ਹਨ, ਇਹ ਇਸ ਡਿਪਾਰਟਮੈਂਟ ਦੀ ਅਚੀਵਮੈਂਟ ਹੈ। ਮੈਂ ਆਪਣੇ ਸਪੋਰਟਸ ਮਨਿਸਟਰ, ਅਜਨਾਲਾ ਸਾਹਿਬ ਨੂੰ ਇਸ ਦੀ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਉਨ੍ਹਾਂ ਖਿਲਾੜੀਆਂ ਨੂੰ ਉਥੇ ਭੇਜਿਆ ਜਿਨ੍ਹਾਂ ਨੇ 16 ਗੋਲਡ ਮੈਡਲ ਜਿੱਤ ਕੇ ਪੰਜਾਬ ਦਾ ਨਾਂ ਉੱਚਾ ਕੀਤਾ।

ਚੇਅਰਮੈਨ ਸਾਹਿਬ, ਜਦੋਂ ਮੈਂ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦਾ ਚੇਅਰਮੈਨ, ਸੀ ਉਦੋਂ ਢੀਂਡਸਾ ਸਾਹਿਬ ਸਪੋਰਟਸ ਦੇ ਮਨਿਸਟਰ ਸਨ ਅਤੇ ਬਾਦਲ ਸਾਹਿਬ ਚੀਫ਼ ਮਨਿਸਟਰ ਸਨ। ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਪਬਲਿਕ ਅੰਡਰਟੇਕਿੰਗਜ਼ ਵਿੱਚ ਸਪੋਰਟਸਮੈਨ ਭਰਤੀ ਕਰੋ। ਇਨ੍ਹਾਂ ਦੀ ਕੋਈ ਕੌਂਸਲ ਬਣਾਉਣੀ ਚਾਹੀਦੀ ਹੈ। ਪਰ ਕਿਸੇ ਨੇ ਕੋਈ ਧਿਆਨ ਨਹੀਂ ਦਿੱਤਾ। ਮੈਂ ਮਾਰਕਫੈਡ ਵਿੱਚ ਅਲੈਕਟਿਡ ਵਾਈਸ ਚੇਅਰਮੈਨ ਹਾਂ। ਉਥੇ ਇਹ ਸ਼ੁਰੂ ਕੀਤਾ ਹੈ। ਪਹਿਲੀ ਵਾਰ ਸਾਰੀਆਂ ਕਾਰ-ਪੋਰੇਸ਼ਨ ਅਤੇ ਬੋਰਡਾਂ ਦੇ ਖਿਲਾੜੀਆਂ ਦੇ ਮੁਕਾਬਲੇ ਇਥੇ ਹੋਏ। ਗਵਰਨਰ ਸਾਹਿਬ ਨੇ ਉਸ ਦਾ ਉਦਘਾਟਨ ਕੀਤਾ। ਪ੍ਰਾਈਜ਼ ਡਿਸਟ੍ਰੀਬਿਊਸ਼ਨ ਤੇ ਅਜਨਾਲਾ ਸਾਹਿਬ ਵੀ ਗਏ ਸਨ। ਇਨ੍ਹਾਂ ਨੇ ਵੇਖਿਆ ਹੋਣਾ ਹੈ ਕਿ ਕਿਸ ਤਰ੍ਹਾਂ ਬੋਰਡਾਂ ਅਤੇ ਕਾਰਪੋਰੇਸ਼ਨਾਂ ਦੇ ਖਿਲਾੜੀ ਸਪੋਰਟਸ ਵਿੱਚ ਇੰਟਰੈਸਟ ਲੈ ਰਹੇ ਹਨ। ਇਹ ਫਸਟ ਮੀਟ ਹੋਇਆ ਹੈ। ਇਹ ਕਰੈਡਿਟ ਇਸ ਗੌਰਮਿੰਟ ਨੂੰ ਜਾਂਦਾ ਹੈ ਜਿਸ ਨੇ ਕਿ ਸਪੋਰਟਿਸ ਕੌਂਸਲ ਬਣਾਈ ਹੈ। ਅੱਜ ਜਿਤਨੀਆਂ ਕਾਰਪੋਰੇਸ਼ਨਾਂ ਅਤੇ ਬੋਰਡ ਹਨ ਉਹ ਪਲੇਅਰਜ਼ ਨੂੰ ਭਾਲਦੇ ਫਿਰਦੇ ਹਨ। ਤੁਹਾਡੇ ਜ਼ਮਾਨੇ ਵਿੱਚ ਪੰਜਾਬ ਦੇ ਚੰਗੇ ਪਲੇਅਰ ਬਾਹਰ ਚਲੇ ਗਏ। ਟਾਟਾ ਵਰਗੇ ਲੈ ਗਏ ਜਾਂ ਹੋਰ ਸੂਬਿਆਂ ਦੇ ਅਦਾਰੇ ਲੈ ਗਏ। ਮੈਂ ਸਰਦਾਰ ਦਰਬਾਰਾ ਸਿੰਘ ਅਤੇ ਅਜਨਾਲਾ ਸਾਹਿਬ ਨੂੰ ਇਸ ਸਟੈਪ ਲਈ ਵਧਾਈ ਦਿੰਦਾ ਹਾਂ। ਜੋ ਇੰਟਰਨੈਸ਼ਨਲ ਲੈਵਲ ਦਾ ਪਲੇਅਰ ਵੇਹਲਾ ਫਿਰਦਾ ਹੈ, ਉਹ ਮੈਨੂੰ ਦੱਸਣ। ਮੈਂ ਉਸਨੂੰ ਨੌਕਰੀ ਦਿਵਾਉਣ ਲਈ ਜ਼ਿੰਮੇਵਾਰ ਹਾਂ। ਜਿਥੇ ਇਸ ਲਈ ਸੁਜ਼ੈਸ਼ਨਜ਼ ਅਸੀਂ ਦੇਣੀਆਂ ਹਨ ਉਥੇ ਇਸ ਡਿਪਾਰਟਮੈਂਟ ਦੀਆਂ ਅਚੀਵਮੈਂਟਸ ਵੀ ਦੱਸਣੀਆਂ ਚਾਹੀ-ਦੀਆਂ ਹਨ ਤਾਂਕਿ ਪਤਾ ਲਗ ਸਕੇ ਕਿ ਸਪੋਰਟਸ ਦੀ ਤਰੱਕੀ ਇਨ੍ਹਾਂ ਵੇਲੇ ਹੋਈ ਸੀ ਜਾਂ ਹੁਣ ਹੋ ਰਹੀ ਹੈ। ਹੁਣ ਸਪੋਰਟਸਮੈਨ ਵੇਹਲੇ ਨਹੀਂ ਫਿਰ ਰਹੇ ਅੱਗੇ ਪੰਜਾਬ ਦੇ ਚੰਗੇ ਸਪੋਰਟਸਮੈਨ, ਜਿਸ ਤਰ੍ਹਾਂ ਮਾਸਟਰ ਬਾਬੂ ਸਿੰਘ ਨੇ ਦੱਸਿਆ ਹੈ ਕਿ ਜਾਂ ਤਾਂ ਹਿੰਦੁਸਤਾਨ ਦੀਆਂ ਦੂਜੀਆਂ ਅੰਡਰਟੇਕਿੰਗਜ਼ ਲੈ ਜਾਂਦੀਆਂ ਸਨ ਜਾਂ ਫਿਰ ਟਾਟੇ ਅਤੇ ਬਿਰਲੇ ਲੈ ਜਾਂਦੇ ਸਨ। ਅਸੀਂ ਹੁਣ ਹੌਲੀ ਹੌਲੀ ਉਨ੍ਹਾਂ ਨੂੰ ਵਾਪਸ ਲਿਆ ਰਹੇ ਹਾਂ ਤਾਂਕਿ ਪੰਜਾਬ ਦੇ ਸਪੋਰਟਸ ਦਾ ਮਿਆਰ ਉੱਚਾ ਹੋ ਸਕੇ।

**ਪ੍ਰੋਫੈਸਰ ਬਲਵੰਤ ਸਿੰਘ :** ** ** **

**Mr .Chairman :** This is no Point of Order.

**ਸਰਦਾਰ ਹਰਚਰਨ ਸਿੰਘ ਹੀਰੋ :** ਚੇਅਰਮੈਨ ਸਾਹਿਬ, ਮੈਂ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਇਕ ਤਾਂ ਇਹ ਹੈ ਕਿ ਪ੍ਰਾਇਮਰੀ ਸਕੂਲ ਲੈਵਲ ਤੇ ਸਪੋਰਟਸ ਦਾ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਇਕੁਐਪਮੈਂਟ ਜੋ ਲੇਟੇਸਟ ਡੀਜ਼ਾਈਨ ਦੇ ਹੋਣ ਉਹ ਲੈ ਕੇ ਦੇਣੇ ਚਾਹੀਦੇ ਹਨ ਤਾਂਕਿ ਉਹ ਸ਼ੁਰੂ ਤੋਂ ਹੀ ਜੰਪਿੰਗ, ਰੋਲਿੰਗ ਜਾਂ ਕਲਾਇੰਬਿੰਗ ਵਗੈਰਾ ਕਰ ਸਕਣ ਔਰ ਉਨ੍ਹਾਂ ਦੇ ਸ਼ਰੀਰ ਪਹਿਲਾਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਤੋਂ ਹੀ ਇਸ ਤਰ੍ਹਾਂ ਦਾ ਹੋ ਜਾਵੇ ਕਿ ਉਹ ਵੱਡੇ ਹੋ ਕੇ ਚੰਗੀ ਤਰ੍ਹਾਂ ਨਾਲ ਖੇਡਾਂ ਖੇਡ ਸਕਣ। ਫਿਰ ਜਾਬਜ਼ ਬਾਰੇ ਕਿਹਾ ਗਿਆ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਸਾਡੇ ਖੇਡਾਂ ਦੇ ਚੈਂਪੀਅਨ ਹਨ ਜਿਹੜੇ ਵਰਲਡ ਕੱਪ ਜਿੱਤ ਕੇ ਆਏ ਹੋਣ ਜਾਂ ਜਿਹੜੇ ਇੰਟਰਨੈਸ਼ਨਲ ਪੱਧਰ ਦੇ ਖਿਡਾਰੀ ਹੋਣ, ਉਨ੍ਹਾਂ ਵਾਸਤੇ ਪੋਸਟਾਂ ਰੀਜ਼ਰਵ ਰੱਖਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਅਸੀਂ ਕਾਰਪੋਰੇਸ਼ਨਾਂ ਵਿਚ ਕੀਤਾ ਹੈ ਇਸ ਤਰ੍ਹਾਂ ਨਾਲ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਦੂਸਰੇ ਮਹਿਕਮਿਆਂ ਵਿੱਚ ਵੀ ਖਿਡਾਰੀਆਂ ਵਾਸਤੇ ਪੋਸਟਾਂ ਰਿਜ਼ਰਵ ਰੱਖਣ।

ਇਕ, ਚੇਅਰਮੈਨ ਸਾਹਿਬ, ਮੇਰਾ ਹੋਰ ਸੁਝਾਓ ਹੈ। ਜਦੋਂ ਵੀ ਕੋਈ ਪ੍ਰਾਇਮਰੀ ਸਕੂਲ ਜਾਂ ਮਿਡਲ ਸਕੂਲ ਅੱਪਗਰੇਡ ਕਰਨਾ ਹੋਵੇ ਤਾਂ ਇਹ ਕੰਡੀਸ਼ਨ ਹੋਵੇ ਕਿ ਉਹ ਤਾਂ ਹੀ ਅੱਪਗਰੇਡ ਕੀਤਾ ਜਾਵੇਗਾ ਜੇਕਰ ਉਸ ਸਕੂਲ ਪਾਸ ਲੋੜ ਮੁਤਾਬਿਕ ਖੇਡਣ ਵਾਸਤੇ ਗਰਾਊਂਡਜ਼ ਹੋਣ। ਇਹ ਕੰਡੀਸ਼ਨ ਸ਼ਹਿਰਾਂ ਦੇ ਸਕੂਲਾਂ ਤੇ ਵੀ ਹੋਣੀ ਚਾਹੀਦੀ ਹੈ। ਜਿਹੜਾ ਸਕੂਲ ਇਹ ਕੰਡੀਸ਼ਨ ਫੁਲਫਿੱਲ ਨਾ ਕਰੇ ਉਸ ਨੂੰ ਅੱਪਗਰੇਡ ਨਹੀਂ ਕਰਨਾ ਚਾਹੀਦਾ।

**ਸ਼੍ਰੀ ਸਭਾਪਤੀ** : ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਹਰਚਰਨ ਸਿੰਘ ਹੀਰੋ** : ਠੀਕ ਹੈ ਜੀ। ਚੇਅਰਮੈਨ ਸਾਹਿਬ, ਸਾਡੇ ਜ਼ੀਰੇ ਵਿੱਚ ਇਕ ਗੌਰਮਿੰਟ ਕਾਲਿਜ ਹੈ। ਉਥੇ ਸਟੇਡੀਅਮ ਦੀ ਬੜੀ ਹੀ ਲੋੜ ਹੈ। ਜਿਹੜੀ ਸਰਕਾਰ ਦੀ ਹਰ ਜ਼ਿਲ੍ਹੇ ਵਿਚ ਇਕ ਇਕ ਸਟੇਡੀਅਮ ਬਣਾਉਣ ਦੀ ਸਕੀਮ ਹੈ ਉਸ ਦੇ ਬਾਰੇ ਮੈਂ ਬੇਨਤੀ ਕਰਾਂਗਾ ਕਿ ਸਾਡੇ ਜ਼ਿਲ੍ਹੇ ਵਿਚ ਕੋਈ ਸਟੇਡੀਅਮ ਨਹੀਂ ਹੈ, ਇਸ ਲਈ ਇਹ ਸਟੇਡੀਅਮ ਗੌਰਮਿੰਟ ਕਾਲਜ, ਜ਼ੀਰਾ ਵਿੱਚ ਬਣਾਇਆ ਜਾਵੇ ਅੌਰ ਉਥੇ ਇਕ ਸਵਿਮਿੰਗ ਪੂਲ ਬਣਾ ਦਿੱਤਾ ਜਾਵੇ। ਅਸੀਂ ਜ਼ਮੀਨ ਮੁਫਤ ਦੇਵਾਂਗੇ।

**ਕਾਮਰੇਡ ਬਲਦੇਵ ਸਿੰਘ ਲੂੰਬਾ** (ਸੁਤਰਾਣਾ, ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਇਸ ਗੇਮਜ਼ ਦੇ ਮਤੇ ਦੇ ਬੋਲਣਾ ਚਾਹੁੰਦਾ ਹਾਂ। ਬਹੁਤ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਇਸ ਮਤੇ ਤੇ ਬੋਲੇ ਹਨ ਅੌਰ ਉਨ੍ਹਾਂ ਨੇ ਚੰਗੇ ਸੁਝਾਓ ਦਿੱਤੇ ਹਨ।

**ਚੌਧਰੀ ਜਗਜੀਤ ਸਿੰਘ** : ਚੇਅਰਮੈਨ ਸਾਹਿਬ, ਪ੍ਰੋਫੈਸਰ ਬਲਵੰਤ ਸਿੰਘ ਜੀ ਨੇ ਤੁਹਾਨੂੰ ਕਿਹਾ ਹੈ ਕਿ ਤੁਸੀਂ ਬੜੇ ਸੋਹਣੇ ਲਗਦੇ ਹੋ। ਇਹ ਗੱਲ ਰਿਕਾਰਡ ਤੇ ਆ ਗਈ ਹੈ। ਇਸ ਲਈ ਜਾਂ ਤਾਂ ਤੁਸੀਂ ਇਹ ਦੱਸੋ ਕਿ ਵਾਕਿਆ ਹੀ ਤੁਸੀਂ ਸੋਹਣੇ ਲਗਦੇ ਹੋ ਜਾਂ ਫਿਰ ਇਸ ਗੱਲ ਨੂੰ ਕਾਰਵਾਈ ਵਿਚੋਂ ਐਕਸਪੰਜ ਕਰਵਾ ਦਿਓ।

**ਸ਼੍ਰੀ ਸਭਾਪਤੀ** : ਇਹ ਤਾਂ ਮੈਂ ਸਮਝਦਾ ਹਾਂ ਕਿ ਕਾਮਰੇਡ ਸਾਹਿਬ ਦੀ ਐਨਕ ਦਾ ਫਰਕ ਹੈ। ਹੀਰਾ ਭਾਵੇਂ ਮਿੱਟੀ ਵਿਚ ਪਿਆ ਹੋਵੇ ਤੇ ਭਾਵੇਂ ਕਿਸੇ ਉੱਚੀ ਥਾਂ ਤੇ ਉਹ ਹਰ ਜਗਾਹ ਹੀ ਚਮਕਦਾ ਹੈ।

"ਹਮ ਨੇ ਕਾਟੋਂ ਕੋ ਭੀ ਛੂਆ ਹੈ ਨਰਮ ਹਾਥੋਂ ਸੇ,
ਲੋਗ ਬੜੇ ਬੇਰਹਿਮ ਹੈਂ ਕਿ ਫੂਲੋਂ ਕੋ ਭੀ ਮਸਲ ਦੇਤੇ ਹੈਂ।"

Original with;
Punjab Vidhan Sabha
Digitized by;
Panjab Digital Library

**ਸਰਦਾਰ ਬੀਰ ਦਵਿੰਦਰ ਸਿੰਘ :** ਚੇਅਰਮੈਨ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ :—

"ਗੁਲਸ਼ਨ ਪ੍ਰਸਤ ਹੂੰ ਮੈਂ, ਮੁਝੇ ਗੁੱਲ ਨਹੀਂ ਅਜੀਜ਼
ਕਾਂਟੋਂ ਸੇ ਭੀ ਨਿਭਾਹ ਕੀਏ ਜਾਤੇ ਹੈਂ ਹਮ।" (ਹਾਸਾ)

**ਕਾਮਰੇਡ ਬਲਦੇਵ ਸਿੰਘ ਲੂੰਬਾ :** ਚੇਅਰਮੈਨ ਸਾਹਿਬ, ਮੈਂ ਇਸ ਮਤੇ ਦੇ ਸਬੰਧ ਵਿੱਚ ਪਹਿਲੀ ਗਲ ਤਾਂ ਇਹ ਕਹਿਣੀ ਚਾਹੁੰਦਾ ਹਾਂ ਕਿ ਇਸ ਵਿੱਚ ਤਾਂ ਕੋਈ ਦੋ ਰਾਵਾਂ ਨਹੀਂ ਹਨ ਕਿ ਗੇਮਜ਼ ਖੇਡਣ ਵਾਲੇ ਜੋ ਇਨਸਾਨ ਹਨ ਉਨ੍ਹਾਂ ਨੂੰ ਹਾਰਟ ਅਟੈਕ ਨਹੀਂ ਹੁੰਦੀ, ਬਲੱਡ ਪ੍ਰੈਸ਼ਰ ਦੀ ਬਿਮਾਰੀ ਨਹੀਂ ਹੁੰਦੀ ਔਰ ਉਨ੍ਹਾਂ ਦੀ ਉਮਰ ਵੀ ਲੰਬੀ ਹੁੰਦੀ ਹੈ, ਉਹ ਲੰਬੇ ਸਮੇਂ ਲਈ ਕੰਮ ਕਰਨ ਦੇ ਯੋਗ ਰਹਿੰਦੇ ਹਨ। ਇਹ ਚੰਗੀ ਗੱਲ ਹੈ ਕਿ ਇਸ ਤਰ੍ਹਾਂ ਦਾ ਇਹ ਪਤਾ ਡਿਸਕਸ ਹੋ ਰਿਹਾ ਹੈ। ਚੇਅਰਮੈਨ ਸਾਹਿਬ, ਕੋਈ ਸਮਾਂ ਸੀ ਜਿਸ ਸਮੇਂ ਕਿ ਹਿੰਦੁਸਤਾਨ ਦਾ ਹਾਕੀ ਦੀ ਗੇਮ ਦੇ ਮੈਦਾਨ ਵਿਚ ਬੜਾ ਸਿਰ ਉਚਾ ਹੁੰਦਾ ਸੀ। ਧਿਆਨ ਚੰਦ ਵਰਗੇ ਖਿਡਾਰੀ ਉਤਨਾਂ ਚਿਰ ਗੇਂਦ ਆਪਣੀ ਛਾਤੀ ਨਾਲੋਂ ਨਹੀਂ ਸਨ ਲਾਹੁੰਦੇ ਜਿਤਨਾ ਚਿਰ ਕਿ ਗੋਲ ਨਹੀਂ ਸੀ ਹੋ ਜਾਂਦਾ। ਲੇਕਿਨ ਉਸ ਦੇ ਬਾਅਦ ਸਾਡੀ ਹਾਕੀ ਦੀ ਗੇਮ ਦਾ ਸਟੈਂਡਰਡ ਇਸ ਤਰ੍ਹਾਂ ਡਿਗਦਾ ਗਿਆ ਔਰ ਫਿਰ ਉਹ ਸਮਾਂ ਆ ਗਿਆ ਕਿ ਅਸੀਂ ਨੰਬਰ ਦੋ ਤੇ ਆ ਗਏ। ਫਿਰ ਸਮਾਂ ਆਇਆ ਕਿ ਅਸੀਂ ਨੰਬਰ 3 ਤੇ ਆ ਗਏ ਔਰ ਫਿਰ ਸਮਾਂ ਆਇਆ ਕਿ ਅਸੀਂ ਨੰਬਰ ਤਿੰਨ ਤੇ ਵੀ ਨਾ ਰਹੇ। ਚੇਅਰਮੈਨ ਸਾਹਿਬ, ਥੋੜ੍ਹੇ ਹੀ ਦਿਨਾਂ ਦੀ ਗੱਲ ਹੈ ਕਿ ਸਾਡੇ ਹੀ ਦੇਸ਼ ਵਿਚ ਟੂਰਨਾਮੈਂਟ ਹੋਏ ਪਰ ਅਸੀਂ ਉਨ੍ਹਾਂ ਟੂਰਨਾਮੈਂਟਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਿੱਚੋਂ ਕੋਈ ਵੀ ਪੁਜ਼ੀਸ਼ਨ ਨਾ ਲੈ ਸਕੇ। ਇਸ ਤੋਂ ਵੱਡੀ ਹੋਰ ਬੇਇਜ਼ਤੀ ਦੀ ਗੱਲ ਸਾਡੇ ਲਈ ਕੀ ਹੋ ਸਕਦੀ ਹੈ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਕੈਂਸਰ ਦਾ ਕੋਈ ਇਲਾਜ ਨਹੀਂ ਸਮਝਿਆ ਜਾਂਦਾ। ਇਹ ਮੰਨਿਆ ਜਾਂਦਾ ਹੈ ਕਿ ਕੈਂਸਰ ਦੀ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ।

**ਸਰਦਾਰ ਪ੍ਰਿਥੀਪਾਲ ਸਿੰਘ :** ** ** **

**Mr. Chairman : This is no Point of Order.**

**ਕਾਮਰੇਡ ਬਲਦੇਵ ਸਿੰਘ ਲੂੰਬਾ :** ਚੇਅਰਮੈਨ ਸਾਹਿਬ, ਮੈਂ ਗੁਜ਼ਾਰਿਸ਼ ਕਰ ਰਿਹਾ ਸੀ ਕਿ ਜਿਸ ਤਰ੍ਹਾਂ ਨਾਲ ਕੈਂਸਰ ਦਾ ਕਿਹਾ ਜਾਂਦਾ ਹੈ ਕਿ ਇਲਾਜ ਸਿਰਫ ਪੈਸੇ ਦੇ ਜ਼ੋਰ ਤੇ ਹੀ ਨਹੀਂ ਹੋ ਸਕਦਾ ਇਸ ਤਰ੍ਹਾਂ ਹੀ ਗੇਮਜ਼ ਨੂੰ ਅੱਛਾ ਬਣਾਉਣ ਲਈ ਜਾਂ ਇੰਝ ਕਹਿ ਲਓ ਕਿ ਖਿਡਾਰੀਆਂ ਨੂੰ ਅੱਛੇ ਬਣਾਉਣ ਲਈ ਪੈਸਾ ਹੀ ਕੰਮ ਨਹੀਂ ਕਰਦਾ। ਹੋਰ ਵੀ ਕਈ ਫੈਕਟਰ ਹੁੰਦੇ ਹਨ ਜੋ ਕਿ ਗੇਮਜ਼ ਲਈ ਜ਼ਰੂਰੀ ਹਨ। ਫੰਡਜ਼ ਬਾਰੇ ਤਾਂ ਮੈਂ ਸਮਝਦਾ ਹਾਂ ਕਿ ਪਾਂਧੀ ਸਾਹਿਬ ਦੀ ਅਮੈਂਡਮੈਂਟ ਵੀ ਆਈ ਸੀ ਕਿ 29 ਕਰੋੜ ਪਿਆ ਇਸ ਪਾਸੇ ਰੱਖਿਆ ਜਾਵੇ। ਚੇਅਰਮੈਨ ਸਾਹਿਬ, ਇਸ ਵਿਚ ਕੋਈ ਹਰਜ਼ ਨਹੀਂ ਹੈ, ਸਰਕਾਰ ਨੂੰ ਪੈਸਾ ਵੀ ਵਧਾ ਦੇਣਾ ਚਾਹੀਦਾ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੈਸਾ ਨਾ ਵਧਾਇਆ ਜਾਵੇ। ਪਰ, ਚੇਅਰਮੈਨ ਸਾਹਿਬ, ਜੇਕਰ ਪੈਸਾ ਹੀ ਪੈਸ਼ਾ ਗੇਮਾਂ ਦਾ ਇਲਾਜ ਹੁੰਦਾ ਤਾਂ ਮੇਰਾ ਖਿਆਲ ਹੈ ਕਿ ਅਮਰੀਕਾ ਵਰਗਾ ਦੇਸ਼ ਕਿਸੇ ਦੇ ਹੱਥੋਂ ਹਾਰ ਨਹੀਂ ਸੀ ਖਾ ਸਕਦਾ। ਮੇਰਾ ਖਿਆਲ ਹੈ ਕਿ ਵੈਸਟ ਜਰਮਨੀ ਪੂਰਬ ਜਰਮਨੀ ਤੋਂ ਹਾਰ ਨਹੀਂ ਸੀ ਖਾ ਸਕਦਾ ਕਿਉਂਕਿ ਪੈਸੇ ਵਿਚ ਅਮਰੀਕਾ ਔਰ ਵੈਸਟ ਜਰਮਨੀ ਇੰਪੀਰੀਐਲਿਸਟ ਦੇਸ਼ ਹਨ। ਬਹੁਤ ਪੈਸਾ ਉਨ੍ਹਾਂ ਦੇਸ਼ਾਂ ਪਾਸ ਹੈ। ਸੋ, ਜੇਕਰ ਖੇਡਾਂ ਪੈਸੇ ਨਾਲ ਜਿੱਤੀਆਂ ਜਾਂਦੀਆਂ ਹੋਣ ਤਾਂ ਉਹ ਦੇਸ਼ ਹੋਰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਕਿਸੇ ਦੇਸ਼ ਨੂੰ ਅੱਗੇ ਨਾ ਆਉਣ ਦੇਣ। ਚੇਅਰਮੈਨ ਸਾਹਿਬ, ਅਮਰੀਕਾ ਕਿਸੇ ਵੇਲੇ ਓਲੰਪਿਕ ਗੇਮਜ਼ ਵਿੱਚ ਨੰਬਰ ਇਕ ਤੇ ਹੁੰਦਾ ਸੀ ਔਰ ਸੋਵੀਅਤ ਯੂਨੀਅਨ ਨੰਬਰ ਦੋ ਤੇ ਹੁੰਦਾ ਸੀ। ਪਰ ਹੁਣ ਸਮਾਂ ਆ ਗਿਆ ਹੈ ਕਿ ਸੋਵੀਅਤ ਯੂਨੀਅਨ ਨੰਬਰ 1 ਤੇ ਆ ਗਿਆ ਹੈ। ਅਮਰੀਕਾ ਜਿਹੜਾ ਨੰਬਰ ਇਕ ਤੇ ਹੁੰਦਾ ਸੀ ਫਿਰ ਨੰਬਰ ਦੋ ਤੇ ਆ ਗਿਆ ਪਰ ਪੂਰਬੀ ਜਰਮਨੀ ਨੇ ਚੁਕ ਕੇ ਨੰਬਰ ਤਿੰਨ ਤੇ ਉਸ ਨੂੰ ਮਾਰਿਆ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਸਾਨੂੰ ਇਕ ਗੱਲ ਦਿਮਾਗ ਵਿਚ ਬਿਠਾ ਲੈਣੀ ਚਾਹੀਦੀ ਹੈ ਪੈਸਾ ਵਧਾ ਲਓ ਜਾਂ ਜੋ ਮਰਜ਼ੀ ਕਰ ਲਵੋ ਜੇਕਰ ਸਾਡੇ ਖਿਡਾਰੀਆਂ ਲਈ ਕੋਈ ਇਸ ਤਰ੍ਹਾਂ ਦਾ ਪੱਕਾ ਪ੍ਰਬੰਧ ਨਹੀਂ ਕਰੋਗੇ, ਉਨ੍ਹਾਂ ਦੀ ਜ਼ਿੰਦਗੀ ਦਾ ਮੁਕੰਮਲ ਪ੍ਰਬੰਧ ਸਰਕਾਰ ਦੇ ਜ਼ਿੰਮੇ ਨਹੀਂ ਹੋਵੇਗਾ ਉਤਨੀ ਦੇਰ ਤੱਕ ਉਹ ਉਚੇ ਖਿਡਾਰੀ ਨਹੀਂ ਬਣ ਸਕਦੇ।

ਚੇਅਰਮੈਨ ਸਾਹਿਬ, ਜ਼ਰਾ ਇਸ ਪਾਸੇ ਧਿਆਨ ਦਿਓ ਜੀ।......

**ਸ੍ਰੀ ਸਭਾਪਤੀ**: ਤੁਸੀਂ ਟਾਈਮ ਵੱਲ ਧਿਆਨ ਦਿਓ। ਵਾਈਂਡ ਅੱਪ ਕਰਨ ਦੀ ਕੋਸ਼ਿਸ਼ ਕਰੋ। (ਹਾਸਾ)

**ਕਾਮਰੇਡ ਬਲਦੇਵ ਸਿੰਘ ਲੂੰਬਾ**: ਚੇਅਰਮੈਨ ਸਾਹਿਬ, ਮੈਂ ਸਮਝਦਾ ਹਾਂ ਕਿ ਖਿਡਾਰੀ ਨੂੰ ਖੇਡਣ ਵਾਲੇ ਨੂੰ ਕੋਈ ਪਰਵਾਹ ਨਹੀਂ ਹੋਣੀ ਚਾਹੀਦੀ। ਖੇਡਣ ਵਾਲਾ ਖੇਡੀ ਜਾਵੇ ਔਰ ਨੌਕਰੀ ਕਰਨ ਵਾਲਾ ਨੌਕਰੀ ਕਰੀ ਜਾਵੇ। ਲੇਕਿਨ ਮੈਂ, ਚੇਅਰਮੈਨ ਸਾਹਿਬ, ਇਕ ਗੱਲ ਜ਼ਰੂਰ ਕਹਾਂਗਾ ਘੱਟੋ ਘੱਟ ਖਿਡਾਰੀਆਂ ਨੂੰ ਇਹ ਕੋਈ ਫਿਕਰ ਨਾ ਹੋਵੇ ਕਿ ਉਨ੍ਹਾਂ ਦੇ ਪ੍ਰੀਵਾਰਾਂ ਨਾਲ ਪਿੱਛੋਂ ਕੀ ਵਾਪਰ ਰਹੀ ਹੋਵੇਗੀ, ਮੈਂ ਸਬਜ਼ੀ ਲੈ ਕੇ ਆਉਣੀ ਹੈ।

**ਸ੍ਰੀ ਸਭਾਪਤੀ**: ਕੋਈ ਚੰਗਾ ਸੁਝਾਓ ਦਿਓ। ਤੁਸੀਂ ਤਾਂ ਸਬਜ਼ੀ ਮੰਡੀ ਪਹੁੰਚ ਗਏ ਹੋ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਠੀਕ ਹੈ ਜੀ। ਮੈਨੂੰ ਪਤਾ ਹੈ ਕਿ ਤੁਸੀਂ ਕਿਹੜੀਆਂ ਕਿਹੜੀਆਂ ਖੇਡਾਂ ਖੇਡਦੇ ਰਹੇ ਹੋ।

**ਸ੍ਰੀ ਸਭਾਪਤੀ**: ਜਲਦੀ ਵਾਈਂਡ ਅੱਪ ਕਰ ਦਿਓ।

**ਸਰਦਾਰ ਗੁਰਨੈਬ ਸਿੰਘ ਬਰਾੜ**: ਚੇਅਰਮੈਨ ਸਾਹਿਬ, ਤੁਸੀਂ ਉਸ ਪਾਸੇ ਦੇ ਮੈਂਬਰਾਂ ਵੱਲ ਹੀ ਵੇਖਦੇ ਰਹਿੰਦੇ ਹੋ। ਅਸੀਂ ਪੁਆਇੰਟ ਆਫ਼ ਆਰਡਰ ਤੇ ਖੜ੍ਹੇ ਹੁੰਦੇ ਹਾਂ ਤਾਂ ਤੁਸੀਂ ਧਿਆਨ ਇਸ ਪਾਸੇ ਨਹੀਂ ਕਰਦੇ। ਤੁਸੀਂ ਸਾਡਾ ਵੀ ਪੁਆਇੰਟ ਆਫ਼ ਆਰਡਰ ਸੁਣ ਲਿਆ ਕਰੋ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਚੇਅਰਮੈਨ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿੰਨ੍ਹਾਂ ਚਿਰ ਸਾਡੇ ਖਿਡਾਰੀਆਂ ਦਾ ਪੂਰਾ ਪ੍ਰਬੰਧ ਨਹੀਂ ਕੀਤਾ ਜਾਂਦਾ, ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ, ਉਹ ਤਰੱਕੀ ਨਹੀਂ ਕਰ ਸਕਦੇ। ਇਥੇ ਇਕ ਸੁਝਾਵ ਦਿੱਤਾ ਗਿਆ ਕਿ ਉਨ੍ਹਾਂ ਨੂੰ ਨੌਕਰੀ ਦਿੱਤੀ ਜਾਵੇ। ਮੈਂ ਸਮਝਦਾ ਹਾਂ ਕਿ ਇਹ ਬਿਲਕੁਲ ਗਲਤ ਸੁਝਾਓ ਹੈ। ਉਨ੍ਹਾਂ ਨੂੰ ਨੌਕਰੀ ਨਹੀਂ ਬਲਕਿ ਸਿਰਫ਼ ਖੇਡ ਦੇ ਕੰਮ ਤੇ ਲਾਉਣਾ ਚਾਹੀਦਾ ਹੈ ਤਾਕਿ ਉਹ ਆਪਣਾ ਤਜਰਬਾ ਉਸ ਪਾਸੇ ਵਧਾ ਸਕਣ। ਇਥੇ ਹੁਣ ਕੀ ਹੁੰਦਾ ਹੈ ਕਿ ਜਦੋਂ ਕੋਈ ਖੇਡ ਖੇਡਣੀ ਹੁੰਦੀ ਹੈ ਤਾਂ 20 ਦਿਨ ਪਹਿਲੇ ਉਨ੍ਹਾਂ ਖਿਡਾਰੀਆਂ ਨੂੰ ਬੁਲਾ ਲਿਆ ਜਾਂਦਾ ਹੈ ਔਰ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਨਾਲ ਕੀ ਹੁੰਦਾ ਹੈ ਕਿ ਪਹਿਲੇ ਦਾ ਉਨ੍ਹਾਂ ਨੂੰ ਸਾਰਾ ਭੁਲ ਭੁਲਾ ਜਾਂਦਾ ਹੈ। ਇਸ ਤਰ੍ਹਾਂ ਨਾਲ ਨਾ ਤਾਂ ਉਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਬਲਦੇਵ ਸਿੰਘ ਲੂੰਬਾ]

ਸਟੈਮਨਾ ਬਣਦਾ ਹੈ ਔਰ ਨਾ ਉਹ ਚੰਗਾ ਖੇਡ ਸਕਦੇ ਹਨ। ਉਹ ਜਲਦੀ ਹੀ ਥੱਕ ਜਾਂਦੇ ਹਨ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਜਿਹੜੇ ਇਲੈਕਟਿਡ ਖਿਡਾਰੀ ਹਨ ਉਨ੍ਹਾਂ ਨੂੰ ਸਿਰਫ਼ ਇਸੇ ਪਰਪਜ਼ ਲਈ ਹੀ ਰੱਖ ਲਿਆ ਜਾਵੇ, ਉਨ੍ਹਾਂ ਨੂੰ ਸਿਵਾਏ ਖੇਡਣ ਦੇ ਹੋਰ ਕੋਈ ਕੰਮ ਨਹੀਂ ਦੇਣਾ ਚਾਹੀਦਾ ਔਰ ਹਰ ਤਰ੍ਹਾਂ ਦਾ ਇਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਦੂਜਾ ਮੈਂ ਸੁਝਾਓ ਇਹ ਦੇਣਾ ਚਾਹੁੰਦਾ ਹਾਂ ਕਿ ਇਥੇ ਅੱਜ ਕਈ ਮੈਂਬਰਾਂ ਨੇ ਕਿਹਾ ਹੈ ਕਿ ਸਪੋਰਟਸ ਐਜ਼ ਏ ਸਬਜੈਕਟ ਨਹੀਂ ਲੈਣਾ ਚਾਹੀਦਾ। ਪਰ ਮੈਂ ਸਮਝਦਾ ਹਾਂ ਕਿ ਜੇ ਸਪੋਰਟਸ ਏਜ਼ ਏ ਸਬਜੈਕਟ ਪ੍ਰਾਈਮਰੀ ਕਲਾਸ ਤੋਂ ਨਹੀਂ, ਮਿਡਲ ਕਲਾਸ ਤੋਂ ਵੀ ਸ਼ੁਰੂ ਨਹੀਂ ਕਰਦੇ ਤਾਂ ਹਾਈ ਕਲਾਸ ਤੋਂ ਜ਼ਰੂਰ ਸਪੋਰਟਸ ਏ ਸਬਜੈਕਟ ਲੈ ਲੈਣਾ ਚਾਹੀਦਾ ਹੈ। ਤਾ ਕਿ ਜਿਹੜੇ ਹਾਈ ਸਕੂਲ ਦੇ ਵਿਦਿਆਰਥੀ ਹਨ ਉਹ ਇਹ ਸਬਜੈਕਟ ਪੜ੍ਹ ਕੇ ਖੇਡਾਂ ਦੇ ਮੈਦਾਨ ਵਿਚ ਅੱਗੇ ਆ ਸਕਣ।

ਤੀਜਾ ਮੈਂ ਸੁਝਾਓ ਇਹ ਦੇਣਾ ਚਾਹੁੰਦਾ ਹਾਂ ਕਿ ਪਿੰਡਾਂ ਦੇ ਵਿਚ ਬਹੁਤ ਚੰਗੇ ਖਿਡਾਰੀ ਹੋ ਸਕਦੇ ਹਨ ਜੇ ਉਨ੍ਹਾਂ ਨੌਜਵਾਨਾਂ ਨੂੰ ਕੁਝ ਸਹੂਲਤਾਂ ਦਿੱਤੀਆਂ ਜਾਣ। ਜੇ ਹਰ ਪਿੰਡ ਵਿਚ ਕੋਈ ਸਟੇਡੀਅਮ ਨਹੀਂ ਬਣ ਸਕਦਾ ਤਾਂ 4-5 ਪਿੰਡ ਮਿਲਾ ਕੇ ਜਾਂ ਬਲਾਕ ਲੈਵਲ ਤੇ ਇਕ ਸਟੇਡੀਅਮ ਜ਼ਰੂਰ ਬਣਾਉਣਾ ਚਾਹੀਦਾ ਹੈ ਤਾ ਕਿ ਸਕੂਲਾਂ ਦੇ ਬੱਚੇ ਜਾ ਕੇ ਉਥੇ ਚੰਗੀ ਖੇਡਾਂ ਦੀ ਟਰੇਨਿੰਗ ਲੈ ਸਕਣ। ਫਿਰ ਉਨ੍ਹਾਂ ਨੂੰ ਡਿਸਟ੍ਰਿਕਟ ਲੈਵਲ ਤੇ ਚੰਗੀ ਟਰੇਨਿੰਗ ਦਿੱਤੀ ਜਾਵੇ ਤਾਂ ਕਿ ਖੇਡਾਂ ਦੇ ਮੈਦਾਨ ਵਿੱਚ ਪਿੰਡਾਂ ਦੇ ਨੌਜਵਾਨ ਵੀ ਅੱਗੇ ਆ ਸਕਣ।

**ਸ਼੍ਰੀ ਸਭਾਪਤੀ :** ਵਾਈਂਡ ਅਪ ਕਰੋ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਆਖਰੀ ਗਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਾਡੇ ਦੇਸ਼ ਵਿਚ ਬਾਹਰਲੇ ਮੁਲਕਾਂ ਦੀਆਂ ਖੇਡਾਂ ਹੁੰਦੀਆਂ ਹਨ ਤਾਂ ਹਰੇਕ ਆਦਮੀ ਚਾਹੇ ਉਹ ਸਕੂਲ ਵਿੱਚ ਪੜ੍ਹਨ ਵਾਲਾ ਹੈ, ਚਾਹੇ ਉਹ ਨੌਕਰੀ ਕਰਦਾ ਹੈ, ਚਾਹੇ ਉਹ ਰਿਕਸ਼ਾ ਚਲਾਉਂਦਾ ਹੈ ਜਾਂ ਕੋਈ ਹੋਰ ਕਿੱਤਾ ਕਰਦਾ ਹੈ ਤਾਂ ਕੰਠ ਨਾਲ ਰੇਡਿਓ ਲਾਈ ਫਿਰਦਾ ਹੁੰਦਾ ਹੈ। ਦਫ਼ਤਰਾਂ ਵਿੱਚ ਵੀ ਕੋਈ ਕੰਮ ਨਹੀਂ ਹੁੰਦਾ। ਲੇਕਿਨ ਉਨ੍ਹਾਂ ਖੇਡਾਂ ਦਾ 5-6 ਦਿਨ ਖੇਡਣ ਤੋਂ ਬਾਅਦ ਰਿਜ਼ਲਟ ਕੀ ਨਿਕਲਦਾ ਹੈ ? ਰਿਜ਼ਲਟ ਇਹ ਆਉਂਦਾ ਹੈ ਕਿ ਮੱਚ ਡਰਾਅ ਹੋ ਗਿਆ ਹੈ। ਇਨ੍ਹਾਂ ਖੇਡਾਂ ਤੇ ਕਰੋੜਾਂ ਰੁਪਏ ਖਰਚ ਹੋ ਜਾਂਦੇ ਹਨ। ਪਰ ਫਾਇਦਾ ਕੋਈ ਨਹੀਂ ਹੁੰਦਾ। ਇਸ ਲਈ ਮੇਰਾ ਸੁਝਾਓ ਹੈ ਕਿ ਜਿਹੜੀਆਂ ਸਰਮਾਇਦਾਰਾਂ ਦੀਆਂ ਖੇਡਾਂ ਹਨ ਇਹ ਬੰਦ ਕਰਨੀਆਂ ਚਾਹੀਦੀਆਂ ਹਨ ਔਰ ਆਪਣੇ ਪੰਜਾਬ ਦੀਆਂ ਖੇਡਾਂ, ਆਪਣੇ ਦੇਸ਼ ਦੀਆਂ ਖੇਡਾਂ ਹੀ ਖੇਡਣੀਆਂ ਚਾਹੀਦੀਆਂ ਹਨ । ਇਤਨਾਂ ਕਹਿ ਕੇ ਮੈਂ ਬੈਠਦਾ ਹਾਂ।

**ਸਰਦਾਰ ਬਸੰਤ ਸਿੰਘ ਖਾਲਸਾ** (ਦਾਖਾ ਐਸ.ਸੀ.) : ਚੇਅਰਮੈਨ ਸਾਹਿਬ, ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਮਤਾ ਜਿਹੜਾ ਸਰਦਾਰ ਜਗਤ ਸਿੰਘ ਨੇ ਲਿਆਂਦਾ ਹੈ ਇਹ ਬੜਾ ਹੀ ਇਪਾਟੈਂਟ ਮਸਲਾ ਹੈ। ਹੁਣ ਤਕ ਜਿਹੜੇ ਇਥੇ ਮਤੇ ਆਉਂਦੇ ਰਹੇ ਹਨ ਉਹ ਟਾਕ ਆਊਟ ਹੋ ਕੇ ਖਤਮ ਹੋ ਜਾਂਦੇ ਹਨ ਜੇ ਤਾਂ ਉਸੇ ਤਰ੍ਹਾਂ ਹੀ ਬੋਲ ਬੁਲਾ ਕੇ ਇਹ ਮਤਾ ਖ਼ਤਮ ਕਰਨਾ ਹੈ ਤਾਂ ਫਿਰ ਤਾਂ ਇਸ ਦਾ ਕੋਈ ਫਾਇਦਾ ਨਹੀਂ ਮੈਂ ਸਮਝਦਾ ਹਾਂ ਕਿ ਕਿਉਂਕਿ ਇਹ ਬੜਾ ਇੰਪਾਰਟੈਂਟ ਮਸਲਾ ਹੈ ਇਸ ਤੇ ਵਜ਼ੀਰ

Original with;
Punjab Vidhan Sabha
Digitized by;
Panjab Digital Library

ਸਾਹਿਬ ਨੂੰ ਜਵਾਬ ਦੇਣਾ ਚਾਹੀਦਾ ਹੈ ਔਰ ਫਿਰ ਇਸ ਨੂੰ ਪਾਸ ਕਰਕੇ ਇਸ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਜਿਹੜੇ ਮੈਂਬਰਾਂ ਨੇ ਇਸ ਸਬੰਧ ਵਿਚ ਸੁਝਾਓ ਦਿੱਤੇ ਹਨ ਮੈਂ ਉਨ੍ਹਾਂ ਦਾ ਬੜਾ ਮਸ਼ਕੂਰ ਹਾਂ। ਇਸ ਲਈ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਪੰਜਾਬ ਦੇ ਵੱਡੇ ਵੱਡੇ ਖਿਡਾਰੀ ਹੋਏ ਹਨ, ਜਿਨ੍ਹਾਂ ਨੇ ਖੇਡਾਂ ਵਿਚ ਨਾਂ ਪੈਦਾ ਕੀਤਾ ਹੈ, ਉਨ੍ਹਾਂ ਨੂੰ ਮਾਣ ਦੇਣਾ ਚਾਹੀਦਾ ਹੈ। ਬਲਬੀਰ ਸਿੰਘ, ਪ੍ਰਿਥੀਪਾਲ ਸਿੰਘ, ਮਿਲਖਾ ਸਿੰਘ ਅਤੇ ਜਰਨੈਲ ਸਿੰਘ ਵਰਗੇ ਖਿਡਾਰੀ ਇਥੇ ਪੈਦਾ ਹੋਏ ਹਨ। ਪਰ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਥੇ ਜਿਹੜੇ ਖਿਡਾਰੀਆਂ ਦੀ ਚੋਣਾਂ ਕੀਤੀ ਜਾਂਦੀ ਹੈ ਉਸ ਵੇਲੇ ਚੰਗੇ ਚੰਗੇ ਖਿਡਾਰੀਆਂ ਨਾਲ ਬਹੁਤ ਧੱਕਾ ਕੀਤਾ ਜਾਂਦਾ ਹੈ। ਮੈਂ ਤਾਂ ਇਥੋਂ ਤਕ ਕਹਾਂਗਾ ਕਿ ਇਹ ਜਿਹੜੀ ਚੋਣ ਕੀਤੀ ਜਾਂਦੀ ਹੈ ਇਹ ਨਾ ਸਿਰਫ ਸਟੇਟ ਦੇ ਲਿਹਾਜ਼ ਨਾਲ ਕੀਤੀ ਜਾਂਦੀ ਹੈ, ਨਾ ਸਿਰਫ ਅਬਾਦੀ ਦੇ ਲਿਹਾਜ਼ ਨਾਲ ਕੀਤੀ ਜਾਂਦੀ ਹੈ ਬਲਕਿ ਕਾਸਟ ਦੇ ਨਜ਼ਰੀਏ ਨਾਲ ਵੀ ਕੀਤੀ ਜਾਂਦੀ ਹੈ। ਇਸ ਤਰਾਂ ਨਾਲ ਉਨਾਂ ਖਿਡਾਰੀਆਂ ਦੇ ਨਾਲ ਬਹੁਤ ਧੱਕਾ ਕੀਤਾ ਜਾਂਦਾ ਹੈ। ਇਸ ਲਈ ਮੈਂ ਇਹ ਸੁਝਾਓ ਦੇਆਂਗਾ ਕਿ ਸਬੰਧਤ ਵਜ਼ੀਰ ਸਾਹਿਬ ਜਦੋਂ ਚੋਣ ਕਮੇਟੀ ਦੀ ਮੀਟਿੰਗ ਹੁੰਦੀ ਹੈ ਤਾਂ ਉਨ੍ਹਾਂ ਨਾਲ ਇਸ ਸਬੰਧ ਵਿਚ ਡਿਸਕਸ ਕਰਨ ਔਰ ਜਿਹੜੇ ਚੰਗੇ ਖਿਡਾਰੀ ਹਨ ਉਨ੍ਹਾਂ ਨੂੰ ਅੱਗੇ ਆਉਣ ਦਾ ਮੌਕਾ ਦੇਣਾ ਚਾਹੀਦਾ ਹੈ ਤਾਂ ਹੀ ਪੰਜਾਬ ਦੀ ਖੇਡਾਂ ਦੇ ਮੈਦਾਨ ਵਿਚ ਤਰੱਕੀ ਹੋ ਸਕਦੀ ਹੈ। ਇਸ ਲਈ ਇਸ ਵਲ ਧਿਆਨ ਦੇਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਖਿਡਾਰੀ ਹਨ ਇਨ੍ਹਾਂ ਨੂੰ ਪੂਰਾ ਮਾਣ ਦੇਣਾ ਚਾਹੀਦਾ ਹੈ। ਜਦੋਂ ਇਹ ਖੇਡਣ ਤੋਂ ਰਿਟਾਇਰ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਪੈਨਸ਼ਨ ਵਗੈਰਾ ਦੇਣੀ ਚਹੀਦੀ ਹੈ; ਜੇ ਪੈਨਸ਼ਨ ਨਹੀਂ ਤਾਂ ਨੌਕਰੀ ਵਗੈਰਾ ਦੇਣੀ ਚਾਹੀਦੀ ਹੈ। ਇਹ ਨਾ ਹੋਵੇ ਕਿ ਉਹ ਰਿਟਾਇਰ ਹੋਣ ਤੇ ਦਰਬਦਰ ਰੁਲਦੇ ਰਹਿਣ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਖਿਡਾਰੀਆਂ ਦੇ ਸਰਟੀ-ਫਿਕੇਟ ਵਗੈਰਾ ਦਿੱਤੇ ਜਾਂਦੇ ਹਨ, ਇਨ੍ਹਾਂ ਵਿਚ ਬੜੀ ਘਪਲੇਬਾਜ਼ੀ ਕੀਤੀ ਜਾਂਦੀ ਹੈ। ਗਲਤ ਸਰਟੀ-ਫਿਕੇਟਸ ਤੇ ਕਈਆਂ ਨੂੰ ਐਡਮਿਸ਼ਨ ਦਿੱਤੀ ਜਾਂਦੀ ਹੈ। ਸਾਨੂੰ ਪਤਾ ਹੈ ਕਿ ਪਿਛੇ ਜਿਹੇ ਕਈ ਵੱਡੇ ਵੱਡੇ ਆਦਮੀਆਂ ਦੇ ਰਿਸ਼ਤੇਦਾਰਾਂ ਨੇ ਇਹ ਸਰਟੀਫਿਕੇਟ ਲੈ ਕੇ ਕਈ ਜਗਾਂ ਐਡਮਿਸ਼ਨ ਲਈ ਸੀ। ਇਨ੍ਹਾਂ ਵਿਚ ਇਕ ਸੈਂਟਰ ਦੇ ਵਜ਼ੀਰ ਦਾ ਰਿਸ਼ਤੇਦਾਰ ਵੀ ਸੀ। ਬਾਅਦ ਵਿਚ ਜਦੋਂ ਪਤਾ ਚਲਿਆ ਤਾਂ ਇਹ ਕੇਸ ਸੁਪਰੀਮ ਕੋਰਟ ਤਕ ਗਿਆ ਸੀ। ਸੁਪਰੀਮ ਕੋਰਟ ਨੇ ਥੋੜਾ ਬਹੁਤ ਇਸ ਦੇ ਹੱਕ ਵਿਚ ਵੀ ਫੈਸਲਾ ਦਿੱਤਾ ਸੀ ਪਰ ਮੈਂ ਸਮਝਦਾ ਹਾਂ ਕਿ ਇਹ ਜਿਹੜੇ ਝੂਠੇ ਸਰਟੀਫਿਕੇਟ ਹਨ, ਇਹ ਨਹੀਂ ਬਣਾਉਣੇ ਚਾਹੀਦੇ। ਚੇਅਰਮੈਨ ਸਾਹਿਬ, ਝੂਠੇ ਸਰਟੀਫੀਕੇਟਾਂ ਦੇ ਨਾਲ ਐਡਮਿਸ਼ਨਾਂ ਦੀ ਪ੍ਰੰਪਰਾ ਚਲ ਪਈ ਹੈ, ਇਹ ਬਹੁਤ ਮਾੜੀ ਹੈ। ਮੈਡੀਕਲ ਕਾਲਜਾਂ ਦੇ ਵਿਚ ਸ਼ਡਿਊਲਡ ਕਾਸਟ ਦੇ ਸਰਟੀਫੀਕੇਟ ਲੈ ਕੇ ਡਾਕਟਰ ਐਮ.ਬੀ.ਬੀ.ਐਸ. ਅਤੇ ਪੀ.ਸੀ.ਐਮ.ਐਸ. ਬਣ ਗਏ ਹਨ। ਇਹੋ ਗੱਲ ਸਾਡੀ ਵਿਧਾਨ ਸਭਾ ਦੀ ਕਮੇਟੀ ਦੇ ਨੋਟਿਸ ਦੇ ਵਿਚ ਆਈ ਸੀ। ਇਸ ਤਰੀਕੇ ਨਾਲ ਐਡਮਿਸ਼ਨਾਂ ਲਈਆਂ ਗਈਆਂ। ਇਹ ਇਕ ਸਪੋਰਟਸਮੈਨ ਦੇ ਨਾਲ ਧੱਕਾ ਹੈ ਕਿ ਉਨ੍ਹਾਂ ਦਾ ਕੋਟਾ ਝੂਠੇ ਸਰਟੀ-ਫੀਕੇਟ ਦੇਣ ਵਾਲੇ ਲੈ ਜਾਂਦੇ ਹਨ। ਜਿਸ ਤਰ੍ਹਾਂ ਇਸ ਹਾਊਸ ਦੇ ਦੋ ਮੈਂਬਰਾਂ ਨੂੰ ਚੇਅਰਮੈਨਸ਼ਿਪ ਦਾ ਲਾਲਚ ਦੇ ਕੇ ਇਧਰੋਂ ਕਾਂਗਰਸ ਦੇ ਵਿਚ ਲੈ ਗਏ ਹਨ। ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਗੁਰਨੈਬ ਸਿੰਘ ਬਰਾੜ : ਚੇਅਰਮੈਨ ਸਾਹਿਬ, ਆਨ ਏ ਪੁਆਇੰਟ ਆਫ ਆਰਡਰ ਹੀਰੋ ਸਾਹਿਬ ਬਾਰੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਅਕਸਪੰਜ ਕਰ ਦਿਤਾ ਜਾਵੇ।

ਸ੍ਰੀ ਸਭਾਪਤੀ : ** ** ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਹਰਚਰਨ ਸਿੰਘ ਹੀਰੋ : ਚੇਅਰਮੈਨ ਸਾਹਿਬ, ਖਾਲਸਾ ਜੀ ਨੇ ਮੇਰੇ ਨਾਲ ਇਧਰ ਆਉਣਾ ਸੀ ਪਰ ਇਹ ਮੈਨੂੰ ਧੋਖਾ ਦੇ ਗਏ ਹਨ। ਹੁਣ ਆ ਜਾਣ।

ਸਰਦਾਰ ਬਸੰਤ ਸਿੰਘ ਖਾਲਸਾ : ਚੇਅਰਮੈਨ ਸਾਹਿਬ, ਇਨ੍ਹਾਂ ਨੇ ਮੇਰੇ ਨਾਲ ਸਲਾਹ ਜ਼ਰੂਰ ਕੀਤੀ ਸੀ ਪਰ ਮੈਂ ਕਿਹਾ ਸੀ ਕਿ ** ** ਇਸ ਲਈ ਛੱਡ ਦੇ ਗੱਲ ਉਧਰ ਜਾਣ ਦੀ।

**Sardar Birdevinder Singh** : Chairman Sahib, we are discussing the Resolution on Sports. Therefore, please advise the Member to speak on the Resolution.

ਸਰਦਾਰ ਜਗਦੇਵ ਸਿੰਘ ਜੱਸੋਵਾਲ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸ੍ਰੀ ਗੁਰਦਿਆਲ ਸੈਣੀ : ** ** **

ਸ੍ਰੀ ਸਭਾਪਤੀ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਬਸੰਤ ਸਿੰਘ ਖਾਲਸਾ : ਚੇਅਰਮੈਨ ਸਾਹਿਬ, ਖੇਡਾਂ ਦੀਆਂ 4 ਏਜੰਸੀਆਂ ਹਨ ਔਰ ਸਾਰੀਆਂ ਅਲੱਗ ਅਲੱਗ ਕੰਮ ਕਰ ਰਹੀਆਂ ਹਨ। ਇਨ੍ਹਾਂ ਦੇ ਵਿੱਚ ਕੋਈ ਕੁਆਰਡੀਨੇਸ਼ਨ ਨਹੀਂ ਹੈ। ਚਾਹੇ ਇਹ ਏਜੰਸੀ ਐਜੂਕੇਸ਼ਨ ਮਹਿਕਮੇ ਦੀ ਹੈ, ਚਾਹੇ ਪੰਚਾਇਤੀ ਰਾਜ ਪ੍ਰੀਸ਼ਦ ਦੀ ਹੈ ਜਾਂ ਸਪੋਰਟਸ ਡਿਪਾਰਟਮੈਂਟ ਦੀ ਹੈ। ਇਨ੍ਹਾਂ ਸਾਰੀਆਂ ਏਜੰਸੀਆਂ ਨੂੰ ਇਕੱਠਾ ਕਰ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਆਪਸ ਵਿੱਚ ਕੁਆਰਡੀਨੇਸ਼ਨ ਹੋਣੀ ਚਾਹੀਦੀ ਹੈ। (ਪ੍ਰੋਫੈਸਰ ਬਲਵੰਤ ਸਿੰਘ ਵਲੋਂ ਵਿਘਨ) ਚੇਅਰਮੈਨ ਸਾਹਿਬ, ਇਥੇ ਹਾਊਸ ਵਿੱਚ ਸਾਰੇ ਮੈਂਬਰਾਂ ਨੇ ਆਪਣੀਆਂ ਆਪਣੀਆਂ ਸੁਜੈਸ਼ਨਾਂ ਦਿੱਤੀਆਂ ਹਨ, ਇਨ੍ਹਾਂ ਸੁਜੈਸ਼ਨਾਂ ਨੂੰ ਇੰਪਲੀਮੈਂਟ ਕਰਨਾ ਚਾਹੀਦਾ ਹੈ। ਸਪੋਰਟਸ ਡਿਪਾਰਟਮੈਂਟ ਵਿੱਚ ਤਰੱਕੀ ਕਰਨ ਦੀ ਲੋੜ ਹੈ। ਜਿਹੜੀ ਬੇਇਨਸਾਫੀ ਖਿਡਾਰੀਆਂ ਦੇ ਨਾਲ ਹੋ ਰਹੀ ਹੈ ਇਸ ਨੂੰ ਦੂਰ ਕਰਨਾ ਚਾਹੀਦਾ ਹੈ। ਪਿਛੇ ਇਸ ਅਸੀਂ ਹਾਊਸ ਵਿੱਚ ਇਕ ਸਵਾਲ ਵੀ ਉਠਾਇਆ ਸੀ ਕਿ ਇਕ ਗਰੀਬ ਅਸਿਸਟੈਂਟ ਡਾਇਰੈਕਟਰ, ਸਪੋਰਟਸ ਮਿਸਟਰ ਸਹਾਓ ਹੈ ਉਸ ਨੂੰ ਪਰਮੋਸ਼ਨ ਹਾਲੇ ਤਕ ਨਹੀਂ ਦਿਤੀ ਗਈ। ਕੀ ਇਹ ਬੇਇਨਸਾਫੀ ਨਹੀਂ ਹੈ? ਦੂਸਰਾ, ਉਥੇ ਮਹਿੰਦਰ ਸਿੰਘ ਇਕ ਗਰੀਬ ਵਿਚਾਰਾ ਹੈ, ਉਸ ਨੂੰ ਜਾਤ ਪਾਤ ਦਾ ਨਾਂ ਲਗਾ ਕੇ 8 ਮਹੀਨੇ ਹੋ ਗਏ ਹਨ ਸਸਪੈਂਡ ਕੀਤਾ ਹੋਇਆ ਹੈ ਔਰ 8 ਮਹੀਨਿਆਂ ਤੋਂ ਉਸ ਦੇ ਬੱਚਿਆਂ ਨੂੰ ਰੋਟੀ ਖਾਣ ਵਾਸਤੇ ਸਸਪੈਨਸ਼ਨ ਅਲਾਊਂਸ ਤੱਕ ਨਹੀਂ ਦਿੱਤਾ ਗਿਆ। ਕੀ ਇਹ ਬੇਇਨਸਾਫੀ ਨਹੀਂ ਹੈ? ਸਰਕਾਰ ਨੂੰ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਖਿਡਾਰੀਆਂ ਦੀ ਖੁਰਾਕ ਦਾ ਅੱਛਾ ਪ੍ਰਬੰਧ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ 4 ਰੁਪਏ ਰੀਫਰੈਸ਼ਮੈਂਟ ਲਈ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮਿਲਦੇ ਹਨ ਪਰ ਉਸ ਦੇ ਵਿਚੋਂ ਵੀ ਮਹਿਕਮੇ ਵਾਲੇ ਖਾ ਜਾਂਦੇ ਹਨ। ਇਸ ਨੂੰ ਰੋਕਣਾ ਚਾਹੀਦਾ ਹੈ। ਇਸ ਦੇ ਨਾਲ ਸਾਡੀਆਂ ਟੀਮਾਂ ਬਾਹਰਲੇ ਮੁਲਕਾਂ ਵਿੱਚ ਜਾਂਦੀਆਂ ਹਨ ਔਰ ਟੀਮਾਂ ਦੇ ਨਾਲ ਜਿਹੜੇ ਦੂਜੇ ਅਫਸਰ ਜਾਂਦੇ ਹਨ ਉਹ ਉਨ੍ਹਾਂ ਤੇ ਪੂਰਾ ਕੰਟਰੋਲ ਨਹੀਂ ਰੱਖਦੇ। ਉਥੇ ਜਾ ਕੇ ਉਹ ਉਨ੍ਹਾਂ ਨੂੰ ਸਿਨਮੇ ਵਿਖਾਉਂਦੇ ਹਨ, ਸ਼ਰਾਬਾਂ ਪਿਲਾਉਂਦੇ ਹਨ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ ਜਿਸ ਕਰਕੇ ਉਹ ਠੀਕ ਤਰੀਕੇ ਨਾਲ ਉਹ ਬਾਹਰਲੇ ਮੁਲਕਾਂ ਵਿੱਚ ਖੇਡਾਂ ਨਹੀਂ ਕਰ ਸਕਦੇ। ਸਾਡੀ ਹਾਰ ਦਾ ਸਭ ਤੋਂ ਵੱਡਾ ਕਾਰਨ ਇਕ ਇਹ ਵੀ ਹੈ। ਇਸ ਲਈ ਅਸੀਂ ਇਸ ਸਪੋਰਟਸ ਵਿੱਚ ਕਾਮਯਾਬ ਨਹੀਂ ਹੋ ਰਹੇ । ਇਨ੍ਹਾਂ ਗੱਲਾਂ ਵੱਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

**ਸਰਦਾਰ ਇਕਬਾਲ ਸਿੰਘ** (ਰਾਜਾਸਾਂਸੀ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਮੈਂ ਸਾਰੇ ਹਾਊਸ ਦੇ ਮੈਂਬਰਾਂ ਨੂੰ ਰਿਕੁਐਸਟ ਕਰਾਂਗਾ ਕਿ ਉਹ ਚੁੱਪ ਦਾ ਦਾਨ ਬਖਸ਼ਣ। ਇਹ ਬੜਾ ਚੰਗਾ ਮਤਾ ਲਿਆਂਦਾ ਗਿਆ ਹੈ। ਹਾਊਸ ਦਾ ਬਹੁਤ ਸਾਰਾ ਵਕਤ ਹਾਸੇ ਖੇਡੇ ਵਿਚ ਲੰਘਾ ਦਿੱਤਾ ਗਿਆ ਹੈ। ਚੇਅਰਮੈਨ ਸਾਹਿਬ, ਹਿੰਦੁਸਤਾਨ ਪਿੰਡਾਂ ਵਿਚ ਵਸਦਾ ਹੈ। ਜਦੋਂ ਅਸੀਂ ਨਿਕੇ ਨਿਕੇ ਹੁੰਦੇ ਸੀ ਤਾਂ ਖਿਦੋ-ਖੂੰਡੀ, ਕਬੱਡੀ ਅਤੇ ਕੁਸ਼ਤੀਆਂ ਖੇਡਦੇ ਹੁੰਦੇ ਸੀ। ਖਿਦੋ-ਖੂੰਡੀ ਦੀ ਜਗ੍ਹਾ ਹਾਕੀ ਨੇ ਲੈ ਲਈ ਹੈ। ਹਾਕੀ ਦੀ ਗੇਮ ਨੇ ਬਾਅਦ ਵਿਚ ਨੈਸ਼ਨਲ ਗੇਮ ਦੀ ਥਾਂ ਲੈ ਲਿਤੀ। 1928 ਤੋਂ 1960 ਤਕ ਸਾਡੀ ਹਾਕੀ ਦੀ ਟੀਮ ਜਿਤਦੀ ਰਹੀ ਅਤੇ ਗੋਲਡ ਕੱਪ ਜਿੱਤ ਕੇ ਲਿਆਂਦੀ ਰਹੀ ਸੀ। ਲੇਕਿਨ ਅੱਜ ਚੇਅਰਮੈਨ ਸਾਹਿਬ, ਹਾਕੀ ਦੀ ਪੁਜ਼ੀਸ਼ਨ ਸਾਡੀ ਛੇਵੇਂ-ਸਤਵੇਂ ਨੰਬਰ ਤੇ ਆ ਗਈ ਹੈ। ਇਥੇ ਹਾਊਸ ਵਿਚ ਬਹੁਤ ਸਾਰੇ ਮਾਨਯੋਗ ਮੈਂਬਰਾਂ ਵਲੋਂ ਸਟੇਡੀਅਮ ਬਣਾਉਣ ਲਈ ਪੈਸੇ ਮੰਗੇ ਗਏ ਹਨ ਪਰ ਮੈਂ ਕਹਿੰਦਾ ਹਾਂ ਕਿ ਜਿਹੜੇ ਅਗੇ ਸਟੇਡੀਅਮ ਬਣੇ ਹੋਏ ਹਨ, ਉਨ੍ਹਾਂ ਦੀ ਕੀ ਹਾਲਤ ਹੈ, ਉਹ ਜ਼ਰਾ ਵੇਖ ਲਓ। ਉਥੇ ਸਟੇਡੀਅਮ ਵਿੱਚ ਕੋਈ ਖੇਡ ਨਹੀਂ ਰਿਹਾ ਹੈ ਅਤੇ ਲੋਕ ਉਥੋਂ ਇੱਟਾਂ ਚੁੱਕ ਕੇ ਲਿਜਾ ਰਹੇ ਹਨ। ਚੇਅਰਮੈਨ ਸਾਹਿਬ, 1928 ਤੋਂ 1947 ਤਕ ਇੱਕ ਸਟੇਡੀਅਮ ਲਾਹੌਰ ਵਿੱਚ ਹੁੰਦਾ ਸੀ । 1928 ਵਿਚ ਅਸੀਂ 24 ਗੋਲਾਂ ਤੇ ਹਾਕੀ ਜਿੱਤੀ ਸੀ। ਹੁਣ ਮਾੜੀ ਹਾਲਤ ਕਿਉਂ ਹੋ ਗਈ ਹੈ, ਇਸ ਦੇ ਕਾਰਨ ਲੱਭਣ ਦੀ ਜ਼ਰੂਰਤ ਹੈ। ਖਾਲਸਾ ਕਾਲਜ ਵਿਚ ਟੂਰਨਾਮੈਂਟ ਹੋਇਆ ਔਰ ਇਸ ਵਿੱਚ ਹਿੰਦੁਸਤਾਨ ਦੇ ਸਾਰੇ ਹਾਈ ਸਕੂਲਾਂ ਦੀਆਂ ਟੀਮਾਂ ਨੇ ਹਿਸਾ ਲਿਆ । ਉਸ ਵੇਲੇ ਸਰਦਾਰ ਧਰਮ ਸਿੰਘ ਆਲ ਇੰਡੀਆ ਟੀਮ ਵਿਚ ਸਿਲੈਕਟ ਕੀਤੇ ਗਏ ਸੀ ਸਰਦਾਰ ਹਰਭਜਨ ਸਿੰਘ ਖਾਲਸਾ ਸਕੂਲ ਗੁਜਰਾਂਵਾਲਾ ਦੇ ਸਟੂਡੈਂਟਸ ਸੀ, ਉਹ ਵੀ ਆਲ ਇੰਡੀਆ ਹਾਕੀ ਟੀਮ ਵਿਚ ਸਿਲੈਕਟ ਕੀਤੇ ਗਏ ਸੀ। ਉਸ ਵੇਲੇ ਹਾਕੀ ਦਾ ਸਟੈਂਡਰਡ ਬਾਕੀ ਦੁਨੀਆਂ ਨਾਲੋਂ ਬਹੁਤ ਉੱਚਾ ਸੀ। ਅੱਜ ਕੀ ਹਾਲਤ ਹੋ ਗਈ ਹੈ, ਇਸ ਬਾਰੇ ਮੇਰੇ ਤੋਂ ਪਹਿਲਾਂ ਬੋਲਣ ਵਾਲੇ ਵੀਰਾਂ ਨੇ ਵੀ ਦਸਿਆ ਹੈ। ਚੇਅਰਮੈਨ ਸਾਹਿਬ, ਸਿਲੈਕਸ਼ਨ ਵੇਲੇ ਮੈਰਿਟਸ ਨੂੰ ਮੁੱਖ ਨਹੀਂ ਰਖਿਆ ਜਾਂਦਾ ਬਲਕਿ ਹੋਰ ਗੱਲਾਂ ਦਾ ਖਿਆਲ ਰਖਿਆ ਜਾਂਦਾ ਹੈ। ਚੇਅਰ-ਮੈਨ ਸਾਹਿਬ, ਪਲੇਅਰਜ਼ ਨੂੰ ਉਤਸ਼ਾਹ ਦੇਣਾ ਚਾਹੀਦਾ ਹੈ। ਉਨ੍ਹਾਂ ਨੂੰ ਮਾਨਤਾ ਦੇਣੀ ਚਾਹੀਦੀ ਹੈ ਜੇਕਰ ਇਹ ਚੀਜ਼ ਹੋ ਜਾਵੇ ਤਾਂ ਆਟੋਮੈਟੀਕਲੀ ਪਲੇਅਰਜ਼ ਪੈਦਾ ਹੋ ਜਾਣਗੇ। ਪੈਸਾ ਨਾ ਹੀ ਸਰਕਾਰ ਦੇ ਸਕਦੀ ਹੈ ਅਤੇ ਨਾ ਹੀ ਪਹਿਲਾਂ ਪਲੇਅਰਜ਼ ਨੂੰ ਮਿਲਦਾ ਹੁੰਦਾ ਸੀ। ਚੇਅਰਮੈਨ ਸਾਹਿਬ, ਖਾਲਸਾ ਸਕੂਲ ਦੀ ਜਿਹੜੀ ਟੀਮ ਸੀ, ਉਸ ਨੂੰ ਹਰਵੇਲ ਸਿੰਘ ਨੇ ਰੀਆਰਗੇਨਾਈਜ਼ ਕੀਤਾ ਸੀ। ਉਸ ਟੀਮ ਨੇ 1939 ਵਿਚ ਚੈਂਪੀਅਨਸ਼ਿਪ ਜਿੱਤੀ ਸੀ। ਸਰਦਾਰ ਹਰਵੇਲ ਸਿੰਘ ਜਿਨ੍ਹਾਂ ਨੇ ਟੀਮ ਨੂੰ ਚਲਾਇਆ ਸੀ। ਉਸ ਟੀਮ ਵਿੱਚ ਸਰਦਾਰ ਬਲਬੀਰ ਸਿੰਘ ਵੀ ਸਨ ਜੋ ਕਿ ਸਪੋਰਟਸ ਦੇ ਅੱਜ ਕੱਲ੍ਹ

Original with;
Punjab Vidhan Sabha
Digitized by;
Panjab Digital Library

[ਸਰਦਾਰ ਇਕਬਾਲ ਸਿੰਘ]

ਡਾਇਰੈਕਟਰ ਹਨ। ਇਹ ਆਲ ਇੰਡੀਆ ਟੀਮ ਦੇ ਦੋ ਵਾਰ ਕਪਤਾਨ ਰਹੇ, ਵਰਲਡ ਗੋਲਡ ਮੈਡਲ ਵੀ ਜਿੱਤ ਕਿ ਲਿਆਂਦਾ ਸੀ। ਹੁਣ ਬੜੇ ਦੁੱਖ ਦੀ ਗੱਲ ਹੈ ਕਿ ਅਸੀਂ ਹਾਕੀ ਵਿੱਚ ਪਿਛੇ ਨੂੰ ਜਾ ਰਹੇ ਹਾਂ। ਇਸ ਲਈ ਸਾਨੂੰ ਸੋਚਣਾ ਚਾਹੀਦਾ ਹੈ ਔਰ ਇਥੇ ਹਾਊਸ ਵਿਚ ਮਖੌਲ ਨਹੀਂ ਕਰਨਾ ਚਾਹੀਦਾ। ਚੇਅਰਮੈਨ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜੋ ਨਵੰਬਰ ਵਿਚ ਏਸ਼ੀਅਨ ਗੇਮਜ਼ ਹੋ ਰਹੀਆਂ ਹਨ।

**ਸ੍ਰੀ ਸਭਾਪਤੀ** : ਵਾਈਂਡ ਅਪ ਕਰੋ ਜੀ।

**ਸਰਦਾਰ ਇਕਬਾਲ ਸਿੰਘ** : ਚੇਅਰਮੈਨ ਸਾਹਿਬ, ਇਤਨੀ ਜਲਦੀ ਤੁਸੀਂ ਵਾਈਂਡ ਅਪ ਕਰਨ ਲਈ ਨਾ ਕਹੋ। ਹੁਣ ਮੈਂ ਬੋਲਣ ਲਗਾ ਹਾਂ ਤਾਂ ਕੁਝ ਵਕਤ ਲੈ ਕੇ ਹੀ ਹਟਾਂਗਾ। ਚੇਅਰਮੈਨ ਸਾਹਿਬ, 1976 ਵਿਚ ਜਦੋਂ ਪੰਜਾਬ ਸਰਕਾਰ ਨੇ ਹਾਕੀ ਟੀਮ ਭੇਜੀ ਸੀ ਤਾਂ ਸਰਦਾਰ ਬਲਬੀਰ ਸਿੰਘ ਦੀ ਅਗ-ਵਾਈ ਹੇਠ ਉਹ ਟੀਮ ਭੇਜੀ ਸੀ।

**ਸਰਦਾਰ ਪ੍ਰੇਮ ਸਿੰਘ ਲਾਲਪੁਰਾ**: ਚੇਅਰਮੈਨ ਸਾਹਿਬ, ਤੁਸੀਂ ਹਾਊਸ ਦਾ ਪੰਜ ਮਿੰਟ ਲਈ ਟਾਈਮ ਐਕਸਟੈਂਡ ਕਰ ਦਿਓ।

**ਸਰਦਾਰ ਇਕਬਾਲ ਸਿੰਘ** : ਚੇਅਰਮੈਨ ਸਾਹਿਬ, ਤੁਸੀਂ ਪਹਿਲੀ ਵਾਰ ਚੇਅਰਮੈਨ ਬਣੇ ਹੋ। ਇਸ ਲਈ ਮੈਨੂੰ ਬੋਲਣ ਲਈ ਵਕਤ ਦਿਓ। ਚੇਅਰਮੈਨ ਸਾਹਿਬ, ਸਰਦਾਰ ਬੂਟਾ ਸਿੰਘ ਉਥੇ ਬੈਠੇ ਹਨ ਜੋ ਕਿ ਕਮੇਟੀ ਦੇ ਇਨਚਾਰਜ ਹਨ। ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਹਾਕੀ ਦੀ ਟੀਮ ਦਾ ਪਟਿਆਲੇ ਵਿਖੇ ਅਰੇਂਜਮੈਂਟ ਸਰਦਾਰ ਬਲਬੀਰ ਸਿੰਘ ਦੀ ਅਗਵਾਈ ਹੇਠ ਕਰਵਾਇਆ ਜਾਵੇ ਤਾਂ ਕਿ ਜਿਹੜੀਆਂ ਨਵੰਬਰ ਵਿਚ ਏਸ਼ੀਅਨ ਗੇਮਜ਼ ਦਿੱਲੀ ਵਿਖੇ ਹੋਣੀਆਂ ਹਨ, ਉਨ੍ਹਾਂ ਵਿੱਚ ਅਸੀਂ ਗੋਲਡ ਮੈਡਲ ਜਿੱਤ ਸਕੀਏ। ਇਸ ਬਾਰੇ ਸਰਦਾਰ ਹਰਚਰਨ ਸਿਘ ਹੀਰੋ ਅਤੇ ਹੋਰ ਮੈਂਬਰਾਂ ਨੇ ਵੀ ਕਿਹਾ ਹੈ। ਚੇਅਰਮੈਨ ਸਾਹਿਬ, ਇੱਕ ਸ਼ਿਵਦਿਆਲ ਮੁੰਡਾ ਹੈ ਜੋ ਕਿ ਬੀ.ਏ. ਪਾਸ ਹੈ। ਉਸ ਨੇ ਰੈਸਲਿੰਗ ਚੈਂਪੀਅਨਸ਼ਿਪ ਜਿੱਤੀ ਸੀ। ਉਸ ਦਾ ਕੱਦ ਪੰਜ ਫੁੱਟ ਅਤੇ ਪੌਣੇ ਸੱਤ ਇੰਚ ਹੈ। (ਵਿਘਨ) ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ।

**ਡਾਕਟਰ ਭਗਤ ਸਿੰਘ** : ਤੁਸੀਂ, ਚੇਅਰਮੈਨ ਸਾਹਿਬ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਨੂੰ ਬੋਲਣ ਦਾ ਸਮਾਂ ਦੇਣਾ ਹੈ। ਇਸ ਲਈ ਹਾਊਸ ਦਾ ਸਮਾਂ ਹੋਰ ਐਕਸਟੈਂਡ ਕਰ ਲਵੋ।

**ਸ੍ਰੀ ਸਭਾਪਤੀ** : ਤੁਸੀਂ ਬੈਠ ਜਾਓ ਔਰ ਮੈਂ ਤੁਹਾਨੂੰ ਬੋਲਣ ਲਈ ਸਮਾਂ ਦਿਆਂਗਾ। ਜੇਕਰ ਤੁਸੀਂ ਕੋਈ ਹੋਰ ਗੱਲ ਕਰਨੀ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਵੋ।

**ਸਰਦਾਰ ਪ੍ਰੇਮ ਸਿੰਘ ਲਾਲਪੁਰਾ** (ਤਰਨਤਾਰਨ) : ਚੇਅਰਮੈਨ ਸਾਹਿਬ, ਇੱਕ ਮਿੰਟ ਰਹਿ ਗਿਆ ਹੈ। ਟਰੇਜ਼ਰੀ ਬੈਂਚਿਜ਼ ਵਾਲੇ ਔਬਸਟਰੈਕਟ ਕਰਦੇ ਹਨ। ਤੁਹਾਨੂੰ ਸਪੀਕਰਸ਼ਿਪ ਦੀ ਕੁਰਸੀ ਮਿਲੀ ਹੈ, ਤੁਸੀਂ ਹਾਊਸ ਨੂੰ ਪੂਰਾ ਕੰਟਰੋਲ ਕਰੋ। ਤੁਸੀਂ ਹਾਊਸ ਦਾ ਸਮਾਂ ਪੰਜ ਮਿੰਟ ਲਈ ਹੋਰ ਵਧਾ ਦਿਓ।

**ਸ੍ਰੀ ਸਭਾਪਤੀ** : ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜੀ, ਤੁਸੀਂ ਬੋਲਣਾ ਸ਼ੁਰੂ ਕਰੋ।

**ਸਰਦਾਰ ਪ੍ਰੇਮ ਸਿੰਘ** ਲਾਲਪੁਰਾ : ਚੇਅਰਮੈਨ ਸਾਹਿਬ, ਇਹ ਹਾਊਸ ਵਿਚ ਜਿਹੜਾ ਮਤਾ ਲਿਆਂਦਾ ਗਿਆ ਹੈ, ਉਹ ਮਤਾ ਟਰੇਜ਼ਰੀ ਬੈਂਚਿਜ਼ ਵਲੋਂ ਲਿਆਂਦਾ ਗਿਆ ਹੈ। ਇਹ ਬੜਾ ਅਹਿਮ

Original with;
Punjab Vidhan Sabha
Digitized by;
Panjab Digital Library

ਮਤਾ ਹੈ। ਚੇਅਰਮੈਨ ਸਾਹਿਬ, ਇਸੇ ਤਰ੍ਹਾਂ ਇੱਕ ਅਹਿਮ ਮਤਾ ਇੱਕ ਸਾਲ ਪਹਿਲਾਂ ਇਸ ਹਾਊਸ ਵਿਚ ਸਰਬਸੰਮਤੀ ਦੇ ਨਾਲ ਪਾਸ ਹੋਇਆ ਸੀ ਕਿ ਪੰਜਾਬ ਦੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇਗਾ। ਮੈਂ ਬੇਨਤੀ ਕਰਾਂਗਾ ਕਿ ਅੱਜ ਤੱਕ ਉਸ ਰੈਜ਼ੋਲਿਊਸ਼ਨ ਤੇ ਕੋਈ ਅਮਲ ਨਹੀਂ ਹੋਇਆ। ਜਿਥੋਂ ਤਕ ਇਸ ਰੈਜ਼ੋਲਿਊਸ਼ਨ ਦਾ ਸਬੰਧ ਹੈ, ਇਹ ਰੈਜ਼ੋਲਿਊਸ਼ਨ ਵੀ ਸਰਬਸੰਮਤੀ ਦੇ ਨਾਲ ਪਾਸ ਹੋਣਾ ਚਾਹੀਦਾ ਹੈ। ਹਾਊਸ ਦੀ ਪ੍ਰੰਪਰਾ ਨੂੰ ਮੁੱਖ ਰਖਣਾ ਚਾਹੀਦਾ ਹੈ।

**ਪੰਡਿਤ ਸਰਵਣ ਰਾਮ**: ਆਨ ਏ ਪੁਆਇੰਟ ਆਫ ਆਰਡਰ, ਸਰ। ਚੇਅਰਮੈਨ ਸਾਹਿਬ, ਸਰਦਾਰ ਪ੍ਰੇਮ ਸਿੰਘ ਲਾਲਪੁਰਾ ਜੀ ਨੇ ਕਿਹਾ ਹੈ ਕਿ ਜਿਹੜਾ ਮਤਾ ਟਰਾਂਸਪੋਰਟ ਬਾਰੇ ਸੀ, ਉਹ ਮਤਾ ਸਰਬਸੰਮਤੀ ਦੇ ਨਾਲ ਪਾਸ ਹੋਇਆ ਸੀ, ਪਰ ਇਹ ਉਸ ਵੇਲੇ ਥੱਲੇ ਬੈਠੇ ਸੀ।

**ਸਰਦਾਰ ਪ੍ਰੇਮ ਸਿੰਘ ਲਾਲਪੁਰਾ** : ਚੇਅਰਮੈਨ ਸਾਹਿਬ, ਇਹ ਮਤਾ ਸਰਬਸੰਮਤੀ ਦੇ ਨਾਲ ਇਥੇ ਹਾਊਸ ਵਿਚ ਪਾਸ ਹੋਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਜਦੋਂ ਪਹਿਲਾਂ ਸਾਡੀ ਹਾਕੀ ਦੀ ਟੀਮ ਜਿੱਤੀ ਸੀ ਤਾਂ ਉਸ ਵੇਲੇ 11 ਖਿਡਾਰੀਆਂ ਵਿਚੋਂ 8 ਖਿਡਾਰੀ ਸਾਡੇ ਸਨ। ਅੱਜ ਪੰਜਾਬ ਦੀ ਹਾਕੀ ਵਿੱਚ ਕੀ ਹਾਲਤ ਹੋ ਰਹੀ ਹੈ? ਅੱਜ ਸਵਾਮੀ ਜੀ ਨੂੰ ਲਗਾ ਦਿੱਤਾ ਗਿਆ ਹੈ। ਕੋਈ ਪਲੇਅਰ ਕੇਰਲਾ ਦਾ ਹੈ, ਕੋਈ ਪਲੇਅਰ ਬੰਗਾਲ ਦਾ ਹੈ ਅਤੇ ਕੋਈ ਪਲੇਅਰ ਤਾਮਿਲਨਾਡੂ ਦਾ ਹੈ।

---

**Mr. Chairman:** The House stands adjurned till 9·00 A.M. on Friday the 5th March, 1982.

*

*1·30P.M. (The Sabha then adjourned till 9·00 A.M. on Friday, the 5th, March, 1982).

5461 PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and printed by the Controller, Government Press, U.T., Chandigarh,

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*5th March, 1982*

Vol. IV—No. 8

**OFFICIAL REPORT**

CONTENTS

*Friday, the 5th March,* 1982

| | | Pages |
|---|---|---|
| Starred Questions and Answers | .. | (8)1 |
| Written Answers to Starred Questions laid on the Table of the House under Rule 38 | .. | (8)19 |
| Walk out | .. | (8)23 |
| Call Attention Notice under Rule 66 | .. | (8)25 |
| Paper laid on the Table | .. | (8)27 |
| Supplementary Estimates (2nd Instalment) for the year 1981-82 | .. | (8)27 |
| Discussion on the Estimates of the Expenditure charged on the Revenue of the State. | .. | (8)27 |
| Discussion and Voting of Demands for Supplementary Grants | .. | (8)27 |
| Statement by the Chief Minister reg. Unemployment Allowance | .. | (8)55 |

PUNJAB VIDHAN SABHA SECRETARIAT, CHANDIGARH

**Price : Rs.** 36.00

*Original with;*
Punjab Vidhan Sabha
*Digitized by;*
Panjab Digital Library

Discussion and Voting of Demands for Supplementary Grants (Resumption) .. (8)55

LEGISLATIVE BUSINESS—

The Punjab Appropriation Bill, 1982 .. (8)66

Extension of time of the Sitting .. (8)70

The Punjab Appropriation Bill, 1982 (*Resumption of Consideration*) .. (8)71

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Friday, the 5th March, 1982**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

---

## STARRED QUESTIONS AND ANSWERS

**Completion of remaining work in Model Grams**

*1227. (1) **Comrade Sarwan Singh Cheema**
(2) **Comrade Kulwant Singh** } : Will the Minister for Development be pleased to state—

(a) whether there is any proposal under the consideration of the Government to complete the remaining work in the villages which were to be developed as Model Gram ;

(b) if the reply to part (a) above be in the affirmative, the time by which the remaining work is likely to be completed ?

**ਸਰਦਾਰ ਸੰਤੋਖ ਸਿਘ ਰੰਧਾਵਾ** : (ੳ) ਹਾਂ ਜੀ।

(ਅ) ਛੇਵੀਂ ਪੰਜ ਸਾਲਾ ਯੋਜਨਾ ਦੇ ਅੰਤ ਤੱਕ, ਲੋੜੀਂਦੀ ਰਕਮ ਅਤੇ ਉਸਾਰੀ ਸਮਗਰੀ ਦੀ ਉਪਲੱਭਧੀ ਤੇ ।

**ਕਾਮਰੇਡ ਕੁਲਵੰਤ ਸਿੰਘ** : ਇਨ੍ਹਾਂ ਨੇ ਮੰਨਿਆ ਹੈ ਕਿ ਜਿਹੜੇ ਮੌਡਲ ਵਿਲੇਜਿਜ਼ ਬਣੇ ਸਨ *ਉਨ੍ਹਾਂ ਦਾ ਰਹਿੰਦਾ ਕੰਮ ਜਿਹੜਾ ਹੈ, ਉਸ ਨੂੰ ਅਸੀਂ ਪੂਰਾ ਕਰਨਾ ਹੈ। ਮੈਂ ਹੁਣ ਸਿਰਫ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਿਹੜੇ ਪਿੰਡ ਹਨ ਉਥੇ ਹਰੀਜਨਾਂ ਦੇ ਘਰਾਂ ਵਿਚੋਂ ਪਾਣੀ ਨਿਕਲ ਕੇ ਬਾਹਰ ਨਹੀਂ ਗਿਆ ਹੈ। ਇਸ ਕੰਮ ਨੂੰ ਠੀਕ ਕਰਨ ਲਈ ਸਿਰਫ 30 ਹਜ਼ਾਰ ਰੁਪਿਆ ਲਗਣਾ ਹੈ ਔਰ ਇਹ ਪਹਿਲਾਂ ਕਰ ਦੇਣਾ ਚਾਹੀਦਾ ਹੈ। ਪਰ ਇਨ੍ਹਾਂ ਨੇ ਕਿਹਾ ਹੈ ਕਿ 6ਵੀਂ ਪੰਜ ਸਾਲਾ ਯੋਜਨਾ ਦੇ ਅੰਤ ਵਿਚ ਜੇਕਰ ਫੰਡਜ਼ ਮਿਲੇ ਤਾਂ ਇਹ ਕੰਮ ਕਰ ਦਿੱਤਾ ਜਾਏਗਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਬਣ ਗਏ ਹਨ ਉਨ੍ਹਾਂ ਦੇ ਛੋਟੇ ਮੋਟੇ ਕੰਮਾਂ ਵਾਸਤੇ ਕੀ ਇਹ ਫੰਡਜ਼ ਰਖਕੇ ਉਹ ਕੰਮ ਜਲਦੀ ਕਰਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਸੀ ਕਿ ਕੀ ਤੁਸੀਂ ਮੌਡਲ ਵਿਲੇਜਿਜ਼ ਦੇ ਰਹਿੰਦੇ ਕੰਮ ਨੂੰ ਮੁਕੰਮਲ ਕਰ ਦਿਉਗੇ। ਇਸ ਸਬੰਧ ਵਿਚ ਮੈਂ ਕਿਹਾ ਹੈ ਕਿ ਜਿਹੜਾ ਰਹਿੰਦਾ ਕੰਮ ਹੈ ਉਹ ਪੈਸੇ ਅਤੇ ਉਸਾਰੀ ਮੈਟੀਰੀਅਲ ਦੀ ਉਪਲਬਧਤਾ ਤੇ ਕਰਨ ਦਾ ਯਤਨ ਕਰਨਗੇ। ਮੇਰੀ ਬੇਨਤੀ ਹੈ ਕਿ ਮੌਡਲ ਵਿਲੇਜਿਜ਼ ਸਕੀਮ ਅਧੀਨ 973 ਪਿੰਡ ਲਏ ਸੀ। ਉਸ ਤੋਂ ਬਾਅਦ ਮਾਰਕਿਟਿੰਗ ਬੋਰਡ ਨੇ 17 ਪਿੰਡ ਲਏ ਸੀ। ਉਸ ਤੋਂ ਬਾਅਦ ਜੈਂਤੀ ਵਿਲੇਜਿਜ਼ ਸਕੀਮ ਅਧੀਨ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

116 ਪਿੰਡ ਨਏ ਲਏ। 1451 ਪਿੰਡ ਲਏ ਗਏ ਸੀ ਰੂਰਲ ਪਲੈਨਿੰਗ ਪ੍ਰੋਗਰਾਮ ਅਧੀਨ। 1952 ਤੋਂ ਲੈ ਕੇ 1979-80 ਤਕ 2735 ਪਿੰਡ ਲਏ ਗਏ ਸੀ। ਇਸ ਤੋਂ ਬਾਅਦ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਆਈ। ਅੱਗੇ ਜਿਹੜਾ ਇਸ ਕੰਮ ਲਈ ਸਾਡੇ ਕੋਲ 62.50 ਲੱਖ ਰੁਪਿਆ ਸੀ ਉਸ ਨੂੰ ਸਾਲ 1980-81 ਵਿਚ ਵਧਾ ਕੇ ਤਕਰੀਬਨ ਅਸੀਂ 694 ਲੱਖ ਰੁਪਿਆ ਕਰ ਦਿੱਤਾ ਅਤੇ ਫਿਰ 1981-82 ਵਿਚ ਇਹ ਰੁਪਿਆ ਵਧਕੇ 8.94 ਕਰੋੜ ਕਰ ਦਿੱਤਾ ; ਮੈਂ ਇਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਜਿਹੜੇ ਮੌਡਲ ਵਿਲੇਜਿਜ਼ ਹਨ ਉਹ ਵੀ ਅਸੀਂ ਠੀਕ ਕਰ ਰਹੇ ਹਾਂ। ਜਿਹੜੇ 140 ਮਾਡਲ ਗ੍ਰਾਮ ਬਾਕੀ ਰਹਿ ਗਏ ਉਨ੍ਹਾਂ ਵਿਚੋਂ 41 ਪਿੰਡਾਂ ਵਿਚ 80% ਤੋਂ ਵਧ ਅਤੇ 99 ਪਿੰਡਾਂ ਵਿਚ 80% ਤੋਂ ਘਟ ਕੰਮ ਦੀ ਪ੍ਰਗਤੀ ਹੈ। ਐਤਕੀਂ ਵੀ 10 ਮਾਡਲ ਗ੍ਰਾਮਾਂ ਨੂੰ ਪ੍ਰਤੀ ਮਾਡਲ ਗ੍ਰਾਮ 50,000 ਰੁਪਏ ਦਿਤੇ ਗਏ ਹਨ।

**ਸ੍ਰੀ ਸਪੀਕਰ** : ਮੈਂਬਰ ਸਾਹਿਬ ਦਾ ਸਵਾਲ ਸੀ ਕਿ ਜਿਹੜੇ ਪਿੰਡ ਕੰਪਲੀਟ ਕਰ ਦਿੱਤੇ ਗਏ ਹਨ, ਕੀ ਉਨ੍ਹਾਂ ਦੀ ਰਿਪੇਅਰ ਵਾਸਤੇ ਕੋਈ ਰੁਪਿਆ ਰਖਿਆ ਗਿਆ ਹੈ ? ਇਸ ਬਾਰੇ ਦਸਿਆ ਜਾਏ।

**ਮੰਤਰੀ** : ਮੈਂ ਤਾਂ ਪਹਿਲਾਂ ਕਿਹਾ ਹੈ ਕਿ ਜਿਹੜੇ ਪਿੰਡ ਸ਼ੁਰੂ ਕੀਤੇ ਹੋਏ ਹਨ (ਵਿਘਨ)

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਪੁਜ਼ੀਸ਼ਨ ਇਹ ਹੈ ਕਿ ਜਿਵੇਂ ਮਨਿਸਟਰ ਸਾਹਿਬ ਨੇ ਫਰਮਾਇਆ, ਜਿਹੜੇ ਮੌਡਲ ਗਰਾਮ ਬਣਨੇ ਆਰੰਭ ਕੀਤੇ ਗਏ ਸਨ ਉਸ ਲਈ ਪੇਂਡੂ ਲੋਕਾਂ ਨੇ, ਪੰਚਾਇਤਾਂ ਨੇ, ਦਸ-ਦਸ ਹਜ਼ਾਰ ਰੁਪਿਆ ਦਿੱਤਾ ਸੀ। ਉਸ ਵੇਲੇ ਕੰਮ ਸ਼ੁਰੂ ਹੋਇਆ ਪਰ ਕੁਝ ਪਿੰਡ ਅਜਿਹੇ ਰਹਿ ਗਏ ਹਨ ਜਿਥੇ ਕੰਪਲੀਟ ਹੋਣ ਵਿਚ ਥੋੜ੍ਹਾ ਰੁਪਿਆ 15,000 ਰੁਪਿਆ ਹੀ ਚਾਹੀਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੇ ਐਨਾ ਕੰਮ ਕੀਤਾ ਗਿਆ ਹੈ ਕੀ ਜਿਥੇ ਥੋੜ੍ਹਾ ਥੋੜ੍ਹਾ ਕੰਮ ਰਹਿੰਦਾ ਹੈ ਉਸ ਨੂੰ ਕੰਪਲੀਟ ਜਲਦੀ ਤੋਂ ਜਲਦੀ ਕੀਤਾ ਜਾਵੇਗਾ ਤਾਂਕਿ ਜਿਹੜਾ ਰੁਪਿਆ ਉਥੇ ਲਗਿਆ ਹੋਇਆ ਹੈ ਉਹ ਵੀ ਜ਼ਾਇਆ ਨਾ ਜਾਏ ? ਕੀ ਰਹਿੰਦਾ ਕੰਮ ਇਨ੍ਹਾਂ ਪਿੰਡਾਂ ਵਿਚ ਜਲਦੀ ਕੰਪਲੀਟ ਕਰ ਦਿੱਤਾ ਜਾਏਗਾ ?

**ਮੰਤਰੀ** : ਮੈਂ ਪਹਿਲਾਂ ਕਿਹਾ ਹੈ ਕਿ ਜਿਹੜੇ ਮੌਡਲ ਵਿਲੇਜਿਜ਼ 973 ਚੁਣੇ ਗਏ ਸਨ, ਇਨ੍ਹਾਂ ਵਿਚੋਂ 833 ਪਿੰਡ ਇਸ ਸਕੀਮ ਅਧੀਨ ਕਵਰ ਕੀਤੇ ਗਏ। ਇਨ੍ਹਾਂ ਤੋਂ ਬਲੇ 41 ਪਿੰਡਾਂ ਵਿਚ 80% ਤੋਂ ਵੱਧ ਅਤੇ 99 ਪਿੰਡਾਂ ਵਿਚ 80% ਤੋਂ ਘੱਟ ਕੰਮ ਦੀ ਪ੍ਰਗਤੀ ਹੈ। ਇਨ੍ਹਾਂ ਨੂੰ ਕੰਪਲੀਟ ਕਰਨ ਲਈ ਅਸੀਂ ਬਿਲਕੁੱਲ ਤੱਤਪਰ ਹਾਂ ਔਰ ਇਨ੍ਹਾਂ ਨੂੰ ਮੁਕੰਮਲ ਕਰਾਂਗੇ ਜੇਕਰ ਪੈਸਾ ਅਤੇ ਉਸਾਰੀ ਸਾਮੱਗਰੀ ਉਪਲਬੱਧ ਹੋਵੇਗੀ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਜੇਕਰ ਫੰਡਜ਼ ਹੋਏ ਤਾਂ ਛੇਵੀਂ ਪੰਜ ਸਾਲਾ ਯੋਜਨਾ ਵਿਚ ਇਹ ਕੰਮ ਕਰਾਂਗੇ। ਇਸ ਵੇਰੀ ਸਰਕਾਰ ਨੇ ਬਹੁਤ ਪਿੰਡ ਲਏ ਹਨ ਔਰ ਇਨ੍ਹਾਂ ਵਿਚ ਥੋੜ੍ਹਾ ਥੋੜ੍ਹਾ ਕੰਮ ਕੀਤਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਥੇ 80% ਕੰਮ ਹੋਇਆ ਹੈ ਕੀ ਇਹ ਆਉਣ ਵਾਲੇ ਸਾਲ ਵਿਚ ਫੰਡਜ਼ ਦੇ ਕੇ ਉਥੇ ਦੇ ਰਹਿੰਦੇ ਕੰਮ ਨੂੰ ਕੰਪਲੀਟ ਕਰਨਗੇ ?

**ਮੰਤਰੀ** : ਪਹਿਲਾਂ ਮੈਟੀਰੀਅਲ ਦੀ ਸ਼ਾਰਟੇਜ ਸੀ ਔਰ ਪੈਸਾ ਵੀ ਘੱਟ ਸੀ। ਪਰ 1980 ਵਿਚ 5,000 ਟਨ ਤੋਂ 20,000 ਟਨ ਸੀਮਿੰਟ ਦੀ ਐਲੋਕੇਸ਼ਨ ਕਰਾਈ ਗਈ। ਡਿਪਟੀ

Original with;
Punjab Vidhan Sabha
Digitized by;
Panjab Digital Library

ਕਮਿਸ਼ਨਰਾਂ ਕੋਲ ਵਿਭਾਗੀ ਅਫਸਰਾਂ ਨੂੰ ਭੇਜ ਕੇ ਇੱਟਾਂ ਦੀ ਰਿਜ਼ਰਵ ਪਰਾਈਸ ਫਿਕਸ ਕਰਵਾਈ ਅਤੇ ਲੈਣ ਦਾ ਪ੍ਰਬੰਧ ਕੀਤਾ। ਉਸ ਤੋਂ ਬਾਅਦ ਅੱਗੇ ਜਿਥੇ ਇਸ ਕੰਮ ਵਾਸਤੇ 62.50 ਲੱਖ ਰੁਪਿਆ ਰਖਿਆ ਜਾਂਦਾ ਸੀ ਉਸ ਦੀ ਬਜਾਏ ਅਸੀਂ 6.94 ਕਰੋੜ ਰੁਪਿਆ ਰਖਿਆ ਔਰ ਫਿਰ 8.94 ਕਰੋੜ ਰੁਪਿਆ ਰਖਿਆ। ਵਿੱਤੀ ਅਤੇ ਉਸਾਰੀ ਸਮੱਗਰੀ ਦੀ ਉਪਲਭਧਤਾ ਤੇ ਇਹ ਕੰਮ ਮੁਕੰਮਲ ਕਰਾਂਗੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪਲੀਮੈਂਟਰੀ, ਸਰ। (ਵ੍ਹਿਘਨ)

**ਸ਼੍ਰੀ ਸਪੀਕਰ** : ਖਾਲਸਾ ਜੀ ਅੱਗੇ ਹੀ ਕਾਫੀ ਇਸ ਸਵਾਲ ਤੇ ਸਮਾਂ ਲਗ ਗਿਆ ਹੈ। ਮੈਂਬਰ ਸਾਹਿਬਾਨ ਮੈਨੂੰ ਸ਼ਿਕਾਇਤ ਕਰਦੇ ਹਨ ਕਿ ਉਨ੍ਹਾਂ ਦੇ ਸਵਾਲ ਰਹਿ ਜਾਂਦੇ ਹਨ ਔਰ ਉਨ੍ਹਾਂ ਨੂੰ ਜਵਾਬ ਨਹੀਂ ਆਉਂਦੇ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਇਹ ਸਵਾਲ ਲੋਕਾਂ ਦੇ ਹਿੱਤ ਵਿਚ ਹੈ। ਮੈਨੂੰ ਸਪਲੀਮੈਂਟਰੀ ਕਰ ਲੈਣ ਦਿਓ।

**ਸ਼੍ਰੀ ਸਪੀਕਰ** : ਸਾਰੇ ਸਵਾਲ ਹੀ ਲੋਕਾਂ ਦੇ ਹਿੱਤ ਵਿਚ ਹੁੰਦੇ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ਸਰ, ਮਨਿਸਟਰ ਸਾਹਿਬ ਨੂੰ ਹਦਾਇਤ ਕਰੋ ਕਿ ਇਹ ਜਵਾਬ ਠੀਕ ਦਿਆ ਕਰਨ।

**ਸ਼੍ਰੀ ਸਪੀਕਰ** : ਅਗਲਾ ਸਵਾਲ ਕਰੋ।

---

## Reclamation of the land in the State

***1236. Sardar Harcharan Singh Hero** : Will the Minister for Agriculture and Irrigation be pleased to state—

(a) the steps taken by the Government for the reclamation of land in the State during the years 1978-79, 1979-80, 1980-81 and 1981-82 (to-date) and the area of land reclaimed during each of these years ;

(b) the total area of land reclaimable at present ?

**Finance Minister (Dr. Kewal Krishan)** : (a) The Government had formulated a Scheme for the reclamation of kallar land with the use of Gypsum during 1972-73. Great emphasis was given from the year 1978-79 when sizable funds were provided so as to reclaim the maximum possible area within shortest possible time. The year-wise position is as under :—

| *Year* | | *Area reclaimed (in hects.)* |
|---|---|---|
| 1978-79 | .. | 26,990 |
| 1979-80 | .. | 30,000 |
| 1980-81 | .. | 33,000 |
| 1981-82 (upto January, 1982) | .. | 28,900 |

Original with;
Punjab Vidhan Sabha
Digitized by;
Panjab Digital Library

[Finance Minister]

(b) According to rough estimates, an area of about 2.17 lakh hectares is serverely affected by this malady and needs immediate reclamation. Another area of 3.42 lakh hectares is also midly kallar-affected but is presently under cultivation giving sub-normal yields.

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਜਿਹੜਾ ਏਰੀਆ ਦਿਤਾ ਹੈ ਕਿ ਇਹ ਬਹੁਤ ਬੁਰੀ ਤਰ੍ਹਾਂ ਅਫੈਕਟਿਡ ਹੈ। ਇਹ 2.17 ਲੱਖ ਹੈਕਟੇਅਰ ਰਕਬਾ ਹੈ ਜਿਹੜਾ ਕਿ ਬਹੁਤ ਵੱਡਾ ਏਰੀਆ ਹੈ। ਜਿਹੜਾ ਏਰੀਆ ਰੀਕਲੇਮ ਹੋਇਆ ਹੈ, ਉਹ ਬਹੁਤ ਘੱਟ ਹੈ। ਕੀ ਮਨਿਸਟਰ ਸਾਹਿਬ ਐਸ਼ੋਰੈਂਸ ਦਿਵਾਉਣਗੇ ਕਿ ਇਸ ਏਰੀਏ ਨੂੰ ਰੀਕਲੇਮ ਕਰਨ ਵਾਸਤੇ ਇਸ ਸਾਲ ਉਹ ਫੰਡ ਵਧਾਉਣਗੇ ਤਾਂਕਿ ਜ਼ਿਆਦਾ ਏਰੀਆ ਰੀਕਲੇਮ ਕੀਤਾ ਜਾਵੇ। ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਇਹ ਹੈ ਕਿ ਜਿਹੜੀ ਕੱਲਰ ਲੈਂਡ ਵਾਸਤੇ ਟਿਊਬਵੈਲ ਦੇ ਕੁਨੈਕਸ਼ਨ ਪ੍ਰਾਇਰਿਟੀ ਤੇ ਮਿਲਦੇ ਸਨ ਉਹ ਹੁਣ ਪ੍ਰਾਇਰਿਟੀ ਤੇ ਕੁਨੈਕਸ਼ਨ ਨਹੀਂ ਮਿਲਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਹੁਣ ਉਥੇ ਟਿਊਬਵੈਲਾਂ ਦੇ ਕੁਨੈਕਸ਼ਨ ਲਈ ਪ੍ਰਾਇਰਿਟੀ ਉਸੇ ਤਰ੍ਹਾਂ ਦਿੱਤੀ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ 2 ਸਾਲਾਂ ਵਿਚ ਜ਼ਿਆਦਾ ਏਰੀਆ ਰੀਕਲੇਮ ਹੋਇਆ ਹੈ। ਜਿਸ ਤਰ੍ਹਾਂ ਹੀਰੋ ਜੀ ਨੇ ਕਿਹਾ ਹੈ ਉਸੇ ਤਰ੍ਹਾਂ ਹੀ ਅਸੀਂ ਉਨ੍ਹਾਂ ਦੋ ਚੀਜ਼ਾਂ ਦਾ ਧਿਆਨ ਰੱਖਾਂਗੇ ਅਗਲੇ ਸਾਲ ਫੰਡਜ਼ ਦੇ ਪ੍ਰੋਵੀਜ਼ਨ ਦਾ ਵੀ ਧਿਆਨ ਰੱਖਾਂਗੇ ਅਤੇ ਜਿਸ ਤਰ੍ਹਾਂ ਉਨ੍ਹਾਂ ਨੇ ਕਿਹਾ ਹੈ ਟਿਊਬਵੈਲਜ਼ ਲਈ ਕੁਨੈਕਸ਼ਨ ਦੇਣ ਵਾਸਤੇ ਵੀ ਧਿਆਨ ਰੱਖਾਂਗੇ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਪੁੱਛਿਆ ਸੀ ਕਿ ਜਿਹੜੀ ਪ੍ਰਾਇਰਿਟੀ ਟਿਊਬਵੈਲਜ਼ ਦੇ ਕੁਨੈਕਸ਼ਨ ਦੇਣ ਵਾਸਤੇ ਬੰਦ ਹੋਈ ਹੈ ਕੀ ਉਹ ਗੌਰਮਿੰਟ ਦੇ ਹੁਕਮ ਨਾਲ ਬੰਦ ਹੋਈ ਹੈ ਜਾਂ ਬਿਜਲੀ ਬੋਰਡ ਨੇ ਆਪ ਬੰਦ ਕੀਤੀ ਹੈ ? ਉਹ ਕਿਉਂ ਬੰਦ ਹੋਈ ਹੈ ? ਪ੍ਰਾਇਰਿਟੀ ਤੇ ਕੁਨੈਕਸ਼ਨ ਦੇਣੇ ਕਿਉਂ ਬੰਦ ਹੋਏ ਹਨ ? ਜੇ ਜਿਪਸਮ ਪਾਉਣੀ ਹੋਵੇ ਤਾਂ ਪਾਣੀ ਦੀ ਲੋੜ ਹੈ ਅਤੇ ਜੇ ਪਾਣੀ ਚਾਹੀਦਾ ਹੈ ਤਾਂ ਟਿਊਬਵੈਲ ਦੀ ਲੋੜ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਟਿਊਬਵੈਲਜ਼ ਲਈ ਪ੍ਰਾਇਰਿਟੀ ਦੇ ਕੇ ਕੁਨੈਕਸ਼ਨ ਬਹਾਲ ਕੀਤੇ ਜਾਣਗੇ ?

**ਮੰਤਰੀ** : ਇਸ ਬਾਰੇ ਜ਼ਰੂਰ ਵਿਚਾਰ ਕੀਤਾ ਜਾਵੇਗਾ ਅਤੇ ਉਥੇ ਪ੍ਰਾਇਰਿਟੀ ਦਿੱਤੀ ਜਾਵੇਗੀ।

**ਮਾਸਟਰ ਬਾਬੂ ਸਿੰਘ** : ਸ਼ਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 1981-82 ਵਿਚ 28,900 ਹੈਕਟੇਅਰ ਰਕਬੇ ਦਾ ਸੁਧਾਰ ਕੀਤਾ ਅਤੇ 1980-81 ਵਿਚ 33,000 ਹੈਕਟੇਅਰ ਰਕਬੇ ਦਾ ਸੁਧਾਰ ਕੀਤਾ ਪਰ ਇਸ ਦੇ ਅੱਗੇ ਪਾਰਟ 'ਅ' ਵਿਚ ਦੱਸਿਆ ਹੈ ਕਿ 3.42 ਲੱਖ ਹੈਕਟੇਅਰ ਰਕਬਾ ਥੋੜ੍ਹੇ ਕਲਰ ਨਾਲ ਪ੍ਰਭਾਵਿਤ ਹੈ ਪ੍ਰੰਤੂ ਇਸ ਵੇਲੇ ਵਾਹੀ ਹੇਠ ਹੈ ਅਤੇ ਬਹੁਤ ਥੋੜ੍ਹੀ (ਸਬਨਾਰਮਲ) ਪੈਦਾਵਾਰ ਦੇ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਏਰੀਏ ਨੂੰ ਠੀਕ ਕਰਨ ਵਾਸਤੇ ਕਿੰਨੀ ਰਕਮ ਦਿੱਤੀ ਗਈ ਹੈ ਤਾਕਿ ਇਹ ਠੀਕ ਹੋ ਸਕੇ ਅਤੇ ਪੂਰੀ ਪ੍ਰੋਡਕਸ਼ਨ ਦੇਣ ਲੱਗ ਜਾਵੇ। ਦੂਸਰਾ ਇਹ ਕਿ ਇਕ ਹੈਕਟੇਅਰ ਵਾਸਤੇ ਕਿੰਨੇ ਪੈਸੇ ਦਿਤੇ ਜਾਂਦੇ ਹਨ ?

(ਇਸ ਸਮੇਂ ਖੇਤੀਬਾੜੀ ਮੰਤਰੀ ਜੀ ਸਦਨ ਵਿਚ ਆ ਗਏ।)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਵੀ ਸਵਾਲ ਪੁੱਛਣਾ ਹੈ, ਉਸ ਦੇ ਬਾਅਦ ਮਨਿਸਟਰ ਸਾਹਿਬ ਜਵਾਬ ਦੇ ਦੇਣ। ਇਹ ਜਿਹੜੀ ਜ਼ਮੀਨ ਹੈ ਇਸ ਵਿਚ ਬਹੁਤ ਸਾਰੀ ਉਹ ਜ਼ਮੀਨ ਹੈ ਜਿਹੜੀ ਪੰਜਾਬ ਵਿਚ ਹਰੀਜਨਾਂ ਨੂੰ ਦਿੱਤੀ ਗਈ ਹੈ। ਪਿਛਲੇ ਸਾਲ ਨਾਲੋਂ ਇਸ ਸਾਲ ਘੱਟ ਰਕਬਾ ਰੀਕਲੇਮ ਹੋਇਆ ਹੈ। ਕੀ ਇਹ ਇਸ ਵਾਸਤੇ ਜ਼ਿਆਦਾ ਪੈਸੇ ਰੱਖਣਗੇ ਤਾਕਿ ਜ਼ਿਆਦਾ ਰਕਬਾ ਰੀਕਲੇਮ ਹੋ ਸਕੇ ?

**ਖੇਤੀਬਾੜੀ ਮੰਤਰੀ** (ਚੌਧਰੀ ਕਾਂਸ਼ੀ ਰਾਮ) : ਸਪੀਕਰ ਸਾਹਿਬ, ਇਹ ਜਿਪਸਮ ਤੇ ਸਬਸਿਡੀ ਦਾ ਸਵਾਲ ਹੈ। ਜਿਪਸਮ ਦੀ ਸਬਸਿਡੀ ਈਅਰ ਮਾਰਕ ਕਰਕੇ ਉਸ ਉਤੇ ਸਬਸਿਡੀ ਨਹੀਂ ਮਿਲਦੀ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਇਹ ਇਕੱਲੀ ਜਿਪਸਮ ਦਾ ਸਵਾਲ ਨਹੀਂ ਹੈ। ਇਸ ਵਿਚ ਪਾਣੀ ਦਾ ਮਸਲਾ ਹੈ, ਬਿਜਲੀ ਦਾ ਵੀ ਮਸਲਾ ਹੈ। ਜਿਸ ਤਰ੍ਹਾਂ ਹੋਰ ਜੀ ਨੇ ਕਿਹਾ ਸੀ ਕਿ ਪਹਿਲਾਂ ਜਿਹੜੀ ਟਿਊਬਵੈਲਜ਼ ਨੂੰ ਕੁਨੈਕਸ਼ਨ ਦੇਣ ਵਾਸਤੇ ਪ੍ਰਾਇਰਿਟੀ ਦਿੱਤੀ ਜਾਂਦੀ ਸੀ ਉਹ ਪ੍ਰਾਇਰਿਟੀ ਹੁਣ ਬੰਦ ਕਰ ਦਿੱਤੀ ਹੈ। 3.42 ਲੱਖ ਹੈਕਟੇਅਰ ਰਕਬੇ ਵਿਚ ਸਬ ਨਾਰਮਲ ਯੀਲਡ ਹੁੰਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਤੋਂ ਪੂਰੀ ਪਰੋਡਕਸ਼ਨ ਲੈਣ ਵਾਸਤੇ ਕਿੰਨੇ ਪੈਸੇ ਅੱਗੇ ਵਾਸਤੇ ਰਖੇ ਗਏ ਹਨ ਅਤੇ ਕਿੰਨੀ ਸਹਾਇਤਾ ਦਿੱਤੀ ਜਾ ਰਹੀ ਹੈ ਤਾਕਿ ਉਹ ਰਕਬਾ ਪੂਰੀ ਪੈਦਾਵਾਰ ਤੇ ਆ ਜਾਵੇ ? ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਇਕ ਹੈਕਟੇਅਰ ਮਗਰ ਕਿੰਨਾਂ ਜਿਪਸਮ ਜਾਂ ਪਾਣੀ ਦਾ ਖਰਚ ਹੈ ਅਤੇ ਸਰਕਾਰ ਹੋਰ ਕਿੰਨੀ ਸਬਸਿਡੀ ਅਤੇ ਮੱਦਦ ਦਿੰਦੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਜਿਪਸਮ ਤੇ ਸਬਸਿਡੀ ਨਾਲ ਤੁਅੱਲਕ ਰਖਦਾ ਹੈ। ਇਹ ਜਿਹੜੀ ਆਈਟਮ ਪੁਆਇੰਟ ਆਊਟ ਕਰ ਰਹੇ ਹਨ, ਉਸ 3.42 ਲੱਖ ਹੈਕਟੇਅਰ ਰਕਬੇ ਉਤੇ ਕਲਰ ਦਾ ਅਸਰ ਹੈ ਪਰ ਉਸ ਵਿਚ ਕੱਲਰ ਐਨਾ ਨਹੀਂ ਜਿਸ ਨਾਲ ਕਿ ਉਥੇ ਫਸਲ ਉਗਣੋ ਹਟ ਜਾਵੇ। ਇਹ ਕਹਿੰਦੇ ਹਨ ਕਿ ਕੱਲਰ ਉਤੇ ਸਬਸਿਡੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਕੱਲਰ ਵਾਸਤੇ ਪਹਿਲਾਂ ਪ੍ਰਾਇਰਿਟੀ ਤੇ ਕੁਨੈਕਸ਼ਨ ਮਿਲਦੇ ਸਨ ਪਰ ਉਹ ਸਬਸਿਡੀ ਨਹੀਂ ਸੀ। ਜੇ ਟਿਊਬਵੈਲਜ਼ ਦੇ ਕੁਨੈਕਸ਼ਨ ਮਿਲ ਜਾਣ ਤਾਂ ਇਹ ਕੋਈ ਸਬਸਿਡੀ ਨਹੀਂ ਹੈ।

**ਸ੍ਰੀ ਸਪੀਕਰ** : ਉਹ ਪੁੱਛਦੇ ਹਨ ਕਿ ਜਿਹੜੀ ਟਿਊਬਵੈਲਜ਼ ਲਈ ਕੁਨੈਕਸ਼ਨ ਦੇਣ ਵਾਸਤੇ ਪ੍ਰਾਇਰਿਟੀ ਦਿੱਤੀ ਜਾਂਦੀ ਸੀ ਉਹ ਬੰਦ ਹੋ ਗਈ ਹੈ, ਕੀ ਉਸ ਨੂੰ ਰੈਸਟੋਰ ਕਰੋਗੇ ਜਾਂ ਨਹੀਂ ?

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਜਿਸ ਕਿਸੇ ਆਈਟਮ ਦੀ ਪ੍ਰਾਇਰਿਟੀ ਫਿਕਸ ਕਰਨੀ ਹੋਵੇ ਤਾਂ 2 ਗੱਲਾਂ ਤੇ ਡਿਸੀਜ਼ਨ ਹੁੰਦਾ ਹੈ। Firstly the essentiality of the priority and secondly the availability of the commodity. It is very well known to you, Sir.

**ਸ੍ਰੀ ਸਪੀਕਰ** : ਇਹ ਕੁਐਸ਼ਚਨ ਸਬਸਿਡੀ ਨਾਲ ਰੀਲੇਟ ਨਹੀਂ ਕਰਦਾ।

**ਮੰਤਰੀ** : ਸਪੀਕਰ ਸਾਹਿਬ, ਟਿਊਬਵੈਲ ਕੁਨੈਕਸ਼ਨ ਦੀ ਪ੍ਰਾਇਰਿਟੀ ਕੋਈ ਸਬਸਿਡੀ ਨਹੀਂ ਹੈ।

**ਸ੍ਰੀ ਸਪੀਕਰ** : ਚੌਧਰੀ ਸਾਹਿਬ, ਇਹ ਕੁਐਸ਼ਚਨ ਸਬਸਿਡੀ ਨਾਲ ਰੀਲੇਟ ਨਹੀਂ ਕਰਦਾ। ਮੈਂਬਰ ਸਾਹਿਬਾਨ ਪੁੱਛਦੇ ਹਨ ਕਿ ਪਹਿਲੇ ਟਿਊਬਵੈਲਜ਼ ਦੇ ਕੁਨੈਕਸ਼ਨ ਕੱਲਰ ਵਾਲੀ ਜ਼ਮੀਨ ਲਈ ਪ੍ਰਾਇਰਿਟੀ ਤੇ ਮਿਲਦੇ ਸਨ ਉਹ ਬੰਦ ਹੋ ਗਏ ਹਨ, ਕੀ ਉਹ ਪ੍ਰਾਇਰਿਟੀ ਤੇ ਹੁਣ ਦੇਣ ਲਈ ਤਿਆਰ ਹੋ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਲੈਂਡ ਰੀਕਲੇਮੇਸ਼ਨ ਵਾਸਤੇ ਟਿਊਬਵੈਲਜ਼ ਦੇ ਕੁਨੈਕਸ਼ਨ ਦੇਣ ਲਈ ਜਿਹੜੀ ਪ੍ਰਾਇਰਿਟੀ ਸੀ ਉਹ ਸਾਡੀ ਸਰਕਾਰ ਨੇ ਹਾਲੇ ਵਿਦਡਰਾਅ ਨਹੀਂ ਕੀਤੀ।

**ਸ਼੍ਰੀ ਸਪੀਕਰ** : ਨੈਕਸਟ ਕੁਐਸ਼ਚਨ।
(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰ ਬੋਲਣ ਲਈ ਖੜੇ ਹੋਏ।)
ਵਜ਼ੀਰ ਸਾਹਿਬ ਨੇ ਜੋ ਸਟੇਟਮੈਂਟ ਦਿੱਤੀ ਹੈ ਉਹ ਰਿਕਾਰਡ ਹੋ ਚੁੱਕੀ ਹੈ।

**ਮਾਸਟਰ ਬਾਬੂ ਸਿੰਘ** : ਜਿਹੜੀ ਉਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ ਮੈਂ ਉਸ ਨੂੰ ਚੈਲੰਜ ਕਰਦਾ ਹਾਂ। ਉਨ੍ਹਾਂ ਨੇ ਗਲਤ ਕਿਹਾ ਹੈ। ਗੌਰਮਿੰਟ ਉਸ ਪ੍ਰਾਇਰਿਟੀ ਨੂੰ ਵਿਦਡਰਾਅ ਕਰ ਚੁੱਕੀ ਹੈ। ਹੁਣ ਇਹ ਪ੍ਰਾਇਰਿਟੀ ਮਿਲਟਰੀ ਵਾਲਿਆਂ ਵਾਸਤੇ ਹੈ।

**ਸ਼੍ਰੀ ਸਪੀਕਰ** : ਨੈਕਸਟ ਕੁਐਸ਼ਚਨ ਨੰ: 1257

---

## Completion of Boat Bridge over River Sutlej between Jagraon and Nakodar

***1257. Sardar Jagroop Singh Gill :** Will the Minister for Agriculture and Irrigation be pleased to state whether the Boat Bridge over river Sutlej between Jagraon and Nakodar has been completed and opened to traffic, if not, the time by which it is likely to be completed and opened to traffic ?

**ਸਰਦਾਰ ਬੇਅੰਤ ਸਿੰਘ** (ਲੋਕ ਨਿਰਮਾਣ ਮੰਤਰੀ) : ਕਿਸ਼ਤੀਆਂ ਦਾ ਪੁੱਲ, 15-10-81 ਨੂੰ ਆਵਾਜਾਈ ਲਈ ਖੋਲ੍ਹਿਆ ਗਿਆ ਸੀ ਅਤੇ ਇਹ ਜਨਵਰੀ, 1982 ਦੇ ਪਹਿਲੇ ਹਫਤੇ ਤੱਕ ਹੋਂਦ ਵਿਚ ਰਿਹਾ ਲੇਕਿਨ ਸਰਦੀਆਂ ਦੀਆਂ ਬਾਰਸ਼ਾਂ ਕਾਰਨ ਅਤੇ ਨਹਿਰਾਂ ਬੰਦ ਹੋਣ ਕਾਰਨ ਹੜ੍ਹ ਆ ਗਏ ਅਤੇ ਪਾਣੀ ਦਾ ਨਿਕਾਸ ਵੱਧ ਗਿਆ, ਜਿਸ ਕਾਰਨ ਇਸ ਪੁੱਲ ਨੂੰ ਉਖੇੜਨਾ ਪਿਆ। ਜੇਕਰ ਮੌਸਮ ਠੀਕ ਹੋ ਗਿਆ ਤਾਂ ਕਿਸ਼ਤੀਆਂ ਦੇ ਪੁੱਲ ਨੂੰ ਛੇਤੀ ਹੀ ਚਾਲੂ ਕਰ ਦਿਤਾ ਜਾਵੇਗਾ।

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਇਸ ਪੁੱਲ ਦੇ ਬਣਨ ਨਾਲ ਜਗਰਾਉਂ, ਬਰਨਾਲਾ ਅਤੇ ਨਿਹਾਲਸਿੰਘਵਾਲਾ ਤੋਂ ਜਲੰਧਰ ਜਾਣ ਲਈ 50 ਕਿਲੋਮੀਟਰ ਦਾ ਫਰਕ ਪੈਣਾ ਹੈ। ਲੁਧਿਆਣਾ ਦੀ ਸਬ-ਡਵੀਜ਼ਨ ਜਗਰਾਉਂ ਦਾ ਕਾਫੀ ਰਕਬਾ ਦਰਿਆ ਦੇ ਉਸ ਪਾਰ ਹੈ। ਉਥੇ ਦੇ ਲੋਕਾਂ ਨੂੰ ਬਹੁਤ ਤਕਲੀਫ ਹੁੰਦੀ ਹੈ। ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਕਿਸ਼ਤੀਆਂ ਦਾ ਪੁਲ 15 ਅਕਤੂਬਰ, 1981 ਨੂੰ ਆਵਾਜਾਈ ਲਈ ਖੋਲ੍ਹਿਆ ਗਿਆ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ 3-4 ਕਿਸ਼ਤੀਆਂ ਦਾ ਪੁੱਲ ਇਹ ਬਣਾਇਆ ਸੀ ਜੋ ਕਿ ਫਿਰੋਜ਼ਪੁਰ ਵੱਲ ਨੂੰ ਚਲੀਆਂ ਗਈਆਂ। ਮੈਂ ਬੇਨਤੀ ਕਰਾਂਗਾ ਕਿ ਦਰਿਆਵਾਂ ਵਿਚ ਪਾਣੀ ਨਹੀਂ ਹੈ। ਇਸ ਲਈ ਕੀ ਇਹ ਯਕੀਨ ਦਿਵਾਉਣਗੇ ਕਿ ਉਸ ਪੁੱਲ ਨੂੰ ਕਦੋਂ ਤੱਕ ਸ਼ੁਰੂ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਆਮ ਤੌਰ ਤੇ ਕਿਸ਼ਤੀਆਂ ਦਾ ਪੁੱਲ 15 ਅਕਤੂਬਰ ਤੋਂ ਲੈ ਕੇ 15 ਅਪ੍ਰੈਲ ਤਕ ਚਾਲੂ ਰਹਿੰਦਾ ਹੈ ਅਤੇ ਜ਼ਿਆਦਾ ਬਾਰਸ਼ਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਹੈ। ਇਸ ਦਫਾ ਸਰਦੀਆਂ ਵਿਚ ਬਾਰਸ਼ਾਂ ਜ਼ਿਆਦਾ ਹੋਣ ਕਾਰਣ ਇਹ ਬੰਦ ਕੀਤਾ ਗਿਆ। ਸਾਮਾਨ ਵਗੈਰਾ ਉਥੇ ਸਾਰਾ ਪਿਆ ਹੈ। ਇਸ ਨੂੰ ਚਾਲੂ ਕੀਤਾ ਜਾਵੇਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ** ਜਗਰੂਪ **ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਥੋਂ ਕੁਝ ਕਿਸ਼ਤੀਆਂ ਵੀ ਖੋਲ੍ਹ ਕੇ ਲਿਜਾ ਰਹੇ ਹਨ। ਲੋਕਾਂ ਦੀ ਬੜੀ ਭਾਰੀ ਡੀਮਾਂਡ ਹੈ ਕਿ ਇਸ ਨੂੰ ਚਾਲੂ ਕੀਤਾ ਜਾਵੇ। ਮੈਂ ਪਿੱਛੇ ਵੀ ਕਾਫੀ ਜ਼ੋਰ ਦੇ ਕੇ ਇਹ ਗੱਲ ਕਹੀ ਸੀ। ਹੁਣ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਚਾਲੂ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਪੱਕੀ ਡੇਟ ਤਾਂ ਮੈਂ ਕੋਈ ਨਹੀਂ ਕਹਿ ਸਕਦਾ ਲੇਕਿਨ ਮੈਂ ਯਤਨ ਕਰਾਂਗਾ ਕਿ ਇਸ ਨੂੰ ਜਲਦੀ ਤੋਂ ਜਲਦੀ ਚਾਲੂ ਕਰਵਾਇਆ ਜਾਵੇ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਗੌਰਮਿੰਟ ਦੇ ਵੇਲੇ ਪੰਜਾਬ ਦੀਆਂ ਵੱਖ ਵੱਖ ਥਾਵਾਂ ਤੇ ਜੋ ਪੁੱਲ ਸ਼ੁਰੂ ਕੀਤੇ ਗਏ ਸਨ। ਉਨ੍ਹਾਂ ਸਾਰੇ ਪੁੱਲਾਂ ਦੀ ਉਸਾਰੀ ਦਾ ਕੰਮ ਸਰਦਾਰ ਦਰਬਾਰਾ ਸਿੰਘ ਦੀ ਭਾਗਾਂ ਭਰੀ ਸਰਕਾਰ ਨੇ ਆਉਂਦਿਆਂ ਹੀ ਬੰਦ ਕਰ ਦਿੱਤਾ ਹੈ। ਮੈਟੀਰੀਅਲ ਮੌਕੇ ਤੇ ਮੌਜੂਦ ਪਿਆ ਹੈ। ਕੀ ਹੁਣ ਮੰਤਰੀ ਜੀ ਇਸ ਗਲ ਦਾ ਯਕੀਨ ਦੁਆਉਣਗੇ ਕਿ ਜਿਹੜੇ ਬਾਦਲ ਗੌਰਮਿੰਟ ਵੇਲੇ ਪੁੱਲ ਸ਼ੁਰੂ ਕੀਤੇ ਗਏ ਸੀ ਉਹ ਮੁਕੰਮਲ ਕਰਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਮਾਨਯੋਗ ਮੈਂਬਰ ਨੇ ਜਿਹੜੀ ਇਨਫਰਮੇਸ਼ਨ ਦਿੱਤੀ ਹੈ, ਇਹ ਬਿਲਕੁਲ ਗਲਤ ਇਨਫਰਮੇਸ਼ਨ ਹੈ ਅਤੇ ਨਾ ਹੀ ਇਸ ਦਾ ਇਸ ਸਵਾਲ ਨਾਲ ਕੋਈ ਤੱਲਕ ਹੈ। ਜੇ ਕੋਈ ਸਪੈਸਿਫਿਕ ਪੁੱਲ ਇਨ੍ਹਾਂ ਦੇ ਨੋਟਿਸ ਵਿੱਚ ਹੈ ਜਿਹੜਾ ਬੰਦ ਹੋ ਗਿਆ ਹੈ ਉਸ ਦੇ ਬਾਰੇ ਮੈਨੂੰ ਲਿਖ ਕੇ ਦੇ ਦੇਣ, ਮੈਂ ਦੇਖ ਲਵਾਂਗਾ।

**ਸਰਦਾਰ ਜਗਰੂਪ ਸਿੰਘ** : ਸਪੀਕਰ ਸਾਹਿਬ, ਜਗਰਾਉਂ ਤੋਂ ਸਿੱਧਵਾਂ ਬੇਟ ਤਕ ਹੁੰਦੀ ਹੋਈ ਦਰਿਆ ਸਤਲੁੱਜ ਦੇ ਨਾਲ ਸੜਕ ਜਾਂਦੀ ਹੈ ਅਤੇ ਨਕੋਦਰ ਤੋਂ ਮਹਿਤਪੁਰ ਨੂੰ ਜਲੰਧਰ ਵਾਲੇ ਪਾਸੇ ਦੀ ਸੜਕ ਬਣੀ ਹੋਈ ਹੈ, ਕੀ ਮਨਿਸਟਰ ਸਾਹਿਬ ਦੱਸਣਗੇ ਕਿ ਬੋਟ ਬ੍ਰਿਜ ਨੂੰ ਲਿੰਕ ਕਰਨ ਲਈ ਕੋਈ ਸੜਕ ਬਣਾਈ ਜਾਵੇਗੀ ਤਾਂਕਿ ਜਿਹੜੀ ਟਰੈਫਿਕ ਹੈ ਉਥੇ ਚਾਲੂ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਪੁੱਲ ਬਣਨ ਤੋਂ ਬਾਅਦ ਇਹ ਦੇਖਿਆ ਜਾਵੇਗਾ ਕਿ ਉਥੇ ਸੜਕ ਦੀ ਲੋੜ ਹੈ ਜਾਂ ਨਹੀਂ ; ਜੇ ਲੋੜ ਹੋਈ ਤਾਂ ਜ਼ਰੂਰ ਬਣਾ ਦਿੱਤੀ ਜਾਵੇਗੀ।

---

## Completion of Road from Majitha to Village Sohian District Amritsar

***1273. Sardar Parkash Singh Majitha** : Will the Minister for Public Works be pleased to state the time by which the incomplete stretch of road from Majitha to village Sohian, Block Majitha, District Amritsar is likely to be metalled ?

**ਸਰਦਾਰ ਬੇਅੰਤ ਸਿੰਘ** : ਨਾ ਮੁਕੰਮਲ ਸੋਹੀਆਂ ਮਜੀਠਾ ਰੋਡ ਨੂੰ 1982-83 ਵਿਚ ਫੰਡਜ਼ ਉਪਲਬਧ ਹੋਣ ਤੇ ਪੱਕਾ ਕੀਤੇ ਜਾਣ ਦੀ ਆਸ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮਨਿਸਟਰ ਸਾਹਿਬਾਨ ਤੋਂ ਕੈਟੇਗੋਰੀਕਲੀ ਠੀਕ ਜਵਾਬ ਇਥੇ ਦਿਵਾਇਆ ਕਰੋ, ਇਹ ਟਾਲ ਮਟੋਲ ਵਾਲਾ ਜਵਾਬ ਇਥੇ ਦਿੰਦੇ ਹਨ। ਪੰਜਾਬ ਦੇ ਲੋਕਾਂ ਦੇ ਹਿੱਤ ਦੀ ਗਲ ਹੁੰਦੀ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਮਜੀਠਾਂ]

ਜਿਹੜੇ ਇਥੇ ਅਸੀਂ ਅਸੈਂਬਲੀ ਵਿੱਚ ਸਵਾਲ ਲਿਆਉਂਦੇ ਹਾਂ, ਜੇ ਉਨ੍ਹਾਂ ਸਵਾਲਾਂ ਦਾ ਠੀਕ ਜਵਾਬ ਨਾ ਆਵੇ ਤਾਂ ਇਹ ਪੰਜਾਬ ਦੇ ਲੋਕਾਂ ਨਾਲ ਬੇਇਨਸਾਫੀ ਹੈ। ਜਿਹੜਾ ਇਨ੍ਹਾਂ ਨੇ ਹੁਣ ਜਵਾਬ ਦਿੱਤਾ ਹੈ ਕਿ ਨਾ ਮੁਕੰਮਲ ਹੋਈ ਮਜੀਠਾ ਰੋਡ ਨੂੰ 1982-83 ਵਿੱਚ ਫੰਡਜ਼ ਉਪਲਬਧ ਹੋਣ ਤੇ ਪੱਕਾ ਕੀਤੇ ਜਾਣ ਦੀ ਆਸ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫੰਡਜ਼ ਕਿਸ ਨੇ ਲਿਆਉਣੇ ਹਨ, ਇਨ੍ਹਾਂ ਦਾ ਇੰਤਜ਼ਾਮ ਕਿਸ ਨੇ ਕਰਨਾ ਹੈ ? ਫੰਡਜ਼ ਦਾ ਇੰਤਜ਼ਾਮ ਸਰਕਾਰ ਨੇ ਕਰਨਾ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਗਿਆਤ ਵਿੱਚ ਹੈ ਕਿ 12-13 ਸਾਲ ਹੋ ਗਏ ਹਨ ਇਹ ਸੜਕ ਨਾ-ਮੁਕੰਮਲ ਪਈ ਹੈ, ਕੀ ਜਿਹੜੀਆਂ ਸੜਕਾਂ ਨਾ-ਮੁਕੰਮਲ ਪਈਆਂ ਹਨ ਉਨ੍ਹਾਂ ਨੂੰ ਕੋਈ ਪ੍ਰਾਇਰਿਟੀ ਦੇ ਕੇ ਬਣਾਉਣ ਦੀ ਕ੍ਰਿਪਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਉਥੇ ਲੈਂਥ ਆਫ਼ ਰੋਡ ਜਿਹੜੀ ਕੰਪਲੀਟ ਹੈ ਉਹ 3 ਕਿਲੋਮੀਟਰ ਹੈ, ਸਿਰਫ ਮਜੀਠਾ ਸਾਈਡ ਤੇ 0.52 ਕਿਲੋਮੀਟਰ ਅਤੇ ਸੋਹੀਆਂ ਸਾਈਡ ਤੇ 1.15 ਕਿਲੋਮੀਟਰ ਰਹਿੰਦਾ ਹੈ। ਇਸ ਦੇ ਬਾਰੇ ਮੈਂ ਅਗੇ ਹੀ ਅਰਜ਼ ਕੀਤੀ ਹੈ ਕਿ 1982-83 ਵਿੱਚ ਕੰਪਲੀਟ ਕਰਾਂਗੇ। ਇਹ ਟੁੱਕੜੇ ਦੋ ਰਹਿੰਦੇ ਹਨ ਜਿਹੜੇ ਬਣਨੇ ਹਨ। ਇਸ ਲਈ ਇਨ੍ਹਾਂ ਦਾ ਇਹ ਇਲਜ਼ਾਮ ਗਲਤ ਹੈ ਕਿ ਅਸੀਂ ਸਪੈਸਿਫਿਕ ਜਵਾਬ ਨਹੀਂ ਦਿੱਤਾ। ਅਸੀਂ ਸਪੈਸਿਫਿਕ ਜਵਾਬ ਦਿੱਤਾ ਹੈ ਅਤੇ ਇਸ ਤੋਂ ਜ਼ਿਆਦਾ ਮੈਂ ਸਮਝਦਾ ਹਾਂ ਕਿ ਸਪੈਸਿਫਿਕ ਜਵਾਬ ਹੋਰ ਨਹੀਂ ਦਿੱਤਾ ਜਾ ਸਕਦਾ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਰਿਟਨ ਜਵਾਬ ਦਿੱਤਾ ਹੈ ਉਸ ਦੇ ਵਿੱਚ ਕਲੀਅਰ ਇਨ੍ਹਾਂ ਨੇ ਕਿਹਾ ਹੈ ਕਿ ਫੰਡਜ਼ ਉਪਲਬੱਧ ਹੋਣ ਤੇ ਪੱਕਾ ਕਰਨ ਦੀ ਆਸ ਹੈ। ਹੁਣ ਇਹ ਕੇਟਾਗੋਰੀਕਲੀ ਕਹਿ ਦੇਣ ਕਿ 1982-83 ਵਿੱਚ ਬਣ ਜਾਵੇਗੀ।

**ਸ਼੍ਰੀ ਸਪੀਕਰ** : ਹੁਣ ਕੈਟੇਗੋਰੀਕਲੀ ਕਹਿ ਦਿੱਤਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਇਹ ਵੀ ਦੱਸ ਦਿੱਤਾ ਹੈ ਕਿ ਕਿੰਨੀ ਸੜਕ ਬਣ ਚੁੱਕੀ ਹੈ ਅਤੇ ਕਿੰਨੀ ਬਣਨੀ ਰਹਿੰਦੀ ਹੈ ਔਰ ਹੱਥ ਵਿੱਚ ਕੰਮ ਕਿੰਨਾਂ ਲਿਆ ਹੋਇਆ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਜਿੰਨੀ ਬਣੀ ਸੀ ਉਹ ਤਾਂ ਅਸੀਂ ਬਣਾ ਕੇ ਗਏ ਸੀ। ਇਹ ਕੇਟੇਗੋਰੀਕਲੀ ਕਿਉਂ ਨਹੀਂ ਕਹਿੰਦੇ ਕਿ ਸਾਲ 1982-83 ਵਿੱਚ ਬਣਾ ਦੇਵਾਂਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਚੁੱਕਾ ਹਾਂ। ਵਾਰ ਵਾਰ ਕਹਿਣ ਦਾ ਕੀ ਲਾਭ ਹੈ। ਇਸ ਦੇ ਵਾਸਤੇ ਦੋ ਲੱਖ ਰੁਪਏ ਦੀ ਤਕਰੀਬਨ ਲੋੜ ਹੈ। ਸਾਲ 1982-83 ਵਿੱਚ ਮੁਕੰਮਲ ਕਰ ਦੇਵਾਂਗੇ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1274 ***

**ਸ਼੍ਰੀ ਸਪੀਕਰ** : ਇਸ ਸਵਾਲ ਦੀ ਐਕਸਟੈਨਸ਼ਨ ਮੰਗ ਲਈ ਗਈ ਹੈ।

---

**For S.Q. No. 1274 and reply thereto, please see P.V.S. Debates dated the 16th March, 1982.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਕੀ ਇਸੇ ਸੈਸ਼ਨ ਵਿੱਚ ਆ ਜਾਵੇਗਾ ?

**ਸ਼੍ਰੀ ਸਪੀਕਰ** : ਹਾਂ ਜੀ, ਆ ਜਾਵੇਗਾ ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1379**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ ।)

**Private High/Higher Secondary Schools**

***1228. Shri Ram Lal Chitti,** : Will the Minister for Education be pleased to state—

(a) the total number of private High/Higher Secondary Schools in the State as on 31st January, 1982 ;

(b) the number out of those referred to in part (a) above which are getting grant-in-aid ;

(c) the total amount of grant-in-aid earmarked for the purpose for the years 1980-81 and 1981-82 ?

**Sardar Harcharan Singh Ajnala** :

| | |
|---|---|
| (a) High Schools | 324 |
| Higher Secondary Schools | 126 |
| Total | 450 |
| (b) High Schools | 260 |
| Higher Secondary Schools | 122 |
| Total .. | 382 |
| (c) 1980-81 .. | Rs. 6,84,64,000.00 |
| 1981-82 .. | Rs. 7,86, 81,000.00 |

**ਸ਼੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਸਾਰੀ ਲਿਸਟ ਦਿੱਤੀ ਹੈ ਔਰ ਦੱਸਿਆ ਹੈ ਕਿ ਪ੍ਰਾਈਵੇਟ ਸਕੂਲਾਂ ਨੂੰ ਸਾਲ 1980-81 ਵਿੱਚ ਤਕਰੀਬਨ 7 ਕਰੋੜ ਰੁਪਏ ਦੀ ਸਹਾਇਤਾ/ਗਰਾਂਟ ਦਿੱਤੀ ਹੈ ਔਰ ਸਾਲ 1981-82 ਵਿੱਚ ਤਕਰੀਬਨ 8 ਕਰੋੜ ਰੁਪਏ ਦੀ ਸਹਾਇਤਾ/ਗਰਾਂਟ ਦਿੱਤੀ ਗਈ ਹੈ। ਜਿੰਨੇ ਵੀ ਪ੍ਰਾਈਵੇਟ ਸਕੂਲਜ਼ ਹਨ ਉਨ੍ਹਾਂ ਨੂੰ ਸਰਕਾਰ 95% ਗਰਾਂਟ ਦਿੰਦੀ ਹੈ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਉਨ੍ਹਾਂ ਪ੍ਰਾਈਵੇਟ ਸਕੂਲਾਂ ਨੂੰ ਟੇਕ-ਓਵਰ ਕਰੇਗੀ ਕਿਉਂਕਿ ਪੰਜਾਬ ਸਰਕਾਰ ਦਾ ਖਰਚਾ ਵੈਸੇ ਵੀ ਉਨ੍ਹਾਂ ਤੇ ਇਤਨਾ ਹੋ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਟੇਕਿੰਗ ਓਵਰ ਦਾ ਮਸਲਾ ਇਕ ਪਾਲਿਸੀ ਦਾ ਮਸਲਾ ਹੈ ਔਰ ਐਜੂਕੇਸ਼ਨ ਦੇ ਖੇਤਰ ਵਿੱਚ ਜਿਹੜੇ ਸਾਰੇ ਪ੍ਰਾਈਵੇਟ ਸਕੂਲ ਚਲ ਰਹੇ ਹਨ ਉਨ੍ਹਾਂ ਦੀ ਟੇਕਿੰਗ-ਓਵਰ ਤਾਂ ਹੀ ਹੋ ਸਕਦੀ ਹੈ ਜੇ ਉਨ੍ਹਾਂ ਦੀ ਮੈਨੇਜਮੈਂਟ ਆਪਣੀ ਸਾਰੀ ਪ੍ਰਾਪਰਟੀ, ਆਪਣੇ ਸਾਰੇ ਅਸੈਟਸ ਗੌਰਮਿੰਟ ਨੂੰ ਫਰੀ ਵਿਲ ਨਾਲ ਹੈਂਡ ਓਵਰ ਕਰ ਦੇਣ। ਜੇ ਉਹ ਇਸ ਤਰ੍ਹਾਂ ਕਰ ਦੇਣ ਤਾਂ ਫਿਰ ਇਸ ਗਲ ਨੂੰ ਵਿਚਾਰਿਆ ਜਾ ਸਕਦਾ ਹੈ।

**ਸ੍ਰੀ ਰਾਮ ਲਾਲ ਚਿੱਟੀ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟ ਅਗਰ ਆਪਣੇ ਸਾਰੇ ਅਸੈਟਸ ਜਾਂ ਪ੍ਰਾਪਰਟੀ ਸਰਕਾਰ ਨੂੰ ਦੇਵੇ ਤਾਂ ਹੀ ਸਰਕਾਰ ਟੇਕ ਓਵਰ ਕਰਨ ਦਾ ਸੋਚ ਸਕਦੀ ਹੈ। ਸਪੀਕਰ ਸਾਹਿਬ, ਸਰਕਾਰ ਪ੍ਰਾਈਵੇਟ ਸਕੂਲਾਂ ਨੂੰ 95% ਗਰਾਂਟ ਦਿੰਦੀ ਹੈ। ਇਹ ਠੀਕ ਹੈ ਕਿ ਕੁਝ ਸਕੂਲਾਂ ਨੂੰ ਗਰਾਂਟ ਦੇਣੀ ਚਾਹੀਦੀ ਹੈ ਲੇਕਿਨ ਕਈ ਸਕੂਲਜ਼ ਐਸੇ ਹਨ ਜਿਹੜੇ ਬਹੁਤ ਪੈਸੇ ਕਮਾਉਂਦੇ ਹਨ ਅਤੇ ਉਨ੍ਹਾਂ ਦੀ ਅਰਨਿੰਗ ਬਹੁਤ ਜ਼ਿਆਦਾ ਹੁੰਦੀ ਹੈ ਪਰ ਫਿਰ ਵੀ ਸਰਕਾਰ ਉਨ੍ਹਾਂ ਨੂੰ ਪੈਸੇ ਦਿੰਦੀ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਰਕਾਰ ਉਨ੍ਹਾਂ ਸਕੂਲਾਂ ਨੂੰ, ਜੋ ਬਿਜ਼ਨੈਸ ਪੁਆਇੰਟ ਆਫ ਵਿਊ ਨਾਲ ਚਲ ਰਹੇ ਹਨ, ਟੇਕ ਓਵਰ ਕਰਨ ਦਾ ਯਤਨ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਬੜਾ ਕਲੀਅਰ ਜਵਾਬ ਦਿੱਤਾ ਹੈ ਕਿ ਗੌਰਮਿੰਟ ਔਰ ਪ੍ਰਾਈਵੇਟ ਮੈਨੇਜਮੈਂਟ ਇਸ ਦੇ ਵਿੱਚ ਦੋ ਪਾਰਟੀਆਂ ਦੇ ਤੌਰ ਤੇ ਸ਼ਾਮਲ ਹਨ । ਜੇ ਉਹ ਪ੍ਰਾਈਵੇਟ ਮੈਨੇਜਮੈਂਟਸ ਖੁਸ਼ੀ ਨਾਲ ਦੇ ਦੇਣ ਤਾਂ ਵਿਚਾਰ ਕੀਤਾ ਜਾ ਸਕਦਾ ਹੈ । ਜਿੰਨਾ ਚਿਰ ਤਕ ਉਹ ਨਹੀਂ ਦਿੰਦੇ ਇਹ ਚੀਜ਼ ਵਿਚਾਰੀ ਨਹੀਂ ਜਾ ਸਕਦੀ। ਪ੍ਰਾਈਵੇਟ ਖੇਤਰ ਵਿਚ ਪ੍ਰਾਈਵੇਟ ਮੈਨੇਜਮੈਂਟਸ ਰਾਹੀਂ ਜਿਹੜਾ ਐਜੂਕੇਸ਼ਨ ਦਾ ਪ੍ਰਸਾਰ ਹੋ ਰਿਹਾ ਹੈ ਲੋਕ ਆਪ ਇਨੀ-ਸ਼ੀਏਟਿਵ ਲੈ ਰਹੇ ਹਨ, ਅਸੀਂ ਉਨ੍ਹਾਂ ਨੂੰ ਡਿਸਕਰੇਜ ਨਹੀਂ ਕਰਨਾ ਚਾਹੁੰਦੇ। ਇਹ 5% ਇਸ ਲਈ ਰਖਿਆ ਹੈ ਤਾਕਿ ਉਨ੍ਹਾਂ ਦੀ ਇਨਵਾਲਵਮੈਂਟ ਹੋਵੇ ਔਰ ਕੰਮ ਠੀਕ ਚਲੇ।

**ਸ੍ਰੀ ਸਪੀਕਰ** : ਮੈਂਬਰ ਸਾਹਿਬ ਇਹ ਜਾਣਨਾ ਚਾਹੁੰਦੇ ਹਨ ਕਿ ਕੁਝ ਐਸੇ ਲੋਕ ਹਨ ਜਿਨ੍ਹਾਂ ਨੇ ਐਜੂਕੇਸ਼ਨ ਨੂੰ ਪੈਸੇ ਕਮਾਉਣ ਦਾ ਸਾਧਨ ਬਣਾਇਆ ਹੋਇਆ ਹੈ ਕਿਉਂਕਿ ਸਰਕਾਰ 95% ਦੇ ਰਹੀ ਹੈ।

**ਮੰਤਰੀ** : ਇਹ ਆਨਰੇਬਲ ਮੈਂਬਰ ਹਨ। ਕੋਈ ਮਿਸਾਲ ਦੇ ਦੇਣ, ਅਸੀਂ ਉਸ ਨੂੰ ਵੇਖ ਲਵਾਂਗੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਜਿਹੜੇ ਪ੍ਰਾਈਵੇਟ ਸਕੂਲ ਹਨ ਉਨ੍ਹਾਂ ਦੇ ਕੋਲ ਕੋਈ ਰਿਕਵਰੀ ਲਈ ਨੋਟਿਸ ਗਏ ਹਨ ਕੋਈ ਪੁਰਾਣਾ ਬੈਕਲਾਗ ਇਕੱਠਾ ਹੋ ਗਿਆ ਹੋਣਾ ਹੈ। ਉਸ ਦੇ ਬਾਰੇ ਸਕੂਲਾਂ ਵਿਚ ਬੜੀ ਚਿੰਤਾ ਪਾਈ ਜਾਂਦੀ ਹੈ ਅਤੇ ਮੈਨੇਜਮੈਂਟਸ ਬੜੇ ਐਜੀਟੇਟਿਡ ਮਾਈਂਡ ਨਾਲ ਗਲ ਕਰ ਰਹੀਆਂ ਹਨ। ਪਿਛੇ ਜਿਹੇ ਤਨਖਾਹਾਂ ਵੀ ਰੋਕੀਆਂ ਸਨ ਔਰ ਗਰਾਂਟ ਰੁਕ ਗਈ ਸੀ। ਉਨ੍ਹਾਂ ਸਕੂਲਾਂ ਦੀ ਮਾਲੀ ਹਾਲਤ ਠੀਕ ਨਹੀਂ। ਕੀ ਇਹ ਰਿਕਵਰੀ ਬੰਦ ਕਰ ਦਿੱਤੀ ਜਾਏਗੀ ਔਰ ਇਸ ਤੋਂ ਮਾਫ਼ੀ ਦਿੱਤੀ ਜਾਏਗੀ ?

**ਮੰਤਰੀ** : ਸਪੀਕਰ ਸਾਹਿਬ, ਇਸ ਸੁਆਲ ਦਾ ਤੁਅੱਲਕ ਇਸ ਨਾਲ ਨਹੀਂ। ਇਹ ਸੈਪਰੇਟ ਨੋਟਿਸ ਦੇ ਦੇਣ ਅਸੀਂ ਡਿਟੇਲ ਵਿਚ ਜਵਾਬ ਦੇ ਦਿਆਂਗੇ। ਹਾਊਸ ਦੀ ਇਨਫਰਮੇਸ਼ਨ ਲਈ ਦਸਣਾ ਚਾਹੁੰਦਾ ਹਾਂ ਕਿ ਗਰਾਂਟਸ ਰਿਲੀਜ਼ ਹੋ ਚੁਕੀਆਂ ਹਨ । ਐਸੀ ਕੋਈ ਗਲ ਨਹੀਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਪ੍ਰਾਈਵੇਟ ਸਕੂਲ ਆਪ ਲਿਖ ਕੇ ਦੇ ਦੇਣਗੇ ਉਨ੍ਹਾਂ ਦੇ ਸਕੂਲ ਟੇਕਓਵਰ ਕਰਨ ਲਈ ਵਿਚਾਰ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਸਕੂਲਾਂ ਨੇ ਲਿਖ ਕੇ ਦਿਤਾ ਹੈ। ਮੇਰੇ ਹਲਕੇ ਵਿਚ ਇਕ ਸਕੂਲ ਅਜੀਤਸਰ ਜਾਨਪੁਰ, ਲੁਧਿਆਣਾ ਵਿਚ ਹੈ। ਉਸ ਦੇ ਨਾਲ 29 ਵਿਘੇ ਜ਼ਮੀਨ ਹੈ। ਆਪ ਕਮੇਟੀ ਨੇ ਲਿਖ ਕੇ ਦਿੱਤਾ ਹੈ। ਕੀ ਉਸ ਤੇ ਵਿਚਾਰ ਕਰ ਲੈਣਗੇ ? ਦੂਜੀ ਪਾਲਿਸੀ ਦੀ ਗਲ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਸਕੂਲਾਂ ਨੂੰ ਉਤਸ਼ਾਹ ਦਿੰਦੇ ਹਾਂ ਤਾਂ ਕਿ ਉਹ ਇਸ ਖੇਤਰ ਵਿਚ ਕੰਮ ਕਰਦੇ ਰਹਿਣ। ਬਹੁਤ ਸਾਰੇ ਸਕੂਲ ਐਸੇ ਹਨ ਜਿਨ੍ਹਾਂ ਨੂੰ ਸਰਕਾਰ ਗਰਾਂਟ ਨਹੀਂ ਦਿੰਦੀ। ਉਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ ਅਤੇ ਗਰੀਬ ਹੀ ਮੁਲਾਜ਼ਮ ਹਨ। ਉਹ ਸਕੂਲ 1980 ਤੋਂ ਅੱਛੀ ਤਰ੍ਹਾਂ ਚਲਦੇ ਹਨ। ਕੀ ਵਜ਼ੀਰ ਸਾਹਿਬ ਉਨ੍ਹਾਂ ਸਕੂਲਾਂ ਨੂੰ ਗ੍ਰਾਂਟਸ ਦੇਣ ਦਾ ਐਲਾਨ ਕਰਨਗੇ ਤਾਕਿ ਉਹ ਠੀਕ ਤਰ੍ਹਾਂ ਚਲਦੇ ਰਹਿਣ ?

**ਮੰਤਰੀ** : ਖਾਲਸਾ ਜੀ ਨੇ ਦੋ ਸੁਆਲ ਕੀਤੇ ਹਨ। ਖਾਸ ਤੌਰ ਤੇ ਉਨ੍ਹਾਂ ਦੇ ਸਕੂਲ ਦੀ ਟੇਕਿੰਗ ਓਵਰ ਦਾ ਮਸਲਾ ਹੈ। ਮੈਂ ਦਸਦਾ ਹਾਂ ਕਿ ਉਸ ਦੇ ਬਾਰੇ ਗਾਈਡਲਾਈਨਜ਼ ਹਨ। ਉਸ ਦੇ ਮੁਤਾਬਿਕ ਜਿਸ ਵੇਲੇ ਪ੍ਰਾਈਵੇਟ ਮੈਨੇਜਮੈਂਟ ਅਪਲਾਈ ਕਰ ਦੇਵੇ ਔਰ ਉਨ੍ਹਾਂ ਕਲਾਜ਼ਾਂ ਦੇ ਮੁਤਾਬਕ ਮੁਕੰਮਲ ਹੋਵੇ ਔਰ ਸਾਰੀਆਂ ਫਾਰਮੈਲਟੀਜ਼ ਪੂਰੀਆਂ ਹੋਣ ਤਾਂ ਉਸ ਤੇ ਗੌਰਮਿੰਟ ਵਿਚਾਰ ਕਰਦੀ ਹੈ ਉਨ੍ਹਾਂ ਦਾ ਕੇਸ ਅੰਡਰ ਪ੍ਰੌਸੈਸ ਹੋਵੇਗਾ। ਦੂਸਰਾ ਸੁਆਲ ਇਨ੍ਹਾਂ ਨੇ ਇਹ ਕੀਤਾ ਹੈ ਕਿ ਜਿਹੜੇ ਸਕੂਲ ਇਨ੍ਹਾਂ ਸਕੂਲਾਂ ਤੋਂ ਇਲਾਵਾ ਪ੍ਰਾਈਵੇਟ ਚਲ ਰਹੇ ਹਨ ਔਰ ਉਹ ਹਾਲੇ ਤਕ ਗ੍ਰਾਂਟ-ਇਨ-ਏਡ ਦੀ ਲਿਸਟ ਤੇ ਨਹੀਂ ਲਿਆਂਦੇ ਗਏ ਉਸ ਮਸਲੇ ਵਿਚੋਂ ਮੈਂ ਬੇਨਤੀ ਕਰਾਂਗਾ ਕਿ ਸਾਡੇ ਨਾਲ ਜਿੰਨੇ ਸਕੂਲ ਐਫੀਲੀਏਟਿਡ ਹਨ ਔਰ ਉਹ ਗ੍ਰਾਂਟ-ਇਨ-ਏਡ ਦੀ ਲਿਸਟ ਤੇ ਨਹੀਂ ਹਨ ਉਹ 68 ਹਨ ਜਿਨ੍ਹਾਂ ਵਿਚ 64 ਹਾਈ ਸਕੂਲ ਹਨ ਔਰ 4 ਹਾਇਰ ਸਕੈਂਡਰੀ ਸਕੂਲ ਹਨ। ਉਨ੍ਹਾਂ ਦੀ ਟੇਕਿੰਗ ਓਵਰ ਤੇ ਕਾਫ਼ੀ ਰੁਪਿਆ ਖਰਚ ਹੁੰਦਾ ਹੈ। ਇਹ ਸਾਰੀ ਚੀਜ਼ ਅਵੇਲੇਬਿਲਿਟੀ ਆਫ਼ ਫੰਡਜ਼ ਤੇ ਨਿਰਭਰ ਕਰਦੀ ਹੈ। ਜਿਸ ਵੇਲੇ ਫੰਡਜ਼ ਅਵੇਲੇਬਲ ਹੋਣਗੇ ਇਸ ਮਸਲੇ ਤੇ ਵਿਚਾਰ ਕੀਤਾ ਜਾ ਸਕਦਾ ਹੈ। ਵੈਸੇ ਨਹੀਂ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੰਤਰੀ ਸਾਹਿਬ ਕਹਿੰਦੇ ਹਨ ਕਿ ਸਰਕਾਰੀ-ਕਰਨ ਕਰਨ ਵਿਚ ਅਜੇ ਕੁਝ ਅੜਚਨ ਹੈ। ਮੈਂ ਕਹਿੰਦਾ ਹਾਂ ਕਿ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਵੱਧ ਗਈ ਹੈ। ਪਰ ਪਿਛਲੇ 7, 8 ਸਾਲਾਂ ਤੋਂ ਅਧਿਆਪਕਾਂ ਦੀ ਗਿਣਤੀ ਨਹੀਂ ਵਧੀ। ਕੀ ਇਹ ਕਿਰਪਾ ਕਰਕੇ ਦਸਣਗੇ ਕਿ ਅਜਿਹੇ ਸਕੂਲਾਂ ਵਿਚ ਅਧਿਆਪਕਾਂ ਦੀ ਗਿਣਤੀ ਵਧਾਈ ਜਾਏਗੀ ?

**ਮੰਤਰੀ** : ਕਰੀਏਸ਼ਨ ਆਫ਼ ਪੋਸਟਸ ਬਾਰੇ ਗੌਰਮਿੰਟ ਦੀ ਪਾਲਿਸੀ ਪੁਛੀ ਹੈ। 1967 ਵਿਚ ਜਿਹੜੀਆਂ ਪੋਸਟਾਂ ਫਰੀਜ਼ ਹੋ ਗਈਆਂ ਸਨ ਉਸ ਦੇ ਬਾਅਦ ਦੋ ਤਿੰਨ ਸਰਕਾਰਾਂ ਆਈਆਂ ਲੇਕਿਨ ਉਨ੍ਹਾਂ ਨੇ ਨਵੀਆਂ ਪੋਸਟਾਂ ਬਾਰੇ ਕੁਝ ਨਹੀਂ ਕੀਤਾ, ਪਿਛਲੀ ਜਿਹੜੀ ਸਰਕਾਰ 1977 ਤੋਂ 1980 ਤਕ ਰਹੀ ਹੈ ਇਹ ਮਸਲਾ ਉਸ ਦੇ ਵੀ ਜ਼ੇਰੇ ਬਹਿਸ ਸੀ। ਇਹ ਮਸਲਾ ਸਿਰਫ਼ ਸਕੂਲਾਂ ਦਾ ਹੀ ਨਹੀਂ ਬਲਕਿ ਕਾਲਜਾਂ ਦਾ ਵੀ ਹੈ। ਇਸ ਸਾਰੀ ਚੀਜ਼ ਤੇ ਵਿਚਾਰ ਕੀਤਾ ਜਾ ਸਕਦਾ ਹੈ ਸਬਜੈਕਟ ਟੂ ਅਵੇਲੇਬਿਲਿਟੀ ਆਫ਼ ਫੰਡਜ਼।

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਇਸ ਗਲ ਨੂੰ ਵੇਖਦਿਆਂ ਹੋਇਆਂ ਕਿ ਪ੍ਰਾਈਵੇਟ ਸਕੂਲਜ਼ ਟੀਚਿੰਗ ਸ਼ਾਪਸ ਬਣ ਚੁਕੀਆਂ ਹਨ ਔਰ ਉਨ੍ਹਾਂ ਵਿਚ ਮਿਸਮੈਨੇਜਮੈਂਟ ਹੈ ਕੀ ਜਿਸ ਤਰ੍ਹਾਂ ਬਿਹਾਰ ਗੌਰਮਿੰਟ ਨੇ ਟੈਮਪੋਰੇਰਲੀ ਸਕੂਲ ਟੇਕ ਓਵਰ ਕੀਤੇ ਹਨ, ਉਸ ਤਰ੍ਹਾਂ ਇਹ ਕਰਨ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ]

ਨੂੰ ਤਿਆਰ ਹਨ ਤਾਕਿ ਮੈਨੇਜਮੈਂਟਸ ਨੂੰ ਸਾਊਂਡ ਕੀਤਾ ਜਾ ਸਕੇ ਅਤੇ ਜਿਥੇ ਫੰਡਜ਼ ਦੀ ਦੁਰਵਰਤੋਂ ਹੋ ਰਹੀ ਹੈ ਉਹ ਰੋਕੀ ਜਾ ਸਕੇ ?

**ਮੰਤਰੀ** : ਮੈਂ ਬਿਲਕੁਲ ਕਰਨ ਨੂੰ ਤਿਆਰ ਹਾਂ ਅਗਰ ਇਹ ਮੇਰੇ ਚੈਂਬਰ ਵਿਚ ਆ ਕੇ ਮੇਰੇ ਨਾਲ ਗਲ ਕਰ ਲੈਣ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1270**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)

**Internal Telephone System in Government Medical College Hospitals**

***1220 Sardar Major Singh Ubboke :** Will the Minister for Health be pleased to state—

(a) whether internal telephone system has been installed in any of the Government Medical College Hospitals in the State ; if so, the names of such hospitals ;

(b) whether the Government also intend to extend this facility to other Medical College Hospitals for the better care and treatment of patients ?

**ਸ੍ਰੀ ਜੋਗਿੰਦਰ ਪਾਲ ਪਾਂਡੇ** : (ੳ) ਹਾਂ ਜੀ ਰਾਜਿੰਦਰ ਹਸਪਤਾਲ, ਪਟਿਆਲਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ।

(ਅ) ਅਜੇ ਨਹੀਂ। ਫਰੀਦਕੋਟ ਵਿਖੇ ਨਵੀਂ ਬਿਲਡਿੰਗ ਬਣਨ ਤੋਂ ਬਾਅਦ ਵਿਚਾਰ ਲਿਆ ਜਾਵੇਗਾ ।

**ਸਰਦਾਰ ਮੇਜਰ ਸਿੰਘ ਉਬੋਕੇ** . ਸਪੀਕਰ ਸਾਹਿਬ, ਮੈਂ ਸੁਆਲ ਕੀਤਾ ਸੀ ਕਿ ਪੰਜਾਬ ਦੇ ਮੈਡੀਕਲ ਕਾਲਜਾਂ ਔਰ ਹਸਪਤਾਲਾਂ ਵਿਚ ਟੈਲੀਫੋਨ ਦਾ ਇੰਟਰਨਲ ਸਿਸਟਮ ਕਿਥੇ ਕਿਥੇ ਹੈ; ਔਰ ਜਵਾਬ ਆਇਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਅੰਮ੍ਰਿਤਸਰ ਵਿਚ ਹੈ। ਮੇਰੀ ਅਰਜ਼ ਹੈ ਕਿ ਤੁਸੀਂ ਆਪ ਅੰਮ੍ਰਿਤਸਰ ਦੇ ਰਹਿਣ ਵਾਲੇ ਹੋ। ਦੂਸਰੇ ਕੁਝ ਅੰਮ੍ਰਿਤਸਰ ਦੇ ਮੈਂਬਰ ਸਾਹਿਬਾਨ ਇਧਰ ਵੀ ਅਤੇ ਉਧਰ ਵੀ ਬੈਠੇ ਹਨ। ਇਹ ਦਸ ਦੇਣ ਕਿ ਆਇਆ ਇਹ ਰਿਪਲਾਈ ਠੀਕ ਹੈ। ਉਸ ਹਸਪਤਾਲ ਦਾ ਤਾਂ ਬਾਹਰਲਾ ਟੈਲੀਫੋਨ ਠੀਕ ਨਹੀਂ ਰਹਿੰਦਾ, ਇੰਟਰਨਲ ਸਿਸਟਮ ਕਿਥੋਂ ਆ ਗਿਆ। ਇਹ ਜਿਹੜੇ ਅਫ਼ਸਰ ਨੇ ਗਲਤ ਜਵਾਬ ਬਣਾਕੇ ਦਿਤਾ ਹੈ ਕੀ ਉਸ ਦੇ ਖਿਲਾਫ਼ ਕੋਈ ਕਾਰਵਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਸੁਆਲ ਕੀਤਾ ਸੀ ਉਸ ਦਾ ਜਵਾਬ ਦਿਤਾ ਹੈ। ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਔਰ ਰਾਜਿੰਦਰਾ ਹਸਪਤਾਲ, ਪਟਿਆਲਾ ਵਿਚ ਇੰਤਜ਼ਾਮ ਹੈ।

Original with;
Punjab Vidhan Sabha
Digitized by;
Panjab Digital Library

ਚੂੰਕਿ ਫਰੀਦਕੋਟ ਦੀ ਬਿਲਡੰਗਿ ਹਾਲੇ ਨਹੀਂ ਬਣੀ ਉਥੇ ਬਿਲਡਿੰਗ ਬਣਨ ਤੋਂ ਬਾਅਦ ਵਿਚਾਰ ਕੀਤਾ ਜਾਏਗਾ। ਇਨ੍ਹਾਂ ਨੇ ਕਿਹਾ ਹੈ ਕਿ ਜੰਵਾਬ ਠੀਕ ਨਹੀਂ ਦਿਤਾ। ਮੈਂ ਇਹ ਪੜ੍ਹ ਦਿੰਦਾ ਹਾਂ:

Sri Guru Tegh Bahadur Hospital, Amritsar, has a bed strength of 950. out of which 450 beds are in the old existing building and 500 beds in the new building. Internal telephone system consisting of 36 lines exists in the existing (old) building since 1964. There is no proposal as yet to instal this system in the new building.

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਪੁਰਾਣੀ ਬਿਲਡਿੰਗ ਵਿੱਚ ਇੰਟਰਨਲ ਟੈਲੀਫੋਨ ਦਾ ਸਿਸਟਮ ਹੈ। ਤੁਸੀਂ, ਸਪੀਕਰ ਸਾਹਿਬ, ਆਪ ਅੰਮ੍ਰਿਤਸਰ ਦੇ ਰਹਿਣ ਵਾਲੇ ਹੋ। ਤੁਸੀਂ ਦੱਸ ਦਿਓ ਕਿ ਕੀ ਉਥੇ ਇਹ ਲੱਗਾ ਹੈ? ਸਰਦਾਰ ਪ੍ਰਿਥੀਪਾਲ ਸਿੰਘ ਐਮ.ਐਲ.ਏ. ਬੈਠੇ ਹਨ। ਅਜਨਾਲਾ ਸਾਹਿਬ ਬੈਠੇ ਹਨ, ਇਹ ਦੱਸ ਦੇਣ ਕਿ ਕੀ ਕਿਸੇ ਵਾਰਡ ਵਿੱਚ ਇਹ ਸਿਸਟਮ ਹੈ। ਵਜ਼ੀਰ ਸਾਹਿਬ ਨੇ ਇਤਨਾ ਗਲਤ ਜਵਾਬ ਦਿੱਤਾ ਹੈ। ਪਰਸੋਂ ਸਮਾਜ ਭਲਾਈ ਮੰਤਰੀ ਨੇ ਸਾਨੂੰ ਗਲਤ ਜਵਾਬ ਦਿੱਤਾ ਸੀ। ਮਹਿਕਮੇ ਨੇ ਵਜ਼ੀਰ ਸਾਹਿਬ ਨੂੰ ਮਿਸਲੀਡ ਕੀਤਾ ਹੈ। ਇਹ ਮੌਕੇ ਤੇ ਜਾ ਕੇ ਪੜਤਾਲ ਕਰਵਾ ਲੈਣ।

**ਮੰਤਰੀ** : ਸਪੀਕਰ ਸਾਹਿਬ ਮੈਂ ਤਾਂ ਸਪੱਸ਼ਟੀਕਰਨ ਕੀਤਾ ਹੈ। ਓਲਡ ਬਿਲਡਿੰਗ ਦੇ ਅੰਦਰ 36 ਲਾਈਨਾਂ ਐਗਜ਼ਿਸਟ ਕਰਦੀਆਂ ਹਨ। ਅਗਰ ਓਲਡ ਬਿਲਡਿੰਗ ਵਿੱਚ ਇਹ ਐਗਜ਼ਿਸਟ ਨਹੀਂ ਕਰਦੀਆਂ ਤਾਂ ਮੈਂ ਇਸ ਦੀ ਇਨਕੁਆਇਰੀ ਵਾਸਤੇ ਅਫ਼ਸਰ ਭੇਜ ਸਕਦਾ ਹਾਂ। ਹੁਣ ਅਗਲੇ ਦਿਨ ਜਿਹੜਾ ਅਸੈਂਬਲੀ ਦਾ ਸੈਸ਼ਨ ਹੋਵੇਗਾ ਉਸ ਦੇ ਵਿੱਚ ਮੈਂ ਇਤਲਾਹ ਦੇ ਸਕਦਾ ਹਾਂ ਅਗਰ ਗਲਤ ਇਨਫਰਮੇਸ਼ਨ ਦਿੱਤੀ ਹੋਈ ਤਾਂ ਐਕਸ਼ਨ ਲਵਾਂਗੇ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ ਵਜ਼ੀਰ ਸਾਹਿਬ, ਸਾਡੇ ਨਾਲ ਚਲਣ। ਕਲ੍ਹ ਛੁੱਟੀ ਹੈ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਉਸ ਹਸਪਤਾਲ ਵਿੱਚ ਭਾਵੇਂ ਕੋਈ ਮਰ ਜਾਵੇ ਤਾਂ ਵੀ ਇਤਲਾਹ ਨਹੀਂ ਮਿਲਦੀ। ਤੁਸੀਂ ਆਪ ਦੱਸ ਦਿਓ ਕਿ ਕੀ ਉਥੇ ਇਹ ਟੈਲੀਫੋਨ ਦਾ ਇੰਟਰਨਲ ਸਿਸਟਮ ਹੈ?

**ਸ੍ਰੀ ਸਪੀਕਰ** : ਮੰਤਰੀ ਮਹੋਦਯ ਨੇ ਦੱਸ ਦਿੱਤਾ ਹੈ ਕਿ ਉਹ ਅੱਜ ਇਸਦੀ ਇਨਕੁਆਇਰੀ ਕਰਵਾ ਲੈਣਗੇ ਅਤੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਇਹ ਇਤਲਾਹ ਦੇ ਦੇਣਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਪਟਿਆਲੇ ਦੇ ਹਸਪਤਾਲ ਵਿੱਚ ਵੀ ਇਹੀ ਹਾਲਤ ਹੈ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਪਿਛੇ ਜਿਹੇ ਸੀ.ਐਮ. ਸਾਹਿਬ ਨੇ ਉਥੇ ਸੱਤਵਾਂ ਮੈਡੀਕਲ ਯੂਨਿਟ ਖੋਲ੍ਹਿਆ ਸੀ, ਉਹ ਬੰਦ ਹੋ ਗਿਆ ਹੈ। ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਉਹ ਕਿਉਂ ਬੰਦ ਹੋ ਗਿਆ ਹੈ?

**ਮੰਤਰੀ** : ਸਪੀਕਰ ਸਾਹਿਬ, ਸਰਦਾਰ ਪ੍ਰਿਥੀਪਾਲ ਸਿੰਘ ਪੁਰਾਣੇ ਦੋਸਤ ਨੇ, ਆਨਰੇਬਲ ਮੈਂਬਰ ਵੀ ਨੇ। ਸਵਾਲ ਤਾਂ ਇਹ ਸੀ ਕਿ ਕੀ ਇਨ੍ਹਾਂ ਹਸਪਤਾਲਾਂ ਵਿੱਚ ਇੰਟਰਨਲ ਲਾਈਨਾਂ ਐਗਜ਼ਿਸਟ ਕਰਦੀਆਂ ਹਨ। ਯੂਨਿਟ ਦੇ ਬਾਰੇ ਕੋਈ ਸਵਾਲ ਨਹੀਂ। ਅਗਰ ਇਨ੍ਹਾਂ ਨੇ ਇਸ ਸਬੰਧੀ ਇਨਫਰਮੇਸ਼ਨ ਲੈਣੀ ਹੈ ਤਾਂ ਅਲਹਿਦਾ ਸਵਾਲ ਦੇ ਦੇਣ, ਪੂਰੀ ਤਰ੍ਹਾਂ ਜਵਾਬ ਦੇ ਦਿਆਂਗੇ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਇਥੇ ਰੋਜ਼ ਗਲਤ ਜਵਾਬ ਦਿੱਤੇ ਜਾਂਦੇ ਹਨ। ਤੁਸੀਂ ਸਾਨੂੰ ਪ੍ਰੋਟੈਕਸ਼ਨ ਦਿਓ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਕੀ ਪਟਿਆਲੇ ਦੇ ਰਾਜਿੰਦਰਾ ਹਸਪਤਾਲ ਬਾਰੇ ਵੀ ਇਸ ਦੀ ਇਨਕੁਆਇਰੀ ਵਜ਼ੀਰ ਸਾਹਿਬ ਕਰਕੇ ਦਸਣਗੇ। ਉਥੇ ਨਾ ਕੋਈ ਟੈਲੀਫੂਨ ਚਲਦਾ ਹੈ ਅਤੇ ਨਾ ਹੀ ਦਵਾਈ ਮਿਲਦੀ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਯਕੀਨ ਦਿਵਾਉਂਦਾ ਹਾਂ ਕਿ ਮੁਕੰਮਲ ਤੌਰ ਤੇ ਮੈਂਬਰਾਂ ਦੀ ਤਸੱਲੀ ਕਰਵਾਈ ਜਾਵੇਗੀ। ਅਗਲੀ ਮੀਟਿੰਗ ਵਿੱਚ ਇਸ ਦਾ ਜਵਾਬ ਦੇ ਦਿਆਂਗੇ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1189**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ, ਇਹ ਸਵਾਲ ਪੁਟ ਨਹੀਂ ਕੀਤਾ ਗਿਆ।)

---

## Setting up of Sugar Mills

***1237 Sardar Harcharan Singh Hero** : Will the Minister of State for Cooperation be pleased to state whether there is any proposal under the consideration of the Government for setting up more suger Mills in the State, if so, the details thereof ?

**ਸਰਦਾਰ ਬੀਰਪਾਲ ਸਿੰਘ** : ਹਾਂ ਜੀ। ਦੀ ਪਟਿਆਲਾ ਕੋਆਪਰੇਟਿਵ ਸ਼ੂਗਰ ਮਿਲਜ਼ ਲਿ: ਧਬਲਾਨ, ਦੀ ਦੋਰਾਹਾ ਕੋਆਪਰੇਟਿਵ ਸ਼ੂਗਰ ਮਿਲਜ਼ ਲਿ : ਦੋਰਾਹਾ, ਜ਼ਿਲ੍ਹਾ ਲੁਧਿਆਣਾ, ਦੀ ਅੰਮ੍ਰਿਤਸਰ ਕੋਆਪਰੇਟਿਵ ਸ਼ੂਗਰ ਮਿਲਜ਼ ਲਿਸ : ਅਜਨਾਲਾ, ਦੀ ਮਾਝਾ ਕੋਆਪਰੇਟਿਵ ਸ਼ੂਗਰ ਮਿਲਜ਼ ਲਿ : ਸੇਰੋਂ, ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ, ਅਤੇ ਦੀ ਫਾਜ਼ਿਲਕਾ ਕੋਆਪ੍ਰੇਟਿਵ ਸ਼ੂਗਰ ਮਿਲਜ਼ ਲਿ : ਫ਼ਾਜ਼ਿਲਕਾ ਦੀਆਂ ਲਾਇਸੰਸ ਦੇਣ ਵਾਸਤੇ ਅਰਜ਼ੀਆਂ ਪੰਜਾਬ ਸਰਕਾਰ ਵਲੋਂ ਭਾਰਤ ਸਰਕਾਰ ਨੂੰ ਤਰਤੀਬਵਾਰ ਮਿਤੀ 20-4-77, 28-1-77, 28-11-77, 6-7-81, ਅਤੇ 13-7-81 ਨੂੰ ਭੇਜੀਆਂ ਗਈਆਂ ਸਨ। ਉਪਰੋਕਤ ਪੰਜ ਅਰਜ਼ੀਆ ਵਿਚੋਂ ਭਾਰਤ ਸਰਕਾਰ ਨੇ ਪਟਿਆਲੇ ਜ਼ਿਲ੍ਹੇ ਵਿਚ ਧਬਲਾਨ ਵਿਖੇ ਖੰਡ ਮਿਲ ਲਾਉਣ ਬਾਰੇ ਲਾਇਸੰਸ ਦੀ ਮਨਜ਼ੂਰੀ ਦੇ ਦਿੱਤੀ ਹੈ। ਬਾਕੀ ਦੀਆਂ ਅਰਜ਼ੀਆਂ ਭਾਰਤ ਸਰਕਾਰ ਪਾਸ ਪੈਂਡਿੰਗ ਹਨ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਬੜੀ ਖੁਸ਼ੀ ਦੀ ਗਲ ਹੈ ਕਿ ਪਟਿਆਲੇ ਜ਼ਿਲ੍ਹੇ ਵਿੱਚ ਸ਼ੂਗਰ ਮਿਲ ਖੋਲ੍ਹਣ ਲਈ ਲਾਇਸੈਂਸ ਮਿਲ ਗਿਆ ਹੈ ਅਤੇ ਮਿਲ ਵੀ ਸ਼ੁਰੂ ਹੋ ਗਈ ਹੈ। ਬਾਕੀ ਤਿੰਨ ਅਰਜ਼ੀਆਂ 1977 ਦੀਆਂ ਲਾਇਸੈਂਸ ਲਈ ਪੈਂਡਿੰਗ ਹਨ ਭਾਰਤ ਸਰਕਾਰ ਕੋਲ। ਦੋ ਇਨ੍ਹਾਂ ਨੇ ਹੁਣ ਭੇਜੀਆਂ ਹਨ। ਇੱਕ ਲਾਇਸੈਂਸ ਮਿਲ ਗਿਆ ਹੈ। ਇੱਕ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਚਾਰ ਲਾਇਸੈਂਸ ਕਦੋਂ ਤਕ ਮਿਲ ਜਾਣਗੇ। ਦੂਸਰਾ ਕੀ ਮੰਤਰੀ ਜੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਚਾਰ ਮਿਲਾਂ ਦੇ ਇਲਾਵਾ ਕੀ ਹੋਰ ਵੀ ਕਿਸੇ ਜਗ੍ਹਾ ਮਿਲ ਲਾਉਣ ਦਾ ਇਨ੍ਹਾਂ ਦਾ ਵਿਚਾਰ ਹੈ ਤਾਂ ਕਿ ਜਿਹੜੀ ਗੰਨੇ ਦੀ ਕੈਸ਼ ਕਰਾਪ ਹੈ, ਜ਼ਿਮੀਂਦਾਰ ਇਸ ਪਾਸੇ ਵੱਲ ਲੱਗਾ ਹੋਇਆ ਹੈ, ਉਸ ਦਾ ਉਹ ਗੰਨਾ ਵੇਲੇ ਸਿਰ ਪੀੜਿਆ ਜਾ ਸਕੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਕੀ ਦੀਆਂ ਮਿੱਲਾਂ ਲਾਉਣ ਬਾਰੇ ਜਿਹੜੇ ਪੈਂਡਿੰਗ ਕੇਸ ਪਏ ਹਨ, ਇਹ ਸਕਰੀਨਿੰਗ ਕਮੇਟੀ ਨੇ ਟੇਕ-ਅੱਪ ਕੀਤੇ ਸਨ। ਇਹ ਸੋਚ ਕੇ ਕਿ ਸ਼ਾਇਦ ਉਥੇ ਗੰਨਾ ਘੱਟ ਹੋਵੇ, ਇਸ ਲਈ ਉਨ੍ਹਾਂ ਨੇ ਇਸ ਨੂੰ ਰਿਜੈਕਟ ਕਰ ਦਿੱਤਾ ਸੀ। ਮਗਰ ਲਾਇਸੈਂਸਿੰਗ ਕਮੇਟੀ ਦੇ ਚੇਅਰਮੈਨ ਨੇ ਉਨ੍ਹਾਂ ਨੂੰ ਦੁਬਾਰਾ ਹਦਾਇਤ ਦਿੱਤੀ ਹੈ ਕਿ ਇਹ ਜਿਹੜੇ ਪੰਜਾਬ ਦੇ ਪੈਂਡਿੰਗ ਕੇਸ ਹਨ ਇਨ੍ਹਾਂ ਨੂੰ ਦੁਬਾਰਾ ਟੇਕ-ਅੱਪ ਕਰੋ। ਇਸ ਸਬੰਧੀ ਜਿਹੜੀਆਂ ਜ਼ਰੂਰੀ ਸੂਚੀਆਂ ਉਨ੍ਹਾਂ ਨੇ ਮੰਗੀਆਂ ਸਨ ਉਹ ਅਸੀਂ ਭੇਜ ਦਿੱਤੀਆਂ ਹਨ। ਅਸੀਂ ਉਨ੍ਹਾਂ ਨੂੰ ਫਾਲੋ-ਅਪ ਕਰ ਰਹੇ ਹਾਂ। ਪਿਛਲੇ ਦਿਨੀਂ ਐਗਰੀਕਲਚਰ ਮਨਿਸਟਰ ਰਾਓ ਬਰਿੰਦਰ ਸਿੰਘ ਜੀ ਨੂੰ ਮੈਂ ਮਿਲਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਤੁਸੀਂ ਦਿੱਲੀ ਆ ਕੇ ਇਸ ਮਾਮਲੇ ਬਾਰੇ ਗੱਲ ਬਾਤ ਕਰੋ, ਅਸੀਂ ਜ਼ਰੂਰ ਇਸ ਪਾਸੇ ਐਕਸ਼ਨ ਲਵਾਂਗੇ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਿਆ ਸੀ ਕਿ ਹੋਰ ਕਿੰਨੀਆਂ ਮਿਲਾਂ ਲਾਉਣ ਲਈ ਸੈਂਟਰ ਗੌਰਮਿੰਟ ਕੋਲ ਕੇਸ ਭੇਜ ਦਿੱਤੇ ਗਏ ਹਨ ਜਾਂ ਹੋਰ ਕਿੰਨੀਆਂ ਮਿੱਲਾਂ ਲਾਉਣ ਲਈ ਕੇਸ ਇਨ੍ਹਾਂ ਦੇ ਵਿਚਾਰ ਅਧੀਨ ਹਨ ਅਤੇ ਇਹ ਅਰਜ਼ੀਆਂ ਸੈਂਟਰ ਗੌਰਮਿੰਟ ਨੂੰ ਕਦੋਂ ਤਕ ਭੇਜ ਦੇਣਗੇ ਤਾਂ ਕਿ ਇਨ੍ਹਾਂ ਮਿਲਾਂ ਨੂੰ ਲਾਉਣ ਲਈ ਲਾਇਸੈਂਸ ਮਿਲ ਜਾਣ ਅਤੇ ਕੰਮ ਵੀ ਸ਼ੁਰੂ ਹੋ ਜਾਵੇ ?

**ਰਾਜ ਮੰਤਰੀ** : ਮੈਂ ਹੀਰੋ ਸਾਹਿਬ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਗੁਜ਼ਾਰਿਸ਼ ਕਰਾਂਗਾ ਕਿ ਬਾਕੀ ਦੋ ਮਿਲਾਂ ਬਾਰੇ ਲਿਖਿਆ ਹੈ। ਇਕ ਰਾਜਪੁਰੇ ਵਿੱਚ ਅਤੇ ਇੱਕ ਬੁਢਲਾਡੇ। ਇਨ੍ਹਾਂ ਕੇਸਾਂ ਨੂੰ ਜਲਦੀ ਪਰਸਿਊ ਕਰਾਂਗੇ ਤਾਂ ਕਿ ਇਨ੍ਹਾਂ ਦੇ ਲਾਇਸੈਂਸ ਮਿਲ ਜਾਣ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਦਾਰ ਬੀਰਪਾਲ ਸਿੰਘ ਨੂੰ ਪੁੱਛਣ ਦੀ ਬਜਾਏ ਮੁੱਖ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜਾ ਸੀਰੀਅਸ ਮਸਲਾ ਹੈ। ਸਾਡੀ ਸਟੇਟ ਦਾ ਕੇਵਲ 20% ਗੰਨਾ ਕਰੱਸ਼ ਹੁੰਦਾ ਹੈ, 80% ਕਰੱਸ਼ ਨਹੀਂ ਹੁੰਦਾ। ਇੰਡੀਆ ਦੀਆਂ ਬਾਕੀ ਸਟੇਟਾਂ ਵਿਚ 80%, 70% ਜਾਂ ਘੱਟ ਘੱਟ 60% ਗੰਨਾਂ ਕਰੱਸ਼ ਹੁੰਦਾ ਹੈ। ਇਸ ਗੰਭੀਰ ਮਸਲੇ ਨੂੰ ਮੁੱਖ ਰਖਦੇ ਹੋਏ ਕੀ ਚੀਫ ਮਨਿਸਟਰ ਸਾਹਿਬ ਪ੍ਰਾਈਮ ਮਨਿਸਟਰ ਦੇ ਲੈਵਲ ਤੇ ਇਹ ਪੈਡਿੰਗ ਲਾਇਸੈਂਸ ਲੈਣ ਲਈ ਮਾਮਲਾ ਟੇਕ-ਅੱਪ ਕਰਨਗੇ ਤਾਂਕਿ ਲਾਇਸੈਂਸ ਮਿਲ ਜਾਣ ਅਤੇ ਸਟੇਟ ਦਾ ਭਲਾ ਹੋਵੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਖੁਸ਼ੀ ਦੀ ਗਲ ਹੈ ਕਿ ਇਨ੍ਹਾਂ ਨੇ ਇਹ ਮਸਲਾ ਇਥੇ ਲਿਆਂਦਾ ਹੈ। ਮੈਂ ਇਸ ਸਬੰਧੀ ਮਨਿਸਟਰ ਇਨਚਾਰਜ ਨਾਲ ਗਲ ਕੀਤੀ ਸੀ। ਬਹੁਤ ਥੋੜ੍ਹੇ ਦਿਨ ਹੋਏ ਉਨ੍ਹਾਂ ਨੂੰ ਮਿਲਣ ਦਾ ਵੀ ਮੌਕਾ ਮਿਲਿਆ ਸੀ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਸ਼ੂਗਰ ਕੇਨ ਦੀਆਂ ਮਿਲਾਂ ਲਾਉਣ ਲਈ ਲਾਇਸੈਂਸ ਦਿਓ ਕਿਉਂਕਿ ਸਾਡਾ ਪੂਰਾ ਗੰਨਾ ਪੀੜਿਆ ਨਹੀਂ ਜਾ ਸਕਦਾ। ਇਹ ਮੈਂ ਉਨ੍ਹਾਂ ਨੂੰ ਆਖਿਆ ਹੈ ਔਰ ਉਨ੍ਹਾਂ ਨੇ ਬੜੇ ਹਮਦਰਦਾਨਾ ਤਰੀਕੇ ਨਾਲ ਜਵਾਬ ਦਿੱਤਾ ਹੈ। ਮੇਰੀ ਇਹ ਕੋਸ਼ਿਸ਼ ਹੋਵੇਗੀ ਕਿ ਇਸ ਅਸੈਂਬਲੀ ਸੈਸ਼ਨ ਤੋਂ ਬਾਅਦ ਉਥੇ ਬੈਠ ਕੇ ਇਸ ਕੇਸ ਦਾ ਫੈਸਲਾ ਕਰਵਾ ਕੇ ਲਿਆਵਾਂ ਤਾਕਿ ਗੰਨਾ ਕਰੱਸ਼ ਹੋ ਸਕਿਆ ਕਰੇ।

**ਨਿਸ਼ਾਨ ਵਾਲਾ ਪ੍ਰਸ਼ਨ** ਨੰ: **1399**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ।)

Original with;
Punjab Vidhan Sabha
Digitized by;
Panjab Digital Library

## Public Holiday on Paras Ram Jayanti on 22nd April, 1982

***1252. Shri Ram Lal Chitti :** Will the Chief Minister be pleased to state whether there is any proposal under the consideration of the Government to declare a public holiday on Paras Ram Jayanti falling on 22nd April, 1982?

**ਸਰਦਾਰ ਦਰਬਾਰਾ ਸਿੰਘ :** ਨਹੀਂ ਜੀ ।

**ਸ੍ਰੀ ਰਾਮ ਲਾਲ ਚਿੱਟੀ :** ਸਪੀਕਰ ਸਾਹਿਬ, ਮੇਰਾ ਸਵਾਲ ਬੜਾ ਠੀਕ ਸੀ। ਬ੍ਰਾਹਮਣ ਕੌਮ ਦੇ ਦਾਦਾ ਗੁਰੂ ਪਰਸ ਰਾਮ ਜੀ ਦੀ ਛੁੱਟੀ ਕਰਨੀ ਚਾਹੀਦੀ ਹੈ। ਜਿੱਥੇ ਪੰਜਾਬ ਦੇ ਵਿਚ 96 ਛੁੱਟੀਆਂ ਸਨਿਚਰਵਾਰ ਔਰ ਐਤਵਾਰ ਦੀਆਂ ਹੁੰਦੀਆਂ ਹਨ 25 ਛੁੱਟੀਆਂ ਹੋਰ ਹੁੰਦੀਆਂ ਹਨ, ਫਿਰ ਗੁਡ ਫਰਾਈਡੇ ਦੀ 6 ਅਪ੍ਰੈਲ ਨੂੰ ਛੁੱਟੀ ਹੈ, ਮੇਅ ਡੇਅ ਹੈ, 23 ਜੁਲਾਈ ਨੂੰ ਇਦ-ਉਲ-ਫਿਤਰ ਦੀ ਛੁੱਟੀ ਹੈ ਔਰ ਇਸ ਤਰ੍ਹਾਂ ਹੀ 25 ਦਸੰਬਰ ਨੂੰ ਕ੍ਰਿਸਮਿਸ ਡੇਅ ਹੈ। ਜੇਕਰ ਸਪੀਕਰ ਸਾਹਿਬ, ਇਹ ਛੁੱਟੀਆਂ ਹੋ ਸਕਦੀਆਂ ਹਨ ਤਾਂ ਇਹ ਸਾਡੇ ਗੁਰੂ ਦੇ ਬਾਰੇ ਵੀ ਸੋਚ ਲੈਣ। ਉਨ੍ਹਾਂ ਦੀ ਜੈਂਤੀ ਤੇ ਵੀ ਛੁੱਟੀ ਹੋਣੀ ਚਾਹੀਦੀ ਹੈ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਕਰਮਚਾਰੀ ਆਪਣੀ ਮਰਜ਼ੀ ਨਾਲ ਦੋ ਛੁੱਟੀਆਂ ਲੈ ਸਕਦਾ ਹੈ। ਉਸ ਵਿਚ ਇਹ ਸ਼ਾਮਲ ਹੋ ਸਕਦੀ ਹੈ। ਸਪੀਕਰ ਸਾਹਿਬ, ਇਹ ਗੱਲ ਕੌਣ ਨਹੀਂ ਜਾਣਦਾ ਕਿ ਸ੍ਰੀ ਪਰਸ ਰਾਮ ਜੀ ਇਕ ਮਾਨੀਯ ਮਹਾਂਪੁਰਸ਼ ਸਨ ਔਰ ਵੈਸੇ ਵੀ ਕੋਈ ਇਹ ਗੱਲ ਨਹੀਂ ਹੈ ਕਿ ਕੋਈ ਉਨ੍ਹਾਂ ਤੋਂ ਡਰਦਾ ਨਹੀਂ ਹੈ। (ਹਾਸਾ)

**ਸ੍ਰੀ ਰਾਮ ਸਵਰੂਪ ਬਾਗੀ :** : ਸਪੀਕਰ ਸਾਹਿਬ, ਮੈਂ ਚਿੱਟੀ ਸਾਹਿਬ ਦੇ ਵਿਚਾਰਾਂ ਤੋਂ ਵੀ ਅੱਗੇ ਹਾਂ। ਪਰਸ ਰਾਮ ਜੀ ਭਗਵਾਨ ਹੋਏ ਹਨ। ਜਿਸ ਤਰ੍ਹਾਂ ਚੀਫ ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਦੋ ਛੁੱਟੀਆਂ ਹੁੰਦੀਆਂ ਹਨ ਔਰ ਮੁਲਾਜ਼ਮ ਕੋਈ ਦੋ ਛੁੱਟੀਆਂ ਲੈ ਸਕਦਾ ਹੈ ਮੈਂ ਇਹ ਕਹਾਂਗਾ ਕਿ ਮੈਜਾਰਿਟੀ ਪੰਜਾਬ ਵਿਚ ਬ੍ਰਾਹਮਣਾਂ ਦੀ ਹੈ। ਇਸ ਲਈ ਸਰਕਾਰ ਨੂੰ ਇਹ ਇਖ-ਤਿਆਰੀ ਛੁੱਟੀ ਨਹੀਂ ਕਰਨੀ ਚਾਹੀਦੀ। ਭਗਵਾਨ ਦੀ ਬਾਕਾਇਦਾ ਛੁੱਟੀ ਹੋਣੀ ਚਾਹੀਦੀ ਹੈ।

**ਮੁੱਖ ਮੰਤਰੀ :** (ਬੈਠੇ ਬੈਠੇ) ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਗੱਲ ਹੈ। ਭਗਵਾਨ ਦੀ ਛੁੱਟੀ ਨਹੀਂ ਹੋਣੀ ਚਾਹੀਦੀ। (ਹਾਸਾ)

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਭਗਵਾਨ ਪਰਸ ਰਾਮ ਜੀ ਬਾਰੇ ਛੁੱਟੀ ਦੀ ਮੰਗ ਕੀਤੀ ਜਾ ਰਹੀ ਹੈ ਪਰ ਜਿਹੜਾ ਉਨ੍ਹਾਂ ਦਾ ਕਛੱਤਰੀਆਂ ਤੇ ਕੁਲਹਾੜਾ ਪਿਆ ਹੋਇਆ ਹੈ, ਕੀ ਉਸ ਨੂੰ ਠੀਕ ਕਰਨ ਦਾ ਵੀ ਸਰਕਾਰ ਦਾ ਕੋਈ ਵਿਚਾਰ ਹੈ ? (ਬਹੁਤ ਹਾਸਾ)

**ਪੰਡਿਤ ਸਰਵਣ ਰਾਮ :** ਸਪੀਕਰ ਸਾਹਿਬ, ਸਾਰਿਆਂ ਧਰਮਾਂ ਵਿਚ ਛੁੱਟੀਆਂ ਹੋ ਰਹੀਆਂ ਹਨ। ਸਾਡੇ ਦਾਦਾ ਗੁਰੂ ਪਰਸ ਰਾਮ ਜੀ ਹੋਏ ਹਨ। ਮੈਂ ਸਰਕਾਰ ਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜ਼ਰੂਰ ਛੁੱਟੀ ਕਰ ਦਿੱਤੀ ਜਾਵੇ। ਇਹ ਸਾਡੇ ਧਰਮ ਦੀ ਗੱਲ ਹੈ। ਇਸ ਕਰਕੇ ਚੀਫ ਮਨਿਸਟਰ ਸਾਹਿਬ ਇਸ ਤੇ ਜ਼ਰੂਰ ਗੌਰ ਕਰਨ।

**ਸ੍ਰੀ ਸਪੀਕਰ :** ਨਹੀਂ, ਨਹੀਂ, ਧਰਮ ਦੀ ਗੱਲ ਕੋਈ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਸਪੀਕਰ ਸਾਹਿਬ, ਰਿਕਾਰਡ ਵੇਖ ਲੈਣਾ, ਸ਼ਾਇਦ ਇਹ ਰਿਕਾਰਡ ਤੇ ਆ ਗਿਆ ਹੋਣਾ ਹੈ, ਸਵਾਲ ਇਹ ਉਠਾਇਆ ਗਿਆ ਹੈ ਕਿ ਭਗਵਾਨ ਪਰਸ ਰਾਮ ਨੂੰ ਛੁੱਟੀ ਦਿੱਤੀ ਜਾਵੇ। ਸਪੀਕਰ ਸਾਹਿਬ, ਭਗਵਾਨ ਨੂੰ ਕੌਣ ਛੁੱਟੀ ਦੇ ਸਕਦਾ ਹੈ, ਭਗਵਾਨ ਕਈਆਂ ਨੂੰ ਛੁੱਟੀ ਦੇ ਦਿੰਦਾ ਹੈ, ਉਸ ਨੂੰ ਕੌਣ ਛੁੱਟੀ ਦੇ ਸਕਦਾ ਹੈ। (ਬਹੁਤ ਹਾਸਾ)

---

**Government Industrial Development-cum-Service Centre (Engg.), Patiala**

***1309 Sardar Dalip Singh Pandhi :** Will the Chief Minister be pleased to state whether any embezzlement or theft took place in the Government Industrial Development and Service Centre (Engg.), Patiala, during the year 1981, if so, the action, if any taken in this connection?

**Sardar Darbara Singh :** No embezzlement took place. However, petty thefts of old material and scrap took place on three occasions during the year 1981. Besides taking adequate security measures, the matter was promptly reported to police and is still under investigation with it.

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਚੋਰੀ ਹੋਈ ਸੀ, ਉਸ ਦਾ ਵੇਰਵਾ ਕੀ ਹੈ, ਕਿਤਨੀਂ ਕੀਮਤ ਦਾ ਮਾਲ ਚੋਰੀ ਹੋਇਆ ਸੀ, ਪੁਲਿਸ ਵਿਚ ਕਦੋਂ ਕੇਸ ਦਰਜ ਹੋਇਆ, ਕੌਣ ਕੌਣ ਚੋਰ ਹਨ, ਮਹਿਕਮੇ ਨੇ ਉਨ੍ਹਾਂ ਦੇ ਖਿਲਾਫ ਕੀ ਕੀਤਾ ਹੈ ਔਰ ਪੁਲਿਸ ਨੇ ਕੀ ਕਾਰਵਾਈ ਕੀਤੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਅਰਜ਼ ਇਹ ਹੈ ਕਿ ਇਕ 100 ਰੁਪਏ ਦੀ ਚੋਰੀ ਹੈ, ਇਕ 400 ਰੁਪਏ ਦੀ ਚੋਰੀ ਹੈ ਔਰ ਇਕ 100 ਰੁਪਏ ਦੀ ਹੈ। 13 ਅਗਸਤ, 1981 ਨੂੰ ਐਫ.ਆਈ.ਆਰ. ਦਰਜ ਕਾਰਵਾਈ ਗਈ ਹੈ ਔਰ ਕੇਸ ਇਨਵੈਸਟੀਗੇਸ਼ਨ ਵਿਚ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਕਿਹੜੇ ਕਿਹੜੇ ਕਰਮਚਾਰੀ ਦੋਸ਼ੀ ਹਨ। ਸਵਾਲ ਇਹ ਹੈ ਕਿ ਸਰਕਾਰੀ ਅਦਾਰੇ ਵਿਚੋਂ ਚੋਰੀਆਂ ਹੋ ਗਈਆਂ ਹਨ, ਇੰਬੈਜ਼ਲਮੈਂਟ ਤਾਂ ਇਹ ਕਹਿੰਦੇ ਹਨ ਕਿ ਨਹੀਂ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੇ ਕਿਹੜੇ ਮੁਲਜ਼ਮ ਹਨ, ਕੀ ਮਹਿਕਮੇ ਨੇ ਕੋਈ ਇਨਕੁਆਇਰੀ ਕੀਤੀ ਹੈ ਔਰ ਚਲਾਨ ਕਦੋਂ ਤਕ ਪੇਸ਼ ਕੀਤਾ ਜਾਵੇਗਾ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਜਿੱਥੋਂ ਤਕ ਮਹਿਕਮੇ ਦੀ ਇਨਕੁਆਇਰੀ ਦਾ ਤੁਅੱਲਕ ਹੈ, ਇਹ ਕੀਤੀ ਨਹੀਂ ਗਈ ਹੈ। ਲੇਕਿਨ ਅਸੀਂ ਇਹ ਵੀ ਕਰਨ ਲਈ ਤਿਆਰ ਹਾਂ ਕਿ ਇਹ ਅਲਹਿਦਾ ਤੌਰ ਤੇ ਕੀਤੀ ਜਾਵੇ। ਬਾਕੀ ਜਦੋਂ ਚਲਾਨ ਤਿਆਰ ਹੋ ਜਾਵੇਗਾ, ਜ਼ਰੂਰ ਕੋਰਟ ਵਿਚ ਪੇਸ਼ ਕੀਤਾ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਤਾਂ ਜਨਾਬ ਇਹ ਕਿਹਾ ਸੀ ਕਿ ਚਲਾਨ ਕਦੋਂ ਤਕ ਪੇਸ਼ ਹੋ ਜਾਵੇਗਾ, ਉਸ ਦਾ ਇਨ੍ਹਾਂ ਨੇ ਜਵਾਬ ਨਹੀਂ ਦਿੱਤਾ।

**ਮੁੱਖ ਮੰਤਰੀ** : ਪਹਿਲਾਂ ਇਨਕੁਆਇਰੀ ਤਾਂ ਹੋਣ ਦਿਓ, ਚਲਾਨ ਤਾਂ ਉਸ ਤੋਂ ਬਾਅਦ ਫੌਰੀ ਤੌਰ ਤੇ ਪੇਸ਼ ਹੋ ਜਾਵੇਗਾ।

Original with;
Punjab Vidhan Sabha
Digitized by;
Panjab Digital Library

## Construction of Bye-Pass at Amloh

***1314. Sardar Dalip Singh Pandhi** : Will the Minister for Public Works be pleased to state whether there is a proposal under the considera-tion of the Government to construct any bye-pass at Amloh from Amloh Khanna road to Amloh Tibbi road and from Amloh Tibbi road to Grain Market, Amloh; If so, the details thereof and the time likely to be taken therefor ?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਬਾਈ-ਪਾਸ ਗਰੇਨ ਮਾਰਕਿਟ ਨੂੰ ਮਨਜ਼ੂਰ ਹੋ ਗਿਆ ਸੀ। ਸਭ ਕਾਗਜ਼ ਪੱਤਰ ਸੈਕਸ਼ਨ 6 ਦੇ ਤਿਆਰ ਹੋ ਗਏ ਸਨ। ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਹ ਸਕੀਮ ਰੱਦ ਕਿਉਂ ਕੀਤੀ ਗਈ ਹੈ ? ਕੀ ਇਹ ਉਸ ਨੂੰ ਬਣਾਉਣ ਦਾ ਹੁਣ ਉਪਰਾਲਾ ਕਰਨਗੇ ਕਿਉਂਕਿ ਇਨ੍ਹਾਂ ਪਾਸ ਹੁਣ ਪੈਸੇ ਦੀ ਤਾਂ ਸ਼ਾਰਟੇਜ ਨਹੀਂ ਹੈ। ਉਹ ਸਿਰਫ਼ 3600 ਫੁੱਟ ਦਾ ਬਾਈਪਾਸ ਹੈ। ਕੀ ਇਹ ਉਸ ਨੂੰ ਬਣਾਉਣ ਲਈ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਅਮਲੋਹ ਇਕ ਛੋਟਾ ਜਿਹਾ ਸ਼ਹਿਰ ਹੈ। ਉਥੇ ਇਕ ਅੱਗੇ ਬਾਈ-ਪਾਸ ਬਣਿਆ ਹੋਇਆ ਹੈ ਜਿਹੜਾ ਮਾਰਕਿਟ ਨਾਲ ਲਿੰਕਡ ਹੈ। ਇਕ ਗੋਬਿੰਦਗੜ੍ਹ ਨੂੰ ਸੜਕ ਜਾਂਦੀ ਹੈ ਔਰ ਇਕ ਖੰਨੇ ਨੂੰ ਜਾਂਦੀ ਹੈ ਔਰ ਇਸ ਬਾਈਪਾਸ ਤੇ ਵੀਹਕਲ ਚਲਦੇ ਹਨ, ਕੋਈ ਪ੍ਰਾਬਲਮ ਨਹੀਂ ਹੈ। ਇਸ ਲਈ ਇਸ ਛੋਟੇ ਜਿਹੇ ਸ਼ਹਿਰ ਵਿਚ ਹੋਰ ਬਾਈਪਾਸ ਬਣਾਉਣ ਦੀ ਲੋੜ ਨਹੀਂ ਹੈ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਉਹ ਬਾਈ-ਪਾਸ ਤਾਂ ਮਨਜ਼ੂਰ ਹੋ ਗਿਆ। ਇਹ 3,600 ਫੁੱਟ ਲੰਬਾ ਹੈ। ਉਸ ਨਾਲ ਤਿੰਨ ਮੀਲ ਮਾਈਲੇਜ ਬਚਦੀ ਹੈ। ਮੈਂ ਇਹ ਪੁੱਛਦਾ ਹਾਂ ਕਿ ਸਰਕਾਰ ਨੇ ਉਸ ਨੂੰ ਰੱਦ ਕਿਉਂ ਕਰ ਦਿੱਤਾ ਹੈ ? ਉਸ ਬਾਈ-ਪਾਸ ਨਾਲ ਕਿਸਾਨਾਂ ਦਾ ਬੜਾ ਭਲਾ ਹੋਣਾ ਸੀ ? ਪਹਿਲੀ ਸਾਡੀ ਸਰਕਾਰ ਨੇ ਉਹ ਮਨਜ਼ੂਰ ਕੀਤਾ ਸੀ।

**ਮੰਤਰੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਉਥੇ ਇਕ ਬਾਈ-ਪਾਸ ਤਾਂ ਬਣਿਆ ਹੋਇਆ ਹੈ। ਇਹ ਛੋਟਾ ਜਿਹਾ ਸ਼ਹਿਰ ਹੈ। ਉਥੇ ਇਸ ਲਈ ਹੋਰ ਬਾਈਪਾਸ ਬਣਾਉਣ ਦੀ ਲੋੜ ਨਹੀਂ ਹੈ। ਸਪੀਕਰ ਸਾਹਿਬ, ਅਗਰ ਇਕ ਸਰਕਾਰ ਗਲਤ ਕੰਮ ਕਰੇ ਤਾਂ ਦੂਸਰੀ ਸਰਕਾਰ ਉਸ ਨੂੰ ਠੀਕ ਵੀ ਕਰ ਸਕਦੀ ਹੈ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਅਮਲੋਹ ਦੇ ਨਾਲ ਲਗਦਾ ਇਨ੍ਹਾਂ ਦਾ ਪਿੰਡ ਹੈ। ਇਸ ਲਈ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਜ਼ਿਆਦਾ ਪਤਾ ਹੋਵੇ। ਪਰ ਮੇਰੀ ਬੇਨਤੀ ਹੈ ਕਿ ਇਕ ਬਾਈਪਾਸ ਹੈ ਜੋ ਗੋਬਿੰਦਗੜ੍ਹ ਨਾਲ ਲਿੰਕਡ ਹੈ, ਉਹ ਤਾਂ ਸ਼ਹਿਰ ਦੇ ਇਕ ਪਾਸੇ ਹੈ। ਪਰ ਸ਼ਹਿਰ ਦੇ ਦੂਜੇ ਪਾਸੇ, ਨਹਿਰ ਵਾਲੇ ਪਾਸੇ ਜੋ ਲੋਕ ਰਹਿੰਦੇ ਹਨ ਉਨ੍ਹਾਂ ਨੂੰ ਉਸ ਬਾਈ-ਪਾਸ ਵਿਚ ਪੈਣ ਵਾਸਤੇ ਤਿੰਨ ਮੀਲ ਕੱਚਾ ਰਸਤਾ ਕਵਰ ਕਰਨਾ ਪੈਂਦਾ ਹੈ। ਜੇਕਰ ਬਾਈਪਾਸ ਨਹੀਂ ਤਾਂ ਮੇਰੀ ਬੇਨਤੀ ਹੈ ਕਿ ਉਸ ਨਾਲ ਹੀ ਇਸ ਰਸਤੇ ਨੂੰ ਜੋੜ ਦਿਓ ਤਾਕਿ ਕਿਸਾਨਾਂ ਨੂੰ ਕੋਈ ਰਾਹਤ ਮਿਲ ਸਕੇ ਵਰਨਾ ਉਹ ਉਥੇ ਪਹੁੰਚ ਨਹੀਂ ਸਕਦੇ।

Original with;
Punjab Vidhan Sabha
Digitized by;
Panjab Digital Library

**ਮੰਤਰੀ** : ਉਥੋਂ ਦੇ ਸਾਰੇ ਪਿੰਡ ਅਮਲੋਹ ਦੀਆਂ ਪੱਕੀਆਂ ਸੜਕਾਂ ਦੇ ਨਾਲ ਜੋੜੇ ਹੋਏ ਹਨ। ਉਸ ਬਾਈ-ਪਾਸ ਦੀ ਕੋਈ ਲੋੜ ਨਹੀਂ। ਹੋਰ ਕਈ ਪ੍ਰਾਇਰਟੀ ਨਾਲ ਕੰਮ ਕਰਨ ਵਾਲੇ ਪਏ ਹਨ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿੰਨੇ ਵੀ ਹਾਈ ਵੇ ਤੇ ਬਾਈ-ਪਾਸ ਬਣਦੇ ਹਨ, ਚਾਹੇ ਉਹ ਜਲੰਧਰ ਦੇ ਹਨ ਜਾਂ ਲੁਧਿਆਣਾ ਦੇ ਹਨ, ਉਥੇ ਫਿਰ ਆਬਾਦੀ ਹੋ ਜਾਂਦੀ ਹੈ ਅਤੇ ਉਥੋਂ ਫਿਰ ਬਾਈ-ਪਾਸ ਬਦਲਣਾ ਪੈਂਦਾ ਹੈ। ਬਾਈ-ਪਾਸ ਟਰੈਫਿਕ ਵਿਚ ਕੋਈ ਉਲੰਘਣਾ ਨਾ ਪਵੇ ਇਸ ਲਈ ਜਾਂ ਤਾਂ ਓਵਰ-ਬਰਿਜ ਬਣਾਏ ਜਾਣ ਜਾਂ ਬਾਈ-ਪਾਸ ਦੇ ਨਾਲ ਜਿਹੜੀ ਆਬਾਦੀ ਵੱਸ ਜਾਂਦੀ ਹੈ ਉਸ ਨੂੰ ਰੋਕਿਆ ਜਾਵੇ ਤਾਕਿ ਉਹ ਬਾਈ-ਪਾਸ ਦੁਬਾਰਾ ਨਾ ਬਣਾਉਣੇ ਪੈਣ।

**ਮੰਤਰੀ** : ਆਨਰੇਬਲ ਮੈਂਬਰ ਨੇ ਜਨਰਲ ਟਾਈਪ ਦਾ ਸਵਾਲ ਕੀਤਾ ਹੈ। ਜਿਥੇ ਜਿਥੇ ਲੋੜ ਹੁੰਦੀ ਹੈ ਉਥੇ ਬਾਈ-ਪਾਸ ਬਣਾਇਆ ਜਾਂਦਾ ਹੈ। ਪਰ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਚੰਗਾ ਹੋਵੇਗਾ ਜੇ ਇਹ ਅਬਾਦੀ ਨਾ ਵਧਾਉਣ ਦਾ ਯਤਨ ਕਰਨ।

---

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Construction of Bridge on Jainti Devi Ki Rao on Morinda Chuni Road

***1190. Sardar Bir Devinder Singh** : Will the Minister for Public Works be pleased to state whether it is a fact that the Government has sanctioned the construction of a Bridge on Jainti Devi Ki Rao on Morinda Chuni Road, if so, the time by which its construction is likely to be taken in hand ?

**ਸਰਦਾਰ ਬੇਅੰਤ ਸਿੰਘ** : ਹਾਂ ਜੀ। ਕੰਮ ਜਲਦੀ ਹੀ ਹੱਥ ਵਿਚ ਲਿਆ ਜਾਵੇਗਾ।

---

### Preservation and Disposal of Contraband opium

***1209.** (1) **Sardar Major Singh Ubboke**
(2) **Jathedar Naranjan Singh Patti** } : Will the Chief Minister be pleased to state—

(a) the place and manner in which contraband opium is stored and preserved after the decision of a court of law ;

(b) the quantity of opium which is sent to laboratory as a sample for test ;

(c) the method adopted to dispose of the accumulated stocks of contraband opium ?

Original with;
Punjab Vidhan Sabha
Digitized by;
Panjab Digital Library

**ਸਰਦਾਰ ਦਰਬਾਰਾ ਸਿੰਘ :** (ੳ) ਅਦਾਲਤ ਦੇ ਫੈਸਲੇ ਤੋਂ ਬਾਅਦ ਇਕ ਕਿਲੋ ਤੋਂ ਉਪਰ ਦੀ ਅਫ਼ੀਮ ਟਰੇਜ਼ਰੀ ਅਫ਼ਸਰ ਦੇ ਅੰਦਰ ਖਜ਼ਾਨੇ ਵਿਚ ਡਬਲ ਲਾਕ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਅਤੇ ਇਕ ਕਿਲੋ ਤਕ ਦੀ ਅਫ਼ੀਮ ਜ਼ਿਲ੍ਹੇ ਦੇ ਨਾਜ਼ਰ ਕੋਲ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ।

(ਅ) 5 ਤੋਂ 25 ਗ੍ਰਾਮ ਤੱਕ ।

(ੲ) ਜ਼ਿਲ੍ਹਾ ਨਾਜ਼ਰ ਇਸ ਅਫੀਮ ਨੂੰ ਕੇਂਦਰ ਸਰਕਾਰ ਦੀ ਲੈਬਾਟਟਰੀ ਨਾਰਪੁਰ ਜਾਂ ਜਨਰਲ ਮੈਨੇਜਰ ਸਰਕਾਰੀ ਅਫ਼ੀਮ ਅਤੇ ਅਲਕੋਹਲ ਵਰਕਸ ਅੰਡਰਟੇਕਿੰਗ ਗਾਜ਼ੀਆਬਾਦ-ਯੂ. ਪੀ. ਜਾਂ ਸਰਕਾਰੀ ਰੀਫਾਈਨਰੀ ਗਾਜ਼ੀਪੁਰ ਵਿਚ ਜੁਡੀਸ਼ੀਅਲ ਮੈਜਿਸਟਰੇਟ ਦੇ ਹੁਕਮ ਨਾਲ ਅਪੀਲ ਦੀ ਮੁਨਿਆਦ ਲੰਘਣ ਤੋਂ ਬਾਅਦ ਸੀਲਡ ਪਾਰਸਲ ਦੁਆਰਾ ਜਮ੍ਹਾਂ ਕਰਵਾ ਦਿੰਦਾ ਹੈ ।

---

## Installation of Statue of Lala Lajpat Rai at Jagraon

***1258. Sardar Jagroop Singh Gill :** Will the Chief Minister be pleased to state whether there is any proposal under the consideration of the Government to construct a round about on Ferozepur Jagraon Crossing at Jagraon and install a statue of Lala Lajpat Rai thereon, if so when ?

**ਸ਼੍ਰੀ ਜੋਗਿੰਦਰ ਪਾਲ ਪਾਂਡੇ :** ਜੀ ਹਾਂ ।

ਯਾਦਗਾਰ ਕਮੇਟੀ ਦੀ ਮੀਟਿੰਗ ਮਿਤੀ 20-8-1981 ਦੇ ਫੈਸਲੇ ਅਨੁਸਾਰ ਰਾਊਂਡ ਅਬਾਊਟ ਦੀ ਉਸਾਰੀ ਲੋਕ ਨਿਰਮਾਣ (ਸੜਕਾਂ ਅਤੇ ਇਮਾਰਤਾਂ) ਵਿਭਾਗ ਵਲੋਂ ਕੀਤੇ ਜਾਣ ਉਪਰੰਤ ਸਟੇਚੂ ਜਿਸ ਨੂੰ ਤਿਆਰ ਕਰਨ ਵਾਸਤੇ 10,000/- ਰੁਪਏ ਪੇਸ਼ਗੀ ਵਜੋਂ ਬੁਤ ਤਰਾਸ਼ ਨੂੰ ਜਮ੍ਹਾਂ ਕਰਵਾ ਦਿੱਤੇ ਹਨ, ਲਗਾ ਦਿੱਤਾ ਜਾਵੇਗਾ ।

---

## Link Roads Constructed in District Bhatinda

***1203. Sardar Baldev Singh Khiala :** Will the Minister for Public Works be pleased to state—

(a) the total kilometerage of link roads constructed in District Bhatinda during the period from 1st June, 1980 to 1st January, 1982 ;

(b) the phasewise details of work done on the said link roads during the period mentioned in part (a) above ?

**ਸਰਦਾਰ ਬੇਅੰਤ ਸਿੰਘ :** (ੳ) 1-6-80 ਤੋਂ 1-1-82 ਤੱਕ ਦੇ ਸਮੇਂ ਅੰਦਰ 17.45 ਕਿਲੋਮੀਟਰ ਲਿੰਕ ਸੜਕਾਂ ਬਣਾਈਆਂ ਗਈਆਂ ਸਨ ।

(ਅ) ਮਾਰਕੀਟ ਕਮੇਟੀ/ਕਰੈਸ਼ ਪ੍ਰੋਗਰਾਮ ਅਧੀਨ ਸਮੇਂ ਸਮੇਂ ਸਿਰ ਪ੍ਰਵਾਨ ਹੋਈਆਂ ਸੜਕਾਂ ਤੇ ਫੇਜ਼ਵਾਈਜ਼ ਕੰਮ ਕੀਤਾ ਗਿਆ । ਜਿਸ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ ।

Original with;
Punjab Vidhan Sabha
Digitized by;
Panjab Digital Library

ਵੇਰਵਾ

| —— | ਇੱਟਾਂ ਦੀ ਸੋਲਿੰਗ ਲਾਈ (ਕਿ:ਮੀ:) | ਪੱਥਰ ਦੀ ਕਟਾਈ ਕੀਤੀ (ਕਿ: ਮੀ:) | ਲੁੱਕ ਦਾ ਪਹਿਲਾ ਕੋਟ (ਕਿ: ਮੀ:) | ਲੁੱਕ ਦਾ ਦੂਜਾ ਕੋਟ (ਕਿ:ਮੀ:) |
|---|---|---|---|---|
| 1. ਲਿੰਕ ਮਾਰਗ ਜੋ ਕਰੈਸ਼ ਪ੍ਰੋਗਰਾਮ ਦੇ ਫੇਜ਼ 5ਵੇਂ ਤੋਂ ਲੈ ਕੇ ਦਸਵੇਂ ਵਿਚ ਬਣਾਈਆਂ | 2.19 | 0.34 | 0.34 | 5.08 |
| 2. ਲਿੰਕ ਮਾਰਗ ਜੋ ਮਾਰਕੀਟ ਕਮੇਟੀਆਂ ਦੇ ਫੰਡਾਂ ਵਿਚੋਂ ਬਣਾ-ਈਆਂ ਗਈਆਂ | 27.30 | 42.50 | 51.16 | 12.37 |
| ਜੋੜ ... | 29.49 | 42.84 | 51.50 | 17.45 |

## Setting up a Sub-Office at Grid Sub-Station Ralla Joga District Bhatinda

***1202. Shri Baldev Singh Khiala** : Will the Chief Minister be pleased to state whether there is any proposal under the consideration of the Government to set up a sub-office at Grid Sub-station Ralla Joga, District Bhatinda ; if so, the time by which it is likely to be set up ?

**ਸਰਦਾਰ ਦਰਬਾਰਾ ਸਿੰਘ** : ਹਾਂ ਜੀ । ਸਾਲ 1982-83 ਦੌਰਾਨ ।

**ਸਰਦਾਰ ਬਸੰਤ ਸਿੰਘ ਖਾਲਸਾ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ।

**Comrade Raj Kumar** : Speaker Sahib, I submit that after the Question Hour is over and before the resumption of the business of the day you are under obligation to allow me to seek leave for my motion of No-Confidence against the Government. My motion has been found in order. It was given on the 12th February, 1982. It has been circulated as Item No. 2 which is in my hand and this motion reads as under :—

> 'That this House expresses its lack of confidence, in the Council of Ministers headed by Sardar Darbara Singh.'

So you have to allow me to seek leave or to say anything else as you may deem fit.

---

****Expunged as ordered by the Chair.**

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਰਾਜ ਜੀ, ਇਹ ਅਸੀਂ ਅੱਜ ਨਹੀਂ ਲੈਂਦੇ। ਅਗਲੀ ਮੀਟਿੰਗ ਵਿਚ ਇਹ ਲੈ ਲਵਾਂਗੇ।

**ਸਰਦਾਰ ਬਲਦੇਵ ਸਿੰਘ ਮਾਨ** : ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

(ਇਸ ਵੇਲੇ ਬਹੁਤ ਸਾਰੇ ਮੈਂਬਰਜ਼ ਸਾਹਿਬਾਨ ਬਗੈਰ ਪਰਮਿਸ਼ਨ ਦੇ ** ਬੋਲ ਰਹੇ ਸਨ ਪ੍ਰੰਤੂ ਸ੍ਰੀ ਸਪੀਕਰ ਨੇ ਸਰਦਾਰ ਸੁਖਦੇਵ ਸਿੰਘ ਢੀਂਡਸਾ ਨੂੰ ਬੋਲਣ ਲਈ ਟਾਈਮ ਦਿੱਤਾ।)

**ਸ੍ਰੀ ਸਪੀਕਰ** : ਇਹ ਜੋ ਬਗੈਰ ਪਰਮਿਸ਼ਨ ਕਹਿ ਰਹੇ ਹਨ, ਰਿਕਾਰਡ ਨਾ ਹੋਵੇ। ਤੁਸੀਂ ਬੈਠ ਜਾਓ। ਮੈਂ ਢੀਂਡਸਾ ਸਾਹਿਬ ਨੂੰ ਸਮਾਂ ਦਿੱਤਾ ਹੈ।

**ਸਰਦਾਰ ਸੁਖਦੇਵ ਸਿੰਘ ਢੀਂਡਸਾ** : ਸਪੀਕਰ ਸਾਹਿਬ, ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਜ਼ ਸਨ। ਇਕ ਡਾਕਟਰਾਂ ਦੀ ਸਟ੍ਰਾਈਕ ਬਾਰੇ ਸੀ। ਤੁਸੀਂ ਕਲ੍ਹ ਇਹ ਹੁਕਮ ਦਿੱਤਾ ਸੀ ਕਿ ਜੇ ਕੋਈ ਪੈਂਡਿੰਗ ਪਈ ਹੈ ਤਾਂ ਅਸੈਪਟ ਕਰ ਲਵਾਂਗਾ। ਲੇਕਿਨ ਉਸ ਦੇ ਬਾਵਜੂਦ ਰਿਜੈਕਟ ਕਰ ਦਿਤੀ ਹੈ।

**ਸ੍ਰੀ ਸਪੀਕਰ** : ਇਹ ਮੋਸ਼ਨ ਮੈਂ ਐਡਮਿਟ ਕਰ ਲਈ ਹੈ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਤੁਸੀਂ ਸੁਣ ਤਾਂ ਲਵੋ। ਸਰਕਾਰ ਦੀ ਪਾਲਿਸੀ ਹੈ ਕਿ 340 ਰੁਪਏ ਮਿਨਿਮਮ ਵੇਜਿਜ਼ ਮਿਲਣੇ ਹਨ। ਪਰ ਉਹ ਪਾਲਿਸੀ ਇੰਪਲੀਮੈਂਟ ਨਹੀਂ ਹੋ ਰਹੀ। 78 ਬੰਦੇ ਫੜੇ ਹੋਏ ਹਨ। ਉਨ੍ਹਾਂ ਤੇ ਲਾਠੀ ਚਾਰਜ ਹੋਇਆ ਹੈ। ਉਹ ਸਰਕਾਰ ਦੀ ਪਾਲਿਸੀ ਇੰਪਲੀਮੈਂਟ ਹੋਣੀ ਚਾਹੀਦੀ ਹੈ।

**Chief Minister** (Sardar Darbara Singh) : Sir, Mr. Raj Kumar has raised an issue which concerns the labour. I will see that the implementation of the Minimum Wages of Rs. 340 is done. But this is not the whole story. There is something else about which I will make a statement tomorrow.

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਕਲ੍ਹ ਕੁਐਸ਼ਚਨ ਆਵਰ ਵਿਚ ਇਕ ਸਵਾਲ ਪੀਲੇ ਕਾਰਡਾਂ ਬਾਰੇ ਕੀਤਾ ਸੀ ਔਰ ਸਮਾਜ ਭਲਾਈ ਮੰਤਰੀ ਨੇ ਉਸ ਤੇ ਜਵਾਬ ਦੇਣਾ ਸੀ। ਵਜ਼ੀਰ ਸਾਹਿਬ ਨੇ ਕਿਹਾ ਸੀ ਉਹ ਪਤਾ ਕਰ ਕੇ ਕਲ੍ਹ ਜਵਾਬ ਦੇਣਗੇ। ਪ੍ਰੰਤੂ ਅੱਜ ਉਹ ਜਵਾਬ ਨਹੀਂ ਆਇਆ। ਇਸ ਲਈ ਪਹਿਲੇ ਉਹ ਜਵਾਬ ਦਿਵਾ ਦਿਓ। ਦੂਸਰੀ ਮੇਰੀ ਬੇਨਤੀ ਹੈ ਕਿ 9-10 ਮਾਰਚ ਨੂੰ ਹੋਲਾ ਮਹੱਲਾ ਹੋ ਰਿਹਾ ਹੈ ਪ੍ਰੰਤੂ ਹਾਲੇ ਤਕ ਉਥੇ ਕੋਈ ਸਟਰੀਟ ਲਾਈਟ ਦਾ ਇੰਤਜ਼ਾਮ ਨਹੀਂ, ਕੋਈ ਸੜਕਾਂ ਦਾ ਇੰਤਜ਼ਾਮ ਨਹੀਂ, ਕੋਈ ਸਫ਼ਾਈ ਨਹੀਂ। ਯਾਤਰੀ

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਉਥੇ ਜਾਣ ਲਗ ਪਏ ਹਨ। ਤੁਸੀਂ ਸਰਕਾਰ ਨੂੰ ਕਹਿ ਕੇ ਉਥੇ ਯਾਤਰੀਆਂ ਲਈ ਇਨ੍ਹਾਂ ਚੀਜ਼ਾਂ ਦਾ ਪ੍ਰਬੰਧ ਕਰਾਓ ਤਾਕਿ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ।

**ਕਾਮਰੇਡ ਰਾਜ ਕੁਮਾਰ** : ** ** **

**ਸ਼੍ਰੀ ਸਪੀਕਰ** : ਜੋ ਕੁਝ ਮੇਰੀ ਇਜਾਜ਼ਤ ਤੋਂ ਬਿਨਾ ਕਿਹਾ ਜਾ ਰਿਹਾ ਹੈ ਉਹ ਰਿਕਾਰਡ ਨਾ ਕੀਤਾ ਜਾਵੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਖੰਨੇ ਬਾਰੇ ਮੈਂ ਕਲ੍ਹ ਸਟੇਟਮੈਂਟ ਹਾਊਸ ਦੇ ਵਿਚ ਦੇ ਦੇਵਾਂਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਬੜਾ ਸੀਰੀਅਸ ਮੈਟਰ ਹੈ। 40 ਜ਼ਨਾਨੀਆਂ ਨੂੰ ਗਿਰਫਤਾਰ ਕੀਤਾ ਹੋਇਆ ਹੈ। ਉਹ ਸ਼ਡਿਊਲਡ ਕਾਸਟ ਹਨ। ਉਨ੍ਹਾਂ ਨੂੰ ਮਾਰਿਆ ਜਾ ਰਿਹਾ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੋ ਕਾਮਰੇਡ ਰਾਜ ਕੁਮਾਰ ਨੇ ਕਿਹਾ ਹੈ ਉਸ ਬਾਰੇ ਮੈਂ ਜਵਾਬ ਦੇ ਦਿੱਤਾ ਹੈ ਕਿ ਕਲ੍ਹ ਮੈਂ ਸਟੇਟਮੈਂਟ ਦੇ ਦੇਵਾਂਗਾ। 340 ਰੁਪਏ ਦੇ ਮਿਨੀਮਮ ਵੇਜਿਜ਼ ਨੂੰ ਲਾਗੂ ਕਰਵਾਇਆ ਜਾਵੇਗਾ। ਇਹ ਵੀ ਦੇਖਾਂਗੇ ਕਿ ਇਸ ਦੀ ਇੰਪਲੀਮੈਂਟੇਸ਼ਨ ਕਿਉਂ ਨਹੀਂ ਹੋ ਰਹੀ ਅਤੇ ਖੰਨਾ ਦੇ ਵਿਚ ਇਹ ਵਾਕਿਆਤ ਕਿਉਂ ਹੋਇਆ ਅਤੇ ਇਸ ਦੇ ਪਿਛੇ ਕੌਣ ਹੈ? (ਵਿਘਨ) ਮਿਨੀਮਮ ਵੇਜਿਜ਼ ਐਕਟ ਨੂੰ ਲਾਗੂ ਕਰਨ ਲਈ ਅਸੀਂ ਅਫਸਰ ਮੁਕੱਰਰ ਕਰ ਦਿਤੇ ਹਨ। ਉਹ ਇਸ ਚੀਜ਼ ਨੂੰ ਦੇਖਣਗੇ। 11 ਤਾਰੀਖ ਨੂੰ ਹਾਊਸ ਨੇ ਮੀਟ ਕਰਨਾ ਹੈ। ਮੈਂ ਇਨਕੁਆਇਰੀ ਕਰਕੇ ਉਸ ਦਿਨ ਇਸ ਬਾਰੇ ਸਟੇਟਮੈਂਟ ਦੇ ਦੇਵਾਂਗਾ। ਅਗਰ ਪੁਲਿਸ ਨੇ ਜ਼ਿਆਦਤੀ ਉਥੇ ਕੀਤੀ ਹੋਵੇਗੀ ਤਾਂ ਅਸੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਲਵਾਂਗੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮਿਨੀਮਮ ਵੇਜਿਜ਼ ਐਕਟ ਨੂੰ ਲਾਗੂ ਕਰਨ ਦਾ ਝਗੜਾ ਸਾਰੀ ਸਟੇਟ ਦੇ ਵਿਚ ਹੈ। ਸਟੇਟਮੈਂਟ ਸਾਰੀ ਸਟੇਟ ਦੇ ਮੁਤਲਿਕ ਹੋਣੀ ਚਾਹੀਦੀ ਹੈ ਔਰ ਜਿਹੜੀਆਂ ਗਿਰਫਤਾਰੀਆਂ ਕੀਤੀਆਂ ਗਈਆਂ ਹਨ ਉਨ੍ਹਾਂ ਨੂੰ ਪਹਿਲੇ ਛੱਡਿਆ ਜਾਵੇ। ਜਿਸ ਇੰਪਲਾਇਰ ਨੇ ਸਟਰਾਈਕ ਫੋਰਸ ਕਰਵਾਈ ਅਤੇ ਗੋਲੀ ਚਲਵਾਈ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇ।

**ਸ਼੍ਰੀ ਸਪੀਕਰ** : ਸੀ.ਐਮ. ਸਾਹਿਬ ਸੀਜ਼ਡ ਆਫ ਦੀ ਮੈਟਰ ਹਨ ਔਰ ਉਨ੍ਹਾਂ ਨੇ ਹਾਊਸ ਦੀਆਂ ਫੀਲਿੰਗਜ਼ ਨੂੰ ਨੋਟ ਕਰ ਲਿਆ ਹੈ। ਇਸ ਬਾਰੇ ਅਗਲੀ ਸਿਟਿੰਗ ਦੇ ਵਿਚ ਉਨ੍ਹਾਂ ਨੇ ਸਟੇਟਮੈਂਟ ਦੇਣੀ ਹੈ।

## WALK-OUT

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਅਸੀਂ ਇਸ ਦੇ ਪ੍ਰੋਟੈਸਟ ਵਿਚ ਵਾਕ ਆਊਟ ਕਰਦੇ ਹਾਂ।

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ** : ਅਸੀਂ ਵੀ ਇਸ ਪੁਆਇੰਟ ਤੇ ਵਾਕ ਆਊਟ ਕਰਦੇ ਹਾਂ।

(ਇਸ ਵਕਤ ਸੀ.ਪੀ. ਆਈ. ਅਤੇ ਸੀ ਪੀ.ਐਮ. ਦੇ ਸਦਨ ਵਿਚ ਹਾਜ਼ਰ ਮੈਂਬਰ ਹਾਊਸ ਵਿਚੋਂ ਵਾਕ ਆਊਟ ਕਰ ਗਏ।)

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਦੀ ਪਾਰਟੀ ਦੇ ਲੀਡਰ ਨੇ ਮੇਰੇ ਨਾਲ ਗੱਲ ਕੀਤੀ ਸੀ ਔਰ ਇਨ੍ਹਾਂ ਨੇ ਮੇਰੇ ਨੋਟਿਸ ਵਿਚ ਲਿਆਂਦਾ ਸੀ। ਅਸੀਂ ਫੈਸਲਾ ਕੀਤਾ ਸੀ ਕਿ ਡੀ.ਆਈ.ਜੀ. ਦੀ ਰਿਪੋਰਟ ਦੇ ਨਾਲ ਦੂਜੀ ਰਿਪੋਰਟ ਕੁਝ ਮੈਂ ਆਪਣੇ ਬੰਦੇ ਭੇਜ ਕੇ ਮੰਗਵਾ ਲਵਾਂਗਾ ਤਾਕਿ ਉਹ ਵੀ ਰਿਪੋਰਟ ਆ ਜਾਵੇ। ਉਹ ਰਿਪੋਰਟ ਵੀ ਆ ਜਾਵੇਗੀ। ਅਗਰ ਡੀ. ਆਈ. ਜੀ. ਦੀ ਰਿਪੋਰਟ ਪੇਸ਼ ਕਰ ਦਿਤੀ ਫੇਰ ਕਮੇਟੀ ਦੀ ਰਿਪੋਰਟ ਦੀ ਲੋੜ ਨਹੀਂ ਰਹੇਗੀ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ** ** **

**ਸ੍ਰੀ ਸਪੀਕਰ** : ਮੈਂ ਡਿਸਅਲਾਓ ਕਰਦਾ ਹਾਂ।

**ਭਲਾਈ ਅਤੇ ਕਿਰਤ ਮੰਤਰੀ** (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਜੀ ਨੇ ਅਨਇੰਪਲਾਇਮੈਂਟ ਅਲਾਊਂਸ ਬਾਰੇ ਪੁਛਿਆ ਸੀ। ਸਰਦਾਰ ਦਰਬਾਰਾ ਸਿਘ ਮੁੱਖ ਮੰਤਰੀ ਜੀ ਦੀ ਸਰਕਾਰ ਨੇ ਅੱਠ ਲੱਖ ਤੇਈ ਹਜ਼ਾਰ ਗਰੀਬ ਵਰਗ ਦੇ ਲੋਕਾਂ ਨੂੰ ਅਨ-ਇੰਪਲਾਇਮੈਂਟ ਅਲਾਊਂਸ 40 ਰੁਪਏ ਮਹੀਨਾ ਤੋਂ 80 ਰੁਪਏ ਮਹੀਨਾ ਅਤੇ 50 ਰੁਪਏ ਮਹੀਨਾ ਤੋਂ 100 ਰੁਪਏ ਮਹੀਨਾ ਕਰ ਦਿੱਤਾ ਹੈ। ਉਨ੍ਹਾਂ ਦਾ ਦੁਗਣਾ ਅਨਇੰਪਲਾਇਮੈਂਟ ਅਲਾਊਂਸ ਹੋ ਗਿਆ ਹੈ। (ਥੰਪਿੰਗ) ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਪੀਲੇ ਕਾਰਡ ਵਾਲਿਆਂ ਨੂੰ ਉੱਚਾ ਚੁਕ ਰਹੀ ਹੈ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਨ੍ਹਾਂ ਪਾਸ ਪੀਲੇ ਕਾਰਡ ਨਹੀਂ ਹਨ, ਕੀ ਉਨ੍ਹਾਂ ਨੂੰ ਵੀ ਭੱਤਾ ਦਿਤਾ ਜਾਂਦਾ ਹੈ ? ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਸਪੈਸੇਫਿਕ ਤੌਰ ਤੇ ਪੁਛਿਆ ਹੈ ਕਿ ਜਿਨ੍ਹਾਂ ਕੋਲ ਪੀਲੇ ਕਾਰਡ ਨਹੀਂ ਹਨ, ਕੀ ਉਨ੍ਹਾਂ ਨੂੰ ਭੱਤਾ ਨਾ ਦੇਣ ਦੇ ਆਰਡਰ ਕੀਤੇ ਗਏ ਹਨ ?

**ਕਾਮਰੇਡ ਰਾਜ ਕੁਮਾਰ** : : ** ** **

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ ਜੋ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਜਿਨ੍ਹਾਂ ਦੀ ਆਮਦਨ 3,600 ਰੁਪਏ ਸਾਲਾਨਾ ਤੋਂ ਘੱਟ ਹੈ, ਉਨ੍ਹਾਂ ਨੂੰ ਤਾਂ ਡਬਲ ਭੱਤਾ ਮਿਲੇਗਾ ਪਰ ਜਿਨ੍ਹਾਂ ਦੀ ਆਮਦਨ 3,600 ਰੁਪਏ

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਾਲਾਨਾ ਤੋਂ ਵੱਧ ਹੈ, ਕੀ ਉਨ੍ਹਾਂ ਨੂੰ ਭੱਤਾ ਪੁਰਾਣੇ ਰੇਟ ਤੇ ਹੀ ਮਿਲੇਗਾ ? ਇਸ ਬਾਰੇ ਵਜ਼ੀਰ ਸਾਹਿਬ ਦੱਸ ਦੇਣ ।

**ਭਲਾਈ ਅਤੇ ਕਿਰਤ ਮੰਤਰੀ :** (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਜਿਨ੍ਹਾਂ ਦੀ ਆਮਦਨ 3,600 ਰੁਪਏ ਤੋਂ ਵੱਧ ਹੈ, ਉਨ੍ਹਾਂ ਨੂੰ 40 ਜਾਂ 50 ਰੁਪਏ ਦੇਣੇ ਹਨ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ ਨੇ ਕਲੀਅਰ ਜਵਾਬ ਦੇ ਦਿਤਾ ਹੈ। 3,600 ਰੁਪਏ ਸਾਲਾਨਾ ਇਨਕਮ ਤੋਂ ਉਪਰ ਵਾਲਿਆਂ ਨੂੰ ਵੀ ਅਨਇੰਪਲਾਇਮੈਂਟ ਅਲਾਊਂਸ ਮਿਲੇਗਾ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਜੋ ਜਵਾਬ ਭਲਾਈ ਮੰਤਰੀ ਜੀ ਨੇ ਦੇ ਦਿਤਾ ਹੈ, ਉਸ ਨੂੰ ਮੈਂ ਕਲੈਰੀਫਾਈ ਕਰ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, 3,600 ਰੁਪਏ ਤੋਂ ਘੱਟ ਇਨਕਮ ਵਾਲਿਆਂ ਨੂੰ 80 ਰੁਪਏ ਔਰ 100 ਰੁਪਏ ਮਿਲਣਗੇ, ਜਿਹੜੇ 3,600 ਰੁਪਏ ਤੋਂ ਉਪਰ ਇਨਕਮ ਵਾਲੇ ਹਨ, ਉਨ੍ਹਾਂ ਨੂੰ 40 ਰੁਪਏ ਔਰ 50 ਰੁਪਏ ਮਿਲਦੇ ਹਨ। ਅਗਰ ਕੋਈ ਹੋਰ ਗੱਲ ਆਨਰੇਬਲ ਮੈਂਬਰ ਸਾਹਿਬ ਦੇ ਨੋਟਿਸ ਵਿਚ ਹੈ, ਉਹ ਦਸ ਦੇਣ ਤਾਕਿ ਅਸੀਂ ਉਸ ਦਾ ਇਲਾਜ ਕਰ ਸਕੀਏ ।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਉਠ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ** ਬੋਲ ਰਹੇ ਸਨ) ।

**ਸ੍ਰੀ ਸਪੀਕਰ** : ਸਾਰੇ ਮਾਨਯੋਗ ਮੈਂਬਰ ਬੈਠ ਜਾਓ । ਮੈਂ ਕਿਸੇ ਨੂੰ ਵੀ ਅਲਾਓ ਨਹੀਂ ਕਰਦਾ । ਸਰਦਾਰ ਦਲੀਪ ਸਿੰਘ ਪਾਂਧੀ ਜੀ ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ । ਜੋ ਵੀ ਮੈਂਬਰ ਸਾਹਿਬਾਨ ਮੇਰੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

## CALL ATTENTION NOTICE UNDER RULE 66

(ਕ੍ਰਮ ਨੰ: 55)

**ਸਰਦਾਰ ਦਲੀਪ ਸਿੰਘ ਪਾਂਧੀ :** ਮੈਂ ਸਰਕਾਰ ਦਾ ਧਿਆਨ ਲੋਕ ਮਹਤੱਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ ਅਰਥਾਤ, ਪਟਿਆਲਾ 'ਚ 20 ਹਜ਼ਾਰ ਲੋਕਾਂ ਨੂੰ ਚਾਰ ਦਿਨਾਂ ਤੋਂ ਪੀਣ ਵਾਲੇ ਪਾਣੀ ਦੀ ਸਖਤ ਘਾਟ ਪੇਸ਼ ਆ ਰਹੀ ਹੈ ਤੇ ਕਾਲ ਪੈ ਗਿਆ ਹੈ। ਇਸ ਵਸੋਂ 'ਚ ਰਾਜਪੁਰਾ ਰੋਡ ਕਲੋਨੀ, ਗੁਰਬਖਸ਼ ਕਲੋਨੀ, ਬਿਸ਼ਨ ਨਗਰ, ਮਹਿਮਾਨ ਦਾਰੀ, ਤਫਜ਼ਲਪੁਰ ਆਦਿ ਸ਼ਾਮਲ ਹਨ। ਪਾਣੀ ਨਾ ਹੋਣ ਕਾਰਣ ਫਲੱਸ਼ ਬਦਬੂ ਦੇ ਰਹੇ ਹਨ ਤੇ ਲੰਬੀਆਂ ਲੰਬੀਆਂ ਕਤਾਰਾਂ ਹੈਂਡ ਪੰਪਾਂ ਤੇ ਪਾਣੀ ਭਰਨ ਲਈ ਖੜੀਆਂ ਹਨ । ਨਗਰ ਪਾਲਿਕਾ ਦੇ ਟਿਊਬਵੈਲ ਖਰਾਬ ਹੋ ਗਏ ਹਨ । ਦੂਜੇ ਬਿਜਲੀ ਵੀ ਘੱਟ ਹੈ, ਤੇ ਅਧਿਕਾਰੀਆਂ ਦਾ ਆਪਸੀ ਤਾਲ ਮੇਲ ਨਾ ਹੋਣ ਕਰ ਕੇ ਪਾਣੀ ਸੰਕਟ ਆਇਆ ਹੈ। ਬਹੁਤੇ ਲੋਕ ਬਿਨਾਂ ਇਸ਼ਨਾਨ ਹਨ। ਪਾਣੀ ਦਾ ਪ੍ਰਬੰਧ ਛੇਤੀ ਠੀਕ ਹੋਣ ਦੀ ਉਮੀਦ ਨਾ ਹੋਣ ਕਰਕੇ ਲੋਕਾਂ 'ਚ ਬਹੁਤ ਪਰੇਸ਼ਾਨੀ ਤੇ ਚਿੰਤਾ ਹੈ। ਸਬੰਧਤ ਸਰਕਾਰ ਮੰਤਰੀ ਬਿਆਨ ਦੇਣ ।

**Local Government Minister** (Shri Sardari Lal Kapoor) : Sir, water supply scheme is in operation in two approved colonies, namely, Rajpura and Desimahmandari. The other three colonies, namely, Gurbux Colony, Bishan Nagar and Tafazalpur are unauthorised ones and there is no

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[Local Government Minister]

municipal water supply system there. Residents of these three colonies have made their own arrangements for water by installing hand-pumps and electric motors.

2. Water supply is fed by 16 tubewells which are inter-connected. Only one tubewell located in Rajpura Colony went out of order on the night of 25th February, 1982. It started functioning at 10.00 A.M. on 2nd March, 1982. The water supply to Rajpura and Desimahmandari colonies was only slightly affected because the remaining 15 tubewells continued in operation. In fact, none faced any hardship.

3. On certain days, there was cut in power supply ranging from 8 to 10 hours. However, the cut did not make any material difference because 15 out of 16 tubewells continued operating even during such period. The tubewell which went out of order is on the hot line, 11 other tubewells are connected with direct grips and as soon as the power supply is cut off 3 others are equipped with diesel generators. Thus only one tubewell remains un-operative during the power cut.

4. There are no problems of co-ordination between the municipal and Punjab State Electricity Board authorities.

5. The Municipal water supply in the Rajpura and Desimehmandari colonies is round the clock. During the period from 25th February, 1982 to 2nd March, 1982, no complaint regarding lack of water was lodged at the Water Supply and Sewerage Complaint Centre which functions round the clock and is equipped with phone.

**ਸਰਦਾਰ ਦਲੀਪ ਸਿੰਘ ਪਾਂਧੀ** : ਮਨਿਸਟਰ ਸਾਹਿਬ ਨੇ ਉਹ ਜਵਾਬ ਦਿਤਾ ਹੈ ਜੋ ਥਲਿਉਂ ਆਇਆ ਹੈ । ਇਹ ਸਦਨ ਦੇ ਮੈਂਬਰਾਂ ਦੀ ਕਮੇਟੀ ਬਣਾ ਕੇ ਸਾਰਾ ਪਟਿਆਲਾ ਦੇਖਿਆ ਜਾ ਸਕਦਾ ਹੈ ਕਿ ਪਾਣੀ ਬਿਲਕੁਲ ਬੰਦ ਪਿਆ ਹੈ, ਟਿਊਬਵੈਲ ਖਰਾਬ ਪਏ ਹਨ ਔਰ ਵਾਟਰ ਸੀਵਰੇਜ ਬੋਰਡ ਦਾ ਮਿਉਂਸਪਲ ਕਮੇਟੀ ਨਾਲ ਤਾਲ ਮੇਲ ਨਹੀਂ ਹੈ। ਲੋਕਾਂ ਵਿਚ ਪ੍ਰੇਸ਼ਾਨੀ ਹੈ। ਇਹ ਮਾਮਲੇ ਦੀ ਘੋਖ ਕਰ ਲੈਣ। 13 ਘੰਟੇ ਬਿਜਲੀ ਨਾ ਹੋਣ ਕਰ ਕੇ ਟਿਊਬਵੈਲ ਨਹੀਂ ਚਲਦੇ। ਡੀਜ਼ਲ ਸੈਟ ਲਿਆ ਕੇ ਬਿਜਲੀ ਦਾ ਪਰਬੰਧ ਹੋਣਾ ਚਾਹੀਦਾ ਹੈ । ਉਥੇ ਪਾਣੀ ਨਹੀਂ ਮਿਲ ਰਿਹਾ। ਪਾਣੀ ਦੀ ਲੋਕਾਂ ਨੂੰ ਸ਼ਾਰਟੇਜ ਨਾ ਆਵੇ, ਕੀ ਇਸ ਸਾਰੇ ਮਾਮਲੇ ਦੀ ਪੜਤਾਲ ਕਰ ਕੇ ਇਹ ਸਦਨ ਵਿਚ ਜਵਾਬ ਦੇਣਗੇ ?

**ਸਥਾਨਕ ਸਰਕਾਰ ਮੰਤਰੀ** : ਮੇਰਾ ਖਿਆਲ ਹੈ ਕਿ ਪਾਂਧੀ ਸਾਹਿਬ ਨੇ ਆਪਣੀ ਕਾਲ ਅਟੈਨਸ਼ਨ ਵੱਲ ਧਿਆਨ ਰਖਿਆ ਹੈ ਔਰ ਮੇਰੇ ਜਵਾਬ ਵਲ ਇਨ੍ਹਾਂ ਨੇ ਧਿਆਨ ਨਹੀਂ ਦਿੱਤਾ। ਜੇਕਰ ਮੇਰੇ ਜਵਾਬ ਵੱਲ ਇਨ੍ਹਾਂ ਨੇ ਧਿਆਨ ਰੱਖਿਆ ਹੁੰਦਾ ਤਾਂ ਇਸ ਤਰ੍ਹਾਂ ਨਾ ਕਹਿੰਦੇ । (ਵਿਘਨ)

**Sardar Dalip Singh Pandhi** : I have a personal knowledge of the matter whereas the Minister is speaking on the basis of information supplied to him by the Department. So, I request the Minister to accompany some Members, even of the Ruling Party to see about it personally and to see whether this information is correct or not.

**ਸਥਾਨਕ ਸਰਕਾਰ ਮੰਤਰੀ** : ਮੇਰੀ ਗੱਲ ਸੁਣ ਲਓ, ਪਾਂਧੀ ਸਾਹਿਬ। ਤੁਹਾਡਾ ਮੈਂ ਬੜਾ ਲਿਹਾਜ਼ ਕਰਦਾ ਹਾਂ । ਮੇਰਾ ਜਵਾਬ ਕਲੀਅਰ ਹੈ। ਮੈਂ ਤੁਹਾਨੂੰ ਸਾਰੀ ਗੱਲ ਦਸ ਦਿੱਤੀ ਹੈ । ਮੈਂ

Original with;
Punjab Vidhan Sabha
Digitized by;
Panjab Digital Library

...ਪਾਣੀ ਬੰਦ ਨਹੀਂ ਹੋਇਆ । ਇੱਕ ਟਿਊਬਵੈੱਲ ਦਾ ਪਾਣੀ ...ਲ ਹੋਈ ਹੈ । ਮੈਂ ਤੁਹਾਨੂੰ ਆਪ ਦਸਦਾ ਹਾਂ । ਮੈਂ ਤੁਹਾਡੇ ਕੋਲੋਂ ਕੋਈ ...ਨਹੀਂ ਹੈ । ਉਹ ਟਿਊਬਵੈੱਲ ਜਲਦੀ ਠੀਕ ਕਰ ਦਿਤਾ ਗਿਆ ਸੀ । ਜਿੰਨੇ ਟਿਊਬਵੈੱਲ ਚਲਦੇ ਹਨ ਇਹ ਇਕ ਦੂਜੇ ਨਾਲ ਇੰਟਰ ਕੁਨੈਕਟਿਡ ਹਨ । ਉਥੇ ਇਕ ਟਿਊਬਵੈੱਲ ਵਿਚ ਖਰਾਬੀ ਪੈਦਾ ਹੋ ਗਈ ਸੀ, ਉਹ ਠੀਕ ਨਹੀਂ ਕੀਤੀ ਜਾ ਸਕੀ ਹੈ । ਉਹ ਜਿਹੜਾ ਟਿਊਬਵੈੱਲ ਬੰਦ ਹੋਇਆ ਅਸੀਂ ਉਸ ਨੂੰ ਬਦਲ ਕੇ ਨਵਾਂ ਟਿਊਬਵੈੱਲ ਲਗਾ ਰਹੇ ਹਾਂ । ਮੈਂ ਡਿਟੇਲ ਵਿਚ ਜਵਾਬ ਦਿਤਾ ਹੈ । ਇਸ ਨਾਲ ਤੁਹਾਡੀ ਤਸੱਲੀ ਹੋ ਜਾਣੀ ਚਾਹੀਦੀ ਹੈ ।

## PAPER LAID ON THE TABLE

**Finance Minister** (Dr. Kewal Krishan) : Sir, I beg to lay on the Table the Annual Report of the Punjab Public Service Commission for the year 1980-81, as presented to the Governor, as required under Article 323 (2) of the Constitution.

## SUPPLEMENTARY ESTIMATES (2ND INSTALMENT) FOR THE YEAR 1981-82

## DISCUSSION ON THE ESTIMATES OF THE EXPENDITURE CHARGED ON THE REVENUES OF THE STATE

**Mr. Speaker** : If any hon'ble Member wants to discuss any charged item he may do so.

(No one rose to speak)

## DISCUSSION AND VOTING OF DEMANDS FOR SUPPLEMENTARY GRANTS

**Mr. Speaker** : There are 32 Demands for Supplementary Grants which are to be discussed and voted upon today. If the hon'ble Members agree, all these Demands may be deemed to have been read and moved as per past practice.

(Voices : Yes, yes)

I will request that while raising discussion, the Demand Number on which the discussion is sought to be raised may please be indicated by the Member concerned. At the end, I shall put the Demands one by one to the vote of the House.

**Demand No. 1**

That a supplementary sum not exceeding Rs. 7,08,000 be granted to the Governor to defray the charges that will come in course of payment for the year ending 31st March, 1982 in respect of State Legislature.

**Demand No. 2**

That a Supplementary sum not exceeding Rs. 70,000 be granted to the Governor to defray the charges that will come in course of payment for the year ending 31st March, 1982 in respect of Council of Ministers.

**Demand No. 3**

That a Supplementary sum not exceeding Rs. 32,14,000 be granted to the Governor to defray the charges that will come in course of payment for the year ending 31st March, 1982, in respect of Administration of Justice.

Original with;
Punjab Vidhan Sabha
Digitized by;
Panjab Digital Library

[Mr. Speaker]

**Demand No. 4**

That a Supplementary sum not exceeding Rs. 5,19,000 be granted to the Governor to defray the charges that will come in course of payment for the year ending 31st March, 1982, in respect of Elections.

**Demand No. 7**

That a Supplementary sum not exceeding Rs. 3,72,87,000 be granted to the Governor to defray the charges that will come in course of payment for the year ending 31st March, 1982, in respect of Finance.

**Demand No. 9**

That a Supplementary sum not exceeding Rs. 1,02,84,000 be granted to the Governor to defray the charges that will come in course of payment for the year ending 31st March, 1982, in respect of Civil Secretariat.

**Demand No. 10**

That a Supplementary sum not exceeding Rs. 1,38,97,000 be granted to the Governor to defray the charges that will come in course of payment for the year ending 31st March, 1982, in respect of District Administration.

**Demand No. 11**

That a Supplementary sum not exceeding Rs. 4,50,07,000 be granted to the Governor to defray the charges that will come in course of payment for the year ending 31st March, 1982, in respect of Police.

**Demand No. 12**

That a Supplementary sum not exceeding Rs. 68,64,000 be granted to the Governor to defray the charges that will come in course of payment for the year ending 31st March, 1982, in respect of Jails.

**Demand No. 14**

That a Supplementary sum not exceeding Rs. 41,55,000 be granted to the Governor to defray the charges that will come in course of payment for the year ending 31st March, 1982, in respect of Miscellaneous Services.

**Demand No. 15**

That a Supplementary sum not exceeding Rs. 4,11,000 be granted to the Governor to defray the charges that will come in course of payment for the year ending 31st March, 1982, in respect of Rehabilitation, Relief and Resettlement.

**Demand No. 16**

That a Supplementary sum not exceeding Rs. 16,76,71,000 be granted to the Governor to defray the charges that will come in course of payment for the year ending 31st March, 1982, in respect of Education.

**Demand No. 17**

That a Supplementary sum not exceeding Rs. 26,31,000 be granted to the Governor to defray the charges that will come in course of payment for the year ending 31st March, 1982, in respect of Technical Education.

**Demand No. 19**

That a Supplementary sum not exceeding Rs. 76,73,000 be granted to the Governor to defray the charges that will come in coure of payment for the year ending 31st March, 1982, in respect of Housing and Urban Development.

Original with;
Punjab Vidhan Sabha
Digitized by;
Panjab Digital Library

**Demand No. 20**

That a Supplementary sum not exceeding Rs. 20,42,000 be granted to the Governor to defray the charges that will come in course of payment for the year ending 31st March, 1982, in respect of Information and Publicity.

**Demand No. 22**

That a Supplementary sum not exceeding Rs. 8,53,000 be granted to the Governor to defray the charges that will come in course of payment for the year ending 31st March, 1982, in respect of Labour, Employment and Industrial Training.

**Demand No. 23**

That a Supplementary sum not exceeding Rs. 1,67,00,000 be granted to the Governor to derfay the charges that will come in course of payment for the year ending 31st March, 1982, in respect of Special Security and Welfare.

**Demand No. 25**

That a Supplementary sum not exceeding Rs. 99,90,000 be granted to the Governor to defray the charges that will come in course of payment for the year ending 31st March, 1982, in respect of Co-operation.

**Demand No. 26**

That a Supplementary sum not exceeding Rs. 4,000 be granted to the Governor to defray the charges that will come in course of payment for the year ending 31st March, 1982, in respect of Agriculture.

**Demand No. 27**

That a Supplementary sum not exceeding Rs. 28,96,000 be granted to the Governor to defray the charges that will come in course of payment for the year ending 31st March, 1982, in respect of Soil and Water Conservation.

**Demand No. 28**

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1982, in respect of Food.

**Demand No. 29**

That a Supplementary sum not exceeding Rs. 1,66,22,000 be granted to the Governor to defray the charges that will come in course of payment for the year ending 31st March, 1982, in respect of Animal Husbandry.

**Demand No. 31**

That a Supplementary sum not exceeding Rs. 68,000 be granted to the Governor to defray the charges that will come in course of payment for the year ending 31st March, 1982, in respect of Fisheries.

**Demand No. 32**

That a Supplementary sum not exceeding Rs. 72,91,000 be granted to the Governor to defray the charges that will come in course of payment for the year, ending 31st March, 1982, in respect of Forests.

**Demand No. 33**

That a Supplementary sum not exceeding Rs. 1,16,68,000 be granted to the Governor to defray the charges that will come in course of payment for the year ending 31st March, 1982, in respect of Community Development.

Original with;
Punjab Vidhan Sabha
Digitized by;
Panjab Digital Library

[Mr. Speaker]

### Demand No. 34

That a Supplementary sum not exceeding Rs. 2,12,000 be granted to the Governor to defray the charges that will come in course of payment for the year ending 31st March, 1982, in respect of Industries.

### Demand No. 35

That a Supplementary sum not exceeding Rs. 4,79,000 be granted to the Governor to defray the charges that will come in course of payment for the year ending 31st March, 1982, in respect of Civil Aviation.

### Demand No. 37

That a Supplementary sum not exceeding Rs. 3,54,32,000 be granted to the Governor to defray the charges that will come in course of payment that will come in course of payment for the year ending 31st March, 1982 in respect of Road Transport.

### Demand No. 38

That a Supplementary sum not exceeding Rs. 33,85,000 be granted to the Governor to defray the charges that will come in course of payment for the year ending 31st March, 1982, in respect of Multi-purpose River Projects.

### Demand No. 39

That a Supplementary sum not exceeding Rs. 2,94,36,000 be granted to the Governor to defray the charges that will come in course of payment for the year ending 31st March, 1982, in respect of Irrigation, Drainage and Flood Control.

### Demand No. 40

That a Supplementary sum not exceeding Rs. 1,03,69,000 be granted to the Governor to defray the charges that will come in course of payment for the year ending 31st March, 1982, in respect of Buildings.

### Demand No. 41

That a Supplementary sum not exceeding Rs. 2,43,76,000 be granted to the Governor to defray the charges that will come in course of payment for the year ending 31st March, 1982, in respect of Loans and Advances by the State Government.

**ਸ਼੍ਰੀ ਸਪੀਕਰ** : ਅਗਰ ਹਾਊਸ ਐਗਰੀ ਕਰੇ ਤਾਂ ਇਸ ਤੇ ਡਿਸਕਸ਼ਨ 12.30 ਤੱਕ ਹੋਏਗੀ ਔਰ ਉਸ ਤੋਂ ਬਾਅਦ ਡੀਮਾਂਡਜ਼ ਪੁਟ ਹੋਣਗੀਆਂ। ਸਰਦਾਰ ਬਲਦੇਵ ਸਿੰਘ ਮਾਨ ਇਸ ਤੇ ਡਿਸਕਸ਼ਨ ਸ਼ੁਰੂ ਕਰਨਗੇ।

**ਆਵਾਜ਼ਾਂ** : ਜੋ ਟਾਈਮ ਪਾਰਟੀ-ਵਾਈਜ਼ ਨਿਸ਼ਚਿਤ ਕੀਤਾ ਹੈ, ਉਹ ਦੱਸ ਦਿਤਾ ਜਾਏ।

**ਸ਼੍ਰੀ ਸਪੀਕਰ** : ਮੈਂ ਹੁਣੇ ਹੀ ਦਸਦਾ ਹਾਂ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਮਾਨ** (ਦਿੜਬਾ) : ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਡੀਮਾਂਡਜ਼ ਜਿਨ੍ਹਾਂ ਤੇ ਅੱਜ ਅਸੀਂ ਡਿਸਕਸ਼ਨ ਕਰਨ ਜਾ ਰਹੇ ਹਾਂ ਬਜਾਏ ਇਸ ਦੇ ਕਿ ਇਸ ਤੇ ਮੈਂ ਡਿਸਕਸ਼ਨ ਸ਼ੁਰੂ ਕਰਾਂ ਇਸ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਗੱਲ ਦਾ ਮੈਨੂੰ ਸ਼ਿਕਵਾ ਹੈ । ਡਾਕਟਰ ਸਾਹਿਬ ਜਦੋਂ ਐਮ. ਐਲ. ਏ. ਹੁੰਦੇ ਸਨ ਉਦੋਂ ਇਹ ਬੜੇ ਚੰਗੇ ਆਦਮੀ ਹੁੰਦੇ ਸਨ । ਪਰ ਜਦੋਂ ਦੇ ਇਹ ਫਾਈਨਾਂਸ ਮਨਿਸਟਰ ਬਣ ਗਏ ਹਨ ਇਨ੍ਹਾਂ ਦੀ ਸੋਚ ਅਤੇ ਪਹਿਰਾਵੇ ਵਿਚ ਫਰਕ ਆ ਗਿਆ ਹੈ ਜਿਸ ਤਰ੍ਹਾਂ ਕਿ ਨਾ ਇਹ ਕਾਂਗਰਸ ਪਾਰਟੀ ਵਿਚ ਰਹੇ ਹੋਣ..............

**ਆਵਾਜ਼ਾਂ** : ਇਹ ਕਿਹੜੀ ਡੀਮਾਂਡ ਤੇ ਬੋਲ ਰਹੇ ਹਨ ?

**ਸਰਦਾਰ ਬਲਦੇਵ ਸਿੰਘ ਮਾਨ** : ਸਪਲੀਮੈਂਟਰੀ ਡੀਮਾਂਡਜ਼ ਦਾ ਮਕਸਦ ਐਨਾ ਹੁੰਦਾ ਹੈ ਕਿ ਜੇਕਰ ਕੋਈ ਵਾਧੂ ਖਰਚਾ ਅਨਫਾਰਚੂਨੇਟ ਸਰਕਮਸਟਾਂਸਿਜ਼ ਕਰਕੇ ਆ ਜਾਵੇ ਤਾਂ ਉਸ ਨੂੰ ਪਾਸ ਕਰਾਇਆ ਜਾਏ। ਪਰ ਐਨੀਆਂ ਐਨੀਆਂ ਹਿਊਜ ਅਮਾਊਂਟਸ ਦੀਆਂ ਸਪਲੀਮੈਂਟਰੀ ਡੀਮਾਂਡਜ਼ ਪੇਸ਼ ਕਰਨੀਆਂ ਇਹ ਫਾਈਨਾਂਸ ਮਨਿਸਟਰ ਔਰ ਸਰਕਾਰ ਦੀ ਅਣ-ਗਹਿਲੀ ਸਾਬਤ ਕਰਦੀਆਂ ਹਨ । ਬਜਟ ਵਿਚ ਡੀਮਾਂਡਜ਼ ਨਾ ਲਿਆਉਣੀਆਂ ਇਹ ਵੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਹੈ । ਕਿਉਂਕਿ ਜੇਕਰ ਬਜਟ ਵਿਚ ਇਹ ਡੀਮਾਂਡਾਂ ਲਿਆਉਂਦੇ ਤਾਂ ਉਸ ਨਾਲ ਘਾਟਾ ਵਧਣਾ ਸੀ, ਇਸ ਲਈ ਇਹ ਡੀਮਾਂਡਾਂ ਇਸ ਵੇਲੇ ਲਿਆਉਣਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੇ ਬਰਾਬਰ ਹੈ। ਇਸ ਤਰ੍ਹਾਂ ਦੀਆਂ ਡੀਮਾਂਡਾਂ ਨਹੀਂ ਲਿਆਉਣੀਆਂ ਚਾਹੀਦੀਆਂ। ਮੈਂ ਜਿਨ੍ਹਾਂ ਡੀਮਾਂਡਾਂ ਬਾਰੇ ਜ਼ਿਕਰ ਕਰਾਂਗਾ ਉਹ ਹਨ 7, 8, 10, 11, 14, 16, 33, 37, 39 ਅਤੇ 41 । ਡੀਮਾਂਡ ਨੰ: 7 ਲਾਟਰੀ ਦਾ ਮਹਿਕਮਾ ਜੋ ਕਿ ਐਫ. ਡੀ. ਦੇ ਅਧੀਨ ਹੈ ਨਾਲ ਤੁਅਲਕ ਰਖਦੀ ਹੈ। ਲਾਟਰੀ ਨੂੰ ਇਸ ਲਈ ਚਲਾਇਆ ਜਾਂਦਾ ਹੈ ਕਿ ਆਮਦਨੀ ਦੇ ਸਾਧਨ ਵਧਾਏ ਜਾ ਸਕਣ। ਪਰ ਇਹ ਲਾਟਰੀ ਵਿਚ ਤਾਂ ਘਾਟਾ ਪੈ ਰਿਹਾ ਹੈ। ਅਗਰ ਇਸ ਮੱਦ ਵਿਚ ਘਾਟਾ ਪੈ ਰਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਲਾਟਰੀ ਨੂੰ ਬੰਦ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਕਿ ਲਾਟਰੀ ਦੀਆਂ ਟਿਕਟਾਂ ਵਿਚ ਘਪਲੇ ਬਾਜ਼ੀ ਹੁੰਦੀ ਹੋਵੇ । ਇਸ ਬਾਰੇ ਪੜਤਾਲ ਕਰਨੀ ਚਾਹੀਦੀ ਹੈ। ਇਹ ਘਾਟੇ ਵਾਲਾ ਸੌਦਾ ਬੰਦ ਹੋਣਾ ਚਾਹੀਦਾ ਹੈ।

ਡੀਮਾਂਡ ਨੰ: 8 ਪਬਲਿਕ ਸਰਵਿਸ ਕਮਿਸ਼ਨ ਨਾਲ ਸਬੰਧ ਰਖਦੀ ਹੈ । ਜਿੰਨੇ ਵੀ ਇਸ ਦੇ ਮੈਂਬਰਾਂ ਨੂੰ ਤਨਖਾਹ ਲਈ ਪੈਸੇ ਦਿਤੇ ਜਾ ਸਕਣ ਉਹ ਥੋੜੇ ਹਨ । ਪਬਲਿਕ ਸਰਵਿਸ ਕਮਿਸ਼ਨ ਦੀ ਕੁਝ ਸਾਲਾਂ ਤੋਂ ਪੰਜਾਬ ਵਿਚ ਕਾਫੀ ਬਦਨਾਮੀ ਹੋਈ ਹੈ । ਇਕ ਮੈਂਬਰ ਦੀ ਸਰਕਾਰ ਨੇ ਹੁਣੇ ਹੀ ਨਿਯੁਕਤੀ ਕੀਤੀ ਹੈ । ਇਹ ਮੈਂਬਰ ਆਪਣੀ ਸਾਰੀ ਜ਼ਿੰਦਗੀ ਵਿਚ ਇਹ ਫੈਸਲਾ ਨਹੀਂ ਕਰ ਸਕਿਆ ਕਿ ਇਹ ਪੰਜਾਬ ਦਾ ਕਿਸੇ ਜ਼ਿਲ੍ਹੇ ਦਾ ਰਹਿਣ ਵਾਲਾ ਹੈ। ਇਹ ਚੀਫ ਇੰਜੀਨੀਅਰ ਰਿਹਾ ਹੈ ਅਤੇ ਪਹਿਲਾਂ ਐਸ. ਡੀ. ਓ. ਭਰਤੀ ਹੋਇਆ ਸੀ। ਇਸ ਦੀ ਸਰਵਿਸ ਬੁਕ ਮਹਿਕਮੇਂ ਵਿਚ ਪਈ ਹੈ। ਉਥੋਂ ਇਹ ਚੀਜ਼ ਦੇਖੀ ਜਾ ਸਕਦੀ ਹੈ। ਉਸ ਵਿਚ ਇਸ ਦਾ ਪਲੇਸ ਆਫ ਬਰਥ ਔਰ ਪਲੇਸ ਆਫ ਰੇਜ਼ੀਡੈਂਸ ਅਨ-ਸੈਟਲਡ ਲਿਖਿਆ ਹੋਇਆ ਹੈ। ਇਸ ਨੂੰ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਨਿਯੁਕਤ ਕਰ ਦਿਤਾ ਗਿਆ ਹੈ। ਇਹ ਬੰਦਾ ਕੁਝ ਚਿਰ ਲਈ ਬਿਜਲੀ ਬੋਰਡ ਵਿਚ ਬਤੌਰ ਟੈਕਨੀਕਲ ਮੈਂਬਰ ਵੀ ਰਿਹਾ ਹੈ। ਜਦੋਂ ਇਹ ਉਥੇ ਟੈਕਨੀਕਲ ਮੈਂਬਰ ਰਿਹਾ ਤਾਂ ਉਸ ਵੇਲੇ ਇਸ ਤੇ ਇਲਜ਼ਾਮ ਲਗੇ ਸੀ ਕਿ ਬਿਜਲੀ ਬੋਰਡ ਦਾ ਇਕਵਿਪਮੈਂਟ ਖਰੀਦਣ ਵੇਲੇ ਜਿਸ ਫਰਮ ਤੋਂ ਇਸ ਨੇ 3 ਕਰੋੜ ਰੁਪਏ ਦਾ ਸਾਮਾਨ ਖਰੀਦਿਆ ਸੀ, ਉਸ ਦੇ ਵਿਚੋਂ ਉਹ ਬਲੈਕ ਲਿਸਟ ਹੋ ਗਿਆ । ਉਸ ਨੂੰ ਟੈਕਨੀਕਲ ਮੈਂਬਰ ਤੋਂ ਹਟਾ ਕੇ ਚੀਫ ਇੰਜੀਨੀਅਰ ਦਾ ਚਾਰਜ ਦੇ ਦਿੱਤਾ। ਉਸ ਦੇ ਜੂਨੀਅਰ ਬੰਦੇ ਨੂੰ ਟੈਕਨੀਕਲ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਮੈਂਬਰ ਬਣਾ ਦਿੱਤਾ। ਉਸ ਨੇ 58 ਸਾਲ ਦੀ ਉਮਰ ਵਿਚ ਰਿਟਾਇਰ ਹੋਣਾ ਸੀ ਪਰ ਉਸ ਨੂੰ ਫਾਇਦਾ ਪਹੁੰਚਾਉਣ ਲਈ 2 ਸਾਲ ਲਈ ਮੈਂਬਰ ਲਗਾ ਦਿੱਤਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਇਹੋ ਜਿਹੇ ਅਹੁਦਿਆਂ ਤੇ ਬਦਨਾਮ ਆਦਮੀ ਲਾਉਗੇ ਤਾਂ ਜਿਥੋਂ ਸਿਲੈਕਟ ਹੋ ਕੇ ਬੜੇ ਬੜੇ ਅਫਸਰ ਲਗਦੇ ਹਨ ਜੇਕਰ ਉਨ੍ਹਾਂ ਨੇ ਉਥੇ ਰਿਸ਼ਵਤ ਦੇ ਕੇ ਲਗਣਾ ਹੈ ਤਾਂ ਫਿਰ ਉਨ੍ਹਾਂ ਪਾਸੋਂ ਤੁਸੀਂ ਕੀ ਆਸ ਰਖ ਸਕਦੇ ਹੋ। ਉਥੇ ਇੰਟੈਗਰਿਟੀ ਵਾਲੇ ਆਦਮੀ ਲਾਉਣੇ ਚਾਹੀਦੇ ਹਨ। ਉਥੇ ਇਮਾਨਦਾਰ ਆਦਮੀ ਲਾਉਣੇ ਚਾਹੀਦੇ ਹਨ। ਇਸ ਲਈ ਲੋਕ ਸੇਵਾ ਕਮਿਸ਼ਨ ਵਿਚ ਨਿਯੁਕਤੀ ਬੜੀ ਸੋਚ ਵਿਚਾਰ ਕਰ ਕੇ ਕਰਨੀ ਚਾਹੀਦੀ ਹੈ ਅਤੇ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਡੀਮਾਂਡ ਨੰ: 10 ਡਿਸਟ੍ਰਿਕਟ ਐਡਮਨਿਸਟਰੇਸ਼ਨ ਨਾਲ ਸਬੰਧ ਰੱਖਦੀ ਹੈ। ਇਸ ਡੀਮਾਂਡ ਵਿਚ ਕਿਹਾ ਗਿਆ ਹੈ ਕਿ ਕੁਝ ਰੁਪਿਆ ਏ. ਡੀ. ਏ. ਦੀਆਂ ਕਿਸ਼ਤਾਂ ਦਾ ਦੇਣਾ ਪਿਆ। ਕੁਝ ਰੁਪਿਆ ਚੌਕੀਦਾਰਾਂ ਦੀ ਤਨਖਾਹ 60 ਰੁਪਏ ਤੋਂ 100 ਰੁਪਿਆ ਕਰਨ ਵਾਸਤੇ ਲਿਆ ਹੈ।

**ਸ੍ਰੀ ਸਪੀਕਰ** : ਮਾਨ ਸਾਹਿਬ, ਮੈਨੂੰ ਟਾਈਮ ਦੀ ਐਲੋਕੇਸ਼ਨ ਬਾਰੇ ਦੱਸ ਲੈਣ ਦਿਓ।

ਕਾਂਗਰਸ (ਆਈ)—1 ਘੰਟਾ 5 ਮਿੰਟ

ਸ਼੍ਰੋਮਣੀ ਅਕਾਲੀ ਦਲ (ਐਲ.)—31 ਮਿੰਟ

ਸੀ. ਪੀ. ਆਈ.—8 ਮਿੰਟ

ਸੀ. ਪੀ. ਆਈ (ਐਮ.)—4 ਮਿੰਟ, ਅਤੇ

ਸ਼੍ਰੋਮਣੀ ਅਕਾਲੀ ਦਲ (ਟੀ)—4 ਮਿੰਟ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਉਸ ਦਿਨ ਫੈਸਲਾ ਹੋਇਆ ਸੀ ਕਿ ਸਾਨੂੰ 4.00 ਵਜੇ ਤੱਕ ਟਾਈਮ ਮਿਲੇਗਾ ਪਰ ਇਹ ਜਿਹੜੀ ਤੁਸੀਂ ਕੈਲਕੂਲੇਸ਼ਨ ਕੀਤੀ ਹੈ ਇਹ ਡੇਢ ਵਜੇ ਤੱਕ ਹੈ।

**ਸ੍ਰੀ ਸਪੀਕਰ** : ਆਫਟਰ ਲੰਚ ਅਸੀਂ ਐਪ੍ਰੋਪਰੀਏਸ਼ਨ ਬਿੱਲ ਲੈਣਾ ਹੈ।

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਮੈਂ ਡਿਸਟ੍ਰਿਕਟ ਐਡਮਨਿਸਟਰੇਸ਼ਨ ਬਾਰੇ ਕਹਿ ਰਿਹਾ ਸੀ। ਚੰਡੀਗੜ੍ਹ ਵਿਚ ਬੈਠੇ ਅਫਸਰਾਂ ਨਾਲੋਂ ਡੀ. ਸੀ. ਦਾ ਰੋਲ ਜ਼ਿਆਦਾ ਇੰਪਾਰਟੈਂਟ ਹੁੰਦਾ ਹੈ।

ਇਸ ਲਈ ਮੈਂ ਕਹਾਂਗਾ ਕਿ ਉਨ੍ਹਾਂ ਦੀ ਡਿਸਪੋਜ਼ਲ ਦੇ ਉਤੇ ਕੁਝ ਪੈਸਾ ਮੈਚਿੰਗ ਗਰਾਂਟ ਵਾਸਤੇ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਕਿ ਉਹ ਲੋੜ ਸਮੇਂ ਆਪਣੇ ਜ਼ਿਲ੍ਹੇ ਵਿਚ ਖਰਚ ਕਰ ਸਕਣ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਰੈਡ ਕਰਾਸ ਬੜੀ ਇੰਪਾਰਟੈਂਸ ਰੱਖਦੀ ਹੈ। ਸੂਬੇ ਦੀ ਸਰਕਾਰ ਰੈਡ ਕਰਾਸ ਨੂੰ ਗਰਾਂਟ ਦਿੰਦੀ ਹੈ ਅਤੇ ਡਿਸਟ੍ਰਿਕਟ ਵਿਚ ਲੋਕਾਂ ਤੋਂ ਵੀ ਰੈਡ ਕਰਾਸ ਵਾਸਤੇ ਪੈਸੇ ਇਕਠੇ ਕੀਤੇ ਜਾਂਦੇ ਹਨ। ਪਰ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਰੈਡ ਕਰਾਸ ਦੇ ਮੁਲਾਜ਼ਮ ਹਨ ਉਹ ਬਿਲਕੁਲ ਟੈਂਪਰੇਰੀ ਹੁੰਦੇ ਹਨ। ਉਨ੍ਹਾਂ ਮੁਲਾਜ਼ਮਾਂ ਨੂੰ ਜਦੋਂ ਮਰਜ਼ੀ ਹੋਵੇ ਜ਼ਿਲ੍ਹੇ ਦਾ ਡੀ. ਸੀ. ਆਪਣੀ ਕਲਮ ਦੀ ਨੋਕ ਨਾਲ ਕੱਢ ਸਕਦਾ ਹੈ। ਉਨ੍ਹਾਂ ਨੂੰ ਪੈਨਸ਼ਨ ਅਤੇ ਗਰੈਚੁਟੀ ਨਹੀਂ ਮਿਲਦੀ। ਉਨ੍ਹਾਂ ਮੁਲਾਜ਼ਮਾਂ

Original with;
Punjab Vidhan Sabha
Digitized by;
Panjab Digital Library

ਦੀ ਕਿਸੇ ਜ਼ਿਲ੍ਹੇ ਵਿਚ ਕੁਝ ਤਨਖਾਹ ਹੈ ਅਤੇ ਕਿਸੇ ਜ਼ਿਲ੍ਹੇ ਵਿਚ ਕੁਝ ਤਨਖਾਹ ਹੈ। ਜਿੰਨਾਂ ਰੈਡ ਕਰਾਸ ਵਾਲਿਆਂ ਕੋਲ ਪੈਸਾ ਹੁੰਦਾ ਹੈ ਉਤਨੀ ਉਨ੍ਹਾਂ ਨੂੰ ਤਨਖਾਹ ਦਿਤੀ ਜਾਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਰੈਡ ਕਰਾਸ ਦੇ ਮੁਲਾਜ਼ਮਾਂ ਦੀ ਤਨਖਾਹ ਸਾਰੇ ਜ਼ਿਲ੍ਹਿਆਂ ਵਿਚ ਇਕਸਾਰ ਹੋਣੀ ਚਾਹੀਦੀ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਸਪੀਕਰ ਸਾਹਿਬ, ਹੁਣ ਮੈਂ ਡੀਮਾਂਡ ਨੰ: 11 ਜਿਹੜੀ ਪੁਲਿਸ ਨੂੰ ਰੀਲੇਟ ਕਰਦੀ ਹੈ ਬਾਰੇ ਕਹਿਣਾ ਚਾਹੁੰਦਾ ਹਾਂ ਇਹ ਸਪਲੀਮੈਂਟਰੀ ਡਿਮਾਂਡਜ਼ ਵਿਚੋਂ ਮੁੱਖ ਡੀਮਾਂਡ ਹੈ। ਇਸ ਵਿਚ ਦੱਸਿਆ ਗਿਆ ਹੈ:—

"Four instalments of Dearness Allowance have been sanctioned to the Government employees. Some additional posts have also been created for the maintenance of Law and Order in the State. This has resulted in additional expenditure of Rs. 3,34,39,000."

It has been further stated :—

"Two P.A.P. Battalions have been sanctioned on the pattern of Central Reserve Police Force. Additional funds to the tune of Rs. 59,99,000 are required for the purchase of vehicles and tents for these battalions.'

It has also been stated :—

"Due to abnormal Law and Order situation in the State, there was a frequent move of Police Force from one place to another, which involved huge expenditure on petrol. It has resulted in additional expenditure of Rs. 26,14,000."

ਸਪੀਕਰ ਸਾਹਿਬ, ਬੜੀ ਸਾਫ ਗੱਲ ਹੈ। ਸਰਕਾਰ ਨੇ ਆਪ ਮੰਨਿਆ ਹੈ ਕਿ ਸਟੇਟ ਵਿਚ ਐਬਨਾਰਮਲ ਲਾਅ ਐਂਡ ਆਰਡਰ ਸਿਚੂਏਸ਼ਨ ਹੈ ਅਤੇ ਰਹੀ ਹੈ। ਸਰਕਾਰ ਆਪ ਮੰਨਦੀ ਹੈ ਕਿ ਰਾਜ ਵਿਚ ਲਾਅ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਹੈ ਅਤੇ ਜੇ ਠੀਕ ਨਹੀਂ ਰਹੀ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਰਾਜ ਵਿਚ ਤਾਕਤ ਵਿਚ ਨਾ ਰਹੇ। ਅਜਿਹੀ ਸਰਕਾਰ ਜਿਹੜੀ ਸਿਚੂਏਸ਼ਨ ਨੂੰ ਕੰਟਰੋਲ ਨਹੀਂ ਕਰ ਸਕੀ ਉਸ ਨੂੰ ਆਪਣੇ ਆਪ ਰਾਜ ਭਾਗ ਛੱਡ ਜਾਣਾ ਚਾਹੀਦਾ ਹੈ। ਬਾਕੀ ਇਨ੍ਹਾਂ ਦੀ ਆਪਣੀ ਮਰਜ਼ੀ ਹੈ। ਹਰ ਇਨਸਾਨ ਦੀ ਆਪਣੀ ਆਪਣੀ ਸੋਚ ਹੁੰਦੀ ਹੈ ਅਤੇ ਉਸ ਨੇ ਉਸ ਦੇ ਨਾਲ ਸੋਚਣਾ ਹੁੰਦਾ ਹੈ। ਜੇ ਇਹ ਚੰਗੇ ਹੁੰਦੇ ਤਾਂ ਰਾਜ ਛੱਡ ਕੇ ਚਲੇ ਜਾਂਦੇ।

**ਸ਼੍ਰੀ ਸਪੀਕਰ**: ਤੁਸੀਂ ਵਾਈਂਡ ਅਪ ਕਰੋ। ਤੁਹਾਡੇ 5 ਮਿੰਟ ਹੋ ਚੁੱਕੇ ਹਨ। ਤੁਹਾਡੀ ਪਾਰਟੀ ਦੇ 3 ਨਾਮ ਆਏ ਹਨ।

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਇਧਰੋਂ ਮੈਂ ਇਕੱਲਾ ਬੋਲਾਂਗਾ, ਹੋਰ ਕੋਈ ਨਹੀਂ ਬੋਲੇਗਾ।

ਸਪੀਕਰ ਸਾਹਿਬ, ਇਹੋ ਜਿਹੀ ਲਾਅ ਐਂਡ ਆਰਡਰ ਦੀ ਹਾਲਤ ਹੋਣ ਦੇ ਕੀ ਕਾਰਨ ਹਨ? ਗੱਲ ਬੜੀ ਸਾਫ ਹੈ। ਕਾਰਨ ਇਹ ਹੈ ਕਿ ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਜਾਬ ਸਟੇਟ ਵਿਚ ਮੈਜਾਰਿਟੀ ਵਸੋਂ ਸਿੱਖਾਂ ਦੀ ਹੈ। ਸਿੱਖਾਂ ਵਿਚ ਡਿਸਕੰਟੈਂਟਮੈਂਟ ਪੈਦਾ ਹੋ ਗਈ ਹੈ ਅਤੇ ਸਰਕਾਰ ਤੋਂ ਖਤਰਾ ਪੈਦਾ ਹੋ ਗਿਆ। ਸੀ. ਐਮ. ਸਾਹਿਬ ਨੇ ਗਵਰਨਰ ਸਾਹਿਬ ਦੇ ਭਾਸ਼ਣ ਤੇ ਹੋਈ ਬਹਿਸ ਦਾ ਜਵਾਬ ਦਿੰਦੇ ਹੋਏ ਜਿਹੜਾ ਬਿਆਨ ਦਿੱਤਾ ਸੀ ਉਸ ਨੂੰ ਮੈਂ ਸੁਣਿਆ ਤਾਂ ਨਹੀਂ ਪਰ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਉਸ ਨੂੰ ਅਖਬਾਰਾਂ ਵਿਚ ਪੜ੍ਹਿਆ ਹੈ। ਉਨ੍ਹਾਂ ਨੇ ਕਈ ਗੱਲਾਂ ਕਹੀਆਂ। ਉਨ੍ਹਾਂ ਨੇ ਸਿੱਖ ਨੇਸ਼ਨ ਦੀ ਥਿਊਰੀ ਦੀ ਗੱਲ ਕੀਤੀ। ਉਹ ਹੁਣ ਇਥੇ ਬੈਠੇ ਨਹੀਂ। ਜੇ ਬੈਠੇ ਹੁੰਦੇ ਤਾਂ ਸੁਣ ਲੈਂਦੇ। ਬੀਰਦਵਿੰਦਰ ਸਿੰਘ ਬੈਠੇ ਹਨ। ਉਨ੍ਹਾਂ ਨੇ ਬਾਅਦ ਵਿਚ ਬੋਲਣਾ ਹੈ, ਉਹ ਇਸ ਗੱਲ ਨੂੰ ਧਿਆਨ ਵਿਚ ਰੱਖਣ ਕਿ ਸਿੱਖ ਨੇਸ਼ਨ ਦੀ ਥਿਊਰੀ ਵਾਸਤੇ ਸਿੱਖਾਂ ਨੂੰ ਨੇਸ਼ਨ ਕਹਾਉਣ ਲਈ ਕਿਸੇ ਤੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ। We do not need any certificate from the Chief Minister or anybody else. We are a Nation.

**Sardar Birdevinder Singh :** On a point of Order Sir. The hon'ble Member is speaking on Demand No. 11. I don't think it has any relevance with the Sikh Nation. It has no relevance at all.

**Sardar Baldev Singh Mann :** It has relevance. It is to be seen by the Speaker.

*10.47 ਪੂਰਵ ਦੁਪਹਿਰ (ਇਸ ਸਮੇਂ* ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

**ਸਰਦਾਰ ਬਲਦੇਵ ਸਿੰਘ ਮਾਨ :** ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਗਲ ਦਾ ਦੁਖ ਹੁੰਦਾ ਹੈ। ਸਰਦਾਰ ਦਰਬਾਰਾ ਸਿੰਘ ਆਪਣੇ ਆਪ ਸਿੱਖ ਕਹਾ ਸਕਦੇ ਹਨ। ਜੇ ਉਹ ਚੰਗੇ ਸਿੱਖ ਬਣ ਜਾਣ ਤਾਂ ਮੈਨੂੰ ਖੁਸ਼ੀ ਹੋਵੇਗੀ। ਉਹ ਸਿੱਖਾਂ ਦੇ ਹੱਕਾਂ ਵਾਸਤੇ ਨਹੀਂ ਬੋਲ ਸਕਦੇ। ਨਾ ਹੀ ਟਰੇਜ਼ਰੀ ਬੈਂਚਿਜ਼ ਤੇ ਬੈਠਾ ਕੋਈ ਮੈਂਬਰ ਸਿੱਖਾਂ ਤੇ ਕਿਤੇ ਹੋਈ ਜ਼ਿਆਦਤੀ ਬਾਰੇ ਬੋਲ ਸਕਦਾ ਹੈ। ਸਿੱਖਾਂ ਦੀ ਸਰਪ੍ਰਸਤੀ ਅਕਾਲੀ ਦਲ ਹੀ ਕਰ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਇਥੇ ਸਰਵਿਸਿਜ਼ ਵਿਚ ਡਿਸਕੰਟੇਂਟਮੈਂਟ ਆ ਗਈ ਹੈ ਇਸ ਲਈ ਅਕਾਲੀ ਦਲ ਨੂੰ ਹੀ ਹੱਕ ਹੈ ਉਹ ਸਿੱਖ ਮਸਲਿਆਂ ਤੇ ਸਿੱਖਾਂ ਦੀ ਅਗਵਾਈ ਕਰੇ। ਅਫਸਰ ਡੀਮਾਰੇਲਾਈਜ਼ ਹੋ ਗਏ ਹਨ। ਚੰਗੇ ਸਿੱਖ ਅਫਸਰਾਂ ਨੂੰ ਖੁੰਡੇ ਲਾਈਨ ਲਗਾਇਆ ਗਿਆ ਹੈ ਜਾਂ ਦਿੱਲੀ ਭੇਜਿਆ ਗਿਆ ਹੈ। ਉਥੇ ਵੀ ਇਨ੍ਹਾਂ ਦੇ ਦੋ ਭਰਾ ਉਨ੍ਹਾਂ ਨੂੰ ਸਾਂਭਦੇ ਹਨ। ਮੈਂ ਸਮਝਦਾ ਹਾਂ ਕਿ ਕੋਈ ਅਫਸਰ ਅਕਾਲੀ ਨਹੀਂ ਹੁੰਦਾ ਅਤੇ ਨਾ ਹੀ ਉਹ ਕਾਂਗਰਸੀ ਹੁੰਦਾ ਹੈ ਅਤੇ ਨਾਂ ਹੀ ਕਿਸੇ ਸਰਕਾਰ ਨੂੰ ਇਸ ਤਰ੍ਹਾਂ ਸੋਚਣਾ ਚਾਹੀਦਾ ਹੈ। ਇਸ ਸਰਕਾਰ ਨੇ ਅਫਸਰਾਂ ਵਿਚ ਵਿਤਕਰਾ ਪਾ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਕ ਹੋਰ ਮਾੜੀ ਗੱਲ ਇਸ ਸਟੇਟ ਵਿਚ ਹੋ ਰਹੀ ਹੈ। ਉਹ ਇਹ ਕਿ ਇਕ ਸੈਕਟ ਦੇ ਅਫਸਰਾਂ ਨੂੰ ਉਪਰ ਚੁਕ ਰਹੇ ਹਨ। ਉਨ੍ਹਾਂ ਨੂੰ ਵੱਡੇ ਵੱਡੇ ਅਹੁਦਿਆਂ ਤੇ ਲਗਾਇਆ ਜਾਂਦਾ ਹੈ। ਪੰਜਾਬ ਵਿਚ ਪਹਿਲਾਂ ਭੀ ਕਿੰਨੇ ਖੂਨ ਖਰਾਬੇ ਹੋਏ। (ਵਿਘਨ) ਉਸ ਸਮੇਂ ਭੀ ਇਕ ਸੈਕਟ ਦੇ ਅਫਸਰ ਚੰਗੀਆਂ ਪੋਸਟਾਂ ਤੇ ਲਾਏ ਸਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੇ ਤੁਸੀਂ ਬਾਹਰ ਜਾ ਕੇ ਦੇਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਲੋਕ ਕਹਿੰਦੇ ਹਨ ਕਿ ਪੰਜਾਬ ਵਿਚ ਅੱਜ ਕਿਸੇ ਦਾ ਰਾਜ ਨਹੀਂ ਸਗੋਂ ਉਨ੍ਹਾਂ ਸੈਕਟ ਵਾਲਿਆਂ ਦਾ ਰਾਜ ਹੈ। ਇਹ ਗੱਲ ਬਹੁਤ ਮਾੜੀ ਹੈ। ਇਸ ਲਈ ਸਰਕਾਰ ਇਸ ਪਾਸੇ ਵੱਲ ਧਿਆਨ ਦੇਵੇ। ਡਿਪਟੀ ਸਪੀਕਰ ਸਾਹਿਬ, ਲੋਕ ਕਹਿੰਦੇ ਹਨ ਕਿ ਇਕ ਐਕਸਟਰਾ constitutional ਅਥਾਰਿਟੀ ਰਾਜ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ ਸਿੱਖਾਂ ਨੂੰ ਮਾਡਰੇਟ ਕਹਿਣਾ ਗਲਤ ਗੱਲ ਹੈ। ਸਿੱਖ ਕਦੇ ਵਕਤ ਨਾਲ ਸਮਝੌਤਾ ਨਹੀਂ ਕਰਦਾ ਪਰ ਮਾਡਰੇਟ ਵਕਤ ਨਾਲ ਸਮਝੌਤਾ ਕਰਦਾ ਹੈ। ਇਨ੍ਹਾਂ ਦੀ ਪਾਰਟੀ ਦੀ ਗਲ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਦੇ ਦੋ ਵੱਡੇ ਲੀਡਰ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਦੋਨੋਂ ਸਿੱਖ ਹਨ ਪਰ ਉਹ ਦੋਨੋਂ ਵਕਤ ਨਾਲ ਸਮਝੌਤਾ ਨਹੀਂ ਕਰ ਸਕੇ। ਜੇ ਮਾਡਰੇਟ ਹੁੰਦੇ ਤਾਂ ਸਮਝੌਤਾ ਕਰ ਲੈਂਦੇ ਕਿਉਂਕਿ ਇਕ ਸਟੇਟ ਦਾ ਚੀਫ ਮਨਿਸਟਰ ਹੈ ਅਤੇ ਦੂਜਾ ਯੂਨੀਅਨ ਹੋਮ ਮਨਿਸਟਰ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅਪ ਕਰੋ।

**ਸਰਦਾਰ ਬਲਦੇਵ ਸਿੰਘ ਮਾਨ** : ਉਹ ਦੋਨੋਂ ਵਕਤ ਨਾਲ ਸਮਝੌਤਾ ਨਹੀਂ ਕਰ ਸਕੇ। ਜੋ ਚੀਫ ਮਨਿਸਟਰ ਬਣਿਆ ਉਹ ਹੋਮ ਮਨਿਸਟਰ ਨੂੰ ਖਾ ਰਿਹਾ ਹੈ ਅਤੇ ਜੋ ਹੋਮ ਮਨਿਸਟਰ ਬਣਿਆ ਉਹ ਚੀਫ ਮਨਿਸਟਰ ਨੂੰ ਖਾ ਰਿਹਾ ਹੈ। ਇਸ ਗੱਲ ਦੀ ਹੀ ਚਰਚਾ ਹੈ। ਇਹ ਖਾਲਿ-ਸਤਾਨ ਦੀਆਂ ਗੱਲਾਂ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਖਾਲਿਸਤਾਨ ਦਾ ਨਾਹਰਾ ਅਸੀਂ ਸਾਊਥ ਦੀਆਂ ਪਹਾੜੀਆਂ ਵਿੱਚ ਵੀ ਸੁਣਿਆ। ਸਾਡੇ ਕੁਝ ਸਾਥੀ ਸਾਊਥ ਵਿੱਚ ਗਏ ਸੀ, ਅਸੀਂ ਵੀ ਉਨ੍ਹਾਂ ਦੇ ਨਾਲ ਸੀ। ਜਦੋਂ ਉਥੇ ਅਸੀਂ ਗਏ ਤਾਂ ਉਨ੍ਹਾਂ ਨੂੰ ਕੀ ਪਤਾ ਸੀ ਕਿ ਕਾਮਰੇਡ ਕੁਲਵੰਤ ਸਿੰਘ ਖਾਲਿਸਤਾਨ ਦਾ ਵਿਰੋਧੀ ਹੈ ਜਾਂ ਹੱਕ ਵਿਚ ਹੈ। ਉਨ੍ਹਾਂ ਨੇ ਸੋਚਿਆ ਕਿ ਸਿਖ ਜਾ ਰਹੇ ਹਨ, ਉਨ੍ਹਾਂ ਨੇ ਖਾਲਿਸਤਾਨ ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਨਾਰਦਰਨ ਇੰਡੀਆ ਦੀ ਲੀਡਿੰਗ ਡੇਲ੍ਹੀ ਟਰਬਿਊਨ ਵਿਚ ਲਗਾਤਾਰ ਖਾਲਿਸਤਾਨ ਦੇ ਹੱਕ ਤੇ ਵਿਰੋਧ ਵਿਚ ਛਪਦਾ ਰਿਹਾ। ਸਰਕਾਰ ਨੇ ਕਦੇ ਇਸ ਤਰ੍ਹਾਂ ਦੀਆਂ ਗੱਲਾਂ ਵੱਲ ਧਿਆਨ ਨਹੀਂ ਦਿੱਤਾ। ਕੀ ਕਦੇ ਸਰਕਾਰ ਨੇ ਸੋਚਿਆ ਹੈ ਕਿ ਇਸ ਦੇ ਕੀ ਸਿੱਟੇ ਹੋਣਗੇ ?

**ਸ੍ਰੀ ਡਿਪਟੀ ਸਪੀਕਰ** : ਕੀ ਤੁਹਾਡੀ ਪਾਰਟੀ ਵਿਚੋਂ ਕਿਸੇ ਹੋਰ ਮੈਂਬਰ ਨੇ ਬੋਲਣਾ ਹੈ ?

**ਸਰਦਾਰ ਬਲਦੇਵ ਸਿੰਘ ਮਾਨ** : ਨਹੀਂ ਜੀ, ਮੈਂ ਹੀ ਬੋਲਣਾ ਹੈ। ਜਲੰਧਰ ਦੇ ਇਕ ਅਖਬਾਰ ਦੇ ਐਡੀਟਰ ਨੇ ਅਕਾਲ ਤਖਤ ਦੇ ਜੱਥੇਦਾਰ ਨੂੰ ਗੱਦਾਰ ਕਿਹਾ ਪਰ ਸਰਕਾਰ ਨੇ ਕੋਈ ਨੋਟਿਸ ਨਾ ਲਿਆ।

ਡਿਪਟੀ ਸਪੀਕਰ ਸਾਹਿਬ, ਜਦੋਂ ਕੁਝ ਵਿਦਿਆਰਥੀਆਂ ਨੇ ਇਸ ਦੇ ਖਿਲਾਫ ਮੁਜ਼ਾਹਰਾ ਕੀਤਾ ਤਾਂ ਉਨ੍ਹਾਂ ਬੱਚਿਆਂ ਨੂੰ 124-ਏ ਦੇ ਤਹਿਤ ਅੰਦਰ ਦੇ ਦਿਤਾ, ਉਨ੍ਹਾਂ ਨੂੰ ਬੰਦ ਕਰ ਦਿਤਾ। ਤੁਹਾਨੂੰ ਡਿਪਟੀ ਸਪੀਕਰ ਸਾਹਿਬ, ਯਾਦ ਹੋਵੇਗਾ ਕਿ ਬਰਨਾਲਾ ਸਾਹਿਬ ਨੇ ਪਿਛਲੇ ਸੈਸ਼ਨ ਵਿਚ ਕਿਹਾ ਸੀ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਦੇਸ਼ ਦੇ ਲਈ ਹਾਨੀਕਾਰਕ ਨਤੀਜੇ ਨਿਕਲਣਗੇ। ਉਸ ਦੇ ਨਤੀਜੇ ਤੁਹਾਡੇ ਸਾਹਮਣੇ ਆ ਗਏ ਹਨ। ਅੱਜ ਪੰਜਾਬ ਦੇ ਅੰਦਰ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਵਿਗੜ ਗਈ ਹੈ ਅਤੇ ਇਹ ਜਿਹੜੀ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਵਿਗੜੀ ਹੈ ਇਸ ਦੇ ਜ਼ਿੰਮੇਵਾਰ ਇਹ ਹਨ। ਇਹ ਸਿਰਫ ਆਪਣੀਆਂ ਗੱਦੀਆਂ ਬਚਾਉਣਾ ਚਾਹੁੰਦੇ ਹਨ। ਆਪਣਾ ਰਾਜ ਕਾਇਮ ਰਖਣਾ ਚਾਹੁੰਦੇ ਹਨ। ਇਹ ਜਿਹੜੀਆਂ ਇਸ ਤਰ੍ਹਾਂ ਦੀਆਂ ਗੱਲਾਂ ਸੋਚਦੇ ਹਨ ਕੀ ਉਹ ਦੇਸ਼ ਦੇ ਰਾਖੇ ਹੋ ਸਕਦੇ ਹਨ ? ਉਨ੍ਹਾਂ ਨੂੰ ਮੈਂ ਦੇਸ਼ ਧਰੋਹੀ ਪਹਿਲੇ ਨੰਬਰ ਦੇ ਕਹਿਣਾ ਚਾਹੁੰਦਾ ਹਾਂ। ਇਥੇ ਡਿਪਟੀ ਸਪੀਕਰ ਸਾਹਿਬ, ਪੁਲਿਸ ਵਾਸਤੇ ਬੜੀ ਭਾਰੀ ਰਕਮ ਮੰਗੀ ਗਈ ਹੈ। ਠੀਕ ਹੈ ਪੁਲਿਸ ਵਾਸਤੇ ਪੈਸਾ ਚਾਹੀਦਾ ਹੈ। ਇਹ ਦੇਣਾ ਵੀ ਜ਼ਰੂਰ ਚਾਹੀਦਾ ਹੈ। ਪਰ ਤੁਸੀਂ ਦੇਖਿਆ ਹੈ ਕਿ ਅੱਜ ਜੋ ਕੁਰੱਪਸ਼ਨ ਪੁਲਿਸ ਵਿਚ ਚਲ ਰਹੀ ਹੈ ਉਹ ਕਦੇ ਵੀ ਹੁਣ ਤਕ ਨਹੀਂ ਹੋਈ ਹੋਣੀ। ਤੁਸੀਂ ਕਿਸੇ ਥਾਣੇ ਵਿਚ ਭੇਸ ਬਦਲ ਕੇ ਐਫ. ਆਈ. ਆਰ. ਦਰਜ ਕਰਵਾਉਣ ਚਲੇ ਜਾਓ। ਬਿਨਾਂ ਪੈਸੇ ਲਿਤਿਆਂ ਕੋਈ ਰਿਪੋਰਟ ਦਰਜ ਨਹੀਂ ਹੋਣੀ। ਜੇ ਮੇਰੀ ਇਹ ਕਹੀ ਗਲ ਗਲਤ ਨਿਕਲੇ ਤਾਂ ਤੁਸੀਂ ਮੈਨੂੰ ਜੋ ਮਰਜ਼ੀ ਸਜ਼ਾ ਦਿਓ, ਮੈਂ ਭੁਗਤਣ ਨੂੰ ਤਿਆਰ ਹਾਂ। ਡਿਪਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਸਪੀਕਰ ਸਾਹਿਬ, ਪਾਤੜਾਂ ਜ਼ਿਲ੍ਹਾ ਪਟਿਆਲਾ ਵਿੱਚ ਇਕ ਛੋਟੀ ਜਿਹੀ ਪੁਲਿਸ ਪੋਸਟ ਹੈ। ਉਥੇ ਦਾ ਹਵਾਲਦਾਰ ਰਾਤ ਨੂੰ ਡਾਕੇ ਮਾਰਦਾ ਰਿਹਾ ਹੈ ਅਤੇ ਉਹ ਡਕੈਤੀ ਵਿਚ ਫੜਿਆ ਗਿਆ। ਡੇਢ ਲੱਖ ਰੁਪਿਆ ਉਸ ਦੇ ਕੋਲੋਂ ਫੜਿਆ ਗਿਆ ਹੈ। ਇਸ ਤੋਂ ਮਾੜੀ ਗਲ ਹੋਰ ਕੀ ਹੋ ਸਕਦੀ ਹੈ। ਜੇ ਵਾੜ ਹੀ ਖੇਤ ਨੂੰ ਖਾਣ ਲਗ ਜਾਵੇ ਤਾਂ ਸੂਬੇ ਦਾ ਕੀ ਬਣੇਗਾ। ਜੇ ਪੁਲਿਸ ਹੀ ਇਸ ਤਰ੍ਹਾਂ ਦੇ ਕੰਮ ਕਰਨ ਲਗ ਜਾਵੇ ਤਾਂ ਹੋਰ ਫਿਰ ਕੀ ਕਿਹਾ ਜਾ ਸਕਦਾ ਹੈ ? ਇਹ ਕਹਿੰਦੇ ਹਨ ਕਿ 150 ਮੋਟਰ ਸਾਈਕਲ ਪੁਲਿਸ ਲਈ ਖਰੀਦਣਾ ਹੈ। ਉਹ ਫਿਰ ਇਨ੍ਹਾਂ ਤੇ ਇਸ ਤਰ੍ਹਾਂ ਦਾ ਹੀ ਕੰਮ ਕਰਨਗੇ। ਡਿਪਟੀ ਸਪੀਕਰ ਸਾਹਿਬ, ਸਮਾਣੇ ਦਾ ਇਕ ਬੱਚਾ ਹਵਾਲਦਾਰ ਦੇ ਘਰੋਂ ਮਿਲਿਆ। ਸਰੂਪ ਸਿੰਘ ਹਵਾਲਦਾਰ ਜੋ ਲੌਂਗਵਾਲ ਵਿੱਚ ਹੈ ਉਸ ਦੇ ਘਰੋਂ ਬੱਚਾ ਮਿਲ ਗਿਆ ਔਰ ਉਹ ਬੱਚੇ ਚੁਕਣ ਵਾਲਾ ਜੋ ਗੈਂਗ ਹੈ ਉਸ ਦਾ ਲੀਡਰ ਹੈ। ਲੁਧਿਆਣੇ ਦਾ ਰਹਿਣ ਵਾਲਾ ਹੈ। ਇਹੋ ਜਿਹੀ ਹਾਲਤ ਅੱਜ ਪੁਲਿਸ ਵਿੱਚ ਹੋ ਰਹੀ ਹੈ। ਜੇ ਸਰਕਾਰ ਚਾਹੁੰਦੀ ਹੈ ਕਿ ਸੂਬੇ ਵਿਚ ਅਮਨ ਅਮਾਨ ਰਹੇ, ਸੂਬੇ ਵਿਚ ਸ਼ਾਂਤੀ ਰਹੇ ਅਤੇ ਲੋਕ ਅਮਨ ਸ਼ਾਂਤੀ ਨਾਲ ਰਹਿ ਸਕਣ ਤਾਂ ਇਨ੍ਹਾਂ ਵਾਸਤੇ ਇਹ ਜ਼ਰੂਰੀ ਹੈ ਕਿ ਇਥੇ ਮੈਜਾਰਿਟੀ ਜੋ ਸਿੱਖਾਂ ਦੀ ਹੈ, ਸਿੱਖ ਕੌਮ ਦੀ ਹੈ ਉਨ੍ਹਾਂ ਨੂੰ ਕਾਂਫੀਡੈਂਸ ਵਿੱਚ ਲਿਆ ਜਾਵੇ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 14 ਬਾਰੇ ਕਹਿਣਾ ਚਾਹੁੰਦਾ ਹਾਂ ਇਸ ਦੇ ਵਿੱਚ ਹੋਮ ਗਾਰਡ ਦੀ ਗੱਲ ਕਹੀ ਗਈ ਹੈ। ਉਸ ਦੇ ਵਾਸਤੇ 17 ਲੱਖ 20 ਹਜ਼ਾਰ ਰੁਪਏ ਦੀ ਮੰਗ ਕੀਤੀ ਹੈ। ਇਹ ਕਿਹਾ ਗਿਆ ਹੈ ਕਿ ਹੋਮ ਗਾਰਡਜ਼, ਦੇ ਵਾਲੰਟੀਅਰਜ਼ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਠੀਕ ਕਰਨ ਲਈ ਲਾਏ ਗਏ ਹਨ। ਇਸ ਦੇ ਵਿੱਚ ਵੀ ਲਾਅ ਐਂਡ ਆਰਡਰ ਦੀ ਗੱਲ ਆ ਗਈ। ਜੇ ਕੋਈ ਲਾਅ ਐਂਡ ਆਰਡਰ ਦੀ ਅਸੀਂ ਗੱਲ ਕਰਦੇ ਹਾਂ ਕਿ ਇਹ ਸੂਬੇ ਵਿਚ ਖਰਾਬ ਹੈ ਤਾਂ ਫਿਰ ਇਹ ਕਹਿੰਦੇ ਹਨ ਕਿ ਇਸ ਦੀ ਕੋਈ ਗੱਲ ਨਾ ਕਰੋ। ਡਿਪਟੀ ਸਪੀਕਰ ਸਾਹਿਬ, ਇਕ ਕਰੋੜ ਰੁਪਏ ਤੋਂ ਵੱਧ ਇਨ੍ਹਾਂ ਦੇ ਟੀ. ਏ. ਡੀ. ਏ. ਤੇ ਖਰਚ ਕਰ ਦਿੱਤਾ ਹੈ। ਇਹ ਸਟੇਟ ਦੇ ਲੋਕਾਂ ਤੇ ਵਾਧੂ ਦਾ ਭਾਰ ਪਾਇਆ ਹੈ। ਸਰਕਾਰ ਨੂੰ ਇਹੋ ਜਿਹੀਆਂ ਗੱਲਾਂ ਵਲ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 16 ਐਜੂਕੇਸ਼ਨ ਦੇ ਬਾਰੇ ਹੈ। ਇਸ ਦੇ ਲਈ ਬਹੁਤ ਭਾਰੀ ਰਕਮ ਦੀ ਮੰਗ ਕੀਤੀ ਗਈ ਹੈ। 16 ਕਰੋੜ ਤੋਂ ਵੱਧ ਐਜੂ-ਕੇਸ਼ਨ ਡਿਪਾਰਟਮੈਂਟ ਨੂੰ ਇਸ ਸਪਲੀਮੈਂਟਰੀ ਐਸਟੀਮੇਟਸ ਦੇ ਰਾਹੀਂ ਦੇਣਾ ਹੈ। ਇਥੇ ਕਿਹਾ ਗਿਆ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ ਟੀਚਰਜ਼ ਦਿੱਤੇ ਗਏ ਹਨ। ਬੜੀ ਚੰਗੀ ਗੱਲ ਹੈ। ਪਰ ਮੈਂ ਇਕ ਦੋ ਗੱਲਾਂ ਕਰਨੀਆਂ ਚਾਹੁੰਦਾ ਹਾਂ। ਇਕ ਤਾਂ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਤੁਸੀਂ ਪਿੰਡਾਂ ਦੇ ਰਹਿਣ ਵਾਲੇ ਹੋ ਤੁਹਾਨੂੰ ਪਿੰਡਾਂ ਦੇ ਬਾਰੇ ਸਾਰੀ ਵਾਕਫੀਅਤ ਹੈ। ਪਿੰਡਾਂ ਵਿਚ ਜਿਹੜੇ ਟੀਚਰਜ਼ ਲਗੇ ਹੋਏ ਹਨ ਉਨ੍ਹਾਂ ਦੀਆਂ ਦੋ ਕਲਾਸਿਜ਼ ਬਣੀਆਂ ਹੋਈਆਂ ਹਨ, ਇਕ ਰੈਂਟਿਡ ਏਰੀਆ ਸਕੂਲਜ਼ ਔਰ ਦੂਸਰੀ ਨਾਨ-ਰੈਂਟਿਡ ਏਰੀਆ ਸਕੂਲਜ਼। ਜਿਹੜੇ ਸ਼ਹਿਰਾਂ ਦੀ 8 ਕਿਲੋਮੀਟਰ ਦੀ ਪੈਰੀਫੇਰੀ ਵਿੱਚ ਹਨ ਉਨ੍ਹਾਂ ਨੂੰ ਇਨ੍ਹਾਂ ਰੈਂਟਿਡ ਏਰੀਆ ਸਕੂਲਜ਼ ਕਿਹਾ ਹੈ ਅਤੇ ਦੂਸਰੇ 8 ਕਿਲੋ ਮੀਟਰ ਤੋਂ ਬਾਹਰ ਹਨ ਉਹ ਨਾਨ-ਰੈਂਟਿਡ ਏਰੀਆ ਸਕੂਲਜ਼ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਪਿੰਡਾਂ ਵਿੱਚ ਜਿਹੜੇ ਸਕੂਲਜ਼ ਹਨ ਉਨ੍ਹਾਂ ਸਾਰਿਆਂ ਨੂੰ ਰੈਂਟਿਡ ਏਰੀਆ ਸਕੂਲਜ਼ ਕਰਾਰ ਦੇਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਸਕੂਲਾਂ ਦੇ ਟੀਚਰਜ਼ ਨੂੰ ਕਿਰਾਇਆ ਮਿਲ ਸਕੇ। ਬੇਸ਼ਕ ਸਕੂਲ ਸ਼ਹਿਰਾਂ

Original with;
Punjab Vidhan Sabha
Digitized by;
Panjab Digital Library

ਦੇ ਜੋ ਹਨ ਉਨ੍ਹਾਂ ਦੇ ਵਿੱਚ ਇਹ ਦੇਣਾ ਬੰਦ ਕਰ ਦਿਓ ਤਾਂਕਿ ਅਧਿਆਪਕ ਜੋ ਹਨ ਉਹ ਪਿੰਡਾਂ ਵਿੱਚ ਜਾ ਸਕਣ ਅਤੇ ਬਚਿਆਂ ਨੂੰ ਚੰਗੀ ਵਿਦਿਆ ਦੇ ਸਕਣ। ਹੁਣ ਹੁੰਦਾ ਕੀ ਹੈ ? ਇਸ ਕਰਕੇ ਵੀ ਟੀਚਰਜ਼ ਪਿੰਡਾਂ ਵਿੱਚ ਜਾਣਾ ਨਹੀਂ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਮਕਾਨ ਦਾ ਕਿਰਾਇਆ ਨਹੀਂ ਮਿਲਣਾ। ਮੇਰੀ ਬੇਨਤੀ ਹੈ ਕਿ ਸਾਰੇ ਪੰਜਾਬ ਵਿਚ ਪਿੰਡਾਂ ਵਿਚ ਟੀਚਰਜ਼ ਨੂੰ ਕਿਰਾਇਆ ਦੇਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਵਿਚ ਜਾਣਾ ਉਹ ਪਸੰਦ ਕਰਨ। ਦੂਜੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ 65 ਲੱਖ 79 ਹਜ਼ਾਰ ਰੁਪਿਆ ਇਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਨੂੰ ਦੇ ਦਿਤਾ ਹੈ। ਇਨ੍ਹਾਂ ਨੇ ਲਿਖਿਆ ਹੈ ਕਿ ਸੈਂਟਰਲ ਗੌਰਮਿੰਟ ਦੇ ਵਾਰ ਵਾਰ ਡੀ. ਓ. ਲੈਟਰ ਲਿਖਣ ਤੇ ਸਾਨੂੰ ਇਹ 65 ਲੱਖ 79 ਹਜ਼ਾਰ ਰੁਪਿਆ ਯੂਨੀਵਰਸਿਟੀ ਨੂੰ ਦੇਣਾ ਪਿਆ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਕਹਿੰਦੇ ਹਨ ਕਿ ਸੈਂਟਰ ਦੀ ਸਰਕਾਰ ਦੇ ਵਾਰ ਵਾਰ ਲਿਖਣ ਤੇ, ਉਨ੍ਹਾਂ ਦਾ ਜ਼ੋਰ ਪੈਣ ਤੇ ਅਸੀਂ ਇਹ ਰੁਪਿਆ ਦਿੱਤਾ ਹੈ ਤਾਂ ਕੀ ਇਹ ਸੈਂਟਰ ਦੀ ਸਰਕਾਰ ਨੂੰ ਨਹੀਂ ਕਹਿ ਸਕਦੇ ਕਿ ਪੰਜਾਬ ਯੂਨੀਵਰਸਿਟੀ ਸਾਡੇ ਹਵਾਲੇ ਕਰੋ ਜਾਂ ਉਸ ਦੀ ਮੈਨੇਜਮੈਂਟ ਜੋ ਹੈ ਉਹ ਸਾਡੇ ਹੱਥਾਂ ਵਿੱਚ ਦਿਓ। ਜੇ ਸਾਨੂੰ ਉਥੇ ਵਾਈਸ ਚਾਂਸਲਰ ਲਾਉਣ ਦਾ ਅਧਿਕਾਰ ਨਹੀਂ, ਨਾ ਰਜਿਸਟਰਾਰ ਐਪੁਆਇੰਟ ਕਰਨ ਦਾ, ਲਾਉਣ ਦਾ ਅਧਿਕਾਰ ਹੈ ਅਤੇ ਨਾ ਕੋਈ ਹੋਰ ਉਥੇ ਦਾ ਫੈਸਲਾ ਕਰਨ ਦਾ ਅਧਿਕਾਰ ਹੈ ਤਾਂ ਸਾਡੀ ਸਟੇਟ ਨੂੰ ਇਹ ਪੈਸੇ ਦੇਣ ਦੀ ਕੀ ਲੋੜ ਹੈ ? ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੇ ਹਵਾਲੇ ਹੋਣੀ ਚਾਹੀਦੀ ਹੈ ਅਤੇ ਉਸ ਦੇ ਵਾਸਤੇ 65 ਲੱਖ ਦੀ ਬਜਾਏ ਜੇਕਰ 2 ਕਰੋੜ ਰੁਪਿਆ ਵੀ ਦੇਣਾ ਪੈਂਦਾ ਹੈ ਤਾਂ ਦੇ ਦੇਣ। ਸਰਕਾਰ ਵਾਸਤੇ ਇਤਨਾ ਰੁਪਿਆ ਦੇਣਾ ਕੋਈ ਵੱਡੀ ਗਲ ਨਹੀਂ ਹੈ। ਜੇ ਇਸ ਤਰ੍ਹਾਂ ਦਾ ਹੀ ਪ੍ਰਬੰਧ ਰਹਿਣਾ ਹੈ ਅਤੇ ਸਾਨੂੰ ਕੋਈ ਕਿਸੇ ਗੱਲ ਦਾ ਅਧਿਕਾਰ ਨਹੀਂ ਤਾਂ ਇਹ ਪੈਸਾ ਬਿਲਕੁਲ ਨਹੀਂ ਦੇਣਾ ਚਾਹੀਦਾ। ਇਥੇ, ਡਿਪਟੀ ਸਪੀਕਰ ਸਾਹਿਬ, ਸਰਦਾਰ ਇਕਬਾਲ ਸਿੰਘ ਜੀ ਨੇ ਕੱਲ੍ਹ ਜ਼ਿਕਰ ਕੀਤਾ ਸੀ ਕਿ ਖਾਲਸਾ ਕਾਲਜਾਂ ਵਿੱਚ ਅਤੇ ਖਾਲਸਾ ਸਕੂਲਾਂ ਵਿੱਚ ਜੋ ਲੜਕੇ ਲੜਕੀਆਂ ਪੜ੍ਹਦੀਆਂ ਹਨ ਉਨ੍ਹਾਂ ਨੇ ਜਿੰਨਾ ਨਾਮਣਾ ਪੈਦਾ ਕੀਤਾ ਹੈ ਉਤਨਾ ਹੋਰ ਕਿਸੇ ਨੇ ਨਹੀਂ ਕੀਤਾ। ਖਾਲਸਾ ਸਕੂਲਾਂ ਅਤੇ ਖਾਲਸਾ ਕਾਲਜਾਂ ਵਿੱਚ ਜ਼ਿਆਦਾਤਰ ਸਿੱਖਾਂ ਦੇ ਲੜਕੇ ਪੜ੍ਹਦੇ ਹਨ। ਪਰ ਅੱਜ ਖਾਲਸਾ ਸਕੂਲਾਂ ਅਤੇ ਖਾਲਸਾ ਕਾਲਜਾਂ ਨਾਲ ਬੜਾ ਵਿਤਕਰਾ ਹੋ ਰਿਹਾ ਹੈ। ਇਥੇ ਐਜੂਕੇਸ਼ਨ ਡਿਪਾਰਟਮੈਂਟ ਵਿੱਚ ਆਰੀਆ ਸਮਾਜੀਆਂ ਦਾ ਜ਼ਿਆਦਾ ਕਬਜ਼ਾ ਹੋਣ ਕਰਕੇ ਖਾਲਸਾ ਕਾਲਜਾਂ ਅਤੇ ਖਾਲਸਾ ਸਕੂਲਾਂ ਨਾਲ ਬੜਾ ਭਾਰੀ ਵਿਤਕਰਾ ਹੋ ਰਿਹਾ ਹੈ ਅਤੇ ਉਨ੍ਹਾਂ ਦੀਆਂ ਗਰਾਂਟਾਂ ਬੰਦ ਕੀਤੀਆਂ ਜਾਂਦੀਆਂ ਹਨ। ਡੀ. ਏ. ਵੀ. ਸਕੂਲਾਂ, ਡੀ. ਏ. ਵੀ. ਕਾਲਜਾਂ ਨੂੰ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਇਸ ਨਾਲੋਂ ਵੱਧ ਡਿਸਕ੍ਰਿਮੀਨੇਸ਼ਨ ਸਿੱਖਾਂ ਨਾਲ ਹੋਰ ਕੀ ਹੋਵੇਗੀ ? ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ ਅਤੇ ਵਿਦਿਆ ਵਰਗੇ ਪਵਿੱਤਰ ਕੰਮ ਵਿੱਚ ਫਿਰਕਾਪ੍ਰਸਤੀ ਨਹੀਂ ਆਉਣੀ ਚਾਹੀਦੀ।

ਇਸ ਤੋਂ ਅੱਗੇ ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 26 ਬਾਰੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਇਥੇ ਜ਼ਿਕਰ ਕੀਤਾ ਗਿਆ ਹੈ ਕਿ ਇਹ ਸਰਕਾਰ ਕਿਸਾਨਾਂ ਦੇ ਹਿੱਤ ਦਾ ਬੜਾ ਸੋਚਦੀ ਹੈ ਅਤੇ ਵਜ਼ੀਰ ਸਾਹਿਬ ਬੜੇ ਤੇਜ਼ ਹਨ। ਮੈਨੂੰ ਸਮਝ ਨਹੀਂ ਆਈ ਕਿ ਇਸ ਤਰ੍ਹਾਂ ਦੀ ਗੱਲ ਕਿਵੇਂ ਕਹੀ ਜਾਂਦੀ ਹੈ। ਇਸ ਦੇ ਵਿਚ ਇਕ ਜਗ੍ਹਾ ਜ਼ਿਕਰ ਆਇਆ ਹੈ ਕਿ 2 ਲੱਖ 87 ਹਜ਼ਾਰ ਰੁਪਿਆ ( subsidy on fertilizer to marginal farmers ) ਨੂੰ, ਜਿਨ੍ਹਾਂ ਦੀ ਜ਼ਮੀਨ ਢਾਈ ਏਕੜ ਜਾਂ ਢਾਈ ਏਕੜ ਤੋਂ ਘੱਟ ਹੈ ਉਨਾਂ ਨੂੰ ਸਬਸਿਡੀ ਦੇਣੀ ਸੀ ਪਰ ਇਹ ਨਾ-

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਅਹਿਲ ਸਰਕਾਰ ਜੋ ਹੈ ਉਹ ਇਹ ਸਬਸਿਡੀ ਵੰਡ ਹੀ ਨਹੀਂ ਸਕੀ। ਜੇ ਉਹ ਸਬਸਿਡੀ ਆਈ ਸੀ ਤਾਂ ਉਹ ਗਰੀਬ ਕਿਸਾਨਾਂ ਨੂੰ ਦੇਣੀ ਚਾਹੀਦੀ ਸੀ। ਜੋ ਪੈਸਾ ਕਿਸਾਨਾਂ ਦੀ ਬੇਹਤਰੀ ਵਾਸਤੇ ਆਇਆ ਹੈ ਉਹ ਉਨ੍ਹਾਂ ਦੀ ਬੇਹਤਰੀ ਵਾਸਤੇ ਵਰਤਿਆ ਜਾਣਾ ਚਾਹੀਦਾ ਹੈ। ਇਸ ਛੋਟੀ ਜਿਹੀ ਗੱਲ ਤੋਂ ਤੁਸੀਂ ਆਪ ਹੀ, ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਨਾਲ ਹਮਦਰਦੀ ਦਾ ਅੰਦਾਜ਼ਾ ਲਗਾ ਲਓ ਕਿ ਇਨ੍ਹਾਂ ਨੂੰ ਕਿੰਨੀ ਕੁ ਹਮਦਰਦੀ ਹੈ।

ਇਸ ਤੋਂ ਅੱਗੇ, ਡਿਪਟੀ ਸਪੀਕਰ ਸਾਹਿਬ, ਡੀਮਾਂਡ ਨੰਬਰ 29 ਐਨੀਮਲ ਹਸਬੈਂਡਰੀ ਬਾਰੇ ਹੈ। ਇਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਵੈਟਰਨਰੀ ਡਾਕਟਰਜ਼ ਜੋ ਹਨ ਉਨ੍ਹਾਂ ਨੂੰ ਵੀ ਦੂਸਰੇ ਡਾਕਟਰਾਂ ਦੀ ਤਰ੍ਹਾਂ 4 ਸਾਲ ਦਾ ਕੋਰਸ ਕਰਨਾ ਪੈਂਦਾ ਹੈ। ਉਨ੍ਹਾਂ ਦੀ ਬੜੀ ਦੇਰ ਤੋਂ ਡੀਮਾਂਡ ਚਲੀ ਆ ਰਹੀ ਹੈ ਅਤੇ ਹੁਣ ਉਨ੍ਹਾਂ ਦਾ ਅਨਾਮਲੀ ਕਮੇਟੀ ਨੂੰ ਕੇਸ ਗਿਆ ਹੈ। ਪਰ ਉਸ ਦਾ ਫੈਸਲਾ ਹਾਲੀ ਤਕ ਕੋਈ ਨਹੀਂ ਹੋ ਸਕਿਆ। ਮੈਂ ਕਹਾਂਗਾ ਕਿ ਸਰਕਾਰ ਨੂੰ ਅਨਾਮਲੀ ਕਮੇਟੀ ਵਿੱਚ ਉਨ੍ਹਾਂ ਦੇ ਕੇਸ ਦਾ ਜ਼ਰੂਰ ਫੈਸਲਾ ਕਰ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 33 ਜਿਹੜੀ ਪੇਵਮੈਂਟ ਆਫ ਸਟਰੀਟਸ ਇਨ ਦਾ ਰੂਰਲ ਏਰੀਆਜ਼ ਬਾਰੇ ਹੈ, ਇਸ ਵਾਸਤੇ fifty fifty basis ਤੇ ਗਰਾਂਟ ਆਉਣੀ ਹੈ। ਅੱਧਾ ਸੈਂਟਰ ਨੇ ਤੇ ਅੱਧਾ ਸਾਡੀ ਸਰਕਾਰ ਨੇ ਦੇਣਾ ਹੈ। ਸੈਂਟਰ ਤੋਂ ਪੈਸੇ ਆਏ ਹਨ ਜਿਨ੍ਹਾਂ ਨਾਲ ਗਲੀਆਂ ਤੇ ਨਾਲੀਆਂ ਪੱਕੀਆਂ ਕਰਨੀਆਂ ਹਨ। ਡਿਪਟੀ ਸਪੀਕਰ ਸਾਹਿਬ, ਕੁਲ 1,200 ਪਿੰਡਾਂ ਵਿਚ ਕੰਮ ਛਿੜ ਗਿਆ। 40 ਹਜ਼ਾਰ ਰੁਪਿਆ ਇਕ ਪਿੰਡ ਨੂੰ ਮਿਲਿਆ ਹੈ। ਇਸ ਰਕਮ ਨਾਲ ਨਾ ਨਾਲੀਆਂ ਬਣਨੀਆਂ ਹਨ ਤੇ ਨਾ ਗਲੀਆਂ ਪੱਕੀਆਂ ਹੋਣੀਆਂ ਹਨ। ਇਸ ਇਕ ਕਰੋੜ ਰੁਪਏ ਦੀ ਰਕਮ ਨਾਲ ਕੁਝ ਨਹੀਂ ਹੋਣਾ। ਪਿੰਡਾਂ ਨੂੰ ਅਖੋਂ ਉਹਲੇ ਨਾ ਕਰੋ। ਸ਼ਹਿਰਾਂ ਦਾ ਮੈਂ ਜ਼ਿਕਰ ਨਹੀਂ ਛੇੜਦਾ। ਸ਼ਹਿਰਾਂ ਵਾਸਤੇ ਬੜਾ ਵਡਾ ਪੈਸਾ ਰਖਿਆ ਹੈ। ਜਿਹੜੇ ਜੈਂਤੀ ਪਿੰਡ ਹਨ ਜਾਂ ਮਾਡਲ ਪਿੰਡ ਹਨ ਉਹ ਹਾਲੇ ਤਕ ਇਨਕਮਪਲੀਟ ਪਏ ਹਨ, ਪਹਿਲਾਂ ਉਨ੍ਹਾਂ ਨੂੰ ਕੰਪਲੀਟ ਕਰੋ। ਇਸ ਤੋਂ ਇਲਾਵਾ 1980-81 ਵਿਚ ਇਕ ਇਕ ਪਿੰਡ ਹਰ ਇਕ ਬਲਾਕ ਵਿਚ ਲਿਆ ਸੀ। ਉਹ ਵੀ ਪੂਰੇ ਨਹੀਂ ਹੋਏ। ਮੇਰੇ ਹਲਕੇ ਵਿਚ ਵੀ ਇਕ ਪਿੰਡ ਸਾਕੀਹਰੀ ਆਇਆ ਸੀ। ਉਹ ਕੰਪਲੀਟ ਨਹੀਂ ਹੋਇਆ। ਹੋਰ ਵੀ ਜ਼ਿਲ੍ਹੇ ਵਿਚ ਬਲਾਕਾਂ ਦੇ ਪਿੰਡ ਲਏ ਗਏ ਸਨ ਜਿਹੜੇ ਕੰਪਲੀਟ ਨਹੀਂ ਹੋਏ। ਮੈਂ ਕਹਿੰਦਾ ਹਾਂ ਕਿ ਜਿਹੜੇ ਪਿੰਡ ਤੁਸੀਂ ਸ਼ੁਰੂ ਕੀਤੇ ਹਨ ਚਾਹੇ ਉਨ੍ਹਾਂ ਤੇ ਦਸ ਕਰੋੜ ਰੁਪਿਆ ਲਗੇ ਜਾਂ 20 ਕਰੋੜ ਰੁਪਿਆ ਲਗੇ ਉਹ ਪੂਰੇ ਕਰਨੇ ਚਾਹੀਦੇ ਹਨ।

ਇਸ ਤੋਂ ਅੱਗੇ ਮੈਂ ਡੀਮਾਂਡ ਨੰ: 35 ਲੈਂਦਾ ਹਾਂ। ਇਹ ਸਿਵਲ ਐਵੀਏਸ਼ਨ ਬਾਰੇ ਹੈ। ਵਜ਼ੀਰ ਸਾਹਿਬ ਚੰਗੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਸਿਵਲ ਐਵੀਏਸ਼ਨ ਦਾ ਸ਼ੌਕ ਵੀ ਹੋਵੇਗਾ। ਡਿਮਾਂਡ ਵਿਚ ਇਹ ਜ਼ਿਕਰ ਨਹੀਂ ਕਿ ਕੋਈ ਹੋਰ ਕਲੱਬ ਖੋਹਲਣੇ ਹਨ। ਅੱਜ ਦਾ ਯੁਗ ਆਧੁਨਿਕ ਯੁਗ ਹੈ। ਲੋਕਾਂ ਦੀ ਸੋਚ ਤੇਜ਼ੀ ਨਾਲ ਚਲ ਰਹੀ ਹੈ। ਲੋਕ ਜਹਾਜ਼ ਖਰੀਦਣ ਨੂੰ ਤਿਆਰ ਹਨ। ਮੈਂ ਚਾਹਾਂਗਾ ਕਿ ਇਹ ਕਲੱਬ ਹਰ ਜ਼ਿਲ੍ਹੇ ਵਿਚ ਖੋਹਲਣੇ ਚਾਹੀਦੇ ਹਨ ਤਾਂਕਿ ਉਥੇ ਦੇ ਬੱਚੇ ਜਹਾਜ਼ ਚਲਾਉਣਾ ਸਿਖ ਕੇ ਚੰਗੇ ਪਾਇਲਟ ਬਣ ਕੇ ਦੇਸ਼ ਦੇ ਕੰਮ ਆ ਸਕਣ। ਇਸ ਦੇ ਵਿਚ ਜ਼ਿਆਦਾ ਪੈਸਾ ਅੱਲੋਕੇਟ ਕਰਨਾ ਚਾਹੀਦਾ ਹੈ।

ਡਿਮਾਂਡ ਨੰ: 37 ਟਰਾਂਸਪੋਰਟ ਨਾਲ ਰਿਲੇਟ ਕਰਦੀ ਹੈ। ਡਿਪਟੀ ਸਪੀਕਰ ਸਾਹਿਬ, 1977 ਵਿਚ ਕਾਂਗਰਸ ਦੀ ਸਰਕਾਰ ਸੀ। ਇਹ ਸਾਡੀ ਸਰਕਾਰ ਦੇ ਆਉਣ ਤੋਂ ਪਹਿਲਾਂ ਦੀ ਗੱਲ ਹੈ।

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੇ ਮੈਸਰਜ਼ ਪਰੂਥੀ ਕੰਨਸਲਟੈਂਟ, ਬੰਬਈ ਨੂੰ 3, 4 ਲੱਖ ਰੁਪਏ ਦਾ ਕਾਂਟਰੈਕਟ ਦਿੱਤਾ ਕਿ ਉਹ ਇਕ ਰਿਪੋਰਟ ਦੇਵੇ ਕਿ ਪੈਪਸੂ ਰੋਡਵੇਜ਼ ਅਤੇ ਪੰਜਾਬ ਰੋਡਵੇਜ਼ ਵਿਚ ਘਾਟਾ ਕਿਉਂ ਪੈ ਰਿਹਾ ਹੈ, ਇਸ ਦੇ ਕੀ ਕਾਰਨ ਹਨ? ਮੈਨੂੰ ਇਸ ਗੱਲ ਦੀ ਬੜੀ ਹੈਰਾਨੀ ਹੈ ਕਿ ਸਰਕਾਰ ਕੋਲ ਬੜੇ ਚੰਗੇ ਚੰਗੇ ਆਈ. ਏ. ਐਸ. ਅਫਸਰ ਹਨ, ਅਕਾਊਂਟੈਂਟ ਹਨ। ਕੀ ਲੋੜ ਪਈ ਸੀ ਇਸ ਤਰ੍ਹਾਂ ਦਾ ਕਾਂਟਰੈਕਟ ਦੇਣ ਦੀ? ਜਦੋਂ ਸਾਡੀ ਸਰਕਾਰ ਆਈ, ਅਸੀਂ ਉਸੇ ਵੇਲੇ ਇਹ ਬੰਦ ਕਰ ਦਿੱਤਾ। ਇਨ੍ਹਾਂ ਨੇ ਕੁਝ ਪੇਮੈਂਟ ਵੀ ਕਰ ਦਿਤੀ ਹੋਈ ਸੀ। ਪਰੂਥੀ ਐਸੋਸ਼ੀਏਟਸ ਨੂੰ ਡਾਕਟਰ ਸਾਹਿਬ ਨੇ 1.67 ਲੱਖ ਰੁਪਿਆ ਹੋਰ ਦੇਣਾ ਮੰਨ ਲਿਆ ਹੈ। ਮੈਂ ਕਹਿੰਦਾ ਹਾਂ ਕਿ ਜੇ ਤੁਸੀਂ ਇਸ ਤਰ੍ਹਾਂ ਕਰਨਾ ਹੈ ਤਾਂ ਅਕਾਊਂਟਸ ਮਹਿਕਮੇ ਨੂੰ ਬੰਦ ਕਰ ਦਿਓ। ਛੱਡੋ ਕੁਰਸੀਆਂ। ਕਲ੍ਹ ਨੂੰ ਤਾਂ ਕਹੋਗੇ ਕਿ ਆਡਿਟ ਵੀ ਬਾਹਰੋਂ ਕਰਾਉਣਾ ਹੈ। ਮੈਂ ਕਹਿੰਦਾ ਹਾਂ ਕਿ ਲੋਕ ਤੁਹਾਡੇ ਤੇ ਉਂਗਲੀਆਂ ਉਠਾਉਣਗੇ ਕਿ ਇਸ 1.67 ਲੱਖ ਵਿਚ ਕਿਸੇ ਨਾ ਕਿਸੇ ਦਾ ਹਿੱਸਾ ਹੈ। ਇਹੋ ਜਿਹੇ ਕੰਸਲਟੈਂਟਸ ਨਹੀਂ ਲਾਉਣੇ ਚਾਹੀਦੇ। ਇਸ ਮੱਦ ਵਿਚ 3 ਕਰੋੜ ਰੁਪਏ ਤੋਂ ਵੱਧ ਰਕਮ ਮੰਗੀ ਲਈ ਹੈ। ਇਹ ਕਿਹਾ ਗਿਆ ਹੈ ਕਿ ਪਹਿਲਾਂ 2.70 ਰੁਪਏ ਪਰ ਕਿਲੋਮੀਟਰ ਖਰਚ ਆਉਂਦਾ ਸੀ ਹੁਣ 2.80 ਰੁਪਏ ਹੋ ਗਿਆ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਟਰਾਂਸਪੋਰਟ ਜਿਹੜੀ ਕਮਾਈ ਦਾ ਸਾਧਨ ਹੈ ਉਹ ਘਾਟੇ ਵੱਲ ਕਿਉਂ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਦਿੱਲੀ ਤੋਂ ਇਕ ਜਲੰਧਰ ਵਾਲੀ ਬੱਸ ਵਿਚ ਜਾ ਰਿਹਾ ਸੀ। ਉਹ ਬੱਸ ਫੁਲ ਸੀ। ਕੰਡਕਟਰ ਨੇ ਕਿਹਾ ਕਿ ਸਰਦਾਰ ਸਾਹਿਬ ਵੇਖ ਲਓ ਸਾਰੀ ਦੀ ਸਾਰੀ ਬੱਸ ਫੁਲ ਹੈ, ਮੈਂ ਸਾਰਿਆਂ ਦਾ ਟਿਕਟ ਕੱਟਿਆ ਹੋਇਆ ਹੈ। ਇਹ ਸਾਡੇ ਕੋਲੋਂ 3 ਰੁਪਏ ਪ੍ਰਤੀ ਕਿਲੋਮੀਟਰ ਮੰਗਦੇ ਹਨ। ਤੁਸੀਂ ਆਪ ਦਸੋ ਕਿ ਇਹ ਘਾਟੇ ਵਿਚ ਕਿਸ ਤਰ੍ਹਾਂ ਜਾ ਸਕਦੀ ਹੈ। ਇਹ ਜਿਹੜੀ ਹੇਰਾ ਫੇਰੀ ਸਪੇਅਰ ਪਾਰਟਸ, ਟਾਇਰਾਂ, ਬਾਡੀਆਂ ਅਤੇ ਗੱਡੀਆਂ ਵਿਚ ਹੋ ਜਾਂਦੀ ਹੈ ਉਸ ਦੇ ਕਾਰਨ ਹੀ ਘਾਟੇ ਪੈਂਦੇ ਹਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਨੂੰ ਪਲੱਗ ਕਰੋ ਅਤੇ ਟਰਾਂਸਪੋਰਟ ਨੂੰ ਅਕਨਾਮਿਕ ਤੌਰ ਤੇ ਤਕੜਾ ਕਰੋ। ਇਹ ਨਹੀਂ ਕਿ ਹਮੇਸ਼ਾ ਘਾਟੇ ਵਲ ਤੁਰੀ ਜਾਓ। ਜੇਕਰ ਡਾਕਟਰ ਸਾਹਿਬ, ਦੇ ਸਾਰੇ ਬਿਆਨਾਂ ਨੂੰ ਵੇਖਿਆ ਜਾਏ ਤਾਂ ਸਾਡੀ ਟਰਾਂਸਪੋਰਟ ਵਿਚ ਕੋਈ 14, 15 ਕਰੋੜ ਰੁਪਏ ਦਾ ਘਾਟਾ ਪੈ ਚੁਕਿਆ ਹੈ। ਜਿਹੜਾ ਕਮਾਈ ਦਾ ਸਾਧਨ ਹੈ ਉਸ ਵਿਚ ਘਾਟਾ ਪੈਂਦਾ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਵਜ਼ੀਰ ਹੀ ਬਦਲ ਕੇ ਵੇਖ ਲਵੋ। ਹੋ ਸਕਦਾ ਹੈ ਕੋਈ ਚੰਗੇ ਪੈੜੇ ਪਾਲਾ ਆ ਜਾਏ ਔਰ ਸ਼ਾਇਦ ਵਾਧਾ ਹੋਣ ਲਗ ਪਏ।

ਹੁਣ ਮੈਂ ਡਿਮਾਂਡ ਨੰ: 39 ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਇਸ ਦੇ ਵਿਚ ਇਕ ਜਗ੍ਹਾ ਤੇ ਜ਼ਿਕਰ ਆਇਆ ਹੈ ਕਿ ਬਿਜਲੀ ਦੀਆਂ ਲਾਈਨਾਂ ਕਿਸੇ ਧਾਰਮਿਕ ਸਥਾਨ ਤੋਂ ਪੁਟ ਕੇ, ਹੋਰ ਥਾਂ ਕਰਨੀਆਂ ਹਨ। ਮੈਂ ਕਹਿੰਦਾ ਹਾਂ ਕਿ ਧਾਰਮਿਕ ਸਥਾਨ ਸਾਰਿਆਂ ਦੇ ਸਾਂਝੇ ਹੁੰਦੇ ਹਨ। ਇਹ ਪਤਾ ਨਹੀਂ ਇਹ ਲਾਈਨਾਂ ਕਦੋਂ ਦੀਆਂ ਲਾਈਆਂ ਹੋਈਆਂ ਹਨ। ਇਨ੍ਹਾਂ ਤੇ 1.85 ਲੱਖ ਰੁਪਏ ਖਰਚ ਆਉਣੇ ਹਨ। ਇਹ ਰਵਾਇਤ ਠੀਕ ਨਹੀਂ। ਕੱਲ੍ਹ ਨੂੰ ਕੋਈ ਮਸਜਿਦ ਵਾਲਾ, ਗੁਰਦੁਆਰੇ ਵਾਲਾ ਜਾਂ ਮੰਦਰ ਵਾਲਾ ਕਹੇਗਾ ਕਿ ਸਾਡੀ ਜਗ੍ਹਾ ਤੋਂ ਪੁਟ ਲਵੋ। ਫਿਰ ਤਾਂ ਸਰਕਾਰ ਇਨ੍ਹਾਂ ਚੀਜ਼ਾਂ ਤੇ ਹੀ ਖਰਚਦੀ ਰਹੇਗੀ। ਇਸ ਲਈ ਇਹ ਖਰਚੇ ਕੋਈ ਸਿਆਣਪ ਭਰੇ ਨਹੀਂ ਕਰਦੇ।

ਹੁਣ ਮੈਂ ਅਗੇ ਡਿਮਾਂਡ ਨੰ: 41 ਲੈਂਦਾ ਹਾਂ। ਇਹ ਲਾਈਨਿੰਗ ਬਾਰੇ ਹੈ। 2.42 ਲੱਖ ਰੁਪਿਆ ਟਿਊਬਵੈੱਲ ਕਾਰਪੋਰੇਸ਼ਨ ਨੂੰ ਦਿੱਤਾ ਹੈ। ਕਾਰਪੋਰੇਸ਼ਨ ਕੋਲ ਰਿਕਵਰੀ ਘੱਟ ਹੋਈ। ਜਿਹੜੇ ਖਾਲਿਆਂ ਤੋਂ ਪੈਸੇ ਆਉਣੇ ਸਨ ਉਹ ਨਹੀਂ ਆਏ। ਇੰਟਰੈਸਟ ਦੀ ਕਿਸ਼ਤ ਆ ਗਈ ਹੈ। ਉਸ ਨੂੰ ਭਰਨ ਵਾਸਤੇ ਸਰਕਾਰ ਨੇ ਗਰੰਟੀ ਦਿੱਤੀ ਹੈ। ਅਸਲ ਗੱਲ ਇਹ ਹੈ ਕਿ ਇਹ ਜਿਹੜੇ ਖਾਲੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਪੱਕੇ ਕੀਤੇ ਜਾਂਦੇ ਹਨ ਇਸ ਦਾ ਜਿਹੜਾ ਪੈਸਾ ਕਿਸਾਨਾਂ ਤੋਂ ਉਗਰਾਹਿਆ ਜਾਂਦਾ ਹੈ ਇਹ ਕਿਸਾਨ ਤੇ ਬੋਝ ਹੈ। ਇਹ ਰਕਮ ਸਰਕਾਰ ਨੂੰ ਆਪਣੇ ਬਜਟ ਵਿਚੋਂ ਦੇਣੀ ਚਾਹੀਦੀ ਹੈ। ਮੈਂ ਦੱਸਦਾ ਹਾਂ ਕਿ ਜਿੰਨੀ ਕਾਸਟ ਆਫ ਕਨਸਟਰਕਸ਼ਨ ਹੈ ਉਸ ਤੋਂ ਜ਼ਿਆਦਾ ਐਡਮਨਿਸਟਰੇਟਿਵ ਖਰਚੇ ਪੈ ਰਹੇ ਹਨ। ਪਹਿਲੀ ਗਲ ਤਾਂ ਇਹ ਹੈ ਕਿ ਪੀ. ਐਸ. ਟੀ. ਸੀ. ਵਿਚ ਇਰੀਗੇਸ਼ਨ ਡਿਪਾਰਟਮੈਂਟ ਦੇ ਇੰਜੀਨੀਅਰ ਹੀ ਜਾਂਦੇ ਹਨ। ਉਹ ਵੀ ਤੁਹਾਡੇ ਹੀ ਇਮਪਲਾਈ ਹਨ। ਉਹ ਜਦੋਂ ਉਥੇ ਜਾਂਦੇ ਹਨ ਤਾਂ 25% ਡੈਪੂਟੇਸ਼ਨ ਅਲਾਊਂਸ ਲੈਂਦੇ ਹਨ। ਸਰਕਾਰ ਤੇ ਇਸ ਦਾ ਬਹੁਤ ਖਰਚਾ ਪੈਂਦਾ ਹੈ। ਡਿਪਾਰਟਮੈਂਟ ਅਲਗ ਖਰਚ ਕਰਦਾ ਹੈ, ਕਾਰਪੋਰੇਸ਼ਨ ਅਲਗ ਖਰਚ ਕਰਦੀ ਹੈ। ਮੈਂ ਕਹਿੰਦਾ ਹਾਂ ਕਿ ਇਹ ਕੰਮ ਕਿਉਂ ਨਹੀਂ ਇਰੀਗੇਸ਼ਨ ਡਿਪਾਰਟਮੈਂਟ ਤੋਂ ਸਿੱਧਾ ਕਰਵਾਇਆ ਜਾਂਦਾ। ਅਗਰ ਇੰਜੀ-ਨੀਅਰਜ਼ ਦੀ ਹੋਰ ਲੋੜ ਹੈ ਤਾਂ ਹੋਰ ਲਾ ਲਵੇ। ਵੈਸੇ ਤਾਂ ਇਨ੍ਹਾਂ ਨਾਲ ਹੀ ਕੰਮ ਸਰ ਸਕਦਾ ਹੈ। ਖਾਲਿਆਂ ਦੀ ਬਣਤਰ ਦਾ ਇਹ ਹਾਲ ਹੈ ਕਿ ਬਣਦੇ ਬਾਅਦ ਵਿਚ ਹਨ ਪਰ ਟੁਟਦੇ ਪਹਿਲੇ ਹਨ। ਲੱਖਾਂ ਬੋਰੀਆਂ ਸੀਮਿੰਟ ਦੀਆਂ ਬਾਹਰ ਵਿੱਕ ਜਾਂਦੀਆਂ ਹਨ। ਇਹ ਤਾਂ ਹਾਲਤ ਹੈ। ਇਸ ਵਲ ਧਿਆਨ ਦੇਣਾ ਚਾਹੀਦਾ ਹੈ। ਮੇਰੀ ਬੇਨਤੀ ਹੈ ਕਿ ਕਿਸਾਨ ਤੋਂ ਪੈਸੇ ਨਾ ਉਗਰਾਹੇ ਜਾਣ। ਇਹ ਕੋਈ ਬਹੁਤੀ ਵੱਡੀ ਗਲ ਨਹੀਂ। 10, 20 ਕਰੋੜ ਰੁਪਏ ਦੀ ਗਲ ਹੈ। ਇਹ ਉਸ ਕਿਸਾਨ ਲਈ ਤੁਸੀਂ ਕਰਨਾ ਹੈ ਜਿਹੜਾ 70% ਅਨਾਜ ਸੈਂਟਰ ਦੇ ਪੂਲ ਵਿਚ ਦਿੰਦਾ ਹੈ ਔਰ ਤੁਸੀਂ ਜਿਥੇ ਜਾ ਕੇ ਆਪਣਾ ਸਿਰ ਉਚਾ ਕਰਕੇ ਬੈਠਦੇ ਹੋ ਔਰ ਕਹਿੰਦੇ ਹੋ ਕਿ ਅਸੀਂ ਦੇਸ਼ ਦੇ ਅੰਨਦਾਤਾ ਹਾਂ। ਜਿਹੜਾ ਕਿਸਾਨ ਤੁਹਾਨੂੰ ਇਤਨਾ ਮਾਣ ਅਤੇ ਇੱਜ਼ਤ ਦਿੰਦਾ ਹੈ ਅਗਰ ਉਸ ਦੇ ਲਈ ਇਤਨੀ ਗਲ ਕਰ ਦਿਓਗੇ ਤਾਂ ਕੋਈ ਐਸੀ ਗਲ ਨਹੀਂ।

ਅਗੇ ਡੀਮਾਂਡ ਹੈ ਸਪੋਰਟਸ ਦੀ। ਇਸ ਦੇ ਲਈ ਸਿਰਫ 10 ਲੱਖ ਰੁਪਿਆ ਰਖਿਆ ਹੈ। ਸਪੋਰਟਸ ਨੂੰ ਬੜ੍ਹਾਵਾ ਦੇਣ ਵਾਸਤੇ ਨੈਸ਼ਨਲ ਕੌਂਸਲ ਬਣਾਉਣੀ ਹੈ ਤਾਂਕਿ ਪੰਜਾਬ ਵਿਚ ਚੰਗੇ ਖਿਡਾਰੀ ਪੈਦਾ ਹੋ ਸਕਣ। ਪੌਟੈਂਸ਼ੀਅਲ ਵੀ ਇਥੇ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਚਾਹਾਂਗਾ ਕਿ ਇਸ ਦੇ ਵਿਚ ਹੋਰ ਵੱਧ ਪੈਸਾ ਰਖਣਾ ਚਾਹੀਦਾ ਹੈ। ਇਹ ਪੈਸਾ ਤਾਂ ਅਫਸਰਾਂ ਅਤੇ ਕੌਂਸਲ ਤੇ ਲਗ ਜਾਏਗਾ ਅਤੇ ਖਿਡਾਰੀਆਂ ਨੂੰ ਕੁਝ ਨਹੀਂ ਮਿਲੇਗਾ। ਜਿੰਨਾ ਵੱਧ ਤੋਂ ਵੱਧ ਪੈਸਾ ਰਖ ਸਕਦੇ ਹਨ, ਰਖਣਾ ਚਾਹੀਦਾ ਹੈ ਇਨ੍ਹਾਂ ਖਿਡਾਰੀਆਂ ਵਾਸਤੇ ਜਿਨ੍ਹਾਂ ਨੇ ਇੰਟਰਨੈਸ਼ਨਲ ਲੈਵਲ ਤੇ ਦੇਸ਼ ਦਾ ਨਾਂ ਉਚਾ ਕਰਨਾ ਹੈ, ਪੰਜਾਬ ਦਾ ਨਾਂ ਉਚਾ ਕਰਨਾ ਹੈ। ਇਸ ਤਰ੍ਹਾਂ ਸਪਲੀਮੈਂਟਰੀ ਗਰਾਂਟਸ ਵਿਚ ਇਤਨਾ ਹਿਊਜ ਅਮਾਊਂਟ ਲਿਆਉਣਾ ਸਰਕਾਰ ਦੀ ਨਾਅਹਿਲੀਅਤ ਦਸਦੀ ਹੈ। ਇਹ ਕੋਈ ਚੰਗੀ ਗਲ ਨਹੀਂ। ਡਿਪਟੀ ਸਪੀਕਰ ਸਾਹਿਬ, ਜਿਹੜਾ ਹੁਣ ਬਜਟ ਪੇਸ਼ ਕਰਨਾ ਹੈ ਇਹ ਸੋਚ ਸਮਝ ਕੇ ਪੇਸ਼ ਕਰਨਾ ਚਾਹੀਦਾ ਹੈ ਤਾਂਕਿ ਮੁੜ ਕੇ ਸਪਲੀਮੈਂਟਰੀ ਡਿਮਾਂਡਜ਼ ਨਾ ਲਿਆਉਣੀਆਂ ਪੈਣ। ਇੱਕ ਗਲ ਮੈਂ ਇਰੀਗੇਸ਼ਨ ਦੇ ਬਾਰੇ ਹੋਰ ਕਰਨੀ ਚਾਹੁੰਦਾ ਹਾਂ। ਥੀਨ ਡੈਮ ਵਾਸਤੇ ਵਾਧੂ ਪੋਸਟਾਂ ਕਰੀਏਟ ਕਰਨ ਵਾਸਤੇ 16 ਲੱਖ 17 ਹਜ਼ਾਰ ਰੁਪਿਆਂ ਦੇਣਾ ਹੈ। ਮੈਂ ਸਮਝਦਾ ਸੀ ਕਿ ਡਾਕਟਰ ਸਾਹਿਬ ਥੀਨ ਡੈਮ ਵਾਸਤੇ ਕੁਝ ਪੈਸਾ ਰੱਖਣਗੇ। ਡਾਕਟਰ ਸਾਹਿਬ ਨੇ ਇਥੇ ਬੜੇ ਜ਼ੋਰ ਨਾਲ ਕਿਹਾ ਸੀ ਕਿ 22 ਕਰੋੜ ਰੁਪਿਆ ਐਲੋਕੇਟ ਥੀਨ ਡੈਮ ਵਾਸਤੇ ਕੀਤਾ ਹੈ। ਪਰ ਇਨ੍ਹਾਂ ਨੇ ਸਿਰਫ 12 ਕਰੋੜ ਰੁਪਏ ਹੀ ਇਸ ਤੇ ਖਰਚ ਕੀਤੇ। 10 ਕਰੋੜ ਰੁਪਏ ਉਸ ਦੇ ਵਿੱਚੋਂ ਵੀ ਘਟਾ ਲਏ। ਥੀਨ ਡੈਮ ਬੜਾ ਇੰਪਾਰਟੈਂਟ ਇਸ਼ੂ ਹੈ। ਇਸ ਲਈ ਸਰਕਾਰ ਨੂੰ ਹੋਰ ਪੈਸਾ, ਜਿਤਨਾ ਵੀ ਚਾਹੀਦਾ ਹੈ, ਉਹ ਦੇਣਾ ਚਾਹੀਦਾ ਹੈ ਤਾਂਕਿ ਇਹ ਜਲਦੀ ਤੋਂ ਜਲਦੀ ਪੂਰਾ ਹੋ ਸਕੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਹਰੀ ਮਿੱਤਰ ਹੰਸ** (ਸ਼ਾਮ ਚੁਰਾਸੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰਬਰ 19 ਤੇ ਬੋਲਣਾ ਚਾਹੁੰਦਾ ਹਾਂ। ਹਾਊਸਿੰਗ ਬੋਰਡ ਨੇ ਵੀਕਰ ਸੈਕਸ਼ਨਜ਼ ਵਾਸਤੇ ਮਕਾਨ ਬਣਾਏ ਹਨ। ਇਸ ਲਈ 76 ਲੱਖ 73 ਹਜ਼ਾਰ ਰੁਪਏ ਦੀ ਪੰਜਾਬ ਸਰਕਾਰ ਨੇ ਮੰਗ ਕੀਤੀ ਹੈ। ਇਹ ਬੜੀ ਚੰਗੀ ਗਲ ਹੈ। ਪਰ ਬੜੇ ਦੁੱਖ ਦੀ ਗਲ ਹੈ ਕਿ ਇਨ੍ਹਾਂ ਮਕਾਨਾਂ ਦਾ ਮੈਟੀਰੀਅਲ ਬੜਾ ਘੱਟੀਆ ਹੈ। ਫਿਰ ਜਿਹੜੇ ਇਹ ਮਕਾਨ ਵੀਕਰ ਸੈਕਸ਼ਨ ਦੇ ਲੋਕਾਂ ਨੂੰ ਦਿੱਤੇ ਜਾਂਦੇ ਹਨ ਉਸ ਵਿੱਚ ਇੱਕ ਕਮਰਾ ਅਤੇ ਰਸੋਈ ਹੁੰਦੀ ਹੈ। ਮੇਰਾ ਸੁਝਾਓ ਹੈ ਕਿ ਘੱਟੋ ਘੱਟ ਦੋ ਕਮਰੇ ਸਟੋਰ ਅਤੇ ਬਾਥਰੂਮ ਹੋਣਾ ਚਾਹੀਦਾ ਹੈ। ਪਿੰਡਾਂ ਵਿੱਚ ਹਾਊਸਿੰਗ ਸੁਸਾਇਟੀਆਂ ਬਣਾ ਕੇ ਵੀ ਡਿਵੈਲਪਮੈਂਟ ਕੀਤੀ ਹੈ। ਜਿਹੜਾ ਮੈਟੀਰੀਅਲ ਖਰੀਦਿਆ ਜਾਂਦਾ ਹੈ ਇਸ ਦਾ ਨਿਰੀਖਣ ਕਰਨ ਲਈ ਕੋਈ ਸਬ-ਕਮੇਟੀ ਬਣਾਉਣੀ ਚਾਹੀਦੀ ਹੈ ਜਾਂ ਫਿਰ ਉਨ੍ਹਾਂ ਲੋਕਾਂ ਨੂੰ ਪੈਸੇ ਲੋਨ ਹਾਊਸਿੰਗ ਕਮੇਟੀਆਂ ਕੋਲੋਂ ਦਿਵਾਉਣੇ ਚਾਹੀਦੇ ਹਨ ਤਾਂਕਿ ਉਹ ਆਪਣੇ ਮਕਾਨ ਬਣਾ ਸਕਣ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਡਿਮਾਂਡ ਨੰਬਰ 16 ਹੈ। ਇਸ ਵਿੱਚ 16 ਕਰੋੜ 76 ਲੱਖ ਰੁਪਿਆ ਮੰਗਿਆ ਗਿਆ ਹੈ। ਇਹ ਬੜਾ ਅੱਛਾ ਕੰਮ ਕੀਤਾ ਹੈ। ਪੰਜਾਬ ਸਰਕਾਰ ਨੇ ਸਭ ਤੋਂ ਵੱਡਾ ਜਿਹੜਾ ਕੰਮ ਕੀਤਾ ਹੈ ਉਹ ਵੋਕੇਸ਼ਨਲ ਸਿਖਿਆ ਦੇਣ ਦਾ ਹੈ। ਇਸ ਦੇ ਨਾਲ ਅਨ-ਇੰਪਲਾਇਮੈਂਟ ਖ਼ਤਮ ਹੋਵੇਗੀ। ਜਿਨ੍ਹਾਂ ਸਕੂਲਾਂ ਵਿੱਚ ਬੱਚੇ ਵੋਕੇਸ਼ਨਲ ਸਿਖਿਆ ਲੈਂਦੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਲੋਨ ਦਿਤੇ ਜਾਣ ਤਾਂਕਿ ਉਹ ਆਪਣਾ ਕਾਰੋਬਾਰ ਚਲਾ ਸਕਣ। ਮੈਂ ਮੰਗ ਕਰਦਾ ਹਾਂ ਕਿ ਹਰੇਕ ਹਾਈ ਸਕੂਲ ਵਿੱਚ ਘੱਟੋ ਘੱਟ ਇਹ ਵੋਕੇਸ਼ਨਲ ਵਿਦਿਆ ਦੇਣੀ ਚਾਹੀਦੀ ਹੈ। ਜਿਸ ਤਰ੍ਹਾਂ ਸਰਕਾਰ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਨੂੰ 95% ਖਰਚੇ ਦੀ ਗਰਾਂਟ ਦਿੰਦੀ ਹੈ, ਉਸੇ ਤਰ੍ਹਾਂ ਇਨ੍ਹਾਂ ਸਕੂਲਾਂ ਦੇ ਬੱਚਿਆਂ ਨੂੰ ਵੀ ਗਰਾਂਟ ਦੇਣੀ ਚਾਹੀਦੀ ਹੈ। ਜਿਹੜਾ ਮੈਟੀਰੀਅਲ ਉਹ ਤਿਆਰ ਕਰਦੇ ਹਨ ਉਹ ਸਰਕਾਰ ਨੂੰ ਆਪ ਚੁਕ ਲੈਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਲੇਬਰ ਐਂਡ ਇੰਪਲਾਇਮੈਂਟ ਦੀ ਡੀਮਾਂਡ ਨੰਬਰ 22 ਵਿੱਚ ਸਰਕਾਰ ਨੇ ਅੱਛਾ ਕੰਮ ਕੀਤਾ ਹੈ। ਇਸ ਦੇ ਵਿਚ ਇੱਕ ਫਾਰੇਨ ਸੈਲ ਬਣਾਇਆ ਹੈ। ਇਸ ਰਾਹੀਂ ਪੰਜਾਬ ਦੇ ਅਨਇੰਪਲਾਇਡ ਲੋਕ ਬਾਹਰਲੇ ਮੁਲਕਾਂ ਵਿੱਚ ਜਾ ਸਕਣਗੇ। ਪ੍ਰਾਈਵੇਟ ਜਿਹੜੇ ਏਜੰਟ ਹਨ ਉਹ ਲੋਕਾਂ ਤੋਂ ਪੈਸੇ ਵੀ ਲੈ ਲੈਂਦੇ ਹਨ ਅਤੇ ਬਾਹਰ ਵੀ ਨਹੀਂ ਭਿਜਵਾਉਂਦੇ। ਉਹ ਗਰੀਬ ਧੱਕੇ ਖਾਂਦੇ ਫਿਰਦੇ ਹਨ। ਇਹ ਸਰਕਾਰ ਦਾ ਬੜਾ ਸ਼ਲਾਘਾਯੋਗ ਕੰਮ ਹੈ। ਮੈਂ ਸਰਕਾਰ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹੁਣ ਇਸ ਸੈਲ ਦੇ ਵਿੱਚ ਵੀ ਸਿਫਾਰਸ਼ ਅਤੇ ਕੁਰੱਪਸ਼ਨ ਚਲਦੀ ਹੈ। ਇਸ ਨੂੰ ਪੂਰੀ ਤਰ੍ਹਾਂ ਚੈਕ ਕਰਨ। ਜਿਹੜੇ ਪ੍ਰਾਈਵੇਟ ਏਜੰਟ ਹਨ ਉਹ ਪੈਸੇ ਲੈ ਕੇ ਇਨ੍ਹਾਂ ਲੋਕਾਂ ਨੂੰ ਬਾਹਰ ਭੇਜਦੇ ਹਨ। ਫਾਰੇਨ ਕੰਪਨੀਆਂ ਜਿਹੜੇ ਬੰਦੇ ਮੰਗਵਾਉਂਦੀਆਂ ਹਨ ਉਨ੍ਹਾਂ ਨੂੰ ਫਰੀ ਲੈ ਜਾਂਦੀਆਂ ਹਨ। ਪਰ ਜਿਹੜੇ ਇਥੇ ਏਜੰਟ ਹਨ ਜਾਂ ਦੂਜੇ ਆਦਮੀ ਹਨ ਉਹ ਇਨ੍ਹਾਂ ਤੋਂ ਪੈਸੇ ਲੈ ਲੈਂਦੇ ਹਨ। ਮੈਂ ਇੱਕ ਹੋਰ ਅਰਜ਼ ਕਰਾਂਗਾ ਕਿ ਹਰੀਜਨਾਂ ਨੂੰ ਇਸ ਵਿੱਚ ਪ੍ਰੈਫਰੈਂਸ ਦੇਣੀ ਚਾਹੀਦੀ ਹੈ ਤਾਂਕਿ ਇਹ ਗਰੀਬ ਵੀ ਬਾਹਰ ਜਾ ਕੇ ਪੈਸੇ ਕਮਾ ਸਕਣ ਅਤੇ ਹਿੰਦੁਸਤਾਨ ਵਿੱਚ ਪੈਸੇ ਲਿਆ ਕੇ ਇੰਡਸਟਰੀ ਲਾ ਸਕਣ। ਪੰਜਾਬ ਦੇ ਵਿੱਚ ਇੰਡਸਟਰੀ ਦੀ ਕਾਫੀ ਡਿਵੈਲਪਮੈਂਟ ਹੋਈ ਹੈ। ਇਸ ਦੇ ਵਿੱਚ ਹਰੀਜਨਾਂ ਨੂੰ ਸਪੈਸ਼ਲ ਕੋਟਾ ਦਿੱਤਾ ਜਾਵੇ ਅਤੇ ਇੰਡਸਟਰੀਅਲ ਪਲਾਂਟ ਰਿਜ਼ਰਵ ਕੀਮਤ ਤੇ ਦਿੱਤੇ ਜਾਣ ਤਾਂ ਕਿ ਉਹ ਵੀ ਇੰਡਸਟਰੀ ਇੱਥੇ ਲਾ ਸਕਣ। ਕਿਉਂਕਿ ਇਥੇ ਬਿਜਲੀ ਦੀ ਘਾਟ ਹੈ ਇਸ ਲਈ ਇੰਡਸਟਰੀ ਨੂੰ ਵੀ ਬੜੀ ਮੁਸ਼ਕਿਲ ਪੇਸ਼ ਆਉਂਦੀ ਹੈ। ਜਿਤਨਾ ਚਿਰ ਰੋਪੜ ਥਰਮਲ ਪਲਾਂਟ ਨਹੀਂ ਚਾਲੂ ਹੁੰਦਾ ਅਤੇ ਬਠਿੰਡਾ ਥਰਮਲ ਪਲਾਂਟ ਠੀਕ ਕੰਮ ਨਹੀਂ ਕਰਦਾ, ਇਹ ਕਮੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਹਰੀ ਮਿੱਤਰ ਹੰਸ]

ਪੂਰੀ ਨਹੀਂ ਹੋ ਸਕਦੀ। ਇੰਡਸਟਰੀਲਿਸਟਾਂ ਨੂੰ ਖੁਲ੍ਹ ਦਿੱਤੀ ਜਾਵੇ ਕਿ ਉਹ ਬਾਹਰਲੇ ਮੁਲਕਾਂ ਤੋਂ ਛੋਟੇ ਛੋਟੇ ਜੈਨਰੇਟਰ ਜਿਸ ਤਰ੍ਹਾਂ ਦੋ ਦੋ ਕਿਲੋ ਵਾਟ ਦੇ ਹੁੰਦੇ ਹਨ, ਉਹ ਮੰਗਵਾ ਸਕਣ ਅਤੇ ਆਪਣੀ ਬਿਜਲੀ ਦੀ ਘਾਟ ਨੂੰ ਪੂਰਾ ਕਰ ਸਕਣ। ਜਾਂ ਫਿਰ ਗੌਰਮਿੰਟ ਨੂੰ ਆਪ ਇਹ ਮੰਗਵਾ ਕੇ ਦੇਣੇ ਚਾਹੀਦੇ ਹਨ। ਇਸ ਤੋਂ ਇਲਾਵਾ ਜੇ ਐਂਡ ਕੇ ਅਤੇ ਹਿਮਾਚਲ ਸਰਕਾਰ ਨਾਲ ਕੰਟ੍ਰੈਕਟ ਕਰਕੇ ਬਿਜਲੀ ਪੈਦਾ ਕੀਤੀ ਜਾਵੇ ਤਾਂਕਿ ਪੰਜਾਬ ਵਿੱਚ ਜਿਹੜੀ ਇੰਡਸਟਰੀ ਨੂੰ ਬਿਜਲੀ ਦੀ ਜ਼ਰੂਰਤ ਹੈ ਉਸ ਨੂੰ ਪੂਰਾ ਕੀਤਾ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਵੈਲਫੇਅਰ ਦੀ ਡਿਮਾਂਡ 23 ਨੰਬਰ ਹੈ। ਇਸ ਵਿੱਚ ਵੀ 1 ਕਰੋੜ 67 ਲੱਖ ਰੁਪਿਆ ਮੰਗਿਆ ਗਿਆ ਹੈ। ਇਹ ਵੀ ਸ਼ਲਾਘਾਯੋਗ ਗਲ ਹੈ। ਇਹ ਪਿੰਡਾਂ ਵਿੱਚ ਧਰਮਸ਼ਾਲਾਵਾਂ ਅਤੇ ਬਸਤੀਆਂ ਦੇ ਸੁਧਾਰ ਲਈ ਰੱਖਿਆ ਹੈ। ਹਾਲੇ ਵੀ ਪੰਜਾਬ ਚ ਕਈ ਪਿੰਡਾਂ ਵਿੱਚ ਧਰਮਸ਼ਾਲਾਵਾਂ ਨਹੀਂ ਹਨ। ਇਨ੍ਹਾਂ ਵੱਲ ਸਪੈਸ਼ਲ ਧਿਆਨ ਦੇਣਾ ਚਾਹੀਦਾ ਹੈ। ਜਿਹੜੀਆਂ ਧਰਮਸ਼ਾਲਾਵਾਂ ਅਧੂਰੀਆਂ ਹਨ ਉਨ੍ਹਾਂ ਨੂੰ ਪੈਸੇ ਫੌਰਨ ਦੇਣੇ ਚਾਹੀਦੇ ਹਨ ਤਾਂਕਿ ਉਹ ਕੰਪਲੀਟ ਹੋ ਸਕਣ। ਮੇਰਾ ਸੁਝਾਓ ਹੈ ਕਿ ਜੇ ਸਰਕਾਰ ਇੱਕ ਸਾਲ ਵਿੱਚ ਪੂਰੇ ਪੈਸੇ ਪਿੰਡਾਂ ਨੂੰ ਦੇ ਦੇਵੇ ਤਾਂ ਸਾਰੀਆਂ ਧਰਮਸ਼ਾਲਾਵਾਂ ਪੂਰੀਆਂ ਹੋ ਸਕਦੀਆਂ ਹਨ। ਇਹ ਬੜੀ ਚੰਗੀ ਗਲ ਹੋਵੇਗੀ। ਓਲਡ ਏਜ ਪੈਨਸ਼ਨ ਅਤੇ ਵਿੱਡੋ ਪੈਨਸ਼ਨ ਦਾ 1964 ਵਿੱਚ ਐਕਟ ਬਣਿਆ ਸੀ। ਇਸ ਦੇ ਵਿੱਚ ਵੀ ਅਮੈਂਡਮੈਂਟ ਕਰਨੀ ਚਾਹੀਦੀ ਹੈ। ਜਿਸ ਵੇਲੇ ਫਾਰਮ ਭਰਿਆ ਜਾਂਦਾ ਹੈ ਤਾਂ ਜਿਹੜਾ ਓਲਡ ਏਜ ਦਾ ਆਦਮੀ ਜਾਂ ਇਸਤਰੀ ਹੁੰਦੀ ਹੈ ਉਸ ਕੋਲੋਂ ਪੁੱਛਿਆ ਜਾਂਦਾ ਹੈ ਕਿ ਤੇਰੀ ਮੰਥਲੀ ਇਨਕਮ ਕੀ ਹੈ। ਉਥੇ ਲਿਖਿਆ ਜਾਂਦਾ ਹੈ ਕਿ ਮੇਰੀ ਪਰ ਮੰਥ ਇਨਕਮ 15 ਰੁਪਏ ਹੈ। ਇਸ ਤਰ੍ਹਾਂ ਝੂਠ ਬੁਲਵਾਇਆ ਜਾਂਦਾ ਹੈ। ਅੱਜ ਜਿਹੜਾ ਮੰਗਣਵਾਲਾ ਹੈ ਉਸ ਦੀ ਵੀ ਆਮਦਨ ਜ਼ਿਆਦਾ ਹੁੰਦੀ ਹੈ। ਅੱਜ ਮਹਿੰਗਾਈ ਦੇ ਜ਼ਮਾਨੇ ਵਿੱਚ 50 ਪੈਸੇ ਦਾ ਇੱਕ ਕੱਪ ਚਾਹ ਦਾ ਆਉਂਦਾ ਹੈ। ਇਸ ਲਈ ਇਸ ਪੈਨਸ਼ਨ ਲਈ ਆਮਦਨ ਦੀ ਹੱਦ 100 ਰੁਪਏ ਫਿਕਸ ਕਰਨੀ ਚਾਹੀਦੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਹਰੀਜਨ ਬੱਚੇ ਦੀ ਫੀਸ ਤਾਂ ਮੁਆਫ ਕੀਤੀ ਜਾਂਦੀ ਹੈ ਜੇ ਉਸ ਦੇ ਮਾਂ ਬਾਪ ਦੀ ਆਮਦਨ 3,600 ਰੁਪਏ ਸਾਲਾਨਾ ਤੋਂ ਘੱਟ ਹੋਵੇ। ਇਹ ਲਿਮਿਟ ਵਧਾ ਕੇ 6,000 ਰੁਪਏ ਤੋਂ 12,000 ਰੁਪਏ ਦੀ ਕਰਨੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦੀ ਡਿਮਾਂਡ ਰਾਹੀਂ 3 ਕਰੋੜ 54 ਲੱਖ 32 ਹਜ਼ਾਰ ਰੁਪਿਆ ਮੰਗਿਆ ਗਿਆ ਹੈ। ਬੜੇ ਦੁੱਖ ਦੀ ਗਲ ਹੈ ਕਿ ਹੁਸ਼ਿਆਰਪੁਰ ਬੱਸ ਸਟੈਂਡ ਵਿੱਚ 60-70 ਬੱਸਾਂ ਰਿਪੇਅਰ ਲਈ ਖੜ੍ਹੀਆਂ ਹਨ। ਉਹ ਰੂਟਾਂ ਤੇ ਨਹੀਂ ਚਲ ਸਕਦੀਆਂ। ਮੈਂ ਅਰਜ਼ ਕਰਾਂਗਾ ਕਿ ਉਨ੍ਹਾਂ ਨੂੰ ਠੀਕ ਕਰਕੇ ਰੂਟਾਂ ਤੇ ਚਲਾਇਆ ਜਾਵੇ। ਇਸ ਤਰ੍ਹਾਂ ਨਾਲ ਟਰਾਂਸਪੋਰਟ ਘਾਟੇ ਵਿੱਚ ਨਹੀਂ ਜਾ ਸਕਦੀ। ਦੂਜਾ ਬੱਸਾਂ ਵਿੱਚ ਡੁਪਲੀਕੇਟ ਸਪੇਅਰ-ਪਾਰਟਸ ਪਾਏ ਜਾਂਦੇ ਹਨ। ਇਸ ਨੂੰ ਚੈਕ ਕਰਨ ਵਾਸਤੇ ਵੀ ਸਰਕਾਰ ਨੂੰ ਕੋਈ ਕਮੇਟੀ ਬਣਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਜੈਨੂਅਨ ਪਾਰਟਸ ਬਾਹਰ ਵੇਚ ਦਿੱਤੇ ਜਾਂਦੇ ਹਨ। ਪੀ.ਡਬਲਿਊ.ਡੀ. ਨੇ ਹਰ ਪਿੰਡ ਵਿੱਚ ਸੜਕ ਬਣਾ ਦਿੱਤੀ ਹੈ। ਇਸ ਲਈ ਹੁਣ ਬੱਸਾਂ ਸਭ ਤੋਂ ਜ਼ਿਆਦਾ ਪਿੰਡਾਂ ਵਿੱਚ ਚਲਣੀਆਂ ਚਾਹੀਦੀਆਂ ਹਨ।

**ਸ੍ਰੀ ਡਿਪਟੀ ਸਪੀਕਰ :** ਵਾਈਂਡ ਅਪ ਕਰੋ ਜੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਹਰੀ ਮਿੱਤਰ ਹੰਸ**: ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਫਲੱਡ ਕੰਟਰੋਲ ਅਤੇ ਡਰੇਨੇਜ ਦੀ ਡਿਮਾਂਡ ਅਧੀਨ 2 ਕਰੋੜ, 94 ਲੱਖ, 36 ਹਜ਼ਾਰ ਰੁਪਿਆ ਮੰਗਿਆ ਗਿਆ ਹੈ। ਮੇਰੀ ਬੇਨਤੀ ਹੈ ਕਿ ਚੱਬੇਵਾਲ ਡਰੇਨ ਹਰ ਸਾਲ ਹਰਮੋਏ ਅਤੇ ਬਦਲੇ ਕੋਲ ਟੁੱਟ ਜਾਂਦੀ ਹੈ ਅਤੇ ਬੜਾ ਨੁਕਸਾਨ ਕਰਦੀ ਹੈ। ਇਸ ਡਰੇਨ ਦੀ ਕਪੈਸਟੀ 30 ਹਜ਼ਾਰ ਕਿਊਸਕ ਦੀ ਹੈ। ਇਸ ਦੇ ਕਿਨਾਰੇ ਕੱਚੇ ਹਨ। ਪਾਣੀ-ਓਵਰ ਫਲੋ ਹੋ ਜਾਂਦਾ ਹੈ ਕਿਉਂਕਿ ਉਸ ਦਾ ਬੈੱਡ ਉੱਚਾ ਹੋ ਚੁਕਾ ਹੈ। ਪਿਛਲੇ ਸਾਲ 10, 10 ਫੁਟ ਪਾਣੀ ਬਾਹਰ ਆ ਗਿਆ ਸੀ। ਡੀ ਸੀ., ਐਸ.ਡੀ.ਐਮ. ਸਾਹਿਬ ਦੇਖ ਕੇ ਆਏ ਹਨ। ਇਸ ਡਰੇਨ ਨੂੰ ਦੁਬਾਰਾ ਠੀਕ ਕੀਤਾ ਜਾਵੇ ਤਾਂਕਿ ਪਾਣੀ ਪੂਰਾ ਉਹ ਖਿੱਚ ਸਕੇ। ਮੈਂ ਇਤਨਾ ਕਹਿੰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ।

**ਕਾਮਰੇਡ ਬੂਟਾ ਸਿੰਘ** (ਮਾਨਸਾ): ਡਿਪਟੀ ਸਪੀਕਰ, **ਸਾਹਿਬ, ਪਹਿਲੀ** ਗੱਲ ਤਾਂ ਮੈਂ ਡਿਮਾਂਡ ਨੰਬਰ 10 ਦੇ ਬਾਰੇ ਅਰਜ਼ ਕਰਨੀ ਹੈ। ਹੁਣ ਸਮਾਂ ਆ ਗਿਆ ਹੈ। ਚੌਕੀਦਾਰ ਦਾ ਸਵਾਲ ਇਥੇ ਆਇਆ ਹੈ। ਮੈਂ ਸਮਝਦਾ ਹਾਂ ਕਿ ਇਸ ਸਵਾਲ ਨੂੰ ਹਮੇਸ਼ਾ ਵਾਸਤੇ ਹੱਲ ਕਰ ਦੇਣਾ ਚਾਹੀਦਾ ਹੈ। ਇਹ ਸਰਕਾਰ ਨੂੰ ਮੰਨ ਲੈਣਾ ਚਾਹੀਦਾ ਹੈ ਕਿ ਚੌਕੀਦਾਰ ਸਰਕਾਰ ਦਾ ਚੌਥੇ ਦਰਜੇ ਦਾ ਕਰਮਚਾਰੀ ਹੈ। ਮੇਰੀ ਬੇਨਤੀ ਹੈ ਕਿ ਆਉਣ ਵਾਲੇ ਬਜਟ ਵਿਚ ਇਹ ਮੱਦ ਰੱਖੀ ਜਾਵੇ ਔਰ ਸਰਕਾਰ ਉਸ ਨੂੰ ਚੌਥੇ ਦਰਜੇ ਦਾ ਸਰਕਾਰੀ ਕਰਮਚਾਰੀ ਮੰਨ ਲਵੇ। ਉਹ ਵਿਚਾਰਾ 24 ਘੰਟੇ ਡਿਊਟੀ ਦਿੰਦਾ ਹੈ। ਡਿਪਟੀ ਕਮਿਸ਼ਨਰ ਤੋਂ ਲੈ ਕੇ ਥਾਣੇਦਾਰ ਤਕ ਜਦੋਂ ਕੋਈ ਵੀ ਅਫਸਰ ਪਿੰਡ ਦੇ ਵਿਚ ਆਉਂਦਾ ਹੈ ਤਾਂ ਉਹ ਡਿਊਟੀ ਦਿੰਦਾ ਹੈ। ਰਾਤ ਦੀ ਉਸ ਦੀ ਡਿਊਟੀ ਵੱਖਰੀ ਹੁੰਦੀ ਹੈ।

ਡਿਮਾਂਡ ਨੰਬਰ 16 ਬਾਰੇ, ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਸਰਕਾਰ ਦਾ ਇਹ ਫੈਸਲਾ ਹੈ ਕਿ ਜਿਹੜਾ ਕਰਮਚਾਰੀ ਇਕ ਸਾਲ ਨੌਕਰੀ ਕਰ ਲਵੇ ਉਸ ਨੂੰ ਰੈਗੂਲਰ ਕਰ ਦਿੱਤਾ ਜਾਵੇ। ਲੇਕਿਨ ਵਿਦਿਆ ਵਿਭਾਗ ਦਾ ਇਹ ਹਾਲ ਹੈ ਕਿ ਸੱਤ-ਸੱਤ ਸਾਲਾਂ ਦੀਆਂ ਸਿਲਾਈ ਟੀਚਰਾਂ ਲੱਗੀਆਂ ਹੋਈਆਂ ਹਨ। ਪਰ ਉਨ੍ਹਾਂ ਨੂੰ ਕੱਢਣ ਦੇ ਨੋਟਿਸ ਦੇ ਦਿੱਤੇ ਗਏ ਹਨ। ਭਾਵੇਂ ਉਨ੍ਹਾਂ ਨੂੰ ਸਟੇਅ ਮਿਲ ਗਿਆ ਹੈ ਪਰ ਫਿਰ ਵੀ ਉਨ੍ਹਾਂ ਨੂੰ ਨੌਕਰੀ ਦਾ ਖਤਰਾ ਬਣਿਆ ਹੋਇਆ ਹੈ। ਇਸ ਲਈ ਸਰਕਾਰ ਨੂੰ ਇਥੇ ਐਲਾਨ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਸਿਲਾਈ ਟੀਚਰਾਂ ਨੂੰ ਪੱਕਿਆਂ ਕਰਾਂਗੇ, ਕਿਉਂਕਿ ਇਹ ਵੀ ਵਿਦਿਆ ਦਾ ਸਵਾਲ ਹੈ।

ਇਕ ਮੇਰੀ ਹੋਰ ਬੇਨਤੀ ਹੈ ਕਿ ਜ਼ਿਲ੍ਹਿਆਂ ਦੇ ਪੱਖ ਤੋਂ ਬਠਿੰਡੇ ਦਾ ਜ਼ਿਲ੍ਹਾ ਵੱਡਾ ਜ਼ਿਲ੍ਹਾ ਹੈ। ਲੇਕਿਨ ਬਠਿੰਡੇ ਵਿਚ ਕੋਈ ਵੀ ਬੀ.ਐਡ. ਕਾਲਿਜ ਨਹੀਂ ਹੈ। ਉਹ ਚਾਹੇ ਰਾਮਪੁਰਾ ਫੂਲ ਵਿਚ ਖੋਲ੍ਹ ਦਿੱਤਾ ਜਾਵੇ, ਚਾਹੇ ਮਾਨਸਾ ਵਿਚ ਹੋਵੇ, ਚਾਹੇ ਬਠਿੰਡੇ ਵਿਚ ਹੋਵੇ, ਪਰ ਹੋਣਾ ਜ਼ਰੂਰ ਚਾਹੀਦਾ ਹੈ। ਇਸ ਲਈ ਸਰਕਾਰ ਬੀ.ਐਡ. ਕਾਲਜ ਖੋਲ੍ਹਣ ਦੀ ਕਿਰਪਾ ਕਰੇ।

ਫਿਰ ਪੁਲਿਸ ਦੇ ਬਾਰੇ ਡਿਮਾਂਡ ਨੰ: 11 ਹੈ। ਇਸ ਦੇ ਬਾਰੇ ਬਹੁਤ ਕੁਝ ਕਿਹਾ ਜਾ ਚੁਕਾ ਹੈ। ਲੇਕਿਨ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਇਸ ਡੀਮਾਂਡ ਹੇਠ ਸਾਢੇ ਚਾਰ ਕਰੋੜ ਮੰਗਿਆ ਗਿਆ ਹੈ ਔਰ ਇਸ ਵਿਚੋਂ 26 ਲੱਖ ਰੁਪਿਆ ਇਕੱਲੇ ਪੈਟਰੋਲ ਦਾ ਖਰਚਾ ਹੈ। ਇਹ ਉਨ੍ਹਾਂ ਗੱਡੀਆਂ ਦਾ ਪੈਟਰੋਲ ਦਾ ਖਰਚਾ ਹੈ ਜਿਹੜੀਆਂ ਕਿ ਇਧਰ ਉਧਰ ਭੇਜੀਆਂ ਹਨ। [ ** ** ]

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਵਿਕਾਸ ਮੰਤਰੀ** (ਸਰਦਾਰ ਸੰਤੋਖ ਸਿੰਘ ਰੰਧਾਵਾ): ਡਿਪਟੀ ਸਪੀਕਰ ਸਾਹਿਬ, ਚੰਦੋ ਕਲਾਂ ਦਾ ਮਾਮਲਾ ਸਬਜੁਡਿਸ ਹੈ। ਇਸ ਲਈ ਇਹ ਮਾਮਲਾ ਰਿਕਾਰਡ ਤੇ ਨਹੀਂ ਆਉਣਾ ਚਾਹੀਦਾ।

**ਸ੍ਰੀ ਡਿਪਟੀ ਸਪੀਕਰ**: ਠੀਕ ਹੈ, ਇਹ ਪੋਰਸ਼ਨ ਪ੍ਰੋਸੀਡਿੰਗਜ਼ ਵਿਚੋਂ ਐਕਸਪੰਜ ਕਰ ਦਿੱਤਾ ਜਾਵੇ।

**ਕਾਮਰੇਡ ਬੂਟਾ ਸਿੰਘ** : ਡਿਪਟੀ ਸਪੀਕਰ ਸਾਹਿਬ, ਸਾਡੇ ਲੇਬਰ ਮਨਿਸਟਰ ਸਾਹਿਬ ਵੀ ਜਨਤਾ ਟਰਾਂਸਪੋਰਟ ਦੇ ਮਾਲਿਕ ਹਨ। ਇਨ੍ਹਾਂ ਨੂੰ ਲੇਬਰ ਦੀ ਗੱਲ ਕਰਨੀ ਚਾਹੀਦੀ ਹੈ। ਡਿਮਾਂਡ ਨੰ: 26 ਖੇਤੀਬਾੜੀ ਨਾਲ ਸਬੰਧ ਰੱਖਦੀ ਹੈ। ਇਸ ਬਾਰੇ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪਿਛਲੀ ਅਸੈਂਬਲੀ ਨੇ, ਇਸ ਹਾਊਸ ਨੇ, ਇਹ ਮਤਾ ਸਰਵ ਸੰਮਤੀ ਨਾਲ ਪਾਸ ਕੀਤਾ ਸੀ ਕਿ ਕੱਚੇ ਔਰ ਪੱਕੇ ਮਾਲ ਦੀਆਂ ਕੀਮਤਾਂ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ ਪਰ ਅੱਜ ਤਕ ਇਸ ਪਾਸੇ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਪਿਛਲੇ ਦਿਨਾਂ ਦੀ ਗਲ ਹੈ ਜਦੋਂ ਨਰਮੇ ਦੇ ਢੇਰ ਮਾਰਕਿਟ ਵਿਚ ਲੱਗੇ ਹੋਏ ਸਨ, ਪਹਿਲਾਂ ਤਾਂ ਉਸ ਦੀ ਅੱਠ ਅੱਠ ਦਿਨ ਬੋਲੀ ਨਹੀਂ ਹੁੰਦੀ। ਫਿਰ ਉਤੇ ਮੀਂਹ ਪੈ ਗਿਆ ਔਰ ਨਰਮਾ ਭਿੱਜ ਗਿਆ। ਫਿਰ ਤਾਂ ਬੋਲੀ ਕੀ ਹੋਣੀ ਸੀ? ਜਦੋਂ ਅਸੀਂ ਹੱਲਾ ਗੁੱਲਾ ਕੀਤਾ ਤਾਂ ਬੋਲੀ ਹੋਣ ਲੱਗੀ। ਪਰ ਵਪਾਰੀ ਕਹਿੰਦੇ ਸਨ ਕਿ ਇਸ ਵਿਚ ਕੱਟ ਲਗਾਓ। ਜੇਕਰ, ਡਿਪਟੀ ਸਪੀਕਰ ਸਾਹਿਬ, ਬੋਲੀ ਹੋ ਜਾਂਦੀ ਹੈ ਤਾਂ ਉਹ ਤੋਲਿਆ ਨਹੀਂ ਜਾਂਦਾ ਕਿਉਂਕਿ ਵਪਾਰੀ ਕਹਿੰਦੇ ਹਨ ਕਿ ਸਾਨੂੰ ਚਾਰ, ਪੰਜ ਜਾਂ ਛੇ ਕਿਲੋ ਦੀ ਕੱਟ ਦੀ ਇਜਾਜ਼ਤ ਹੋਵੇ। ਜੇਕਰ, ਡਿਪਟੀ ਸਪੀਕਰ ਸਾਹਿਬ, ਉਹ ਤੁੱਲ ਵੀ ਜਾਂਦਾ ਹੈ ਤਾਂ ਵਪਾਰੀ ਕਹਿ ਦਿੰਦੇ ਹਨ ਕਿ ਅਜੇ ਤੁਹਾਡੀ ਪਰਚੀ ਨਹੀਂ ਆਈ ਇਸ ਲਈ ਪੇਮੈਂਟਾਂ ਮਹੀਨਾ ਮਹੀਨਾ ਭਰ ਨਹੀਂ ਹੁੰਦੀਆਂ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਕਿਸਾਨ ਨੂੰ ਉਸ ਦੇ ਕਪਾਹ ਜਾਂ ਨਰਮੇ ਦੀ ਜਲਦੀ ਪੇਮੈਂਟ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਬੱਸ ਜੀ, ਮੈਂ ਇਕ ਹੀ ਗੱਲ ਕਹਿਣੀ ਹੈ।

ਡਿਪਟੀ ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਵਿਚ ਸਭ ਤੋਂ ਪਹਿਲਾਂ ਨੁਕਤਾ ਸਿੰਜਾਈ ਦੇ ਬਾਰੇ ਵਿਚ ਹੈ। ਮੈਂ ਸਮਝਦਾ ਹਾਂ ਕਿ ਜੇਕਰ ਸਿੰਜਾਈ ਦਾ ਹੀ ਇਹ ਹਾਲ ਹੈ ਤਾਂ ਫਿਰ ਇਨ੍ਹਾਂ ਦੇ 20 ਨੁਕਤਿਆਂ ਦੇ ਪ੍ਰੋਗਰਾਮ ਤੇ ਕਿਸ ਤਰ੍ਹਾਂ ਅਮਲ ਹੋ ਸਕਦਾ ਹੈ। ਕਿਸਾਨਾਂ ਦੇ ਖਾਲਿਆਂ ਨੂੰ ਪੱਕਿਆਂ ਕਰਨ ਦਾ ਸਰਕਾਰ ਦਾ ਪ੍ਰੋਗਰਾਮ ਸੀ। ਸਰਕਾਰ ਨੂੰ ਚਾਹੀਦਾ ਸੀ ਕਿ ਉਹ ਆਪਣੇ ਖਰਚੇ ਤੇ ਪੱਕੇ ਕਰਦੀ। ਪਰ ਉਨ੍ਹਾਂ ਨੂੰ ਪੱਕਿਆਂ ਕਰਨ ਦਾ ਖਰਚਾ ਕਿਸਾਨਾਂ ਤੋਂ ਲਿਆ ਜਾ ਰਿਹਾ ਹੈ। ਜੇਕਰ ਹਰਾ ਇਨਕਲਾਬ ਲਿਆਉਣ ਵਾਲੇ ਜਿਹੜੇ ਕਿਸਾਨ ਹਨ ਉਨ੍ਹਾਂ ਨੂੰ ਫੜ ਫੜ ਕੇ ਜੇਲ੍ਹਾਂ ਵਿਚ ਬੰਦ ਕਰਕੇ ਉਨ੍ਹਾਂ ਤੋਂ ਪੈਸਾ ਉਗਰਾਹੁਣਾ ਹੈ ਤਾਂ ਹਰਾ ਇਨਕਲਾਬ ਜਿਸ ਦੀਆਂ ਅਸੀਂ ਗੱਲਾਂ ਕਰਦੇ ਹਾਂ ਉਹ ਕਿਸ ਤਰ੍ਹਾਂ ਨਾਲ ਆ ਸਕਦਾ ਹੈ। ਇਸ ਲਈ ਉਹ ਖਰਚਾ ਸਰਕਾਰ ਆਪਣੇ ਪਾਸੋਂ ਕਰੇ। ਇਕ ਗੱਲ ਮੈਂ ਕੋਆਪ੍ਰੇਟਿਵ ਸੈਕਟਰੀਆਂ ਦੇ ਬਾਰੇ ਕਰਨੀ ਹੈ। ਠੀਕ ਹੈ ਕਿ ਹੜਤਾਲ ਹੋਈ। ਉਨ੍ਹਾਂ ਦੀਆਂ ਮੰਗਾਂ ਵਾਜਿਬ ਸਨ। ਇਸ ਲਈ ਉਨ੍ਹਾਂ ਨੂੰ ਉਨ੍ਹਾਂ ਦੀਆਂ ਨੌਕਰੀਆਂ ਤੇ ਬਹਾਲ ਕਰਨਾ ਚਾਹੀਦਾ ਹੈ। ਇਹ ਸਿਰਫ ਉਨ੍ਹਾਂ ਦਾ ਹੀ ਸਵਾਲ ਨਹੀਂ ਹੈ ਬਲਕਿ ਉਨ੍ਹਾਂ ਦੇ ਪਿੱਛੇ ਜਿਹੜੇ ਹਜ਼ਾਰਾਂ ਪਰਿਵਾਰ ਹਨ ਉਨ੍ਹਾਂ ਦਾ ਸਵਾਲ ਹੈ। ਇਸ ਲਈ ਸਰਕਾਰ ਨੂੰ ਇਸ ਗੱਲ ਤੇ ਬਦਲਾ-ਲਊ ਰਵੱਈਆ ਨਹੀਂ ਇਖਤਿਆਰ ਕਰਨਾ ਚਾਹੀਦਾ, ਬਿਲਕੁਲ ਹਮਦਰਦੀ ਵਾਲਾ ਰਵੱਈਆ ਇਖਤਿਆਰ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਡਰੇਨਾਂ ਬਾਰੇ ਕਹਿਣਾ ਹੈ। ਖੀਵਾ ਸ਼ਹਿਜਾਦਾ ਸਿੰਘ ਵਾਲੀ ਡਰੇਨ ਤੇ ਚਾਰ ਲੱਖ ਰੁਪਿਆ ਖਰਚਾ ਹੋਣਾ ਹੈ ਪਰ ਸਰਕਾਰ ਕਰ ਨਹੀਂ ਰਹੀ। ਲੇਕਿਨ ਦੂਜੇ ਪਾਸੇ 50 ਲੱਖ ਰੁਪਿਆ ਦਾ ਲੋਕਾਂ ਦਾ ਨੁਕਸਾਨ ਹਰ ਸਾਲ ਹੁੰਦਾ ਹੈ ਔਰ ਹਜ਼ਾਰਾਂ ਰੁਪਿਆਂ ਦਾ

Original with;
Punjab Vidhan Sabha
Digitized by;
Panjab Digital Library

ਸਰਕਾਰ ਨੂੰ ਜਿਹੜਾ ਮਾਲੀਆ ਆਉਣਾ ਸੀ ਉਸ ਦਾ ਨੁਕਸ਼ਾਨ ਹੋ ਰਿਹਾ ਹੈ। ਇਕ ਸਾਲ ਵਿਚ ਇਤਲਾ ਨੁਕਸਾਨ ਹੋ ਰਿਹਾ ਹੈ। ਮੈਂ ਇਹ ਮਾਮਲਾ ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਵਿਚ ਵੀ ਇਕ ਦੋ ਵਾਰੀ ਰੱਖਿਆ ਹੈ। ਜ਼ਿਲ੍ਹਾ ਅਧਿਕਾਰੀਆਂ ਦੇ ਨੋਟਿਸ ਵਿਚ ਲਿਆਂਦਾ ਹੈ ਲੇਕਿਨ ਇਸ ਮਾਮਲੇ ਵੱਲ ਅਜੇ ਤਕ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਫੌਰੀ ਤੌਰ ਤੇ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ।

**ਕਾਮਰੇਡ ਬੂਟਾ ਸਿੰਘ** : ਬੱਸ ਜੀ, ਆਖਰੀ ਗੱਲ ਹੈ। ਡਿਪਟੀ ਸਪੀਕਰ ਸਾਹਿਬ, ਮਾਰਕਿਟ ਕਮੇਟੀਆਂ ਨੇ ਸੜਕਾਂ ਬਣਾਉਣੀਆਂ ਸ਼ੁਰੂ ਕੀਤੀਆਂ ਸਨ ਪਰ ਉਹ ਪੂਰੀਆਂ ਨਹੀਂ ਹੋ ਸਕੀਆਂ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਕਿਸੇ ਨਾ ਕਿਸੇ ਪਾਸਿਉਂ ਪੈਸਾ ਕੱਢ ਕੇ ਉਨ੍ਹਾਂ ਸੜਕਾਂ ਨੂੰ ਮੁਕੰਮਲ ਕਰੇ।

**ਸ੍ਰੀ ਸੁਰਿੰਦਰ ਕਪੂਰ** (ਬਠਿੰਡਾ) : ਡਿਪਟੀ ਸਪੀਕਰ ਸਾਹਿਬ, ਸਾਲ 1981-82 ਦੀ ਸੈਕੰਡ ਇਨਸਟਾਲਮੈਂਟ ਜੋ ਸਪਲੀਮੈਂਟਰੀ ਗਰਾਂਟਸ ਦੀ ਸ਼ਕਲ ਵਿਚ ਮੰਗੀ ਗਈ ਹੈ, ਮੈਂ ਉਸ ਦੇ ਸਬੰਧ ਵਿਚ ਕਹਿਣਾ ਹੈ। ਡਿਮਾਂਡ ਨੰ: 11, 16 ਅਤੇ 17 ਤੇ ਮੈਂ ਬੋਲਣਾ ਚਾਹੁੰਦਾ ਹਾਂ। ਡਿਮਾਂਡ ਨੰਬਰ 11 ਪੁਲਿਸ ਨਾਲ ਸਬੰਧ ਰੱਖਦੀ ਹੈ ਅਤੇ ਇਸ ਵਾਸਤੇ 4 ਕਰੋੜ 50 ਲੱਖ ਰੁਪਏ ਮੰਗੇ ਹਨ। ਡਿਪਟੀ ਸਪੀਕਰ ਸਾਹਿਬ, ਜੇਕਰ ਸੂਬੇ ਵਿਚ ਅਮਨ ਹੋਵੇ ਤਾਂ ਸੂਬੇ ਵਿਚ ਵਿਕਾਸ ਦਾ ਹੋਣਾ ਜ਼ਰੂਰੀ ਹੋ ਜਾਂਦਾ ਹੈ। ਪਰ ਜੇਕਰ ਸੂਬੇ ਵਿਚ, ਦੇਸ਼ ਵਿਚ ਅਮਨ, ਸ਼ਾਂਤੀ ਨਾ ਹੋਵੇ ਤਾਂ ਸੂਬਾ ਤਰੱਕੀ ਨਹੀਂ ਕਰ ਸਕਦਾ, ਦੇਸ਼ ਤਰੱਕੀ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਸ੍ਰੀਮਤੀ ਇੰਦਰਾ ਗਾਂਧੀ ਜੀ ਨੇ ਬਾਹਰਲੇ ਦੇਸ਼ਾਂ ਨੂੰ ਅਮਨ ਕਾਇਮ ਕਰਨ ਵਾਸਤੇ ਸੱਦਾ ਦਿੱਤਾ ਹੈ ਜਿਸ ਦੀ ਕਿ ਦੇਸ਼ਾਂ/ਵਿਦੇਸ਼ਾਂ ਦੇ ਵਿਦਵਾਨਾਂ ਨੇ ਸ਼ਲਾਘਾ ਕੀਤੀ ਹੈ। ਪੰਜਾਬ ਦੇ ਹਾਲਾਤ ਪਿਛਲੇ ਕੁਝ ਮਹੀ-ਨਿਆਂ ਵਿਚ ਬੜੀ ਨਾਜ਼ਕ ਸਥਿਤੀ ਤੇ ਪੁਜ ਗਏ ਸਨ। ਲੇਕਿਨ ਮੈਂ ਸਮਝਦਾ ਹਾਂ ਕਿ ਪੰਜਾਬ ਦੇ ਲੋਕ, ਪੰਜਾਬ ਦੀ ਸਰਕਾਰ ਵਧਾਈ ਦੀ ਪਾਤਰ ਹੈ ਜਿਸ ਨੇ ਵਾਤਾਵਰਣ ਨੂੰ ਠੀਕ ਕੀਤਾ ਹੈ। ਜਿਹੜਾ ਨਫਰਤ ਦਾ ਜ਼ਹਿਰ ਸੂਬੇ ਦੇ ਅੰਦਰ ਫੈਲਿਆ ਜਾ ਰਿਹਾ ਸੀ ਉਸ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਸ ਜ਼ਹਿਰ ਨੂੰ ਖਤਮ ਕਰਨ ਵਾਸਤੇ ਇਸ ਸੂਬੇ ਦੇ ਲੋਕਾਂ ਨੇ ਬਹੁਤ ਸ਼ਲਾਘਾਯੋਗ ਕੰਮ ਕੀਤਾ ਹੈ। ਸਾਰੀਆਂ ਪਾਰਟੀਆਂ ਨੇ ਖਾਲਿਸਤਾਨ ਦੀ ਜੋ ਡਿਮਾਂਡ ਸੀ, ਉਸ ਨੂੰ ਦਬਾਉਣ ਦੇ ਵਿਚ ਹਿੱਸਾ ਪਾਇਆ ਹੈ। ਪ੍ਰੰਤੂ ਕੁਝ ਗੈਰ-ਜ਼ਿਮਾਵਾਰ ਔਰ ਸਾਜ਼ਸ਼ੀ ਲੋਕ ਜੋ ਕਿ ਹਿੰਦੂ ਔਰ ਸਿੱਖਾਂ ਨੂੰ ਇਕੱਠਿਆਂ ਨਹੀਂ ਸਨ ਵੇਖਣਾ ਚਾਹੁੰਦੇ, ਜੋ ਕਿ ਇਹ ਨਹੀਂ ਸਨ ਚਾਹੁੰਦੇ ਕਿ ਇਹ ਇਕੱਠੇ ਰਹਿ ਕੇ ਦੁਨੀਆਂ ਦੇ ਨਕਸ਼ੇ ਤੇ ਇਸ ਵੇਲੇ ਉਭਰ ਰਿਹਾ ਹੈ, ਇਹ ਕਿਤੇ ਉਭਰ ਨਾ ਆਵੇ, ਉਨ੍ਹਾਂ ਨੇ ਇਸ ਦੀ ਤਰੱਕੀ ਨੂੰ ਰੋਕਣ ਦਾ ਯਤਨ ਕੀਤਾ।

ਡਿਪਟੀ ਸਪੀਕਰ ਸਾਹਿਬ, ਪੁਲਿਸ ਵਾਸਤੇ 3 ਕਰੋੜ, 34 ਲੱਖ 39 ਹਜ਼ਾਰ ਰੁਪਏ ਮੰਗੇ ਗਏ ਹਨ ਜਿਹੜੇ ਕਿ ਸਿਰਫ ਮੁਲਾਜ਼ਮਾਂ ਦੀਆਂ ਤਨਖਾਹਾਂ, ਉਨ੍ਹਾਂ ਦੇ ਡੀ.ਏ. ਵਾਸਤੇ ਰੱਖੇ ਗਏ ਹਨ ਜਾਂ ਹੋਰ ਪੋਸਟਾਂ ਵਾਸਤੇ ਰੱਖੇ ਗਏ ਹਨ। ਲਾਅ ਐਂਡ ਆਰਡਰ ਕੰਟਰੋਲ ਕਰਨ ਵਾਸਤੇ, ਕੰਪਿਊਟਰ ਖਰੀਦਣ ਵਾਸਤੇ ਇਹ ਪੈਸਾ ਖਰਚਿਆ ਜਾ ਰਿਹਾ ਹੈ। ਇਸ ਲਈ ਕੇਂਦਰੀ ਸਰਕਾਰ ਨੇ ਵੀ ਸਹਾਇਤਾ ਦੇਣੀ ਹੈ। ਲੇਕਿਨ, ਡਿਪਟੀ ਸਪੀਕਰ ਸਾਹਿਬ, ਅਫ਼ਸੋਸ ਇਹ ਹੁੰਦਾ ਹੈ ਕਿ ਜਿਸ ਢੰਗ ਨਾਲ ਪੁਲਿਸ ਵਲੋਂ ਇਨਸਪੈਕਸ਼ਨ ਕੀਤੀ ਜਾਂਦੀ ਹੈ, ਜਿਸ ਢੰਗ ਨਾਲ ਪੁਲਿਸ ਕੰਮ ਕਰਦੀ ਹੈ ਉਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਵਿਚ ਪੁਲਿਸ ਵਲੋਂ ਵੀ ਕੁਝ ਜ਼ਿਆਦਤੀਆਂ ਹੋ ਜਾਂਦੀਆਂ ਹਨ ਜਿਸ ਨਾਲ ਗਰੀਬ ਲੋਕਾਂ ਨੂੰ ਪੀੜਤ ਹੋਣਾ ਪੈਂਦਾ ਹੈ। ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਬਠਿੰਡੇ ਜ਼ਿਲ੍ਹੇ ਵਿਚ ਡਾਕਟਰਾਂ ਔਰ ਪੁਲਿਸ ਦਾ ਆਪਸ ਵਿਚ ਡਿਸਪਿਊਟ ਹੋਇਆ। ਮੈਂ ਸਮਝਦਾ ਹਾਂ ਕਿ ਡਾਕਟਰੀ ਵੀ ਇਕ ਕਾਬਲ ਪ੍ਰੋਫੈਸ਼ਨ ਹੈ ਅਤੇ ਪੁਲਿਸ ਵੀ ਇਕ ਕਾਬਲ ਪ੍ਰੋਫੈਸ਼ਨ ਹੈ। ਇਸ ਲਈ ਇਹ ਚੰਗਾ ਨਹੀਂ ਹੋਵੇਗਾ ਜੇ ਪੁਲਿਸ ਵਾਲੇ ਔਰ ਡਾਕਟਰ ਆਪਸ ਵਿਚ ਹੀ ਡਿਸਪਿਊਟ ਕਰ ਲੈਣ। ਇਨ੍ਹਾਂ ਦੀ ਆਪਸ ਵਿਚ ਕੋ-ਆਰਡੀਨੇਸ਼ਨ ਹੋਣੀ ਚਾਹੀਦੀ ਹੈ ਤਾਂ ਹੀ ਗਰੀਬ ਲੋਕਾਂ ਨੂੰ ਕੁਝ ਫਾਇਦਾ ਹੋ ਸਕਦਾ ਹੈ। ਜੇਕਰ ਇਨ੍ਹਾਂ ਦਾ ਆਪਸ ਵਿਚ ਕੁੜੱਤਣ ਵਾਲਾ ਵਾਤਾਵਰਣ ਹੋਵੇਗਾ ਤਾਂ ਇਸ ਨਾਲ ਲੋਕਾਂ ਦਾ ਭਲਾ ਨਹੀਂ ਹੋ ਸਕਦਾ। ਇਸ ਲਈ ਮੇਰੀ ਬੇਨਤੀ ਹੈ ਕਿ ਜਲਦੀ ਹੀ ਫੈਸਲਾ ਕਰਕੇ ਜਿਹੜੇ ਕਸੂਰਵਾਰ ਹਨ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਕਾਰਬਾਈਨਾਂ ਦੇ ਲਾਇਸੰਸ ਬਾਰੇ ਗਲ ਕੀਤੀ ਗਈ। ਉਮਰਾਨੰਗਲ ਜੀ ਨੇ ਲਾਇਸੰਸ ਮੰਗਿਆ। ਉਹ ਨਾ ਮਿਲਣ ਤੇ ਵਾਕਆਊਟ ਕਰ ਗਏ। ਬੜਾ ਅਫਸੋਸ ਹੁੰਦਾ ਹੈ ਕਿ ਇਸ ਸਦਨ ਦੇ ਮੈਂਬਰਜ਼, ਜੋ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ, ਪੰਜਾਬ ਦੇ ਵਿਕਾਸ ਵਾਸਤੇ ਨੁਮਾਇੰਦੇ ਬਣ ਕੇ ਇਥੇ ਆਉਂਦੇ ਹਨ, ਉਹ ਕਾਰਬਾਈਨਾਂ ਦੇ ਲਾਇ-ਸੈਂਸ ਵਾਸਤੇ ਇਥੇ ਆ ਕੇ ਵਾਕਆਊਟ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਜੋ ਗੋਲੀ ਕਾਰਬਾਈਨ ਵਿਚੋਂ ਚਲੇਗੀ ਉਹ ਕਿਸੇ ਮਾਂ ਦੇ ਪੁੱਤਰ ਦੇ ਸੀਨੇ ਤੇ ਚਲੇਗੀ, ਕਿਸੇ ਭੈਣ ਦੇ ਭਰਾ ਤੇ ਚਲੇਗੀ, ਕਿਸੇ ਦਾ ਸੁਹਾਗ ਉਜਾੜੇਗੀ। ਇਸ ਤਰ੍ਹਾਂ ਨਾਲ ਦੇਸ਼ ਵਿਚ ਬਦਅਮਨੀ ਫੈਲੇਗੀ। ਮੈਂ ਕਹਿੰਦਾ ਹਾਂ ਕਿ ਜੇ ਇਨ੍ਹਾਂ ਨੂੰ ਕਿਸੇ ਤੋਂ ਖਤਰਾ ਹੈ ਤਾਂ ਇਹ ਦਸਣ ਕਿ ਇਨ੍ਹਾਂ ਨੂੰ ਕਿਸ ਤੋਂ ਖਤਰਾ ਹੈ। ਐਵੇਂ ਗੋਲੀ ਚਲਾ ਕੇ ਉਹ ਹਾਲ ਨਾ ਹੋਵੇ ਜੋ ਸਾਡੇ ਗਵਾਂਢੀ ਦੇਸ਼ ਵਿਚ ਹੋ ਰਿਹਾ ਹੈ। ਅਸੀਂ ਉਸ ਦੀ ਨਿੰਦਾ ਕਰਦੇ ਹਾਂ। ਇਸ ਲਈ ਸਾਨੂੰ ਪੰਜਾਬ ਦਾ ਮਾਹੌਲ ਅਮਨ ਅਮਾਨ ਰਖਣਾ ਚਾਹੀਦਾ ਹੈ। ਇਸ ਕਰਕੇ ਮੈਂ ਸਾਰੀਆਂ ਪਾਰਟੀਆਂ ਨੂੰ ਇਹ ਕਹਾਂਗਾ ਕਿ ਅਜਿਹੀਆਂ ਗਲਾਂ ਵਿਚ ਨਾ ਪੈਣ ਬਲਕਿ ਵਿਕਾਸ ਵਲ ਤੁਰਨ ਤਾਂ ਜੋ ਪੰਜਾਬ ਖੁਸ਼ਹਾਲ ਹੋ ਸਕੇ।

ਇਸ ਤੋਂ ਇਲਾਵਾ ਡਿਮਾਂਡ ਨੰ: 16 ਜੋ ਕਿ ਐਜੂਕੇਸ਼ਨ ਬਾਰੇ ਹੈ ਦੇ ਸਬੰਧ ਵਿਚ ਮੈਂ ਕੁਝ ਕਹਿਣਾ ਚਾਹੁੰਦਾ ਹਾਂ। ਇਸ ਵਿਚ ਵੀ ਕਾਫੀ ਰਕਮ ਤਨਖਾਹ ਅਤੇ ਡੀ.ਏ. ਵਗੈਰਾ ਤੇ ਖਰਚ ਕੀਤੀ ਗਈ ਹੈ। ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਵਲੋਂ ਬਠਿੰਡੇ ਵਿੱਚ ਇਕ ਰਿਜਨਲ ਸੈਂਟਰ ਮਨਜ਼ੂਰ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਬਠਿੰਡੇ ਦੇ ਰਹਿਣ ਵਾਲੇ ਹੋ। ਗਟਵਾਲੀ ਸਾਹਿਬ ਵੀ ਬਠਿੰਡੇ ਦੇ ਰਹਿਣ ਵਾਲੇ ਹਨ। ਤੁਸੀਂ ਜਾਣਦੇ ਹੋ ਕਿ ਬਠਿੰਡਾ ਜ਼ਿਲ੍ਹਾ ਐਜੂਕੇਸ਼ਨ ਦੇ ਲਿਹਾਜ਼ ਨਾਲ ਕਿੰਨਾ ਪਛੜਿਆ ਹੋਇਆ ਹੈ। ਹੁਣੇ ਜਿਹੜੀਆਂ ਪਿਛੇ ਸੈਨਸਿਜ਼ ਹੋਈਆਂ ਸਨ ਉਸ ਤੋਂ ਪਤਾ ਲਗਦਾ ਹੈ ਕਿ ਉਥੇ ਸਿਰਫ 20-21% ਲੋਕ ਐਜੂਕੇਟਡ ਹਨ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਹੜਾ ਪੰਜਾਬੀ ਯੂਨੀਵਰਸਿਟੀ ਵਲੋਂ ਰਿਜਨਲ ਸੈਂਟਰ ਉਥੇ ਬਣਨਾ ਹੈ ਉਸ ਲਈ ਹੋਰ ਜ਼ਿਆਦਾ ਸਹਾਇਤਾ ਦੇ ਕੇ ਉਹ ਛੇਤੀ ਤੋਂ ਛੇਤੀ ਸਥਾਪਿਤ ਕਰਨਾ ਚਾਹੀਦਾ ਹੈ ਤਾਂਕਿ ਉਥੋਂ ਦੇ ਲੋਕ ਚੰਗੀ ਸਿਖਿਆ ਪ੍ਰਾਪਤ ਕਰ ਸਕਣ।

ਇਸ ਤੋਂ ਇਲਾਵਾ, ਮੇਰੀ ਬੇਨਤੀ ਹੈ ਕਿ ਹਾਈ ਔਰ ਹਾਇਰ ਸਕੈਂਡਰੀ ਸਕੂਲਾਂ ਵਿਚ ਟੈਕਨੀ-ਕਲ ਐਜੂਕੇਸ਼ਨ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਸਕੂਲਾਂ ਵਿਚ ਟੈਕਨੀਕਲ ਐਜੂਕੇਸ਼ਨ ਦਿੱਤੀ ਜਾਵੇਗੀ ਤਾਂ ਹੀ ਉਹ ਸਟੂਡੈਂਟਸ ਪੜ੍ਹਾਈ ਖ਼ਤਮ ਕਰਨ ਤੋਂ ਬਾਅਦ ਕੋਈ ਨਾ ਕੋਈ ਆਪਣਾ ਕਿੱਤਾ ਕਰ

Original with;
Punjab Vidhan Sabha
Digitized by;
Panjab Digital Library

ਸਕਣਗੇ। ਉਹ ਬੇਰੁਜ਼ਗਾਰ ਨਹੀਂ ਹੋਣਗੇ। ਇਥੇ ਕਈ ਆਪੋਜ਼ੀਸ਼ਨ ਮੈਂਬਰਜ਼ ਬੋਲਦੇ ਹਨ ਕਿ ਪੰਜਾਬ ਵਿਚ ਬੇਰੁਜ਼ਗਾਰੀ ਦੂਰ ਨਹੀਂ ਹੋਣੀ। ਪੰਜਾਬ ਵਿਚ ਅਮਨ ਨਹੀਂ ਆਉਣਾ। ਇਸ ਤਰ੍ਹਾਂ ਦੀਆਂ ਗਲਾਂ ਇਹ ਉਧਰ ਬੈਠੇ ਸੱਜਣ ਕਰਦੇ ਹਨ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਪੰਜਾਬ ਵਿਚ ਅਮਨ ਵੀ ਆਵੇਗਾ ਔਰ ਬੇਰੁਜ਼ਗਾਰੀ ਵੀ ਦੂਰ ਹੋਵੇਗੀ ਔਰ ਪੰਜਾਬ ਵਿਕਾਸ ਵਲ ਵੀ ਵੱਧੇਗਾ। ਲੇਕਿਨ ਤੁਸੀਂ ਇਸੇ ਤਰ੍ਹਾਂ ਡੰਡੇ ਵਜਾਂਦੇ ਰਹਿਣਾ ਹੈ ਔਰ ਵਾਕ ਆਊਟ ਬਾਰ ਬਾਰ ਕਰਦੇ ਰਹਿਣਾ ਹੈ।

ਬਾਦਲ ਸਾਹਿਬ ਨੇ ਗਵਰਨਰ ਐਡਰਸ ਵੇਲੇ ਕਿਹਾ ਕਿ ਅਸੀਂ ਗਵਰਨਰ ਦੀ ਗਲ ਨਹੀਂ ਸੁਣਨੀ ਔਰ ਵਾਕ ਆਊਟ ਕਰ ਗਏ। ਮੈਂ ਪੁੱਛਦਾ ਹਾਂ। ਕਿ ਗਵਰਨਰ ਐਡਰਸ ਵਿਚ ਕੀ ਸੀ ਜਿਸ ਨੂੰ ਇਹ ਨਹੀਂ ਸਨ ਸੁਣਨਾ ਚਾਹੁੰਦੇ। ਗਵਰਨਰ ਐਡਰਸ ਵਿਚ ਵਿਕਾਸ ਬਾਰੇ ਗਲਾਂ ਕਹੀਆਂ ਗਈਆਂ ਸਨ, ਪੰਜਾਬ ਦੀ ਉਨਤੀ ਦੇ ਬਾਰੇ ਗਲਾਂ ਕਹੀਆਂ ਗਈਆਂ ਸਨ, ਮਜ਼ਦੂਰਾਂ ਦੀ ਉਨਤੀ ਔਰ ਮਿਨਿਮਮ ਵੇਜਿਜ਼ ਦੇ ਬਾਰੇ ਗਲਾਂ ਕੀਤੀਆਂ ਗਈਆਂ ਸਨ। ਪਰ ਇਹ ਇਹੋ ਜਿਹੀਆਂ ਗਲਾਂ ਸੁਣਨ ਲਈ ਵੀ ਤਿਆਰ ਨਹੀਂ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਕਿ ਅਨੰਦਪੁਰ ਸਾਹਿਬ ਦਾ ਨਾਂ ਸੁਣਕਿ ਪਤਾ ਨਹੀਂ ਇਧਰ ਕੀ ਹੋ ਜਾਂਦਾ ਹੈ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਹ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਹੈ। ਅਜਨਾਲਾ ਸਾਹਿਬ ਨੇ ਦਸ਼ਮੇਸ਼ ਅਕਾਡਮੀ ਵਾਸਤੇ ਬਾਕੀ ਕੀਤੇ ਖਰਚ ਤੋਂ ਇਲਾਵਾ 57 ਲੱਖ 95 ਹਜ਼ਾਰ ਹੋਰ ਦਿੱਤਾ ਹੈ ਤਾਕਿ ਪੰਜਾਬ ਤਰੱਕੀ ਵਲ ਜਾ ਸਕੇ। ਫਿਰ ਲਾਹੌਰ ਵਿਚ ਪੰਜਾਬੀ ਨੂੰ ਇਨਸੈਂਟਿਵ ਦੇਣ ਲਈ ਪਾਕਿਸਤਾਨ ਨਾਲ ਭਾਈਚਾਰਾ ਬਣਾਇਆ ਹੈ ਤਾਕਿ ਉਥੇ ਪੰਜਾਬੀ ਨੂੰ ਬੜ੍ਹਾਵਾ ਦਿੱਤਾ ਜਾ ਸਕੇ ਔਰ ਉਥੇ ਪੰਜਾਬੀ ਦੇ ਅਗਜ਼ਾਮ ਲੈਣ ਦਾ ਫੈਸਲਾ ਕੀਤਾ ਹੈ।

(ਇਸ ਵੇਲੇ ਕਈ ਮੈਂਬਰ ਸਾਹਿਬਾਨ ਬੋਲਣ ** ਲਗ ਪਏ।)

**ਸ੍ਰੀ ਡਿਪਟੀ ਸਪੀਕਰ :** ਇਹ ਰਿਕਾਰਡ ਨਹੀਂ ਕਰਨਾ।

**ਸ੍ਰੀ ਸੁਰਿੰਦਰ ਕਪੂਰ** : ਇਸ ਦੇ ਨਾਲ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹਾਂਗਾ ਕਿ ਸੰਸਕ੍ਰਿਤ ਦੇ ਵਿਕਾਸ ਲਈ ਵੀ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਉਪਨਿਸ਼ਦ ਔਰ ਗੀਤਾ ਨੂੰ ਪੜ੍ਹਨ ਲਈ ਸਰਕਾਰ ਵਲੋਂ ਬੜ੍ਹਾਵਾ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਟੈਕਨੀਕਲ ਐਜੂਕੇਸ਼ਨ ਨੂੰ ਬੜ੍ਹਾਵਾ ਦੇਣਾ ਚਾਹੀਦਾ ਹੈ ਅੱਜ ਜੋ ਬਠਿੰਡੇ ਦੇ ਅੰਦਰ ਰਿਜਨਲ ਸੈਂਟਰ ਸਥਾਪਤ ਹੋਣਾ ਹੈ ਉਹ ਜਲਦੀ ਸਥਾਪਤ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਡਿਮਾਂਡਜ਼ ਇਥੇ ਲਿਆਉਣ ਦੀ ਇਕ ਆਦਤ ਜਿਹੀ ਬਣ ਗਈ ਹੈ ਔਰ ਇਕ ਮਿਨੀ ਬਜਟ ਦੀ ਤਰ੍ਹਾਂ ਇਹ ਸਪਲੀਮੈਂਟਰੀ ਐਸਟੀਮੇਟਸ ਹਾਊਸ ਵਿਚ ਆਉਂਦੀਆਂ ਹਨ ਤਾਕਿ ਜਿਹੜਾ ਬਜਟ ਦਾ ਘਾਟਾ ਹੈ ਉਸ ਨੂੰ ਛੁਪਾਇਆ ਜਾ ਸਕੇ। ਬਹੁਤ ਸਾਰੀਆਂ ਐਸੀਆਂ ਡਿਮਾਂਡਜ਼ ਹਨ ਜਿਨ੍ਹਾਂ ਦਾ ਪਹਿਲੇ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਪਤਾ ਲਗ ਸਕਦਾ ਸੀ ਪਰ ਇਨ੍ਹਾਂ ਨੇ ਜਾਣ ਬੁਝ ਕੇ ਇਨ੍ਹਾਂ ਨੂੰ ਸਪਲੀਮੈਂਟਰੀ ਡਿਮਾਂਡਜ਼ ਵਿਚ ਪੇਸ਼ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਡਿਮਾਂਡ ਨੰ: 11 ਹੈ ਇਹ ਪੁਲਿਸ ਨਾਲ ਸਬੰਧ ਰੱਖਦੀ ਹੈ ਔਰ ਇਸ ਰਾਹੀਂ ਬਹੁਤ ਸਾਰਾ ਪੈਸਾ ਮੰਗ ਲਿਆ ਹੈ। 2 ਬਟਾਲੀਅਨਜ਼ ਖੜੀਆਂ ਕਰਨੀਆਂ ਹਨ। ਕੋਈ ਡਿਟੈਕਟਿਵ ਮਸ਼ੀਅਰ ਲੈਣ ਵਾਸਤੇ ਪੈਸਾ ਨਹੀਂ ਖਰਚਿਆ ਜਾ ਰਿਹਾ ਬਲਕਿ ਜੋ ਓਪਰੇਸ਼ਨ ਦਾਊਕੇ ਵਿਚ ਹੋਏ ਹਨ, ਕਪੂਰਥਲੇ ਵਿਚ ਹੋਏ ਹਨ, ਬਠਿੰਡੇ ਵਿਚ ਹੋਏ ਹਨ, ਖੰਨਾ ਵਿਚ ਹੋਏ ਹਨ, ਮਹਿਤਾ ਚੌਕ ਤੇ ਹੋਏ ਹਨ, ਸਕੱਤਰੇਤ ਵਿਚ ਹੋਏ ਹਨ ਉਨ੍ਹਾਂ ਵਾਸਤੇ ਇਹ ਪੈਸਾ ਮੰਗਿਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਜੇਕਰ ਇਹ ਰੁਪਿਆ ਕੋਈ ਡਿਟੈਕਟਿਵ ਮਸ਼ੀਅਰ ਲੈਣ ਵਾਸਤੇ ਖਰਚਿਆ ਜਾਂਦਾ ਤਾਂ ਅੱਛਾ ਸੀ। ਡਿਪਟੀ ਸਪੀਕਰ ਸਾਹਿਬ, ਅਗਰ ਇਹ ਖਰਚਾ ਪੁਲਿਸ ਕਰਮਚਾਰੀਆਂ ਨੂੰ ਮਕਾਨ ਉਸਾਰੀ ਦੇ ਲਈ ਦਿੰਦੇ ਤਾਂ ਠੀਕ ਸੀ। ਇਨ੍ਹਾਂ ਕਰਮਚਾਰੀਆਂ ਦੇ ਕੋਲ ਮਕਾਨ ਨਹੀਂ ਹਨ। ਜੇਕਰ ਕਿਸੇ ਕੋਲ ਹਨ ਤਾਂ ਉਹ ਇਤਨੇ ਛੋਟੇ ਹਨ ਕਿ ਉਸ ਦੇ ਵਿਚ ਜਾਨਵਰ ਵੀ ਨਹੀਂ ਰਹਿ ਸਕਦਾ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਤੁਸੀਂ ਇਹ ਰੁਪਿਆ ਪੰਜਾਬ ਦੇ ਵਿਚ ਲਾਅ ਐਂਡ ਆਰਡਰ ਮੇਨਟੇਨ ਕਰਨ ਲਈ ਖਰਚ ਕਰ ਰਹੇ ਹੋ। ਅਗਰ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨਾ ਹੈ ਫਿਰ ਤੁਸੀਂ ਇਸ ਨੂੰ ਡੈਮੋਕਰੇਟਿਕ ਵੈਲਿਊਜ਼ ਤੇ ਖਰਚ ਕਰੋ।

ਡਿਮਾਂਡ ਨੰ: 16 ਐਜੂਕੇਸ਼ਨ ਦੇ ਸਬੰਧ ਵਿਚ ਹੈ। ਇਸ ਡਿਮਾਂਡ ਰਾਹੀਂ ਪ੍ਰਾਈਵੇਟ ਪ੍ਰਾਇਮਰੀ ਸਕੂਲਾਂ ਦੇ ਟੀਚਰਾਂ ਨੂੰ ਗੌਰਮਿੰਟ ਸਕੂਲਾਂ ਦੇ ਟੀਚਰਾਂ ਦੇ ਬਰਾਬਰ ਤਨਖਾਹ ਦੇਣ ਲਈ ਖਰਚਾ ਦਿੱਤਾ ਜਾ ਰਿਹਾ ਹੈ। ਪਰ ਮੈਂ ਦੱਸਦਾ ਹਾਂ ਕਿ ਉਨ੍ਹਾਂ ਟੀਚਰਜ਼ ਨੂੰ ਫਿਰ ਵੀ ਪੂਰੀਆਂ ਤਨਖਾਹਾਂ ਨਹੀਂ ਮਿਲਦੀਆਂ ਹਨ ਕਿਉਂਕਿ ਮੈਨੇਜਮੈਂਟ ਵਾਲੇ ਹੋਰ ਕਈ ਪਾਸੇ ਖਰਚਾ ਸ਼ੋਅ ਕਰ ਦਿੰਦੇ ਹਨ। ਇਸ ਲਈ ਉਨ੍ਹਾਂ ਟੀਚਰਜ਼ ਨੂੰ ਪੇਮੈਂਟ ਸਰਕਾਰੀ ਖਜ਼ਾਨੇ ਦੇ ਵਿਚੋਂ ਕੀਤੀ ਜਾਵੇ ਤਾਂ ਇਹ ਸਿਸਟਮ ਠੀਕ ਹੋ ਸਕਦਾ ਹੈ। ਸਰਕਾਰ 95% ਘਾਟਾ ਸਕੂਲਾਂ ਦਾ ਪੇ ਕਰ ਰਹੀ ਹੈ। ਇਸ ਦੇ ਨਾਲ ਜਿਹੜੇ ਟੀਚਰਜ਼ 89 ਡੇਜ਼ ਤੇ ਲਗੇ ਹੋਏ ਸਨ ਉਨ੍ਹਾਂ ਨੂੰ ਹੁਣ ਰਿਲੀਵ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਰੇਗੂਲਰ ਕੀਤਾ ਜਾਵੇ ਔਰ ਕਾਲਜ ਟੀਚਰਜ਼ ਨੂੰ 20% ਸਿਲੈਕਸ਼ਨ ਗਰੇਡ ਦਿੱਤਾ ਜਾਵੇ। ਇਹ ਗਰੇਡ 1200–1900 ਦਾ ਦਿੱਤਾ ਜਾਣਾ ਚਾਹੀਦਾ ਹੈ। ਇਸ ਦੇ ਵਿਚ ਹਾਈ ਸਕੂਲਾਂ ਨੂੰ ਵੀ ਕਨਸਿਡਰ ਕੀਤਾ ਜਾਵੇ ਔਰ ਐਜੂਕੇਸ਼ਨ ਨੂੰ ਹੋਰ ਵਧਾਉਣ ਦੀ ਲੋੜ ਹੈ। (ਘੰਟੀ) ਕਾਲਜ ਲੈਕਚਰਰ ਨੂੰ ਗਰੇਡ 1 ਦਾ ਦਰਜਾ ਦਿੱਤਾ ਜਾਵੇ। ਅਗਰ ਨਹੀਂ ਦੇ ਸਕਦੇ ਫਿਰ ਇਹ ਦਰਜਾਬੰਦੀ ਉਡਾ ਦਿੱਤੀ ਜਾਵੇ। ਇਸ ਦੇ ਨਾਲ ਪਬਲਿਸਿਟੀ ਤੇ ਬਹੁਤ ਖਰਚਾ ਕੀਤਾ ਜਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਸ਼ਤਾਬਦੀ ਤੇ ਬੜੀ ਪਬਲੀਸਿਟੀ ਕੀਤੀ ਗਈ ਅਤੇ ਇਸ ਪ੍ਰਚਾਰ ਦੇ ਵਿਚ ਐਸੇ ਗੀਤ ਬੋਲੇ ਜਾਂਦੇ ਹਨ ਜਿਸ ਨੂੰ ਮਾਂਵਾਂ ਭੈਣਾ ਸੁਣ ਨਹੀਂ ਸਕਦੀਆਂ ਆਪਣੇ ਭਰਾਵਾਂ ਦੇ ਕੋਲ।

ਡਿਮਾਂਡ ਨੰ: 25 ਕੋਆਪਰੇਸ਼ਨ ਮਹਿਕਮੇ ਨਾਲ ਸਬੰਧਤ ਹੈ। ਮੈਂ ਦਸਦਾ ਹਾਂ ਇਸ ਦੇ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਬੋਨਸ ਨਹੀਂ ਮਿਲਦਾ ਅਤੇ ਨਾ ਹੀ ਮਿਨੀਮਮ ਵੇਜਿਜ਼ ਐਕਟ ਉਥੇ ਲਾਗੂ ਕੀਤਾ ਜਾ ਰਿਹਾ ਹੈ। ਮਨਿਸਟਰ ਸਾਹਿਬ ਇਸ ਬਾਰੇ ਨੋਟ ਕਰ ਲੈਣ। ਇਸੇ ਤਰ੍ਹਾਂ ਰਾਜਪੁਰੇ ਦੇ ਵਿਚ ਕੋਆਪਰੇਟਿਵ ਮਾਰਕਿਟਿੰਗ ਯੂਨੀਅਨ ਦੇ ਸ਼ੈਲਰ ਦੇ ਪ੍ਰਬੰਧਕ ਨੇ ਕੀ ਕੀਤਾ ਹੈ ? (ਘੰਟੀ) ਉਹ ਵਰਕਰਾਂ ਦੇ ਨਾਲ ਧੱਕਾ ਕਰ ਰਿਹਾ ਹੈ। ਇਸ ਤਰ੍ਹਾਂ ਸਰਕਾਰ ਅਫ਼ਸਰਸ਼ਾਹੀ ਹਰ ਥਾਂ ਕਾਇਮ ਕਰ ਰਹੀ ਹੈ। ਕੰਟਰੋਲ ਅਫ਼ਸਰਾਂ ਦੇ ਹੱਥ ਆਉਂਦਾ ਜਾ ਰਿਹਾ ਹੈ। ਉਥੇ ਇਲੈਕਸ਼ਨਾਂ ਨਹੀਂ ਹੋ ਰਹੀਆਂ। ਉਹ ਦਿਨ ਦੂਰ ਨਹੀਂ ਜਿਸ ਦਿਨ ਇਨ੍ਹਾਂ ਅਫ਼ਸਰਾਂ ਨੇ ਪਟਵਾਰੀ ਵੀ ਫੌਜੀ ਲਗਾ ਦੇਣੇ ਹਨ।

Original with;
Punjab Vidhan Sabha
Digitized by;
Panjab Digital Library

ਇਹ ਜਿਹੜਾ ਟਰੈਂਡ ਕਾਇਮ ਹੁੰਦਾ ਜਾ ਰਿਹਾ ਹੈ ਇਹ ਬੜਾ ਖ਼ਤਰਨਾਕ ਹੈ। ਇਸ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਇਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਡੀਮਾਂਡ ਨੰ: 26 ਵਿਚ ਦਿੱਤਾ ਗਿਆ ਹੈ ਕਿ ਸਰਕਾਰ 4 ਹਜ਼ਾਰ ਰੁਪਿਆ ਮਸ਼ੀਨਾਂ ਖਰੀਦਣ ਤੇ ਖਰਚ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ ਅਗਰ ਮਸ਼ੀਨਾਂ ਆ ਗਈਆਂ ਫਿਰ ਦਿਹਾਤੀ ਮਜ਼ਦੂਰਾਂ ਦਾ ਕੀ ਬਣੇਗਾ। ਉਨ੍ਹਾਂ ਦਾ ਰੋਜ਼ਗਾਰ ਖ਼ਤਮ ਹੋ ਜਾਵੇਗਾ। ਕੰਪਿਊਟਰਾਈਜ਼ੇਸ਼ਨ ਦਾ ਸਮਾਂ ਨਹੀਂ ਆਇਆ ਹੈ। (ਘੰਟੀ) ** ** ** ** ** ** **

ਸ੍ਰੀ **ਡਿਪਟੀ ਸਪੀਕਰ** : ਸਰਦਾਰ ਦਿਲਬਾਗ ਸਿੰਘ ਜੀ ਤੁਸੀਂ ਬੋਲੋ। ਮੇਰੀ ਇਜਾਜ਼ਤ ਤੋਂ ਬਗੈਰ ਜੋ ਕੁਝ ਪ੍ਰੋਫੈਸਰ ਬਲਵੰਤ ਸਿੰਘ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਦਿਲਬਾਗ ਸਿੰਘ** (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਨੰ: 10 ਜਿਸ ਅਧੀਨ ਚੌਕੀਦਾਰਾਂ ਦੀ 60 ਤੋਂ 100 ਰੁਪਏ ਤੱਕ ਤਨਖਾਹ ਵਧਾ ਦਿੱਤੀ ਗਈ ਹੈ ਔਰ ਪਹਿਲੀ ਅਪ੍ਰੈਲ ਤੋਂ ਲਾਗੂ ਕੀਤੀ ਗਈ ਹੈ ਇਸ ਬਾਰੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ। ਇਸ ਸਰਕਾਰ ਨੇ 1980 ਦੇ ਵਿਚ ਐਲਾਨ ਕੀਤਾ ਸੀ ਕਿ ਉਹ 60 ਤੋਂ 100 ਰੁਪਿਆ ਤੱਕ ਉਨ੍ਹਾਂ ਦੀ ਤਨਖਾਹ ਕਰ ਦੇਵੇਗੀ ਪਰ ਇਹ ਫੈਸਲਾ ਸਾਡੀ ਕੇਬਨਿਟ ਨੇ ਹੁਣ ਤੋਂ ਲਾਗੂ ਕੀਤਾ ਹੈ। ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਫੈਸਲਾ 2 ਸਾਲਾਂ ਦਾ ਹੋਇਆ ਹੈ ਪਰ ਹੁਣ ਲਾਗੂ ਕੀਤਾ ਜਾ ਰਿਹਾ ਹੈ। ਇਤਨੀ ਦੇਰ ਦੇ ਕੀ ਕਾਰਣ ਹਨ ? ਕੀ ਇਹ ਗਰੀਬ ਚੌਕੀਦਾਰਾਂ ਦੇ ਨਾਲ ਧੱਕਾ ਨਹੀਂ ਹੈ ਅਤੇ ਬੇਇਨਸਾਫੀ ਨਹੀਂ ਕੀਤੀ ਗਈ ਹੈ। ਉਨ੍ਹਾਂ ਨੂੰ ਦੋ ਸਾਲਾਂ ਤੋਂ ਇਕ ਪੈਸਾ ਵੱਧ ਨਹੀਂ ਮਿਲਿਆ ਹੈ। ਜਦੋਂ ਕਿ ਸਰਕਾਰੀ ਮੁਲਾਜ਼ਮਾਂ ਨੂੰ ਪਹਿਲ 4 ਕਿਸ਼ਤਾਂ ਡੀ.ਏ. ਦੀਆਂ ਦੇ ਚੁੱਕੇ ਹਨ ਅਤੇ 2 ਕਿਸ਼ਤਾਂ ਹੋਰ ਦੇਣੀਆਂ ਹਨ। ਅਗਰ ਕਿਸੇ ਆਈ. ਏ. ਐਸ. ਸੈਕਟਰੀ ਨੂੰ ਕਮਿਸ਼ਨਰ ਬਣਾਉਣਾ ਹੋਵੇ ਤਾਂ ਉਸ ਨੂੰ ਉਸ ਦਿਨ ਤੋਂ ਵੱਧ ਪੈਸੇ ਮਿਲ ਜਾਂਦੇ ਹਨ। ਇਸ ਲਈ, ਮੈਂ ਕਹਿੰਦਾ ਹਾਂ ਕਿ ਅਫ਼ਸਰਾਂ ਦੇ ਵਾਂਗ ਇਨ੍ਹਾਂ ਗਰੀਬ ਚੌਕੀਦਾਰਾਂ ਨਾਲ ਸਰਕਾਰ ਨੂੰ ਅਫ਼ਸਰਾਂ ਵਾਲਾ ਸਲੂਕ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਗਰੀਬ ਚੌਕੀਦਾਰਾਂ ਦੇ ਜਿਸ ਕੰਮ ਵਾਸਤੇ ਵੱਡੇ ਵੱਡੇ ਅਫ਼ਸਰ ਨੂੰ ਗਾਹੇ ਬਗਾਹੇ ਟੈਲੀਫੋਨ ਕਰਦੇ ਰਹੇ ਹਨ ਕਿ ਇਸ ਕੇਸ ਦਾ ਨਿਪਟਾਰਾ ਜਲਦੀ ਕੀਤਾ ਜਾਵੇ ਅਤੇ ਚੌਕੀਦਾਰਾਂ ਨੂੰ ਜਲਦੀ ਪੈਸੇ ਦਿਤੇ ਜਾਣ ਤਾਂ ਉਨ੍ਹਾਂ ਅਫ਼ਸਰਾਂ ਦਾ ਇਹ ਕਹਿਣਾ ਸੀ ਕਿ ਇਹ ਫਲਾਣੇ ਮਹਿਕਮੇ ਨੂੰ ਕੇਸ ਜਾ ਰਿਹਾ ਹੈ। ਇਸ ਤਰ੍ਹਾਂ ਦੀ ਬੇਇਨਸਾਫੀ ਵੱਡੇ ਅਫ਼ਸਰ ਗਰੀਬਾਂ ਦੇ ਨਾਲ ਕਰਦੇ ਹਨ। ਇਸ ਵੱਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਚੌਕੀਦਾਰਾਂ ਦੇ ਡਿਪਟੀ ਸਪੀਕਰ ਸਾਹਿਬ, 60 ਰੁਪਏ ਤੋਂ 100 ਰੁਪਏ ਕਰ ਦਿਤੇ ਗਏ ਹਨ। ਇਸ ਗੱਲ ਦੀ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਰੁਪਏ ਅਜੇ ਚੌਕੀ-ਦਾਰਾਂ ਨੂੰ ਮਿਲੇ ਨਹੀਂ ਹਨ ਪਰ ਮਿਲ ਜਾਣਗੇ। ਲੇਕਿਨ 100 ਰੁਪਏ ਦੇ ਨਾਲ ਚੌਕੀਦਾਰਾਂ ਦਾ ਕੁਝ ਨਹੀਂ ਬਣਨਾ। ਚੌਕੀਦਾਰ ਇੱਕ ਐਸਾ ਆਦਮੀ ਹੈ ਜਿਸ ਤੋਂ ਪਟਵਾਰੀ, ਨੰਬਰਦਾਰ, ਸਰਪੰਚ, ਹੈਲਥ ਅਫ਼ਸਰ ਅਤੇ ਪੁਲਿਸ ਵਾਲੇ ਸਾਰੇ ਮਹਿਕਮੇ ਵਾਲੇ ਕੰਮ ਲੈਂਦੇ ਹਨ। ਪੁਲਿਸ ਵਾਲੇ ਤਾਂ ਉਸ ਨੂੰ ਸੁੱਤੇ ਪਏ ਨੂੰ ਹੀ ਥਾਣੇ ਵਿਚ ਬੁਲਾ ਲੈਂਦੇ ਹਨ। ਉਹ ਗਰੀਬ ਵਿਚਾਰਾ ਜਿਸ ਦੇ ਗਰਮ ਕਪੜੇ ਵੀ ਨਹੀਂ ਪਾਏ ਹੁੰਦੇ, ਹਾਜ਼ਰ ਹੋ ਜਾਂਦਾ ਹੈ ਕਿ ਦਸੋ ਹਜ਼ੂਰ ਕੀ ਗੱਲ ਹੈ। ਰੇਲਵੇ ਪਟੜੀਆਂ ਅਤੇ ਨਹਿਰਾਂ ਤੇ ਵੀ ਚੌਕੀਦਾਰ ਪਹਿਰਾ ਦਿੰਦੇ ਹਨ। ਉਨ੍ਹਾਂ ਦੀ ਬੜੀ ਸਖਤ ਡਿਊਟੀ ਹੈ। ਡਿਪਟੀ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਿਲਬਾਗ ਸਿੰਘ]
ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਅਰਜ਼ ਕਰਾਂਗਾ ਕਿ ਜੋ ਸਹੂਲਤਾਂ ਕਲਾਸ–4 ਨੂੰ ਸਰਕਾਰ ਦਿੰਦੀ ਹੈ, ਉਹ ਸਾਰੀਆਂ ਸਹੂਲਤਾਂ ਚੌਕੀਦਾਰ ਨੂੰ ਵੀ ਮਿਲਣੀਆਂ ਚਾਹੀਦੀਆਂ ਹਨ।

**ਸਰਦਾਰ ਬਸੰਤ ਸਿੰਘ ਖਾਲਸਾ** : ** **

**ਸ੍ਰੀ ਡਿਪਟੀ ਸਪੀਕਰ** : ਜੋ ਖਾਲਸਾ ਜੀ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਚੌਕੀਦਾਰਾਂ ਨੂੰ ਕਲਾਸ–4 ਮੁਲਾਜ਼ਮਾਂ ਦੀਆਂ ਸਾਰੀਆਂ ਸਹੂਲਤਾਂ ਸਰਕਾਰ ਨੂੰ ਦੇਣੀਆਂ ਚਾਹੀਦੀਆਂ ਹਨ। ਚੌਕੀ-ਦਾਰ ਪਿੰਡਾਂ ਵਿਚ ਰਜਿਸਟਰ ਮਰਦਮ ਸ਼ੁਮਾਰੀ ਦਾ ਹਰ 15 ਦਿਨ ਬਾਅਦ ਥਾਣੇ ਲੈ ਕੇ ਆਉਂਦੇ ਹਨ ਕਿ ਕਿਤਨੇ ਬੱਚੇ ਜੰਮੇ ਹਨ ਅਤੇ ਕਿਤਨੇ ਮਰੇ ਹਨ। ਇਸ ਦਾ ਉਨ੍ਹਾਂ ਨੂੰ ਕੋਈ ਟੀ.ਏ. ਵਗੈਰਾ ਨਹੀਂ ਮਿਲਦਾ। ਪਰ ਜੇਕਰ ਸੈਕ੍ਰੀਟੈਰੀਏਟ ਵਿਚੋਂ ਕੋਈ ਬੰਦਾ ਰੈਸਟ ਹਾਊਸ ਤਕ ਵੀ ਜਾਂਦਾ ਹੈ ਤਾਂ ਉਸ ਨੂੰ ਕਨਵੇਂਐਂਸ ਅਲਾਉਂਸ ਮਿਲਦਾ ਹੈ। ਪਰ ਉਸ ਗਰੀਬ ਚੌਕੀਦਾਰ ਨੂੰ ਕੁਝ ਨਹੀਂ ਮਿਲਦਾ। ਡਿਪਟੀ ਸਪੀਕਰ ਸਾਹਿਬ, ਚੌਕੀਦਾਰ ਬਹੁਤ ਸਾਰੇ ਬੁੱਢੇ ਹੀ ਹੁੰਦੇ ਹਨ ਅਤੇ ਕਈ ਚੌਕੀਦਾਰ ਮਰ ਵੀ ਗਏ ਹਨ। 31 ਮਾਰਚ, 1980 ਤੋਂ ਚੌਕੀਦਾਰਾਂ ਦੀ ਤਨਖ਼ਾਹ ਵੱਧੀ ਹੈ, ਇਸ ਦੌਰਾਨ ਜਿਹੜੇ ਮਰ ਗਏ ਹਨ ਉਹ ਰਕਮ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਦੇ ਦੇਣੀ ਚਾਹੀਦੀ ਹੈ। ਨਜ਼ਦੀਕੀ ਰਿਸ਼ਤੇਦਾਰ ਹੱਕਦਾਰ ਹਨ ਉਨ੍ਹਾਂ ਨੂੰ ਦੇ ਦੇਣੇ ਚਾਹੀਦੇ ਹਨ ਜੇਕਰ ਦੋ ਸਾਲ ਹੋਰ ਉਨ੍ਹਾਂ ਨੂੰ ਪਿਛਲੇ ਪੈਸੇ ਨਹੀਂ ਮਿਲੇ ਅਤੇ ਜੇਕਰ ਇਕ ਸਾਲ ਹੋਰ ਨਾ ਮਿਲੇ ਤਾਂ ਹੋਰ ਚੌਕੀਦਾਰ ਘੱਟ ਜਾਣੇ ਹਨ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇੱਕ ਅਪ੍ਰੈਲ, 1982 ਤਕ ਉਨ੍ਹਾਂ ਨੂੰ ਜ਼ਰੂਰ ਪੈਸਾ ਦੇ ਦਿਤਾ ਜਾਵੇ। ਬਾਕੀ ਮੈਂ ਇਸ ਡਿਮਾਂਡ ਦੀ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਜੋ ਗੱਲ ਮੈਂ ਕਹੀ ਹੈ, ਉਸ ਵੱਲ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਥੋੜ੍ਹੀ ਜਿਹੀ ਗੱਲ ਮੈਂ ਟਰਾਂਸਪੋਰਟ ਬਾਰੇ ਕਹਿਣਾ ਚਾਹੁੰਦਾ ਹਾਂ, ਜੇਕਰ ਹੁਕਮ ਹੋਵੇ ਤਾਂ ਕਹਿ ਲਵਾਂ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਦਿਲਬਾਗ ਸਿੰਘ ਜੀ ਤੁਹਾਨੂੰ 2—4 ਮਿੰਟ ਬੋਲਣ ਲਈ ਮਿਲੇ ਸਨ ਔਰ ਹੁਣ ਫਾਈਨਾਂਸ ਮਨਿਸਟਰ ਸਾਹਿਬ ਨੇ ਵੀ ਬੋਲਣਾ ਹੈ।

**ਸਰਦਾਰ ਦਿਲਬਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰਬਰ 37 ਟਰਾਂਸਪੋਰਟ ਬਾਰੇ ਹੈ। ਇਸ ਡਿਮਾਂਡ ਵਿਚ ਜੋ ਪੈਸਾ ਮੰਗਿਆ ਗਿਆ ਹੈ, ਉਸ ਬਾਰੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਥੇ ਹਾਊਸ ਵਿਚ ਸੁਆਲ ਵੀ ਆਏ ਸੀ ਕਿ ਪੰਜਾਬ ਰੋਡਵੇਜ਼ ਵਲ ਕਿੰਨਾ ਟੈਕਸ ਬਕਾਇਆ ਹੈ ਜਿਹੜਾ ਉਨ੍ਹਾਂ ਨੇ ਨਹੀਂ ਦਿੱਤਾ। ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਲ ਕਿਤਨਾ ਟੈਕਸ ਬਕਾਇਆ ਹੈ। ਪ੍ਰਾਈਵੇਟ ਓਪਰੇਟਰਜ਼ ਟੈਕਸ ਨਹੀਂ ਦੇ ਰਹੇ ਹਨ ਉਨ੍ਹਾਂ ਵਲ ਬਕਾਇਆ ਕਿਤਨਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਦਾ ਟੈਕਸ ਨਾ ਦੇਣਾ ਪੰਜਾਬ ਸਰਕਾਰ ਦੇ ਖਜ਼ਾਨੇ ਤੇ ਬੋਝ ਪੈ ਰਿਹਾ ਹੈ। ਕਾਰਪੋਰੇਸ਼ਨਾਂ ਦਾ ਘਾਟਾ ਕਾਰਪੋਰੇਸ਼ਨਾਂ ਤੇ ਪੈ ਰਿਹਾ ਹੈ। ਦੋਹਾਂ ਵਲ ਹੀ ਬਕਾਇਆ ਨਿਕਲਿਆ ਹੈ। ਅਸੀਂ ਡਿਪਟੀ ਸਪੀਕਰ ਸਾਹਿਬ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਾਲਿਆਂ ਦਾ ਓਰਲ ਐਗਜ਼ਾਮੀਨੇਸ਼ਨ ਕੀਤਾ ਸੀ ਅਤੇ ਉਨ੍ਹਾਂ ਤੋਂ ਇੱਕ ਸਵਾਲ ਪੁਛਿਆ ਸੀ ਕਿ ਇਸ ਹਾਲਤ ਵਿਚ ਤੁਸੀਂ ਕਿੰਨਾਂ ਚਿਰ ਇਸ ਨੂੰ ਹੋਰ ਚਲਾ ਸਕਦੇ ਹੋ ਕਿ ਕੀ ਪੰਜ ਸਾਲ ਹੋਰ ਲੰਘਾ ਦੇਵੋਗੇ ? ਤਾਂ ਉਨ੍ਹਾਂ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਦੇ ਜਨਰਲ ਮੈਨਜਰ ਮਿਸਟਰ ਚੀਮਾਂ ਨੇ ਕਿਹਾ ਕਿ ਇਸ ਹਾਲਾਤ ਵਿਚ ਵੱਧ ਤੋਂ ਵੱਧ ਇੱਕ ਦੋ ਸਾਲ ਲੰਘ ਸਕਦੇ ਹਨ। ਇਹ ਲੋਕਾਂ ਦੀ ਜ਼ਰੂਰਤ ਦੀ ਚੀਜ਼ ਹੈ। ਅਰਬਾਂ ਰੁਪਏ ਦੀ ਇੰਡਸਟਰੀ ਹੈ। ਸਾਡੀ ਸਰਕਾਰ ਨੂੰ ਇਸ ਗਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਟੈਕਸ ਕਿਉਂ ਨਹੀਂ ਮਿਲ ਰਿਹਾ ਹੈ। ਚਾਰੇ ਦੀਆਂ ਚਾਰੇ ਚੋਰ ਤਾਂ ਨਹੀਂ ਹੋ ਸਕਦੀਆਂ। ਚਾਰ ਦੀਆਂ ਚਾਰ ਹੀ ਟੈਕਸ ਨਹੀਂ ਦੇ ਸਕਦੀਆਂ। ਇਸ ਦੇ ਕਾਰਨ ਲਭਣ ਦੀ ਜ਼ਰੂਰਤ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਕੋਈ ਐਕਸ-ਪਰਟ ਕਮੇਟੀ ਬਣਾ ਦਿਓ ਜੋ ਕਿ ਵੇਖੇ ਕਿ ਇਹ ਕਿਉਂ ਨਹੀਂ ਟੈਕਸ ਦੇ ਸਕਦੀਆਂ। (ਘੰਟੀ) ਚਾਹੇ ਇਹ ਜਾਣ ਬੁਝ ਕੇ ਨਹੀਂ ਦੇ ਰਹੀਆਂ ਜਾਂ ਚੋਰੀ ਕਰਦੀਆਂ ਹਨ ਜਾਂ ਦੇਣ ਦੇ ਕਾਬਲ ਨਹੀਂ ਹਨ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਿਚ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਕਾਰ-ਖਾਨਿਆਂ ਵਿਚ, ਬੱਚਿਆਂ ਨੂੰ ਸਕੂਲਾਂ ਕਾਲਜਾਂ ਵਿਚ, ਮਜ਼ਦੂਰ ਨੂੰ ਫੈਕਟਰੀਆਂ ਵਿਚ, ਕਿਸਾਨ ਨੂੰ ਆਪਣੇ ਕੰਮ, ਸਾਰੇ ਲੋਕ ਇਸ ਟਰਾਂਸਪੋਰਟ ਦੇ ਨਾਲ ਕਿਸੇ ਨਾ ਕਿਸੇ ਪਾਸੇ ਜੁੜੇ ਹੋਏ ਹਨ। ਅਗਰ ਇਹ ਨਾ ਹੋਵੇ ਤਾਂ ਸਾਰਾ ਕੰਮ ਹੀ ਠੱਪ ਹੋ ਜਾਏਗਾ। ਇਹ ਪੰਜਾਬ ਦੀ ਅਰਬਾਂ ਰੁਪਏ ਦੀ ਇੰਡਸਟਰੀ ਹੈ। ਕਮੇਟੀ ਇਹ ਵੀ ਵੇਖੇ ਕਿ ਜੇਕਰ ਜਾਣਬੁਝ ਕੇ ਟੈਕਸ ਨਹੀਂ ਦਿੰਦੀਆਂ ਤਾਂ ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ ਔਰ ਜੇਕਰ ਟੈਕਸ ਨਹੀਂ ਦੇ ਸਕਦੀਆਂ ਤਾਂ ਇਸ ਦਾ ਕੋਈ ਗੌਰਮਿੰਟ ਇਲਾਜ ਕਰੇ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਦੋਨੋ ਗਲਾਂ ਵੱਲ ਜ਼ਰੂਰ ਧਿਆਨ ਦਿਓ।

**ਸਰਦਾਰ ਬਸੰਤ ਸਿੰਘ ਖਾਲਸਾ** : ਡਿਪਟੀ ਸਪੀਕਰ ਸਾਹਬ, ਮੈਨੂੰ ਵੀ ਬੋਲਣ ਲਈ ਸਮਾਂ ਦਿਓ। ਅਸੀਂ ਤੁਹਾਨੂੰ ਲਿਖ ਕੇ ਵੀ ਭੇਜਿਆ ਹੋਇਆ ਹੈ।

**ਸ਼੍ਰੀ ਡਿਪਟੀ ਸਪੀਕਰ** : ਸਰਦਾਰ ਬਸੰਤ ਸਿੰਘ ਖਾਲਸਾ ਜੀ ਤੁਸੀਂ ਐਪਰੋਪਰੀਏਸ਼ਨ ਬਿਲ ਤੇ ਬੋਲ ਲੈਣਾ। ਵਿੱਤ ਮੰਤਰੀ ਸਾਹਿਬ, ਹੁਣ ਤੁਸੀਂ ਬੋਲੋ।

**ਵਿੱਤ ਮੰਤਰੀ** : (ਡਾਕਟਰ ਕੇਵਲ ਕ੍ਰਿਸ਼ਨ) : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸਪਲੀਮੈਂਟ-ਰੀ ਡਿਮਾਂਡਜ਼ ਵਾਸਤੇ 487 ਕਰੋੜ ਰੁਪਏ ਦੀ ਲੋੜ ਹੈ। ਆਪੋਜ਼ੀਸ਼ਨ ਪਾਰਟੀ ਤੋਂ ਇਸ ਬਾਬਤ ਬਹੁਤ ਕ੍ਰਿਟਿਸੀਜ਼ਮ ਹੋਇਆ ਹੈ ਕਿ ਬਹੁਤ ਵੱਡਾ ਅਮਾਊਂਟ ਹੈ। 4 ਅਰਬ 87 ਕਰੋੜ ਰੁਪਏ ਦਾ ਬਹੁਤ ਵੱਡਾ ਅਮਾਊਂਟ ਹੈ। ਅਗਰ, ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰਾਂ ਨੇ ਇਸ ਨੂੰ ਗੌਰ ਨਾਲ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਲਗਦਾ ਕਿ ਰੀਪੇਮੈਂਟ ਆਫ ਲੋਨਜ਼ ਅਤੇ ਵੇਜ਼ ਐਂਡ ਮੀਨਜ਼ ਐਡਵਾਂਸਿਜ਼ ਦਾ 424 ਕਰੋੜ ਰੁਪਿਆ ਉਨ੍ਹਾਂ ਨੂੰ ਵਾਪਸ ਦਿਤਾ ਹੈ। ਉਨ੍ਹਾਂ ਵਲੋਂ ਰੁਪਿਆ ਆਇਆ ਹੈ, ਔਰ ਰੀਪੇਮੈਂਟ ਕੀਤੀ ਤਾਕਿ ਇਹ ਫਾਈਨਾਂਸ ਦਾ ਸਿਲਸਿਲਾ ਚਲਦਾ ਰਹੇ। ਡਿਪਟੀ ਸਪੀਕਰ ਸਾਹਿਬ, ਇਹ ਖਰਚ ਨਹੀਂ ਹੈ। ਉਨ੍ਹਾਂ ਦਾ ਪੈਸਾ ਉਨ੍ਹਾਂ ਨੂੰ ਹੀ ਮੋੜਿਆ ਹੈ।

ਦੂਜੇ 30.44 ਕਰੋੜ ਰੁਪਿਆ ਗੌਰਮਿੰਟ ਆਫ ਇੰਡੀਆ ਤੋਂ ਆਇਆ ਸੀ ਉਹ ਵਾਪਸ ਕੀਤਾ ਹੈ। ਤੀਸਰੀ ਆਈਟਮ 14.37 ਕਰੋੜ ਰੁਪਏ ਦੀ ਹੈ, ਇਹ ਇੰਟ੍ਰੈਸਟ ਹੈ। ਜਿਹੜੇ ਵੇਜ਼ ਐਂਡ ਮੀਨਜ਼ ਦੇ ਸਾਨੂੰ ਪੈਸੇ ਮਿਲਦੇ ਹਨ ਉਸ ਦਾ ਸੂਦ ਦੇਣਾ ਪੈਂਦਾ ਹੈ। ਇਹ ਮਿਲਾ ਕੇ ਕੋਈ 438 ਕਰੋੜ ਰੁਪਏ ਦੀ ਰਕਮ ਬਣ ਜਾਂਦੀ ਹੈ। ਅਗਰ ਇਹ ਉਸ ਵਿਚੋਂ ਘਟਾ ਦਿੱਤੀ ਜਾਏ ਤਾਂ 48.27 ਕਰੋੜ ਰੁਪਿਆ ਰਹਿ ਜਾਂਦਾ ਹੈ। ਫਿਰ ਅਗਰ ਗੌਰ ਨਾਲ ਵੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਜਿਹੜਾ ਏ. ਡੀ. ਏ. ਦੀ ਸ਼ਕਲ ਵਿਚ ਰੁਪਿਆ ਮੁਲਾਜ਼ਮਾਂ ਨੂੰ ਮਿਲਿਆ ਹੈ, ਪਿਛਲਾ ਵੀ ਰਹਿ ਗਿਆ ਸੀ, ਉਹ ਵੀ ਦਿੱਤਾ ਗਿਆ ਹੈ, ਇਹ 21.38 ਕਰੋੜ ਰੁਪਿਆਂ ਦੀ ਰਕਮ ਹੈ। ਗਰਾਂਟ ਆਫ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਐਡਹਾਕ ਰਿਲੀਫ ਪੈਨਸ਼ਨ ਲਈ ਜੋ ਦਿੱਤੀ ਹੈ ਉਹ 2.21 ਕਰੋੜ ਹੈ। ਇਹ ਮਿਲਾ ਕੇ 23.59 ਕਰੋੜ ਰੁਪਏ ਦੇ ਲਗ ਭਗ ਹੈ। ਅਗਰ ਇਸ ਨੂੰ ਘਟਾ ਦਿੱਤਾ ਜਾਏ ਤਾਂ 24.68 ਕਰੋੜ ਰੁਪਏ ਰਹਿ ਜਾਂਦਾ ਹੈ। ਇਥੇ ਬਹੁਤ ਇਤਰਾਜ਼ ਹੋਏ ਔਰ ਕਿਹਾ ਗਿਆ ਕਿ ਇਹ ਚੀਜ਼ਾਂ ਬਜਟ ਵੇਲੇ ਆਉਣੀਆਂ ਚਾਹੀਦੀਆਂ ਸਨ। ਵੇਜ਼ ਐਂਡ ਮੀਨਜ਼ ਬਾਰੇ ਪਹਿਲਾਂ ਅੰਦਾਜ਼ਾ ਨਹੀਂ ਲਗ ਸਕਦਾ। ਸਾਨੂੰ ਵਿਰਸੇ ਵਿਚ ਵੀ ਓਵਰਡਰਾਫਟ ਮਿਲਿਆ ਹੈ। ਸੈਂਟ੍ਰਲ ਗੌਰਮਿੰਟ ਵਲੋਂ ਇਹ ਪੈਸਾ ਸਾਰੀਆਂ ਸਟੇਟਸ ਨੂੰ ਮਿਲਦਾ ਹੈ। 600 ਕਰੋੜ ਤੋਂ ਜ਼ਿਆਦਾ ਓਵਰਡਰਾਫਟ ਸਾਰੀਆਂ ਸਟੇਟਸ ਨੂੰ ਸੈਂਟ੍ਰਲ ਗੌਰਮਿੰਟ ਨੇ ਦਿੱਤਾ ਹੈ। ਇਹ ਖੁਸ਼ਕਿਸਮਤੀ ਦੀ ਗਲ ਹੈ ਕਿ ਹਿੰਦੁਸਤਾਨ ਇੱਕ ਹੈ ਔਰ ਹਿੰਦੁਸਤਾਨ ਦੇ 68 ਕਰੋੜ ਲੋਕਾਂ ਦੀ ਇੱਕ ਸੈਂਟ੍ਰਲ ਗੌਰਮਿੰਟ ਹੈ ਔਰ ਇਹ ਮਜ਼ਬੂਤ ਹਕੂਮਤ ਹੈ। ਇਹ ਸੈਂਟ੍ਰਲ ਗੌਰਮਿੰਟ ਸਾਰੀਆਂ ਹਿੰਦੁਸਤਾਨ ਦੀਆਂ ਸਟੇਟਸ ਦਾ ਖਿਆਲ ਰਖਦੀ ਹੈ; ਨਾਗਾਲੈਂਡ, ਕੇਰਲਾ, ਬੰਗਾਲ, ਕਸ਼ਮੀਰ ਔਰ ਹਿਮਾਚਲ ਪ੍ਰਦੇਸ਼ ਜਿਨ੍ਹਾਂ ਦੇ ਰਿਸੋਰਸਿਜ਼ ਪੂਰੇ ਨਹੀਂ ਹਨ ਉਨ੍ਹਾਂ ਦੀ ਸੈਂਟ੍ਰਲ ਗੌਰਮਿੰਟ ਮੱਦਦ ਕਰਦੀ ਹੈ। ਇਹ ਪੈਸੇ ਸੈਂਟ੍ਰਲ ਗੌਰਮਿੰਟ ਤੋਂ ਸਟੇਟਸ ਨੂੰ ਖਰਚਣ ਵਾਸਤੇ ਮਿਲਦੇ ਹਨ। ਇਹ ਸਟੇਟਸ ਦੀ ਖੁਸ਼ਕਿਸਮਤੀ ਹੈ ਔਰ ਦੇਸ਼ ਇੱਕ ਹੋਣ ਕਰਕੇ ਸਾਰੀਆਂ ਸਟੇਟਸ ਦੀ ਔਰ ਦੇਸ਼ ਦੀ ਖੁਸ਼ਕਿਸਮਤੀ ਹੈ। (ਥੰਪਿੰਗ) ਜਿਸ ਦੀ ਮਜ਼ਬੂਤੀ ਵਾਸਤੇ ਇਹ ਰੁਪਿਆ ਮਿਲਦਾ ਹੈ ਔਰ ਖਰਚ ਕੀਤਾ ਜਾਂਦਾ ਹੈ। 24.68 ਕਰੋੜ ਵਿਚੋਂ ਵੀ ਕੁਝ ਰਕਮ ਅਜਿਹੀ ਹੈ ਜਿਹੜੀ ਸੈਂਟ੍ਰਲ ਸ਼ੇਅਰ ਦੇ ਤੌਰ ਤੇ ਸਾਡੇ ਕੋਲ ਆਉਂਦੀ ਹੈ ਔਰ ਉਹ ਦਿੱਤੀ ਜਾਂਦੀ ਹੈ। ਜੇ ਦੇਰ ਨਾਲ ਆਉਂਦੀ ਹੈ ਤਾਂ ਦੇਰ ਨਾਲ ਦਿਤੀ ਜਾਂਦੀ ਹੈ। ਉਹ ਮਿਲਾਕੇ ਔਰ ਡੈਟ ਲਾਇਬਿਲਟੀ ਮਿਲਾਕੇ 5.33 ਕਰੋੜ ਰੁਪਿਆ ਬਣਦਾ ਹੈ ਔਰ 1.67 ਕਰੋੜ ਹੋਰ ਹੈ। ਇਹ ਮਿਲਾ ਕੇ ਕੋਈ 7 ਕਰੋੜ ਦੇ ਕਰੀਬ ਰੁਪਿਆ ਬਣਦਾ ਹੈ। ਅਗਰ ਇਹ 7 ਕਰੋੜ ਰੁਪਿਆ ਉਸ ਵਿਚੋਂ ਘਟਾ ਦਿਤਾ ਜਾਏ ਤਾਂ ਸਿਰਫ 17 ਕਰੋੜ ਰੁਪਿਆ ਨਿਰੋਲ ਸਪਲੀਮੈਂਟਰੀ ਡੀਮਾਂਡਜ਼ ਲਈ ਰਹਿ ਜਾਂਦਾ ਹੈ।

12.03 ਵਜੇ ਬਾਅਦ ਦੁਪਹਿਰ | (ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਇਸ ਲਈ ਕੋਈ ਤੌਖਲਾ ਕਰਨ ਦੀ ਲੋੜ ਨਹੀਂ ਹੈ। ਸਭ ਤੋਂ ਪਹਿਲਾਂ ਗਲ ਇਹ ਹੈ ਕਿ ਇਸ ਵਿਚ ਜਿੰਨਾ ਵੀ ਖਰਚਾ ਹੋਇਆ ਹੈ ਇਹ ਬਜਟ ਬਨਾਣ ਵੇਲੇ ਨਹੀਂ ਸੋਚਿਆ ਜਾ ਸਕਦਾ ਸੀ। ਇਹ ਖਰਚਾ ਸਾਲ ਦੇ ਦੌਰਾਨ ਹੀ ਸਾਹਮਣੇ ਆਉਂਦਾ ਹੈ। ਇਸ ਲਈ ਇਹ ਸਾਰਾ ਕੁਝ ਕੀਤਾ ਜਾਂਦਾ ਹੈ।

ਮੈਂ ਖਾਸ ਤੌਰ ਤੇ ਇੱਕ ਗਲ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਪਰ ਸਾਡੇ ਸੱਜਣ ਇਸ ਵੇਲੇ ਇਥੇ ਬੈਠੇ ਨਹੀਂ ਹਨ। ਉਹ ਇਤਰਾਜ਼ ਕਰ ਰਹੇ ਸਨ ਕਿ ਪੁਲਿਸ ਤੇ ਬਹੁਤ ਜ਼ਿਆਦਾ ਪੈਸਾ ਰਖਿਆ ਗਿਆ ਹੈ ਔਰ ਖਰਚ ਕੀਤਾ ਗਿਆ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੁਲਿਸ ਦੇ ਇੰਤਜ਼ਾਮ ਨਾਲ ਹੀ ਕਿਸੇ ਸੂਬੇ ਦਾ ਅਮਨ ਅਮਾਨ ਬਹਾਲ ਰਹਿੰਦਾ ਹੈ। ਚੋਰ, ਡਾਕੂ ਔਰ ਸਮਗਲਰ ਇਹ ਜਿੰਨੇ ਵੀ ਕ੍ਰਿਮੀਨਲਜ਼ ਹਨ ਅਗਰ ਇਨ੍ਹਾਂ ਤੇ ਕਾਬੂ ਕੋਈ ਡਿਪਾਰਟ-ਮੈਂਟ ਕਰਦਾ ਹੈ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਅਮਨ ਅਮਾਨ ਰਖਦਾ ਹੈ ਤਾਂ ਉਹ ਪੁਲਿਸ ਦਾ ਡਿਪਾਰਟਮੈਂਟ ਹੈ। ਉਸ ਨੂੰ ਸਟ੍ਰੈਂਗਥਨ ਕਰਨਾ ਬਹੁਤ ਜ਼ਰੂਰੀ ਹੈ। ਸ਼ਹਿਰਾਂ ਦੀ ਆਬਾਦੀ ਬਹੁਤ ਖੜ੍ਹ ਰਹੀ ਹੈ। ਲੋਕਾਂ ਕੋਲ ਪੈਸੇ ਜ਼ਿਆਦਾ ਆ ਗਏ ਹਨ, ਮੌਡਰਨਾਈਜ਼ੇਸ਼ਨ ਹੋ ਗਈ ਹੈ, ਲੋਕਾਂ ਕੋਲ ਮੋਟਰ ਸਾਈਕਲ ਔਰ ਸਕੂਟਰਜ਼ ਆ ਗਏ ਹਨ ਅਤੇ ਕ੍ਰਿਮੀਨਲਜ਼ ਕੋਲ ਵੀ ਮੋਟਰ ਸਾਈਕਲ ਔਰ ਸਕੂਟਰ ਆ ਗਏ ਹਨ। ਇਸ ਲਈ ਪੁਲਿਸ ਨੂੰ ਸਟ੍ਰੈਂਗਥਨ ਕਰਨਾ, ਸਪੀਕਰ ਸਾਹਿਬ, ਬਹੁਤ

Original with;
Punjab Vidhan Sabha
Digitized by;
Panjab Digital Library

ਜ਼ਰੂਰੀ ਹੈ। ਉਸ ਚੀਜ਼ ਨੂੰ ਸਾਹਮਣੇ ਰਖਦੇ ਹੋਏ ਇਹ ਪੁਲਿਸ ਤੇ ਖਰਚਾ ਕੀਤਾ ਗਿਆ ਹੈ। ਪਰ ਮਾਨ ਸਾਹਿਬ ਨੇ ਬੋਲਦੇ ਹੋਏ ਕੁਝ ਗੱਲਾਂ ਜਿਹੜੀਆਂ ਨਹੀਂ ਕਹਿਣੀਆਂ ਚਾਹੀਦੀਆਂ ਸਨ ਉਹ ਕਹੀਆਂ। ਉਨ੍ਹਾਂ ਨੇ ਇਹ ਕਿਹਾ ਕਿ ਅਮਨ ਅਮਾਨ ਦੀ ਜਿਹੜੀ ਕਾਨੂੰਨ ਦੀ ਹਾਲਤ ਹੈ ਇਸ ਲਈ ਗੌਰਮਿੰਟ ਜ਼ਿੰਮੇਵਾਰ ਹੈ ਕਿਉਂਕਿ ਇਨ੍ਹਾਂ ਨੇ ਇਥੇ ਦਾ ਅਮਨ ਅਮਾਨ ਖਰਾਬ ਕੀਤਾ ਹੈ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਵੀ ਪਤਾ ਹੈ ਔਰ ਸ਼ਾਇਦ ਹਿੰਦੁਸਤਾਨ ਦੇ ਲੋਕਾਂ ਨੂੰ ਵੀ ਪਤਾ ਹੋਵੇ ਕਿ ਪੰਜਾਬ ਦਾ ਸੂਬਾ ਹਿੰਦੁਸਤਾਨ ਵਿਚੋਂ ਸਭ ਤੋਂ ਜ਼ਿਆਦਾ ਖੁਸ਼ਹਾਲ ਸੂਬਾ ਹੈ। ਅੱਜ ਵੀ ਜੋ ਸਰਵੇ ਹੋਇਆ ਹੈ ਔਰ ਨੈਸ਼ਨਲ ਪੇਪਰਜ਼ ਵਿਚ ਉਸ ਬਾਰੇ ਨਿਕਲਿਆ ਹੈ ਉਸ ਵਿਚ ਇਹ ਲਿਖਿਆ ਗਿਆ ਹੈ ਕਿ ਪੰਜਾਬ ਦੇ ਅਮਨ ਅਮਾਨ ਦੀ ਹਾਲਤ, ਇਥੋਂ ਦੇ ਲਾਅ ਐਂਡ ਆਰਡਰ ਦੀ ਹਾਲਤ ਜਿਹੜੀ ਹੈ ਉਹ ਸਾਰੇ ਹਿੰਦੁਸਤਾਨ ਵਿਚ ਨੰਬਰ (1) ਤੇ ਹੈ (ਥੰਪਿਗ)। ਪਰ, ਸਪੀਕਰ ਸਾਹਿਬ, ਫਿਰਕਾਪ੍ਰਸਤੀ ਦਾ ਜ਼ਹਿਰ ਭਰਿਆ ਜਾ ਰਿਹਾ ਹੈ ਔਰ ਉਸ ਜ਼ਹਿਰ ਦਾ ਅਸਰ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਖਰਾਬ ਕਰਨ ਵਾਸਤੇ ਕਈ ਵਾਰੀ ਸਾਹਮਣੇ ਆਉਂਦਾ ਹੈ। ਜੇਕਰ ਮੈਂ ਗਲਤ ਨਹੀਂ ਕਹਿੰਦਾ ਪੰਜਾਬ ਦੇ ਇਤਿਹਾਸ ਵਿਚ ਉਹ ਮਨਹੂਸ ਦਿਨ ਸੀ ਜਿਸ ਦਿਨ 1978 ਵਿਚ ਵਿਸਾਖੀ ਦੇ ਦਿਨ ਅੰਮ੍ਰਿਤਸਰ ਵਿਚ ਇੱਕ ਬੜਾ ਹੀ ਨਾਖੁਸ਼ਗਵਾਰ ਵਾਕਿਆ ਹੋਇਆ ਜਿਸ ਵਿਚ 18 ਲੋਕ ਮਾਰੇ ਗਏ। ਉਸ ਪਵਿੱਤਰ ਧਰਤੀ ਤੇ ਉਨ੍ਹਾਂ ਦਾ ਖੂਨ ਡਿਗਾ। ਉਹ ਫਿਰਕਾਪ੍ਰਸਤੀ ਦੀ ਕਸ਼ੀਦਗੀ ਦਾ ਬੜਾ ਹੀ ਖਤਰਨਾਕ ਮੁਜ਼ਾਹਿਰਾ ਸੀ। ਇਹ 1978 ਵਿਚ ਹੋਇਆ। ਮੈਂ ਸਮਝਦਾ ਹਾਂ ਕਿ ਉਸ ਦਿਨ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਨੂੰ ਖਰਾਬ ਕਰਨ ਲਈ ਇਕ ਨਫਰਤ ਦੀ ਕਸ਼ੀਦਗੀ ਦਾ ਬੀਜ ਬੋਇਆ ਗਿਆ। ਉਸ ਲਈ ਕੌਣ ਜ਼ਿੰਮੇਵਾਰ ਹੈ ? ਕਿਸ ਨੇ ਇਹ ਕਰਾਇਆ ? ਮੈਂ ਕਿਸੇ ਨੂੰ ਬਲੇਮ ਨਹੀਂ ਕਰਨਾ ਚਾਹੁੰਦਾ ਲੇਕਿਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੈਕੂਲਰ ਦੇਸ਼ ਵਿਚ ਹਰ ਇੱਕ ਨੂੰ ਆਪਣੇ ਧਰਮ, ਮਜ਼ਹਬ ਨੂੰ ਆਪਣੇ ਢੰਗ ਨਾਲ ਮੰਨਾਉਣ ਦਾ ਔਰ ਪੂਜਾ ਪਾਠ ਕਰਨ ਦੀ ਪੂਰੀ ਅਜ਼ਾਦੀ ਹੁੰਦੀ ਹੈ। ਸੈਕੂਲਰ ਦੇਸ਼ ਵਿਚ ਹਰ ਇਕ ਆਪਣੇ ਸਿਧਾਂਤ ਦੇ ਮੁਤਾਬਿਕ ਆਪਣੀਆਂ ਪੂਜਾ ਦੀਆਂ ਜਗ੍ਹਾ ਤੇ ਜਾ ਸਕਦਾ ਹੈ ਔਰ ਜਲਸੇ ਔਰ ਧਰਮ ਸੰਮੇਲਨ ਕਰ ਸਕਦਾ ਹੈ। ਕਿਸੇ ਜਗ੍ਹਾ ਤੇ ਕੋਈ ਜਲਸਾ ਕਰਦਾ ਹੋਵੇ, ਧਰਮ ਸੰਮੇਲਨ ਕਰਦਾ ਹੋਵੇ ਉਥੇ ਕੋਈ ਹਮਲਾ ਕਰ ਦੇਵੇ ਤਾਂ ਮੈਂ ਪੁੱਛਦਾ ਹਾਂ ਕਿ ਹਮਲਾ ਕਰਾਉਣ ਵਾਲੇ ਕੌਣ ਹਨ ਔਰ ਉਸ ਦਾ ਨਤੀਜਾ ਕੀ ਨਿਕਲਿਆ ? ਮੈਂ ਸਮਝਦਾ ਹਾਂ ਕਿ ਉਸ ਦਿਨ ਤੋਂ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਕਸ਼ੀਦਗੀ ਨਾਲ ਇੱਕ ਨਫਰਤ ਦਾ ਬੀਜ ਬੋਇਆ ਗਿਆ ਔਰ ਦਿਲਾਂ ਵਿਚ ਕੁੜੱਤਣ ਪੈਦਾ ਕੀਤੀ ਗਈ। ਇਸ ਦੀ ਜ਼ਿੰਮੇਵਾਰੀ ਉਨ੍ਹਾਂ ਸਾਰਿਆਂ ਤੇ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਸ਼ਹਿ ਦਿੱਤੀ। ਐਲਾਨ ਕੀਤਾ ਕਿ ਜਾਓ ਹਮਲਾ ਕਰੋ, ਜਾਓ ਕਤਲ ਕਰ ਦਿਓ। ਉਸ ਵੇਲੇ ਦੀ ਸਰਕਾਰ ਨੇ ਕੀ ਐਕਸ਼ਨ ਲਿਆ, ਉਸ ਵਿਚ ਮੈਂ ਨਹੀਂ ਜਾਣਾ ਚਾਹੁੰਦਾ। ਲੇਕਿਨ ਹੁਣ ਜੋ ਹਾਲਤ ਕੁਝ ਮਹੀਨਿਆਂ ਤੋਂ ਪੰਜਾਬ ਵਿਚ ਪੈਦਾ ਹੋਈ ਹੈ, ਸਪੀਕਰ ਸਾਹਿਬ, ਉਸ ਬੀਜੇ ਹੋਏ ਬੀਜ ਦਾ ਉਹ ਨਤੀਜਾ ਹੈ ਔਰ ਉਸ ਨਤੀਜੇ ਵਜੋਂ ਪੰਜਾਬ ਵਿਚ ਬਕਾਇਦਾ ਪਲੈਂਡ ਢੰਗ ਨਾਲ, ਯੋਜਨਾਬੱਧ ਤਰੀਕੇ ਨਾਲ ਜਿਸ ਤਰ੍ਹਾਂ ਕਿ ਆਸਾਮ ਵਿਚ ਵਿਦੇਸ਼ੀ ਨਾਗਰਿਕਾਂ ਦਾ ਸਵਾਲ ਪੈਦਾ ਕਰਕੇ ਹੋਇਆ, ਹੋਰ ਸੂਬਿਆਂ ਵਿਚ ਹੋਰ ਸਵਾਲ ਪੈਦਾ ਕਰਕੇ ਹੋਇਆ, ਇਸੇ ਤਰ੍ਹਾਂ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਅੱਗ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂਕਿ ਪੰਜਾਬ ਦਾ ਅਮਾਨ ਅਮਾਨ ਖ਼ਤਮ ਹੋ ਜਾਏ ਔਰ ਪੰਜਾਬ ਵਿਚ ਲੋਕਾਂ ਵਿਚ ਖੂਨ ਖਰਾਬਾ ਹੋਵੇ। ਉਸ ਗਲ ਵਾਸਤੇ ਇਥੇ ਯੋਜਨਾ ਬੱਧ ਤਰੀਕੇ ਨਾਲ ਕੋਸ਼ਿਸ਼ ਕੀਤੀ ਗਈ। ਨਤੀਜੇ ਵਜੋਂ ਬਦਕਿਸਮਤੀ ਹੈ ਪੰਜਾਬ ਦੀ ਅਤੇ ਸਾਨੂੰ ਅਫ਼ਸੋਸ ਹੈ ਕਿ ਕੁਝ ਲੋਕਾਂ ਨੂੰ ਗੋਲੀ ਨਾਲ ਉਡਾਇਆ ਗਿਆ, ਕਤਲ ਕੀਤਾ ਗਿਆ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕਿਸੇ ਦਾ ਵੀ ਕਤਲ ਹੋਵੇ ਤਾਂ ਉਸ ਦੇ ਲਈ ਅਫ਼ਸੋਸ ਪਰਗਟ ਕੀਤਾ ਜਾਂਦਾ ਹੈ ਅਤੇ ਹੋਣਾ ਵੀ ਚਾਹੀਦਾ ਹੈ। ਇਹ ਇਨਸਾਨੀਅਤ ਦਾ ਤਕਾਜ਼ਾ ਹੈ, ਇਹ ਧਰਮ ਦਾ ਤਕਾਜ਼ਾ ਹੈ ਅਤੇ ਇਸ ਦੇਸ਼ ਦੀ ਨੀਅਤ ਦਾ ਤਕਾਜ਼ਾ ਹੈ ਕਿ ਸਾਰਾ ਕੁਝ ਕੀਤਾ ਜਾਵੇ। ਪਰ ਹੋਇਆ ਕੀ ? ਹੋਇਆ ਇਹ ਕਿ ਕਤਲ ਹੋਏ ਪਰ ਉਸ ਦੀ ਮੁਜ਼ੱਮਤ ਖਾਸ ਤੌਰ ਤੇ ਉਨ੍ਹਾਂ ਲੋਕਾਂ ਵਲੋਂ ਨਹੀਂ ਹੋਈ ਜਿਹੜੇ ਆਪਣੇ ਆਪ ਨੂੰ ਨੈਸ਼ਨੇਲਿਸ਼ਟ ਕਹਿੰਦੇ ਹਨ, ਜਿਹੜੇ ਕਹਿੰਦੇ ਹਨ ਕਿ ਅਸੀਂ ਇਸ ਦੇਸ਼ ਦੇ ਰਹਿਣ ਵਾਲੇ ਹਾਂ ਔਰ ਕਹਿੰਦੇ ਹਨ ਕਿ ਅਸੀਂ ਹਿੰਦੁਸਤਾਨ ਨੂੰ ਆਪਣਾ ਦੇਸ਼ ਮੰਨਣ ਵਾਲੇ ਹਾਂ। ਉਨ੍ਹਾਂ ਦੇ ਮੂੰਹੋਂ ਉਨ੍ਹਾਂ ਦੀ ਮੁਜ਼ੱਮਤ ਨਹੀਂ ਹੋਈ। ਜੇ ਹਵਾਈ ਜਹਾਜ਼ ਨੂੰ ਹਾਈਜੈਕ ਕਰਕੇ ਲਾਹੌਰ ਲੈ ਗਏ ਤਾਂ ਉਸ ਸੈਕਸ਼ਨ ਵਲੋਂ ਉਸ ਨੂੰ ਕੰਡੈਮ ਨਹੀਂ ਕੀਤਾ ਗਿਆ।

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਇਹ ਜਵਾਬ ਦੇ ਰਹੇ ਹਨ ਜਾਂ ਕੀ ਕਰ ਰਹੇ ਹਨ। ਇਹ ਹੋਰ ਪਾਸੇ ਜਾ ਰਹੇ ਹਨ । ਇਹ ਇਨ੍ਹਾਂ ਦੀ ਸਪੀਚ ਠੀਕ ਨਹੀਂ ਹੈ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਅਸੀਂ ਐਫ. ਐਮ. ਦੀ ਤਾਰੀਫ ਕਰਦੇ ਹਾਂ, ਉਨ੍ਹਾਂ ਨੂੰ ਪਾਰਲੀਮੈਂਟਰੀ ਅਫੇਅਰਜ਼ ਦੀ ਜਾਣਕਾਰੀ ਹੈ। ਉਹ ਐਫ. ਐਮ. ਹਨ। ਪਰ ਅਸੀਂ ਉਨ੍ਹਾਂ ਕੋਲੋਂ ਇਕ ਗੱਲ ਦੀ ਤਵੱਕੋ ਕਰਦੇ ਹਾਂ ਕਿ ਇਹ ਜਿਹੜੀਆਂ ਤੁਸੀਂ ਸਾਡੇ ਸਾਹਮਣੇ ਸਪਲੀ-ਮੈਂਟਰੀ ਡਿਮਾਂਡਜ਼ ਫਾਰ ਗਰਾਂਟਸ ਰੱਖੀਆਂ ਹਨ ਉਸ ਦੇ ਸਬੰਧ ਵਿਚ ਵੀ ਕੁਝ ਕਹਿਣ। ਬੇਸ਼ੱਕ ਇਹ ਵੀ ਹੋ ਜਾਵੇ ਜੋ ਇਹ ਕਹਿ ਰਹੇ ਹਨ। ਪਰ ਜਿਹੜੀ ਚੀਜ਼ ਹਾਊਸ ਦੇ ਸਾਹਮਣੇ ਹੈ ਉਸ ਵੱਲ ਉਹ ਜ਼ਰੂਰ ਧਿਆਨ ਦੇਣ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਪੁਲੀਟੀਕਲ ਇਸ਼ੂ ਨੂੰ ਟੱਚ ਨਹੀਂ ਸੀ ਕਰਨਾ ਚਾਹੁੰਦਾ ਪਰ ਕਿਉਂਕਿ ਮਾਨ ਸਾਹਿਬ ਨੇ ਜ਼ਿਕਰ ਕੀਤਾ ਸੀ ਇਸ ਕਰਕੇ ਮੈਨੂੰ ਜ਼ਿਕਰ ਕਰਨਾ ਪਿਆ। ਮਾਨ ਸਾਹਿਬ ਨੇ ਦੋ ਐਲੀਗੇਸ਼ਨਜ਼ ਲਗਾਏ । ਇਕ ਇਹ ਕਿਹਾ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਪੰਜਾਬ ਵਿਚ ਕਾਂਗਰਸ ਨੇ ਖਰਾਬ ਕੀਤੀ ਔਰ ਸਰਕਾਰ ਦੀ ਨਾਲਾਇਕੀ ਔਰ ਕਮਜ਼ੋਰੀ ਹੈ। ਮੈਂ ਉਸ ਦਾ ਜਵਾਬ ਦੇਣਾ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਲਾਅ ਐਂਡ ਆਰਡਰ ਨੂੰ ਕਾਇਮ ਰੱਖਿਆ। (ਥੰਪਿੰਗ) ਉਹ ਲੋਕ ਜਿਹੜੇ ਲਾਅ ਐਂਡ ਆਰਡਰ ਨੂੰ ਅੱਗ ਲਗਾਉਣਾ ਚਾਹੁੰਦੇ ਸਨ ਉਨ੍ਹਾਂ ਨੇ ਇਹ ਦੇਖਿਆ ਕਿ ਪੰਜਾਬ ਵਿਚ ਸਾਰਿਆਂ ਨੇ ਦੁਸਹਿਰਾ, ਦੀਵਾਲੀ ਅਤੇ ਗੁਰਪੁਰਬ ਇਕੱਠੇ ਮਿਲ ਕੇ ਮਨਾਏ ਅਤੇ ਪੰਜਾਬ ਦੇ ਨਾਰਮਲ ਹਾਲਾਤ ਵਿਚ ਕੋਈ ਫਰਕ ਨਹੀਂ ਪਿਆ। ਜਿਹੜੇ ਉਹ ਅੱਗ ਦੇ ਇਥੇ ਭਾਂਬੜ ਬਾਲਣਾ ਚਾਹੁੰਦੇ ਸਨ ਉਹ ਗਲ ਉਨ੍ਹਾਂ ਦੀ ਪੂਰੀ ਨਹੀਂ ਹੋਈ। ਪੰਜਾਬ ਵਿਚ ਪੁਰਅਮਨ ਰਿਹਾ, ਪੰਜਾਬ ਵਸਦਾ ਰਿਹਾ ਅਤੇ ਪੰਜਾਬ ਦੇ ਅਮਨ ਨੂੰ ਕੋਈ ਅੱਗ ਨਹੀਂ ਲੱਗੀ। ਮੈਂ ਇਹ ਜਵਾਬ ਦੇਣਾ ਚਾਹੁੰਦਾ ਸੀ। (ਥੰਪਿੰਗ) ਜੇ ਕੋਈ ਅਮਨ ਨੂੰ ਅੱਗ ਲਾਵੇ ਤਾਂ ਉਸ ਦਾ ਪ੍ਰਬੰਧ ਕਰਨ ਲਈ ਸਰਕਾਰ ਦਾ ਫਰਜ਼ ਹੈ ਕਿ ਪੁਲਿਸ ਨੂੰ ਸਟਰੈਂਗਥਨ ਕੀਤਾ ਜਾਵੇ। ਉਨ੍ਹਾਂ ਲਈ ਮਾਡਰਨ ਇਕੁਇਪਮੈਂਟ ਲਿਆਂਦੇ ਜਾਣ। ਇਹ ਸਾਰਾ ਕੁਝ ਕੀਤਾ ਗਿਆ। ਵਹੀਕਲਜ਼ ਦਾ ਪ੍ਰਬੰਧ ਕੀਤਾ। ਮੋਟਰ ਸਾਈਕਲਾਂ ਦਾ ਪ੍ਰਬੰਧ ਕੀਤਾ। ਇਨ੍ਹਾਂ ਵਲੋਂ ਪੰਜਾਬ ਦੇ ਹਾਲਾਤ ਐਬਨਾਰਮਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਪੂਰੀ ਤਰਾਂ ਕੰਟਰੋਲ ਵਿਚ ਰਖਿਆ ।

ਇਥੇ ਲਾਟਰੀ ਦੇ ਬਾਰੇ ਕਿਹਾ ਗਿਆ।

Original with;
Punjab Vidhan Sabha
Digitized by;
Panjab Digital Library

## STATMEMENT BY THE CHIEF MINISTER *Re.* UNEMPLOYMENT ALLOWANCE

**Chief Minister (Sardar Darbara Singh) :** Sir, I have to make a statement here. I am sorry that there has been an error in elaborating the position about unemployment allowance to those persons whose family income is more than Rs. 3,600/- per year. The actual position is that the unemployment allowance is being given only to those persons whose family income is Rs 3.600/- per year or less than that. The rates of the allowance are as follows :—

| | |
|---|---|
| Matriculates and Undergraduates .. | Rs. 80/- P.M. |
| Graduates and above .. | Rs. 100/- P.M. |

This policy was started with effect from 1st April, 1981.

Prior to 1st April, 1981, persons whose income was upto Rs. 6,000 per year were also eligible. The rates of allowance were as follows :—

| | |
|---|---|
| Matriculates and Undergraduates .. | Rs. 40/- P.M. |
| Graduates and above .. | Rs. 50/- P.M. |

Payment to those persons whose family income was upto Rs 6,000/- per year is being made only for the period prior to 1st April, 1981.

**Comrade Raj Kumar :** On a point of clarification, Sir.

**Mr. Speaker :** No clarification, please.

**Comrade Raj Kumar :** Speaker Sahib, it is my right to seek clarification. Under what rule you are disallowing this ?

**Mr. Speaker :** Under rule 57 of the Rules of Procedure and Conduct of Business in the Punjab Vidhan Sabha (Punjab Legislative Assembly), no question is to be asked on a statement made by a Minister.

**ਕਾਮਰੇਡ ਰਾਜ ਕੁਮਾਰ :** ਉਨ੍ਹਾਂ ਨੇ ਸਟੇਟਮੈਂਟ ਕੀਤੀ ਹੈ। ਮੈਨੂੰ ਉਸ ਤੇ ਕਲੈਰੀਫਿਕੇਸ਼ਨ ਲੈਣ ਦਾ ਰਾਈਟ ਹੈ।

**ਸ੍ਰੀ ਸਪੀਕਰ :** ਉਨ੍ਹਾਂ ਨੇ ਸਟੇਟਮੈਂਟ ਕਰ ਦਿੱਤੀ ਹੈ ਪਰ ਉਸ ਦੇ ਬਾਰੇ ਕੋਈ ਕਲੈਰੀਫਿਕੇਸ਼ਨ ਨਹੀਂ ਹੋ ਸਕਦੀ।

---

## DISCUSSION AND VOTING OF DEMANDS FOR SUPPLEMENTARY GRANTS (*Resumption*)

**ਵਿੱਤ ਮੰਤਰੀ :** ਇਥੇ ਲਾਟਰੀ ਬਾਰੇ ਕ੍ਰਿਟਿਸਿਜ਼ਮ ਹੋਇਆ। ਮੈਂ ਪਰਸਨਲੀ ਲਾਟਰੀ ਦੇ ਹੱਕ ਵਿੱਚ ਨਹੀਂ ਹਾਂ। ਲੇਕਿਨ ਹਿੰਦੁਸਤਾਨ ਦੀ ਹਰ ਸਟੇਟ ਵਿਚ ਲਾਟਰੀ ਦਾ ਫਲੱਡ ਆਇਆ ਹੋਇਆ ਹੈ। ਦੂਨੀਆਂ ਦੇ ਹੋਰ ਮੁਲਕਾਂ ਵਿਚ ਵੀ ਲਾਟਰੀ ਸਿਸਟਮ ਚਲਦਾ ਹੈ। ਇਸ ਕਰਕੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਅਸੀਂ ਸੋਚਿਆ ਕਿ ਜੇ ਇਸ ਨੂੰ ਅਸੀਂ ਬੰਦ ਵੀ ਕਰ ਦੇਈਏ ਪਰ ਜੇ ਦੂਜੀਆਂ ਸਟੇਟਾਂ ਦੀਆਂ ਟਿਕਟਾਂ ਇਥੇ ਆ ਕੇ ਵਿਕਣ ਤਾਂ ਫਿਰ ਇਹ ਸਾਡੇ ਲਈ ਠੀਕ ਨਹੀਂ ਸੀ। ਅਸੀਂ ਇਹ ਤਰੀਕਾ ਕੱਢਿਆ ਕਿ ਇਹ ਲਾਟਰੀ ਪ੍ਰਾਫਿਟ ਦੇ ਸਕੇ। ਪਹਿਲਾਂ ਇਸ ਵਿਚ ਨੁਕਸਾਨ ਹੋਣਾ ਸ਼ੁਰੂ ਹੋ ਗਿਆ ਸੀ। ਉਸ ਵਾਸਤੇ ਅਸੀਂ ਸੋਚਿਆ ਅਤੇ ਦੋ ਸਿਸਟਮ ਸ਼ੁਰੂ ਕੀਤੇ ਇਕ ਵੀਕਲੀ ਅਤੇ ਦੂਜਾ ਫੋਰ੍ਟਨਾਈਟਲੀ। ਜੇ ਟਿਕਟਾਂ ਵੇਚਕੇ ਉਸ ਦੇ ਨਾਲ ਪੈਸਾ ਵਾਪਸ ਆ ਜਾਵੇ, ਉਸ ਨਾਲ ਫਾਇਦਾ ਹੁੰਦਾ ਹੋਵੇ ਤਾਂ ਇਹ ਚੰਗੀ ਗਲ ਹੈ। ਇਸ ਸਾਲ ਸਾਨੂੰ ਪੂਰਾ ਅਨੁਮਾਨ ਹੈ ਕਿ 18 ਲੱਖ ਰੁਪਿਆ ਆਵੇਗਾ ਅਤੇ ਅਗਲੇ ਸਾਲ 80 ਲੱਖ ਰੁਪਏ ਇਸ ਲਾਟਰੀ ਸਿਸਟਮ ਨਾਲ ਸਟੇਟ ਨੂੰ ਆਮਦਨ ਹੋਵੇਗੀ।

ਸਪੀਕਰ ਸਾਹਿਬ, ਇਥੇ ਚੌਕੀਦਾਰਾਂ ਦੇ ਬਾਰੇ ਜ਼ਿਕਰ ਕੀਤਾ ਗਿਆ। ਸਰਦਾਰ ਦਿਲਬਾਗ ਸਿੰਘ ਜਿਹੜੇ ਚੌਕੀਦਾਰਾ ਯੂਨੀਅਨ ਦੇ ਪ੍ਰਧਾਨ ਹਨ ਉਨ੍ਹਾਂ ਨੇ ਬੜੇ ਜ਼ੋਰ ਨਾਲ ਉਨ੍ਹਾਂ ਦੀ ਵਕਾਲਤ ਵੀ ਕੀਤੀ ਅਤੇ ਸਰਕਾਰ ਦੀ ਸ਼ਲਾਘਾ ਵੀ ਕੀਤੀ। (ਵਿਘਨ) ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਚੌਕੀਦਾਰਾ ਯੂਨੀਅਨ ਦੇ ਪ੍ਰਧਾਨ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਹੁਣ ਜਦ ਚੌਕੀਦਾਰਾਂ ਦੀ ਤਨਖਾਹ 60 ਰੁਪਏ ਤੋਂ 100 ਰੁਪਏ ਕਰ ਦਿਤੀ ਹੈ ਤਾਂ ਹੁਣ ਹਾਊਸ ਦੇ ਮੈਂਬਰਾਂ ਨੂੰ ਚੌਕੀਦਾਰਾਂ ਨਾਲ ਬੜੀ ਹਮਦਰਦੀ ਪੈਦਾ ਹੋ ਗਈ ਹੈ। ਹੁਣ ਤਾਂ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਕਲਾਸ ਫੋਰ ਦੇ ਇੰਪਲਾਈਜ਼ ਬਣਾਇਆ ਜਾਵੇ। ਪਰ ਮੈਂ ਕਹਿ ਸਕਦਾ ਹਾਂ ਕਿ ਪਿਛਲੀਆਂ ਸਰਕਾਰਾਂ ਸਮੇਂ ਭਾਵੇਂ ਉਦੋਂ ਕਿਸੇ ਪਾਰਟੀ ਦੀ ਸਰਕਾਰ ਸੀ, ਉਦੋਂ ਕਿਸੇ ਨੇ ਚੌਕੀਦਾਰਾਂ ਦੇ ਪੈਸੇ ਨਹੀਂ ਵਧਾਏ। ਉਦੋਂ ਉਨ੍ਹਾਂ ਦੀ ਹਮਦਰਦੀ ਚੌਕੀਦਾਰਾਂ ਪ੍ਰਤੀ ਕਿਥੇ ਸੀ? ਅਗਰ ਹੁਣ ਪੰਜਾਬ ਦੀ ਸਰਕਾਰ ਨੇ ਉਨ੍ਹਾਂ ਘੱਟ ਤਨਖਾਹ ਲੈਣ ਵਾਲਿਆਂ ਦੀ ਤਨਖਾਹ ਵਧਾਈ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਰਿਆਂ ਨੂੰ ਇਸ ਨੂੰ ਵੈਲਕਮ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਤਨਖਾਹ ਵਧਾਉਣ ਨਾਲ ਉਨ੍ਹਾਂ ਦਾ ਪਿਛਲਾ ਏਰੀਅਰ 1 ਕਰੋੜ 10 ਲੱਖ ਰੁਪਏ ਬਣਦਾ ਹੈ। ਉਨ੍ਹਾਂ ਦੀ ਤਨਖਾਹ ਜੁਲਾਈ 1980 ਤੋਂ ਵਧਾਈ ਹੈ ਅਤੇ ਇਹ 60 ਰੁਪਏ ਤੋਂ 100 ਰੁਪਏ ਕੀਤੇ ਹਨ। ਇਸ ਦੀ ਮਨਜ਼ੂਰੀ ਹਾਊਸ ਤੋਂ ਮੰਗੀ ਹੈ। ਅਗਲੇ ਸਾਲ ਤੋਂ ਬਕਾਇਦਾ ਮਹੀਨੇ ਦੇ ਮਹੀਨੇ ਉਨ੍ਹਾਂ ਨੂੰ ਸੌ ਰੁਪਿਆ ਮਿਲੇਗਾ। (ਥੰਪਿੰਗ) ਚੌਕੀਦਾਰਾਂ ਦੀ ਗਿਣਤੀ 10,478 ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਰਿਆਂ ਨਾਲੋਂ ਉਨ੍ਹਾਂ ਦੀ ਤਨਖਾਹ ਘੱਟ ਹੈ। ਪਰ ਉਹ ਪਾਰਟ ਟਾਈਮ ਮੁਲਾਜ਼ਮ ਹਨ। ਸਰਦਾਰ ਦਿਲਬਾਗ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਹਰ ਵੇਲੇ ਤਿਆਰ ਰਹਿਣਾ ਪੈਂਦਾ ਹੈ। ਮੈਂ ਕਹਿੰਦਾ ਹਾਂ ਕਿ ਐਸੀ ਗਲ ਨਹੀਂ ਹੈ ਕਿ ਉਹ 24 ਘੰਟੇ ਹੀ ਤਿਆਰ ਰਹਿਣ। ਕੋਈ ਆ ਜਾਵੇ ਤਾਂ ਉਹ ਤਿਆਰ ਹੁੰਦੇ ਹਨ। ਲੇਕਿਨ ਉਨ੍ਹਾਂ ਦਾ ਕੋਈ ਐਸਾ ਲਗਾਤਾਰ ਕੰਮ ਨਹੀਂ ਹੈ। ਫਿਰ ਵੀ ਪੰਜਾਬ ਸਰਕਾਰ ਨੂੰ ਇਸ ਸੈਕਸ਼ਨ ਨਾਲ ਬਹੁਤ ਹਮਦਰਦੀ ਹੈ ਔਰ ਅਸੀਂ ਫਿਰ ਵੀ ਵਿਚਾਰ ਕਰਾਂਗੇ ਕਿ ਇਸ ਤੋਂ ਵਧ ਅਗਰ ਸਹੂਲਤ ਦੇ ਸਕਦੇ ਹੋਏ ਤਾਂ ਜ਼ਰੂਰ ਦੇਵਾਂਗੇ। (ਥੰਪਿੰਗ)

ਐਜੂਕੇਸ਼ਨ ਦੇ ਬਾਰੇ ਸ਼ਲਾਘਾ ਕੀਤੀ ਗਈ ਹੈ ਕਿ ਟੀਚਰਜ਼ ਨੂੰ ਏ. ਡੀ. ਏ. ਦਿਤਾ ਗਿਆ ਹੈ। ਇਸ ਤਰ੍ਹਾਂ 12 ਕਰੋੜ 34 ਲੱਖ ਰੁਪਿਆ ਗੌਰਮਿੰਟ ਟੀਚਰਜ਼ ਨੂੰ ਅਤੇ ਜਿਹੜੇ ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੇ ਟੀਚਰਜ਼ ਹਨ ਉਨ੍ਹਾਂ ਨੂੰ 2 ਕਰੋੜ 58 ਲੱਖ 76 ਹਜ਼ਾਰ 211 ਰੁਪਏ ਦਿਤੇ ਗਏ ਹਨ। (ਥੰਪਿੰਗ) ਇਥੇ ਇਤਰਾਜ਼ ਕੀਤਾ ਗਿਆ ਕਿ ਪੰਜਾਬ ਯੂਨੀਵਰਸਿਟੀ ਨੂੰ 65 ਲੱਖ 79 ਹਜ਼ਾਰ ਰੁਪਏ ਕਿਉਂ ਦਿਤੇ ਗਏ ਹਨ? ਅੱਜ ਇਹ ਜ਼ੋਰ ਨਾਲ ਇਤਰਾਜ਼ ਕਰ ਰਹੇ ਹਨ, ਸ਼ਾਇਦ ਇਨ੍ਹਾਂ ਦੇ ਮਨ ਵਿਚ ਕੁਝ ਵੱਖਰੀ ਅਟਾਨਮੀ ਦਾ ਖਿਆਲ ਹੈ ਜਾਂ ਕੁਝ ਹੋਰ ਗਲ ਹੈ।

Original with;
Punjab Vidhan Sabha
Digitized by;
Panjab Digital Library

ਪਰ ਜਦੋਂ ਇਨ੍ਹਾਂ ਭਰਾਵਾਂ ਦਾ ਰਾਜ ਸੀ ਤਾਂ ਉਸ ਵਕਤ ਇਹ ਉਸ ਯੂਨੀਵਰਸਿਟੀ ਨੂੰ ਅਲੱਗ ਨਾ ਕਰ ਸਕੇ, ਸਾਂਭ ਨਾ ਸਕੇ। ਅੱਜ ਇਹ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਬੜੇ ਜ਼ੋਰ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੂੰ ਪੈਸੇ ਨਾ ਦਿਓ। ਸਪੀਕਰ ਸਾਹਿਬ, ਪੰਜਾਬ ਯੂਨੀਵਰਸਿਟੀ ਬੜੀ ਪੁਰਾਣੀ ਯੂਨੀਵਰਸਿਟੀ ਹੈ ਜਿਹੜੀ ਕਿ ਬਹੁਤ ਜ਼ਿਆਦਾ ਸੇਵਾ ਕਰ ਰਹੀ ਹੈ ਔਰ ਬੜੀ ਸ਼ਲਾਘਾ ਯੋਗ ਸੇਵਾ ਕਰ ਰਹੀ ਹੈ। ਉਨ੍ਹਾਂ ਨੂੰ ਅਸੀਂ ਇਹ ਪੈਸਾ ਦੇਣਾ ਹੈ ਅਤੇ ਇਸ ਦੀ ਸੈਂਟਰ ਦੀ ਸਰਕਾਰ ਸਮੱਰਥਨ ਕਰ ਰਹੀ ਹੈ। ਵਿਦਿਆ ਦੇ ਖੇਤਰ ਵਿਚ ਉਹ ਬੜੀ ਸੇਵਾ ਕਰ ਰਹੀ ਹੈ ਔਰ ਅਸੀਂ ਲਗਾਤਾਰ ਉਸ ਨੂੰ ਪੈਸੇ ਦਿੰਦੇ ਰਹੇ ਹਾਂ। ਇਨ੍ਹਾਂ ਦੇ ਕਹਿਣ ਤੇ ਪੰਜਾਬ ਯੂਨੀਵਰਸਿਟੀ ਦੀ ਗਰਾਂਟ ਅਸੀਂ ਬੰਦ ਕਰ ਦੇਈਏ, ਇਹ ਗਲ ਮੁਮਕਿਨ ਨਹੀਂ ਹੈ। ਇਸੇ ਤਰ੍ਹਾਂ ਗੁਰੂ ਨਾਨਕ ਯੂਨੀਵਰਸਿਟੀ ਨੂੰ 51 ਲੱਖ ਰੁਪਿਆ ਅਤੇ ਪੰਜਾਬੀ ਯੂਨੀਵਰਸਿਟੀ ਨੂੰ 56 ਲੱਖ ਰੁਪਿਆ ਉਨ੍ਹਾਂ ਦੀ ਡਿਮਾਂਡਜ਼ ਦੇ ਮੁਤਾਬਿਕ ਦੇਣਾ ਹੈ। ਇਹ ਗਲ ਤਾਂ, ਸਪੀਕਰ ਸਾਹਿਬ, ਇਹ ਕਹਿ ਸਕਦੇ ਹਨ ਕਿ ਇਹ ਸਪਲੀਮੈਂਟਰੀ ਡੀਮਾਂਡਜ਼ ਰਾਹੀਂ ਬਾਅਦ ਵਿੱਚ ਪੈਸਾ ਕਿਉਂ ਮੰਗਿਆ ਹੈ, ਪਹਿਲਾਂ ਕਿਉਂ ਨਹੀਂ ਮੰਗਿਆ ਗਿਆ। ਉਸ ਦਾ ਕਾਰਨ ਹੈ ? ਕਾਰਨ ਇਹ ਹੈ ਕਿ ਯੂਨੀਵਰਸਿਟੀਆਂ ਦੇ ਦੋ ਬਜਟ ਹਨ ਉਹ ਅਪਰੈਲ, ਮਈ ਵਿੱਚ ਬਣਦੇ ਹਨ ਅਤੇ ਉਨ੍ਹਾਂ ਦੇ ਲੇਟ ਬਜਟ ਬਣਨ ਕਰਕੇ ਉਹ ਡੀਮਾਂਡਜ਼ ਵੀ ਲੇਟ ਭੇਜਦੇ ਹਨ ਔਰ ਫਿਰ ਇਮਪਲਾਈਜ਼ ਨੂੰ ਜਿਹੜੀਆਂ ਏ. ਡੀ. ਏ. ਦੀਆਂ ਕਿਸ਼ਤਾਂ ਦੇਣੀਆਂ ਹੁੰਦੀਆਂ ਹਨ ਉਹ ਵੀ ਦੇਰ ਨਾਲ ਡੀਮਾਂਡ ਕਰਦੇ ਹਨ। ਇਸ ਵਾਸਤੇ ਇਹ ਸਪਲੀਮੈਂਟਰੀ ਡੀਮਾਂਡ ਹੁਣ ਲਿਆਂਦੀ ਹੈ।

ਸਪੀਕਰ ਸਾਹਿਬ, ਮੈਂ ਹਾਊਸ ਦੇ ਮਾਨਯੋਗ ਮੈਂਬਰਾਂ ਨੂੰ ਇਹ ਗਲ ਦੱਸਦਾ ਹੋਇਆ ਖ਼ੁਸ਼ੀ ਮਹਿਸੂਸ ਕਰਦਾ ਹਾਂ ਕਿ ਸਾਡੇ ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਜੋ ਐਲਾਨ ਕੀਤਾ ਸੀ ਕਿ ਅੰਮ੍ਰਿਤਸਰ ਵਿੱਚ ਦੁਰਗਿਆਨਾ ਮੰਦਰ ਦਾ ਸਰੋਵਰ ਅਤੇ ਗੋਲਡਨ ਟੈਂਪਲ, ਹਰਮੰਦਰ ਸਾਹਿਬ ਦਾ ਜੋ ਸਰੋਵਰ ਹੈ ਉਸ ਨੂੰ ਅਸੀਂ ਸਾਫ ਕਰਾਵਾਂਗੇ। ਅਸੀਂ ਉਹ ਸਾਫ ਕਰਾ ਕੇ ਉਸ ਤੇ ਪੈਸਾ ਖਰਚ ਕੀਤਾ ਹੈ। (ਥੰਪਿੰਗ) ਪਰ ਮੈਨੂੰ ਅਫ਼ਸੋਸ ਹੈ ਕਿ ਕਿਸੇ ਵੀ ਆਨਰੇਬਲ ਮੈਂਬਰ ਨੇ ਇਹ ਗਲ ਪੜ੍ਹੀ ਹੀ ਨਹੀਂ ਅਤੇ ਇਸ ਦਾ ਕੋਈ ਜ਼ਿਕਰ ਤਕ ਨਹੀਂ ਕੀਤਾ ਅਤੇ ਸ਼ਲਾਘਾ ਨਹੀਂ ਕੀਤੀ। ਉਸ ਤਰਫ ਤੋਂ (ਵਿਰੋਧੀ ਪਾਰਟੀ ਵੱਲ ਇਸ਼ਾਰਾ) ਵੀ ਕੁਝ ਨਹੀਂ ਕਿਹਾ ਗਿਆ ਜਿਨ੍ਹਾਂ ਦੀ ਤਿੰਨ ਵਾਰੀ ਪੰਜਾਬ ਵਿਚ ਹਕੂਮਤ ਬਣੀ। ਉਨ੍ਹਾਂ ਨੇ ਇਸ ਗਲ ਵਲ ਕੋਈ ਧਿਆਨ ਨਹੀਂ ਕੀਤਾ। ਪੰਜਾਬ ਸਰਕਾਰ ਨੇ 46 ਲੱਖ ਰੁਪਿਆ ਪਾਸ ਕਰ ਦਿਤਾ ਹੈ, ਮਨਜ਼ੂਰ ਕਰ ਦਿੱਤਾ ਤਾਂਕਿ ਸਰੋਵਰ ਦਾ ਜਿਹੜਾ ਪਵਿੱਤਰ ਜਲ ਹੈ ਉਹ ਸਾਫ ਹੋ ਸਕੇ। (ਥੰਪਿੰਗ)

ਇਸ ਦੇ ਨਾਲ ਹੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਐਸ. ਏ. ਐਸ. ਨਗਰ ਔਰ ਚੰਡੀਗੜ੍ਹ ਵਿੱਚ ਕਾਫੀ ਪਾਣੀ ਦੀ ਤਕਲੀਫ ਹੈ। 17 ਲੱਖ ਰੁਪਏ ਨਾਲ ਕੈਨਾਲ ਵਾਟਰ ਲਿਆਉਣ ਦੀ ਸਕੀਮ ਹੈ ਜਿਸ ਦੇ ਨਾਲ ਪਾਣੀ ਦਾ ਸਿਸਟਮ ਠੀਕ ਕਰਕੇ ਲੋਕਾਂ ਦੀ ਪਾਣੀ ਦੀ ਤਕਲੀਫ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਸਪੀਕਰ ਸਾਹਿਬ, ਮੈਂ ਇਕ ਐਸੀ ਚੀਜ਼ ਦਾ ਜ਼ਿਕਰ ਹੁਣ ਕਰਨਾ ਚਾਹੁੰਦਾ ਹਾਂ ਕਿ ਜਿਸ ਦੀ ਕਿਸੇ ਪਾਸਿਉਂ ਵੀ ਕੋਈ ਸ਼ਲਾਘਾ ਨਹੀਂ ਕੀਤੀ ਗਈ। ਪਰ ਉਹ ਹੈ ਬੜਾ ਸ਼ਲਾਘਾ ਯੋਗ ਕੰਮ। ਪੰਜਾਬ ਸਰਕਾਰ ਨੇ ਇਕ ਸਕੀਮ ਸ਼ੁਰੂ ਕੀਤੀ ਹੈ ਔਰ ਪੰਜਾਬ ਸਰਕਾਰ ਨੇ ਉਹ ਸਕੀਮ ਸ਼ੁਰੂ ਕਰਕੇ ਉਸਨੂੰ ਚੰਗੀ ਤਰਾਂ ਇੰਪਲੀਮੈਂਟ ਵੀ ਕੀਤਾ ਹੈ ਔਰ ਗਰੀਬ ਫਾਰਮਰਜ਼ ਜੋ ਹਨ ਜੋ ਗਰੀਬੀ ਦੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਰੇਖਾ ਤੋਂ ਥੱਲੇ ਹਨ ਉਨ੍ਹਾਂ ਨੂੰ ਫਾਇਦਾ ਪਹੁੰਚਾਇਆ ਹੈ। ਇਕ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਹੈ ਅਤੇ ਦੂਸਰੀ ਬੈਕਫਿੰਕੋ ਕਾਰਪੋਰੇਸ਼ਨ ਜੋ ਹੈ ਇਨ੍ਹਾਂ ਦੋਨੋਂ ਕਾਰਪੋਰੇਸ਼ਨਾਂ ਨੇ ਇਨ੍ਹਾਂ ਗਰੀਬਾਂ ਨੂੰ ਇਨਟਰਸਟ ਫਰੀ ਲੋਨ ਦੇਣਾ ਸ਼ੁਰੂ ਕੀਤਾ ਹੈ। ਸਾਲ 1980-81 ਵਿੱਚ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਵਲੋਂ ਇਨਟ੍ਰਸਟ ਫਰੀ ਲੋਨ ਜੋ ਦਿਤਾ ਗਿਆ ਉਹ 6 ਕਰੋੜ 67 ਲੱਖ ਰੁਪਿਆ ਹੈ ਔਰ ਸਾਲ 1981-82 ਵਿੱਚ 9 ਕਰੋੜ 69 ਲੱਖ ਰੁਪਏ ਦਿੱਤੇ ਗਏ। ਦੋ ਸਾਲਾਂ ਵਿਚ ਇਕੱਲੀ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਨੇ 16 ਕਰੋੜ 36 ਲੱਖ ਰੁਪਏ ਇਨਟਰਸਟ ਫਰੀ ਲੋਨ ਦੇ ਕੇ 47268 ਫੈਮਲੀਜ਼ ਨੂੰ ਫਾਇਦਾ ਪਹੁੰਚਾਇਆ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਬੈਕਫਿੰਕੋ ਨੇ ਸਾਲ 1980-81 ਵਿੱਚ ਇਨ੍ਹਾਂ ਗਰੀਬ ਲੋਕਾਂ ਨੂੰ 13 ਕਰੋੜ 32 ਲੱਖ ਰੁਪਏ ਔਰ ਸਾਲ 1981-82 ਵਿੱਚ ਹੁਣ ਤਕ 8 ਕਰੋੜ ਰੁਪਿਆ ਦਿਤਾ ਹੈ। ਇਸ ਤਰ੍ਹਾਂ ਦੋ ਸਾਲਾਂ ਵਿੱਚ 21 ਕਰੋੜ 32 ਲੱਖ ਰੁਪਿਆ ਦੇ ਕੇ ਉਨ੍ਹਾਂ ਨੇ 59,433 ਫੈਮਿਲੀਜ਼ ਨੂੰ ਫਾਇਦਾ ਪਹੁੰਚਾਇਆ ਹੈ। (ਥੱਪਿੰਗ) ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਾਕੀ ਦੀਆਂ ਉਨ੍ਹਾਂ ਦੀਆਂ ਜੋ ਐਕਟਿਵਿਟੀਜ਼ ਹਨ ਉਹ ਜਾਰੀ ਹਨ ਔਰ ਇਨਾਂ ਕਾਰਪੋਰੇਸ਼ਨਾਂ ਵਲੋਂ 37 ਕਰੋੜ ਰੁਪਏ ਤੋਂ ਵੱਧ ਇੰਟ੍ਰਸਟ ਫਰੀ ਲੋਨਜ਼ ਉਨ੍ਹਾਂ ਗਰੀਬ ਲੋਕਾਂ ਨੂੰ ਦਿੱਤੇ ਗਏ ਹਨ ਜਿਹੜੇ ਗਰੀਬੀ ਦੀ ਰੇਖਾ ਤੋਂ ਥੱਲੇ ਹਨ। ਇਸ ਤੋਂ ਇਲਾਵਾ 2.11 ਕਰੋੜ ਰੁਪਏ ਹੋਰ ਸਕੀਮਾਂ ਰਾਹੀਂ ਦਿੱਤੇ ਗਏ ਹਨ। ਇਸ ਤਰ੍ਹਾਂ ਲਗ ਭਗ 40 ਕਰੋੜ ਰੁਪਏ ਇਨ੍ਹਾਂ ਗਰੀਬ ਲੋਕਾਂ ਦੀ ਮਦਦ ਵਾਸਤੇ ਦਿੱਤੇ ਗਏ ਹਨ ਜਿਸ ਦੇ ਨਾਲ 1 ਲੱਖ 10 ਹਜ਼ਾਰ 189 ਲੋਕਾਂ ਨੂੰ ਫਾਇਦਾ ਪਹੁੰਚਿਆ ਹੈ। (ਥੰਪਿੰਗ) ਇਹ ਰਿਕਾਰਡ ਹੈ ਜਿਹੜਾ ਕਦੇ ਕਿਸੇ ਸਰਕਾਰ ਨੇ ਵੀ ਗਰੀਬ ਲੋਕਾਂ ਦੇ ਭਲੇ ਲਈ ਕੰਮ ਨਹੀਂ ਸੀ ਕੀਤਾ ਲੇਕਿਨ ਇਸ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਹਿੱਤ ਵਿੱਚ ਇਹ ਕਦਮ ਉਠਾਇਆ ਹੈ ਔਰ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਵਾਸਤੇ ਇਹ ਅਮਲੀ ਕਦਮ ਉਠਾਇਆ ਹੈ ਤਾਂਕਿ ਉਨ੍ਹਾਂ ਨੂੰ ਫਾਈਨਾਂਸ਼ਲ ਹੈਲਪ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਾ ਕੀਤਾ ਜਾ ਸਕੇ।

ਸਪੀਕਰ ਸਾਹਿਬ, ਮਾਰਕਫੈਡ ਨੂੰ ਉਪਰ ਚੁੱਕਣਾ, ਕੋਆਪ੍ਰੇਟਿਵ ਲਹਿਰ ਨੂੰ ਸਟਰੈਂਗਥਨ ਕਰਨਾ ਬੜਾ ਜ਼ਰੂਰੀ ਹੈ। ਡੀਮਾਂਡ ਨੰ: 25 ਦੇ ਰਾਹੀਂ ਕੁਝ ਪੈਸਾ ਮੰਗਿਆ ਗਿਆ ਹੈ ਤਾਂ ਕਿ ਅਸੀਂ ਮਾਰਕਫੈਡ ਨੂੰ ਉਸ ਦਾ ਸ਼ੇਅਰ ਕੈਪੀਟਲ ਦੇ ਤੌਰ ਤੇ ਪੈਸਾ ਦੇ ਸਕੀਏ। ਸਪੀਕਰ ਸਾਹਿਬ, 9 ਇੰਡਸਟਰੀਜ਼ ਸੈਟ ਅੱਪ ਕਰਨ ਲਈ ਮਾਰਕਫੈਡ ਐਨਗੇਜਡ ਹੈ। ਕਾਟਨ ਜਿੰਨਿੰਗ ਐਂਡ ਪ੍ਰੋਸੈਸਿੰਗ ਫੈਕਟਰੀ, ਜੈਤੋਂ, ਕਾਟਨ ਜਿੰਨਿੰਗ ਐਂਡ ਪ੍ਰੋਸੈਸਿੰਗ ਫੈਕਟਰੀ, ਗਿਦੜਬਾਹਾ, ਕਾਟਨ ਜਿੰਨਿੰਗ ਐਂਡ ਪ੍ਰੋਸੈਸਿੰਗ ਫੈਕਟਰੀ, ਰਾਮਪੁਰਾ ਫੂਲ, ਕਾਟਨ ਜਿੰਨਿੰਗ ਐਂਡ ਸੀਡਜ਼, ਰਾਮਪੁਰਾ ਫੂਲ, ਐਕਸਪੈਨਸ਼ਨ ਆਫ ਕਾਟਨ ਸੀਡ ਪ੍ਰੋਸੈਸਿੰਗ ਪਲਾਂਟ, ਗਿਦੜਬਾਹਾ, ਐਕਸ਼ਪੈਨਸ਼ਨ ਆਫ ਮਾਡਰਨ ਰਾਈਸ, ਮਿਲ, ਰਾਜਪੁਰਾ, ਮਾਡਰਨ ਰਾਈਸ ਮਿਲਜ਼, ਸਮਰਾਲਾ, ਮਾਡਰਨ ਰਾਈਸ ਮਿਲਜ਼, ਬਾਗਾਪੁਰਾਣਾ ਅਤੇ ਮਾਡਰਨ ਰਾਈਸ ਮਿਲਜ਼, ਨਵਾਂ ਸ਼ਹਿਰ, ਇਹ 9 ਮਿਲਾਂ ਹਨ ਜਿਨ੍ਹਾਂ ਵਿਚੋਂ ਸਿਰਫ ਇਕ ਕਮਿਸ਼ਨ ਹੋਣ ਵਾਲੀ ਹੈ ਅਤੇ ਬਾਕੀ ਦੀਆਂ ਅੱਠ ਕਮਿਸ਼ਨ ਹੋ ਗਈਆਂ ਹਨ। ਉਨ੍ਹਾਂ ਨੇ ਪ੍ਰੋਡਕਸ਼ਨ ਕਰਨੀ, ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਟੋਟਲ ਇਸ ਦਾ 7 ਕਰੋੜ 39 ਲੱਖ ਹੈ ਪੰਜਾਬ ਵਿਚ, ਐਨ. ਸੀ. ਡੀ. ਸੀ. ਦਾ ਹਿਸਾ 4 ਕਰੋੜ 80 ਲੱਖ ਹੈ ਔਰ ਪੰਜਾਬ ਗੌਰਮਿੰਟ ਵਲੋਂ ਸ਼ੇਅਰ ਕੈਪੀਟਲ ਦੇ ਤੌਰ ਤੇ 1 ਕਰੋੜ 12 ਲੱਖ ਰੁਪਿਆ ਦਿੱਤਾ ਗਿਆ ਹੈ। ਇਸ ਤਰ੍ਹਾਂ 7 ਕਰੋੜ 39 ਲੱਖ ਨਾਲ ਇਹ ਮਿਲਾਂ ਕੰਮ ਕਰ ਰਹੀਆਂ ਹਨ। ਐਗਰੋ ਬੇਸਡ ਇੰਡਸਟਰੀਜ਼ ਵਲ ਪੰਜਾਬ ਸਰਕਾਰ ਦਾ ਖਾਸ ਤੌਰ ਤੇ ਧਿਆਨ ਹੈ। ਪੰਜਾਬ ਸਰਕਾਰ ਦਾ ਇਸ ਪਾਸੇ ਵਲ ਜ਼ਿਆਦਾ ਧਿਆਨ ਹੈ ਕਿ ਸੂਬੇ

Original with;
Punjab Vidhan Sabha
Digitized by;
Panjab Digital Library

ਵਿੱਚ ਜ਼ਿਆਦਾ ਤੋਂ ਜ਼ਿਆਦਾ ਮਿੱਲਾਂ ਲਗਣ ਸ਼ੂਗਰ ਮਿਲਾਂ ਲਗਣ ਤਾਂ ਕਿ ਜਿਹੜਾ ਗੰਨਾ ਕਿਸਾਨ ਪੈਦਾ ਕਰਦੇ ਹਨ ਉਹ ਸਾਰਾ ਕਰੱਸ਼ ਕੀਤਾ ਜਾ ਸਕੇ, ਕਾਟਨ ਜਿਹੜੀ ਪੈਦਾ ਹੁੰਦੀ ਹੈ ਉਸ ਦੀ ਪ੍ਰੋਸੈਸਿੰਗ ਵਾਸਤੇ ਜਿਨਿੰਗ ਮਿੱਲਾਂ ਪੰਜਾਬ ਦੇ ਵਿੱਚ ਜਿਆਦਾ ਲਗਣ ਅੱਰ ਇਸੇ ਤਰ੍ਹਾਂ ਟੈਕਸਟਾਈਲ ਮਿੱਲਾਂ ਲਗ ਸਕਣ। ਪੰਜਾਬ ਸਰਕਾਰ ਦਾ ਇਸ ਪਾਸੇ ਵਲ ਬਹੁਤ ਧਿਆਨ ਹੈ। ਪੰਜਾਬ ਸਰਕਾਰ, ਸਪੀਕਰ ਸਾਹਿਬ, ਚਾਹੁੰਦੀ ਹੈ ਕਿ ਐਗਰੀਕਲਚਰਲ ਸੈਕਟਰ ਦੀ ਮੱਦਦ ਕੀਤੀ ਜਾਵੇ ਔਰ ਪੰਜਾਬ ਇਸ ਤਰ੍ਹਾਂ ਇੰਡਸਟਰੀ ਦੇ ਸਫੀਅਰ ਵਿੱਚ ਵੀ ਅਗੇ ਵਧੇ।

ਸਪੀਕਰ ਸਾਹਿਬ, ਸਾਡੀ ਐਗਰੀਕਲਚਰ ਦੀ ਸਾਈਡ ਤਾਂ ਸਾਰੇ ਹਿੰਦੁਸਤਾਨ ਵਿੱਚ ਇਕ ਖਾਸ ਦਰਜਾ ਰਖਦੀ ਹੈ ਪਰ ਉਸ ਦੇ ਨਾਲ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਾਰਟੀਕਲਚਰ ਵਲ ਵੀ ਸਾਡੇ ਮਨਿਸਟਰ ਸਾਹਿਬ ਨੇ ਖਾਸ ਧਿਆਨ ਦਿੱਤਾ ਹੈ। ਇਕ ਹਾਰਟੀਕਲਚਰ ਕਾਰਪੋਰੇਸ਼ਨ ਇਸ ਸਾਲ ਤੋਂ ਚਾਲੂ ਹੋ ਗਈ ਹੈ ਅਤੇ ਇਸ ਪਾਸੇ ਵਲ ਨੂੰ ਅਸੀਂ ਕੰਮ ਤੇਜ਼ ਕੀਤਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਨਾਰਦਰਨ ਜ਼ੋਨ ਦਾ ਜਿਹੜਾ ਚੰਡੀਗੜ੍ਹ ਵਿੱਚ ਕਮਪੀਟੀਸ਼ਨ ਹੋਇਆ ਸੀ ਜਿਸ ਦੇ ਵਿੱਚ ਸਾਡੇ ਸੈਂਟਰਲ ਐਗਰੀਕਲਚਰ ਮਨਿਸਟਰ ਸਾਹਿਬ 27/28 ਫਰਵਰੀ ਨੂੰ ਤਸ਼ਰੀਫ ਲਿਆਏ ਸਨ ਉਸ ਕਮਪੀਟੀਸ਼ਨ ਵਿੱਚ ਪੰਜਾਬ ਦਾ ਹਾਰਟੀਕਲਚਰ ਵਿਭਾਗ ਸਬਜ਼ੀਆਂ ਦੇ ਕਮਪੀਟੀਸ਼ਨ ਵਿੱਚ ਅਵਲ ਰਿਹਾ ਹੈ। (ਥੰਪਿੰਗ) ਉਸ ਨੇ ਰਨਿੰਗ ਟਰਾਫੀ ਵੀ ਲਈ ਹੈ ਅਤੇ 23 ਫਸਟ ਇਨਾਮ ਉਸ ਕਮਪੀਟੀਸ਼ਨ ਵਿੱਚ ਪੰਜਾਬ ਨੇ ਹਾਸਲ ਕੀਤੇ ਹਨ ਅਤੇ 11 ਸੈਕੰਡ ਇਨਾਮ ਹਾਸਲ ਕੀਤੇ ਹਨ। ਇਸ ਤਰ੍ਹਾਂ ਪੰਜਾਬ ਦੀ ਸ਼ਾਨ ਇਸ ਖੇਤਰ ਵਿੱਚ ਵੀ ਵਧੀ ਹੈ।

ਇਕ, ਸਪੀਕਰ ਸਾਹਿਬ, ਮੈਂ ਇਹ ਵੀ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੇਵਮੈਂਟ ਆਫ਼ ਸਟਰੀਟਸ ਐਂਡ ਕੰਸਟ੍ਰਕਸ਼ਨ ਆਫ਼ ਡਰੇਨੇਜ਼ ਲਈ ਡੀਮਾਂਡ ਨੰਬਰ 33 ਦੇ ਥੱਲੇ ਕੁਝ ਪੈਸਾ ਮੰਗਿਆ ਹੈ। ਸਪੀਕਰ ਸਾਹਿਬ, ਕੋਈ ਕੁਝ ਵੀ ਕਹੇ ਲੇਕਿਨ ਜਿਹੜੀ ਦੀਵਾਰਾਂ ਤੇ ਲਿਖੀ ਹੋਈ ਗਲ ਹੈ ਉਸ ਨੂੰ ਨਾ ਪੜ੍ਹਿਆ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਬੜੀ ਹੀ ਬਦਕਿਸਮਤੀ ਹੈ। ਮੈਨੂੰ ਇਹ ਦਸਦਿਆਂ ਖੁਸ਼ੀ ਹੁੰਦੀ ਹੈ ਕਿ ਬੜੀ ਦੇਰ ਤੋਂ ਸਰਕਾਰਾਂ ਪਿੰਡਾਂ ਵੱਲ ਧਿਆਨ ਦਿੰਦੀਆਂ ਆ ਰਹੀਆਂ ਹਨ ਔਰ ਸਾਨੂੰ ਪੂਰਾ ਪੂਰਾ ਧਿਆਨ ਕਰਨਾ ਵੀ ਚਾਹੀਦਾ ਹੈ। ਸਾਡੀ ਸਰਕਾਰ ਆਉਣ ਤੋਂ ਪਹਿਲਾਂ, 1980 ਤੋਂ ਪਹਿਲਾਂ ਸਾਰੇ ਪੰਜਾਬ ਵਿਚ ਬੜਾ ਜ਼ੋਰ ਲਾ ਕੇ ਸਾਰੇ ਸਾਲਾਂ ਵਿਚ 2,735 ਪਿੰਡਾਂ ਵਿਚ ਗਲੀਆਂ ਤੇ ਨਾਲੀਆਂ ਪੱਕੀਆਂ ਹੋਈਆਂ। ਪੰਜਾਬ ਦੇ 12,088 ਪਿੰਡਾਂ ਵਿਚੋਂ 30 ਸਾਲਾਂ ਵਿਚ ਇਤਨੇ ਪਿੰਡਾਂ ਵਿਚ ਕੰਮ ਹੋਇਆ ਹੈ। ਪਰ ਪਿਛਲੇ ਦੋ ਸਾਲਾਂ ਤੋਂ ਇਸ ਸਰਕਾਰ ਨੇ ਬੜੇ ਜ਼ੋਰ ਨਾਲ ਕੰਮ ਸ਼ੁਰੂ ਕੀਤਾ ਅਤੇ 2,303 ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਹੈ ਅਤੇ 753 ਪਿੰਡਾਂ ਵਿਚ ਕੰਮ ਪੂਰਾ ਹੋ ਚੁੱਕਾ ਹੈ। ਬਾਦਲ ਸਾਹਿਬ ਨੇ ਕਿਹਾ ਸੀ ਕਿ ਕਿਤੇ ਕੋਈ ਖੋਤਾ ਗਿਆ ਹੋਵੇ ਦਸਣ ਕੋਈ ਇਕ ਇੱਟ ਲਗੀ ਹੋਵੇ ਦਸਣ। ਮੈਂ ਹੁਣ ਮਾਨਯੋਗ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜਿਹੜੀਆਂ ਨਾਲੀਆਂ ਗਲੀਆਂ ਬਣੀਆਂ ਹਨ ਉਹ ਪਿੰਡਾਂ ਵਿਚ ਆਪ ਜਾ ਕੇ ਵੇਖਣ ਅਤੇ ਇੱਟਾਂ ਗਿਣਨ ਅਤੇ ਹਾਊਸ ਵਿਚ ਆ ਕੇ ਦਸਣ ਵਾਕਈ ਇੱਟਾਂ ਲਗੀਆਂ ਹਨ ਜਾਂ ਨਹੀਂ। ਸੋ, ਸਪੀਕਰ ਸਾਹਿਬ, ਅਸੀਂ ਇਸ ਗਲ ਨੂੰ ਪ੍ਰੈਸਟੀਜੀਅਸ ਬਣਾਇਆ ਔਰ ਇਸ ਕਰਕੇ ਬਣਾਇਆ ਕਿਉਂਕਿ ਲੋਕਾਂ ਦੀ ਮੈਜਾਰਟੀ ਪਿੰਡਾਂ ਵਿਚ ਰਹਿੰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਪਿੰਡਾਂ ਦੀ ਹਾਲਤ ਸ਼ਹਿਰਾਂ ਦੇ ਨਾਲੋਂ ਕਿਸੇ ਦਰਜੇ ਤੇ ਘੱਟ ਨਹੀਂ ਹੋਣੀ ਚਾਹੀਦੀ। ਇਸ ਕਰਕੇ ਪਿੰਡਾਂ ਵੱਲ ਖਾਸ ਧਿਆਨ ਦਿੱਤਾ ਹੈ। 1979-80

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ 62 ਲੱਖ ਰੁਪਿਆ ਰਖਿਆ ਗਿਆ ਸੀ ਪਰ ਅਸੀਂ ਇਨ੍ਹਾਂ ਦੋ ਸਾਲਾਂ ਵਿਚ 15.79 ਕਰੋੜ ਰੁਪਿਆ ਖਰਚ ਕੀਤਾ ਹੈ ਅਤੇ ਇਨ੍ਹਾਂ ਪਿੰਡਾਂ ਵਿਚ ਸਹੂਲਤ ਦਿੱਤੀ ਹੈ।

ਸਪੀਕਰ ਸਾਹਿਬ, ਡਿਮਾਂਡ ਨੰ: 34 ਥਲੇ ਗੋਇੰਦਵਾਲ ਸਾਹਿਬ ਦਾ ਜ਼ਿਕਰ ਆਇਆ ਹੈ। ਸਾਡੇ ਸਾਰਿਆਂ ਦੇ ਮਨ ਵਿਚ ਗੋਇੰਦਵਾਲ ਸਾਹਿਬ ਲਈ ਇਜ਼ਤ ਹੈ ਸਤਿਕਾਰ ਹੈ ਅਤੇ ਅਮਲੀ ਰੂਪ ਵਿਚ ਅਸੀਂ ਕੁਝ ਕਰਨਾ ਚਾਹੁੰਦੇ ਹਾਂ ਨਾ ਕਿ ਜਗ੍ਹਾ ਜਗ੍ਹਾ ਬੋਰਡ ਲਾ ਕੇ। ਸਪੀਕਰ ਸਾਹਿਬ, ਗੋਇੰਦ-ਵਾਲ ਕੰਪਲੈਕਸ ਲਈ ਇਕ ਕਾਰਪੋਰੇਸ਼ਨ ਬਣਾਈ ਹੈ। ਮੈਂ ਇਥੇ ਅਸੀਂ 350 ਪਲਾਟਸ ਡਿਵੈਲਪ ਕਰ ਦਿਤੇ ਹਨ ਅਤੇ 3500 ਐਪਲੀਕੇਸ਼ਨਜ਼ ਆ ਚੁਕੀਆਂ ਹਨ ਔਰ 100 ਪਲਾਟਸ ਅਲਾਟ ਕਰ ਦਿਤੇ ਹਨ। ਅਸੀਂ ਗੋਇੰਦਵਾਲ ਕੰਪਲੈਕਸ ਨੂੰ ਮਜ਼ਬੂਤ ਕਰਾਂਗੇ। 3000 ਏਕੜ ਜਗ੍ਹਾ ਲਈ ਹੈ ਇਹ ਇਕ ਧਾਰਮਿਕ ਸਥਾਨ ਹੈ ਇਸ ਦੀ ਡਿਵੈਲਪਮੈਂਟ ਲਈ ਪੂਰੇ ਯਤਨ ਕਰਾਂਗੇ।

ਸਪੀਕਰ ਸਾਹਿਬ, ਡਿਮਾਂਡ ਨੰ: 39 ਵਿਚ 2.17 ਕਰੋੜ ਰੁਪਏ ਤੋਂ ਕੁਝ ਜ਼ਿਆਦਾ ਮੰਗ ਕੀਤੀ ਹੈ। ਇਹ ਟਿਊਬਵੈਲਜ਼ ਲਈ ਜਿਹੜੀ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਉਸ ਦੇ ਬਾਰੇ ਹੈ। ਇਸ ਦੀ ਬੈਕਗਰਾਊਂਡ ਇਹ ਹੈ ਕਿ ਐਗਰੀਕਲਚਰਲ ਸੈਕਟਰ ਨੂੰ ਫਲੈਟ ਰੇਟ ਰਾਹੀਂ ਅਸੀਂ ਸਸਤੀ ਬਿਜਲੀ ਦਿੰਦੇ ਹਾਂ। ਇਹ ਬਿਜਲੀ ਅਸੀਂ ਇਤਨੀ ਸਸਤੀ ਦਿੰਦੇ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਹੋਰ ਕੋਈ ਸਟੇਟ ਨਹੀਂ ਦਿੰਦੀ। 13 ਪੈਸੇ ਪਰ ਯੂਨਿਟ ਦੇ ਹਿਸਾਬ ਨਾਲ ਇਹ ਦਿੰਦੇ ਹਾਂ। ਜਦੋਂ ਕਿ ਕੋਲੇ ਔਰ ਪਾਣੀ ਦੀ ਕਾਸਟ ਮਿਲਾ ਲਈਏ ਤਾਂ 52 ਪੈਸੇ ਪਰ ਯੂਨਿਟ ਕਾਸਟ ਬਣਦੀ ਹੈ। ਇਸ ਤਰ੍ਹਾਂ ਇਕ ਕਿਸਮ ਦੀ 39 ਪੈਸੇ ਦੀ ਸਬਸਿਡੀ ਪਰ ਯੂਨਿਟ ਦਿੱਤੀ ਜਾਂਦੀ ਹੈ। ਜੋ ਡਿਪਾਰਟਮੈਂਟ ਨੇ ਵਰਕ ਆਊਟ ਕੀਤਾ ਹੈ, ਉਸ ਮੁਤਾਬਿਕ ਲਗਭਗ 90 ਕਰੋੜ ਰੁਪਏ ਤੋਂ ਜ਼ਿਆਦਾ ਸਬਸਿਡੀ ਦੇ ਤੌਰ ਤੇ ਦਿਤਾ ਜਾਂਦਾ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਕੀ ਇਹ ਬਿਜਲੀ ਦੇ ਰੇਟ ਕਾਂਟੀਨਿਊ ਰਹਿਣਗੇ ?

**ਵਿੱਤ ਮੰਤਰੀ** : ਇਹ ਤਾਂ ਵਕਤ ਹੀ ਦਸੇਗਾ, ਪਰ ਸਟੇਟ ਜਿੰਨੀ ਦੇਰ ਬਰਦਾਸ਼ਤ ਕਰ ਸਕੇ-ਗੀ, ਕਰੇਗੀ।

ਸਪੀਕਰ ਸਾਹਿਬ, ਪਹਿਲਾਂ ਫੈਸਲਾ ਹੋਇਆ ਸੀ ਕਿ 17 ਪੈਸੇ ਪਰ ਯੂਨਿਟ ਬਿਜਲੀ ਦਿਤੀ ਜਾਏ। ਫਿਰ 1977 ਵਿਚ ਫੈਸਲਾ ਹੋਇਆ ਕਿ 4 ਪੈਸੇ ਹੋਰ ਘਟਾ ਦਿਤੀ ਜਾਏ ਅਤੇ 13 ਪੈਸੇ ਹੋ ਗਏ। ਅੰਦਾਜ਼ਾ ਸੀ ਕਿ 8.70 ਕਰੋੜ ਰੁਪਏ ਨਾਲ ਗੁਜ਼ਾਰਾ ਚਲ ਜਾਏਗਾ ਪਰ ਪਿਛੇ ਜਿਹੇ ਲਗਾਤਾਰ 12 ਘੰਟੇ ਬਿਜਲੀ ਦੇਣੀ ਪਈ। ਇਸ ਲਈ ਬਿਜਲੀ ਦੀ ਖਪਤ ਹੋਰ ਜ਼ਿਆਦਾ ਹੋ ਗਈ। ਪਿਛਲੀ ਵਾਰੀ ਜਿਹੜੀ 43 ਲੱਖ ਟਨ ਪੈਡੀ ਹੋਈ ਉਹ ਇਸ ਵਾਰੀ 51 ਲੱਖ ਟਨ ਹੋਈ ਹੈ। ਇਸ ਵਾਰੀ ਬਿਜਲੀ ਜ਼ਿਆਦਾ ਦਿਤੀ। ਇਸ ਕਰਕੇ 2.17 ਕਰੋੜ ਦੀ ਡਿਮਾਂਡ ਬਜਟ ਪ੍ਰੋਵੀਜ਼ਨ ਨਾਲੋਂ ਵਧ ਗਈ।

ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਕਿ ਮੈਂ ਰੋਡਵੇਜ਼ ਬਾਰੇ ਕੁਝ ਕਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰੋਡਵੇਜ਼ ਦੀ ਹਾਲਤ ਸੁਧਾਰਨ ਵਾਸਤੇ ਬੜਾ ਯਤਨ ਹੋਇਆ ਔਰ ਇਸ ਵਕਤ ਮੈਕਸੀ-ਮੱਮ ਬੱਸਾਂ ਪੰਜਾਬ ਰੋਡਵੇਜ਼ ਕੋਲ 2400 ਤੋਂ ਕੁਝ ਜ਼ਿਆਦਾ ਹਨ। ਪਹਿਲਾਂ 1900 ਜਾਂ ਦੋ ਹਜ਼ਾਰ ਦੇ ਕਰੀਬ ਸਨ। ਪਿਛਲੇ ਸਾਲ ਕੁਝ ਐਡੀਸਨ ਕੀਤੀ ਹੈ। ਸਪੀਕਰ ਸਾਹਿਬ, ਜੋ ਭਾਅ ਮਾਰਕੀਟ

Original with;
Punjab Vidhan Sabha
Digitized by;
Panjab Digital Library

ਵਿਚ ਚਲਦਾ ਹੈ ਉਸ ਦੇ ਮੁਤਾਬਿਕ ਮਹਿੰਗਾਈ ਵੱਧਦੀ ਜਾਂਦੀ ਹੈ। ਪਿਛਲੇ ਰੇਟਸ ਨਾਲੋਂ ਹੁਣ ਡੀਜ਼ਲ ਪੈਟਰੋਲ ਅਤੇ ਲੁਬਰੀਕੇਂਟਸ ਦੀਆਂ ਕੀਮਤਾਂ ਵਧੀਆਂ ਹਨ। ਉਸ ਦੇ ਮੁਤਾਬਿਕ ਹੀ ਅਸੀਂ ਚਲਦੇ ਹਾਂ। ਬੱਸ ਫੇਅਰ ਹਾਈਕ ਤੋਂ ਬਾਅਦ ਅਸੀਂ ਸੋਚਿਆ ਸੀ ਕਿ ਘਾਟਾ ਪੂਰਾ ਹੋ ਜਾਏਗਾ ਪਰ ਕੀਮਤਾਂ ਵਧਣ ਦੇ ਕਾਰਨ ਇਹ ਡਿਮਾਂਡ ਰਖੀ ਹੈ। ਮੈਂਬਰ ਸਾਹਿਬਾਨ ਨੇ ਮਿਸਮੈਨੇਜਮੈਂਟ ਬਾਰੇ ਕੁਝ ਸ਼ਿਕਾਇਤਾਂ ਕੀਤੀਆਂ ਹਨ। ਮੈਂ ਯਕੀਨ ਦਿਲਾਉਣਾ ਚਾਹੁੰਦਾ ਹਾਂ ਕਿ ਟਰਾਂਸਪੋਰਟ ਡਿਪਾਰਟਮੈਂਟ ਬਾਰੇ ਹੋਰ ਚੌਕਸੀ ਨਾਲ ਪ੍ਰਬੰਧ ਕੀਤਾ ਹੈ ਅਗੇ ਨਾਲੋਂ ਲਾਸਿਜ਼ ਘੱਟੇ ਹਨ ਅਤੇ ਟੈਕਸ ਦੀ ਉਗਰਾਹੀ ਵਿਚ ਇਜ਼ਾਫਾ ਹੋਇਆ ਹੈ।

ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬਾਨ ਨੇ ਜਿਹੜੀਆਂ ਗਲਾਂ ਕੀਤੀਆਂ ਹਨ ਅਗਰ ਟਾਈਮ ਹੋਵੇ ਤਾਂ ਉਹ ਮੇਰੇ ਕੋਲ ਸਾਰੀਆਂ ਲਿਖੀਆਂ ਹੋਈਆਂ ਹਨ ਮੈਂ ਜਵਾਬ ਦੇਣਾ ਚਾਹਾਂਗਾ।

**ਸ਼੍ਰੀ ਸਪੀਕਰ** : ਟਾਈਮ ਹੋ ਗਿਆ ਹੈ। ਤੁਸੀਂ ਵਾਈਂਡ ਅੱਪ ਕਰ ਦਿਓ।

**ਵਿੱਤ ਮੰਤਰੀ** : ਠੀਕ ਹੈ ਜੀ। ਇਨ੍ਹਾਂ ਸ਼ਬਦਾਂ ਨਾਲ ਮੈਂ ਮਾਨਯੋਗ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਸਰਬਸੰਮਤੀ ਨਾਲ ਇਹ ਸਪਲੀਮੈਂਟਰੀ ਡਿਮਾਂਡਜ਼ ਪਾਸ ਕਰ ਦਿੱਤੀਆਂ ਜਾਣ।

## Demand No. 1

**Mr. Speaker** : Question is—

That a Supplementary sum not exceeding Rs. 7,08,000 be granted to the Governor to defray the charges that will come in course of payment for the year ending 31st March, 1982 in respect of State Legislature.

*The motion was carried.*

## Demand No. 2

**Mr. Speaker** : Question is—

That a Supplementary sum not exceeding Rs. 70,000 be granted to the Governor to defray the charges that will come in course of payment for the year ending 31st March, 1982 in respect of Council of Ministers.

*The motion was carried.*

## Demand No. 3

**Mr. Speaker** : Question is—

That a Supplementary sum not exceeding Rs. 32,14,000 be granted to the Governor to defray the charges that will come in course of payment for the year ending 31st March, 1982, in respect of Administration of Justice.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 4**

**Mr. Speaker :** Question is—

That a Supplementary sum not exceeding Rs. 5,19,000 be granted to the Governor to defray the charges that will come incourse of payment for the year ending 31st March, 1982 in respect of Elections.

*The motion was carried.*

**Demand No. 7**

**Mr. Speaker :** Question is—

That a Supplementary sum not exceeding Rs. 3,72,87,000 be granted to the Governor to defray the charges that will come in course of payment for the year ending 31st March, 1982, in respect of Finance.

*The motion was carried.*

**Demand No. 9**

**Mr. Speaker :** Question is—

That a Supplementary sum not exceeding Rs. 1,02,84,000 be granted to the Governor to defray the charges that will come in course of payment for the year ending 31st March, 1982 in respect of Civil Secretariat.

*The motion was carried.*

**Demand No. 10**

**Mr. Speaker :** Question is—

That a Supplementary sum not exceeding Rs. 1,38,97,000 be granted to the Governor to defray the charges that will come in course of payment for the year ending 31st March, 1982, in respect of District Administration.

*The motion was carried.*

**Demand No. 11**

**Mr. Speaker :** Question is—

That a Supplementary sum not exceeding Rs, 4,50,07,000 be granted to the Governor to defray the charges that will come in course of payment for the year ending 31st March, 1982, in respect of Police.

*The motion was carried.*

**Demand No. 12**

**Mr. Speaker :** Question is—

That a Supplementary sum not exceeding Rs. 68,64,000 be granted to the Governor to defray the charges that will come in course of payment for the year ending 31st March, 1982, in respect of Jails.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 14**

**Mr Speaker :** Question is—

That a Supplementary sum not exceeding Rs, 41,55,000 be granted to the Governor to defray the charges that will come in course of payment for the year ending 31st March, 1982, in respect of Miscellaneous Services.

*The motion was carried.*

**Demand No. 15**

**Mr. Speaker :** Question is—

That a Supplementary sum not exceeding Rs. 4,11,000 be granted to the Governor to defray the charges that will come in course of payment for the year ending 31st March, 1982, in respect of Rehabilitation, Relief and Resettlement.

*The motion was carried.*

**Demand No. 16**

**Mr. Speaker :** Question is

That a Supplementary sum not exceeding Rs. 16,76,71,000 be granted to the Governor to defray the charges that will come in course of payment for the year ending 31st March, 1982, in respect of Education.

*The motion was carried.*

**Demand No. 17**

**Mr. Speaker :** Question is—

That a Supplementary sum not exceeding Rs. 26,31,000 be granted to the Governor to defray the charges that will come in course of payment for the year ending 31st March 1982, in respect of Technical Education.

*The motion was carried.*

**Demand No. 19**

**Mr. Speaker :** Question is—

That a Supplementary sum not exceeding Rs. 76,73,000 be granted to the Governor to defray the charges that will come in course of payment for the year ending 31st March, 1982, in respect of Housing and Urban Development.

*The motion was carried.*

**Demand No. 20**

**Mr. Speaker :** Question is—

That a Supplementary sum not exceeding Rs. 20,42,000 be granted to the Governor to defray the charges that will come in course of payment for the year ending 31st March, 1982, in respect of Information & Publicity.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 22**

**Mr. Speaker :** Question is—

That a Supplementary sum not exceeding Rs. 8,53,000 be granted to the Governor to defray the charges that will come in course of payment for the year ending 31st March, 1982, in respect of Labour, Employment and Industrial Training.

*The motion was carried.*

**Demand No. 23**

**Mr. Speaker :** Question is—

That a Supplementary sum not exceeding Rs. 1,67,00,000 be granted to the Governor to defray the charges that will come in course of payment for the year ending 31st March, 1982, in respect of Social Security and Welfare.

*The motion was carried.*

**Demand No. 25**

**Mr. Speaker :** Question is—

That a Supplementary sum not exceeding Rs. 99,90,000 be granted to the Governor to defray the charges that will come in course of payment for the year ending 31st March, 1982, in respect of Co-operation.

*The motion was carried.*

**Demand No. 26**

**Mr. Speaker :** Question is—

That a Supplementary sum not exceeding Rs. 4,000 be granted to the Governor to defray the charges that will come in course of payment for the year ending 31st March, 1982, in respect of Agriculture.

*The motion was carried.*

**Demand No. 27**

**Mr. Speaker :** Question is—

That a Supplementary sum not exceeding Rs. 28,96,000 be granted to the Governor to defray the charges that will come in course of payment for the year ending 31st March, 1982, in respect of Soil and Water Conservation.

*The motion was carried.*

**Demand No. 28**

**Mr. Speaker :** Question is—

That a Supplementary sum not exceeding Rs. 1,000 be granted to the Governor to defray the charges that will come in course of payment for the year ending 31st March, 1982, in respect of Food.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 29**

**Mr. Speaker :** Question is—

That a Supplementary sum not exceeding Rs. 1,66,22,000 be granted to the Governor to defray the charges that will come in course of payment for the year ending 31st March, 1982, in respect of Animal Husbandry.

*The motion was carried.*

**Demand No. 31**

**Mr. Speaker :** Question is—

That a Supplementary sum not exceeding Rs. 68,000 be granted to the Governror to defray the charges that will come in course of payment for the year ending 31st March, 1982, in respect of Fisheries.

*The motion was carried.*

**Demand No. 32**

**Mr. Speaker :** Question is—

That a Supplementary sum not exceeding Rs. 72,91,000 be granted to the Governor to defray the charges that will come in course of payment for the year ending 31st March, 1982, in respect of Forests.

*The motion was carried.*

**Demand No. 33**

**Mr. Speaker :** Question is—

That a Supplementary sum not exceeding Rs. 1,16,68,000 be granted to the Governor to defray the charges that will come in course of payment for the year ending 31st March, 1982, in respect of Community Development.

*The motion was carried.*

**Demand No. 34**

**Mr. Speaker :** Question is—

That a Supplementary sum not exceeding Rs. 2,12,000 be granted to the Governor to defray the charges that will come in course of payment for the year ending 31st March, 1982, in respect of Industries.

*The motion was carried.*

**Demand No. 35**

**Mr. Speaker :** Question is—

That a Supplementary sum not exceeding Rs. 4,79,000 be granted to the Governor to defray the charges that will come in course of payment for the year ending 31st March, 1982, in respect of Civil Aviation.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 37**

**Mr. Speaker :** Question is—

That a Supplementary sum not exceeding Rs. 3,54,32,000 be granted to the Governor to defray the charges that will come in course of payment for the year ending 31st March, 1982, in respect of Road Transport.

*The motion was carried.*

**Demand No. 38**

**Mr. Speaker :** Question is—

That a Supplementary sum not exceeding Rs. 33,85,000 be granted to the Governor to defray the charges that will come in course of payment for the year ending 31st March, 1982, in respect of Multi-purpose River Projects.

*The motion was carried.*

**Demand No. 39**

**Mr. Speaker :** Question is—

That a Supplementary sum not exceeding Rs. 2,94,36,000 be granted to the Governor to defray the charges that will come in course of payment for the year ending 31st March, 1982, in respect of Irrigation, Drainage and Flood Control.

*The motion was carried.*

**Demand No 40**

**Mr. Speaker :** Question is—

That a Supplementary sum not exceeding Rs. 1,03,69,000 be granted to the Governor to defray the charges that will come in course of payment for the year ending 31st March, 1982, in respect of Buildings.

*The motion was carried.*

**Demand No. 41**

**Mr. Speaker :** Question is—

That a Supplementary sum not exceeding Rs. 2,43,76,000 be granted to the Governor to defray the charges that will come in course of payment for the year ending 31st March, 1982, in respect of Loans and Advances by the State Government.

*The motion was carried.*

LEGISLATIVE BUSINESS

**The Punjab Appropriation Bill, 1982**

**Finance Minister (Doctor Kewal Krishan) :** Sir, I beg to introduce the Punjab Appropriation Bill.

Original with;
Punjab Vidhan Sabha
Digitized by;
Panjab Digital Library

Sir, I also beg to move—

That the Punjab Appropriation Bill be taken into consideration at once.

**Mr. Speaker :** Motion moved—

That the Punjab Appropriation Bill be taken into consideration at once.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਕੀ ਅੱਜ ਦੂਜੀ ਸਿਟਿੰਗ ਨਹੀਂ ਹੋਣੀ ?

**ਸ਼੍ਰੀ ਸਪੀਕਰ** : ਹਾਊਸ 1.30 ਵਜੇ ਲੰਚ ਲਈ 2.00 ਵਜੇ ਤਕ ਐਡਜਰਨ ਹੋਵੇਗਾ । ਉਸਦੇ ਬਾਅਦ ਵੇਖਾਂਗੇ ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ.ਸੀ.) : ਸਪੀਕਰ ਸਾਹਿਬ, ਇਹ ਜਿਹੜਾ ਤਰੀਕਾ ਹੈ ਪੈਸੇ ਲੈਣ ਦਾ, ਇਹ ਬੜਾ ਗਲਤ ਹੈ। ਇਹ ਲੋਕਾਂ ਤੇ ਟੈਕਸ ਲਾਉਣ ਦਾ ਗੋਲ ਮੋਲ ਤਰੀਕਾ ਹੈ। ਪੰਜਾਬ ਦੀ ਜੰਤਾ ਇਨ੍ਹਾਂ ਨੂੰ ਮੁਆਫ ਨਹੀਂ ਕਰੇਗੀ। ਸਪੀਕਰ ਸਾਹਿਬ, ਮੀਂਹ ਪੈ ਰਿਹਾ ਹੈ, ਫਸਲਾਂ ਤਬਾਹ ਹੋ ਰਹੀਆਂ ਹਨ। ਅਸੀਂ ਕਾਲ ਅਟੈਨਸ਼ਨ ਮੋਸ਼ਨਾਂ ਵੀ ਦਿੱਤੀਆਂ ਹਨ ਕਿ ਤਬਾਹੀ ਦਾ ਡਰ ਹੈ। ਸਰਕਾਰ ਚੁੱਪ ਬੈਠੀ ਹੈ। ਹਾਲਾਤ ਬੜੇ ਸੰਗੀਨ ਹਨ। ਲੋਕ ਇਨ੍ਹਾਂ ਨੂੰ ਮੁਆਫ ਨਹੀਂ ਕਰਨਗੇ। ਸਰਕਾਰ ਇਸ ਬਾਰੇ ਵਾਜ਼ਿਆ ਬਿਆਨ ਦੇਵੇ ਕਿ ਇਸ ਦੇ ਲਈ ਕਿਤਨਾ ਪੈਸਾ ਰੱਖਿਆ ਹੈ। ਫਸਲਾਂ ਹਰ ਤਰ੍ਹਾਂ ਨਾਲ ਤਬਾਹ ਹੋ ਰਹੀਆਂ ਹਨ। ਇਸ ਦੇ ਲਈ ਇਨ੍ਹਾਂ ਨੇ ਕੀ ਕਰਨਾ ਹੈ। ਬਜਟ ਪਹਿਲਾਂ ਹੀ 125 ਕਰੋੜ ਰੁਪਿਆ ਘਾਟੇ ਵਿੱਚ ਹੈ, ਕੋਈ ਡਿਵੈਲਪਮੈਂਟ ਨਹੀਂ ਹੋ ਰਹੀ। ਕਿਸੇ ਪਾਸੇ ਤੁਰ ਚਲੋ, ਕੰਮ ਠੱਪ ਪਿਆ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ਸਪੀਕਰ ਸਾਹਿਬ, ਐਪਰੋਪ੍ਰੀਏਸ਼ਨ ਬਿਲ ਤੇ ਸਮੇਂ ਦੀ ਵੰਡ ਦਸ ਦਿਓ, ਪਾਰਟੀ-ਵਾਈਜ਼।

**ਸ਼੍ਰੀ ਸਪੀਕਰ** : ਇਹ ਦੱਸ ਦਿੰਦੇ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਐਪਰੋਪ੍ਰੀਏਸ਼ਨ ਬਿੱਲ ਇਨ੍ਹਾਂ ਨੇ ਪਾਸ ਕਰਵਾ ਤਾਂ ਲੈਣਾ ਹੀ ਹੈ, ਇਨ੍ਹਾਂ ਪਾਸ ਮੈਜਾਰਿਟੀ ਹੈ ਔਰ ਹਫੜਾਤਫੜੀ ਪਾਉਣ ਦੀ ਇਨ੍ਹਾਂ ਨੂੰ ਆਦਤ ਹੈ। ਲੇਕਿਨ ਲੋਕਾਂ ਦੀ ਸਹਿਮਤੀ ਇਨ੍ਹਾਂ ਨਾਲ ਨਹੀਂ ਹੈ। 107/151 ਦੀ ਕੀ ਗੱਲ ਕਰਾਂ, ਲਾਅ ਐਂਡ ਆਰਡਰ ਦੀ ਕੀ ਗੱਲ ਕਰਾਂ। ਸਪੀਕਰ ਸਾਹਿਬ, ਜਨਾਬ ਹਰ ਪਾਸੇ ਹੀ ਬੁਰਾ ਹਾਲ ਹੈ। ਇਨ੍ਹਾਂ ਨੇ ਇਕ ਸਵਾਲ ਦਾ ਜਵਾਬ ਦਿੱਤਾ ਹੈ ਕਿ ਪਿਛਲੇ ਸਾਲ 369 ਕਤਲ ਹੋਏ ਔਰ ਐਤਕੀਂ 554 ਹੋਏ ਔਰ ਜਨਵਰੀ 1982 ਵਿਚ ਕੇਵਲ 38 ਹੋਏ। ਫਿਰ ਜਨਾਬ ਜਬਰਜਨਾਹ ਦੇ ਕਿਤਨੇ ਕੇਸ ਹੋਏ। (ਹਾਸਾ) ਜਨਵਰੀ 1981 ਤੋਂ ਲੈ ਕੇ ਜਨਵਰੀ 1982 ਤਕ 88 ਕੇਸ ਹੋਏ ਔਰ ਇਕੱਲੇ ਜਨਵਰੀ ਵਿਚ 5 ਹੋਏ। ਸਪੀਕਰ ਸਾਹਿਬ, ਅੱਜ ਸਾਡੇ ਸੂਬੇ ਦੇ ਹਾਲਾਤ ਬਹੁਤ ਬੁਰੇ ਹੋ ਗਏ ਹਨ। ਦਿਨ ਦਿਹਾੜੇ ਚੋਰੀਆਂ, ਡਾਕੇ, ਜਬਰ ਜਨਾਹ ਔਰ ਤਸ਼ੱਦਦ ਹੁੰਦੇ ਹਨ। ਪਿੱਛੇ ਜਿਹੇ ਹੁਸ਼ਿਆਰਪੁਰ ਵਿਚ ਡਾਕਾ ਪਿਆ। ਦਸੂਹੇ ਵਿਚ ਥਾਣੇਦਾਰ ਆਪਣੀ ਗਲਤੀ ਨਾਲ ਮਾਰਿਆ ਗਿਆ। ਬੱਸੀ ਵਿਚ ਇਕ ਜੱਟ ਜੀਤ ਸਿੰਘ ਪੁਲਿਸ ਨੇ ਮਾਰ ਦਿੱਤਾ। ਉਸ ਨੂੰ ਅੱਗ ਲਗਾ ਕੇ ਜਲਾ ਦਿੱਤਾ ਗਿਆ। ਉਸ ਦੇ ਪ੍ਰਾਈਵੇਟ ਪਾਰਟਸ ਕੱਟੇ ਗਏ। ਤੁਹਾਨੂੰ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਉਨ੍ਹਾਂ ਪੁਲਿਸ ਕਰਮਚਾਰੀਆਂ ਦੀ ਜ਼ਿਮੇਵਾਰੀ ਨਹੀਂ ਲੈਣੀ ਚਾਹੀਦੀ। ਜਿਨ੍ਹਾਂ ਨੇ ਗਲਤੀ ਕੀਤੀ ਹੈ ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਦੇ ਖਿਲਾਫ 302 ਦਾ ਪਰਚਾ ਦਰਜ ਹੋਣਾ ਚਾਹੀਦਾ ਹੈ। ਜਿਤਨਾ ਜ਼ੁਲਮ ਪੁਲਿਸ ਵੱਲੋਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਕੀਤਾ ਗਿਆ ਉਸ ਦੀ ਕਿਤੇ, ਸਪੀਕਰ ਸਾਹਿਬ, ਮਿਸਾਲ ਨਹੀਂ ਮਿਲਦੀ। ਅਸੀਂ ਲਾਅ ਐਂਡ ਆਰਡਰ ਨੂੰ ਕਿੱਥੋਂ ਤਕ ਵੇਖੀਏ। ਅੱਜ ਹਰ ਪਾਸੇ ਹੀ ਹਾਹਾਕਾਰ ਮੱਚੀ ਹੋਈ ਹੈ, ਬੁਰਾ ਹਾਲ ਹੈ। ਜਿਹੜੀ ਤੁਹਾਡੀ ਪੁਲਿਸ ਹੈ ਇਸ ਵਿਚ ਮੈਜਾਰਿਟੀ ਜਿਹੜੀ ਹੈ ਉਹ ਤੁਹਾਡੇ ਆਪਣੇ ਬੰਦਿਆਂ ਦੀ ਹੈ, ਉਨ੍ਹਾਂ ਨੂੰ ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਸਪੋਰਟ ਕਰਦੇ ਹੋ। ਠੀਕ ਹੈ, ਡੀ.ਜੀ.ਪੀ. ਸਾਹਿਬ ਚੰਗੇ ਆਦਮੀ ਹਨ ਪਰ ਉਨ੍ਹਾਂ ਦੀ ਚਲਦੀ ਨਹੀਂ ਹੈ। ਜਦੋਂ ਅਸੀਂ ਜ਼ਿਲ੍ਹਾ ਲੈਵਲ ਤੇ ਕਿਸੇ ਅਫ਼ਸਰ ਨਾਲ ਗੱਲ ਕਰਦੇ ਹਾਂ ਤਾਂ ਉਹ ਕਹਿੰਦਾ ਹੈ ਕਿ ਚੰਡੀਗੜ੍ਹ ਜਾ ਕੇ ਗੱਲ ਕਰੋ। ਕੋਈ ਗੱਡੀ ਕਾਰ ਵਗੈਰਾ ਜਾਂਦੀ ਹੋਵੇ ਪੁਲਿਸ ਵਾਲੇ ਫੱਟ ਚਲਾਨ ਕਰ ਦਿੰਦੇ ਹਨ ਪਰ ਇਨ੍ਹਾਂ ਦੀਆਂ ਕਾਰਾਂ ਤੇ ਝੰਡੇ ਲੱਗੇ ਹੁੰਦੇ ਹਨ, ਉਨ੍ਹਾਂ ਨੂੰ ਕੋਈ ਨਹੀਂ ਰੋਕਦਾ। ਸ਼ਰੇਆਮ ਸਮੱਗਲਿੰਗ ਹੁੰਦੀ ਹੈ। ਇਕ ਸ਼ਾਹੀ ਸਮੱਗਲਰ ਲੁਧਿਆਣਾ ਵਿਚ ਹੈ, ਚੰਡੀਗੜ ਵਿਚ ਵੀ ਬਹੁਤ ਹਨ, ਉਨ੍ਹਾਂ ਨੂੰ ਕੋਈ ਨਹੀਂ ਫੜਦਾ। ਉਨ੍ਹਾਂ ਨੂੰ ਪੁਲਿਸ ਵੱਲੋਂ ਕੋਈ ਰੋਕ ਨਹੀਂ ਹੈ। ਹਾਲਾਤ ਬੜੇ ਖਰਾਬ ਹਨ। ਕਹਿ ਦਿੰਦੇ ਹਨ ਇਤਨੇ ਕਤਲ ਹੋਏ ਹਨ। ਸਪੀਕਰ ਸਾਹਿਬ, ਜਨਾਬ ਪੁਲਿਸ ਕਾਤਲ ਨੂੰ ਫੜਦੀ ਕਿਉਂ ਨਹੀਂ ਹੈ। ਉਨ੍ਹਾਂ ਨੂੰ ਫੜਨਾ ਚਾਹੀਦਾ ਹੈ। ਪਰ ਇਨਾਂ ਨੇ ਕਾਤਲਾਂ ਨੂੰ, ਸਮਗਲਰਾਂ ਨੂੰ ਖੁਲੀ ਛੁੱਟੀ ਦਿੱਤੀ ਹੋਈ ਹੈ ਕਿਉਂਕਿ ਪੈਸੇ ਲਏ ਜਾਂਦੇ ਹਨ ਉਨ੍ਹਾਂ ਤੋਂ ਔਰ ਇਨ੍ਹਾਂ ਦੇ ਉਹ ਆਪਣੇ ਹੀ ਆਦਮੀ ਹਨ। ਮੰਗਾ ਸਿੰਘ ਜਲਾਲਾਬਾਦ ਦਾ ਹੈ, ਉਹ ਸਮੱਗਲਿੰਗ ਕਰਦਾ ਹੈ। ਉਸ ਨੂੰ ਕਿਉਂ ਨਹੀਂ ਫੜਦੇ, ਕਿਉਂਕਿ ਪੈਸੇ ਲੈਂਦੇ ਹਨ। ਅੱਜ ਸਪੀਕਰ ਸਾਹਿਬ, ਸ਼ਡਿਊਲਡ ਕਾਸਟ ਵਿਚਾਰਾ ਮਾਰਿਆ ਜਾ ਰਿਹਾ ਹੈ। ਉਸ ਦੀ ਕੋਈ ਸੁਣਵਾਈ ਨਹੀਂ ਹੈ। ਤਾਲੀਮ ਦੇ ਮਹਿਕਮੇ ਦਾ ਬੁਰਾ ਹਾਲ ਹੈ। ਡੀ.ਪੀ.ਆਈ. ਇਨ੍ਹਾਂ ਦੇ ਬਹੁਤ ਨੇੜੇ ਹੈ। ਇਸ ਲਈ ਇਹ ਜੋ ਚਾਹੁੰਦੇ ਹਨ ਉਹ ਹੁੰਦਾ ਹੈ। ਜਿਸ ਨੂੰ ਇਹ ਚਾਹੁੰਦੇ ਹਨ ਉਸ ਦੀ ਨਿਯੁਕਤੀ ਕੀਤੀ ਜਾਂਦੀ ਹੈ। ਲੜਕੇ ਲੜਕੀਆਂ ਦੀ ਐਜੂਕੇਸ਼ਨ ਦਾ ਸਬੰਧ ਹੈ। ਪਰ ਇਹ ਵਿਦਿਆ ਦੇ ਮਾਮਲੇ ਵਿਚ ਬਿਲਕੁਲ ਨਹੀਂ ਵੇਖਦੇ ਕਿ ਕੌਣ ਡਿਜ਼ਰਵ ਕਰਦਾ ਹੈ ਕੌਣ ਨਹੀਂ ਕਰਦਾ। ਇਸ ਤਰ੍ਹਾਂ ਮੈਂ ਕਹਿੰਦਾ ਹਾਂ ਕਿ ਕਿਵੇਂ ਕੰਮ ਚਲੇਗਾ। ਜੇਕਰ ਕੋਈ ਖਾਲਸਾ ਸਕੂਲ ਜਾਂ ਕਾਲਜ ਹੈ ਤਾਂ ਉਸ ਨੂੰ ਸਰਕਾਰ ਵੱਲੋਂ ਕੋਈ ਸਹਾਇਤਾ ਨਹੀਂ ਦਿੱਤੀ ਜਾਂਦੀ। ਪਰ ਜੇਕਰ ਉਹ ਹੋਰ ਕੋਈ ਸਕੂਲ ਹੋਵੇ ਤਾਂ ਸਹਾਇਤਾ ਫੌਰੀ ਤੌਰ ਤੇ ਪਹੁੰਚਦੀ ਹੈ। ਕਿਉਂਕਿ ਇਨ੍ਹਾਂ ਦਾ ਵਤੀਰਾ ਖਾਲਸਾ ਸਕੂਲਾਂ ਨਾਲ ਚੰਗਾ ਨਹੀਂ ਹੈ; ਇਹ ਉਨ੍ਹਾਂ ਨੂੰ ਗਰਾਂਟਾਂ ਨਹੀਂ ਦਿੰਦੇ। ਸਪੀਕਰ ਸਾਹਿਬ, ਖਾਲਸਾ ਸਕੂਲ ਵਿਚ ਕੀ ਹੋਇਆ, ਬੰਗੇ ਵਿਚ ਕੀ ਹੋਇਆ ? ਇਕ ਪ੍ਰਿੰਸੀਪਲ ਨੂੰ ਕੁੱਟ ਕੇ ਉਥੋਂ ਕੱਢ ਦਿੱਤਾ ਗਿਆ, ਇਸ ਤਰ੍ਹਾਂ ਨਾਲ ਜ਼ੁਲਮ ਹੋ ਰਿਹਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸਰਕਾਰ ਨੂੰ ਸਖਤੀ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਤੁਸੀਂ ਆਪ ਵੀ ਇੰਡਸਟਰੀਅਲਿਸਟ ਹੋ, ਤੁਹਾਨੂੰ ਵੀ ਪਤਾ ਹੈ ਕਿ ਬਿਜਲੀ ਦਾ ਕੀ ਹਾਲ ਇਸ ਸਰਕਾਰ ਨੇ ਕੀਤਾ ਹੈ। ਬਿਜਲੀ ਦੀ ਘਾਟ ਹੈ, ਇਹ ਉਸ ਨੂੰ ਪੂਰਾ ਨਹੀਂ ਕਰ ਸਕੇ। ਥੀਨ ਡੈਮ ਦੀਆਂ ਇਹ ਟਾਹਰਾਂ ਮਾਰਦੇ ਸੀ ਕਿ ਮਨਜ਼ੂਰੀ ਮਿਲ ਜਾਵੇਗੀ ਪਰ ਉਹ ਵੀ ਨਹੀਂ ਮਿਲੀ। ਹਾਲਾਤ ਬੜੇ ਸੰਗੀਨ ਹੋ ਗਏ ਹਨ। ਪਰ ਇਹ ਉਨ੍ਹਾਂ ਨੂੰ ਠੀਕ ਕਰਨ ਵਾਸਤੇ ਕੋਈ ਇਨ-ਟਰਸਟ ਨਹੀਂ ਲੈ ਰਹੇ। ਫਿਰ ਨਾਮੀਨੇਸ਼ਨਜ਼ ਦੀ ਗੱਲ ਹੈ। ਕੋਈ ਇਲੈਕਸ਼ਨ ਨਹੀਂ ਹੁੰਦੀ, ਨਾਮੀ-ਨੇਸ਼ਨਜ਼ ਹੁੰਦੀਆਂ ਹਨ, ਸਿਲੈਕਸ਼ਨ ਹੁੰਦੀ ਹੈ। ਇਨ੍ਹਾਂ ਨੇ ਥੀਨ ਡੈਮ ਬਾਰੇ ਬਥੇਰੀ ਭੱਜ ਨੱਠ ਕੀਤੀ ਹੈ। ਪਰ ਸੈਂਟਰਲ ਪਲਾਨਿੰਗ ਬੋਰਡ ਨੇ ਇਨ੍ਹਾਂ ਨੂੰ ਲਵੇ ਨਹੀਂ ਲੱਗਣ ਦਿੱਤਾ। ਉਸ ਨੇ ਅਪਰੂਵ ਨਹੀਂ ਕੀਤਾ। ਫਿਰ ਅਟਾਮਿਕ ਅਨਰਜੀ ਦਾ ਪਲਾਂਟ ਕਹਿੰਦੇ ਸਨ ਅਸੀਂ ਲਿਆਉਣਾ ਹੈ। ਉਹ ਨਹੀਂ ਲਿਆ ਸਕੇ। ਇਹ ਲੋਕਾਂ ਨੂੰ ਕਹਿੰਦੇ ਸਨ ਕਿ ਸਾਨੂੰ ਵੋਟਾਂ ਪਾਓ ਅਸੀਂ ਤੁਹਾਨੂੰ ਸਹੂਲਤਾਂ

Original with;
Punjab Vidhan Sabha
Digitized by;
Panjab Digital Library

ਦੇਵਾਂਗੇ। ਪਰ ਸਹੂਲਤਾਂ ਇਹ ਕਿੱਥੋਂ ਦੇਣਗੇ ? ਪੈਸਾ ਇਨ੍ਹਾਂ ਪਾਸ ਨਹੀਂ ਹੈ, 125 ਕਰੋੜ ਰੁਪਏ ਦਾ ਘਾਟਾ ਹੈ। ਮੈਂ ਤਾਂ ਹੈਰਾਨ ਹਾਂ ਕਿ ਇਨ੍ਹਾਂ ਦਾ ਕੰਮ ਚਲੇਗਾ ਕਿਵੇਂ ? ਅੱਜ ਕੋਈ ਸਕੂਲ ਅਪਗਰੇਡ ਨਹੀਂ ਹੋ ਰਿਹਾ। ਪਿੰਡਾਂ ਵਿਚ ਪ੍ਰਾਇਮਰੀ ਸਕੂਲਾਂ ਵਿਚ ਬੈਠਣ ਦੀ ਥਾਂ ਕੋਈ ਨਹੀਂ ਹੈ ਪਰ ਦੂਸਰੇ ਪਾਸੇ ਅਮੀਰਾਂ ਦੇ ਬੱਚਿਆਂ ਲਈ ਬੜੇ ਬੜੇ ਸਕੂਲ ਹਨ। ਪੈਸਾ ਇਨ੍ਹਾਂ ਕੋਲ ਨਹੀਂ ਹੈ। ਗਰੀਬ ਮਰ ਰਿਹਾ ਹੈ। ਉਸ ਨੂੰ ਕੋਈ ਐਡਵਾਂਸ ਦਿਓ, ਉਸ ਨੂੰ ਬਿਨਾਂ ਸੂਦ ਕੋਈ ਪੈਸੇ ਦਿਓ ਤਾਕਿ ਉਹ ਵਿਚਾਰਾ ਆਪਣਾ ਕੋਈ ਕੰਮ ਕਰ ਸਕੇ। ਇਹ ਵੇਖੋ, ਸਪੀਕਰ ਸਾਹਿਬ, ਸਹਿਕਾਰਤਾ ਮੰਤਰੀ ਜੀ ਉਦਘਾਟਨ ਕਰਨ ਤੇ ਲੱਗੇ ਹੋਏ ਹਨ। ਇਹ ਰਖੜਾ ਵਿਖੇ ਨੀਂਹ ਪੱਥਰ ਰੱਖ ਕੇ ਆਏ ਹਨ। ਫਿਰ ਇਨ੍ਹਾਂ ਦੇ ਬਿਆਨ ਵੇਖੋ। ਇਹ ਕਹਿੰਦੇ ਹਨ ਕਿ ਉਥੇ ਸੱਤ ਲੱਖ ਰੁਪਿਆ ਲੱਗੇਗਾ ਔਰ ਖੰਡ ਉਦਯੋਗ ਵਾਲੇ ਕਹਿੰਦੇ ਹਨ ਕਿ ਛੇ ਲੱਖ ਲੱਗੇਗਾ। ਇਕ ਲੱਖ ਨੂੰ ਤਾਂ ਇਹ ਸਮਝਦੇ ਹੀ ਕੁਝ ਨਹੀਂ। (ਹਾਸਾ) ਫਿਰ, ਸਪੀਕਰ ਸਾਹਿਬ, ਥਾਣਿਆਂ ਵਿਚ ਕੋਈ ਇੰਤਜ਼ਾਮ ਨਹੀਂ ਹੈ। ਉਥੇ ਇੰਤਜ਼ਾਮ ਠੀਕ ਕਰਨਾ ਚਾਹੀਦਾ ਹੈ। ਠੀਕ ਤਾਂ ਇਨ੍ਹਾਂ ਤੋਂ ਹੋਣਾ ਨਹੀਂ ਹੈ। ਫਿਰ, ਸਪੀਕਰ ਸਾਹਿਬ, ਬੱਜਟ ਪਾਸ ਹੋ ਜਾਂਦਾ ਹੈ, ਪੈਸਾ ਮਨਜ਼ੂਰ ਹੋ ਜਾਂਦਾ ਹੈ ਪਰ ਉਹ ਅੱਗੇ ਦਿੱਤਾ ਨਹੀਂ ਜਾਂਦਾ। ਹੁਣ 31 ਮਾਰਚ ਨੂੰ ਇਹ ਪੈਸੇ ਦੀਆਂ ਸੈਂਕਸ਼ਨਾਂ ਦੇਣਗੇ ਔਰ ਇਸ ਤਰ੍ਹਾਂ ਜਲਦੀ ਜਲਦੀ ਪੈਸਾ ਖਰਚ ਹੋਵੇਗਾ। ਜਦੋਂ ਨੀਚੇ ਪੁੱਛੋ ਤਾਂ ਉਹ ਕਹਿੰਦੇ ਹਨ ਕਿ ਐਫ.ਡੀ. ਤੋਂ ਐਨ.ਓ.ਸੀ. ਨਹੀਂ ਆਇਆ। ਥੱਲੇ ਦੇ ਅਫ਼ਸਰਾਂ ਦੀ ਕੋਈ ਸੁਣਦਾ ਨਹੀਂ ਹੈ। ਸ਼ਡਿਊਲਡ ਕਾਸਟਸ ਮਰ ਰਹੇ ਹਨ। ਠੀਕ ਹੈ ਕਹਿਣ ਨੂੰ ਤਾਂ ਸਾਡੇ ਤਿੰਨ ਵਜ਼ੀਰ ਬਣਾ ਦਿੱਤੇ ਹਨ ਪਰ ਇਨ੍ਹਾਂ ਤਿੰਨਾਂ ਨੂੰ ਤੋਲ ਕੇ ਵੇਖ ਲਵੋ ਇਹ ਤਿੰਨੇ ਹੀ ਦੂਜੇ ਇਕ ਦੇ ਬਰਾਬਰ ਵੀ ਨਹੀਂ ਹਨ (ਹਾਸਾ) ਠੀਕ ਹੈ ਚੌਥਾ ਹਿੱਸਾ ਵਜ਼ੀਰੀ ਵਿਚ ਸਾਨੂੰ ਦਿੱਤਾ ਹੈ ਪਰ ਉਨ੍ਹਾਂ ਦੀ ਸੁਣਦਾ ਕੋਈ ਨਹੀਂ ਹੈ।......

**ਮੁੜ ਵਸਾਊ ਅਤੇ ਉਦਯੋਗ ਮੰਤਰੀ** (ਸਰਦਾਰ ਰਾਜ ਦਰਸ਼ਨ ਸਿੰਘ ਕੇ.ਪੀ.) : ਪਾਂਧੀ, ਅਸੀਂ ਤੇਰੀ ਵੀ ਸਰਕਾਰ ਵੇਖੀ ਹੈ। ਉਸ ਵਿਚ ਸਾਡਾ ਡੇਢ ਆਦਮੀ ਸੀ। (ਹਾਸਾ)

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਜਨਾਬ ਕਹਿ ਰਿਹਾ ਸੀ ਕਿ ਸ਼ਡਿਊਲਡ ਕਾਸਟ ਇਸ ਵੇਲੇ ਮਰ ਰਿਹਾ ਹੈ। ਉਸ ਨੂੰ ਕੋਈ ਨਹੀਂ ਪੁੱਛਦਾ। ਸਰਕਾਰ ਕੋਈ ਕਾਨੂੰਨ ਬਣਾਵੇ। ਮੈਂ ਜਨਾਬ ਗਵਰਨਰ ਸਾਹਿਬ ਨੂੰ ਚਿੱਠੀ ਵੀ ਲਿਖੀ ਸੀ, ਰਾਸ਼ਟਰਪਤੀ ਸਾਹਿਬ ਵੱਲੋਂ ਵੀ ਉਨ੍ਹਾਂ ਨੂੰ ਚਿੱਠੀ ਆਈ ਸੀ। ਪਰ ਮੇਰੀ ਗੱਲ ਨਹੀਂ ਮੰਨੀ। ਠੀਕ ਹੈ, ਉਨ੍ਹਾਂ ਦੀ ਮਰਜ਼ੀ ਹੈ। ਮੈਂ ਕਿਹਾ ਸੀ ਕਿ ਜਿਹੜੇ ਹਰੀਜਨਾਂ ਦੇ ਠੇਕੇਦਾਰ ਹਨ ਉਹ ਵੇਖੋ ਕੀ ਕਰਦੇ ਹਨ ? ਹਰੀਜਨਾਂ ਦੀ ਬੜੀ ਬੁਰੀ ਹਾਲਤ ਹੈ। ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਕਿਉਂਕਿ ਉਨ੍ਹਾਂ ਪਾਸ ਪੈਸਾ ਨਹੀਂ ਹੈ। ਫਿਰ ਧਰਮਸ਼ਾਲਾ ਨਹੀਂ ਬਣ ਰਹੀਆਂ। ਜਿਹੜੀਆਂ ਬਣੀਆਂ ਸਨ ਉਹ ਵੀ ਟੁੱਟਦੀਆਂ ਜਾ ਰਹੀਆਂ ਹਨ। ਉਸ ਪਾਸੇ ਪੈਸੇ ਖਰਚ ਕਰਨੇ ਚਾਹੀਦੇ ਹਨ ਤਾਕਿ ਉਨ੍ਹਾਂ ਦੀ ਕੁਝ ਹਾਲਤ ਸੁਧਰੇ। ਸਪੀਕਰ ਸਾਹਿਬ, ਲੁਧਿਆਣੇ ਦੇ ਐਸ.ਐਸ.ਪੀ. ਨੂੰ ਸਰੂਪ ਸਿੰਘ ਨੇ ਲਿਖ ਕੇ ਦਿੱਤਾ ਹੈ ਕਿ ਸਾਡੇ ਗਰੀਬਾਂ ਦੇ ਬੱਚਿਆਂ ਤੋਂ ਮੇਹਨਤ ਮੁਸ਼ਕਤ ਕਰਵਾਈ ਜਾਂਦੀ ਹੈ। ਅਜੇ ਵੀ 25 ਬੱਚੇ ਗੁੰਮ ਹਨ। ਇਹ ਅਫ਼ਸੋਸ ਦੀ ਗੱਲ ਹੈ। ਕਾਨਸਟੀਚਿਊਸ਼ਨ ਵਿਚ ਕਿਹਾ ਗਿਆ ਹੈ ਕਿ ਸਾਨੂੰ ਪ੍ਰੋਟੈਕਸ਼ਨ ਦੇਣੀ ਹੈ ਪਰ ਸਾਡੀ ਬੁਰੀ ਹਾਲਤ ਹੈ। ਸਪੀਕਰ ਸਾਹਿਬ, ਅੱਜ ਕਿਸਾਨ ਮਾਰੇ ਗਏ ਹਨ ਕਨਜ਼ਿਊਮਰ ਮਾਰੇ ਗਏ ਹਨ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੀ ਜਿਣਸ ਦੀਆਂ ਸਹੀ ਕੀਮਤਾਂ ਨਹੀਂ ਦਿੱਤੀਆਂ ਜਾਂਦੀਆਂ। ਪਰ ਦੂਜੇ ਪਾਸੇ 15.15 ਲੱਖ ਟਨ ਕਣਕ ਬਾਹਰਲੇ ਦੇਸ਼ਾਂ ਤੋਂ ਮੰਗਵਾਈ ਜਾ ਰਹੀ ਹੈ। ਆਸਟ੍ਰੇਲੀਆ ਤੋਂ 7.50 ਲੱਖ ਟਨ ਕਣਕ ਆ ਗਈ ਹੈ। ਭਾਰਤ ਸਰਕਾਰ ਨੇ 6.91 ਲੱਖ ਟਨ ਸੰਨ 1981 ਤਕ ਇਥੇ ਮੰਗਵਾਈ ਹੈ ਪਰ ਇਥੇ ਦੇ ਕਿਸ਼ਾਨ ਨੂੰ ਪੈਸੇ ਨਹੀਂ ਦਿੱਤੇ ਤਾਕਿ ਉਹ ਨਾ ਕਿਧਰੇ ਤਕੜਾ ਹੋ ਕੇ ਜ਼ਿਆਦਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਕਣਕ ਪੈਦਾ ਕਰ ਦੇਵੇ। ਹੁਣ ਨਾ ਕਨਜ਼ਿਊਮਰ ਖੁਸ਼ ਹੈ, ਨਾ ਇੰਡਸਟਰੀਆਲਿਸਟ ਖੁਸ਼ ਹੈ ਔਰ ਨਾ ਕਿਸਾਨ ਖੁਸ਼ ਹੈ। ਜਿਸ ਤਰ੍ਹਾਂ ਇਕ ਪਾਸੇ ਤਾਂ ਨੀਰੂ ਬੰਸਰੀ ਵਜਾ ਰਿਹਾ ਸੀ ਪਰ ਦੂਜੇ ਪਾਸੇ ਰੋਮ ਸੜਦਾ ਪਿਆ ਸੀ, ਉਹ ਹਾਲਤ ਇਨ੍ਹਾਂ ਦੀ ਹੈ। ਜਿਹੜੇ ਲੋਕ ਪਾਕਿਸਤਾਨ ਨਾਲ ਲੜਦੇ ਰਹੇ ਹਨ ਉਨ੍ਹਾਂ ਨੂੰ ਸਰਕਾਰ ਨੇ ਕੋਈ ਸਪੈਸ਼ਲ ਗਰਾਂਟ ਨਹੀਂ ਦਿੱਤੀ, ਕੋਈ ਸਪੈਸ਼ਲ ਸਹੂਲਤ ਨਹੀਂ ਦਿੱਤੀ।

ਸਪੀਕਰ ਸਾਹਿਬ, ਜਨਾਬ ਸੀਮਿੰਟ ਦੀ ਹਾਲਤ ਵੇਖ ਲਵੋ। ਸੀਮਿੰਟ ਨਹੀਂ ਮਿਲਦਾ। ਪਰ ਬਲੈਕ ਵਿਚ ਜਿਤਨਾ ਮਰਜ਼ੀ ਹੈ ਲੈ ਲਓ। ਲੁਧਿਆਣੇ ਵਿਚ ਸੀਮਿੰਟ ਚੋਰੀ ਹੋਇਆ। 2,000 ਬੋਰੀ ਉਸ ਵਿਚੋਂ ਗੋਬਿੰਦਗੜ੍ਹ ਆਈ ਹੈ। ਪਰ ਕੋਈ ਨਹੀਂ ਪੁੱਛਦਾ। ਅਸੀਂ ਬਥੇਰਾ ਰੌਲਾ ਪਾਉਂਦੇ ਹਾਂ ਕਿ ਚੋਰਾਂ ਨੂੰ ਫੜੋ। ਪਰ ਸਰਕਾਰ ਨੂੰ ਸੁਣਦਾ ਹੀ ਨਹੀਂ ਹੈ। ਇਹ ਕੀ ਕਰਦੇ ਹਨ। ਇਹ ਵੀ ਸੁਣ ਲਓ। ਗੋਬਿੰਦਗੜ੍ਹ ਵਿਚ ਕਵਾਲੀਆਂ ਗਵਾਈਆਂ ਗਈਆਂ, ਨਾਚ ਕਰਵਾਏ ਗਏ ਔਰ 32 ਹਜ਼ਾਰ ਰੁਪਿਆ ਮਿਊਂਸਪਲ ਕਮੇਟੀ ਤੇ ਪਾ ਦਿੱਤਾ ਗਿਆ। ਇਹ ਉਰਦੂ ਦੀਆਂ ਕਵਿਤਾਵਾਂ ਅਤੇ ਉਨ੍ਹਾਂ ਨੂੰ ਗਾਉਣ ਵਾਲੇ ਪਤਾ ਨਹੀਂ ਕਿਥੋਂ ਕਿਥੋਂ ਲੈ ਆਉਂਦੇ ਹਨ ਔਰ ਕਹਿੰਦੇ ਹਨ ਕਿ ਅਸੀਂ ਤਰੱਕੀ ਕਰ ਰਹੇ ਹਾਂ। ਪਰ ਅਸਲ ਗਲ ਇਹ ਹੈ ਕਿ ਇਨ੍ਹਾਂ ਨੂੰ ਪੰਜਾਬ ਦਾ ਪਤਾ ਨਹੀਂ। ਮੈਂ ਕਹਿੰਦਾ ਹਾਂ ਕਿ ਇਹੋ ਜਿਹੀਆਂ ਗਲਾਂ ਦਾ ਕੀ ਫਾਇਦਾ, ਜਿਸ ਨਾਲ ਸਾਡੇ ਪੰਜਾਬ ਦੇ ਲੋਕਾਂ ਦਾ ਭਲਾ ਨਾ ਹੋਵੇ। 'ਭੱਟ ਪਿਆ ਗਹਿਣਾ ਜਿਹੜਾ ਕੰਨਾਂ ਨੂੰ ਖਾਵੇ।' ਇਨ੍ਹਾਂ ਨੂੰ ਪਹਿਲੇ ਆਪਣੇ ਸਟੇਟ ਦੇ ਲੋਕਾਂ ਦੀਆਂ ਤਕਲੀਫਾਂ ਨੂੰ ਦੂਰ ਕਰਨਾ ਚਾਹੀਦਾ ਹੈ। ਸਾਰੇ ਲੋਕ ਤੁਹਾਡੇ ਮਗਰ ਪੈ ਰਹੇ ਹਨ। ਤੁਹਾਨੂੰ ਪਹਿਲੇ ਉਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬਲਾਚੌਰ ਚਾਕੂ ਮਾਰ ਕੇ ਇਕ ਬੁਢੀ ਮਾਰ ਦਿੱਤੀ। ਪਰ ਕੋਈ ਰਿਪੋਰਟ ਨਹੀਂ ਦਰਜ ਹੋਈ। ਇਹ ਹਾਲ ਹੋ ਰਿਹਾ ਹੈ। ਪੁਲਿਸ ਆਪ ਹੀ ਕ੍ਰਿਮੀਨਲਜ਼ ਦਾ ਗੈਂਗ ਬਣ ਚੁਕੀ ਹੈ। ਪਰ ਸਰਕਾਰ ਨੂੰ ਕੋਈ ਪਰਵਾਹ ਹੀ ਨਹੀਂ। ਬੜੇ ਅਫਸੋਸਨਾਕ ਵਾਕਿਆਤ ਹੋ ਰਹੇ ਹਨ। ਥਾਣਿਆਂ ਵਿਚ ਕੋਈ ਰਿਪੋਰਟ ਨਹੀਂ ਲਿਖਦਾ। ਬਿਊਰੋਕਰੇਟਸ ਰੂਲਿੰਗ ਪਾਰਟੀ ਦੇ ਬਣ ਚੁੱਕੇ ਹਨ। ਉਹ ਸਰਵਿਸਿਜ਼ ਦੀ ਕੋਈ ਪ੍ਰਵਾਹ ਨਹੀਂ ਕਰਦੇ। ਕਾਂਸਟੀਚਿਊਸ਼ਨ ਬਣਿਆ ਹੈ ਪਰ ਉਸ ਦੀ ਕੋਈ ਪਰਵਾਹ ਨਹੀਂ ਕੀਤੀ ਜਾਂਦੀ। ਜੇ ਕੋਈ ਚਮਾਰਾਂ ਦਾ ਮੁੰਡਾ ਮਰ ਜਾਵੇ ਤਾਂ ਕਹਿੰਦੇ ਹਨ ਕੀ ਹੋਇਆ ? ਜੇ ਕਿਸੇ ਨੂੰ ਕੋਈ ਚਾਕੂ ਮਾਰ ਦੇਵੇ ਤਾਂ ਕਹਿੰਦੇ ਹਨ ਕੀ ਹੋਇਆ ? ਇਸ ਤਰ੍ਹਾਂ ਦੀਆਂ ਗਲਾਂ ਹੋ ਰਹੀਆਂ ਹਨ। ਅਫ਼ਸਰ ਰੂਲਿੰਗ ਪਾਰਟੀ ਨਾਲ ਰਲ ਚੁੱਕੇ ਹਨ। ਗਰੀਬ ਦੀ ਕੋਈ ਪੁੱਛ ਨਹੀਂ। ਹੁਣ ਇਨ੍ਹਾਂ ਨੇ ਇਕ ਦੌਰ ਹੀ ਨਵਾਂ ਤਰੀਕਾ ਅਪਣਾ ਲਿਆ ਹੈ। ਥਾਣੇ ਦੇ ਵਿਚ ਮਿੱਟੀ ਦਾ ਤੇਲ ਔਰ ਦੀਆ ਸਲਾਈ ਦੀ ਡੱਬੀ ਰਖ ਦਿੱਤੀ ਜਾਂਦੀ ਹੈ। ਪੁਛੋ ਤਾਂ ਕਹਿੰਦੇ ਹਨ ਕਿ ਉਸ ਨੇ ਆਤਮਹਤਿਆ ਕਰ ਲਈ ਔਰ ਕਹਿੰਦੇ ਹਨ ਕਿ ਉਹ ਪਾਗਲ ਸੀ। ਜੇ ਅਸੀਂ ਅਵਾਜ਼ ਉਠਾਈ ਤਾਂ ਏ.ਐਸ.ਆਈ. ਨੂੰ ਜਿਸ ਦਾ ਕੋਈ ਕਸੂਰ ਨਹੀਂ ਸੀ ਉਸ ਨੂੰ ਸੱਸਪੈਂਡ ਕਰ ਦਿੱਤਾ। ਭਲਾ ਉਸ ਦਾ ਕੀ ਦੋਸ਼ ਸੀ ?

## EXTENSION OF TIME OF THE SITTING

**ਸ੍ਰੀ ਸਪੀਕਰ** : ਹਾਊਸ ਦੀ ਮਰਜ਼ੀ ਨਾਲ ਇਹ ਸਿਟਿੰਗ 2 ਵਜੇ ਤਕ ਚਲਣੀ ਹੈ ਔਰ 2 ਵਜੇ ਐਪ੍ਰੋਪ੍ਰੀਏਸ਼ਨ ਬਿਲ ਪਾਸ ਹੋ ਜਾਣਾ ਹੈ। ਇਸ ਲਈ ਇਹ ਹਾਊਸ 2 ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ ਔਰ ਪਾਂਧੀ ਸਾਹਿਬ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਜਲਦੀ ਵਾਈਂਡ ਅੱਪ ਕਰ ਦੇਣ ਤਾਕਿ ਹੋਰ ਮੈਂਬਰ ਵੀ ਬੋਲ ਲੈਣ।

Original with;
Punjab Vidhan Sabha
Digitized by;
Panjab Digital Library

## THE PUNJAB APPROPIATION BILL, 1982
(*Resumption of consideration.*)

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਹਾਲੇ ਮੈਂ ਤਾਂ ਬਹੁਤ ਬੋਲਣਾ ਹੈ। ਤੁਸੀਂ ਜਾਣਦੇ ਹੋ ਕਿ ਘਨੌਰ ਵਿਚ ਕੀ ਵਾਕਿਆ ਹੋਇਆ ? ਪਰ ਜਿਸ ਦਾ ਦੋਸ਼ ਸੀ ਉਸ ਨੂੰ ਇਨ੍ਹਾਂ ਨੇ ਪਰਮੋਟ ਕਰਕੇ ਇਨਸਪੈਕਟਰ ਬਣਾ ਦਿੱਤਾ। ਜਿਨ੍ਹਾਂ ਦਾ ਬੁਰਾ ਹਾਲ ਕੀਤਾ ਗਿਆ ਉਨ੍ਹਾਂ ਦੀ ਕਿਸੇ ਨੇ ਆਵਾਜ਼ ਨਾ ਸੁਣੀ। ਇਸ ਕਰਕੇ ਇਹ ਮਾਮਲਾ ਬੜਾ ਸੀਰੀਅਸ ਹੈ। ਲਾਅ ਐਂਡ ਆਰਡਰ ਦੀ ਜੋ ਮਿੱਟੀ ਪਲੀਤ ਇਸ ਰਾਜ ਵਿਚ ਹੋਈ ਹੈ ਉਹ ਕਦੇ ਨਹੀਂ ਹੋਈ।

**ਸ੍ਰੀ ਸਪੀਕਰ** : ਪਲੀਜ਼ ਵਾਈਂਡ ਅਪ। ਸ੍ਰੀ ਪਿਆਰਾ ਰਾਮ ਧੰਨੋਵਾਲੀਆ ਬੋਲਣਗੇ।

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਦੋ ਗਲ੍ਹਾਂ ਕਹਿ ਕੇ ਬੈਠ ਜਾਂਦਾ ਹੈ। The present administration is without morality.

**Mr. Speaker** Please wind up.

**ਸਰਦਾਰ ਦਲੀਪ ਸਿੰਘ ਪਾਂਧੀ** : ਇਸ ਤਰ੍ਹਾਂ ਨਾਲ ਮਨਮਾਨੀਆਂ ਕੀਤੀਆਂ ਜਾਂਦੀਆਂ ਹਨ। ਦਾਰੂ ਦੀਆਂ ਬੋਤਲਾਂ ਚਲਦੀਆਂ ਹਨ। ਬਦਲੀਆਂ ਪੈਸੇ ਨਾਲ ਕੀਤੀਆਂ ਜਾਂਦੀਆਂ ਹਨ। ਸੋ ਇਸ ਤਰੀਕੇ ਨਾਲ ਮਾਹੌਲ ਦਿਨੋ ਦਿਨ ਵਿਗੜਦਾ ਜਾ ਰਿਹਾ ਹੈ।

**ਸ੍ਰੀ ਸਪੀਕਰ** : ਤੁਸੀਂ ਹੁਣ ਬੈਠੋ।

**ਸਰਦਾਰ ਦਲੀਪ ਸਿੰਘ ਪਾਂਧੀ** : ਬਸ ਜੀ, ਮੈਂ ਇਕ ਲਫਜ਼ ਕਹਿਕੇ ਖ਼ਤਮ ਕਰ ਦਿੰਦਾ ਹਾਂ। ਸਪੀਕਰ ਸਾਹਿਬ, ਪੰਜਾਬ ਵਿਚ ਪੁਲਿਸ ਨੂੰ ਬਿਲਕੁਲ ਫਰੀ ਹੈਂਡ ਦਿੱਤਾ ਹੋਇਆ ਹੈ। ਤੁਹਾਨੂੰ ਵੀ ਪਤਾ ਹੋਣਾ ਹੈ ਕਿ ਜਦੋਂ ਸਵਦੇਸ਼ ਤਲਵਾੜ ਨੂੰ ਪੁਲਿਸ ਵਾਲਿਆਂ ਨੇ ਮਾਰਿਆ ਤਾਂ ਪ੍ਰੈਸ ਕੌਂਸਲ ਨੇ ਵੀ ਇਨ੍ਹਾਂ ਦੀ ਪੁਲਿਸ ਦੇ ਖਿਲਾਫ਼ ਵਰਡਿਕਟ ਦਿੱਤਾ। ਪ੍ਰੈਸ ਕੌਂਸਲ ਨੇ ਕਿਹਾ ਹੈ ਕਿ ਸਰਕਾਰ ਰਿਸਪਾਂਸੀਬਲ ਹੈ। ਪਰ ਹੁਣ ਤਕ ਉਨ੍ਹਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

**ਸ੍ਰੀ ਸਪੀਕਰ** : ਹਾਂ ਜੀ, ਧੰਨੋਵਾਲੀਆ ਸਾਹਿਬ ਤੁਸੀਂ ਬੋਲੋ।

**ਸਰਦਾਰ ਦਲੀਪ ਸਿੰਘ ਪਾਂਧੀ** : ਮੈਨੂੰ ਅਫ਼ਸੋਸ ਹੈ ਕਿ ਤੁਸੀਂ ਮੈਨੂੰ ਬੋਲਣ ਦਾ ਪੂਰਾ ਟਾਈਮ ਨਹੀਂ ਦਿੱਤਾ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** (ਫਗਵਾੜਾ, ਐਸ.ਸੀ.) : ਮੈਂ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਐਪ੍ਰੋਪ੍ਰੀਏਸ਼ਨ ਬਿਲ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਇਸ ਤੇ ਬੜਾ ਸੰਖੇਪ ਤੌਰ ਤੇ ਬੋਲਾਂਗਾ। ਮੇਰੇ ਤੋਂ ਪਹਿਲਾਂ ਆਨਰੇਬਲ ਮੈਂਬਰ ਸਰਦਾਰ ਦਲੀਪ ਸਿੰਘ ਪਾਂਧੀ ਜੋ ਕਿ ਲਾਅ ਗਰੈਜੂਏਟ ਹਨ, ਪੜ੍ਹੇ ਲਿਖੇ ਹਨ ਉਹ ਬੋਲੇ ਹਨ। ਮੈਨੂੰ ਸਮਝ ਨਹੀਂ ਆਈ ਕਿ ਐਪ੍ਰੋਪ੍ਰੀਏਸ਼ਨ ਬਿਲ ਉਨ੍ਹਾਂ ਦੇ ਸਾਹਮਣੇ ਪਿਆ ਹੋਇਆ ਸੀ, ਉਸ ਵਿਚ ਕਿਹੜੀਆਂ ਇਹੋ ਜਿਹੀਆਂ ਗਲਾਂ ਸਨ ਜਿਸ ਤੇ ਉਹ ਬੋਲੇ ਹਨ। ਜਿਹੜੀਆਂ ਗਲਾਂ ਉਨ੍ਹਾਂ ਨੇ ਕੀਤੀਆਂ ਹਨ, ਉਹ ਐਵੇਂ ਅਟਕਲ ਪਚੂ ਬੋਲੀ ਗਏ ਹਨ। ਉਨ੍ਹਾਂ ਨੇ ਇਹ ਐਪ੍ਰੋਪ੍ਰੀਏਸ਼ਨ ਬਿਲ ਬਿਲਕੁਲ ਨਹੀਂ ਪੜ੍ਹਿਆ। ਇਸ ਵਿਚ ਕੋਈ 5 ਅਰਬ ਰੁਪਏ ਦੇ ਕਰੀਬ ਮੰਗਿਆ ਗਿਆ ਹੈ। ਮੈਂ ਪਾਂਧੀ ਸਾਹਿਬ ਨੂੰ ਪੁਛਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਦੀ ਸਰਕਾਰ ਇਥੇ 28 ਮਹੀਨੇ ਰਹੀ ਔਰ ਉਸ ਵੇਲੇ ਇਹ ਸੁੱਤੇ ਰਹੇ। ਕੁਝ ਨਹੀਂ ਕਰ ਸਕੇ। ਹੁਣ ਜੋ ਹਾਲਾਤ ਪੰਜਾਬ ਵਿਚ ਹੋ ਰਹੇ ਹਨ, ਸਹੀ ਗਲ ਇਹ ਹੈ ਕਿ ਇਹ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਹਾਲਾਤ ਇਨ੍ਹਾਂ ਦੀ ਪਾਰਟੀ ਹੀ ਪੈਦਾ ਕਰ ਰਹੀ ਹੈ। ਇਸ ਦੀ ਮਿਸਾਲ ਮੈਂ ਇਕ ਹੀ ਦੇਣੀ ਚਾਹੁੰਦਾ ਹਾਂ। ਪੰਜਾਬ ਵਿਚ ਪਿਛਲੇ ਦਿਨਾਂ ਵਿਚ ਕੁਝ ਐਸੇ ਵਾਕਿਆਤ ਹੋਏ ਜਿਹੜੇ ਕਿ ਬਹੁਤ ਹੀ ਸ਼ਰਮਨਾਕ ਸਨ। ਮੈਂ ਤੁਹਾਨੂੰ ਦਸਦਾ ਹਾਂ ਕਿ ਪਾਂਛਟਾ ਪਿੰਡ ਮੇਰੇ ਹਲਕੇ ਵਿਚ ਪੈਂਦਾ ਹੈ ਉਥੇ ਮੁਹਿੰਦਰ ਪਾਲ ਕਤਲ ਕਰ ਦਿੱਤਾ ਗਿਆ। ਇਸੇ ਪਿੰਡ ਦਾ ਤਲਵਿੰਦਰ ਸਿੰਘ ਜਿਹੜਾ ਕਿ ਇਨ੍ਹਾਂ ਦੇ ਖੂਨੀ ਜੱਥੇ ਦਾ ਮੈਂਬਰ ਹੈ ਇਨ੍ਹਾਂ ਨੇ ਉਸ ਦੇ ਘਰ ਜਾਕੇ ਸਰੋਪੇ ਦਿੱਤੇ ਔਰ ਮਾਣਪੱਤਰ ਬਖਸ਼ੇ। ਹੁਣ ਇਹ ਕਹਿੰਦੇ ਹਨ ਕਿ ਹਰੀਜਨਾਂ ਤੇ ਜ਼ੁਲਮ ਹੋ ਰਹੇ ਹਨ। ਇਨ੍ਹਾਂ ਨੂੰ ਪਤਾ ਹੈ ਕਿ ਪੰਜਾਬ ਵਿਚ ਕਿੰਨੇ ਹਰੀਜਨ ਕਮਿਸ਼ਨਰ, DIGs ਅਤੇ ਹੈਡ ਆਫ ਦੀ ਡਿਪਾਰਟਮੈਂਟ ਬੈਠੇ ਹਨ, ਔਰ ਕਿੰਨੇ ਹੋਰ ਅਫ਼ਸਰ ਲਗੇ ਹਨ। ਠੀਕ ਹੈ ਕਿ ਕਿਤੇ ਕੋਈ ਕਮੀ ਪੇਸ਼ੀ ਰਹਿ ਜਾਂਦੀ ਹੈ। ...

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ, ਇਹ ਪਾਂਧੀ ਸਾਹਿਬ ਨੂੰ ਕਹਿ ਰਹੇ ਸਨ ਕਿ ਉਹ ਐਪ੍ਰੋਪ੍ਰੀਏਸ਼ਨ ਤੇ ਨਹੀਂ ਬੋਲੇ। ਕੀ ਹੁਣ ਇਹ ਆਪ ਐਪ੍ਰੋਪ੍ਰੀਏਸ਼ਨ ਬਿਲ ਤੇ ਬੋਲ ਰਹੇ ਹਨ ?

**ਸ੍ਰੀ ਸਪੀਕਰ** : ਇੰਟਰਪਟ ਨਾ ਕਰੋ। ਜਿਸ ਵੇਲੇ ਉਹ ਬੋਲਦੇ ਸਨ, ਕਿਸੇ ਨੇ ਇੰਟ੍ਰਪਟ ਨਹੀਂ ਕੀਤਾ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ਜੋ ਐਪ੍ਰੋਪ੍ਰੀਏਸ਼ਨ ਬਿਲ ਇਥੇ ਪੇਸ਼ ਕੀਤਾ ਗਿਆ ਹੈ ਉਹ ਤਾਂ ਸ਼ਾਇਦ ਮੈਂਬਰ ਸਾਹਿਬ ਨੇ ਪੜ੍ਹਿਆ ਹੀ ਨਹੀਂ ਹੈ। ਇਸ ਵਿਚ 21 ਮੱਦਾਂ ਲਈ ਪੈਸਾ ਮੰਗਿਆ ਗਿਆ ਹੈ ਔਰ ਉਨ੍ਹਾਂ ਦੀਆਂ ਡਿਟੇਲਜ਼ ਦਿੱਤੀਆਂ ਹੋਈਆਂ ਹਨ। ਇਸ ਵਿਚ 14 ਮਦਾਂ ਤਾਂ ਐਸੀਆਂ ਹਨ ਜਿਹੜੀਆਂ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਡੀ.ਏ. ਵਗੈਰਾ ਤੇ ਖਰਚ ਕੀਤੀਆਂ ਹਨ। ਜਿਥੇ ਸਰਕਾਰ ਮੁਲਾਜ਼ਮਾਂ ਵੱਲ ਇਤਨਾ ਧਿਆਨ ਕਰ ਰਹੀ ਹੈ ਔਰ ਸਰਕਾਰ ਨੇ ਉਨ੍ਹਾਂ ਦੀਆਂ 80% ਆਨੋਮਲੀਆਂ ਨੂੰ ਦੂਰ ਕਰ ਦਿੱਤਾ ਹੈ ਅਤੇ 20% ਬਾਕੀ ਰਹਿ ਗਈਆਂ ਹਨ। ਇਸ ਦੇ ਵਿਚ ਕਲਾਸ-4 ਦੇ ਮੁਲਾਜ਼ਮ ਆਉਂਦੇ ਹਨ। ਇਨ੍ਹਾਂ ਨੂੰ ਜਲਦੀ ਤੋਂ ਜਲਦੀ ਦੂਰ ਕਰ ਦਿੱਤਾ ਜਾਵੇ। ਇਸ ਦੇ ਨਾਲ ਹੀ ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਲਈ ਪੈਸਾ ਮੰਗਿਆ ਗਿਆ ਹੈ। ਮੇਰੀ ਸੁਜੈਸ਼ਨ ਹੈ ਕਿ ਡਿਸਟ੍ਰਿਕਟ ਹੈਡਕੁਆਟਰਜ਼ ਤੇ ਮਿਨੀ ਸਕੱਤਰੇਤ ਜਿਸ ਤਰ੍ਹਾਂ ਲੁਧਿਆਣਾ ਅਤੇ ਰੋਪੜ ਵਗੈਰਾ ਦੇ ਵਿਚ ਬਣਾਏ ਹਨ ਇਸੇ ਤਰ੍ਹਾਂ ਹੋਰਨਾਂ ਜ਼ਿਲ੍ਹਿਆਂ ਦੇ ਵਿਚ ਵੀ ਮਿਨੀ ਸਕੱਤਰੇਤ ਕਾਇਮ ਕਰੋ ਅਤੇ ਸਬ ਡਵੀਜ਼ਨਲ ਲੈਵਲ ਤੇ ਵੀ ਦਫਤਰ ਬਣਾਓ। ਇਸ ਦੇ ਨਾਲ ਲੋਕਾਂ ਨੂੰ ਸਹੂਲਤ ਮਿਲੇਗੀ। ਹੁਣ ਕੋਈ ਦਫਤਰ ਕਿਧਰੇ ਹੈ, ਕੋਈ ਕਿਧਰੇ। ਇਸ ਦੇ ਵਿਚ ਟਾਈਮ ਲੋਕਾਂ ਦਾ ਬੜਾ ਜ਼ਾਇਆ ਹੁੰਦਾ ਹੈ। ਇਸ ਦੇ ਨਾਲ ਐਜੂਕੇਸ਼ਨ ਤੇ ਕਾਫੀ ਪੈਸਾ ਖਰਚ ਕੀਤਾ ਜਾ ਰਿਹਾ ਹੈ ਔਰ ਸਰਕਾਰ ਸਕੂਲਾਂ, ਕਾਲਜਾਂ ਨੂੰ ਗ੍ਰਾਂਟ ਦੇ ਰਹੀ ਹੈ ਯੂਨੀਵਰਸਿਟੀਆਂ ਨੂੰ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ। ਮੇਰੀ ਸੁਜੈਸ਼ਨ ਹੈ ਕਿ ਪ੍ਰਾਇਮਰੀ ਤੱਕ ਦੀ ਪੜ੍ਹਾਈ ਮਾਡਰਨ ਢੰਗ ਨਾਲ ਦਿੱਤੀ ਜਾਣੀ ਚਾਹੀਦੀ ਹੈ ਔਰ ਸਕੂਲਾਂ ਨੂੰ ਮਾਡਰਨ ਬਣਾਉਣਾ ਚਾਹੀਦਾ ਹੈ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਬਿਲਡਿੰਗਾਂ ਸਕੂਲਾਂ ਵਾਸਤੇ ਬਣਾ ਕੇ ਦੇਣੀਆਂ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਜਿਥੇ ਹਾਲੇ ਵੀ ਹਰੀਜਨ ਧਰਮਸ਼ਾਲਾ ਦੇ ਵਿਚ ਸਕੂਲਾਂ ਦੀਆਂ ਕਲਾਸਾਂ ਲਗ ਰਹੀਆਂ ਹਨ ਪਰ ਐਜੂਕੇਸ਼ਨ ਡਿਪਾਰਟਮੈਂਟ ਨੇ ਸਰਵੇ ਵਿਚ ਕਹਿ ਦਿੱਤਾ ਹੈ ਕਿ ਸਕੂਲ ਕੋਲ ਬਿਲਡਿੰਗ ਹੈ, ਉਹ ਗਲਤ ਹੈ। ਤੁਸੀਂ ਦੁਬਾਰਾ ਸਰਵੇ ਕਰਕੇ ਉਨ੍ਹਾਂ ਧਰਮਸ਼ਾਲਾਂ ਦੇ ਵਿਚੋਂ ਸਕੂਲਾਂ ਨੂੰ ਕੱਢ ਕੇ ਨਵੀਆਂ ਬਿਲਡਿੰਗ ਬਣਾ ਕੇ ਦਿਓ। ਪ੍ਰਾਇਮਰੀ ਸਕੂਲਾਂ ਲਈ ਬਿਲਡਿੰਗਾਂ ਬਣਾ ਕੇ ਦੇਣ ਦਾ ਫੈਸਲਾ ਸਰਕਾਰ ਦਾ ਬੜਾ ਸ਼ਲਾਘਾਯੋਗ ਹੈ। ਮੇਰੇ ਹਲਕੇ ਵਿਚ

Original with;
Punjab Vidhan Sabha
Digitized by;
Panjab Digital Library

ਬਹੁਤ ਸਕੂਲਾਂ ਨੂੰ ਬਿਲਡਿੰਗਾਂ ਦਿੱਤੀਆਂ ਹਨ। ਪਰ ਜਿਥੇ ਧਰਮਸ਼ਾਲਾਂ ਵਿਚ ਸਕੂਲ ਹਨ ਉਨ੍ਹਾਂ ਸਕੂਲਾਂ ਨੂੰ ਬਿਲਡਿੰਗਾਂ ਬਣਾ ਕੇ ਦਿਓ। ਹੁਣ ਕਮਿਊਨਿਟੀ ਡਿਵੈਲਪਮੈਂਟ ਅਤੇ ਰੂਰਲ ਡਿਵੈਲਪਮੈਂਟ ਲਈ ਡੀਮਾਂਡ ਪੇਸ਼ ਕੀਤੀ ਗਈ ਹੈ। ਇਸ ਦੇ ਲਈ ਹੋਰ ਖਰਚਾ ਕਰਨਾ ਚਾਹੀਦਾ ਹੈ। ਇਸ ਖੇਤਰ ਦੀ ਤਰੱਕੀ ਵਾਸਤੇ ਵਿਕਾਸ ਮੰਤਰੀ ਜੀ ਵਧਾਈ ਦੇ ਪਾਤਰ ਹਨ। 2,200 ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਦਾ ਕੰਮ ਸ਼ੁਰੂ ਹੈ। ਇਹ ਬੜਾ ਸ਼ਲਾਘਾਯੋਗ ਕਦਮ ਹੈ। ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕਰਨ ਦੇ ਕੰਮ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ। ਇਹ ਸ਼ਹਿਰਾਂ ਨਾਲੋਂ ਵੀ ਜ਼ਿਆਦਾ ਜ਼ਰੂਰੀ ਸੀ। ਇਸ ਡਿਮਾਂਡ ਤੇ ਹੋਰ ਖਰਚ ਕਰਨ ਦੀ ਲੋੜ ਹੈ। ਬਾਕੀ ਜਿਹੜਾ ਸਰਕਾਰ ਨੇ ਵੀਕਰ ਸੈਕਸ਼ਨਜ਼ ਲਈ ਕਰਜ਼ਾ 12,50,000 ਤੱਕ ਤੇ ਵਿਆਜ ਸਰਕਾਰ ਨੇ ਦੇਣ ਦਾ ਫੈਸਲਾ ਕੀਤਾ ਹੈ ਇਹ ਬੜਾ ਸ਼ਾਲਾਘਾਯੋਗ ਹੈ। ਸਰਕਾਰ ਨੇ ਇਨ੍ਹਾਂ ਗਰੀਬ ਹਰੀਜਨਾਂ ਨੂੰ ਅਤੇ ਵੀਕਰ ਸੈਕਸ਼ਨਜ਼ ਨੂੰ ਉੱਚਾ ਚੁੱਕਣ ਦਾ ਫੈਸਲਾ ਕੀਤਾ ਹੋਇਆ ਹੈ। ਤਾਲੀਮ ਦੇ ਖੇਤਰ ਵਿਚ ਸਰਕਾਰ ਕਰੋੜਾਂ ਰੁਪਏ ਖਰਚ ਕਰ ਰਹੀ ਹੈ। ਜਿਹੜੀ ਵੀਕਰ ਸੈਕਸ਼ਨਜ਼ ਲਈ 3600 ਰੁਪਏ ਤੋਂ 6000 ਰੁਪਏ ਤਕ ਦੀ ਆਮਦਨ ਦੀ ਹੱਦ ਹੈ ਇਹ ਹਦ 12,000 ਰੁਪਏ ਤੱਕ ਕਰ ਦੇਣੀ ਚਾਹੀਦੀ ਹੈ। ਇਸ ਦੇ ਨਾਲ ਕਈ ਬੱਚੇ ਮੈਰਿਟ ਤੇ ਆਉਂਦੇ ਹਨ। ਪਰ ਉਹ ਵਜ਼ੀਫਾ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਪੜ੍ਹਾਈ ਪੂਰੀ ਨਹੀਂ ਕਰ ਸਕਦੇ। ਬਾਕੀ 20 ਪੁਆਇੰਟ ਪ੍ਰੋਗਰਾਮ ਵਿਚ ਵੀ ਹਰੀਜਨਾਂ ਅਤੇ ਵੀਕਰ ਸੈਕਸ਼ਨ ਦੇ ਲਈ ਕਾਫ਼ੀ ਸਹੂਲਤਾਂ ਦਾ ਜ਼ਿਕਰ ਕੀਤਾ ਗਿਆ ਹੈ। ਉਸ ਨੂੰ ਸਰਕਾਰ ਇੰਪਲੀਮੈਂਟ ਕਰ ਰਹੀ ਹੈ। ਹਰੀਜਨਾਂ ਨੂੰ ਕਈ ਡਿਪਾਰਟਮੈਂਟਾਂ ਦੇ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ ਮਿਲਦੀ। ਇਹ ਰਿਜ਼ਰਵੇਸ਼ਨ ਪਾਲਿਸੀ ਪੂਰੀ ਤਰ੍ਹਾਂ ਸਰਕਾਰ ਵਲੋਂ ਲਾਗੂ ਹੋਣੀ ਚਾਹੀਦੀ ਹੈ ਔਰ ਰਿਜ਼ਰਵੇਸ਼ਨ ਦੇ ਆਧਾਰ ਤੇ ਉਨ੍ਹਾਂ ਕਰਮਚਾਰੀਆਂ ਨੂੰ ਪਰਮੋਟ ਕੀਤਾ ਜਾਣਾ ਚਾਹੀਦਾ ਹੈ। ਅਗਰ ਇਸ ਨੂੰ ਐਕਟ ਦੀ ਸ਼ਕਲ ਵਿਚ ਬਣਾ ਦਿਓ ਤਾਂ ਬੜਾ ਚੰਗਾ ਹੋਵੇਗਾ। ਇਸ ਨੂੰ ਦੋ ਸਟੇਟਾਂ ਨੇ ਐਕਟ ਬਣਾ ਕੇ ਇਨਐਕਟਮੈਂਟ ਕੀਤੀ ਹੋਈ ਹੈ ਔਰ ਤੁਸੀਂ ਵੀ ਇਸ ਤਰ੍ਹਾਂ ਲਾਗੂ ਕਰ ਦਿਓ। ਮੈਂ ਵੈਲਫੇਅਰ ਮਨਿਸਟਰ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੇ ਵਿਚ ਇਸ ਐਕਟ ਦੀ ਇਨਐਕਟ-ਮੈਂਟ ਕਰ ਦੇਣੀ ਚਾਹੀਦੀ ਹੈ। ਲਾਅ ਐਂਡ ਆਰਡਰ ਦੇ ਮੁਤੱਲਕ ਗੌਰਮਿੰਟ ਆਫ ਇੰਡੀਆ ਬੜਾ ਸੀਰੀਅਸਲੀ ਸੋਚ ਰਹੀ ਹੈ। ਇਹ ਪ੍ਰਾਬਲਮ ਕੇਵਲ ਪੰਜਾਬ ਵਿਚ ਹੀ ਨਹੀਂ ਹੈ ਬਲਕਿ ਦੂਜਿਆਂ ਰਾਜਾਂ ਦੇ ਵਿਚ ਭੀ ਹੈ। ਹਰੀਜਨਾਂ ਤੇ ਗੋਲੀਆਂ ਚਲਦੀਆਂ ਹਨ। ਉਨ੍ਹਾਂ ਨੂੰ ਕਤਲ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੇ ਜ਼ੁਲਮ ਕੀਤੇ ਜਾਂਦੇ ਹਨ। ਇਸ ਤੇ ਸਰਕਾਰ ਬੜੇ ਉਪਰਾਲੇ ਕਰ ਰਹੀ ਹੈ। ਪਿਛਲੀ ਕਾਂਗਰਸ ਸਰਕਾਰ ਨੇ ਹਰੀਜਨਾਂ ਦੀ ਭਰਤੀ ਲਈ 1" ਦੀ ਛੋਟ ਦਿੱਤੀ ਹੋਈ ਸੀ ਹਾਈਟ ਅਤੇ ਛਾਤੀ ਵਿਚ ਪਰ ਅਕਾਲੀ ਪਾਰਟੀ ਦੀ ਸਰਕਾਰ ਨੇ ਇਹ ਛੋਟ ਖ਼ਤਮ ਕਰ ਦਿੱਤੀ ਸੀ (ਸ਼ੇਮ, ਸ਼ੇਮ) ਇਸ ਲਈ ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਪਾਲਿਸੀ ਨੂੰ ਦੁਬਾਰਾ ਲਾਗੂ ਕੀਤਾ ਜਾਵੇ ਤਾਂ ਜੋ ਪੁਲਿਸ ਵਿਚ ਇਨ੍ਹਾਂ ਦੀ ਭਰਤੀ ਪੂਰੀ ਹੋ ਸਕੇ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਸਟਰ ਚੰਦ ਸਿੰਘ** (ਸ਼ੇਰਪੁਰ, ਐਸ. ਸੀ.): ਸਪੀਕਰ ਸਾਹਿਬ, ਮੈਂ ਇਸ ਐਪ੍ਰੋਪਰੀਏਸ਼ਨ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ। ਜਿਹੜਾ ਇਸ ਦੇ ਰਾਹੀਂ ਪੈਸਾ ਮੰਗਿਆ ਹੈ ਇਹ ਬਹੁਤ ਥੋੜ੍ਹਾ ਹੈ। ਇਸ ਵਿਚ ਹੋਰ ਪੈਸੇ ਦੀ ਲੋੜ ਹੈ। ਇਸ ਦੇ ਨਾਲ ਸਟੇਟ ਦੇ ਵਿਚ ਗਰੀਬ ਹਰੀਜਨ ਦੀ, ਮਜ਼ਦੂਰ, ਵੀਕਰ ਸੈਕਸ਼ਨ ਦੀ ਸਿਕਿਉਰਿਟੀ ਕੋਈ ਨਹੀਂ ਹੈ, ਰਾਖੀ ਕੋਈ ਨਹੀਂ ਹੈ। ਉਸ ਦੀ ਜ਼ਿੰਦਗੀ ਮਹਿਫੂਜ਼ ਨਹੀਂ ਹੈ। ਉਸ ਦੀ ਰਾਖੀ ਲਈ ਪੈਸੇ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਤੇ ਜ਼ੁਲਮ, ਅਤਿਆਚਾਰ ਅਤੇ ਤਸ਼ੱਦਦ ਹੋ ਰਹੇ ਹਨ। ਵੱਡੇ ਵੱਡੇ ਜਾਗੀਰਦਾਰ ਇਹ ਕਰ ਰਹੇ ਹਨ। ਇਹ ਗਰੀਬਾਂ ਦੇ ਕਤਲ ਕਰਵਾ ਰਹੇ ਹਨ ਅਤੇ ਬਾਈਕਾਟ ਕਰਵਾਉਂਦੇ ਹਨ। ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ਮਾਸਟਰ ਚੰਦ ਸਿੰਘ]

ਤੇ ਜ਼ੁਲਮ ਢਹਿ ਰਹੇ ਹਨ। ਮੈਂ ਮਿਸਾਲ ਦਿੰਦਾ ਹਾਂ ਕਿ ਪਿੰਡ ਮਾਨਊਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੇ ਵਿਚ ਜਾਗੀਰਦਾਰ ਦੇ ਮੁੰਡਿਆਂ ਨੇ ਇਕਹਰੀਜਨ ਨੂੰ ਕਤਲ ਕਰ ਦਿਤਾ ਹੈ। ਇਸ ਤਰ੍ਹਾਂ ਪੰਜਾਬ ਵਿਚ ਹੋਰ ਕਈ ਥਾਵਾਂ ਤੇ ਕਤਲ ਹੋ ਰਹੇ ਹਨ। ਬੱਸੀ ਪਠਾਣਾਂ ਦੇ ਇਕ ਹਰੀਜਨ ਨੂੰ ਕਤਲ ਕੀਤਾ ਗਿਆ। ਜੀਤ ਰਾਮ ਹਰੀਜਨ ਦਾ ਕਤਲ ਕੀਤਾ ਗਿਆ ਅਤੇ ਦਾਉਕੇ ਪਿੰਡ ਦੇ ਸਰਪੰਚ ਦਾ ਮੂੰਹ ਕਾਲਾ ਕਰਕੇ ਉਸ ਹਰੀਜਨ ਨੂੰ ਗਲੀਆਂ ਵਿਚ ਫੇਰਿਆ ਗਿਆ। ਇਸ ਤਰ੍ਹਾਂ ਦੀਆਂ ਕਈ ਉਦਾਹਰਣਾਂ ਹਨ। ਇਸੇ ਤਰ੍ਹਾਂ ਪਿੰਡ ਵੱਤਣਵਾਲੀਆਂ ਦੇ ਵਿਚ ਜੱਟਾਂ ਨੇ ਹਰੀਜਨਾਂ ਦਾ ਬਾਈਕਾਟ ਕੀਤਾ ਹੋਇਆ ਹੈ ਅਤੇ ਤਸ਼ੱਦਦ ਕਰ ਰਹੇ ਹਨ ਅਤੇ ਗਰੀਬ ਹਰੀਜਨਾਂ ਦਾ ਘੇਰਾਓ ਕਰਦੇ ਹਨ ਅਤੇ ਇਸ ਤਰੀਕੇ ਨਾਲ ਉਨ੍ਹਾਂ ਨੂੰ ਸਨੱਥ ਕੀਤਾ ਜਾ ਰਿਹਾ ਹੈ। ਕਤਲ ਕੀਤੇ ਜਾ ਰਹੇ ਹਨ। ਇਸ ਲਈ ਉਨ੍ਹਾਂ ਦੀ ਰਖਿਆ ਦਾ ਇੰਤਜ਼ਾਮ ਕੀਤਾ ਜਾਵੇ।

**ਪੰਡਿਤ ਸਰਵਣ ਰਾਮ:** ਸਪੀਕਰ ਸਾਹਿਬ, ਇਨ੍ਹਾਂ ਨੂੰ ਪੁਛੋ ਵੱਤਣਵਾਲੀ ਪਿੰਡ ਕਿਸ ਦੇ ਹਲਕੇ ਵਿਚ ਹੈ। ਇਹ ਅਕਾਲੀ ਪਾਰਟੀ ਵਾਲੇ ਕਰਵਾ ਰਹੇ ਹਨ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਗਰੀਬਾਂ ਵਾਸਤੇ ਸਰਕਾਰ ਨੂੰ ਕੁਝ ਕਰਨਾ ਚਾਹੀਦਾ ਹੈ। ਵੱਡੇ ਵੱਡੇ ਜ਼ਿਮੀਦਾਰਾਂ ਤੋਂ ਜ਼ਮੀਨਾਂ ਲੈ ਕੇ ਗਰੀਬਾਂ ਨੂੰ ਪੰਜ ਏਕੜ ਫੀ ਪ੍ਰੀਵਾਰ ਦੇ ਹਿਸਾਬ ਨਾਲ ਦੇਣੀ ਚਾਹੀਦੀ ਹੈ। ਜਦ ਤਕ ਸਰਕਾਰ ਇਹ ਚੀਜ਼ ਨਹੀਂ ਕਰੇਗੀ ਤਦ ਤਕ ਗਰੀਬਾਂ ਦਾ ਭਲਾ ਨਹੀਂ ਹੋ ਸਕਦਾ। ਸਪੀਕਰ ਸਾਹਿਬ, ਬਿਜਲੀ ਦਾ ਅੱਜ ਪੰਜਾਬ ਵਿਚ ਬਹੁਤ ਸੰਕਟ ਹੈ। ਕਿਸਾਨਾਂ ਨੂੰ ਪੂਰੀ ਬਿਜਲੀ ਨਹੀਂ ਮਿਲਦੀ। ਕਿਸਾਨਾਂ ਨੇ ਕਰਜ਼ੇ ਚੁਕੇ ਹੋਏ ਹਨ। ਉਨ੍ਹਾਂ ਕਿਸਾਨਾਂ ਨੂੰ ਬਿਜਲੀ ਦੇ ਕੁਨੈਕਸ਼ਨ ਨਹੀਂ ਦਿਤੇ ਜਾ ਰਹੇ ਬਲਕਿ ਲੋਕਾਂ ਕੋਲੋਂ ਪੈਸੇ ਲੈ ਕੇ, ਹਜ਼ਾਰ-ਹਜ਼ਾਰ ਰੁਪਿਆ ਲੈ ਕੇ ਸੀਨੀਆਰਟੀ ਨੂੰ ਭੰਗ ਕਰਕੇ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਸਪੀਕਰ ਸਾਹਿਬ, ਅਮਰਗੜ੍ਹ ਸਬ-ਡਵੀਜ਼ਨ ਵਿਚ ਸਰਦਾਰ ਅਮਰ ਸਿੰਘ ਸਾਥੀ ਹੈ। ਉਸਦਾ ਮੀਟਰ ਸੜ ਗਿਆ ਔਰ ਬਿਜਲੀ ਦੇ ਮਹਿਕਮੇਂ ਵਾਲਿਆਂ ਨੇ ਕਿਹਾ ਕਿ ਤੂੰ 200-250 ਰੁਪਿਆ ਜਮ੍ਹਾਂ ਕਰਾ ਫਿਰ ਤੈਨੂੰ ਨਵਾਂ ਮੀਟਰ ਲਗਾਕੇ ਦੇਵਾਂਗੇ। ਜਦ ਤਕ ਕਿਸਾਨ ਉਨ੍ਹਾਂ ਨੂੰ ਪੈਸੇ ਨਹੀਂ ਦਿੰਦਾ ਤਦ ਤਕ ਮੀਟਰ ਨਹੀਂ ਲਗਦਾ। ਕਿਸਾਨਾਂ ਨੇ ਮਹਿਕਮੇਂ ਦੇ ਅਫਸਰਾਂ ਨੂੰ ਉਥੇ ਘੇਰਾ ਪਾਇਆ। ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਇਹ ਹਾਲਤ ਹੋ ਗਈ ਹੈ। ਥੀਨ ਡੈਮ ਦੀ ਕਲੀਅਰੈਂਸ ਅਜੇ ਤਕ ਦਿੱਲੀ ਸਰਕਾਰ ਵਲੋਂ ਨਹੀਂ ਆਈ। ਸਾਡੀ ਸਰਕਾਰ ਕਹਿੰਦੀ ਹੈ ਕਿ ਉਥੇ ਕੰਮ ਸ਼ੁਰੂ ਹੋ ਗਿਆ ਹੈ। ਪਰ ਮੈਂ ਕਹਿੰਦਾ ਹਾਂ ਕਿ ਉਥੇ ਕੋਈ ਕੰਮ ਨਹੀਂ ਹੋ ਰਿਹਾ ਹੈ। ਹੈਡ ਆਫਿਸ ਸਪੀਕਰ ਸਾਹਿਬ, ਮੋਹਾਲੀ ਹੈ ਪਰ ਕੰਪਲੈਕਸ 14 ਕਿਲੋਮੀਟਰ ਦੀ ਦੂਰੀ ਤੇ ਹੈ। ਉਸ ਨੂੰ ਉਥੇ ਕਿਉਂ ਨਹੀਂ ਸ਼ਿਫਟ ਕੀਤਾ ਜਾਂਦਾ? ਪੰਜਾਬ ਸਰਕਾਰ ਨੂੰ ਉਹ ਹੈਡ ਆਫਿਸ ਉਥੇ ਸ਼ਿਫਟ ਕਰਨਾ ਚਾਹੀਦਾ ਹੈ। ਥੀਨ ਡੈਮ ਨੂੰ ਜਲਦੀ ਤੋਂ ਜਲਦੀ ਚਾਲੂ ਕਰੋ ਤਾਕਿ ਵੱਧ ਤੋਂ ਵੱਧ ਬਿਜਲੀ ਕਿਸਾਨਾਂ ਨੂੰ ਮਿਲ ਸਕੇ।

**ਸ਼੍ਰੀ ਸਪੀਕਰ:** ਹੁਣ ਤੁਸੀਂ ਵਾਈਂਡ ਅਪ ਕਰੋ ਜੀ।

**ਮਾਸਟਰ ਚੰਦ ਸਿੰਘ:** ਸਪੀਕਰ ਸਾਹਿਬ, ਬੱਸ ਜੀ ਇੱਕ ਗਲ ਮੈਂ ਹੋਰ ਕਹਿ ਕੇ ਖਤਮ ਕਰਾਂਗਾ। ਪਿਛਲੇ ਸਮੇਂ ਵਿਚ ਜਿਹੜੇ ਕੋਆਪਰੇਟਿਵ ਸੁਸਾਇਟੀ ਦੇ ਸੈਕਟਰੀ ਕੱਢੇ ਗਏ ਸਨ, ਉਨ੍ਹਾਂ ਨੂੰ ਬਹਾਲ ਕੀਤਾ ਜਾਵੇ।

**ਸ਼੍ਰੀ ਸਪੀਕਰ:** ਖਤਮ ਕਰੋ ਜੀ। ਕਾਮਰੇਡ ਸੱਘੜ ਸਿੰਘ ਜੀ ਤੁਸੀਂ ਬੋਲੋ।

Original with;
Punjab Vidhan Sabha
Digitized by;
Panjab Digital Library

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਸਿਰਫ ਪੀਲੇ ਕਾਰਡ ਵਾਲਿਆਂ ਨੂੰ ਹੀ ਬੇਰੁਜ਼ਗਾਰੀ ਭੱਤਾ ਨਹੀਂ ਮਿਲਣਾ ਚਾਹੀਦਾ ਸਗੋਂ ਬਾਕੀਆਂ ਨੂੰ ਵੀ ਬੇਰੋਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ।

**ਕਾਮਰੇਡ ਸੱਘੜ ਸਿੰਘ** (ਨਿਹਾਲ ਸਿੰਘ ਵਾਲਾ) : ਸਪੀਕਰ ਸਾਹਿਬ, ਮੈਂ ਐਪ੍ਰੋਪਰੀਏਸ਼ਨ ਬਿਲ ਤੇ ਬੋਲਣ ਲਈ ਖੜਾ ਹੋਇਆ ਹਾਂ। ਜਿਹੜੀ ਡਿਮਾਂਡ ਪੁਲਿਸ ਦੇ ਬਾਰੇ ਹੈ, ਉਸ ਬਾਰੇ ਮੈਂ ਪਹਿਲਾਂ ਬੋਲਾਂਗਾ। ਸਪੀਕਰ ਸਾਹਿਬ, ਪੁਲਿਸ ਦੀਆਂ ਦੋ ਬਟਾਲੀਅਨਜ਼ ਖੜੀਆਂ ਕੀਤੀਆਂ ਗਈਆਂ ਹਨ। ਪਰ ਮੈਂ ਕਹਿੰਦਾ ਹਾਂ ਕਿ ਬੇਸ਼ਕ ਜਿਤਨੀਆਂ ਮਰਜ਼ੀ ਹੋਰ ਬਟਾਲੀਅਨਜ਼ ਖੜੀਆਂ ਕਰ ਲਵੋ ਪਰ ਪੁਲਿਸ ਦਾ ਕੰਮ ਠੀਕ ਨਹੀਂ ਹੋ ਸਕਦਾ ਜਦ ਤਕ ਪੁਲਿਸ ਨੂੰ ਨਵੇਂ ਸਿਰਿਉਂ ਟ੍ਰੇਨਿੰਗ ਨਹੀਂ ਦਿੱਤੀ ਜਾਂਦੀ। ਹੁਣ ਤਾਂ ਪੁਲਿਸ ਦਾ ਰਵੱਈਆ ਲੋਕਾਂ ਲਈ ਦੁਖਦਾਈ ਹੈ। ਸਪੀਕਰ ਸਾਹਿਬ, ਮੈਨੂੰ ਅੰਮ੍ਰਿਤਸਰ ਤੋਂ ਟੈਲੀਗਰਾਮ ਆਈ ਹੈ ਕਿ ਨਿਰੰਕਾਰੀਆਂ ਤੇ ਗੋਲੀ ਚਲਾਈ ਗਈ। ਪੰਜ ਸੱਤ ਦਿਨ ਹੋਏ ਮੋਗੇ ਆਦਮੀ ਫੱਟੜ ਕਰ ਦਿਤਾ, ਉਹ ਆਦਮੀ ਲੁਧਿਆਣੇ ਆਕੇ ਬਚਿਆ। ਸਪੀਕਰ ਸਾਹਿਬ, ਜੇਕਰ ਮੁੱਖ ਮੰਤਰੀ ਜੀ ਬਾਹਰ ਜਾਣ ਅਤੇ ਉਨ੍ਹਾਂ ਦੀ ਪੱਗੜੀ ਉਥੇ ਲਾਹ ਦਿਤੀ ਗਈ ਹੋਵੇ ਤਾਂ ਪੁਲਿਸ ਹੋਰ ਕਿਸੇ ਦੀ ਕੀ ਰਖਿਆ ਕਰ ਸਕਦੀ ਹੈ। ਸਪੀਕਰ ਸਾਹਿਬ, ਦਿਆਲਪੁਰਾ ਵਿਚ ਹਰੀਜਨਾਂ ਨੂੰ ਨੰਗੇ ਕਰਕੇ ਮਾਵਾਂ ਭੈਣਾਂ ਨੂੰ ਇਕੱਠਿਆਂ ਕਰਕੇ ਤਸ਼ੱਦਦ ਕੀਤੇ ਗਏ ਹੋਣ ਤਾਂ ਫਿਰ ਪੰਜਾਬ ਦੇ ਲੋਕਾਂ ਨੂੰ ਪੁਲਿਸ ਕੋਲੋਂ ਇਨਸਾਫ ਕਿਥੋਂ ਮਿਲ ਸਕਦਾ ਹੈ। ਸਪੀਕਰ ਸਾਹਿਬ, 16 ਜਨਵਰੀ, 1975 ਨੂੰ ਇਕ ਸੋਸ਼ਲ ਬਾਈਕਾਟ ਬਾਰੇ ਰੈਜ਼ੋਲਿਊਸ਼ਨ ਸਰਵ ਸੰਮਤੀ ਦੇ ਨਾਲ ਪਾਸ ਕਰਕੇ ਭੇਜਿਆ ਗਿਆ ਸੀ ਪਰ ਅਜੇ ਤਕ ਉਸ ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਸਪੀਕਰ ਸਾਹਿਬ, ਛਤਣਵਾਲ ਅਤੇ ਬਾਗੜੀਆਂ ਵਿਚ ਕੀ ਹੋਇਆ ਹੈ ? ਉਨ੍ਹਾਂ ਨੂੰ ਉਥੇ ਟੱਟੀ ਜਾਣਾ ਵੀ ਔਖਾ ਹੋ ਰਿਹਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਸ ਹਾਊਸ ਦੇ ਅੰਦਰ ਕੀ ਰੂਲਿੰਗ ਪਾਰਟੀ ਨੂੰ ਹੀ ਮੀਟਿੰਗ ਕਰਨ ਦੀ ਇਜਾਜ਼ਤ ਹੈ ? ਰੂਲਿੰਗ ਪਾਰਟੀ ਵਾਲੇ ਹਾਊਸ ਵਿਚ ਹੀ ਮੀਟਿੰਗ ਕਰ ਰਹੇ ਹਨ।

**ਸ੍ਰੀ ਸਪੀਕਰ** : ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਕੋਈ ਮੀਟਿੰਗ ਨਹੀਂ ਹੋ ਰਹੀ ਹੈ।

**ਕਾਮਰੇਡ ਸੱਘੜ ਸਿੰਘ** : ਸਪੀਕਰ ਸਾਹਿਬ, ਪੁਲਿਸ ਦੀ ਡਿਮਾਂਡ ਵਿੱਚ 4,50,07,000 ਰੁਪਏ ਮੰਗੇ ਗਏ ਹਨ। ਪਰ ਪੁਲਿਸ ਵਾਲਿਆਂ ਦਾ ਕੋਈ ਪੈਸਾ ਖਰਚ ਨਹੀਂ ਹੁੰਦਾ। ਜਿਹੜੀ ਪਾਰਟੀ ਕੇਸ ਦਰਜ ਕਰਾਉਣ ਆਉਂਦੀ ਹੈ ਤਾਂ ਉਸ ਪਾਰਟੀ ਨੂੰ ਪੁਲਿਸ ਵਾਲੇ ਕਹਿੰਦੇ ਹਨ ਕਿ ਕਾਰ ਜਾਕੇ ਲਿਆਓ ਅਤੇ ਦੂਸਰੇ ਨੂੰ ਕਹਿੰਦੇ ਹਨ ਕਿ ਕਾਰ ਵਿਚ ਪੈਟਰੋਲ ਪਵਾਕੇ ਲਿਆਵੋ ਤਾਂ ਫਿਰ ਪੁਲਿਸ ਵਾਲਿਆਂ ਦਾ ਖਰਚ ਕਿਥੇ ਹੁੰਦਾ ਹੈ। ਲੋਕਾਂ ਦੇ ਭਲੇ ਵਾਸਤੇ ਪੁਲਿਸ ਕੋਈ ਕੰਮ ਨਹੀਂ ਕਰਦੀ। ਸਪੀਕਰ ਸਾਹਿਬ, ਅੱਜ ਪਿੰਡਾਂ ਵਿੱਚ ਭੈਣਾਂ ਦੀ ਇੱਜ਼ਤ ਸੁਰਖਿਅਤ ਨਹੀਂ ਹੈ। ਜੇਕਰ ਕੋਈ ਆਦਮੀ ਪੁਲਿਸ ਵਿਚ ਪਰਚਾ ਦਰਜ ਕਰਵਾਉਣ ਆਉਂਦਾ ਹੈ, ਤਾਂ ਪਹਿਲਾਂ ਤਾਂ ਉਸ ਦਾ ਪਰਚਾ ਦਰਜ ਨਹੀਂ ਕੀਤਾ ਜਾਂਦਾ ਔਰ ਜੇਕਰ ਪਰਚਾ ਦਰਜ ਵੀ ਕਰ ਲਿਆ ਜਾਵੇ ਤਾਂ ਕੋਈ ਤਫਤੀਸ਼ ਨਹੀਂ ਕਰਦਾ।

ਸਪੀਕਰ ਸਾਹਿਬ, ਇਥੇ ਸਹਿਕਾਰਤਾ ਮੰਤਰੀ ਜੀ ਬੈਠੇ ਹਨ। ਮੈਂ ਉਨ੍ਹਾਂ ਨੂੰ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਏ.ਆਰ.ਡੀ.ਆਰ. ਦੀਆਂ ਜਿਹੜੀਆਂ ਡਿਊਟੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਉਹ ਜ਼ਿੰਮੇਵਾਰੀ ਨਾਲ ਨਿਭਾਉਣ। (ਵਿਘਨ) ਸਪੀਕਰ ਸਾਹਿਬ, ਪੱਕੇ ਖਾਲੇ ਕਰਨ ਵਾਸਤੇ ਮੋਗਾ,

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਫਰੀਦਕੋਟ ਅਤੇ ਮਾਨਸਾ ਵਿਖੇ ਮੁਜ਼ਾਹਰੇ ਹੋਏ ਹਨ ਕਿ ਖਾਲੇ ਪੱਕੇ ਕਰਨ ਦਾ ਖਰਚ ਸਾਡੇ ਤੇ ਨਾ ਪਾਇਆ ਜਾਵੇ। ਪਹਿਲਾਂ ਸਰਕਾਰ ਨੇ ਫੈਸਲਾ ਕੀਤਾ ਸੀ ਕਿ 75% ਸਰਕਾਰ ਖਰਚ ਕਰੇਗੀ ਔਰ 25% ਮਾਰਕਿਟ ਕਮੇਟੀਆਂ ਖਰਚ ਕਰਨ ਗੀਆਂ। ਪਰ ਇਹ ਸਾਰਾ ਖਰਚਾ ਕਿਸਾਨਾਂ ਤੇ ਪਾਇਆ ਜਾ ਰਿਹਾ ਹੈ। ਇਸ ਲਈ ਸਪੀਕਰ ਸਾਹਿਬ, ਇਹ ਖਰਚਾ ਸਰਕਾਰ ਨੂੰ ਆਪਣੇ ਕੋਲੋਂ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਪਹਿਲਾਂ ਜਦੋਂ ਕਿਸੇ ਦੇ ਅੰਗ ਕੱਟੇ ਜਾਂਦੇ ਸਨ ਤਾਂ ਇੱਕ ਹੱਥ ਕੱਟਣ ਵਾਲੇ ਨੂੰ 3,000 ਰੁਪਏ ਅਤੇ ਦੋ ਹੱਥ ਕੱਟਣ ਵਾਲੇ ਨੂੰ 5,000 ਰੁਪਏ ਅਤੇ 10,000 ਰੁਪਿਆ ਮਰਨ ਵਾਲੇ ਵਿਅਕਤੀ ਦੇ ਵਾਰਸਾਂ ਨੂੰ ਦਿਤਾ ਜਾਂਦਾ ਸੀ ਪਰ ਸਰਕਾਰ ਨੇ ਉਹ ਰੁਪਿਆ ਦੇਣਾ ਵੀ ਬੰਦ ਕਰ ਦਿਤਾ ਹੈ। ਜਿਨ੍ਹਾਂ ਦੇ ਸਪੀਕਰ ਸਾਹਿਬ, ਅੰਗ ਕਟੇ ਜਾਂਦੇ ਹਨ, ਉਨ੍ਹਾਂ ਨੂੰ ਸਹਾਇਤਾ ਜ਼ਰੂਰ ਦੇਣੀ ਚਾਹੀਦੀ ਹੈ। ਡਰੇਨਾਂ ਦੀ ਖੁਦਾਈ ਠੀਕ ਤਰ੍ਹਾਂ ਨਾਲ ਹੋਣੀ ਚਾਹੀਦੀ ਹੈ ਤਾਂਕਿ ਲੋਕਾਂ ਨੂੰ ਫਲੱਡਜ਼ ਤੋਂ ਬਚਾਇਆ ਜਾ ਸਕੇ। ਸਪੀਕਰ ਸਾਹਿਬ, ਮੈਂ 2 ਮਿੰਟਾਂ ਵਿਚ ਖਤਮ ਕਰ ਦੇਵਾਂਗਾ। ਚੋਣਾਂ ਨਹੀਂ ਇਹ ਕਰਾ ਰਹੇ। ਦਿਲੋਂ ਦੀ ਸੀਟ ਫਰੀਦਕੋਟ ਤੋਂ ਕਾਫੀ ਸਮੇਂ ਤੋਂ ਖਾਲੀ ਪਈ ਹੈ, ਪਰ ਇਹ ਚੋਣ ਉਥੇ ਨਹੀਂ ਕਰਾ ਰਹੇ। ਇਸੇ ਤਰ੍ਹਾਂ ਹੀ ਬਲਾਕ ਸੰਮਤੀਆਂ ਅਤੇ ਹੋਰ ਚੋਣਾਂ ਕਰਵਾਉਣ ਨੂੰ ਤਿਆਰ ਨਹੀਂ ਹਨ। ਇਹ ਚੋਣਾਂ ਜਲਦੀ ਤੋਂ ਜਲਦੀ ਕਰਾਉਣੀਆਂ ਚਾਹੀਦੀਆਂ ਹਨ। ਪਹਿਲੀਆਂ ਚੋਣਾਂ ਵਿਚ ਜਿਨ੍ਹਾਂ ਮੁਲਾਜ਼ਮਾਂ ਦੀਆਂ ਡਿਊਟੀਆਂ ਲਗੀਆਂ ਸਨ ਉਨ੍ਹਾਂ ਨੂੰ ਹਾਲੇ ਤਕ ਇਹ ਟੀ. ਏ. ਆਦਿ ਦਾ ਖਰਚਾ ਨਹੀਂ ਦੇ ਸਕੇ। ਉਨ੍ਹਾਂ ਮੁਲਾਜ਼ਮਾਂ ਨੂੰ ਉਸ ਵੇਲੇ ਹੀ ਇਹ ਖਰਚਾ ਮਿਲਣਾ ਚਾਹੀਦਾ ਸੀ। ਇਸ ਵਾਸਤੇ ਉਸ ਵੇਲੇ ਹੀ ਡੀਮਾਂਡ ਲਿਆਉਣੀ ਚਾਹੀਦੀ ਸੀ। (ਵਿਘਨ)

**ਸ੍ਰੀ ਸਪੀਕਰ**: ਤੁਸੀਂ ਤਸ਼ਰੀਫ ਰੱਖੋ। ਸ੍ਰੀ ਗੁਰਦਿਆਲ ਸੈਣੀ ਜੀ ਤੁਸੀਂ ਬੋਲੋ।

**ਸ੍ਰੀ ਗੁਰਦਿਆਲ ਸੈਣੀ** (ਜਲੰਧਰ ਨਾਰਥ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਜੋ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। ਇਹ 487 ਕਰੋੜ ਰੁਪਏ ਦਾ ਜਿਹੜਾ ਸਾਡੀ ਸਰਕਾਰ ਨੇ ਇਹ ਬਿਲ ਪੇਸ਼ ਕੀਤਾ ਹੈ ਇਸ ਵਿਚ ਬਹੁਤ ਸਾਰੇ ਕੰਮ ਅਜਿਹੇ ਹਨ ਜੋ ਕਿ ਸ੍ਰੀਮਤੀ ਇੰਦਰਾ ਗਾਂਧੀ ਵਲੋਂ ਦਿੱਤੇ ਗਏ 20-ਨੁਕਾਤੀ ਪ੍ਰੋਗਰਾਮ ਤੇ ਖਰਚ ਕੀਤਾ ਗਿਆ ਹੈ। ਇਸ ਲਈ ਵੀ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ ਹਾਂ। (ਵਿਘਨ)

**ਸ੍ਰੀ ਗੁਰਦਿਆਲ ਸੈਣੀ**: ** ** **

**ਸ੍ਰੀ ਗੁਰਦਿਆਲ ਸੈਣੀ**: ਇਹ ** ** ਦਾ ਮਤਲਬ ਦਸ ਦੇਣ। ਮੈਨੂੰ ਪਤਾ ਹੈ ਕਿ ਇਹ ** ** ਦਾ ਮਤਲਬ ਨਹੀਂ ਦਸ ਸਕਦੇ (ਸ਼ੋਰ)

**ਸਰਦਾਰ ਬਲਦੇਵ ਸਿੰਘ** ਮਾਨ: ਸਪੀਕਰ ਸਾਹਿਬ, ਇੱਕ ਦਿਨ ਸਾਰਾ ** ** ਦਾ ਮਤਲਬ ਦੱਸਣ ਤੇ ਹੀ ਰੱਖ ਲਓ।

**ਸ੍ਰੀ ਸਪੀਕਰ**: ਇਹ ਕਾਰਵਾਈ ਵਿਚੋਂ ਕੱਟ ਦਿਤਾ ਜਾਏ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ**: ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਅਜਿਹੀਆਂ ਗੱਲਾਂ ਕਰਨ ਦੀ ਇਥੇ ਬਿਲਕੁਲ ਜ਼ਰੂਰਤ ਨਹੀਂ ਹੈ। ਇਹ

**Expunged as Ordered by the Chair.

Original with;
Punjab Vidhan Sabha
Digitized by;
Panjab Digital Library

ਚੀਪ ਪਾਪੂਲੈਰਿਟੀ ਲੈਣ ਵਾਸਤੇ ਕੋਈ ਨਾ ਕੋਈ ਗੱਲਾਂ ਕਰਦੇ ਹਨ। ਅੱਜ ਸੈਣੀ ਸਾਹਿਬ ਨੇ ਇਸ ਤਰ੍ਹਾਂ ਦੀ ਗਲ ਕਰ ਦਿੱਤੀ ਔਰ ਕੱਲ ਸਰਦਾਰ ਦਿਲਬਾਗ ਸਿੰਘ ਨੇ ਕੀਤੀ ਸੀ। ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ।

**ਸ੍ਰੀ ਸਪੀਕਰ**: ਇਹ ਮੈਂ ਪਹਿਲਾਂ ਹੀ ਹਾਊਸ ਦੀ ਕਾਰਵਾਈ ਵਿਚੋਂ ਕਟਾ ਦਿਤੀਆਂ ਹਨ।

**ਸ੍ਰੀ ਗੁਰਦਿਆਲ ਸੈਣੀ**: ਸਪੀਕਰ ਸਾਹਿਬ, ਕਿਸਾਨਾਂ ਵਾਸਤੇ ਹਰ ਇੱਕ ਬੋਲਦਾ ਹੈ। ਪਰ ਸ਼ਹਿਰਾਂ ਵਾਸਤੇ ਕੋਈ ਨਹੀਂ ਬੋਲਦਾ। ਸਪੀਕਰ ਸਾਹਿਬ, ਮੈਂ ਤੁਹਾਨੂੰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ ਕਾਂਗਰਸ ਸਰਕਾਰ ਬੈਠੀ ਹੈ ਇਸ ਵਿਚ ਜ਼ਿਆਦਾਤਰ ਮੈਂਬਰ ਸਾਹਿਬਾਨ ਸ਼ਹਿਰਾਂ ਵਿਚੋਂ ਆਏ ਹਨ। ਇਸ ਸਰਕਾਰ ਨੂੰ ਚਾਹੀਦਾ ਹੈ ਕਿ ਸ਼ਹਿਰਾਂ ਵਿੱਚ ਜੋ ਟੈਕਸ ਲੱਗੇ ਹੋਏ ਹਨ, ਜੋ ਟੈਕਸ ਅਕਾਲੀ-ਜਨਤਾ ਸਰਕਾਰ ਨੇ ਸ਼ਹਿਰਾਂ ਵਿਚ ਟੈਕਸ ਲਗਾਏ ਸਨ ਉਨ੍ਹਾਂ ਵਿਚ ਰਿਲੀਫ ਦਿੱਤਾ ਜਾਏ। ਇਨ੍ਹਾਂ ਵੇਲੇ ਵਾਟਰ ਟੈਕਸ ਦੇ ਨਾਲ ਸੀਵਰੇਜ਼ ਟੈਕਸ ਲਗਾ। ਇਸ ਨੂੰ ਇਹ ਸਰਕਾਰ ਵਾਪਸ ਨਹੀਂ ਲੈ ਸਕਦੀ ਕਿਉਂਕਿ ਇਨ੍ਹਾਂ ਨੇ ਐਗਰੀਮੈਂਟ ਕੀਤਾ ਸੀ। ਜਦੋਂ ਇਨ੍ਹਾਂ ਨੇ ਲੋਨ ਲਿਆ ਕਿ ਜਿਨਾ ਵਾਟਰ ਟੈਕਸ ਲਗੇਗਾ ਉਤਨਾ ਹੀ ਸੀਵਰੇਜ਼ ਟੈਕਸ ਲਗੇਗਾ। ਅਗਰ 300 ਰੁਪਏ ਵਾਟਰ ਟੈਕਸ ਹੋਏਗਾ ਤਾਂ 300 ਰੁਪਏ ਹੀ ਸੀਵਰੇਜ਼ ਟੈਕਸ ਲਗੇਗਾ। ਮੇਰੀ ਬੇਨਤੀ ਹੈ ਕਿ ਕੋਈ ਨਾ ਕੋਈ ਅਜਿਹਾ ਢੰਗ ਕੱਢਿਆ ਜਾਏ ਜਿਸ ਨਾਲ ਕਿ ਸ਼ਹਿਰਾਂ ਵਾਲਿਆਂ ਨੂੰ ਟੈਕਸਾਂ ਵਿਚ ਰਿਲੀਫ ਦਿੱਤੀ ਜਾ ਸਕੇ। ਇਨ੍ਹਾਂ ਵੇਲੇ 10 ਰੁਪਏ ਛੱਪਰ ਟੈਕਸ ਲਗਦਾ ਸੀ ਫਿਰ ਇਨ੍ਹਾਂ ਨੇ ਉਸ ਦੇ ਨਾਲ ਸ਼ਹਿਰਾਂ ਵਿਚ ਥੜਾ ਟੈਕਸ ਲਗਾ ਦਿਤਾ। ਇਥੇ ਫਾਇਰ ਟੈਕਸ ਲਗਾ ਦਿਤਾ। ਇਨ੍ਹਾਂ ਨੇ 7, 8 ਟੈਕਸ ਸ਼ਹਿਰਾਂ ਵਿਚ ਅਜਿਹੇ ਲਗਾ ਦਿੱਤੇ। ਮੈਂ ਆਪਣੀ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਇਨ੍ਹਾਂ ਟੈਕਸਾਂ ਤੋਂ ਸ਼ਹਿਰ ਵਿਚ ਰਹਿਣ ਵਾਲਿਆਂ ਨੂੰ ਰਿਲੀਫ ਦੇਣ ਵੱਲ ਧਿਆਨ ਦੇਣ।

ਪੁਲਿਸ ਬਾਰੇ ਧੰਨੋਵਾਲੀਆ ਜੀ ਨੇ ਕਿਹਾ ਹੈ ਕਿ ਅਕਾਲੀ-ਜਨਤਾ ਸਰਕਾਰ ਵੇਲੇ ਹਰੀਜਨਾਂ ਦੀ ਪੁਲਿਸ ਵਿਚ ਭਰਤੀ ਬੰਦ ਕਰ ਦਿਤੀ ਸੀ ਜਿਨ੍ਹਾਂ ਦੀ ਛਾਤੀ ਔਰ ਕੱਦ 1" ਘੱਟ ਹੁੰਦਾ ਸੀ। ਪਰ ਇਸ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਇਸ ਬਾਰੇ ਕਿਹਾ ਹੈ ਕਿ ਹਰੀਜਨਾਂ ਦੀ ਭਰਤੀ ਕੀਤੀ ਜਾਏ ਜਿੰਨਾ ਚਿਰ ਇਨ੍ਹਾਂ ਦੀ ਤਾਦਾਦ ਪੂਰੀ ਨਹੀਂ ਹੋ ਜਾਂਦੀ (ਥੰਪਿੰਗ)

**ਸ੍ਰੀ ਪਿਆਰਾ ਰਾਮ ਧੰਨੋਵਾਲੀਆ**: ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਹ ਕਿਹਾ ਸੀ ਕਿ ਜਿਨ੍ਹਾਂ ਹਰੀਜਨਾਂ ਦੀ ਛਾਤੀ ਔਰ ਕੱਦ ਇਕ ਇੰਚ ਘਟ ਹੋਵੇ ਉਸ ਲਈ ਆਈ. ਜੀ. ਦੀ ਬਜਾਏ ਐਸ. ਪੀ. ਨੂੰ ਭਰਤੀ ਕਰਨ ਵੇਲੇ ਛੋਟ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

**ਮਾਸਟਰ ਬਾਬੂ ਸਿੰਘ**: ਇਹ ਜੋ ਕਹਿ ਰਹੇ ਹਨ ਕਿ ਹਰੀਜਨਾਂ ਲਈ ਪੁਲਿਸ ਵਿਚ ਭਰਤੀ ਲਈ 1" ਛਾਤੀ ਔਰ ਕੱਦ ਦੀ ਛੋਟ ਕਰ ਦਿਤੀ ਗਈ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਮਨਿਸਟਰ ਸਾਹਿਬ ਇਸ ਗਲ ਨੂੰ ਕਲੀਅਰ ਕਰ ਦੇਣ ਕਿ ਅਸਲ ਗਲ ਕੀ ਹੈ।

**ਸ੍ਰੀ ਗੁਰਦਿਆਲ ਸੈਣੀ**: ਜਿਨ੍ਹਾਂ ਨੂੰ 1977 ਤੋਂ ਪਹਿਲਾਂ ਜ਼ਮੀਨਾਂ ਦੇ ਕਬਜ਼ੇ ਦਿਤੇ ਗਏ ਹਨ ਔਰ ਉਹ 1977 ਤੋਂ ਪਹਿਲਾਂ ਕਾਬਜ਼ ਹਨ ਪਿੰਡਾਂ ਵਿਚ ਉਨ੍ਹਾਂ ਦਾ ਹੀ ਉਥੇ ਕਬਜ਼ਾ ਮੰਨਿਆ ਜਾਂਦਾ ਹੈ। ਪਰ ਸ਼ਹਿਰਾਂ ਵਿਚ ਜਲੰਧਰ ਸ਼ਹਿਰ ਵਿਚ ਤਿੰਨ ਜਗ੍ਹਾ ਐਸੀਆਂ ਹਨ; ਬਲਦੇਵ ਨਗਰ ਅਜਾਇਬ ਸਿੰਘ ਨਗਰ ਔਰ ਸਾਈਪੁਰ, ਜਿਥੇ 1977 ਤੋਂ ਪਹਿਲਾਂ ਜੋ ਛੋਟੇ ਛੋਟੇ ਕੰਮ ਕਰਨ ਵਾਲੇ ਬੰਦੇ ਉਥੇ ਬੈਠੇ ਹਨ ਔਰ ਆਪਣੇ ਹੱਥ ਨਾਲ ਕੰਮ ਕਰਦੇ ਹਨ ਉਨ੍ਹਾਂ ਦੀਆਂ ਅਪੀਲਾਂ ਨੂੰ ਕੁਝ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਕਰਮਚਾਰੀ ਨਾ-ਮਨਜ਼ੂਰ ਕਰੀ ਜਾਂਦੇ ਹਨ। ਜਿਹੜੀ 1977 ਤੋਂ ਪਹਿਲਾਂ ਆਬਾਦੀ ਹੋ ਚੁੱਕੀ ਹੈ ਤੁਹਾਡੇ ਐਕਟ ਦੇ ਮੁਤਾਬਿਕ ਉਸ ਨੂੰ ਜਗਾ ਮਿਲਣੀ ਚਾਹੀਦੀ ਹੈ। ਇਸ ਲਈ ਮਿਹਰਬਾਨੀ ਕਰਕੇ ਉਨ੍ਹਾਂ ਨੂੰ ਜਗਾ ਜ਼ਰੂਰ ਦੇਣੀ ਚਾਹੀਦੀ ਹੈ।

ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਇਸ ਸਰਕਾਰ ਨੇ ਪਹਿਲੀ ਵਾਰ ਜਿਨ੍ਹਾਂ ਪ੍ਰਾਇਮਰੀ ਸਕੂਲਾਂ ਕੋਲ ਆਪਣੀਆਂ ਬਿਲਡਿੰਗਾਂ ਨਹੀਂ ਸਨ ਔਰ ਇਨ੍ਹਾਂ ਦੇ ਵੇਲੇ ਛੱਪਰਾਂ ਵਿਚ ਸਕੂਲ ਲਗਦੇ ਸਨ, ਇਸ ਸਰਕਾਰ ਨੇ ਉਨ੍ਹਾਂ ਸਕੂਲਾਂ ਵਾਸਤੇ ਇਹ ਕਰ ਦਿਤਾ ਹੈ ਕਿ 5,000 ਪਿੰਡਾਂ ਵਾਲੇ ਦੇਣ ਔਰ ਬਾਕੀ ਦਾ 25,000 ਰੁਪਿਆ ਸਰਕਾਰ ਦੇਵੇਗੀ। ਪਰ ਸਾਡੇ ਸ਼ਹਿਰਾਂ ਵਾਲਿਆਂ ਵਾਸਤੇ ਇੱਕ ਪਰਾਬਲਮ ਹੈ। ਉਹ ਇਹ ਹੈ ਕਿ ਪਿੰਡਾਂ ਵਿਚ ਤਾਂ ਸਸਤੀ ਜਗਾ ਮਿਲ ਜਾਂਦੀ ਹੈ ਪਰ ਸ਼ਹਿਰਾਂ ਵਿਚ ਅਗਰ 10 ਮਰਲੇ ਵੀ ਜਗ੍ਹਾ ਲੈਣੀ ਹੋਵੇ ਤਾਂ 2 ਲੱਖ ਰੁਪਏ ਚਾਹੀਦੇ ਹਨ। ਇਸ ਲਈ ਸ਼ਹਿਰਾਂ ਵਾਸਤੇ ਇਹ ਥਾਂ ਦੇਣ ਦੀ ਸ਼ਰਤ ਮੁਆਫ ਹੋਣੀ ਚਾਹੀਦੀ ਹੈ ਔਰ ਸ਼ਹਿਰਾਂ ਵਾਸਤੇ ਜਗ੍ਹਾ ਦਾ ਪ੍ਰਬੰਧ ਸਰਕਾਰ ਨੂੰ ਆਪ ਹੀ ਕਰਨਾ ਚਾਹੀਦਾ ਹੈ।

95% ਗਰਾਂਟ-ਇਨ-ਏਡ ਪ੍ਰਾਈਵੇਟ ਸਕੂਲਾਂ ਨੂੰ ਮਿਲਦੀ ਹੈ। ਮੈਂ ਸਮਝਦਾ ਹਾਂ ਕਿ ਪ੍ਰਾਈਵੇਟ ਸਕੂਲਾਂ ਨੂੰ ਹੋਰ ਏਡ ਮਿਲਣੀ ਚਾਹੀਦੀ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਦਾ ਰਿਜ਼ਲਟ ਲਗਾਤਾਰ 3 ਸਾਲ ਸੌਂਟ ਪਰਸੈਂਟ ਆਵੇ ਉਨ੍ਹਾਂ ਨੂੰ ਗਰਾਂਟ ਸੈਂਟ ਪਰ ਸੈਂਟ ਮਿਲਣੀ ਚਾਹੀਦੀ ਹੈ।

**ਸ੍ਰੀ ਸਪੀਕਰ**: ਤੁਸੀਂ ਖਤਮ ਕਰੋ।

(ਇਸ ਸਮੇਂ ਸ੍ਰੀ ਸਪੀਕਰ ਨੇ ਮਾਨਯੋਗ ਮੈਂਬਰ ਦਾ ਮਾਈਕ ਬੰਦ ਕਰ ਦਿੱਤਾ।)

**ਸ੍ਰੀ ਗੁਰਦਿਆਲ ਸੈਣੀ**: ਹੁਣ ਮੈਂ ਇੰਡਸਟਰੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਸਾਡੇ ਰਬੜ ਦੀ ਇੰਡਸਟਰੀ ਹਿੰਦੁਸਤਾਨ ਵਿਚ ਮਸ਼ਹੂਰ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਇਥੇ ਚਮੜੇ ਦਾ ਕੰਮ ਮਦਰਾਸ, ਕਰਨਾਟਕਾ ਅਤੇ ਕੇਰਲਾ ਆਦਿ ਨਾਲੋਂ ਚੰਗਾ ਹੁੰਦਾ ਹੈ। ਮਹਿੰਗੇ ਭਾਅ ਤੇ ਬਾਹਰੋਂ ਰਬੜ ਲਿਆਕੇ ਜਲੰਧਰ ਵਿਚ ਇਸ ਦੀਆਂ ਜੁਤੀਆਂ ਬਣਾਕੇ ਬਾਹਰ ਭੇਜੀਆਂ ਜਾਂਦੀਆਂ ਸਨ। ਪਰ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1977 ਵਿਚ ਅਕਾਲੀ-ਜਨਤਾ ਸਰਕਾਰ ਨੇ ਇਸ ਢੰਗ ਦਾ ਉਥੇ ਨਾਰਮ ਕਾਇਮ ਕੀਤਾ ਕਿ ਜਿਸ ਦੀ 5 ਕਰੋੜ ਦੀ ਸੇਲ ਹੈ ਉਸ ਨੂੰ ਵੀ ਇਕ ਗੱਡੀ ਅਤੇ ਜਿਸ ਦੀ 5 ਲੱਖ ਦੀ ਸੇਲ ਹੈ ਉਸ ਨੂੰ ਵੀ ਇਕ ਗੱਡੀ। ਉਸ ਵੇਲੇ ਦੀ ਸਰਕਾਰ ਨੇ ਇਸ ਤਰ੍ਹਾਂ ਦਾ ਕੰਮ ਉਥੇ ਕੀਤਾ ਸੀ। ਮੈਂ ਮੰਗ ਕਰਦਾ ਹਾਂ ਕਿ ਇਸ ਬਾਰੇ ਇਕ ਕਮੇਟੀ ਬਣਾਈ ਜਾਵੇ। ਉਸ ਵਿਚ ਸੈਕਟਰੀ ਇੰਡਸਟਰੀ ਹੋਵੇ। ਉਹ ਸਾਰੀ ਪੜਤਾਲ ਕਰੇ ਨਹੀਂ ਤਾਂ ਮੈਂ ਕਹਾਂਗਾ ਕਿ ਜਿਸ ਤਰ੍ਹਾਂ ਮੈਂ ਕੱਲ ਵੀ ਕਿਹਾ ਸੀ ਕਿ ਜਿਵੇਂ ਸਪੋਰਟਸ ਇੰਡਸਟਰੀ ਜੰਮੂ ਅਤੇ ਕਸ਼ਮੀਰ ਚਲੀ ਗਈ ਹੈ ਉਸੇ ਤਰ੍ਹਾਂ ਰਬੜ ਦੀ ਇੰਡਸਟਰੀ ਵੀ ਪਾਸੇ ਚਲੀ ਜਾਵੇਗੀ।

**ਸ੍ਰੀ ਸਪੀਕਰ**: ਤੁਸੀਂ ਵਾਈਂਡ ਅੱਪ ਕਰੋ।

**ਸ੍ਰੀ ਗੁਰਦਿਆਲ ਸੈਣੀ**: ਮੈਂ ਪੈਨਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ। ਜਿਹੜੀ ਵਿਡੋ ਪੈਨਸ਼ਨ ਹੈ ਉਹ 60-61 ਸਾਲ ਦੀ ਉਮਰ ਵਾਲਿਆਂ ਨੂੰ ਛੇਤੀ ਮਿਲ ਜਾਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਹੁਣ ਮੈਂ ਧਰਮਸ਼ਾਲਾਂ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਅੱਜ ਜੇ ਸ਼ਹਿਰ ਵਿਚ ਚਾਰ ਮਰਲੇ ਜਗਾ ਲੈਣੀ ਹੋਵੇ ਤਾਂ 1 ਲੱਖ ਰੁਪਿਆ ਚਾਹੀਦਾ ਹੈ। (ਮਾਨਯੋਗ ਮੈਂਬਰ ਦਾ ਮਾਈਕ ਬੰਦ ਸੀ।) ਸਪੀਕਰ ਸਾਹਿਬ, ਮੇਰੇ ਹਲਕੇ ਵਿਚ 7 ਧਰਮਸ਼ਾਲਾਵਾਂ ਇਸੇ ਕਰਕੇ ਰੁਕੀਆਂ ਪਈਆਂ ਹਨ ਕਿਉਂਕਿ ਉਨ੍ਹਾਂ ਕੋਲ ਜਗਾ 10 ਮਰਲੇ ਤੋਂ ਘੱਟ ਹੈ। ਇਸ ਕਰਕੇ ਕੈਬਨਿਟ ਵਿਚ ਫੈਸਲਾ ਕਰਾਓ ਇਸ ਬਾਰੇ ਸ਼ਹਿਰਾਂ ਨਾਲ ਧੱਕਾ ਨਹੀਂ ਹੋਣਾ ਚਾਹੀਦਾ। ਅੱਛਾ ਜੀ, ਆਪਦਾ ਬਹੁਤ ਬਹੁਤ ਧੰਨਵਾਦ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਸਪੀਕਰ ਸਾਹਿਬ, ਐਪ੍ਰੋਪਰੀਏਸ਼ਨ ਬਿੱਲ ਹਾਊਸ ਅੱਗੇ ਪੇਸ਼ ਹੋਇਆ ਅਤੇ ਉਸ ਉਤੇ ਡਿਸਕਸ਼ਨ ਹੋਈ। ਪਾਂਧੀ ਜੀ ਆ ਗਏ ਹਨ। ਮੈਂ ਸੋਚਿਆ ਕਿ ਸ਼ਾਇਦ ਉਹ ਚਲੇ ਗਏ ਹਨ। ਉਹ ਆ ਗਏ ਹਨ, ਇਹ ਚੰਗਾ ਹੋ ਗਿਆ ਹੈ। ਇਥੇ ਪਾਂਧੀ ਹੋਰਾਂ ਕਿਹਾ ਕਿ ਲੁਟੇ ਗਏ, ਮਾਰੇ ਗਏ। ਪੈਸਾ ਨਹੀਂ ਹੈ। ਸਪੀਕਰ ਸਾਹਿਬ, ਜਿਸ ਤਰ੍ਹਾਂ ਸਾਵਣ ਦੇ ਅੰਨੇ ਨੂੰ ਹਰਾ ਹੀ ਹਰਾ ਨਜ਼ਰ ਆਉਂਦਾ ਹੈ, ਜੇ ਉਸੇ ਤਰ੍ਹਾਂ ਉਨ੍ਹਾਂ ਨੂੰ ਦਿਸਦਾ ਹੈ ਤਾਂ ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਹੈ। ਮੈਂ ਉਨ੍ਹਾਂ ਨੂੰ ਦਿਖਾਉਣਾ ਚਾਹੁੰਦਾ ਹਾਂ, ਜੇ ਉਹ ਦੇਖ ਸਕਣ ਤਾਂ ਇਹ ਇਨ੍ਹਾਂ ਦੀ ਖੁਸ਼ਕਿਸਮਤੀ ਹੋਵੇਗੀ। ਮੈਂ ਦੱਸਣਾ ਚਾਹੁੰਦਾ ਹਾਂ ਕਿ 1977 ਤੋਂ 1979 ਤਕ ਅਤੇ 1980 ਵਿਚ ਵੀ ਇਨ੍ਹਾਂ ਦੀ ਸਰਕਾਰ ਰਹੀ ਹੈ। ਜ਼ਰਾ ਧਿਆਨ ਕਰੋ ਤਾਂ ਚੰਗਾ ਹੋਵੇਗਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਨੇ ਜੋ ਪੈਸਾ ਖਰਚਣ ਵਾਸਤੇ ਨਿਸਚਿਤ ਕੀਤਾ ਸੀ ਉਸ ਵਿਚੋਂ ਕਿੰਨਾ ਖਰਚਿਆ। ਜੇ ਤਾਂ ਨਿਸ਼ਚਿਤ ਪੈਸਾ ਸਾਰਾ ਖਰਚ ਹੋ ਜਾਵੇ ਤਾਂ ਸਮਝੋ ਕਿ ਟੀਚਾ ਪੂਰਾ ਕਰ ਲਿਆ। ਪਰ ਜੇ ਖਰਚ ਲਈ ਰੱਖਿਆ ਪੈਸਾ ਖਰਚਿਆ ਹੀ ਨਾ ਜਾਵੇ ਤਾਂ ਫਿਰ ਇਸ ਦਾ ਮਤਲਬ ਹੈ ਕਿ ਸਿਰਫ ਕਹਿਣ ਦੀਆਂ ਗੱਲਾਂ ਹੀ ਹਨ ਹੋਰ ਕੁਝ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ 1977-78 ਵਿਚ ਇਨ੍ਹਾਂ ਦੀ ਸਰਕਾਰ ਨੇ 257 ਕਰੋੜ ਰੁਪਏ ਦੀ ਐਨੂਅਲ ਪਲਾਨ ਬਣਾਈ ਸੀ। ਪਰ ਉਨ੍ਹਾਂ ਨੇ ਇਸ ਵਿਚੋਂ ਖਰਚਿਆ 204 ਕਰੋੜ ਰੁਪਿਆ। 53 ਕਰੋੜ ਰੁਪਏ ਘੱਟ ਖਰਚੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਸਰਕਾਰ ਨਿਸਚਿਤ ਕੀਤਾ ਪੈਸਾ ਖਰਚ ਨਾ ਕਰ ਸਕੇ ਜਾਂ ਉਸ ਨੂੰ ਖਰਚ ਕਰਨ ਦੀ ਇਜਾਜ਼ਤ ਨਾ ਮਿਲੇ ਤਾਂ ਉਹ ਸਰਕਾਰ ਬਦਕਿਸਮਤੀ ਦੇ ਨਾਲ ਲੋਕਾਂ ਦਾ ਕੀ ਭਲਾ ਕਰ ਸਕਦੀ ਹੈ। ਇਸ ਤੋਂ ਤੁਸੀਂ ਆਪ ਅੰਦਾਜ਼ਾ ਲਗਾ ਸਕਦੇ ਹੋ। ਫਿਰ 1978-79 ਵਿਚ ਇਨ੍ਹਾਂ ਨੇ 260 ਕਰੋੜ ਰੁਪਏ ਰੱਖੇ ਪਰ ਖਰਚੇ 220 ਕਰੋੜ ਰੁਪਏ। 40 ਕਰੋੜ ਰੁਪਏ ਘੱਟ ਖਰਚ ਕੀਤੇ। (ਵਿਘਨ) ਸਚਾਈ ਕੌੜੀ ਹੁੰਦੀ ਹੈ। ਸਚਾਈ ਕਹੋ ਤਾਂ ਕੌੜੀ ਲਗਦੀ ਹੈ। ਮੈਂ ਹਕੀਕਤ ਦੱਸ ਰਿਹਾ ਸੀ ਕਿ ਇਨ੍ਹਾਂ ਨੇ ਆਪਣੀਆਂ ਦੋ ਸਾਲਾਂ ਦੀਆਂ ਪਲਾਨਾਂ ਵਿਚ ਜਿਹੜੀ ਰਕਮ ਨਿਸਚਿਤ ਕੀਤੀ ਸੀ ਉਸ ਨਾਲੋਂ 93 ਕਰੋੜ ਰੁਪਏ ਇੰਪਲੀਮੈਂਟੇਸ਼ਨ ਵੇਲੇ ਘੱਟ ਖਰਚ ਕੀਤੇ।

**ਵੈਦ ਕਰਤਾਰ ਸਿੰਘ** : ਸਪੀਕਰ ਸਾਹਿਬ, ਇਹ ਗਲ ਇਹ 5 ਵਾਰ ਕਹਿ ਚੁੱਕੇ ਹਨ। ਇਹ ਕੋਈ ਨਵੀਂ ਗਲ ਕਰਨ। ਇਨ੍ਹਾਂ ਦੇ ਪੱਲੇ ਕੱਖ ਨਹੀਂ ਹੈ, ਇਹ ਚੁੱਪ ਕਰਕੇ ਬੈਠ ਜਾਣ।

**ਸਰਦਾਰ ਬਸੰਤ ਸਿੰਘ ਖਾਲਸਾ** : ਜਿਹੜਾ 125 ਕਰੋੜ ਰੁਪਏ ਦਾ ਘਾਟਾ ਹੈ, ਉਸ ਦਾ ਕੀ ਕਰ ਰਹੇ ਹੋ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਜੇ ਇਨ੍ਹਾਂ ਨੇ ਕੁਝ ਕੀਤਾ ਹੁੰਦਾ ਤਾਂ ਇਨ੍ਹਾਂ ਨੂੰ ਖੁਸ਼ੀ ਹੁੰਦੀ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰੱਥ** : ਸਪੀਕਰ ਸਾਹਿਬ, ਜਦੋਂ ਬਾਦਲ ਸਾਹਿਬ ਬੋਲਦੇ ਹਨ ਜਾਂ ਉਨ੍ਹਾਂ ਦੇ ਹੋਰ ਮੈਂਬਰ ਬੋਲਦੇ ਹਨ ਤਾਂ ਅਸੀਂ ਚੁੱਪ ਕਰਕੇ ਉਨ੍ਹਾਂ ਨੂੰ ਸੁਣਦੇ ਹਾਂ। ਪਰ ਇਹ ਹੁਣ ਸਾਨੂੰ ਸੁਣ ਹੀ ਨਹੀਂ ਰਹੇ।

**ਵਿੱਤ ਮੰਤਰੀ** : ਅਸੀਂ ਪਲਾਨ ਹੀ ਪੂਰੀ ਨਹੀਂ ਕੀਤੀ ਸਗੋਂ ਮੈਂ ਹੋਰ ਨਵੀਂ ਗਲ ਦੱਸਣੀ ਚਾਹੁੰਦਾ ਹਾਂ। ਖਾਸ ਤੌਰ ਤੇ ਪਾਂਧੀ ਜੀ ਸੁਣ ਲੈਣ। ਅਸੀਂ 1980-81 ਵਿਚ ਸਿਰਫ ਐਨੂਅਲ ਪਲਾਨ ਹੀ 363 ਕਰੋੜ ਰੁਪਏ ਦੀ ਪੂਰੀ ਨਹੀਂ ਕੀਤੀ ਸਗੋਂ ਉਸ ਦੇ ਨਾਲ ਇਕ ਨਵਾਂ ਕੰਮ ਵੀ ਕੀਤਾ ਹੈ। ਉਹ ਇਹ ਕੀਤਾ ਕਿ ਫਾਈਨੈਂਸ਼ੀਅਲ ਇਨਸਟੀਚਿਊਸ਼ਨਜ਼ ਕਾਇਮ ਕੀਤੇ। ਉਸ ਦਾ ਡਾਇਰੈਕਟਰ ਬਣਾਇਆ ਅਤੇ ਉਸ ਡਾਇਰੈਕਟਰ ਦੇ ਰਾਹੀਂ 160 ਕਰੋੜ ਰੁਪਏ ਖਾਸ ਤੌਰ ਤੇ ਇੰਡਸਟਰੀ ਲਈ ਲੋਨ ਦੇ ਤੌਰ ਤੇ ਲਿਆ ਕੇ ਇਸ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਖਰਚੇ। ਫਿਰ, ਸਪੀਕਰ ਸਾਹਿਬ, 1981-82 ਵਿਚ 340 ਕਰੋੜ ਰੁਪਏ ਦੇ ਨਾਲ ਅਸੀਂ ਫਾਈਨੈਂਸ਼ੀਅਲ ਇੰਨਸਟੀ-ਚਿਊਸ਼ਨਜ਼ ਤੋਂ 225 ਕਰੋੜ ਰੁਪਏ ਹੋਰ ਖਰਚ ਕਰਵਾ ਰਹੇ ਹਾਂ। ਇਸ ਸਾਲ 565 ਕਰੋੜ ਰੁਪਿਆ ਖਰਚ ਹੋਵੇਗਾ। (ਥੰਪਿੰਗ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਦੋ ਸਾਲਾਂ ਵਿਚ ਜਿਥੇ ਇਹ 500 ਕਰੋੜ ਰੁਪਿਆ ਨਹੀਂ ਸੀ ਖਰਚ ਕਰ ਸਕੇ ਉਥੇ ਅਸੀਂ 2 ਸਾਲਾਂ ਵਿਚ 1025 ਕਰੋੜ ਰੁਪਿਆ ਖਰਚ ਕਰਨਾ ਹੈ। ਜੇ ਐਨਾ ਪੈਸਾ ਖਰਚ ਕਰਨ ਦੇ ਬਾਵਜੂਦ ਵੀ ਇਨ੍ਹਾਂ ਨੂੰ ਕੁਝ ਨਜ਼ਰ ਨਾ ਆਵੇ ਤਾਂ ਫਿਰ ਇਨ੍ਹਾਂ ਦੀ ਬਦਕਿਸਮਤੀ ਹੈ। ਜੇ ਪੈਸਾ ਖਰਚ ਨਹੀਂ ਕਰੋਗੇ, ਪੈਸਾ ਰੱਖੋਗੇ ਨਹੀਂ ਤਾਂ ਫਿਰ ਡਿਵੈਲਪਮੈਂਟ ਨਹੀਂ ਹੋ ਸਕਦੀ।

**ਸਰਦਾਰ ਦਲੀਪ ਸਿੰਘ ਪਾਂਧੀ** : ਕੀ ਇਹ ਪੈਸਾ ਮੁਕੇਰੀਆਂ ਵਿਚ ਖਰਚਿਆ ਹੈ?

**ਵਿੱਤ ਮੰਤਰੀ** : ਅਸੀਂ ਪੈਸਾ ਸਾਰੇ ਪੰਜਾਬ ਵਿਚ ਖਰਚਿਆ ਹੈ, ਹਰ ਜ਼ਿਲ੍ਹੇ ਵਿਚ, ਹਰ ਪਿੰਡ ਵਿਚ ਅਤੇ ਹਰ ਕੰਸਟੀਚੁਐਂਸੀ ਵਿਚ ਖਰਚਿਆ ਹੈ। ਸਪੀਕਰ ਸਾਹਿਬ, ਜੇ ਸਾਵਣ ਦੇ ਅੰਨ੍ਹੇ ਨੂੰ ਹਰਾ ਹੀ ਹਰਾ ਨਜ਼ਰ ਆਉਂਦਾ ਹੈ ਤਾਂ ਇਸ ਵਿਚ ਮੇਰਾ ਕੀ ਕਸੂਰ ਹੈ।

ਸਪੀਕਰ ਸਾਹਿਬ, ਬੜਾ ਰੋਣਾ ਰੋਇਆ ਗਿਆ ਲਾਅ ਐਂਡ ਆਰਡਰ ਦੇ ਬਾਰੇ। ਇਸ ਬਾਰੇ ਬਹੁਤ ਕੁਝ ਕਿਹਾ ਗਿਆ। ਪਾਂਧੀ ਜੀ ਨੇ ਬੜਾ ਕੁਝ ਕਿਹਾ ਕਿ ਰੇਪ ਹੋ ਗਏ, ਕਤਲ ਹੋਏ, ਹਰੀਜਨਾਂ ਤੇ ਜ਼ੁਲਮ ਹੋ ਗਏ। ਜੋ ਉਹ ਕਹਿ ਸਕਦੇ ਸਨ ਉਨ੍ਹਾਂ ਨੇ ਕਿਹਾ। ਉਨ੍ਹਾਂ ਨੇ ਆਪਣੀ ਭਾਸ਼ਾ, ਜਿਹੜੀ ਉਨ੍ਹਾਂ ਦੀ ਪਰਮਾਨੈਂਟ ਭਾਸ਼ਾ ਹੈ, ਉਹ ਉਨ੍ਹਾਂ ਨੇ ਵਰਤੀ। ਮੇਰੇ ਕੋਲ ਫਿੱਗਰਜ਼ ਹਨ। ਮੈਂ ਦੱਸਣਾ ਚਾਹੁੰਦਾ ਹਾਂ। ਮੇਰੇ ਕੋਲ 1977 ਤੋਂ 1981 ਤੱਕ ਸਾਰੇ ਸਾਲਾਂ ਦੇ ਵੱਖਰੇ ਵੱਖਰੇ ਫਿੱਗਰਜ਼ ਲਿਖੇ ਹੋਏ ਹਨ। ਮਿਸਾਲ ਦੇ ਤੌਰ ਤੇ ਮੈਂ ਦੱਸਣਾ ਚਾਹੁੰਦਾ ਹਾਂ ਕਿ 1977 ਵਿਚ 623 ਕਤਲ ਹੋਏ ਸਨ ਜਦ ਕਿ 1981 ਦੀ ਇਹ ਫਿੱਗਰ 554 ਹੈ। ਬਰਗਲਰੀ ਦੇ ਕੇਸਿਜ਼ ਉਦੋਂ 1918 ਹੋਏ ਜਦ ਕਿ ਹੁਣ ਉਨ੍ਹਾਂ ਦੀ ਤਾਦਾਦ 1196 ਹੈ। ਰਾਇਟਸ ਦੇ ਕੇਸਿਜ਼ ਇਨ੍ਹਾਂ ਦੇ ਵਕਤ ਵਿਚ 144 ਸਨ ਜਦ ਕਿ ਹੁਣ 106 ਹਨ। (ਵਿਘਨ) ਸਪੀਕਰ ਸਾਹਿਬ, ਜਨਵਰੀ ਤੋਂ ਲੈ ਕੇ ਦਸੰਬਰ ਤਕ ਦੀਆਂ ਫਿੱਗਰਜ਼ ਮੇਰੇ ਕੋਲ ਹਨ, ਇਨ੍ਹਾਂ ਫਿੱਗਰਜ਼ ਤੋਂ ਨਜ਼ਰ ਆਉਂਦਾ ਹੈ ਕਿ....... ਜੇ ਕਰਾਈਮ ਘੱਟ ਹੋਵੇ ਤਾਂ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਜਿਹੜੀ ਹੈ ਉਹ ਚੰਗੀ ਹੁੰਦੀ ਹੈ, ਮਾੜੀ ਨਹੀਂ ਹੁੰਦੀ। ਲੇਕਿਨ, ਸਪੀਕਰ ਸਾਹਿਬ, ਇਸ ਗਲ ਨਾਲ ਮੈਂ ਮੁਤਫਿਕ ਹਾਂ ਕਿ ਜੇ ਕਿਸੇ ਜਗ੍ਹਾ ਤੇ ਕੋਈ ਵਿਅਕਤੀ ਕਿਸੇ ਦੂਸਰੇ ਨਾਲ ਜ਼ੁਲਮ ਕਰਦਾ ਹੈ, ਕਿਸੇ ਕਮਜ਼ੋਰ ਤਬਕੇ ਤੇ ਕੋਈ ਅਤਿਆਚਾਰ ਹੁੰਦਾ ਹੈ ...... (ਵਿਘਨ)

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਸਹੀ ਜਵਾਬ ਦੇਣ।

**ਸ੍ਰੀ ਸਪੀਕਰ**: ਆਨਰੇਬਲ ਮੈਂਬਰਜ਼ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਇੰਟਰਪੱਟ ਨਾ ਕਰਨ।

**ਵਿੱਤ ਮੰਤਰੀ**: ਜਿਹੜੇ ਮਾਨਯੋਗ ਮੈਂਬਰਾਂ ਨੇ ਤੌਖਲੇ ਜ਼ਾਹਿਰ ਕੀਤੇ ਹਨ ਕਿ ਕਿਧਰੇ ਕੋਈ ਜ਼ੁਲਮ ਹੋਇਆ ਹੈ, ਚੋਰੀ ਹੋਈ ਹੈ ਜਾਂ ਅਤਿਆਚਾਰ ਹੋਇਆ ਹੈ, ਪੰਜਾਬ ਸਰਕਾਰ ਉਸ ਦੀ ਘੋਖ ਕਰੇਗੀ ਔਰ ਕਸੂਰਵਾਰ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਤੋਂ ਵੀ ਜ਼ਰਾ ਜਿੰਨਾ ਹਿਚਕਚਾਏਗੀ ਨਹੀਂ। (ਥੰਪਿੰਗ) ਇਹ ਪੰਜਾਬ ਸਰਕਾਰ ਦਾ ਫਰਜ਼ ਹੈ ਕਿ ਗਰੀਬਾਂ ਦੀ ਮਦਦ ਕਰੇ, ਉਨ੍ਹਾਂ ਨੂੰ ਇਨਸਾਫ ਦੇਵੇ, ਕਲੀਨ ਐਡਮਨਿਸਟਰੇਸ਼ਨ ਹੋਵੇ। ਇਥੇ ਕੁਰੱਪਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਉਸ ਦੇ ਬਾਰੇ ਮੈਂ ਇਹ ਕਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਕੁਰੱਪਸ਼ਨ ਦੇ ਖਿਲਾਫ ਹੈ ਔਰ ਕਲੀਨ ਐਡਮਨਿਸਟਰੇਸ਼ਨ ਦੇਣਾ ਚਾਹੁੰਦੀ ਹੈ। ਕਈ ਥਾਂ ਤੇ ਕੁਰੱਪਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਠੀਕ ਹੈ ਜ਼ਰੂਰ ਹੋਈ ਹੋਵੇਗੀ। ਲੇਕਿਨ ਮੈਂ ਮਾਨਯੋਗ ਮੈਂਬਰਾਂ ਨੂੰ ਇਹ ਬੇਨਤੀ ਕਰਾਂਗਾ ਕਿ ਜਿਹੜੇ ਉਨ੍ਹਾਂ ਦੇ ਨੋਟਿਸ ਵਿੱਚ ਕੇਸਿਜ਼ ਆਉਂਦੇ ਹਨ ਉਹ ਪੰਜਾਬ ਸਰਕਾਰ ਦੇ ਨੋਟਿਸ ਵਿੱਚ ਲਿਆਣ, ਪੂਰੇ ਤੱਥ ਸਾਹਮਣੇ ਰਖਣ। ਅਸੀਂ ਇਨਕੁਆਇਰੀ ਕਰਾਵਾਂਗੇ ਅਤੇ ਉਸ ਦੇ ਵਿੱਚ ਚਾਹੇ ਕੋਈ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ, ਕਰਮਚਾਰੀ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ ਅਸੀਂ ਉਨ੍ਹਾਂ ਦੇ ਖਿਲਾਫ ਐਕਸ਼ਨ ਲਵਾਂਗੇ। ਪਿੱਛਲੇ 2 ਸਾਲਾਂ ਵਿੱਚ ਅਸੀਂ ਕਈਆਂ ਤੇ ਐਕਸ਼ਨ ਲਿਆ ਵੀ ਹੈ ਅਤੇ ਅਗੇ ਵਾਸਤੇ ਅਗਰ ਸਾਡੇ ਨੋਟਿਸ ਵਿੱਚ ਕੋਈ ਚੀਜ਼ ਲਿਆਂਦੀ ਜਾਵੇਗੀ ਤਾਂ ਜ਼ਰੂਰ ਪੂਰੀ ਤਰ੍ਹਾਂ ਐਕਸ਼ਨ ਲੈਂਦੇ ਰਹਾਂਗੇ।

ਸਪੀਕਰ ਸਾਹਿਬ, ਇਥੇ ਥੀਨ ਡੈਮ ਦੀ ਗਲ ਵਾਰ ਵਾਰ ਆਈ ਹੈ। ਇਸ ਦੇ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਹਿਲਾਂ ਇਸ ਦੀ ਕਾਸਟ ਆਫ ਕੰਸਟਰੱਕਸ਼ਨ 68 ਕਰੋੜ ਰੁਪਏ ਸੀ ਪਰ ਇਹ ਹੁਣ ਪੌਣੇ ਪੰਜ ਸੌ ਕਰੋੜ ਦੇ ਕਰੀਬ ਹੋ ਗਈ ਹੈ। ਪੰਜਾਬ ਸਰਕਾਰ ਚਾਹੁੰਦੀ ਹੈ ਇਕ ਥੀਨ ਡੈਮ ਜਲਦੀ ਤੋਂ ਜਲਦੀ ਬਣੇ। ਇਸ ਦੇ ਵਿੱਚ ਕੋਈ ਦੋ ਰਾਵਾਂ ਨਹੀਂ। ਪਰ, ਸਪੀਕਰ ਸਾਹਿਬ, 340 ਕਰੋੜ ਰੁਪਏ ਦਾ ਪਲੈਨ ਹੋਵੇ ਔਰ ਇਸ ਦੇ ਲਈ ਇਸ ਵਿਚੋਂ ਸੌ ਕਰੋੜ ਰੁਪਿਆ ਰਖਣਾ ਕੋਈ ਸੌਖੀ ਗਲ ਨਹੀਂ ਹੈ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਇਹ ਡੈਮ ਜਲਦੀ ਤੋਂ ਜਲਦੀ ਬਣਾਇਆ ਜਾਵੇ ਔਰ ਸੈਂਟਰਲ ਗੌਰਮਿੰਟ ਨਾਲ ਗਲਬਾਤ ਚਲ ਰਹੀ ਹੈ। ਬਾਹਰਲੇ ਮੁਲਕਾਂ ਤੋਂ ਫਾਈਨਾਂਸ਼ਲ ਅਸਿਸਟੈਂਸ ਮਿਲ ਸਕਦੀ ਹੋਵੇ ਉਸ ਦੇ ਲਈ ਅਸੀਂ ਗਲਬਾਤ ਕਰ ਰਹੇ ਹਾਂ ਔਰ ਸਾਨੂੰ ਆਸ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਕੋਈ ਨਾ ਕੋਈ ਤਰੀਕਾ ਅਪਣਾ ਕੇ ਜਿਸ ਦੇ ਨਾਲ ਸਾਨੂੰ ਲੰਮ-ਸਮ ਥੀਨ ਡੈਮ ਵਾਸਤੇ ਅਸਿਸਟੈਂਸ ਮਿਲ ਜਾਵੇ ਤਾਂ ਕਿ ਥੀਨ ਡੈਮ ਜਲਦੀ ਤੋਂ ਜਲਦੀ ਬਣ ਸਕੇ। ਬਿਜਲੀ ਦੀ ਜਿਹੜੀ ਪ੍ਰਾਬਲਮ ਹੈ ਉਹ ਹੱਲ ਹੋ ਸਕੇ।

**ਸ੍ਰੀ ਸਪੀਕਰ**: ਡਾਕਟਰ ਸਾਹਿਬ, ਵਾਈਂਡ ਅੱਪ ਕਰ ਦਿਓ ਹੁਣ।

**ਵਿੱਤ ਮੰਤਰੀ**: ਇਸੇ ਤਰ੍ਹਾਂ, ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਹਾਈਡਲ, ਮੁਕੇਰੀਆਂ ਹਾਈਡਲ ਔਰ ਰੋਪੜ ਥਰਮਲ ਪਲਾਂਟ ਤੋਂ ਆਉਣ ਵਾਲੇ 3 ਸਾਲਾਂ ਵਿੱਚ ਘੱਟੋ ਘੱਟ 700 ਮੈਗਾ-ਵਾਟ ਬਿਜਲੀ ਪ੍ਰਾਪਤ ਕਰਨ ਦਾ ਪ੍ਰੋਗਰਾਮ ਬਣਾਇਆ ਹੈ। ਔਰ ਉਸ ਦੇ ਮੁਤਾਬਿਕ ਪ੍ਰੋਗਰਾਮ ਬਣਾ ਕੇ ਆਉਣ ਵਾਲੇ ਪਲਾਨ ਵਿੱਚ 379 ਕਰੋੜ ਰੁਪਿਆ ਖਰਚ ਕਰਾਂਗੇ।

ਸਮਿੰਟ ਦੇ ਬਾਰੇ ਇਥੇ, ਸਪੀਕਰ ਸਾਹਿਬ, ਮਾਨਯੋਗ ਮੈਂਬਰਾਂ ਵਲੋਂ ਕਿਹਾ ਗਿਆ ਹੈ। ਸੀਮਿੰਟ ਦੇ ਬਾਰੇ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸੀਮਿੰਟ ਦੀ ਪਾਲਿਸੀ ਜਿਹੜੀ ਹੁਣ ਸੈਂਟਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੀ ਸਰਕਾਰ ਨੇ ਅਪਣਾਈ ਹੈ, ਮੈਂ ਸਮਝਦਾ ਹਾਂ ਕਿ ਸਾਨੂੰ ਸਾਰਿਆਂ ਨੂੰ ਉਸ ਦਾ ਸਵਾਗਤ ਕਰਨਾ ਚਾਹੀਦਾ ਹੈ। ਇਸ ਦੇ ਨਾਲ ਜੋ ਹੁਣ ਲੋਕਾਂ ਨੂੰ ਤਕਲੀਫ ਹੈ ਉਹ ਦੂਰ ਹੋ ਜਾਵੇਗੀ।

**ਸ੍ਰੀ ਸਪੀਕਰ** : ਹੁਣ ਵਾਈਂਡ ਅੱਪ ਕਰ ਦਿਓ।

**ਵਿੱਤ ਮੰਤਰੀ** : ਮੁਲਾਜ਼ਮਾਂ ਦੇ ਪੇ ਸਕੇਲਾਂ ਵਿੱਚ ਅਨਾਮਲੀਜ਼ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ। ਅਨਾਮਲੀਜ਼ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਵਾ ਦੋ ਲੱਖ ਵਿਚੋਂ 44 ਹਜ਼ਾਰ ਮੁਲਾਜ਼ਮ ਹਨ ਜਿਨ੍ਹਾਂ ਦੀਆਂ ਅਨਾਮਲੀਜ਼ ਦੂਰ ਕਰਨ ਵਾਲੀਆਂ ਰਹਿੰਦੀਆਂ ਹਨ। ਮੈਂ ਅੱਗੇ ਵੀ ਐਸ਼ੋਅਰ ਕਰਵਾਇਆ ਸੀ, ਅੱਜ ਵੀ ਐਸ਼ੋਅਰ ਕਰਾਉਂਦਾ ਹਾਂ ਕਿ ਇਹ ਸਾਲ 1982-83 ਵਿਚ ਸਾਰੇ ਦੇ ਸਾਰੇ ਮੁਲਾਜ਼ਮਾਂ ਦੀਆਂ ਅਨਾਮਲੀਜ਼ ਦੂਰ ਕਰਾਂਗੇ। ਉਨ੍ਹਾਂ ਦੀ ਜੋ ਪੇ ਬਣਦੀ ਹੈ ਉਹ ਬਹਾਲ ਕਰਾਂਗੇ। (ਸਰਦਾਰ ਦਲੀਪ ਸਿੰਘ ਪਾਂਧੀ ਵਲੋਂ ਵਿਘਨ : ਜਿਹੜਾ ਪੈਸਾ ਇਕਠਾ ਕਰ-ਵਾਇਆ ਸੀ ਉਸ ਦਾ ਕੀ ਬਣਿਆ) ਸਪੀਕਰ ਸਾਹਿਬ, ਪਾਂਧੀ ਸਾਹਿਬ ਵਕੀਲ ਹਨ, ਬੜੇ ਚੰਗੇ ਮੈਂਬਰ ਹਨ। ਇਨ੍ਹਾਂ ਦੀ ਇਹ ਆਦਤ ਚੰਗੀ ਨਹੀਂ ਹੈ। ਝੂਠੇ ਇਲਜ਼ਾਮ ਕਿਸੇ ਤੇ ਨਹੀਂ ਲਾਉਣੇ ਚਾਹੀਦੇ।

I do not know what happened. I strongly contradict this allegation.

ਸੈਣੀ ਸਾਹਿਬ ਨੇ ਸ਼ਹਿਰਾਂ ਦੀ ਤਕਲੀਫ ਦਾ ਜ਼ਿਕਰ ਕੀਤਾ ਹੈ, ਉਹ ਅਸੀਂ ਦੇਖ ਲਵਾਂਗੇ।

**ਸ੍ਰੀ ਸਪੀਕਰ** : ਕੀ ਇਹ ਹਾਊਸ ਦੀ ਪਲੀਯਰ ਹੈ ਕਿ ਹਾਊਸ ਦਾ ਟਾਈਮ ਐਕਸਟੈਂਡ ਕੀਤਾ ਜਾਵੇ ?

**ਆਵਾਜ਼ਾਂ** : ਨੋ, ਨੋ।

**ਵਿੱਤ ਮੰਤਰੀ** : ਆਖਿਰ ਵਿੱਚ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਨ ਸਾਹਿਬ ਨੇ ਜ਼ਿਕਰ ਕੀਤਾ ਸੀ ਕਿ ਸਿੱਖਾਂ ਨਾਲ ਬੜਾ ਵਿੱਤਕਰਾ ਹੋ ਰਿਹਾ ਹੈ। ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਇਹ ਇਸ ਪਾਸੇ ਆਉਂਦੇ ਹਨ ਤਾਂ ਫਿਰ ਇਨ੍ਹਾਂ ਨੂੰ ਕੋਈ ਵਿਤਕਰਾ ਨਜ਼ਰ ਨਹੀਂ ਆਉਂਦਾ। ਪਰ ਜਦੋਂ ਉਹ ਉਸ ਪਾਸੇ ਜਾ ਬੈਠੇ ਹਨ ਤਾਂ ਇਨ੍ਹਾਂ ਨੂੰ ਵਿਤ-ਕਰਾ ਨਜ਼ਰ ਆਉਣ ਲਗ ਪਿਆ ਹੈ। ਪੰਜਾਬ ਵਿੱਚ ਜੇ ਸਿੱਖ ਸਰਦਾਰ ਦਰਬਾਰਾ ਸਿੰਘ ਜੀ ਲੀਡਰ ਹਨ, ਜੇ ਉਹ ਨੁਮਾਇੰਦਗੀ ਕਰਦੇ ਹਨ, ਹੋਮ ਮਨਿਸਟਰ ਸਾਹਿਬ ਸਿੱਖ ਹਨ ਉਹ ਨੁਮਾਇੰਦਗੀ ਕਰਦੇ ਹਨ ਤਾਂ ਇਨ੍ਹਾਂ ਨੂੰ ਇਹ ਪਸੰਦ ਨਹੀਂ। ਮੈਂ ਸਮਝਦਾ ਹਾਂ ਕਿ ਇਹ ਗਲਾਂ ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਠੀਕ ਨਹੀਂ ਹਨ। ਹਾਊਸ ਵਿੱਚ ਇਸ ਤਰਾਂ ਦੇ ਵਿਚਾਰ ਲਿਆਉਣੇ, ਹਿੰਦੂ ਸਿੱਖ ਜੋ ਕਦੇ ਵੀ ਅਲੱਗ ਨਹੀਂ ਹੋ ਸਕਦੇ ਜਿਨ੍ਹਾਂ ਦਾ ਨਹੁ ਔਰ ਮਾਸ ਦਾ ਸਬੰਧ ਹੈ, ਉਨ੍ਹਾਂ ਵਾਸਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਨੀਆਂ ਇਹ ਉਨ੍ਹਾਂ ਵਾਸ਼ਤੇ ਠੀਕ ਨਹੀਂ। ਨਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਜਦੋਂ ਚੀਫ ਮਨਿਸਟਰ ਸਨ ਪੰਜਾਬ ਦੇ ਉਦੋਂ ਅਤੇ ਨਾ ਹੁਣ ਜਦੋਂ ਸਰਦਾਰ ਦਰਬਾਰਾ ਸਿੰਘ ਜੀ ਪੰਜਾਬ ਦੇ ਚੀਫ ਮਨਿਸਟਰ ਹਨ, ਹਿੰਦੂ ਸਿਖ ਵੱਖਰੇ ਹਨ ਅਤੇ ਨਾ ਇਹ ਕਦੇ ਵੱਖਰੇ ਹੋਣਗੇ। (ਥੰਪਿੰਗ) ਪੰਜਾਬ ਦੇ ਹਿੰਦੂ-ਸਿੱਖ ਭਰਾਵਾਂ ਨੂੰ ਇਕੱਠੇ ਰਹਿਣਾ ਚਾਹੀਦਾ ਹੈ ਔਰ ਮੈਂ ਸਮਝਦਾ ਹਾਂ ਕਿ ਇਹ ਇਕੱਠੇ ਰਹਿਣਗੇ। ਇਸ ਤਰ੍ਹਾਂ ਦੀਆਂ ਨਫਰਤ ਫੈਲਾਉਣ ਵਾਲੀਆਂ ਗੱਲਾਂ ਕਰਨਾ ਠੀਕ ਨਹੀਂ ਹੈ। ਮੈਂ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਜੱਥੇਦਾਰ ਗੁਰਬਚਨ ਸਿੰਘ** : ਸਪੀਕਰ ਸਾਹਿਬ, ਮੇਰਾ ਇਕ ਸਵਾਲ ਸੀ। ਮੈਨੂੰ ਸ਼ਕ ਹੈ ਕਿ ਜਿਹੜੇ ਥੋੜੇ ਜਿਹੇ ਮੁਲਾਜ਼ਮ ਰਹਿੰਦੇ ਹਨ ਉਨ੍ਹਾਂ ਨੂੰ ਭੱਤੇ, ਪੂਰੀਆਂ ਤਨਖਾਹਾਂ ਵਗੈਰਾ ਨਹੀਂ

Original with;
Punjab Vidhan Sabha
Digitized by;
Panjab Digital Library

ਦਿੱਤੀਆਂ ਜਾਣਗੀਆਂ। 44000 ਮੁਲਾਜ਼ਮ ਜਿਹੜੇ ਰਹਿੰਦੇ ਹਨ ਉਨ੍ਹਾਂ ਨੂੰ ਭੱਤੇ ਕਦੋਂ ਤਕ ਦਿੱਤੇ ਜਾਣਗੇ, ਅਨਾਮਲੀਆਂ ਕਦੋਂ ਤਕ ਦੂਰ ਕੀਤੀਆਂ ਜਾਣਗੀਆਂ ?

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁਕਿਆ ਹਾਂ ਕਿ ਸਾਲ 1982-83 ਵਿੱਚ ਉਨ੍ਹਾਂ ਸਾਰੇ ਦੇ ਸਾਰੇ ਮੁਲਾਜ਼ਮਾਂ ਦੀ ਅਨਾਮਲੀ ਦੂਰ ਕੀਤੀ ਜਾਵੇਗੀ।

**Mr. Speaker :** Question is—

That the Punjab Appropriation Bill be taken into consideration at once.

*The motion was carried.*

**Mr. Speaker :** Now the House will proceed to consider the Bill clause by clause.

**Clause 2**

**Mr. Speaker :** Question is—

That Clause 2 stand part of the Bill.

*The motion was carried.*

**Clause 3**

**Mr. Speaker.:** Question is—

That Clause 3 stand part of the Bill.

*The motion was carried.*

**Schedule**

**Mr. Speaker :** Question is—

That the Schedule stand part of the Bill

*The motion was carried.*

**Clause 1**

**Mr. Speaker :** Question is—

That Clause 1 stand part of the Bill.

*The motion was carried.*

**Title**

**Mr. Speaker :** Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Finance Minister (Doctor Kewal Krishan) :** Sir, I beg to move—

That the Punjab Appropriation Bill be passed.

**Mr. Speaker :** Motion moved—

That the Punjab Appropriation Bill be passed.

**Mr. Speaker :** Question is—

That the Punjab Appropriation Bill be passed.

*The motion was carried.*

**Mr. Speaker :** The House stands adjourned till 2.00 P.M. on Thursday, the 11th March, 1982.

2·00 P.M.

(*The Sabha then adjourned *till* 2.00 *P.M. on Thursday, the* 11*th March*, 1982).

5462 PVS—Govt. Press, Chd.

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1982

Published under the authority of the Punjab Vidhan Sabha and printed by the Controller, Govt. Press, U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

11th *March*, 1982

**Vol. IV – No. 9**

**OFFICIAL REPORT**

CONTENTS

**Thursday, the 11th March, 1982**


| | *Page* |
|---|---|
| Starred Questions and Answers .. | (9)1 |
| Written Answers to Starred Questions laid on the Table of the House under Rule 38 .. | (9)22 |
| Unstarred Questions and Answers .. | (9)33 |
| Call Attention Notices under Rule 66 .. | (9)44 |
| LEGISLATIVE BUSINESS— | |
| **Bill(s)**— | |
| The Punjab Panchayat Samitis and Zila Parishads (Temporary Supersession)—, 1982 (*Introduced*) .. | (9)54 |
| The Punjab Agricultural Produce Markets (Amendment)—, 1982 (*Introduced*) .. | (9)55 |
| Resolution *re*. stepping up of the provision of house sites for landless and weaker sections of the society in the rural areas of the State .. | (9)55 |


---


PUNJAB VIDHAN SABHA SECRETARIAT, CHANDIGARH.

**Price : Rs.** 38.00



*Original with;*
Punjab Vidhan Sabha
*Digitized by;*
Panjab Digital Library

Page

Personal Explanation by Miss Sarla Parasher .. (9)64

Resolution *re.* stepping up of the provision of house sites for landless and weaker sections of the society in the rural areas of the State (*Resumption of discussion*) .. (9)67

Second Report of the Business Advisory Committee .. (9)89

Resolution *re.* stepping up of the provision of house sites for landless and weaker sections of the society in the rural areas of the State (*Resumption of discussion*) .. (9)90

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Thursday, the 11th March, 1982**

*The Vidhan Sabha met in the Punjab Vidhan Sabha Hall, Vidhan Bhavan, Chandigarh, at* 2.00 *p.m. of the Clock. Mr. Speaker (Shri Brij Bhushan Mehra) in the Chair.*

---

### STARRED QUESTIONS AND ANSWERS

**ਨਿਸ਼ਾਨ ਵਾਲਾ ਪ੍ਰਸ਼ਨ ਨੰ:** 1465

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਣ ਨਹੀਂ ਕੀਤਾ ਗਿਆ ।)

---

**Starred Question No. 1424***

**Mr. Speaker** : Extension has been asked for in respect of Starred Question No. 1424.

**ਸ਼੍ਰੀ ਸਪੀਕਰ** : ਅਗਲਾ ਸਵਾਲ ਨੰ: 1300, ਵਲੋਂ ਸਰਦਾਰ ਜਗਤ ਸਿੰਘ ।

**ਸਰਦਾਰ ਸ਼ਮਸ਼ੇਰ ਸਿੰਘ** : ਸਰ, ਮੇਰੇ ਕੋਲ ਇਸ ਦੀ ਅਥਾਰਟੀ ਹੈ, ਮੈਂ ਤੁਹਾਡੇ ਕੋਲ ਭੇਜ ਦਿੰਦਾ ਹਾਂ ।

**ਸ਼੍ਰੀ ਸਪੀਕਰ** : ਠੀਕ ਹੈ ।

---

**Taking over of Veterinary Hospitals under the Control of Zila Parishad**

*1300. **Sardar Jagat Singh** (Put by Sardar Shamsher Singh) : Will the Minister for Development be pleased to state whether the Government propose to take over the Veterinary Hospitals which are under the control of Zila Parishads ; If so the time by which these are likely to be taken over ?

**ਸਰਦਾਰ ਸੰਤੋਖ ਸਿੰਘ ਰੰਧਾਵਾ** : ਇਹ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ਜੀ ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਜਵਾਬ ਭੇਜਿਆ ਹੈ ਉਸ ਵਿਚ ਲਿਖਿਆ ਹੈ ਕਿ ਸਰਕਾਰ ਦੇ ਵਿਚਾਰ ਅਧੀਨ ਹੈ । ਇਹ ਜਿਹੜੇ ਹਸਪਤਾਲ ਹਨ ਇਨ੍ਹਾਂ ਵਿਚ ਤਸੱਲੀਬਖਸ਼ ਇੰਤਜ਼ਾਮ ਨਹੀਂ ਹੈ । ਸਾਰੇ ਹਸਪਤਾਲਾਂ ਦੀ ਬਹੁਤ ਬੁਰੀ ਪੋਜ਼ੀਸ਼ਨ ਹੈ ਅਤੇ ਬਿਲਡਿੰਗਾਂ ਦੀ ਹਾਲਤ ਬਹੁਤ ਖਸਤਾ ਹੈ । ਜਨਤਾ ਦੀ ਸਹੂਲਤ ਵਾਸਤੇ ਮਨਿਸਟਰ ਸਾਹਿਬ ਇਹ ਦੱਸ ਦੇਣ ਕਿ ਇਕ ਸਾਲ ਵਿਚ ਜਾਂ ਦੋ ਸਾਲਾਂ ਵਿਚ ਜਾਂ ਫਿਰ ਕਿੰਨੇ ਸਮੇਂ ਵਿਚ ਇਹ ਸਰਕਾਰ ਜ਼ਿਲ੍ਹਾ ਪ੍ਰੀਸ਼ਦਾਂ ਦੇ ਕੰਟਰੋਲ ਤੋਂ ਆਪਣੇ ਕੰਟਰੋਲ ਵਿਚ ਲੈ ਲਵੇਗੀ ?

---

*For Starred Question No. 1424 and reply thereto, please see Debate dated 25th March, 1982.

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਾਰੇ ਪੰਜਾਬ ਵਿਚ ਜ਼ਿਲਾ ਪ੍ਰੀਸ਼ਦਾਂ ਦੇ ਅੰਡਰ 152 ਹਸਪਤਾਲ ਹਨ ਔਰ ਪੰਚਾਇਤ ਸੰਮਤੀਆਂ ਦੇ ਥੱਲੇ 48 ਡਿਸਪੈਂਸਰੀਆਂ ਹਨ। ਇਨ੍ਹਾਂ ਤੇ ਜਿਹੜੀ ਫਾਈਨਾਂਸ਼ਲ ਇੰਪਲੀਕੇਸ਼ਨ ਹੈ ਉਹ 37.40 ਲੱਖ ਰੁਪਏ ਹੈ। ਮੈਂ ਸਮਝਦਾ ਹਾਂ ਕਿ ਇਹ ਅਗਰ ਅਸੀਂ ਕਰ ਲਈਏ ਤਾਂ ਜਿਹੜਾ ਅਸੀਂ ਡੀਸੈਂਟਰੇਲਾਈਜ਼ੇਸ਼ਨ ਆਫ਼ ਪਾਵਰ ਕਰਨਾ ਚਾਹੁੰਦੇ ਹਾਂ ਇਹ ਚੀਜ਼ ਉਸ ਪਾਲਿਸੀ ਦੇ ਖਿਲਾਫ਼ ਹੋਵੇਗੀ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਨੂੰ ਹੋਰ ਤਾਕਤ ਦੇਈਏ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਹ ਜਿਹੜੇ ਸਾਰੇ ਹਸਪਤਾਲ ਹਨ, ਇਨ੍ਹਾਂ ਨੂੰ ਵੈਟਰਨਰੀ ਡਿਪਾਰਟਮੈਂਟ ਦੇ ਕੰਟਰੋਲ ਵਿਚ ਲੈਣ ਲਈ ਸਰਕਾਰ ਵਿਚਾਰ ਕਰ ਰਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੈਸਲਾ ਕਦੋਂ ਤਕ ਕਰ ਦੇਣਗੇ ਕਿਉਂਕਿ ਇਨ੍ਹਾਂ ਹਸਪਤਾਲਾਂ ਦੀਆਂ ਨਾ ਬਿਲਡਿੰਗਜ਼ ਹਨ ਅਤੇ ਨਾ ਹੀ ਕੋਈ ਮੇਂਟੀਨੈਂਸ ਹੈ ? ਇਸ ਬਾਰੇ ਮੈਂ ਅਗੇ ਵੀ ਵਜ਼ੀਰ ਸਾਹਿਬ ਨੂੰ ਮਿਲਿਆ ਸੀ। ਇਹ ਇਸ ਨੂੰ ਕਿਸੇ ਇਕ ਪ੍ਰਬੰਧ ਥਲੇ ਲੈਣ ਲਈ ਕਿੰਨੇ ਚਿਰ ਵਿਚ ਫੈਸਲਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਵੈਟਰਨਰੀ ਹਸਪਤਾਲ ਹਨ ਇਨ੍ਹਾਂ ਵਿਚ ਜਿਹੜੇ ਵੀ.ਏ. ਐਸ. ਹਨ ਉਹ ਗੌਰਮਿੰਟ ਲਾਉਂਦੀ ਹੈ ਬਾਕੀ ਜਿਹੜੇ ਕੰਪਾਊਂਡਰ ਅਤੇ ਫੋਰਥ ਕਲਾਸ ਦੇ ਬੰਦੇ ਹਨ ਉਹ ਜ਼ਿਲਾ ਪ੍ਰੀਸ਼ਦ ਅਤੇ ਸੰਮਤੀਆਂ ਆਪ ਰਖ ਲੈਂਦੀਆਂ ਹਨ। ਅਸੀਂ ਹਰ ਸਾਲ ਕੈਟਲ ਫੇਅਰ ਫੰਡਜ਼ ਵਿਚੋਂ ਸਾਢੇ 9 ਲੱਖ ਰੁਪਿਆ ਦਿੰਦੇ ਹਾਂ ਔਰ ਜਿੰਨਾਂ ਵੀ ਡੈਫੀਸਿਟ ਹੋਵੇ ਉਹ ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਨੂੰ ਕੈਟਲ ਫੇਅਰ ਫੰਡਜ਼ ਵਿਚੋਂ ਪੂਰਾ ਕੀਤਾ ਜਾਂਦਾ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਵਲੋਂ ਇਨ੍ਹਾਂ ਨੂੰ ਫਾਈਨਾਂਸ਼ਲੀ ਸਟਰੈਂਥਨ ਕੀਤਾ ਗਿਆ ਹੈ। 1981-82 ਵਿਚ ਕੰਟਰੀ ਲਿਕਰ ਤੇ 75 ਪੈਸੇ ਪਰ ਬੋਤਲ ਫੀਸ ਲਾਈ ਸੀ ਜਿਹੜੀ ਕਿ 76.11 ਲੱਖ ਰੁਪਏ ਬਣੀ ਸੀ। ਅਗਲੇ ਸਾਲ ਪੰਜਾਬ ਗੌਰਮਿੰਟ ਦੀ ਬੜੀ ਮੇਹਰਬਾਨੀ ਹੈ ਕਿ ਉਨ੍ਹਾਂ ਇਕ ਰੁਪਿਆ ਹੋਰ ਮੰਨ ਲਿਆ ਹੈ, ਇਸ ਕਰਕੇ ਇਨ੍ਹਾਂ ਨੂੰ ਇਕ ਕਰੋੜ ਰੁਪਿਆ ਆ ਜਾਏਗਾ। ਇਸ ਲਈ ਕੋਈ ਫਾਈਨਾਂਸ਼ਲ ਇੰਪਲੀਕੇਸ਼ਨ ਨਹੀਂ ਹੋਵੇਗੀ ਔਰ ਠੀਕ ਤਰ੍ਹਾਂ ਨਾਲ ਕੰਮ ਚਲੇਗਾ।

**ਸਰਦਾਰ ਬਸੰਤ ਸਿੰਘ ਖਾਲਸਾ** : ਸਪੀਕਰ ਸਾਹਿਬ, ਕੁਝ ਦਿਨ ਪਹਿਲਾਂ ਇਥੇ ਇਸ ਤਰ੍ਹਾਂ ਦਾ ਸੁਆਲ ਆਇਆ ਸੀ। ਇਹ ਖਾਸ ਕਰਕੇ ਕਿਸਾਨਾਂ ਦੇ ਹਿੱਤ ਦੀ ਗਲ ਹੈ ਪਰ ਸਰਕਾਰ ਟਾਲੀ ਜਾ ਰਹੀ ਹੈ। ਪਹਿਲਾਂ ਕਿਸੇ ਵੇਲੇ ਐਜੂਕੇਸ਼ਨ ਵੀ ਇਨ੍ਹਾਂ ਦੇ ਅਧੀਨ ਸੀ ਜਿਹੜੀ ਕਿ ਸਰਕਾਰ ਨੇ ਆਪਣੇ ਕੰਟਰੋਲ ਵਿਚ ਲੈ ਲਈ ਹੈ। ਇਹ ਵੀ ਜ਼ਰੂਰ ਸਰਕਾਰੀ ਤਹਿਵੀਲ ਅਧੀਨ ਲੈਣੀਆਂ ਚਾਹੀ-ਦੀਆਂ ਹਨ। ਇਹ ਦੱਸ ਦੇਣ ਕਿ ਇਹ ਕਦੋਂ ਤਕ ਆਪਣੇ ਕੰਟਰੋਲ ਵਿਚ ਲੈ ਲੈਣਗੇ ਕਿਉਂਕਿ ਨਾ ਉਨ੍ਹਾਂ ਕੋਲ ਕੋਈ ਬਿਲਡਿੰਗਜ਼ ਹਨ ਨਾ ਕੋਈ ਠੀਕ ਪ੍ਰਬੰਧ ਹੈ ?

**ਮੰਤਰੀ** : ਸਪੀਕਰ ਸਾਹਿਬ, ਪੰਚਾਇਤ ਸੰਮਤੀਆਂ ਕੋਲ ਪੰਚਾਇਤ ਸੈਕਟਰੀ ਹਨ ਉਨ੍ਹਾਂ ਨੂੰ ਪ੍ਰੋਵਿੰਸ਼ੇਲਾਈਜ਼ ਕਰ ਦੇਈਏ, ਪਰ ਇਸ ਤਰ੍ਹਾਂ ਕਰਨ ਨਾਲ ਸੰਮਤੀਆਂ ਕੋਲ ਕੋਈ ਚੀਜ਼ ਨਹੀਂ ਰਹਿ ਜਾਂਦੀ। ਮੈਂ ਕਹਿੰਦਾ ਹਾਂ ਕਿ ਜ਼ਿਲਾ ਪ੍ਰੀਸ਼ਦਾਂ ਔਰ ਸੰਮਤੀਆਂ ਕੋਲੋਂ ਇਹੋ ਜਿਹੀਆਂ ਸੰਸਥਾਵਾਂ ਲੈਣ ਦੀ ਬਜਾਏ ਜੋ ਫਾਈਨਾਂਸ਼ਲ ਏਡ ਚਾਹੀਦੀ ਹੈ, ਉਹ ਪੂਰੀ ਕਰ ਦੇਈਏ ਤਾਂ ਸਫੀਸੈਂਟ ਹੋਵੇਗਾ। ਥੱਲੇ ਵੀ ਕੰਟਰੋਲ ਠੀਕ ਹੋਵੇਗਾ ਔਰ ਚੂੰਕਿ ਗੌਰਮਿੰਟ ਨੇ ਏਡ ਦੇਣੀ ਹੈ ਇਸ ਲਈ ਉਸ ਦਾ ਵੀ ਕੰਟਰੋਲ ਠੀਕ ਰਹੇਗਾ।

Original with;
Punjab Vidhan Sabha
Digitized by;
Panjab Digital Library

## Subsidy on Pucca Channels

***1413. Sardar Gurnaib Singh Brar :** Will the Minister for Agriculture and Irrigation be pleased to state whether the Government propose to allow subsidy for the construction of Pucca Channels in the State ?

**Chaudhri Kanshi Ram :** The matter is under the consideration of the Government.

**ਸਰਦਾਰ ਗੁਰਨੈਬ ਸਿੰਘ ਬਰਾੜ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਫੈਸਲਾ ਕਰ ਦੇਣਗੇ ਕਿਉਂਕਿ ਸਰਕਾਰ ਨੇ ਲੋਕਾਂ ਨਾਲ ਵਾਅਦਾ ਵੀ ਕੀਤਾ ਸੀ ਕਿ ਸਬਸਿਡੀ ਦਿਆਂਗੇ, ਪਰ ਦੇ ਨਹੀਂ ਸੀ ਸਕੀ। ਇਹ ਸਮਾਂ ਨਿਸ਼ਚਿਤ ਕਰ ਦੇਣ ਕਿ ਕਿੰਨੇ ਸਮੇਂ ਵਿਚ ਇਹ ਫੈਸਲਾ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਇਸ ਸੁਆਲ ਦਾ ਮੈਂ ਕਾਲ ਅਟੈਨਸ਼ਨ ਨੋਟਿਸ ਵਿਚ ਜਵਾਬ ਦਿਤਾ ਸੀ, ਮੈਂ ਉਸ ਜਵਾਬ ਤੋਂ ਚੰਗਾ ਕੋਈ ਜਵਾਬ ਦੇ ਨਹੀਂ ਪਾਵਾਂਗਾ। ਮੈਂ ਇੰਨਾ ਕਹਿ ਸਕਦਾ ਹਾਂ ਕਿ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਮੈਂ ਸਤਿਕਾਰ ਯੋਗ ਮੰਤਰੀ ਜੀ ਤੋਂ ਤੁਹਾਡੀ ਮਾਰਫਤ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਵਿਚ ਪੱਕੇ ਖਾਲਿਆਂ ਦੇ ਸਬੰਧ ਵਿਚ ਸਬਸਿਡੀ ਨਾ ਦੇਣ ਕਾਰਣ ਬੜੀ ਬੇਚੈਨੀ ਹੈ। ਅਗੇ ਵੀ ਕਈ ਡਿਮਾਂਸਟਰੇਸ਼ਨਜ਼ ਹੋਈਆਂ ਹਨ ਅਤੇ ਰੈਲੀਆ ਵੀ ਹੋਈਆਂ ਹਨ। ਇਹ ਜਿਹੜੀ ਲੋਕਾਂ ਵਿਚ ਬੇਚੈਨੀ ਹੈ ਇਸ ਨੂੰ ਦੂਰ ਕਰਨ ਲਈ ਕੀ ਕੋਈ ਦਿਨ ਮੁਕਰੱਰ ਕਰਨਗੇ ਕਿ ਫਲਾਂ ਦਿਨ ਤਕ ਸਬਸਿਡੀ ਦਿਆਂਗੇ ?

**ਮੰਤਰੀ** : ਸਪੀਕਰ ਸਾਹਿਬ, ਮੈਨੂੰ ਇਹ ਗਲ ਜਚੀ ਨਹੀਂ। ਆਨਰੇਬਲ ਸਰਦਾਰ ਆਤਮਾ ਸਿੰਘ ਜੋ ਖੁਦ ਵੀ ਮਨਿਸਟਰ ਰਹੇ ਹਨ, ਉਹ ਉਮਰ ਰਸੀਦ ਵੀ ਹਨ ਅਤੇ ਬਜ਼ੁਰਗ ਵੀ ਹਨ। ਅਗਰ ਪਾਣੀ ਚੰਗਾ ਲਗਦਾ ਹੋਵੇ ਔਰ ਫਿਰ ਲੋਕਾਂ ਵਿਚ ਬੇਚੈਨੀ ਹੋਵੇ ਉਸ ਦਾ ਮੇਰੇ ਕੋਲ ਕੋਈ ਇਲਾਜ ਨਹੀਂ। ਪਾਣੀ ਬਹੁਤ ਅੱਛਾ ਲਗ ਰਿਹਾ ਹੈ ਔਰ ਲੋਕਾਂ ਨੂੰ ਬਹੁਤ ਫ਼ਾਇਦਾ ਹੋ ਰਿਹਾ ਹੈ। ਸਪੀਕਰ ਸਾਹਿਬ, ਦਿਤੇ ਹੋਏ ਪੈਸੇ ਜਿਹੜੇ ਉਸ ਤੇ ਖਰਚ ਹੋਏ, ਉਹ ਵਾਪਸ ਲੈਣ ਲਈ ਬੇਚੈਨੀ ਹੈ। ਇੰਨੀ ਬੇਚੈਨੀ ਲੈਣ ਵਾਲੇ ਨੂੰ ਹੋਣੀ ਵੀ ਚਾਹੀਦੀ ਹੈ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦਾ ਹਾਂ। ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪਿਛੇ ਜਿਹੇ ਉਹ ਧਿਆਨ ਦਿਵਾਊ ਮਤੇ ਤੇ ਜੋ ਜਵਾਬ ਦੇ ਚੁਕੇ ਹਨ ਉਸ ਤੋਂ ਵੱਧ ਨਹੀਂ ਦੇ ਸਕਣਗੇ। ਸਪੀਕਰ ਸਾਹਿਬ, ਉਹ ਜਵਾਬ ਸਿਰਫ ਜ਼ਿਲਾ ਪਟਿਆਲਾ ਵਾਸਤੇ ਸੀ। ਇਸ ਦੇ ਨਾਲ ਫਿਰੋਜ਼ਪੁਰ, ਬਠਿੰਡਾ ਅਤੇ ਸੰਗਰੂਰ ਜ਼ਿਲ੍ਹੇ ਸਬੰਧਤ ਹਨ। ਉਥੇ ਬੜੀਆਂ ਬੜੀਆਂ ਕਾਨਫਰੰਸਾਂ ਹੋ ਰਹੀਆਂ ਹਨ। ਇਹ ਇੰਨਾਂ ਦੱਸਣ ਕਿ ਜਿਹੜੀ ਸਬਸਿਡੀ ਦੇਣੀ ਹੈ ਉਹ ਕਦੋਂ ਤਕ ਦੇਣੀ ਹੈ ? ਜੂਨ, ਜੁਲਾਈ ਵਿਚ ਵਰੰਟ ਇਸ਼ੂ ਕੀਤੇ ਜਾਂਦੇ ਹਨ। ਕੀ ਇਹ ਜਾਇਜ਼ ਸਮਝਦੇ ਹਨ ਕਿ ਨਹਿਰਾਂ ਦੀ ਖੁਦਾਈ ਠੀਕ ਹੋਈ ਹੈ, ਉਸ ਦੇ ਨਾਲ ਇਰੀਗੇਸ਼ਨ ਚੰਗੀ ਹੋਈ ਹੈ। ਕੀ ਉਸ ਦਾ ਭਾਰ ਕਿਸਾਨ ਤੇ ਪਾ ਦਿਤਾ ਜਾਂਦਾ ? ਅਸੀਂ ਇਹ ਪੁੱਛਣਾ ਚਾਹੁੰਦੇ ਹਾਂ ਕਿ ਮੁਆਵਜ਼ੇ ਦੇ ਤੌਰ ਤੇ ਕਿਸਾਨ ਨੂੰ ਕੀ ਦੇਣਾ ਚਾਹੁੰਦੇ ਹਨ ਔਰ ਕਦੋਂ ਤਕ ਦੇਣਾ ਚਾਹੁੰਦੇ ਹਨ, ਇਹ ਦੱਸ ਦੇਣ ?

**ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਇਹ ਕਨਫੈੱਸ ਕੀਤਾ ਹੈ ਕਿ ਇਰੀਗੇਸ਼ਨ ਜ਼ਿਆਦਾ ਹੋਈ ਹੈ ਹਾਲਾਂਕਿ ਕੁਆਂਟਮ ਆਫ ਵਾਟਰ ਉਤਨਾ ਹੀ ਹੈ। ਮਾਨਯੋਗ ਮੈਂਬਰ ਨੂੰ ਇਹ

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

ਬੜੀ ਅੱਛੀ ਤਰ੍ਹਾਂ ਗਿਆਤ ਹੈ ਕਿ ਕੈਨਾਲ ਵਾਟਰ ਦੀ ਸਪਲਾਈ ਕਮਰਸ਼ੀਅਲ ਰੇਟ ਤੇ ਨਹੀਂ ਹੋ ਰਹੀ। ਕੈਨਾਲ ਐਕਟ ਵਿਚ ਵੀ ਇਹ ਪ੍ਰੋਵੀਜ਼ਨ ਨਹੀਂ ਹੈ ਕਿ ਇਹ ਪਾਣੀ ਕਮਰਸ਼ੀਅਲ ਰੇਟ ਤੇ ਦੇਣਾ ਹੈ। ਤੀਸਰੀ ਗੱਲ, ਸਪੀਕਰ ਸਾਹਿਬ, ਇਹ ਹੈ ਕਿ ਜਿਸ ਬੰਦੇ ਦੀ ਖਾਤਰ ਰੁਪਏ ਖਰਚ ਹੋਏ ਹਨ, ਉਹ ਤਾਂ ਰਿਕਵਰ ਹੋਣੇ ਹੀ ਹਨ। ਇਸ ਵਿੱਚ ਬੇਚੈਨੀ ਨਾ ਕਰਵਾਈਏ ਤਾਂ ਹੀ ਚੰਗਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਬੜੇ ਸਿਆਣੇ ਹਨ। ਇਹ ਕਿਸਾਨ ਵੀ ਹਨ। ਸਪੀਕਰ ਸਾਹਿਬ, ਜਿਸ ਤਰ੍ਹਾਂ ਇੰਡਸਟਰੀ ਵਾਸਤੇ ਸਰਕਾਰ ਨੇ ਸੜਕਾਂ ਬਣਾਈਆਂ ਹਨ ਅਤੇ ਬਿਜਲੀ ਪ੍ਰੋਵਾਈਡ ਕੀਤੀ ਹੈ, ਕਿਉਂਕਿ ਇਹ ਇੰਡਸਟਰੀ ਦੀਆਂ ਬੁਨਿਆਦੀ ਲੋੜਾਂ ਹਨ, ਇਹ ਇੰਡਸਟਰੀ ਦੀ ਡਿਵੈਲਪਮੈਂਟ ਵਾਸਤੇ ਖਰਚ ਕੀਤੇ ਹਨ। ਇਹ ਖਰਚ ਇੰਡਸਟਰੀ-ਅਲਿਸਟਾਂ ਤੋਂ ਵਸੂਲ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਕਿਸਾਨ ਦੇ ਖੇਤ ਤਕ ਪਾਣੀ ਪਹੁੰਚਾਉਣਾ ਕਿਸਾਨ ਦੀ ਬੁਨਿਆਦੀ ਲੋੜ ਹੈ। ਕੱਚੇ ਖਾਲਿਆਂ ਦੀ ਥਾਂ ਸਰਕਾਰ ਹੁਣ ਪੱਕੇ ਖਾਲਿਆਂ ਰਾਹੀਂ ਇਹ ਪਾਣੀ ਕਿਸਾਨ ਦੇ ਖੇਤ ਤਕ ਪਹੁੰਚਾਉਣ ਦਾ ਯਤਨ ਕਰਦੀ ਹੈ। ਕੀ ਇੰਡਸਟਰੀ ਵਾਂਗ ਕਿਸਾਨਾਂ ਨੂੰ ਵੀ ਖਾਲੇ ਪੱਕੇ ਕਰਨ ਦਾ ਸਾਰਾ ਖਰਚ ਸਰਕਾਰ ਮੁਆਫ ਕਰਨ ਨੂੰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਸਰਦਾਰ ਬਲਵਿੰਦਰ ਸਿੰਘ ਅਕਾਲੀ ਦਲ ਦਾ ਇਕ ਕਿਸਾਨ ਦਲ ਹੈ, ਇਹ ਉਸਦੇ ਆਗੂ ਹਨ। ਜਿਥੋਂ ਤਕ ਇਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਦੀ ਜ਼ਿਮੇਵਾਰੀ ਹੈ ਕਿ ਕਿਸਾਨ ਦੇ ਖੇਤ ਤਕ ਪਾਣੀ ਪਹੁੰਚਾ ਦੇਵੇ, ਇਹ ਜ਼ਿਮੇਵਾਰੀ ਸਰਕਾਰ ਮੁਕੰਮਲ ਤੌਰ ਤੇ ਕਰ ਰਹੀ ਹੈ। ਹਰ ਡਿਸਟ੍ਰੀਬਿਊਟਰੀ ਵਿਚ ਇਕ ਆਊਟਲੈਟ ਹੁੰਦਾ ਹੈ। ਮੋਘੇ ਦਾ ਚੈਕ ਡੀਮਾਰਕੇਟ ਹੋਇਆ ਹੁੰਦਾ ਹੈ। ਉਹ ਆਊਟਲੈਟ ਕਿਸੇ ਦੀ ਜ਼ਮੀਨ ਵਿਚ ਹੀ ਖੁਲ੍ਹਦਾ ਹੈ। ਸਰਕਾਰ ਦੀ ਪ੍ਰਾਇਮਰੀ ਜ਼ਿਮੇ-ਵਾਰੀ ਉਥੇ ਖ਼ਤਮ ਹੋ ਜਾਂਦੀ ਹੈ। ਇਸ ਤੋਂ ਬਾਅਦ ਕਿਸਾਨ ਪਾਣੀ ਕੱਚੇ ਖਾਲੇ ਵਿੱਚ ਲੈ ਜਾਵੇ ਜਾਂ ਪੱਕੇ ਖਾਲੇ ਵਿੱਚ ਲੈ ਜਾਵੇ। ਅੱਗੇ ਪਾਣੀ ਲਾਉਣ ਲਈ ਕਿਸਾਨ ਤਿੰਨ ਦਿਹਾੜੀਏ ਰਖਦਾ ਸੀ ਹੁਣ ਉਨ੍ਹਾਂ ਦੀ ਸੁਵਿਧਾ ਲਈ ਪੱਕੇ ਖਾਲੇ ਕੀਤੇ ਹਨ ਤਾਂਕਿ ਇੱਕ ਹੀ ਦਿਹਾੜੀਆ ਲਾਉਣਾ ਪਏ। ਅੱਜ ਪੰਜਾਬ ਵਿਚ ਦਿਹਾੜੀਏ ਮਿਲਦੇ ਨਹੀਂ। ਪੂਰਬੀਏ ਲਿਆਉਣੇ ਪੈਂਦੇ ਹਨ। ਮੈਨ ਪਾਵਰ ਦੀ ਬੱਚਤ ਖਾਤਰ ਸਰਕਾਰ ਨੇ ਇਹ ਸਕੀਮ ਅਡਾਪਟ ਕੀਤੀ ਹੈ। ਉਸ ਦੇ ਵਿਚ ਅਸੀਂ ਇਹ ਮੰਨਿਆ ਸੀ ਕਿ ਇਹ ਰੁਪਿਆ ਕਿਸਾਨ ਕੋਲੋਂ ਵਾਪਸ ਲੈ ਕੇ ਐਗਰੀਕਲਚਰ ਰੀਫਾਈਨੈਂਸ ਅਤੇ ਵਰਲਡ ਬੈਂਕ ਨੂੰ ਦੇ ਦਿਆਂਗੇ। ਸਪੀਕਰ ਸਾਹਿਬ, ਇਹ ਗਲ ਕਹਿੰਦਿਆਂ ਸੰਗ ਲਗਦੀ ਹੈ ਕਿ ਜਦੋਂ ਇਹ ਫੈਸਲਾ ਕੀਤਾ ਗਿਆ ਸੀ ਉਦੋਂ ਸਰਦਾਰ ਬਲਵਿੰਦਰ ਸਿੰਘ ਆਪ ਕੈਬਨਿਟ ਰੈਂਕ ਦੇ ਵਜ਼ੀਰ ਸਨ। ਹੁਣ ਇਹ ਆਪਣੇ ਆਖੇ ਤੋਂ ਮੁਨਕਰ ਹੋਈ ਤੁਰੀ ਜਾਂਦੇ ਹਨ।

**ਸਰਦਾਰ ਹਰਚੰਦ ਸਿੰਘ ਬਰਾੜ**: ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਵਜ਼ੀਰ ਸਾਹਿਬ ਨੂੰ ਬੜੇ ਪਿਆਰ ਨਾਲ ਇਕ ਗੱਲ ਪੁੱਛਣਾ ਚਾਹੁੰਦਾ ਹਾਂ, ਪਰ ਮੇਰੀ ਗੱਲ ਪੂਰੀ ਸੁਣ ਲੈਣਾ। ਮੈਂ ਵਜ਼ੀਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਡਿਵੀਜ਼ਨ ਕੈਨਾਲ, ਫਿਰੋਜ਼ਪੁਰ ਵਿੱਚ ਸੰਧੂ ਐਸ.ਈ. ਲੱਗਾ ਹੋਇਆ ਹੈ ਉਸ ਬਾਰੇ ਲੋਕਾਂ ਵਿਚ ਬੜਾ ਰੌਲਾ ਹੈ। ਤਿੰਨ ਸਾਲ ਹੋਏ ਹਨ ਉਸਨੂੰ ਐਕਸ.ਈ.ਐਨ. ਲੱਗਿਆ। ਉਸਦੀ ਇਨਕੁਆਇਰੀ ਕਰਾਉਣ ; ਅਗਰ ਉਸ ਕੋਲ 25 ਲੱਖ ਰੁਪਏ ਤੋਂ ਘੱਟ ਹੋਣ ਤਾਂ ਮੈਂ ਵਿਧਾਨ ਸਭਾ ਵਿਚ 25 ਲੱਖ ਰੁਪਏ ਦਾ ਹਰਜਾਨਾ ਦਿਆਂਗਾ।

**ਸ਼੍ਰੀ ਸਪੀਕਰ** : ਇਹ ਰੈਲੇਵੈਂਟ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੀ ਅਰਜ਼ ਸੁਣ ਲਓ। ਸਪੀਕਰ ਸਾਹਿਬ ਐਡਾ ਵੱਡਾ ਕਰਾਈਮ ਹੁੰਦਾ ਹੈ। ਵਜ਼ੀਰ ਸਾਹਿਬ ਇਨਕੁਆਇਰੀ ਕਰਾਉਣ ਉਸ ਐਸ.ਈ. ਦੇ ਖਿਲਾਫ। ਅਗਰ ਮੈਂ ਝੂਠਾ ਸਾਬਤ ਹੋਵਾਂ ਤਾਂ ਮੈਂ ਹਰਜਾਨਾਂ ਗੌਰਮਿੰਟ ਨੂੰ ਦਿਆਂਗਾ। ਵਜ਼ੀਰ ਸਾਹਿਬ ਇਸ ਗਲ ਦਾ ਜਵਾਬ ਦੇਣ। ਇਨ੍ਹਾਂ ਦਾ ਠੇਕੇਦਾਰਾਂ ਨਾਲ 5% ਹੁੰਦਾ ਸੀ, ਉਹ ਹੁਣ 15% ਹੋ ਗਿਆ ਹੈ। ਇਸੇ ਤਰ੍ਹਾਂ ਐਸ.ਈ. ਦਾ 2% ਹੁੰਦਾ ਸੀ ਉਹ ਹੁਣ 7% ਹੋ ਗਿਆ ਹੈ। 50% ਪੈਸਾ ਸਰਕਾਰੀ ਕੰਮ ਤੇ ਖਰਚ ਹੁੰਦਾ ਹੈ। ਲੋਕਾਂ ਦਾ ਪੈਸਾ ਲੁਟਿਆ ਜਾ ਰਿਹਾ ਹੈ। ਸਪੀਕਰ ਸਾਹਿਬ, ਅਗਰ ਮੈਂ ਝੂਠਾ ਸਾਬਤ ਹੋਵਾਂ ਤਾਂ ਮੈਨੂੰ ਜੋ ਮਰਜ਼ੀ ਸਜ਼ਾ ਦਿਓ।

**ਸ੍ਰੀ ਸਪੀਕਰ** : ਇਹ ਇਰਰੈਲੇਵੈਂਟ ਹੈ। ਅਗਲਾ ਸਵਾਲ ਸਰਦਾਰ ਲੱਖਾ ਸਿੰਘ।

**ਸਰਦਾਰ ਹਰਚੰਦ ਸਿੰਘ ਬਰਾੜ**: ਸਪੀਕਰ ਸਾਹਿਬ, ਮੈਨੂੰ ਵਜ਼ੀਰ ਸਾਹਿਬ ਤੋਂ ਇਸ ਬਾਰੇ ਜਵਾਬ ਦਿਵਾਓ।

**ਸ੍ਰੀ ਸਪੀਕਰ**: ਇਸ ਦੇ ਮੁਤੱਲਕ ਤੁਸੀਂ ਚੌਥੀ ਵਾਰ ਕਹਿ ਰਹੇ ਹੋ। ਇਹ ਕੋਈ ਸਪਲੀਮੈਂਟਰੀ ਨਹੀਂ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ ਬਹੁਤ ਸ਼ਿਦਤ ਨਾਲ ਸ਼ੋਰ ਪਾ ਬੈਠੇ ਹਨ। ਇਨ੍ਹਾਂ ਨੂੰ ਕਹੋ ਕਿ ਸੈਪਰੇਟ ਕੁਐਸ਼ਚਨ ਦੇ ਦੇਣ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਖਾਲੇ ਪੱਕੇ ਕਰਨ ਨਾਲ ਜ਼ਿਮੀਂਦਾਰ ਨੂੰ ਫਾਇਦਾ ਪਹੁੰਚਦਾ ਹੈ ...

**ਸਰਦਾਰ ਹਰਚੰਦ ਸਿੰਘ ਬਰਾੜ** : ** ** **

**ਸ੍ਰੀ ਸਪੀਕਰ** : ਇਹ ਜੋ ਕੁਝ ਬਰਾੜ ਸਾਹਿਬ ਬਗੈਰ ਇਜਾਜ਼ਤ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜ਼ਿਮੀਂਦਾਰ ਨੂੰ ਤਿੰਨ ਦੀ ਥਾਂ ਹੁਣ ਇਕ ਦਿਹਾੜੀਆ ਲਾਉਣਾ ਪਵੇਗਾ। ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਖਾਲੇ ਪੱਕੇ ਕਰਨ ਨਾਲ 25,000 ਹੈਕਟੇਅਰ ਰਕਬਾ ਵੱਧ ਸੈਰਾਬ ਹੋਵੇਗਾ। ਇਸ ਤਰ੍ਹਾਂ ਨਾਲ ਸਰਕਾਰ ਨੂੰ ਮਾਲੀਆ ਵੀ ਵੱਧ ਮਿਲੇਗਾ। ਕੀ ਇਸ ਗਲ ਨੂੰ ਮੁਖ ਰਖਦੇ ਹੋਏ ਸਰਕਾਰ ਖਾਲੇ ਪੱਕੇ ਕਰਨ ਤੇ ਜੋ ਖਰਚਾ ਆਇਆ ਹੈ ਉਸਦਾ 75% ਜਾਂ ਸਾਰਾ ਪੈਸਾ ਕਿਸਾਨ ਨੂੰ ਮੁਆਫ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਸਿੰਪਲ ਅਰਥਮੈਟਿਕ ਹੈ। ਖਿਆਲਾ ਸਾਹਿਬ, ਹਿਸਾਬ ਕਰ ਲੈਣ। 25,000 ਨੂੰ 15 ਨਾਲ ਜ਼ਰਬ ਦੇ ਦੇਣ, ਇਨ੍ਹਾਂ ਨੂੰ ਪਤਾ ਲੱਗ ਜਾਵੇਗਾ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1440**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

**Not as ordered by the Chair.

Original with;
Punjab Vidhan Sabha
Digitized by;
Panjab Digital Library

**Villages brought within the limits of Municipal Corporation, Amritsar**

***1463. Sardar Lakha Singh** : Will the Minister for Local Government be pleased to state :—

(a) the names of the villages which have been brought within the limits of Municipal Corporation, Amritsar ;

(b) the area of Shamlat Land in each of the said villages together with the details of such area, if any, under unauthorised possession village-wise and the steps being taken to get it vacated ?

**Shri Sardari Lal Kapur** : (a) and (b) There are twenty-two villages within the limits of Municipal Corporation, Amritsar. The list showing names of the villages, area of Shamlat land, area under encroachments and steps taken to remove the encroachments is laid on the Table of the House.

**Information**

| Sr. No. | Name of the Village | Nature & Total Area of Shamlat Land | Encroachment if any | Steps taken to remove encroachment |
|---|---|---|---|---|
| 1 | 2 | 3 | 4 | 5 |
| 1 | Wadali Guru .. | Total area 527 Kanal, 12 Marlas (Agricultural land 134 Kanal, 9 Marlas and non-agricultural land 393 Kanal, 3 Marlas) | 6 Kanals (Passage) | The passage has been demarcated at site with pillars and Engineering Deptt. will lay the road |
| 2. | Sultanwind Sub-Urban | Nil | Nil | Nil |
| 3. | Daburji .. | Nil | Nil | Nil |
| 4. | Verka .. | Nil | Nil | Nil |
| 5. | Kot Khalsa .. | 50 Kanal, 1 Marla (Non-Agricultural) | Nil | Nil |
| 6. | Tungbala Sub-Urban | Nil | Nil | Nil |
| 7. | Mustafabad .. | Nil | Nil | Nil |
| 8. | Vijay Nagar .. | Nil | Nil | Nil |
| 9. | Mokhampura .. | Nil | Nil | Nil |
| 10. | Kot Mit Singh .. | Nil | Nil | Nil |
| 11. | Gopal Nagar .. | 2 Kanals (Non-agricultural) (Quarters) | Nil | Nil |

Original with;
Punjab Vidhan Sabha
Digitized by;
Panjab Digital Library

| S. No. | Name of the Village | Nature and Total Area of Shamlat Land | Encroachment, if any | Steps taken to remove encroachment |
|---|---|---|---|---|
| 1 | 2 | 3 | 4 | 5 |
| 12. | Kala .. | 88 Kanals, 8 Marlas (Non-Agricultural) | 5 Kanals | It was a pond. The Harijans had constructed the houses before the extension of Municipal limits, by filling the pond. |
| 13. | Rakh Shikar Gah | 26 Kanals, 1 Marla | Nil | Nil |
| 14. | Ghanupur .. | Nil | Nil | Nil |
| 15. | Makbulpura .. | Nil | Nil | Nil |
| 16. | Fatehpur .. | 534 Kanals, 8 Marlas (Agricultural land 156 Kanals, 15 Marlas and 377 Kanals, 13 Marlas Non-Agricultural) | 6 Kanals | The Harijans had constructed their houses during the time of Panchayat and before the extension of Municipal limits |
| 17. | Bharariwal Sub-Urban | 272 Kanals 15 Marlas (Agricultural land 65 Kanals, 18 Marlas and Non-Agricultural 206 Kanals, 17 Marla) | Nil | Nil |
| 18. | Dhapai .. | Nil | Nil | Nil |
| 19. | Vallah .. | 30 Kanals 16 Marlas (Non-Agricultural land) | 3 Kanals (Passage) | Public passage has been encroached by certain persons at certain points for which demarcation has been given. It has been assured that the passage will be vacated after the Rabi crop |
| 20. | Tungpai (Sub-Urban) | Nil | Nil | Nil |
| 21. | Khankot .. | Nil | Nil | Nil |
| 22. | Mulechack .. | Nil | Nil | Nil |

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਅਸੀਂ ਪੰਜਾਬੀ ਪੜ੍ਹੇ ਹੋਏ ਹਾਂ ਪਰ ਮਨਿਸਟਰ ਸਾਹਿਬ ਨੇ ਪੰਜਾਬੀ ਵਿੱਚ ਜਵਾਬ ਨਹੀਂ ਦਿੱਤਾ। ਇਨ੍ਹਾਂ ਨੇ ਕਿਹਾ ਹੈ ਕਿ 22 ਪਿੰਡ ਅੰਮ੍ਰਿਤਸਰ ਕਾਰਪੋਰੇਸ਼ਨ ਵਿਚ ਚਲੇ ਗਏ ਹਨ। ਪਿੰਡ ਸਾਡੇ 26 ਕਾਰਪੋਰੇਸ਼ਨ ਵਿਚ ਆਏ ਹਨ । ਇਨ੍ਹਾਂ ਨੇ ਚਾਰ ਘੱਟ ਦੱਸੇ ਹਨ। ਸਪੀਕਰ ਸਾਹਿਬ, ਇਹ ਪਿੰਡ ਪਹਿਲਾਂ ਪੰਚਾਇਤਾਂ ਕੋਲ ਸਨ। ਇਨ੍ਹਾਂ ਲੋਕਾਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਲੱਖਾ ਸਿੰਘ]

ਦੀ ਜੋ ਸ਼ਾਮਲਾਤ ਜ਼ਮੀਨ ਸੀ ਉਸ ਦੇ ਮੁਤੱਲਕ ਮੈਂ ਸਵਾਲ ਕੀਤਾ ਹੈ। ਉਹ ਜ਼ਮੀਨ ਤਕੜੇ ਲੋਕਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਹੈ। ਅੱਜ ਉਹ ਜ਼ਮੀਨ ਪੰਜ ਸੌ ਰੁਪਏ ਗਜ਼ ਵਿਕਦੀ ਹੈ। ਉਹ ਦੱਸੋ ਵਜ਼ੀਰ ਸਾਹਿਬ, ਤੁਸੀਂ ਐਕੁਆਇਰ ਕਰਕੇ ਆਪਣੇ ਕਬਜ਼ੇ ਵਿਚ ਕਦੋਂ ਤਕ ਲੈ ਲਵੋਗੇ ?

**ਮੰਤਰੀ** : ਜਿਹੜਾ ਜਵਾਬ ਦਿੱਤਾ ਗਿਆ ਹੈ ਉਸ ਵਿਚ ਸਾਰੀ ਡੀਟੇਲ ਦਿੱਤੀ ਹੋਈ ਹੈ, ਜੇਕਰ ਕੋਈ ਹੋਰ ਡੀਟੇਲ ਮੈਂਬਰ ਸਾਹਿਬ ਪੁਛਣਾ ਚਾਹੁੰਦੇ ਹਨ ਤਾਂ ਇਹ ਫਿਰ ਪੁੱਛ ਲੈਣ, ਮੈਂ ਦੱਸਣ ਨੂੰ ਤਿਆਰ ਹਾਂ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਿਆ ਸੀ ਕਿ ਜਿਹੜੀ ਜ਼ਮੀਨ ਪਿੰਡਾਂ ਦੀ ਸ਼ਾਮਲਾਤ ਜ਼ਮੀਨ ਹੈ, ਉਸ ਜ਼ਮੀਨ ਤੇ ਕਈਆਂ ਲੋਕਾਂ ਨੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਕੀ ਉਹ ਨਜਾਇਜ਼ ਕਬਜ਼ੇ ਹਟਾ ਦੇਣਗੇ ? ਮੇਰੇ ਇਸ ਸਵਾਲ ਦਾ ਜਵਾਬ ਵਜ਼ੀਰ ਸਾਹਿਬ ਦੇਣ। ਇਹ ਵੀ ਦੱਸਣ ਕਿ ਕਦੋਂ ਤਕ ਉਹ ਸ਼ਾਮਲਾਤ ਜ਼ਮੀਨ ਸਰਕਾਰ ਆਪਣੇ ਕਬਜ਼ੇ ਵਿਚ ਲੈ ਲਵੇਗੀ ?

**ਮੰਤਰੀ** : ਸਪੀਕਰ ਸਾਹਿਬ, ਥੋੜੇ ਜਿਹੇ ਪਿੰਡ ਹਨ ਜਿਥੇ ਕਿ ਲੋਕਾਂ ਨੇ ਇਸ ਤਰ੍ਹਾਂ ਨਾਲ ਜ਼ਮੀਨ ਘੇਰੀ ਹੋਈ ਹੈ। ਉਸ ਦੇ ਬਾਰੇ ਅਸੀਂ ਐਕਸ਼ਨ ਲੈ ਰਹੇ ਹਾਂ ਔਰ ਜਿਹੜੀ ਇਨਕਰੋਚ-ਮੈਂਟ ਹੋਈ ਹੈ, ਉਸ ਨੂੰ ਅਸੀਂ ਦੂਰ ਕਰਵਾ ਰਹੇ ਹਾਂ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਉਨਾਂ ਪਿੰਡਾਂ ਦੀ 25-25, 30-30 ਹਜ਼ਾਰ ਦੀ ਆਬਾਦੀ ਹੈ। ਇਨ੍ਹਾਂ ਨੇ ਚਾਰ ਪਿੰਡ ਤਾਂ ਲਿਸਟ ਵਿਚ ਦਿੱਤੇ ਹੀ ਨਹੀਂ ਹਨ। ਮੈਨੂੰ ਇਹ ਦੱਸਣ ਕਿ ਕਦੋਂ ਤਕ ਸਰਕਾਰ ਨਜਾਇਜ਼ ਕਬਜ਼ੇ ਦੂਰ ਕਰਕੇ ਜ਼ਮੀਨ ਆਪਣੇ ਕਬਜ਼ੇ ਵਿਚ ਲੈ ਲਵੇਗੀ ?

**ਮੰਤਰੀ** : ਸਪੀਕਰ ਸਾਹਿਬ, ਜਿਤਨੇ ਪਿੰਡ ਬਣੇ ਹੋਏ ਹੁੰਦੇ ਹਨ ਉਨ੍ਹਾਂ ਨੂੰ ਘਟਾਇਆ ਨਹੀਂ ਜਾ ਸਕਦਾ, ਉਹ ਉਤਨੇ ਹੀ ਰਹਿੰਦੇ ਹਨ। ਬਾਕੀ ਗੱਲ ਇਹ ਹੈ ਕਿ ਜਿਹੜੇ ਪਿੰਡ ਕਾਰਪੋਰੇਸ਼ਨ ਦੀ ਲਿਮਿਟ ਥੱਲੇ ਆਏ ਹਨ ਇਹ ਉਨ੍ਹਾਂ ਪਿੰਡਾਂ ਦਾ ਜ਼ਿਕਰ ਕੀਤਾ ਹੈ। ਜਵਾਬ ਦੇ ਨਾਲ ਬਕਾਇਦਾ ਲਿਸਟ ਪਿੰਡਾਂ ਦੀ ਲਗਾਈ ਹੋਈ ਹੈ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਤੁਸੀਂ ਇਹ ਮੈਂਬਰ ਸਾਹਿਬ ਨੂੰ ਦੱਸੋ ਕਿ ਸ਼ਾਮਲਾਟ ਲੈਂਡ ਜਿਸ ਤੇ ਲੋਕਾਂ ਨੇ ਕਬਜ਼ੇ ਕੀਤੇ ਹੋਏ ਹਨ, ਉਹ ਉਨ੍ਹਾਂ ਤੋਂ ਕਦੋਂ ਤਕ ਖਾਲੀ ਕਰਵਾ ਲਵੋਗੇ ?

**ਮੰਤਰੀ**: ਮੇਰੇ ਪਾਸ ਸਾਰੀ ਡੀਟੇਲ ਹੈ ਜੀ, ਕਹੋ ਤਾਂ ਮੈਂ ਦੱਸ ਦਿੰਦਾ ਹਾਂ। ਸਪੀਕਰ ਸਾਹਿਬ, ਟੋਟਲ ਏਰੀਆ 527 ਕਨਾਲ 12 ਮਰਲੇ ਹੈ ਔਰ ਛੇ ਕਨਾਲ ਪੈਸੇਜ ਬਣਦਾ ਹੈ। ਉਸ ਦੀ ਡੀ-ਮਾਰਕੇਸ਼ਨ ਹੋ ਚੁਕੀ ਹੈ ਔਰ ਇੰਜਨੀਅਰਿੰਗ ਡਿਪਾਰਟਮੈਂਟ ਦਾ ਕੰਮ ਹੋ ਰਿਹਾ ਹੈ।

**ਸਰਦਾਰ ਲੱਖਾ ਸਿੰਘ** : ਸਪੀਕਰ ਸਾਹਿਬ, ਮੇਰਾ ਅਜੇ ਸਵਾਲ ਲੱਗਾ ਹੀ ਨਹੀਂ ਸੀ ਕਿ ਸਰਕਾਰ ਦੇ ਅਫਸਰਾਂ ਨੇ ਉਥੇ ਜਾ ਕੇ ਲੋਕਾਂ ਤੋਂ ਨਜਾਇਜ਼ ਤੌਰ ਤੇ ਜ਼ਮੀਨ ਤੇ ਕਬਜ਼ੇ ਕਰਵਾ ਦਿਤੇ ਹਨ। ਬਾਅਦ ਵਿਚ ਮੇਰਾ ਸਵਾਲ ਲੱਗਾ ਹੈ। ਉਹ ਕਬਜ਼ੇ ਕਦੋਂ ਤਕ ਹਟਵਾ ਦੇਣਗੇ ?

**ਮੰਤਰੀ** : ਇਸ ਸਪਲੀਮੈਂਟਰੀ ਦਾ ਮੈਂ ਜਵਾਬ ਦਿੰਦਾ ਹਾਂ ਕਿ ਜੇਕਰ ਕਿਸੇ ਵੀ ਅਫਸਰ ਨੇ ਕਿਸੇ ਕਿਸਮ ਦਾ ਜ਼ਮੀਨ ਤੇ ਕਬਜ਼ਾ ਕਰਵਾਇਆ ਹੋਇਆ ਹੋਵੇਗਾ ਤਾਂ ਉਸ ਅਫਸਰ ਦੇ ਖਿਲਾਫ ਐਕਸ਼ਨ ਲਵਾਂਗੇ ਔਰ ਜ਼ਮੀਨ ਵੀ ਖਾਲੀ ਕਰਵਾਵਾਂਗੇ।

Original with;
Punjab Vidhan Sabha
Digitized by;
Panjab Digital Library

**ਸ੍ਰੀ ਰਾਮ ਲਾਲ ਚਿੱਟੀ**: ਸਪੀਕਰ ਸਾਹਿਬ, ਅੰਮ੍ਰਿਤਸਰ, ਜਲੰਧਰ ਔਰ ਲੁਧਿਆਣਾ ਕਾਰਪੋਰੇਸ਼ਨਾਂ ਵਿਚ ਕਈ ਪਿੰਡ ਆ ਗਏ। ਮੈਨੂੰ ਬਾਕੀਆਂ ਬਾਰੇ ਪਤਾ ਨਹੀਂ ਪਰ ਜਲੰਧਰ ਦੀ ਕਾਰਪੋਰੇਸ਼ਨ ਵਿਚ ਜਿਹੜੇ ਪਿੰਡ ਆਏ ਹਨ ਉਨ੍ਹਾਂ ਪਿੰਡਾਂ ਵਿਚ ਕਾਰਪੋਰੇਸ਼ਨ ਵਾਲੇ ਟੈਕਸ ਚਲੇ ਗਏ ਹਨ । ਜਿਸ ਤਰ੍ਹਾਂ ਹਾਊਸ ਟੈਕਸ ਹੈ ਜਾਂ ਹੋਰ ਟੈਕਸ ਹਨ ਉਨ੍ਹਾਂ ਪਿੰਡਾਂ ਦੇ ਲੋਕਾਂ ਤੇ ਲਗ ਗਏ ਹਨ ਜਿਹੜੇ ਕਿ ਜਲੰਧਰ ਦੀ ਕਾਰਪੋਰੇਸ਼ਨ ਵਿਚ ਆ ਗਏ ਹਨ ਪਰ ਸ਼ਹਿਰ ਵਾਂਗ ਉਥੇ ਪਿੰਡਾਂ ਵਿਚ ਡਿਵੈਲਪਮੈਂਟ ਨਹੀਂ ਹੋ ਰਹੀ। ਇਸ ਲਈ ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਪਿੰਡਾਂ ਨੂੰ ਵੀ ਸ਼ਹਿਰਾਂ ਦੇ ਨਾਲ ਬਰਾਬਰੀ ਦੇਵੇਗੀ ਔਰ ਉਥੇ ਡਿਵੈਲਪਮੈਂਟ ਸ਼ਹਿਰਾਂ ਵਾਂਗ ਹੀ ਕਰਵਾਏਗੀ ?

**ਮੰਤਰੀ**: ਜਿਹੜੇ ਪਿੰਡ ਕਾਰਪੋਰੇਸ਼ਨਾਂ ਦੀ ਲਿਮਿਟ ਥੱਲੇ ਆਏ ਹੋਏ ਹਨ, ਉਨ੍ਹਾਂ ਦੀ ਇੰਪਰੂਵਮੈਂਟ ਬਾਰੇ ਬਕਾਇਦਾ ਬਜਟ ਬਣਾ ਰਹੇ ਹਾਂ ਔਰ ਸਾਨੂੰ ਉਮੀਦ ਹੈ ਕਿ ਸੰਨ 1983 ਤੋਂ ਪਹਿਲਾਂ ਪਹਿਲਾਂ ਅਸੀਂ ਕੋਸ਼ਿਸ਼ ਕਰਾਂਗੇ ਕਿ ਉਨ੍ਹਾਂ ਨੂੰ ਠੀਕ ਕੀਤਾ ਜਾਵੇ।

**ਚੌਧਰੀ ਜਗਜੀਤ ਸਿੰਘ**: ਸਪੀਕਰ ਸਾਹਿਬ, ਜਲੰਧਰ ਕਾਰਪੋਰੇਸ਼ਨ ਦੀ ਲਿਮਿਟ ਵਿਚ ਮੇਰੇ ਹਲਕੇ ਦੇ ਤਿੰਨ ਪਿੰਡ ਆਏ ਹਨ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਦੀ ਜ਼ਮੀਨ ਸੀ। ਪਹਿਲਾਂ ਉਸ ਜ਼ਮੀਨ ਦੀ ਬੋਲੀ ਵਗੈਰਾ ਕਰਕੇ ਉਸ ਦੀ ਆਮਦਨ ਪੰਚਾਇਤ ਪਾਸ ਆਉਂਦੀ ਸੀ ਪਰ ਹੁਣ ਉਹ ਜ਼ਮੀਨ ਕਿਸੇ ਵਰਤੋਂ ਵਿਚ ਨਹੀਂ ਆ ਰਹੀ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਸ ਜ਼ਮੀਨ ਨੂੰ ਨੀਲਾਮ ਕਰਕੇ ਉਹ ਰੁਪਿਆ ਉਨ੍ਹਾਂ ਪਿੰਡਾਂ ਦੀ ਤਰੱਕੀ ਵਾਸਤੇ ਖਰਚਣ ਦਾ ਯਤਨ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਚੌਧਰੀ ਸਾਹਿਬ ਦੇ ਸਵਾਲ ਦਾ ਜਵਾਬ ਹੈ ਕਿ ਇਹ ਲਿਖ ਕੇ ਭੇਜ ਦੇਣ, ਮੈਂ ਇਨ੍ਹਾਂ ਨੂੰ ਜਵਾਬ ਦੇ ਦੇਵਾਂਗਾ।

**ਸਰਦਾਰ ਬਸੰਤ ਸਿੰਘ ਖਾਲਸਾ**: ਸਪੀਕਰ ਸਾਹਿਬ, ਗੱਲ ਇਹ ਹੈ ਕਿ ਤਿੰਨ ਕਾਰਪੋਰੇਸ਼ਨਾਂ ਬਣੀਆਂ ਹਨ। ਤੁਸੀਂ ਵੀ ਹੁਣ ਕਿਹਾ ਹੈ ਕਿ ਵਜ਼ੀਰ ਸਾਹਿਬ ਦੱਸਣ ਕਿ ਜਿਹੜੀ ਜ਼ਮੀਨ ਤੇ ਲੋਕਾਂ ਨੇ ਮੱਲੋ ਮੱਲੀ ਕਬਜ਼ਾ ਕੀਤਾ ਹੋਇਆ ਹੈ, ਉਸ ਨੂੰ ਖਾਲੀ ਕਰਾਉਣ ਲਈ ਸਰਕਾਰ ਕੀ ਯਤਨ ਕਰ ਰਹੀ ਹੈ ਔਰ ਇਨ੍ਹਾਂ ਦੀ ਕੀ ਪ੍ਰਾਗਰੈਸ ਹੈ ? ਸ਼ਕਾਇਤੀ ਕਮੇਟੀ ਵਿਚ ਵੀ ਇਹ ਗੱਲ ਆਉਂਦੀ ਰਹੀ ਹੈ। ਸਰਕਾਰ ਦੀ ਕਰੋੜਾਂ ਰੁਪਏ ਦੀ ਜ਼ਮੀਨ ਬਾ-ਅਸਰ ਲੋਕਾਂ ਨੇ ਦੱਬੀ ਹੋਈ ਹੈ। ਉਸ ਬਾਰੇ ਜਾਂ ਤਾਂ ਸਰਕਾਰ ਕਹੇ ਕਿ ਇਹ ਉਨ੍ਹਾਂ ਲੋਕਾਂ ਤੋਂ ਉਹ ਜ਼ਮੀਨ ਖਾਲੀ ਨਹੀਂ ਕਰਵਾ ਸਕਦੀ ਜਾਂ ਫਿਰ ਦੱਸਣ ਕਿ ਕੀ ਪ੍ਰਾਗਰੈਸ ਹੋਈ ਹੈ, ਇਨ੍ਹਾਂ ਦਾ ਕੀ ਯਤਨ ਹੈ ?

**ਮੰਤਰੀ**: ਮੈਨੂੰ ਕਿਸੇ ਪਰਟੀਕੁਲਰ ਜਗਾ ਬਾਰੇ ਦੱਸ ਦਿਓ, ਮੈਂ ਖਾਲੀ ਕਰਵਾ ਦਿੰਦਾ ਹਾਂ।

**ਸ੍ਰੀ ਸੰਤ ਰਾਮ ਸਿੰਗਲਾ**: ਸਪੀਕਰ ਸਾਹਿਬ, ਪਟਿਆਲਾ ਮਿਉਂਸਪਲ ਕਮੇਟੀ ਦੀ ਹਦੂਦ ਵਿਚ ਜਿਹੜੇ ਪਿੰਡ ਆਏ ਸਨ ਉਥੇ ਬਹੁਤ ਸਾਰੇ ਲੋਕਾਂ ਨੇ ਮਕਾਨ ਬਣਾਏ ਹੋਏ ਸਨ। ਹੁਣ ਉਹ ਮਿਉਂਸਪਲ ਲਿਮਿਟ ਵਿਚ ਆ ਗਏ ਹਨ ਤਾਂ ਉਨ੍ਹਾਂ ਨੂੰ ਅਪਰੂਵਡ ਕਾਲੋਨੀਜ਼ ਕਰਾਰ ਨਹੀਂ ਦਿੱਤਾ ਗਿਆ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਏਰੀਆ ਮਿਉਂਸਪਲ ਕਮੇਟੀ ਦੀ ਲਿਮਿਟ ਵਿਚ ਆ ਗਿਆ ਹੈ ਔਰ ਜਿਨ੍ਹਾਂ ਲੋਕਾਂ ਨੇ ਪਹਿਲਾਂ ਮਕਾਨ ਬਣਾਏ ਹੋਏ ਹਨ, ਕੀ ਇਹ ਉਨ੍ਹਾਂ ਨੂੰ ਅਪਰੂਵ ਕਰਨਗੇ ?

**ਮੰਤਰੀ**: ਸਪੀਕਰ ਸਾਹਿਬ, ਇਹ ਸਪਲੀਮੈਂਟਰੀ ਸਵਾਲ ਨਾਲ ਤਾਂ ਤੁਅੱਲਕ ਨਹੀਂ ਰਖਦਾ ਪਰ ਮੈਂ ਜਵਾਬ ਦੇ ਦਿੰਦਾ ਹਾਂ। ਉਨ੍ਹਾਂ ਨੇ ਪਟਿਆਲਾ ਮਿਉਂਸਪਲ ਕਮੇਟੀ ਦੇ ਬਾਰੇ ਕਿਹਾ ਹੈ। ਮੈਂ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਕਹਿੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਬਗੈਰ ਇਜਾਜ਼ਤ ਦੇ ਜਗ੍ਹਾ ਘੇਰ ਕੇ ਉਥੇ ਸਲੱਮਜ਼ ਬਣਾ ਲਏ ਹਨ ਉਨ੍ਹਾਂ ਤੋਂ ਉਹ ਜਗ੍ਹਾ ਮੇਹਰਬਾਨੀ ਕਰਕੇ ਇਹ ਖਾਲੀ ਕਰਵਾ ਦੇਣ।

(ਇਸ ਸਮੇਂ ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ।)

**ਸਰਦਾਰ ਬਸੰਤ ਸਿੰਘ ਖਾਲਸਾ** : ਗੁਪਤਾ ਜੀ, ਤੁਹਾਨੂੰ ਸਾਰਾ ਹੀ ਪਤਾ ਹੈ ਕਿ ਕਿਤਨੀ ਜ਼ਮੀਨ ਲੋਕਾਂ ਨੇ ਨਜਾਇਜ਼ ਤੌਰ ਤੇ ਰੱਖੀ ਹੋਈ ਹੈ। ਤੁਸੀਂ ਵਜ਼ੀਰ ਸਾਹਿਬ ਨੂੰ ਦੱਸ ਦਿਓ, ਮੇਰੇ ਤਾਂ ਇਹ ਆਖੇ ਨਹੀਂ ਲਗਦੇ। (ਹਾਸਾ)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਪਿਛਲੇ ਸਾਲ ਡਾਕਟਰ ਸਾਹਿਬ ਨੇ ਇਕ ਲਿਸਟ ਦਿੱਤੀ ਸੀ, ਜਿਸ ਤੋਂ ਪਤਾ ਲਗਦਾ ਸੀ ਕਿ ਵੱਡੇ ਵੱਡੇ ਆਦਮੀਆਂ ਨੇ ਜ਼ਮੀਨ ਤੇ ਨਜਾਇਜ਼ ਤੌਰ ਤੇ ਕਬਜ਼ੇ ਕੀਤੇ ਹੋਏ ਹਨ। ਇਹ ਲਿਸਟ ਸਰਕਾਰ ਦੀ ਫਾਈਲ ਤੇ ਹੈ। ਕੀ ਵਜ਼ੀਰ ਸਾਹਿਬ ਉਨ੍ਹਾਂ ਲੋਕਾਂ ਤੋਂ ਜਿਨ੍ਹਾਂ ਨੇ ਨਜਾਇਜ਼ ਤੌਰ ਤੇ ਕਰੋੜਾਂ ਰੁਪਏ ਦੀ ਸਰਕਾਰ ਦੀ ਜ਼ਮੀਨ ਰੱਖੀ ਹੋਈ ਹੈ ਉਹ ਖਾਲੀ ਕਰਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਗੁਪਤਾ ਸਾਹਿਬ ਨੇ ਸੁਹਣਾ ਸਵਾਲ ਕੀਤਾ ਹੈ। ਮੈਂ ਇਕੋ ਹੀ ਜਵਾਬ ਦਿੰਦਾ ਹਾਂ ਕਿ ਨਜਾਇਜ਼ ਕਬਜ਼ੇ ਤਾਂ ਦੂਰ ਕਰਵਾਏ ਜਾਣਗੇ ਪਰ ਤੁਸੀਂ ਵਿਚ ਦਖਲ ਨਾ ਦੇਣਾ। (ਥੰਪਿੰਗ) (ਹਾਸਾ)

---

**Pension Section of the Social Welfare Department at Gurdaspur**

***1423. Shri Gopal Krishan Chatrath :** Will the Minister for Welfare and Labour be pleased to state —

(a) the date on which the office of the Pension Section of the Social Welfare Department of Gurdaspur started functioning ;

(b) the number of applications for old age pensions from Gurdaspur District pending as on the date referred to in part(a) above ;

(c) the number of new applications for old age pension received by the said office after the said date and upto 13th July, 1981 ;

(d) the total number of applications sanctioned for old age pension during the period referred to in part (c) above ;

(e) the total number of such applications rejected during the period referred to in part (c) above ;

(f) the total number of applications for old age pension pending in the said office as on 1st August, 1981 ?

**ਚੌਧਰੀ ਜਗਤ ਰਾਮ :**

(ੳ) 11/11/1980

(ਅ) 1673

Original with;
Punjab Vidhan Sabha
Digitized by;
Panjab Digital Library

(ੲ) 1689

(ਸ) 177

(ਹ) 557

(ਕ) 1728

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਵਾਲ ਦਾ ਜਵਾਬ ਤਾਂ ਦੇ ਦਿੱਤਾ ਹੈ ਪਰ ਜਿਸ ਅਫਸਰ ਨੇ ਟੋਟਲ ਕੀਤਾ ਹੈ ਉਸ ਨੇ ਠੀਕ ਟੋਟਲ ਨਹੀਂ ਕੀਤਾ। ਸਵਾਲ ਦੇ 'ਬੀ' ਪਾਰਟ ਵਿਚ ਪੁਛਿਆ ਸੀ ਕਿ ਅਰਜ਼ੀਆਂ ਕਿਤਨੀਆਂ ਪੈਂਡਿੰਗ ਪਈਆਂ ਸਨ। ਜਵਾਬ ਦਿੱਤਾ ਹੈ 1673, ਫਿਰ ਪੁਛਿਆ ਸੀ ਕਿ ਨਵੀਆਂ ਅਰਜ਼ੀਆਂ ਕਿਤਨੀਆਂ ਆਈਆਂ, ਇਨ੍ਹਾਂ ਨੇ ਕਿਹਾ ਹੈ ਕਿ 1689, ਇਹ ਹੋ ਗਈਆਂ 3362, ਔਰ 177 ਨੂੰ ਕਹਿੰਦੇ ਹਨ ਕਿ ਪੈਨਸ਼ਨ ਦਿੱਤੀ ਹੈ 557 ਰਿਜੈਕਟ ਕਰ ਦਿੱਤੀਆਂ ਹਨ ਤੇ 1728 ਇਨ੍ਹਾਂ ਨੇ ਕਿਹਾ ਹੈ ਕਿ ਪੈਂਡਿੰਗ ਪਈਆਂ ਹਨ। ਮੈਂ ਇਹ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 900 ਅਰਜ਼ੀਆਂ ਕਿਥੇ ਗਈਆਂ ?

**ਮੰਤਰੀ** : ਸਪੀਕਰ ਸਾਹਿਬ, ਇਹ ਜ਼ਰਾ ਆਪਣੇ ਸਵਾਲ ਨੂੰ ਧਿਆਨ ਨਾਲ ਪੜ੍ਹਨ ਫਿਰ ਇਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਟੋਟਲ ਠੀਕ ਹੈ, ਗਲਤ ਨਹੀਂ ਹੈ। ਇਨ੍ਹਾਂ ਨੇ 13 ਜੁਲਾਈ ਤੋਂ 31 ਜੁਲਾਈ ਤਕ ਇਨਫਰਮੇਸ਼ਨ ਬਿਲਕੁਲ ਨਹੀਂ ਪੁੱਛੀ। ਜੇਕਰ ਇਹ 17/18 ਦਿਨ ਵੀ ਵਿਚ ਜੋੜ ਕੇ ਹਿਸਾਬ ਕਿਤਾਬ ਲਗਾਉਣ ਤਾਂ ਟੋਟਲ ਠੀਕ ਹੋ ਜਾਵੇਗਾ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੁਲ ਇਨ੍ਹਾਂ ਪਾਸ 3362 ਅਰਜ਼ੀਆਂ ਆਈਆਂ ਔਰ 177 ਨੂੰ ਸਿਰਫ ਪੈਨਸ਼ਨ ਮਿਲੀ ਹੈ। ਇਹ ਮਾੜੀਆਂ ਮਾੜੀਆਂ ਗਲਤੀਆਂ ਤੇ ਅਰਜ਼ੀਆਂ ਰਿਜੈਕਟ ਕਰ ਦਿੰਦੇ ਹਨ। ਇਸ ਲਈ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਹ ਅਰਜ਼ੀਆਂ ਜਿਨ੍ਹਾਂ ਵਿਚ ਕੋਈ ਮਾੜੀ ਮੋਟੀ ਗਲਤੀ ਹੁੰਦੀ ਹੈ ਉਸ ਨੂੰ ਮੰਨ ਲਿਆ ਕਰਨ ਤਾਕਿ ਲੋਕਾਂ ਨੂੰ ਤਕਲੀਫ ਨਾ ਉਠਾਉਣੀ ਪਵੇ। ਇਨ੍ਹਾਂ ਦੇ ਅਫਸਰ ਲਾਪਰਵਾਹੀ ਨਾਲ ਲੋਕਾਂ ਦੀਆਂ ਅਰਜ਼ੀਆਂ ਰਿਜੈਕਟ ਕਰ ਦਿੰਦੇ ਹਨ।

**ਮੰਤਰੀ** : ਸਪੀਕਰ ਸਾਹਿਬ, ਇਹ ਦੱਸ ਦੇਣ ਜੇਕਰ ਕਿਸੇ ਅਫਸਰ ਨੇ ਲਾਪਰਵਾਹੀ ਕੀਤੀ ਹੋਵੇਗੀ ਤਾਂ ਉਸ ਦੇ ਖਿਲਾਫ ਐਕਸ਼ਨ ਲਿਆ ਜਾਵੇਗਾ।

---

**Minimum Wages for brick Kiln Labourers in the State**

***1333. Master Chand Singh :** Will the Minister for Welfare and Labour be pleased to state whether the Punjab Minimum Wages Advisory Board of the Labour Department revised the minimum wages for the Brick Kiln Labourers working on the Brick Kilns in the State in the month of June, 1981 ; if so, the details thereof ?

**ਚੌਧਰੀ ਜਗਤ ਰਾਮ** : ਨਹੀਂ ਜੀ।

**ਮਾਸਟਰ ਚੰਦ ਸਿੰਘ** : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਹਿਲੀ ਜਨਵਰੀ ਤੋਂ ਜਿਹੜੀਆਂ ਉਜਰਤਾਂ ਲਾਗੂ ਕੀਤੀਆਂ ਹਨ ਉਹ ਹੁਣ ਤਕ ਲਾਗੂ ਨਹੀਂ ਹੋ ਰਹੀਆਂ। ਸਰਕਾਰ ਇਨ੍ਹਾਂ ਉਜਰਤਾਂ ਨੂੰ ਲਾਗੂ ਕਰਵਾਉਣ ਲਈ ਹੁਣ ਕੀ ਇੰਤਜ਼ਾਮ ਕਰ ਰਹੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਮਿਨੀਮਮ ਵੇਜਿਜ਼ ਨੂੰ ਲਾਗੂ ਕਰਨ ਲਈ ਸਰਕਾਰ ਨੇ ਕਾਫੀ ਸਟੈਪਸ ਲਏ ਹਨ ਔਰ ਇਸ ਵਾਸਤੇ 12 ਹੋਰ ਲੇਬਰ ਇਨਸਪੈਕਟਰ ਮੁਕਰੱਰ ਕੀਤੇ ਹਨ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਸੇ ਇਕ ਭੱਠੇ ਦਾ ਵੀ ਨਾਂ ਲੈ ਦੇਣ ਜਿਥੇ ਇਹ ਮਿਨੀਮਮ ਵੇਜਿਜ਼ ਮਿਲਦੀਆਂ ਹੋਣ।

**ਮੰਤਰੀ** : ਇਹ ਸਾਰੇ ਭੱਠਿਆਂ ਤੇ ਲਾਗੂ ਹਨ, ਇਨ੍ਹਾਂ ਨੂੰ ਪਤਾ ਹੈ। ਜੇ ਕਿਸੇ ਭੱਠੇ ਤੇ ਨਹੀਂ ਮਿਲ ਰਹੇ ਤਾਂ ਉਸ ਦਾ ਨਾਂ ਲੈ ਦੇਣ। ਇਹ ਨਵਾਂ ਨੋਟਿਸ ਦੇ ਦੇਣ, ਮੈਂ ਪਤਾ ਕਰਵਾ ਲਵਾਂਗਾ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੇਰਾ ਕੁਐਸ਼ਚਨ ਬੜਾ ਕਲੀਅਰ ਹੈ ਕਿ ਕਿਸੇ ਵੀ ਇਕ ਭੱਠੇ ਦਾ ਨਾਂ ਲੈ ਦੇਣ ਜਿਥੇ ਇਹ ਮਿਨੀਮਮ ਵੇਜਿਜ਼ ਮਿਲ ਰਹੀਆਂ ਹੋਣ ?

ਸਪੀਕਰ ਸਾਹਿਬ, ਪਹਿਲੇ ਮੇਰੇ ਸਵਾਲ ਦਾ ਜਵਾਬ ਦਿਵਾਓ। ਇਹ ਜਵਾਬ ਕਿਉਂ ਨਹੀਂ ਦਿੰਦੇ ?

**ਮੰਤਰੀ** : ਸਪੀਕਰ ਸਾਹਿਬ, ਵੈਸੇ ਇਹ ਆਪਣੇ ਆਪ ਨੂੰ ਪ੍ਰੋਫੈਸਰ ਕਹਾਉਂਦੇ ਹਨ, ਮੈਂ ਸਾਫ਼ ਜਵਾਬ ਦਿੱਤਾ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਆਪਣੀ ਰਿਸਪੈਕਟ ਕਰਾਉਣ ਔਰ ਸਾਡੀ ਕਰਨ। ਇਹ ਹਾਊਸ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਨੂੰ ਨਹੀਂ ਬੋਲਣਾ ਚਾਹੀਦਾ। ਮੈਂ ਦੱਸਿਆ ਹੈ ਕਿ ਕਿਸੇ ਵੀ ਭੱਠੇ ਬਾਰੇ ਦੱਸ ਦੇਣ ਜਿਥੇ ਇਹ ਮਿਨੀਮਮ ਵੇਜਿਜ਼ ਨਾ ਮਿਲ ਰਹੀਆਂ ਹੋਣ ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਇਹ ਜਵਾਬ ਨਹੀਂ ਦੇ ਰਹੇ, ਧਮਕੀ ਦੇ ਰਹੇ ਹਨ ।

**ਸ਼੍ਰੀ ਸਪੀਕਰ** : ਪ੍ਰੋਫੈਸਰ ਸਾਹਿਬ, ਚੇਅਰ ਨੂੰ ਐਡਰੈਸ ਕਰੋ। ਜੋ ਕੁਝ ਕਹਿਣਾ ਹੈ ਚੇਅਰ ਨੂੰ ਐਡਰੈਸ ਕਰਕੇ ਕਹੋ। ਸਿੱਧੀ ਗਲ ਨਹੀਂ ਕਰਨੀ ਚਾਹੀਦੀ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਹ ਜਵਾਬ ਤਾਂ ਦੇਣ। ਅਸੀਂ ਤੁਹਾਡੀ ਪਰੋਟੈਕਸ਼ਨ ਚਾਹੁੰਦੇ ਹਾਂ। ਤੁਹਾਡੀ ਇਜ਼ਤ ਕਰਦੇ ਹਾਂ, ਪਰ ਇਹ ਜਵਾਬ ਤਾਂ ਦੇਣ।

**ਸ਼੍ਰੀ ਸਪੀਕਰ** : ਉਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਮਿਨੀਮਮ ਵੇਜਿਜ਼ ਲਾਗੂ ਹਨ।

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸ ਚੁੱਕਾ ਹਾਂ ਕਿ ਇਹ ਮਿਨੀਮਮ ਵੇਜਿਜ਼ ਲਾਗੂ ਕਰਨ ਲਈ 12 ਹੋਰ ਲੇਬਰ ਇਨਸਪੈਕਟਰ ਮੁਕਰਰ ਕਰ ਦਿੱਤੇ ਹਨ ਔਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿਉਂਕਿ ਮੈਂ ਭੱਠਿਆਂ ਵਾਲਿਆਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਇਹ ਮਿਨੀਮਮ ਵੇਜਿਜ਼ ਲਾਗੂ ਹਨ। ਜੇ ਇਹ ਕਿਸੇ ਭੱਠੇ ਤੇ ਲਾਗੂ ਨਹੀਂ ਹਨ ਤਾਂ ਇਹ ਸਾਨੂੰ ਦੱਸ ਦੇਣ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਜਵਾਬ ਨਹੀਂ ਆਇਆ । ਇਹ ਕਿਸੇ ਇਕ ਭੱਠੇ ਦਾ ਨਾਂ ਲੈ ਦੇਣ।

**Mr, Speaker**: Not relevant. Please sit down.

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਇਸ ਹਕੀਕਤ ਦੇ ਪੇਸ਼ੇ ਨਜ਼ਰ ਕਿ ਇਹ ਜਿਹੜੇ ਭੱਠੇ ਹੁੰਦੇ ਹਨ ਇਹ ਆਮ ਤੌਰ ਤੇ ਪਿੰਡਾਂ ਵਿਚ ਹੁੰਦੇ ਹਨ ਔਰ ਇਹ ਜਿਹੜੀ ਮਿਨੀਮਮ ਵੇਜਿਜ਼

Original with;
Punjab Vidhan Sabha
Digitised by;
Panjab Digital Library

ਲਾਗੂ ਕਰਨ ਲਈ ਸਰਕਾਰ ਵਲੋਂ ਮਸ਼ੀਨਰੀ ਲਾਈ ਹੋਈ ਹੁੰਦੀ ਹੈ ਇਹ ਸਾਰੀ ਸ਼ਹਿਰਾਂ ਦੀ ਇੰਡਸਟਰੀ ਨੂੰ ਡੀਲ ਕਰਨ ਲਈ ਮੁਕੱਰਰ ਹੈ। ਜਿਸ ਕਾਰਨ ਰੂਰਲ ਏਰੀਆ ਵਿਚ ਇਹ ਮਿਨੀਮਮ ਵੇਜਿਜ਼ ਨਹੀਂ ਮਿਲ ਰਹੀਆਂ। ਤੁਹਾਨੂੰ ਵੀ ਪਤਾ ਹੈ ਕਿ ਪਿਛੇ ਆਲ ਪਾਰਟੀਜ਼ ਦੀ ਮੀਟਿੰਗ ਵਿਚ ਇਸ ਐਕਟ ਨੂੰ ਲਾਗੂ ਕਰਨ ਲਈ ਫੈਸਲਾ ਕੀਤਾ ਗਿਆ ਸੀ। ਇਸ ਲਈ ਕੀ ਸਰਕਾਰ ਹੁਣ ਇਹ ਇਨਸ਼ੋਅਰ ਕਰੇਗੀ ਕਿ ਇਸ ਨੂੰ ਰੂਰਲ ਏਰੀਆ ਵਿਚ ਵੀ ਲਾਗੂ ਕੀਤਾ ਜਾਵੇਗਾ ਤਾਕਿ ਉਥੇ ਮਜ਼ਦੂਰਾਂ ਨੂੰ ਮੁਸ਼ਕਲ ਨਾ ਹੋਵੇ ?

**ਮੰਤਰੀ**: ਸਪੀਕਰ ਸਾਹਿਬ, ਮੈਂ ਜਵਾਬ ਦੇ ਚੁੱਕਾ ਹਾਂ ਕਿ ਅਸੀਂ 12 ਲੇਬਰ ਇਨਸਪੈਕਟਰ ਦਿਹਾਤਾਂ ਲਈ ਮੁਕੱਰਰ ਕਰ ਚੁੱਕੇ ਹਾਂ। ਜੇ ਕਿਸੇ ਭੱਠੇ ਤੇ ਲਾਗੂ ਨਹੀਂ ਤਾਂ ਇਹ ਦੱਸ ਦੇਣ।

**ਪ੍ਰੋਫੈਸਰ ਬਲਵੰਤ ਸਿੰਘ**: ਸਪੀਕਰ ਸਾਹਿਬ, ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ।

------

## Writ Petition against the Punjab Affiliated Colleges (Security of Services of Teachers) Act, 1974

*1432. 1. Sardar Atma Singh
2. Sardar Sarwan Singh Phillaur
3. Jathedar Naranjan Singh Patti
: Will the Minister for Education be pleased to state :—

(a) whether it is a fact that the Management Committee of D.A.V. Colleges challenged the provisions of the Punjab Affiliated Colleges (Security of Services of Teachers) Act, 1974 through a writ petition against the Punjab Government in the Supreme Court in 1981 ;

(b) whether any Advocate was engaged by the Government in connection with the said writ petition ; if so, the details thereof ;

(c) whether the reply to the writ petition mentioned in part (a) above has since been filed by the Government ; if so, the date thereof, if not, the reasons therefor ?

**ਸਰਦਾਰ ਹਰਚਰਨ ਸਿੰਘ ਅਜਨਾਲਾ**: (ੳ) ਹਾਂ ਜੀ।

(ਅ) ਹਾਂ ਜੀ। ਸਰਕਾਰ ਵਲੋਂ ਪ੍ਰਵਾਨ ਕੀਤੇ 'ਏ' ਕੈਟੇਗਰੀ ਵਕੀਲਾਂ ਦੇ ਪੈਨਲ ਵਿਚੋਂ।

(ੲ) ਹਾਂ ਜੀ। 19-10-1981

**ਸਰਦਾਰ ਆਤਮਾ ਸਿੰਘ**: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫਰਮਾਇਆ ਹੈ ਕਿ ਡੀ.ਏ.ਵੀ. ਕਾਲਜਿਜ਼ ਦੀ ਪ੍ਰਬੰਧਕੀ ਕਮੇਟੀ ਨੇ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕੀਤੀ ਹੈ ਔਰ ਸੁਪ੍ਰੀਮ ਕੋਰਟ ਨੇ ਉਸ ਤੇ ਸਟੇਅ ਆਰਡਰ ਜਾਰੀ ਕੀਤਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੁਪ੍ਰੀਮ ਕੋਰਟ ਵਲੋਂ ਕੀਤੀ ਗਈ ਸਟੇਅ ਆਰਡਰ ਨੂੰ ਵੈਕੇਟ ਕਰਾਉਣ ਲਈ ਇਨ੍ਹਾਂ ਨੇ ਹੁਣ ਤਕ ਕੀ ਕਾਰਵਾਈ ਕੀਤੀ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਮੈਂ ਆਪਣੇ ਜਵਾਬ ਦੇ 'ਏ' ਪਾਰਟ ਵਿਚ ਇਹ ਕਹਿ ਚੁੱਕਾ ਹਾਂ ਕਿ ਜਿਹੜੀ ਰਿਟਨ ਸਟੇਟਮੈਂਟ ਹੈ ਉਹ 19 ਅਕਤੂਬਰ, 1981 ਨੂੰ ਫਾਈਲ ਕਰ ਦਿੱਤੀ ਗਈ ਹੈ ਔਰ ਇਸ ਕੰਮ ਲਈ 'ਏ' ਕੈਟੇਗਰੀ ਦਾ ਵਕੀਲ ਕਰ ਲਿਆ ਗਿਆ ਹੈ। ਬਾਕੀ ਕੇਸ ਸੁਪ੍ਰੀਮ ਕੋਰਟ ਵਿਚ ਹੈ ਔਰ ਸਬ-ਜੁਡਿਸ ਹੈ।

**ਸਰਦਾਰ ਆਤਮਾ ਸਿੰਘ:** ਮੇਰਾ ਸਪੈਸੀਫਿਕ ਕੁਐਸਚਨ ਇਹ ਸੀ ਕਿ ਸਟੇਅ ਆਰਡਰ ਵੈਕੇਟ ਕਰਾਉਣ ਲਈ ਇਨ੍ਹਾਂ ਨੇ ਕੀ ਕਾਰਵਾਈ ਕੀਤੀ ਹੈ? ਦੂਜਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਹੁਣੇ ਹੀ ਪਿਛੇ 22 ਜਨਵਰੀ, 1982 ਨੂੰ ਡੀ.ਏ.ਵੀ. ਕਾਲਜਿਜ਼ ਦੀ ਪ੍ਰਬੰਧਕੀ ਕਮੇਟੀ ਨੇ ਡੀ.ਏ.ਵੀ. ਕਾਲਜ, ਚੰਡੀਗੜ੍ਹ ਵਿਚ ਇਕ ਸਮੇਲਨ ਕਰਕੇ ਡੀ.ਪੀ.ਆਈ. (ਕਾਲਜਿਜ਼) ਨੂੰ ਬੜਾ ਭਾਰੀ ਰਿਸੈਪਸ਼ਨ ਅਤੇ ਡਿਨਰ ਦਿੱਤਾ ਗਿਆ ਜਿਸ ਕਾਰਨ ਇਹ ਸਟੇਅ ਆਰਡਰ ਵੈਕੇਟ ਕਰਾਉਣ ਲਈ ਕੋਈ ਕਾਰ-ਵਾਈ ਨਹੀਂ ਹੋ ਰਹੀ।

**ਮੰਤਰੀ:** ਜਵਾਬ ਤਾਂ ਮੈਂ ਬੜਾ ਸਾਫ਼ ਦਿੱਤਾ ਹੈ। ਅਸੀਂ ਚੰਗੇ ਤੋਂ ਚੰਗਾ ਵਕੀਲ ਕੀਤਾ ਹੈ ਤਾਂਕਿ ਸਟੇਅ ਆਰਡਰ ਵੈਕੇਟ ਹੋਵੇ ਅਤੇ ਕੇਸ ਖਾਰਜ ਹੋਵੇ। ਲੇਕਿਨ ਜੋ ਸੁਪ੍ਰੀਮ ਕੋਰਟ ਦੀਆਂ ਹਦਾਇਤਾਂ ਹਨ ਉਹ ਤਾਂ ਮੰਨਣੀਆਂ ਪੈਂਦੀਆਂ ਹਨ। ਬਾਕੀ ਜਿਥੋਂ ਤਕ ਐਲੀਗੇਸ਼ਨ ਦਾ ਸਵਾਲ ਹੈ ਜਿਹੜਾ ਇਨ੍ਹਾਂ ਨੇ ਲਾਇਆ ਹੈ, ਇਨ੍ਹਾਂ ਨੂੰ ਦਿਨ ਰਾਤ ਮੇਰੇ ਖਿਆਲ ਵਿਚ ਡੀ.ਪੀ.ਆਈ. ਦੇ ਹੀ ਸੁਪਨੇ ਆਉਂਦੇ ਰਹਿੰਦੇ ਹਨ। ਇਹ ਠੀਕ ਹੈ ਕਿ ਡੀ.ਪੀ.ਆਈ. ਇਕ ਵਡਾ ਅਧਿਕਾਰੀ ਹੈ ਪਰ ਜਿਹੜੇ ਵੀ ਫੈਸਲੇ ਕੀਤੇ ਜਾਂਦੇ ਹਨ ਉਹ ਗੌਰਮਿੰਟ ਦੇ ਪੱਧਰ ਤੇ ਹੁੰਦੇ ਹਨ। ਉਸ ਵਿਚ ਮੈਂ ਵੀ ਇਨਵਾਲਵ ਹੁੰਦਾ ਹਾਂ। ਇਸ ਲਈ ਕਿਸੇ ਕਿਸਮ ਦੀ ਕਮਜ਼ੋਰੀ ਨਹੀਂ ਵਿਖਾਈ ਗਈ।

**ਸਰਦਾਰ ਆਤਮਾ ਸਿੰਘ:** ਸਪੀਕਰ ਸਾਹਿਬ, ਡੀ. ਪੀ. ਆਈ. ਦਾ ਫਰਜ਼ ਨਹੀਂ ਹੈ ਕਿ ਉਹ ਸਰਕਾਰ ਤੇ ਜ਼ੋਰ ਦੇ ਕੇ ਸੁਪਰੀਮ ਕੋਰਟ ਤੋਂ ਇਹ ਸਟੇਅ ਆਰਡਰ ਨੂੰ ਵੈਕੇਟ ਕਰਵਾਏ ਪਰ ਚੂੰਕਿ ਉਹ ਡੀ. ਏ. ਵੀ. (ਕਾਲਜਿਜ਼) ਦੀ ਮੈਨੇਜਮੈਂਟ ਨਾਲ ਮਿਲਿਆ ਹੋਇਆ ਹੈ ਇਸ ਕਰਕੇ ਡੀਲੇਅ ਹੋ ਰਹੀ ਹੈ। (ਕੋਈ ਉੱਤਰ ਨਹੀਂ ਆਇਆ।)

### Requirement of Glucose in Rajindra Hospital, Patiala

***1287. Prof. Balwant Singh:** Will the Minister for Health be pleased to state whether the Glucose manufactured by the Glucose Plant of Rajindra Hospital, Patiala meets the entire requirement of the said Hospital; if not, the steps so far taken by the Government to meet the whole requirement of Glucose in the Hospital?

**Sardar Harcharan Singh Ajnala (Education Minister):** Glucose Saline Manufacturing Unit Rajindra Hospital, Patiala is, at present, manufacturing about 300 bottles of Glucose Saline everyday whereas the requirement of the Hospital is about 600 bottles per day. Orders for purchase of additional machinery and equipment have been placed and quotations of some items have been called. On receipt of the needed equipment, the plant will be able to meet the requirements of the Hospital.

**ਪ੍ਰੋਫੈਸਰ ਬਲਵੰਤ ਸਿੰਘ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਵਾਬ ਵਿਚ ਕਿਹਾ ਹੈ ਕਿ ਹੋਰ ਮਸ਼ੀਨਰੀ ਅਤੇ ਸਾਜ਼ੋ ਸਾਮਾਨ ਖਰੀਦਣ ਦੇ ਆਰਡਰ

Original with;
Punjab Vidhan Sabha
Digitized by;
Panjab Digital Library

ਦਿੱਤੇ ਹੋਏ ਹਨ ਅਤੇ ਕੁਝ ਚੀਜ਼ਾਂ ਦੀਆਂ ਕੁਟੇਸ਼ਨਾਂ ਵੀ ਮੰਗੀਆਂ ਹੋਈਆਂ ਹਨ। ਇਹ ਦੱਸਣ ਕਿ ਕਿਹੜੀ ਤਾਰੀਖ ਨੂੰ ਕੋਟੇਸ਼ਨਾਂ ਮੰਗੀਆਂ ਗਈਆਂ, ਕਿਹੜੀ ਤਾਰੀਖ ਤੱਕ ਆ ਜਾਣਗੀਆਂ ਅਤੇ ਖਰੀਦ ਲਵੋਗੇ ?

**ਵਿਦਿਆ ਮੰਤਰੀ** : ਸਪੀਕਰ ਸਾਹਿਬ, ਜਵਾਬ ਬੜਾ ਸਪੱਸ਼ਟ ਦਿੱਤਾ ਸੀ। 31 ਮਾਰਚ, 1982 ਤੱਕ ਕੁਟੇਸ਼ਨਾਂ ਕਾਲ ਕਰ ਲਈਆਂ ਗਈਆਂ ਹੋਈਆਂ ਹਨ ਔਰ ਇਹ ਸਾਰੀਆਂ ਚੀਜ਼ਾਂ ਦੀ ਡਲਿਵ-ਰੀਜ਼ ਐਕਸਪੈਕਟਿਡ ਹੈ ਔਰ ਅਸੀਂ ਉਪਰਾਲੇ ਕਰ ਰਹੇ ਹਾਂ ਕਿ ਇਹ ਪਲਾਂਟ ਚਾਲੂ ਕਰ ਦਿੱਤਾ ਜਾਵੇ ਤਾਕਿ ਮਰੀਜ਼ਾਂ ਨੂੰ ਦਵਾਈਆਂ ਮਿਲਣੀਆਂ ਸ਼ੁਰੂ ਹੋ ਜਾਣ । ਗੁਲੂਕੋਜ਼ ਦੀ ਬੋਤਲ ਮਾਰਕਿਟ ਵਿਚ 9 ਰੁਪਏ ਦੀ ਹੈ ਔਰ ਅਸੀਂ 3 ਰੁਪਏ ਦੀ ਮਰੀਜ਼ਾਂ ਨੂੰ ਸਪਲਾਈ ਕਰਾਂਗੇ। ਇਹ ਪਲਾਂਟ ਜਲਦੀ ਹੀ ਚਾਲੂ ਹੋ ਜਾਵੇਗਾ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਇਹ ਪਲਾਂਟ ਕਿਸ ਤਾਰੀਖ ਨੂੰ ਮੈਨੂਫੈਕਚਰ ਕਰਨ ਲਗ ਜਾਵੇਗਾ ? ਪਲਾਂਟ ਤੇ ਪਰ ਬੋਤਲ ਖਰਚਾ 1.75 ਰੁਪਏ ਆਵੇਗਾ। ਕੀ ਇਹ 2 ਰੁਪਏ ਦੀ ਮਰੀਜ਼ਾਂ ਨੂੰ ਸਪਲਾਈ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਮਾਰਕਿਟ ਦੇ ਵਿਚ ਗੁਲੂਕੋਜ਼ ਦੀ ਬੋਤਲ 9 ਰੁਪਏ ਦੀ ਅਵੇਲੇਬਲ ਹੈ ਔਰ ਅਸੀਂ 3 ਰੁਪਏ ਦੀ ਮਰੀਜ਼ਾਂ ਨੂੰ ਸਪਲਾਈ ਕਰਾਂਗੇ। ਹੁਣ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ 2 ਰੁਪਏ ਦੀ ਸਪਲਾਈ ਕਰੋ। ਜੇਕਰ ਮੈਂ ਕਹਿ ਦਿੰਦਾ ਕਿ 2 ਰੁਪਏ ਦੀ ਦੇਵਾਂਗੇ ਫੇਰ ਇਨ੍ਹਾਂ ਨੇ ਕਹਿਣਾ ਸੀ ਕਿ ਇਕ ਰੁਪਏ ਦੀ ਸਪਲਾਈ ਕਰੋ। ਇਹ ਪਲਾਂਟ ਜਲਦੀ ਹੀ ਚਾਲੂ ਹੋ ਜਾਵੇਗਾ ਔਰ ਮੈਂ ਹਾਊਸ ਦੀ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪਟਿਆਲੇ, ਅੰਮ੍ਰਿਤਸਰ, ਫਰੀਦਕੋਟ, ਲੁਧਿਆਣਾ ਅਤੇ ਜਲੰਧਰ ਵਿਚ ਇਕ ਇਕ ਪਲਾਂਟ ਇਸ ਦਾ ਲਗਾਇਆ ਜਾਵੇਗਾ। ਇਸ ਵੱਲ ਅਕਾਲੀ ਭਰਾ ਧਿਆਨ ਨਹੀਂ ਦੇ ਸਕੇ ਸਨ। ਅਸੀਂ ਕਾਰਵਾਈ ਕਰ ਰਹੇ ਹਾਂ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਪਟਿਆਲਾ, ਰਾਜਿੰਦਰਾ ਹਸਪਤਾਲ ਲਈ ਪਲਾਂਟ ਕਦੋਂ ਤੱਕ ਸ਼ੁਰੂ ਹੋ ਜਾਵੇਗਾ ਅਤੇ ਕੀ ਸਰਕਾਰ ਸਬ-ਡਵੀਜ਼ਨਾਂ ਅਤੇ ਤਹਿਸੀਲਾਂ ਦੇ ਹਸਪ-ਤਾਲਾਂ ਦੇ ਵਿਚ ਵੀ 3 ਰੁਪਏ ਦੀ ਗੁਲੂਕੋਜ਼ ਦੀ ਬੋਤਲ ਸਪਲਾਈ ਕਰੇਗੀ ?

**ਮੰਤਰੀ** : ਸਪੀਕਰ ਸਾਹਿਬ, ਪਟਿਆਲੇ ਹਸਪਤਾਲ ਬਾਰੇ ਅਤੇ ਸਪਲਾਈ ਬਾਰੇ ਇਹ ਅੱਲਗ ਸਵਾਲ ਲਿਖ ਕੇ ਦੇ ਦੇਣ, ਮੈਂ ਡੀਟੇਲਜ਼ ਵਿਚ ਜਵਾਬ ਦੇ ਦੇਵਾਂਗਾ।

---

### Hospitals without Senior Medical Officers in the State

***1353. Comrade Darshan Singh Jhabal** : Will the Minister for Health be pleased to state the names of Hospitals which are without Senior Medical Officers in the State together with the time by which they are likely to be posted therein ?

**Sardar Harcharan Singh Ajnala (Education Minister)** : A statement containing particulars of the hospitals which are without Senior Medical Offcers is laid on the Table of the Sabha. Steps are being taken to fill the vacant posts.

Original with;
Punjab Vidhan Sabha
Digitized by;
Panjab Digital Library

[Education Minister]

## STATEMENT

**Particulars of the Hospitals which are without Senior Medical Officers (S.M.Os.)**

| DISTRICT | | |
|---|---|---|
| 1. **Amritsar** .. | 1. Baba Bakala .. | Primary Health Centre upgraded to 30 bedded Rural Hospital |
| | 2. Naianwind .. | Ditto |
| | 3. Rajoke .. | Ditto |
| | 4. Rarsike .. | Ditto |
| | 5. Kairon .. | Ditto |
| | 6. Ram Dass .. | Ditto |
| | 7. Jhabal .. | Ditto |
| 2. **Bhatinda** .. | 1. Bhagta .. | Ditto |
| | 2. Nathana .. | Ditto |
| | 3. Budhlada .. | Ditto |
| 3. **Faridkot** .. | 1. Dhudike .. | Ditto |
| | 2. Jand Sahib .. | Ditto |
| | 3. Jaito .. | Civil Hospital |
| | 4. Faridkot .. | Ditto |
| 4. **Ferozepur** .. | 1. Kassoana .. | Primary Health Centre upgraded to 30 bedded Rural Hospital |
| | 2. Jand Wala Bhim Shah .. | Ditto |
| | 3. Mamdot .. | Ditto |
| 5. **Gurdaspur** .. | 1. Bham .. | Ditto |
| | 2. Naushera-Majha Singh .. | Ditto |
| | 3. Narot Jaimal Singh | Ditto |
| | 4. Kalanaur .. | Ditto |
| | 5. Dorangla .. | Ditto |
| | 6. Fatehgarh Churian .. | Ditto |
| 6. **Hoshiarpur** .. | 1. Budobar .. | Ditto |
| | 2. Saroya .. | Ditto |
| 7. **Jullundur** .. | 1. Kala Bakra .. | Ditto |
| | 2. Eye Mobile Hospital, Jullundur .. | Ditto |
| | 3. Banga .. | Civil Hospital |
| 8. **Patiala** .. | 1. Fatehgarh Sahib .. | Ditto |
| | 2. Bassi Pathana .. | Ditto |
| 9. **Ropar** .. | 1. Nurpur Bedi .. | Primary Health Centre upgraded to 30 bedded Rural Hospital |
| 10. **Sangrur** .. | 1. Dhanaula .. | Ditto |
| | 2. Eye Mobile Hospital, Sangrur .. | |
| | 3. Kauthian .. | Ditto |
| | 4. Munak .. | Ditto |
| 11. **Ludhiana** and 12. **Kapurthala** | | No vacant post |
| | Total number of Hospitals without Senior Medical Officers .. | 35 |

Original with;
Punjab Vidhan Sabha
Digitized by;
Panjab Digital Library

It may be mentioned that orders for the posting of S.M.O's. have been issued in respect of the following Hospitals out of the ones mentioned above :—

| DISTRICT | | | |
|---|---|---|---|
| 1. **Amritsar** | 1. Baba Bakala | .. | Primary Health Centre upgraded to 30 bedded Rural Hospital |
| | 2. Rajoke | .. | Ditto |
| | 3. Kairon | .. | Ditto |
| | 4. Jhabal | .. | Ditto |
| 2. **Bhatinda** | 1. Budhlada | .. | Ditto |
| 3. **Faridkot** | 1. Dhudike | .. | Ditto |
| | 2. Jaito | .. | Civil Hospital |
| 4. **Ferozepur** | 1. Mamdot | .. | Primary Health Centre upgraded to 30 bedded Rural Hospital |
| 5. **Gurdaspur** | 1. Naushera-Majha Singh | .. | Ditto |
| | 2. Kalanaur | .. | Ditto |
| | 3. Fatehgarh Churian | | Ditto |
| 6. **Jullundur** | 1. Kala Bakra | .. | Ditto |
| | 2. Banga | .. | Civil Hospital |
| 7. **Patiala** | 1. Fatehgarh Sahib | .. | Civil Hospital |
| 8. **Sangrur** | 1. Dhanaula | .. | Primary Health Centre upgraded to 30 bedded Rural Hospital |
| | 2. Kaurhian | .. | Ditto |

**ਕਾਮਰੇਡ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਮੈਂ ਇਹ ਸਵਾਲ ਕੀਤਾ ਸੀ ਕਿ ਸੀਨੀਅਰ ਮੈਡੀਕਲ ਅਫਸਰਾਂ ਨੂੰ ਲਗਾ ਦਿੱਤਾ ਜਾਵੇ ਔਰ ਜਵਾਬ ਆਇਆ ਸੀ ਕਿ ਜਲਦੀ ਹੀ ਲਗਾ ਦਿੱਤਾ ਜਾਵੇਗਾ । ਹੁਣ ਵੀ ਇਹ ਹੀ ਜਵਾਬ ਆਇਆ ਹੈ। ਇਹ ਜਲਦੀ ਦਾ ਮਤਲਬ ਦੱਸ ਦੇਣ ਕਿ ਕਦੋਂ ਤੱਕ ਲਗਾ ਦੇਣਗੇ ?

**ਵਿੱਦਿਆ ਮੰਤਰੀ** : ਸਪੀਕਰ ਸਾਹਿਬ, ਡੀਟੇਲਜ਼ ਦੇ ਵਿਚ ਸਟੇਟਮੈਂਟ ਮੈਂ ਹਾਊਸ ਦੀ ਮੇਜ਼ ਤੇ ਲੇ ਕਰ ਦਿਤੀ ਹੈ ਔਰ ਦੱਸਿਆ ਗਿਆ ਹੈ ਕਿ ਸਾਰੇ ਪੰਜਾਬ ਦੇ ਵਿਚ 35 ਸੀਨੀਅਰ ਮੈਡੀਕਲ ਅਫਸਰਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ। ਇਨ੍ਹਾਂ ਵਿਚੋਂ 16 ਪੋਸਟਾਂ ਤੇ ਆਰਡਰ ਕਰ ਦਿੱਤੇ ਹਨ ਔਰ ਇਕ ਹਫਤੇ ਦੇ ਵਿਚ ਇਹ ਡਾਕਟਰ ਡਿਊਟੀ ਜੁਆਇਨ ਕਰ ਜਾਣਗੇ। ਮੈਂ ਝਬਾਲ ਸਾਹਿਬ ਨੂੰ ਦੱਸਦਾ ਹਾਂ ਕਿ ਇਨ੍ਹਾਂ ਦੇ ਝਬਾਲ ਦੇ ਹਸਪਤਾਲ ਵਿਚ ਵੀ ਪੋਸਟਿੰਗ ਕਰ ਦਿਤੀ ਗਈ ਹੈ।

**ਸਰਦਾਰ ਦਰਸ਼ਨ ਸਿੰਘ ਝਬਾਲ** : ਸਪੀਕਰ ਸਾਹਿਬ, ਵੈਸੇ ਪੋਸਟਾਂ ਜ਼ਿਆਦਾ ਹਨ ਪਰ ਇਨ੍ਹਾਂ ਨੇ ਦੱਸੀਆਂ ਕੇਵਲ 35 ਹਨ। ਮੇਰੇ ਹਲਕੇ ਵਿਚ ਪਿੰਡ ਤਰਸੇਲ ਵਿਚ ਸੀਨੀਅਰ ਮੈਡੀਕਲ ਅਫਸਰ ਦੀ ਪੋਸਟ ਨੂੰ ਅੱਪਗਰੇਡ ਕੀਤਾ ਗਿਆ ਹੈ ਉਥੇ ਕਦੋਂ ਤੱਕ ਲਗਾ ਦਿਉਗੇ ?

**ਮੰਤਰੀ** : ਸਪੀਕਰ ਸਾਹਿਬ, ਸਵਾਲ ਕੇਵਲ ਪੋਸਟਿੰਗ ਦਾ ਸੀ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ। ਹੁਣ ਇਹ ਅਲੱਗ ਸਵਾਲ ਲਿਖ ਕੇ ਭੇਜ ਦੇਣ, ਮੈਂ ਡੀਟੇਲਜ਼ ਵਿਚ ਜਵਾਬ ਦੇ ਦੇਵਾਂਗਾ

Original with;
Punjab Vidhan Sabha
Digitized by;
Panjab Digital Library

ਪੰਡਿਤ ਸਰਵਣ ਰਾਮ : ਸਪੀਕਰ ਸਾਹਿਬ, ਕੰਡੀ ਏਰੀਆ ਦੇ ਵਿਚ ਬਹੁਤ ਸਾਰੇ ਐਸੇ ਹਸ-ਪਤਾਲ ਹਨ ਜਿਥੇ ਡਾਕਟਰ ਨਹੀਂ ਹਨ, ਜੇਕਰ ਡਾਕਟਰ ਹਨ ਤਾਂ ਉਥੇ ਡਿਸਪੈਂਸਰ ਨਹੀਂ ਹਨ। ਇਹ ਪੋਸਟਾਂ ਕਦੋਂ ਤੱਕ ਭਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਸਾਰੀਆਂ ਪੋਸਟਾਂ ਦੇ ਬਾਰੇ ਮੈਂ ਦੱਸ ਦਿੱਤਾ ਹੈ। ਇਹ ਕੋਈ ਪਰਟੀਕੁਲਰ ਗੱਲ ਕਰਨ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1435

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

---

**Control Rate of Bricks in the State**

***1396. Jathedar Gurbachan Singh Lakhmirwala :** Will the Minister of State for Food and Supplies be pleased to state —

(a) the control rate of bricks in the State ;

(b) whether any steps are being taken to check the black-marketing of bricks in the State, if so, the details thereof ?

**Shri Bhagwan Dass :** (a) The controlled rates of bricks manufactured with sponsored slack coal are :—

| Class of bricks | | Price per 1,000 bricks exclusive of royality at Rs. 3 per 1000 bricks (sales/local taxes, etc.) |
|---|---|---|
| | | Rs. |
| 1st Class bricks | .. | 128·82 |
| 2nd Clases bricks | .. | 108·20 |
| 3rd Class bricks | .. | 70·85 |
| Brick Bats | .. | 19·32 |

(b) Since the entire sale of bricks manufactured with sponsored slack coal is regulated against permits, the question of black-marketing does not arise. There is no control on the prices of bricks manufactured with non-sponsored slack coal, which are available in the open market.

ਜਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇੱਟਾਂ ਦੇ ਰੇਟ ਦਰਜੇ-ਬੰਦੀ ਦੇ ਹਿਸਾਬ ਨਾਲ ਦੇ ਦਿੱਤੇ ਹਨ। ਕੀ ਇਹ ਰੇਟ ਕਿਸੇ ਭੱਠੇ ਤੇ ਲਾਗੂ ਵੀ ਹਨ ਜਿਸ ਤੋਂ ਇੱਟਾਂ ਕੰਟਰੋਲ ਰੇਟ ਤੇ ਮਿਲਦੀਆਂ ਹੋਣ ? ਜਿਹੜੇ ਭੱਠੇ ਵਾਲੇ ਕੋਲਾ ਕੰਟਰੋਲ ਰੇਟ ਤੇ ਲੈਂਦੇ ਹਨ ਉਹ ਵੀ ਇੱਟਾਂ ਕੰਟਰੋਲ ਰੇਟ ਤੇ ਨਹੀਂ ਦਿੰਦੇ। ਇਸ ਬਾਰੇ ਸਪੱਸ਼ਟੀਕਰਨ ਦੇਣ ?

ਰਾਜ ਮੰਤਰੀ : ਜੋ ਇੱਟਾਂ ਦੇ ਕੰਟ੍ਰੋਲ ਦਾ ਭਾਅ ਹੈ, ਉਹ ਦੱਸ ਦਿੱਤਾ ਗਿਆ ਹੈ ਔਰ ਬਲੈਕ ਮਾਰਕਿਟ ਦੇ ਸਵਾਲ ਬਾਰੇ ਵੀ ਦੱਸਿਆ ਹੈ ਕਿ ਸਵਾਲ ਪੈਦਾ ਨਹੀਂ ਹੁੰਦਾ। ਇਸ ਤੋਂ ਇਲਾਵਾ

Original with; Punjab Vidhan Sabha Digitized by; Panjab Digital Library

ਜੋ ਇਨਫਰਮੇਸ਼ਨ ਆਨਰੇਬਲ ਮੈਂਬਰ ਸਾਹਿਬ ਨੂੰ ਚਾਹੀਦੀ ਹੈ, ਉਹ ਉਸ ਬਾਰੇ ਨਵਾਂ ਕੁਐਸਚਨ ਦੇ ਦੇਣ ਤਾਂ ਜਵਾਬ ਦੇ ਦਿੱਤਾ ਜਾਵੇਗਾ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਸਟੇਟ ਦੀ ਡਿਵੈਲਪਮੈਂਟ ਵਾਸਤੇ ਜਿਤਨੀਆਂ ਇੱਟਾਂ ਦੀ ਲੋੜ ਹੈ ਕੀ ਮਨਿਸਟਰ ਸਾਹਿਬ ਉਸ ਮੁਤਾਬਿਕ ਇੱਟਾਂ ਸਪਲਾਈ ਕਰਾ ਸਕਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਜਿਤਨੀਆਂ ਇੱਟਾਂ ਦੀ ਲੋੜ ਹੈ, ਉਸ ਮੁਤਾਬਿਕ ਇੱਟਾਂ ਮਿਲ ਰਹੀਆਂ ਹਨ। ਬਾਕੀ ਜੇਕਰ ਹੋਰ ਜਾਣਕਾਰੀ ਮੈਂਬਰ ਸਾਹਿਬ ਲੈਣਾ ਚਾਹੁੰਦੇ ਹਨ ਤਾਂ ਨਵਾਂ ਕੁਐਸਚਨ ਦੇ ਦੇਣ, ਜਵਾਬ ਮਿਲ ਜਾਵੇਗਾ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਗੜ੍ਹਸ਼ੰਕਰ ਵਿਚ ਜਿਤਨਾ ਕੰਮ ਡਿਵੈਲਪਮੈਂਟ ਦਾ ਹੋਇਆ ਹੈ ਉਥੇ 200 ਰੁਪਏ ਜਾਂ 250 ਰੁਪਏ ਪ੍ਰਤੀ ਹਜ਼ਾਰ ਦੇ ਹਿਸਾਬ ਨਾਲ ਇੱਟਾਂ ਮਿਲੀਆਂ ਹਨ। ਇਸ ਦਾ, ਸਪੀਕਰ ਸਾਹਿਬ, ਮੇਰੇ ਕੋਲ ਸਬੂਤ ਮੌਜੂਦ ਹੈ। ਮਨਿਸਟਰ ਸਾਹਿਬ ਨੇ 128 ਰੁਪਏ, 108 ਰੁਪਏ ਦਾ ਭਾਅ ਪ੍ਰਤੀ ਹਜ਼ਾਰ ਇੱਟ ਦਾ ਦੱਸਿਆ ਹੈ। ਇਸ ਭਾਅ ਇੱਟ ਨਹੀਂ ਮਿਲ ਰਹੀ।

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਨ੍ਹਾਂ ਭੱਠਿਆਂ ਨੂੰ ਸਰਕਾਰ ਕੋਲਾ ਨਹੀਂ ਦਿੰਦੀ, ਉਨ੍ਹਾਂ ਭੱਠਿਆਂ ਤੇ ਇੱਟਾਂ ਦਾ ਇਹ ਭਾਅ ਨਹੀਂ ਹੈ ਬਲਕਿ ਜਿਨ੍ਹਾਂ ਭੱਠਿਆਂ ਨੂੰ ਸਰਕਾਰ ਕੋਲਾ ਦਿੰਦੀ ਹੈ, ਉਨ੍ਹਾਂ ਭੱਠਿਆਂ ਦੀਆਂ ਇੱਟਾਂ ਦਾ ਕੰਟਰੋਲ ਰੇਟ ਦੱਸਿਆ ਗਿਆ ਹੈ।

**ਕਾਮਰੇਡ ਕੁਲਵੰਤ ਸਿੰਘ** : ਸਪੀਕਰ ਸਾਹਿਬ, ਜੋ ਮਨਿਸਟਰ ਸਾਹਿਬ ਨੇ 128.82 ਰੁਪਏ ਦਾ ਭਾਅ ਪ੍ਰਤੀ ਹਜ਼ਾਰ ਇੱਟ ਦਾ ਦਸਿਆ ਹੈ, ਉਸ ਵਿਚ ਕਿਸੇ ਜ਼ਿਲ੍ਹੇ ਦਾ ਵੇਰਵਾ ਨਹੀਂ ਹੈ। ਇਸ ਭਾਅ ਤੇ, ਸਪੀਕਰ ਸਾਹਿਬ, ਇੱਟਾਂ ਨਹੀਂ ਮਿਲ ਰਹੀਆਂ। ਪੰਡਿਤ ਸਰਵਣ ਰਾਮ ਜੀ ਨੇ ਵੀ ਠੀਕ ਦੱਸਿਆ ਹੈ। 265 ਰੁਪਏ ਦੇ ਭਾਅ ਤੇ ਇੱਟਾਂ ਮਿਲਦੀਆਂ ਹਨ, ਉਸ ਦੀਆਂ ਸਾਡੇ ਕੋਲ ਰਸੀਦਾਂ ਮੌਜੂਦ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੱਗੋਂ ਤੋਂ 128 ਰੁਪਏ ਦੇ ਹਿਸਾਬ ਨਾਲ ਇੱਟਾਂ ਦਿਵਾਉਣਗੇ ਅਤੇ ਇੱਟਾਂ ਦੇ ਭਾਅ ਵਿਚ ਹੋ ਰਹੀ ਲੁੱਟ ਬੰਦ ਕਰਵਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਸਿਰਫ ਇੱਟਾਂ ਦਾ ਕੰਟਰੋਲ ਰੇਟ ਦੱਸਿਆ ਹੈ, ਜਿਨ੍ਹਾਂ ਨੂੰ ਅਸੀਂ ਕੋਲਾ ਦਿੰਦੇ ਹਾਂ। ਮੈ ਇਹ ਨਹੀਂ ਕਿਹਾ ਕਿ ਬਾਕੀ ਭੱਠਿਆਂ ਤੇ ਇੱਟਾਂ ਇਸ ਭਾਅ ਤੇ ਮਿਲਦੀਆਂ ਹਨ ਜਿਨ੍ਹਾਂ ਨੂੰ ਅਸੀਂ ਕੋਲਾ ਨਹੀਂ ਦਿੰਦੇ। ਉਨ੍ਹਾਂ ਵਾਸਤੇ ਕੋਈ ਕੰਟਰੋਲ ਨਹੀਂ ਹੈ।

---

### Cases of Black Marketing of Diesel in district Sangrur

***1332. Master Chand Singh :** Will the Minister of State for Food and Supplies be pleased to state whether any cases of black-marketing in diesel by the diesel pump owners in district Sangrur were detected during the period from August, 1981 to 31st December, 1981 ; if so, the number thereof together with the action, if any, taken against the said owners ?

Original with;
Punjab Vidhan Sabha
Digitized by;
Panjab Digital Library

**ਸ਼੍ਰੀ ਭਗਵਾਨ ਦਾਸ :** ਹਾਂ ਸ਼੍ਰੀਮਾਨ ਜੀ, 2 ਪੈਸੇ ਪ੍ਰਤਿ ਲਿਟਰ, ਵਧ ਕੀਮਤ ਵਸੂਲ ਕਰਨ ਬਾਰੇ, ਇਕ ਕੇਸ ਫੜਿਆ ਗਿਆ ਸੀ । ਡੀਜ਼ਲ ਪੰਪ ਸੀਲ ਕਰ ਦਿੱਤਾ ਗਿਆ ਹੈ ਅਤੇ ਡੀਲਰ ਦੇ ਵਿਰੁਧ ਮਿਤੀ 29-11-1981 ਨੂੰ ਧਨੌਲਾ ਪੁਲਿਸ ਕੋਲ ਦਰਜ ਕਰਵਾਇਆ ਜਾ ਚੁੱਕਾ ਹੈ । ਇਸ ਪੰਪ ਨੂੰ ਡੀਜ਼ਲ ਦੀ ਸਪਲਾਈ ਮੁਅੱਤਲ ਕੀਤੀ ਜਾ ਚੁੱਕੀ ਹੈ ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, 2 ਪੈਸੇ ਪ੍ਰਤਿ ਲਿਟਰ, ਵੱਧ ਕੀਮਤ ਵਸੂਲ ਕਰਨ ਕਰਕੇ ਫੜਿਆ ਗਿਆ ਸੀ, ਇਹ ਵਜ਼ੀਰ ਸਾਹਿਬ ਨੇ ਕਿਹਾ ਹੈ । ਅਸਲ ਕਾਰਨ ਇਹ ਹੈ ਕਿ ਡੀਜ਼ਲ ਪੰਪ ਮਾਲਕ ਡੀਜ਼ਲ ਵਿਚ ਮਿੱਟੀ ਦਾ ਤੇਲ ਪਾ ਕੇ ਵੇਚਦਾ ਰਿਹਾ ਸੀ, ਲੋਕਾਂ ਨੇ ਉਸਨੂੰ ਫੜ ਲਿਆ ਔਰ ਉਸ ਦਾ ਨਮੂਨਾ ਕਲਕੱਤੇ ਟੈਸਟ ਲਈ ਭੇਜ ਦਿੱਤਾ ਗਿਆ ਸੀ । ਸਪੀਕਰ ਸਾਹਿਬ, 7 ਜਨਵਰੀ, 1982 ਨੂੰ ਟੈਸਟ ਦੀ ਰਿਪੋਰਟ ਆ ਗਈ ਕਿ ਡੀਜ਼ਲ ਵਿਚ ਮਿੱਟੀ ਦਾ ਤੇਲ ਸੀ । ਮਨਿਸਟਰ ਸਾਹਿਬ ਦੱਸਣ ਕਿ ਕੀ ਪੰਪ ਮਾਲਕ ਦਾ ਲਸੰਸ ਕੈਂਸਲ ਕਰ ਦਿੱਤਾ ਗਿਆ ਹੈ ਜਾਂ ਨਹੀਂ ? ਔਰ ਉਸ ਦੇ ਖਿਲਾਫ ਕੀ ਕਾਰਵਾਈ ਕਰ ਰਹੇ ਹਨ ?

**ਰਾਜ ਮੰਤਰੀ :** ਠੀਕ ਹੈ ਕਿ ਉਸ ਪੰਪ ਮਾਲਕ ਨੇ ਕਈ ਧਾਂਧਲੀਆਂ ਮਚਾਈਆਂ ਸਨ । ਸਪੀਕਰ ਸਾਹਿਬ, ਬਕਾਇਦਾ ਐਕਸ਼ਨ ਲਿਆ ਗਿਆ ਹੈ, ਪੰਪ ਸੀਲ ਕਰ ਦਿੱਤਾ ਗਿਆ ਹੈ । ਡੀਲਰ ਦੇ ਵਿਰੁੱਧ ਕੇਸ ਦਰਜ ਹੈ । ਮੈਂ ਹੁਣੇ ਹੀ ਆਪਣੇ ਸੈਕਟਰੀ ਸਾਹਿਬ ਨੂੰ ਪੁੱਛਿਆ ਹੈ ਪਰ ਜਵਾਬ ਨਹੀਂ ਆਇਆ ਔਰ ਜਵਾਬ ਆਉਣ ਤੇ ਐਕਸ਼ਨ ਲਿਆ ਜਾਵੇਗਾ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਜਿਹੜੀ ਡੀਜ਼ਲ ਵਿਚ ਬਲੈਕ-ਮਾਰਕੀਟਿੰਗ ਹੋ ਰਹੀ ਹੈ, ਇੱਕ ਕੇਸ ਫੜਿਆ ਹੈ ਔਰ ਪੰਪ ਸੀਲ ਕਰ ਦਿੱਤਾ ਗਿਆ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਹੜੇ ਬਾਕੀ 1,000 ਜਾਂ 1,500 ਪੰਪ ਹਨ, ਉਨ੍ਹਾਂ ਦਾ ਸਰਵੇ ਵੀ ਕੀਤਾ ਗਿਆ ਹੈ ਔਰ ਜੇਕਰ ਨਹੀਂ ਸਰਵੇ ਕੀਤਾ ਤਾਂ ਕੀ ਹੁਣ ਕਰ ਰਹੇ ਹਨ ?

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ । ਇਸ ਬਾਰੇ ਆਨਰੇਬਲ ਮੈਂਬਰ ਸਾਹਿਬ ਨੋਟਿਸ ਦੇ ਦੇਣ ਤਾਂ ਸਾਰਾ ਜਵਾਬ ਹਾਊਸ ਵਿਚ ਦੇ ਦਿੱਤਾ ਜਾਵੇਗਾ ।

**ਸ਼੍ਰੀ ਸੰਤ ਰਾਮ ਸਿੰਗਲਾ :** ਸਪੀਕਰ ਸਾਹਿਬ, ਜਿਹੜੇ ਤੇਲ ਦੇ ਡੀਪੂ ਹਨ ਉਨ੍ਹਾਂ ਡਿਪੂਆਂ ਤੇ ਤੇਲ ਘੱਟ ਮਿਲਦਾ ਹੈ ਔਰ ਕਈ ਡਿਪੂ ਹੋਲਡਰਜ਼ ਆਪਣੇ ਡਿਪੂ ਬੰਦ ਕਰਕੇ ਘਰ ਨੂੰ ਚਲੇ ਜਾਂਦੇ ਹਨ । ਕੀ ਮਨਿਸਟਰ ਸਾਹਿਬ ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਇਸ ਬਾਰੇ ਕੋਈ ਸਪੈਸੀਫਿਕ ਕੇਸ ਦੱਸ ਦੇਣ ਤਾਂ ਐਕਸ਼ਨ ਲਿਆ ਜਾਵੇਗਾ ।

---

### Factory Manufacturing Spurious Cement

*1436. 1. **Sardar Atma Singh**
2. **Sardar Sarwan Singh Phillaur**
3. **Jathedar Naranjan Singh Patti**
} Will the Chief Minister be pleased to state —

(a) whether any police raid was conducted in Ludhiana during the current financial year and a factory manufacturing

Original with;
Punjab Vidhan Sabha
Digitized by;
Panjab Digital Library

spurious cement was unearthed ; if so, the action so far taken in the matter ;

(b) the number of cement bags of spurious cement seized together with the names of the alleged culprits ;

(c) whether any case was registered in this regard ; if so, the details thereof ?

**ਡਾਕਟਰ ਕੇਵਲ ਕ੍ਰਿਸ਼ਨ** (ਵਿੱਤ ਮੰਤਰੀ) : (ੳ) ਹਾਂ ਜੀ, ਤਿੰਨ ਕੇਸ ਦਰਜ ਕੀਤੇ ਹਨ ਅਤੇ 12 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ ਜੀ ।

(ਅ) 4246 ਥੈਲੇ ਬਰਾਮਦ ਕੀਤੇ ਗਏ ਹਨ। ਨਾਮ ਹੇਠਾਂ ਦਿੱਤੇ ਜਾਂਦੇ ਹਨ—

(1) ਗੁਰਬਿੰਦਰ ਸਿੰਘ ਉਰਫ ਭੋਲਾ (2) ਓਮ ਪ੍ਰਕਾਸ਼ ਉਰਫ (ਉਮੀ) (3) ਨਰਿੰਦਰ ਸਿੰਘ (4) ਹੀਰਾ ਸਿੰਘ (5) ਰਘੁਬੀਰ ਸਿੰਘ (6) ਫਕੀਰ ਚੰਦ ਉਰਫ ਫਕੀਰੀਆ (7) ਮਾਲਕ ਰਾਮ (8) ਅਸ਼ੋਕ ਕੁਮਾਰ (9) ਇੰਦਰਜੀਤ (10) ਸਤੀਸ਼ ਕੁਮਾਰ (11) ਵਿਨੋਦ ਵਾਲੀਆ (12) ਭਗਵਾਨ ਦਾਸ।

(ੲ) ਹਾਂ ਜੀ, (1) ਮੁਕੱਦਮਾ ਨੰ: 191, ਮਿਤੀ 16/5/81 ਅ/ਧ 7 ਈ. ਸੀ. ਐਕਟ ਅਤੇ 420 ਬ: ਡੰਡਾਵਲੀ ਥਾਣਾ ਸਦਰ ਲੁਧਿਆਣਾ, 3858 ਬੋਰੀਆਂ ਬਰਾਮਦ।

(2) ਮੁਕੱਦਮਾ ਨੰ: 196 ਮਿਤੀ 18/5/81 ਅ/ਧ 7 ਈ. ਸੀ. ਐਕਟ ਥਾਣਾ ਸਦਰ ਲੁਧਿਆਣਾ। 135 ਬੋਰੀਆਂ ਬਰਾਮਦ। (3) ਮੁਕੱਦਮਾ ਨੰ: 202 ਮਿਤੀ 23/5/81 ਅ/ਧ 7 ਈ. ਸੀ. ਐਕਟ, ਥਾਣਾ ਸਦਰ ਲੁਧਿਆਣਾ । 253 ਬੋਰੀਆਂ ਬਰਾਮਦ ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 12 ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ ਔਰ 4246 ਸੀਮਿੰਟ ਦੇ ਥੈਲੇ ਬਰਾਮਦ ਕੀਤੇ ਗਏ ਹਨ। ਸਪੀਕਰ ਸਾਹਿਬ, ਕੇਸ ਦਰਜ ਹੋਏ ਨੂੰ 9 ਮਹੀਨੇ ਹੋ ਗਏ ਹਨ। ਮਨਿਸਟਰ ਸਾਹਿਬ ਦੱਸਣ ਕਿ ਕੀ ਹੁਣ ਤਕ ਅਦਾਲਤ ਵਿਚ ਚਲਾਨ ਪੇਸ਼ ਕੀਤੇ ਗਏ ਹਨ ? ਦੂਸਰਾ ਇਸ ਕੇਸ ਦੀ ਹੁਣ ਕੀ ਪੁਜ਼ੀਸ਼ਨ ਹੈ ? ਤੀਸਰਾ ਕੀ 12 ਦੋਸ਼ੀਆਂ ਦੀ ਮੱਦਦ ਕਰਨ ਵਾਲਾ ਪਾਰਲੀਮੈਂਟ ਦਾ ਮੈਂਬਰ ਵਿਚ ਸ਼ਾਮਲ ਤਾਂ ਨਹੀਂ ਹੈ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਇਹ ਕੇਸ ਲੁਧਿਆਣੇ ਵਿਚ ਦਰਜ ਕੀਤਾ ਗਿਆ ਹੈ ਔਰ ਚੀਫ ਮਨਿਸਟਰ ਸਾਹਿਬ ਨੇ ਆਪ ਜਾ ਕੇ ਛਾਪਾ ਮਾਰਿਆ ਸੀ। ਇਸ ਕੇਸ ਵਿਚ ਕਿਸੇ ਨੇ ਕਿਸੇ ਦੀ ਕੋਈ ਸਿਫਾਰਸ਼ ਨਹੀਂ ਕੀਤੀ। ਸੀਮਿੰਟ ਟੈਸਟ ਲਈ ਕਲਕੱਤੇ ਭੇਜਿਆ ਗਿਆ ਔਰ ਦੋ ਸੈਂਪਲਜ਼ ਦੇ ਟੈਸਟ ਪਹੁੰਚ ਗਏ ਹਨ। ਨਕਲੀ ਸੀਮਿੰਟ ਨਿਕਲਿਆ ਔਰ ਤੀਸਰੇ ਟੈਸਟ ਦਾ ਜਵਾਬ ਆਉਣ ਵਾਲਾ ਹੈ। ਇਸ ਕੇਸ ਵਿਚ ਦੋਸ਼ੀਆਂ ਦੇ ਖਿਲਾਫ ਸਖ਼ਤ ਤੋਂ ਸਖ਼ਤ ਐਕਸ਼ਨ ਲਿਆ ਜਾਵੇਗਾ।

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੋਰਸ ਕੀ ਸੀ ? ਸੀਮਿੰਟ ਜਿਨ੍ਹਾਂ ਨੇ ਐਲੋਕੇਟ ਕੀਤਾ, ਉਹ ਕੌਣ ਕੌਣ ਸਨ ? ਜਿਨ੍ਹਾਂ ਨੇ ਇਹ ਸੀਮਿੰਟ ਅਲਾਟ ਕੀਤਾ ਸੀ ਕੀ ਉਨ੍ਹਾਂ ਦੇ ਖਿਲਾਫ ਵੀ ਐਕਸ਼ਨ ਲਿਆ ਗਿਆ ਹੈ ਜਾਂ ਉਨ੍ਹਾਂ ਨੂੰ ਛੱਡ ਦਿੱਤਾ ਗਿਆ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਸ ਕੇਸ ਵਿਚ ਇਨਵੈਸਟੀਗੇਸ਼ਨ ਜਾਰੀ ਹੈ। ਦੋ ਸੈਂਪਲਜ਼ ਦੇ ਰਿਜ਼ਲਟ ਆ ਚੁੱਕੇ ਹਨ ਔਰ ਤੀਸਰੇ ਦਾ ਰਿਜ਼ਲਟ ਆਉਣਾ ਹੈ । ਸਪੀਕਰ ਸਾਹਿਬ, ਇਸ ਕੇਸ ਵਿਚ ਜਿਤਨੇ ਵੀ ਲੋਕ ਹੋਣਗੇ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ।

**ਸਰਦਾਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਸਪੈਸੀਫਿਕ ਕੁਐਸਚਨ ਪੁੱਛਿਆ ਸੀ ਪਰ ਮਨਿਸਟਰ ਸਾਹਿਬ ਵਲੋਂ ਉਸ ਦਾ ਜਵਾਬ ਨਹੀਂ ਆਇਆ। ਮੈਂ ਪੁੱਛਿਆ ਸੀ ਕਿ ਸੋਰਸ ਕੀ ਸੀ ? ਦੂਸਰਾ ਕਿਹੜੇ ਕਿਹੜੇ ਆਦਮੀ ਸਨ ਜਾਂ ਪੰਜਾਬ ਦੀਆਂ ਪਾਰਟੀਆਂ ਸਨ, ਜਿਨ੍ਹਾਂ ਨੂੰ ਸੀਮਿੰਟ ਐਲੋ-ਕੇਟ ਹੋਇਆ ਸੀ ? ਤੀਸਰਾ ਜਿਨ੍ਹਾਂ ਨੇ ਸੀਮਿੰਟ ਐਲੋਕੇਟ ਕੀਤਾ ਸੀ, ਕੀ ਉਨ੍ਹਾਂ ਦਾ ਨਾਂ ਵੀ ਇਨ-ਵੈਸੀਟੀਗੇਸ਼ਨ ਵਿਚ ਰਖਿਆ ਗਿਆ ਹੈ ਜਾਂ ਨਹੀਂ ?

**ਸ਼੍ਰੀ ਸਪੀਕਰ** : ਇਹੰ ਸਪੂਰੀਅਸ ਸੀਮਿੰਟ ਦੇ ਮੁਤੱਲਕ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਵਿਨੋਦ ਵਾਲੀਆ ਦਾ ਕਿ ਉਸ ਨੂੰ ਗਿਫ-ਤਾਰ ਕੀਤਾ ਹੈ। ਉਸ ਨੇ ਆਪਣੇ ਬਿਆਨ ਵਿਚ ਦੱਸਿਆ ਸੀ ਕਿ 14,000 ਬੋਰੀ ਸਟੇਸ਼ਨ ਤੋਂ ਪਕੜੀ ਗਈ ਔਰ 9,000 ਬੋਰੀ ਗੁਦਾਮ ਵਿਚੋਂ ਪਕੜੀ ਗਈ ਸੀ। ਉਸ ਨੇ ਆਪਣੇ ਬਿਆਨ ਵਿਚ ਇਹ ਵੀ ਕਿਹਾ ਸੀ ਕਿ ਫਲਾਣਾ ਫਲਾਣਾ ਲੀਡਰ ਮੇਰੀ ਮੱਦਦ ਕਰਦਾ ਹੈ (ਥੰਪਿੰਗ) ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਸ ਤੇ ਕੋਈ ਸਰਕਾਰ ਨੇ ਐਕਸ਼ਨ ਲਿਆ ਹੈ ?

**ਮੰਤਰੀ** : ਮੁਕੱਦਮੇ ਦੀ ਇਨਵੈਸਟੀਗੇਸ਼ਨ ਦੇ ਮੁਤਾਬਿਕ ਜੋ ਵੀ ਕਸੂਰਵਾਰ ਹੋਣਗੇ ਉਨ੍ਹਾਂ ਤੇ ਐਕਸ਼ਨ ਲਿਆ ਜਾਏਗਾ। 4,246 ਬੈਗਜ਼ ਜੋ ਪਕੜੇ ਗਏ ਹਨ ਉਹ ਸਰਕਾਰ ਦੇ ਕਬਜ਼ੇ ਵਿਚ ਹਨ। 2 ਕੇਸਿਜ਼ ਹੋਰ ਪਕੜੇ ਗਏ ਹਨ। ਇਹ ਰਲਾ ਕੇ 4718 ਬੈਗਜ਼ ਹੋ ਜਾਂਦੇ ਹਨ ।

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Celebration of 400th Anniversary of Amritsar City

***1422. Sardar Iqbal Singh** : Will the Chief Minister be pleased to state :—

(a) the amount sanctioned by the Government for the development of Amritsar City in connection with the celebration of its 400th Anniversary ;

(b) the details of the development works on which the said amount was spent ?

Original with;
Punjab Vidhan Sabha
Digitized by;
Panjab Digital Library

**Shri Sardari Lal Kapur (Local Government Minister)** : (a) Rupees one crore only.

(b) A list showing the details of the developmental works is laid on the Table of the House.

LIST

**Details of the development works executed by the Municipal Corporation, Amritsar, in connection with the celebrating of 400th Anniversary of Amritsar City**

| Serial No. | Name of work | Expenditure |
|---|---|---|
| 1 | 2 | 3 |
| | | Rs. |
| 1. | Constt. of drains and flooring in S. Kahan Singh Road and Laxi Road, Tarn Taran Road .. | 90,057.30 |
| 2. | Constt. of drains and flooring in Renje De Haveli, towards Kot Harnam Dass .. | 1,01,003·44 |
| 3 | Constt. of drains and flooring from Barsati Nala towards Kot Mahana Singh .. | 89,595·94 |
| 4. | Constt. of drains and flooring Dr. Sunder Singh Road, S. Avtar Singh Road, Kot Mahna Singh, T. T. Road, Amritsar .. | 97,778·40 |
| 5. | Constt. of drains and flooring in Guru Nanak Dev Road, Kot Mahna Singh Road, Amritsar .. | 95,038·43 |
| 6. | Constt. of drains and flooring in Dry Brick flooring in Nai Abadi Tehsilpura .. | 85,026·79 |
| 7. | Constt. of drains and flooring in area bounded by Delhi Rly. Line, Tehsil Building and Hansli Sri Darbar Sahib, Amritsar .. | 81,485·11 |
| 8. | Constt. of drains and flooring S. Harnam Singh Road, Kot Mahna Singh, Amritsar .. | 88,891·75 |
| 9. | Constt. of drains and flooring S. Mahna Singh Road, Amritsar .. | 94,293·65 |
| 10. | Prov. external water supply to Municipal Employees Bungalows at H. W. Works, Amritsar .. | 15,817·38 |
| 11. | Constt. of drains and flooring in Abadi Tahsilpura, II, Amritsar .. | 75,033·78 |
| 12. | Prov. dry brick flooring in Fruit Market .. | 51,835·99 |
| 13. | Constt. of drain, earth filling in Gobind Nagar (Phase II), S. W. Road .. | 59,315·21 |
| 14. | Constt. of drains, earthfilling and brick flooring in Abadi Gobind Nagar I Phase .. | 89,681·30 |

Original with;
Punjab Vidhan Sabha
Digitized by;
Panjab Digital Library

[Local Government Minister]

| Serial No. | Name of work | Expenditure |
|---|---|---|
| 1 | 2 | 3 |
| | | Rs. |
| 15. | Constt. of drains Abadi Chah Nihangan, Putligarh, Amritsar .. | 36,950·40 |
| 16. | Prov. installation W/S and Sanitary fitting to S.O's. residence H. W. Works .. | 37,911·89 |
| 17. | Prov. and laying 200 mm. i/d W. W. Pipe sewer constt. of septic tank and soak pit for disposal of Employees Bungalows at H.W. Works .. | 14,917·60 |
| 18. | Improvement of W/S to fountains at Town Hall Seth Radha Kishan Park and Kot Atma Singh .. | 40,346·16 |
| 19. | Brick flooring and constt. of drains in Abadi Azad Nagar, S. W. Road, Amritsar .. | 47,497·80 |
| 20. | Brick flooring and constt. in Abadi Gobind Nagar, Phase III, S. W. Road, Amritsar .. | 82,723·48 |
| 21. | Constt. of drain and flooring in Abadi Sewa Na gar (Phase II) Ram Tirath Road .. | 97,589·04 |
| 22. | Constt. of drains, earth filling in Abadi Amar Kot .. | 58,994·15 |
| 23. | Providing drain, dry brick flooring near Abadi Tehsilpura .. | 99,075·11 |
| 24. | Strengthening of Circular Road from Chatiwind Ga te to Gilwali Gate RD 0 to RD 3000 .. | 82,507·97 |
| 25. | Constt. of road gully chamver outside Gilwali Gate to Sikander Gate RD 9000 to RD 18000 .. | 43,889·82 |
| 26. | Constt. of drain Type II in Abadi Ranjit Pura G. R. Road | 20,129·63 |
| 27. | Constt. rain Type II Near Eadh-Gah outside Lahori Gate | 22,249·30 |
| 28. | Strengthening of outer circular Road from Chattiwind Gate to Gilwali Gate RD 3000 to RD 6000 .. | 80,961·67 |
| 29. | Strengthening of O/c Road from Chatiwind Gate to Gilwali Gate RD 6000 to 9000 .. | 80,723·80 |
| 30. | Laying 15″ i/d R.C.C. Pipe Sewer at Government College for Women to District Chowk .. | 92,724·54 |
| 31. | Constt. of drain starting from Bharawan Da Hotel to Ram Garhia School .. | 20,997·00 |
| 32. | Providing and lying 8″ x 12″ Pipe Sewer Ghee Mandi to Hall Gate .. | 21,646·00 |
| 33. | Providing and laying 200 mm. S. W. Pipe Sewer Gali No. 4 Sharifpura and Gali No. 1, Husainpura .. | 9,787·62 |
| 34. | Surface Painting to O/Circular Road from Chatiwind Gate to Khazana Gate .. | 42,659·27 |
| 35. | Surface painting O/C Road from Chatiwind Gate to Khazana Gate RD 500 to RD 9000 .. | 48,993·12 |

Original with;
Punjab Vidhan Sabha
Digitized by;
Panjab Digital Library

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

| Serial No. | Name of work | Expenditure |
|---|---|---|
| 1 | 2 | 3 |
| | | Rs. |
| 36. | Improvement of Park outside Hathi Gate .. | 52,039·14 |
| 37. | Improvement outside Sultanwind Gate .. | 38,830·69 |
| 38. | Installing and Boring of Tubewell at Shakti Nagar .. | 70,768·39 |
| 39. | Installing and Boring of Tubewell Akhara Kulu Pehlwan | 61,581·90 |
| 40. | Installing and Boring of Tubewell Gali Si Wali .. | 60,054·04 |
| 41. | Installing and Boring of Tubewell Abadi Kot Baba Deep Singh .. | 60,150·60 |
| 42. | Laying 8″ X 10″ i/d S.W. Pipe Sewer Gali Kambo Bazar Lachhmansar .. | 23,536·69 |
| 43. | Providing and laying 8″ i/d S.W. Pipe Sewer in Abadi Kalyan Singh .. | 15,515·14 |
| 44. | Providing and laying 8″ i/d S. W. Pipe Sewer in Gali Mahabir Putligarh .. | 21,989·34 |
| 45. | Providing and laying 8" i/d S. W. Pipe Sewer in Gali Dallalan, I/S Beri Gate. Providing and laying 20 mm. thick surface Type B from Chatiwind Gate to Khazana Gate RD 0 to RD 2250 .. | 76,621·22 |
| 46. | Providing 8″ X 10" i/d S.W. Pipe Sewer Durgiana Mandir | 12,231·49 |
| 47. | Raising of Islamabad Chowk .. | 98,895·16 |
| 48. | Improvement of Open Space in Abadi Ajit Nagar .. | 36,319·43 |
| 49. | Constt. of Underground Reservoir in P.W.Z. Hospital .. | 10,045·90 |
| 50. | Raising of Drain Bundh of Road from Chowk Bijli Wala to Kt. Baggian .. | 32,900·30 |
| 51. | Installation and Boring of Tubewell at P.W.Z. Hospital Dhab Khatikan .. | 64,224·03 |
| 52. | Constt. of roads in Gowala Adda outside Chatiwind Gate .. | 49,470·41 |
| 53. | Improvement of footpath at Lohgarh Gate .. | 41,727·03 |
| 54. | Constt. of Road Gulley grating outer Circular Road from Chatiwind Gate to Gate Kahiman RD 0 to RD 9000 .. | 39,965·50 |
| 55. | Improvement of open space in Abadi Mahant Mool Singh, Amritsar .. | 28,014·15 |
| 56. | Constt. of Rehri Stand Gali No. 2, Kot Baba Deep Singh, Amritsar .. | 29,304·50 |
| 57. | Prov. M. S. Grills on boundary wall at Goal Bagh, Amritsar | 45,322·13 |
| 58. | Widening of Kot Atma Singh Road, Amritsar .. | 79,727·85 |
| 59. | Constt. of approach road to Shamsher Gate, O/S Chatiwind Gate .. | 30,248·79 |

Original with;
Panjab Vidhan Sabha
Digitized by;
Panjab Digital Library

[Local Government Minister]

| 1 | 2 | 3 |
|---|---|---|
| | | Rs. |
| 60. | Constt. of Rehri Stand Gali No. 3, Kot Baba Deep Singh .. | 28,078·21 |
| 61. | Extension of Footpath Kot Atma Singh .. | 1,07,344·37 |
| 62. | Constt. of drains and flooring Abadi Ajit Nagar (Phase II) | 76,667·36 |
| 63. | Installing and boring of Tubewell 15' X 8" in Gali Lamba Wali | 75,507·91 |
| 64. | Constt. of drains and flooring in Abadi Ajit Nagar (Phase I) | 57,624·53 |
| 65. | Constt. of drains and flooring in Sudershan Nagar, Phase-I | 66,631·64 |
| 66. | Constt. of drains and flooring in Sudershan Nagar, Phase-II | 66,120·59 |
| 67. | Constt. of Drains and flooring in Sudershan Nagar, Phase-III | 77,624·43 |
| 68. | Constt. and Improvement of Dapai Road .. | 64,894·28 |
| 69. | Installation of Tubewell near Ram Tirath Road Gowal Mandi, Amritsar .. | 48,939·09 |
| 70. | Laying premix carpet daim Ganj, II Phase .. | 79,758·37 |
| 72. | Widening of Islamabad Road from Lahori Gate to Khazana Gate and Hakiman Gate to Bhagtan Wala .. | 76,263·80 |
| 73. | Laying/premix carpet M.O.T. specification in different parts of Cities .. | 91,404·41 |
| 74. | Widening of Road from Rego Bridge to Islamabad .. | 84,797·00<br>1,17,620·26 |
| 75. | Premix by mech. RD 14 to RD 28 R/B to S. W. Road .. | 41,936·00 |
| 76. | Premix by mech. RD 14 to RD 28 R/B to S.W. Road .. | 18,712·00 |
| 77. | Premix by mech. RD 28 to RD 40 R/B S.W. Road .. | 53,429·00 |
| 78. | Premix by mech. RD 40 to RD 51 R/D S.W. Road .. | 60,605·00 |
| 79. | Supply of crusher, stone metal .. | 2,05,847·00 |
| 80. | Constt. of Boundary wall M/Dental College .. | 88,436·00 |
| 81. | Constt. of Footpath Court Road .. | .. |
| 82. | Providing Fixing Acquiaraium Ram Bagh .. | 49,551·00 |
| 83. | Premix Bye Mech. RD 0 to RD 15 S.W. to Chatiwind .. | 82,393·00 |
| 84. | Premix Bye Mech. RD 15 to RD 30 S.W. to Chatiwind .. | 73,508·00 |
| 85. | Widening of Circular Road .. | 61,931·00 |
| 86. | Laying premix Ch. Garba Singh .. | 37,686·00 |
| 87. | Laying premix Ch. Garba Singh .. | 48,738·00 |
| 88. | Premix in Goal Bagh .. | 27,155·00 |

Original with;
Punjab Vidhan Sabha
Digitized by;
Panjab Digital Library

| Serial No. | Name of work | Expenditure |
|---|---|---|
| 1 | 2 | 3 |
| | | Rs. |
| 89. | Cost of concrete Footpath Ram Bagh .. | 23,100·00 |
| 90. | Const. of Footpath Ram Bagh .. | 2,633·00 |
| 91. | Constt. of footpath Rego Bridge .. | 4,011·00 |
| 92. | E/filling in Parks Rani Ka Bagh .. | 2,916·00 |
| 93. | Premix by Mech. Shahid Bhagat Singh Road .. | 68,209·00 |
| 94. | Foundary wall Opp. Adarsh Cinema .. | 1,02,965·00 |
| 95. | Premix Chk. Phawara to Darbar Sahib .. | 82,520·00 |
| 96. | Parking Fountain Ram Bagh .. | 22,900·00 |
| 97. | Premix Mech. Tirath Shah Road .. | 96,622·00 |
| 98. | Laying premix mech. Mohan Singh Gate to Town Hall .. | 43,068·00 |
| 99. | Imp. of Central Verge .. | 32,215·00 |
| 100. | Imp. of Round About Chatiwind Gate .. | 19,260·00 |
| 101. | Constt. of Bird Enclosure Ram Bagh .. | 96,967·00 |
| 102. | Cost of Deer Parks .. | 52,475·00 |
| 103. | Round about Sheranwala Gate .. | 25,415·00 |
| 104. | Maintenance Corporation Building .. | 19,062·00 |
| 105. | White Washing of .. | 2,690·00 |
| 106. | Premix Dhab Wasti Ram .. | 93,125·00 |
| 107. | Shops of O/S. Sultanwind Gate .. | 98,323·00 |
| 108. | Supply of Board .. | 5,729·00 |
| 109. | Constt. of Board .. | 7,946·00 |
| 110. | Laying premix. Bz. Ram Dass .. | 72,239·00 |
| 111. | Premix by mech. Queens Statue .. | 5,752·00 |
| 112. | Premix by mech. means Town Hall to Hall Baz. .. | 83,637·00 |
| 113. | Premix Bazar Babian .. | 95,116·00 |
| 114. | Imp. of Parks Hargobind Pura .. | 6,823. 00 |
| 115. | Constt. of Boundary Wall Goal Bagh .. | 29,963 00 |
| 116. | Removal of Silt Tung Dhab Drain .. | 7,000·00 |
| 117. | Premix by Mech. Kot Atma Singh .. | 73,396·00 |

Original with;
Punjab Vidhan Sabha
Digitized by;
Panjab Digital Library

[Local Government Minister]

| Serial No. | Name of work | Expenditure |
|---|---|---|
| 1 | 2 | 3 |
| | | Rs. |
| 118. | Raising of Gate Khazana to H/Gate .. | 30,759 ·00 |
| 119. | Constt. of Egg. Shape Sewer Tilak Nagar .. | 80,205 ·00 |
| 120. | Premix Durgiana Mandir .. | 80,176 ·55 |
| 121. | Constt. of Ist Floor Takoni Park .. | 93,876 ·00 |
| 122. | Premix by mech. G. T. Road to Ram Bagh .. | 18,493 ·00 |
| 123. | Premix by mech. Opp. Bus Stand .. | 85,570 ·00 |
| 124. | Premix by mech. Kot Atma Singh .. | 80,223 ·00 |
| 125. | Laying S. W. pipe Tilak Nagar .. | 98,432 ·00 |
| 126. | Premix O. C. Hall Gate to Khazana Gate .. | 48,198 ·00 |
| 127. | Laying S.W. Pipe Tilak Nagar Phase III .. | 1,23,853 ·00 |
| 128. | B/F. Iron Grill Magishate Residence .. | 15,200 ·00 |
| 129. | Fancing Park Green Avenue .. | Fancing of Park 14,355 ·00 |
| 130. | Boundary Wall Iron Grill Rose Avenue .. | .. |
| 131. | Laying Pipe Sewar Medical Enclave .. | 29,861 ·00 |
| 132. | Pipe sewer Krishan Nagar Phase VI .. | 97,549 ·00 |
| 133. | Laying premix Rani Ka Bagh .. | 31,675 ·00 |
| 134. | Constt. of office accommodation Commissioner residence .. | 78,636 ·00 |
| 135. | Dry Bricks flooring Sewer Nagar .. | 31,988 ·00 |
| 136. | Sewerage Pipe Phase-V Tilak Nagar .. | 80,840 ·00 |
| 137. | Constt. of Commissioner' residence Office .. | 78,453 ·00 |
| 138. | Cost of tree guards .. | 36,472 ·00 |
| 139. | Widening of Road Dental College .. | 75,842 ·00 |
| 140. | Imp. of Parks Tilak Nagar .. | 57,984 ·00 |
| 141. | Approach Road to Rose Garden .. | 20,812 ·00 |
| 142. | Pipe Sewerage Tilak Nagar Phase-IV .. | 86,822 ·00 |
| 143. | Constt. of Boundary wall Iron Grill Rani Ka Bagh .. | 74,838 ·00 |
| 144. | Widening of Majitha Road RD 0—R- 2600 .. | 29,894 ·00 |
| 145. | Raising of Street Jalalpura .. | 34,834 ·00 |
| 146. | Laying premix Rose Avenue .. | 42,972 ·00 |

Original with;
Punjab Vidhan Sabha
Digitized by;
Panjab Digital Library

| Serial No. | Name of work | | Expenditure |
|---|---|---|---|
| | | | Rs. |
| 147. | Laying Sewerage Kangra Colony | .. | 55,487 ·00 |
| 148. | Drain paving Gopal Nagar | .. | 39,802 ·00 |
| 149. | Widening of Majitha Road | .. | 36,633 ·00 |
| 150. | Servant Quarters Commissioner's residence | .. | 77,336 ·00 |
| 151. | Premix by mech. Chitra Talkies Road | .. | 30,369 ·00 |
| 152. | Additional repair to Servant Quarters | .. | 51,035 ·00 |
| 153. | S. W. Pipe Ithad Nagar Gali No. 1 | .. | 13,985 ·00 |
| 154. | Const. of Ape House | .. | 69,538 ·00 |
| 155. | Drains flooring Krishan Nagar Phase IV premix Co-operative Colony | .. | 33,882 ·00 |
| 156. | Brick flooring in Vijay Nagar | .. | 85,726 ·00 |
| 157. | P/F. Iron Grill Joshi Colony | .. | 20,821 ·00 |
| 158. | Dry Bricks flooring Khuh Bhalla | .. | 20,592 ·00 |
| 159. | Constt. of Footpath Rani Ka Bagh | .. | 17,480 ·00 |
| 160. | Sanitary fitting Commissioner's Residence | .. | 35,940 ·00 |
| 161. | Pipe Sewerage Goal Masjid | .. | 37,908 ·00 |
| 162. | Dry brick paving Basant Nagar | .. | 44,702 ·00 |
| 163. | A/A Chief Electrical Engineer Residence | .. | 14,862 ·00 |
| 164. | S. W. Pipe Ithad Nagar Gali 2, 3, 4 | .. | 57,194 ·00 |
| 165. | Dev. of Parks B/S Dental College | .. | 23,172 ·00 |
| 166. | Constt. of Ist Floor Tikoni Park | .. | 44,733 ·00 |
| 167. | Office accommodation Commissioner's Residence | .. | 15,162 ·00 |
| 168. | Constt. of Parks Green Avenue | .. | 47,237 ·00 |
| 169. | Widening of Majitha Road RD 3600—4500 | .. | 31,676 ·00 |
| 170. | Fencing of Parks Green Avenue | .. | 58,970 ·00 |
| 171. | Constt. of Zonal Office Sewa Nagar | .. | 19,012 ·00 |
| 172. | Constt. of Green Avenue Foot Path | .. | 10,424 ·00 |
| 173. | Constt. of Road behind Gagan Cinema | .. | 64,784 ·00 |
| 174. | Constt. of culvert Joshi Pura | .. | 4,260 ·00 |
| 175. | Constt. of Parks Mohani Parks | .. | 9,714 ·00 |
| 176. | Constt. of Parks Tehsilpura | .. | 22,227 ·00 |

Original with;
Punjab Vidhan Sabha
Digitized by;
Panjab Digital Library

[Local Government Minister]

| Serial No. | Name of work | Expenditure |
|---|---|---|
| 1 | 2 | 3 |
| | | Rs. |
| 177. | Approach road to Dhung Dhab Drain .. | 23,353 ·00 |
| 178. | Constt. of Sub-Station Tehsilpura .. | 2,288 ·00 |
| 179. | Approach Road to Rose Garden .. | 10,780 ·00 |
| 180. | Laying brick soling Rose Avenue .. | 16,338 ·000 |
| 181. | Constt. of Drains Bharat Nagar .. | 1,53,794 ·00 |
| 182. | Boundary Wall Government College to White Avenue .. | 21,754 ·00 |
| 183. | Constt. of Road Nekpura .. | 11,956 ·00 |
| 184. | A/A C.E.E's residence .. | 47,216 ·00 |
| 185. | Dev. of Parks .. | 22,776 ·00 |
| 186. | Supply of Iron Girders for Zone No. 6 .. | 48,888 ·00 |
| 187. | Drain in Kishan Nagar Phase IV .. | 30,296 ·00 |
| 188. | Fencing of Parks Chah Nihangan Sub-station .. | 40,432 ·00 |
| 189. | Constt. of Dung Dhab Drain .. | 26,372 ·00 |
| 190. | Constt. of office accommodation Commissioner's Residence .. | 35,699 ·00 |
| 191. | Drain and Brick Soling Abadi Krishan Nagar .. | 13,246 ·00 |
| 192. | Widening of Fatehgarh Churian Road .. | 40,625 ·00 |
| 193. | Supply of Manhole cover in Zone No. 6 .. | 11,519 ·00 |
| 194. | Supply of Crusher in Zone No. 6 .. | 15,556 ·00 |
| 195. | Dev. of Parks in Nawan Kot .. | 11,776 ·00 |
| 196. | Premix by Mech. Bhandari Bridge .. | 1,49,432 ·00 |
| 197. | Drain and B/paving Vijay Nagar III .. | 62,498 ·70 |
| 198. | Widening of Joshipura Road .. | 73,022 ·00 |
| 199. | Premix by mech. Majitha Road .. | 3,87,326 ·00 |
| 200. | Premix by mech. Link Road .. | 33,622 ·00 |
| 201. | Premix by mech. Govt. College .. | 1,00,413 ·00 |
| 202. | Premix by mech. St. Francis School .. | 71,927 ·00 |
| 203. | Premix by mech. .. | 87,232 ·00 |
| | Total .. | 1,05,35,504 ·66 |

Original with;
Punjab Vidhan Sabha
Digitized by;
Panjab Digital Library

### Construction of a Bridge on Jullundur Distributary

***1473. Shri Gurdial Saini :** Will the Minister for Agriculture and Irrigation be pleased to state whether there is any proposal under the consideration of the Government to construct a bridge opposite Shaheed Bhagat Singh Colony, Jullundur on Jullundur distributary ; if so, the time by which it is likely to materialize ?

ਚੌਧਰੀ ਕਾਂਸ਼ੀ ਰਾਮ : ਹਾਂ ਜੀ, ਮਾਮਲਾ ਵਿਚਾਰ ਅਧੀਨ ਹੈ ।

---

### Constitution of a Committee to suggest amendments in the Northern India Canal and Driainage Act, 1873

***1297. Comrade Darshan Singh Jhabbal :** Will the Minister for Agriculture and Irrigation be pleased to state—

(a) whether any committee to suggest amendments to the Northern India Canal and Drainage Act, 1873 was constituted by the Government during the period from 1977 to 1980 ;

(b) if the reply to para (a) above be in the affirmative the total number of meetings held by the said committee ?

(c) the details of recommendations made by the said Committee ;

(d) the action, if any, so far taken or being taken by the Government on the recommendations referred to in part (c) above ?

ਚੌਧਰੀ ਕਾਂਸ਼ੀ ਰਾਮ : (ੳ) ਹਾਂ ਜੀ ।

(ਅ) ਛੇ ।

(ੲ) ਕਮੇਟੀ ਦੁਆਰਾ ਕੀਤੀਆਂ ਗਈਆਂ ਸਿਫਾਰਸ਼ਾਂ ਦਾ ਵਿਵਰਨ ਵੇਰਵੇ ਸਹਿਤ ਜਿਸ ਵਿਚ ਐਕਟ ਦੀ ਸੋਧ ਤਜਵੀਜ਼ ਕੀਤੀ ਗਈ ਹੈ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਪੰਜਾਬ ਰਾਜ ਕਾਨੂੰਨ ਆਯੋਗ ਨੇ ਨਾਰਦਨ ਇੰਡੀਆ ਕੇਨਾਲ ਤੇ ਡਰੇਨੇਜ ਐਕਟ 1973 ਦੀ ਦੁਹਰਾਈ ਦਾ ਕੰਮ ਆਪਣੇ ਜ਼ਿੰਮੇ ਲੈ ਲਿਆ ਹੈ ਅਤੇ ਅਜਿਹੀ ਦੁਹਰਾਈ ਸਮੇਂ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਧਿਆਨ ਵਿਚ ਰਖਿਆ ਜਾਵੇਗਾ ।

*Statement*

**Particulars of the recommendations made by the Committee constituted by the Government to suggest Amendments to the Northern India Canal and Drainage Act, 1873**

The Committee recommended amendments to the following sections of the Northern India Canal and Drainage Act, 1873 :

| Serial No. | Section of the Act | Relating to |
|---|---|---|
| 1. | 3 | Interpretation clause, that is, definitions. |
| 2. | 19 | Adjustment of claims between persons jointly using water course. |

Original with;
Punjab Vidhan Sabha
Digitized by;
Panjab Digital Library

[Agricultural and Irrigation Minister]

| Serial No. | Section of the Act | Relating to |
|---|---|---|
| 3. | 20 | Supply of water through intervening water course. |
| 4. | 30-A | Construction, alteration and realignment of water courses. |
| | 30-B | |
| | 30-C | |
| | 30-E | |
| | 30-F | |
| | 30-FF | |
| 5 | 68 | Settlement of reference as to mutual rights and liabilities of persons interested in water course (that is, warabandi). |

**Fire at Shanan Extension Project Jogindernagar**

*1461. **Sardar Iqbal Singh :** Will the Chief Minister be pleased to state whether it is a fact that power House equipment for Shanan Extension Project, Jogindernagar under the P.S.E.B., worth crores of rupees was burnt in early 1979; if so the causes thereof and the details of the machinery damaged ;

(b) whether any fire fighting equipment was available ?

**Sardar Darbara Singh :** (a) Yes, Sir. According to the magisterial inquiry conducted by the Sub-Divisional Magistrate, Joginder Nagar and the departmental inquiry conducted by an Executive Engineer of the Punjab State Electricity Board, the fire was caused on the 19th January, 1979 by a short circuit in the electrical wing of stores shed, A statement giving details of the equipment, materials and spares damaged in the fire is laid on the Table of the House (Appendix).

(b) Adequate fire fighting equipment, water tank and water hydrants were available adjacent to the site of fire and were fully made use of during the fire fighting operations.

Original with;
Punjab Vidhan Sabha
Digitized by;
Panjab Digital Library

## APPENDIX

**Details of equipment, materials and spares damaged in the fire on 19-1-1979 at Shanan Extension Project, Joginder Nagar**

1. Power House auxiliaries, pump motors, Parts of Electrically operated travelling Crane, Cables and Cable accessories, components of Circuit Breakers, distribution Boards, Rectifiers, current transformers etc. worth Rs. 7,14,820.

2. Tools and Plants and consumables such as tarpaulin and Tifor pulling and Lifting machines Turn Buckles, Crow Bars Hydrualic Jack, Chain hoist, Chainpully blocks steel slings, spanner set, welding Electrodes etc. worth Rs. 44,751.50.

3. Turbo Generator and its associate equipment supplied by M/s BHEL (including imported components) worth Rs. 2,45,23,600 covering the following :—

**(A) Turbine Equipment :**

Such as jet nozzle assemblies, Berains, Oil Pressure Unit, Governor control devices Pressure Vessel, Special tools and other small accessories and devices etc.

**(B) Generator Equipment**

Such as parts of thrust bearing, Guide bearing, Brush Holders and supports, Slip rings, Generator poles, Stators for excitor and permanent magnet generator, Rotor of main excitor/pilot excitor/Permanent management generator, Control Panels, Automatic Voltage Regulator and other small items like seals, nuts and bolts etc.

**(C) Spares :**

Such as Rotors for main excitor, Pilot excitor, permanent magnet generator and other minor Spares.

---

### Setting up of Heavy Industry in Tehsil Kharar

***1301. Sardar Jagat Singh :** Will the Chief Minister be pleased to state whether the Government propose to set up any heavy industry in Kharar Tehsil ; if so, the details thereof ?

ਸਰਦਾਰ ਦਰਬਾਰਾ ਸਿੰਘ : ਨਹੀਂ ਜੀ।

---

## UNSTARRED QUESTIONS AND ANSWERS

### Minimum wages for Agricultural Workers

208 1. **Comrade Raj Kumar**
2. **Comrade Buta Singh**
3. **Comrade Sohan Singh**
: Will the Minister for Welfare and Labour be pleased to state—

(a) the details of the machinery set up for implementation of minimum wages for agricultural workers in the State ;

(b) the number of wage disputes of agricultural workers that came to the notice of the Government in the year 1981-82 (to date) and the manner in which these were disposed of ?

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਤ ਰਾਮ**: (ੳ) ਕਿਰਤ ਵਿਭਾਗ ਵਿੱਚ ਇੱਕ ਵੱਖਰਾ 'ਦਿਹਾਤੀ ਵਿੰਗ' ਮਿਤੀ 19 ਫਰਵਰੀ, 1982 ਤੋਂ ਕਾਇਮ ਕੀਤਾ ਗਿਆ ਅਤੇ ਹਰ ਇਕ ਜ਼ਿਲ੍ਹੇ ਵਿਚ 12 ਕਿਰਤ ਤੇ ਸਲਾਹ ਅਫਸਰਾਂ ਨੂੰ ਲਾਇਆ ਗਿਆ, ਜਿਸ ਦਾ ਵੇਰਵਾ ਅਨੁਲੱਗ 'ੲ' ਤੇ ਹੈ।

ਹਰ ਇੱਕ ਜ਼ਿਲ੍ਹੇ ਵਿੱਚ ਦਿਹਾਤੀ ਖੇਤਰਾਂ ਅੰਦਰ ਜ਼ਰਾਇਤੀ ਅਤੇ ਹੋਰ ਅਨ-ਸੰਗਠਿਤ ਰੋਜ਼ਗਾਰਾਂ ਸਬੰਧੀ ਇੱਕ-ਇੱਕ ਕਿਰਤ ਇਨਸਪੈਕਟਰ ਗ੍ਰੇਡ-1 ਦੀ ਨਿਯੁਕਤੀ ਕਰਨ ਦਾ ਵਿਚਾਰ ਹੈ । ਇਸ ਮੰਤਵ ਲਈ 12 ਹੋਰ ਕਿਰਤ ਇਨਸਪੈਕਟਰ ਗ੍ਰੇਡ-1 ਦੀਆਂ ਆਸਾਮੀਆਂ ਮਹੀਨਾ ਜੁਲਾਈ, 1981 ਦੌਰਾਨ ਮੰਨਜ਼ੂਰ ਕੀਤੀਆਂ ਗਈਆਂ ਸਨ ਅਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਕਦਮ ਚੁੱਕੇ ਜਾ ਰਹੇ ਹਨ ।

(ਅ) ਵਿਭਾਗ ਦੇ ਧਿਆਨ ਵਿਚ ਜ਼ਰਾਇਤੀ ਕਿਰਤੀਆਂ ਦੀਆਂ ਉਜ਼ਰਤਾਂ ਸਬੰਧੀ ਕੋਈ ਵਿਵਾਦ ਨਹੀਂ ਆਇਆ। ਫਿਰ ਵੀ, ਆਮ ਦੌਰਿਆਂ ਦੌਰਾਨ ਕਿਰਤ ਵਿਭਾਗ ਦੇ ਖੇਤਰੀ ਅਮਲੇ ਵਲੋਂ ਮਿਤੀ 1 ਜਨਵਰੀ, 1981 ਤੋਂ 31 ਜਨਵਰੀ, 1982 ਤੱਕ ਘੱਟ ਉਜ਼ਰਤਾਂ ਅਦਾ ਕਰਨ ਸਬੰਧੀ 319 ਮਾਮਲੇ ਪਾਏ ਗਏ ਅਤੇ ਵਿਭਾਗ ਦੀਆਂ ਕੋਸ਼ਿਸ਼ਾਂ ਸਦਕੇ ਸਬੰਧਤ ਕਿਰਤੀਆਂ ਨੂੰ ਇਨ੍ਹਾਂ ਬਕਾਇਆਜਾਤ ਦੀ ਅਦਾਇਗੀ ਕਰਵਾ ਦਿਤੀ ਗਈ।

ਅਨੁਲੱਗ 'ੲ'

| ਲੜੀ ਨੰ: | ਲਾਉਣ ਦੀ ਥਾਂ | ਜ਼ਿਲ੍ਹਾ |
|---|---|---|
| 1. | ਤਰਨਤਾਰਨ | ਅੰਮ੍ਰਿਤਸਰ |
| 2. | ਮਾਨਸਾ | ਬਠਿੰਡਾ |
| 3. | ਕੋਟਕਪੂਰਾ | ਫਰੀਦਕੋਟ |
| 4. | ਜਲਾਲਾਬਾਦ (ਪੱਛਮ) | ਫਿਰੋਜ਼ਪੁਰ |
| 5. | ਧਾਰੀਵਾਲ | ਗੁਰਦਾਸਪੁਰ |
| 6. | ਦਸੂਹਾ | ਹੁਸ਼ਿਆਰਪੁਰ |
| 7. | ਨਕੋਦਰ | ਜਲੰਧਰ |
| 8. | ਭੁਲੱਥ | ਕਪੂਰਥਲਾ |
| 9. | ਖੰਨਾ | ਲੁਧਿਆਣਾ |
| 10. | ਨਾਭਾ | ਪਟਿਆਲਾ |
| 11. | ਖਰਾਲੀ | ਰੋਪੜ |
| 12. | ਧੂਰੀ | ਸੰਗਰੂਰ |

Original with;
Punjab Vidhan Sabha
Digitized by;
Panjab Digital Library

**Pending cases regarding Agricultural Land Reforms**

**209.** (1) **Comrade Raj Kumar**
(2) **Comrade Buta Singh**
(3) **Comrade Sohan Singh** : Will the Minister for Revenue be pleased to state—

(a) the number of writ petitions regarding agricultural land reform cases still pending in civil courts and duration of their pendency ;

(b) steps being taken by the Government to secure vacation of stay orders in the cases referred to in part (a) above with a view to expedite implementation of 20-point programme reiterated by the Prime Minister ?

**Sardar Gurdarshan Singh :** (a) The year-wise detail of the Writ Petitions regarding Land Reform cases pending in Civil Courts, viz. Punjab and Haryana High Court and the Supreme Court of India, is as under :—

| Year | | No. of cases pending in the Punjab and Haryana High Court | No. of cases pending in the Supreme Court of India |
|---|---|---|---|
| 1 | | 2 | 3 |
| 1970 | .. | .. | 1 |
| 1971 | .. | .. | 7 |
| 1972 | .. | 2 | 1 |
| 1973 | .. | 6 | 4 |
| 1974 | .. | 4 | 2 |
| 1975 | .. | 9 | 2 |
| 1976 | .. | 21 | 2 |
| 1977 | .. | 6 | 3 |
| 1978 | .. | 6 | .. |
| 1979 | .. | 19 | 6 |
| 1980 | .. | 33 | 5 |
| 1981 | .. | 27 | 6 |
| 1982 | .. | 4 | 2 |
| Total | .. | 137 | 41 |
| Grand Total | .. | 178 | |

Original with;
Punjab Vidhan Sabha
Digitized by;
Panjab Digital Library

[Revenue Minister]

(b) Government have already issued instructions to the concerned field officers that they should submit applications before Courts for early disposal of Land Reform cases and if it is going to take long to decide the cases, they should again move applications to get the stay orders vacated. The Advocate-General, Punjab has also been requested to get the pending land reform cases in Punjab and Haryana High Court listed for early hearing.

---

**Disposal of Surplus Evacuee Agricultural Lands**

**210. (1) Comrade Raj Kumar**
**(2) Comrade Buta Singh**
**(3) Comrade Sohan Singh** : Will the Minister of State for Rehabilitation and Industries be pleased to state—

(a) the progress achieved from April 1967 to date in the disposal of surplus evacuee agricultural land through :—

(i) open auctions and the area involved ?

(ii) restricted auctions among scheduled castes and the area involved ;

(iii) sale to scheduled castes, Rai Sikhs and other occupants.

**ਸਰਦਾਰ ਦਰਸ਼ਨ ਸਿੰਘ ਕੇ. ਪੀ.** : ਅਪ੍ਰੈਲ, 1967 ਤੋਂ 31-12-81 ਤਕ ਵੇਚੀ ਗਈ ਨਿਕਾਸੀ ਭੋਂ ਦਾ ਵੇਰਵਾ :—

1. 39,836 ਏਕੜ ਰਕਬਾ 11,703 ਵਿਅਕਤੀਆ ਨੂੰ ਵੇਚਿਆ ਗਿਆ।

2. 53,865 ਏਕੜ ਰਕਬਾ 10,508 ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਵੇਚਿਆ ਗਿਆ।

3. 14,940 ਏਕੜ ਰਕਬਾ ਅਨੁਸੂਚਿਤ ਜਾਤੀਆਂ ਦੇ ਕਾਬਜ਼ਾਂ ਨੂੰ ਮੁੰਤਕਿਲ ਕੀਤਾ ਗਿਆ।

4, 47,694 ਏਕੜ ਰਕਬਾ ਗੈਰ-ਅਨੁਸੂਚਿਤ ਜਾਤੀ ਕਾਬਜ਼ਾਂ ਜਿਨ੍ਹਾਂ, ਵਿਚ ਰਾਏ ਸਿੱਖ ਵੀ ਸ਼ਾਮਲ ਹਨ, ਨੂੰ ਵੇਚਿਆ ਗਿਆ।

---

**Vasectomy Operations done in the State**

**206. Sardar Atma Singh :** Will the Minister for Health be pleased to state—

(a) the district-wise number of vasectomy operations done in the State during the year 1979-80, 1980-81 and 1981-82 to control the growing population tegether with the details of expenditure incurred thereon ;

(b) the details of incentives being given to the people to encourage them to adopt the above-mentioned method of Family Planning ;

Original with;
Punjab Vidhan Sabha
Digitized by;
Panjab Digital Library

(c) the details of grants given by the Central Government to the State Government during the period mentioned in para (a) above for the said purpose ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਰਾਜ ਵਿਚ ਕੀਤੇ ਨਸਬੰਦੀ ਆਪਰੇਸ਼ਨਾਂ ਦੀ ਜੋ ਕਿ ਸਾਲ 1979-80, 1980-81 ਅਤੇ 1981-82 ਵਿਚ ਕੀਤੇ ਗਏ ਸਨ, ਦਾ ਵੇਰਵਾ ਜ਼ਿਲ੍ਹਾਵਾਰ ਅਨੁਲੱਗ I ਤੇ ਦਿੱਤਾ ਜਾਂਦਾ ਹੈ।

ਸਾਲ 1979-80, 1980-81 ਅਤੇ 1981-82 ਵਿਚ ਪਰਿਵਾਰ ਨਿਯੋਜਨ ਤੇ ਕੀਤੇ ਖਰਚੇ ਦਾ ਵੇਰਵਾ ਅਨੁਲੱਗ II ਤੇ ਦਿੱਤਾ ਜਾਂਦਾ ਹੈ ।

ਕਿਉਂਕਿ ਪ੍ਰਬੰਧਕੀ ਢਾਂਚਾ ਅਤੇ ਸੇਵਾਵਾਂ ਇਕੋ ਜਿਹੀਆਂ ਹਨ ਇਸ.ਲਈ ਨਸਬੰਦੀ ਤੇ ਕੀਤੇ ਖਰਚੇ ਨੂੰ ਵੱਖ ਕਰਨਾ ਸੰਭਵ ਨਹੀਂ।

(ਅ) ਲੋਕਾਂ ਨੂੰ ਨਸਬੰਦੀ ਆਪਰੇਸ਼ਨ ਕਰਵਾਉਣ ਲਈ ਉਤਸ਼ਾਹਤ ਕਰਨ ਵਜੋਂ ਦਿੱਤੇ ਜਾ ਰਹੇ ਮੁਆਵਜ਼ੇ ਦਾ ਵੇਰਵਾ ਪ੍ਰਤੀ ਕੇਸ ਲਈ ਹੇਠ ਲਿਖੇ ਅਨੁਸਾਰ ਹੈ :—

| | | (ਰੁਪਏ) |
|---|---|---|
| ਨਕਦ ਮੁਆਵਜ਼ਾ | ... | 11.00 |
| ਖੁਰਾਕ ਖਰਚਾ ਜੇਕਰ ਮਰੀਜ਼ ਹਸਪਤਾਲ ਵਿੱਚ ਹੋਵੇ | ... | 10.00 |
| ਜੇਕਰ ਮਰੀਜ਼ ਆਪਣੇ ਖਰਚੇ ਤੇ ਆਉਂਦਾ ਹੈ, ਤਾਂ ਆਉਣ ਜਾਣ ਲਈ ਮੁਆਵਜ਼ਾ | | 15.00 |
| ਪਰੋਤਸਾਹਨ ਕਰਨ ਵਾਲੇ ਲਈ ਨਕਦ ਰਾਸ਼ੀ | ... | 15.00 |

(ੲ) ਭਾਰਤ ਸਰਕਾਰ ਵਲੋਂ ਪਰਿਵਾਰ ਨਿਯੋਜਨ ਪ੍ਰੋਗਰਾਮ ਲਈ ਸਹਾਇਤਾ ਜੋ ਕਿ ਸਾਲ 1979-80, 1980-81 ਅਤੇ 1981-82 ਦੌਰਾਨ ਦਿੱਤੀ ਗਈ ਸੀ ਦਾ ਵੇਰਵਾ ਅਨੁਲਗ III ਤੇ ਦਿਤਾ ਜਾਂਦਾ ਹੈ। ਕਿਉਂਕਿ ਇਹ ਸਹਾਇਤਾ ਸਮੁੱਚੇ ਪਰਿਵਾਰ ਨਿਯੋਜਨ ਪ੍ਰੋਗਰਾਮ ਲਈ ਹੈ, ਇਸ ਲਈ ਨਸਬੰਦੀ ਲਈ ਦਿੱਤੀ ਗਈ ਸਹਾਇਤਾ ਨੂੰ ਇਸ ਤੋਂ ਵੱਖ ਕਰਨਾ ਸੰਭਵ ਨਹੀਂ ਹੈ ।

## ਅਨੁਲੱਗ I

ਜ਼ਿਲ੍ਹੇਵਾਰ ਨਸਬੰਦੀ ਅਪਰੇਸ਼ਨ ਜੋ ਕਿ ਸਾਲ 1979-80, 1980-81 ਅਤੇ 1981-82 ਸਾਰੇ ਰਾਜ ਵਿਚ ਕੀਤੇ ਗਏ ਸਨ ਦਾ ਵੇਰਵਾ।

| ਜ਼ਿਲ੍ਹਾ | | ਸਾਲ 1979-80 | 1980-81 | 1981-82 (31-1-82 ਤੱਕ) |
|---|---|---|---|---|
| 1. ਅੰਮ੍ਰਿਤਸਰ | ... | 990 | 1,780 | 1,449 |
| 2. ਗੁਰਦਾਸਪੁਰ | ... | 578 | 660 | 591 |

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

| ਜ਼ਿਲ੍ਹਾ | | ਸਾਲ 1979-80 | 1980-81 | 1981-82 (31-1-82 ਤੱਕ) |
|---|---|---|---|---|
| 3. ਹੁਸ਼ਿਆਰਪੁਰ | ... | 190 | 327 | 352 |
| 4. ਕਪੂਰਥਲਾ | ... | 193 | 274 | 181 |
| 5. ਜਲੰਧਰ | ... | 467 | 899 | 839 |
| 6. ਲੁਧਿਆਣਾ | ... | 465 | 750 | 611 |
| 7. ਬਠਿੰਡਾ | ... | 172 | 400 | 151 |
| 8. ਫਰੀਦਕੋਟ | ... | 208 | 477 | 322 |
| 9. ਫਿਰੋਜ਼ਪੁਰ | ... | 159 | 452 | 248 |
| 10. ਪਟਿਆਲਾ | ... | 453 | 840 | 589 |
| 11. ਰੋਪੜ | ... | 205 | 366 | 630 |
| 12. ਸੰਗਰੂਰ | ... | 225 | 316 | 233 |
| ਜੋੜ | ... | 4,305 | 7,541 | 6,196 |

## ਅਨੁਲਗ II

ਸਾਲ 1979-80, 1980-81 ਅਤੇ ਸਾਲ 1981-82 ਵਿਚ ਪਰਿਵਾਰ ਨਿਯੋਜਨ ਦੇ ਸਾਰੇ ਤਰੀਕਿਆਂ ਤੇ ਕੀਤੇ ਖਰਚੇ ਦਾ ਵੇਰਵਾ

| ਸਾਲ 1979-80 | | ਖਰਚਾ (ਲੱਖਾਂ ਵਿਚ) |
|---|---|---|
| 1. ਡਾਇਰੈਕਸ਼ਨ ਅਤੇ ਐਡਮਨਿਸਟਰੇਸ਼ਨ | ... | 31.83 |
| 2. ਰੂਰਲ ਫੈਮਿਲੀ ਵੈਲਫੇਅਰ ਸੇਵਾਵਾਂ | ... | 117.96 |
| 3. ਅਰਬਨ ਫੈਮਿਲੀ ਵੈਲਫੇਅਰ ਸੇਵਾਵਾਂ | | 4.18 |
| 4. ਜੱਚਾ ਅਤੇ ਬੱਚਾ (ਐਮ.ਸੀ.ਐਚ) | ... | 0.15 |
| 5. ਟਰਾਂਸਪੋਰਟ | ... | 6.88 |

Original with;
Punjab Vidhan Sabha
Digitized by;
Panjab Digital Library

| ਸਾਲ 1979-80 | | ਖਰਚਾ (ਲੱਖਾਂ ਵਿੱਚ) |
|---|---|---|
| 6. ਕੰਪਨਸੇਸ਼ਨ | ... | 31.09 |
| 7. ਅਦਰ ਸਰਵਿਸਜ਼ ਅਤੇ ਸਪਲਾਈ | ... | 15.48 |
| 8. ਮਾਸ ਐਜੂਕੇਸ਼ਨ | ... | 3.44 |
| 9. ਟਰੇਨਿੰਗ ਰਿਸਰਚ ਅਤੇ ਸਟੈਟਿਸਟਿਕਸ | ... | 10.27 |
| ਜੋੜ | ... | 221.28 |

| ਸਾਲ 1980-81 | | |
|---|---|---|
| 1. ਡਾਇਰੈਕਸ਼ਨ ਅਤੇ ਐਡਮਨਿਸਟਰੇਸ਼ਨ | ... | 39.13 |
| 2. ਰੂਰਲ ਫੈਮਲੀ ਵੈਲਫੇਅਰ ਸੇਵਾਵਾਂ | ... | 150.78 |
| 3. ਅਰਬਨ ਫੈਮਲੀ ਵੈਲਫੇਅਰ | ... | 5.39 |
| 4. ਜੱਚਾ ਤੇ ਬੱਚਾ (ਐਮ.ਸੀ.ਐਚ) | ... | 0.15 |
| 5. ਟਰਾਂਸਪੋਰਟ | ... | 7.65 |
| 6. ਕੰਪਨਸੇਸ਼ਨ | ... | 54.11 |
| 7. ਮਾਸ ਐਜੂਕੇਸ਼ਨ | ... | 6.63 |
| 8. ਅਦਰ ਸਰਵਿਸਜ਼ ਅਤੇ ਸਪਲਾਈ | ... | 14.57 |
| 9. ਟਰੇਨਿੰਗ ਰਿਸਰਚ ਅਤੇ ਸਟੈਟਿਸਟਿਕਸ | ... | 10.62 |
| 10. ਰਾਜ ਸਰਕਾਰ ਵਲੋਂ ਕੀਤਾ ਗਿਆ ਖਰਚਾ (ਆਪਣੇ ਸਾਧਨਾਂ ਤੋਂ) | ... | 13.88 |
| ਜੋੜ | ... | 311.91 |

| ਸਾਲ 1981-82 (31-12-1981 ਤੱਕ) | | ਖਰਚਾ ਲੱਖਾਂ ਵਿੱਚ) |
|---|---|---|
| 1. ਡਾਇਰੈਕਸ਼ਨ ਅਤੇ ਐਡਮਨਿਸਟਰੇਸ਼ਨ | ... | 39.76 |
| 2. ਰੂਰਲ ਫੈਮਲੀ ਵੈਲਫੇਅਰ ਸੇਵਾਵਾਂ | ... | 126.18 |
| 3. ਅਰਬਨ ਫੈਮਲੀ ਵੈਲਫੇਅਰ ਸੇਵਾਵਾਂ | ... | 6.36 |

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

| ਸਾਲ 1981-82 | | ਖਰਚਾ (ਲੱਖਾਂ ਵਿੱਚ) |
|---|---|---|
| 4. ਜੱਚਾ ਤੇ ਬੱਚਾ (ਐਮ.ਸੀ.ਐਚ.) | ... | ... |
| 5. ਟਰਾਂਸਪੋਰਟ | ... | 4.99 |
| 6. ਕੰਪਨਸੇਸ਼ਨ | ... | 38.16 |
| 7. ਮਾਸ ਐਜੂਕੇਸ਼ਨਜ਼ | ... | 2.45 |
| 8. ਅਦਰ ਸਰਵਿਸਿਜ਼ ਅਤੇ ਸਪਲਾਈ | ... | 8.59 |
| 9. ਟਰੇਨਿੰਗ ਰਿਸਰਚ ਅਤੇ ਸਟੈਟਿਸਟਿਕਸ | ... | 8.77 |
| 10. ਯੂ.ਐਸ.ਏਡ ਅਸਿਸਟਿਡ ਏਰੀਆ ਪ੍ਰੋਜੈਕਟ | ... | 4.09 |
| 11. ਰਾਜ ਸਰਕਾਰ ਵੱਲੋਂ ਕੀਤਾ ਖਰਚਾ (ਆਪਣੇ ਸਾਧਨਾਂ ਤੋਂ) | ... | 8.81 |
| ਜੋੜ | ... | 239.16 |

ਕੇਂਦਰੀ ਸਰਕਾਰ ਵੱਲੋਂ ਨਿਸ਼ਚਿਤ ਕੀਤੇ ਮੁਆਵਜ਼ੇ ਤੋਂ ਵੱਧ ਮੁਆਵਜ਼ਾ ਦੇਣ ਦੇ ਮੰਤਵ ਲਈ ਰਾਜ ਸਰਕਾਰ ਨੇ ਆਪਣੇ ਸਾਧਨਾਂ ਤੋਂ ਖਰਚ ਕੀਤਾ। ਇਸ ਲਈ ਇਸ ਖਰਚੇ ਦੀ ਕੇਂਦਰੀ ਸਰਕਾਰ ਵੱਲੋਂ ਪ੍ਰਤੀ ਪੂਰਤੀ ਨਹੀਂ ਹੋ ਸਕੀ। ਸਾਲ 1981-82 ਵਿੱਚ ਰਾਜ ਸਰਕਾਰ ਵੱਲੋਂ ਜਿਹੜਾ ਵਾਧੂ ਖਰਚਾ ਕੀਤਾ ਜਾ ਰਿਹਾ ਹੈ ਉਹ ਡਾਕਟਰਾਂ ਤੇ ਉਨ੍ਹਾਂ ਦੀਆਂ ਟੀਮਾਂ ਨੂੰ ਉਤਸ਼ਾਹ ਦੇਣ ਅਤੇ ਵਾਧੂ ਮੁਆਵਜ਼ਾ ਦੇਣ ਹਿੱਤ ਹੈ। ਇਹਦੀ ਪ੍ਰਤੀ ਪੂਰਤੀ ਵੀ ਕੇਂਦਰੀ ਸਰਕਾਰ ਵੱਲੋਂ ਨਾ ਹੀ ਹੋਣੀ ਹੈ।

### ਅਨੁਲੱਗ III

**ਸਾਲ 1979-80, 1980-81 ਅਤੇ 1981-82 ਵਿਚ ਕੇਂਦਰੀ ਸਰਕਾਰ ਵਲੋਂ ਰਾਜ ਸਰਕਾਰ ਨੂੰ ਦਿੱਤੀ ਗਰਾਂਟ ਦਾ ਵੇਰਵਾ।**

ਪਰਿਵਾਰ ਭਲਾਈ ਪ੍ਰੋਗਰਾਮ ਦਾ 100% ਖਰਚਾ ਭਾਰਤ ਸਰਕਾਰ ਵਲੋਂ ਹੀ ਦਿੱਤਾ ਜਾਂਦਾ ਹੈ। ਸਾਲ 1979-80 ਅਤੇ 1980-81 ਦੇ ਦੌਰਾਨ ਖਰਚਾ 221.28 ਲੱਖ ਰੁਪਏ ਅਤੇ 298.03 ਲੱਖ ਰੁਪਏ ਕ੍ਰਮਵਾਰ ਹੈ। ਸਾਲ 1981-82 (31 ਦਸੰਬਰ, 1981 ਤੱਕ) ਹੋਇਆ ਖਰਚਾ 230.35 ਲੱਖ ਰੁਪਏ ਹੈ। ਇਸ ਸਕੀਮ ਦੀ ਅੰਤਿਮ ਗਰਾਂਟ ਦੀ ਰਕਮ ਵਿੱਤੀ ਸਾਲ ਦੇ ਦੌਰਾਨ ਕੀਤੇ ਗਏ ਖਰਚੇ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਵਲੋਂ ਨਿਰਧਾਰਤ ਕੀਤੀ ਜਾਵੇਗੀ।

---

**Routes approved for plying P.R.T.C. buses in Distict Kapurthala**

**211. Sardar Atma Singh :** Will the Minister of State for Transport be pleased to state—

(a) lay on the Table of the House a list of routes approved as on 31st December 1981 by the Pepsu Road Transport Corporation for plying its buses in District Kapurthala ;

Original with;
Punjab Vidhan Sabha
Digitized by;
Panjab Digital Library

(b) state the details of the routes out of those mentioned in part (a) above on which the Corportion is not plying its buses together with the reasons therefor ;

(c) state the steps being taken to ply buses on the routes mentioned in part (b) above alongwith the time by which that is likely to be done ?

**Sardar Avtar Singh Gatwali :** (a) & (b) A statement containing the information is attached.

(c) P.R.T.C. is being advised to operate/restart the routes, Kapurthala-Phagwara-Panchhta, Kapurthala-Mothanwali & Kapurthala-Cholada and watch the traffic demand.

**(a) Statement of Routes of P.R.T.C., Kapurthala for plying its Buses in District Kapurthala as on 31st December, 1981**

| Serial No. | Name of the Route |
|---|---|
| 1. | Kapurthala-Sultanpur via Fatudhinga |
| 2. | Kapurthala-Phagwara |
| 3. | Kapurthala-Nadala |
| 4. | Kapurthala-Bhandal |
| 5. | Kapurthala-Kalasingian |
| 6. | Kapurthala-Dhilwan |
| 7. | Kapurthala-Sultanpur via Thatha Tibba |
| 8. | Kapurthala-Saiflabad |
| 9. | Kapurthala-Kalwan |
| 10. | Kapurthala-Bhogpur via Hamira |
| 11. | Kapurthala-Sultanpur via Didwindi |
| 12. | Dhilwan-Bholath |
| 13. | Sultanpur-Cholada |
| 14. | Phagwara-Sangatpur |

Original with;
Punjab Vidhan Sabha
Digitized by;
Panjab Digital Library

[Minister of State for Transport]

| Serial No. | Name of the Route |
|---|---|
| 15. | Phagwara-Baddon |
| 16. | Phagwara-Rajpur |
| 17. | Phagwara-Pinjora |
| 18. | Phagwara-Mohalpur |
| 19. | Sultanpur-Kapurthala via Khaulu Kholian |
| 20. | Kapurthala-Bhandal via Bhullar. |
| 21. | Phagwara-Duggan |
| 22. | Kapurthala-Fathudhinga-Talwandi Chaudhrian |
| 23. | Kapurthala-Begowal |
| 24. | Kapurthala-Boolpur |
| 25. | Sultanpur-Boolpur |
| 26. | Phagwara-Mavopatti |
| 27. | Kapurthala-Mayopatti |
| 28. | Kapurthala-Phagwara-Panchhta |
| 29. | Kapurthala-Mothanwali |
| 30. | Didwindi-Sultanpur-Cholada |
| 31. | Kapurthala-Sultanpur via Husainpur, Thawala |

**(b) Statement of Routes out of those mentioned in statement (a) on which the Corporation is not plying its buses**

| Serial No. | Name of the Route |
|---|---|
| 1. | Kapurthala-Fathudhinga-Talwandi Chaudhrian |
| 2. | Kapurthala-Kalasingian |
| 3. | Dhilwan-Bholath |
| 4. | Kapurthala-Phagwara-Panchatta |
| 5. | Kapurthala-Mothanwali |
| 6. | Didwindi-Cholada |

**Reasons for not plying on these routes**

Almost all the above routes are being served by other Bus routes in overlapping manner and route receipts on these routes is very low making them unviable.

Original with;
Punjab Vidhan Sabha
Digitized by;
Panjab Digital Library

**Allotment of Plots against Foreign Exchange**

**207. Comrade Baldev Singh Loomba :** Will the Chief Minister be pleased to state—

(a) whether there is any scheme under which the Government allots residential plots to non-resident Indians settled abroad against foreign exchange; if so, the total number of applications received during the period from the establishment of the Urban Estate, S.A.S. Nagar till 31st December, 1981 ;

(b) the number of such applicants to whom plots have since been allotted ;

(c) the time by which remaining applicants are likely to be allotted such plots ?

**ਸਰਦਾਰ ਦਰਬਾਰਾ ਸਿੰਘ :** (ੳ) ਜੀ ਹਾਂ । 31 ਦਸੰਬਰ, 1981 ਤੱਕ 913 ਦਰਖਾਸਤਾਂ ਪ੍ਰਾਪਤ ਕੀਤੀਆਂ ਗਈਆਂ ਹਨ।

(ਅ) 390 ।

(ੲ) ਪਲਾਟ ਅਲਾਟ ਕਰਨ ਲਈ ਛੇਤੀ ਤੋਂ ਛੇਤੀ ਕੋਸ਼ਿਸ਼ ਕੀਤੀ ਜਾ ਰਹੀ ਹੈ ।

**ਕਾਮਰੇਡ ਰਾਜ ਕੁਮਾਰ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Comrade Raj Kumar :** If the Chief Minister is not here let somebody speak on behalf of the Government. If he is not here, will the State be allowed to burn ? Everywhere it is happenindg. It is happening in Khanna. It is happening in Ludhiana and Amritsar. We cannot ignore industrial matters. Let somebody from the Government side make a statement. They are committed to make a statement.

**ਸ਼੍ਰੀ ਸਪੀਕਰ :** ਸੀ. ਐਮ. ਸਾਹਿਬ ਆਉਣਗੇ ਅਤੇ ਉਹ ਆਪ ਹੀ ਇਸ ਬਾਰੇ ਸਟੇਟਮੈਂਟ ਕਰਨਗੇ ।

**ਕਾਮਰੇਡ ਰਾਜ ਕੁਮਾਰ :** ਕਦੋਂ ਉਹ ਆਪਣੀ ਸਟੇਟਮੈਂਟ ਕਰਨਗੇ ? ਇਹ ਅਸ਼ੋਰੈਂਸ ਦੇ ਦੇਣ ਕਿ ਉਹ ਕਦੋਂ ਆਪਣੀ ਸਟੇਟਮੈਂਟ ਕਰਨਗੇ ?

If he is not here now, will he come today or tomorrow or he will not come at all ?

**Finance Minister :** He will come and make a statement.

**Comrade Raj Kumar :** You have collective responsibility. If the Chief Minister is not here, you are at No. 2 and you are supposed to make a statement. Will you make a statement today or tomorrow or only the Chief Minister is authorised to do it ?

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** You have gone too far. ਜਿਸ ਵੇਲੇ ਸੀ. ਐਮ. ਸਾਹਿਬ ਆਉਣਗੇ ਤਾਂ ਸਟੇਟਮੈਂਟ ਕਰਨਗੇ। ਡਾਕਟਰ ਸਾਹਿਬ ਨੇ ਕਹਿ ਦਿਤਾ ਹੈ ਕਿ ਸੀ. ਐਮ. ਸਾਹਿਬ ਇਥੇ ਨਹੀਂ ਹਨ ਔਰ ਉਹ ਦਿੱਲੀ ਗਏ ਹੋਏ ਹਨ।

**ਸਰਦਾਰ ਬਸੰਤ ਸਿੰਘ ਖਾਲਸਾ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਸੇਵਾ ਰਾਮ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਚੰਦ ਸਿੰਘ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

## CALL ATTENTION NOTICES UNDER RULE 66

(ਕ੍ਰਮ ਨੰ : 29)

1. **ਸਰਦਾਰ ਬਲਦੇਵ ਸਿੰਘ ਮਾਨ**
2. **ਸਰਦਾਰ ਬਲਦੇਵ ਸਿੰਘ ਖਿਆਲਾ**

} ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਬਠਿੰਡਾ ਕੋਤਵਾਲੀ ਪੁਲਿਸ ਅਧਿਕਾਰੀਆਂ ਵਲੋਂ ਡਾ. ਹਰਿੰਦਰਪਾਲ ਸਿੰਘ, ਐਮ. ਓ., ਬਾਲਿਆਂਵਾਲੀ ਤੇ ਡਾ: ਮਨਜੀਤ ਸਿੰਘ, ਐਮ. ਓ., ਢਾਓਕੇ ਜ਼ਿਲ੍ਹਾ ਬਠਿੰਡਾ ਨੂੰ ਮਿਤੀ 17 ਫਰਵਰੀ, 1982 ਨੂੰ ਬੁਰੀ ਤਰ੍ਹਾਂ ਮਾਰਕੁਟ ਕੇ 107/151 ਦੇ ਝੂਠੇ ਕੇਸ ਵਿਚ ਅਦਾਲਤ ਵਿਚ ਪੇਸ਼ ਕੀਤੇ ਜਾਣ ਸਬੰਧੀ ਦਿਵਾਉਂਦਾ ਹਾਂ। ਜਿਸ ਕਾਰਨ ਪੰਜਾਬ ਦੇ ਸਮੁਚੇ ਡਾਕਟਰ ਵਰਗ ਵਿਚ ਭਾਰੀ ਬੇਚੈਨੀ ਹੈ, ਜਿਸ ਦਾ ਅਸਰ ਸਮੁਚੇ ਪੰਜਾਬ ਦੀਆਂ ਸਿਹਤ ਸੇਵਾਵਾਂ ਤੇ ਪੈਣ ਦਾ ਡਰ ਹੈ। ਇਸ ਲਈ ਮੁੱਖ ਮੰਤਰੀ ਜੀ ਇਸ ਸਬੰਧੀ ਸਦਨ ਵਿਚ ਬਿਆਨ ਦੇਣ।

**ਮਾਸਟਰ ਬਾਬੂ ਸਿੰਘ :** ** ** **

**ਸ਼੍ਰੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਹਿਲਾਂ ਕਾਲ ਅਟੈਨਸ਼ਨ ਮੋਸ਼ਨ ਦਾ ਮਨਿਸਟਰ ਸਾਹਿਬ ਨੂੰ ਜਵਾਬ ਦੇ ਲੈਣ ਦਿਓ।

**Education Minister (Sardar Harcharan Singh Ajnala) :** On learning about the incident involving the alleged beating of two doctors in Bhatinda

**Expunged as ordered by the Chair.

Original with;
Punjab Vidhan Sabha
Digitized by;
Panjab Digital Library

by the Police, the Deputy Commissioner, Bhatinda was contacted on telephone and asked him to send a written report to the Government. According to the report of the Deputy Commissioner, an incident occurred in Bhatinda in the evening of the 17th February, 1982 when two doctors, namely, Dr. Manjit Singh and Dr. Harinderpal Singh posted in Chauke and Balianwali respectively were involved in a violent altercation with some persons of the city. The matter was reported to the Police Station Kotwali, Bhatinda, whereupon the doctors were arrested under Section 107/151 Cr. P.C. The doctors alleged that the entire incident was a frame-up by certain officials posted in the Police Station Kotwali, Bhatinda. They also alleged that after being arrested they were taken to the Police Station where they were beaten up by the Police and subsequently handcuffed and brought to the Civil Hospital for medical examination. They also alleged that they were kept in the hospital in handcuffs, till they were bailed out by the Sub-Divisional Magistrate, Bhatinda.

2. A preliminary enquiry was conducted by Shri Mohinder Singh, Deputy Superintendent of Police, Bhatinda according to which, both the doctors in a drunken state were involved in an affray with three persons at a public place near the Railway Station, Bhatinda. In the process, some crockery, etc. belonging to one of those persons was also broken. It was on the complaint of one of those persons that the police came on the scene and arrested the doctors under Section 107/151 Cr. P. C. Subsequently, they were taken to the Civil Hospital, Bhatinda for medical examination. It was held in the preliminary enquiry that Shri Narinder Singh, A. S. I. posted in the Police Station Kotwali, Bhatinda had acted wrongly in so far as the two doctors were unnecessarily handcuffed and brought to the hospital. Since this act on the part of the A.S.I. was done with a view to causing disgrace to the arrested doctors he was suspended pending further departmental action. The allegation that the doctors were beaten up in the Police Station was not clearly established. While it is true that minor injuries were sustained by the doctors but, as per the Police record, these were possibly caused in the process of arresting them while they were drunk at that time and behaved violently. Subsequent medical examination of the doctors confirmed that alcohol had been consumed by them.

3. The doctors were not satisfied with the preliminary enquiry as they felt that it had been conducted by a Police Officer who is likely to have shielded the officials of the Department ; with a view to ensuring that an impartial enquiry is held, a Magisterial Enquiry was ordered under the Punjab Police Rules to be conducted by the Additional District Magistrate, Bhatinda. Further action will be taken in the light of the findings of this enquiry.

4. There have been Press reports to the effect that PCMS II doctors would not give cooperation to the Police, would go on pen down strike or would resort to 'work-to-rule'. My department, however, has not received any notice of strike from the PCMS II Association. For one or two days, there was some agitation amongst the doctors but the Civil Surgeons of the Districts have apprised them of the action taken by the Government in the matter. Enquiries made from the various districts show that work in the medical institutions is carrying on in a normal manner. There is no apprehension that the health and medical services in the State would be disrupted.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਜਵਾਬ ਪੰਜਾਬੀ ਵਿਚ ਪੜ੍ਹਨ, ਮੈਨੂੰ ਇਸ ਦਾ ਪਤਾ ਨਹੀਂ ਲੱਗਿਆ।

**ਸਰਦਾਰ ਬਲਦੇਵ ਸਿੰਘ ਖਿਆਲਾ** : ਇਹ ਮੇਰੇ ਹਲਕੇ ਦੀ ਗਲ ਹੈ। ਇਸ ਲਈ ਇਹ ਪੰਜਾਬੀ ਵਿਚ ਦੱਸਣ। ਮੈਨੂੰ ਸਮਝ ਨਹੀਂ ਲੱਗੀ ਕਿ ਇਨ੍ਹਾਂ ਨੇ ਕੀ ਜਵਾਬ ਦਿਤਾ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ**: ਸਪੀਕਰ ਸਾਹਿਬ, ਇਹ ਪੰਜਾਬੀ ਵਿਚ ਜਵਾਬ ਦੇਣ। ਦੋਨੋਂ ਮਾਨਯੋਗ ਮੈਂਬਰ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਮਝ ਨਹੀਂ ਆਈ।

**ਸ੍ਰੀ ਸਪੀਕਰ**: ਅਜਨਾਲਾ ਸਾਹਿਬ, ਇਸ ਦਾ ਜਿਸਤ ਪੰਜਾਬੀ ਵਿਚ ਦੱਸ ਦਿਓ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਾਰੀ ਗਲ ਪੰਜਾਬੀ ਵਿਚ ਦੱਸੋ ਤਾਕਿ ਮੈਨੂੰ ਪਤਾ ਲਗ ਸਕੇ।

**ਵਿਦਿਆ ਮੰਤਰੀ**: ਕੀ ਮੈਂ ਵਰਬੇਟਮ ਪੜ੍ਹ ਦਿਆਂ ਜਾਂ ਕਿਸ ਤਰ੍ਹਾਂ ਕੀਤਾ ਜਾਵੇ ?

**ਸਰਦਾਰ ਹਰਚੰਦ ਸਿੰਘ ਬਰਾੜ**: ਇਹ ਇੰਗਲੈਂਡ ਵਿਧਾਨ ਸਭਾ ਨਹੀਂ ਹੈ ਇਹ ਪੰਜਾਬ ਵਿਧਾਨ ਸਭਾ ਹੈ, ਇਸ ਲਈ ਇਹ ਪੰਜਾਬੀ ਵਿਚ ਜਵਾਬ ਦੇਣ।

**ਸਰਦਾਰ ਬਲਦੇਵ ਸਿੰਘ ਮਾਨ**: ਸਾਰਾ ਪੰਜਾਬੀ ਵਿਚ ਦੱਸ ਦਿਓ।

**ਵਿਦਿਆ ਮੰਤਰੀ** (ਸਰਦਾਰ ਹਰਚਰਨ ਸਿੰਘ ਅਜਨਾਲਾ): ਮੈਂ ਸਾਰਾ ਪੰਜਾਬੀ ਵਿਚ ਪੜ੍ਹ ਦਿੰਦਾ ਹਾਂ।

ਜਦੋਂ ਇਹ ਪਤਾ ਲੱਗਾ ਕਿ ਬਠਿੰਡਾ ਵਿਖੇ 2 ਡਾਕਟਰਾਂ ਨੂੰ ਪੁਲਿਸ ਨੇ ਕੁਟ ਮਾਰ ਕੀਤੀ ਤਾਂ ਮੈਂ ਟੈਲੀਫੂਨ ਰਾਹੀਂ ਡਿਪਟੀ ਕਮਿਸ਼ਨਰ, ਬਠਿੰਡਾ ਨਾਲ ਗੱਲ ਬਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਸਬੰਧੀ ਰਿਪੋਰਟ ਸਰਕਾਰ ਨੂੰ ਭੇਜਣ ਲਈ ਆਖਿਆ। ਡਿਪਟੀ ਕਮਿਸ਼ਨਰ ਦੀ ਰਿਪੋਰਟ ਅਨੁਸਾਰ ਇਹ ਵਾਕਿਆ 17 ਫਰਵਰੀ, 1982 ਨੂੰ ਸ਼ਾਮ ਦੇ ਸਮੇਂ ਬਠਿੰਡਾ ਵਿਖੇ ਹੋਇਆ, ਜਦੋਂ 2 ਡਾਕਟਰਾਂ (ਜਿਨ੍ਹਾਂ ਦੇ ਨਾਂ ਡਾਕਟਰ ਮਨਜੀਤ ਸਿੰਘ ਅਤੇ ਡਾਕਟਰ ਹਰਿਦਰਪਾਲ ਸਿੰਘ ਹਨ ਅਤੇ ਜਿਹੜੇ ਚੌਕੇ ਅਤੇ ਬਲਿਆਂਵਾਲਾ ਵਿਖੇ ਕ੍ਰਮਵਾਰ ਲਗੇ ਹੋਏ ਹਨ) ਦਾ ਸ਼ਹਿਰ ਦੇ ਕੁਝ ਲੋਕਾਂ ਨਾਲ ਤਸ਼ੱਦਦ ਭਰਿਆ ਝਗੜਾ ਹੋਇਆ। ਇਹ ਮਾਮਲਾ ਪੁਲਿਸ ਸਟੇਸ਼ਨ ਕੋਤਵਾਲੀ ਬਠਿੰਡੇ ਦੇ ਧਿਆਨ ਵਿਚ ਲਿਆਂਦਾ ਗਿਆ ਅਤੇ ਇਨ੍ਹਾਂ ਦੋਨਾਂ ਡਾਕਟਰਾਂ ਨੂੰ ਧਾਰਾ 107/151 ਸੀ. ਆਰ. ਪੀ. ਸੀ. ਅਧੀਨ ਗ੍ਰਿਫਤਾਰ ਕੀਤਾ ਗਿਆ। ਡਾਕਟਰਾਂ ਨੇ ਇਹ ਇਲਜ਼ਾਮ ਲਾਇਆ ਕਿ ਇਹ ਸਾਰਾ ਮਾਮਲਾ ਪੁਲਿਸ ਸਟੇਸ਼ਨ ਕੋਤਵਾਲੀ ਬਠਿੰਡਾ ਵਿਖੇ ਲਗੇ ਹੋਏ ਕੁਝ ਸਰਕਾਰੀ ਕਰਮਚਾਰੀਆਂ ਵਲੋਂ ਬਣਾਇਆ ਗਿਆ ਹੈ। ਉਨ੍ਹਾਂ ਇਹ ਵੀ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਤੋਂ ਮਗਰੋਂ ਪੁਲਿਸ ਸਟੇਸ਼ਨ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਪੁਲਿਸ ਦੁਆਰਾ ਕੁਟਿਆ ਮਾਰਿਆ ਗਿਆ। ਬਾਅਦ ਵਿਚ ਉਨ੍ਹਾਂ ਨੂੰ ਹਥਕੜੀ ਲਗਾਈ ਗਈ ਅਤੇ ਸਿਵਲ ਹਸਪਤਾਲ ਵਿਖੇ ਡਾਕਟਰੀ ਮੁਆਇਨਾ ਵਾਸਤੇ ਲਿਆਂਦਾ ਗਿਆ। ਉਨ੍ਹਾਂ ਇਹ ਵੀ ਇਲਜ਼ਾਮ ਲਗਾਇਆ ਕਿ ਉਨ੍ਹਾਂ ਨੂੰ ਹਥਕੜੀ ਨਾਲ ਹੀ ਹਸਪਤਾਲ ਵਿਚ ਰਖਿਆ ਗਿਆ ਜਿੰਨਾ ਚਿਰ ਉਨ੍ਹਾਂ ਨੂੰ ਐਸ.ਡੀ.ਓ. (ਸੀ) ਵਲੋਂ ਜ਼ਮਾਨਤ ਤੇ ਰਿਹਾਅ ਨਾ ਕੀਤਾ ਗਿਆ।

2. ਇਸ ਕੇਸ ਵਿਚ ਸ੍ਰੀ ਮਹਿੰਦਰ ਸਿੰਘ, ਡੀ. ਐਸ. ਪੀ., ਬਠਿੰਡਾ ਵਲੋਂ ਆਰੰਭਕ ਪੁੱਛ-ਗਿੱਛ ਕੀਤੀ ਗਈ ਜਿਸ ਅਨੁਸਾਰ ਦੋਨਾਂ ਡਾਕਟਰਾਂ ਨੇ ਸ਼ਰਾਬ ਪੀਤੀ ਹੋਈ ਸੀ ਅਤੇ ਰੇਲਵੇ ਸਟੇਸ਼ਨ ਬਠਿੰਡਾ

Original with;
Punjab Vidhan Sabha
Digitized by;
Panjab Digital Library

ਦੇ ਨੇੜੇ ਜਨ ਸਥਾਨ ਤੇ ਉਨ੍ਹਾਂ ਦਾ ਤਿੰਨ ਆਦਮੀਆਂ ਨਾਲ ਝਗੜਾ ਹੋਇਆ। ਇਸ ਝਗੜੇ ਵਿਚ ਉਨ੍ਹਾਂ ਆਦਮੀਆਂ ਦੀ ਕਰਾਕਰੀ ਆਦਿ ਤੋੜ ਦਿਤੀ ਗਈ, ਉਨ੍ਹਾਂ ਆਦਮੀਆਂ ਵਿਚੋਂ ਇਕ ਦੇ ਕਹਿਣ ਤੇ ਪੁਲਿਸ ਮੌਕੇ ਤੇ ਪਹੁੰਚੀ ਅਤੇ ਇਨ੍ਹਾਂ ਡਾਕਟਰਾਂ ਨੂੰ ਧਾਰਾ 107/151 ਸੀ. ਆਰ. ਪੀ. ਸੀ. ਅਧੀਨ ਗ੍ਰਿਫਤਾਰ ਕੀਤਾ ਗਿਆ। ਬਾਅਦ ਵਿਚ ਉਨ੍ਹਾਂ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਡਾਕਟਰੀ ਮੁਆਇਨਾ ਕਰਨ ਲਈ ਲਿਜਾਇਆ ਗਿਆ। ਅਰੰਭਕ ਇਨਕੁਆਇਰੀ ਵਿਚ ਇਹ ਪਾਇਆ ਗਿਆ ਕਿ ਸ: ਨਰਿੰਦਰ ਸਿੰਘ ਏ.ਐਸ. ਆਈ., ਜਿਹੜਾ ਪੁਲਿਸ ਸਟੇਸ਼ਨ ਕੋਤਵਾਲੀ ਬਠਿੰਡਾ ਵਿਚ ਲਗਾ ਹੋਇਆ ਸੀ, ਨੇ ਡਾਕਟਰਾਂ ਨੂੰ ਹਥਕੜੀ ਲਗਾਉਣ ਸਬੰਧੀ ਕੋਤਾਹੀ ਕੀਤੀ ਸੀ ਅਤੇ ਉਨ੍ਹਾਂ ਨੂੰ ਹਥਕੜੀ ਲਗੇ ਹਸਪਤਾਲ ਲਿਆਂਦਾ ਸੀ। ਇਸ ਏ. ਐਸ. ਆਈ. ਨੇ ਅਜਿਹਾ ਕੰਮ ਡਾਕਟਰਾਂ ਦੀ ਬੇਇਜ਼ਤੀ ਕਰਨ ਲਈ ਕੀਤਾ ਸੀ। ਇਸ ਲਈ ਉਸ ਨੂੰ ਮੁਅੱਤਲ ਕਰ ਦਿਤਾ ਗਿਆ ਹੈ ਅਤੇ ਉਸ ਵਿਰੁਧ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਇਹ ਇਲਜ਼ਾਮ ਕਿ ਇਨ੍ਹਾਂ ਡਾਕਟਰਾਂ ਨੂੰ ਪੁਲਿਸ ਸਟੇਸ਼ਨ ਵਿਚ ਕੁਟ ਮਾਰ ਕੀਤੀ ਗਈ, ਸਪੱਸ਼ਟ ਤੌਰ ਤੇ ਸਿੱਧ ਨਹੀਂ ਹੋਇਆ। ਇਹ ਠੀਕ ਹੈ ਕਿ ਇਨ੍ਹਾਂ ਡਾਕਟਰਾਂ ਨੂੰ ਕੁਝ ਛੋਟੀਆਂ ਸੱਟਾਂ ਲਗੀਆਂ ਹਨ, ਪਰ ਪੁਲਿਸ ਰਿਕਾਰਡ ਅਨੁਸਾਰ ਇਹ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਵੇਲੇ ਲਗੀਆਂ ਜਾਪਦੀਆਂ ਹਨ, ਕਿਉਂ ਜੋ ਉਹ ਸ਼ਰਾਬੀ ਹਾਲਤ ਵਿਚ ਸਨ ਅਤੇ ਉਨ੍ਹਾਂ ਦਾ ਵਤੀਰਾ ਤਸ਼ੱਦਦ ਵਾਲਾ ਸੀ। ਬਾਅਦ ਵਿਚ ਡਾਕਟਰੀ ਮੁਆਇਨੇ ਨੇ ਇਸ ਗਲ ਦੀ ਪੁਸ਼ਟੀ ਕਰ ਦਿਤੀ ਕਿ ਉਨ੍ਹਾਂ ਸ਼ਰਾਬ ਪੀਤੀ ਹੋਈ ਸੀ।

3. ਇਸ ਅਰੰਭਕ ਪੁਛ-ਗਿੱਛ ਨਾਲ ਡਾਕਟਰਾਂ ਦੀ ਤਸੱਲੀ ਨਹੀਂ ਸੀ ਹੋਈ ਅਤੇ ਉਨ੍ਹਾਂ ਨੇ ਇਹ ਮਹਿਸੂਸ ਕੀਤਾ ਕਿ ਇਹ ਪੁਛ-ਗੱਛ ਇਕ ਪੁਲਿਸ ਅਫਸਰ ਵਲੋਂ ਕੀਤੀ ਗਈ ਹੈ ਅਤੇ ਉਹ ਆਪਣੇ ਵਿਭਾਗੀ ਕਰਮਚਾਰੀਆਂ ਨੂੰ ਬਚਾ ਸਕਦਾ ਹੈ। ਇਸ ਲਈ ਇਕ ਨਿਰਪੱਖ ਇਨਕੁਆਇਰੀ ਕਰਵਾਉਣ ਲਈ ਪੰਜਾਬ ਪੁਲਿਸ ਨਿਯਮਾਂ ਅਧੀਨ ਮੈਜਿਸਟਰੇਟੀ ਇਨਕੁਆਇਰੀ ਦਾ ਆਦੇਸ਼ ਦਿਤਾ ਗਿਆ ਹੈ। ਇਹ ਇਨਕੁਆਇਰੀ ਅਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ, ਬਠਿੰਡਾ ਵਲੋਂ ਕੀਤੀ ਜਾਣੀ ਹੈ। ਇਸ ਪੁਛ-ਗਿੱਛ ਵਿਚੋਂ ਨਿਕਲੇ ਸਿੱਟੇ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

4. ਇਹ ਖਬਰਾਂ ਛਪੀਆਂ ਹਨ ਕਿ ਪੀ.ਸੀ.ਐਮ.ਐਸ. ਡਾਕਟਰ ਪੁਲਿਸ ਨੂੰ ਸਹਿਯੋਗ ਨਹੀਂ ਦੇਣਗੇ ਅਤੇ ਉਹ ਕਲਮ ਛੋੜ ਹੜਤਾਲ ਕਰਨਗੇ ਅਤੇ ਉਹ ਵਰਕ-ਟੂ-ਰੂਲ ਕੰਮ ਕਰਨਗੇ। ਸਰਕਾਰ ਕੋਲ ਪੀ.ਸੀ.ਐਮ.ਐਸ.ਐਸੋਸੀਏਸ਼ਨ ਵਲੋਂ ਹੜਤਾਲ ਕਰਨ ਦਾ ਕੋਈ ਨੋਟਿਸ ਨਹੀਂ ਪ੍ਰਾਪਤ ਹੋਇਆ ਇਕ ਦੋ ਦਿਨ ਡਾਕਟਰਾਂ ਵਿਚ ਕੁਝ ਐਜੀਟੇਸ਼ਨ ਹੋਈ, ਪਰ ਸਿਵਲ ਸਰਜਨਾਂ ਨੇ ਸਰਕਾਰ ਵਲੋਂ ਕੀਤੀ ਕਾਰਵਾਈ ਸਬੰਧੀ ਡਾਕਟਰਾਂ ਨੂੰ ਜਾਣੂ ਕਰਵਾਇਆ। ਜ਼ਿਲ੍ਹਿਆਂ ਵਿਚੋਂ ਕੀਤੀ ਪੁਛ-ਗਿੱਛ ਅਨੁਸਾਰ ਹਸਪਤਾਲਾਂ ਵਿਚ ਕੰਮ ਰੋਜ਼ ਵਾਂਗ ਹੋ ਰਿਹਾ ਹੈ। ਇਸ ਗਲ ਦੀ ਕੋਈ ਸ਼ੰਕਾ ਨਹੀਂ ਕਿ ਰਾਜ ਵਿਚ ਸਿਹਤ ਅਤੇ ਮੈਡੀਕਲ ਸੇਵਾਵਾਂ ਦੇ ਕੰਮ ਵਿਚ ਕੋਈ ਵਿਘਨ ਪਵੇਗਾ।

**Comrade Raj Kumar** : I move that this statement be taken into consideration, ਔਰ ਇਸ ਤੇ ਡਿਸਕਸ਼ਨ ਹੋਵੇ।

**ਸ਼੍ਰੀ ਸਪੀਕਰ** : ਕਾਲ ਅਟੇਨਸ਼ਨ ਮੋਸ਼ਨਜ਼ ਵਿਚ ਉਨ੍ਹਾਂ ਨੂੰ ਸਵਾਲ ਪੁੱਛਣ ਦਾ ਰਾਈਟ ਹੈ ਜਿਨ੍ਹਾਂ ਵਲੋਂ ਦਿਤੀ ਗਈ ਹੈ।

**ਸਰਦਾਰ ਬਲਦੇਵ ਸਿੰਘ ਮਾਨ** : ਸਪੀਕਰ ਸਾਹਿਬ, ਆਮ ਤੌਰ ਤੇ ਪੁਲਿਸ ਵਾਲੇ ਇਸ ਤਰ੍ਹਾਂ ਕਰਦੇ ਹਨ। ਵਜ਼ੀਰ ਸਾਹਿਬ ਨੇ ਇਸ ਦੇ ਬਾਰੇ ਪਿਛੋਕੜ ਦੱਸਿਆ ਹੈ। ਗੱਲ ਇਹ ਹੈ ਕਿ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਦੇਵ ਸਿੰਘ ਮਾਨ]

ਕਿਸੇ ਬੰਦੇ ਦੀ ਪੁਲਿਸ ਵਾਲਿਆਂ ਨੇ ਬਾਂਹ ਤੋੜ ਦਿੱਤੀ ਔਰ ਡਾਕਟਰ ਨੇ ਉਸ ਦਾ ਮੈਡੀਕਲ ਐਗ-ਜ਼ਾਮੀਨੇਸ਼ਨ ਕਰ ਦਿੱਤਾ ਬਾਵਜੂਦ ਇਸ ਗਲ ਦੇ ਕਿ ਪੁਲਿਸ ਵਾਲਿਆਂ ਨੇ ਕਿਹਾ ਕਿ ਮੈਡੀਕਲ ਐਗਜ਼ਾਮੀਨੇਸ਼ਨ ਨਾ ਕੀਤਾ ਜਾਵੇ। ਦੂਸਰੀ ਗੱਲ ਇਨ੍ਹਾਂ ਨੇ ਇਹ ਦੱਸੀ ਹੈ ਕਿ ਜਿਹੜਾ ਝਗੜਾ ਹੋਇਆ ਉਹ ਰੇਲਵੇ ਸਟੇਸ਼ਨ ਕੋਲ ਹੋਇਆ ਔਰ ਬਠਿੰਡੇ ਦੀ ਪੁਲਿਸ ਰੇਲਵੇ ਸਟੇਸ਼ਨ ਕੋਲ ਆਈ। ਕੀ ਬਠਿੰਡੇ ਦੀ ਪੁਲਿਸ ਨੂੰ ਉਥੇ ਹੀ ਝਗੜੇ ਲਈ ਜਗ੍ਹਾ ਮਿਲਦੀ ਹੈ ? ਸਾਡੇ ਇਕ ਸਤਿਕਾਰਯੋਗ ਮੈਂਬਰ ਵੀ ਹਨ ਜੋ ਇਸ ਵੇਲੇ ਵਜ਼ੀਰ ਹਨ ਉਨ੍ਹਾਂ ਨਾਲ ਵੀ ਇਕ ਵਾਰੀ ਉਥੇ ਹੀ ਘਟਨਾ ਹੋਈ ਸੀ। ਕੀ ਬਠਿੰਡਾ ਪੁਲਿਸ ਨੂੰ ਉਥੇ ਹੀ ਪਰਟੀਕੁਲਰਲੀ ਉਹੀ ਜਗਾ ਮਿਲਦੀ ਹੈ ? ਪਹਿਲਾਂ ਵੀ ਇਕ ਵਾਰ ਇਸ ਹਾਊਸ ਦੇ ਮਾਨਯੋਗ ਮੈਂਬਰ ਤੇ ਅੱਜ ਦੇ ਟਰਾਂਸਪੋਰਟ ਮੰਤਰੀ ਨਾਲ ਵੀ ਬਠਿੰਡਾ ਰੇਲਵੇ ਸਟੇਸ਼ਨ ਤੇ ਬਠਿੰਡਾ ਪੁਲਿਸ ਨਾਲ ਝਗੜਾ ਹੋਇਆ। ਸਪੀਕਰ ਸਾਹਿਬ, ਜਿਸ ਤਰ੍ਹਾਂ ਦੀ ਉਥੇ ਗਲ ਹੋਈ ਹੈ ਅਤੇ ਉਸ ਦੇ ਨਾਲ ਇਸ ਇਨਕੁਆਇਰੀ ਨਾਲ ਮੈਂ ਸਮਝਦਾ ਹਾਂ ਕਿ ਮਾਨਯੋਗ ਮੈਂਬਰਾਂ ਦੀ ਤਸੱਲੀ ਨਾ ਹੋ ਸਕਦੀ ਹੈ, ਨਾ ਡਾਕਟਰਾਂ ਦੀ ਤਸੱਲੀ ਹੋ ਸਕਦੀ ਹੈ ਅਤੇ ਨਾ ਪੰਜਾਬ ਦੇ ਲੋਕਾਂ ਦੀ ਤਸੱਲੀ ਹੋ ਸਕਦੀ ਹੈ। ਵਜ਼ੀਰ ਸਾਹਿਬ ਤੋਂ ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਸਦਨ ਦੇ ਮਾਨਯੋਗ ਮੈਂਬਰਾਂ ਦੀ ਕੋਈ ਕਮੇਟੀ ਬਣਾਉਣ ਲਈ ਤਿਆਰ ਹਨ ਜਾਂ ਕੋਈ ਨਿਰਪੱਖ ਇਨਕੁਆ-ਇਰੀ ਕਮਿਸ਼ਨ ਬਣਾਉਣ ਲਈ ਤਿਆਰ ਹਨ ਜਿਹੜਾ ਇਸ ਸਾਰੇ ਮਾਮਲੇ ਨੂੰ ਦੇਖੇ ।

**ਵਿੱਦਿਆ ਮੰਤਰੀ** : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਜੋ ਕਾਰਵਾਈ ਇਸ ਸਟੇਟਮੈਂਟ ਰਾਹੀਂ ਮੈਂਬਰ ਸਾਹਿਬਾਨ ਨੂੰ ਦੱਸੀ ਗਈ ਹੈ ਇਸ ਤੋਂ ਵੱਧ ਇਨਸਾਫ ਦੀ ਹੋਰ ਕੀ ਮਿਸਾਲ ਮਿਲ ਸਕਦੀ ਹੈ ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਕਹੋ ਕਿ ਮੈਂਬਰ ਸਾਹਿਬਾਨ ਕਹਿਣ, ਇਨ੍ਹਾਂ ਨੇ ਮੈਂਬਰ ਸਾਹਿਬਾ ਕਿਹਾ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਮੈਂਬਰ ਸਾਹਿਬਾਨ ਹੀ ਕਿਹਾ ਹੈ।

ਸਪੀਕਰ ਸਾਹਿਬ, ਮੈਂ ਸਵਾਲ ਦੇ ਜਵਾਬ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਦੋਂ ਪਤਾ ਲਗਿਆ, ਜਦੋਂ ਸ਼ੰਕਾ ਹੋਈ ਕਿ ਏ.ਐਸ.ਆਈ. ਨੇ ਆਪਣੀ ਡਿਊਟੀ ਅੱਛੀ ਤਰ੍ਹਾਂ ਡਿਸਚਾਰਜ ਨਹੀਂ ਕੀਤੀ, ਉਸੇ ਵੇਲੇ ਉਸ ਨੂੰ ਸਸਪੈਂਡ ਕੀਤਾ ਗਿਆ। ਜਦੋਂ ਇਹ ਮਹਿਸੂਸ ਕੀਤਾ ਗਿਆ ਕਿ ਡਾਕ-ਟਰਾਂ ਦੀ ਤਸੱਲੀ ਨਹੀਂ ਹੋਈ, ਪੁਲਿਸ ਰੂਲਜ਼ ਦੇ ਮੁਤਾਬਿਕ ਮੈਜਿਸਟਰੇਟੀ ਇਨਕੁਆਇਰੀ ਦੇ ਆਰ-ਡਰਜ਼ ਕਰ ਦਿੱਤੇ ਗਏ। ਇਸ ਤੋਂ ਵੱਧ ਹੋਰ ਮੈਂਬਰ ਸਾਹਿਬਾਨ ਕੀ ਇਨਸਾਫ ਚਾਹੁੰਦੇ ਹਨ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਜੋ ਰਾਜਿੰਦਰ ਸਿੰਘ, ਐਸ. ਐਚ. ਓ. ਕੋਤਵਾਲੀ ਵਿਚ ਇਨਚਾਰਜ ਹੈ ਉਹ ਕੁਝ ਸਮਾਂ ਬਲਿਆਂਵਾਲੀ ਵਿਚ ਸੀ। ਉਥੇ ਮਨਜੀਤ ਸਿੰਘ ਹਵਾਲਦਾਰ ਲਗਿਆ ਹੋਇਆ ਸੀ। ਉਸ ਨੇ ਤੇ ਮਨਜੀਤ ਸਿੰਘ ਨੇ ਨਛੱਤਰ ਸਿੰਘ, ਪੁੱਤਰ ਭਰਪੂਰ ਸਿੰਘ ਦੀ ਬਾਂਹ ਤੋੜ ਦਿਤੀ । ਮਨਜੀਤ ਸਿੰਘ ਦੇ ਖਿਲਾਫ ਪਰਚਾ ਦਰਜ ਹੋਇਆ ਅਤੇ ਰਾਜਿੰਦਰ ਸਿੰਘ ਥਾਣੇ ਵਿਚ ਲਾਈਨ ਹਾਜ਼ਰ ਹੋਇਆ। ਉਥੇ ਡਾਕਟਰ ਹਰਿੰਦਰਪਾਲ ਸਿੰਘ ਨੇ ਮੁਆਇਨਾ ਕੀਤਾ ਸੀ। ਉਸ ਰਾਜਿੰਦਰ ਸਿੰਘ ਨੇ ਜਾਣ ਕੇ ਡਾਕਟਰ ਨੂੰ ਫੜ ਕੇ ਕੁੱਟਿਆ ਅਤੇ 9-10 ਨਿਸ਼ਾਨ ਉਸ ਨੂੰ ਸੱਟਾਂ ਦੇ ਆਏ। ਉਸ ਨੂੰ ਫੜ ਕੇ ਲੈ ਗਏ ਅਤੇ ਉਸਨੂੰ ਅਲਫ ਨੰਗਾ ਕੀਤਾ ਗਿਆ। ਡਾਕਟਰ ਦਾ ਮੁਆਇਨਾ ਹੈ ਕਿ ਕਪੜਿਆਂ

Original with;
Punjab Vidhan Sabha
Digitized by;
Panjab Digital Library

ਵਿਚੋਂ ਬਦਬੂ ਆਉਂਦੀ ਸੀ, ਡਾਕਟਰ ਨੇ ਇਹ ਨਹੀਂ ਕਿਹਾ ਕਿ ਉਸ ਦੀ ਸ਼ਰਾਬ ਪੀਤੀ ਹੋਈ ਸੀ। ਮੈਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਕੀ ਉਥੇ ਸਾਰਾ ਸਟਾਫ ਬਦਲ ਕੇ ਕੋਈ ਨਿਰਪੱਖ ਇਨਕੁਆਇਰੀ ਕਰਾਉਣਗੇ ਕਿਉਂਕਿ ਥਾਣੇਦਾਰ ਉਹ ਉਥੇ ਲੱਗਿਆ ਹੋਇਆ ਹੈ ਅਤੇ ਝੂਠੇ ਗਵਾਹ ਪੈਦਾ ਕਰੀ ਜਾਂਦਾ ਹੈ ? ਕੀ ਵਜ਼ੀਰ ਸਾਹਿਬ ਇਸ ਗਲ ਦਾ ਹਾਊਸ ਨੂੰ ਯਕੀਨ ਦੁਆਉਣਗੇ ਕਿ ਥਾਣੇਦਾਰ ਨੂੰ ਅਤੇ ਦੂਸਰੇ ਸਟਾਫ ਨੂੰ ਬਦਲ ਕੇ ਕੋਈ ਨਿਰਪੱਖ ਇਨਕੁਆਇਰੀ ਕਰਾਉਣਗੇ ਜਾਂ ਹਾਊਸ ਦੇ ਮਾਨਯੋਗ ਮੈਂਬਰਾਂ ਦੀ ਕੋਈ ਕਮੇਟੀ ਬਣਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਸਪੱਸ਼ਟ ਤੌਰ ਤੇ ਜਵਾਬ ਦੇ ਦਿੱਤਾ ਹੈ ਅਤੇ ਮੈਜਿਸ-ਟੀਰੀਅਲ ਇਨਕੁਆਇਰੀ ਦੇ ਆਰਡਰਜ਼ ਹੋ ਚੁੱਕੇ ਹਨ। ਉਸ ਦੇ ਸਾਹਮਣੇ ਸਾਰੇ ਸਬੂਤ ਪੇਸ਼ ਹੋਣਗੇ ਅਤੇ ਉਸ ਨੇ ਸਿੱਟਾ ਕੱਢਣਾ ਹੈ। ਜੋ ਸਿੱਟੇ ਨਿਕਲਣਗੇ, ਮੈਂ ਇਸ ਗਲ ਦਾ ਹਾਊਸ ਨੂੰ ਯਕੀਨ ਦੁਆਉਣਾ ਚਾਹੁੰਦਾ ਹਾਂ ਕਿ ਉਸ ਇਨਕੁਆਇਰੀ ਦੇ ਜੋ ਸਿੱਟੇ ਨਿਕਲਣਗੇ ਉਸ ਤੇ ਜੋ ਯੋਗ ਕਾਰਵਾਈ ਹੋਵੇਗੀ ਉਹ ਜ਼ਰੂਰ ਕੀਤੀ ਜਾਵੇਗੀ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਸਾਰੀ ਪੁਲਿਸ ਉਨ੍ਹਾਂ ਦੇ ਪੱਖ ਤੇ ਹੈ ਔਰ ਡਾਕਟਰਾਂ ਨੂੰ ਧਮਕੀ ਦਿੱਤੀ ਗਈ ਹੈ। ਉਨ੍ਹਾਂ ਦੇ ਕਪੜਿਆਂ ਤੇ ਸ਼ਰਾਬ ਡੋਲ੍ਹੀ ਗਈ ਹੈ ਅਤੇ ਡਾਕਟਰ ਦੀ ਰਿਪੋਰਟ ਹੈ ਕਿ ਕੱਪੜਿਆਂ ਵਿਚੋਂ ਬਦਬੂ ਆਉਂਦੀ ਸੀ, ਇਹ ਨਹੀਂ ਕਿਹਾ ਕਿ ਮੂੰਹ ਵਿਚੋਂ ਬਦਬੂ ਆਉਂਦੀ ਸੀ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਅਸਲੀ ਦੋਸ਼ੀ ਹਾਜਿੰਦਰ ਸਿੰਘ, ਐਸ. ਆਈ. ਹੈ ਜਿਸ ਦੇ ਇਸ਼ਾਰੇ ਤੇ ਸਾਰੀ ਘਟਨਾ ਵਾਪਰੀ ਹੈ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਗਲ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ, ਇਹ ਪੰਜਾਬ ਦੇ ਇੰਟਰੈਸਟ ਦੀ ਗਲ ਹੈ, ਇਹ ਕੋਈ ਮਾਮੂਲੀ ਜਿਹੀ ਗਲ ਨਹੀਂ। ਜੋ ਵਜ਼ੀਰ ਸਾਹਿਬ ਨੇ ਜਵਾਬ ਦਿਤਾ ਹੈ, ਅਸੀਂ ਉਨ੍ਹਾਂ ਦੀ ਮਨਸ਼ਾ ਬਾਰੇ ਨਹੀਂ ਕਹਿੰਦੇ ਕਿ ਉਨ੍ਹਾਂ ਦੀ ਮਨਸ਼ਾ ਠੀਕ ਨਹੀਂ, ਲੇਕਿਨ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਗੁਨਾਹ ਕਰਦਾ ਹੈ ਉਹ ਕੋਸ਼ਿਸ਼ ਕਰਦਾ ਹੈ ਕਿ ਆਪਣੇ ਗੁਨਾਹ ਨੂੰ ਛੁਪਾਇਆ ਜਾਵੇ। ਪੁਲਿਸ ਨੇ ਕੋਈ ਐਕਸ਼ਨ ਨਹੀਂ ਲਿਆ ਅਤੇ ਤਸ਼ੱਦਦ ਦੇ ਹਾਲਾਤ ਦੱਸਕੇ 107/151 ਦਾ ਕੇਸ ਬਣਾਇਆ। ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਤਸ਼ੱਦਦ ਵਿਚ ਕਿਸੇ ਹੋਰ ਨੂੰ ਵੀ ਸੱਟਾਂ ਲਗੀਆਂ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਡਾਕਟਰ ਨੇ ਕਿਹਾ ਹੈ ਕਿ ਕੱਪੜਿਆਂ ਵਿਚੋਂ ਬਦਬੂ ਆਉਂਦੀ ਹੈ, ਕੀ ਡਾਕਟਰ ਦੀ ਰਿਪੋਰਟ ਵਿਚ ਇਹ ਕਿਹਾ ਹੈ ਕਿ ਉਸ ਦੇ ਮੂੰ ਵਿਚੋਂ ਬਦਬੂ ਆਉਂਦੀ ਸੀ ? ਤੀਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੌਕੇ ਦੇ ਗੁਨਾਹਗਾਰ ਹਨ ਉਥੇ ਉਹ ਦੋਨੋਂ ਇਨਸਪੈਕਟਰ ਬੈਠੇ ਹਨ, ਅਸੀਂ ਮੰਨਦੇ ਹਾਂ ਕਿ ਇਨ੍ਹਾਂ ਨੇ ਮੈਜਿਸਟੀਰੀਅਲ ਇਨਕੁਆਇਰੀ ਦੇ ਆਰਡਰਜ਼ ਦਿੱਤੇ ਹੋਏ ਹਨ ਪਰ ਉਤਨਾ ਚਿਰ ਅੱਛੇ ਨਤੀਜੇ ਨਹੀਂ ਨਿਕਲਣਗੇ ਜਿੰਨਾ ਚਿਰ ਉਨ੍ਹਾਂ ਨੂੰ ਲਾਈਨ ਹਾਜ਼ਰ ਨਾ ਕਰਨ। ਕੀ ਵਜ਼ੀਰ ਸਾਹਿਬ ਇਸ ਦੀ ਕੋਈ ਨਿਰਪੱਖ ਇਨਕੁਆਇਰੀ ਕਰਾਉਣਗੇ ਜਾਂ ਸਦਨ ਦੇ ਮਾਨਯੋਗ ਮੈਂਬਰਾਂ ਦੀ ਕੋਈ ਕਮੇਟੀ ਬਣਾਉਣਗੇ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਜਿਸਟੀਰੀਅਲ ਇਨਕੁਆਇਰੀ ਦੇ ਆਰਡਰਜ਼ ਆਲਰੇਡੀ ਹੋ ਚੁੱਕੇ ਹਨ, ਇਸ ਤੋਂ ਵੱਧ ਹੋਰ ਮਾਨਯੋਗ ਮੈਂਬਰਜ਼ ਕੀ ਚਾਹੁੰਦੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਇਸ ਦੇ ਬਾਰੇ ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ, ਤੁਸੀਂ ਕਿਹਾ ਸੀ ਕਿ ਉਸ ਨੂੰ ਕਾਲ ਅਟੈਨਸ਼ਨ ਮੋਸ਼ਨ ਵਿਚ ਕਨਵਰਟ ਕਰੋ। ਹੁਣ ਕਾਲ ਅਟੈਨਸ਼ਨ ਮੋਸ਼ਨ ਆਈ ਹੈ, ਮੈਨੂੰ ਸਪਲੀਮੈਂਟਰੀ ਕਰਨ ਦੀ ਇਜਾਜ਼ਤ ਦੇ ਦਿਓ।

**ਡਾਕਟਰ ਭਗਤ ਸਿੰਘ**: ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਮਾਮਲਾ ਬੜਾ ਅਹਿਮ ਹੈ। ਡਾਕਟਰਾਂ ਦੀ ਸਮਾਜ ਵਿਚ ਬੜੀ ਇੱਜ਼ਤ ਹੁੰਦੀ ਹੈ। ਜੋ ਕੁਝ ਇਨ੍ਹਾਂ ਨੇ ਜਵਾਬ ਦਿੱਤਾ ਹੈ ਉਸ ਦੇ ਵਿਚ ਇਨ੍ਹਾਂ ਨੇ ਮੰਨਿਆ ਹੈ ਕਿ ਅਫਸਰਾਂ ਵਲੋਂ ਜ਼ਿਆਦਤੀ ਹੋਈ ਹੈ। ਦੂਸਰਾ ਇਨ੍ਹਾਂ ਨੇ ਕਿਹਾ ਹੈ ਕਿ ਮੈਜਿਸਟੀਰੀਅਲ ਇਨਕੁਆਇਰੀ ਦੇ ਆਦੇਸ਼ ਕਰ ਦਿਤੇ ਹਨ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗਲ ਦਾ ਹਾਊਸ ਵਿਚ ਯਕੀਨ ਦੁਆਉਣਗੇ ਕਿ ਉਸ ਇਨਕੁਆਇਰੀ ਦੀ ਰਿਪੋਰਟ ਉਹ ਇਸੇ ਹਾਊਸ ਵਿਚ ਚਾਲੂ ਸੈਸ਼ਨ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਪੇਸ਼ ਕਰ ਦੇਣਗੇ ?

**ਵਿਦਿਆ ਮੰਤਰੀ**: ਸਪੀਕਰ ਸਾਹਿਬ, ਵੈਸੇ ਤਾਂ ਮੈਂ ਸਮਝਦਾ ਹਾਂ ਕਿ ਇਹ ਕਾਲ ਅਟੈਨਸ਼ਨ ਮੋਸ਼ਨ ਸੀ ਔਰ ਉਸ ਦਾ ਜਵਾਬ ਮੈਂ ਸਦਨ ਵਿਚ ਦੇ ਦਿਤਾ ਹੈ। ਜਿਹੜੇ ਮੁਵਰਜ਼ ਹਨ ਉਨ੍ਹਾਂ ਨੂੰ ਰੂਲਜ਼ ਦੇ ਮੁਤਾਬਿਕ ਸਪਲੀਮੈਂਟਰੀਜ਼ ਪੁੱਛਣ ਦਾ ਅਧਿਕਾਰ ਹੈ ਪਰ ਤੁਸੀਂ ਫਰਾਖਦਿਲ ਹੋ ਅਤੇ ਤੁਸੀਂ ਸਾਰਿਆਂ ਨੂੰ ਇਜਾਜ਼ਤ ਦਿਤੀ ਹੈ। ਡਾਕਟਰ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਕਿ ਆਇਆ ਇਨਕੁਆਇਰੀ ਰਿਪੋਰਟ ਇਸੇ ਸੈਸ਼ਨ ਵਿਚ ਹੋ ਸਕੇਗੀ ? ਇਸ ਦੇ ਬਾਰੇ ਮੇਰੀ ਅਰਜ਼ ਹੈ ਕਿ ਇਹ ਮੈਜਿਸਟੀਰੀਅਲ ਇਨਕੁਆਇਰੀ ਹੈ। ਉਨ੍ਹਾਂ ਨੇ ਹਰ ਤਰ੍ਹਾਂ ਦੇ ਲੋਕਾਂ ਦੇ ਬਿਆਨ ਲੈਣੇ ਹਨ ਔਰ ਫਿਰ ਕਿਸੇ ਸਿੱਟੇ ਤੇ ਪਹੁੰਚਣਾ ਹੈ। ਅਸੀਂ ਇਹ ਤਾਂ ਕਹਿ ਸਕਦੇ ਹਾਂ ਕਿ ਜਲਦੀ ਐਕਸਪੀਡਾਈਟ ਕੀਤਾ ਜਾਏਗਾ। ਜੋ ਇਹ ਕਹਿੰਦੇ ਹਨ ਇਹ ਮੇਰਾ ਖਿਆਲ ਹੈ ਕਿ ਮੇਰੇ ਤੋਂ ਗਲਤ ਤਵੱਕੋ ਹੋਵੇਗੀ। ਜਿਤਨੇ ਉਤਾਵਲੇ ਇਹ ਹਨ ਉਤਨੇ ਹੀ ਅਸੀਂ ਹਾਂ। ਹਾਊਸ ਦੇ ਜਜ਼ਬਾਤ ਨੂੰ ਧਿਆਨ ਵਿਚ ਰਖਦੇ ਹੋਏ ਅਸੀਂ ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ੍ਰੀ ਸਪੀਕਰ**: ਮੈਂ ਹਾਊਸ ਦੀ ਯਾਦਾਸ਼ਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਪਹਿਲਾਂ ਵੀ ਡਿਸਕਸ ਹੋਇਆ ਸੀ। ਮੈਂ ਹਾਊਸ ਨੂੰ ਵਿਸ਼ਵਾਸ਼ ਦਿਲਾਇਆ ਸੀ ਕਿ ਮੈਂ ਕਾਲ ਅਟੈਨ-ਸ਼ਨ ਨੋਟਿਸ ਐਡਮਿਟ ਕਰ ਲਵਾਂਗਾ ਔਰ ਹੁਣ ਕਰ ਲਈ ਹੈ।

**ਕਾਮਰੇਡ ਰਾਜ ਕੁਮਾਰ** : ** ** **

**ਸ੍ਰੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**Finance Minister** : Rule 77 further says :—

..........Unless a Member moves a substantive motion on appropriate terms to be approved by the Speaker and on such motion the vote of the House shall be taken".

(ਕ੍ਰਮ ਨੰ : 57)

**ਵੈਦ ਕਰਤਾਰ ਸਿੰਘ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਅੰਮ੍ਰਿਤ ਬਨਾਸਪਤੀ ਪੇਪਰ ਮਿੱਲ, ਸੈਲਾ ਖੁਰਦ, ਜ਼ਿਲ੍ਹਾ ਹੁਸ਼ਿਆਰਪੁਰ ਵਿਚੋਂ ਇਕ ਜ਼ਹਿਰੀਲਾ ਪਾਣੀ ਨਿਕਲਦਾ ਹੈ ਅਤੇ ਖੁਲ੍ਹੇ ਹੀ ਵਗਦਾ ਹੈ। ਉਹ ਪਾਣੀ ਇਸ ਦਿਲਾਕੇ ਦੇ ਪਿੰਡਾਂ ਪੱਦੀ ਖੁਸ਼ੀ, ਪੋਸੀ, ਮੋਰਾਂਵਾਲੀ, ਨੂਰਪੁਰ ਜੱਟਾਂ, ਐਮਾਂ ਅਤੇ ਸੂਨੀ ਦੀਆਂ ਫਸਲਾਂ ਨੂੰ ਨੁਕ-

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਾਨ ਪਹੁੰਚਾ ਰਿਹਾ ਹੈ ਅਤੇ ਇਹ ਪਾਣੀ ਬਹੁਤ ਗੰਦੀ ਬਦਬੂ ਇਸ ਇਲਾਕੇ ਵਿਚ ਫੈਲਾਉਂਦਾ ਹੈ। ਫਸਲਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ ਹੈ।

ਮਹਿਕਮਾ ਮਾਲ ਅਤੇ ਮਹਿਕਮਾ ਡਰੇਨੇਜ ਵਾਲੇ ਇਨ੍ਹਾਂ ਪਿੰਡਾਂ ਵਿਚ ਨਿਸ਼ਾਨ-ਦੇਹੀਆਂ ਕਰਵਾ ਰਹੇ ਹਨ ਕਿ ਇਹ ਪਾਣੀ ਫਲਾਂ ਫਲਾਂ ਜਗ੍ਹਾ ਤੋਂ ਲੰਘਾਇਆ ਜਾਵੇ ਜਿਸ ਤੇ ਪਿੰਡਾਂ ਦੇ ਲੋਕ ਇਤਰਾਜ਼ ਕਰ ਰਹੇ ਹਨ ਤੇ ਇਨ੍ਹਾਂ ਵਿਭਾਗਾਂ ਦੇ ਕਰਮਚਾਰੀਆਂ ਵਿਰੁੱਧ ਇਲਾਕੇ ਦੇ ਲੋਕਾਂ ਵਿਚ ਗੁੱਸਾ ਹੈ। ਲੋਕ ਚਾਹੁੰਦੇ ਹਨ ਕਿ ਇਹ ਗੰਦਾ ਤੇ ਜ਼ਹਿਰੀਲਾ ਪਾਣੀ ਸਰਕਾਰ ਅੰਡਰ-ਗਰਾਊਂਡ ਨਾਲਿਆਂ ਵਿਚੋਂ ਲੰਘਾਉਣ ਦਾ ਇੰਤਜ਼ਾਮ ਕਰੇ ਜਾਂ ਮਿੱਲ ਵਿਚ ਇਸ ਪਾਣੀ ਨੂੰ ਸਾਫ ਕਰਨ ਉਪਰੰਤ ਛੱਡਣ ਦਾ ਪ੍ਰਬੰਧ ਕਰੇ। ਲੋਕ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।

ਇਲਾਕੇ ਦੇ ਲੋਕਾਂ ਵਿਚ ਬਹੁਤ ਭਾਰੀ ਰੰਜ ਤੇ ਗੁਸਾ ਹੈ। ਸਰਕਾਰ ਨੂੰ ਸਦਨ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

**ਰਾਜ ਮੰਤਰੀ, ਮੁੜਵਸਾਊ ਅਤੇ ਜਨ ਸਿਹਤ** (ਸਰਦਾਰ ਦਰਸ਼ਨ ਸਿੰਘ ਕੇ. ਪੀ.): ਸਰਕਾਰ ਅੰਮ੍ਰਿਤ ਬਨਸਪਤੀ ਪੇਪਰ ਮਿਲ, ਸੇਲਾ ਖੁਰਦ ਵਲੋਂ ਛੱਡੇ ਗਏ ਪਾਣੀ ਦੀ ਸਮੱਸਿਆ ਤੋਂ ਪਹਿਲਾਂ ਹੀ ਪੂਰੀ ਤਰ੍ਹਾਂ ਜਾਣੂ ਹੈ। ਮੈਂ ਇਸ ਸਥਾਨ ਨੂੰ ਆਪ ਜਾ ਕੇ ਦੇਖਿਆ ਹੈ ਅਤੇ ਸਮੱਸਿਆ ਦਾ ਹੱਲ ਕਢਣ ਵਾਸਤੇ ਸਾਰੇ ਸਬੰਧਤ ਅਫਸਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਹੈ। ਅਸਲ ਸਮੱਸਿਆ ਇਸ ਫੈਕਟਰੀ ਵਲੋਂ ਸੁਟੇ ਜਾਂਦੇ ਪਾਣੀ ਦੇ ਨਿਕਾਸ ਬਾਰੇ ਹੈ। ਮਿੱਲ ਮਾਲਕਾਂ ਨੂੰ ਕਹਿ ਦਿਤਾ ਹੈ ਕਿ ਉਹ ਪਾਣੀ ਦੇ ਨਿਕਾਸ ਤੇ ਜੋ ਖਰਚ ਆਵੇ ਉਸ ਦੀ ਕੀਮਤ ਦੇਣ। ਇਹ ਭੀ ਕਹਿ ਦਿਤਾ ਗਿਆ ਹੈ ਕਿ ਉਹ ਇਹ ਕੱਚਾ ਖਾਲ ਬਣਾਉਣ ਦੀ ਬਜਾਏ ਪੱਕਾ ਖਾਲ ਬਣਾਉਣ ਤਾਂ ਜੋ ਅੱਗੇ ਵਾਸਤੇ ਇਸ ਸਮੱਸਿਆ ਦਾ ਹੱਲ ਪੂਰੀ ਤਰ੍ਹਾਂ ਹੋ ਸਕੇ। ਮਿੱਲ ਮਾਲਕ ਲੋੜੀਂਦਾ ਖਰਚਾ ਦੇਣ ਲਈ ਸਹਿਮਤ ਹੋ ਗਏ ਹਨ।

ਮੈਂ ਸਦਨ ਨੂੰ ਵਿਸ਼ਵਾਸ਼ ਦਿਵਾਉਂਦਾ ਹਾਂ ਕਿ ਸਰਕਾਰ ਇਸ ਮਾਮਲੇ ਦੇ ਸਾਰੇ ਪੱਖਾਂ ਤੋਂ ਪੂਰੀ ਤਰ੍ਹਾਂ ਵਿਚਾਰ ਕਰਕੇ ਕਾਰਵਾਈ ਕਰੇਗੀ ਅਤੇ ਇਸ ਸਮੱਸਿਆ ਦਾ ਹੱਲ ਛੇਤੀ ਤੋਂ ਛੇਤੀ ਕਰ ਲਿਆ ਜਾਵੇਗਾ।

**ਵੈਦ ਕਰਤਾਰ ਸਿੰਘ**: ਸਪੀਕਰ ਸਾਹਿਬ, ਇਹ ਜਿਹੜਾ ਪਾਣੀ ਹੈ ਇਹ ਬਹੁਤ ਜ਼ਹਿਰੀਲਾ ਹੈ। ਜੇ ਕੋਈ ਜਾਨਵਰ ਪੀ ਲਏ ਉਹ ਮਰ ਜਾਂਦਾ ਹੈ ਔਰ ਜੇ ਫਸਲ ਨੂੰ ਲਗ ਜਾਏ ਤਾਂ ਫਸਲ ਤਬਾਹ ਹੋ ਜਾਂਦੀ ਹੈ। ਇਹ ਜਿਹੜੇ 7 ਪਿੰਡ ਮੈਂ ਲਿਖੇ ਹਨ ਇਨ੍ਹਾਂ ਪਿੰਡਾਂ ਵਿਚ ਦੋ ਦੋ ਫੁੱਟ ਪਾਣੀ ਆਮ ਫਿਰ ਰਿਹਾ ਹੈ ਔਰ ਸਾਰੀਆਂ ਫਸਲਾਂ ਤਬਾਹ ਹੋ ਗਈਆਂ ਹਨ, ਜਿਹੜੇ ਚਾਰ ਮਣ ਦਾਣੇ ਹੋਣੇ ਸੀ ਉਹ ਵੀ ਨਹੀਂ ਹੋਏ। ਕੀ ਇਹ ਪਾਣੀ ਅੰਡਰ ਗਰਾਊਂਡ ਕੀਤਾ ਜਾਏਗਾ ਔਰ ਕੀ ਫਸਲਾਂ ਦਾ ਮੁਆਵਜ਼ਾ ਦੇਣ ਲਈ ਤਿਆਰ ਹਨ?

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਖੁਦ ਉਥੇ ਪਹਿਲਾਂ ਵੀ ਗਿਆ ਸੀ। ਇਕ ਵਾਰੀ ਮੈਂ ਪੰਡਿਤ ਸਟਵਣ ਰਾਮ ਦੇ ਫੰਕਸ਼ਨ ਤੇ ਗਿਆ ਸੀ ਉਥੇ ਵੀ ਮੈਨੂੰ ਕੁਝ ਸੱਜਣ ਮਿਲੇ ਸਨ। ਉਨ੍ਹਾਂ ਵਿਚ ਪੰਚ ਸਰਪੰਚ ਅਤੇ ਕੁਝ ਹੋਰ ਲੋਕ ਵੀ ਸਨ। ਉਸ ਫੈਕਟਰੀ ਵਿਚ ਕੋਈ 8, 9 ਸੌ ਆਦਮੀ ਕੰਮ ਕਰਦੇ ਹਨ।

Original with;
Punjab Vidhan Sabha
Digitized by;
Panjab Digital Library

[ਰਾਜ ਮੰਤਰੀ, ਮੁੜ ਵਸਾਊ ਅਤੇ ਜਨ ਸਿਹਤ]

ਪੰਜਾਬ ਸਰਕਾਰ ਦੀ ਮੇਹਰਬਾਨੀ ਹੋਈ ਹੈ ਕਿ ਕੰਡੀ ਏਰੀਆ ਵਿਚ ਜਿਥੇ ਫਸਲ ਨਹੀਂ ਹੁੰਦੀ ਉਥੇ ਫੈਕਟਰੀ ਲਾਈ ਹੈ। ਉਥੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪਾਣੀ ਠੀਕ ਕਰਨ ਵਾਸਤੇ ਟਰੀਟਮੈਂਟ ਪਲਾਂਟ ਲਾਇਆ ਸੀ ਉਸ ਵਿਚ ਕੋਈ ਨੁਕਸ ਪੈ ਗਿਆ। ਪੱਕੇ ਖਾਲੇ ਵਾਸਤੇ ਕਿਹਾ ਹੈ। ਡਿਪਟੀ ਕਮਿਸ਼ਨਰ ਨੂੰ ਸੱਦਿਆ ਸੀ ਕਿ ਜ਼ਮੀਨ ਐਕੁਆਇਰ ਕੀਤੀ ਜਾਏ, ਮਿੱਲ ਵਾਲੇ ਉਸ ਦੇ ਪੈਸੇ ਦੇਣ ਅਤੇ ਪੱਕਾ ਖਾਲਾ ਬਣ ਜਾਏ। ਉਥੇ ਨਾ ਕੋਈ ਫਸਲ ਦਾ ਨੁਕਸਾਨ ਹੋਇਆ ਹੈ ਅਤੇ ਨਾ ਹੀ ਕੋਈ ਡੰਗਰ ਮਰਿਆ ਹੈ, ਫਿਰ ਵੀ ਫੈਕਟਰੀ ਵਾਲਿਆਂ ਨੂੰ ਕਿਹਾ ਗਿਆ ਹੈ ਕਿ ਖਰਚਾ ਉਠਾਉਣ ਤਾਕਿ ਨੁਕਸਾਨ ਦੀ ਰੋਕ ਥਾਮ ਹੋ ਸਕੇ। ਮੈਂ ਇੰਜੀਨੀਅਰ ਵਾਟਰ-ਪਾਲਿਊਸ਼ਨ ਵਾਲਿਆਂ ਨੂੰ ਕਿਹਾ ਹੈ ਕਿ ਵਾਟਰ ਟੈਸਟ ਕੀਤਾ ਜਾਏ ਔਰ ਨਾਲ ਹੀ ਕਿਹਾ ਹੈ ਕਿ ਮਸ਼ੀਨਰੀ ਲਾਓ ਤਾਕਿ ਜਿਹੜੀ ਅਗਲੀ ਪਿਛਲੀ ਕਮੀ ਹੈ ਉਹ ਪੂਰੀ ਹੋ ਜਾਏ।

**ਸ਼੍ਰੀ ਸਪੀਕਰ**: ਮੈਂ ਮੰਤਰੀ ਸਾਹਿਬ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਫਰਵਰੀ, 1981 ਦੇ ਸੈਸ਼ਨ ਵਿਚ ਕਾਲ ਅਟੈਨਸ਼ਨ ਮੋਸ਼ਨ ਨੰ: 126, ਜਿਹੜੀ ਕਿ ਸ਼ਾਇਦ ਪਾਂਧੀ ਸਾਹਿਬ ਵੱਲੋਂ ਸੀ, ਆਇਆ ਸੀ। ਵਾਟਰ ਪੋਲਿਊਸ਼ਨ ਜਿਹੜਾ ਕਾਰਖਾਨਿਆਂ ਦਾ ਹੈ ਇਹ ਗੰਭੀਰ ਮਸਲਾ ਹੈ। ਇਹ ਇਤਨਾ ਮਹੱਤਵ ਪੂਰਣ ਹੈ ਕਿ ਕੋਈ ਸਰਕਾਰ ਢਿੱਲ ਨਾ ਕਰੇ ਔਰ ਜਲਦੀ ਤੋਂ ਜਲਦੀ ਇੰਤਜ਼ਾਮ ਕਰ ਲਵੇ। ਉਸ ਵਕਤ ਜਵਾਬ ਦਿਤਾ ਗਿਆ ਸੀ ਕਿ ਇਹ ਕਾਰਖਾਨਾ 31 ਮਾਰਚ ਤਕ ਬੰਦ ਕਰ ਦਿਤਾ ਜਾਏਗਾ ਅਗਰ ਠੀਕ ਨਾ ਕੀਤਾ ਗਿਆ।

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਤੁਹਾਡੀ ਯਾਦਾਸ਼ਤ ਬਿਲਕੁਲ ਠੀਕ ਹੈ। ਇਨ੍ਹਾਂ ਨੇ ਕਿਹਾ ਸੀ ਕਿ ਇਨਕੁਆਇਰੀ ਕਰਾਵਾਂਗੇ ਜਿਸ ਨੇ ਗਲਤ ਜਵਾਬ ਦਿਤਾ ਹੈ। ਅਜੇ ਤਕ ਦੋ ਸਾਲਾਂ ਵਿਚ ਮਸਲਾ ਹੱਲ ਨਹੀਂ ਹੋ ਸਕਿਆ। ਅੰਮ੍ਰਿਤਸਰ ਵਿਚ ਜਾ ਕੇ ਆਏ ਉਥੇ ਵੀ ਇਹੀ ਬਿਮਾਰੀ ਹੈ। ਕੀ ਕਾਰਨ ਹੈ ਹੁਣ ਤਕ ਸਰਕਾਰ ਇਹ ਠੀਕ ਕਰਨ ਵਿਚ ਕਿਉਂ ਫੇਲ੍ਹ ਹੋਈ ਹੈ ?

**ਪੰਡਿਤ ਸਰਵਣ ਰਾਮ**: ਸਪੀਕਰ ਸਾਹਿਬ, ਕੱਲ ਮੌਕੇ ਤੇ ਮਨਿਸਟਰ ਸਾਹਿਬ ਗਏ, ਸਾਰੇ ਲੋਕ ਇਕੱਠੇ ਹੋਏ। ਇਨ੍ਹਾਂ ਨੇ ਬੜੀ ਅੱਛੀ ਤਰਾਂ ਮਾਮਲਾ ਟੈਕਲ ਕਰਨ ਦੀ ਕੋਸ਼ਿਸ਼ ਕੀਤੀ। ਅੱਗੇ ਮਾਲਕ ਮੰਨਦਾ ਨਹੀਂ ਸੀ, ਇਨ੍ਹਾਂ ਦੇ ਪਰਸੂ ਕਰਨ ਤੇ ਉਹ ਹੁਣ ਮੰਨ ਗਿਆ ਹੈ। ਔਰ ਪੱਕਾ ਖਾਲਾ ਬਣਾਉਣ ਵਾਸਤੇ ਉਹ ਰਜ਼ਾਮੰਦ ਹੈ। ਜਿਥੇ ਅੱਗੇ ਪਾਣੀ ਖੱਡ ਵਿਚ ਚਲਦਾ ਹੈ ਉਹ ਖੱਡ ਮਾਲਕ ਦੀ ਹੈ। ਮਾਲਕਾਂ ਨੂੰ ਮੁਆਵਜ਼ਾ ਦਿਤਾ ਜਾਏਗਾ। ਵਜ਼ੀਰ ਸਾਹਿਬ ਜ਼ਮੀਨ ਦਿਵਾ ਕੇ ਆਏ ਹਨ। ਅਗਰ ਇਨ੍ਹਾਂ ਨੇ ਐਸਾ ਕਰ ਦਿਤਾ ਹੈ ਫਿਰ ਕੋਈ ਸਮੱਸਿਆ ਨਹੀਂ ਰਹਿਣੀ। ਫਿਲਹਾਲ ਸਮੱਸਿਆ ਜ਼ਰੂਰ ਹੈ।

**ਰਾਜ ਮੰਤਰੀ**: ਸਪੀਕਰ ਸਾਹਿਬ, ਮੈਂ ਕੱਲ ਵੀ ਗਿਆ ਸੀ। ਪਹਿਲਾਂ ਵੀ ਗਿਆ ਸੀ। ਪਾਣੀ ਖੁਲ੍ਹਾ ਚਲਦਾ ਸੀ। ਜ਼ਿਮੀਦਾਰ ਉਹ ਪਾਣੀ ਪਹਿਲਾਂ ਵਰਤਦੇ ਵੀ ਸਨ। ਮਗਰ ਜਿਹੜਾ ਉਨ੍ਹਾਂ ਦਾ ਟਰੀਟਮੈਂਟ ਪਲਾਂਟ ਲਗਿਆ ਸੀ ਉਸ ਦੇ ਵਿਚ ਨੁਕਸ ਪੈ ਗਿਆ। ਉਸ ਨੂੰ ਦਰੁਸਤ ਕਰਾਉਣ ਲਈ ਮਿੱਲ ਵਾਲਿਆਂ ਨੇ ਗੱਲ ਮੰਨ ਲਈ ਹੈ। ਅਗੇ ਵਾਸਤੇ ਅਸੀਂ ਕਹਿ ਦਿਤਾ ਹੈ ਕਿ ਜ਼ਮੀਨ ਐਕੁਆਇਰ ਕਰਕੇ ਪੱਕੇ ਖਾਲੇ ਬਣਾ ਕੇ ਚੋਆਂ ਵਿਚ ਪਾਣੀ ਸੁਟਿਆ ਜਾਵੇ ਤਾਂ ਕਿ ਐਸੀ ਸਮਸਿਆ ਫਿਰ ਨਾ ਹੋਵੇ।

Original with;
Punjab Vidhan Sabha
Digitized by;
Panjab Digital Library

(ਕ੍ਰਮ ਨੰ: 58)

**ਕਾਮਰੇਡ ਦਰਸ਼ਨ ਸਿੰਘ ਝਬਾਲ**: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਬਦੌਸ਼ੀ ਕਲਾਂ ਤਹਿਸੀਲ ਫਤਿਹਗੜ੍ਹ ਸਾਹਿਬ ਵਿਚ 10 ਦਿਨਾਂ ਤੋਂ ਅਨੁਸੂਚਿਤ ਜਾਤੀਆਂ ਦਾ ਸੋਸ਼ਲ ਬਾਈਕਾਟ ਹੈ ਅਤੇ ਉਹ ਘਰਾਂ ਵਿਚ ਬੰਦ ਹਨ। ਟੱਟੀ ਪਿਸ਼ਾਬ ਜਾਣੋਂ ਦੁਖੀ ਹਨ ਤੇ ਬਸਤੀ ਗੰਦ ਅਖਤਿਆਰ ਕਰ ਗਏ ਹਨ। ਗਰੀਬਾਂ ਦੇ ਪਸ਼ੂ ਵੀ ਬਾਹਰ ਜਾਣੋਂ ਬੰਦ ਹਨ। ਗਵਾਂਢੀ ਪਿੰਡਾਂ ਦੇ ਗਰੀਬਾਂ ਜਿਨ੍ਹਾਂ ਤੇ ਉਚ ਅਧਿਕਾਰੀਆਂ ਨੂੰ ਬਿਨੈ-ਪੱਤਰ ਭੇਜੇ ਹਨ ਪਰ ਕੋਈ ਕਾਰਵਾਈ ਨਹੀਂ ਹੋਈ।

ਇਸੇ ਤਰ੍ਹਾਂ ਦਾ ਬਾਈਕਾਟ ਪਿੰਡ ਫੱਤਣਵਾਲ ਮੁਕਤਸਰ ਤਹਿਸੀਲ ਹੈ। ਦਿਨੋਂ ਦਿਨ ਇਹ ਅੰਧੇਰ-ਗਰਦੀ ਵੱਧ ਰਹੀ ਹੈ। ਸਰਕਾਰੋਂ ਲੋਕ ਦੁਖੀ ਤੇ ਪਰੇਸ਼ਾਨ ਤੇ ਗੁਸੇ ਵਿਚ ਹਨ। ਸਮਾਜ ਭਲਾਈ ਮੰਤਰੀ ਬਿਆਨ ਦੇਣ।

**ਵਿੱਤ ਮੰਤਰੀ** (ਡਾਕਟਰ ਕੇਵਲ ਕ੍ਰਿਸ਼ਨ): ਉਕਤ ਮਾਮਲੇ ਸਬੰਧੀ ਪੜਤਾਲ ਕਰਾਉਣ ਉਪਰੰਤ ਪਤਾ ਲੱਗਾ ਹੈ ਕਿ ਪਿੰਡ ਬਦੋਸ਼ੀ ਖੁਰਦ ਪੁਲਿਸ ਥਾਣਾ ਮੂਲੇਪੁਰ ਵਿਖੇ ਸ੍ਰੀ ਗੁਰਦਿਆਲ ਸਿੰਘ, ਪੁਤਰ ਚੂੜ ਸਿੰਘ ਹਰੀਜਨ ਅਤੇ ਅਜਾਇਬ ਸਿੰਘ ਪੁੱਤਰ ਜੱਬਾ ਸਿੰਘ ਜੱਟ ਸਿੱਖ ਵਿਚਕਾਰ ਮਿਤੀ 31 ਜਨਵਰੀ, 1982 ਨੂੰ ਪਹੀ ਬਾਰੇ ਝਗੜਾ ਹੋਇਆ ਸੀ ਅਤੇ ਮਾਮਲਾ ਮੁਕਾਮੀ ਪੁਲਿਸ ਦੇ ਉਸੇ ਦਿਨ ਨੋਟਿਸ ਵਿਚ ਲਿਆਂਦਾ ਗਿਆ ਸੀ ਜਿਸ ਦੇ ਫਲਸਰੂਪ ਮੁੱਖ ਅਫਸਰ ਥਾਣਾ ਮੂਲੇਪੁਰ ਫੌਰੀ ਤੌਰ ਤੇ ਮੌਕੇ ਤੇ ਪੁਜੇ ਅਤੇ ਉਨ੍ਹਾਂ ਨੇ ਪਿੰਡ ਦੀ ਪੰਚਾਇਤ ਦੀ ਮੱਦਦ ਨਾਲ ਮਿਤੀ 1 ਫਰਵਰੀ, 1982 ਨੂੰ ਦੋਨਾਂ ਪਾਰਟੀਆਂ ਦਾ ਆਪਸ ਵਿਚ ਫੈਸਲਾ ਕਰਵਾ ਦਿਤਾ ਅਤੇ ਹੁਣ ਇਹ ਪਹੀ ਪਹਿਲਾਂ ਵਾਂਗ ਹੀ ਰਸਤੇ ਵਜੋਂ ਇਸਤੇਮਾਲ ਕੀਤੀ ਜਾ ਰਹੀ ਹੈ। ਜਿਥੋਂ ਤਕ ਹਰੀਜਨਾਂ ਦੀ ਨਾਕਾਬੰਦੀ ਅਤੇ ਉਨ੍ਹਾਂ ਦੇ ਪਸ਼ੂਆਂ ਆਦਿ ਨੂੰ ਬਾਹਰ ਜਾਣ ਤੋਂ ਰੋਕਣ ਆਦਿ ਦਾ ਦੋਸ਼ ਲਗਾਇਆ ਗਿਆ ਹੈ ਇਸ ਵਿਚ ਕੋਈ ਸਚਾਈ ਨਹੀਂ ਪਾਈ ਗਈ।

ਇਸੇ ਤਰ੍ਹਾਂ ਪਿੰਡ ਫੱਤਣਵਾਲਾ, ਪੁਲਿਸ ਥਾਣਾ ਸਦਰ ਮੁਕਤਸਰ ਵਿਖੇ ਦੱਸੀ ਗਈ ਵੱਧ ਰਹੀ ਅਨ੍ਹੇਰ ਗਰਦੀ ਬਾਰੇ ਪੜਤਾਲ ਤੋਂ ਪਤਾ ਲਗਾ ਹੈ ਕਿ ਮਿਤੀ 10 ਫਰਵਰੀ, 1982 ਨੂੰ ਕੁਝ ਹਰੀਜਨਾਂ ਦੇ ਲੜਕੇ ਗੁਲੀ ਡੰਡਾ ਖੇਡ ਰਹੇ ਸਨ। ਉਨ੍ਹਾਂ ਦੀ ਖੇਲ੍ਹ ਦੌਰਾਨ ਉਨ੍ਹਾਂ ਦੀ ਗੁਲੀ ਇਕ ਵਿਅਕਤੀ ਸ਼ਸ਼ਪਾਲ ਸਿੰਘ ਪੁੱਤਰ ਗੁਰਦੇਵ ਸਿੰਘ ਜੱਟ ਦੇ ਖੇਤ ਵਿਚ ਜਾ ਡਿੱਗੀ ਜਿਸ ਕਾਰਨ ਸ਼ਸ਼ਪਾਲ ਸਿੰਘ ਨੇ ਸੁਖਦੇਵ ਸਿੰਘ ਹਰੀਜਨ ਪੁਤਰ ਗੁਰਨਾਮ ਸਿੰਘ ਨੂੰ ਗਾਲਾਂ ਕੱਢੀਆਂ ਅਤੇ ਥੱਪੜ ਵੀ ਮਾਰੇ ਜਦ ਕਿ ਉਹ ਗੁਲੀ ਚੁਕਣ ਲਈ ਗਿਆ ਸੀ। ਗੁਰਨਾਮ ਸਿੰਘ ਨੇ ਸ਼ਸ਼ਪਾਲ ਸਿੰਘ ਦੇ ਪਿਤਾ ਪਾਸ ਇਸ ਮਾਮਲੇ ਸਬੰਧੀ ਸ਼ਕਾਇਤ ਕੀਤੀ ਪਰ ਉਸ ਨੇ ਕੋਈ ਤਸੱਲੀਬਖਸ਼ ਉਤਰ ਨਾ ਦਿਤਾ। ਉਸੀ ਦਿਨ ਸ਼ਾਮ ਨੂੰ ਗੁਰਨਾਮ ਸਿੰਘ ਨੇ ਇਕ ਸ਼ਕਾਇਤ ਪੁਲਿਸ ਥਾਣਾ ਮੁਕਤਸਰ ਕੀਤੀ ਜਿਸ ਦੇ ਪੁਜਣ ਉਪਰੰਤ ਇਨਸਪੈਕਟਰ ਹਰਿੰਦਰ ਸਿੰਘ ਮੁੱਖ ਅਫਸਰ ਥਾਣਾ ਨੇ ਇਹ ਸ਼ਿਕਾਇਤ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੂੰ ਪੜਤਾਲ ਕਰਨ ਲਈ ਮਾਰਕ ਕਰ ਦਿਤੀ। ਪਰ ਉਹ ਮਿਤੀ 11 ਫਰਵਰੀ, 1982 ਨੂੰ ਕਿਸੀ ਹੋਰ ਜ਼ਰੂਰੀ ਸਰਕਾਰੀ ਕੰਮ ਵਿਚ ਰੁਝਿਆ ਹੋਣ ਕਾਰਨ ਮੌਕੇ ਤੇ ਨਹੀਂ ਜਾ ਸਕਿਆ। ਮਿਤੀ 12 ਫਰਵਰੀ, 1982 ਨੂੰ ਲਗ ਭਗ 2 ਵਜੇ ਦਿਨ 12/15 ਖੇਤ ਮਜ਼ਦੂਰ ਸਭਾ ਪਿੰਡ ਫੱਤਣਵਾਲਾ ਦੇ ਮੈਂਬਰ ਥਾਣੇ ਦੇ ਅੱਗੇ ਧਰਨਾ ਦੇ ਕੇ ਬੈਠ ਗਏ। ਕੁਝ ਸਮੇਂ ਬਾਅਦ ਉਨ੍ਹਾਂ ਦੇ ਲੀਡਰ ਸ੍ਰੀ ਹਰੀ ਸਿੰਘ ਨੇ ਉਪ ਪੁਲਿਸ ਕਪਤਾਨ, ਮੁਕਤਸਰ ਨਾਲ ਗਲਬਾਤ ਕੀਤੀ ਜਿਸ ਦੇ ਸਿੱਟੇ ਵਜੋਂ ਇਨਸ-ਪੈਕਟਰ ਹਰਿੰਦਰ ਸਿੰਘ ਨੂੰ ਇਕ ਸਹਾਇਕ ਥਾਣੇਦਾਰ ਸਮੇਤ ਪਿੰਡ ਫੱਤਣਵਾਲ ਭੇਜਿਆ ਗਿਆ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਨ੍ਹਾਂ ਨੇ ਦੋਨਾਂ ਪਾਰਟੀਆਂ ਨੂੰ ਪੰਚਾਇਤ ਦੇ ਸਾਹਮਣੇ ਬੁਲਾਇਆ ਜਿਥੇ ਕਿ ਜਸਪਾਲ ਸਿੰਘ ਨੇ ਗੁਰਨਾਮ ਸਿੰਘ ਪਾਸੋਂ ਉਸ ਦੇ ਲੜਕੇ ਨਾਲ ਕੀਤੇ ਬੁਰੇ ਸਲੂਕ ਬਾਰੇ ਮਾਫੀ ਮੰਗੀ। ਇਸ ਤੋਂ ਬਾਅਦ ਉਨ੍ਹਾਂ ਦਾ ਆਪਸ ਵਿਚ ਰਾਜ਼ੀਨਾਮਾ ਹੋ ਗਿਆ ਅਤੇ ਮਾਮਲਾ ਉਥੇ ਹੀ ਖਤਮ ਹੋ ਗਿਆ।

ਇਸੇ ਤਰ੍ਹਾਂ ਮਿਤੀ 27 ਫਰਵਰੀ, 1982 ਨੂੰ ਜਸਪਾਲ ਸਿੰਘ ਵਾਸੀ ਫੱਤਣਵਾਲਾ ਨੇ ਦਰਸ਼ਨ ਸਿੰਘ ਹਰੀਜਨ ਨੂੰ ਗਾਲਾਂ ਕੱਢੀਆਂ। ਦਰਸ਼ਨ ਸਿੰਘ ਨੇ ਪੁਲਿਸ ਥਾਣਾ, ਮੁਕਤਸਰ ਵਿਖੇ ਇਸ ਮਾਮਲੇ ਬਾਰੇ ਰਿਪੋਰਟ ਕੀਤੀ। ਇਨਸਪੈਕਟਰ ਹਰਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਮੁਕਤਸਰ ਮਿਤੀ 2 ਮਾਰਚ, 1982 ਨੂੰ ਪਿੰਡ ਵਿਚ ਪੁਜੇ। ਜਸਪਾਲ ਸਿੰਘ ਨੇ ਪੰਚਾਇਤ ਦੇ ਸਾਹਮਣੇ ਮਾਫੀ ਮੰਗ ਲਈ ਅਤੇ ਉਨ੍ਹਾਂ ਦੋਨਾਂ ਪਾਰਟੀਆਂ ਵਿਚ ਸਮਝੌਤਾ ਹੋ ਗਿਆ। ਜਿਥੋਂ ਤਕ ਪਿੰਡ ਫੱਤਣਵਾਲਾ ਵਿਚ ਹਰੀਜਨ ਦੀ ਨਾਕਾਬੰਦੀ ਕਿਸਾਨਾਂ ਵਲੋਂ ਕੀਤੇ ਜਾਣ ਅਤੇ ਹਰੀਜਨਾਂ ਵਿਚ ਖਿਚਾਓ ਦਾ ਦੋਸ਼ ਹੈ, ਇਸ ਵਿਚ ਕਿਸੇ ਕਿਸਮ ਦੀ ਕੋਈ ਸਚਾਈ ਨਹੀਂ ਪਾਈ ਗਈ। ਇਹ ਗਲ ਬਿਲਕੁਲ ਝੂਠੀ ਹੈ।

**ਕਾਮਰੇਡ ਦਰਸ਼ਨ ਸਿੰਘ ਝਬਾਲ**: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਹੁਣ ਰਾਜ਼ੀਨਾਮਾ ਹੋ ਗਿਆ। ਠੀਕ ਹੈ, ਇਹ ਹੋ ਗਿਆ ਹੋਵੇਗਾ। ਪਰ ਸਵਾਲ ਇਹ ਹੈ ਕਿ ਪਹਿਲਾਂ ਉਨ੍ਹਾਂ ਦਾ ਸੋਸ਼ਲ ਬਾਈਕਾਟ ਹੋਇਆ। ਇਹੋ ਜਿਹੇ ਸਵਾਲ ਕਈ ਵਾਰੀ ਹਾਊਸ ਵਿਚ ਆਏ ਹਨ। ਮੈਂ ਇਨ੍ਹਾਂ ਕੋਲੋਂ ਜਾਣਨਾ ਚਾਹਾਂਗਾ ਕਿ ਇਸ ਹਾਊਸ ਵਿਚ ਇਕ ਵਾਰੀ ਸਰਵਸੰਮਤੀ ਨਾਲ ਪਾਸ ਹੋਇਆ ਸੀ ਕਿ ਸੋਸ਼ਲ ਬਾਈਕਾਟ ਰੋਕਣ ਵਾਸਤੇ ਕਾਨੂੰਨ ਬਣਾਇਆ ਜਾਵੇਗਾ। ਸੋਸ਼ਲ ਬਾਈਕਾਟ ਦੀ ਰੋਕ ਥਾਮ ਲਈ ਕੀ ਸਰਕਾਰ ਕੋਈ ਕਾਨੂੰਨ ਬਣਾ ਰਹੀ ਹੈ ਤਾਂ ਕਿ ਲੋਕਾਂ ਨੂੰ ਇਸ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ ?

**ਵਿੱਤ ਮੰਤਰੀ**: ਸਪੀਕਰ ਸਾਹਿਬ, ਜਿੱਥੋਂ ਤਕ ਕਾਨੂੰਨ ਦਾ ਸਵਾਲ ਹੈ, ਕਾਨੂੰਨ ਆਪਣਾ ਰਸਤਾ ਆਪ ਅਖਤਿਆਰ ਕਰਦਾ ਹੈ। ਜਿਹੜਾ ਜੁਰਮ ਕਾਨੂੰਨ ਦੀ ਜੱਦ ਵਿੱਚ ਆਉਂਦਾ ਹੈ, ਉਸ ਤੇ ਪੁਲਿਸ ਐਕਸ਼ਨ ਲੈਂਦੀ ਹੈ। ਪਰ ਜਿਸ ਵੇਲੇ ਆਪਸ ਵਿਚ ਰਾਜ਼ੀਨਾਮਾ ਹੋ ਜਾਵੇ ਉਸ ਦੇ ਵਿਚ ਪੁਲਿਸ ਦਖਲ ਨਹੀਂ ਦਿੰਦੀ। ਸਰਕਾਰ ਨੂੰ ਉਥੇ ਕੋਈ ਇਤਰਾਜ਼ ਨਹੀਂ। ਜੇ ਮੀਆਂ ਬੀਬੀ ਰਾਜ਼ੀ ਤਾਂ ਕੀ ਕਰੇਗਾ ਕਾਜ਼ੀ। ਜੇ ਉਥੇ ਸਮਝੌਤਾ ਹੋ ਜਾਵੇ ਫਿਰ ਗਲ ਜ਼ਿਆਦਾ ਨਹੀਂ ਵਧਾਉਣੀ ਚਾਹੀਦੀ। ਮੈਂ ਇਕ ਗਲ ਦਾ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਗਰੀਬ ਤੇ ਅਗਰ ਕੋਈ ਜ਼ੁਲਮ ਹੋਵੇਗਾ, ਕੋਈ ਨਜਾਇਜ਼ ਗਲ ਹੋਵੇਗੀ, ਤਾਂ ਅਜਿਹੇ ਸ਼ਖਸ ਨੂੰ ਸਰਕਾਰ ਮੁਆਫ ਨਹੀਂ ਕਰੇਗੀ ਬਸ਼ਰਤੇ ਉਹ ਮਜ਼ਲੂਮ ਰਾਜ਼ੀਨਾਮੇ ਵਾਸਤੇ ਐਗਰੀ ਨਾ ਕਰ ਜਾਵੇ।

---

## LEGISLATIVE BUSINESS

### The Punjab Panchayat Samitis and Zila Parishads (Temporary Supersession) Bill, 1982

**Development and Panchayat Minister** (Sardar Santokh Singh Randhawa) : Sir, I beg to ask for leave to introduce the Punjab Panchayat Samitis and Zila Parishads (Temporary Supersession) Amendment Bill.

**Mr. Speaker :** Motion moved—

That leave be granted to introduce the Punjab Panchayat Samitis and Zila Parishads (Temporary Supersession) Amendment Bill.

Original with;
Punjab Vidhan Sabha
Digitized by;
Panjab Digital Library

**Mr. Speaker :** Question is—

That leave be granted to intoduce the Punjab Panchayat Samitis and Zila Parishads (Temporary Supersession) Amendment Bill.

*The Motion was carried.*

**Development and Panchayats Minister** (Sardar Santokh Singh Randhawa) : Sir, I introduce the Punjab Panchayat Samitis and Zila Parishads (Temporary Supersession) Amendment Bill.

**ਡਾਕਟਰ ਭਗਤ ਸਿੰਘ :** ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਸੋਸ਼ਲ ਬਾਈਕਾਟ ਦੇ ਬਾਰੇ ਅਰਜ਼ ਕਰਨੀ ਹੈ, ਗੌਰਮਿੰਟ ਨੇ ਅੱਗੇ ਵੀ ਕਿਹਾ ਸੀ। ਮੈਨੂੰ ਇਹ ਇਜਾਜ਼ਤ ਦੇ ਦੇਣ। ਇਸ ਹਾਊਸ ਵਿਚ ਬਿਲ ਬਣਾ ਕੇ ਮੈਂ ਲੈ ਆਵਾਂਗਾ। ਇਸ ਵੇਲੇ ਸੋਸ਼ਲ ਬਾਈਕਾਟ ਦੀ ਰੋਕਥਾਮ ਲਈ ਕੋਈ ਕਾਨੂੰਨ ਨਹੀਂ। ਮੈਂ ਬਿਲ ਲੈ ਆਵਾਂਗਾ ਪਰ ਗੌਰਮਿੰਟ ਐਸ਼ੋਅਰ ਕਰੇ ਕਿ ਉਸ ਨੂੰ ਟਾਕ ਆਊਟ ਨਹੀਂ ਕੀਤਾ ਜਾਵੇਗਾ ਬਲਿਕ ਗੌਰਮਿੰਟ ਅਪਣਾ ਲਵੇਗੀ ?

**Finance Minister :** According to the Rules, you are allowed to bring it. You may bring it.

**Doctor Bhagat Singh :** I know the Rules. I will prepare and bring it.

---

## THE PUNJAB AGRICULTURAL PRODUCE MARKETS (AMENDMENT) BILL, 1982

**Agriculture and Irrigation Minister** (Chaudhri Kanshi Ram) : Sir, I beg to ask for leave to introduce the Punjab Agricultural Produce Markets (Amendment) Bill.

**Mr. Speaker :** Motion moved—

That leave be granted to introduce the Punjab Agricultural Produce Markets (Amendment) Bill.

**Mr. Speaker :** Question is—

That leave be granted to introduce the Punjab Agricultural Produce Markets (Amendment) Bill.

*The Motion was carried.*

**Agriculture and Irrigation Minister** (Chaudhri Kanshi Ram) : Sir, I beg to introduce the Punjab Agricultural Produce Markets (Amendment) Bill.

---

## RESOLUTION *Re.* STEPPING UP OF THE PROVISION OF HOUSE SITES FOR LANDLESS AND WEAKER SECTIONS OF THE SOCIETY IN THE RURAL AREAS OF THE STATE

**Shri Ram Lal Chitti** (Jullundur Cantonment) : Sir, I beg to move—

"This House recommends to the Government to take further effective stepfor stepping up the provision of house sites for landless and weaker sectionss of the society in the rural areas of the State."

Original with;
Punjab Vidhan Sabha
Digitized by;
Panjab Digital Library

[ਸ੍ਰੀ ਰਾਮ ਲਾਲ ਚਿੱਟੀ]

ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਮੂਵ ਕੀਤਾ ਹੈ, ਇਹ ਰੂਰਲ ਏਰੀਆ ਦੇ ਕਮਜ਼ੋਰ ਲੋਕਾਂ ਵਾਸਤੇ ਕੀਤਾ ਹੈ। ਸਪੀਕਰ ਸਾਹਿਬ, ਇਨਸਾਨ ਦੇ ਵਾਸਤੇ ਤਿੰਨ ਚੀਜ਼ਾਂ ਬੜੀਆਂ ਜ਼ਰੂਰੀ ਹੁੰਦੀਆਂ ਹਨ, ਕੁੱਲੀ, ਗੁੱਲੀ ਤੇ ਜੁੱਲੀ। ਜਿਸ ਇਨਸਾਨ ਪਾਸ ਸਿਰ ਲੁਕਾਉਣ ਲਈ ਜਗ੍ਹਾ ਨਾ ਹੋਵੇ, ਮਕਾਨ ਨਾ ਹੋਵੇ, ਉਹ ਸਮਾਜ ਵਿਚ ਬਹੁਤਾ ਮੁਕਾਮ ਨਹੀਂ ਰੱਖ ਸਕਦਾ। ਸੰਨ 1973-74 ਦੇ ਵਿਚ ਸਰਕਾਰ ਨੇ ਅੱਛਾ ਫੈਸਲਾ ਕੀਤਾ ਸੀ ਕਿ ਪਿੰਡਾਂ ਦੇ ਲੋਕਾਂ ਨੂੰ ਜਿਨ੍ਹਾਂ ਪਾਸ ਮਕਾਨ ਨਹੀਂ ਸੀ ਉਨ੍ਹਾਂ ਨੂੰ ਜਗ੍ਹਾ ਦਿੱਤੀ ਸੀ ਤਾਕਿ ਉਹ ਮਕਾਨ ਬਣਾ ਕੇ ਆਪਣਾ ਸਿਰ ਲੁਕਾ ਸਕਣ। ਇਸ ਤਰ੍ਹਾਂ ਕੋਈ ਤਿੰਨ ਲਖ ਦੇ ਕਰੀਬ ਪਲਾਟ ਦਿੱਤੇ ਸਨ। ਪਾਂਧੀ ਸਾਹਿਬ, ਇਹ ਤੁਹਾਡੇ ਸੁਣਨ ਵਾਲੀ ਗਲ ਹੈ। ਉਸ ਤਿੰਨ ਲੱਖ ਪਲਾਟਾਂ ਵਿਚੋ 75% ਪਲਾਟ ਸ਼ਡਿਊਲਡ ਕਾਸਟਸ ਵਾਸਤੇ ਸਨ, ਐਗਰੀਕਲਚਰਲ ਲੇਬਰਰ ਵਾਸਤੇ ਪਹਿਲ ਸੀ ਲੇਕਿਨ ਬਾਅਦ ਵਿਚ ਹਾਲਾਤ ਕੁਝ ਐਸੇ ਹੋ ਗਏ ਕਿ ਉਹ ਸਰਕਾਰ ਚੇਂਜ ਹੋ ਗਈ।......

---

3.53 ਸ਼ਾਮ | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

---

ਡਿਪਟੀ ਸਪੀਕਰ ਸਾਹਿਬ, ਦੂਸਰੀ ਸਰਕਾਰ ਨੇ ਸੋਚਿਆ ਕਿ ਸ਼ਾਇਦ ਉਨ੍ਹਾਂ ਪਲਾਟਾਂ ਤੇ ਲੋਕ ਆਪ ਮਕਾਨ ਨਾ ਬਣਾ ਸਕਣ, ਇਸ ਲਈ ਉਨ੍ਹਾਂ ਨੇ ਹਾਊਸਿੰਗ ਬੋਰਡ ਬਣਾ ਦਿੱਤਾ। ਹਾਊਸਿੰਗ ਬੋਰਡ ਨੇ ਸਾਲ 1979-80 ਵਿਚ ਕੋਈ 750 ਮਕਾਨ ਗਰੀਬਾਂ ਨੂੰ ਬਣਾ ਕੇ ਦਿੱਤੇ। ਫਿਰ ਸੰਨ 1980-81 ਵਿਚ ਉਸ ਨੇ 10 ਹਜ਼ਾਰ ਮਕਾਨ ਬਣਾਏ ਔਰ ਸੰਨ 1981-82 ਵਿਚ 31 ਮਾਰਚ ਤਕ ਵੀ ਉਸ ਦਾ 10 ਹਜ਼ਾਰ ਮਕਾਨ ਬਣਾ ਕੇ ਦੇਣ ਦਾ ਯਤਨ ਹੈ। ਇਸ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਪੰਜ ਸਾਲਾ ਪਲਾਨ ਦੇ ਐਂਡ ਤਕ ਕੋਈ 54 ਹਜ਼ਾਰ ਮਕਾਨ ਹਾਊਸਿੰਗ ਬੋਰਡ ਨੇ ਬਣਾ ਕੇ ਦੇਣੇ ਹਨ। ਸੰਨ 1973-74 ਵਿਚ ਤਿੰਨ ਲੱਖ ਦੇ ਕਰੀਬ ਲੋਕਾਂ ਨੂੰ, ਲੈਂਡਲੈਸ ਲੇਬਰਰਜ਼ ਨੂੰ ਪਲਾਟਸ ਦਿੱਤੇ ਗਏ ਸਨ ਜਿਨ੍ਹਾਂ ਪਾਸ ਆਪਣੇ ਮਕਾਨ ਨਹੀਂ ਸਨ। ਮੇਰੀ ਬੇਨਤੀ ਹੈ ਕਿ ਜਿਹੜਾ ਹਾਊਸਿੰਗ ਬੋਰਡ ਮਕਾਨ ਬਣਾ ਰਿਹਾ ਹੈ ਉਹ ਵੀ ਅੱਛੀ ਗੱਲ ਹੈ, ਅੱਛੀ ਸਪੀਡ ਨਾਲ ਬਣਾ ਰਿਹਾ ਹੈ। ਉਸਨੇ ਪਹਿਲੇ ਸਾਲ ਵਿਚ 750, ਦੂਸਰੇ ਸਾਲ ਵਿਚ 10 ਹਜ਼ਾਰ ਔਰ ਇਸ ਸਾਲ ਵੀ 10 ਹਜ਼ਾਰ ਮਕਾਨ ਬਣਾ ਕੇ ਦੇਣੇ ਹਨ। ਇਸ ਤਰ੍ਹਾਂ ਪੰਜ ਸਾਲਾ ਪਲਾਨ ਦੇ ਐਂਡ ਤਕ 54 ਹਜ਼ਾਰ ਮਕਾਨ ਤੋਂ ਜ਼ਿਆਦਾ ਬਣਾ ਕੇ ਦੇਣੇ ਹਨ। ਮੇਰੀ ਬੇਨਤੀ ਹੈ ਕਿ ਜੀ ਸਦਕੇ ਹਾਊਸਿੰਗ ਬੋਰਡ ਵੀ ਮਕਾਨ ਬਣਾਵੇ ਔਰ ਉਸ ਦੀ ਸਪੀਡ ਹੋਰ ਤੇਜ਼ ਕਰਨੀ ਚਾਹੀਦੀ ਹੈ ਪਰ ਕੁਝ ਲੋਕ ਐਸੇ ਹਨ ਜਿਨ੍ਹਾਂ ਨੂੰ ਪਲਾਟ ਦਿੱਤੇ ਹੋਏ ਹਨ ਪਰ ਉਹ ਮਕਾਨ ਨਹੀਂ ਬਣਾ ਸਕੇ, ਇਸ ਲਈ ਉਨ੍ਹਾਂ ਲੋਕਾਂ ਨੂੰ ਵੀ ਸਰਕਾਰ ਨੂੰ ਲੋਨ ਐਡਵਾਂਸ ਕਰਨਾ ਚਾਹੀਦਾ ਹੈ ਔਰ ਉਹ ਲੋਨ ਫਰੀ ਇੰਟਰੈਸਟ ਲੋਨ ਹੋਣਾ ਚਾਹੀਦਾ ਹੈ ਜਿਸ ਨਾਲ ਕਿ ਉਹ ਉਨ੍ਹਾਂ ਪਲਾਟਾਂ ਤੇ ਮਕਾਨ ਬਣਾ ਸਕਣ। ਡਿਪਟੀ ਸਪੀਕਰ ਸਾਹਿਬ, ਜਿਹੜੇ ਪਿੰਡਾਂ ਵਿਚ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ ਉਹ 6500 ਰੁਪਏ ਦੇ ਦੇਣੇ ਹਨ ਉਨ੍ਹਾਂ ਵਿਚ ਦੋ ਕਮਰਿਆਂ ਦੀ ਪ੍ਰੋਵੀਜ਼ਨ ਹੈ ਔਰ ਕੁਝ ਹੋਰ ਪ੍ਰੋਵੀਜ਼ਨ ਹੈ। ਉਸ ਦਾ 10 ਰੁਪਏ ਮਹੀਨਾ ਜਿਸ ਨੂੰ ਅਲਾਟ ਹੋਵੇ ਉਸ ਤੋਂ ਲੈਣਾ ਹੈ। ਜਦੋਂ 1000 ਰੁਪਏ ਦੀਆਂ ਦਸ ਦਸ ਕਿਸ਼ਤਾਂ ਚਲੀਆਂ ਜਾਣ ਤਾਂ ਉਸ ਵੇਲੇ ਪੰਜਾਬ ਸਰਕਾਰ ਨੇ 5500 ਰੁਪਏ ਆਪਣੇ ਕੋਲੋਂ ਦੇਣੇ ਹਨ। ਇਸ ਲਈ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਤਿੰਨ ਲੱਖ ਪਲਾਟ ਦਿੱਤੇ ਸਨ ਉਨ੍ਹਾਂ ਲੋਕਾਂ ਨੂੰ ਵੀ 5500, 5500 ਰੁਪਏ ਗਰਾਂਟ ਦੀ ਸ਼ਕਲ ਵਿਚ ਦੇਣੇ ਚਾਹੀਦੇ ਹਨ ਤਾਕਿ ਉਹ ਲੋਕ ਆਪਣੇ ਘਰ ਬਣਾ ਸਕਣ। ਮੈਂ, ਡਿਪਟੀ ਸਪੀਕਰ

Original with;
Punjab Vidhan Sabha
Digitized by;
Panjab Digital Library

ਸਾਹਿਬ, ਮੁਬਾਰਿਕਬਾਦ ਦਿੰਦਾ ਹਾਂ, ਪੰਜਾਬ ਦੀ ਸਰਕਾਰ ਨੂੰ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੂੰ, ਹਾਊਸਿੰਗ ਮਨਿਸਟਰ ਨੂੰ, ਹਾਊਸਿੰਗ ਬੋਰਡ ਨੂੰ ਜਿਨ੍ਹਾਂ ਨੇ ਜਲਦੀ ਨਾਲ ਮਕਾਨ ਤਿਆਰ ਕੀਤੇ ਹਨ ਪਰ ਹੋ ਸਕਦਾ ਹੈ ਕਿ ਹਾਊਸਿੰਗ ਬੋਰਡ ਪਾਸ ਵੀ ਇਤਨੀ ਮਸ਼ੀਨਰੀ ਨਾ ਹੋਵੇ ਕਿ ਉਹ 25-30 ਹਜ਼ਾਰ ਮਕਾਨ ਬਣਾਕੇ ਦੇ ਸਕਣ । ਮੇਰੀ ਸਬਮਿਸ਼ਨ ਹੈ ਕਿ ਪੰਜ ਸਾਲਾ ਪਲਾਨ ਦੇ ਖਤਮ ਹੋਣ ਤਕ ਲੋਕਾਂ ਨੂੰ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਕੁੱਲੀ, ਗੁੱਲੀ ਤੇ ਜੁੱਲੀ ਦਾ ਜ਼ਿਕਰ ਕੀਤਾ ਹੈ। ਜਿੱਥੇ ਪੰਜਾਬ ਦੀ ਸਰਕਾਰ ਨੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਵਾਸਤੇ ਕਰੋੜਾਂ ਰੁਪਏ ਇਸ ਸਾਲ ਖਰਚ ਕੀਤੇ ਹਨ ਉਸ ਤਰ੍ਹਾਂ ਹੀ ਉਨ੍ਹਾਂ ਗਰੀਬ ਲੋਕਾਂ ਨੂੰ ਕਰਜ਼ੇ ਦੇ ਕੇ ਸੈਕੰਡ ਕੀਤਾ ਜਾਵੇ ਤਾਕਿ ਉਹ ਆਪਣੀ ਠੀਕ ਤਰ੍ਹਾਂ ਨਾਲ ਗੁਜ਼ਰ ਕਰ ਸਕਣ ਔਰ ਆਪਣੇ ਖਾਣ ਪੀਣ ਦੇ ਮਸਲੇ ਨੂੰ ਹੱਲ ਕਰ ਸਕਣ । ਸਾਡੀ ਸਰਕਾਰ ਮੁਬਾਰਕਬਾਦ ਦੀ ਹੱਕਦਾਰ ਹੈ ਕਿ ਇਸ ਨੇ ਗਰੀਬਾਂ ਨੂੰ ਇੰਟਰੈਸਟ ਫਰੀ ਲੋਨ ਦਿੱਤੇ ਹਨ ਜਿਸ ਦਾ ਵਿਆਜ ਪੰਜਾਬ ਸਰਕਾਰ ਨੇ ਦੇਣਾ ਹੈ। ਇਸ ਲਈ ਲੋਨ ਦਿਤਾ ਹੈ ਤਾਕਿ ਉਹ ਗਰੀਬ ਲੋਕ ਆਪਣੇ ਪੈਰਾਂ ਤੇ ਖੜ੍ਹਨ। ਇਹ ਅੱਛੀ ਗਲ ਹੈ ਕਿ ਐਗਰੀਕਲਚਰਲ ਲੇਬਰ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ। ਮੈਂ ਇਹ ਬੇਨਤੀ ਕਰਾਂਗਾ ਕਿ ਇੰਡਸਟਰੀਅਲ ਲੇਬਰ ਵਾਸਤੇ ਵੀ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ। ਜਿਸ ਤਰ੍ਹਾਂ ਵੀਕਰ ਸੈਕਸ਼ਨ ਨੂੰ ਰੂਰਲ ਏਰੀਆ ਵਿਚ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ, ਇਸ ਤਰ੍ਹਾਂ ਹੀ ਸ਼ਹਿਰਾਂ ਵਿਚ ਵੀ ਇੰਡਸਟਰੀਅਲ ਲੇਬਰ ਨੂੰ ਮਕਾਨ ਦਿੱਤੇ ਜਾਣ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਧਰਮਸ਼ਾਲਾਂ ਬਣਾਉਣ ਲਈ ਸਰਕਾਰ ਕਰਜ਼ੇ ਦਿੰਦੀ ਹੈ, ਗਰਾਂਟਾਂ ਦਿੰਦੀ ਹੈ ਪਰ ਸ਼ਹਿਰਾਂ ਵਿਚ ਧਰਮਸ਼ਾਲਾਂ ਬਣਾਉਣ ਲਈ ਜਗ੍ਹਾ ਨਹੀਂ ਮਿਲਦੀ। ਮੈਂ ਪੰਜਾਬ ਸਰਕਾਰ ਦੇ ਰੀਹੈਬਿਲਿਟੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੇ ਖਜ਼ਾਨੇ ਦਾ ਤਾਲਾ ਖੋਲ੍ਹਣ ਔਰ ਵੀਕਰ ਸੈਕਸ਼ਨ ਨੂੰ ਸ਼ਹਿਰਾਂ ਵਿਚ ਧਰਮਸ਼ਾਲਾਂ ਵਾਸਤੇ ਜ਼ਮੀਨ ਲੈ ਕੇ ਦੇਣ ਔਰ ਮਕਾਨਾਂ ਵਾਸਤੇ ਜਗਾਹ ਦੇਣ ਤਾਕਿ ਉਹ ਆਪਣੇ ਮਕਾਨ ਬਣਾ ਸਕਣ। ਇੰਡਸਟਰੀਅਲ ਲੇਬਰ ਨੂੰ ਮਕਾਨ ਦੇਣ ਵਾਸਤੇ ਚਾਹੇ ਉਨ੍ਹਾਂ ਦੀਆਂ ਕੋਆਪ੍ਰੇਟਿਵ ਸੋਸਾਇਟੀਆਂ ਬਣਾ ਦੇਣ, ਚਾਹੇ ਇੰਡੀਵਿਜੁਅਲ ਤੌਰ ਤੇ ਉਨ੍ਹਾਂ ਨੂੰ ਮਕਾਨ ਦੇਣ ਪਰ ਉਨ੍ਹਾਂ ਨੂੰ ਮਕਾਨ ਮਿਲਣੇ ਚਾਹੀਦੇ ਹਨ। ਮੈਂ ਇਸ ਮਤੇ ਨੂੰ ਹਾਊਸ ਵਿਚ ਪੇਸ਼ ਕੀਤਾ ਹੈ ਔਰ ਮੈਂ ਆਸ ਕਰਦਾ ਹਾਂ ਕਿ ਇਸ ਨੂੰ ਪਾਸ ਕੀਤਾ ਜਾਵੇਗਾ। ਜਿਨ੍ਹਾਂ ਲੋਕਾਂ ਨੂੰ ਸਰਕਾਰ ਨੇ ਪਲਾਟ ਦੇ ਰੱਖੇ ਹਨ ਉਨ੍ਹਾਂ ਦਾ ਹਰ ਵੇਲੇ ਪੰਜਾਬ ਸਰਕਾਰ ਵੱਲ ਧਿਆਨ ਜਾਂਦਾ ਹੈ ਕਿ ਕਦੋਂ ਸਰਕਾਰ ਉਨ੍ਹਾਂ ਨੂੰ ਪੈਸੇ ਦੇਵੇ ਤੇ ਉਹ ਉਨ੍ਹਾਂ ਪਲਾਟਾਂ ਤੇ ਆਪਣੇ ਮਕਾਨ ਬਣਾਉਣ। ਇਤਨੇ ਸ਼ਬਦ ਕਹਿੰਦਾ ਹੋਇਆ ਮੈਂ ਇਹ ਆਸ ਕਰਦਾ ਹਾਂ ਕਿ ਇਸ ਮਤੇ ਨੂੰ ਪਾਸ ਕੀਤਾ ਜਾਵੇਗਾ।

**Mr. Deputy Speaker :** Motion moved—

**This House recommends to the Government to take further effective steps for stepping up the provisions of house sites for landless and weaker sections of the society in the rural areas of the State.**

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਰਦਾਰ ਦਲੀਪ ਸਿੰਘ ਪਾਂਧੀ ਜੀ ਨੂੰ ਬੋਲਣ ਲਈ ਕਿਹਾ)

**ਕਾਮਰੇਡ ਸੱਘੜ ਸਿੰਘ:** ਡਿਪਟੀ ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ । ਮੈਨੂੰ ਵੀ ਇਨ੍ਹਾਂ ਤੋਂ ਬਾਅਦ ਟਾਈਮ ਦਿਓ ਜੀ।

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ:** ਤੁਹਾਨੂੰ ਵੀ ਟਾਈਮ ਮਿਲੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** (ਅਮਲੋਹ, ਐਸ. ਸੀ.): ਡਿਪਟੀ ਸਪੀਕਰ ਸਾਹਿਬ, ਚਿੱਟੀ ਸਾਹਿਬ ਦੇ ਮਤੇ ਦੀ ਸਪਿਰਿਟ ਤਾਂ ਅੱਛੀ ਹੈ ਲੇਕਿਨ ਅਫਸੋਸ ਹੈ ਕਿ ਇਹ ਇਸ ਵੇਲੇ ਰੂਲਿੰਗ ਪਾਰਟੀ ਵਿਚ ਹਨ। ਇਹ ਸਰਕਾਰ ਨੂੰ ਪ੍ਰੈਸ ਕਰਨ ਕਿ ਉਹ ਵੀਕਰ ਸੈਕਸ਼ਨ ਨੂੰ ਮਕਾਨ ਬਣਾ ਕੇ ਦੇਵੇ ਪਰ ਜੇਕਰ ਸਰਕਾਰ ਇਨ੍ਹਾਂ ਦੀ ਗੱਲ ਨਹੀਂ ਮੰਨਦੀ ਤਾਂ ਇਹ ਸਾਡੇ ਵੱਲ ਆ ਜਾਣ। ਮੈਂ ਸਮਝਦਾ ਹਾਂ ਕਿ ਜਿਹੜੀ ਸਰਕਾਰ ਕੁੱਲੀ, ਗੁੱਲੀ ਔਰ ਜੁੱਲੀ ਦਾ ਮਾਮਲਾ ਹੱਲ ਨਹੀਂ ਕਰ ਸਕਦੀ ਉਹ ਸਰਕਾਰ ਨਿਕੰਮੀ ਹੈ। ਅੱਜ 30–35 ਸਾਲ ਦੇਸ਼ ਨੂੰ ਅਜ਼ਾਦ ਹੋਏ ਨੂੰ ਹੋ ਗਏ ਹਨ ਲੇਕਿਨ ਲੋਕਾਂ ਨੂੰ ਕੁੱਲੀ ਰਹਿਣ ਵਾਸਤੇ ਨਹੀਂ ਮਿਲੀ, ਰੋਜ਼ਗਾਰ ਨਹੀਂ ਮਿਲਿਆ, ਅਨਇੰਪਲਾਇਮੈਂਟ ਬਹੁਤ ਹੈ। ਬਾਹਰਲਿਆਂ ਸੂਬਿਆਂ ਤੋਂ ਲੇਬਰ ਇਥੇ ਆ ਰਹੀ ਹੈ, ਉਸ ਨੂੰ ਇਹ ਬੰਦ ਨਹੀਂ ਕਰ ਸਕਦੇ। ਉਹ ਕਈ ਬਿਮਾਰੀਆਂ ਨਾਲ ਲੈ ਕੇ ਆਉਂਦੇ ਹਨ। ਸਾਡੀ ਰੂਰਲ ਐਗਰੀਕਲਚਰਲ ਲੇਬਰ ਬੇਰੋਜ਼ਗਾਰ ਹੋ ਗਈ ਹੈ। ਫਿਰ ਮਕਾਨਾਂ ਦਾ ਮਸਲਾ ਬੜਾ ਹੀ ਸੀਰੀਅਸ ਮਸਲਾ ਹੈ। ਮੈਂ ਆਪਣੀ ਸਰਕਾਰ ਦੇ ਵਕਤ ਕਿਹਾ ਸੀ ਕਿ ਤੁਸੀਂ 'ਹੁਡਕੋ' ਦੇ ਪਿੱਛੇ ਨਾ ਲੱਗੋ। ਉਸ ਨੇ ਕੁੱਲੀਆਂ ਬਣਾ ਕੇ ਦਿੱਤੀਆਂ ਹਨ, ਉਥੇ ਨਾ ਗਲੀਆਂ ਪੱਕੀਆਂ ਹਨ, ਨਾ ਕੋਈ ਨਲਕੇ ਮੁਹੱਈਆ ਕੀਤੇ ਜਾਂਦੇ ਹਨ। ਅਸੀਂ ਉਨ੍ਹਾਂ ਦੀ ਪਾਲਿਸੀ ਨੂੰ ਮੰਨਦੇ ਪਏ ਹਾਂ। ਅਫਸੋਸ ਹੈ ਕਿ ਸਰਕਾਰ ** ** ਮਾਰਦੀ ਹੈ ਕਿ ਅਸੀਂ ਪਲਾਟ ਦਿੱਤੇ ਹਨ ਪਰ ਉਹ ਵੀ ਠੀਕ ਆਦਮੀ ਨੂੰ ਨਹੀਂ ਮਿਲੇ, ਠੀਕ ਥਾਂ ਨਹੀਂ ਮਿਲੇ। ਜਿੱਥੇ ਕਿਤੇ ਪੰਚਾਇਤਾਂ ਦੀਆਂ ਜ਼ਮੀਨਾਂ ਪਈਆਂ ਸਨ, ਉਥੇ ਪਲਾਟ ਦਿੱਤੇ ਹਨ। ਠੀਕ ਬੰਦਿਆਂ ਨੂੰ ਪਲਾਟ ਨਹੀਂ ਮਿਲੇ, ਫਿਰ ਜਿੱਥੇ ਕਿਤੇ ਗੜ੍ਹੇ ਸਨ ਉਥੇ ਪਲਾਟ ਦੇ ਦਿੱਤੇ, ਜਿੱਥੇ ਮੜ੍ਹੀਆਂ ਸਨ ਉਥੇ ਦੇ ਦਿੱਤੇ ਔਰ ਉਥੇ ਲੋਕਾਂ ਨੂੰ ਭੂਤ ਖਾਂਦੇ ਹਨ। (ਹਾਸਾ)......

ਤੁਸੀਂ ਪੈਪਸੂ ਵਿਚ ਵੇਖ ਲਵੋ, ਦੋ ਮਕਾਨ ਕਿਤੇ ਬਣਾ ਦਿੱਤੇ, 2 ਮਕਾਨ ਕਿਤੇ ਹੋਰ ਬਣਾ ਦਿਤੇ। ਫਿਰ ਉਹ ਮਕਾਨ ਚੰਗੇ ਨਹੀਂ ਬਣਾਏ। ਇਨ੍ਹਾਂ ਨੂੰ ਚਾਹੀਦਾ ਸੀ ਕਿ ਉਨ੍ਹਾਂ ਲੋਕਾਂ ਨੂੰ ਪੈਸੇ ਦੇ ਦਿੰਦੇ ਤਾਂ ਕਿ ਉਹ ਆਪਣੇ ਵਾਸਤੇ ਆਪ ਮਕਾਨ ਪਾ ਲੈਂਦੇ। ਇਹ ਪਿਛਲੀ ਸਰਕਾਰ ਦਾ ਫੈਸਲਾ ਸੀ। ਪਰ ਇਹ ਤਾਂ ਕੋਈ ਪਰਵਾਹ ਨਹੀਂ ਕਰਦੇ। ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਗਰੀਬ ਲੋਕਾਂ ਨੂੰ ਚੰਗੀ ਥਾਂ ਤੇ ਲੈਂਡ ਐਕਵਾਇਰ ਕਰ ਕੇ ਦਿੰਦੀ ਪਰ ਇਹ ਤਾਂ ਇਸ ਪਾਸੇ ਕੋਈ ਖਿਆਲ ਨਹੀਂ ਕਰ ਰਹੇ। ਅਲਹਿਦਾ ਅਲਹਿਦਾ ਬਸਤੀਆਂ ਬਣਾ ਦਿਤੀਆਂ ਹਨ। ਉਥੇ ਧੀਆਂ ਭੈਣਾਂ ਦੀ ਇੱਜ਼ਤ ਮਹਿਫੂਜ਼ ਨਹੀਂ। ਇਹ ਇੱਜ਼ਤ ਤਾਂ ਸ਼ਹਿਰਾਂ ਵਿਚ ਵੀ ਮਹਿਫੂਜ਼ ਨਹੀਂ ਹੈ ਫਿਰ ਜਿਥੇ ਇਨ੍ਹਾਂ ਨੇ ਦੂਰ ਦੂਰ ਜਾ ਕੇ ਬਸਤੀਆਂ ਬਣਾ ਦਿਤੀਆਂ ਹਨ ਉਥੇ ਉਨ੍ਹਾਂ ਧੀਆਂ ਭੈਣਾਂ ਦੀ ਇਜ਼ਤ ਕਿਵੇਂ ਮਹਿਫੂਜ਼ ਰਹਿ ਸਕਦੀ ਹੈ। ਇਸ ਲਈ ਅਸੀਂ ਕਹਿੰਦੇ ਹਾਂ ਕਿ ਇਹ ਮਕਾਨ ਬਸਤੀਆਂ ਦੇ ਨੇੜੇ ਬਣਾ ਕੇ ਦੇਣੇ ਚਾਹੀਦੇ ਹਨ।

ਇਕ ਹੋਰ ਅਰਜ਼ ਮੈਂ ਇਨ੍ਹਾਂ ਨੂੰ ਕੀਤੀ ਸੀ ਕਿ ਜਿਸ ਤਰ੍ਹਾਂ ਕਰਨਾਟਕਾ ਸਰਕਾਰ ਨੇ ਲੈਂਡ ਐਕੁਜ਼ੀਸ਼ਨ ਐਕਟ ਆਪਣਾ ਬਣਾ ਲਿਆ ਹੈ ਇਸੇ ਤਰ੍ਹਾਂ ਇਨ੍ਹਾਂ ਨੂੰ ਵੀ ਆਪਣਾ ਐਕਟ ਬਣਾ ਲੈਣਾ ਚਾਹੀਦਾ ਹੈ। ਸੈਂਟਰਲ ਐਕਟ ਨੂੰ ਛਡੋ ਔਰ ਆਪਣਾ ਐਕਟ ਬਣਾ ਕੇ ਇਥੇ ਲਾਗੂ ਕਰੋ। ਪਰ ਇਨ੍ਹਾਂ ਨੂੰ ਇਸ ਪਾਸੇ ਕੋਈ ਪਰਵਾਹ ਨਹੀਂ। ਜਿਸ ਤਰੀਕੇ ਨਾਲ ਇਹ 2–2, 4–4 ਮਕਾਨ ਬਣਾ ਕੇ ਦੇ ਰਹੇ ਹਨ ਇਸ ਤਰ੍ਹਾਂ ਨਾਲ ਤਾਂ ਇਹ 100 ਸਾਲ ਤਕ ਇਨ੍ਹਾਂ ਗਰੀਬਾਂ ਨੂੰ ਮਕਾਨ ਨਹੀਂ ਦੇ ਸਕਣਗੇ। ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਇਸੇ ਕੰਮ ਲਈ ਬਣਾਈ ਸੀ ਪਰ ਫਿਰ ਉਸ ਵਿਚ ਬੈਂਕਾਂ ਦਾ ਝਗੜਾ ਪਾ ਲਿਆ। ਬੈਂਕਾਂ ਨੂੰ ਵਿਚ ਪਾ ਕੇ ਉਨ੍ਹਾਂ ਗਰੀਬਾਂ ਨੂੰ ਪੈਸੇ ਅਸਾਨੀ ਨਾਲ ਨਹੀਂ ਮਿਲਦੇ।

** Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਕੋਈ ਕਰਜ਼ਾ ਲੈ ਕੇ ਆਪਣਾ ਮਕਾਨ ਵੀ ਪਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਸੀਮਿੰਟ ਨਹੀਂ ਮਿਲਦਾ, ਇੱਟਾਂ ਨਹੀਂ ਮਿਲਦੀਆਂ । ਜਿਹੜੇ ਮਕਾਨ ਇਹ ਹਾਉਸਿੰਗ ਬੋਰਡ ਵਾਲੇ ਪਾ ਕੇ ਦਿੰਦੇ ਹਨ ਉਨ੍ਹਾਂ ਦੀਆਂ ਛੱਤਾਂ ਲੀਕ ਕਰਨ ਲਗ ਗਈਆਂ ਹਨ । ਉਨ੍ਹਾਂ ਦੀ ਕੋਈ ਮੇਨਟੇਨੈਂਸ ਨਹੀਂ । ਛੱਤਾਂ ਗਿਰਨ ਵਾਲੀਆਂ ਹਨ ਪਰ ਕੋਈ ਖਿਆਲ ਨਹੀਂ ਕੀਤਾ ਜਾ ਰਿਹਾ । ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਸਾਡੀ ਕਮਿਊਨਿਟੀ ਨਾਲ ਸਬੰਧ ਰਖਦੇ ਹੋ । ਸਾਨੂੰ ਵੀ ਪਲਾਟ ਮਿਲਣੇ ਸਨ ਪਰ ਹੁਣ ਤਕ ਨਹੀਂ ਮਿਲ ਰਹੇ । ਕਾਂਗਰਸ ਪਾਰਟੀ ਦੇ ਆਦਮੀ ਜ਼ਮੀਨਾਂ ਤੇ ਕਬਜ਼ੇ ਕੀਤੀ ਬੈਠੇ ਹਨ । ਕੋਈ ਕਾਰਵਾਈ ਨਹੀਂ ਹੋ ਰਹੀ । ਸਰਦਾਰ ਹਰਚੰਦ ਸਿੰਘ ਦੀ ਰਿਪੋਰਟ ਲਾਗੂ ਨਹੀਂ ਹੋ ਰਹੀ । ਮੈਂ [illegible] ਕਰਦਾ ਹਾਂ ਕਿ ਸਰਕਾਰ ਨੂੰ ਉਸ ਤੇ ਅਮਲ ਕਰਾਉਣਾ ਚਾਹੀਦਾ ਹੈ । ਜਿਸ ਤਰੀਕੇ ਨ[illegible] ਇ[illegible] ਕ[illegible] ਕਰ ਰਹੇ ਹਨ ਇਸ ਤਰ੍ਹਾਂ ਨਾਲ ਉਨ੍ਹਾਂ ਗਰੀਬਾਂ ਦਾ ਕੁਝ ਨਹੀਂ ਬਣਨ ਲਗਾ । ਇਨ੍ਹਾਂ ਨੂੰ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ । ਸਾਡੇ ਮੁੱਖ ਮੰਤਰੀ ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਨ ਤਾਂ ਉਹ ਨੰਦ ਪੁਰ ਕੇਸ਼ੋ ਬਾਗੜੀਆਂ ਵਿਖੇ ਉਨ੍ਹਾਂ ਨੂੰ ਮਕਾਨ ਪਾ ਕੇ ਦੇਣ ਲਈ ਅਨਾਊਂਸ ਕਰ ਕੇ ਆਏ ਸਨ ਪਰ ਉਹ ਸਰਕਾਰ ਚਲੀ ਗਈ ਅਤੇ ਅੱਜ ਤਕ ਉਥੇ ਕੁਝ ਨਹੀਂ ਬਣਾ ਕੇ ਦਿੱਤਾ ਗਿਆ । ਲੋਕਾਂ ਦਾ ਬੁਰਾ ਹਾਲ ਹੋ ਰਿਹਾ ਹੈ । ਹੁਣ ਇਹ ਕਹਿੰਦੇ ਹਨ ਕਿ ਡੀ. ਸੀ. ਦੀ ਸਿਫਾਰਸ਼ ਨਾਲ ਪਲਾਟ ਦੇਣੇ ਹਨ । ਪਹਿਲੇ ਉਹ ਰਿਕਮੈਂਡ ਕਰੇ । ਉਹ ਸਿਫਾਰਸ਼ ਕਰਦਾ ਨਹੀਂ, ਪਲਾਟ ਕਿਸੇ ਨੂੰ ਮਿਲਦਾ ਨਹੀਂ । ਇਹ ਤਾਂ ਉਹ ਹਾਲ ਹੈ । ** ** * ** **

ਇਨ੍ਹਾਂ ਨੂੰ ਲੈਂਡਲੈਸ ਲੋਕਾਂ ਨੂੰ ਲੈਂਡ ਐਕੁਆਇਰ ਕਰ ਕੇ ਦੇਣੀ ਚਾਹੀਦੀ ਹੈ । ਜੇ ਮਕਾਨ ਬਣਾ ਕੇ ਦੇਣੇ ਹਨ ਤਾਂ ਇਹ ਬਸਤੀਆਂ ਦੇ ਨੇੜੇ ਬਣਾ ਕੇ ਦੇਣੇ ਚਾਹੀਦੇ ਹਨ ਔਰ ਇਨ੍ਹਾਂ ਦੀ ਮੇਨਟੀਨੈਂਸ ਰਖਣੀ ਚਾਹੀਦੀ ਹੈ । ਸਟੈਂਡਰਡ ਦੇ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ । ਇਹ ਨਹੀਂ ਕਿ ਪੂਰਬੀਆਂ ਵਾਂਗ ਮਕਾਨ ਪਾ ਕੇ ਦੇ ਦਿਓ । ** ** ** **

(ਵਿਘਨ) ਮੇਰੇ ਕੋਲ ਤਾਂ ਕੋਈ ਮਕਾਨ ਹੀ ਨਹੀਂ ਹੈ । ਮੈਨੂੰ ਤਾਂ ਮਕਾਨ ਲਈ ਕਰਜ਼ਾ ਹੀ ਨਹੀਂ ਦਿੰਦੇ । ਸੋ ਮੈਂ ਅਰਜ਼ ਕਰਦਾ ਹਾਂ ਕਿ ਮਹਿੰਗਾਈ ਬਹੁਤ ਵੱਧ ਗਈ ਹੈ, ਹਰ ਚੀਜ਼ ਦਾ ਰੇਟ ਵੱਧ ਰਿਹਾ ਹੈ । ਇਸ ਲਈ ਜਿਹੜਾ ਕਰਜ਼ਾ ਇਹ ਦਿੰਦੇ ਹਨ ਇਸ ਨਾਲ ਮਕਾਨ ਨਹੀਂ ਬਣ ਸਕਦਾ । ਇਸ ਨੂੰ ਵਧਾਉਣਾ ਚਾਹੀਦਾ ਹੈ । ਤੁਹਾਨੂੰ ਵੀ ਪਤਾ ਹੋਣਾ ਹੈ ਕਿ ਬਾਗੜੀਆ ਭਾਈਕੇ ਮੁਖਤਿਆਰੇ ਆਮ ਇਨ੍ਹਾਂ ਨੇ ਸਰਪੰਚ ਬਣਾ ਦਿਤਾ ਸੀ । ਜਿਸ ਨੇ ਕਿ ਉਸ ਪਿੰਡ ਦੀਆਂ ਸਾਰੀਆਂ ਗਲੀਆਂ ਨਾਲੀਆਂ ਦਾ ਕੰਮ ਰੋਕ ਦਿਤਾ ਸੀ । ਉਸ ਨੇ ਹਰ ਇਕ ਤੇ ਰੋਕ ਲਾ ਦਿਤੀ । ਕੋਈ ਮਕਾਨ ਨਹੀਂ ਬਣਨ ਦਿਤਾ । ਕਿਸੇ ਨੂੰ ਜ਼ਮੀਨ ਨਹੀਂ ਲੈਣ ਦਿਤੀ । ਉਥੇ ਲੋਕਾਂ ਤੇ ਬੜਾ ਜ਼ੁਲਮ ਹੋ ਰਿਹਾ ਹੈ । ਇੰਡਸਟਰੀਅਲਾਈਜ਼ੇਸ਼ਨ ਹੋਣ ਨਾਲ ਜਿਹੜੀ ਬੇਰੁਜ਼ਗਾਰੀ ਹੈ ਇਹ ਵੱਧ ਜਾਣੀ ਹੈ । ਬੱਚਿਆਂ ਦੀ ਪੜ੍ਹਾਈ ਦਾ ਕੋਈ ਖਿਆਲ ਨਹੀਂ ਰਖਿਆ ਜਾ ਰਿਹਾ । ਡੀ. ਪੀ. ਆਈ. (ਕਾਲਜਿਜ਼) ਦੇ ਬਾਰੇ ਅੱਜ ਤੁਸੀਂ ਸਵੇਰੇ ਸੁਣ ਲਿਆ ਹੈ । ਤੁਹਾਡੀ ਲਾਇਬ੍ਰੇਰੀ ਵਿਚ ਕਿਤਾਬ ਪਈ ਹੈ ਨੇਕਡ ਟਰਾਈਂਗਲ : ਉਹ ਮੈਂ ਤੁਹਾਨੂੰ ਪੜ੍ਹਾ ਦਿੰਦਾ ਹਾਂ । ਤੁਹਾਨੂੰ ਪਤਾ ਲਗ ਜਾਵੇਗਾ ਕਿ ਕੀ ਹਾਲ ਹੋ ਰਿਹਾ ਹੈ । ਲੋਕ ਭੁੱਖੇ ਮਰ ਰਹੇ ਹਨ ਔਰ ਦੂਜੇ ਪਾਸੇ ਪੁਲਿਸ ਲੋਕਾਂ ਤੇ ਜ਼ੁਲਮ ਕਰ ਰਹੀ ਹੈ । ਬੇਰੁਜ਼ਗਾਰੀ ਵੱਧ ਰਹੀ ਹੈ, ਸਰਕਾਰ ਕੋਈ ਧਿਆਨ ਨਹੀਂ ਦੇ ਰਹੀ । ਮੈਂ ਤਾਂ ਇਹ ਸਮਝਦਾ ਹਾਂ ਕਿ ਜੇ ਇਹ ਸਰਕਾਰ ਪੰਜਾਬ ਦੇ ਵੀਕਰ ਸੈਕਸ਼ਨ ਦਾ ਖਿਆਲ ਨਹੀਂ ਰਖਦੀ ** ** ਅਨ-ਇੰਪਲਾਇਮੈਂਟ ਵੱਧ ਰਹੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹੈ। ਅਸੀਂ ਕਈ ਵਾਰ ਕਿਹਾ ਹੈ ਕਿ ਰਿਜ਼ਰਵੇਸ਼ਨ ਦਾ ਬਿਲ ਲਿਆਓ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਮੈਂ ਰਿਜ਼ਰਵੇਸ਼ਨ ਬਿਲ ਲਿਆਂਦਾ ਸੀ ਪਰ ਗਵਰਨਰ ਸਾਹਿਬ ਰਿਕਮੈਂਡ ਨਹੀਂ ਕਰ ਰਹੇ। ਜਿਹੜੇ ਪਿੰਡਾਂ ਵਿਚ ਰਹਿੰਦੇ ਹਨ ਉਨ੍ਹਾਂ ਦਾ ਬੁਰਾ ਹਾਲ ਹੋ ਰਿਹਾ ਹੈ। ਉਹ ਆਪਣੇ ਪਿੰਡਾਂ ਨੂੰ ਛੱਡ ਕੇ ਸ਼ਹਿਰਾਂ ਵਲ ਨੂੰ ਆ ਰਹੇ ਹਨ। ਪਿੰਡਾਂ ਵਿਚ ਰੁਜ਼ਗਾਰ ਨਹੀਂ ਰਿਹਾ। ਫੋਕਲ ਪੁਆਇੰਟ ਖਤਮ ਕਰ ਦਿਤੇ ਹਨ, ਜਿਸ ਕਾਰਨ ਲੋਕਾਂ ਦਾ ਬੁਰਾ ਹਾਲ ਹੈ। ਸਕੂਲਾਂ ਦਾ ਬੁਰਾ ਹਾਲ ਹੈ। ਬੱਚਿਆਂ ਨੂੰ ਤਾਂ ਐਜੂਕੇਸ਼ਨ ਵੀ ਚੰਗੀ ਨਹੀਂ ਮਿਲ ਰਹੀ। ਜਿਹੜੇ ਸਾਡੇ ਬੱਚੇ ਹਨ ਉਨ੍ਹਾਂ ਨੂੰ ਤਾਂ ਐਡਮਿਸ਼ਨ ਹੀ ਨਹੀਂ ਮਿਲਦੀ। ਹਰ ਪਾਸੇ ਬੇਇਨਸਾਫੀ ਹੋ ਰਹੀ ਹੈ। ਕਹਿੰਦੇ ਹਨ ਕਿ ਪਲਾਟ ਦਿਆਂਗੇ ਪਰ ਕਿਸੇ ਨੂੰ ਨਹੀਂ ਮਿਲਦੇ। ਜੇ ਕਿਸੇ ਨੂੰ ਪਲਾਟ ਦਿੱਤੇ ਜਾਂਦੇ ਹਨ ਤਾਂ ਬੜੀ ਮਾੜੀ ਥਾਂ ਤੇ ਦਿੱਤੇ ਜਾਂਦੇ ਹਨ। ਲੈਂਡ ਰੀਫਾਰਮ ਐਕਟ 1972 ਦਾ ਬਣਿਆ ਹੋਇਆ ਹੈ ਪਰ ਕੋਈ ਅਮਲ ਨਹੀਂ ਹੋ ਰਿਹਾ। ਵੱਡੇ ਵੱਡੇ ਆਦਮੀਆਂ ਨੇ ਜ਼ਮੀਨਾਂ ਤੇ ਕਬਜ਼ੇ ਕੀਤੇ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਜੋ ਹਾਲ ਹੋ ਰਿਹਾ ਹੈ ਉਹ ਤੁਹਾਨੂੰ ਵੀ ਪਤਾ ਹੈ। ਤੁਸੀਂ ਜਾਣਦੇ ਹੋ ਕਿ ਪਿੰਡ ਧਾਮੋਂ ਮਾਜਰਾ ਦੇ ਮੁਜ਼ਾਰਿਆਂ ਨੂੰ ਉਜਾੜ ਦਿਤਾ ਗਿਆ ਔਰ ਮਿਲਟਰੀ ਨੇ ਉਹ ਜਗ੍ਹਾ ਐਕੁਆਇਰ ਕਰ ਲਈ ਹੈ। ਉਨ੍ਹਾਂ ਲੋਕਾਂ ਨਾਲ ਧੱਕਾ ਕੀਤਾ ਗਿਆ ਪਰ ਕੋਈ ਉਨ੍ਹਾਂ ਦੀ ਆਵਾਜ਼ ਨਹੀਂ ਸੁਣਦਾ। ਹਰ ਪਾਸੇ ਬੇਇਨਸਾਫੀ ਹੋ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਤਾਂ ਪਤਾ ਹੋਣਾ ਹੈ ਕਿ ਜਿੰਦਰ ਪੁਰ ਵਿਖੇ ਕਿਸ ਤਰ੍ਹਾਂ ਨਾਲ ਗੁਰਦੇਵ ਸਿੰਘ ਔਰ ਪ੍ਰਕਾਸ਼ ਸਿੰਘ ਦੀ ਜ਼ਮੀਨ ਤੇ ਕਬਜ਼ਾ ਕੀਤਾ ਗਿਆ ਪੁਲਿਸ ਨੇ ਹਰਚੰਦ ਸਿੰਘ ਦੀ ਸਾਰੀ ਜ਼ਮੀਨ ਐਕੁਆਇਰ ਕਰ ਲਈ। ਉਸ ਨੇ ਸਿਵਲ ਕੋਰਟ ਵਿਚ ਕੇਸ ਕੀਤਾ, ਉਸ ਨੂੰ ਸਟੇਅ ਮਿਲ ਗਈ ਪਰ ਇਹ ਕੋਈ ਸਟੇਅ ਦੀ ਪਰਵਾਹ ਨਹੀਂ ਕਰ ਰਹੇ। ਸਾਰੀਆਂ ਤਾਕਤਾਂ ਇਹ ਆਪਣੇ ਹੱਥਾਂ ਵਿਚ ਲੈ ਰਹੇ ਹਨ। ਇਥੋਂ ਤਕ ਕਿ ਸਿਵਲ ਕੋਰਟਾਂ ਦੀ ਇਹ ਪਰਵਾਹ ਨਹੀਂ ਕਰਦੇ।

**ਰਾਜ ਮੰਤਰੀ, ਮੁੜ ਵਸਾਊ ਅਤੇ ਜਨ ਸਿਹਤ** : ਕਿਹੜੀ ਜ਼ਮੀਨ ਤੇ ਕਬਜ਼ਾ ਕੀਤਾ ਹੈ ?

**ਸਰਦਾਰ ਦਲੀਪ ਸਿੰਘ ਪਾਂਧੀ** : ਕੇ. ਪੀ. ਸਾਹਿਬ, ਤੁਸੀਂ ਆਪ ਜਾ ਕੇ ਵੇਖ ਲਵੋ। ਉਨ੍ਹਾਂ ਦੀ ਜ਼ਮੀਨ ਤੇ ਕਬਜ਼ਾ ਕੀਤਾ ਗਿਆ, ਉਨ੍ਹਾਂ ਨੇ ਹਜ਼ਾਰਾਂ ਦਰਖਾਸਤਾਂ ਦਿਤੀਆਂ ਪਰ ਕੋਈ ਸੁਣਵਾਈ ਨਹੀਂ ਹੋਈ। ਸਿਵਲ ਅਦਾਲਤ ਤੋਂ ਸਟੇਅ ਲਈ ਪਰ ਉਸ ਦੀ ਕੋਈ ਪਰਵਾਹ ਨਹੀਂ ਕੀਤੀ ਗਈ। ਉਨ੍ਹਾਂ ਵਿਚਾਰਿਆਂ ਦਾ ਬੁਰਾ ਹਾਲ ਹੋ ਰਿਹਾ ਹੈ। ਤੁਸੀਂ ਕਾਨੂੰਨ ਬਣਾ ਕੇ ਕੋਈ ਰਸਤਾ ਅਖਤਿਆਰ ਕਰੋ। ਤੁਸੀਂ ਗਰੀਬਾਂ ਨੂੰ ਮਕਾਨ ਬਣਾ ਕੇ ਦਿਓ। ਲੋਕਾਂ ਨੂੰ ਮਕਾਨ ਨਹੀਂ ਮਿਲਦੇ, ਨਾ ਰੋਟੀ ਮਿਲਦੀ ਹੈ। ਤੁਸੀਂ ਪਿਛਲੇ 33 ਸਾਲਾਂ ਵਿਚ ਲੋਕਾਂ ਲਈ ਮਕਾਨ ਅਤੇ ਰੋਟੀ ਦਾ ਪ੍ਰਬੰਧ ਨਹੀਂ ਕਰ ਸਕੇ। ਕਾਂਗਰਸੀਆਂ ਨੇ ਪਾਵਰਜ਼ ਨੂੰ ਵੰਡ ਲਿਆ ਹੋਇਆ ਹੈ। ਪੰਜਾਬ ਵਿਚ ਕੋਈ ਰੂਲ ਆਫ ਲਾਅ ਨਹੀਂ ਹੈ। ਤੁਸੀਂ ਇਸ ਗੱਲ ਦਾ ਕਰੈਡਿਟ ਲਵੋ ਕਿ ਜਿਨ੍ਹਾਂ ਨੂੰ ਮਕਾਨ ਤੇ ਪਲਾਟ ਪਿਛਲੀ ਸਰਕਾਰ ਨਹੀਂ ਦੇ ਸਕੀ ਉਨ੍ਹਾਂ ਨੂੰ ਤੁਸੀਂ ਮਕਾਨ ਤੇ ਪਲਾਟ ਦਿਓ ਅਤੇ ਸਲੱਮ ਕਲੀਅਰੈਂਸ ਕਰੋ। ਲੋਕਾਂ ਦੀ ਹਾਲਤ ਬੜੀ ਮਾੜੀ ਹੈ। ਉਹ ਰੋਟੀ ਦੀ ਖਾਤਰ, ਮਕਾਨ ਦੀ ਖਾਤਰ ਭੈੜੇ ਕੰਮ ਕਰਦੇ ਹਨ। ਪੰਜਾਬ ਵਿਚ ਮਕਾਨਾਂ ਦੀ ਬੜੀ ਘਾਟ ਹੈ। ਜਿਹੜੇ ਪਿਛੇ ਮਕਾਨ ਸਰਕਾਰ ਨੇ ਬਣਾ ਕੇ ਦਿਤੇ ਹੋਏ ਹਨ ਉਨ੍ਹਾਂ ਦੀ ਹਾਲਤ ਬੜੀ ਮਾੜੀ ਹੈ। ਹੁਣ ਮੀਂਹ ਬਹੁਤ ਪੈ ਗਏ ਹਨ ਅਤੇ ਮੀਂਹਾਂ ਨਾਲ ਮਕਾਨ ਗਿਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, ਤੁਹਾਡੀ ਪਾਰਟੀ ਨੇ 20-ਪੁਆਇੰਟ ਪ੍ਰੋਗਰਾਮ ਕੱਢਿਆ ਹੈ। ਮੈਂ ਕਹਿੰਦਾ ਹਾਂ ਕਿ ਬੇਸ਼ੱਕ ਤੁਸੀਂ 25-ਪੁਆਇੰਟ ਬਣਾ ਦਿਓ ਪਰ ਉਸ ਦੀ ਇੰਪਲੀਮੈਂਟੇਸ਼ਨ ਚੰਗੀ ਤਰ੍ਹਾਂ ਕਰੋ ਅਤੇ ਟਾਇਮਬਾਊਂਡ ਪ੍ਰੋਗਰਾਮ ਬਣਾ ਕੇ ਲਾਗੂ ਕਰੋ। ਇਕ ਪੁਆਇੰਟ ਪ੍ਰੋਗਰਾਮ ਹੀ ਕਾਫੀ ਹੈ। ਤੁਹਾਡੀ ਪਾਰਟੀ ਨੇ ਹਰੀਜਨਾਂ ਨੂੰ ਕਿਹਾ ਸੀ ਕਿ ਤੁਸੀਂ ਵੋਟਾਂ ਦਿਓ ਅਸੀਂ ਤੁਹਾਨੂੰ ਮਾਲੋ ਮਾਲ ਕਰ

Original with;
Punjab Vidhan Sabha
Digitized by;
Panjab Digital Library

ਦੇਵਾਂਗੇ । ਬੱਸੀ ਪਠਾਨਾ ਦੇ ਅਜੀਤ ਸਿੰਘ ਨੂੰ ਤੁਸੀਂ ਮਾਰ ਦਿਤਾ ਹੈ। ਪਿਛੇ ਨੰਗਲ ਸਾਡੀ ਕਮੇਟੀ ਗਈ ਸੀ ਔਰ ਕਮੇਟੀ ਦੇ ਨੋਟਿਸ ਵਿਚ ਆਇਆ ਸੀ ਕਿ ਗਰੀਬ ਰਾਜਪੂਤਾਂ ਦੀ ਲੜਕੀ ਗਰੀਬੀ ਕਰ ਕੇ ਭਾਂਡੇ ਸਾਫ ਕਰਦੀ ਹੈ ਔਰ ਉਸ ਦੇ ਨਾਲ ਹਵਾਲਦਾਰ ਨੇ ਜ਼ਿਆਦਤੀ ਕੀਤੀ ਪਰ ਕੋਈ ਉਸ ਦੀ ਸੁਣਵਾਈ ਨਹੀਂ ਹੋਈ । ਪੰਜਾਬ ਵਿਚ ਸ਼ਡਿਊਲਡ ਕਾਸਟਸ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਲੈਂਡ ਲਾਰਡ ਆਪਣੀ ਜ਼ਮੀਨ ਕਿਸੇ ਨੂੰ ਦਿੰਦਾ ਨਹੀਂ ਹੈ ਅਤੇ ਉਹ ਹਰੀਜਨਾਂ ਦਾ ਬਾਈਕਾਟ ਕਰਦਾ ਹੈ। ਟੱਟੀ, ਪਿਸ਼ਾਬ ਲਈ ਸਰਕਾਰ ਨੇ ਕੋਈ ਲੈਟਰੀਨ ਬਣਾ ਕੇ ਪਿੰਡਾਂ ਵਿਚ ਦਿੱਤੀ ਨਹੀਂ ਹੋਈ, ਜ਼ਿਮੀਂਦਾਰ ਉਨ੍ਹਾਂ ਨੂੰ ਆਪਣੇ ਖੇਤ ਵਿਚ ਆਉਣ ਨਹੀਂ ਦਿੰਦਾ ਹੈ ਔਰ ਸਰਕਾਰ ਲੈਂਡ ਰਿਫਾਰਮਜ਼ ਐਕਟ ਨੂੰ ਲਾਗੂ ਨਹੀਂ ਕਰਦੀ ।

ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਨੂੰ ਤੁਸੀਂ ਲਾਗੂ ਕਰੋ । ਡੀ. ਸੀ. ਦੀ ਚੇਅਰਮੈਨਸ਼ਿਪ ਵਿਚ ਐਲ. ਆਈ. ਸੀ. ਰਾਹੀਂ ਲੋਕਾਂ ਨੂੰ ਮਕਾਨ ਬਣਾਉਣ ਵਾਸਤੇ ਲੋਨ ਦਿੱਤਾ ਜਾਂਦਾ ਹੈ ਪਰ ਇਸ ਦੀ ਰਕਮ 30 ਲੱਖ ਰੁਪਏ ਦੇ ਕਰੀਬ ਹੁੰਦੀ ਹੈ । ਇਸ ਰਕਮ ਦੀ ਸੈਂਕਸ਼ਨ 31 ਮਾਰਚ ਦੇ ਕੋਲ ਆਉਂਦੀ ਹੈ ਇਸ ਤਰ੍ਹਾਂ ਕਾਫੀ ਰੁਪਿਆ ਲੈਪਸ ਹੋ ਜਾਂਦਾ ਹੈ । ਇਸ ਸਕੀਮ ਨੂੰ ਵਧਾਉਣ ਦੀ ਲੋੜ ਹੈ। ਲੋਨ ਜਲਦੀ ਮਿਲਣੇ ਚਾਹੀਦੇ ਹਨ। ਮਨਿਸਟਰ ਸਾਹਿਬ ਹੀ ਦੱਸ ਦੇਣ ਕਿ ਸਰਕਾਰ ਨੇ ਹੁਣ ਤਕ ਕਿੰਨੇ ਮਕਾਨ ਗਰੀਬਾਂ ਨੂੰ ਬਣਾ ਕੇ ਦਿਤੇ ਹਨ ਅਤੇ ਕਿੰਨੀਆਂ ਐਪਲੀਕੇਸ਼ਨਾਂ ਪੈਂਡਿੰਗ ਪਈਆਂ ਹਨ। ਸਾਰਾ ਕੰਮ ਕਾਗਜ਼ਾਂ ਵਿਚ ਹੈ। ਸੀਮਿੰਟ ਦੀ ਪਾਲਿਸੀ ਜਿਹੜੀ ਹੁਣ ਆਈ ਹੈ ਇਸ ਨਾਲ ਪਟਿਆਲੇ ਵਿਚ 100 ਰੁਪਏ ਤੋਂ 70 ਰੁਪਏ ਤੱਕ ਥੈਲਾ ਵਿਕ ਰਿਹਾ ਹੈ । ਕਿਹੜਾ ਗਰੀਬ ਆਦਮੀ ਇਤਨੀ ਮਹਿੰਗਾਈ ਦੇ ਵਿਚ ਮਕਾਨ ਬਣਾ ਸਕਦਾ ਹੈ । ਤੁਸੀਂ ਸਿਰਫ ਹੁਣ ਇਕ ਪੁਰਖਾ ਰਾਜ ਕਾਇਮ ਕਰ ਦਿਤਾ ਹੈ। ** ** **
ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਇਕ ਆਦਮੀ ਦੇ ਰਾਜ ਦੇ ਮੈਂ ਖਿਲਾਫ ਹਾਂ ਤੇ ਡਾਕਟਰ ਅੰਬੇਦਕਰ ਨੇ ਸਾਨੂੰ ਇਕ ਲਫਜ਼ ਹਰੀਜਨਾਂ ਦਾ ਦੇ ਕੇ ਖੁਸ਼ ਕਰ ਦਿਤਾ ਜਦ ਕਿ ਵਿਧਾਨ ਵਿਚ ਹਰੀਜਨ ਲਫਜ਼ ਨਹੀਂ ਹੈ। ਲੋਕਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ। ਬੇਰੁਜ਼ਗਾਰੀ ਬਹੁਤ ਹੈ। ਸੀਮਿੰਟ ਨਹੀਂ ਮਿਲਦਾ, ਚੀਨੀ, ਮਿੱਟੀ ਦਾ ਤੇਲ ਨਹੀਂ ਮਿਲਦਾ। ਮਿਲਦਾ ਕੀ ਹੈ? ** ** **
ਸਾਡਾ ਹਰੀਜਨ ਨਾ ਕੋਈ ਡੀ. ਸੀ. ਬਣਦਾ ਹੈ ਨਾ ਕੋਈ ਆਈ. ਪੀ. ਐਸ. ਬਣਦਾ ਹੈ। ** **

ਹੁਣ ਤੁਸੀਂ ਅੰਦਾਜ਼ਾ ਲਗਾ ਲਵੋ ਕਿ ਕਿਸ ਕਿਸਮ ਦਾ ਮੈਟੀਰੀਅਲ ਹਾਊਸਿੰਗ ਬੋਰਡ ਦਾ ਮਕਾਨਾਂ ਤੇ ਲੱਗੇਗਾ । ਇੱਟਾਂ ਫਸਟ ਕਲਾਸ ਕਿਧਰੋਂ ਨਹੀਂ ਮਿਲਦੀਆਂ । ਜਿਹੜੇ ਸਰਕਾਰ ਨੇ ਨਾਰਮਜ਼ ਫਿਕਸ ਕੀਤੇ ਹੋਏ ਹਨ ਉਸ ਮੁਤਾਬਿਕ ਇੱਟ ਨਹੀਂ ਮਿਲਦੀ । ਉਹ ਅਵਸਰ ਮਕਾਨ ਬਣਾ ਕੇ ਦਿੰਦੇ ਹਨ ਅਤੇ ਉਹੀ ਅਲਾਟਮੈਂਟ ਕਰਦੇ ਹਨ ਅਤੇ ਇਸ ਵਿਚ ਰਿਸ਼ਵਤ ਲਈ ਜਾਂਦੀ ਹੈ । ਇਸ ਤਰ੍ਹਾਂ ਦੇ ਮਕਾਨ ਬਣਾ ਕੇ ਦਿੰਦੇ ਹਨ ਜਿਨ੍ਹਾਂ ਵਿਚ ਸਾਡੇ ਪੰਜਾਬੀ ਨਹੀਂ ਰਹਿ ਸਕਦੇ । ਉਨ੍ਹਾਂ ਵਿਚ ** ਰਹਿ ਸਕਦੇ ਹਨ ਜਾਂ ਫਿਰ ਡੰਗਰਾਂ ਲਈ ਹਨ। ਲੋਕਾਂ ਨੂੰ ਗਰੀਬੀ ਨੇ ਬਹੁਤ ਤੰਗ ਕੀਤਾ ਹੋਇਆ ਹੈ । ਉਹ ਭੁੱਖੇ ਮਰ ਰਹੇ ਹਨ । ਕੁਝ ਨੂੰ ਪੁਲਿਸ ਅਫੀਮ ਵਗੈਰਾ ਦੇ ਕੇ ਮਾਰ ਰਹੀ ਹੈ । ਤੁਹਾਡੀ ਫੈਮਿਲੀ ਪਲਾਨਿੰਗ ਤਾਂ ਇਸ ਤਰ੍ਹਾਂ ਹੀ ਹੋ ਜਾਣੀ ਹੈ। ਤੁਸੀਂ ਨਾਹਰਾ ਦਿੱਤਾ ਸੀ ਗਰੀਬੀ ਹਟਾਉਣੀ ਹੈ ਪਰ ਤੁਸੀਂ ਤਾਂ ਗਰੀਬ ਨੂੰ ਖਤਮ ਕਰੀ ਜਾ ਰਹੇ ਹੋ । ਤੁਸੀਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਜਲੰਧਰ ਵਿਚ ਲੈਂਬੜਾ ਪਿੰਡ ਵਿਚ ਗਰੀਬ ਲੋਕਾਂ ਲਈ ਮਕਾਨ ਬਣਾ ਕੇ ਦਿਤੇ ਸਨ ਪਰ ਉਥੇ ਉਹ ਲੋਕ ਨਹੀਂ ਗਏ ਕਿਉਂ ਕਿ ਉਹ ਮਕਾਨ ਉਨ੍ਹਾਂ ਦੇ ਰਹਿਣ ਦੇ ਕਾਬਲ ਨਹੀਂ ਸਨ । ਉਨ੍ਹਾਂ ਨੇ ਉਹ ਮਕਾਨ ਕੀਰਤਨੀ ਜੱਥੇ ਨੂੰ ਦੇ ਦਿੱਤੇ ਹਨ । ਇਸੇ ਤਰ੍ਹਾਂ ਲੁਧਿਆਣੇ ਵਿਚ ਛਪਾਰ ਦਾ ਮੇਲਾ ਲਗਦਾ ਸੀ ਉਥੇ ਸਰਕਾਰ ਨੇ ਹਰੀਜਨਾਂ ਲਈ ਮਕਾਨ ਬਣਾ ਕੇ ਦਿਤੇ ਹਨ । ** ** **

ਬਾਕੀ ਨਕਲੀ ਸੀਮਿੰਟ ਬਾਰੇ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਪਟਿਆਲੇ ਵਿਚ ਇਕ ** ** ** ਹਨ ਉਹ ਨਕਲੀ ਸੀਮਿੰਟ ਵੇਚਦੇ ਹਨ । ਹੁਣ 'ਹੁਡ ਕੋ', ਕਿਸ ਤਰ੍ਹਾਂ ਕੰਮ ਕਰੇਗਾ ਕਿਉਂ ਕਿ ਸੀਮਿੰਟ ਇਤਨਾ ਮਹਿੰਗਾ ਹੋ ਗਿਆ ਹੈ। ਪ੍ਰੈਸ ਵਿਚ ** ਨੂੰ ਲਗਾ ਦਿਤਾ ਹੈ ਤਾ ਕਿ ਜੋ ਕਾਂਗਰਸੀ ਕਹਿਣ ਉਹ ਹੀ ਪ੍ਰੈਸ ਵਿਚ ਆਵੇ । ਇਸ ਤਰ੍ਹਾਂ ਨਾਲ ਪ੍ਰੈਸ ਤੇ ਸਰਕਾਰ ਨੇ ਕੰਟਰੋਲ ਕੀਤਾ ਹੋਇਆ ਹੈ ਅਤੇ ** ** ** ** ਆਪੋਜ਼ੀਸ਼ਨ ਦੀ ਕੋਈ ਖਬਰ ਨਹੀਂ ਆਉਂਦੀ । ਥਾਣਿਆਂ ਵਿਚ ਤਹਿਸੀਲਾਂ ਵਿਚ ਪਹਿਲੇ ਲੋਕਾਂ ਨੂੰ ਇਨਸਾਫ ਮਿਲਦਾ ਹੁੰਦਾ ਸੀ ਪਰ ਹੁਣ ਉਥੇ ਲੋਕਾਂ ਦੀ ** ** ਕੀਤੀ ਜਾਂਦੀ ਹੈ ਅਤੇ ਮਾਰਿਆ ਜਾ ਰਿਹਾ ਹੈ। ਪਿੰਡਾਂ ਵਿਚ ਲੈਂਡਲਾਰਡ ਕਿਸੇ ਹਰੀਜਨ ਦੇ ਬੱਚੇ ਨੂੰ ਉਪਰ ਉਠਦੇ ਨਹੀਂ ਵੇਖ ਸਕਦੇ ਅਤੇ ਨਾ ਹੀ ਬਰਦਾਸ਼ਤ ਕਰ ਸਕਦੇ । ਸਰਕਾਰ ਨੇ ਕਿਹਾ ਹੈ ਕਿ 48% ਉਪਜ ਹੋਈ ਹੈ। ਐਗਰੀਕਲਚਰ ਯੂਨੀਵਰਸਿਟੀ ਵਾਲੇ ਕਹਿੰਦੇ ਹਨ ਕਿ ਅਸੀਂ ਕੀ ਕਰਨਾ ਹੈ, ਹਰੀਜਨਾਂ ਨੂੰ ਕਰਜ਼ਾ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਲੈਂਡ ਫਾਈਨਾਂਸ ਕਾਰਪੋਰੇਸ਼ਨ ਵਾਲੇ ਦੇਣਗੇ । ਸਾਡੀ ਸਰਕਾਰ ਇਸ ਵਿਚ 10 ਕਰੋੜ ਰੁਪਏ ਦਾ ਕਰਜ਼ਾ ਰੱਖ ਕੇ ਗਈ ਸੀ ਪਰ ਜਦ ਕਿ ਇਨ੍ਹਾਂ ਨੇ ਹੁਣ ਤਕ 3 ਲੱਖ ਰੁਪਏ ਦਾ ਕਰਜ਼ਾ ਹੀ ਦਿਤਾ ਹੈ । ਕਰਜ਼ੇ ਲਈ ਬੈਂਕਾਂ ਦੇ ਮੈਨੇਜਰ ਕਹਿੰਦੇ ਹਨ ਕਿ ਕਿਸੇ ਸਰਮਾਏਦਾਰ ਨੂੰ ਲੈ ਕੇ ਆਓ ਜਿਹੜਾ ਜ਼ਮਾਨਤੀ ਬਣ ਸਕੇ ਅਤੇ ਉਸ ਦੀ ਜ਼ਮੀਨ ਹੋਵੇ। ਇਸੇ ਤਰ੍ਹਾਂ ਆਰ. ਡੀ . ਏ. ਦੀ ਸਕੀਮ ਹੈ ਅਤੇ 'ਹੁਡ ਕੋ' ਦੀਆਂ ਸਕੀਮਾਂ ਹਨ । ਇਨ੍ਹਾਂ ਦੀਆਂ ਸ਼ਰਤਾਂ ਨੂੰ ਆਸਾਨ ਬਣਾ ਕੇ ਲੋਕਾਂ ਨੂੰ ਕਰਜ਼ਾ ਦੇਣਾ ਚਾਹੀਦਾ ਹੈ । ਲੋਕਾਂ ਕੋਲ ਪਲਾਟਾਂ ਤੇ ਮਕਾਨ ਬਣਾਉਣ ਵਾਸਤੇ ਪੈਸੇ ਨਹੀਂ ਹਨ । ਇਸ ਲਈ ਸਰਕਾਰ ਪੈਸੇ ਦਾ ਇੰਤਜ਼ਾਮ ਕਰੇ । ਸਰਕਾਰ ਨੂੰ ਇਸ ਸਬੰਧ ਵਿਚ ਉਪਰਾਲੇ ਕਰਨੇ ਚਾਹੀਦੇ ਹਨ । ਡਿਪਟੀ ਸਪੀਕਰ ਸਾਹਿਬ, ਬਜਟ ਦਾ ਚੌਥਾ ਹਿੱਸਾ ਹਰੀਜਨਾਂ ਵਾਸਤੇ ਰਖਣਾ ਚਾਹੀਦਾ ਹੈ। ਇਸੇ ਲਈ ਹਰੀਜਨਾਂ ਨੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਬਾਈਕਾਟ ਕੀਤਾ ਸੀ । ਅਸੀਂ ਮੁੱਖ ਮੰਤਰੀ ਜੀ ਦਾ ਬਾਈ ਕਾਟ ਕੀਤਾ ਸੀ। ਹਰੀਜਨਾਂ ਲਈ ਪਿੰਡਾਂ ਵਿਚ ਸਿਨਮੇਂ ਬਣਾਉ ਤਾ ਕਿ ਲੋਕ ਵੇਖ ਸਕਣ । ਪਿੰਡਾਂ ਵਿਚ ਛੋਟੀਆਂ ਛੋਟੀਆਂ ਇੰਡਸਟਰੀਜ਼ ਲਗਾਓ ਤਾ ਕਿ ਪਿੰਡਾਂ ਦੇ ਲੋਕਾਂ ਦਾ ਭਲਾ ਹੋ ਸਕੇ । ਡਿਪਟੀ ਸਪੀਕਰ ਸਾਹਿਬ, ਬੈਂਕਾਂ ਵਾਲੇ ਪੈਸਾ ਨਹੀਂ ਦਿੰਦੇ । ** ** ** ** **

ਡਿਪਟੀ ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨਾਲ ਗੱਲ ਕਰਨ ਦੀ ਕੋਈ ਲੋੜ ਨਹੀਂ ਹੈ । ** ** ** **

ਪਿੰਡਾਂ ਵਿਚ ਟੀ. ਵੀ. ਲਗਣ ਅਤੇ ਸਕੂਲ ਖੁਲ੍ਹਣ ਤਾ ਕਿ ਗਰੀਬ ਹਰੀਜਨ ਦਾ ਬੱਚਾ ਟੀ. ਵੀ. ਵੇਖ ਸਕੇ ਅੌਰ ਸਕੂਲ ਵਿਚ ਪੜ੍ਹ ਸਕੇ । ਡਿਪਟੀ ਸਪੀਕਰ ਸਾਹਿਬ, 48% ਲੋਕ ਗਰੀਬੀ ਦੀ ਸਤਹ ਤੋਂ ਥੱਲੇ ਹਨ । ਗਰੀਬ ਹਰੀਜਨਾਂ ਦੇ ਬੱਚਿਆਂ ਨੂੰ ਉਪਰ ਚੁਕਣ ਦੀ ਜ਼ਰੂਰਤ ਹੈ । ਐਗਰੀਕਲਚਰਲ ਯੂਨਿਵਰਸਿਟੀ ਨੂੰ ਕਹੋ ਕਿ ਪਿੰਡਾਂ ਵਿਚ ਕੋਈ ਇੰਡਸਟਰੀ ਲਗਾਏ। ਪਿੰਡਾਂ ਦੇ ਲੋਕਾਂ ਨੂੰ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਨੌਕਰੀਆਂ ਮਿਲਣ । ਜਿਥੇ ਸਰਮਾਏਦਾਰ ਦਾ ਮੁੰਡਾ ਮਾਡਲ ਸਕੂਲ ਵਿਚ ਪੜ੍ਹਦਾ ਹੈ, ਉਥੇ ਗਰੀਬ ਹਰੀਜਨ ਦਾ ਮੁੰਡਾ ਵੀ ਪੜ੍ਹੇ । ਫਿਰ ਬੇਰੁਜ਼ਗਾਰੀ ਦਾ ਮਸਲਾ ਹੱਲ ਹੋਵੇਗਾ । ਅੱਜ ਪਿੰਡਾਂ ਵਿਚ ਨਾ ਸਕੂਲ ਹਨ, ਨਾ ਬੈਠਣ ਲਈ ਟਾਟ ਹਨ ਅਤੇ ਨਾ ਕਮਰੇ ਹਨ। ਨਾ ਸਕੂਲਾਂ ਵਿਚ ਪੜ੍ਹਾਈ ਹੋ ਰਹੀ ਹੈ। ਕੋਈ ਐਕਟ ਲਾਗੂ ਨਹੀਂ ਹੈ। ਇਹ ਠੀਕ ਹੈ ਕਿ ਟੀਚਰਾਂ ਦੀਆਂ ਪੋਸਟਾਂ ਜ਼ਰੂਰ ਹਨ ਔਰ ਸੈਂਟਰਲ ਸਰਕਾਰ ਕੁਝ ਪੈਸਾ ਦੇ ਰਹੀ ਹੈ । ਪਰ ਇਸ ਦਾ ਕੋਈ ਫਾਇਦਾ, ਡਿਪਟੀ ਸਪੀਕਰ ਸਾਹਿਬ ਨਹੀਂ ਹੈ, ਜਦ ਤਕ ਬੇਰੁਜ਼ਗਾਰੀ ਦੂਰ ਨਹੀਂ ਕੀਤੀ ਜਾਂਦੀ ਔਰ ਸਾਡਾ ਹਰੀਜਨ ਬੱਚਾ ਆਈ. ਏ. ਐਸ. ਜਾਂ ਪੀ. ਸੀ. ਐਸ. ਵਿਚ ਨਹੀਂ ਜਾਂਦਾ । ਮੈਂ ਕਾਂਗਰਸ ਵਾਲਿਆਂ ਨੂੰ ਕਹਿੰਦਾ ਹਾਂ ਕਿ ਤੁਸੀਂ ਕਿਉਂ ਡਰਦੇ ਹੋ। ਮੈਂ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਕਹਿੰਦਾ ਹਾਂ ਕਿ ਤੁਸੀਂ ਕਿਉਂ ਡਰਦੇ ਹੋ । ਜਿਹੜਾ ਅਫਸਰ ਕੋਈ ਰਿਪੋਰਟ ਦੇ ਦਿੰਦਾ ਹੈ, ਉਸ ਰਿਪੋਰਟ ਨੂੰ ਹੀ ਮੰਨਿਆ ਜਾਂਦਾ ਹੈ ਭਾਵੇਂ ਮੈਂਬਰ ਜਿਤਨਾ ਮਰਜ਼ੀ ਰੌਲਾ ਪਾਈ ਜਾਣ। ਸਾਡੇ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਸਾਡਾ ਅਫਸਰ ਠੀਕ ਕਹਿੰਦਾ ਹੈ। ਇਹ ਅਫਸਰ ਕਿਸੇ ਦੇ ਨਹੀਂ ਹਨ। ਅੱਜ ਤੁਹਾਨੂੰ ਸਲਾਮਾਂ ਕਰਦੇ ਹਨ ਔਰ ਕੱਲ੍ਹ ਨੂੰ ਜਦੋਂ ਸਾਡਾ ਰਾਜ ਹੋਇਆ ਤਾਂ ਸਾਨੂੰ ਸਲਾਮਾਂ ਕਰਨਗੇ । ਮੈਂ, ਡਿਪਟੀ ਸਪੀਕਰ ਸਾਹਿਬ, ਜੀਤ ਸਿੰਘ ਦਾ ਮਾਮਲਾ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਂਦਾ ਪਰ ਤੁਸੀਂ ਦੋ ਆਦਮੀ ਸਸਪੈਂਡ ਨਹੀਂ ਕੀਤੇ । ਤੁਸੀਂ ਉਨ੍ਹਾਂ ਦੋ ਆਦਮੀਆਂ ਨੂੰ ਸਸਪੈਂਡ ਕਰੋ। ਤੁਸੀਂ ਸਾਨੂੰ ਕਿਉਂ ਮਾਰ ਰਹੇ ਹੋ । ਸਾਨੂੰ ਨੌਕਰੀਆਂ ਦਿਓ ਔਰ 10 ਕਰੋੜ ਰੁਪਿਆ ਦੇ ਦਿਓ ਤਾਂ ਕਿ ਸਾਨੂੰ ਨੌਕਰੀਆਂ ਮਿਲ ਸਕਣ ਔਰ ਅਸੀਂ ਕੋਈ ਕੰਮ ਕਰ ਸਕੀਏ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਸਾਨੂੰ ਕੋਈ ਲੈਟਰੀਨ ਨਹੀਂ ਜਾਣ ਦਿੰਦਾ ਔਰ ਸ਼ਹਿਰਾਂ ਵਿਚ ਵੀ ਬੁਰਾ ਹਾਲ ਹੈ । ਤੁਸੀਂ ਕੋਈ ਹਰੀਜਨਾਂ ਦਾ ਪ੍ਰਬੰਧ ਕਰੋ। ਸਾਡੇ ਬੱਚੇ ਅਫਸਰਾਂ ਦੇ ਘਰੀਂ ਕੰਮ ਕਰਦੇ ਹਨ । ਲੁਧਿਆਣੇ ਦੇ 25 ਬੱਚੇ ਗਾਇਬ ਹਨ । ਡਾਕਟਰ ਅੰਬੇਦਕਰ ਦਾ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ। ਡਾਕਟਰ ਅੰਬੇਦਕਾਰ ਨੇ ਸਾਡੇ ਲਈ ਚੰਗੀਆਂ ਸੁਜੈਸ਼ਨਾਂ ਦਿਤੀਆਂ ਹਨ। ਸਾਨੂੰ, ਡਿਪਟੀ ਸਪੀਕਰ ਸਾਹਿਬ, ਮਕਾਨ, ਐਜੂਕੇਸ਼ਨ, ਰੁਜ਼ਗਾਰ ਅਤੇ ਪੈਸਾ ਦਿਓ ਪਰ ਪੰਜਾਬ ਸਰਕਾਰ ਸਾਨੂੰ ਕੋਈ ਚੀਜ਼ ਨਹੀਂ ਦਿੰਦੀ ਸਗੋਂ ਇਹ ਦੂਸਰੇ ਪਾਸੇ ਚਲ ਪਏ ਹਨ। ਅੱਜ ਪੰਜਾਬ ਵਿਚ ਇੱਟਾਂ ਬਲੈਕ ਵਿਚ ਮਿਲਦੀਆਂ ਹਨ । ਕੋਲਾ, ਤੇਲ, ਅਤੇ ਹੋਰ ਸਾਮਾਨ ਸਾਨੂੰ ਨਹੀਂ ਮਿਲਦਾ। ਸਾਡੇ ਨਾਲ, ਡਿਪਟੀ ਸਪੀਕਰ ਸਾਹਿਬ, ਸਰਕਾਰ ਵਿਤਕਰਾ ਕਿਉਂ ਕਰਦੀ ਹੈ। ਸਾਡੀਆਂ ਧੀਆਂ ਭੈਣਾਂ ਦੇ ਨਾਲ ਵਿਤਕਰਾ ਹੋ ਰਿਹਾ ਹੈ। ਅੱਜ ਤਕ ਕਿਸੇ ਮੰਤਰੀ ਦੀ ਬੱਸੀ ਪਠਾਨਾਂ ਵਿਚ ਜਾਣ ਦੀ ਜੁਰਅੱਤ ਤਕ ਨਹੀਂ ਪਈ। ਜਦੋਂ ਬੱਸੀ ਪਠਾਨਾਂ ਵਿਚ ਉਸ ਦਾ ਦਾਹ ਸੰਸਕਾਰ ਕੀਤਾ ਜਾ ਰਿਹਾ ਸੀ ਤਾਂ ਪੁਲਿਸ ਦੀਆਂ ਚਾਰ ਗੱਡੀਆਂ ਪਹੁੰਚ ਗਈਆਂ । ਮੈਂ ਸੀ. ਐਮ. ਸਾਹਿਬ ਦੇ ਨੋਟਿਸ ਵਿਚ ਸਾਰੀ ਗੱਲ ਲਿਆਂਦੀ ਸੀ ਤਾਂ ਸੀ. ਐਮ. ਸਾਹਿਬ ਨੇ ਕਹਿ ਦਿਤਾ ਕਿ ਮੈਂ ਸਾਰਾ ਇੰਤਜ਼ਾਮ ਕਰ ਦਿਤਾ ਹੈ । ਹਵਾਲਾਤ ਵਿਚ ਤਾਂ, ਡਿਪਟੀ ਸਪੀਕਰ ਸਾਹਿਬ, ਕੋਈ ਚੀਜ਼ ਨਹੀਂ ਲਭਦੀ ਪਰ ਉਥੇ ਤੇਲ ਨਾਲ ਅੱਗ ਕਿਵੇਂ ਲਗ ਗਈ। ਇਸ ਤਰ੍ਹਾਂ ਦੀਆਂ ਵਾਰਦਾਤਾਂ ਪੰਜਾਬ ਵਿਚ ਹੋ ਰਹੀਆਂ ਹਨ। ਸੁਰਿੰਦਰ ਸਿੰਘ ਨੂਰ ਪੁਰ ਬੇਦੀ ਦਾ ਸੀ। ਉਸ ਨੂੰ ਪੁਲਿਸ ਨੇ ਫੜ ਲਿਆ। ਜੋ ਮਰਜ਼ੀ ਹੈ ਕਰੀ ਜਾਓ, ਕੋਈ ਪੁਛਦਾ ਨਹੀਂ ਹੈ । ਡਿਪਟੀ ਸਪੀਕਰ ਸਾਹਿਬ, ** ** **

**ਸ੍ਰੀ ਡਿਪਟੀ ਸਪੀਕਰ :** ** ਲਫਜ਼ ਅਤੇ ਪ੍ਰਧਾਨ ਮੰਤਰੀ ਬਾਰੇ ਕਹੇ ਸ਼ਬਦ ਐਕਸ-ਪੰਜ ਕੀਤੇ ਜਾਂਦੇ ਹਨ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਲੋਕ ਨਿਰਮਾਣ ਮੰਤਰੀ** : ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਰਦਾਰ ਦਲੀਪ ਸਿੰਘ ਪਾਂਧੀ ਜੀ ਆਪਣੀ ਸਪੀਚ ਵਿਚ ਇਰਰੈਲੇਵੈਂਟ ਬੋਲ ਰਹੇ ਹਨ। ਹੋਮੋਸੈਕਸੂਅਲ ਦੀ ਗਲ ਕੀਤੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਸਰਦਾਰ ਦਲੀਪ ਸਿੰਘ ਪਾਂਧੀ ਜੀ ਦੀ ਸਾਰੀ ਸਪੀਚ ਵਿਚੋਂ ਇਰਰੈਲੇਵੈਂਟ ਪੋਰਸ਼ਨ ਐਕਸਪੰਜ ਕਰ ਦਿਓ (ਵਿਘਨ) ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਤੁਸੀਂ ਅੰਦਾਜ਼ਾ ਲਗਾ ਲਓ ਕਿ ਹਾਊਸ ਦਾ ਕਿਤਨਾ ਵਕਤ ਜ਼ਾਇਆ ਹੋ ਰਿਹਾ ਹੈ ਔਰ ਹੋਰ ਮੈਂਬਰਾਂ ਨੇ ਵੀ ਇਥੇ ਹਾਊਸ ਵਿਚ ਬੋਲਣਾ ਹੈ। ਇਹ ਸਰਦਾਰ ਦਲੀਪ ਸਿੰਘ ਪਾਂਧੀ ਜੀ ਕੋਈ ਚੰਗੀ ਗੱਲ ਨਹੀਂ ਕਰ ਰਹੇ। ਇਸ ਲਈ ਇਰਰੈਲੇਵੈਂਟ ਪੋਰਸ਼ਨ ਸਰਦਾਰ ਦਲੀਪ ਸਿੰਘ ਪਾਂਧੀ ਦੀ ਸਪੀਚ ਵਿਚੋਂ ਕੱਢ ਦਿਤਾ ਜਾਵੇ।

**ਸ੍ਰੀ ਡਿਪਟੀ ਸਪੀਕਰ** : ਇਰਰੈਲੇਵੈਂਟ ਅਤੇ ਅਨਪਾਰਲੀਮੈਂਟਰੀ ਪੋਰਸ਼ਨ ਸਰਦਾਰ ਦਲੀਪ ਸਿੰਘ ਪਾਂਧੀ ਜੀ ਦੀ ਸਪੀਚ ਵਿਚੋਂ ਐਕਸਪੰਜ ਕੀਤਾ ਜਾਂਦਾ ਹੈ। ਜਿਹੜੇ ਰਿਮਾਰਕਸ ਸੈਟਾਇਰੀਕਲ ਹਨ, ਉਹ ਵੀ ਕਾਰਵਾਈ ਵਿਚੋਂ ਕੱਟ ਦਿਤੇ ਜਾਣ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਡਿਪਟੀ ਸਪੀਕਰ ਸਾਹਿਬ, ਮੈਂ ਰੈਫਰੈਂਸ ਦਿੰਦਾ ਹਾਂ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਦਲੀਪ ਸਿੰਘ ਪਾਂਧੀ ਜੀ, ਤੁਸੀਂ ਕੋਈ ਰੈਫਰੈਂਸ ਨਹੀਂ ਦੇ ਸਕਦੇ। ਜੋ ਸਰਦਾਰ ਦਲੀਪ ਸਿੰਘ ਪਾਂਧੀ ਜੀ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਇਨ੍ਹਾਂ ਨੂੰ ਚਾਹੀਦਾ ਹੈ ਕਿ 15 ਕਰੋੜ ਰੁਪਿਆ ਇੰਦਰਾ ਗਾਂਧੀ ਤੋਂ ਲਿਆ ਕੇ ਦੇਣ।

## PERSONAL EXPLANATION BY MISS SARLA PARASHER

**ਕੁਮਾਰੀ ਸਰਲਾ ਪਰਾਸ਼ਰ** : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਇਹ ਜਿਹੜਾ ਬਾਰ ਬਾਰ ਰੈਫਰੈਂਸ ਆ ਰਿਹਾ ਹੈ ਕਿ ਲਾਹ ਕੇ ਪਟਕਾ ਕੇ ਮਾਰੀ, ਮੈਂ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਇਹ ਸਾਡੀ ਪਾਰਟੀ ਦਾ ਮਸਲਾ ਹੈ। ਇਸ ਨੂੰ ਇਸ ਤਰ੍ਹਾਂ ਨਾਲ ਉਛਾਲਣਾ ਠੀਕ ਨਹੀਂ ਹੈ। (ਵਿਘਨ)

**ਸਰਦਾਰ ਬਸੰਤ ਸਿੰਘ ਖਾਲਸਾ** : ਸਾਡੇ ਧਰਮ ਵਿਚ ਲਿਖਿਆ ਹੈ ਕਿ ਅਸੀਂ ਬੀਬੀਆਂ ਦੀ ਮੱਦਦ ਕਰਨੀ ਹੈ।

**ਜੱਥੇਦਾਰ ਉਜਾਗਰ ਸਿੰਘ ਸੇਖਵਾਂ** : ** ** **

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਇਹ ਜੋ ਕੁਝ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**ਸਰਦਾਰ ਬੀਰਦਵਿੰਦਰ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਜੋ ਕੁਝ ਇਹ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**ਸਰਦਾਰ ਪ੍ਰਿਥੀਪਾਲ ਸਿੰਘ :** ** ** **

**ਸਰਦਾਰ ਬੀਰਦਵਿੰਦਰ ਸਿੰਘ :** ** ** **

**ਜੱਥੇਦਾਰ ਉਜਾਗਰ ਸਿੰਘ ਸੇਖਵਾਂ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਜੋ ਕੁਝ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**ਲੋਕ ਨਿਰਮਾਣ ਮੰਤਰੀ** (ਸਰਦਾਰ ਬੇਅੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਊਸ ਵਿਚ ਬੈਠੇ ਬੈਠੇ ਬੋਲਣਾ ਔਰ ਬੋਲਦੇ ਹੋਏ ਇਕ ਦੂਜੇ ਤੇ ਅਟੈਕ ਕਰਨਾ, ਇਹ ਠੀਕ ਨਹੀਂ ਹੈ। ਮੈਂ ਗੁਜ਼ਾਰਿਸ਼ ਕਰਨੀ ਹੈ ਕਿ ਇਸ ਆਗਸਟ ਹਾਊਸ ਨੂੰ ਤੁਸੀਂ ਕੰਟਰੋਲ ਕਰਨਾ ਹੈ। ਇਸ ਲਈ ਕਿਸੇ ਨੂੰ ਬੈਠੇ ਬੈਠੇ ਬੋਲਣ ਦੀ ਇਜਾਜ਼ਤ ਨਾ ਦਿਓ। ਕਿਸੇ ਨੂੰ ਕਿਸੇ ਦੀ ਇੱਜ਼ਤ ਤੇ ਅਟੈਕ ਨਾ ਕਰਨ ਦਿਓ। ਇਸ ਤਰ੍ਹਾਂ ਨਾਲ ਪਰੰਪਰਾ ਗਲਤ ਕਾਇਮ ਹੋ ਜਾਏਗੀ। ਇਸ ਤੋਂ ਬਾਅਦ ਤੁਹਾਨੂੰ ਕਿਸੇ ਨੂੰ ਵੀ ਇਸ ਤਰ੍ਹਾਂ ਨਹੀਂ ਕਰਨ ਦੇਣਾ ਚਾਹੀਦਾ । ਇਥੇ ਸਾਰੇ ਮਾਨਯੋਗ ਮੈਂਬਰ ਸਿਆਣੇ ਹਨ। ਇਹ ਆਪਣੀ ਪਾਰਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਹਨ। ਸਰਦਾਰ ਰਵੀ-ਇੰਦਰ ਸਿੰਘ ਜੀ ਨੇ ਇਨ੍ਹਾਂ ਨੂੰ ਕਿਹਾ ਹੈ। ਅਸੀਂ ਵੀ ਆਪਣੇ ਮੈਂਬਰ ਨੂੰ ਕਹਾਂਗੇ । ਜੋ ਪਰੰਪਰਾਵਾਂ ਸਾਡੇ ਪਹਿਲੇ ਹਾਊਸ ਨੇ ਪਾਈਆਂ ਹੋਈਆਂ ਹਨ ਉਨ੍ਹਾਂ ਨੂੰ ਕੰਟੀਨਿਊ ਕਰਨਾ ਚਾਹੀਦਾ ਹੈ। ਜੇਕਰ ਕੋਈ ਫਿਰ ਵੀ ਬੈਠਾ ਬੈਠਾ ਬੋਲਦਾ ਹੈ, ਇੱਕ ਦੂਜੇ ਤੇ ਅਟੈਕ ਕਰਦਾ ਹੈ ਤਾਂ ਉਸ ਮੈਂਬਰ ਨੂੰ ਨੇਮ ਕਰੋ। ਹਾਊਸ ਦਾ ਬੜਾ ਕੀਮਤੀ ਵਕਤ ਹੈ। ਮਸ੍ਹਾਂ ਵਕਤ ਕੱਢਕੇ ਇਥੇ ਡਿਸਕਸ਼ਨ ਕਰਦੇ ਹਾਂ। ਇਸ ਲਈ ਇਰਰੈਲੇਵੈਂਟ ਡਿਸਕਸ਼ਨ ਨਹੀਂ ਹੋਣੀ ਚਾਹੀਦੀ । ਇਥੇ ਪਾਰਟੀ ਦੇ ਪ੍ਰੈਜ਼ੀਡੈਂਟ ਤੇ ਅਟੈਕ ਹੁੰਦੇ ਹਨ। ਸਾਡੇ ਮਾਨਯੋਗ ਮੈਂਬਰ ਬਰਨਾਲਾ ਸਾਹਿਬ ਬੈਠੇ ਹਨ, ਸਰਦਾਰ ਰਵੀ ਇੰਦਰ ਸਿੰਘ ਜੀ ਬੈਠੇ ਹਨ, ਜੋ ਕਿ ਪਹਿਲਾਂ ਸਪੀਕਰ ਰਹੇ ਹਨ। ਸਰਦਾਰ ਬਸੰਤ ਸਿੰਘ ਖਾਲਸਾ, ਮੈਂਬਰ ਪਾਰਲੀਮੈਂਟ ਰਹੇ ਹਨ, ਉਹ ਵੀ ਇਥੇ ਬੈਠੇ ਹਨ। ਇਨ੍ਹਾਂ ਨੂੰ ਮੈਂ ਤੁਹਾਡੀ ਮਾਰਫਤ ਬੇਨਤੀ ਕਰਾਂਗਾ ਕਿ ਹਾਊਸ ਦੀ ਮਰਿਆਦਾ ਨੂੰ ਕਾਇਮ ਰਖਣਾ ਚਾਹੀਦਾ ਹੈ। ਦੁਬਾਰਾ ਮੈਂ ਫਿਰ ਤੁਹਾਡੀ ਖਿਦਮਤ ਵਿਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਬਕਾਇਦਾ ਰੂਲਜ਼ ਦੇ ਮੁਤਾਬਿਕ ਹਾਊਸ ਦੀ ਕਾਰਵਾਈ ਨੂੰ ਚਲਾਉਣਾ ਚਾਹੀਦਾ ਹੈ ਅਤੇ ਇਸ ਨੂੰ ਮੱਛੀ ਮਾਰਕਿਟ ਨਹੀਂ ਬਣਾਉਣਾ ਚਾਹੀਦਾ ਹੈ।

**ਸਰਦਾਰ ਰਵੀ ਇੰਦਰ ਸਿੰਘ :** ਇਹ ਵਾਤਾਵਰਨ ਦੇਖ ਕੇ ਮੈਨੂੰ ਬੜਾ ਅਫਸੋਸ ਹੈ । ਇਸ ਹਾਊਸ ਦੀਆਂ ਪੁਰਾਣੀਆਂ ਪਰੰਪਰਾਵਾਂ ਹਨ। ਕਈ ਵਾਰੀ ਮਜ਼ਾਕ ਵੀ ਇੱਕ ਦੂਜੇ ਨਾਲ ਚੰਗੀ ਤਰ੍ਹਾਂ ਨਾਲ ਕਰਦੇ ਰਹੇ ਹਾਂ। ਸਰਦਾਰ ਬੇਅੰਤ ਸਿੰਘ ਹੋਰੀਂ ਵੀ ਜਦੋਂ ਇਨ੍ਹਾਂ ਬੈਂਚਾਂ ਤੇ ਬੈਠਦੇ ਹੁੰਦੇ ਸਨ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਰਵੀਇੰਦਰ ਸਿੰਘ]

ਤਾਂ ਕਈ ਵਾਰੀ ਟੋਟਕੇ ਸੁਣਾਉਂਦੇ ਹੁੰਦੇ ਸਨ। ਇਹ ਗੱਲਾਂ ਚਲਦੀਆਂ ਰਹੀਆਂ ਹਨ। ਪਰ ਕਿਸੇ ਦੀ ਸ਼ਾਨ ਦੇ ਖਿਲਾਫ ਕੋਈ ਗਲ ਕਰਨੀ ਕਿਸੇ ਨੂੰ ਸ਼ੋਭਾ ਨਹੀਂ ਦਿੰਦੀ। ਜੇਕਰ ਬੀਬੀ ਮਿਸ ਸਰਲਾ ਪ੍ਰਾਸ਼ਰ ਦੇ ਖਿਲਾਫ ਕੋਈ ਗਲ ਸਾਡੀ ਪਾਰਟੀ ਵਲੋਂ ਆਈ ਹੋਵੇ ਤਾਂ ਮੈਂ ਖਿਮਾਂ ਚਾਹਵਾਂਗਾ (ਥੰਪਿੰਗ) ਸਾਡਾ ਕਿਸੇ ਮੈਂਬਰ ਦੇ ਸਬੰਧ ਵਿਚ ਜਾਂ ਕਿਸੇ ਹੋਰ ਮੈਂਬਰ ਦੀ ਸ਼ਾਨ ਦੇ ਖਿਲਾਫ ਕਹਿਣ ਦਾ ਕੋਈ ਮਤਲਬ ਨਹੀਂ ਹੈ। ਮੈਂ ਬੇਨਤੀ ਕਰਾਂਗਾ ਕਿ ਜਿਥੇ ਇਹ ਗੱਲ ਹੈ ਉਥੇ ਸਾਡੇ ਜਿਹੜੇ ਟਰੈਜ਼ਿਰੀ ਬੈਂਚਿਜ਼ ਦੇ ਮੈਂਬਰ ਹਨ ਜਦ ਉਹ ਕੋਈ ਜ਼ਾਤੀ ਗਲ ਕਰਨ ਤਾਂ ਫਿਰ ਚੇਅਰ ਦਾ ਫਰਜ਼ ਬਣ ਜਾਂਦਾ ਹੈ ਕਿ ਚੇਅਰ ਵੀ ਉਸ ਗਲ ਨੂੰ ਰੋਕੇ। ਇਕ ਗੱਲ ਮੈਂ ਇਹ ਜ਼ਰੂਰ ਕਹਾਂਗਾ ਅਤੇ ਇਹ ਬਤੌਰ ਸੁਜੈਸ਼ਨ ਹੈ ਕਿ ਕਈ ਵਾਰੀ ਕੁਝ ਅਨਪਾਰਲੀਮੈਂਟਰੀ ਗੱਲਾਂ ਜਜ਼ਬਾਤ ਵਿਚ ਆ ਕੇ ਕਹੀਆਂ ਜਾਂਦੀਆਂ ਹਨ ਜਾਂ ਹੋ ਜਾਂਦੀਆਂ ਹਨ, ਕਈ ਵਾਰੀ ਮੇਰੇ ਕੋਲੋਂ ਵੀ ਹੋ ਜਾਂਦੀਆਂ ਹਨ ਅਤੇ ਹੋਰ ਮਾਨਯੋਗ ਮੈਂਬਰਾਂ ਤੋਂ ਵੀ ਹੋ ਜਾਂਦੀਆਂ ਹਨ, ਉਸ ਵਾਸਤੇ ਤੁਹਾਨੂੰ ਕਿਸੇ ਮਾਨਯੋਗ ਮੈਂਬਰ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ ਕਿ ਜਦ ਕੋਈ ਮਾਨਯੋਗ ਮੈਂਬਰ ਪੁਆਇੰਟ ਆਊਟ ਕਰੇ ਤਾਂ ਹੀ ਉਹ ਚੀਜ਼ ਕਟਾਉਣੀ ਹੈ। ਚੇਅਰ ਆਪ ਉਧਰ ਧਿਆਨ ਰਖੇ। ਜੇ ਤੁਸੀਂ ਇਸ ਤਰ੍ਹਾਂ ਧਿਆਨ ਰਖੋਗੇ ਤਾਂ ਇਹ ਇਕ ਚੰਗੀ ਪ੍ਰੰਪਰਾ ਹੋਵੇਗੀ ਅਤੇ ਬੇਹਤਰ ਰਹੇਗਾ। ਜੇ ਐਸੀ ਗੱਲ ਹੋ ਜਾਂਦੀ ਹੈ ਅਤੇ ਉਸ ਗੱਲ ਨੂੰ ਬਾਅਦ ਵਿਚ ਕੋਈ ਮੈਂਬਰ ਪੁਆਇੰਟ ਆਫ ਆਰਡਰ ਤੇ ਖੜ੍ਹਾ ਹੋ ਕੇ ਉਨ੍ਹਾਂ ਲਫਜ਼ਾਂ ਨੂੰ ਕਟਵਾਉਣ ਲਈ ਪੁਆਇੰਟ ਆਊਟ ਕਰਦਾ ਹੈ ਤਾਂ ਉਸਦੀ ਗਲ ਤਾਂ ਰਿਕਾਰਡ ਤੇ ਰਹਿ ਜਾਂਦੀ ਹੈ ਅਤੇ ਦੂਜੇ ਦੇ ਲਫਜ਼ ਕੱਟੇ ਜਾਂਦੇ ਹਨ। ਇਸ ਤਰ੍ਹਾਂ ਪੁਆਇੰਟ ਆਊਟ ਕਰਨ ਵਾਲੇ ਦੇ ਲਫਜ਼ ਤਾਂ ਪਬਲਿਸ਼ ਹੋ ਜਾਂਦੇ ਹਨ।

You cannot stop it from being published until you cut that portion which is said as a point of order as well.

ਇਹ ਟੈਕਨੀਕਲ ਪੁਆਇੰਟ ਹੈ। ਜੇ ਤੁਸੀਂ ਇਸ ਮਾਮਲੇ ਨੂੰ ਆਪਣੇ ਹੱਥ ਵਿੱਚ ਲਵੋਗੇ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਇਥੇ ਹਾਊਸ ਵਿਚ ਪਿਆਰ ਅਤੇ ਮੁਹੱਬਤ ਨਾਲ ਡਿਸਕਸ਼ਨ ਅਤੇ ਹਾਊਸ ਦਾ ਕੰਮ ਚੱਲਦਾ ਰਹੇਗਾ। ਦਾੜ੍ਹੀਆਂ ਦਾ ਰੈਫਰੈਂਸ ਜਿਹੜਾ ਦਿੱਤਾ ਗਿਆ ਹੈ, ਉਹ ਗੱਲ ਠੀਕ ਨਹੀਂ ਹੈ।

**ਸ੍ਰੀ ਡਿਪਟੀ ਸਪੀਕਰ**: ਉਹ ਰਿਕਾਰਡ ਨਹੀਂ ਹੋਇਆ। ਤੁਸੀਂ ਸਾਰੇ ਸਤਿਕਾਰਯੋਗ ਹੋ, ਆਨਰੇਬਲ ਮੈਂਬਰ ਹੋ। ਤੁਸੀਂ ਤਕਰੀਬਨ ਲੱਖ ਲੱਖ ਵੋਟਾਂ ਲੈ ਕੇ ਇਲੈਕਟ ਹੋ ਕੇ ਇਥੇ ਆਏ ਹੋ। ਇਥੇ ਇਸ ਸਦਨ ਵਿਚ ਸਾਡੇ ਹਲਕਿਆਂ ਦੇ ਲੋਕ ਗੈਲਰੀਆਂ ਵਿਚ ਬੈਠੇ ਸਾਡੀ ਪਰਫਾਰਮੈਂਸ ਨੂੰ ਦੇਖਣ ਵਾਸਤੇ ਆਏ ਹਨ। ਇਸ ਵਾਸਤੇ ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਸਾਰੇ ਸਤਿ-ਕਾਰਯੋਗ ਹੋ, ਇਸ ਪਵਿੱਤਰ ਸਦਨ ਦੀ ਮਰਿਆਦਾ ਨੂੰ ਕਾਇਮ ਰਖਿਆ ਜਾਵੇ। ਜਿਵੇਂ ਮੰਦਰ ਅਤੇ ਗੁਰਦੁਆਰੇ ਸ਼ਰਧਾ ਨਾਲ ਜਾਂਦੇ ਹਾਂ ਉਸੇ ਤਰ੍ਹਾਂ ਹੀ ਇਸ ਪਵਿੱਤਰ ਸਦਨ ਵਿੱਚ ਸ਼ਰਧਾ ਨਾਲ ਆਓ ਨਾਕਿ ਇਸ ਖਿਆਲ ਨਾਲ ਆਈਏ ਕਿ ਅਸੀਂ ਕਿਸੇ ਉਤੇ ਚਿੱਕੜ ਸੁੱਟਣਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਤੁਸੀਂ ਸਾਰੇ ਸਤਿਕਾਰਯੋਗ ਹੋ, ਸਾਡੀ ਪਰਫਾਰਮੈਂਸ ਕੰਸਟਰੱਕਟਿਵ ਹੋਣੀ ਚਾਹੀਦੀ ਹੈ ਤਾਕਿ ਜਿਨ੍ਹਾਂ ਲੋਕਾਂ ਨੇ ਸਾਨੂੰ ਇਲੈਕਟ ਕਰਕੇ ਇਥੇ ਭੇਜਿਆ ਹੈ ਉਨ੍ਹਾਂ ਨੂੰ ਅਸੀਂ ਦਸ ਸਕੀਏ ਕਿ ਅਸੀਂ ਉਨ੍ਹਾਂ ਵਾਸਤੇ ਕੀ ਕਰ ਰਹੇ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਮੇਰੀ ਇਸ ਬੇਨਤੀ ਨੂੰ ਮਨਜ਼ੂਰ ਕਰੋਗੇ। (ਥੰਪਿੰਗ)

---

Original with;
Punjab Vidhan Sabha
Digitized by;
Panjab Digital Library

## RESOLUTION *Re.* STEPPING UP OF THE PROVISION OF HOUSE SITES FOR LANDLESS AND WEAKER SECTIONS OF THE SOCIETY IN THE RURAL AREAS OF THE STATE (*Resumption of discussion*)

**ਚੌਧਰੀ ਜਗਜੀਤ ਸਿੰਘ** (ਕਰਤਾਰਪੁਰ, ਐਸ ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਮਤਾ ਮੇਰੇ ਮਾਨਯੋਗ ਮੈਂਬਰ ਸ਼੍ਰੀ ਰਾਮ ਲਾਲ ਚਿੱਟੀ ਜੀ ਨੇ ਪੇਸ਼ ਕੀਤਾ ਹੈ ਅਤੇ ਜਿਹੜਾ ਮਤਾ ਇਸ ਗੱਲ ਨਾਲ ਤੁਅੱਲਕ ਰੱਖਦਾ ਹੈ ਕਿ ਜਿਹੜੇ ਪਿੰਡਾਂ ਵਿਚ ਲੈਂਡਲੈਸ ਅਤੇ ਵੀਕਰ ਸੈਕਸ਼ਨਜ਼ ਦੇ ਲੋਕ ਹਨ ਉਨ੍ਹਾਂ ਨੂੰ ਹਾਊਸ ਸਾਈਟਸ ਦਿਤੇ ਜਾਣ, ਮੈਂ ਉਸ ਦੀ ਹਮਾਇਤ ਕਰਨ ਲਈ ਖੜ੍ਹਾ ਹੋਇਆ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪਹਿਲਾਂ ਪੰਜਾਬ ਸਰਕਾਰ ਨੂੰ, ਸਰਦਾਰ ਦਰਬਾਰਾ ਸਿੰਘ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿਉਂਕਿ ਜਦੋਂ ਤੋਂ ਉਨ੍ਹਾਂ ਨੇ ਪੰਜਾਬ ਸਰਕਾਰ ਦੀ ਵਾਗਡੋਰ ਆਪਣੇ ਹੱਥ ਸੰਭਾਲੀ ਹੈ ਉਦੋਂ ਤੋਂ ਉਨ੍ਹਾਂ ਨੇ ਵੀਕਰ ਸੈਕਸ਼ਨਜ਼ ਅਤੇ ਲੈਂਡਲੈਸ ਲੋਕਾਂ ਨੂੰ ਉਪਰ ਚੁੱਕਣ ਦਾ ਯਤਨ ਕੀਤਾ ਹੈ। ਕੋਈ 3 ਲੱਖ ਦੇ ਕਰੀਬ ਕਾਂਗਰਸ ਸਰਕਾਰ ਨੇ ਪਿੰਡਾਂ ਵਿਚ ਲੈਂਡ-ਲੈਸ ਅਤੇ ਵੀਕਰ ਸੈਕਸ਼ਨਜ਼ ਨੂੰ ਪਲਾਟ ਦਿਤੇ ਸਨ, ਉਨ੍ਹਾਂ ਨੂੰ ਮਕਾਨ ਬਣਾ ਕੇ ਦੇਣ ਦਾ ਯਤਨ ਇਸ ਸਰਕਾਰ ਨੇ ਕੀਤਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਵੀ ਇਥੇ 3 ਸਾਲ ਸਰਕਾਰ ਰਹੀ ਸੀ। ਉਸ ਨੇ ਵੀ ਮਕਾਨ ਬਣਾਕੇ ਦੇਣ ਦਾ ਪ੍ਰੋਗਰਾਮ ਬਣਾਇਆ ਸੀ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 1978 ਵਿਚ ਕੋਈ 700 ਦੇ ਕਰੀਬ ਮਕਾਨ ਉਹ ਸਰਕਾਰ ਬਣਾ ਸਕੀ ਸੀ। ਪਰ ਇਸ ਸਰਕਾਰ ਨੇ, ਇਸ ਹੁਣ ਦੀ ਸਰਕਾਰ ਨੇ, ਗਰੀਬ ਲੋਕਾਂ ਲਈ 10 ਹਜ਼ਾਰ ਮਕਾਨ ਬਣਾਉਣ ਦਾ ਵਾਅਦਾ ਕੀਤਾ ਸੀ। ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। 1980-81 ਵਿਚ 4 ਹਜ਼ਾਰ ਮਕਾਨ ਕੰਪਲੀਟ ਹੋ ਚੁੱਕੇ ਹਨ ਅਤੇ 6 ਹਜ਼ਾਰ ਮਕਾਨ ਕੰਪਲੀਟ ਹੋਣ ਵਾਲੇ ਹਨ। ਇਸ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਇਹ ਜਿਹੜਾ ਮਤਾ ਮੇਰੇ ਮਾਨਯੋਗ ਮੈਂਬਰ ਸ਼੍ਰੀ ਰਾਮ ਲਾਲ ਚਿੱਟੀ ਜੀ ਨੇ ਪੇਸ਼ ਕੀਤਾ ਹੈ, ਉਸ ਉਤੇ ਮੈਂ ਆਪਣੀ ਸਰਕਾਰ ਨੂੰ ਕੁਝ ਸੁਝਾਓ ਦੇਣਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਜਿਹੜੇ 3 ਲੱਖ ਦੇ ਕਰੀਬ ਪਿੰਡਾਂ ਵਿਚ ਉਨ੍ਹਾਂ ਲੋਕਾਂ ਨੂੰ ਪਲਾਟ ਦਿਤੇ ਸਨ ਉਹ ਪਲਾਟ ਪਿੰਡਾਂ ਤੋਂ ਬਹੁਤ ਦੂਰ ਹਨ, ਉਨ੍ਹਾਂ ਪਲਾਟਾਂ ਦਾ ਦਾਇਰਾ ਛੋਟਾ ਹੈ। ਇਸ ਲਈ ਮੈਂ ਸੁਝਾਓ ਦਿਆਂਗਾ ਕਿ ਉਨ੍ਹਾਂ ਪਲਾਟਾਂ ਦੇ ਦਾਇਰੇ ਨੂੰ ਵੱਡਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਵੱਡੇ ਮਕਾਨ ਦਿਤੇ ਜਾਣ। ਦੂਜਾ ਸੁਝਾਓ ਇਹ ਹੈ ਕਿ ਜਿਸ ਤਰ੍ਹਾਂ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ ਇਸੇ ਤਰ੍ਹਾਂ ਹੀ ਇਨ੍ਹਾਂ ਲੈਂਡਲੈਂਸ ਅਤੇ ਵੀਕਰ ਸੈਕਸ਼ਨਜ਼ ਲਈ ਪਿੰਡਾਂ ਵਿਚ ਜਿਹੜੀਆਂ ਕਾਲੋਨੀਆਂ ਬਣਾਉਣੀਆਂ ਹਨ ਉਨ੍ਹਾਂ ਦੀਆਂ ਗਲੀਆਂ, ਨਾਲੀਆਂ ਅਤੇ ਫਲੱਸ਼ ਪੱਕੇ ਕੀਤੇ ਜਾਣ। ਉਨ੍ਹਾਂ ਦੀਆਂ ਕਾਲੋਨੀਆਂ ਪਿੰਡਾਂ ਤੋਂ ਬਹੁਤ ਦੂਰ ਹਨ ਇਸ ਲਈ ਉਨ੍ਹਾਂ ਲਈ ਉਥੇ ਪੂਰੀਆਂ ਫੈਸਿਲਿਟੀਜ਼ ਦਿੱਤੀਆਂ ਜਾਣ। ਇਸੇ ਤਰ੍ਹਾਂ ਹੀ ਜਿਵੇਂ ਪਿੰਡਾਂ ਵਿਚ ਧਰਮਸ਼ਾਲਾਂ ਦਿੱਤੀਆਂ ਜਾਂਦੀਆਂ ਹਨ ਉਸੇ ਤਰ੍ਹਾਂ ਹੀ ਇਨ੍ਹਾਂ ਕਾਲੋ-ਨੀਆਂ ਵਿਚ ਹਾਉਸਿੰਗ ਬੋਰਡ ਵਲੋਂ ਧਰਮਸ਼ਾਲਾਂ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਤਾਕਿ ਉਥੇ ਦੇ ਲੋਕ ਉਨ੍ਹਾਂ ਧਰਮਸ਼ਾਲਾਂ ਨੂੰ ਵਿਆਹ, ਸ਼ਾਦੀਆਂ ਅਤੇ ਹੋਰ ਸੋਸ਼ਲ ਫੰਕਸ਼ਨਜ਼ ਲਈ ਇਸਤੇਮਾਲ ਕਰ ਸਕਣ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਲੋਕਾਂ ਨੂੰ ਦੂਰ ਪਿੰਡਾਂ ਵਿਚ ਨਹੀਂ ਜਾਣਾ ਪਵੇਗਾ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਮਹਾਨ ਲੀਡਰ ਸ਼੍ਰੀਮਤੀ ਇੰਦਰਾ ਗਾਂਧੀ; ਪ੍ਰਧਾਨ ਮੰਤਰੀ ਜੀ ਦਾ ਜਿਹੜਾ 20-ਨੁਕਾਤੀ ਪ੍ਰੋਗਰਾਮ ਹੈ ਉਹ ਬਿਲਕੁਲ ਇਸ ਗੱਲ ਨਾਲ ਢੁਕਦਾ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਉਥੇ ਕਾਲੋਨੀਆਂ ਵਿਚ ਪੂਰੀਆਂ ਸਹੂਲਤਾਂ ਦਿੱਤੀਆਂ ਜਾਣ। ਉਥੇ ਪੀਣ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਦੇ ਪਾਣੀ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਉਥੇ ਪਾਣੀ ਦਾ ਸਾਂਝਾ ਪ੍ਰਬੰਧ ਕਰਨਾ ਚਾਹੀਦਾ ਹੈ। ਉਹ ਲੋਕ ਇਕੱਲੇ ਇਕੱਲੇ ਪਾਣੀ ਦਾ ਇੰਤਜ਼ਾਮ ਨਹੀਂ ਕਰ ਸਕਦੇ । ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਥੇ ਉਨ੍ਹਾਂ ਲੋਕਾਂ ਲਈ ਸਾਂਝੇ ਤੌਰ ਤੇ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ ਕੀਤਾ ਜਾਵੇ ਤਾਕਿ ਸਰਕਾਰ ਦਾ ਜੋ ਪ੍ਰੋਗਰਾਮ ਹੈ, ਸਰਕਾਰ ਦਾ ਜੋ ਨਿਸ਼ਾਨਾ ਹੈ, ਉਸ ਨੂੰ ਸਿਰੇ ਚਾੜ੍ਹਿਆ ਜਾ ਸਕੇ।

ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੇ 3 ਲੱਖ ਪਲਾਟ ਗਰੀਬ ਲੋਕਾਂ ਨੂੰ ਪਿੰਡਾਂ ਵਿਚ ਮਿਲੇ ਹਨ ਉਹ ਬਹੁਤ ਸਾਰੇ ਪਿੰਡਾਂ ਤੋਂ ਬਹੁਤ ਦੂਰ ਮਿਲੇ ਹਨ ਅਤੇ ਕਈ ਤਾਂ ਛੱਪੜਾਂ ਵਿਚ ਮਿਲੇ ਹਨ ਅਤੇ ਉਨ੍ਹਾਂ ਪਲਾਟਾਂ ਦੇ ਉਨ੍ਹਾਂ ਲੋਕਾਂ ਨੂੰ ਕਬਜ਼ੇ ਨਹੀਂ ਮਿਲੇ । ਮੈਂ ਕਹਾਂਗਾ ਕਿ ਜਿਨ੍ਹਾਂ ਆਦਮੀਆਂ ਨੂੰ ਇਹ ਪਲਾਟ ਮਿਲੇ ਹਨ ਉਨ੍ਹਾਂ ਨੂੰ ਉਨ੍ਹਾਂ ਪਲਾਟਾਂ ਦੇ ਕਬਜ਼ੇ ਦਿਤੇ ਜਾਣ। ਉਨ੍ਹਾਂ ਨੂੰ ਪਲਾਟ ਵੀ ਠੀਕ ਜਗ੍ਹਾ ਤੇ ਦਿਤੇ ਜਾਣ । ਇਸ ਲਈ ਮੈਂ ਕਹਾਂਗਾ ਕਿ ਸਰਕਾਰ ਇਸ ਗਲ ਨੂੰ ਰੀਕਨਸਿਡਰ ਕਰੇ ਅਤੇ ਉਨ੍ਹਾਂ ਨੂੰ ਪਿੰਡਾਂ ਦੇ ਨੇੜੇ ਜ਼ਮੀਨ ਲੈ ਕੇ ਮਕਾਨ ਬਣਾ ਕੇ ਦਿਤੇ ਜਾਣ ਤਾਂਕਿ ਉਨ੍ਹਾਂ ਲੋਕਾਂ ਦਾ ਕੁਝ ਫਾਇਦਾ ਹੋ ਸਕੇ। ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਥੇ ਕਾਂਗਰਸ ਸਰਕਾਰ ਨੇ ਐਡਾ ਵੱਡਾ ਯਤਨ ਕੀਤਾ ਹੈ ਅਤੇ ਲੈਂਡਲੈਸ ਅਤੇ ਵੀਕਰ ਸੈਕਸ਼ਨਜ਼ ਨੂੰ ਐਨੇ ਪਲਾਟ ਅਤੇ ਮਕਾਨ ਬਣਾ ਕੇ ਦੇ ਰਹੀ ਹੈ ਉਥੇ ਇਹ ਵੀ ਵੇਖਿਆ ਜਾਵੇ ਕਿ ਉਥੇ ਬਹੁਤ ਸਾਰੇ ਐਸੇ ਲੋਕ ਹਨ ਜਿਨ੍ਹਾਂ ਨੂੰ ਉਸ ਵੇਲੇ ਪਲਾਟ ਨਹੀਂ ਮਿਲ ਸਕੇ ਅਤੇ ਉਨ੍ਹਾਂ ਕੋਲ ਰਹਿਣ ਵਾਸਤੇ ਮਕਾਨ ਨਹੀਂ ਹਨ। ਇਸ ਲਈ ਮੈਂ ਕਹਾਂਗਾ ਕਿ ਇਸ ਪਾਸੇ ਵੀ ਵਿਚਾਰ ਕਰਕੇ ਉਨ੍ਹਾਂ ਲੋਕਾਂ ਨੂੰ ਵੀ ਮਕਾਨ ਦਿਤੇ ਜਾਣ ਅਤੇ ਇਸ ਸਕੀਮ ਨੂੰ ਪੰਜਾਬ ਵਿਚ ਚੰਗੀ ਤਰ੍ਹਾਂ ਲਾਗੂ ਕੀਤਾ ਜਾਵੇ ਤਾਕਿ ਸ੍ਰੀਮਤੀ ਇੰਦਰਾ ਗਾਂਧੀ ਦਾ ਜਿਹੜਾ 20-ਨੁਕਾਤੀ ਪ੍ਰੋਗਰਾਮ ਹੈ ਅਤੇ ਜਿਸ ਦੇ ਥੱਲੇ ਹਰ ਆਦਮੀ ਨੂੰ ਮਕਾਨ ਬਣਾ ਕੇ ਦੇਣਾ ਹੈ ਅਤੇ ਹਰ ਆਦਮੀ ਨੂੰ ਰੋਟੀ ਅਤੇ ਕੱਪੜਾ ਮੁਹੱਈਆ ਕਰਨਾ ਹੈ, ਉਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਿਆ ਜਾਵੇ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡਾਂ ਵਿਚ ਉਨ੍ਹਾਂ ਲੋਕਾਂ ਨੂੰ ਪਲਾਟ ਮਿਲ ਹਨ ਉਨ੍ਹਾਂ ਨੂੰ ਬੀ.ਡੀ.ਓਜ਼ ਦੇ ਰਾਹੀਂ ਰਜਿਸਟਰੀਆਂ ਤਾਂ ਮਿਲ ਚੁੱਕੀਆਂ ਹਨ ਪਰ ਉਨ੍ਹਾਂ ਨੂੰ ਕਬਜ਼ੇ ਨਹੀਂ ਮਿਲੇ। ਉਸ ਦੇ ਕਈ ਕਾਰਨ ਹਨ । ਬਹੁਤ ਸਾਰੇ ਲੋਕ ਅਦਾਲਤ ਵਿਚ ਜਾ ਕੇ ਸਟੇਅ ਲੈ ਆਏ । ਮੈਂ ਬੇਨਤੀ ਕਰਾਂਗਾ ਕਿ ਜਿੰਨੀ ਵੀ ਜਲਦੀ ਹੋ ਸਕੇ ਚੰਗੇ ਢੰਗ ਨਾਲ ਉਨਾਂ ਮੁਕੱਦਮਿਆਂ ਦੀ ਪੈਰਵੀ ਕਰਕੇ ਉਸ ਸਟੇਅ ਨੂੰ ਵੇਕੇਟ ਕਰਵਾਇਆ ਜਾਵੇ ਅਤੇ ਉਨ੍ਹਾਂ ਲੋਕਾਂ ਨੂੰ ਪਿੰਡਾਂ ਵਿਚ ਚੰਗੀ ਥਾਂ ਤੇ ਪਲਾਟ ਦੇਣ ਦਾ ਪ੍ਰਬੰਧ ਕੀਤਾ ਜਾਵੇ।

ਇਸ ਤੋਂ ਅਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਪਲਾਟ ਜਿਹੜੇ ਉਨ੍ਹਾਂ ਲੋਕਾਂ ਨੂੰ ਮਿਲੇ ਹਨ ਉਸ ਜ਼ਮੀਨ ਦਾ ਪੰਚਾਇਤ ਦੇ ਨਾਮ ਤੇ ਇੰਤਕਾਲ ਨਹੀਂ ਹੋਇਆ। ਮਾਲਕਾਂ ਦੇ ਨਾਮ ਤੇ ਕਬਜ਼ੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜੇ ਪਿੰਡਾਂ ਵਿਚ ਪਲਾਟ ਹਨ ਉਨ੍ਹਾਂ ਦੇ ਜਿੰਨੀ ਜਲਦੀ ਹੋ ਸਕੇ ਇੰਤਕਾਲ ਪੰਚਾਇਤਾਂ ਦੇ ਨਾਮ ਤੇ ਕੀਤੇ ਜਾਣ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਜ਼ਮੀਨਾਂ ਦੇ ਇੰਤਕਾਲ ਉਨ੍ਹਾਂ ਦੇ ਨਾਮ ਤੇ ਕੀਤੇ ਜਾਣੇ ਚਾਹੀਦੇ ਹਨ ਤਾਕਿ ਸਹੀ ਮਾਅਨਿਆਂ ਵਿੱਚ ਪੱਕੇ ਤੌਰ ਤੇ ਉਸ ਜਗ੍ਹਾ ਦੇ ਉਹ ਮਾਲਕ ਬਣ ਸਕਣ ਜਿਹੜੀ ਜਗ੍ਹਾ ਪੰਜਾਬ ਦੀ ਸਰਕਾਰ ਨੇ, ਕਾਂਗਰਸ ਦੀ ਸਰਕਾਰ ਨੇ, ਲੋਕਾਂ ਨੂੰ ਦਿੱਤੀ ਹੈ। ਮੈਂ ਇਥੇ, ਡਿਪਟੀ ਸਪੀਕਰ ਸਾਹਿਬ, ਇਹ ਵੀ ਕਹਿਣਾ ਚਾਹਵਾਂਗਾ ਕਿ ਜਦੋਂ ਕਾਂਗਰਸ ਦੀ ਸਰਕਾਰ ਨੇ ਪਲਾਟ ਦਿੱਤੇ ਤਾਂ ਪੰਜਾਬ ਵਿੱਚ ਉਸ ਵੇਲੇ ਇਹ ਯਤਨ

Original with;
Punjab Vidhan Sabha
Digitized by;
Panjab Digital Library

ਹੋਇਆ ਸੀ ਕਿ ਹਾਊਸ ਬਿਲਡਿੰਗ ਕੋਆਪਰੇਟਿਵ ਸੋਸਾਇਟੀਆਂ ਕਾਇਮ ਕੀਤੀਆਂ ਜਾਣ ਔਰ ਬਹੁਤ ਸਾਰੀਆਂ ਹਾਊਸ ਬਿਲਡਿੰਗਜ਼ ਕੋਆਪਰੇਟਿਵ ਸੋਸਾਇਟੀਆਂ ਪੰਜਾਬ ਵਿੱਚ ਉਨ੍ਹਾਂ ਲੋਕਾਂ ਦੀਆਂ ਕਾਇਮ ਕੀਤੀਆਂ ਗਈਆਂ ਸਨ ਤਾਕਿ ਉਨ੍ਹਾਂ ਦੀ ਮਾਰਫਤ, ਜਿਨ੍ਹਾਂ ਲੋਕਾਂ ਨੂੰ ਪਲਾਟ ਦਿੱਤੇ ਗਏ ਸਨ, ਉਹ ਉਨ੍ਹਾਂ ਤੋਂ ਪੈਸੇ ਲੈ ਕੇ ਆਪਣੇ ਮਕਾਨ ਬਣਾ ਸਕਣ। ਇਸ ਗੱਲ ਦਾ ਯਤਨ ਉਸ ਵੇਲੇ ਹੋਇਆ ਸੀ ਕਿ ਉਹ ਲੋਕ ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਹਨ ਉਹ ਉਨ੍ਹਾਂ ਦੀ ਮਾਰਫਤ ਪੈਸੇ ਲੈ ਕੇ ਆਪਣੇ ਆਪਣੇ ਮਕਾਨ ਬਣਾ ਸਕਣ ਪਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਕਹਿਣਾ ਚਾਹੁੰਦਾ ਹਾਂ ਕਿ ਬਦਕਿਸਮਤੀ ਨਾਲ ਪਿਛਲੀ ਸਰਕਾਰ ਨੇ ਜੋ ਇਨ੍ਹਾਂ ਕੰਮਾਂ ਵਾਸਤੇ ਰੁਪਿਆ ਰਖਿਆ ਸੀ ਉਹ ਸਾਰੇ ਦਾ ਸਾਰਾ ਹੋਰ ਫੰਡਾਂ ਵਿੱਚ ਰਖ ਕੇ, ਹੋਰ ਪਾਸੇ ਰੱਖ ਕੇ ਉਹ ਗੱਲ ਸਿਰੇ ਨਹੀਂ ਚੜ੍ਹ ਸਕੀ। ਇਸ ਲਈ ਮੇਰੀ ਬੇਨਤੀ ਹੈ ਕਿ ਪਿੰਡਾਂ ਵਿੱਚ ਲੋਕਾਂ ਨੇ 50--50 ਰੁਪਏ ਦੇ ਕੇ ਆਪਣੇ ਹਿੱਸੇ ਬਣਾ ਕੇ ਉਹ ਸੋਸਾਇਟੀਆਂ ਕਾਇਮ ਕੀਤੀਆਂ ਸਨ। ਉਹ ਸੋਸਾਇਟੀਆਂ ਮੁੜ ਕੇ ਰਿਵਾਈਵ ਕਰਨੀਆਂ ਚਾਹੀਦੀਆਂ ਹਨ ਔਰ ਮਹਿਕਮਾ ਕੋਆਪਰੇਟਿਵ ਵਲੋਂ ਇਸ ਦੇ ਵਾਸਤੇ ਰੁਪਿਆ ਰਖਿਆ ਜਾਣਾ ਚਾਹੀਦਾ ਹੈ ਤਾਂਕਿ ਉਹ ਸਾਰੇ ਲੋਕਾਂ ਨੂੰ ਬਣਾ ਕੇ ਦੇ ਸਕਣ ਔਰ ਸਹੀ ਮਾਅਨਿਆਂ ਵਿੱਚ ਪੰਜਾਬ ਵਿੱਚ ਜੋ ਕਾਂਗਰਸ ਦੀ ਸਰਕਾਰ ਨੇ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਵੀਕਰ ਸੈਕਸ਼ਨਜ਼ ਨੂੰ, ਗਰੀਬ ਲੋਕਾਂ ਨੂੰ, ਹਰੀਜਨਾਂ ਨੂੰ, ਨਿਤਾਣਿਆਂ ਨੂੰ ਉਪਰ ਉਠਾਉਣ ਦਾ, ਦੂਸਰਿਆਂ ਦੇ ਬਰਾਬਰ ਉਨ੍ਹਾਂ ਨੂੰ ਲਿਆਉਣ ਦਾ ਨਿਸਚਾ ਜੋ ਕੀਤਾ ਹੈ ਉਹ ਪੂਰਾ ਹੋ ਸਕੇ। ਇਹ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਉਹ ਸਾਰੀਆਂ ਚੀਜ਼ਾਂ ਜੋ ਪਹਿਲਾਂ ਵੀ ਚਾਲੂ ਕੀਤੀਆਂ ਗਈਆਂ ਸਨ ਉਨ੍ਹਾਂ ਨੂੰ ਮੱਦੇ ਨਜ਼ਰ ਰਖਦੇ ਹੋਏ ਕਦਮ ਚੁੱਕੇ ਜਾਣ ਅਤੇ ਜੋ ਪ੍ਰੋਗਰਾਮ ਪਹਿਲਾਂ ਕਾਂਗਰਸ ਦੀ ਸਰਕਾਰ ਦੇ ਵੇਲੇ ਚਲ ਰਹੇ ਸਨ ਉਨ੍ਹਾਂ ਨੂੰ ਵੀ ਚਾਲੂ ਕਰੀਏ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਗਲ ਕਹਿਣ ਵਿੱਚ ਵੀ ਮਾਣ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੇ ਹਾਊਸਿੰਗ ਦੇ ਮਨਿਸਟਰ ਇਨਚਾਰਜ ਅੱਜ ਮਿਸਿਜ਼ ਭੱਠਲ ਜੀ ਹਨ, ਹਾਊਸਿੰਗ ਦਾ ਮਹਿਕਮਾ ਉਨ੍ਹਾਂ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਦਾ ਸਾਰਾ ਖਾਨਦਾਨ ਜੰਗੇ ਆਜ਼ਾਦੀ ਵਿੱਚ ਹਿੱਸਾ ਪਾਉਂਦਾ ਰਿਹਾ ਅਤੇ ਜਿਨ੍ਹਾਂ ਨੂੰ ਗਰੀਬਾਂ ਨਾਲ, ਪਛੜੇ ਵਰਗ ਦੇ ਲੋਕਾਂ ਨਾਲ, ਲੈਂਡਲੈਸ ਲੋਕਾਂ ਨਾਲ, ਵਰਕਰਾਂ ਨਾਲ ਬੜਾ ਪਿਆਰ ਹੈ। ਮੈਨੂੰ ਇਸ ਗੱਲ ਦਾ, ਡਿਪਟੀ ਸਪੀਕਰ ਸਾਹਿਬ, ਪੂਰਾ ਭਰੋਸਾ ਹੈ ਕਿ ਉਹ ਇਸ ਮਹਿਕਮੇ ਨੂੰ ਬੜੇ ਚੰਗੇ ਢੰਗ ਨਾਲ ਚਲਾਉਣਗੇ ਅਤੇ ਜਿਹੜੀਆਂ ਗਰੀਬਾਂ ਦੀਆਂ ਲੋੜਾਂ ਹਨ, ਜਿਹੜੀਆਂ ਪਛੜੇ ਵਰਗ ਦੀਆਂ, ਵੀਕਰ ਸੈਕਸ਼ਨਜ਼ ਦੀਆਂ, ਵਰਕਰਾਂ ਦੀਆਂ ਲੋੜਾਂ ਹਨ ਉਹ ਪੂਰੀਆਂ ਕਰਨਗੇ। ਇਥੇ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਮਕਾਨ ਅਸੀਂ ਹਾਊਸਿੰਗ ਬੋਰਡ ਵਲੋਂ ਬਣਾ ਕੇ ਦਿੰਦੇ ਹਾਂ ਉਹ ਛੋਟੇ ਹਨ ਅਤੇ ਉਨ੍ਹਾਂ ਮਕਾਨਾਂ ਵਿੱਚ ਹਰੀਜਨਾਂ ਦੇ ਪ੍ਰੀਵਾਰਾਂ ਦਾ, ਲੈਂਡਲੈਸ ਲੋਕਾਂ ਦਾ, ਵੀਕਰ ਸੈਕਸ਼ਨਜ਼ ਦੇ ਲੋਕਾਂ ਦਾ ਅੱਛੀ ਤਰ੍ਹਾਂ ਗੁਜ਼ਾਰਾ ਨਹੀਂ ਚਲ ਸਕਦਾ। ਮੇਰੀ ਬੇਨਤੀ ਹੈ ਕਿ 6,500 ਰੁਪਏ ਹੁਡਕੋ ਦਿੰਦਾ ਹੈ ਅਤੇ ਜੋ ਮਕਾਨ ਬਣਾ ਕੇ ਦਿੰਦੇ ਹਾਂ ਉਸ ਦੇ ਵਿੱਚ ਅਗਰ ਲੇਬਰ ਦਾ ਹਿੱਸਾ ਪਾ ਲਿਆ ਜਾਵੇ, ਲੇਬਰ ਦੇ ਜਿੰਨੇ ਪੈਸੇ ਕਿਸੇ ਦੇ ਹਿੱਸੇ ਆਉਣ ਉਹ ਪਾ ਕੇ ਅਗਰ ਉਸ ਮਕਾਨ ਨੂੰ ਹੋਰ ਵੱਡਾ ਕਰ ਦਿੱਤਾ ਜਾਵੇ ਤਾਂ ਇਹ ਚੰਗੀ ਗਲ ਹੋਵੇਗੀ ਅਤੇ ਉਹ ਗਰੀਬ ਆਦਮੀ, ਵੀਕਰ ਸੈਕਸ਼ਨਜ਼, ਲੈਂਡਲੈਸ ਜਾਂ ਹਰੀਜਨ ਅੱਛੇ ਢੰਗ ਨਾਲ ਆਪਣੀ ਜ਼ਿੰਦਗੀ ਗੁਜ਼ਾਰ ਸਕਣਗੇ ਅਤੇ ਅੱਛੇ ਢੰਗ ਨਾਲ ਉਨ੍ਹਾਂ ਮਕਾਨਾਂ ਦਾ ਫਾਇਦਾ ਉਠਾ ਸਕਣਗੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਾਊਸਿੰਗ ਬੋਰਡ ਦੀਆਂ ਪਿੰਡਾਂ ਵਿੱਚ ਕਾਲੋਨੀਆਂ ਬਣੀਆਂ ਹਨ, ਜਿਹੜੀਆਂ ਬਸਤੀਆਂ ਬਣੀਆਂ ਹਨ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]

ਉਹ ਪਿੰਡਾਂ ਤੋਂ ਦੂਰ ਹਨ। ਇਸ ਦੇ ਲਈ ਮੈਂ ਪੰਜਾਬ ਦੀ ਸਰਕਾਰ ਨੂੰ, ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪਬਲਿਕ ਵਰਕਸ ਡੀਪਾਰਟਮੈਂਟ ਉਨ੍ਹਾਂ ਨੂੰ ਪਿੰਡਾਂ ਨਾਲ ਜੋੜਨ ਲਈ ਅੈਪਰੋਚ ਰੋਡ ਬਣਾਏ ਅੋਰ ਸੜਕਾਂ ਨੂੰ ਪੱਕਾ ਕਰੇ ਤਾਕਿ ਉਹ ਲੋਕ ਉਨ੍ਹਾਂ ਦਾ ਪੂਰਾ ਫਾਇਦਾ ਉਠਾ ਸਕਣ, ਉਨ੍ਹਾਂ ਦੀ ਆਵਾਜਾਈ ਅੱਛੇ ਢੰਗ ਨਾਲ ਹੋ ਸਕੇ ਅਤੇ ਉਹ ਪੂਰਾ ਫਾਇਦਾ ਉਠਾ ਸਕਣ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਪੰਜਾਬ ਦੀ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਹਾਲੀਂ ਤਕ ਕੋਈ ਪਲਾਟ ਨਹੀਂ ਮਿਲ ਸਕੇ ਉਨ੍ਹਾਂ ਨੂੰ ਵੀ ਪਲਾਟ ਦੇਣ ਦਾ ਪ੍ਰਬੰਧ ਕੀਤਾ ਜਾਵੇ ਤਾਕਿ ਸਾਰੇ ਗਰੀਬ ਲੋਕ ਮਕਾਨਾਂ ਦੀ ਸਹੂਲਤ ਤੋਂ ਫਾਇਦਾ ਉਠਾ ਸਕਣ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹਵਾਂਗਾ ਕਿ ਜਿਥੇ ਅਸੀਂ ਪਿੰਡਾਂ ਵਿਚ ਮਕਾਨ ਬਣਾ ਕੇ, ਪਲਾਟ ਦੇ ਕੇ ਲੋਕਾਂ ਨੂੰ ਉਪਰ ਉਠਾਉਣ ਦਾ ਯਤਨ ਕਰ ਰਹੇ ਹਾਂ ਉਥੇ ਮੇਰੀ ਬੇਨਤੀ ਹੈ ਕਿ ਕਸਬਿਆਂ ਵਿੱਚ, ਸ਼ਹਿਰਾਂ ਵਿੱਚ ਵੀ ਬਹੁਤ ਗਰੀਬ ਲੋਕ ਵਸਦੇ ਹਨ, ਉਨ੍ਹਾਂ ਦੇ ਲਈ ਵੀ ਪਲਾਟਾਂ ਦਾ ਜਾਂ ਮਕਾਨਾਂ ਦਾ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ। ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਪੰਜਾਬ ਦੀ ਸਰਕਾਰ ਨੂੰ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰੀਹੈਬਿਲੀਟੇਸ਼ਨ ਡੀਪਾਰਟਮੈਂਟ ਦੀ ਜਿਹੜੀ ਜ਼ਮੀਨ ਹੈ ਉਹ ਪਿੰਡਾਂ ਵਿਚ, ਸ਼ਹਿਰਾਂ ਵਿੱਚ ਜਿਸ ਢੰਗ ਨਾਲ ਪਹਿਲੀ ਕਾਂਗਰਸ ਦੀ ਸਰਕਾਰ ਹਰੀਜਨਾਂ ਵਿੱਚ ਨੀਲਾਮ ਕਰਵਾ ਕੇ, ਬੋਲੀ ਕਰਵਾ ਕੇ ਹਰੀਜਨਾਂ ਨੂੰ ਵੇਚਦੀ ਸੀ ਉਸੇ ਢੰਗ ਨਾਲ ਹੁਣ ਵੀ ਉਹ ਜ਼ਮੀਨ ਹਰੀਜਨਾਂ ਨੂੰ ਨੀਲਾਮ ਕਰਕੇ ਹਰੀਜਨਾਂ ਨੂੰ ਹੀ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਦੀ ਮਿਆਰੇ-ਜ਼ਿੰਦਗੀ ਜੋ ਹੈ, ਉਨ੍ਹਾਂ ਦਾ ਜੋ ਸਟੇਟਸ ਹੈ, ਉਹ ਉੱਚਾ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਪੰਜਾਬ ਇਕ ਅੈਸਾ ਸੂਬਾ ਹੈ ਜਿਥੇ ਜੇ ਕਿਸੇ ਦਾ ਘਰ ਚੰਗਾ ਨਹੀਂ, ਜ਼ਮੀਨ ਚੰਗੀ ਨਹੀਂ, ਉਸ ਦੀ ਜ਼ਿੰਦਗੀ ਦਾ ਮਿਆਰ ਚੰਗਾ ਨਹੀਂ। ਇਸ ਲਈ ਮੇਰੀ ਬੇਨਤੀ ਹੈ ਪੰਜਾਬ ਦੀ ਸਰਕਾਰ ਅਗੇ ਕਿ ਰੀਹੈਬਿਲੀਟੇਸ਼ਨ ਡੀਪਾਰਟਮੈਂਟ ਦੀ ਜਿਹੜੀ ਜ਼ਮੀਨ ਹੈ ਇਹ ਹਰੀਜਨਾਂ ਵਿੱਚ ਹੀ ਨੀਲਾਮੀ ਰਾਹੀਂ, ਬੋਲੀ ਰਾਹੀਂ ਵੰਡ ਦੇਣੀ ਚਾਹੀਦੀ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿੱਚ, ਪਿੰਡਾਂ ਵਿੱਚ ਜਿਹੜੇ ਹਰੀਜਨਾਂ ਨੇ 2-2, 3-3 ਸਾਲ ਤੋਂ ਕਬਜ਼ਾ ਕਰਕੇ ਮਾੜੇ ਮੋਟੇ ਮਕਾਨ ਬਣਾਏ ਹਨ, ਉਨ੍ਹਾਂ ਨੂੰ ਥੋੜ੍ਹੀ ਕੀਮਤ ਤੇ ਉਹ ਜ਼ਮੀਨ ਕਿਸ਼ਤਾਂ ਤੇ ਦੇ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਕਰਜ਼ੇ ਵੀ ਦੇਣੇ ਚਾਹੀਦੇ ਹਨ ਤਾਕਿ ਉਹ ਆਪਣੇ ਮਕਾਨ, ਅੱਛੇ ਮਕਾਨ ਬਣਾ ਸਕਣ, ਆਪਣੀ ਜ਼ਿੰਦਗੀ ਦਾ ਪੱਧਰ ਉੱਚਾ ਕਰ ਸਕਣ ਅਤੇ ਆਪਣੀ ਅੱਛੀ ਜ਼ਿੰਦਗੀ ਬਤੀਤ ਕਰ ਸਕਣ। ਰੀਹੈਬਿਲੀਟੇਸ਼ਨ ਦੀ ਜਿਹੜੀ ਜ਼ਮੀਨ ਹੈ ਉਸ ਦੇ ਪੈਸੇ ਸਰਕਾਰ ਨੂੰ ਆਉਣਗੇ ਅਤੇ ਲੋਕ ਜਿਹੜੇ ਗਰੀਬ ਹਨ ਉਹ ਫਾਇਦਾ ਉਠਾ ਸਕਣਗੇ। ਬਹੁਤ ਸਾਰੀਆਂ ਜ਼ਮੀਨਾਂ ਵਡੇ ਵਡੇ ਲੋਕਾਂ ਦੇ ਨਜਾਇਜ਼ ਕਬਜ਼ੇ ਥੱਲੇ ਹਨ। ਉਹ ਜ਼ਮੀਨਾਂ ਉਨ੍ਹਾਂ ਵਡੇ ਵਡੇ ਲੋਕਾਂ ਤੋਂ ਪ੍ਰਾਪਤ ਕਰਕੇ ਹਰੀਜਨਾਂ ਨੂੰ, ਲੈਂਡਲੈਸ ਲੋਕਾਂ ਨੂੰ, ਵੀਕਰ ਸੈਕਸ਼ਨਜ਼ ਦੇ ਸਾਰੇ ਲੋਕ ਜੋ ਹਨ ਉਨ੍ਹਾਂ ਨੂੰ ਉਹ ਦਿਓ ਤਾਂਕਿ ਅਸੀਂ ਸਹੀ ਮਾਅਨਿਆਂ ਵਿੱਚ ਉਨ੍ਹਾਂ ਦੀ ਸੇਵਾ ਕਰ ਸਕੀਏ, ਉਨ੍ਹਾਂ ਦੀ ਜ਼ਿੰਦਗੀ ਦਾ ਜੋ ਮਿਆਰ ਹੈ, ਸਟੇਟਸ ਹੈ ਉਸ ਨੂੰ ਉੱਚਾ ਕਰ ਸਕੀਏ। ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਸ੍ਰੀ ਰਾਮ ਲਾਲ ਜੀ ਚਿੱਟੀ ਨੇ ਰਖਿਆ ਹੈ ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਪੰਜਾਬ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਉਸ ਨੇ ਵੀਕਰ ਸੈਕਸ਼ਨਜ਼ ਨੂੰ, ਗਰੀਬ ਲੋਕਾਂ ਨੂੰ ਉੱਚਾ ਉਠਾਉਣ ਲਈ ਕਦਮ ਚੁਕਿਆ ਹੈ ਅਤੇ ਪ੍ਰਧਾਨ ਮੰਤਰੀ ਜੀ ਦਾ ਜਿਹੜਾ 20-ਪੁਆਇੰਟ ਪ੍ਰੋਗਰਾਮ ਹੈ ਉਸ ਵਲ ਅਮਲੀ ਰੂਪ ਦੇਣ ਲਈ ਕਦਮ ਚੁਕਿਆ ਹੈ। ਇਸ ਦੇ ਨਾਲ ਪੰਜਾਬ ਵਿੱਚ ਹਰੀਜਨਾਂ ਵਿੱਚ, ਵੀਕਰ ਸੈਕਸ਼ਨਜ਼ ਵਿੱਚ ਖੁਸ਼ਹਾਲੀ ਆਵੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਕਾਮਰੇਡ ਸੱਘੜ ਸਿੰਘ** (ਨਿਹਾਲਸਿੰਘਵਾਲਾ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਬੋਲਣ ਲਈ ਟਾਈਮ ਦਿੱਤਾ ਹੈ। ਜਿਹੜਾ ਮਤਾ ਸ੍ਰੀ ਰਾਮ ਲਾਲ ਜੀ ਚਿੱਟੀ ਨੇ ਲਿਆਂਦਾ ਹੈ ਉਹ ਬੜਾ ਚੰਗਾ ਮਤਾ ਹੈ ਪਰ ਮੈਂ ਇਸ ਪਾਸੇ ਸਰਕਾਰ ਦਾ ਧਿਆਨ ਲਿਆਉਣਾ ਚਾਹੁੰਦਾ ਹਾਂ ਕਿ ਜਿਹੜਾ ਮਤਾ ਹਾਉਸ ਵਿੱਚ ਲਿਆਉਣਾ ਹੈ ਜਾਂ ਕੋਈ ਗਲ ਕਹਿਣੀ ਹੈ ਤਾਂ ਉਸ ਉਤੇ ਅਮਲ ਹੋਣਾ ਬੜਾ ਜ਼ਰੂਰੀ ਹੈ। ਸਾਡੀ ਸਰਕਾਰ ਬੜੇ ਚਿਰਾਂ ਤੋਂ ਕਹਿੰਦੀ ਆਈ ਹੈ ਕਿ ਜਿਹੜੇ ਮਜ਼ਦੂਰ ਹਨ ਉਨ੍ਹਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣਾ ਹੈ, ਪੰਜ ਕਿਲੇ ਜ਼ਮੀਨ ਦੇ ਮਾਲਕ ਬਣਾਉਣਾ ਹੈ। ਪੰਜ ਕਿਲੇ ਤਾਂ ਨਹੀਂ ਦਿੱਤੇ, ਹੁਣ ਚਾਰ ਮਰਲੇ ਤੇ ਗੱਲ ਆ ਗਈ ਹੈ ਪਰ ਉਹ ਚਾਰ ਮਰਲੇ ਵੀ ਨਹੀਂ ਦਿੱਤੇ ਗਏ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿੱਚ ਇਹ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਜਦੋਂ ਪਲਾਟਾਂ ਦਾ ਸਵਾਲ ਉਠਿਆ ਸੀ ਤਾਂ ਉਸ ਵੇਲੇ ਪੰਜਾਬ ਵਿੱਚ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਸੀ ਅਤੇ ਉਸ ਸਰਕਾਰ ਵਿੱਚ ਭੈਣ ਗੁਰਬਿੰਦਰ ਕੌਰ ਇਸ ਦੇ ਮਨਿਸਟਰ ਹੁੰਦੇ ਸੀ। ਮੈਂ ਉਸ ਵੇਲੇ ਵੀ ਇਹ ਗੱਲ ਕਹੀ ਸੀ ਕਿ ਜਿਹੜੇ ਤੁਸੀਂ ਕਹਿੰਦੇ ਹੋ ਕਿ 3 ਲੱਖ 25 ਹਜ਼ਾਰ ਪਲਾਟ ਲੋਕਾਂ ਨੂੰ ਦੇ ਦਿੱਤੇ ਹਨ ਅਤੇ ਮੈਂ ਆਪਣੇ ਵਲੋਂ ਦਾਅਵੇ ਨਾਲ ਕਿਹਾ ਸੀ ਕਿ ਜੇ 1 ਲੱਖ ਵੀ ਤੁਸੀਂ ਸਾਬਤ ਕਰ ਦਿਓ ਕਿ ਸਾਰੇ ਪੰਜਾਬ ਵਿੱਚ ਦਿੱਤੇ ਹਨ ਤਾਂ ਮੈਂ ਆਪਣਾ ਗੁਨਾਹ ਮੰਨਾਂਗਾ ਕਿ ਮੈਂ ਗਲਤ ਗੱਲ ਕਹੀ ਸੀ। ਅੱਜ ਵੀ, ਡਿਪਟੀ ਸਪੀਕਰ ਸਾਹਿਬ, ਪਲਾਟਾਂ ਦੀ ਜਿਹੜੀ ਗੱਲ ਹੈ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਪਲਾਟ ਉਨ੍ਹਾਂ ਲੋਕਾਂ ਨੂੰ ਨਹੀਂ ਮਿਲ ਰਹੇ। ਅਸੀਂ ਪਿੰਡਾਂ ਦੇ ਰਹਿਣ ਵਾਲੇ ਹਾਂ ਅਤੇ ਸਾਨੂੰ ਇਕੱਲੇ ਇਕੱਲੇ ਪਿੰਡ ਦਾ ਪਤਾ ਹੈ, ਇਕੱਲੇ ਇਕੱਲੇ ਪਿੰਡ ਨੂੰ ਅਸੀਂ ਜਾਣਦੇ ਹਾਂ। ਜੇ ਉਸ ਵੇਲੇ ਅਸੀਂ ਕਿਹਾ ਸੀ ਕਿ ਛੱਪੜਾਂ ਵਿੱਚ ਪਲਾਟ ਹਨ ਤਾਂ ਹੁਣ ਵੀ ਛੱਪੜਾਂ ਵਿੱਚ ਹਨ। ਜੇ ਉਸ ਵੇਲੇ ਕਿਹਾ ਸੀ ਕਿ ਸਿਵਿਆਂ ਵਿੱਚ ਹਨ ਤਾਂ ਹੁਣ ਵੀ ਸਿਵਿਆਂ ਵਿਚ ਹਨ ਉਨ੍ਹਾਂ ਵਿਚ ਕੋਈ ਤਬਦੀਲੀ ਨਹੀਂ ਹੋਈ। ਪਿੰਡਾਂ ਵਾਲਿਆਂ ਨੂੰ ਪਲਾਟ ਦੇਣੇ ਹਨ, ਇਹ ਚੰਗੀ ਗੱਲ ਹੈ ਪਰ ਅਫ਼ਸੋਸ ਕਿ ਇਸ ਗਲ ਤੇ ਅਮਲ ਨਹੀਂ ਹੈ। ਇਸ ਤੋਂ ਇਲਾਵਾ ਮੈਂ ਕਹਿੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਕਿਉਂ ਨਾ ਦਿਤੇ ਜਾਣ, ਉਥੇ ਵੀ ਦੇਣੇ ਚਾਹੀਦੇ ਹਨ। ਸ਼ਹਿਰਾਂ ਵਿਚ ਸਰਕਾਰ ਜ਼ਮੀਨ ਹੀ ਨਹੀਂ ਲੈ ਸਕਦੀ। ਉਥੇ ਦਾ ਜਿਹੜਾ ਵੀਕਰ ਸੈਕਸ਼ਨ ਹੈ, ਮਜ਼ਦੂਰ ਹੈ ਉਹ ਵੇਖਦਾ ਹੈ ਅਤੇ ਕਹਿੰਦਾ ਹੈ ਕਿ ਉਸ ਦੇ ਨਾਲ ਵਿਤਕਰਾ ਹੋ ਰਿਹਾ ਹੈ। ਹੁਣੇ ਚੌਧਰੀ ਜਗਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਲੋਕਾਂ ਦੀਆਂ ਸੋਸਾਇਟੀਆਂ ਬਣਾਈਆਂ ਸਨ, ਪਲਾਟ ਦੇਣ ਲਈ ਉਨ੍ਹਾਂ ਤੋਂ 25 ਰੁਪਏ ਜਮ੍ਹਾਂ ਕਰਵਾਏ ਗਏ ਸਨ ਪਰ ਉਹ ਸੋਸਾਇਟੀਆਂ ਪਤਾ ਨਹੀਂ ਕਿਥੇ ਹਨ। ਠੀਕ ਹੈ ਅਗਰ ਅਕਾਲੀ ਭਰਾ ਉਸ ਦੇ ਹੱਕ ਵਿਚ ਨਹੀਂ ਸਨ ਤਾਂ ਹੁਣ ਤਾਂ ਕਾਂਗਰਸ ਦੀ ਸਰਕਾਰ ਆ ਗਈ ਹੈ, ਉਨ੍ਹਾਂ ਸੋਸਾਇਟੀਆਂ ਨੂੰ ਪਲਾਟ ਮਿਲਣੇ ਚਾਹੀਦੇ ਹਨ।

ਡਿਪਟੀ ਸਪੀਕਰ ਸਾਹਿਬ, ਬਾਕੀ ਜਿੰਨੇ ਮਨਿਸਟਰ ਹਨ ਉਹ ਬਘਿਆੜ ਬਣਦੇ ਜਾਂਦੇ ਹਨ ਔਰ ਸਾਡੇ ਮਨਿਸਟਰ ਨੂੰ ਪਤਾ ਨਹੀਂ ਡਰਾਉਂਦੇ ਰਹਿੰਦੇ ਹਨ, ਉਹ ਦਿਨੋ ਦਿਨ ਸੁਕਦਾ ਜਾਂਦਾ ਹੈ।

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਆਪਣੇ ਪਿੰਡਾਂ ਦੀ ਗੱਲ ਕਰਦਾ ਹਾਂ। ਪਿੰਡਾਂ ਦੀ ਸਹਿਤੇ ਹੈ, ਤੁਸੀਂ ਮੌਕੇ ਤੇ ਜਾ ਕੇ ਵੇਖੋ ਉਥੇ ਛੱਪੜਾਂ ਵਿਚ ਜਗ੍ਹਾ ਦਿਤੀ ਹੈ। ਉਥੇ ਲੋਕਾਂ ਨੇ ਲੈਣ ਤੋਂ ਇਤਰਾਜ਼ ਕੀਤਾ ਔਰ ਕਿਹਾ ਕਿ ਸਰਕਾਰ ਪਲਾਟ ਨਹੀਂ ਦੇ ਰਹੀ ਬਲਿਕ ਮਖੌਲ ਕਰ ਰਹੀ ਹੈ। ਜਿਥੇ ਜਗ੍ਹਾ ਚਾਹੀਦੀ ਸੀ ਉਥੇ ਮਿਲੀ ਨਹੀਂ ਔਰ ਜਿਥੇ ਦਿਤੀ ਹੈ ਉਹ ਬਹੁਤ ਦੂਰ ਹੈ। ਇਸ ਤਰ੍ਹਾਂ ਪਿੰਡ ਹਿੰਮਤਪੁਰਾ, ਭਾਗੋਕੇ ਅਤੇ ਨਿਹਾਲਸਿੰਘਵਾਲਾ ਹੈ, ਉਥੇ ਦੇ ਪਿੰਡਾਂ ਦੇ ਪਲਾਟਾਂ ਦਾ ਮਸਲਾ ਹੱਲ ਨਹੀਂ ਹੋਇਆ। ਡਿਪਟੀ ਸਪੀਕਰ ਸਾਹਿਬ, ਜਿਹੜੇ ਮਕਾਨ ਸਰਕਾਰ ਬਣਾ ਕੇ ਦੇਣ ਜਾ ਰਹੀ ਹੈ ਮੈਂ ਕਹਿੰਦਾ ਹਾਂ ਕਿ ਜੇਕਰ ਸਰਦਾਰ ਬੀਰਪਾਲ ਸਿੰਘ ਜੀ ਉਥੇ ਉਦ-ਘਾਟਨ ਕਰਨ ਚਲੇ ਜਾਣ ਤਾਂ ਉਹ ਉਨ੍ਹਾਂ ਦਰਵਾਜ਼ਿਆਂ ਵਿਚੋਂ ਨਿਕਲ ਵੀ ਨਹੀਂ ਸਕਣਗੇ। ਇਨ੍ਹਾਂ ਦਾ ਡਿਜ਼ਾਈਨ ਚੇਂਜ ਕਰਕੇ ਆਬੋਹਵਾ ਦੇ ਹਿਸਾਬ ਨਾਲ ਖੁਲ੍ਹੇ ਮਕਾਨ ਬਣਾਉਣੇ ਚਾਹੀਦੇ ਹਨ। ਇਥੇ ਕਹਿੰਦੇ ਹਨ ਕਿ ਹਾਊਸਿੰਗ ਬੋਰਡ ਦੇ ਮਕਾਨ ਬਣ ਰਹੇ ਹਨ। ਮੇਰੀ ਭੈਣ ਹੋ ਸਕਦਾ ਹੈ ਕਿ ਬੋਲਦਿਆਂ ਦੱਸਣ ਕਿ ਕਿੰਨੇ ਮਕਾਨ ਬਣੇ ਹੋਏ ਹਨ ਔਰ ਕਿੰਨੇ ਹੁਣ ਤਕ ਖੇਤ ਮਜ਼ਦੂਰਾਂ ਨੂੰ ਦਿਤੇ ਗਏ ਹਨ। ਗਿਆਨੀ ਜੀ ਦੇ ਵੇਲੇ ਦੇ ਜਿਹੜੇ ਮਕਾਨ ਬਣੇ ਸਨ ਜਾਂ ਪਲਾਟ ਦਿੱਤੇ ਸਨ ਉਹ ਤਾਂ ਸਾਡੀਆਂ ਉਂਗਲਾਂ ਤੇ ਗਿਣੇ ਹੋਏ ਹਨ। ਇਹ ਦੱਸਣ ਕਿ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਜਦੋਂ ਦੀ ਆਈ ਹੈ ਉਸ ਨੇ ਕਿੰਨੇ ਮਕਾਨ ਅਤੇ ਪਲਾਟ ਦਿਤੇ ਹਨ ? ਇਹ ਇਸ ਬਾਰੇ ਜ਼ਰੂਰ ਚਾਨਣਾ ਪਾਉਣ। ਸਾਨੂੰ ਵੀ ਇਸ ਬਾਰੇ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਵਿਚ ਕੁਝ ਹੋ ਰਿਹਾ ਹੈ ਜਾਂ ਨਹੀਂ। ਗਿਆਨੀ ਜੀ ਵੇਲੇ ਕਿਹਾ ਗਿਆ ਸੀ ਕਿ 3 ਲੱਖ 25 ਹਜ਼ਾਰ ਪਲਾਟ ਦਿਤੇ ਗਏ, ਅੱਜ ਪੜਤਾਲ ਕਰਕੇ ਦੇਖ ਲੈਣ ਸਾਬਤ ਹੋ ਜਾਏਗਾ। ਉਹ ਗਲ ਗਲ਼ਤ ਸੀ ਔਰ ਉਹ 325 ਤੋਂ ਜ਼ਿਆਦਾ ਨਹੀਂ ਸਨ। ਮੈਂ ਇਹ ਕਹਿੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਪਲਾਟ ਦਿਤੇ ਜਾਣ ਔਰ ਪਿੰਡਾਂ ਵਿਚ ਜਿਥੇ ਨਹੀਂ ਵੰਡੇ ਗਏ ਉਥੇ ਵੰਡੇ ਜਾਣ। ਨਾ ਬੀ.ਡੀ.ਓ. ਫੈਸਲਾ ਕਰਦਾ ਹੈ, ਨਾ ਪੰਚਾਇਤ ਨੂੰ ਇਜਾਜ਼ਤ ਦਿੰਦੇ ਹਨ, ਨਾ ਉਨ੍ਹਾਂ ਨੂੰ ਕੋਈ ਰੈਜ਼ੋਲਿਊਸ਼ਨ ਪਾਉਣ ਦਿੰਦੇ ਹਨ। ਡਿਪਟੀ ਸਪੀਕਰ ਸਾਹਿਬ, ਸਾਡੇ ਹਰੀਜਨ ਭਰਾਵਾਂ ਵਾਸਤੇ ਜਿਥੇ ਅਸੀਂ ਚਾਹੁੰਦੇ ਹਾਂ ਕਿ ਉਹ ਵੀ ਉਪਰ ਉਠਣ, ਉਨ੍ਹਾਂ ਦੇ ਵਿਆਹ ਸ਼ਾਦੀਆਂ ਵਾਸਤੇ ਥਾਵਾਂ ਬਣਾਈਆਂ ਜਾਣ ਜਿਥੇ ਉਹ ਫੰਕਸ਼ਨ ਕਰਨ। ਮੈਂ ਪਹਿਲੇ ਸੈਸ਼ਨ ਵਿਚ ਸੁਆਲ ਕੀਤਾ ਸੀ ਕਿ ਵਿਆਹ ਸ਼ਾਦੀਆਂ ਦੇ ਮੌਕੇ ਤੇ ਉਨ੍ਹਾਂ ਨੂੰ ਖੰਡ ਮਿਲਨੀ ਚਾਹੀਦੀ ਹੈ ਪਰ ਉਹ ਨਹੀਂ ਮਿਲੀ। ਫਿਰ ਸ਼ਾਇਦ ਕਿਤੇ ਸਰਕਾਰ ਦੇ ਮਨ ਵਿਚ ਆਇਆ ਅਤੇ ਕੁੜੀ ਦੇ ਵਿਆਹ ਤੇ ਇਕ ਬੋਰੀ ਅਤੇ ਮੁੰਡੇ ਦੇ ਵਿਆਹ ਤੇ ਸਵਾ ਮਣ ਮਿਲਣ ਲਗ ਪਈ ਔਰ ਉਹ ਵੀ ਚਾਰ ਮਹੀਨੇ ਬਾਅਦ ਫਿਰ ਬੰਦ ਕਰ ਦਿਤੀ। ਉਹ ਗਰੀਬ ਲੋਕ ਹਨ, ਉਨ੍ਹਾਂ ਨੂੰ ਹਰ ਕਿਸਮ ਦੀ ਸਹੂਲਤ ਚਾਹੀਦੀ ਹੈ।

ਦੂਸਰੀ ਗੱਲ ਇਹ ਹੈ ਕਿ ਪਿੰਡਾਂ ਵਿਚ ਗਲੀਆਂ ਨਾਲੀਆਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰ ਨੇ ਪਾਲਿਸੀ ਬਣਾਈ ਕਿ ਜਿਹੜੇ ਬੇਜ਼ਮੀਨੇ ਹਨ ਜਾਂ ਖੇਤ ਮਜ਼ਦੂਰ ਹਨ ਉਨ੍ਹਾਂ ਦੇ ਵਿਹੜਿਆਂ ਤੋਂ ਪਹਿਲਾਂ ਕੰਮ ਸ਼ੁਰੂ ਕੀਤਾ ਜਾਏ। ਬੜੀ ਚੰਗੀ ਗੱਲ ਹੈ ਪਰ ਜਿਥੇ ਜਿਥੇ ਗਲੀਆਂ ਨਾਲੀਆਂ ਪੱਕੀਆਂ ਬਣ ਰਹੀਆਂ ਹਨ ਉਥੇ ਕੁਝ ਲੋਕ ਪਾਣੀ ਦਾ ਨਿਕਾਸ ਨਹੀਂ ਹੋਣ ਦਿੰਦੇ। ਹਿੰਮਤਪੁਰੇ ਪਿੰਡ ਵਿਚ ਮਜ਼ਦੂਰਾਂ ਦੇ ਮੁਹੱਲਿਆਂ ਵਿਚ ਗਲੀਆਂ ਦੇ ਸਾਹਮਣੇ ਵਾਲੀ ਜਗ੍ਹਾ ਤੇ ਖੰਬੇ ਲਾ ਦਿੱਤੇ, ਖਬੜ ਲਾ ਦਿਤਾ। ਉਹ ਲੋਕ ਕਹਿੰਦੇ ਹਨ ਕਿ ਜਿਥੇ ਮਰਜ਼ੀ ਪਾਣੀ ਕੱਢੋ ਸਾਡੇ ਛੱਪੜ ਵਿਚ ਪਾਣੀ ਨਹੀਂ ਪਾਉਣਾ। ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਗਲੀਆਂ ਨਾਲੀਆਂ ਪੱਕੀਆਂ ਕਰ ਰਹੇ ਹਨ ਚੰਗੀ ਗੱਲ ਹੈ ਪਰ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਕਈ ਪਿੰਡਾਂ ਦਾ ਪਾਣੀ ਰੁਕਿਆ ਪਿਆ ਹੈ ਛੱਪੜ ਵਿਚ ਉਹ ਨਹੀਂ ਪਾਉਣ ਦਿੰਦੇ ਔਰ ਨਾ ਹੀ ਖੇਤਾਂ ਵਿਚ

Original with;
Punjab Vidhan Sabha
Digitized by;
Panjab Digital Library

ਪਾਉਣ ਦਿੰਦੇ ਹਨ ਪਰ ਕਿਤੇ ਤਾਂ ਨਿਕਲਣਾ ਚਾਹੀਦਾ ਹੈ । ਜਦੋਂ ਇਹ ਭਲਾਈ ਦੇ ਕੰਮ ਹੋ ਰਹੇ ਹਨ ਤਾਂ ਸ਼ਾਮ ਲਾਤ ਜਗ੍ਹਾ ਤੇ ਵੀ ਉਨ੍ਹਾਂ ਦਾ ਅਧਿਕਾਰ ਹੋਣਾ ਚਾਹੀਦਾ ਹੈ ਤਾਂਕਿ ਉਹ ਆਪਣੀ ਰਹਿਣੀ ਸਹਿਣੀ ਅੱਛੀ ਤਰ੍ਹਾਂ ਕਰ ਸਕਣ। ਡਿਪਟੀ ਸਪੀਕਰ ਸਾਹਿਬ, ਇਥੇ ਸਰਵੇ ਕਰਾਇਆ ਗਿਆ ਔਰ 48% ਲੋਕ ਗਰੀਬੀ ਦੀ ਰੇਖਾ ਤੋਂ ਥਲੇ ਹਨ। ਹੋਇਆ ਕੀ ਕਿ ਜਿਹੜਾ ਭੰਗੀ ਹੈ ਸਭ ਤੋਂ ਭੈੜਾ ਕੰਮ ਕਰਦਾ ਹੈ, ਉਸ ਦੀ ਵੇਖ ਲਵੋ ਕੀ ਜੂਨ ਹੈ। ਅਗਰ ਉਸਦੀ ਇਨਕਮ ਵੇਖੀਏ ਤਾਂ ਉਸ ਦਾ ਵੀ ਕਾਰਡ ਨਹੀਂ ਬਣ ਸਕਦਾ। ਉਸ ਦੀ ਤਨਖਾਹ ਅਗਰ 350 ਰੁਪਏ ਮਹੀਨਾ ਹੈ ਤਾਂ ਇਸ ਤਰ੍ਹਾਂ ਉਸਦੀ ਸਾਲ ਦੀ ਆਮਦਨ 3,600 ਰੁਪਏ ਤੋਂ ਉਪਰ ਹੋ ਜਾਂਦੀ ਹੈ। ਪਰ ਇਸ ਪਾਸੇ ਸਰਕਾਰ ਨੇ ਧਿਆਨ ਨਹੀਂ ਦਿਤਾ। ਤੁਸੀਂ ਵੇਖੋ ਕਿ 3,600 ਰੁਪਏ ਕਿਸ ਘਰ ਦੀ ਇਨਕਮ ਹੋਵੇਗੀ। ਅਗਰ ਸਾਰੇ ਸੋਰਸਿਜ਼ ਨੂੰ ਲਿਆ ਜਾਵੇ; ਹਾਂ ਅਗਰ ਕੋਈ ਠੱਗੀ ਠੋਰੀ ਮਾਰ ਜਾਏ ਤਾਂ ਹੋਰ ਗੱਲ ਹੈ । ਅਗਰ ਉਹ ਕਿਸੇ ਬਲਾਕ ਅਫਸਰ ਨੂੰ ਜਾਂ ਗਰਾਮ ਸੇਵਕ ਨੂੰ ਅਪਰੋਚ ਕਰ ਲਵੇ ਤਾਂ ਸ਼ਾਇਦ ਬਣ ਜਾਵੇ ਵੈਸੇ ਨਹੀਂ । ਸਰਕਾਰ ਨੂੰ ਚਾਹੀਦਾ ਸੀ ਕਿ 3,600 ਰੁਪਏ ਤੋਂ ਵਧਾ ਕੇ ਇਹ ਹੱਦ ਛੇ ਹਜ਼ਾਰ ਰੁਪਏ ਕਰਦੀ ਤਾਂ ਕਿ ਗਰੀਬ ਲੋਕ ਫਾਇਦਾ ਉਠਾ ਸਕਦੇ। ਜੋ ਸਰਕਾਰ ਨੇ ਪਾਲਿਸੀ ਦਿਤੀ ਹੈ ਇਹ ਪਾਲਿਸੀ ਮੈਟਰ ਕਦੇ ਮਾੜੇ ਨਹੀਂ ਹੁੰਦੇ, ਜੇ ਮਾੜੇ ਹੋਣ ਤਾਂ ਚੈਲੰਜ ਹੋ ਜਾਂਦੇ ਹਨ ਪਰ ਇਨ੍ਹਾਂ ਤੇ ਜਦੋਂ ਅਮਲ ਨਹੀਂ ਹੁੰਦਾ ਤਾਂ ਇਹ ਮਾੜੇ ਹੋ ਜਾਂਦੇ ਹਨ। ਪਨਸਪ ਦੀਆਂ ਦੁਕਾਨਾਂ ਖੋਲ੍ਹੀਆਂ ਸਨ ਪਿੰਡਾਂ ਵਿਚ ਹਰ ਲੋੜ ਦੀਆਂ ਚੀਜ਼ਾਂ ਦੇਣ ਲਈ ਪਰ ਉਹ ਸਾਰੀਆਂ ਬੰਦ ਹੋ ਗਈਆਂ ਹਨ। ਮੁਲਾਜ਼ਮ ਸਾਰੇ ਬੇਕਾਰ ਹੋ ਗਏ ਹਨ। ਅੱਜ ਕਿਸੇ ਗਰੀਬ ਨੂੰ ਚਾਰ ਦਾਣਿਆਂ ਤੋਂ ਸਿਵਾਏ ਕੁਝ ਨਹੀਂ ਮਿਲਦਾ ਨਾ ਆਟਾ, ਨਾ ਦਾਲਾਂ, ਔਰ ਨਾ ਕੱਪੜਾ। ਜਿਹੜਾ ਕੱਪੜਾ ਆਉਂਦਾ ਹੈ ਉਸ ਵਿਚੋਂ ਚੰਗੇ ਕਪੜੇ ਦੇ ਥਾਨ ਪਹਿਲਾਂ ਹੀ ਦੁਕਾਨਾਂ ਵਾਲਿਆਂ ਨਾਲ ਮਿਲ ਕੇ ਲੈ ਜਾਂਦੇ ਹਨ ਔਰ ਗਰੀਬ ਲੋਕੀਂ ਕੋਈ ਫਾਇਦਾ ਨਹੀਂ ਉਠਾ ਰਹੇ ਉਨ੍ਹਾਂ ਕੋਆਪ੍ਰੇਟਿਵ ਸੋਸਾਇਟੀਆਂ ਤੋਂ । ਪਨਸਪ ਦੀਆਂ ਦੁਕਾਨਾਂ ਬੰਦ ਹੋ ਰਹੀਆਂ ਹਨ । ਇਸ ਪਾਸੇ ਵੀ ਡਿਪਟੀ ਸਪੀਕਰ ਸਾਹਿਬ, ਧਿਆਨ ਦੇਣਾ ਬੜਾ ਜ਼ਰੂਰੀ ਹੈ। ਅੱਜ ਖੇਤ ਮਜ਼ਦੂਰ ਅਪਣੀ ਉਜਰਤ ਲਈ ਤਰਲੇ ਮਾਰਦਾ ਹੈ, ਜਿਹੜੀ ਕਿ ਸਰਕਾਰ ਨੇ ਮਨਜ਼ੂਰ ਕੀਤੀ ਹੈ ਉਹ ਲਾਗੂ ਹੋ ਜਾਵੇ। ਇਥੇ ਚੌਧਰੀ ਸਾਹਿਬ ਨੇ ਕਹਿ ਦਿਤਾ ਕਿ 12 ਇਨਸਪੈਕਟਰ ਲਾਏ ਹਨ । ਪਤਾ ਲੱਗਿਆ ਹੈ ਕਿ ਐਗਰੀਕਲਚਰ ਦੇ 12 ਇਨਸਪੈਕਟਰ ਹਨ । ਖੇਤ ਮਜ਼ਦੂਰ ਦੀ ਉਜਰਤ ਨਿਯਤ ਕਰਨ ਅਤੇ ਲਾਗੂ ਕਰਨ ਵਾਸਤੇ ਜਿਥੇ ਕਿਸਾਨ ਅਤੇ ਮਜ਼ਦੂਰ ਦਾ ਸੀਰੀ ਦੇ ਤੌਰ ਤੇ ਜਾਂ ਦਿਹਾੜੀਏ ਦੇ ਤੌਰ ਤੇ ਸਬੰਧ ਹੈ ਅਤੇ ਉਨ੍ਹਾਂ ਦਾ ਝਗੜਾ ਹੁੰਦਾ ਹੈ ਉਸ ਨੂੰ ਦੂਰ ਕਰਨ ਲਈ ਅਜੇ ਤਕ ਕੋਈ ਕਦਮ ਸਰਕਾਰ ਵਲੋਂ ਨਹੀਂ ਚੁਕਿਆ ਗਿਆ। ਇਕ ਦਿਨ ਮੀਟਿੰਗ ਵਿਚ ਇਹ ਸਵਾਲ ਉਠਾਇਆ ਗਿਆ ਸੀ ਉਥੇ ਵੀ ਚੌਧਰੀ ਸਾਹਿਬ ਇਸੇ ਤਰ੍ਹਾਂ ਕਹਿ ਕੇ ਟਾਲ ਆਏ ਸਨ। ਪਰ ਹੁਣ ਪਤਾ ਲੱਗਾ ਹੈ ਕਿ ਜਿਥੇ ਅਸੀਂ ਇਹ ਮੰਗ ਕਰਦੇ ਹਾਂ ਕਿ ਹਰ ਜ਼ਿਲ੍ਹੇ ਵਿਚ ਇਸਦਾ ਸੈਲ ਹੋਣਾ ਚਾਹੀਦਾ ਹੈ, ਉਥੇ ਹਰ ਤਹਿਸੀਲ ਵਿਚ ਅਤੇ ਹਰ ਬਲਾਕ ਵਿਚ ਵੀ ਇਹ ਹੋਣਾ ਚਾਹੀਦਾ ਹੈ ਤਾਂਕਿ ਪਿੰਡਾਂ ਦੇ ਲੋਕਾਂ ਨੂੰ ਪਤਾ ਲਗੇ ਕਿ ਜੇ ਕਿਸਾਨ ਨਾਲੋਂ ਮਜ਼ਦੂਰ ਹੱਟ ਜਾਂਦਾ ਹੈ ਤਾਂ ਉਸਦਾ ਫੈਸਲਾ ਇਸ ਤਰ੍ਹਾਂ ਕੀਤਾ ਜਾਵੇ । ਜੋ ਸਰਕਾਰ ਉਜਰਤ ਨਿਯਤ ਕਰਦੀ ਹੈ ਉਹ ਕਿਸਾਨ ਨਹੀਂ ਦਿੰਦਾ। ਸਰਕਾਰੀ ਤੌਰ ਤੇ ਇਨਸਪੈਕਟਰ ਦੱਸਣ ਕਿ ਸਰਕਾਰ ਦੀ ਇਸ ਸਬੰਧੀ ਇਹ ਪਾਲਿਸੀ ਹੈ, ਇਸਦੇ ਮੁਤਾਬਿਕ ਕਿਸਾਨ ਵੀ ਉਜਰਤ ਦੇਣੀ ਮੰਨੇ ਅਤੇ ਮਜ਼ਦੂਰ ਵੀ ਉਸ ਨੂੰ ਲੈਣ ਲਈ ਮੰਨੇ। ਪਰ ਇਸ ਚੀਜ਼ ਦੀ ਕੋਈ ਪਬਲਿਸਿਟੀ ਨਹੀਂ ਹੈ। ਕੋਈ ਅਫਸਰ ਇਸ ਕੰਮ ਲਈ ਨਹੀਂ ਲਗਾਇਆ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸੱਘੜ ਸਿੰਘ]

ਗਿਆ। ਜੇ ਕਿਸਾਨ ਸੀਰੀ ਨੂੰ ਹਟਾ ਦਿੰਦਾ ਹੈ ਤਾਂ ਉਹ ਕਿਸਾਨ ਦੇ ਖੇਤ ਦੀ ਗਿਰਦਾਵਰੀ ਲੈਣ ਲਈ ਪਟਵਾਰੀ ਕੋਲ ਜਾਂਦਾ ਹੈ। ਪਟਵਾਰੀ ਤਾਂ ਕਿਸਾਨ ਨੂੰ ਲੋਟ ਨਹੀਂ ਆਉਂਦਾ ਫਿਰ ਮਜ਼ਦੂਰ ਨੂੰ ਕੀ ਲੋਟ ਆਵੇਗਾ । ਸੀਰੀ ਅਦਾਲਤ ਵਿਚ ਜਾ ਕੇ ਕੇਸ ਕਰ ਦਿੰਦਾ ਹੈ ਮਗਰੋਂ ਕਿਸਾਨ ਜਾ ਕੇ ਕੇਸ ਲੜਦਾ ਹੈ। ਮੈਂ ਕਹਿੰਦਾ ਹਾਂ ਕਿ ਕਿਉਂ ਅਦਾਲਤ ਵਿਚ ਉਨ੍ਹਾਂ ਨੂੰ ਜਾਣਾ ਪਏ। ਜੋ ਮਿਨੀਮਮ ਵੇਜਿਜ਼ ਸਰਕਾਰ ਨੇ ਮੁਕੱਰਰ ਕੀਤੀਆਂ ਹਨ ਉਸ ਵਿਚ ਵਾਧਾ ਕਰਨ ਲਈ ਅਸੀਂ ਡਿਮਾਂਡ ਕਰਦੇ ਰਹਾਂਗੇ । ਜਿਹੜੀ ਵੀ ਉਜਰਤ ਇਸ ਵੇਲੇ ਮੁਕਰਰ ਕੀਤੀ ਹੈ ਉਹ ਲਾਗੂ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਅਗਰ ਖੇਤ ਮਜ਼ਦੂਰ ਕੋਲ ਵੀ ਥੋੜੀ ਬਹੁਤ ਜ਼ਮੀਨ ਹੋਵੇ ਤਾਂ ਨਾਕਾ ਬੰਦੀਆਂ ਨਾ ਹੋਣ। ਇਹ ਕਿਉਂ ਹੁੰਦੀਆਂ ਹਨ ? ਜਦੋਂ ਕਿਸਾਨ ਦਾ ਮਜ਼ਦੂਰ ਨਾਲ ਜੱਟ, ਗੈਰ-ਜੱਟ ਦੇ ਸਵਾਲ ਤੇ ਝਗੜਾ ਹੁੰਦਾ ਹੈ, ਉਸ ਵੇਲੇ ਕਿਸਾਨ ਮਾਲਕ ਹੁੰਦਾ ਹੈ ਅਤੇ ਮਜ਼ਦੂਰ ਬੇਮਾਲਕ ਹੁੰਦਾ ਹੈ। ਕਿਸਾਨ ਮਜ਼ਦੂਰ ਨੂੰ ਕਹਿੰਦਾ ਹੈ ਕਿ ਤੂੰ ਖੇਤ ਵਿਚ ਨਹੀਂ ਆ ਸਕਦਾ। ਜੇ ਉਸ ਕੋਲ ਵੀ ਕਿੱਲਾ ਦੋ ਕਿੱਲਾ ਜ਼ਮੀਨ ਹੋਵੇ ਤਾਂ ਇਹ ਝਗੜਾ ਨਾ ਪਵੇ, ਇਹ ਬਿਮਾਰੀ ਨਾ ਪਏ। ਜੱਟ ਅਤੇ ਮਜ਼ਦੂਰ ਦਾ ਰਿਸ਼ਤਾ ਨੇੜੇ ਦਾ ਹੈ। ਮਜ਼ਦੂਰ ਆਪਣੀ ਮਿਹਨਤ ਲੈਂਦਾ ਹੈ ਅਤੇ ਕਿਸਾਨ ਆਪਣੀ ਜ਼ਮੀਨ ਦਾ ਮਾਲਕ ਹੁੰਦਾ ਹੈ, ਇਸ ਲਈ ਆਪਣਾ ਹਿੱਸਾ ਉਸ ਵਿਚੋਂ ਲੈਂਦਾ ਹੈ। ਅਗਰ ਮਜ਼ਦੂਰ ਠੇਕੇ ਤੇ ਕੰਮ ਕਰਦਾ ਹੈ ਤਾਂ ਠੇਕਾ ਲੈਂਦਾ ਹੈ। ਪਰ ਜਦੋਂ ਜੱਟ ਗੈਰ-ਜੱਟ ਦੇ ਸਵਾਲ ਤੇ ਝਗੜਾ ਉਠਦਾ ਹੈ ਫਿਰ ਦੋਵੇਂ ਲੜ ਪੈਂਦੇ ਹਨ। ਹੁਣੇ ਇਥੇ ਦਸਿਆ ਗਿਆ ਸੀ ਕਿ ਨਾਕਾਬੰਦੀਆਂ ਰੋਕਣ ਲਈ ਇਥੇ ਰੈਜ਼ੋਲਿਊਸ਼ਨ ਵੀ ਪਾਸ ਹੋਇਆ ਸੀ ਪਰ ਕੋਈ ਕਾਨੂੰਨ ਅਜੇ ਤਕ ਇਸ ਸਬੰਧੀ ਨਹੀਂ ਬਣਿਆ। ਗਿਆਨੀ ਜ਼ੈਲ ਸਿੰਘ ਦੀ ਸਰਕਾਰ ਵੇਲੇ ਇਹ ਰੈਜ਼ੋਲਿਊਸ਼ਨ ਆਇਆ ਸੀ। 104 ਮੈਂਬਰਾਂ ਦੀ ਅਸੈਂਬਲੀ ਨੇ ਉਸਨੂੰ ਪ੍ਰਵਾਨ ਕਰਕੇ ਸੈਂਟਰ ਨੂੰ ਭੇਜ ਦਿੱਤਾ ਸੀ। ਪਰ ਉਸਤੇ ਕੋਈ ਐਕਸ਼ਨ ਨਹੀਂ ਹੋਇਆ। ਅੱਜ ਉਸੇ ਤਰ੍ਹਾਂ ਨਾਕਾਬੰਦੀਆਂ ਹੁੰਦੀਆਂ ਹਨ। ਅਸੀਂ ਕਹਿੰਦੇ ਹਾਂ ਕਿ ਸਰਕਾਰ ਇਸ ਪਾਸੇ ਧਿਆਨ ਦੇ ਕੇ ਕਾਨੂੰਨ ਬਣਾਏ। ਜੇ ਕਿਸਾਨ ਗਲਤੀ ਕਰਦਾ ਹੈ ਤਾਂ ਉਸਨੂੰ ਸਜ਼ਾ ਮਿਲੇ ਅਤੇ ਜੇ ਮਜ਼ਦੂਰ ਗਲਤੀ ਕਰਦਾ ਹੈ ਤਾਂ ਉਸਨੂੰ ਸਜ਼ਾ ਮਿਲੇ। ਕਾਨੂੰਨ ਸਭ ਲਈ ਇਕੋ ਜਿਹਾ ਹੋਣਾ ਚਾਹੀਦਾ ਹੈ ਤਾਂਕਿ ਕਿਸੇ ਨੂੰ ਵੀ ਸੋਸ਼ਲ ਬਾਈਕਾਟ ਕਰਨ ਦਾ ਹੌਸਲਾ ਨਾ ਹੋਵੇ। ਡਿਪਟੀ ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਜੋ ਖੇਤ ਮਜ਼ਦੂਰ ਹਨ ਉਨ੍ਹਾਂ ਦੀ ਗਿਣਤੀ ਇਥੇ ਦੱਸ ਦਿੰਦੇ ਹਨ। ਪੰਜਾਬ ਦੇ ਖੇਤ ਮਜ਼ਦੂਰਾਂ ਦੀ ਗਿਣਤੀ ਵੀ ਕਿਤੇ ਕਿਤੇ ਦੱਸ ਦਿੱਤੀ ਜਾਂਦੀ ਹੈ। ਇਤਨੇ ਮਜ਼ਦੂਰ ਐਸੇ ਹਨ ਜਿਹੜੇ ਬੇਜ਼ਮੀਨੇ ਹਨ। ਜਦੋਂ ਜੱਟ ਅਤੇ ਮਜ਼ਦੂਰ ਦਾ ਝਗੜਾ ਚਲਦਾ ਹੈ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਪੁਲਿਸ ਮਜ਼ਦੂਰ ਦੇ ਹੱਕ ਵਿੱਚ ਨਹੀਂ ਜਾਂਦੀ। ਪੁਲਿਸ ਕਿਸਾਨ ਦੇ ਹੱਕ ਵਿੱਚ ਖੜ੍ਹਦੀ ਹੈ। ਇਸੇ ਤਰ੍ਹਾਂ ਕਾਰਖਾਨੇ ਵਿਚ ਮਜ਼ਦੂਰ ਆਪਣਾ ਕੋਈ ਡੀਮਾਂਡ ਰਖਦਾ ਹੈ ਤਾਂ ਉਸਦੇ ਖਿਲਾਫ ਲਾਠੀ ਚਾਰਜ ਅਤੇ ਅਥਰੂ ਗੈਸ ਚਲਾਏ ਜਾਂਦੇ ਹਨ ਡਾਂਗਾਂ ਤਾਂ ਮਾਮੂਲੀ ਗੱਲਾਂ ਹਨ। ** ** ** ਡਿਪਟੀ ਸਪੀਕਰ ਸਾਹਿਬ, ਚਿੱਟੀ ਸਾਹਿਬ ਨੇ ਜੋ ਰੈਜ਼ੋਲਿਊਸ਼ਨ ਲਿਆਂਦਾ ਹੈ ਇਸ ਤੇ ਕੁਝ ਨਾ ਕੁਝ ਅਮਲ ਜ਼ਰੂਰ ਕਰਾਉਣ। ਅਖਬਾਰਾਂ ਵਿਚ ਤਾਂ ਸਵੇਰੇ ਇਸ ਬਾਰੇ ਆ ਜਾਣਾ ਹੈ। ਸ਼ਾਇਦ ਰਾਤ ਨੂੰ ਰੇਡੀਓ ਵੀ ਬੋਲੇ ਕਿ ਚਿੱਟੀ ਸਾਹਿਬ ਨੇ ਰੇਜ਼ੋਲਿਊਸ਼ਨ ਲਿਆਂਦਾ ਜਿਸਦੀ ਕੋਈ ਵਿਰੋਧਤਾ ਨਹੀਂ ਕੀਤੀ ਗਈ। ਇਥੇ ਬੱਸਾਂ ਦੀ ਨੈਸ਼ਨੇਲਾਈਜੇਸ਼ਨ ਕਰਨ ਵਾਸਤੇ ਰੈਜ਼ੋਲਿਊਸ਼ਨ ਆਇਆ। ਸਾਡਾ ਸਰਕਾਰ ਨਾਲ ਕੋਈ ਇਖਤਲਾਫ ਸੀ ਜਿਸ ਕਾਰਨ ਅਸੀਂ ਇਥੇ ਥੱਲੇ ਬੈਠੇ ਸੀ। ਇਹ ਲਾਗੂ ਤਾਂ ਉਸਨੂੰ ਆਪ ਨਹੀਂ ਕਰਦੇ ਪਰ ਸਾਨੂੰ ਕਹਿੰਦੇ ਹਨ ਕਿ ਤੁਸੀਂ ਸਪੋਰਟ ਨਹੀਂ ਕਰਦੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ :** ਜੋ ਮੰਤਰੀ ਸਾਹਿਬ ਦਾ ਨਾਂ ਲੈ ਕੇ ਰੇਫਰੇਂਸ ਦਿਤਾ ਗਿਆ ਹੈ, ਉਹ ਐਕਸਪੰਜ ਕੀਤਾ ਜਾਂਦਾ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ :** ** ** **

**ਮਾਸਟਰ ਬਾਬੂ ਸਿੰਘ :** ** ** **

**ਸ੍ਰੀ ਡਿਪਟੀ ਸਪੀਕਰ :** ਇਹ ਜੋ ਕੁਝ ਚਤਰਥ ਜੀ ਨੇ ਅਤੇ ਮਾਸਟਰ ਜੀ ਨੇ ਕਿਹਾ ਹੈ, ਇਹ ਐਕਸਪੰਜ ਕੀਤਾ ਜਾਂਦਾ ਹੈ।

**ਕਾਮਰੇਡ ਸੱਘੜ ਸਿੰਘ :** ਡਿਪਟੀ ਸਪੀਕਰ ਸਾਹਿਬ, ਜੋ ਮਕਾਨ ਬਣਾ ਕੇ ਦੇਣੇ ਹਨ, ਉਥੇ ਧਰਮਸ਼ਾਲਾ ਵੀ ਲਾਜ਼ਮੀ ਹੋਣੀ ਚਾਹੀਦੀ ਹੈ। (ਘੰਟੀ) ਇੱਟਾਂ ਕੰਟਰੋਲ ਰੇਟ ਤੇ ਮਿਲਣੀਆਂ ਚਾਹੀਦੀਆਂ ਹਨ। ਸੀਮਿੰਟ ਵੀ ਨਾਲ ਦੀ ਨਾਲ ਮਿਲਣਾ ਚਾਹੀਦਾ ਹੈ। ਸਰਕਾਰ ਭਾਵੇਂ ਆਪ ਇਨ੍ਹਾਂ ਲੋਕਾਂ ਨੂੰ ਇੱਕ ਸਾਈਜ਼ ਦੇ ਮਕਾਨ ਬਣਾ ਕੇ ਦੇ ਦੇਵੇ ਪਰ ਇਹ ਗੱਲ ਨਾ ਹੋਵੇ ਕਿ ਠੇਕੇ ਵਾਲੇ ਮੌਜਾਂ ਕਰਨ ਜਿਵੇਂ ਖਾਲੇ ਪੱਕੇ ਕਰਨ ਵੇਲੇ ਕੀਤਾ ਗਿਆ। ਮੈਂ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ ਖਾਲੇ ਤਾਂ ਇੱਕ ਜ਼ਿਲ੍ਹੇ ਵਿੱਚ ਬਣਦੇ ਸਨ ਪਰ ਉਸਦਾ ਸੀਮਿੰਟ ਦੂਸਰੇ ਜ਼ਿਲ੍ਹਿਆਂ ਵਿੱਚ ਵਿਕਦਾ ਸੀ। ਠੇਕੇਦਾਰ ਆਪਣੀ ਮਰਜ਼ੀ ਨਾਲ ਇੱਟਾਂ ਅਤੇ ਸੀਮਿੰਟ ਲਾਉਂਦੇ ਹਨ। ਅੱਜ ਇਹ ਕਿਸਾਨ ਦੇ ਦੁਆਲੇ ਡਾਂਗਾਂ ਲੈ ਕੇ ਹੋ ਗਏ ਹਨ ਕਿ ਤੁਹਾਡੇ ਕੋਲੋਂ ਇਸ ਦੇ ਪੈਸੇ ਲੈਣੇ ਹਨ। ਕਿਸਾਨ ਨੂੰ ਪਹਿਲਾਂ ਇਹ ਗੱਲ ਦਸ ਦੇਣੀ ਚਾਹੀਦੀ ਸੀ ਕਿ ਖਾਲੇ ਪੱਕੇ ਕਰਨ ਦੇ ਪੈਸੇ ਤੁਹਾਡੇ ਕੋਲੋਂ ਅਸੀਂ ਵਸੂਲ ਕਰਨੇ ਹਨ। ਇਸੇ ਤਰ੍ਹਾਂ ਮੇਰੀ ਬੇਨਤੀ ਹੈ ਕਿ ਜੇ ਮਕਾਨ ਬਣਾ ਕੇ ਦੇਣੇ ਹਨ ਤਾਂ ਇਸਦੀ ਸਾਰੀ ਜ਼ਿਮੇਵਾਰੀ ਸਰਕਾਰ ਆਪਣੇ ਜ਼ਿੰਮੇ ਲਏ। ਇਹ ਗਰੀਬ ਲੋਕ ਇਕ ਕਮਰੇ ਵਿਚ ਆਪਣਾ ਗੁਜ਼ਾਰਾ ਨਹੀਂ ਕਰ ਸਕਦੇ। ਇਨ੍ਹਾਂ ਨੂੰ ਚੰਗੇ ਸਾਈਜ਼ ਦੇ ਮਕਾਨ ਬਣਾ ਕੇ ਦਿਓ ਤਾਂ ਕਿ ਲੋਕ ਤੁਹਾਡਾ ਧੰਨਵਾਦ ਕਰਨ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸ੍ਰੀ ਸੁਰਿੰਦਰ ਕਪੂਰ ਨੂੰ ਬੋਲਣ ਲਈ ਕਿਹਾ।)

**ਸਰਦਾਰ ਬਸੰਤ ਸਿੰਘ ਖਾਲਸਾ :** ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਹਿਲਾਂ ਸੀ. ਪੀ. ਐਮ. ਦਾ ਮੈਂਬਰ ਬੁਲਾਉਣਾ ਚਾਹੀਦਾ ਸੀ।

**ਸ੍ਰੀ ਡਿਪਟੀ ਸਪੀਕਰ :** ਇਸ ਤੋਂ ਬਾਅਦ ਬੁਲਾ ਲਵਾਂਗੇ।

**ਸ੍ਰੀ ਸੁਰਿੰਦਰ ਕਪੂਰ (ਬਠਿੰਡਾ) :** ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਸ੍ਰੀ ਰਾਮ ਲਾਲ ਚਿੱਟੀ ਜੀ ਨੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਮਕਾਨ ਦੇਣ ਸਬੰਧੀ ਜੋ ਮਤਾ ਲਿਆਂਦਾ ਹੈ, ਮੈਂ ਸਮਝਦਾ ਹਾਂ ਕਿ ਇਹ ਮਤਾ ਜ਼ਰੂਰ ਲਿਆਉਣਾ ਚਾਹੀਦਾ ਸੀ। ਮੈਂ ਬੇਨਤੀ ਕਰਾਂਗਾ ਕਿ ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ।

ਦੇਸ਼ ਦੀ ਆਜ਼ਾਦੀ ਤੋਂ ਬਾਅਦ ਬੜੀਆਂ ਸਮੱਸਿਆਵਾਂ ਲੋਕਾਂ ਦੇ ਸਾਹਮਣੇ ਆਈਆਂ, ਮੁਲਕ ਦੇ ਸਾਹਮਣੇ ਆਈਆਂ। ਜਿਨ੍ਹਾਂ ਵਿਚੋਂ ਕੁੱਲੀ, ਗੁੱਲੀ ਔਰ ਜੁੱਲੀ ਅਜਿਹੀਆਂ ਤਿੰਨ ਸਮੱਸਿਆਵਾਂ ਮੁਲਕ ਦੇ ਅੰਦਰ ਆਈਆਂ ਜਿਨ੍ਹਾਂ ਦਾ ਹੱਲ ਵੀ ਕੀਤਾ ਗਿਆ। ਅਸੀਂ ਹੱਲ ਕਰਨ ਦੇ ਟੀਚੇ ਦੇ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਨਜ਼ਦੀਕ ਵੀ ਪੁੱਜੇ ਪਰੰਤੂ ਜਿਸ ਰਫਤਾਰ ਨਾਲ ਇਨ੍ਹਾਂ ਸਮੱਸਿਆਵਾਂ ਦਾ ਹੱਲ ਕਢਿਆ ਜਾ ਰਿਹਾ ਸੀ ਉਸ ਤੇਜ਼ ਰਫਤਾਰ ਨਾਲ ਹੀ ਸਾਡੇ ਦੇਸ਼ ਦੀ ਆਬਾਦੀ ਵਿਚ ਵੀ ਵਾਧਾ ਹੁੰਦਾ ਗਿਆ ਤੇ ਅਸੀਂ ਨਜ਼ਦੀਕ ਆ ਕੇ ਵੀ ਦੂਰ ਹੁੰਦੇ ਗਏ। ਲੇਕਿਨ ਬਹੁਤ ਅਫਸੋਸ ਹੈ ਕਿ ਵਿਰੋਧੀ ਪਾਰਟੀਆਂ ਦੇ ਜੋ ਸੱਜਣ ਪੁਰਸ਼ ਬੋਲ ਕੇ ਗਏ ਹਨ ਉਨ੍ਹਾਂ ਨੇ ਇਕੋ ਹੀ ਰੱਟ ਲਗਾ ਰੱਖੀ ਹੈ ਕਿ ਕੁਝ ਨਹੀਂ ਕੀਤਾ, ਕੁਝ ਨਹੀਂ ਕੀਤਾ। ਜੇਕਰ ਉਨ੍ਹਾਂ ਤੋਂ ਲੋਕ ਪੁੱਛਦੇ ਹਨ ਜਦੋਂ ਉਹ ਪਿੰਡਾਂ ਵਿਚ ਜਾਂਦੇ ਹਨ ਕਿ ਇਹ ਜਿਹੜੇ ਮਕਾਨ ਬਣਾਏ ਹੋਏ ਨਜ਼ਰ ਆਉਂਦੇ ਹਨ, ਇਹ ਕੀ ਹਨ। ਜਦੋਂ ਵੋਟਰ ਇਨ੍ਹਾਂ ਤੋਂ ਪੁੱਛਦੇ ਹਨ ਕਿ ਤੁਸੀਂ ਹਾਊਸ ਵਿਚ ਰੌਲਾ ਪਾਉਂਦੇ ਹੋ ਕਿ ਕੁਝ ਨਹੀਂ ਹੋਇਆ, ਕੁਝ ਨਹੀਂ ਹੋਇਆ, ਜੇਕਰ ਕੁਝ ਨਹੀਂ ਹੋਇਆ ਤਾਂ ਇਹ ਮਕਾਨ ਕਿਸ ਤਰ੍ਹਾਂ ਬਣ ਗਏ, ਤਾਂ ਉਸ ਵੇਲੇ ਡਿਪਟੀ ਸਪੀਕਰ ਸਾਹਿਬ, ਇਹ ਸੱਜਣ ਦੋਸਤ ਵੋਟਰਾਂ ਤੋਂ ਇਹ ਗੱਲ ਕਹਿ ਕੇ ਛੁਟਕਾਰਾ ਪਾਉਂਦੇ ਹਨ ਕਿ ਪਤਾ ਨਹੀਂ ਸਾਹਿਬ।' 'ਪਤਾ ਨਹੀਂ ਸਾਹਿਬ' ਦੀ ਕਹਾਵਤ ਤਾਂ ਮੈਂ ਫਿਰ ਸੁਣਾਵਾਂਗਾ ਕਿਸੇ ਵੇਲੇ, ਇਹ ਖਾਲਸਾ ਜੀ ਨੂੰ ਚੰਗੀ ਤਰ੍ਹਾਂ ਯਾਦ ਹੈ। ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਗਰੀਬ ਵਰਗਾਂ ਲਈ ਮਕਾਨਾਂ ਦੀ ਖਾਸ ਤੌਰ ਤੇ ਸਮੱਸਿਆ ਹੈ। ਜਿਨ੍ਹਾਂ ਦਾ ਹੋਰ ਕੋਈ ਸਾਧਨ ਸਿਰ ਛੁਪਾਉਣ ਵਾਸਤੇ ਨਹੀਂ ਸੀ ਉਨ੍ਹਾਂ ਦੇ ਵਾਸਤੇ ਗਿਆਨੀ ਜ਼ੈਲ ਸਿੰਘ ਜੀ ਨੇ ਇਕ ਸਕੀਮ ਬਣਾਈ ਸੀ ਔਰ ਉਹ ਸਕੀਮ ਕਮ-ਜ਼ੋਰ ਵਰਗਾਂ ਨੂੰ ਸਿਰ ਛੁਪਾਉਣ ਵਾਸਤੇ, ਉਨ੍ਹਾਂ ਨੂੰ ਜਗ੍ਹਾ ਦੇਣ ਵਾਸਤੇ ਤਿਆਰ ਕੀਤੀ ਗਈ ਸੀ। ਪਰੰਤੂ ਅਫਸੋਸ ਹੈ ਕਿ ਸਮੇਂ ਦੇ ਚੱਕਰ ਦੇ ਹਿਸਾਬ ਨਾਲ ਢਾਈ ਤਿੰਨ ਸਾਲ ਇਨ੍ਹਾਂ ਮੇਰੇ ਸਾਹਮਣੇ ਬੈਠੇ ਵੀਰਾਂ ਨੇ ਰਾਜ ਕੀਤਾ। ਅਕਾਲੀ-ਜਨਤਾ ਦੀ ਸਰਕਾਰ ਵੇਲੇ ਜੋ ਗੱਡੀ ਲਾਈਨ ਤੇ ਜਾ ਰਹੀ ਸੀ, ਉਸ ਗੱਡੀ ਦੀ ਡੀਰੇਲਮੈਂਟ ਹੋ ਗਈ, ਗੱਡੀ ਪਟੜੀ ਤੋਂ ਉਤਰ ਗਈ; ਜੋ ਸੁਪਨਾ ਗਰੀਬਾਂ ਨੇ ਕਮਜ਼ੋਰ ਵਰਗਾਂ ਨੇ ਵੇਖਿਆ ਸੀ ਮਕਾਨਾਂ ਦਾ ਉਹ ਸੁਪਨਾ ਪੂਰਾ ਹੋਣ ਨਾ ਦਿੱਤਾ। ਅਕਾਲੀ ਜਨਤਾ ਸਰਕਾਰ ਨੇ ਆਪਣੇ ਇਲੈਕਸ਼ਨ ਮੈਨੀਫੈਸਟੋ ਵਿਚ ਵੀ ਕਮਜ਼ੋਰ ਵਰਗਾਂ ਨੂੰ ਸਹਾਰਾ ਦੇਣ ਦੀ ਗੱਲ ਕਹੀ ਸੀ, ਇਨ੍ਹਾਂ ਨੇ ਇਲੈਕਸ਼ਨਾਂ ਵੇਲੇ ਵੀ ਕਮਜ਼ੋਰ ਵਰਗਾਂ ਦਾ ਸਹਾਰਾ ਲਿਆ ਸੀ ਲੇਕਿਨ ਜਦੋਂ ਇਹ ਰਾਜ-ਗੱਦੀ ਤੇ ਆ ਗਏ ਤਾਂ ਫਿਰ ਇਨ੍ਹਾਂ ਨੇ ਉਹ ਹੀ ਪੁਰਾਣੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਦੋਂ ਇਹ ਆਪੋਜ਼ੀਸ਼ਨ ਵਿਚ ਰਹਿ ਕੇ ਕਰਦੇ ਹੁੰਦੇ ਸੀ। ਇਹ ਕਿਉਂ ਕਿਉਂਕਿ ਇਨ੍ਹਾਂ ਦੀ ਡਿਸਟਰੱਕਟਿਵ ਪਾਲਿਸੀ ਹੁੰਦੀ ਹੈ ਔਰ ਜਦੋਂ ਇਹ ਪਾਵਰ ਵਿਚ ਆਉਂਦੇ ਹਨ ਤਾਂ ਵੀ ਇਨ੍ਹਾਂ ਦੀ ਉਹ ਹੀ ਡਿਸਟਰੱਕਟਿਵ ਪਾਲਿਸੀ ਹੀ ਰਹਿੰਦੀ ਹੈ। ਇਹ ਸਿਰਫ ਇਕੋ ਹੀ ਰੱਟ ਲਗਾ ਸਕਦੇ ਹਨ ਕਿ 'ਕੁਝ ਨਹੀਂ ਕੀਤਾ, ਕੁਝ ਨਹੀਂ ਕੀਤਾ' ਪਰ ਜੋ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਪੂਰਨੇ ਪਾਏ ਸਨ, ਜੋ ਉਨ੍ਹਾਂ ਨੇ ਗਰੀਬਾਂ ਲਈ ਕੰਮ ਕੀਤੇ ਸਨ ਇਹ ਉਹ ਵੇਖ ਕੇ ਸਹਾਰ ਵੀ ਨਾ ਸਕੇ। ਇਨ੍ਹਾਂ ਨੇ ਆਪਣੇ ਢਾਈ ਤਿੰਨ ਸਾਲਾਂ ਵਿਚ ਸਿਰਫ 750 ਮਕਾਨ ਬਣਾਏ, ਲੇਕਿਨ ਡਿਪਟੀ ਸਪੀਕਰ ਸਹਿਬ, ਸਮੇਂ ਨੇ ਫਿਰ ਪਲਟਾ ਖਾਧਾ, ਵੋਟਰ ਨੇ ਫਿਰ ਮਹਿਸੂਸ ਕੀਤਾ, ਗਰੀਬਾਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਦੇ ਸਹਾਰੇ ਸਾਡਾ ਭਵਿੱਖ ਉਜਲਾ ਨਹੀਂ ਹੋ ਸਕਦਾ ਇਸ ਲਈ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਫਿਰ ਸਰਕਾਰ ਦੀ ਵਾਗਡੋਰ ਸੌਂਪੀ ਗਈ। (ਥੰਪਿੰਗ) ਇਸ ਦਾ ਨਤੀਜਾ ਇਹ ਹੋਇਆ ਕਿ ਸਾਲ 1980-81 ਵਿਚ 10,000 ਮਕਾਨ ਬਣਾ ਕੇ ਦਿੱਤੇ। ਤੁਸੀਂ ਵੀ ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਜਾਂਦੇ ਹੋ, ਤੁਸੀਂ ਵੀ ਵੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਨਾਲ ਗਰੀਬ ਵਰਗ ਲਈ, ਕਮਜ਼ੋਰ ਵਰਗ ਲਈ ਮਕਾਨ ਬਣਾਏ ਜਾ ਰਹੇ ਹਨ। ਸਾਲ 1980-81 ਵਿਚ 10,000 ਮਕਾਨ ਬਣਾਉਣ ਦਾ ਸਰਕਾਰ ਨੇ ਵਾਅਦਾ ਕੀਤਾ ਸੀ ਔਰ ਉਹ ਮਕਾਨ ਬਣਾ ਕੇ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ। ਇਸ ਤਰ੍ਹਾਂ ਹੀ ਸਾਲ 1981-82 ਵਿਚ ਕਮਜ਼ੋਰ ਵਰਗਾਂ ਲਈ 10,000 ਮਕਾਨ ਬਣਾਉਣ ਦਾ ਫਿਰ ਫੈਸਲਾ ਕੀਤਾ ਗਿਆ ਔਰ ਉਨ੍ਹਾਂ ਵਿਚੋਂ 5,000 ਮਕਾਨ ਤਿਆਰ

Original with;
Punjab Vidhan Sabha
Digitized by;
Panjab Digital Library

ਹਨ, ਉਹ ਲੋਕਾਂ ਨੂੰ ਦਿੱਤੇ ਗਏ ਹਨ, ਔਰ ਕੁਝ ਅਲਾਟਮੈਂਟਾਂ ਰਹਿੰਦੀਆਂ ਹਨ ਔਰ ਉਹ ਵੀ ਕੀਤੀਆਂ ਜਾ ਰਹੀਆਂ ਹਨ। ਡਿਪਟੀ ਸਪੀਕਰ ਸਾਹਿਬ, ਸਿਰਫ ਖਾਲੀ ਇਹ ਗਲ ਕਹਿ ਦੇਣੀ ਕਿ ਕੁਝ ਨਹੀਂ ਕੀਤਾ, ਕੁਝ ਨਹੀਂ ਕੀਤਾ, ਇਹ ਠੀਕ ਨਹੀਂ ਹੈ। ਮੈਂ ਇਨ੍ਹਾਂ ਦੋਸਤਾਂ ਨੂੰ ਰਿਕੁਐਸਟ ਕਰਾਂਗਾ ਕਿ ਤੁਸੀਂ ਜਾਓ, ਪਿੰਡਾਂ ਦੇ ਅੰਦਰ ਜਾ ਕੇ ਵੇਖੋ ਜਿਥੇ ਇਹ ਮਕਾਨ ਬਣੇ ਹੋਏ ਹਨ ਫਿਰ ਤੁਹਾਡੇ ਸਾਹਮਣੇ ਸਾਰੀ ਤਸਵੀਰ ਆਵੇਗੀ ਕਿ ਪਿੰਡਾਂ ਦੀ ਨੁਹਾਰ ਕਿਸ ਤਰ੍ਹਾਂ ਬਦਲ ਰਹੀ ਹੈ।

**ਕਾਮਰੇਡ ਸੱਘਰ ਸਿੰਘ** : ** ** **

**Deputy Speaker** : This is no point of order.

**ਸ਼੍ਰੀ ਸੁਰਿੰਦਰ ਕਪੂਰ:** ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਨੇ ਤਾਮੀਰ ਕਰਨੀ ਹੁੰਦੀ ਹੈ, ਜਿਨ੍ਹਾਂ ਨੇ ਦੇਸ਼ ਵਾਸਤੇ ਸੋਚਣਾ ਹੁੰਦਾ ਹੈ ਉਹ ਹੀ ਤਾਮੀਰ ਦੀਆਂ ਗਲਾਂ ਕਰਿਆ ਕਰਦੇ ਹਨ ਪਰ ਜਿਨ੍ਹਾਂ ਨੇ ਇਸ ਪਾਸੇ ਸੋਚਣਾ ਹੀ ਨਹੀਂ ਹੈ ਤਾਂ ਉਹ ਪਿੱਛੇ ਖਿੱਚਣ ਵਾਲੇ ਪਾਸੇ ਸੋਚਦੇ ਚਲੇ ਜਾਂਦੇ ਹਨ। ਉਹ ਕਦੇ ਲਾਅ ਐਂਡ ਆਰਡਰ ਦੀਆਂ ਗੱਲਾਂ, ਕਦੇ ਕਿਸੇ ਪਾਸੇ ਦੀਆਂ ਗੱਲਾਂ ਤੇ ਕਦੇ ਕਿਸੇ ਪਾਸੇ ਦੀਆਂ ਗੱਲਾਂ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਪਿਛਲੇ ਦਿਨਾਂ ਵਿਚ ਤੁਸੀਂ ਵੀ ਅਖਬਾਰਾਂ ਵਿਚ ਪੜ੍ਹਿਆ ਹੋਣਾ ਹੈ ਕਿ ਇਨ੍ਹਾਂ ਦੇ ਚੀਫ ਆਪੋਜ਼ੀਸ਼ਨ ਦੇ ਨੇਤਾ ਦਾ ਫਰੀਦਕੋਟ ਵਿਚ ਬਿਆਨ ਆਇਆ ਹੈ ਕਿ ਪਿੰਡਾਂ ਵਿਚ ਸਿਰਫ ਥਾਣਿਆਂ ਦੇ ਅੰਦਰ 10 ਜਾਂ 12 ਸਿਪਾਹੀ ਹੁੰਦੇ ਹਨ ਔਰ ਉਹ 500 ਜਾਂ 700 ਆਦਮੀਆਂ ਦਾ ਮੁਕ਼ਾਬਲਾ ਕਰਦੇ ਹੋਣ ਕਿਸ ਤਰ੍ਹਾਂ ਨਾਲ ਮੁਕਾਬਲਾ ਕਰ ਸਕਦੇ ਹਨ ਉਹ ਬਿਲਕੁਲ ਮੁਕਾਬਲਾ ਨਹੀਂ ਕਰ ਸਕਦੇ। ਡਿਪਟੀ ਸਪੀਕਰ ਸਾਹਿਬ, ਇਹ ਕਿੱਧਰ ਨੂੰ ਜਾ ਰਹੇ ਹਨ ਇਹ ਪੰਜਾਬ ਨੂੰ ਕਿਧਰ ਨੂੰ ਲੈ ਜਾਣਾ ਚਾਹੁੰਦੇ ਹਨ। ਇਸ ਤਰ੍ਹਾਂ ਦੀਆਂ ਗੱਲਾਂ ਨਾਲ ਕਮਜ਼ੋਰ ਵਰਗਾਂ ਨੂੰ ਕਿਸ ਤਰ੍ਹਾਂ ਅਪਲਿਫਟ ਕੀਤਾ ਜਾ ਸਕਦਾ ਹੈ, ਲੋਕਾਂ ਨੂੰ ਇਸ ਤਰ੍ਹਾਂ ਦੇ ਨਾਲ ਕਿਸ ਕਿਸਮ ਦੇ ਮਕਾਨ ਇਹ ਦੇ ਰਹੇ ਹਨ, ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੀਆਂ ਗੱਲਾਂ ਨਾਲ ਮਕਾਨ ਨਹੀਂ ਦਿੱਤੇ ਜਾ ਸਕਣਗੇ। ਇਸ ਤਰ੍ਹਾਂ ਨਾਲ ਜੋ ਕਮਜ਼ੋਰ ਵਰਗਾਂ ਨੂੰ ਤੇਜ਼ ਰਫਤਾਰ ਨਾਲ ਮਕਾਨ ਦਿੱਤੇ ਜਾ ਰਹੇ ਹਨ ਉਸ ਵਿਚ ਬਾਧਾ ਪਾਉਣ ਵਾਲੀ ਗਲ ਦਾ ਹੈ ਇਸ ਵੇਲੇ ਸਵਾਲ ਇਸ ਗਲ ਦਾ ਹੈ ਕਿ ਜਿਸ ਤੇਜ਼ ਰਫਤਾਰ ਨਾਲ ਇਹ ਮਕਾਨ ਦੇਣ ਦੀ ਸਕੀਮ ਚਲ ਰਹੀ ਹੈ, ਉਸ ਵਿਚ ਜੋ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਕਿਸ ਤਰ੍ਹਾਂ ਨਾਲ ਦੂਰ ਕੀਤਾ ਜਾਵੇ, ਇਸ ਪਾਸੇ ਸੋਚਣ ਦੀ ਲੋੜ ਹੈ। ਜੋ ਮਕਾਨ ਬਣਾਏ ਜਾ ਰਹੇ ਹਨ ਉਨ੍ਹਾਂ ਬਾਰੇ ਪਿਛਲੀ ਵਾਰੀ ਵੀ ਚਰਚਾ ਚਲਿਆ ਸੀ ਕਿ ਉਹ ਯੋਗ ਮਕਾਨ ਨਹੀਂ ਹਨ, ਇਸ ਵਾਸਤੇ ਇਸ ਸਕੀਮ ਵਿਚ ਜਿਹੜੀਆਂ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕਰਕੇ ਚੰਗੇ ਢੰਗ ਦੇ ਮਕਾਨ ਲੋਕਾਂ ਨੂੰ ਉਪਲਬਧ ਕਰਾਏ ਜਾਣੇ ਚਾਹੀਦੇ ਹਨ। ਉਨ੍ਹਾਂ ਵਿਚ ਬਿਜਲੀ ਔਰ ਪਾਣੀ ਦੀ ਸਹੂਲਤ ਹੋਣੀ ਚਾਹੀਦੀ ਹੈ ਔਰ ਉਨ੍ਹਾਂ ਦੀ ਜੋ ਉਪਯੋਗਤਾ ਹੈ ਉਹ ਵੀ ਠੀਕ ਤਰੀਕੇ ਨਾਲ ਹੋਣੀ ਚਾਹੀਦੀ ਹੈ। ਮੈਂ ਕਈਆਂ ਪਿੰਡਾਂ ਵਿਚ ਗਿਆ ਹਾਂ ਜਿਥੇ ਮਕਾਨ ਬਣੇ ਹਨ, ਮੈਂ ਵੇਖਿਆ ਹੈ ਕਿ ਉਨ੍ਹਾਂ ਦੀ ਮਕਾਨਾਂ ਦੀ ਕੁਵਰਤੋਂ ਵੀ ਹੁੰਦੀ ਹੈ। ਕਈ ਮਕਾਨ ਠੀਕ ਢੰਗ ਨਾਲ ਨਹੀਂ ਦਿੱਤੇ ਗਏ। ਇਸ ਵਾਸਤੇ ਜੋ ਕਮਜ਼ੋਰੀਆਂ ਹਨ ਉਨ੍ਹਾਂ ਨੂੰ ਦੂਰ ਕੀਤਾ ਜਾਵੇ, ਔਰ ਚੰਗੇ ਢੰਗ ਨਾਲ ਅਲਾਟਮੈਂਟ ਕੀਤੀ ਜਾਵੇ। ਸਾਰੀਆਂ ਸਹੂਲਤਾਂ ਉਨ੍ਹਾਂ ਮਕਾਨਾਂ ਵਿਚ ਮੁਹੱਈਆ ਹੋਣ ਜਿਹੜੀਆਂ ਕਿ ਸ਼ਹਿਰਾਂ ਦੇ ਮਕਾਨਾਂ ਵਿਚ ਹੁੰਦੀਆਂ ਹਨ। ਇਸ ਦੇ ਨਾਲ ਹੀ ਮੈਂ ਡਿਪਟੀ ਸਪੀਕਰ ਸਾਹਿਬ,

---

** Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਸੁਰਿੰਦਰ ਕਪੂਰ]

ਇਕ ਹੋਰ ਗਲ ਕਰਨੀ ਚਾਹੁੰਦਾ ਹਾਂ ਕਿ ਜਿੱਥੇ ਕਮਜ਼ੋਰ ਵਰਗਾਂ ਦੀ ਗੱਲ ਚਲਦੀ ਹੈ ਤਾਂ ਕਮਜ਼ੋਰ ਵਰਗ ਸ਼ਹਿਰਾਂ ਵਿਚ ਵੀ ਰਹਿੰਦੇ ਹਨ ਔਰ ਸ਼ਹਿਰਾਂ ਵਿਚ ਅਜਿਹੇ ਵੀ ਕਮਜ਼ੋਰ ਵਰਗ ਦੇ ਲੋਕ ਹਨ ਜਿਨ੍ਹਾਂ ਦੇ ਸਿਰ ਤੇ ਛੱਤ ਵੀ ਨਹੀਂ ਹੈ, ਬਰਸਾਤਾਂ ਵਿਚ ਉਹ ਝੌਂਪੜੀਆਂ ਵਿਚ ਤੇ ਸੜਕਾਂ ਦੀਆਂ ਪੱਟੜੀਆਂ ਤੇ ਸੁਤੇ ਪਏ ਹੁੰਦੇ ਹਨ। ਉਨ੍ਹਾਂ ਵਾਸਤੇ ਵੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਸ਼ਹਿਰਾਂ ਵਿਚ ਕਮਜ਼ੋਰ ਵਰਗ ਹਨ ਉਨ੍ਹਾਂ ਨੂੰ ਵੀ ਜਿਨ੍ਹਾਂ ਪਾਸ ਮਕਾਨ ਨਹੀਂ ਹੈ, ਮਕਾਨ ਬਣਾ ਕੇ ਦੇਣੇ ਚਾਹੀਦੇ ਹਨ। ਜਿਸ ਤਰ੍ਹਾਂ ਨਾਲ ਪਿੰਡਾਂ ਦੇ ਗਰੀਬ ਵਰਗਾਂ ਤੋਂ ਕਿਸ਼ਤਾਂ ਰਾਹੀਂ ਪੈਸੇ ਵਸੂਲ ਕੀਤੇ ਜਾਂਦੇ ਹਨ ਉਸ ਤਰ੍ਹਾਂ ਹੀ ਸ਼ਹਿਰਾਂ ਦੇ ਗਰੀਬ ਵਰਗਾਂ ਤੋਂ ਵੀ ਵਸੂਲ ਕੀਤੇ ਜਾਣ। ਉਨ੍ਹਾਂ ਬਾਰੇ ਵੀ ਕੋਈ ਫੈਸਲਾ ਕੀਤਾ ਜਾਵੇ ਔਰ ਉਨ੍ਹਾਂ ਨੂੰ ਵੀ ਉਹ ਸਹੂਲਤਾਂ ਜੋ ਦਰਮਿਆਨੇ ਦਰਜੇ ਦੇ ਲੋਕ ਉਠਾ ਸਕਦੇ ਹਨ ਜਾਂ ਪੂੰਜੀਪਤੀ ਉਠਾਉਂਦੇ ਹਨ ਉਹ ਸਹੂਲਤਾਂ ਉਨ੍ਹਾਂ ਕਮਜ਼ੋਰ ਵਰਗਾਂ ਲਈ ਵੀ ਮੁਹੱਈਆ ਕੀਤੀਆਂ ਜਾਣ ਤਾਂਕਿ ਉਹ ਵੀ ਇਹ ਮਹਿਸੂਸ ਕਰਨ ਕਿ ਉਹ ਵੀ ਆਜ਼ਾਦ ਭਾਰਤ ਦੇ ਬਾਸ਼ਿੰਦੇ ਹਨ, ਉਹ ਉਸ ਪੰਜਾਬ ਦੇ ਰਹਿਣ ਵਾਲੇ ਹਨ ਜਿਹੜਾ ਕਿ ਮੁਲਕ ਦੇ ਨਕਸ਼ੇ ਤੇ ਉਭਰ ਰਿਹਾ ਹੈ, ਅੱਗੇ ਵਧਦਾ ਜਾ ਰਿਹਾ ਹੈ। ਇਸ ਲਈ ਜੋ ਵੀ ਹਾਊਸਿੰਗ ਬੋਰਡ ਦੇ ਮਕਾਨ ਬਣਦੇ ਹਨ ਉਨ੍ਹਾਂ ਵਿਚ ਗਰੀਬ ਵਰਗਾਂ ਨੂੰ ਸਹੂਲਤਾਂ ਮਿਲਣ, ਉਥੇ ਪਾਣੀ ਦੀ ਸਹੂਲਤ ਹੋਵੇ, ਬਿਜਲੀ ਦੀ ਸਹੂਲਤ ਹੋਵੇ। ਇਸ ਲਈ ਮੈਂ ਤੁਹਾਡੇ ਰਾਹੀਂ ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਹਾਊਸਿੰਗ ਬੋਰਡ ਦੀਆਂ ਕਾਲੋਨੀਆਂ ਵਿਚ ਸਾਰੀਆਂ ਜ਼ਰੂਰੀ ਚੀਜ਼ਾਂ ਛੇਤੀ ਤੋਂ ਛੇਤੀ ਮੁਹੱਈਆ ਕੀਤੀਆਂ ਜਾਣ। ਇਹ ਮਕਾਨ ਗਰੀਬ ਆਦਮੀਆਂ ਨੂੰ ਮਿਲਣੇ ਚਾਹੀਦੇ ਹਨ ਪਰ ਹੁੰਦਾ ਕੀ ਹੈ ਕਿ ਜਿਹੜੇ ਹਾਊਸਿੰਗ ਬੋਰਡ ਦੇ ਮਕਾਨ ਦਿੱਤੇ ਜਾਂਦੇ ਹਨ ਉਹ ਜ਼ਿਆਦਾਤਰ ਜਿਹੜੇ ਸਰਮਾਏਦਾਰ ਆਦਮੀ ਹਨ ਉਹ ਹੀ ਲੈ ਰਹੇ ਹਨ। ਕੋਈ ਮਕਾਨ ਉਹ ਆਪਣੇ ਬਾਪ ਦੇ ਨਾਂ ਖਰੀਦ ਰਹੇ ਹਨ ਔਰ ਕੋਈ ਮਕਾਨ ਉਹ ਬੇਟੇ ਦੇ ਨਾਂ ਤੇ ਖਰੀਦ ਰਹੇ ਹਨ। ਅਸਲ ਵਿਚ ਉਨ੍ਹਾਂ ਕਈ ਮਕਾਨਾਂ ਤੇ ਇਕ ਆਦਮੀ ਕਾਬਜ਼ ਹੁੰਦਾ ਹੈ। ਇਸ ਨਾਲ ਗਰੀਬ ਆਦਮੀ ਨੂੰ ਕੋਈ ਲਾਭ ਨਹੀਂ ਹੋ ਰਿਹਾ। ਸੋ ਮੇਰੀ ਬੇਨਤੀ ਹੈ ਕਿ ਇਹ ਮਕਾਨ ਗਰੀਬ ਆਦਮੀਆਂ ਅਤੇ ਇੰਡਸਟਰੀਅਲ ਵਰਕਰਾਂ ਲਈ ਅਸਾਨ ਕਿਸ਼ਤਾਂ ਤੇ ਬਣਾ ਕੇ ਦੇਣੇ ਚਾਹੀਦੇ ਹਨ ਔਰ ਇਕ ਪਰਿਵਾਰ ਨੂੰ ਇਕ ਇਕਾਈ ਮੰਨ ਕੇ ਮਕਾਨ ਦਿੱਤਾ ਜਾਣਾ ਚਾਹੀਦਾ ਹੈ। ਮੈਂ ਤੁਹਾਨੂੰ ਬਠਿੰਡੇ ਦੀ ਮਿਸਾਲ ਦਿੰਦਾ ਹਾਂ ਹਾਂ ਕਿ ਉਥੇ 2-2, 3-3, 4-4 ਮਕਾਨ ਇਕ ਇਕ ਆਦਮੀ ਲਈ ਬੈਠਾ ਹੈ। ਇਸ ਨਾਲ ਜਿਹੜਾ ਗਰੀਬ ਆਦਮੀ ਹੈ ਉਸ ਨੂੰ ਮਕਾਨ ਨਹੀਂ ਮਿਲ ਰਿਹਾ। ਇਸ ਲਈ ਇਸ ਪਾਸੇ ਜਲਦੀ ਧਿਆਨ ਕਰਨਾ ਚਾਹੀਦਾ ਹੈ। ਫਿਰ ਜਿਹੜੇ ਕਲਾਸ ਫੋਰ ਦੇ ਆਦਮੀ ਹਨ, ਜਿਨ੍ਹਾਂ ਦੇ ਪੀਲੇ ਕਾਰਡ ਬਣੇ ਹਨ, ਉਨ੍ਹਾਂ ਨੂੰ ਉਸੇ ਹਿਸਾਬ ਨਾਲ ਸਸਤੇ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਉਨ੍ਹਾਂ ਲਈ ਮਲਟੀ-ਸਟੋਰੀ ਮਕਾਨ ਬਣਾ ਕੇ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ ਤਾਂਕਿ ਉਨ੍ਹਾਂ ਨੂੰ ਉਹ ਸਸਤੇ ਮਿਲਣ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

**ਕਾਮਰੇਡ ਦਰਸ਼ਨ ਸਿੰਘ ਝਬਾਲ** (ਅਟਾਰੀ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਜਿਹੜਾ ਮਤਾ ਸ੍ਰੀ ਰਾਮ ਲਾਲ ਚਿੱਟੀ ਜੀ ਨੇ ਪੇਸ਼ ਕੀਤਾ ਹੈ ਮੈਂ ਉਸ ਦੀ ਹਮਾਇਤ ਕਰਦਾ ਹਾਂ। ਮੈਂ ਹਮਾਇਤ ਇਸ ਕਰਕੇ ਕਰਦਾ ਹਾਂ ਕਿ ਇਨ੍ਹਾਂ ਨੇ ਉਸ ਮਸਲੇ ਨੂੰ ਸਾਹਮਣੇ ਲਿਆਂਦਾ ਹੈ ਜਿਹੜਾ ਅਸੀਂ ਹਰ ਸੈਸ਼ਨ ਵਿਚ ਲਿਆਉਂਦੇ ਸੀ। ਅਸੀਂ ਇਹ ਗਲ ਇਥੇ ਕਰਦੇ ਸੀ ਕਿ ਪਿੰਡਾਂ ਦੇ ਲੋਕਾਂ ਦੀ ਹਾਲਤ ਬੜੀ ਮਾੜੀ ਹੈ, ਉਨ੍ਹਾਂ ਕੋਲ ਮਕਾਨ ਨਹੀਂ ਹਨ। ਹੁਣ ਇਹ ਮਤਾ ਲੈ ਆਏ ਹਨ ਇਸ ਲਈ ਅਸੀਂ ਇਸ ਦੀ ਹਮਾਇਤ ਕਰਦੇ ਹਾਂ। ਬਾਕੀ ਇਹ ਠੀਕ ਹੈ ਕਿ ਹੁਣ ਇਹ ਪਿੰਡਾਂ ਵਿਚ ਜਾ ਕੇ ਇਹ ਕਹਿ ਸਕਣਗੇ ਕਿ ਅਸੀਂ ਤੁਹਾਡੇ ਲਈ ਇਹ ਮਤਾ ਲਿਆਂਦਾ ਸੀ ਔਰ ਤੁਹਾਡੇ ਹਿੱਤ ਦੀ ਗਲ

Original with;
Punjab Vidhan Sabha
Digitized by;
Panjab Digital Library

ਕੀਤੀ ਹੈ। ਇਸ ਤਰ੍ਹਾਂ ਦੀਆਂ ਗਲਾਂ ਇਹ ਵੋਟਰਾਂ ਨਾਲ ਕਰਨਗੇ। ਬਾਕੀ ਇਥੇ ਜਿੰਨੇ ਵੀ ਮੈਂਬਰ ਬੋਲੇ ਹਨ, ਚਾਹੇ ਉਹ ਕਾਂਗਰਸ ਦੇ ਹੀ ਬੋਲੇ ਹਨ, ਉਨ੍ਹਾਂ ਨੇ ਆਖਰ ਵਿਚ ਇਹ ਕਿਹਾ ਹੈ ਕਿ ਇਹ ਜਿਹੜੇ ਮਕਾਨ ਬਣੇ ਹਨ ਇਹ ਠੀਕ ਨਹੀਂ ਹਨ। ਇਸ ਲਈ ਮੈਂ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਮਕਾਨ ਬਣਾਏ ਜਾਂਦੇ ਹਨ ਇਨ੍ਹਾਂ ਦੀ ਹਾਲਤ ਠੀਕ ਨਹੀਂ ਹੁੰਦੀ। ਇਹ ਬਹੁਤ ਮਾੜੇ ਹੁੰਦੇ ਹਨ। ਇਸ ਤੋਂ ਇਲਾਵਾ ਜਿਹੜੇ ਮਕਾਨ ਪਾਉਣਾ ਚਾਹੁੰਦੇ ਹਨ ਉਨ੍ਹਾਂ ਕੋਲ ਇਸ ਲਈ ਪੂਰੇ ਸਾਧਨ ਨਹੀਂ ਹਨ। ਜਦ ਤਕ ਸਾਧਨ ਨਹੀਂ ਹੋਣਗੇ ਉਹ ਮਕਾਨ ਨਹੀਂ ਪਾ ਸਕਦੇ। ਇਸ ਤੋਂ ਇਲਾਵਾ ਪਿੰਡਾਂ ਵਿਚ 30% ਆਬਾਦੀ ਐਸੀ ਹੈ ਜਿਨ੍ਹਾਂ ਨੂੰ ਮਕਾਨਾਂ ਦੀ ਬਹੁਤ ਲੋੜ ਹੈ। ਇਹ ਅੱਜ ਇਸ ਲਈ ਇਕ ਮਤਾ ਲਿਆ ਕੇ ਕਰੈਡਿਟ ਲੈਣਾ ਚਾਹੁੰਦੇ ਹਨ ਲੇਕਿਨ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਉਹ ਪਾਰਟੀ, ਜਿਸ ਦਾ ਰਾਜ ਇਥੇ 34 ਸਾਲ ਰਿਹਾ ਹੋਵੇ, ਉਹ ਵੀ ਹੁਣ ਤਕ ਇਹ ਮਤਾ ਨਾ ਲਿਆ ਸਕੇ ਅਤੇ ਉਸ ਤੇ ਅਮਲ ਨਾ ਕਰ ਸਕੇ ਤਾਂ ਬੜੀ ਮਾੜੀ ਗਲ ਹੈ। ਮੈਂ ਪੁੱਛਦਾ ਹਾਂ ਕਿ ਇਸ ਲਈ ਕੌਣ ਜ਼ਿਮੇਵਾਰ ਹੋ ਸਕਦਾ ਹੈ ਜਿਹੜੇ ਹੁਣ ਤਕ ਇਹ ਬੇਘਰਾਂ ਨੂੰ ਮਕਾਨ ਨਹੀਂ ਦੇ ਸਕੇ ?

ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਇਸ ਦੀ ਪਿਛੋਕੜ ਵਿਚ ਜਾਣਾ ਚਾਹੁੰਦਾ ਹਾਂ। ਜਦੋਂ ਵੋਟਾਂ ਲੈਣੀਆਂ ਹੁੰਦੀਆਂ ਹਨ ਤਾਂ ਇਹ ਹਰ ਪਿੰਡ ਵਿਚ ਜਾ ਕੇ ਕਿਹਾ ਜਾਂਦਾ ਹੈ ਕਿ ਤੁਹਾਨੂੰ ਪਲਾਟ ਦਿਵਾ ਦਿਆਂਗੇ, ਤੁਹਾਨੂੰ ਮਕਾਨ ਬਣਾ ਕੇ ਦਿਆਂਗੇ।

(ਇਸ ਵੇਲੇ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

5.35 ਸ਼ਾਮ

ਜੇ ਤੁਸੀਂ ਸਾਨੂੰ ਵੋਟਾਂ ਨਹੀਂ ਦਿਉਗੇ ਤਾਂ ਤੁਹਾਨੂੰ ਕਰਜ਼ਾ ਨਹੀਂ ਮਿਲਣਾ, ਤੁਹਾਨੂੰ ਜ਼ਮੀਨ ਨਹੀਂ ਮਿਲਣੀ। ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ ਪਰ ਅੱਜ ਤਕ ਇਹ ਉਨ੍ਹਾਂ ਬੇਘਰਾਂ ਨੂੰ ਮਕਾਨ ਪਾ ਕੇ ਨਹੀਂ ਦੇ ਸਕੇ। ਚੇਅਰਮੈਨ ਸਾਹਿਬ, ਰੋਟੀ, ਕਪੜਾ ਔਰ ਮਕਾਨ ਹਰ ਇਨਸਾਨ ਲਈ ਬੜੇ ਜ਼ਰੂਰੀ ਹਨ। ਪਿੰਡਾਂ ਵਿਚ ਜਿਹੜੇ ਲੋਕ ਰਹਿੰਦੇ ਹਨ, ਉਨ੍ਹਾਂ ਵਿਚ ਬਹੁਤ ਸਾਂਝੀਵਾਲਤਾ ਹੈ। ਉਹ ਸਾਰੇ ਹੀ ਇਕੋ ਮਕਾਨ ਵਿਚ ਰਹਿੰਦੇ ਹਨ। ਉਨ੍ਹਾਂ ਦੇ ਡੰਗਰ ਵੀ ਉਥੇ ਹੀ ਰਹਿੰਦੇ ਹਨ। ਮੈਂ ਇਕ ਅਖਬਾਰ ਵਿਚ ਪੜ੍ਹਿਆ ਸੀ ਕਿ ਜੇ ਸਾਂਝੀਵਾਲਤਾ ਵੇਖਣੀ ਹੈ ਤਾਂ ਪਿੰਡਾਂ ਵਿਚ ਜਾ ਕੇ ਵੇਖੋ ਜਿਥੇ ਇਕੋ ਜਗ੍ਹਾਂ ਤੇ ਨੂੰਹ ਵੀ ਰਹਿੰਦੀ ਹੈ, ਹੋਰ ਪੁੱਤਰ ਵੀ ਰਹਿੰਦੇ ਹਨ ਅਤੇ ਆਪਣੇ ਡੰਗਰ ਵਗੈਰਾ ਵੀ ਰਹਿੰਦੇ ਹਨ। ਇਸ ਤਰ੍ਹਾਂ ਦੀ ਉਨ੍ਹਾਂ ਦੀ ਹਾਲਤ ਹੋ ਰਹੀ ਹੈ। ਪਰ ਹੁਣ ਤਕ ਇਨ੍ਹਾਂ ਵਲੋਂ ਉਨ੍ਹਾਂ ਦੇ ਸੁਧਾਰ ਲਈ ਕੁਝ ਨਹੀਂ ਕੀਤਾ ਗਿਆ। ਪਿਛੇ ਜ਼ਮੀਨ ਦੇ ਸੁਧਾਰ ਲਈ 1972 ਵਿਚ ਇਕ ਕਾਨੂੰਨ ਬਣਾਇਆ ਗਿਆ ਸੀ ਔਰ ਉਸ ਵੇਲੇ ਗਿਆਨੀ ਜ਼ੈਲ ਸਿੰਘ ਨੇ ਕਿਹਾ ਸੀ ਕਿ ਇਸ ਜ਼ਮੀਨ ਸੁਧਾਰ ਕਾਨੂੰਨ ਦੇ ਰਾਹੀਂ ਇਕ ਲੱਖ ਏਕੜ ਜ਼ਮੀਨ ਨਿਕਲੇਗੀ। ਪਰ ਜਦੋਂ ਕਾਨੂੰਨ ਬਣਿਆ ਤਾਂ ਉਸ ਦਾ ਨਤੀਜਾ ਇਹ ਹੋਇਆ ਕਿ ਵਡੇ ਵੱਡੇ ਜਾਗੀਰਦਾਰਾਂ ਨੇ ਉਹ ਜ਼ਮੀਨਾਂ ਬੇਨਾਮੀ ਕਰਵਾ ਲਈਆਂ ਔਰ ਕੇਵਲ 30,592 ਏਕੜ ਜ਼ਮੀਨ ਦੀ ਨਿਸ਼ਾਨਦੇਹੀ ਹੋ ਸਕੀ ਜਿਸ ਵਿਚੋਂ ਹੁਣ ਤਕ ਕੇਵਲ 1,032 ਏਕੜ ਜ਼ਮੀਨ ਦਾ ਕਬਜ਼ਾ ਮਿਲਿਆ ਹੈ। ਇਹ ਹਾਲ ਜ਼ਮੀਨ ਸੁਧਾਰ ਕਾਨੂੰਨ ਦਾ ਹੋ ਰਿਹਾ ਹੈ। ਫਿਰ 15 ਮਈ, 1981 ਨੂੰ ਪੰਜਾਬ ਹਰਿਆਣਾ ਹਾਈਕੋਰਟ ਦੇ ਫੁੱਲ ਬੈਂਚ ਨੇ ਇਹ ਫੈਸਲਾ ਦਿੱਤਾ ਕਿ 1972 ਦੇ ਕਾਨੂੰਨ ਥਲੇ ਜਿਹੜੀ ਜ਼ਮੀਨ ਰਹਿ ਗਈ ਹੈ, ਜਿਹੜੀ ਹਾਲੇ ਮਾਲਕਾਂ ਕੋਲ ਹੈ, ਉਹ ਆਪਣੇ ਬਾਲਗਾਂ ਦੇ ਨਾਂ ਤੇ ਵੰਡੀ ਜਾ ਸਕਦੀ ਹੈ। ਇਸ ਤਰ੍ਹਾਂ ਨਾਲ ਇਹ ਹਾਲ ਉਸ ਜ਼ਮੀਨ ਸੁਧਾਰ ਕਾਨੂੰਨ ਦਾ ਹੋ ਰਿਹਾ ਹੈ। ਇਸ ਲਈ ਮੈਂ ਬੇਨਤੀ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਦਰਸ਼ਨ ਸਿੰਘ ਝਬਾਲ]

ਕਰਦਾ ਹਾਂ ਕਿ ਸਰਕਾਰ ਨੂੰ ਇਹ ਜ਼ਮੀਨ ਸੁਧਾਰ ਦਾ ਕਾਨੂੰਨ ਠੀਕ ਢੰਗ ਨਾਲ ਲਾਗੂ ਕਰਵਾਉਣਾ ਚਾਹੀਦਾ ਹੈ ਔਰ ਜਿਹੜੇ ਖੇਤ ਮਜ਼ਦੂਰ ਹਨ ਉਨ੍ਹਾਂ ਦੀ ਹਾਲਤ ਨੂੰ ਸੁਧਾਰਨਾ ਚਾਹੀਦਾ ਹੈ।

ਫਿਰ, ਚੇਅਰਮੈਨ ਸਾਹਿਬ, ਮੈਂ ਦੱਸਦਾ ਹਾਂ ਕਿ ਜਿਹੜਾ ਖੇਤ ਮਜ਼ਦੂਰ ਹੈ ਉਹ ਕਿੰਨਾਂ ਖਰਚ ਕਰਦਾ ਹੈ ਔਰ ਉਸ ਨੂੰ ਆਮਦਨ ਕਿੰਨੀ ਹੁੰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇ ਅਨੁਸਾਰ 1971-72 ਵਿਚ ਖੇਤ ਮਜ਼ਦੂਰ ਦੀ ਆਮਦਨੀ 391 ਰੁਪਏ ਹੁੰਦੀ ਸੀ ਔਰ ਜਿਹੜਾ ਉਸ ਦਾ ਖਰਚ ਹੁੰਦਾ ਸੀ ਉਹ 378 ਰੁਪਏ ਸੀ। ਫਿਰ 1980-81 ਵਿਚ 767 ਰੁਪਏ ਆਮਦਨ ਹੁੰਦੀ ਸੀ ਔਰ ਜਿਹੜਾ ਖਰਚ ਸੀ ਉਹ 810 ਰੁਪਏ ਸੀ। ਇਸ ਤਰ੍ਹਾਂ ਨਾਲ ਇਨ੍ਹਾਂ ਸਾਲਾਂ ਵਿਚ ਉਸ ਦਾ ਆਮਦਨ ਵਿਚ ਵਾਧਾ 96% ਹੋਇਆ ਅਤੇ ਖਰਚ ਵਿਚ ਵਾਧਾ 114.28% ਹੋਇਆ ਹੈ।

ਫਿਰ ਇਥੇ ਇਕ ਹੋਰ ਗਲ ਕੀਤੀ ਜਾਂਦੀ ਹੈ। ਇਹ ਕਹਿੰਦੇ ਹਨ ਕਿ 10,000 ਪਲਾਟ ਅਸੀਂ ਲੈਂਡਲੈਸ ਲੋਕਾਂ ਨੂੰ ਦੇਣੇ ਹਨ। ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਪੰਜਾਬ ਵਿਚ ਕੁੱਲ 12,188 ਪਿੰਡ ਹਨ। ਜਿਸ ਹਿਸਾਬ ਨਾਲ ਇਹ ਮਕਾਨ ਦੇ ਰਹੇ ਹਨ ਜਾਂ ਪਲਾਟ ਦੇ ਰਹੇ ਹਨ ਜੇ ਇਸ ਹਿਸਾਬ ਨਾਲ ਅਸੀਂ ਇਕ ਪਿੰਡ ਵਿਚ 40 ਘਰ ਵੀ ਰਖ ਲਈਏ ਤਾਂ 60 ਸਾਲ ਇਨ੍ਹਾਂ ਨੂੰ ਇਹ ਪਲਾਟ ਦੇਣ ਵਿਚ ਲਗ ਜਾਣਗੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਇਸ ਪਾਸੇ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ ਤਾਕਿ ਜਿਹੜੇ ਲੈਂਡਲੈਸ ਲੋਕ ਹਨ ਉਨਾਂ ਨੂੰ ਮਕਾਨ ਪਲਾਟ ਵਗੈਰਾ ਮਿਲ ਸਕਣ। ਜੇ ਪਲਾਟ ਦੇਣੇ ਹਨ ਤਾਂ ਉਨ੍ਹਾਂ ਨੂੰ ਮਕਾਨ ਪਾਉਣ ਲਈ ਸਾਧਨ ਵੀ ਮੁਹੱਈਆ ਕਰਨੇ ਚਾਹੀਦੇ ਹਨ। ਅੱਜ 6500 ਰੁਪਏ ਨਾਲ ਕੁਝ ਨਹੀਂ ਬਣਦਾ। ਇਸ ਪੈਸੇ ਨਾਲ ਮਕਾਨ ਨਹੀਂ ਪੈ ਸਕਦਾ। ਮਹਿੰਗਾਈ ਕਾਫੀ ਵੱਧ ਗਈ ਹੈ। ਇਸ ਲਈ ਇਹ ਜਿਹੜੀ ਰਕਮ ਦਿੱਤੀ ਜਾਂਦੀ ਹੈ ਇਹ ਵਧਾਉਣੀ ਚਾਹੀਦੀ ਹੈ। ਉਨ੍ਹਾਂ ਨੂੰ ਇੰਨੀ ਰਕਮ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਆਪਣੀ ਮਰਜ਼ੀ ਨਾਲ ਆਪਣੀ ਲੋੜ ਮੁਤਾਬਿਕ ਮਕਾਨ ਪਾ ਸਕਣ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਮਤਾ ਚਿੱਟੀ ਸਾਹਿਬ ਨੇ ਲਿਆਂਦਾ ਹੈ ਇਸ ਦੀ ਭਾਵਨਾ ਬੜੀ ਚੰਗੀ ਹੈ। ਇਸ ਲਈ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ ਔਰ ਲੋੜ ਦੇ ਮੁਤਾਬਿਕ ਉਨ੍ਹਾਂ ਨੂੰ ਕਰਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਤੁਸੀਂ ਕਿਹਾ ਸੀ ਕਿ 2.75 ਲੱਖ ਬੇਘਰ ਲੋਕਾਂ ਨੂੰ ਅਸੀਂ ਪਲਾਟ ਅਲਾਟ ਕੀਤੇ ਹਨ ਪਰ ਤੁਸੀਂ ਪਿੰਡਾਂ ਦੇ ਵਿਚ ਜਾ ਕੇ ਦੇਖੋ, ਕਿਸੇ ਨੂੰ ਮਕਾਨ ਨਹੀਂ ਮਿਲਿਆ। ਪਰ ਇਹ ਕਹਿੰਦੇ ਹਨ ਕਿ ਅਸੀਂ ਪੰਚਾਇਤਾਂ ਨੂੰ ਕਹਿ ਦਿੱਤਾ ਹੈ ਕਿ ਪੰਚਾਇਤੀ ਜ਼ਮੀਨਾਂ ਦੇ ਵਿਚ ਪਲਾਟ ਅਲਾਟ ਕੀਤੇ ਜਾਣ। ਪੰਚਾਇਤੀ ਜ਼ਮੀਨਾਂ ਪਹਿਲੇ ਹੀ ਮੁਰਬੇਬੰਦੀ ਥੱਲੇ ਆ ਗਈਆਂ ਹਨ। ਆਮ ਤੌਰ ਤੇ ਇਹ ਜ਼ਮੀਨ ਮਾੜੀ ਹੁੰਦੀ ਹੈ ਔਰ ਇਹ ਬਸਤੀਆਂ ਕਿਥੇ ਪਿੰਡਾਂ ਦੇ ਵਿਚ ਬਣਾ ਦਿੱਤੀਆਂ ਹਨ। ਇਹ ਪਿੰਡਾਂ ਤੋਂ ਕਾਫੀ ਦੂਰ ਹਨ। ਕਮ-ਅਜ਼-ਕਮ ਦੋ ਮੀਲ ਦੂਰ ਹਨ। ਉਤਨੀ ਦੂਰ ਨਾ ਕੋਈ ਕਿਸਾਨ ਮਿਲਦਾ ਹੈ, ਨਾ ਕੋਈ ਦਿਹਾੜੀਦਾਰ ਮਿਲਦਾ ਹੈ ਅਤੇ ਨਾ ਕੋਈ ਆਉਣ ਜਾਣ ਦੇ ਸਾਧਨ ਹਨ। ਬਸਤੀ ਤੋਂ ਸ਼ਹਿਰ ਵੀ ਦੂਰ, ਪਿੰਡ ਵੀ ਦੂਰ, ਮਾਰਕਿਟ ਵੀ ਦੂਰ ਹੈ। ਉਥੇ ਨੇੜੇ ਕੀ ਹੈ? ਪੁਲਿਸ ਲਾਈਨਜ਼ ਜਾਂ ਫੇਰ ਜੇਲ੍ਹ ਨਜ਼ਦੀਕ ਹੈ (ਘੰਟੀ) ਚੇਅਰਮੈਨ ਸਾਹਿਬ, ਜਿਹੜੀ ਜ਼ਮੀਨ ਸਰਕਾਰ ਨੇ ਐਕੁਆਇਰ ਵੀ ਕੀਤੀ ਹੈ ਉਸ ਜ਼ਮੀਨ ਦੀ ਹਾਲੇ ਤੱਕ ਨਿਸ਼ਾਨਦੇਹੀ ਨਹੀਂ ਕੀਤੀ ਗਈ, ਨਾ ਹੀ ਕਿਸੇ ਨੂੰ ਮਿਲੀ ਹੈ ਅਤੇ ਨਾ ਹੀ ਇੰਤਕਾਲ ਕੀਤੇ ਗਏ ਹਨ। ਤੁਸੀਂ ਲੋਕਾਂ ਨੂੰ ਮਕਾਨ ਬਣਾ ਕੇ ਦਿਓ, ਉਸ ਦੇ ਨਕਸ਼ੇ ਨੂੰ ਇਨਸਾਨਾਂ ਵਾਂਗ ਬਣਾ ਕੇ ਦਿਓ, ਡੰਗਰਾਂ ਵਾਲਾ ਨਕਸ਼ਾ ਨਾ ਬਣਾ ਕੇ ਦਿਓ। ਇਸ ਵਿਚ

Original with;
Punjab Vidhan Sabha
Digitized by;
Panjab Digital Library

ਸਾਂਝੀਵਾਲਤਾ ਲਿਆਓ। ਇਸ ਮਤੇ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਗਿਆਨੀ ਕੁੰਦਨ ਸਿੰਘ ਪਤੰਗ** (ਭਦੌੜ, ਐਸ.ਸੀ.): ਚੇਅਰਮੈਨ ਸਾਹਿਬ, ਜਿਹੜਾ ਮਤਾ ਚਿੱਟੀ ਸਾਹਿਬ ਨੇ ਲਿਆਂਦਾ ਹੈ ਇਹ ਮਤਾ ਬੜਾ ਚੰਗਾ ਹੈ ਅਤੇ ਇਸ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਪਰ ਇਸ ਮਤੇ ਨੂੰ ਇੰਪਲੀਮੈਂਟ ਚੰਗੀ ਤਰ੍ਹਾਂ ਕਰਨਾ ਚਾਹੀਦਾ ਹੈ। ਦੂਜਿਆਂ ਮਤਿਆਂ ਵਾਲਾ ਹਾਲ ਨਹੀਂ ਕਰਨਾ ਚਾਹੀਦਾ। ਜੇਕਰ ਇਸ ਨੂੰ ਅਮਲ ਵਿਚ ਨਹੀਂ ਲਿਆਉਣਾ ਫੇਰ ਇਸ ਦਾ ਕੋਈ ਮਾਇਨਾ ਨਹੀਂ ਰਹਿ ਜਾਂਦਾ। ਇਥੇ ਕਿਹਾ ਗਿਆ ਕਿ ਪਿੰਡਾਂ ਵਿਚ ਜਾ ਕੇ ਦੇਖੋ ਕਿੰਨੇ ਮਕਾਨ ਬਣਾ ਦਿੱਤੇ ਹਨ। ਮੈਂ ਕਹਿੰਦਾ ਹਾਂ ਕਿ ਅਸੀਂ ਰੋਜ਼ ਪਿੰਡਾਂ ਤੋਂ ਆਉਂਦੇ ਹਾਂ ਔਰ ਰੋਜ਼ ਵੇਖਦੇ ਹਾਂ। ਮੇਰੇ ਹਲਕੇ ਵਿਚ 56-57 ਪਿੰਡ ਹਨ। ਮੈਂ ਤੁਹਾਨੂੰ 2-3 ਗੱਲਾਂ ਇਸ ਸਬੰਧ ਵਿਚ ਸਪੱਸ਼ਟ ਕਰਨੀਆਂ ਹਨ। ਇਕ ਇਹ ਕਿ ਗਰੀਬਾਂ ਨੂੰ ਮਕਾਨ ਪਿੰਡਾਂ ਦੇ ਨੇੜੇ ਥਾਵਾਂ ਤੇ ਬਣਾ ਕੇ ਦਿਓ ਤਾਕਿ ਉਹ ਲੋਕ ਆਪਸ ਵਿਚ ਇਕੱਠੇ ਰਹਿ ਸਕਣ ਨਾਕਿ ਪਿੰਡ ਤੋਂ ਦੂਰ। ਦੂਜੀ ਗੱਲ ਇਹ ਹੈ ਕਿ ਜਿਥੇ ਕਾਂਗਰਸ ਨੇ ਕਿਹਾ ਕਿ ਜ਼ਾਤ ਪਾਤ, ਛੂਤ ਛਾਤ ਨਹੀਂ ਹੋਵੇਗੀ, ਇਸ ਲਈ ਉਨ੍ਹਾਂ ਨੂੰ ਇਕੱਠਾ ਰਹਿਣ ਲਈ ਪਿੰਡ ਵਿਚ ਮਕਾਨ ਬਣਾ ਕੇ ਦਿਓ ਅਤੇ ਉਨ੍ਹਾਂ ਲੋਕਾਂ ਨੂੰ ਅਲੱਗ ਨਾ ਕਰੋ। ਜਿਸ ਤਰ੍ਹਾਂ ਨਾਭਾ ਰਿਆਸਤ ਵਿਚ ਹੁੰਦਾ ਸੀ ਕਿ ਮਜ਼ਹਬੀ ਅਤੇ ਰਾਮਦਾਸੀਆ ਨੂੰ ਪਿੰਡਾਂ ਤੋਂ ਬਾਹਰ ਘਰ ਦਿੱਤੇ ਜਾਂਦੇ ਸਨ ਅਤੇ ਉਹ ਇਸ ਕਰਕੇ ਕੀਤਾ ਹੋਇਆ ਸੀ ਕਿਉਂਕਿ ਉਸ ਵਕਤ ਛੂਤ ਛਾਤ ਸੀ ਪਰ ਹੁਣ ਕਾਂਗਰਸ ਕਲਮ ਦੇ ਨਾਲ ਛੂਤ ਛਾਤ ਫਿਲਾ ਰਹੀ ਹੈ ਔਰ ਪਿੰਡ ਤੋਂ 2-2 ਮੀਲ ਦੂਰ ਮਕਾਨ ਬਣਾ ਕੇ ਦੇ ਰਹੀ ਹੈ। ਸੰਗਰੂਰ ਜਦੋਂ ਮੈਂ ਆਉਂਦਾ ਹਾਂ ਤਾਂ ਰਸਤੇ ਵਿਚ ਕੁਝ ਮਕਾਨ ਬਣੇ ਹੋਏ ਦੇਖਦਾ ਹਾਂ। ਉਥੇ ਕੋਈ ਸੜਕ ਨਹੀਂ ਹੈ ਅਤੇ ਉਹ ਪਿੰਡਾਂ ਤੋਂ ਬਹੁਤ ਦੂਰ ਹਨ। ਉਥੇ ਨਾ ਕੋਈ ਦਿਹਾੜੀਦਾਰ ਮਿਲਦਾ ਹੈ, ਨਾ ਕੋਈ ਕੰਮ ਹੁੰਦਾ ਹੈ। ਆਵਾਜਾਈ ਦੇ ਸਾਧਨ ਨਹੀਂ ਹਨ। ਇਸੇ ਤਰ੍ਹਾਂ ਫਾਗੂਵਾਲ ਕੋਲ ਕੁਝ ਮਕਾਨ ਬਣੇ ਹੋਏ ਹਨ। ਇਹ ਮੰਨਦੇ ਹਨ ਕਿ ਉਹ ਮਕਾਨ ਛੋਟੇ ਹਨ ਅਤੇ ਇਨਸਾਨਾਂ ਦੇ ਰਹਿਣ ਦੇ ਕਾਬਲ ਨਹੀਂ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਮਕਾਨਾਂ ਨੂੰ ਵੱਡੇ ਬਣਾ ਕੇ ਦਿਓ। ਇਹ ਹਵਾਦਾਰ ਹੋਣੇ ਚਾਹੀਦੇ ਹਨ। ਇਹ ਨਾ ਹੋਵੇ ਕਿ ਸਾਂਝੀਵਾਲਤਾ ਇਸ ਕਿਸਮ ਦੀ ਵਿਖਾ ਦਿਓ ਕਿ ਉਸ ਵਿਚ ਹੀ ਬਕਰੀ ਹੋਵੇ, ਸੱਸ, ਸੌਹਰਾ ਅਤੇ ਬੱਚੇ ਵੀ ਵਿਚੇ ਹੋਣ। ਬਾਕੀ ਕਈ ਥਾਂਵਾਂ ਤੇ ਜਿਹੜੇ ਮਕਾਨ ਤੁਸੀਂ ਦਿੱਤੇ ਹਨ ਉਹ ਨੀਵੀਆਂ ਥਾਂਵਾਂ ਤੇ ਹਨ। ਉਸ ਨੀਂਵੀਂ ਥਾਂ ਨੂੰ ਉਹ ਲੋਕ ਭਰ ਨਹੀਂ ਸਕਦੇ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ ਭਰਨਗੀਆਂ। ਜਿਹੜੇ ਮਕਾਨ ਦਿੱਤੇ ਜਾਂਦੇ ਹਨ ਉਥੇ ਵੀ ਪਾਰਟੀ ਵੇਖੀ ਜਾਂਦੀ ਹੈ ਜ਼ਾਤ ਨਹੀਂ ਵੇਖੀ ਜਾਂਦੀ। ਆਪਣੀ ਪਾਰਟੀ ਦੇ ਬੰਦੇ ਨੂੰ ਮਕਾਨ ਦੇ ਦੇਣਗੇ ਔਰ ਦੂਜੀ ਪਾਰਟੀ ਦੇ ਬੰਦੇ ਨੂੰ ਮਕਾਨ ਨਹੀਂ ਦਿੰਦੇ ਜਦ ਕਿ ਉਨ੍ਹਾਂ ਦੀ ਜ਼ਾਤ ਇਕੋ ਹੀ ਹੈ। ਸਾਰਿਆਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ।

ਮੇਰੀ ਬੇਨਤੀ ਹੈ ਕਿ ਮਕਾਨ ਪਿੰਡਾਂ ਦੇ ਨੇੜੇ ਹੋਣੇ ਚਾਹੀਦੇ ਹਨ ਤਾਕਿ ਸਾਂਝੀਵਾਲਤਾ ਪੈਦਾ ਹੋਵੇ, ਇਸ ਤਰ੍ਹਾਂ ਹਰੀਜਨ ਅਤੇ ਸਵਰਨਜਾਤੀ ਵਾਲੇ ਇਕੱਠੇ ਰਹਿਣਗੇ। ਕਾਂਗਰਸੀ ਵਜ਼ੀਰ ਬਾਹਰ ਤਾਂ ਸਾਡੀ ਗੱਲ ਇਹ ਸੁਣਦੇ ਨਹੀਂ ਹਨ, ਇਥੇ ਵੀ ਗੱਲਾਂ ਕਰੀ ਜਾ ਰਹੇ ਹਨ ਔਰ ਕੋਈ ਨਹੀਂ ਸੁਣ ਰਿਹਾ। ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਨਾਭਾ ਰਿਆਸਤ ਵਾਂਗ ਵਤੀਰਾ ਨਾ ਕਰੋ। ਪੁਰਾਣੇ ਵਕਤ ਜਿਹੜੇ ਲੋਕ ਪਿੰਡ ਤੋਂ ਬਾਹਰ ਰਹਿੰਦੇ ਸਨ ਉਹ ਕਹਿੰਦੇ

Original with;
Punjab Vidhan Sabha
Digitized by;
Panjab Digital Library

[ਗਿਆਨੀ ਕੁੰਦਨ ਸਿੰਘ ਪਤੰਗ]

ਹੁੰਦੇ ਸਨ ਕਿ ਪਿੰਡ ਜਾ ਰਿਹਾ ਹਾਂ। ਉਹ ਆਪਣੇ ਘਰ ਨੂੰ ਪਿੰਡ ਤੋਂ ਬਾਹਰ ਸਮਝਦੇ ਸਨ। ਮਕਾਨਾਂ ਨੂੰ ਵੰਗਾ ਬਣਾ ਕੇ ਦਿਓ ਅਤੇ ਲਾਰੇਬਾਜ਼ੀ ਬੰਦ ਕਰ ਦਿਓ। ਵੋਟਾਂ ਦੇ ਵਕਤ ਤੁਸੀਂ ਲੋਕਾਂ ਨਾਲ ਬਹੁਤ ਲਾਰੇਬਾਜ਼ੀ ਕਰਕੇ ਆਉਂਦੇ ਹੋ ਔਰ ਫਿਰ ਉਨ੍ਹਾਂ ਲਾਰਿਆਂ ਨੂੰ ਤੁਸੀਂ ਪੂਰਾ ਨਹੀਂ ਕਰਦੇ। ਕਾਂਗਰਸ ਦੀ ਸਰਕਾਰ ਪਿਛਲੇ 34 ਸਾਲਾਂ ਵਿਚ ਗਰੀਬ ਲੋਕਾਂ ਨੂੰ ਜ਼ਮੀਨਾਂ ਨਹੀਂ ਦੇ ਸਕੀ, ਨਾ ਮਕਾਨ ਬਣਾ ਕੇ ਦੇ ਸਕੀ ਹੈ ਅਤੇ ਨਾ ਹੀ ਉਨ੍ਹਾਂ ਲੋਕਾਂ ਦੀ ਹਾਲਤ ਨੂੰ ਸੁਧਾਰ ਸਕੀ ਹੈ। ਇਸੇ ਤਰ੍ਹਾਂ ਬਾਜ਼ੀਗਰਾਂ ਨੂੰ ਤੁਸੀਂ ਮਕਾਨ ਨਹੀਂ ਦੇ ਸਕੇ, ਅਤੇ ਸ਼ਿਕਲੀਗਰਾਂ ਨੂੰ ਵੀ ਮਕਾਨ ਨਹੀਂ ਦੇ ਸਕੇ। ਉਨ੍ਹਾਂ ਦੇ ਲਈ ਕੋਈ ਰਹਿਣ ਦਾ ਇੰਤਜ਼ਾਮ ਨਹੀਂ ਕੀਤਾ। ਉਹ ਆਪਣੇ ਘਰ ਖੋਤਿਆਂ ਅਤੇ ਘੋੜਿਆਂ ਤੇ ਬਣਾਈ ਬੈਠੇ ਹਨ। ਕੀ ਤੁਸੀਂ ਉਨ੍ਹਾਂ ਨੂੰ ਇਨਸਾਨ ਨਹੀਂ ਸਮਝਦੇ ? (ਘੰਟੀ) ਇਨ੍ਹਾਂ ਗਰੀਬਾਂ ਦੀ ਹਾਲਤ ਬੜੀ ਮਾੜੀ ਹੈ। ਉਨ੍ਹਾਂ ਕੋਲ ਟੁੱਟੀ ਮੰਜੀ ਅਤੇ ਪੁਰਾਣਾ ਵਾਣ ਹੀ ਹੈ। ਇਸ ਲਈ ਸਰਕਾਰ ਨੂੰ ਇਨ੍ਹਾਂ ਗਰੀਬਾਂ ਲਈ ਮਕਾਨ ਬਣਾ ਕੇ ਦੇਣੇ ਚਾਹੀਦੇ ਹਨ ਅਤੇ ਇਨ੍ਹਾਂ ਦੀ ਹਾਲਤ ਵਿਚ ਸੁਧਾਰ ਕਰਨਾ ਚਾਹੀਦਾ ਹੈ। (ਘੰਟੀ)

ਚੇਅਰਮੈਨ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਗਰੀਬਾਂ ਦੀ ਹਾਲਤ ਬਹੁਤ ਖਰਾਬ ਹੈ। ਉਨ੍ਹਾਂ ਦੀ ਮਾਇਕ ਹਾਲਤ ਬਹੁਤ ਖਰਾਬ ਹੈ।

**ਸ੍ਰੀ ਸਭਾਪਤੀ** : ਵਾਈਂਡ ਅੱਪ ਕਰੋ ਜੀ।

**ਗਿਆਨੀ ਕੁੰਦਨ ਸਿੰਘ ਪਤੰਗ** : ਚੇਅਰਮੈਨ ਸਾਹਿਬ, ਮੈਂ ਵਾਈਂਡ ਅੱਪ ਕਰਦਾ ਹਾਂ ਜੀ। ਸਾਡੀ ਹਾਲਤ ਬਹੁਤ ਮਾੜੀ ਹੈ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਇੱਕ ਗਲ ਦੱਸਦਾ ਹਾਂ ਕਿ ਮਜ਼ਦੂਰ ਨੂੰ ਕੰਮ ਬਹੁਤ ਕਰਨਾ ਪੈਂਦਾ ਹੈ ਅਤੇ ਖਾਣ ਨੂੰ ਉਸ ਨੂੰ ਮਿਰਚਾਂ ਮਿਲਦੀਆਂ ਹਨ। ਰੰਗ ਕਾਲਾ ਹੋ ਜਾਂਦਾ ਹੈ। ਇਸ ਦਾ ਮਤਲਬ ਹੈ ਕਿ ਗਰੀਬਾਂ ਦੀ ਹਾਲਤ ਬਿਲਕੁਲ ਚੰਗੀ ਨਹੀਂ ਹੈ। ਕਿਸੇ ਨੇ ਵੀ ਗਰੀਬਾਂ ਦੀ ਹਾਲਤ ਨੂੰ ਸੁਧਾਰਨ ਦਾ ਯਤਨ ਨਹੀਂ ਕੀਤਾ। ਸਿਰਫ, ਚੇਅਰਮੈਨ ਸਾਹਿਬ, ਮੂੰਹ ਜ਼ਬਾਨੀ ਹਮਦਰਦੀ ਹੀ ਹਮਦਰਦੀ ਹੈ। ਸਿਰਫ ਹਮਦਰਦੀ ਦੇ ਨਾਲ ਹੀ ਗਰੀਬਾਂ ਦੀ ਹਾਲਤ ਨੂੰ ਸੁਧਾਰਨ ਦਾ ਯਤਨ ਕੀਤਾ ਗਿਆ ਹੈ। ਸਰਕਾਰ ਗਰੀਬਾਂ ਲਈ ਕੁਝ ਵੀ ਨਹੀਂ ਕਰ ਰਹੀ। ਸਾਹਮਣੇ ਸਾਡੇ ਬੈਠੇ ਭਰਾ ਕੋਲ ਤਾਂ ਰਾਈਫਲਾਂ ਦੀ ਦੁਕਾਨ ਹੈ ਪਰ ਚੇਅਰਮੈਨ ਸਾਹਿਬ, ਮੇਰੇ ਕੋਲ ਹਾਕੀਆਂ ਦੀ ਵੀ ਦੁਕਾਨ ਨਹੀਂ ਹੈ। 34 ਸਾਲ ਕਾਂਗਰਸ ਦਾ ਰਾਜ ਰਿਹਾ ਹੈ, ਇਨ੍ਹਾਂ ਨੂੰ ਤਾਂ ਸਭ ਕੁਝ ਦਿੱਤਾ ਗਿਆ ਹੈ ਪਰ ਮੇਰੇ ਕੋਲ ਕੁਝ ਵੀ ਨਹੀਂ ਹੈ। ਜੋ ਕੁਝ ਵੀ ਮੇਰੇ ਕੋਲ ਹੈ, ਉਹ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਲਈ, ਚੇਅਰਮੈਨ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਮਦਰਦੀ ਸਭ ਨਾਲ ਇਕੋ ਜਿਹੀ ਹੋਣੀ ਚਾਹੀਦੀ ਹੈ। ਜੋ ਗਰੀਬ ਆਦਮੀ ਹੈ, ਉਸ ਨੂੰ ਮਕਾਨ ਦਿਓ, ਕਰਜ਼ਾ ਦਿਓ ਪਰ ਮਾਂ ਦਾ ਰੱਜ ਅਤੇ ਸਾਡਾ ਪੱਜ ਵਾਲੀ ਗੱਲ ਨਹੀਂ ਹੋਣੀ ਚਾਹੀਦੀ।

**ਚੌਧਰੀ ਮਾਤੂ ਰਾਮ** (ਮਲੋਟ, ਐਸ.ਸੀ.): ਚੇਅਰਮੈਨ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਇਹ ਇੱਕ ਬਹੁਤ ਅੱਛਾ ਰੈਜ਼ੋਲਿਊਸ਼ਨ ਹੈ। ਇਹੋ ਜਿਹਾ ਰੈਜ਼ੋਲਿਊਸ਼ਨ ਹਾਊਸ ਵਿਚ ਜ਼ਰੂਰ ਆਉਣਾ ਚਾਹੀਦਾ ਸੀ। ਬੇਘਰੇ ਲੋਕਾਂ ਨੂੰ ਮਕਾਨ ਦੇਣ ਵਾਸਤੇ ਮੇਰੀ ਸਰਕਾਰ ਦਾ ਇੱਕ ਬਹੁਤ ਅੱਛਾ ਪਰੋਗਰਾਮ ਹੈ। ਹਾਊਸਿੰਗ ਡਿਪਾਰਟਮੈਂਟ, ਵੈਲਫੇਅਰ ਡਿਪਾਰਟਮੈਂਟ ਅਤੇ ਹੋਰ ਸਾਰੇ ਡਿਪਾਰਟਮੈਂਟਸ ਅੱਛਾ ਕੰਮ ਕਰ ਰਹੇ ਹਨ। ਮੈਂ, ਚੇਅਰਮੈਨ ਸਾਹਿਬ, ਸਮਝਦਾ ਹਾਂ ਕਿ ਇਹ ਕੰਮ ਬੜੀ ਤੇਜ਼ੀ ਨਾਲ ਹੋਣਾ ਚਾਹੀਦਾ ਹੈ। ਮੇਰੇ ਤੋਂ ਪਹਿਲਾਂ ਬਹੁਤ ਸਾਰੇ ਮੈਂਬਰਾਂ ਨੇ ਸੁਝਾਓ ਦਿੱਤੇ ਹਨ, ਚੇਅਰਮੈਨ ਸਾਹਿਬ, ਮੈਂ ਉਨ੍ਹਾਂ ਗਲਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਮੈਨੂੰ ਪਤਾ ਹੈ ਕਿ ਹਰ ਪਿੰਡ

Original with;
Punjab Vidhan Sabha
Digitized by;
Panjab Digital Library

ਵਿਚ 20-20 ਜਾਂ 30-30 ਪਰਿਵਾਰ ਐਸੇ ਹਨ ਜਿਨ੍ਹਾਂ ਕੋਲ ਕੋਈ ਮਕਾਨ ਨਹੀਂ ਹੈ। ਉਨ੍ਹਾਂ ਪਾਸ ਆਪਣਾ ਸਿਰ ਲੁਕਾਉਣ ਵਾਸਤੇ ਕੋਈ ਜਗ੍ਹਾ ਨਹੀਂ ਹੈ । ਕੁਝ ਲੋਕ ਜ਼ਿਮੀਂਦਾਰਾਂ ਦੇ ਘਰਾਂ ਵਿਚ ਰਹਿੰਦੇ ਹਨ ਅਤੇ ਕੁਝ ਲੋਕ ਪੰਚਾਇਤ ਦੀ ਜਗ੍ਹਾ ਵਿਚ ਰਹਿੰਦੇ ਹਨ ਅਤੇ ਕੁਝ ਲੋਕ ਸਿਰਕੀਆਂ ਵਿਚ ਰਹਿੰਦੇ ਹਨ। ਉਨ੍ਹਾਂ ਗਰੀਬ ਲੋਕਾਂ ਨੂੰ ਰਹਿਣ ਵਾਸਤੇ ਜਗ੍ਹਾ ਨਹੀਂ ਮਿਲ ਰਹੀ । ਗੌਰਮਿੰਟ ਨੂੰ ਉਨ੍ਹਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਾਡੀ ਸਰਕਾਰ ਉਨ੍ਹਾਂ ਗਰੀਬ ਲੋਕਾਂ ਵਾਸਤੇ ਰਹਿਣ ਦਾ ਪ੍ਰਬੰਧ ਕਰ ਵੀ ਰਹੀ ਹੈ। ਮੈਂ, ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਰਾਏ ਦਿੰਦਾ ਹਾਂ ਕਿ ਇੱਕ ਸਰਵੇ ਸਾਰੇ ਪੰਜਾਬ ਦੇ ਪਿੰਡਾਂ ਦਾ ਕਰਵਾਇਆ ਜਾਵੇ ਤਾਕਿ ਪਤਾ ਲਗੇ ਕਿ ਕਿਤਨੇ ਲੋਕ, ਕਿਤਨੇ ਪਰਿਵਾਰ ਐਸੇ ਹਨ ਜੋ ਕਿ ਬੇਘਰੇ ਹਨ। ਜਿਹੜੇ ਗਰੀਬ ਆਦਮੀ ਕਿਸੇ ਜ਼ਿਮੀਂਦਾਰ ਦੇ ਘਰ ਵਿਚ ਰਹਿੰਦੇ ਹਨ, ਉਹ ਜ਼ਿਮੀਂਦਾਰ ਉਨ੍ਹਾਂ ਗਰੀਬ ਲੋਕਾਂ ਕੋਲੋਂ ਆਪਣਾ ਕੰਮ ਵੀ ਕਰਵਾਉਂਦਾ ਹੈ। ਇਸ ਲਈ, ਚੇਅਰਮੈਨ ਸਾਹਿਬ, ਮੇਰੀ ਸੁਜੈਸ਼ਨ ਹੈ ਕਿ ਪੰਜਾਬ ਸਰਕਾਰ ਸਾਰੇ ਪਿੰਡਾਂ ਦਾ ਸਰਵੇ ਜ਼ਰੂਰ ਕਰਵਾਏ ਤਾਕਿ ਪਤਾ ਲਗ ਸਕੇ ਕਿ ਕਿਤਨੇ ਬੇਘਰੇ ਹਨ ਜੋ ਕਿ ਕਿਸੇ ਦੇ ਘਰ ਬੈਠੇ ਹਨ, ਜਾਂ ਪੰਚਾਇਤ ਦੀ ਜਗ੍ਹਾ ਤੇ ਬੈਠੇ ਹਨ, ਝੁਗੀਆਂ ਵਿਚ ਬੈਠੇ ਹਨ ਜਾਂ ਕਿਸੇ ਹੋਰ ਥਾਂ ਤੇ ਬੈਠੇ ਹਨ। ਚੇਅਰਮੈਨ ਸਾਹਿਬ, ਮੇਰੀ ਸਰਕਾਰ ਘਰ ਬਣਾਕੇ ਗਰੀਬਾਂ ਨੂੰ ਦੇ ਰਹੀ ਹੈ। ਜਿਨ੍ਹਾਂ ਪਾਸ ਘਰ ਨਹੀਂ ਹਨ, ਉਨ੍ਹਾਂ ਨੂੰ ਘਰ ਦੇਣੇ ਚਾਹੀਦੇ ਹਨ, ਇਹ ਚੰਗੀ ਗੱਲ ਹੈ। ਚੇਅਰਮੈਨ ਸਾਹਿਬ, ਕੁੱਲੀ ਅਤੇ ਜੁੱਲੀ ਹਰ ਇੱਕ ਨੂੰ ਮਿਲਣੀ ਚਾਹੀਦੀ ਹੈ। ਜਿਸ ਆਦਮੀ ਕੋਲ ਕੁੱਲੀ ਅਤੇ ਜੁੱਲੀ ਨਹੀਂ ਹੋਵੇਗੀ, ਉਹ ਆਪਣੇ ਆਪ ਨੂੰ ਆਜ਼ਾਦ ਕਿਸ ਤਰ੍ਹਾਂ ਕਹੇਗਾ। ਉਸ ਨੂੰ ਕਿਵੇਂ ਪਤਾ ਲਗੇਗਾ ਕਿ ਦੇਸ਼ ਵਿਚ ਆਜ਼ਾਦੀ ਆ ਗਈ ਹੈ। ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਿਰਫ ਇਹੀ ਕਹਾਂਗਾ ਕਿ ਮੇਰੀ ਸਰਕਾਰ ਜਿਹੜੇ ਮਕਾਨ ਬਣਾਕੇ ਗਰੀਬਾਂ ਨੂੰ ਦੇ ਰਹੀ ਹੈ ਉਹ ਬਹੁਤ ਛੋਟੇ ਮਕਾਨ ਹਨ ਉਨ੍ਹਾਂ ਮਕਾਨਾਂ ਵਿਚ ਇੱਕ ਹਰੀਜਨ ਕੋਲ ਜੇਕਰ ਮੱਝ ਹੋਵੇ ਤਾਂ ਉਹ ਫਿਰ ਨਹੀਂ ਸਕਦੀ। ਉਹ ਮਕਾਨ ਥੋੜੇ ਜਿਹੇ ਹੋਰ ਵੱਡੇ ਹੋਣ ਤਾਕਿ ਮੱਝ ਉਨ੍ਹਾਂ ਮਕਾਨਾਂ ਵਿਚ ਫਿਰ ਸਕੇ। ਇਸ ਗੱਲ ਦਾ ਜ਼ਰੂਰ ਖਿਆਲ ਰਖਣਾ ਚਾਹੀਦਾ ਹੈ। ਉਹ ਮਕਾਨ ਥੋੜ੍ਹੇ ਜਿਹੇ, ਚੇਅਰਮੈਨ ਸਾਹਿਬ, ਹੋਰ ਲੰਬੇ ਚੌੜੇ ਹੋਣ ਤਾਕਿ ਉਹ ਗਰੀਬ ਲੋਕ ਆਰਾਮ ਨਾਲ ਉਨ੍ਹਾਂ ਮਕਾਨਾਂ ਵਿਚ ਰਹਿ ਸਕਣ । ਚੇਅਰਮੈਨ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਸਿਰਫ ਇਹੀ ਕਹਾਂਗਾ ਕਿ ਉਨ੍ਹਾਂ ਗਰੀਬਾਂ ਨੂੰ ਜ਼ਰੂਰ ਮਕਾਨ ਦੇਣੇ ਚਾਹੀਦੇ ਹਨ। ਸਾਲ ਦੋ ਸਾਲ ਉਹ ਗਰੀਬ ਲੋਕ ਝੁੱਗੀਆਂ ਵਿਚ ਹੋਰ ਕੱਟ ਲੈਣਗੇ ਜਦ ਤਕ ਸਰਕਾਰ ਵਲੋਂ ਉਹ ਮਕਾਨ ਨਹੀਂ ਬਣ ਜਾਂਦੇ।

**ਸਰਦਾਰ ਬਸੰਤ ਸਿੰਘ** ਖਾਲਸਾ (ਦਾਖਾ, ਐਸ.ਸੀ.) : ਚੇਅਰਮੈਨ ਸਾਹਿਬ, ਇਹ ਜਿਹੜਾ ਮਤਾ ਸ੍ਰੀ ਰਾਮ ਲਾਲ ਚਿੱਟੀ ਜੀ ਨੇ ਲਿਆਂਦਾ ਹੈ ਕਿ ਗਰੀਬ ਹਰੀਜਨਾਂ ਨੂੰ ਜੋ ਬੇਘਰੇ ਹਨ, ਉਨ੍ਹਾਂ ਨੂੰ ਘਰ ਦਿੱਤੇ ਜਾਣ, ਚੰਗਾ ਮਤਾ ਹੈ। ਪਰ, ਚੇਅਰਮੈਨ ਸਾਹਿਬ, ਇਥੇ ਬਹੁਤ ਸਾਰੇ ਮੈਂਬਰ ਸਾਹਿਬਾਨ ਵਲੋਂ ਸੁਜੈਸ਼ਨਾਂ ਦਿੱਤੀਆਂ ਗਈਆਂ ਹਨ। ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਇਥੇ ਹਾਊਸ ਵਿਚ ਬੈਠੇ ਹਨ। ਉਹ ਸਾਰੀਆਂ ਗਲਾਂ ਦਾ ਜਵਾਬ ਇਥੇ ਹਾਊਸ ਵਿਚ ਦੇਣ। ਹਾਊਸ ਦਾ ਟਾਈਮ ਬੜਾ ਕੀਮਤੀ ਹੈ। ਇਥੇ ਭਾਵੇਂ ਕਾਲ ਅਟੈਨਸ਼ਨ ਮੋਸ਼ਨ ਆਵੇ, ਕੋਈ ਸਵਾਲ ਆਵੇ, ਸਪਲੀਮੈਂਟਰੀ ਰਾਹੀਂ ਕੋਈ ਸਵਾਲ ਪੁੱਛਿਆ ਗਿਆ ਹੋਵੇ ਜਾਂ ਕਿਸੇ ਹੋਰ ਤਰੀਕੇ ਨਾਲ ਕੋਈ ਗੱਲ ਕਹੀ ਗਈ ਹੋਵੇ, ਉਹ ਗਲ ਰਿਕਾਰਡ ਤਾਂ ਜ਼ਰੂਰ ਹੁੰਦੀ ਹੈ ਪਰ ਉਸ ਤੇ ਅਮਲ ਨਹੀਂ ਹੁੰਦਾ। ਚੇਅਰਮੈਨ ਸਾਹਿਬ, ਜੇਕਰ ਸਾਰੀ ਗੱਲ ਰਿਕਾਰਡ ਹੋ ਜਾਵੇ ਪਰ ਅਮਲ ਨਾ ਹੋਵੇ ਤਾਂ ਫਿਰ ਇਹ ਹਾਊਸ ਦੀ ਤੌਹੀਨ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿਘ ਖਾਲਸਾ]

ਹੈ। ਇਹ ਚੀਜ਼ ਜਾਣ ਬੁਝ ਕੇ ਕੀਤੀ ਜਾਂਦੀ ਹੈ। ਪਹਿਲਾਂ ਵੀ, ਚੇਅਰਮੈਨ ਸਾਹਿਬ, ਇਥੇ ਹਾਊਸ ਵਿਚ ਖੇਡਾਂ ਦਾ ਰੈਜ਼ੋਲਿਊਸ਼ਨ ਅਤੇ ਦਰਖਤਾ ਦਾ ਰੈਜ਼ੋਲਿਊਸ਼ਨ ਆਇਆ ਸੀ ਪਰ ਉਹ ਸਰਕਾਰ ਵਲੋਂ ਟਾਕ-ਆਊਟ ਕਰਵਾਇਆ ਗਿਆ। ਵਜ਼ੀਰ ਸਾਹਿਬ ਨੇ ਅਜੇ ਤਕ ਕੋਈ ਨੋਟ ਨਹੀਂ ਲਿਆ। ਇਹ ਅੱਜ ਦਾ ਮਤਾ ਭੀ ਟਾਕ-ਆਊਟ ਹੋ ਜਾਣਾ ਹੈ। ਇਸ ਤੇ ਵੀ ਕੋਈ ਅਮਲ ਨਹੀਂ ਹੋਣਾ। ਜੇਕਰ ਵਜ਼ੀਰ ਸਾਹਿਬ ਨੇ ਕੋਈ, ਚੇਅਰਮੈਨ ਸਾਹਿਬ, ਜਵਾਬ ਦੇਣਾ ਹੈ ਤਾਂ ਕੋਈ ਫਾਇਦਾ ਹੈ ਨਹੀਂ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੈ। ਜੇਕਰ ਇਸ ਚੀਜ਼ ਤੇ ਕੋਈ ਅਮਲ ਹੀ ਨਹੀਂ ਹੋਣਾ ਤਾਂ ਫਿਰ, ਹਾਊਸ ਦਾ ਟਾਇਮ ਜ਼ਾਇਆ ਨਾ ਕਰੋ। ਜੇਕਰ ਮਨਿਸਟਰ ਸਾਹਿਬ ਵਲੋਂ ਇਸ ਦਾ ਕੋਈ ਜਵਾਬ ਨਹੀਂ ਆਇਆ ਤਾਂ, ਚੇਅਰਮੈਨ ਸਾਹਿਬ, ਅਸੀਂ ਕੱਲ ਨੂੰ ਪੁਆਇੰਟ ਆਫ ਆਰਡਰ ਕਰਕੇ ਇਸ ਮਸਲੇ ਨੂੰ ਉਠਾਵਾਂਗੇ ਜਾਂ ਸਾਨੂੰ ਜੋ ਸਰਿਆ ਅਸੀਂ ਉਹ ਕਰਾਂਗੇ। ਚੇਅਰਮੈਨ ਸਾਹਿਬ, ਮੈਂ 2-4 ਗਲਾਂ ਰਖਣੀਆਂ ਚਾਹੁੰਦਾ ਹਾਂ ਪਰ ਪਹਿਲਾਂ ਵਜ਼ੀਰ ਸਾਹਿਬ ਸਾਨੂੰ ਯਕੀਨ ਦਿਵਾਉਣ ਕਿ ਉਹ ਜ਼ਰੂਰ ਜਵਾਬ ਦੇਣਗੇ। ਚੇਅਰਮੈਨ ਸਾਹਿਬ, ਵਜ਼ੀਰ ਸਾਹਿਬ ਤੋਂ ਸਾਡੀਆਂ ਗਲਾਂ ਦਾ ਜਵਾਬ ਜ਼ਰੂਰ ਦਿਵਾਓ। ਜਿਨ੍ਹਾਂ ਲੋਕਾਂ ਬਾਰੇ ਇਹ ਮਤਾ ਆਇਆ ਹੈ ਉਨ੍ਹਾਂ ਦੀ ਗਿਣਤੀ 20-30 ਕਰੋੜ ਦੇ ਕਰੀਬ ਹੈ। ਸਾਡੇ ਕੋਲ ਸ਼ਡਿਊਲਡ ਕਾਸਟਸ ਕਮਿਸ਼ਨਰ ਦੀ ਰਿਪੋਰਟ ਹੈ, ਇਸ ਤੇ ਵੀ ਡਿਸਕਸ਼ਨ ਹੋਣੀ ਚਾਹੀਦੀ ਹੈ। 29 ਕਰੋੜ ਦੇ ਕਰੀਬ ਲੋਕ ਪਾਵਰਟੀ ਲਾਈਨ ਤੋਂ ਥੱਲੇ ਹਨ। 16 ਕਰੋੜ ਦੇ ਕਰੀਬ ਲੋਕ ਇਨ੍ਹਾਂ ਵਿਚੋਂ ਹਰੀਜਨ ਹਨ ਜੋ ਕਿ 75% ਦੇ ਕਰੀਬ ਗਰੀਬ ਹਨ। ਜਿਹੜੇ ਗਰੀਬ ਹਨ ਉਹ ਤਿੰਨ ਮੰਗਾਂ ਜ਼ਰੂਰ ਮੰਗਦੇ ਹਨ--ਮਕਾਨ, ਰੋਟੀ ਔਰ ਕਪੜਾ। ਤੁਹਾਨੂੰ ਪਤਾ ਹੀ ਹੈ ਕਿ ਜਦੋਂ ਨਾਹਰੇ ਲਗਦੇ ਹਨ ਤਾਂ ਉਹ ਲੋਕ ਕਹਿੰਦੇ ਹਨ ਕਿ ਜਿਹੜੀ ਸਰਕਾਰ ਇਹ ਤਿੰਨੇ ਚੀਜ਼ਾਂ ਨਹੀਂ ਦੇ ਸਕਦੀ ਉਹ ਸਰਕਾਰ ਨਿਕੰਮੀ ਹੈ। ਸਭ ਤੋਂ ਪਹਿਲਾਂ ਇਹ ਭਾਗਾਂ ਵਾਲਾ ਸੂਬਾ ਹੈ ਔਰ ਦੂਜੇ ਇਥੋਂ ਦੇ ਕਿਸਾਨ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਰੋਟੀ ਦਾ ਮਸਲਾ ਕਾਫੀ ਹੱਦ ਤਕ ਹੱਲ ਕੀਤਾ ਹੈ। ਮਕਾਨਾਂ ਦੇ ਸਬੰਧ ਵਿਚ ਇਸ ਕਰਕੇ ਸਕੇਅਰਸਿਟੀ ਹੋ ਰਹੀ ਹੈ ਅਤੇ ਬਹੁਤ ਸਾਰੀ ਕਮੀ ਇਸ ਕਰਕੇ ਹੋ ਰਹੀ ਹੈ ਕਿਉਂਕਿ ਦੂਸਰੇ ਸੂਬਿਆਂ ਦੀ ਵੱਸੋਂ ਮੱਲੋਮੱਲੀ ਇਥੇ ਧੱਕੇ ਨਾਲ ਆ ਜਾਂਦੀ ਹੈ ਔਰ ਹਰੀਜਨਾਂ ਦੀ ਵੱਸੋਂ ਇਥੇ ਬੇਕਾਰ ਹੁੰਦੀ ਜਾ ਰਹੀ ਹੈ। ਬਾਹਰ ਦੀ ਜੋ ਵੱਸੋਂ ਇਥੇ ਆਉਂਦੀ ਹੈ ਉਨ੍ਹਾਂ ਵਾਸਤੇ ਇਥੇ ਮਕਾਨਾ ਦਾ ਵੀ ਇੰਤਜ਼ਾਮ ਹੋਣਾ ਚਾਹੀਦਾ ਹੈ। ਲੇਕਿਨ ਪਿੰਡਾਂ ਵਿਚੋਂ ਜਿਵੇਂ ਕਿ ਬੱਦੋ-ਵਾਲ ਔਰ ਸਾਨ੍ਹੇਵਾਲ ਪਿੰਡਾਂ ਦੀ ਕਿੰਨੀ ਵੱਸੋਂ ਸ਼ਹਿਰਾਂ ਵਿਚ ਜਾ ਕੇ ਕੰਮ ਕਰਨ ਵਾਸਤੇ ਜਾਂਦੀ ਹੈ ਪਰ ਸ਼ਹਿਰ ਵਿਚ ਉਨ੍ਹਾਂ ਲਈ ਮਕਾਨ ਨਹੀਂ ਹਨ ਜਦੋਂ ਉਹ ਵਾਪਸ ਪਿੰਡਾਂ ਵਿਚ ਆਉਂਦੀ ਹੈ ਤਾਂ ਠੰਡ ਵਿਚ ਬਹੁਤ ਤੰਗ ਹੁੰਦੀ ਹੈ। ਪਿੰਡ ਵਿਚ ਰਹਿਣ ਵਾਸਤੇ ਮਕਾਨ ਨਹੀਂ ਹੁੰਦੇ। ਇਸ ਲਈ ਜਿਹੜੀ ਵਸੋਂ ਬਾਹਰੋਂ ਆਉਂਦੀ ਹੈ ਉਸ ਨੂੰ ਰੋਕਿਆ ਜਾਣਾ ਚਾਹੀਦਾ ਹੈ ਤਾਕਿ ਇਥੋਂ ਦੀ ਹਰੀਜਨ ਔਰ ਗਰੀਬ ਜਨਤਾ ਨੂੰ ਕੰਮ ਕਾਜ ਮਿਲ ਸਕੇ।

ਮੇਰੇ ਤੋਂ ਪਹਿਲਾਂ ਕਈ ਮਾਨਯੋਗ ਮੈਂਬਰ ਕਹਿ ਚੁੱਕੇ ਹਨ, ਮੈਂ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਮਕਾਨ ਬਹੁਤ ਛੋਟੇ ਹਨ। ਇਨ੍ਹਾਂ ਮਕਾਨਾਂ ਲਈ ਜੋ ਹੁਣ 6,500 ਰੁਪਿਆ ਦਿੱਤਾ ਜਾਂਦਾ ਹੈ, ਮੈਂ ਬੇਨਤੀ ਕਰਦਾ ਹਾਂ ਕਿ ਇਹ ਘਟੋ ਘੱਟ ਦਸ ਪੰਦਰਾਂ ਹਜ਼ਾਰ ਰੁਪਿਆ ਇਸ ਲਈ ਦੇਣਾ ਚਾਹੀਦਾ ਹੈ। ਇਸ ਨਾਲ ਚਾਹੇ ਇਹ ਦੋ ਮਕਾਨ ਪਾ ਲੈਣ ਜਾਂ ਫਿਰ ਚੁਬਾਰੇ ਦੀ ਸ਼ਕਲ ਵਿਚ ਪਾ ਲੈਣ। ਉਹ ਮਕਾਨ ਖੁਲ੍ਹੇ ਹੋਣੇ ਚਾਹੀਦੇ ਹਨ। ਨੰਦਪੁਰ ਕੇਸ਼ੋ ਜ਼ਿਲ੍ਹਾ ਪਟਿਆਲਾ, ਕੋਲ ਮਕਾਨ ਬਣੇ ਹਨ। ਇਹ ਪਿੰਡ ਤੋਂ ਦੋ ਮੀਲ ਦੇ ਫਾਸਲੇ ਤੇ ਬਣੇ ਹਨ। ਇਹ ਮਕਾਨ ਦੋ ਚਾਰ ਸਾਲ ਬਣਿਆਂ ਨੂੰ ਹੋ ਗਏ ਹਨ ਪਰ ਉਥੇ ਕੋਈ ਨਹੀਂ ਗਿਆ। ਚੇਅਰਮੈਨ ਸਾਹਿਬ, ਮੈਂ ਅਦਬ ਨਾਲ ਕਹਿੰਦਾ ਹਾਂ ਕਿ ਕੋਈ ਵੀ

Original with;
Punjab Vidhan Sabha
Digitized by;
Panjab Digital Library

ਉਨ੍ਹਾਂ ਮਕਾਨਾਂ ਵਿਚ ਦੀ ਲੰਘ ਨਹੀਂ ਸਕਦਾ। ਵਜ਼ੀਰ ਸਾਹਿਬ ਉਨ੍ਹਾਂ ਮਕਾਨਾਂ ਦੇ ਦਰਵਾਜ਼ੇ ਵਿਚ ਵੜ ਕੇ ਵਿਖਾ ਦੇਣ, ਮੈਂ ਤੁਹਾਡਾ ਦੇਣਦਾਰ ਹੋਵਾਂਗਾ। ਉਨ੍ਹਾਂ ਮਕਾਨਾਂ ਦੇ ਦਰਵਾਜ਼ੇ ਵੀ ਛੋਟੇ ਛੋਟੇ ਲਗੇ ਹਨ ਜਿਨ੍ਹਾਂ ਵਿਚ ਦੀ ਗੁਜ਼ਰਨਾ ਬੜਾ ਮੁਸ਼ਕਿਲ ਹੈ। ਸਾਡੀ ਬੇਨਤੀ ਹੈ ਕਿ ਇਹ ਮਕਾਨ ਪਿੰਡਾਂ ਤੋਂ ਦੂਰ ਨਹੀਂ ਬਣਾਉਣੇ ਚਾਹੀਦੇ। ਇਹ ਮਕਾਨ ਪਿੰਡਾਂ ਦੇ ਨੇੜੇ ਹੀ ਪਾਏ ਜਾਣੇ ਚਾਹੀਦੇ ਹਨ। ਜੇਕਰ ਪਿੰਡਾਂ ਦੇ ਨੇੜੇ ਮਕਾਨ ਬਣਾਉਣ ਵਾਸਤੇ ਜ਼ਮੀਨ ਨਹੀਂ ਮਿਲਦੀ ਤਾਂ ਇਨ੍ਹਾਂ ਨੂੰ ਜ਼ਮੀਨ ਖਰੀਦ ਕੇ ਉਥੇ ਮਕਾਨ ਬਣਾਉਣੇ ਚਾਹੀਦੇ ਹਨ ਜਾਂ ਫਿਰ ਉਨ੍ਹਾਂ ਲੋਕਾਂ ਨੂੰ ਪੈਸੇ ਦੇ ਦੇਣ ਤਾਕਿ ਉਹ ਆਪਣੇ ਮਕਾਨਾਂ ਦੀ ਐਕਸਟੈਨਸ਼ਨ ਕਰਾ ਲੈਣ। ਇਹ ਜਿਹੜੀ ਤੁਹਾਡੀ ਸਕੀਮ ਹੈ ਮਕਾਨ ਪਾ ਕੇ ਦੇਣ ਦੀ, ਇਹ ਕਾਮਯਾਬ ਨਹੀਂ ਹੋ ਰਹੀ ਹੈ। ਸਾਹਨੇਵਾਲ ਵਿਖੇ ਜੋ ਮਕਾਨ ਦਿੱਤੇ ਗਏ ਹਨ ਉਹ ਉਥੇ ਯੋਗ ਆਦਮੀਆਂ ਨੂੰ ਮਕਾਨ ਨਹੀਂ ਦਿੱਤੇ ਗਏ ਔਰ ਉਥੇ ਸਾਹਨੇਵਾਲ ਦੇ ਆੜ੍ਹਤੀ ਹੀ ਉਹ ਮਕਾਨ ਲਈ ਬੈਠੇ ਹਨ। ਜਿਹੜਾ ਪਲਾਟਾਂ ਦਾ ਮੈਂਨਸ਼ਨ ਕੀਤਾ ਹੈ, ਪਲਾਟਾਂ ਤੋਂ ਬਾਅਦ ਸਕੀਮ ਬਣਦੀ ਹੈ, ਮਕਾਨ ਬਣਾ ਕੇ ਦੇਣੇ ਹਨ। ਜਿਹੜੇ ਪਹਿਲਾਂ ਪਲਾਟ ਸਨ ਉਹ ਅਜੇ ਤਕ ਲੋਕਾਂ ਨੂੰ ਨਹੀਂ ਮਿਲੇ। ਲੋਕਾਂ ਦੀਆਂ ਦਰਖਾਸਤਾਂ ਅਜ ਤਕ ਉਸੇ ਤਰ੍ਹਾਂ ਹੀ ਚਲ ਰਹੀਆਂ ਹਨ। ਜਿਹੜੇ ਪਲਾਟ ਇਨ੍ਹਾਂ ਨੂੰ ਦਿੱਤੇ ਹਨ, ਉਹ ਕਬਰਾਂ ਵਿਚ ਦਿੱਤੇ ਹਨ ਜਾਂ ਫਿਰ ਛੱਪੜਾਂ ਵਿਚ ਦਿੱਤੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਦੀ ਬਜਾਏ ਇਹ ਪਲਾਟ ਸਹੀ ਥਾਂ ਤੇ ਦੇਣੇ ਚਾਹੀਦੇ ਹਨ। ਜੇਕਰ ਥਾਂ ਇਨ੍ਹਾਂ ਨੂੰ ਦੇਣੀ ਹੈ ਤਾਂ ਖਰੀਦ ਕੇ ਦੇਣੀ ਚਾਹੀਦੀ ਹੈ ਔਰ ਜੇਕਰ ਮਕਾਨ ਦੇਣੇ ਹਨ ਤਾਂ ਉਸ ਲਈ ਗਰਾਂਟ ਵਧਾਉਣੀ ਚਾਹੀਦੀ ਹੈ।

ਅੱਗੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੇ ਪਲਾਟ ਹਨ ਇਹ ਖਾਸ ਕਰਕੇ ਹਰੀਜਨਾਂ ਨੂੰ ਦਿੱਤੇ ਜਾਂਦੇ ਹਨ। ਇਨ੍ਹਾਂ ਨੂੰ ਜੇ ਆਪਣੇ ਤੌਰ ਤੇ 6500 ਰੁਪਏ ਦੇ ਦਿੱਤੇ ਔਰ ਅਗਰ ਕੋਈ ਆਦਮੀ ਚਬਾਰਾ ਪਾਉਣਾ ਚਾਹੁੰਦਾ ਹੈ ਔਰ ਉਸ ਲਈ ਉਹ ਕਰਜ਼ਾ ਲੈਣਾ ਚਾਹੁੰਦਾ ਹੈ, ਉਨ੍ਹਾਂ ਨੂੰ ਕਰਜ਼ਾ ਨਹੀਂ ਮਿਲ ਰਿਹਾ। ਜੇਕਰ ਕਰਜ਼ਾ ਉਸ ਨੂੰ ਮਿਲਦਾ ਹੈ ਤਾਂ ਉਸ ਲਈ ਉਸ ਨੂੰ ਆਪਣਾ ਮਕਾਨ ਰਹਿਨ ਰਖਣਾ ਪੈਂਦਾ ਹੈ। ਜਿਹੜੇ ਮਕਾਨ ਤੇ ਉਹ ਚੁਬਾਰਾ ਪਾਉਣਾ ਚਾਹੁੰਦਾ ਹੈ ਉਹ ਮਕਾਨ ਉਸ ਦੇ ਨਾਉਂ ਨਹੀਂ ਹੈ। ਪਹਿਲਾਂ ਰਜਿਸਟਰੀ ਉਨ੍ਹਾਂ ਦੇ ਨਾਉਂ ਹੋਵੇ। ਮੈਂ ਕਹਿੰਦਾ ਹਾਂ ਕਿ ਰਹਿਣ ਦੇ ਪੈਸੇ ਦੇਣ ਲਈ ਉਨ੍ਹਾਂ ਨੂੰ ਛੋਟ ਹੋਣੀ ਚਾਹੀਦੀ ਹੈ। ਬਹੁਤ ਸਾਰੇ ਗਰੀਬ ਲੋਕਾਂ ਨੇ ਕਾਲੋਨੀਆਂ ਬਣਾਈਆਂ ਹਨ। ਲੁਧਿਆਣੇ ਦੇ ਨੇੜੇ 14 ਕਾਲੋਨੀਆਂ ਦੇ ਕਰੀਬ ਹਨ ਜਿਨ੍ਹਾਂ ਵਿਚ ਮੁਲਾਜ਼ਮ ਵੀ ਹਨ, ਟੀਚਰਜ਼ ਵੀ ਹਨ ਔਰ ਹਰੀਜਨ ਵੀ ਹਨ। ਲੇਕਿਨ ਸਰਕਾਰ ਨੇ ਨਵਾਂ ਕਾਨੂੰਨ ਬਣਾ ਦਿੱਤਾ ਹੈ ਅਤੇ ਉਨ੍ਹਾਂ ਕਾਲੋਨੀਆਂ ਦੀ ਆਗਿਆ ਨਹੀਂ ਮਿਲਦੀ। ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਬਣ ਗਈਆਂ ਜਾਂ ਜਿਨ੍ਹਾਂ ਲਈ ਨੀਂਹ ਪੱਥਰ ਉਸ ਵੇਲੇ ਦੀ ਸਰਕਾਰ ਦੇ ਖਜ਼ਾਨਾ ਮੰਤਰੀ ਜੀ ਨੇ ਰਖ ਦਿੱਤੇ ਉਨ੍ਹਾਂ ਦੀ ਆਗਿਆ ਮਿਲਣੀ ਚਾਹੀਦੀ ਹੈ ਤਾਕਿ ਚੋਖੀ ਵੱਸੋਂ ਉਥੇ ਜਾ ਕੇ ਫਾਇਦਾ ਉਠਾ ਸਕੇ (ਘੰਟੀ) ਹੁਣ ਇਹ ਰਣਜੀਤਗੜ੍ਹ ਬਣਾਉਣਾ ਚਾਹੁੰਦੇ ਹਨ, ਇਹ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੇ ਬਣਨਾ ਹੈ। ਇਹ ਇਸ ਕਰਕੇ ਰਣਜੀਤਗੜ੍ਹ ਬਣਾਉਣਾ ਸੀ ਤਾਕਿ ਲੁਧਿਆਣੇ ਦੀ ਵੱਸੋਂ ਨੂੰ ਘਟਾਇਆ ਜਾ ਸਕੇ। ਲੇਕਿਨ, ਚੇਅਰਮੈਨ ਸਾਹਿਬ, ਮੇਰੇ ਹਲਕੇ ਏਟ ਦੇ ਗਰੀਬ ਹਰੀਜਨ ਔਰ ਪਛੜੀਆਂ ਜਾਤੀਆਂ ਦੇ ਗਰੀਬ ਰਾਜਪੂਤ ਉਥੇ ਰਹਿੰਦੇ ਹਨ। ਰਣਜੀਤਗੜ੍ਹ ਸਤਲੁਜ ਤੋਂ ਪਰਲੇ ਪਾਸੇ ਬਣਾਉਣ ਦੀ ਤਜਵੀਜ਼ ਸੀ। ਇਸ ਕਰਕੇ ਬਣਾਉਣਾ ਸੀ ਤਾਕਿ ਲੁਧਿਆਣੇ ਦੀ ਵੱਸੋਂ ਨੂੰ ਘਟਾਇਆ ਜਾ ਸਕੇ। ਉਹ ਪਿੰਡ ਜਿਥੇ ਹਰੀਜਨ ਆਬਾਦੀ ਹੈ ਔਰ ਜਿਥੇ ਮਕਾਨ ਬਣੇ ਹੋਏ ਹਨ ਤੇ ਉਹ ਪਿੰਡ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਸਤਲੁਜ ਤੋਂ ਦੂਸਰੇ ਪਾਸੇ ਵੀ ਐਕੁਆਇਰ ਕੀਤੇ ਜਾ ਰਹੇ ਹਨ । ਜ਼ਮੀਨ ਜੱਟਾਂ ਦੀ ਐਕੁਆਇਰ ਹੋ ਜਾਣੀ ਹੈ। ਜਿਹੜੇ ਉਸ ਪਰਵਿਊ ਵਿਚ ਨਹੀਂ ਆਉਂਦੇ ਜਿਹੜੇ ਸਤਲੁਜ ਤੋਂ ਪਰਲੇ ਪਾਸੇ ਆ ਜਾਣ, ਉਸ ਨਾਲ ਲੁਧਿਆਣਾ ਇਧਰ ਨੂੰ ਚਲਾ ਜਾਣਾ ਹੈ ਤਾਂ ਫਿਰ ਇਹ ਨਵਾਂ ਟਾਊਨਸ਼ਿਪ ਬਣਾਉਣ ਦਾ ਕੋਈ ਫਾਇਦਾ ਨਹੀਂ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਹਰੀਜਨ, ਰਾਜਪੂਤ ਔਰ ਰਾਏ ਸਿੱਖ ਆਪਣੇ ਮਕਾਨਾਂ ਵਿਚ ਰਹਿੰਦੇ ਹਨ ਤੇ ਉਹ ਪਿੰਡ ਲੁਧਿਆਣੇ ਵਾਲੇ ਪਾਸੇ ਹਨ ਉਨ੍ਹਾਂ ਨੂੰ ਨਾ ਉਜਾੜਿਆ ਜਾਏ ਔਰ ਰਣਜੀਤਗੜ੍ਹ ਨੂੰ ਸਤਲੁਜ ਤੋਂ ਪਰਲੇ ਪਾਸੇ ਰਖਿਆ ਜਾਏ। (ਘੰਟੀ)

ਬਹੁਤ ਕੁਝ ਨਾ ਕਹਿੰਦਾ ਹੋਇਆ ਜਿਹੜੀ ਤੁਸੀਂ ਕੁੱਲੀ, ਜੁੱਲੀ ਔਰ ਗੁੱਲੀ ਦੀ ਗਲ ਕੀਤੀ ਹੈ ਮੈਂ ਉਸ ਨਾਲ ਸਹਿਮਤ ਹਾਂ ਪਰ ਇਨ੍ਹਾਂ ਦਾ ਹੱਲ ਜ਼ਰੂਰ ਕਰੋ।

ਇਸ ਸਰਕਾਰ ਨੇ 20-ਨੁਕਾਤੀ ਪ੍ਰੋਗਰਾਮ ਰਖਿਆ ਹੈ ਜਿਸ ਨਾਲ ਸਾਡੇ ਗਰੀਬ ਲੋਕਾਂ ਵਿਚੋਂ ਗਰੀਬੀ ਦੂਰ ਕਰਨੀ ਹੈ । ਇਸ ਤੋਂ ਪਹਿਲਾਂ ਇਨ੍ਹਾਂ ਨੇ 25-ਨੁਕਾਤੀ ਪ੍ਰੋਗਰਾਮ ਰਖਿਆ ਸੀ ਪਰ ਉਹ ਕਾਮਯਾਬ ਨਹੀਂ ਹੋਇਆ ਅਤੇ ਹੁਣ 20-ਨੁਕਾਤੀ ਪ੍ਰੋਗਰਾਮ ਰਖਿਆ ਹੈ। ਉਨ੍ਹਾਂ 25-ਨੁਕਾਤੀ ਪ੍ਰੋਗਰਾਮ ਵਿਚੋਂ ਜਿਹੜੀ ਸਾਨੂੰ ਦਿਸ਼ਾ ਦਿਸਦੀ ਸੀ ਉਹੀ ਦਿਸ਼ਾ ਸਾਨੂੰ ਇਨ੍ਹਾਂ ਹੁਣ ਦੇ 20-ਨੁਕਾਤੀ ਪ੍ਰੋਗਰਾਮ ਵਿਚੋਂ ਦਿਸਦੀ ਹੈ। ਪਹਿਲ੍ਹੇ 25-ਨੁਕਾਤੀ ਪ੍ਰੋਗਰਾਮ ਵਿਚ ਇਕ ਨੁਕਤਾ ਸੀ ਫੈਮਿਲੀ ਪਲਾਨਿੰਗ ਦਾ। ਇਥੇ ਪਾਂਧੀ ਜੀ ਨੇ ਠੀਕ ਹੀ ਕਿਹਾ ਹੈ। (ਘੰਟੀ) ਗਰੀਬ ਲੋਕਾਂ ਨੂੰ ਜਿਨ੍ਹਾਂ ਨੂੰ ਤੁਸੀਂ ਕਹਿੰਦੇ ਹੋ ਕਿ ਅਸੀਂ ਮਕਾਨ ਬਣਾ ਕੇ ਦੇਣੇ ਹਨ, ਤੁਸੀਂ ਉਨ੍ਹਾਂ ਉਤੇ ਹੀ ਇਸ ਦਾ ਭਾਰ ਪਾਉਣਾ ਹੈ । ਚੇਅਰਮੈਨ ਸਾਹਿਬ, ਮੈਨੂੰ ਯਾਦ ਹੈ ਜਿਸ ਵੇਲੇ ਐਮਰਜੰਸੀ ਲਗੀ ਸੀ। ਕਪੂਰਥਲੇ ਵਿਚ ਇਕ ਬੀਬੀ ਐਸ.ਡੀ.ਐਮ. ਲਗੀ ਸੀ।......

**ਸ੍ਰੀ ਸਭਾਪਤੀ**: ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਬਸੰਤ ਸਿੰਘ ਖਾਲਸਾ**: ਬੱਸ ਜੀ, ਮੈਂ ਖਤਮ ਹੀ ਕਰਦਾ ਹਾਂ। ਉਹ ਬੀਬੀ ਉਥੇ ਡੀ.ਸੀ. ਅਤੇ ਐਸ.ਐਸ.ਪੀ. ਨੂੰ ਕਹਿਣ ਲਗੀ ਕਿ ਮੈਂ ਫੈਮਿਲੀ ਪਲਾਨਿੰਗ ਦੇ ਓਪਰੇਸ਼ਨਜ਼ ਦਾ ਕੋਟਾ ਪੂਰਾ ਕਰਨਾ ਹੈ ਪਰ ਪਿੰਡਾਂ ਦੇ ਜ਼ਿਮੀਂਦਾਰ ਲੋਕ ਇਸ ਕੰਮ ਲਈਂ ਰਾਜ਼ੀ ਨਹੀਂ ਹੁੰਦੇ ਅਤੇ ਗਰੀਬ ਲੋਕ ਲੱਭ ਨਹੀਂ ਰਹੇ ਪਰ ਮੈਂ ਕੋਟਾ ਪੂਰਾ ਕਰਨਾ ਹੈ । ਇਸ ਤੇ ਡੀ.ਸੀ. ਅਤੇ ਐਸ.ਐਸ.ਪੀ. ਨੇ ਕਿਹਾ ਕਿ ਗੁੱਗੇ ਦਾ ਮੇਲਾ ਲਗਾ ਹੋਇਆ ਹੈ ਉਥੇ ਗਰੀਬ ਲੋਕ ਜ਼ਿਆਦਾ ਮਿੱਟੀ ਕੱਢਣ ਵਾਸਤੇ ਆਉਂਦੇ ਹਨ। ਉਹ ਉਥੇ ਆਏ ਹੋਏ ਹਨ ਇਸ ਲਈ ਤੁਸੀਂ ਉਥੇ ਚਲੇ ਜਾਓ। ਉਹ ਬੀਬੀ ਪੁਲਿਸ ਨੂੰ ਨਾਲ ਲੈ ਕੇ ਉਥੇ ਚਲੀ ਗਈ ਅਤੇ ਉਥੇ ਜਾ ਕੇ ਗਰੀਬ ਲੋਕਾਂ ਦੀ ਕੱਟਾ ਵੱਢੀ ਕੀਤੀ। ਜਿਨ੍ਹਾਂ ਲੋਕਾਂ ਨੂੰ ਅਸੀਂ ਮਕਾਨ ਬਣਾ ਕੇ ਦੇਣੇ ਹਨ ਉਨ੍ਹਾਂ ਦਾ ਇਹ ਹਾਲ ਕੀਤਾ ਜਾਂਦਾ ਹੈ।

**ਸ੍ਰੀ ਸਭਾਪਤੀ**: ਤੁਸੀਂ ਵਾਈਂਡ ਅੱਪ ਕਰੋ ।

**ਸਰਦਾਰ ਬਸੰਤ ਸਿੰਘ ਖਾਲਸਾ**: ਉਨ੍ਹਾਂ ਲੋਕਾਂ ਨੂੰ ਸਹੀ ਥਾਂਵਾਂ ਤੇ ਮਕਾਨ ਬਣਾ ਕੇ ਦਿੱਤੇ ਜਾਣ। ਉਨ੍ਹਾਂ ਲੋਕਾਂ ਨੂੰ ਦੂਜੇ ਲੋਕਾਂ ਦੀ ਤਰ੍ਹਾਂ ਇਸ ਦੇਸ਼ ਦੇ ਬਾਸ਼ਿੰਦੇ ਸਮਝਿਆ ਜਾਵੇ। ਉਨ੍ਹਾਂ ਨੂੰ ਛੋਟੇ ਮਕਾਨ ਦੇ ਕੇ ਉਨ੍ਹਾਂ ਦੀ ਹੱਤਕ ਨਾ ਕੀਤੀ ਜਾਵੇ।

**ਸਰਦਾਰ ਜਗਦੇਵ ਸਿੰਘ ਜੱਸੋਵਾਲ** (ਰਾਏਕੋਟ) : ਪਰਮ ਸਤਿਕਾਰਯੋਗ ਚੇਅਰਮੈਨ ਸਾਹਿਬ, ਮੇਰੇ ਮਾਨਯੋਗ ਮੈਂਬਰ ਸਾਥੀ ਸ੍ਰੀ ਚਿੱਟੀ ਜੀ ਨੇ ਜਿਹੜਾ ਪੇਂਡੂ ਇਲਾਕਿਆਂ ਦੇ ਅੰਦਰ ਜਿਹੜੇ ਬੇਘਰੇ

Original with;
Punjab Vidhan Sabha
Digitized by;
Panjab Digital Library

ਲੋਕ ਹਨ ਉਨ੍ਹਾਂ ਲੋਕਾਂ ਲਈ ਮਕਾਨ ਬਣਾਉਣ ਦੀ ਲਹਿਰ ਨੂੰ ਹੋਰ ਤੇਜ਼ ਕਰਨ ਲਈ ਜਿਹੜਾ ਸਰਕਾਰ ਨੂੰ ਬੇਨਤੀ ਕਰਨ ਦਾ ਮਤਾ ਹਾਊਸ ਵਿਚ ਲਿਆਂਦਾ ਹੈ, ਮੈਂ ਉਸ ਦੀ ਹਮਾਇਤ ਕਰਨ ਲਈ ਖੜਾ ਹੋਇਆ ਹਾਂ। ਪਰ ਮੈਨੂੰ ਅਫਸੋਸ ਹੈ ਕਿ ਜਿਥੇ ਐਨੀ ਭਾਰੀ ਗਰੀਬ ਲੋਕਾਂ ਦੀ ਗਿਣਤੀ ਹੋਵੇ ਅਤੇ ਇਹ ਸਰਕਾਰ ਉਨ੍ਹਾਂ ਲਈ ਐਨਾ ਕੁਝ ਕਰ ਰਹੀ ਹੋਵੇ ਪਰ ਨਾ ਇਥੇ ਗੈਲਰੀ ਵਿਚ ਕੋਈ ਅਫਸਰ ਹੀ ਬੈਠਾ ਹੋਵੇ, ਸਿਵਾਏ ਇਕ ਅਫਸਰ ਦੇ, ਸ਼ਾਇਦ ਉਹ ਅਫਸਰ ਵੀ ਮੈਨੂੰ ਗਾਲਾਂ ਕੱਢਦਾ ਹੋਵੇ ਕਿਉਂਕਿ ਉਸ ਨੂੰ ਵੀ ਸ਼ਾਇਦ ਮਜ਼ਬੂਰੀ ਦੀ ਹਾਲਤ ਵਿਚ ਇਥੇ ਬੈਠਣਾ ਪਿਆ ਹੋਵੇ। ਬਾਕੀ ਪ੍ਰੈਸ ਵਾਲਿਆਂ ਨੇ ਤਾਂ ਜਿਵੇਂ ਬਾਈਕਾਟ ਹੀ ਕੀਤਾ ਹੋਵੇ। ਉਹ ਵੀ ਇਸ ਮਾਮਲੇ ਲਈ ਸੰਜੀਦਾ ਨਹੀਂ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮਤਾ ਬਹੁਤ ਅਹਿਮੀਅਤ ਰਖਦਾ ਹੈ ਕਿਉਂਕਿ ਇਨਸਾਨ ਤਾਂ ਕੀ ਜਿਹੜੇ ਪਸ਼ੂ ਹਨ ਉਨ੍ਹਾਂ ਦੇ ਵੀ ਘਰ ਹਨ ਅਤੇ ਜਿਹੜੇ ਪੰਛੀ ਹਨ ਉਨ੍ਹਾਂ ਦੇ ਵੀ ਆਲ੍ਹਣੇ ਹਨ। ਜਿਸ ਮਨੁੱਖ ਕੋਲ ਆਪਣਾ ਘਰ ਨਹੀਂ ਹੈ ਜਾਂ ਜਿਸ ਮਨੁੱਖ ਕੋਲ ਆਪਣਾ ਸਿਰ ਲੁਕਾਉਣ ਲਈ ਜਗ੍ਹਾ ਨਹੀਂ ਉਸ ਦੇ ਅੰਦਰ ਨਾ ਘਰ ਦਾ ਪਿਆਰ ਹੋ ਸਕਦਾ ਹੈ ਅਤੇ ਨਾ ਹੀ ਉਸ ਦੇ ਅੰਦਰ ਦੇਸ਼ ਲਈ ਪਿਆਰ ਹੋ ਸਕਦਾ ਹੈ। ਕਹਿੰਦੇ ਹਨ ਕਿ :

**Breathes there the man with soul so dead who never to himself has said that this is my own native land.**

ਇਹ ਜ਼ਰੂਰੀ ਹੈ ਕਿ ਦੇਸ਼ ਭਗਤੀ ਦੇ ਨਾਲ ਨਾਲ ਆਪਣੇ ਘਰ ਨਾਲ ਵੀ ਪਿਆਰ ਪੈਦਾ ਕੀਤਾ ਜਾਵੇ। ਸੋਸ਼ਲਿਸਟ ਪੈਟਰਨ ਦੇ ਕੰਟਰੀ ਵਿਚ ਇਹ ਸਾਡੇ ਵਾਸਤੇ ਆਬਲੀਗੇਟਰੀ ਹੈ ਅਤੇ ਇਹ ਕੋਈ ਕਿਰਪਾ ਨਹੀਂ ਕਿ ਗਰੀਬ ਲੋਕਾਂ ਵਾਸਤੇ ਮਕਾਨ ਬਣਾਕੇ ਦਿੱਤੇ ਜਾਣ। ਇਹ ਸਾਡੀ ਡਿਊਟੀ ਹੈ। ਪਰ ਮੈਨੂੰ ਅਫਸੋਸ ਹੈ ਕਿ ਇਸ ਮਤੇ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ, ਇਸ ਉਤੇ ਠਰ੍ਹਮੇ ਨਾਲ ਨਹੀਂ ਵਿਚਾਰਿਆ ਗਿਆ ਅਤੇ ਇਸ ਉਤੇ ਚੰਗੀ ਤਰ੍ਹਾਂ ਬਹਿਸ ਨਹੀਂ ਕੀਤੀ ਗਈ ਸਗੋਂ ਇਕ ਦੂਜੇ ਨੂੰ ਤਾਹਨੇ ਅਤੇ ਮਿਹਣੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਕ ਦੂਜੇ ਨਾਲ ਉਲਝਣ ਲਗ ਪਏ। ਚੇਅਰਮੈਨ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਇਹ ਠੀਕ ਹੈ ਕਿ ਬੇਘਰੇ ਲੋਕ ਸਿਰਫ ਪਿੰਡਾਂ ਵਿਚ ਹੀ ਨਹੀਂ ਵਸਦੇ, ਬੇਘਰੇ ਲੋਕ ਸ਼ਹਿਰਾਂ ਵਿਚ ਵੀ ਵਸਦੇ ਹਨ ਅਤੇ ਉਨ੍ਹਾਂ ਦੀ ਬੜੀ ਭਾਰੀ ਗਿਣਤੀ ਸ਼ਹਿਰਾਂ ਵਿਚ ਵਸਦੀ ਹੈ। ਕਿਹਾ ਚੰਗਾ ਹੁੰਦਾ ਜੇ ਇਸ ਮਤੇ ਵਿਚ ਸ਼ਹਿਰਾਂ ਵਿਚ ਰਹਿ ਰਹੇ ਬੇਘਰੇ ਲੋਕਾਂ ਨੂੰ ਮਕਾਨ ਬਣਾ ਕੇ ਦੇਣ ਲਈ ਪ੍ਰਬੰਧ ਕਰਨ ਬਾਰੇ ਜ਼ਿਕਰ ਕੀਤਾ ਗਿਆ ਹੁੰਦਾ। ਮੇਰੀ ਰਾਏ ਹੈ ਕਿ ਸ਼ਹਿਰਾਂ ਵਿਚ ਜੋ ਨਵੀਆਂ ਕਾਲੋਨੀਜ਼ ਬਣ ਰਹੀਆਂ ਹਨ, ਚਾਹੇ ਉਹ ਅਰਬਨ ਐਸਟੇਟ ਦੀ ਤਰਫੋਂ ਹੋਣ ਜਾਂ ਹਾਊਸਿੰਗ ਬੋਰਡ ਦੀ ਤਰਫੋਂ ਡਿਵੈਲਪ ਕੀਤੀਆਂ ਜਾ ਰਹੀਆਂ ਹਨ ਅਤੇ ਚਾਹੇ ਇੰਪਰੂਵਮੈਂਟ ਟਰੱਸਟ ਦੀ ਤਰਫੋਂ ਡਿਵੈਲਪ ਕੀਤੀਆਂ ਜਾ ਰਹੀਆਂ ਹਨ, ਉਹ ਵੀ ਇਸ ਪਾਸੇ ਧਿਆਨ ਕਰਨ ਕਿਉਂਕਿ ਬਹੁਤ ਭਾਰੀ ਗਿਣਤੀ ਵਿਚ ਹਿੰਦੁਸਤਾਨ ਖਾਸ ਤੌਰ ਤੇ ਪੰਜਾਬ ਇੰਡਸਟਰੀਅਲਾਈਜ਼ ਹੋ ਰਿਹਾ ਹੈ। ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਆ ਚੁੱਕਾ ਹੈ। ਇੰਡਸਟਰੀਅਲ ਰੈਵੋਲਿਊਸ਼ਨ ਵਲਾਇਤ ਵਿਚ 1688 ਵਿਚ ਆਇਆ ਸੀ ਪਰ ਅਸੀਂ 3 ਸੌ ਸਾਲ ਪਿੱਛੇ ਹਾਂ। ਇਸ ਦਾ ਮਤਲਬ ਹੈ ਕਿ ਜਿਹੜੇ ਪਿੰਡਾਂ ਦੇ ਲੋਕਾਂ ਕੋਲ ਜ਼ਮੀਨ ਨਹੀਂ ਹੈ, ਜਿਨ੍ਹਾਂ ਦੀ ਜਾਇਦਾਦ ਨਹੀਂ ਹੈ ਅਤੇ ਉਨ੍ਹਾਂ ਕੋਲ ਮਕਾਨ ਨਹੀਂ ਹਨ ਉਨ੍ਹਾਂ ਨੇ ਰੋਟੀ ਕਮਾਉਣ ਲਈ ਸ਼ਹਿਰਾਂ ਵਿਚ ਫੈਕਟਰੀ ਵਿਚ ਕੰਮ ਕਰਨ ਲਈ ਜਾਣਾ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਸ਼ਹਿਰਾਂ ਵਿਚ ਵੀ ਉਨ੍ਹਾਂ ਲਈ ਰਾਖਵੀਆਂ ਜਗ੍ਹਾਂ ਰੱਖਣੀਆਂ ਚਾਹੀਦੀਆਂ ਹਨ ਅਤੇ ਮੁਨਾਸਿਬ ਕੀਮਤ ਦੇ ਉਤੇ ਉਨ੍ਹਾਂ ਨੂੰ ਜਗ੍ਹਾ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ ਤਾਕਿ ਉਹ ਉਥੇ ਆਪਣਾ ਨਿਰਬਾਹ ਕਰ ਸਕਣ।

Original with;
Punjab Vidhan Sabha
Digitized by;
Panjab Digital Library

[ਸਰਦਾਰ ਜਗਦੇਵ ਸਿੰਘ ਜੱਸੋਵਾਲ]

ਇਸ ਤੋਂ ਅੱਗੇ, ਚੇਅਰਮੈਨ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ **idea is to rule the world.** ਜਿਹੜਾ ਆਦਮੀ ਬੇਘਰਾ ਹੈ ਉਸ ਨੂੰ ਘਰ ਦੇਣਾ ਹੈ ਅਤੇ ਬੇਘਰੇ ਲੋਕਾਂ ਨੂੰ ਘਰ ਦੇਣ ਲਈ ਜਿਸ ਨੇ ਵੀ ਸੋਚਿਆ ਹੈ, ਭਾਵੇਂ ਉਹ ਕੋਈ ਪਾਰਟੀ ਹੈ ਜਾਂ ਲੀਡਰ ਹੈ, ਅਸੀਂ ਉਸ ਦਾ ਸਿਜਦਾ ਕਰਦੇ ਹਾਂ। ਅਸੀਂ ਉਸ ਨੂੰ ਸਲੂਟ ਕਰਦੇ ਹਾਂ (ਥੰਪਿੰਗ) ਇਹ ਕੰਮ ਉਸ ਪਾਰਟੀ ਦਾ, ਉਸ ਦੇ ਲੀਡਰ ਦਾ ਸ਼ਲਾਘਾ ਭਰਿਆ ਹੈ। ਜਿਸ ਦਿਨ ਤੋਂ ਇਸ ਕੰਮ ਲਈ ਮੂਵਮੈਂਟ ਸ਼ੁਰੂ ਹੋਈ ਹੈ ਅਤੇ ਹੁਣ ਇਹ ਇਤਨਾ ਜ਼ੋਰ ਪਕੜ ਚੁੱਕੀ ਹੈ ਕਿ ਇਸ ਨੂੰ ਇਹ (ਅਪੋਜ਼ੀਸ਼ਨ ਵੱਲ ਇਸ਼ਾਰਾ) ਰੋਕ ਨਹੀਂ ਸਕਣਗੇ। (ਥੰਪਿੰਗ) ਸਵਾਲ ਇਹ ਹੈ ਕਿ ਪੰਜਾਬ ਵਿਚ ਸਾਰੇ ਮਨੁੱਖਾਂ ਦੇ ਰਹਿਣ ਲਈ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ, ਇਸ ਲਈ ਜ਼ਰੂਰੀ ਹੈ ਕਿ ਕੋਈ ਸਮਾਂ ਨਿਸ਼ਚਤ ਕੀਤਾ ਜਾਵੇ ਕਿ ਐਨੇ ਸਮੇਂ ਵਿਚ ਬੇਘਰੇ ਲੋਕਾਂ ਨੂੰ ਹਰ ਪਿੰਡ ਅਤੇ ਸ਼ਹਿਰ ਵਿਚ ਮਕਾਨ ਦੇ ਦਿਆਂਗੇ। ਜਿਸ ਤਰ੍ਹਾਂ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੁਲ੍ਹ ਗਿਆ ਹੈ, ਹਰ ਪਿੰਡ ਨੂੰ ਸੜਕ ਬਣ ਗਈ ਹੈ ਅਤੇ ਇਸੇ ਤਰ੍ਹਾਂ ਹੀ ਹੋਰ ਸਹੂਲਤਾਂ ਨਿਸ਼ਚਤ ਟਾਈਮ ਵਿਚ ਪਹੁੰਚਾਈਆਂ ਗਈਆਂ ਅਤੇ ਪਹੁੰਚਾਈਆਂ ਜਾਂਦੀਆਂ ਹਨ ਇਸੇ ਤਰ੍ਹਾਂ ਹੀ ਇਸ ਪਾਸੇ ਵੀ ਧਿਆਨ ਦਿੱਤਾ ਜਾਵੇ ਕਿ ਐਨੇ ਸਮੇਂ ਦੇ ਅੰਦਰ ਅੰਦਰ ਪੰਜਾਬ ਅੰਦਰ ਕੋਈ ਬੇਘਰਾ ਨਹੀਂ ਰਹੇਗਾ, ਜਿਸ ਪਾਸ ਆਪਣਾ ਮਕਾਨ ਨਾ ਹੋਵੇ। ਇਹ ਮੈਂ ਇਸ ਲਈ ਕਹਿੰਦਾ ਹਾਂ ਕਿ ਕਿਉਂਕਿ ਪੰਜਾਬ ਹਿੰਦੁਸਤਾਨ ਨੂੰ ਹਰ ਗੱਲ ਵਿਚ ਲੀਡ ਦਿੰਦਾ ਹੈ।

ਚੇਅਰਮੈਨ ਸਾਹਿਬ, ਮੈਂ ਇਹ ਗੱਲ ਵੀ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਇਥੇ ਕੁਝ ਸੱਜਣਾਂ ਨੇ ਕਿਹਾ ਕਿ ਪਲਾਟ ਅਤੇ ਮਕਾਨ ਜਿਹੜੇ ਗਰੀਬ ਲੋਕਾਂ ਨੂੰ ਦਿੱਤੇ ਗਏ ਹਨ ਉਹ ਟਿੱਬਿਆਂ, ਸਿਵਿਆਂ ਅਤੇ ਉਚੀ ਨੀਵੀਂ ਜਗ੍ਹਾ ਤੇ ਦਿਤੇ ਗਏ ਹਨ। ਇਸ ਵਿਚ ਬਹੁਤ ਹੱਦ ਤੱਕ ਸਚਾਈ ਵੀ ਹੋ ਸਕਦੀ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਪਲਾਟ ਉਥੇ ਉਨ੍ਹਾਂ ਨੂੰ ਦੇਣ ਲਈ ਕੌਣ ਲੋਕ ਜ਼ਿਮੇਵਾਰ ਹਨ ? ਕਿਹੜੀ ਪਾਰਟੀ ਨੇ ਉਨ੍ਹਾਂ ਨੂੰ ਯੋਗ ਥਾਂ ਤੇ ਪਲਾਟ ਦੇਣ ਵਿਚ ਰੁਕਾਵਟ ਪਾਈ ? ਕਿਹੜੇ ਲੋਕ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਕਬਜ਼ੇ ਨਹੀਂ ਦਿਵਾਏ ? ਚੇਅਰਮੈਨ ਸਾਹਿਬ, ਪੰਜਾਬ ਵਿਚ ਲੈਂਡ ਸੀਲਿੰਗ ਦਾ ਬਹੁਤ ਜ਼ਰੂਰੀ ਮਸਲਾ ਹੈ। ਲੈਂਡ ਸੀਲਿੰਗ ਤੇ ਪੂਰੀ ਤਰ੍ਹਾਂ ਅਮਲ ਕਰਕੇ ਇਸ ਪਾਸੇ ਤੋਂ ਜ਼ਮੀਨ ਕੱਟੀ ਜਾਵੇ ਅਤੇ ਮਕਾਨਾਂ ਵਾਸਤੇ ਦਿੱਤੀ ਜਾਵੇ। ਪੰਜਾਬ ਲੈਂਡ ਸੀਲਿੰਗ ਐਕਟ ਦੇ ਵਿਚ ਬੜੇ ਭਾਰੀ ਲਕੂਨੇ ਹਨ। ਬੜੇ ਬੜੇ ਜਾਗੀਰਦਾਰਾਂ ਨੇ ਬੇਨਾਮੀ ਲੋਕਾਂ ਦੇ ਨਾਵਾਂ ਤੇ ਜ਼ਮੀਨਾਂ ਰਖੀਆਂ ਹੋਈਆਂ ਹਨ।

**ਕਾਮਰੇਡ ਸੱਘੜ ਸਿੰਘ :** ** ** **

**Mr. Chairman:** This is no point of order.

**ਸਰਦਾਰ ਜਗਦੇਵ ਸਿੰਘ ਜੱਸੋਵਾਲ :** ਪਰਮ ਸਤਿਕਾਰ ਯੋਗ ਚੇਅਰਮੈਨ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਉਤੇ ਇਹ ਵੀ ਜ਼ੋਰ ਦਿਆਂਗਾ ਕਿ ਜਿਥੇ ਬੇਘਰਾਂ ਲਈ ਮਕਾਨ ਦੇਣੇ ਹਨ ਉਥੇ ਲੈਂਡ ਸੀਲਿੰਗ ਐਕਟ ਜੋ ਹੈ ਉਸ ਨੂੰ ਮਜ਼ਬੂਤੀ ਨਾਲ, ਹਿੰਮਤ ਨਾਲ ਜੁਰਅਤ ਨਾਲ, ਲਾਗੂ ਕਰਨਾ ਚਾਹੀਦਾ ਹੈ। ਜਿਨ੍ਹਾਂ ਲੋਕਾਂ ਨੇ ਜ਼ਮੀਨਾਂ ਚਾਹੇ ਆਪਣੇ ਪਸ਼ੂਆਂ ਦੇ ਨਾਮ ਤੇ, ਜਾਨਵਰਾਂ ਦੇ ਨਾਮ ਤੇ, ਸਬਜ਼ੀਆਂ ਦੇ ਨਾਮ ਤੇ ਜਾਂ ਕਿਸੇ ਹੋਰ ਦੇ ਨਾਮ ਤੇ ਰਖੀਆਂ ਹਨ ਉਹ ਕਢਾਉਣੀਆਂ ਚਾਹੀਦੀਆਂ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਹਨ। ਮੈਂ ਸਮਝਦਾ ਹਾਂ ਕਿ ਮਹਾਰਾਜ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਫਰਮਾਇਆ ਹੈ ਕਿ ਗਰੀਬ ਦਾ ਮੂੰਹ ਜੋ ਹੈ ਉਹ ਗੁਰੂ ਦੀ ਗੋਲਕ ਹੈ ਉਸ ਅਨੁਸਾਰ ਹਰ ਗਰੀਬ ਦੀ ਰਖਸ਼ਾ ਕਰਨਾ ਹਰ ਇਕ ਆਦਮੀ ਦਾ ਫਰਜ਼ ਹੈ, ਹਰ ਇਕ ਸਰਕਾਰ ਦਾ ਫਰਜ਼ ਹੈ। Charity begins at home. ਕੋਈ ਵੀ ਵਿਅਕਤੀ, ਮਾਨਯੋਗ ਮੈਂਬਰ ਚਾਹੇ ਉਹ ਹਾਊਸ ਵਿੱਚ ਹੈ ਜਾਂ ਹਾਊਸ ਤੋਂ ਬਾਹਰ ਹਨ, ਉਸ ਦਾ ਜ਼ਰੂਰੀ ਤੌਰ ਤੇ ਫਰਜ਼ ਬਣਦਾ ਹੈ ਕਿ ਉਹ ਸਰਕਾਰ ਨੂੰ ਮਿਲਵਰਤਣ ਦੇਣ ਅਤੇ ਸਰ-ਪਲੱਸ ਜ਼ਮੀਨ ਜੋ ਪਈ ਹੈ ਉਹ ਰਾਖਵੀਂ ਕਰਕੇ ਬੇਘਰੇ ਲੋਕਾਂ ਨੂੰ ਦੇਣ ਦਾ ਯਤਨ ਕੀਤਾ ਜਾਵੇ।

6.22 ਸ਼ਾਮ | (ਇਸ ਵਕਤ ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਇਸ ਦੇ ਨਾਲ ਹੀ ਹਰੀਜਨ ਵੀਰਾਂ ਲਈ ਧਰਮਸ਼ਾਲਾਂ ਦਾ ਜੋ ਮਸਲਾ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ।

## SECOND REPORT OF THE BUSINESS ADVISORY COMMITTEE

**Mr. Speaker :** I have to present to the House the Second Report of the Business Advisory Committee. The report reads as under :—

After some discussion, it was recommended that the following business, be transacted at the sittings of the Punjab Vidhan Sabha from 15th March, 1982 to 29th March, 1982 :—

| | |
|---|---|
| Monday, the 15th March (2.00 P.M.) | General discussion on the Budget Estimates for the year 1982-83 |
| Tuesday, the 16th March (9.00 A.M.) | Resumption of General discussion on the Budget Estimates for the year 1982-83 |
| Wednesday, the 17th March (9.00 A.M.) | Ditto |
| Thursday, the 18th March (9.00 A.M.) | Non-official Business |
| Friday, the 19th March (9.00 A.M.) | (i) Presentation of Excesses over Grants for the years 1966-67) Post Reorganisation Period) and 1972-73<br>(ii) Resumption of General discussion on the Budget Estimates for the year 1982-83 (General discussion to be concluded) |
| Saturday, the 20th March | Off day |
| Sunday, the 21st March | Holiday |
| Monday, the 22nd March (2.00 P.M.) | (i) Discusion on regularisation of Excesses over Grants for the years 1966-67 (Post-Reorgnisation Period) and 1972-73<br>(ii) Appropriation Bill in respect of item No. (1) above<br>(iii) Discussion and voting on Demands for Grants in respect of General Administration and Police |
| Tuesday, the 23rd March .. | Holiday |

Original with;
Punjab Vidhan Sabha
Digitized by;
Panjab Digital Library

[Mr. Speaker]

| | |
|---|---|
| Wednesday, the 24th March (2.00 P.M.) | Discussion and voting on Demands for Grants in respect of Excise and Taxation |
| Thursday, the 25th March (9.00 A.M.) | Non-official Business |
| Friday, the 26th March. (9.00 A.M.) | Discussion and Voting on Demands for Grants in respect of Agriculture and Industry. As regards the remaining Demands relating to the Budget Estimates for the year 1982-83, guilotine will be applied |
| Saturday, the 27th March .. | Off day |
| Sunday, the 28th March .. | Holiday |
| Monday, the 29th March (9.00 A.M.) | Appropriation Bill in respect of Budget Estimates for the year 1982-83 |

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are in consistent with the above recommendations, that rule/those rules will stand suspended to that extent.

**Finance Minister (Doctor Kewal Krishan) :** Sir, I beg to move—

That this House agrees with the recommendations contained in the Second Report of the Business Advisory Committee.

**Mr. Speaker :** Motion moved—

That this House agrees with the recommendations contained in the Second Report of the Business Advisory Committee.

**Mr. Speaker :** Question is—

That this House agrees with the recommendtions contained in the Second Report of the Business Advisory Committee.

*The Motion was carried unanimously.*

## RESOLUTION RE. STEPPING UP OF THE PROVISION OF HOUSE SITES FOR LANDLESS AND WEAKER SECTIONS OF THE SOCIETY IN THE RURAL AREAS OF THE STATE

(*Resumption of discussion*)

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ ਕਿ ਹਰੀਜਨਾਂ ਲਈ ਧਰਮਸ਼ਾਲਾਂ ਬਣਾਉਣ ਦੀ ਜੋ ਸਕੀਮ ਸੀ ਉਹ ਇਕ ਚੰਗੀ ਸਕੀਮ ਸੀ ਲੇਕਿਨ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਧਰਮਸ਼ਾਲਾਂ ਵੱਖਰੀਆਂ ਬਣਾਉਣ ਨਾਲ ਹਰੀਜਨਾਂ ਦੀ ਔਰ ਗੈਰ-ਹਰੀਜਨਾਂ ਦੀ ਪਿੰਡਾਂ ਵਿੱਚ ਸੈਗਰੀਗੇਸ਼ਨ ਹੋ ਗਈ ਹੈ। ਇਸ ਲਈ ਮੇਰਾ ਸੁਝਾਓ ਹੈ ਕਿ ਇਹ ਜਿਹੜੀਆਂ ਧਰਮਸ਼ਾਲਾਂ ਹਨ ਉਹ ਬਚਿਆਂ ਲਈ ਬਾਲਵਾੜੀਆਂ ਲਈ ਵਰਤੀਆਂ ਜਾਣ ਕਿਉਂਕਿ ਛੋਟੇ ਬਚਿਆਂ ਨੂੰ, ਜੰਮਦੇ ਬਚਿਆਂ ਨੂੰ ਜ਼ਿੰਦਗੀ ਦੀਆਂ ਬੇਸਿਕ ਅਮੈਨੇਟੀਜ਼ ਦੇਣੀਆਂ ਬੜੀਆਂ ਜ਼ਰੂਰੀ ਹਨ। ਇਸ ਲਈ ਉਥੇ ਬਾਲਵਾੜੀਆਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਕਈ ਪਿੰਡ ਐਸੇ ਹਨ ਜਿਥੇ ਇਕ ਵੀ ਧਰਮਸ਼ਾਲਾ ਨਹੀਂ ਪਰ ਕਈ ਪਿੰਡ ਐਸੇ ਹਨ ਜਿਥੇ ਚਾਰ ਚਾਰ ਧਰਮਸ਼ਾਲਾਂ ਹਨ, ਉਹ ਸਾਂਝੇ ਤੌਰ ਤੇ ਖੋਲ੍ਹ ਦੇਣੀਆਂ ਚਾਹੀਦੀਆਂ ਹਨ। ਇਸ ਦਾ ਨਤੀਜਾ ਇਹ ਹੋਵੇਗਾ ਕਿ ਜਿਥੇ ਹਰੀਜਨ ਅਤੇ ਦੂਸਰੇ ਲੋਕ ਇਕੱਠੇ ਹੋਣਗੇ, ਉਹ ਸੋਸ਼ਲ ਤੌਰ ਤੇ ਨੇੜੇ ਹੋਣਗੇ, ਉਨ੍ਹਾਂ ਦੇ ਰਿਸ਼ਤੇ ਨਾਤੇ ਜੁੜਨਗੇ,

Original with;
Punjab Vidhan Sabha
Digitized by;
Panjab Digital Library

ਵਿਆਹ ਸ਼ਾਦੀਆਂ ਇਕੱਠੇ ਕਰਨਗੇ ਅਤੇ ਉਨ੍ਹਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ, ਆਪਸ ਵਿੱਚ ਮਿਲ ਜੁਲ ਕੇ ਰਹਿਣ ਦਾ ਜਜ਼ਬਾ ਪੈਦਾ ਹੋਵੇਗਾ। ਜਿਥੋਂ ਤਕ, ਸਤਿਕਾਰਯੋਗ ਸਪੀਕਰ ਸਾਹਿਬ, ਬਸਤੀਆਂ ਜੋ ਪ੍ਰੋਪੋਜ਼ਡ ਹਨ, ਬਣਾਉਣ ਦਾ ਸਬੰਧ ਹੈ, ਮੈਂ ਮਾਨਯੋਗ ਮੈਂਬਰਾਂ ਨਾਲ ਸਹਿਮਤ ਹਾਂ ਕਿ ਬਹੁਤੀ ਸਾਰੀਆਂ ਅਮੈਨਿਟੀਜ਼ ਉਨ੍ਹਾਂ ਨੂੰ ਦੇਣੀਆਂ ਚਾਹੀਦੀਆਂ ਹਨ। ਜਿਸ ਤਰ੍ਹਾਂ ਸਕੂਲ ਹੈ, ਡਿਸਪੈਂਸਰ ਹੈ, ਸੜਕ ਹੈ ਜਾਂ ਹੋਰ ਇਸ ਤਰ੍ਹਾਂ ਦੀਆਂ ਅਮੈਨਿਟੀਜ਼ ਹਨ, ਉਨ੍ਹਾਂ ਲਈ ਹਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਉਹ ਪ੍ਰੋਵਾਈਡ ਕੀਤੀਆਂ ਜਾਣ ਤਾਕਿ ਇਨ੍ਹਾਂ ਅਮੈਨਿਟੀਜ਼ ਦਾ ਉਹ ਲੋਕ ਵੀ ਸੁਖ ਮਾਣ ਸਕਣ। ਰਹਿ ਗਈ ਗਲ ਰੁਪਏ ਦੀ, ਰੁਪਏ ਤੋਂ ਬਿਨਾਂ ਕੋਈ ਚੀਜ਼ ਨਹੀਂ ਬਣਦੀ। ਜਿਸ ਤਰ੍ਹਾਂ ਸ਼ਹਿਰਾਂ ਵਿੱਚ ਸੀਵਰੇਜ ਸ਼ੁਰੂ ਕਰਨ ਲਈ ਵਰਲਡ ਬੈਂਕ ਤੋਂ ਪੰਜਾਬ ਸਰਕਾਰ ਨੇ ਕਈ ਕਰੋੜ ਰੁਪਿਆ ਲਿਆ ਹੈ ਉਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਸਾਡੇ ਕੋਲ ਜੋ ਵੀ ਸਾਧਨ ਹਨ ਉਹ ਵਰਤ ਕੇ ਸਾਨੂੰ ਵਰਲਡ ਬੈਂਕ ਨੂੰ ਐਪਰੋਚ ਕਰਨਾ ਚਾਹੀਦਾ ਹੈ ਕਿ ਗਰੀਬ ਲੋਕਾਂ ਵਾਸਤੇ ਮਕਾਨ ਬਣਾਉਣ ਲਈ, ਗਰੀਬ ਲੋਕਾਂ ਨੂੰ ਅਮੈਨਿਟੀਜ਼ ਦੇਣ ਵਾਸਤੇ ਸਾਨੂੰ ਰੁਪਿਆ ਵੱਧ ਤੋਂ ਵੱਧ ਦਿੱਤਾ ਜਾਵੇ। ਵੱਧ ਤੋਂ ਵੱਧ ਉਨ੍ਹਾਂ ਤੋਂ ਰੁਪਿਆ ਲੈ ਕੇ ਘੱਟੋ ਘੱਟ ਇਸ ਸਦੀ ਵਿੱਚ ਕੋਈ ਐਸਾ ਵਿਅਕਤੀ ਨਹੀਂ ਰਹਿਣਾ ਚਾਹੀਦਾ ਜਿਹੜਾ ਇਹ ਕਹੇ ਕਿ ਮੇਰੇ ਸਿਰ ਤੇ ਛੱਤ ਨਹੀਂ ਹੈ। (ਥੰਪਿੰਗ)

ਇਸ ਦੇ ਨਾਲ ਹੀ, ਮਾਨਯੋਗ ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਪਿੰਡਾਂ ਦੇ ਗਰੀਬ ਲੋਕਾਂ ਨੂੰ ਉਚਾ ਚੁੱਕਣ ਲਈ ਛੋਟੀਆਂ ਛੋਟੀਆਂ ਜੋ ਇੰਡਸਟਰੀਜ਼ ਹਨ, ਕਾਟੇਜ ਇੰਡਸਟਰੀਜ਼ ਜੋ ਹਨ, ਉਹ ਲਾਉਣ ਲਈ, ਇਸ ਕਿਸਮ ਦਾ ਧੰਦਾ ਸ਼ੁਰੂ ਕਰਨ ਲਈ ਸਰਕਾਰ ਨੂੰ ਵੱਧ ਤੋਂ ਵੱਧ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਹ ਠੀਕ ਹੈਕਿ ਸਾਡੇ ਕੋਲ ਪੰਜਾਬ ਖਾਦੀ ਐਂਡ ਗਰਾਮ ਉਦਯੋਗ ਹੈ ਲੇਕਿਨ ਉਸ ਦਾ ਗਰੀਬ ਲੋਕਾਂ ਨੂੰ ਕੋਈ ਬਹੁਤਾ ਫਾਇਦਾ ਨਹੀਂ ਹੈ। ਜਿਹੜੇ ਪ੍ਰੋਫੈਸ਼ਨਲ ਲੋਕ ਹਨ ਉਹ ਇਸ ਦੀਆਂ ਅਮੈਨਿਟੀਜ਼ ਜੋ ਹਨ, ਜੋ ਸਹੂਲਤਾਂ ਹਨ, ਉਹ ਅਵੇਲ ਕਰ ਰਹੇ ਹਨ। ਜੋ ਇਹ ਉਦਯੋਗ ਹੈ, ਜਿਹੜਾ ਥੋੜ੍ਹੇ ਰੇਟ ਤੇ ਇਨਟ੍ਰਸਟ ਤੇ ਪੈਸਾ ਦਿੰਦਾ ਹੈ, ਉਸ ਸਹੂਲਤ ਤੋਂ ਗਰੀਬ ਲੋਕ ਵਾਂਝੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਦਾ ਰੇਡੀਓ ਰਾਹੀਂ, ਟੈਲੀਵੀਜ਼ਨ ਰਾਹੀਂ, ਅਖ਼ਬਾਰਾਂ ਰਾਹੀਂ ਵੱਧ ਤੋਂ ਵੱਧ ਪ੍ਰਚਾਰ ਕਰਕੇ ਕਾਟੇਜ ਇੰਡਸਟਰੀ ਇਨ੍ਹਾਂ ਇਲਾਕਿਆਂ ਵਿਚ ਲਾਉਣੀਆਂ ਚਾਹੀਦੀਆਂ ਹਨ ਅਤੇ ਗਰੀਬ ਲੋਕਾਂ ਨੂੰ ਇਸ ਦਾ ਫਾਇਦਾ ਪਹੁੰਚਾਉਣਾ ਚਾਹੀਦਾ ਹੈ। ਮੈਂ ਆਸ ਕਰਦਾ ਹਾਂ ਕਿ ਹਾਊਸ ਸਰਬਸੰਮਤੀ ਨਾਲ ਇਸ ਮਤੇ ਨੂੰ ਪਾਸ ਕਰੇਗਾ। ਇਨ੍ਹਾਂ ਸ਼ਬਦਾਂ ਨਾਲ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**Mr. Speaker :** The House stands adjourned till 9.00 A.M. on Friday, the 12th March, 1982.

(*The Sabha then adjourned till* 9.00 *a.m. on Friday, the* 12th *March*, 1982)

*6·30 P.M. |



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

©1982

Published under the *authority of the Punjab Vidhan Sabha and Printed by the Controller Printing & Stationery Deptt. U.T. Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

12th March, 1982

**Vol. IV--No. 10**

OFFICIAL REPORT

CONTENTS

*Friday, the 12th March, 1982*


| | Page |
|---|---|
| Starred Questions and Answers .. | (10)1 |
| Written Answers to Starred Questions laid on the Table of the House under Rule 38 .. | (10)20 |
| Unstarred Question and Answer .. | (10)22 |
| Raising of Slogans from the Visitors' Gallery .. | (10)22 |
| Presentation of Budget Estimates for the year 1982-83 .. | (10)23 |


PUNJAB VIDHAN SABHA SECRETARIAT, CHANDIGARH.

**Price:** Rs——27.00

*Original with;*
Punjab Vidhan Sabha
*Digitized by;*
Panjab Digital Library

Original with:
Punjab Vidhan Sabha
Digitized by:
Panjab Digital Library

## PUNJAB VIDHAN SABHA

*Friday, the 12th March, 1982*

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Shri Brij Bhushan Mehra) in the Chair.*

**ਸਰਦਾਰ ਦਲੀਪ ਸਿੰਘ ਪਾਂਧੀ**: ਸਪੀਕਰ ਸਾਹਿਬ, ਇਥੇ ਦੀਆਂ ਦੋ ਲਿਫਟਾਂ ਬੰਦ ਪਈਆਂ ਹਨ ਬੜੀ ਤਕਲੀਫ ਹੁੰਦੀ ਹੈ। ਦੂਸਰੇ ਐਮ.ਐਲ.ਏ. ਹੋਸਟਲ ਦੀ ਟੈਲੀਫੂਨ ਐਕਸਚੇਂਜ ਬਿਲਕੁਲ ਕੰਮ ਨਹੀਂ ਕਰਦੀ। ਇਸ ਤੋਂ ਇਲਾਵਾ ਜਿਹੜੇ ਵਿਜ਼ਿਟਰਜ਼ ਸੈਸ਼ਨ ਵੇਖਣ ਆਉਂਦੇ ਹਨ ਉਨ੍ਹਾਂ ਦੀ ਬੜੀ ਛਾਣਬੀਣ ਹੁੰਦੀ ਹੈ, ਉਨ੍ਹਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਜਾਂਦਾ ਹੈ।

---

## STARRED QUESTIONS AND ANSWERS

### Digging work on Kheeva Shehzada Singh Wala Drain Block Mansa, District Bhatinda

***1394. Comrade Buta Singh**: Will the Minister for Agriculture and Irrigation be pleased to state whether there is any proposal under the consideration of the Government to start the digging work on Kheeva Shehzada Singh Wala Drain (Block Mansa, District Bhatinda); if so, the time by which it is likely to be started?

**ਸਰਦਾਰ ਸੰਤੋਖ ਸਿੰਘ ਰੰਧਾਵਾ** (ਵਿਕਾਸ ਮੰਤਰੀ) : ਹਾਂ ਜੀ ਇਸ ਕਮ ਲਈ ਜ਼ਮੀਨ ਪ੍ਰਾਪਤੀ ਤੋਂ ਬਾਅਦ।

(ਇਸ ਸਮੇਂ ਖੇਤੀਬਾੜੀ ਤੇ ਸਿੰਚਾਈ ਮੰਤਰੀ ਹਾਊਸ ਵਿਚ ਆ ਗਏ)

**ਕਾਮਰੇਡ ਬੂਟਾ ਸਿੰਘ**: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਜ਼ਮੀਨ ਪ੍ਰਾਪਤੀ ਤੋਂ ਬਾਅਦ, ਸਰਕਾਰ ਨੇ ਹੁਣ ਤਕ ਜ਼ਮੀਨ ਪ੍ਰਾਪਤ ਕਰਨ ਵਾਸਤੇ ਕੀ ਕੀ ਯਤਨ ਕੀਤੇ ਹਨ ਅੌਰ ਇਹ ਯਤਨ ਕਰਦੇ ਹੋਏ ਕੀ ਸਰਕਾਰ ਨੂੰ ਕੋਈ ਅੜਚਣ ਆਈ ?

**ਖੇਤੀਬਾੜੀ ਤੇ ਸਿੰਚਾਈ ਮੰਤਰੀ**: ਸਪੀਕਰ ਸਾਹਿਬ, ਕੁਐਸ਼ਚਨ ਬੜਾ ਸਿੱਧਾ ਜਿਹਾ ਹੈ ਇਕ ਡਰੇਨ ਹੈ ਉਸ ਨੂੰ ਖੋਦਾਂਗੇ ਜਾਂ ਨਹੀਂ। ਮੈਂ ਦੱਸਦਾ ਹਾਂ ਕਿ ਜ਼ਮੀਨ ਸੈਂਕਸ਼ਨ ਹੋ ਚੁੱਕੀ ਹੈ। ਐਕਿਉਜੀਸ਼ਨ ਲਈ ਕਾਰਵਾਈ ਸੈਕਸ਼ਨ 4 ਅਤੇ 6 ਦੀ ਹੋਵੇਗੀ। ਉਸ ਦੇ ਬਾਅਦ ਲੈਂਡ ਐਕਿਊਜ਼ੀਸ਼ਨ ਅਫਸਰ ਉਸ ਦਾ ਅਵਾਰਡ ਦੇਵੇਗਾ ਫਿਰ ਪੈਸੇ ਲੋਕਾਂ ਨੂੰ ਦਿੱਤੇ ਜਾਣਗੇ। ਅਜੇ ਤਾਂ ਸੈਕਸ਼ਨ 4 ਦੀ ਕਾਰਵਾਈ ਨਹੀਂ ਹੋਈ।

**ਕਾਮਰੇਡ ਬੂਟਾ ਸਿੰਘ**: ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦੇਣ ਲੱਗਿਆਂ ਮਾਮਲੇ ਦੀ ਗੰਭੀਰਤਾ ਵੱਲ ਉਕਾ ਹੀ ਧਿਆਨ ਨਹੀਂ ਦਿੱਤਾ। 3 ਪਿੰਡ ਇਫੈਕਟਿਡ ਹਨ ਉਨ੍ਹਾਂ ਲੋਕਾਂ ਦੀ ਸਾਰੀ ਜ਼ਮੀਨ ਬਰਬਾਦ ਹੋਈ ਪਈ ਹੈ ਇਥੋਂ ਤਕ ਕਿ ਲੋਕੀਂ ਨੀਰਾ ਦਾਣਾ ਵੀ ਬਾਹਰੋਂ ਲਿਆਉਂਦੇ ਹਨ। ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਏ ਇਹ ਕਦੋਂ ਤਕ ਕੰਮ ਸ਼ੁਰੂ ਕਰ ਦੇਣਗੇ ?

*Original with;*
Punjab Vidhan Sabha
*Digitized by;*
Panjab Digital Library

**ਮੰਤਰੀ:** ਸਪੀਕਰ ਸਾਹਿਬ, ਮੈਂਬਰ ਸਾਹਿਬ, ਐਵੇਂ ਸ਼ਿੱਦਤ ਜ਼ਾਹਰ ਕਰਦੇ ਹਨ। ਮਾਮਲੇ ਦੀ ਗੰਭੀਰਤਾ ਨੂੰ ਵੇਖ ਕੇ ਇਹ ਸਕੀਮ ਸ਼ੁਰੂ ਕੀਤੀ ਹੈ। ਸਰਕਾਰ ਇਸ ਬਾਰੇ ਅਵੇਅਰ ਹੈ। ਦੂਸਰੇ ਜਿਸ ਦਿਨ ਲੈਂਡ ਐਕਿਉਜ਼ੀਸ਼ਨ ਦੀਆਂ ਪ੍ਰੋਸੀਡਿੰਗਜ਼ ਪੂਰੀਆਂ ਹੋ ਜਾਣਗੀਆਂ ਅਸੀਂ ਕੰਮ ਸ਼ੁਰੂ ਕਰ ਦਿਆਂਗੇ।

**ਮਾਸਟਰ ਬਾਬੂ ਸਿੰਘ:** ਕੀ ਮੰਤਰੀ ਸਾਹਿਬ, ਇਹ ਦੱਸਣਗੇ ਕਿ ਜਿਹੜੀ ਚਾਂਦਭਾਨ ਡਰੇਨ ਹੈ ਜਿਹੜੀ ਪੁੱਟੀ ਗਈ ਹੈ ਹਾਲੇ ਤਕ ਕੰਪਨਸੇਸ਼ਨ ਦੇਣਾ ਹੈ, ਕੀ ਉਸੇ ਤਰ੍ਹਾਂ 15, 20 ਸਾਲ ਇਸ ਦੇ ਲਈ ਲੈਣਗੇ ਜਾਂ ਸਾਲ 6 ਮਹੀਨਿਆਂ ਵਿਚ ਕੰਮ ਸ਼ੁਰੂ ਕਰ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ, ਇਹ ਗੱਲ ਛੋਟੀ ਜਿਹੀ ਡਰੇਨ ਤੋਂ ਚਲਦੀ ਹੈ ਔਰ ਇਸ ਨੂੰ ਕਿਥੇ ਲੈ ਗਏ। ਮੈਂ ਕਹਿੰਦਾ ਹਾਂ ਕਿ ਇਸ ਬਾਰੇ ਮੈਂਬਰ ਸਾਹਿਬ ਨੂੰ ਕੋਈ ਤੌਖਲਾ ਨਹੀਂ ਕਰਨਾ ਚਾਹੀਦਾ ਕਿਸੇ ਪਾਰਟ ਤੇ ਸਲੈਕਨੈਸ ਰਹਿ ਗਈ ਹੋਣੀ ਹੈ, ਪਰ 15 ਸਾਲ ਬੜਾ ਅਰਸਾ ਹੁੰਦਾ ਹੈ। ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਹੋ ਜਿਹੇ ਸੁਆਲ ਅਨਸਟਾਰਡ ਵਿਚ ਲੈ ਲਿਆ ਕਰੋ ਅਸੀਂ ਮੈਂਬਰ ਸਾਹਿਬਾਨ ਨੂੰ ਇਤਲਾਹ ਦੇ ਦਿਆਂ ਕਰਾਂਗੇ।

**ਸ੍ਰੀ ਸਪੀਕਰ:** ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ, ਇਹ ਮੈਂਬਰ ਸਾਹਿਬਾਨ ਦਾ ਰਾਈਟ ਹੈ।

**ਸਰਦਾਰ ਨੱਥਾ ਸਿੰਘ ਦਾਲਮ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 1981-82 ਵਿਚ ਕਿੰਨੀਆਂ ਡਰੇਨਾਂ ਪੰਜਾਬ ਵਿਚ ਖੋਦੀਆਂ ਅਤੇ ਉਨ੍ਹਾਂ ਦੀ ਕੁਲ ਲੰਬਾਈ ਕਿੰਨੀ ਹੈ ?

**ਮੰਤਰੀ:** ਸਪੀਕਰ ਸਾਹਿਬ, ਮੇਰੀ ਸਬ-ਮਿਸ਼ਨ ਇਹ ਹੈ ਕਿ ਤੁਸੀਂ ਇਹ ਸੁਆਲ ਐਂਟਰਟੇਨ ਕਰ ਲਵੋ, ਮੈਂ ਜਵਾਬ ਦੇ ਦਿਆਂਗਾ।

---

## Making new Grain Markets Pucca in District Jullundur

***1402. 1. Comrade Kulwant Singh**
**2. Comrade Sarwan Singh Cheema** } :Will the Minister for Agriculture and Irrigation be pleased to state—

(a) the number and names of the new Grain Markets in District Jullundur which are to be made pucca;

(b) the time by which the construction work of the said markets is likely to be taken in hand?

**Chaudhri Kanshi Ram:** (a) Eleven, namely:—

(i) Jullundur
(ii) Adampur
(iii) Nawanshahr
(iv) Bilga
(v) Apra
(vi) Goraya
(vii) Bhogpur

Original with;
Punjab Vidhan Sabha
Digitized by;
Panjab Digital Library

(viii) Kartarpur
(ix) Mehatpur
(x) Mallian
(xi) Shanker

| (b) Name of Mandi | Position of construction works |
|---|---|
| (1) Jullundur<br>(2) Adampur<br>(3) Nawanshahr<br>(4) Bilga<br>(5) Apra | Construction works have already been started |
| (6) Goraya<br>(7) Bhogpur | Construction works are likely to be started during the year 1982-83. |
| (8) Kartarpur<br>(9) Mehatpur | Construction works will be started after taking possession of the sites. |
| (10) Mallian | .. Construction of auction platform upto 'Double Brick flooring' is in hand and it is likely to be completed by the end of April, 1982. |
| (11) Shanker | .. Construction of auction platform upto 'Double Brick flooring' is in hand and this work alongwith the construction of roads is likely to be completed by 15th April, 1982. |

**ਕਾਮਰੇਡ ਸਰਵਣ ਸਿੰਘ ਚੀਮਾ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਮੰਡੀਆਂ ਜ਼ਿਲ੍ਹਾ ਜਲੰਧਰ ਦੀਆਂ ਹਨ ਜਿਹੜੀਆਂ ਕਿ ਦਸ ਦਸ ਸਾਲਾਂ ਤੋਂ ਚੱਲ ਰਹੀਆਂ ਹਨ ਉਨ੍ਹਾਂ ਦਾ ਇਸ ਜਵਾਬ ਵਿਚ ਜ਼ਿਕਰ ਨਹੀਂ, ਕੀ ਉਹ ਵੀ ਲੈ ਲੈਣਗੇ ? ਮਹਿਤਪੁਰ ਮੰਡੀ ਬਾਰੇ ਕਿਹਾ ਗਿਆ ਹੈ ਕਿ ਜ਼ਮੀਨ ਕਬਜ਼ੇ ਵਿਚ ਲੈ ਲਈ ਜਾਏਗੀ। ਉਥੇ ਕੰਮ ਸ਼ੁਰੂ ਕੀਤਾ ਜਾਵਗਾ। ਉਹ ਜ਼ਮੀਨ ਕਦੋਂ ਲੈ ਲਈ ਜਾਏਗੀ; ਕੋਈ ਡੇਟ ਮਹੀਨਾ ਦੱਸ ਸਕਦੇ ਹਨ ਕਿਉਂਕਿ ਮਾਲ ਸੜਕਾਂ ਤੇ ਰੁਲਦਾ ਰਹਿੰਦਾ ਹੈ ਇਹ ਸਾਰੀ ਕੌਮ ਦਾ ਨੁਕਸਾਨ ਹੈ ?

**ਮੰਤਰੀ**: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਇਕ ਗਲ ਤਾਂ ਵੇਗ ਜਿਹੀ ਕਹਿ ਦਿਤੀ ਮੰਡੀਆਂ ਵੀ ਹੁੰਦੀਆਂ ਹਨ ਅਤੇ ਪਰਚੇਜ਼ ਸੈਂਟਰ ਵੀ ਹੁੰਦੇ ਹਨ। ਜਿਥੋਂ ਤਕ ਮਹਿਤਪੁਰ ਮੰਡੀ ਦਾ ਸੁਆਲ ਹੈ ਜ਼ਮੀਨ ਐਕੁਆਇਰ ਕਰਨ ਲਈ ਡਾਇਰੈਕਟਰ ਲੈਂਡ ਐਕਿਊਜੇਸ਼ਨ ਦਾ ਨਾਰਮਲ ਪ੍ਰੋਸੀਜਰ ਹੈ ਸੈਕਸ਼ਨ 4 ਅਤੇ ਸੈਕਸ਼ਨ 6 ਦੀ ਕਾਰਵਾਈ ਪੂਰੀ ਕਰਨੀ ਉਸ ਤੋਂ ਬਾਅਦ ਫਿਰ ਜ਼ਮੀਨ ਲੈ ਸਕਦੇ ਹਾਂ।

**ਕਾਮਰੇਡ ਸਰਵਣ ਸਿੰਘ ਚੀਮਾ**: ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਪਰਚੇਜ਼ ਸੈਂਟਰ ਵੀ ਹੁੰਦੇ ਹਨ ਅਤੇ ਮੰਡੀਆਂ ਵੀ ਔਰ ਉਨ੍ਹਾਂ ਦੇ ਫਰਕ ਦਾ ਵੀ ਪਤਾ ਹੈ। ਮੈਂ ਮਹਿਤਪੁਰ ਬਾਰੇ ਫਿਰ ਪੂਛ ਲੈਂਦਾ ਹਾਂ ਕਿ ਕਦੋਂ ਤਕ ਉਥੇ ਕੰਮ-ਕਾਰ ਪੂਰਾ ਕਰ ਦੇਣਗੇ ਅਤੇ ਜ਼ਮੀਨ ਦਾ ਕਬਜ਼ਾ

Original with;
Punjab Vidhan Sabha
Digitized by;
Panjab Digital Library

[ਕਾਮਰੇਡ ਸਰਵਣ ਸਿੰਘ ਚੀਮਾ]

ਲੈ ਲੈਣਗੇ ਤਾਂ ਕਿ ਲੋਕਾਂ ਦੀਆਂ ਫਸਲਾਂ ਬਰਬਾਦ ਹੋਣ ਤੋਂ ਬਚਾਈਆਂ ਜਾ ਸਕਣ। ਇਸ ਨੂੰ 15 ਸਾਲ ਤੋਂ ਜ਼ਿਆਦਾ ਹੋ ਗਿਆ ਹੈ। ਇਨ੍ਹਾਂ ਦਾ ਜਵਾਬ ਤਸੱਲੀਬਖਸ਼ ਨਹੀਂ ਹੈ। ਇਹ ਦੱਸਣ ਕਿ ਕਦੋਂ ਤੱਕ ਕੰਮ ਸ਼ੁਰੂ ਕੀਤਾ ਜਾਏਗਾ ?

**ਮੰਤਰੀ:** ਸਪੀਕਰ ਸਾਹਿਬ, ਲੈਂਡ ਐਕਵੀਜ਼ੀਸ਼ਨ ਦੇ ਪ੍ਰੋਸੈਸ ਵਿੱਚ ਅਮੂਮਨ ਇਕ ਸਾਲ ਜ਼ਰੂਰ ਲੱਗ ਜਾਂਦਾ ਹੈ।

**ਸਰਦਾਰ ਪ੍ਰਿਥੀਪਾਲ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਚ ਦਾਣਾ ਮੰਡੀ ਲਈ ਜ਼ਮੀਨ 7 ਸਾਲਾਂ ਤੋਂ ਐਕ-ਵਾਇਰ ਹੋਈ ਪਈ ਹੈ। ਮਾਮਲਾ ਅਜੇ ਵੀ ਲਟਕ ਰਿਹਾ ਹੈ। ਇਹ ਕਦੋਂ ਤਕ ਇਹ ਮੰਡੀ ਬਣਾ ਦੇਣਗੇ ਤਾਂ ਕਿ ਸ਼ਹਿਰ ਵਿੱਚ ਟਰੈਫਿਕ ਠੀਕ ਚਲੇ ?

**ਮੰਤਰੀ:** ਸਪੀਕਰ ਸਾਹਿਬ, ਵੈਸੇ ਇਸ ਸਵਾਲ ਨਾਲ ਇਸਦਾ ਤੁਅਲਕ ਨਹੀਂ। ਪਰ ਆਨਰੇਬਲ ਮੈਂਬਰ ਨੇ ਸਟਰੈਸ ਕੀਤਾ ਹੈ। ਇਨ੍ਹਾਂ ਨੂੰ ਵੀ ਪਤਾ ਹੈ, ਤੁਹਾਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਇਸ ਬਾਰੇ ਪਤਾ ਹੈ। ਜਿਸ ਦਿਨ ਇੰਮਪਰੂਵਮੈਂਟ ਟਰੱਸਟ ਉਸ ਮੰਡੀ ਦੀ ਸਾਈਟ ਸਾਰੀ ਦੀ ਸਾਰੀ ਮਾਰਕਿਟਿੰਗ ਬੋਰਡ ਨੂੰ ਹੈਂਡ ਓਵਰ ਕਰ ਦੇਵੇਗਾ, ਉਸਤੋਂ ਬਾਅਦ ਕੰਮ ਸ਼ੁਰੂ ਕਰ ਦਿਆਂਗੇ।

**ਸ੍ਰੀ ਸਪੀਕਰ:** ਇਹ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂਬਰ ਕੀ ਚਾਹੁੰਦੇ ਹਨ।

**ਸ੍ਰੀ ਗੁਰਦਿਆਲ ਸੈਣੀ:** ਸਪੀਕਰ ਸਾਹਿਬ, ਚਾਰ ਪੰਜ ਸਾਲ ਪਹਿਲਾਂ ਜਲੰਧਰ ਦੀ ਮੰਡੀ ਲਈ ਮਾਰਕਿਟ ਕਮੇਟੀ ਨੇ ਸਾਢੇ ਸੱਤ ਲੱਖ ਰੁਪਿਆ ਜਮ੍ਹਾਂ ਕਰਵਾਇਆ ਸੀ ਤਾਂ ਕਿ ਉਥੇ ਸੀਵਰੇਜ ਵਗੈਰਾ ਵਿੱਛ ਜਾਵੇ। ਹੁਣ ਥੋੜੇ ਅਰਸੇ ਤੋਂ ਕੰਮ ਸ਼ੁਰੂ ਹੋਇਆ ਹੈ। ਉਥੇ ਚਾਰੇ ਪਾਸੇ ਪਾਣੀ ਫਿਰਦਾ ਹੈ। ਮੈਂ ਮੰਤਰੀ ਮਹੋਦਯ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਉਥੇ ਇਹ ਕੰਮ ਮੁਕੰਮਲ ਹੋ ਜਾਵੇਗਾ ?

**ਮੰਤਰੀ:** ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਆਪਣੇ ਆਪ ਤਸਲੀਮ ਕੀਤਾ ਹੈ ਕਿ ਕੰਮ ਉਥੇ ਚਾਲੂ ਹੈ। ਜਦੋਂ ਕੰਮ ਚਾਲੂ ਹੋ ਜਾਵੇ ਤਾਂ ਉਸਦੀ ਕੰਪਲੀਸ਼ਨ ਲਈ ਜਿਤਨਾ ਟਾਈਮ ਲੱਗਣਾ ਹੈ, ਉਹ ਤਾਂ ਲੱਗੇਗਾ। ਸਲੈਕਨੈਸ ਕੰਮ ਵਿਚ ਕੋਈ ਨਹੀਂ ਆਵੇਗੀ।

---

**Number of Buses with the Municipal Corporation, Ludhiana**

***1360. Sardar Basant Singh Khalsa:** Will the Minister for Local Government be pleased to state:—

(a) the total number of buses with the Municipal Corporation, Ludhiana at present together with the number out of them which are in running condition and which are totally condemned;

(b) the number of new buses purchased by the said Corporation;

(c) the mileage being covered by these buses;

Original with;
Punjab Vidhan Sabha
Digitized by;
Panjab Digital Library

(d) whether there was any proposal to grant permission to private companies to ply buses on the local routes, if so, the details thereof?

**Shri Sardari Lal Kapur:** (a) The total number of buses with the Municipal Corporation, Ludhiana is 53, out of which 43 are in running condition, 4 are under re-fabrication and 6 have been totally condemned.

(b) Five new buses have been purchased by Municipal Corporation, Ludhiana.

(c) The mileage has varied from month to month. Necessary information for the period April, 1981 to January, 1982 is laid on the table of th House.

(d) Yes Sir. The Government had taken a decision that 30% of the routes may be given to the private operators to ply buses for local routes on the pattern of Delhi Transport Corporation. Five routes were offered to the private operators but the private operators have refused to accept the terms and conditions offered.

INFORMATION

| Month— | | |
|---|---|---|
| April, 1981 | .. | 2,20,097 Kms. |
| May, 1981 | .. | 2,20,155 " |
| June, 1981 | .. | 2,03,082 " |
| July, 1981 | .. | 2,10,354 " |
| August, 1981 | .. | 2,10,307 " |
| September, 1981 | .. | 1,94,822 " |
| October, 1981 | .. | 1,91,016 " |
| November, 1981 | .. | 1,89,765 " |
| December, 1981 | .. | 2,03,578 " |
| January, 1982 | .. | 2,22,635 " |

**ਸਰਦਾਰ ਬਸੰਤ ਸਿੰਘ ਖਾਲਸਾ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਲੁਧਿਆਣਾ ਮਿਉਂਸਪਲ ਕਾਰਪੋਰੇਸ਼ਨ ਵਿੱਚ ਜੋ ਬੱਸਾਂ ਚਲਦੀਆਂ ਹਨ, ਉਸ ਦੇ ਬਾਰੇ ਬਹੁਤ ਡਿਟੇਲ ਵਿਚ ਦੱਸ ਦਿੱਤਾ ਹੈ। ਪਹਿਲੀ ਗੱਲ ਮੈਂ ਇਹ ਪੁੱਛੀ ਹੈ ਕਿ ਕਿਤਨੀ ਮਾਈਲੇਜ ਉਹ ਕਵਰ ਕਰਦੀਆਂ ਹਨ। ਇਨ੍ਹਾਂ ਨੇ ਦੱਸਿਆ ਹੈ ਕਿ ਉਹ ਮਹੀਨੇ ਮਹੀਨੇ ਤੋਂ ਪਤਾ ਲੱਗੇਗਾ। ਮੈਂ ਇਹ ਗਲ ਕਹਿੰਦਾ ਹਾਂ ਕਿ ਕਿਸੇ ਵੇਲੇ ਐਸਾ ਫੈਸਲਾ ਵੀ ਇਨ੍ਹਾਂ ਨੇ ਕੀਤਾ ਹੋਵੇਗਾ ਕਿ ਆਪਣੀਆਂ ਬੱਸਾਂ ਨੇ ਕਿਤਨੀ ਮਾਈਲੇਜ ਕਵਰ ਕਰਨੀ ਹੈ। ਫਿਰ ਮਹੀਨੇ ਮਹੀਨੇ ਦੀ ਮਾਈਲੇਜ ਕਿਉਂ ਵੇਰੀ ਕਰਦੀ ਹੈ। ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ 30% ਰੂਟਸ ਪ੍ਰਾਈਵੇਟ ਓਪਰੇਟਰਾਂ ਨੂੰ ਦੇਣੇ ਹਨ। ਇਸ ਦੇ ਬਾਰੇ ਪੰਜ ਕੰਪਨੀਆਂ ਨੂੰ ਆਫਰ ਕੀਤਾ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੀਆਂ ਕੰਪਨੀਆਂ ਹਨ ਜਿਨ੍ਹਾਂ ਨੂੰ ਤੁਹਾਡੀਆਂ ਕੰਡੀਸ਼ਨਾਂ ਅਕਸੈਪਟੇਬਲ ਨਹੀਂ ਸਨ? ਅੱਜ ਹਾਲਤ ਇਹ ਹੈ ਕਿ ਪਿੰਡਾਂ ਵਿਚ ਬੱਸਾਂ ਕਾਰਪੋਰੇਸ਼ਨ ਦੀਆਂ ਜਾਂਦੀਆਂ ਹੀ ਨਹੀਂ।

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਬੱਸਾਂ ਦੀ ਕੰਡੀਸ਼ਨ ਠੀਕ ਨਹੀਂ ਹੈ। ਬੱਸਾਂ ਬਹੁਤ ਕੰਡਮ ਹੋਈਆਂ ਖੜੀਆਂ ਹਨ। ਰੋਜ਼ ਰਿਪੋਰਟਾਂ ਆਉਂਦੀਆਂ ਹਨ ਕਿ ਫਲਾਣੇ ਪਿੰਡ ਦਾ ਰੂਟ ਬੰਦ ਕਰ ਦਿੱਤਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀਆਂ ਪੰਜ ਪ੍ਰਾਈਵੇਟ ਬੱਸ ਕੰਪਨੀਆਂ ਸਨ ਜਿਨ੍ਹਾਂ ਨੂੰ ਤੁਹਾਡੀਆਂ ਕੰਡੀਸ਼ਨਜ਼ ਐਕਸੈਪਟ ਨਹੀਂ ਸਨ ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਪੁੱਛਿਆ ਹੈ ਉਸਦਾ ਮੈਂ ਡਿਟੇਲ ਵਿੱਚ ਜਵਾਬ ਦੇ ਦਿੱਤਾ ਹੈ। ਇਹ ਠੀਕ ਹੈ ਕਿ ਬੱਸਾਂ ਦੀ ਹਾਲਤ ਖਰਾਬ ਹੈ। ਪਰ ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਅਸੀਂ ਬੱਸਾਂ ਨੂੰ ਠੀਕ ਕਰਵਾਇਆ ਹੈ। ਨਵੀਆਂ ਬੱਸਾਂ ਵੀ ਖਰੀਦੀਆਂ ਹਨ। ਜਿਨ੍ਹਾਂ ਪਿੰਡਾਂ ਨੂੰ ਅਸੀਂ ਰੂਟ ਦਿੱਤੇ ਹਨ ਇਹ ਉਨ੍ਹਾਂ ਵਿਚੋਂ ਕਿਸੇ ਦਾ ਨਾਂ ਲੈ ਦੇਣ ਕਿ ਫਲਾਣੀ ਜਗ੍ਹਾ ਬੱਸ ਮਨਜ਼ੂਰ ਹੋਈ ਸੀ, ਉਥੇ ਬੱਸ ਨਹੀਂ ਗਈ। ਮੈਂ ਉਥੇ ਬੱਸ ਚਾਲੂ ਕਰਵਾ ਦਿਆਂਗਾ। ਦੂਸਰਾ ਸਵਾਲ ਇਨ੍ਹਾਂ ਦਾ ਦੂਜੀਆਂ ਕੰਪਨੀਆਂ ਨੂੰ ਰੂਟ ਦੇਣ ਦੇ ਬਾਰੇ ਸੀ। ਉਹ ਕੰਪਨੀਆਂ ਸਾਡੀਆਂ ਟਰਮਜ਼ ਐਂਡ ਕੰਡੀਸ਼ਨਜ਼ ਨਹੀਂ ਮੰਨਦੀਆਂ। ਇਹ ਕੋਈ ਵੀ ਬੱਸ ਕੰਪਨੀ ਲੈ ਆਉਣ ਜਿਹੜੀ ਕਿ ਸਾਡੀਆਂ ਕੰਡੀਸ਼ਨਜ਼ ਮੰਨੇ, ਅਸੀਂ ਰੂਟ ਦੇਣ ਨੂੰ ਤਿਆਰ ਹਾਂ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਹ ਗੱਲ ਆਖੀ ਸੀ ਕਿ 30% ਬੱਸਾਂ ਦਿੱਲੀ ਪੈਟਰਨ ਤੇ ਪ੍ਰਾਈਵੇਟ ਚਲਾਵਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਫੈਸਲਾ ਇਨ੍ਹਾਂ ਨੇ ਲਾਗੂ ਕੀਤਾ ਸੀ ਉਸ ਨੂੰ ਅਜੇ ਤਕ ਇਹ ਕਿਉਂ ਨਹੀਂ ਲਾਗੂ ਕਰ ਸਕੇ ਅਤੇ ਕਿਉਂ ਨਹੀਂ ਲੋਕਾਂ ਨੂੰ ਇਹ ਸਹੂਲਤ ਦੇ ਸਕੇ ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਪੰਜ ਕੰਪਨੀਆਂ ਕਿਹੜੀਆਂ ਸਨ ਜਿਨ੍ਹਾਂ ਨੂੰ ਤੁਸੀਂ ਆਫਰ ਕੀਤੀ ਸੀ ਪਰ ਉਹ ਤੁਹਾਡੀਆਂ ਕੰਡੀਸ਼ਨਜ਼ ਨਹੀਂ ਮੰਨੇ ?

**ਮੰਤਰੀ :** ਕੰਪਨੀਆਂ ਦੇ ਨਾਂ ਮੈਨੂੰ ਇਨ੍ਹਾਂ ਨੇ ਪੁੱਛੇ ਨਹੀਂ ਸਨ। ਹੁਣ ਇਹ ਨੋਟਿਸ ਦੇ ਦੇਣ, ਮੈਂ ਦੱਸ ਦਿਆਂਗਾ। ਸਾਡੀਆਂ ਜੋ ਕੰਡੀਸ਼ਨਜ਼ ਹਨ ਉਹ ਦਿੱਲੀ ਪੈਟਰਨ ਤੇ ਹੀ ਹਨ। ਵੱਡੀ ਕੰਡੀਸ਼ਨ ਇਹ ਸੀ ਕਿ ਜਿਹੜਾ ਜਨਰਲ ਮੈਨੇਜਰ ਹੋਵੇਗਾ ਉਹ ਇਨ੍ਹਾਂ ਦੀਆਂ ਬੱਸਾਂ ਚੈਕ ਕਰ ਸਕੇਗਾ। ਪਰ ਉਹ ਕੰਪਨੀਆਂ ਵਾਲੇ ਕਹਿੰਦੇ ਸਨ ਕਿ ਸਾਨੂੰ ਕੋਈ ਚੈਕ ਨਾ ਕਰੇ। ਇਸ ਤਰ੍ਹਾਂ ਦੀ ਇਜਾਜ਼ਤ ਅਸੀਂ ਨਹੀਂ ਦੇ ਸਕਦੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇੱਕ ਛੋਟੀ ਜਿਹੀ ਬੇਨਤੀ ਕਰਨ ਲੱਗਾ ਹਾਂ। ਇਨ੍ਹਾਂ ਨੇ ਇਹ ਬੱਸ ਸਰਵਿਸ ਦੇ ਕੇ ਹਰੇਕ ਕਾਰਪੋਰੇਸ਼ਨ ਨੂੰ 50 ਲੱਖ ਦਾ ਘਾਟਾ ਦਿੱਤਾ ਹੈ। ਇਸ ਦੇ ਨਾਲ ਇਨ੍ਹਾਂ ਸ਼ਹਿਰਾਂ ਦੀ ਡਿਵੈਲਪਮੈਂਟ ਰੁਕ ਗਈ ਹੈ। ਕੀ ਇਨ੍ਹਾਂ ਲੋਕਲ ਬੱਸਾਂ ਨੂੰ ਸਰਕਾਰ ਵਾਪਸ ਲੈਣ ਨੂੰ ਤਿਆਰ ਹੈ, ਜਿਹੜੀ ਰਿਹਾਇਤ ਇਨ੍ਹਾਂ ਨੇ ਦਿੱਤੀ ਹੈ ? ਇਸਤੋਂ ਇਲਾਵਾ ਇਕ ਹੋਰ ਮਾਰ ਇਨ੍ਹਾਂ ਸ਼ਹਿਰਾਂ ਤੇ ਮਾਰੀ ਗਈ ਹੈ। ਇਨ੍ਹਾਂ ਨੇ ਸ਼ਰਾਬ ਤੇ ਓਕਟਰਾਏ ਖਤਮ ਕਰ ਦਿਤਾ ਹੈ। ਇਸ ਦੇ ਨਾਲ 50% ਲੱਖ ਦਾ ਘਾਟਾ ਹਰੇਕ ਸ਼ਹਿਰ ਦੀ ਕਾਰਪੋਰੇਸ਼ਨ ਨੂੰ ਪਏਗਾ ਅਤੇ ਡਿਵੈਲਪਮੈਂਟ ਸ਼ਹਿਰ ਦੀ ਰੁਕ ਜਾਵੇਗੀ। ਕੀ ਇਨ੍ਹਾਂ ਦਾ ਵਿਚਾਰ ਹੈ ਕਿ ਅਸੀਂ ਮੁੜ ਕੇ ਦੁਬਾਰਾ ਇਥੇ ਨਾ ਆਈਏ ?

**ਸ੍ਰੀ ਸਪੀਕਰ :** ਜੋ ਸਪਲੀਮੈਂਟਰੀ ਸਵਾਲ ਦੇ ਨਾਲ ਰੈਲੇਵੈਂਟ ਹੈ, ਉਸਦਾ ਹੀ ਜਵਾਬ ਦਿਓ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਜਿਹੜੀ ਬੱਸਾਂ ਬਾਰੇ ਗੱਲ ਕੀਤੀ ਹੈ, ਉਸਦਾ ਜਵਾਬ ਮੈਂ ਦੇ ਦਿੰਦਾ ਹਾਂ। ਮੈਂ ਇਹ ਦੱਸ ਚੁੱਕਾ ਹਾਂ ਕਿ ਜਿਹੜੀਆਂ ਬੱਸਾਂ ਸਾਨੂੰ ਮਿਲੀਆਂ

Original with;
Punjab Vidhan Sabha
Digitized by;
Panjab Digital Library

ਸਨ ਉਹ ਇਨ੍ਹਾਂ ਮੈਂਬਰ ਸਾਹਿਬਾਨਾ ਨੇ ਟੁਟੀਆਂ ਫੁਟੀਆਂ ਦਿੱਤੀਆਂ ਸਨ । ਅਸੀਂ ਉਨ੍ਹਾਂ ਨੂੰ ਠੀਕ ਕਰਵਾ ਕੇ ਚਲਾਇਆ ਹੈ। ਸਪੀਕਰ ਸਾਹਿਬ, ਅਸੀਂ ਉਨ੍ਹਾਂ ਬੱਸਾਂ ਨੂੰ ਚਲਾਵਾਂਗੇ। ਜਿਹੜੀਆਂ ਖਰਾਬੀਆਂ ਹਨ ਉਨ੍ਹਾਂ ਨੂੰ ਦੂਰ ਕਰਾਂਗੇ। ਲੋਕਾਂ ਨੂੰ ਹਰ ਹਾਲਤ ਵਿਚ ਸਹੂਲਤ ਦੇਣੀ ਹੈ, ਭਾਵੇਂ ਘਾਟਾ ਵੀ ਸਾਨੂੰ ਪਏ।

**ਸ੍ਰੀ ਸਪੀਕਰ** : ਇਹ ਸਵਾਲ ਪਹਿਲਾਂ ਵੀ ਆਇਆ ਸੀ। ਕਾਲ ਅਟੈਨਸ਼ਨ ਮੋਸ਼ਨ ਵੀ ਆਈ ਸੀ। ਮੈਂਬਰ ਸਾਹਿਬਾਨ ਨੇ ਕਿਹਾ ਹੈ ਕਿ ਹਰ ਮਿਉਨਿਸਪਲ ਕਾਰਪੋਰੇਸ਼ਨ ਨੂੰ 50 ਲੱਖ ਰੁਪਏ ਦਾ ਘਾਟਾ ਪਿਆ ਹੈ। ਕੀ ਇਸ ਬੱਸ ਸਰਵਿਸ ਨੂੰ ਸਰਕਾਰ ਵਾਪਸ ਲੈਣ ਨੂੰ ਤਿਆਰ ਹੈ ?

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਦੇ ਦੌਰਾਨ ਕਰੀਬ ਇਕ ਕਰੋੜ 40-42 ਲੱਖ ਰੁਪਏ ਦਾ ਘਾਟਾ ਅੰਮ੍ਰਿਤਸਰ, ਜਲੰਧਰ ਔਰ ਲੁਧਿਆਣਾ ਕਾਰਪੋਰੇਸ਼ਨਾਂ ਨੂੰ ਸਟੇਟ ਟਰਾਂਸਪੋਰਟ ਦੀਆਂ ਬੱਸਾਂ ਦਾ ਪਿਆ ਹੈ। ਪਿਛਲੇ ਦੋ ਸਾਲਾਂ ਦੇ ਤਜਰਬੇ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜੇਕਰ ਇਹ ਬੱਸਾਂ ਵਾਪਿਸ ਨਾ ਕੀਤੀਆਂ ਗਈਆਂ ਤਾਂ ਉਨ੍ਹਾਂ ਸ਼ਹਿਰਾਂ ਦੀ ਡੀਵੈਲਪਮੈਂਟ ਨਹੀਂ ਹੋ ਸਕਦੀ। ਇਸ ਲਈ ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਹ ਐਸ਼ੋਰੇਂਸ ਦੇਣਗੇ ਕਿ ਉਹ ਬੱਸਾਂ ਵਾਪਿਸ ਕੀਤੀਆਂ ਜਾਣਗੀਆਂ ਜਾਂ ਕਿਸੇ ਹੋਰ ਤਰੀਕੇ ਨਾਲ ਇਹ ਘਾਟਾ ਪੂਰਾ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਬੱਸਾਂ ਵਾਪਿਸ ਕਰਨ ਵਾਲੀ ਕੋਈ ਗੱਲ ਨਹੀਂ ਹੈ। ਅਸੀਂ ਸੋਚ ਰਹੇ ਹਾਂ ਕਿ ਕਿਸੇ ਤਰਕੀਬ ਨਾਲ ਘਾਟੇ ਨੂੰ ਪੂਰਾ ਕੀਤਾ ਜਾਵੇ। ਐਕਸਾਈਜ਼ ਐਂਡ ਟੇਕਸੇਸ਼ਨ ਡਿਪਾਰਟਮੈਂਟ ਵਾਲਿਆਂ ਨਾਲ ਵੀ ਵਾਰਤਾ ਚੱਲ ਰਹੀ ਹੈ ਔਰ ਅਸੀਂ ਇਸ ਪਾਸੇ ਸੋਚ ਰਹੇ ਹਾਂ। ਅਸੀਂ ਬੱਸਾਂ ਵੀ ਠੀਕ ਕਰਵਾ ਰਹੇ ਹਾਂ ਅਸੀਂ ਇਹ ਵੀ ਸੋਚ ਰਹੇ ਹਾਂ ਕਿ ਬੱਸਾਂ ਹੋਰ ਖਰੀਦੀਆਂ ਜਾਣ। ਮੈਂ ਉਮੀਦ ਕਰਦਾ ਹਾਂ ਕਿ ਜਿਸ ਤਰ੍ਹਾਂ ਨਾਲ ਪਿੱਛੇ ਨਾਲੋਂ ਹੁਣ ਘਾਟਾ ਘਟ ਗਿਆ ਹੈ ਇਸ ਤਰ੍ਹਾਂ ਅੱਗੇ ਤੋਂ ਹੋਰ ਵੀ ਘਟ ਜਾਵੇਗਾ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ਸਪੀਕਰ ਸਾਹਿਬ, ਇਹ ਕਹਿ ਰਹੇ ਸਨ ਕਿ ਟਰਾਂਸਪੋਰਟ ਦਾ ਇਹ ਕੌਮੀਕਰਨ ਕਰ ਰਹੇ ਹਨ ਪਰ ਇਸ ਸਵਾਲ ਤੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਪ੍ਰਾਈਵੇਟ ਉਪਰੇਟਰਜ਼ ਨੂੰ ਵੀ ਲੋਕਲ ਬੱਸਾਂ ਚਲਾਉਣ ਲਈ ਇਜਾਜ਼ਤ ਦੇ ਰਹੇ ਹਨ। ਇਹ ਆਪਣੀ ਪਾਲਿਸੀ ਦੱਸ ਦੇਣ। ਸਪੀਕਰ ਸਾਹਿਬ, ਕਮਾਲ ਦੀ ਗੱਲ ਹੈ ਜੀ, ਇਕ ਪਾਸੇ ਕਹਿੰਦੇ ਹਨ ਕਿ ਅਸੀਂ ਟਰਾਂਸਪੋਰਟ ਨੇਸ਼ਨੇਲਾਈਜ਼ ਕਰਨੀ ਹੈ ਔਰ ਦੂਸਰੇ ਪਾਸੇ ਇਹ ਪ੍ਰਾਈਵੇਟ ਉਪਰੇਟਰਜ਼ ਨੂੰ ਅੱਗੇ ਲਿਆ ਰਹੇ ਹਨ ।

(ਕੋਈ ਉੱਤਰ ਨਹੀਂ ਦਿਤਾ ਗਿਆ)।

---

**Extension of limits of Municipal Corporation, Ludhiana**

***1361. Sardar Basant Singh Khalsa** : Will the Minister for Local Government be pleased to state:—

(a) the extent of limits of the Municipal Corporation, Ludhiana together with the date on which the limits of the said Corporation were extended last;

(b) the names of the villages which have come within the limits of the said Corporation since its formation;

Original with;
Punjab Vidhan Sabha
Digitized by;
Panjab Digital Library

[Sardar Basant Singh Khalsa]

(c) whether there is any proposal under the consideration of the Corporation to introduce a Scheme under which plans for the construction of new houses in the villages falling within the limits of the Corporation aιe required to be approved;

(d) the details of civic facilities being provided by the Corporation in the said villages?

**Shri Sardari Lal Kapur:** (a) The limits of the Municipal Corporation, Ludhiana were extended last w.e.f. 26th November, 1979 and the information regarding limits so extended is laid on the table of the House.

(b) 1. Mundian Kalan
2. Barewal Awana
3., Fatehpur
4. Daba

5. Gyaspura

(c) The plans for construction of houses in these villages are being sanctioned as per Building Bye-laws.

(d) The information regarding facilities which are being provided to the villages mentioned in part (b) above is laid on the Table of the House.

**INFORMATION**

**PART A**

*North*:—Upto 700' on the upper side of Budha Nallah to include the land of village Jamalpur Awana.

*West*:—Along Sidhwan canal towards village Agali Kalan, limits extended upto 4.000' to include the land of village Barewal and Fatehpur.

*South*:—Towards north side of Sidhwan Canal the limits extended to include the Abadi and land of village Daba and Gyaspura.

*East*:— Towards north side of Ambala Railway line, limits extended upto 1,000' towards the east upto Katcha Rasta to village Jamalpur which crosses Chandigarh road and further extended upto 2600' towards Chandigarh to include the land and Abadi of Mudian Kalan.

**PART (D)**

| Serial No. | Name of Village | Development Works | Street Light |
|---|---|---|---|
| 1 | 2 | 3 | 4 |
| 1. | Mundian Kalan .. | The work of earth filling and paving is being done at an estimated amount of Rs. 3.92 lacs | Rs. 52,000 have since been deposited with P.S.E.B. for installation of 94 street light points and the matter is being taken up with PSEB for early action. |

Original with;
Punjab Vidhan Sabha
Digitized by;
Panjab Digital Library

| Serial No. | Name of village | Development Works | Street Light |
|---|---|---|---|
| 1 | 2 | 3 | 4 |
| 2. 3. | Barewal Awana and Fatehpur | 45% Development works in the two villages have already been done. The work of brick paving and drains is to be done at an estimated amount of Rs. 1.72 lacs | In village Fatehpur 21 street light points already exist. An estimate for providing 84 street-light points in these two villages is under process by PSEB. |
| 4. | Daba .. | The work of earth filling, brick paving and drains is being done at an estimated cost of Rs. 2.52 lacs | So far there is no street light in this village. In all 86 points are to be provided i.e. 24 on main road & 62 in the village. An Estimate for providing 24 street light points have been received and Rs. 6100 is being deposited with PSEB. Estimate for remaining 62 points is still awaited from PSEB . |
| 5. | Gyaspura | The work of brick paving, drains and reads is to be done at an estimated amount of 1.05 lacs | 63 street light points are already working in this village |

**ਸਰਦਾਰ ਬਸੰਤ ਸਿੰਘ ਖਾਲਸਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਰਪਾ ਕਰਕੇ ਦੱਸਣ ਕਿ ਮਿਊਨਿਸਪਲ ਹਦੂਦ ਵਧਾਉਣ ਦਾ ਕੀ ਕਰਾਈਟੇਰੀਆ ਹੈ ? ਕਈ ਪਿੰਡ ਐਸੇ ਹਨ ਜਿਹੜੇ ਸ਼ਹਿਰ ਦੇ ਨੇੜੇ ਤੇੜੇ ਪੈਂਦੇ ਹਨ ਪਰ ਮਿਊਨਿਸਪਲ ਹਦੂਦ ਵਧਾ ਕੇ ਉਨ੍ਹਾਂ ਨੂੰ ਹਦੂਦ ਵਿਚ ਲੈਣ ਲਈ ਕਈ ਵਜੂਹਾਤ ਨਹੀਂ ਬਣਦੀਆਂ ਜਿਸ ਤਰ੍ਹਾਂ ਕਿ ਮੁੰਡੀਆਂ ਕਲਾਂ ਲੁਧਿਆਣੇ ਤੋਂ ਕੋਈ ਚਾਰ ਪੰਜ ਮੀਲ ਦੂਰੀ ਤੇ ਹੈ। ਉਸ ਨੂੰ ਸ਼ਹਿਰ ਦੀ ਹਦੂਦ ਵਿਚ ਲੈਣ ਲਈ ਕੋਈ ਗੱਲ ਨਹੀਂ ਸੀ ਬਣਦੀ, ਉਧਰ ਕੋਈ ਕਾਰਖਾਨੇ ਨਹੀਂ ਸਨ। ਜਿਥੇ ਮਿਊਨਿਸਪਲ ਲਿਮਿਟ ਇਸ ਤਰ੍ਹਾਂ ਵਧਾਈ ਜਾਂਦੀ ਹੈ ਉਥੇ ਲੋਕ ਬੇਤਰਤੀਬੀ ਨਾਲ ਮਕਾਨ ਬਣਾਈ ਜਾਂਦੇ ਹਨ ਪਰ ਜਿਹੜੇ ਪਿੰਡ ਵਾਲੇ ਲੋਕ ਹਨ। ਉਨ੍ਹਾਂ ਦੇ ਨਾ ਨਕਸ਼ੇ ਪਾਸ ਹੁੰਦੇ ਹਨ ਨਾ ਮਕਾਨ ਬਨਾਉਣ ਲਈ ਮਨਜ਼ੂਰੀ ਮਿਲਦੀ ਹੈ, ਜਿਸ ਨਾਲ ਲੋਕ ਬੜੇ ਪ੍ਰੇਸ਼ਾਨ ਹਨ।

**ਮੰਤਰੀ**: ਸਪੀਕਰ ਸਾਹਿਬ, ਸ਼ਾਇਦ ਇਹ ਭੁਲ ਗਏ ਹਨ। ਇਹ ਲਿਮਿਟ ਇਨ੍ਹਾਂ ਨੇ ਹੀ ਵਧਾਈ ਸੀ।

**ਸਰਦਾਰ ਬਸੰਤ ਸਿੰਘ ਖਾਲਸਾ** : ਜੇਕਰ ਇਸ ਵੇਲੇ ਸਾਡੀ ਗੌਰਮਿੰਟ ਹੁੰਦੀ ਤਾਂ ਮੈਂ ਉਸ ਤੋਂ ਇਹ ਹੀ ਸਵਾਲ ਪੁਛਣਾ ਸੀ।

**ਮੰਤਰੀ**: ਹੁਣ ਮੇਰਾ ਜਵਾਬ ਤਾਂ ਸੁਣ ਲਓ। ਸਪੀਕਰ ਸਾਹਿਬ, ਜਿਹੜਾ ਪਿੰਡ ਸਾਡੀ ਕਾਰਪੋਰੇਸ਼ਨ ਦੇ ਹਿਸਾਬ ਨਾਲ ਕਾਰਪੋਰੇਸ਼ਨ ਦੀ ਹਦੂਦ ਵਿਚ ਆ ਗਿਆ ਉਸ ਥਾਂ ਤੇ ਮਕਾਨ ਬਨਾਉਣ ਲਈ ਬਾਕਾਇਦਾ ਨਕਸ਼ੇ ਪਾਸ ਹੁੰਦੇ ਹਨ, ਬਾਕਾਇਦਾ ਇਜਾਜ਼ਤ ਦਿੱਤੀ ਜਾਂਦੀ ਹੈ ਲੇਕਿਨ ਜਿਹੜੇ ਲੋਕ ਪਿੰਡ ਦੇ ਕਾਰਪੋਰੇਸ਼ਨ ਹਦੂਦ ਵਿਚ ਆਉਣ ਤੋਂ ਪਹਿਲਾਂ ਆਪਣੇ ਮਕਾਨ ਬਣਾ ਚੁੱਕੇ

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਹਨ ਉਨ੍ਹਾਂ ਵਲ ਧਿਆਨ ਨਹੀਂ ਹੋ ਸਕਦਾ ਪਰ ਜਿਹੜੀ ਜਗਾ ਕਾਰਪੋਰੇਸ਼ਨ ਲਿਮਿਟ ਵਿਚ ਆ ਗਈ ਉਥੇ ਅਸੀਂ ਬਗੈਰ ਇਜਾਜ਼ਤ ਮਕਾਨ ਨਹੀਂ ਬਣਾਉਣ ਦਿੰਦੇ।

**ਸਰਦਾਰ ਬਸੰਤ ਸਿੰਘ ਖਾਲਸਾ:** ਸਪੀਕਰ ਸਾਹਿਬ, ਜਿਹੜੇ ਪਿੰਡ ਕਾਰਪੋਰੇਸ਼ਨ ਦੀ ਹਦੂਦ ਵਿਚ ਲੈ ਲਏ ਗਏ ਹਨ ਉਥੇ ਤੁਸੀਂ ਸ਼ਹਿਰ ਵਾਲੇ ਬਾਈ-ਲਾਅਜ਼ ਲਾਗੂ ਕਰ ਦਿੱਤੇ ਹਨ। ਹੁਣ ਤੁਹਾਡੇ ਬਾਈ ਲਾਅਜ਼ ਦੇ ਮੁਤਾਬਿਕ ਤਾਂ ਉਥੇ ਕੋਈ ਗਰੀਬ ਆਦਮੀ ਮਕਾਨ ਹੀ ਨਹੀਂ ਪਾ ਸਕਦਾ, ਉਨ੍ਹਾਂ ਦੇ ਨਕਸ਼ੇ ਰਿਜੈਕਟ ਹੋ ਰਹੇ ਹਨ। ਇਸ ਲਈ ਇਕ ਤਾਂ ਇਹ ਕੀਤਾ ਜਾਵੇ ਕਿ ਜਿਤਨਾ ਚਿਰ ਤਕ ਉਨ੍ਹਾਂ ਪਿੰਡਾਂ ਦਾ ਪੂਰਨ ਸ਼ਹਿਰੀ-ਕਰਣ ਨਹੀਂ ਹੁੰਦਾ ਉਤਨਾ ਚਿਰ ਤਕ ਮਕਾਨ ਬਨਾਉਣ ਵਾਸਤੇ ਨਕਸ਼ਿਆਂ ਵਿਚ ਥੋੜੀ ਬਹੁਤ ਛੂਟ ਦਿੱਤੀ ਜਾਵੇ। ਦੂਸਰਾ ਇਹ ਕਿ ਜਿਹੜੀ ਜ਼ਮੀਨ ਸ਼ਹਿਰ ਦੇ ਨਾਲ ਲਗਦੀ ਹੈ ਉਸ ਨੂੰ ਪਿੰਡਾਂ ਦੇ ਮਾਲਿਕ ਵੇਚ ਵੀ ਨਹੀਂ ਸਕਦੇ। ਵੇਚਣ ਵਾਸਤੇ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ। ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਕਿਰਪਾ ਕਰਕੇ ਇਹ ਕਰ ਦਿਓ ਕਿ ਜਿਤਨਾ ਚਿਰ ਤਕ ਉਸ ਜ਼ਮੀਨ ਦਾ ਪੂਰੀ ਤਰ੍ਹਾਂ ਸ਼ਹਿਰੀਕਰਣ ਨਹੀਂ ਹੁੰਦਾ ਉਤਨਾ ਚਿਰ ਇਹ ਕਰ ਦਿਓ ਕਿ ਜੇਕਰ ਕੋਈ ਮਾਲਿਕ ਇਹ ਸਰਟੀਫਿਕੇਟ ਦੇ ਦੇਵੇ ਕਿ ਉਹ ਆਪਣੀ ਜ਼ਮੀਨ ਆਪਣੀ ਨਿੱਜੀ ਗਰਜ਼ ਸਾਰਨ ਲਈ ਵੇਚ ਰਿਹਾ ਹੈ ਤਾਂ ਉਸਨੂੰ ਵੇਚਣ ਦੀ ਆਗਿਆ ਹੋਵੇ।

**ਮੰਤਰੀ:** ਸਪੀਕਰ ਸਾਹਿਬ, ਇਸ ਸਪਲੀਮੈਂਟਰੀ ਦਾ ਸਵਾਲ ਨਾਲ ਤੁਅੱਲਕ ਨਹੀਂ ਹੈ ਮਗਰ ਜੋ ਪਹਿਲੀ ਗੱਲ ਇਨ੍ਹਾਂ ਨੇ ਨਕਸ਼ਿਆਂ ਦੇ ਬਾਰੇ ਪੁੱਛੀ ਹੈ ਉਸ ਬਾਰੇ ਮੈਂ ਅਰਜ਼ ਕਰਦਾ ਹਾਂ ਕਿ ਜਿਤਨੇ ਪਿੰਡ ਕਾਰਪੋਰੇਸ਼ਨ ਲਿਮਿਟ ਵਿਚ ਲਏ ਗਏ ਹਨ ਉਨ੍ਹਾਂ ਤੇ ਬਾਈ ਲਾਅਜ਼ ਲਾਗੂ ਹੁੰਦੇ ਹਨ ਔਰ ਉਨ੍ਹਾਂ ਨੂੰ ਕਾਫੀ ਜ਼ਿਆਦਾ ਸਹੂਲਤਾਂ ਦੇ ਰਹੇ ਹਾਂ। ਅਸੀਂ ਇਹ ਨਹੀਂ ਕੀਤਾ ਕਿ ਪਿੰਡਾਂ ਵਾਲਿਆਂ ਨੂੰ ਸ਼ਹਿਰ ਵਾਲਿਆਂ ਵਾਂਗ ਹੀ ਟਰੀਟ ਕੀਤਾ ਜਾਵੇ। ਅਸੀਂ ਇਹ ਕੀਤਾ ਹੈ ਕਿ ਜਿਹੜਾ ਪੇਂਡੂ ਆਪਣਾ ਨਕਸ਼ਾ ਦਿੰਦਾ ਹੈ ਉਸ ਨਕਸ਼ੇ ਨੂੰ ਜਲਦੀ ਤੋਂ ਜਲਦੀ ਮਨਜ਼ੂਰੀ ਦਿੰਦੇ ਹਾਂ। ਅਸੀਂ ਫਿਰ ਵੀ ਕੋਸ਼ਿਸ਼ ਕਰਾਂਗੇ ਕਿ ਜਿਹੜੇ ਪਿੰਡ ਸਾਡੀ ਕਾਰਪੋਰੇਸ਼ਨ ਦੇ ਵਿਚ ਆ ਗਏ ਹਨ ਉਥੇ ਟਾਊਨ ਪਲਾਨਿੰਗ ਦੀ ਸਕੀਮ ਦੇ ਮੁਤਾਬਿਕ, ਜਾਂ ਕਿਸੇ ਹੋਰ ਸਕੀਮ ਦੇ ਮੁਤਾਬਿਕ ਦਰੁਸਤ ਮਕਾਨ ਬਣ ਸਕਣ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1486**

**ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤਾ ਗਿਆ)**

---

**Metalling of Road from Village Mutton to Village Dabhali**

*1178. **Master Dalip Chand:** Will the Minister for Public Works be pleased to state whether it is a fact that the residents of the area have done the earth work on the road from Village Mutton to Village Dabhali in the Balachaur Assembly Constituency; if so, the time by which the said road is likely to be metalled?

**Sardar Beant Singh:** (i) Earthwork has only been done partly. The road can bemetalled within 6 months after full earth-work is done and land is made available by the villagers as land is not available in 0.70 Km length of the road.

---

Original with;
Punjab Vidhan Sabha
Digitized by;
Panjab Digital Library

**ਮਾਸਟਰ ਦਲੀਪ ਚੰਦ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਉਸ ਸੜਕ ਤੇ ਅਰਥ ਵਰਕ ਪੂਰਾ ਨਹੀਂ ਹੋਇਆ ਇਸ ਲਈ ਲੁੱਕ ਵਗੈਰਾ ਨਹੀਂ ਪੈ ਸਕਦਾ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਪਿੰਡ ਵਾਲੇ ਇਸ ਮਹੀਨੇ ਹੀ ਉਸ ਅੱਧੇ ਪੌਣੇ ਕਿਲੋਮੀਟਰ ਸੜਕ ਤੇ ਅਰਥ ਵਰਕ ਪੂਰਾ ਕਰ ਲੈਣ ਤਾਂ ਇਹ ਉਸ ਸੜਕ ਨੂੰ ਕਦੋਂ ਤਕ ਬਣਾਉਣਾ ਸ਼ੁਰੂ ਕਰ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ, ਕੋਈ ਪੌਣੇ ਕਿਲੋਮੀਟਰ ਦੇ ਕਰੀਬ ਇਹ ਟੋਟਾ ਹੈ। ਉਸ ਦੇ ਵਾਸਤੇ ਜ਼ਮੀਨ ਅਵੇਲੇਬਲ ਨਹੀਂ ਹੈ। ਅਰਥ ਵਰਕ ਹੋਣ ਵਾਲਾ ਰਹਿੰਦਾ ਹੈ। ਇਹ ਜਦੋਂ ਵੀ ਇਹ ਕੰਮ ਪੂਰਾ ਕਰ ਦੇਣਗੇ, ਇਹ ਮੈਨੂੰ ਮਿਲ ਕੇ ਦਸ ਦੇਣ, ਮੈਂ ਉਸ ਸੜਕ ਨੂੰ ਬਨਾਉਣ ਦਾ ਪ੍ਰਬੰਧ ਕਰਵਾ ਦਿਆਂਗਾ।

**ਸਰਦਾਰ ਦਲੀਪ ਸਿੰਘ ਪਾਂਧੀ:** ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾ ਦਾ ਸੜਕ ਬਨਾਉਣ ਦਾ ਕੀ ਪਰੋਸੀਜ਼ਰ ਹੈ, ਜੇਕਰ ਕੋਈ ਪਿੰਡ ਕਿਸੇ ਨਵੀਂ ਕੱਚੀ ਸੜਕ ਤੇ ਮਿੱਟੀ ਪਾ ਦੇਣ ਤਾਂ ਕੀ ਇਹ ਉਸ ਨੂੰ ਪੱਕਿਆਂ ਕਰਵਾ ਦੇਣਗੇ ਜਾਂ ਕਿ ਆਪਣੀ ਮਰਜ਼ੀ ਦੇ ਮੁਤਾਬਿਕ ਹੀ ਸੜਕ ਬਨਾਉਣਗੇ ?

**ਮੰਤਰੀ:** ਸਪੀਕਰ ਸਾਹਿਬ, ਸਵਾਲ ਵਿਚ ਕਿਸੇ ਨਵੀਂ ਸੜਕ ਦਾ ਜ਼ਿਕਰ ਨਹੀਂ ਕੀਤਾ ਗਿਆ। ਸਕੀਮ ਦੇ ਮੁਤਾਬਿਕ ਅਸੀਂ ਤਾਂ ਪਹਿਲਾਂ ਲਿੰਕ ਦੀ ਗੱਲ ਕਰਦੇ ਸੀ, ਇਹ ਮਨਜ਼ੂਰ ਸ਼ੁਦਾ ਸੜਕ ਸੀ ਔਰ ਰਸਤੇ ਵਿਚ ਕੁਝ ਹਿੱਸੇ ਵਿਚ ਦਲ ਦਲ ਆ ਗਈ ਸੀ, ਇਸ ਲਈ ਨਵੀਂ ਅਲਾਈਨਮੈਂਟ ਦਾ ਸਵਾਲ ਸੀ ਔਰ ਫਿਰ ਲੋਕਾਂ ਨੇ ਉਥੇ ਮਿੱਟੀ ਨਹੀਂ ਸੀ ਪਾਈ, ਇਹ ਤਾਂ ਉਸ ਸੜਕ ਬਾਰੇ ਗੱਲ ਚਲ ਰਹੀ ਸੀ।

**ਪ੍ਰੋਫੈਸਰ ਬਲਵੰਤ ਸਿੰਘ:** ਸਪੀਕਰ ਸਾਹਿਬ, ਤੁਹਾਡਾ ਸਪਲੀਮੈਂਟਰੀਜ਼ ਅਲਾਓ ਕਰਨ ਦਾ ਕੀ ਕਰਾਈਟੇਰੀਆ ਹੈ। ਮੈਂ ਪਹਿਲਾਂ ਵੀ ਖੜਾ ਹੋਇਆ ਸੀ।

**ਸਰਦਾਰ ਹਰਚੰਦ ਸਿੰਘ ਬਰਾੜ:** ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਮੁਕਤਸਰ ਵਿਚ ਸਰਕਾਰ ਨੇ ਮਾਘੀ ਦੇ ਮੇਲੇ ਤੇ ਸੜਕਾਂ ਤੇ ਮਿੱਟੀ ਪਵਾ ਕੇ ਉਨ੍ਹਾਂ ਨੂੰ ਸ਼ੁਰੂ ਕਰ-ਵਾਇਆ ਸੀ, ਕੀ ਇਹ ਉਨ੍ਹਾਂ ਸੜਕਾਂ ਨੂੰ ਪੱਕਿਆਂ ਕਰਨ ਲਈ ਮਨਜ਼ੂਰੀ ਦੇਣਗੇ ?

**ਮੰਤਰੀ:** ਸਪੀਕਰ ਸਾਹਿਬ, ਇਕ ਪਹਿਲਾਂ ਵੀ ਇਨ੍ਹਾਂ ਨੇ ਇਸ ਸਿਲਸਿਲੇ ਵਿਚ ਤੁਹਾਨੂੰ ਯਾਦ ਹੋਣਾ ਹੈ, ਸਪਲੀਮੈਂਟਰੀ ਕੀਤਾ ਸੀ ਔਰ ਮੈਂ ਉਸ ਸਪਲੀਮੈਂਟਰੀ ਦਾ ਜਵਾਬ ਬੜਾ ਹੀ ਸਪੱਸ਼ਟ ਲਫਜ਼ਾਂ ਵਿਚ ਦਿਤਾ ਸੀ। ਸਪੀਕਰ ਸਾਹਿਬ, ਮੁਕਤਸਰ ਵਿਚ ਮਾਘੀ ਦਾ ਮੇਲਾ ਬੜਾ ਭਾਰੀ ਮੇਲਾ ਲਗਦਾ ਹੈ। ਮੈਂ ਉਥੇ ਪਹਿਲਾਂ ਆਪ ਗਿਆ ਸੀ। ਉਥੇ ਸੜਕ ਬਣਨੀ ਸ਼ੁਰੂ ਕਰਵਾ ਦਿਤੀ ਗਈ ਹੈ ਔਰ ਹੁਣ ਵੀ ਕੰਮ ਚਲ ਰਿਹਾ ਹੈ।

**ਪ੍ਰੋਫੈਸਰ ਬਲਵੰਤ ਸਿੰਘ:** ਸਪੀਕਰ ਸਾਹਿਬ, ਜਦੋਂ ਕਿਸੇ ਪਿੰਡ ਵਿਚ ਸੜਕ ਬਣਨੀ ਹੁੰਦੀ ਹੈ ਤਾਂ ਸਰਕਾਰ ਉਥੇ ਦੇ ਲੋਕਾਂ ਨੂੰ ਸੜਕ ਤੇ ਮਿੱਟੀ ਪਾਉਣ ਲਈ ਕਹਿੰਦੇ ਹਨ ਪਰ ਜੇਕਰ ਸ਼ਹਿਰਾਂ ਵਿਚ ਸੜਕਾਂ ਬਣਦੀਆਂ ਹਨ ਤਾਂ ਸਰਕਾਰ ਆਪ ਹੀ ਮਿੱਟੀ ਪਵਾਉਂਦੀ ਹੈ। ਕੀ ਸਰਕਾਰ ਸ਼ਹਿਰਾਂ ਦੀ ਤਰ੍ਹਾਂ ਹੀ ਪਿੰਡਾਂ ਵਿਚ ਵੀ ਆਪ ਮਿੱਟੀ ਪਵਾਉਣ ਲਈ ਤਿਆਰ ਹੈ ?

Original with;
Punjab Vidhan Sabha
Digitized by;
Panjab Digital Library

**ਮੰਤਰੀ:** ਇਸ ਸਵਾਲ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ।

**ਸ੍ਰੀ ਰਾਮ ਲਾਲ ਚਿੱਟੀ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਕ ਦਫਾ ਸਬੰਧਤ ਵਜ਼ੀਰ ਸਾਹਿਬ ਜਲੰਧਰ ਤੋਂ ਬਾਈ ਪਾਸ ਹੁਸ਼ਿਆਰਪੁਰ ਗਏ ਸਨ ਤਾਂ ਇਨ੍ਹਾਂ ਨੇ ਆਪ ਵੇਖਿਆ ਸੀ ਕਿ ਇਹ ਸੜਕ ਸਾਰੀ ਦੀ ਸਾਰੀ ਟੁੱਟੀ ਪਈ ਸੀ। ਇਹ ਵੇਖ ਕੇ ਇਹ ਹੁਕਮ ਦੇ ਆਏ ਸਨ ਕਿ ਇਸ ਦੀ ਮੁਰੰਮਤ ਕੀਤੀ ਜਾਵੇ। ਫਿਰ ਉਸ ਤੇ ਕੰਮ ਵੀ ਸਟਾਰਟ ਹੋ ਗਿਆ ਸੀ। ਪਰ ਬਾਅਦ ਵਿਚ ਸ਼ਾਇਦ ਕਿਸੇ ਅਫਸਰ ਨੂੰ ਇਹ ਚੰਗਾ ਨਹੀਂ ਲਗਿਆ ਤਾਂ ਇਹ ਕੰਮ ਰੋਕ ਦਿਤਾ ਗਿਆ ਜਿਸ ਕਾਰਨ ਉਹ ਕੰਮ ਵਿਚੇ ਰਹਿ ਗਿਆ ਹੈ। ਕੀ ਵਜ਼ੀਰ ਸਾਹਿਬ ਉਹ ਕੰਮ ਮੁੜ ਸਟਾਰਟ ਕਰਾਉਣ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ:** ਇਹ ਠੀਕ ਹੈ ਕਿ ਇਹ ਜਗ੍ਹਾ ਮੈਂ ਆਪ ਜਾਕੇ ਵੇਖੀ ਸੀ ਅੌਰ ਕਾਫੀ ਸਾਰੀ ਉਸ ਦੀ ਮੁਰੰਮਤ ਵੀ ਕਰਵਾ ਦਿਤੀ ਗਈ ਸੀ। ਜੇ ਕੋਈ ਕੰਮ ਵਿਚੇ ਰਹਿ ਗਿਆ ਹੈ ਤਾਂ ਮਾਨਯੋਗ ਮੈਂਬਰ ਦੱਸ ਦੇਣ ਅਸੀਂ ਉਹ ਕੰਮ ਪੂਰਾ ਕਰਵਾ ਦਿਆਂਗੇ।

---

**Starred Question No. 1359**

**Mr. Speaker:** Extension has been asked for in respect of Starred Question No. 1359.

---

**Number of J.B.T. Teachers in the Government Schools**

*1345. **Chaudhri Jagjit Singh:** Will the Minister for Education be pleased to state—

(a) the total number of J.B.T. Teachers in the Government Schools in the State at present;

(b) the total number of teachers belonging to the Scheduled Castes out of those referred to in part (a) above;

(c) whether the number of teachers referred to in part (b) above is in accordance with the fixed quota of reservation ; if not, the reasons therefor and the time by which it is likely to be achieved?

**Sardar Harcharan Singh Ajnala:** (a) 47484.

(b) 5711.

(c) No please. The reasons for low percentage is that the Scheduled Castes JBT candidates were not available in adequate number upto March, 1977. No time limit can be fixed to fill the backlog as it depends upon the availability of posts.

---

*For Starred Question No. 1359 and reply thereto please see P.V.S. Debates dated 25th March, 1982.

Original with;
Punjab Vidhan Sabha
Digitized by;
Panjab Digital Library

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਕੋਲੋਂ ਪੁੱਛਿਆ ਸੀ ਕਿ ਪੰਜਾਬ ਵਿਚ ਜੇ. ਬੀ. ਟੀ. ਟੀਚਰਜ਼ ਕਿੰਨੇ ਹਨ ਅਤੇ ਉਨ੍ਹਾਂ ਵਿਚ ਸ਼ੈਡਿਊਲਡ ਕਾਸਟਸ ਦੀ ਗਿਣਤੀ ਕਿੰਨੀ ਹੈ । ਇਨ੍ਹਾਂ ਨੇ ਜਵਾਬ ਦਿਤਾ ਹੈ ਕਿ 47,484 ਟੀਚਰਜ਼ ਹਨ ਅਤੇ ਉਨ੍ਹਾਂ ਵਿਚ 5,711 ਟੀਚਰਜ਼ ਹਰੀਜਨ ਹਨ ਜਦ ਕਿ ਇਹ ਗਿਣਤੀ 11,88 ਦੀ ਬਣਨੀ ਚਾਹੀਦੀ ਹੈ । ਇਸ ਹਿਸਾਬ ਨਾਲ ਇਹ ਕੋਈ 6,708 ਟੀਚਰਜ਼ ਦੀ ਘਾਟ ਹੈ ਇਸ ਲਈ ਮੈਂ ਤੁਹਾਡੀ ਮਾਰਫਤ ਪੁਛਣਾ ਚਾਹੁੰਦਾ ਹਾਂ ਕਿ ਇਸ ਘਾਟ ਨੂੰ ਪੂਰਾ ਕਰਨ ਲਈ ਇਹ ਕੀ ਯਤਨ ਕਰ ਰਹੇ ਹਨ ? ਦੂਜਾ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਜੇ. ਬੀ. ਟੀ. ਦੀ ਟਰੇਨਿੰਗ ਕਰਨ ਵਾਸਤੇ ਕੁਆਲੀਫੀਕੇਸ਼ਨ ਮੈਟ੍ਰਿਕ ਚਾਹੀਦੀ ਹੈ, ਅੱਜ ਜਦ ਕਿ ਹਜ਼ਾਰਾਂ ਹਰੀਜਨ ਬੱਚੇ ਜਿਨ੍ਹਾਂ ਨੇ ਮੈਟ੍ਰਿਕ ਕੀਤੀ ਹੋਈ ਹੈ ਵਿਹਲੇ ਫਿਰ ਰਹੇ ਹਨ ਕੀ ਉਨ੍ਹਾਂ ਨੂੰ ਕੋਈ ਜੇ. ਬੀ. ਟੀ. ਦੀ ਸਪੈਸ਼ਲ ਟਰੇਨਿੰਗ ਦੇ ਕੇ ਇਹ ਘਾਟ ਪੂਰੀ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜਾ ਮੈਂਬਰ ਸਾਹਿਬ ਨੇ ਘਾਟ ਦੇ ਬਾਰੇ ਗੱਲ ਕੀਤੀ ਹੈ ਉਸ ਬਾਰੇ ਮੈਂ ਦੱਸਿਆ ਹੈ ਕਿ ਉਪਰਾਲੇ ਕੀਤੇ ਜਾ ਰਹੇ ਹਨ ਤਾਂਕਿ ਜਿਹੜਾ ਬੈਕਲਾਗ ਹੈ ਉਸ ਨੂੰ ਪੂਰਾ ਕੀਤਾ ਜਾ ਸਕੇ । ਦੂਜਾ ਪੁਆਇੰਟ ਜਿਹੜਾ ਜੇ. ਬੀ. ਟੀ. ਕਲਾਸਾਂ ਵਿਚ ਐਡਮੀਸ਼ਨ ਦੇਣ ਬਾਰੇ ਕਿਹਾ ਹੈ ਇਸ ਬਾਰੇ ਮੈਂ ਦੱਸਦਾ ਹਾਂ ਕਿ ਇਸ ਸ਼ਾਰਟੇਜ ਨੂੰ ਮੁੱਖ ਰਖਦੇ ਹੋਏ ਜਿਹੜੇ ਜੇ. ਬੀ. ਟੀ ਦੇ ਯੂਨਿਟ ਖੋਲ੍ਹੇ ਹੋਏ ਹਨ ਉਨ੍ਹਾਂ ਵਿਚ 50% ਰਿਜ਼ਰਵੇਸ਼ਨ ਸ਼ਡਿਊਲਡ ਕਾਸਟਸ ਲਈ ਰੱਖੀ ਹੋਈ ਹੈ ਔਰ 50% ਜਨਰਲ ਕੈਟੇਗਰੀ ਵਿਚੋਂ ਭਰਤੀ ਕਰਦੇ ਹਾਂ । ਇਹ ਸਾਰਾ ਕੁਝ ਇਸ ਲਈ ਕੀਤਾ ਹੈ ਤਾਂ ਕਿ ਇਹ ਜਿਹੜੀ ਘਾਟ ਹੈ ਇਹ ਪੂਰੀ ਹੋ ਸਕੇ । ਇਸ ਲਈ ਜਿਉਂ ਜਿਉਂ ਪੋਸਟਾਂ ਖਾਲੀ ਹੁੰਦੀਆਂ ਜਾਣ-ਗੀਆਂ ਇਹ ਘਾਟ ਪੂਰੀ ਕੀਤੀ ਜਾਵੇਗੀ ।

**ਚੌਧਰੀ ਜਗਜੀਤ ਸਿੰਘ** : ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਜਿਹੜੇ ਜੇ. ਬੀ. ਟੀ. ਦੇ ਨਵੇਂ ਯੂਨਿਟ ਖੋਲ੍ਹੇ ਹਨ ਉਨ੍ਹਾਂ ਵਿਚ ਸ਼ਡਿਊਲਡ ਕਾਸਟਸ ਦੀ 50 % ਭਰਤੀ ਕੀਤੀ ਜਾਂਦੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ 50% ਐਡੀਸ਼ਨ ਕਰਨ ਨਾਲ ਇਹ ਘਾਟ ਪੂਰੀ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਇਹ ਸਾਰਾ ਕੁਝ ਅਵੇਲੇਬਿਲਟੀ ਆਫ ਪੋਸਟਸ ਤੇ ਡਿਪੈਂਡ ਕਰਦਾ ਹੈ ਜਿਨ੍ਹਾਂ ਦੇ ਅਗੇਂਸਟ ਐਪੁਆਇੰਟਮੈਂਟਸ ਹੋਣੀ ਹੈ । ਬਾਕੀ ਇਹ 50% ਜਿਹੜੇ ਸ਼ੈਡਿਊਲਡ ਕਾਸਟ ਕੈਂਡੀਡੇਟ ਟਰੇਂਡ ਹੋਣਗੇ ਉਨ੍ਹਾਂ ਨਾਲ ਕੁਝ ਘਾਟ ਪੂਰੀ ਹੋਵੇਗੀ ।

**ਮਾਸਟਰ ਬਾਬੂ ਸਿੰਘ** : ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ 50% ਰਿਜ਼ਰਵੇਸ਼ਨ ਐਡਮੀਸ਼ਨ ਵੇਲੇ ਕੀਤੀ ਹੈ ਇਹ ਕਿਹੜੇ ਸਾਲ ਤੋਂ ਸ਼ੁਰੂ ਕੀਤੀ ਹੈ ? ਦੂਜਾ ਮੈਂ ਇਹ ਪੁੱਛਦਾ ਹਾਂ ਕਿ ਕੀ ਇਹ ਘਾਟ ਪੂਰੀ ਕਰਨ ਲਈ 50% ਤੋਂ ਵੱਧ ਭਰਤੀ ਕਰਨ ਲਈ ਤਿਆਰ ਹਨ ਤਾਂ ਕਿ ਇਹ ਬੈਕਲਾਗ ਪੂਰਾ ਹੋ ਸਕੇ ?

**ਮੰਤਰੀ** : 50% ਤੋਂ ਵੱਧ ਤਾਂ ਰਿਜ਼ਰਵੇਸ਼ਨ ਨਹੀਂ ਹੋ ਸਕਦੀ । ਇਹ ਮੈਕਸੀਮਮ ਹੈ ।

**ਸ੍ਰੀ ਪਿਆਰ ਰਾਮ ਧੰਨੋਵਾਲੀਆ** : ਸਪੀਕਰ ਸਾਹਿਬ, ਇਸ ਵੇਲੇ ਜੇ.ਬੀ.ਟੀ. ਟੀਚਰਜ਼ ਦੀ ਘਾਟ 6,708 ਦੀ ਹੈ । ਪਿਛਲੀ ਕਾਂਗਰਸ ਸਰਕਾਰ ਵੇਲੇ ਇਹ ਘਾਟ ਪੂਰੀ ਕਰਨ ਲਈ ਜੇ.ਬੀ.ਟੀ. ਔਰ ਬੀ.ਐਡ. ਲਈ ਸ਼ੈਡਿਊਲਡ ਕਾਸਟ ਕੈਂਡੀਡੇਟਸ ਨੂੰ ਸਪੈਸ਼ਲ ਟਰੇਨਿੰਗ ਦਿੱਤੀ ਗਈ ਸੀ । ਕੀ ਇਸ ਪੁਰਾਣੀ ਪਾਲਸੀ ਨੂੰ ਹੁਣ ਫਿਰ ਅਮਲ ਵਿਚ ਲਿਆਉਣਗੇ ਔਰ ਕੋਈ ਸਪੈਸ਼ਲੀ ਸ਼ਡਿਊਲਡ ਕਾਸਟਸ

Original with;
Punjab Vidhan Sabha
Digitized by;
Panjab Digital Library

[ਸ੍ਰੀ ਪਿਆਰਾ ਰਾਮ ਧੰਨੋਵਾਲੀਆ]

ਨੂੰ ਟਰੇਨਿੰਗ ਦੇਣ ਦਾ ਪ੍ਰਬੰਧ ਕਰਨਗੇ ? ਇਨ੍ਹਾਂ ਨੇ ਇਹ ਵੀ ਕਿਹਾ ਕਿ ਬੈਕਲਾਗ ਪੂਰਾ ਕਰਨ ਲਈ ਕੋਈ ਟਾਈਮ ਲਿਮਿਟ ਨਹੀਂ ਹੋ ਸਕਦੀ ਬਲਕਿ ਜਿਉਂ ਜਿਉਂ ਪੋਸਟਾਂ ਖਾਲੀ ਹੋਣਗੀਆਂ ਇਹ ਭਰਤੀ ਕੀਤੀ ਜਾਵੇਗੀ । ਮੈਂ ਇਹ ਕਹਿੰਦਾ ਹਾਂ ਕਿ ਕੀ ਇਹ ਘਾਟ ਪੂਰੀ ਕਰਨ ਅਤੇ ਪਰੋ-ਮੋਸ਼ਨਾਂ ਲਈ ਕੋਈ ਐਕਟ ਬਣਾ ਦੇਣਗੇ ਤਾਂ ਕਿ ਇਹ ਘਾਟ ਪੂਰੀ ਹੋ ਸਕੇ ?

**ਮੰਤਰੀ:** ਸਪੀਕਰ ਸਾਹਿਬ, ਮੈਂ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਦੱਸ ਚੁਕਾ ਹਾਂ ਕਿ ਜਿੰਨੇ ਸਾਡੇ ਜੇ.ਬੀ.ਟੀ. ਦੇ ਯੂਨਿਟ ਫੰਕਸ਼ਨ ਕਰ ਰਹੇ ਹਨ ਉਨ੍ਹਾਂ ਵਿਚ 50% ਹਰੀਜਨਾਂ ਨੂੰ ਐਡਮੀਸ਼ਨ ਦਿੱਤੀ ਜਾਂਦੀ ਹੈ ਤਾਕਿ ਇਹ ਘਾਟ ਪੂਰੀ ਹੋ ਸਕੇ । ਬਾਕੀ ਜਿਥੋਂ ਤਕ 6,000 ਪੋਸਟਾਂ ਕਦੋਂ ਤਕ ਭਰੀਆਂ ਜਾਣਗੀਆਂ, ਇਹ ਅਵੇਲੇਬਿਲਟੀ ਆਫ਼ ਪੋਸਟਸ ਤੇ ਡਿਪੈਂਡ ਕਰਦਾ ਹੈ।

---

## Grant of house rent allowance to the teachers posted in the Backward Areas

***1346. Chaudhri Jagjit Singh:** Will the Minister for Education be pleased to state whether there is any proposal under the consideration of the Government to grant house rent allowance to the teachers posted in the Backward Areas which are far from cities?

**Sardar Harcharan Singh Ajnala:** No please.

**ਚੌਧਰੀ ਜਗਜੀਤ ਸਿੰਘ :** ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਟੀਚਰਜ਼ ਸ਼ਹਿਰਾਂ ਅਤੇ ਸ਼ਹਿਰਾਂ ਦੇ ਨਜ਼ਦੀਕ ਲੱਗੇ ਹੋਏ ਹਨ ਉਨ੍ਹਾਂ ਨੂੰ ਤਾਂ ਹਾਊਸ ਰੈਂਟ ਦਿੱਤਾ ਜਾਂਦਾ ਹੈ ਪਰ ਜਿਹੜੇ ਸ਼ਹਿਰਾਂ ਤੋਂ ਦੂਰ ਹਨ ਪੱਛੜਿਆਂ ਇਲਾਕਿਆਂ ਵਿਚ ਲਗੇ ਹੋਏ ਹਨ ਉਨ੍ਹਾਂ ਨੂੰ ਹਾਊਸ ਰੈਂਟ ਨਹੀਂ ਮਿਲਦਾ । ਇਸ ਤਰ੍ਹਾਂ ਨਾਲ ਸ਼ਹਿਰਾਂ ਤੋਂ ਦੂਰ ਦੇ ਪਿੰਡਾਂ ਵਿਚ ਕੋਈ ਟੀਚਰਜ਼ ਜਾਣਾ ਨਹੀਂ ਚਾਹੁੰਦੇ ਔਰ ਇਸ ਕਾਰਣ ਉਥੇ ਪੋਸਟਾਂ ਖਾਲੀ ਰਹਿੰਦੀਆਂ ਹਨ । ਮੰਤਰੀ ਸਾਹਿਬ ਇਸ ਤੇ ਹਮਦਰਦੀ ਨਾਲ ਵਿਚਾਰ ਕਰਨ ਲਈ ਤਿਆਰ ਹਨ ਕਿ ਜਿਥੇ ਹਾਊਸ ਰੈਂਟ ਨਹੀਂ ਮਿਲਦਾ ਉਨ੍ਹਾਂ ਨੂੰ ਵੀ ਦਿੱਤਾ ਜਾਵੇ ।

**ਮੰਤਰੀ :** ਸਪੀਕਰ ਸਾਹਿਬ, ਹਾਊਸ ਰੈਂਟ 'ਏ' ਕੇਟੇਗਰੀ ਔਰ 'ਬੀ' ਕੇਟੇਗਰੀ ਸ਼ਹਿਰਾਂ ਵਿਚ ਔਰ ਕੁਝ ਹੋਰ ਇਲਾਕਿਆਂ ਵਿਚ ਵੀ ਜਿਹੜੇ ਬੇਟ ਦੇ ਹਨ ਦਿਤਾ ਜਾਂਦਾ ਹੈ। ਮੈਂਬਰ ਸਾਹਿਬ ਦਾ ਜਿਹੜਾ ਸਵਾਲ ਹੈ ਉਹ ਬੈਕਵਰਡ ਏਰੀਆ ਵਿਚ ਹਾਊਸ ਰੈਂਟ ਦੇਣ ਬਾਰੇ ਹੈ । ਇਸ ਲਈ ਇਹ ਸਿਰਫ ਐਜੂਕੇਸ਼ਨ ਡਿਪਾਰਟਮੈਂਟ ਦਾ ਮਸਲਾ ਨਹੀਂ ਬਲਕਿ ਸਾਰੇ ਡਿਪਾਰਟਮੈਂਟਾਂ ਦਾ ਮਸਲਾ ਹੈ । ਇਸ ਤਰ੍ਹਾਂ ਨਾਲ ਇਹ ਤਾਂ ਇਕ ਪਾਲਿਸੀ ਬਣਾਉਣ ਵਾਲੀ ਗੱਲ ਹੈ । ਇਸ ਲਈ ਜਦੋਂ ਵੀ ਕੋਈ ਪਾਲਿਸੀ ਬਣੇਗੀ, ਇਹ ਡਿਸਾਈਡ ਹੋ ਜਾਵੇਗਾ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1275

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁੱਛ ਨਹੀਂ ਕੀਤਾ ਗਿਆ।)

Original with;
Punjab Vidhan Sabha
Digitized by;
Panjab Digital Library

**Sanction of Loan to farmers for the purchase of Tractors**

*1479. **Shri Balmukand Sharma** : Will the Minister of State for Cooperation be pleased to state—

(a) the minimum limit of agricultural land against which a State Cooperative Land Mortgage Bank can sanction loan, for the purchase of a Tractor, to the farmers;

(b) whether there is any provision for the small farmers to get tractor loans, jointly, against the said limit mentioned in part (a) above?

**ਸਰਦਾਰ ਬੀਰ ਪ੍ਰਾਲ ਸਿੰਘ** : (ੳ) ਖੇਤੀਬਾੜੀ ਯੋਗ ਜ਼ਮੀਨ ਦੀ ਘੱਟੋ ਘੱਟ ਹੱਦ ਜਿਸਦੇ ਖਿਲਾਫ ਸਟੇਟ ਕੋਆਪਰੇਟਿਵ ਲੈਂਡ ਮਾਰਟਗੇਜ ਬੈਂਕ ਕਿਸਾਨਾਂ ਨੂੰ ਟਰੈਕਟਰ ਖਰੀਦਣ ਲਈ ਕਰਜ਼ੇ ਮੰਨਜ਼ੂਰ ਕਰ ਸਕਦਾ ਹੈ। ਆਮ ਤੌਰ ਤੇ ਬਾਰਾ ਮਾਸੂ ਮੇਂਜੂ 10 ਏਕੜ ਜ਼ਮੀਨ ਹੈ, ਪਰ ਅਜਿਹੇ ਬਾਰਾ ਮਾਸੂ ਮੇਂਜੂ 10 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਵੀ ਮਨਜ਼ੂਰ ਕੀਤੇ ਜਾ ਸਕਦੇ ਹਨ ਜੇਕਰ ਉਨ੍ਹਾਂ ਕੋਲ ਕਰਜ਼ਾ ਵਾਪਸ ਕਰਨ ਦੀ ਕਾਫੀ ਸਮਰਥਾ ਹੋਵੇ ਅਤੇ ਕਰਜ਼ੇ ਦੇਣ ਵਾਸਤੇ ਕਾਫੀ ਜ਼ਮਾਨਤ ਹੋਵੇ ਅਤੇ ਉਹ ਉਸ ਟਰੈਕਟਰ ਨੂੰ ਘੱਟੋ ਘੱਟ 1000 ਘੰਟੇ ਸਾਲ ਵਿਚ ਖੇਤੀਬਾੜੀ ਵਿਚ ਉਤਪਾਦਕ ਕੰਮ ਲਈ ਜਿਨ੍ਹਾਂ ਵਿਚ ਕਿਰਾਏ ਤੇ ਦੇਣਾ ਵੀ ਸ਼ਾਮਲ ਹੈ, ਵਰਤਣ ਦੀ ਉਚਿਤਤਾ (ਜਸਟੀਫੀਕੇਸ਼ਨ) ਦੇ ਸਕਦੇ ਹੋਣ।

(ਅ) ਹਾਂ ਜੀ, ਕਰਜ਼ਾ ਦੇਣ ਦੀ ਨੀਤੀ ਵਿਚ ਅਜਿਹੀ ਸੂਰਤ ਵੀ ਹੈ ਜਿਸ ਅਨੁਸਾਰ ਦੋ ਜਾਂ ਇਸ ਤੋਂ ਵਧ ਛੋਟੇ ਕਿਸਾਨ ਮਿਲਕੇ ਟਰੈਕਟਰ ਖਰੀਦਣ ਲਈ ਕਰਜ਼ਾਂ ਲੈ ਸਕਦੇ ਹਨ।

**ਸ਼੍ਰੀ ਬਾਲਮੁਕੰਦ ਸ਼ਰਮਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦੇ ਦੋਵੇਂ ਜਵਾਬ ਦੇ ਦਿੱਤੇ ਹਨ। ਇਕ ਸ਼ਰਤ ਇਹ ਹੈ ਕਿ 10 ਏਕੜ ਜ਼ਮੀਨ ਹੋਵੇ ਔਰ ਇਸ ਤੋਂ ਘੱਟ ਜ਼ਮੀਨ ਵਾਲੇ ਕਿਸਾਨ ਨੂੰ ਕਰਜ਼ਾ ਬੈਂਕ ਤੋਂ ਮਿਲ ਸਕਦਾ ਹੈ ਔਰ ਦੋ ਮਾਲਕ ਦਸ ਕਿਲੇ ਜ਼ਮੀਨ ਵਾਲੇ ਰਲ ਕੇ ਵੀ ਕਰਜ਼ਾ ਲੈ ਸਕਦੇ ਹਨ ਪਰ ਮੈਂ ਕਹਿੰਦਾ ਹਾਂ ਕਿ ਲੈਂਡ ਮਾਰਟਗੇਜ ਬੈਂਕ ਵਾਲੇ ਡਬਲ ਅਮਾਊਂਟ ਆਫ ਲੋਨ ਜ਼ਮੀਨ ਲੈਂਦੇ ਹਨ ਔਰ ਉਸ ਨੂੰ ਬੈਂਕ ਵਾਲੇ ਪਲੇਜ ਕਰਦੇ ਹਨ ਔਰ ਇਸ ਤੋਂ ਘੱਟ ਕੀਮਤ ਵਾਲੀ ਲੈਂਡ ਵਾਲੇ ਨੂੰ ਬੈਂਕ ਮੈਨੇਜਰ ਕਰਜ਼ਾ ਦੇਣ ਤੋਂ ਨਾਂਹ ਕਰ ਦਿੰਦੇ ਹਨ। ਇਸ ਨੂੰ ਸਪੱਸ਼ਟ ਕਰਨ।

**ਰਾਜ ਮੰਤਰੀ** : ਸਪੀਕਰ ਸਾਹਿਬ, 10 ਏਕੜ ਘਟੋ ਘੱਟ ਜ਼ਮੀਨ ਕਰਜ਼ੇ ਵਾਸਤੇ ਰੱਖੀ ਹੋਈ ਹੈ। ਜੇਕਰ ਕਿਸੇ ਕਿਸਾਨ ਨੇ ਕਰਜ਼ਾ ਲੈਣਾ ਹੋਵੇ ਉਹ ਆਪਣੀ ਜ਼ਮੀਨ ਦੀ ਸਿਕਿਉਰਿਟੀ ਦੇ ਸਕਦਾ ਹੈ। ਇਹ ਇਸ ਕਰ ਕੇ ਹੈ ਤਾਕਿ ਮਾਰਜਨਲ ਫਾਰਮਰ ਕਰਜ਼ਾ ਲੈਣ ਤੋਂ ਵਾਂਝੇ ਨਾ ਰਹਿ ਜਾਵੇ ਔਰ ਟਰੈਕਟਰ ਖਰੀਦ ਸਕੇ। ਅਸੀਂ 10 ਏਕੜ ਜ਼ਮੀਨ ਘੱਟੋ ਘੱਟ ਰਖੀ ਹੋਈ ਹੈ। ਔਰ ਇਸ ਤੋਂ ਅਗਰ ਘੱਟ 8-9 ਏਕੜ ਵੀ ਹੈ ਉਸ ਨੂੰ ਕਰਜ਼ਾ ਮਿਲਦਾ ਹੈ ਔਰ ਅਗਰ ਜ਼ਮੀਨ ਥੋੜ੍ਹੀ ਹੈ ਫਿਰ ਦੋ-ਤਿੰਨ ਕਿਸਾਨ ਮਿਲ ਕੇ ਵੀ ਕਰਜ਼ਾ ਲੈ ਸਕਦੇ ਹਨ ਔਰ ਟ੍ਰੈਕਟਰ ਖਰੀਦ ਸਕਦੇ ਹਨ।

**ਸਰਦਾਰ ਗੁਰਦੇਵ ਸਿੰਘ ਬਾਦਲ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਕਿਸਾਨ ਟਰੈਕਟਰ ਵਾਸਤੇ ਬੈਂਕ ਕੋਲੋਂ ਕਰਜ਼ਾ ਲੈਂਦਾ ਹੈ ਤਾਂ ਉਸ ਦੀ ਜ਼ਮੀਨ ਗਹਿਣੇ ਪੈ ਜਾਂਦੀ ਹੈ ਔਰ ਟਰੈਕਟਰ ਵੀ ਗਹਿਣੇ ਪੈ ਜਾਂਦਾ ਹੈ। ਦੋਨਾਂ ਵਿਚੋਂ ਇਕ ਚੀਜ਼ ਗਹਿਣੇ ਰਹਿਣੀ ਚਾਹੀਦੀ ਹੈ। ਕੀ ਸਰਕਾਰ ਇਸ ਤੇ ਵਿਚਾਰ ਕਰਨ ਦਾ ਇਰਾਦਾ ਰਖਦੀ ਹੈ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਸਪੀਕਰ ਸਾਹਿਬ, ਜ਼ਮੀਨ ਦੇ ਬਦਲੇ ਉਸ ਨੂੰ ਕਰਜ਼ਾ ਦਿਤਾ ਜਾਂਦਾ ਹੈ ਪਰ ਉਸ ਨੇ ਟਰੈਕਟਰ ਦੇ ਪੈਸੇ ਹਾਲੇ ਰੀਪੇ ਕਰਨੇ ਹੁੰਦੇ ਹਨ। ਅਸੀਂ ਇਸ ਦੀ ਕਿਸ ਤਰ੍ਹਾਂ ਇਜਾਜ਼ਤ ਦੇ ਸਕਦੇ ਹਾਂ।

**ਪ੍ਰੋਫੈਸਰ ਬਲਵੰਤ ਸਿੰਘ :** ਸਪੀਕਰ ਸਾਹਿਬ, ਜਦੋਂ ਕਾਰਖਾਨੇਦਾਰ ਕਰਜ਼ਾ ਲੈਂਦਾ ਹੈ ਉਸ ਸਮੇਂ ਉਸ ਦੀ ਮਸ਼ੀਨਰੀ ਗਹਿਣੇ ਪੈਂਦੀ ਹੈ ਪਰ ਉਸ ਦਾ ਕਾਰਖਾਨਾ ਗਹਿਣੇ ਨਹੀਂ ਪੈਂਦਾ ਪਰ ਜਦੋਂ ਕਿਸਾਨ ਨੇ ਕਰਜ਼ਾ ਲੈਣਾ ਹੁੰਦਾ ਹੈ ਉਸ ਵਕਤ ਉਸ ਦੀ ਜ਼ਮੀਨ ਅਤੇ ਟਰੈਕਟਰ ਦੋਨਾਂ ਨੂੰ ਗਹਿਣੇ ਪਾਇਆ ਜਾਂਦਾ ਹੈ। ਇਹ ਕਿਉਂ ਕੀਤਾ ਜਾਂਦਾ ਹੈ?

**ਸ਼੍ਰੀ ਸਪੀਕਰ :** ਕਾਰਖਾਨੇਦਾਰ ਦੀ ਜ਼ਮੀਨ ਵੀ ਗਹਿਣੇ ਪੈਂਦੀ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਜ਼ਮੀਨ ਕਿਸਾਨ ਦੀ ਗਹਿਣੇ ਪੈ ਗਈ ਪਰ ਟਰੈਕਟਰ ਦੀ ਰਜਿਸਟਰੇਸ਼ਨ ਉਸ ਕਿਸਾਨ ਦੇ ਨਾਂ ਹੁੰਦੀ ਹੈ ਉਹ ਅਗਰ ਚਾਹੇ ਉਸ ਨੂੰ ਵੇਚ ਸਕਦਾ ਹੈ।

**ਸ਼੍ਰੀ ਬਾਲਮੁਕੰਦ ਸ਼ਰਮਾ :** ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਇਸ ਤਰੀਕੇ ਨਾਲ ਛੋਟੇ ਮਾਲਕ ਜ਼ਮੀਨਾਂ ਦੇ ਕਰਜ਼ੇ ਤੋਂ ਵਾਂਝੇ ਰਹਿ ਜਾਂਦੇ ਹਨ ਕਿਉਂਕਿ ਤੁਸੀਂ 10 ਏਕੜ ਜ਼ਮੀਨ ਦੀ ਲਿਮਿਟ ਫਿਕਸ ਕੀਤੀ ਹੋਈ ਹੈ ਔਰ ਬੈਂਕ ਮੈਨੇਜਰ ਛੋਟੇ ਮਾਲਿਕਾਂ ਦੇ ਕੇਸ ਨੂੰ ਲੈਂਦੇ ਹੀ ਨਹੀਂ ਹਨ। ਇਸ ਦਾ ਕਲੀਅਰਕੱਟ ਜਵਾਬ ਦੇਣਾ ਚਾਹੀਦਾ ਹੈ। ਦੂਜੀ ਗੱਲ ਦੋ ਮਾਲਕ ਰਲ ਕੇ ਟਰੈਕਟਰ ਵਾਸਤੇ ਕਰਜ਼ਾ ਨਹੀਂ ਲੈ ਸਕਦੇ ਪਰ ਉਹ ਦੋ ਭਰਾਵਾਂ ਨੂੰ ਕਰਜ਼ਾ ਦਿੰਦੇ ਹਨ। ਇਸ ਦੇ ਲਈ ਇਹ ਹੋਣਾ ਚਾਹੀਦਾ ਹੈ ਕਿ ਦੋ ਦੋਸਤ ਰਲ ਕੇ ਕਰਜ਼ਾ ਲੈ ਸਕਣ ਔਰ ਇਸ ਦੇ ਵਿਚ ਕੋਈ ਲੀਗਲ ਹਿੱਚ ਨਹੀਂ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਬੜਾ ਸਪੱਸ਼ਟ ਜਵਾਬ ਦਿਤਾ ਸੀ ਕਿ ਚਾਹੇ ਕੋਈ 2 ਜਾਂ 3 ਜਣੇ ਰਲ ਕੇ ਕਰਜ਼ਾ ਲੈ ਸਕਦੇ ਹਨ ਔਰ ਉਹ ਬੈਂਕ ਦੀਆਂ ਕੰਡੀਸ਼ਨਾਂ ਨੂੰ ਪੂਰੀਆਂ ਕਰਦੇ ਹੋਣ ਅਗਰ ਕੋਈ ਹੋਰ ਗੱਲ ਹੈ ਤਾਂ ਇਹ ਮੈਨੂੰ ਦੱਸ ਦੇਣ, ਮੈਂ ਦੇਖ ਲਵਾਂਗਾ।

**ਸਰਦਾਰ ਬਲਦੇਵ ਸਿੰਘ ਮਾਨ :** ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਸਾਰੀ ਗੱਲ ਦਾ ਪਤਾ ਹੈ ਇਹ ਜਾਣ ਬੁਝ ਕੇ ਜਵਾਬ ਠੀਕ ਨਹੀਂ ਦੇ ਰਹੇ। ਪੰਜਾਬ ਦੇ ਵਿਚ 15 ਹਜ਼ਾਰ ਰੁਪਏ ਤੋਂ ਘੱਟ ਏਕੜ ਜ਼ਮੀਨ ਨਹੀਂ ਹੈ ਔਰ 10 ਏਕੜ ਜ਼ਮੀਨ 1.50 ਲੱਖ ਰੁਪਏ ਦੀ ਹੋ ਗਈ ਜਦ ਕਿ ਟਰੈਕਟਰ 60-70 ਹਜ਼ਾਰ ਰੁਪਏ ਦਾ ਆ ਜਾਂਦਾ ਹੈ ਯਾਨੀ ਡਬਲ ਜ਼ਮੀਨ ਦੀ ਕੀਮਤ ਨੂੰ ਪਲੇਜ ਕੀਤਾ ਜਾਂਦਾ ਹੈ। ਇਸ ਲਈ ਸਰਕਾਰ ਨੂੰ ਜ਼ਮੀਨ ਦੀ ਲਿਮਿਟ ਨੂੰ ਘਟਾ ਦੇਣਾ ਚਾਹੀਦਾ ਹੈ।

**ਸ਼੍ਰੀ ਸਪੀਕਰ :** ਇਸ ਸਵਾਲ ਦਾ ਜਵਾਬ ਆ ਚੁਕਾ ਹੈ।

**ਕਾਮਰੇਡ ਸੱਘੜ ਸਿੰਘ :** ਸਪੀਕਰ ਸਾਹਿਬ, ਕਿਸਾਨ ਜ਼ਮੀਨ ਗਹਿਣੇ ਪਾ ਕੇ ਟਰੈਕਟਰ ਵਾਸਤੇ ਬੈਂਕ ਤੋਂ ਕਰਜ਼ਾ ਲੈਂਦਾ ਹੈ ਪਰ ਉਸ ਨੂੰ ਨਕਦ ਪੈਸੇ ਬੈਂਕ ਤੋਂ ਨਹੀਂ ਮਿਲਦੇ ਉਸ ਨੂੰ ਅਥੋਰਾਈਜ਼ਡ ਡੀਲਰਜ਼ ਕੋਲੋਂ ਟਰੈਕਟਰ ਲੈਣ ਲਈ ਕਿਹਾ ਜਾਂਦਾ ਹੈ। ਇਸ ਗੱਲ ਦੀ ਆਪਸ਼ਨ ਹੋਣੀ ਚਾਹੀਦੀ ਹੈ ਕਿ ਉਹ ਜਿਸ ਡੀਲਰ ਤੋਂ ਚਾਹੇ ਉਹ ਟਰੈਕਟਰ ਲੈ ਸਕੇ।

**ਰਾਜ ਮੰਤਰੀ :** ਸਪੀਕਰ ਸਾਹਬ, ਇਸ ਸਵਾਲ ਦੇ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ ਪਰ ਮੈਂ ਦੱਸਦਾ ਹਾਂ ਕਿ ਇਹ ਇਸ ਕਰਕੇ ਕੀਤਾ ਜਾਂਦਾ ਹੈ ਤਾਕਿ ਉਹ ਟਰੈਕਟਰ ਖਰੀਦ ਲੈਣ ਔਰ

Original with;
Punjab Vidhan Sabha
Digitized by;
Panjab Digital Library

ਪੈਸੇ ਨੂੰ ਕਿਸੇ ਹੋਰ ਪਾਸੇ ਨਾ ਲਗਾ ਦੇਣ ਔਰ ਸਾਡੀ ਡਿਵੈਲਪਮੈਂਟ ਵੀ ਨਾ ਰੁਕੇ। ਇਸ ਲਈ ਆਥੋਰਾਈਜ਼ਡ ਡੀਲਰਜ਼ ਮੁਕਰਰ ਕੀਤੇ ਹੋਏ ਹਨ।

**ਸ੍ਰੀ ਸਪੀਕਰ :** ਸਵਾਲ ਇਹ ਸੀ ਕਿ ਲੋਨੀ ਨੂੰ ਇਹ ਆਪਸ਼ਨ ਹੋਣੀ ਚਾਹੀਦੀ ਹੈ ਕਿ ਉਹ ਜਿਥੋਂ ਮਰਜ਼ੀ ਡੀਲਰ ਕੋਲੋਂ ਟਰੈਕਟਰ ਖਰੀਦ ਸਕੇ।

**ਰਾਜ ਮੰਤਰੀ:** ਸਪੀਕਰ ਸਾਹਿਬ, ਇਸ ਵਿਚ ਥਰਡ ਪਾਰਟੀ ਪੇਮੈਂਟ ਰੱਖਣੀ ਪਏਗੀ। ਜਿਸ ਢੰਗ ਨਾਲ ਮੈਂਬਰ ਸਾਹਿਬ ਕਹਿ ਰਹੇ ਹਨ, ਉਸ ਢੰਗ ਨਾਲ ਅਸੀਂ ਨਹੀਂ ਦੇ ਸਕਦੇ।

**ਸ੍ਰੀ ਸਪੀਕਰ :** ਥਰਡ ਪਾਰਟੀ ਏ. ਬੀ. ਸੀ. ਮਨਿਸਟਰ ਸਾਹਿਬ, ਕੋਈ ਵੀ ਹੋ ਸਕਦਾ ਹੈ।

**ਰਾਜ ਮੰਤਰੀ :** ਸਪੀਕਰ ਸਾਹਿਬ, ਇਸ ਢੰਗ ਨਾਲ ਅਸੀਂ ਕਰ ਸਕਦੇ ਹਾਂ।

---

## Enhancement of Power Tariff

***1481. Shri Piara Ram Dhanowalia:** Will the Chief Minister be pleased to state whether the power tariff for domestic consumption was enhanced by the Government/Punjab State Electricity Board during the years 1980-81 and 1981-82 (to-date) if so, the total extra income that accrued to the Government/Board as a result thereof, yearwise?

**ਸਰਦਾਰ ਦਰਬਾਰਾ ਸਿੰਘ:** ਸਾਲ 1980-81 ਦੇ ਦੌਰਾਨ ਘਰੇਲੂ ਕੁਨੈਕਸ਼ਨਾਂ ਦੇ ਬਿਜਲੀ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ। ਘਰੇਲੂ ਬਿਜਲੀ ਦੀ ਦਰ 1 ਜੁਲਾਈ, 1981 ਤੋਂ ਵਧਾਈ ਸੀ ਜਿਸ ਦੇ ਨਤੀਜੇ ਵਜੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ 31 ਦਸੰਬਰ, 1981 ਤਕ 3.70 ਕਰੋੜ ਰੁਪਏ ਦੀ ਵਾਧੂ ਆਮਦਨ ਹੋਈ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ 1979-80 ਅਤੇ 1980-81 ਵਿਚ ਕਿਤਨੀ ਆਮਦਨ ਹੋਈ ਹੈ ਔਰ ਘਰੇਲੂ ਕੁਨੈਕਸ਼ਨਾਂ ਦੇ ਬਿਜਲੀ ਦਰਾਂ ਵਿਚ ਜਿਹੜਾ ਵਾਧਾ ਕੀਤਾ ਗਿਆ ਹੈ, ਉਹ ਕਿੰਨੇ ਪੈਸਿਆਂ ਤੋਂ ਕਿੰਨੇ ਪੈਸੇ ਕੀਤਾ ਗਿਆ ਹੈ?

**ਮੁੱਖ ਮੰਤਰੀ:** ਸਪੀਕਰ ਸਾਹਿਬ, ਪਹਿਲਾਂ 15 ਯੂਨਿਟ ਦੇ 35 ਪੈਸੇ, ਅਗਲੇ 25 ਯੂਨਿਟ ਦੇ 20 ਪੈਸੇ, ਅਗਲੇ 40 ਯੂਨਿਟ ਤੋਂ ਉਤੇ 18 ਪੈਸੇ ਸਨ ਪਰ ਹੁਣ ਰਿਵਾਈਜ਼ਡ ਜਿਹੜਾ ਅਸੀਂ ਕੀਤਾ ਉਹ ਪਹਿਲੇ 25 ਯੂਨਿਟ ਦੇ 34 ਪੈਸੇ, ਅਗਲੇ 75 ਯੂਨਿਟ ਦੇ 50 ਪੈਸੇ ਅਤੇ 100 ਯੂਨਿਟ ਤੋਂ ਉਪਰ 70 ਪੈਸੇ ਹਨ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ:** ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ 1979-80 ਅਤੇ 1980-81 ਵਿਚ ਕਿਤਨੇ ਪੈਸੇ ਆਏ ਸੀ। ਮੁੱਖ ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ 1 ਜੁਲਾਈ, 1981 ਤੋਂ ਰੇਟ ਵਧਾਇਆ ਸੀ ਜਿਸ ਦੇ ਨਤੀਜੇ ਵਜੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ 31 ਦਸੰਬਰ, 1981 ਤੱਕ 6 ਮਹੀਨੇ 'ਚ 3.20 ਕਰੋੜ ਰੁਪਏ ਦੀ ਵਾਧੂ ਆਮਦਨ ਹੋਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ 1979-80 ਔਰ 1980-81 ਵਿਚ ਕਿਤਨੀ ਆਮਦਨ ਹੋਈ ਸੀ ਔਰ ਕਿਤਨੇ ਪੈਸੇ ਵਧੇ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਆਨ੍ਹਰੇਬਲ ਮੈਂਬਰ ਸਾਹਿਬ ਨੇ ਜੋ ਸਵਾਲ ਪੁੱਛਿਆ ਸੀ, ਉਸ ਦਾ ਮੈਂ ਜਵਾਬ ਦੇ ਦਿੱਤਾ ਹੈ। ਜੇਕਰ ਉਹ ਪਿਛੋਕੜ ਬਾਰੇ ਜਾਣਨਾ ਚਾਹੁੰਦੇ ਹਨ ਤਾਂ ਨੋਟਿਸ ਦੇ ਦੇਣ, ਦੱਸ ਦੇਵਾਂਗੇ।

**ਸਰਦਾਰ ਪ੍ਰਿਥੀਪਾਲ ਸਿੰਘ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ ਘਰੇਲੂ ਬਿਜਲੀ ਦੇ ਰੇਟ ਵਧਾ ਦਿੱਤੇ ਹਨ। ਪਿੰਡਾਂ ਅਤੇ ਸ਼ਹਿਰਾਂ ਵਿਚ ਫਰਕ ਕਿਉਂ ਹੈ ? ਸ਼ਹਿਰਾਂ ਵਿਚ 75 ਪੈਸੇ ਪਰ ਯੂਨਿਟ ਰੇਟ ਕਿਉਂ ਰੱਖਿਆ ਗਿਆ ਹੈ। ਪਿੰਡਾਂ ਵਿਚ 35 ਪੈਸੇ ਪਰ ਯੂਨਿਟ ਹੈ। ਸ਼ਹਿਰਾਂ ਵਿਚ 350 ਰੁਪਏ ਜਾਂ 400 ਰੁਪਏ ਦਾ ਬਿਲ ਆ ਜਾਂਦਾ ਹੈ। ਗਰੀਬ ਆਦਮੀ ਇਹ ਬਿਲ ਪੇ ਨਹੀਂ ਕਰ ਸਕਦਾ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਬਿਜਲੀ ਦਾ ਰੇਟ ਸ਼ਹਿਰਾਂ ਦਾ ਵੀ ਘਟਾਇਆ ਜਾਵੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਬਿਜਲੀ ਦੇ ਰੇਟ ਬਾਰੇ ਸੁਝਾਓ ਦਿਤਾ ਗਿਆ ਹੈ ; ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ। ਮੈਂ ਤਾਂ, ਸਪੀਕਰ ਸਾਹਿਬ, ਰਿਵਾਈਜ਼ ਰੇਟ ਦੱਸਿਆ ਹੈ ਕਿ ਪਹਿਲੇ 25 ਯੂਨਿਟ ਦੇ 34 ਪੈਸੇ, 75 ਯੂਨਿਟ ਦੇ 50 ਪੈਸੇ ਅਤੇ 100 ਯੂਨਿਟ ਤੋਂ ਉਪਰ 70 ਪੈਸੇ ਹਨ। ਪਹਿਲਾਂ 15 ਯੂਨਿਟ ਦੇ 15 ਪੈਸੇ, 25 ਯੂਨਿਟ ਤੋਂ ਉਪਰ 20 ਪੈਸੇ, 40 ਯੂਨਿਟ ਤੋਂ ਉਪਰ 18 ਪੈਸੇ ਸਨ।

**ਕਾਮਰੇਡ ਬਲਦੇਵ ਸਿੰਘ ਲੂੰਬਾ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਦੱਸਿਆ ਹੈ ਕਿ 25 ਯੂਨਿਟ ਤਕ 34 ਪੈਸੇ ਕੀਤੇ ਗਏ ਹਨ। 25 ਯੂਨਿਟ ਤੋਂ 40 ਯੂਨਿਟ ਤਕ ਛੋਟੇ ਅਤੇ ਦਰਮਿਆਨੇ ਦਰਜੇ ਦੇ ਲੋਕ ਆਉਂਦੇ ਹਨ ਜਿਹੜੇ ਕਿ ਗਰੀਬ ਹੁੰਦੇ ਹਨ। ਇਸ ਲਈ ਕੀ ਮੁੱਖ ਮੰਤਰੀ ਸਾਹਿਬ 25 ਯੂਨਿਟ ਤੋਂ 40 ਯੂਨਿਟ ਤਕ ਛੋਟ ਦੇਣ ਲਈ ਤਿਆਰ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ ਪਰ 15% ਸਰਚਾਰਜ ਅਸੀਂ ਸਾਰਿਆਂ ਤੋਂ ਹਟਾ ਦਿਤਾ ਹੈ।

**ਸਰਦਾਰ ਬਲਦੇਵ ਸਿੰਘ ਮਾਨ :** ਸਪੀਕਰ ਸਾਹਿਬ, ਇਸ ਹਾਊਸ ਵਿਚ ਪਿੱਛੇ ਫਾਈਨਾਂਸ ਮਨਿਸ-ਟਰ ਸਾਹਿਬ ਨੇ ਅਤੇ ਮੁੱਖ ਮੰਤਰੀ ਸਾਹਿਬ ਨੇ ਵਿਸ਼ਵਾਸ ਦਿਵਾਇਆ ਸੀ ਕਿ ਗਰੀਬਾਂ ਤੇ ਘਰੇਲੂ ਬਿਜਲੀ ਦੀ ਦਰ ਨਹੀਂ ਵਧਾਵਾਂਗੇ। ਪਰ ਹੁਣ ਘਰੇਲੂ ਬਿਜਲੀ ਦੀ ਦਰ 15 ਯੂਨਿਟ ਦੇ 20 ਪੈਸੇ ਤੋਂ 34 ਪੈਸੇ ਕਰ ਦਿੱਤੇ ਗਏ ਹਨ। ਕੀ, ਸਪੀਕਰ ਸਾਹਿਬ, ਇਹ ਕੰਟਰਾਡਿਕਸ਼ਨ ਨਹੀਂ ਹੋ ਗਈ ਹੈ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਹ ਕੋਈ ਕੰਟਰਾਡਿਕਸ਼ਨ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ :** ਸਪੀਕਰ ਸਾਹਿਬ, ਮੈਂ ਇੱਕ ਮੈਮੋਰੰਡਮ ਸਰਕਾਰ ਨੂੰ ਭੇਜਿਆ ਸੀ। ਉਸ ਮੈਮੋਰੰਡਮ ਵਿਚ ਕੁਝ ਸੁਜੈਸ਼ਨਾਂ ਪੰਜਾਬ ਰਾਜ ਬਿਜਲੀ ਬੋਰਡ ਲਈ ਸਨ। ਜਿਹੜੀ ਘਰੇਲੂ ਬਿਜਲੀ ਦੀ ਦਰ 1 ਜੁਲਾਈ, 1981 ਤੋਂ ਵਧਾਈ ਸੀ ਜਿਸ ਦੇ ਨਤੀਜੇ ਵਜੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ 31 ਦਸੰਬਰ, 1981 ਤੱਕ 3.20 ਕਰੋੜ ਰੁਪਏ ਦੀ ਵਾਧੂ ਆਮਦਨ ਹੋਈ ਹੈ ਉਹ ਸਾਰੀ ਆਮਦਨ ਜੇ ਇੰਡਸਟਰੀਅਲ ਪਾਵਰ ਤੇ 1 ਪੈਸੇ ਯੂਨਿਟ ਵਧਾ ਦਿੰਦੇ, ਤਾਂ ਆਮਦਨ ਹੋ ਜਾਣੀ ਸੀ। ਸਪੀਕਰ ਸਾਹਿਬ, ਦਰਮਿਆਨੇ ਅਤੇ ਗਰੀਬ ਲੋਕਾਂ ਤੇ ਬਿਜਲੀ ਦੀ ਦਰ ਵਧਣ ਨਾਲ ਬੋਝ ਪਿਆ ਹੈ। ਇਹ ਬਿਜਲੀ ਦੇ ਰੇਟ ਨਹੀਂ ਵਧਣੇ ਚਾਹੀਦੇ ਸੀ। ਇਸ ਲਈ,

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਮੇਰੇ ਮੈਮੋਰੰਡਮ ਵਿਚ ਜੋ ਸੁਝਾਓ ਬਿਜਲੀ ਬੋਰਡ ਨੂੰ ਦਿੱਤੇ ਗਏ ਸਨ, ਕੀ ਉਹ ਪੰਜਾਬ ਸਰਕਾਰ ਉਨ੍ਹਾਂ ਨੂੰ ਸਿਫਾਰਸ਼ ਨਾਲ ਭੇਜੇਗੀ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਬਾਰੇ ਮੈਨੂੰ ਨਹੀਂ ਪਤਾ ਹੈ । ਕਾਮਰੇਡ ਬਲਦੇਵ ਸਿਘ ਲੂੰਬਾ ਜੀ ਦੇ ਸਵਾਲ ਦੇ ਜਵਾਬ ਵਿਚ ਮੈਂ ਕਹਿ ਦਿਤਾ ਹੈ ਕਿ ਕਨਸਿਡਰ ਕੀਤਾ ਜਾ ਸਕਦਾ ਹੈ।

## Tubewell Connections to the Farmers of Bet Area

***1340. Sardar Sarwan Singh Phillaur:** Will the Chief Minister be pleased to state whether the farmers of Bet area are given tubewell connections on priority basis; if so, since when ?

**ਸਰਦਾਰ ਦਰਬਾਰਾ ਸਿੰਘ : ਹਾਂ ਜੀ ਪਹਿਲ 29-11-79 ਤੋਂ ਦਿਤੀ ਜਾ ਰਹੀ ਹੈ ।**

**ਸਰਦਾਰ ਸਰਵਣ ਸਿੰਘ ਫਿਲੌਰ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਫਰਮਾਇਆ ਹੈ ਕਿ ਪਹਿਲ 29 ਨਵੰਬਰ, 1979 ਤੋਂ ਦਿੱਤੀ ਜਾ ਰਹੀ ਹੈ । ਅਗਰ ਅਸਲੀਅਤ ਵਿਚ ਦੇਖਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕਿਸਾਨਾਂ ਨੂੰ ਟਿਊਬਵੈਲ ਕੁਨੈਕਸ਼ਨ ਨਹੀਂ ਮਿਲ ਰਹੇ । ਅਫਸਰ ਆਪਣੀ ਮਰਜ਼ੀ ਦੇ ਮੁਤਾਬਿਕ ਹੀ ਕੁਨੈਕਸ਼ਨ ਦੇ ਰਹੇ ਹਨ । ਬੇਟ ਏਰੀਏ ਨੂੰ ਕੋਈ ਪਰਾਇਰਿਟੀ ਨਹੀਂ ਦਿੱਤੀ ਜਾ ਰਹੀ । ਕੀ ਇਸ ਬਾਰੇ, ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਆਪਣ ਤੌਰ ਤੇ ਵੀ ਇਨਕੁਆਇਰੀ ਕਰਵਾ ਲਵਾਂਗਾ ਪਰ ਜੇਕਰ ਆਨਰੇਬਲ ਮੈਂਬਰ ਸਾਹਿਬ ਦੇ ਧਿਆਨ ਵਿਚ ਕੋਈ ਗਲ ਹੈ ਤਾਂ ਉਹ ਦੱਸਣ, ਮੈਂ ਪੜਤਾਲ ਕਰਵਾ ਲਵਾਂਗਾ ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਜਦੋਂ ਕੋਈ ਗਰੀਬ ਕਿਸਾਨ ਐਸ. ਡੀ. ਓ. ਕੋਲ ਜਾਂ ਕਿਸੇ ਹੋਰ ਅਫਸਰ ਕੋਲ ਟਿਊਬਵੈਲ ਦੇ ਕੁਨੈਕਸ਼ਨ ਵਾਸਤੇ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਮੈਨੂੰ ਪਹਿਲਾਂ ਪਰਾਇਰਿਟੀ ਦਿੱਤੀ ਜਾਵੇ ਤਾਂ ਅਫਸਰ ਕਹਿੰਦੇ ਹਨ ਕਿ ਕੋਈ ਪਰਾਇਰਿਟੀ ਨਹੀਂ ਦਿਤੀ ਜਾਂਦੀ ਔਰ ਨੰਬਰਾਂ ਦੇ ਮੁਤਾਬਿਕ ਹੀ ਕੁਨੈਕਸ਼ਨ ਦਿੱਤੇ ਜਾਣਗੇ ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਸਰਦਾਰ ਸਰਵਣ ਸਿੰਘ ਦੇ ਸਵਾਲ ਦਾ ਜਵਾਬ ਦੇ ਦਿਤਾ ਹੈ ਕਿ ਅਗਰ ਕੋਈ ਚੀਜ਼ ਨੋਟਿਸ ਵਿਚ ਲਿਆਉਣਗੇ ਕਿ ਪਰਾਇਰਟੀ ਨਹੀਂ ਦਿਤੀ ਗਈ ਤਾਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ ।

## Provision of a Cunette in Sutlej River near Village Rail Majra

***1180. Master Dalip Chand :** Will the Minister for Agriculture and Irrigation be pleased to state whether there is any proposal under the consideration of Government to provide a cunette in Sutlej River near village Rail Majra, if so, the time by which it is likely to be provided?

**Chaudhri Kanshi Ram:** No, Sir, question does not arise.

**ਮਾਸਟਰ ਦਲੀਪ ਚੰਦ :** ਰੇਲ ਮਾਜਰਾ ਪਿੰਡ ਦਰਿਆ ਦੇ ਇੱਕ ਕਿਲੋ ਮੀਟਰ ਤੇ ਪੈਂਦਾ ਹੈ । ਜੇ ਉਥੇ ਸਪਰ ਬਣਾਇਆ ਜਾਏ ਤਾਂ ਲੱਖਾਂ ਰੁਪਏ ਖਰਚ ਆਉਂਦੇ ਹਨ । ਪਿਛਲੇ ਸਾਲ ਵੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਦਲੀਪ ਚੰਦ]

ਇਹ ਸਵਾਲ ਆਇਆ ਸੀ ਅਤੇ ਬੇਟ ਦੇਰੀਆ ਦੀ ਜੋ ਕਮੇਟੀ ਹੈ ਉਸ ਦੇ ਚੇਅਰਮੈਨ ਸੀ. ਐਮ. ਸਾਹਿਬ ਹਨ, ਉਸ ਕਮੇਟੀ ਦੀ ਮੀਟਿੰਗ ਵਿਚ ਵੀ ਮੈਂ ਅਰਜ਼ ਕੀਤੀ ਸੀ । ਡਰੇਨੇਜ ਮਹਿਕਮੇ ਦੇ ਚੀਫ ਇੰਜੀ-ਨੀਅਰ ਨੇ ਚਾਰ ਪੰਜ ਮਹੀਨੇ ਹੋਏ ਇਹ ਰਿਕੂਮੈਂਡ ਕਰ ਕੇ ਭੇਜਿਆ ਸੀ ਕਿ ਉਥੇ ਇਕ ਕੁਈਨਿਟ ਬਣਾਇਆ ਜਾਏ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਪ੍ਰੋਪੋਜ਼ਲ ਨੂੰ ਡਰਾਪ ਕਰਨ ਦਾ ਕੀ ਕਾਰਣ ਹੈ ?

**ਮੰਤਰੀ** : ਇਹ ਪ੍ਰੋਪੋਜ਼ਲ ਕਨਸਿਡਰ ਹੋਈ ਸੀ। ਇਸ ਦੇ ਸਾਹਮਣੇ ਇੱਕ ਨਦੀ ਪੈਂਦੀ ਹੈ ਜੇਕਰ ਇਹ ਕੁਈਨਿਟ ਬਣਾ ਦੇਈਏ ਤਾਂ ਪਹਿਲੀ ਬਾਰਸ਼ ਵਿਚ ਹੀ ਇਹ ਗਿਰ ਜਾਏਗਾ । ਚੀਫ਼ ਇੰਜੀਨੀਅਰ ਨੇ ਮੀਟਿੰਗ ਵਿਚ ਇਹ ਫੈਸਲਾ ਲਿਆ ਹੈ ਕਿ ਇਹ ਕੁਈਨਿਟ ਬਣਾਉਣਾ ਠੀਕ ਨਹੀਂ ਹੈ ।

**Mr. Speaker**: Question Hour is over. The remaining questions shall be deemed to have been answered under Rule 38 of the Rules of Procedure and Conduct of business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

### Election of the Vice President, Municipal Committee, Majitha, District Amritsar

*1282. **Sardar Parkash Singh Majitha** : Will the Minister for Local Government be pleased to state—

(a) the date on which the election of the Vice President, Municipal Committee, Majitha, district Amritsar was held;

(b) whether his name has since been gazetted if not, the reasons therefor?

**ਸ੍ਰੀ ਸਰਦਾਰੀ ਲਾਲ ਕਪੂਰ** : (ੳ) ਨਗਰਪਾਲਕਾ, ਮਜੀਠਾ ਦੇ ਉਪ-ਪ੍ਰਧਾਨ ਦੀ ਚੋਣ ਅਜੇ ਤਕ ਨਹੀਂ ਹੋਈ ਹੈ।

(ਅ) ਸਵਾਲ ਨਹੀਂ ਪੈਦਾ ਹੁੰਦਾ ਅਤੇ ਪੰਜਾਬ ਮਿਉਨਿਸਪਲ ਐਕਟ 1911 ਦੇ ਉਪਬੰਧਾਂ ਅਨੁਸਾਰ ਮੀਤ ਪ੍ਰਧਾਨ ਦੀ ਚੋਣ ਹੋਣ ਤੇ ਉਸ ਦਾ ਨਾਂ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਤ ਕਰਨ ਦੀ ਲੋੜ ਨਹੀਂ ਹੁੰਦੀ ।

---

### Representation by unadjusted Teachers Union

*1421. 1. **Comrade Raj Kumar**
2. **Comrade Kulwant Singh** } : Will the Minister for Education be pleased to state whether any Legislator forwarded to him a representation by the Unadjusted Teachers Union (who applied in August, 1974) in the month of January, 1982; if so, the details thereof and action taken/proposed to be taken in the matter?

Original with;
Punjab Vidhan Sabha
Digitized by;
Panjab Digital Library

ਸਰਦਾਰ ਹਰਚਰਨ ਸਿੰਘ ਅਜਨਾਲਾ : ਹਾਂ ਜੀ, ਅਨਐਡਜਸਟਿਡ ਟੀਚਰਜ਼ ਯੂਨੀਅਨ ਨੇ ਬੇਨਤੀ ਕੀਤੀ ਸੀ ਜੁਲਾਈ, 1974 ਵਿੱਚ ਹੋਏ ਵਿਗਿਆਪਨ ਦੇ ਸਬੰਧ ਵਿਚ ਉਹਨਾਂ ਵਲੋਂ ਜੋ ਵੱਖ ਵੱਖ ਕੇਟਾਗਰੀਜ ਦੇ ਟੀਚਰਾਂ ਦੀਆਂ ਆਸਾਮੀਆਂ ਲਈ ਜੋ ਅਰਜੀਆਂ ਭੇਜੀਆਂ ਗਈਆਂ ਸਨ, ਉਸ ਦੇ ਆਧਾਰ ਤੇ ਹੀ ਉਹਨਾਂ ਨੂੰ ਨਿਯੁਕਤੀ ਲਈ ਵਿਚਾਰਿਆ ਜਾਵੇ । ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ. ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਨੂੰ ਸਲਾਹ ਦਿਤੀ ਗਈ ਹੈ ਕਿ ਇਹਨਾਂ ਬਿਨੈਕਾਰਾਂ ਨੂੰ ਨਵੰਬਰ, 1981 ਵਿਚ ਪ੍ਰਤੀ ਬੇਨਤੀਆਂ ਭੇਜਣ ਵਾਲੇ ਬਿਨੈਕਾਰਾਂ ਦੇ ਨਾਲ ਹੀ ਸਿਲੈਕਸ਼ਨ ਲਈ ਵਿਚਾਰ ਲਿਆ ਜਾਵੇ।

## Opening of Circle Education Office for Ferozepur Division

***1480. Shri Balmukand Sharma:** Will the Minister for Education be pleased to state whether there is any proposal under the consideration of the Government to open a Circle Education Office for Ferozepur Division as has been done in the other two Divisions, if so, the time by which it is likely to be opened?

ਸਰਦਾਰ ਹਰਚਰਨ ਸਿੰਘ ਅਜਨਾਲਾ : ਇਹ ਸਰਕਾਰ ਦੇ ਵਿਚਾਰ ਅਧੀਨ ਹੈ ।

## Land Acquired for Ranjitgarh

***1341. Sardar Sarwan Singh Phillaur:** Will the Chief Minister be pleased to state the area of land being acquired for Ranjitgarh (Phillaur) together with its Khasra numbers?

ਸਰਦਾਰ ਦਰਬਾਰਾ ਸਿੰਘ : ਰਣਜੀਤਗੜ੍ਹ ਲਈ ਹਾਲ ਤੱਕ ਭੋਂ ਪ੍ਰਾਪਤੀ ਦਾ ਕੋਈ ਨੋਟੀਫਿਕੇਸ਼ਨ ਨਹੀਂ ਕੀਤਾ ਗਿਆ ਹੈ ।

## Electricity Connections under the 'Kallar Sudhar Scheme'

***1403. Comrade Buta Singh:** Will the Chief Minister be pleased to state whether certain cases for grant of electricity connections under 'Kallar Land Sudhar Scheme' in Mansa block/ District Bhatinda are lying pending with the Punjab State Electricity Board, if so, the details thereof alongwith action taken/proposed to be taken thereon?

ਸਰਦਾਰ ਦਰਬਾਰਾ ਸਿੰਘ : 4 ਨਵੰਬਰ, 1981 ਤੱਕ 144 ਅਰਜ਼ੀਆਂ ਪ੍ਰਾਪਤ ਹੋਈਆਂ ਸਨ । 76 ਬਿਨੈਕਾਰਾਂ ਦੇ ਕੇਸ ਵਿੱਚ ਟੈਸਟ ਰਿਪੋਰਟਾਂ ਪ੍ਰਾਪਤ ਹੋ ਗਈਆਂ ਹਨ । ਜ਼ਿਆਦਾ ਲੋਡ ਅਤੇ ਘੱਟ ਵੋਲਟੇਜ ਦੇ ਹਾਲਾਤ ਹੋਣ ਕਾਰਨ ਕੁਨੈਕਸ਼ਨ ਨਹੀਂ ਦਿੱਤੇ ਜਾ ਸਕੇ । ਜਿਨ੍ਹਾਂ ਵਿਅਕਤੀਆਂ ਨੇ ਟੈਸਟ ਰਿਪੋਰਟਾਂ ਦੇ ਦਿੱਤੀਆਂ ਹਨ ਉਹਨਾਂ ਨੂੰ ਕੁਨੈਕਸ਼ਨ 33 ਕੇ. ਵੀ. ਸਬ ਸਟੇਸ਼ਨ ਭੀਖੀ ਜੋ ਕਿ ਅਪ੍ਰੈਲ 1982 ਵਿਚ ਚਾਲੂ ਹੋਣਾ ਹੈ, ਤੋਂ ਬਾਅਦ ਦੇ ਦਿੱਤੇ ਜਾਣਗੇ।

## Termination of Services of Sewing Mistresses

***1456. Master Babu Singh:** Will the Minister for Education be pleased to state—

(a) whether it is a fact that the D.P.I. Punjab has issued a circular to the District Education Officer regarding the termination

Original with;
Punjab Vidhan Sabha
Digitized by;
Panjab Digital Library

[Master Babu Singh]

of services of Sewing Mistresses serving in the State, after 28th February, 1982;

(b) whether a deputation of the said Mistreses waited upon him on 11th February, 1982 requesting for the cancellation of the above mentioned circular;

(c) the number of employees to be affected by the said circular;

(d) the action taken or proposed to be taken to safe-guard the interest of the employees who have put in even 5/6 years services in the Department?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) ਹਾਂ ਜੀ ।

(ਅ) ਹਾਂ ਜੀ ।

(ੲ) 79.

(ਸ) ਮਾਮਲਾ ਦੁਬਾਰਾ ਵਿਚਾਰਿਆ ਜਾ ਰਿਹਾ ਹੈ ।

## UNSTARRED QUESTION AND ANSWER

### Construction of Flush Latrines at the Religious Places

**212. Sardar Atma Singh:** Will the Minister of State for Rehabilitation and Industries be pleased to state whether the Government received any proposals during the current year for the construction of Flush Latrines and bath rooms at religious places of Sultanpur Lodhi and Goindwal Sahib for the convenience of pilgrims as has been done at Sri Anandpur Sahib and Sri Fatehgarh Sahib; if so, the details thereof together with the action taken thereon?

ਸਰਦਾਰ ਦਰਸ਼ਨ ਸਿੰਘ ਕੇ. ਪੀ : ਹਾਂ ਜੀ । 1 ਅਕਤੂਬਰ, 1979 ਵਿਚ ਸੁਲਤਾਨਪੁਰ ਲੋਧੀ ਵਿਖੇ ਫਲੱਸ਼ ਟੱਟੀਆਂ ਬਣਾਉਣ ਵਾਸਤੇ ਰੁਪਏ 4,62,303 ਦਾ ਤਖਮੀਨਾ ਤਿਆਰ ਕਰਕੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਭੇਜਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਉਸ ਵਿਭਾਗ ਵਲੋਂ ਨਹੀਂ ਸੀ ਦਿੱਤੀ ਗਈ । ਇਹ ਮਾਮਲਾ ਹੁਣ ਸਰਕਾਰ ਦੇ ਵਿਚਾਰ ਅਧੀਨ ਹੈ ।

ਗੋਇੰਦਵਾਲ ਸਾਹਿਬ ਵਿਖੇ ਜੁਲਾਈ, 1981 ਵਿਚ ਚਾਰ ਫਲੱਸ਼ ਟੱਟੀਆਂ ਮੁਕੰਮਲ ਕਰ ਕੇ ਸਤੰਬਰ, 1981 ਵਿਚ ਚਾਲੂ ਕਰ ਦਿੱਤੀਆਂ ਗਈਆਂ ਸਨ ।

------

## RAISING OF SLOGANS FROM THE VISITORS' GALLERY

ਸਰਦਾਰ ਦਲੀਪ ਸਿੰਘ ਪਾਂਧੀ : ** ** **

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ:** ਹੁਣ ਵਿੱਤ ਮੰਤਰੀ ਜੀ ਸਾਲ 1982-83 ਦੇ ਬਜਟ ਐਸਟੀਮੇਟਸ ਪੇਸ਼ ਕਰਨਗੇ। (ਥੰਪਿੰਗ) ਜੋ ਮੈਂਬਰ ਬਗੈਰ ਇਜਾਜ਼ਤ ਤੋਂ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ।

[*11.10 ਪੂਰਵ ਦੁਪਿਹਰ] (ਇਸ ਸਮੇਂ ਲੇਡੀਜ਼ ਗੈਲਰੀ ਵਿਚੋਂ ਨਾਅਰੇ ਲਗਾਏ ਗਏ ** ਔਰ ਇਸ਼ਤਿਹਾਰ ਸੁਟੇ ਗਏ; ਉਨ੍ਹਾਂ ਲੇਡੀਜ਼ ਨੂੰ ਪਕੜ ਕੇ ਗੈਲਰੀ ਵਿਚੋਂ ਬਾਹਰ ਲਿਜਾਇਆ ਗਿਆ)।

**ਸ੍ਰੀ ਸਪੀਕਰ:** ਜੋ ਇਹ ਨਾਅਰੇ ਲਗਾਏ ਜਾ ਰਹੇ ਹਨ, ਇਹ ਰਿਕਾਰਡ ਨਾ ਕੀਤੇ ਜਾਣ। ਪੈਂਫਲਿਟਸ ਸਦਨ ਵਿਚ ਸੁਟਣੇ ਠੀਕ ਨਹੀਂ ਹਨ।

**Sardar Dalip Singh Pandhi :** ** **

**Mr. Speaker:** Whatever Mr. Pandhi is saying should not be recorded, Mr. Pandhi, please sit down. I will name you, Mr. Pandhi.

---

## PRESENTATION OF BUDGET ESTIMATES FOR THE YEAR 1982-83

**ਵਿੱਤ ਮੰਤਰੀ (ਡਾਕਟਰ ਕੇਵਲ ਕ੍ਰਿਸ਼ਨ):** ਸ੍ਰੀ ਮਾਨ ਜੀ,

### ਆਰੰਭਕ

ਮੈਂ ਆਪ ਜੀ ਪਾਸੋਂ ਸਾਲ 1982-83 ਦਾ ਬਜਟ ਸਦਨ ਦੇ ਸਾਹਮਣੇ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਪੰਜਾਬ ਨੂੰ ਇਕ ਵੇਰ ਫਿਰ ਦੇਸ਼ ਦੇ ਸਭ ਤੋਂ ਵੱਧ ਖੁਸ਼ਹਾਲ ਅਤੇ ਅਗਾਂਹ-ਵਧੂ ਰਾਜ ਦੇ ਤੌਰ ਤੇ ਆਪਣਾ ਪੁਰਾਣਾ ਗੌਰਵਤਾ-ਪੂਰਨ ਸਥਾਨ ਦਿਵਾਉਣਾ ਸਾਡੀ ਸਰਕਾਰ ਦਾ ਮੁੱਖ ਮਨੋਰਥ ਹੈ। ਇਸ ਉਦੇਸ਼ ਲਈ ਸਾਡੀ ਵਚਨਬੱਧਤਾ ਕਾਰਨ ਹੀ ਪੰਜਾਬ ਦੇ ਲੋਕਾਂ ਨੇ ਸਾਨੂੰ ਵੋਟਾਂ ਦੇ ਕੇ ਸਾਡੇ ਵਿਚ ਵਿਸ਼ਵਾਸ ਦਾ ਪ੍ਰਗਟਾਵਾ ਕੀਤਾ ਹੈ। ਕਾਰਜ-ਭਾਰ ਸੰਭਾਲਣ ਦੇ ਦਿਨ ਤੋਂ ਹੀ ਸਾਡੀ ਸਰਕਾਰ ਨੇ ਇਸ ਦੀ ਪ੍ਰਾਪਤੀ ਲਈ ਉਪਰਾਲੇ ਆਰੰਭ ਕਰ ਦਿੱਤੇ ਅਤੇ ਮੇਰੇ ਵਲੋਂ ਸਦਨ ਸਾਹਮਣੇ ਪੇਸ਼ ਕੀਤੇ ਗਏ ਪਿਛਲੇ ਦੋਹਾਂ ਬਜਟਾਂ ਦਾ ਮਨੋਰਥ ਉਕਤ ਉਦੇਸ਼ਾਂ ਨੂੰ ਅਮਲੀ ਜਾਮਾਂ ਪਹਿਨਾਉਣਾ ਸੀ। ਸਭ ਤੋਂ ਪਹਿਲਾਂ ਅਸਾਂ ਸਾਲ 1980-81 ਵਿਚ ਸਾਲਾਨਾ ਯੋਜਨਾ ਦਾ ਖ਼ਰਚ ਵਧਾ ਕੇ 300 ਕਰੋੜ ਰੁਪਏ ਕਰ ਦਿੱਤਾ, ਜਿਹੜਾ ਪਿਛਲੇ ਕਈ ਸਾਲਾਂ ਤੋਂ 260 ਕਰੋੜ ਰੁਪਏ ਦੇ ਉਪਬੰਧ ਤੇ ਅਟਕਿਆ ਖੜ੍ਹਾ ਸੀ, ਅਤੇ ਛੇਵੀਂ ਪੰਜ ਸਾਲਾ ਯੋਜਨਾ ਦੇ ਟੀਚੇ ਨੂੰ ਸੋਧ ਕੇ 1,957 ਕਰੋੜ ਰੁਪਏ ਕੀਤਾ, ਜਿਹੜਾ ਪੰਜਵੀਂ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਪੰਜ ਸਾਲਾ ਯੋਜਨਾ ਲਈ 940 ਕਰੋੜ ਰੁਪਏ ਸੀ (ਥੰਪਿੰਗ) । ਤਰੱਕੀ ਦੀ ਇਸ ਤੇਜ਼ ਰਫ਼ਤਾਰ ਨੂੰ ਜਾਰੀ ਰਖਦੇ ਹੋਏ ਅਸੀਂ 1981-82 ਦੀ ਸਾਲਾਨਾ ਯੋਜਨਾ ਦਾ ਖਰਚ ਵਧਾ ਕੇ 340 ਕਰੋੜ ਰੁਪਏ ਕਰ ਦਿੱਤਾ (ਥੰਪਿੰਗ)। ਇਸ ਦੇ ਸਿੱਟੇ ਵਜੋਂ ਵਸੀਲਿਆਂ ਵਿਚ ਇਕ ਬਹੁਤ ਵੱਡਾ ਖੱਪਾ ਪੈ ਗਿਆ, ਪਰ ਸਰਕਾਰ ਨੇ ਸਾਧਨਾਂ ਦੀ ਸਥਿਤੀ ਨੂੰ ਸੁਧਾਰਨ ਲਈ ਕਈ ਉਪਾਅ ਕੀਤੇ । ਮੈਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਵਸੀਲਿਆਂ ਸਬੰਧੀ ਕਠਨ ਸਥਿਤੀ ਦੇ ਬਾਵਜੂਦ ਅਸੀਂ ਯੋਜਨਾ ਖ਼ਰਚ ਦੇ ਪੱਧਰ ਨੂੰ ਘਟਾਉਣ ਦਾ ਸੌਖਾ ਰਾਹ ਨਹੀ ਅਪਨਾਇਆ ਸਗੋਂ ਘਟ ਅਰੋਤ ਵਾਲੇ ਖੇਤਰਾਂ ਵਿਚ ਖ਼ਰਚ ਨੂੰ ਘਟਾ ਕੇ ਅਤੇ ਵਸੀਲਿਆਂ ਦਾ ਸੁਧਾਰ ਕਰ ਕੇ ਹਾਲਾਤ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਸਰਕਾਰ ਨੇ ਰਾਜ ਦੀਆਂ ਵਿਕਾਸ ਸਬੰਧੀ ਲੋੜਾਂ ਨੂੰ ਮਹਿਸੂਸ ਕੀਤਾ ਹੈ ਅਤੇ 1982-83 ਲਈ 385 ਕਰੋੜ ਰੁਪਏ ਦੀ ਯੋਜਨਾ ਦੀ ਪਰਵਾਨਗੀ ਦੇ ਦਿੱਤੀ ਹੈ। (ਥੰਪਿੰਗ)

**ਆਰਥਕ ਸਥਿਤੀ**

ਪਿਛਲੇ ਦੋ ਸਾਲਾਂ ਦੇ ਦੌਰਾਨ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਰਾਜ ਸਰਕਾਰ ਦੁਆਰਾ ਕੀਤੇ ਗਏ ਲਗਾਤਾਰ ਉਪਰਾਲਿਆਂ ਦੇ ਨਰੋਏ ਸਿੱਟੇ ਹੁਣ ਨਿਕਲਣੇ ਸ਼ੁਰੂ ਹੋ ਗਏ ਹਨ। 1981-82 ਦੇ ਆਰਥਕ ਸਰਵੇਖਣ, ਜੋ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਦੂਜੀਆਂ ਬਜਟ ਦਸਤਾਵੇਜ਼ਾਂ ਦੇ ਨਾਲ ਪੇਸ਼ ਕੀਤਾ ਜਾ ਚੁਕਾ ਹੈ, ਵਿਚ ਸ਼ਾਮਲ ਕੀਤੇ ਗਏ ਅਧਿਐਨ ਅਤੇ ਅੰਕੜਿਆਂ ਵਿਚ ਇਨ੍ਹਾਂ ਦੀ ਇਕ ਝਲਕ ਪੇਸ਼ ਕੀਤੀ ਗਈ ਹੈ। ਜਿਵੇਂ ਕਿ ਇਸ ਵਿਚ ਪੂਰੀ ਤਫ਼ਸੀਲ ਨਾਲ ਦਰਸਾਇਆ ਗਿਆ ਹੈ, ਸਾਲ 1981-82 ਦੀ ਆਰਥਕ ਸਥਿਤੀ ਬਹੁਤ ਉਤਸ਼ਾਹ-ਜਨਕ ਰੂਪ ਵਿਚ ਉਭਰ ਕੇ ਸਾਹਮਣੇ ਆਈ ਹੈ, ਫੇਰ ਵੀ ਮੈਂ ਇਸ ਬਾਰੇ ਇਥੇ ਸੰਖੇਪ ਵਿਚ ਦੱਸਣਾ ਜ਼ਰੂਰੀ ਸਮਝਦਾ ਹਾਂ।

ਸਾਲ 1970-71 ਤੋਂ 1980-81 ਤਕ ਦੇ ਦਹਾਕੇ ਦੇ ਦੌਰਾਨ ਰਾਜ ਦੇ ਕੁਲ ਅੰਦਰੂਨੀ ਉਤਪਾਦਨ ਦੇ ਦਰਸਾਏ ਗਏ ਵਿਕਾਸ ਅਨੁਸਾਰ, ਸਥਿਰ ਕੀਮਤਾਂ ਦੇ ਆਧਾਰ ਤੇ ਰਾਜ ਦੀ ਸਮੁੱਚੀ ਔਸਤ ਵਿਕਾਸ ਦਰ 4.8% ਬਣਦੀ ਹੈ, ਪਰ 1979-80 ਦੇ ਦੌਰਾਨ ਇਹ ਦਰ ਘਟ ਕੇ 2.8% ਹੋ ਗਈ ਸੀ। 1980-81 ਵਿਚ ਸਾਡੀ ਸਰਕਾਰ ਦੇ ਕਾਰਜ-ਭਾਰ ਸੰਭਾਲਣ ਉਪਰੰਤ, ਇਸ ਘਟ ਰਹੀ ਦਰ ਨੂੰ ਵਧਦੀ ਦਰ ਵਿਚ ਬਦਲ ਦਿੱਤਾ ਗਿਆ ਹੈ। 1980-81 ਦਾ ਸਾਲ ਪੁਨਰ ਉਸਾਰੀ ਦਾ ਸਾਲ ਸੀ ਜਿਸ ਵਿਚ ਵਿਕਾਸ ਦੀ ਦਰ 4.1% ਹੋ ਗਈ। (ਥੰਪਿੰਗ) ਸਾਲ 1981-82 ਦੇ ਦੌਰਾਨ ਵਿਕਾਸ ਦੀ ਦਰ ਵਿਚ ਚੋਖਾ ਵਾਧਾ ਹੋਇਆ ਹੈ, ਜਿਸ ਤੋਂ ਆਸ ਹੈ ਕਿ ਵਿਕਾਸ ਦੀ ਦਰ 7.6% ਤਕ ਪਹੁੰਚ ਜਾਵੇਗੀ। (ਥੰਪਿੰਗ) ਖੇਤੀ ਬਾੜੀ ਅਤੇ ਸੱਨਅਤੀ ਖੇਤਰ ਵਿਚ ਹੋਈ ਤਰੱਕੀ ਵਿਸ਼ੇਸ਼ ਤੌਰ ਤੇ ਉਤਸ਼ਾਹ-ਜਨਕ ਹੈ। ਪਿਛਲੇ ਸਾਲ ਦੇ ਮੁਕਾਬਲੇ ਤੇ ਸਾਲ 1981-82 ਦੇ ਦੌਰਾਨ ਜ਼ਰਾਇਤੀ ਖੇਤਰ ਵਿਚ 8.8% ਅਤੇ ਸੱਨਅਤੀ ਖੇਤਰ ਵਿਚ ਪਿਛਲੇ ਸਾਲ ਦੇ ਮੁਕਾਬਲੇ ਤੇ 1981-82 ਦੇ ਦੌਰਾਨ 8.4% ਵੱਧ ਵਿਕਾਸ ਹੋਣ ਦੀ ਆਸ ਹੈ (ਥੰਪਿੰਗ) । ਸਾਲ 1981-82 ਦੇ ਦੌਰਾਨ ਕੁਲ ਜ਼ਰਾਇਤੀ ਪੈਦਾਵਾਰ ਲਗ ਭਗ 2,700 ਕਰੋੜ ਰੁਪਏ ਅਤੇ ਸੱਨਅਤੀ ਪੈਦਾਵਾਰ ਲਗ ਭਗ 2,500 ਕਰੋੜ ਰੁਪਏ ਦੇ ਮੁੱਲ ਦੀ ਹੋਣ ਦੀ ਆਸ ਹੈ। 1981-82 ਦਾ ਸਾਲ ਆਮ ਕਰ ਕੇ ਅਨਾਜ ਦੀ ਪੈਦਾਵਾਰ ਵਿਚ ਅਤੇ ਵਿਸ਼ੇਸ਼ ਕਰ ਕੇ ਝੋਨੇ ਦੀ ਉਪਜ ਲਈ ਇਕ ਰਿਕਾਰਡ ਵਰ੍ਹਾ ਹੋਵੇਗਾ। ਸਾਲ 1981-82 ਦੇ ਦੌਰਾਨ ਅਨਾਜ ਦੀ ਪੈਦਾਵਾਰ 127.40 ਲੱਖ ਮੀਟਰਕ ਟਨ ਹੋਣ ਦੀ ਆਸ ਹੈ ਜਦੋਂ ਕਿ ਇਸ ਦੇ ਮੁਕਾਬਲੇ ਤੇ ਪਿਛਲੇ ਸਾਲ ਇਹ ਉਪਜ 119.08 ਲੱਖ ਮੀਟਰਕ ਟਨ ਸੀ ਅਤੇ ਝੋਨੇ

Original with;
Punjab Vidhan Sabha
Digitized by;
Panjab Digital Library

ਦੀ ਪੈਦਾਵਾਰ ਨੇ 55 ਲੱਖ ਮੀਟਰਕ ਟਨ ਦੀ ਉੱਚੀ ਸਿਖਰ ਛੋਹ ਲਈ ਹੈ, (ਥੰਪਿੰਗ) ਜਿਹੜੀ ਪਿਛਲੇ ਸਾਲ 48 ਲੱਖ ਮੀਟਰਕ ਟਨ ਸੀ।

ਰਾਜ ਦੀ ਆਰਥਕਤਾ ਵਿਚ ਹੋਏ ਇਸ ਉਤਸ਼ਾਹ-ਜਨਕ ਵਿਕਾਸ ਦਾ ਪ੍ਰਗਟਾਵਾ ਜੀਅ-ਪ੍ਰਤੀ ਆਮਦਨ ਵਿਚ ਨਿੱਗਰ ਵਾਧੇ ਦੇ ਰੂਪ ਵਿਚ ਵੀ ਹੋਇਆ ਹੈ, ਜਿਹੜਾ ਲੋਕਾਂ ਦੀ ਆਰਥਕ ਖ਼ੁਸ਼ਹਾਲੀ ਦੀ ਇਕ ਅਸਲ ਕਸੌਟੀ ਹੈ। ਚਾਲੂ ਕੀਮਤਾਂ ਦੇ ਆਧਾਰ ਤੇ ਜੀਅ ਪ੍ਰਤੀ ਆਮਦਨ, ਜੋ 1980-81 ਦੇ ਅੰਤ ਤਕ ਲਗ ਭਗ 2,664 ਰੁਪਏ ਅਨੁਮਾਨੀ ਗਈ ਸੀ, ਤੁਰਤ ਅਨੁਮਾਨਾਂ ਅਨੁਸਾਰ 1981-82 ਦੇ ਅੰਤ ਤਕ 3,000 ਰੁਪਏ ਤਕ ਪਹੁੰਚ ਜਾਵੇਗੀ। ਦੇਸ਼ ਦੇ ਸਾਰੇ ਰਾਜਾਂ ਦੇ ਮੁਕਾਬਲੇ ਤੇ ਇਹ ਸਭ ਤੋਂ ਵੱਧ ਹੈ, ਅਤੇ ਸਾਲ 1980-81 ਲਈ 1,537 ਰੁਪਏ ਦੀ ਕੌਮੀ ਔਸਤ ਨਾਲੋਂ ਵੀ ਕਿਤੇ ਵਧ ਹੈ।

## ਵਿਕਾਸ ਨੀਤੀ ਅਤੇ ਅਮਲ

ਪਿਛਲੇ ਸਾਲ ਦੇ ਬਜਟ ਭਾਸ਼ਣ ਵਿਚ ਮੈਂ ਨੀਤੀ ਦੇ ਵਿਕਾਸ ਅਤੇ ਅਮਲ ਲਈ ਦੋ ਪੱਖੀ ਨੀਤੀ ਦੀ ਰੂਪ-ਰੇਖਾ ਪੇਸ਼ ਕੀਤੀ ਸੀ। ਇਸ ਵਿਚ ਬਿਜਲੀ ਦੇ ਵਿਕਾਸ ਉਤੇ ਵਿਸ਼ੇਸ਼ ਜ਼ੋਰ ਦੇ ਕੇ ਮੁਢਲੇ ਢਾਂਚੇ ਦੇ ਆਧਾਰ ਨੂੰ ਮਜਬੂਤ ਬਣਾਉਣਾ, ਗਰੀਬੀ ਦੀ ਰੇਖਾ ਤੋਂ ਥੱਲੇ ਰਹਿਣ ਵਾਲੇ ਲੋਕਾਂ ਦੀਆਂ ਔਕੜਾਂ ਨੂੰ ਦੂਰ ਕਰ ਕੇ ਨਾਬਰਾਬਰੀ ਅਤੇ ਅਸਮਾਨਤਾ ਦੂਰ ਕਰਨਾ, ਅਤੇ ਵਿਕਾਸ ਸਬੰਧੀ ਰੀਜਨਲ/ਅੰਤਰ ਜ਼ਿਲ੍ਹਾ ਅਸੰਤੁਲਨ ਨੂੰ ਦੂਰ ਕਰਨਾ ਸ਼ਾਮਲ ਹੈ। ਰਾਜ ਸਰਕਾਰ ਦੁਆਰਾ ਸਾਲ 1981-82 ਦੇ ਦੌਰਾਨ ਇਸੇ ਨੀਤੀ ਅਨੁਸਾਰ ਵਿਕਾਸ ਸਰਗਰਮੀਆਂ ਜਾਰੀ ਰਖੀਆਂ ਗਈਆਂ ਹਨ।

ਮੁਢਲੇ ਢਾਂਚੇ ਦੇ ਖੇਤਰ ਵਿਚ ਬਿਜਲੀ ਦਾ ਵਿਕਾਸ ਸਭ ਤੋਂ ਅਹਿਮ ਖੇਤਰ ਹੈ। ਆਰਥਕਤਾ ਦੇ ਹੋਰ ਸਾਰੇ ਸੈਕਟਰਾਂ ਦੇ ਵਿਕਾਸ ਨੂੰ ਬਿਜਲੀ ਪ੍ਰਭਾਵਿਤ ਕਰਦੀ ਹੈ। ਪਿਛਲੇ 35 ਸਾਲਾਂ ਵਿਚੋਂ ਕਾਂਗਰਸ ਪਾਰਟੀ ਨੂੰ ਰਾਜ ਵਿਚ ਤਕਰੀਬਨ 29 ਸਾਲ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ (ਥੰਪਿੰਗ) ਅਤੇ ਇਸ ਨੇ ਹਮੇਸ਼ਾ ਹੀ ਬਿਜਲੀ ਦੇ ਉਤਪਾਦਨ ਨੂੰ ਪਰਮ ਅਗੇਤ ਦਿੱਤੀ ਹੈ। ਇਸ ਦੇ ਲਗਾਤਾਰ ਯਤਨਾਂ ਸਦਕਾ ਇਸ ਦੀ ਸਥਾਪਿਤ ਸਮਰਥਾ ਸਾਲ 1947 ਵਿਚ 57.63 ਮੈਗਾਵਾਟ ਤੋਂ ਵੱਧ ਕੇ 1980-81 ਵਿਚ 1,537 ਮੈਗਾਵਾਟ ਹੋ ਗਈ। 1981-82 ਦੇ ਚਾਲੂ ਸਾਲ ਦੇ ਦੌਰਾਨ 340 ਕਰੋੜ ਰੁਪਏ ਦੇ ਕੁਲ ਸਾਲਾਨਾ ਯੋਜਨਾ ਖ਼ਰਚ ਵਿਚੋਂ ਬਿਜਲੀ ਤੇ ਤਕਰੀਬਨ 40% ਖ਼ਰਚ ਕੀਤਾ ਗਿਆ। ਸਾਲ 1982-83 ਦੀ ਸਾਲਾਨਾ ਯੋਜਨਾ ਨੂੰ ਸਹੀ ਅਰਥਾਂ ਵਿਚ, "ਬਿਜਲੀ ਯੋਜਨਾ" ਕਿਹਾ ਜਾ ਸਕਦਾ ਹੈ, ਕਿਉਂ ਜੋ 385 ਕਰੋੜ ਰੁਪਏ ਦੇ ਕੁਲ ਯੋਜਨਾ ਖ਼ਰਚ ਦਾ ਤਕਰੀਬਨ 50% ਭਾਗ (189 ਕਰੋੜ ਰੁਪਏ) ਸਾਲ 1982-83 ਦੇ ਦੌਰਾਨ ਬਿਜਲੀ ਉਤਪਾਦਨ ਲਈ ਮਖ਼ਸੂਸ ਕੀਤਾ ਜਾ ਰਿਹਾ ਹੈ। ਭਾਵੇਂ ਸਾਲ 1981-82 ਦੇ ਯੋਜਨਾ ਆਕਾਰ ਦੇ ਮੁਕਾਬਲੇ ਤੇ ਸਾਲਾਨਾ ਯੋਜਨਾ ਦੇ ਆਕਾਰ ਵਿਚ 45 ਕਰੋੜ ਰੁਪਏ ਦਾ ਵਾਧਾ ਹੋਇਆ ਹੈ, ਬਿਜਲੀ ਦੇ ਉਤਪਾਦਨ ਲਈ ਪਿਛਲੇ ਸਾਲ ਦੇ 137 ਕਰੋੜ ਰੁਪਏ ਦੇ ਯੋਜਨਾ ਉਪਬੰਧ ਵਿਚ 52 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ।

ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟ ਦੇ ਸਾਲ 1981-82 ਦੇ ਮੂਲ ਯੋਜਨਾ ਉਪਬੰਧਾਂ ਵਿਚ 10 ਕਰੋੜ ਰੁਪਏ ਦਾ ਹੋਰ ਉਪਬੰਧ ਕਰ ਕੇ, ਇਨ੍ਹਾਂ ਦੇ ਮੁਕੰਮਲ ਹੋਣ ਦੀ ਮਿਤੀ 6 ਮਹੀਨੇ ਅਗੇਤੀ ਨਿਸਚਿਤ ਕਰ ਦਿੱਤੀ ਗਈ ਹੈ। ਇਸ ਨਾਲ ਸਾਲ 1982-83 ਦੇ ਦੌਰਾਨ 175.5 ਮੈਗਾਵਾਟ ਵਧੀਕ ਬਿਜਲੀ ਮਿਲੇਗੀ। ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਦੀ ਕਾਰਜ-ਕੁਸ਼ਲਤਾ ਦਾ ਸੁਧਾਰ ਕਰ ਕੇ ਉਤਪਾਦਨ ਦੀ ਔਸਤ ਪੱਧਰ 29.6% ਤੋਂ ਵਧਾ ਕੇ 41.5% ਕਰ ਦਿੱਤੀ ਗਈ ਹੈ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਸਾਡੀ ਵਿਕਾਸ ਨੀਤੀ ਦਾ ਦੂਸਰਾ ਪੱਖ ਹੈ ਆਰਥਕ ਸ਼ਕਤੀ, ਜਿਹੜੀ ਦੂਜੀ ਪ੍ਰਕਾਰ ਦੀ ਸ਼ਕਤੀ ਕਹੀ ਜਾ ਸਕਦੀ ਹੈ ਅਤੇ ਸਾਡੀ ਕੋਸ਼ਿਸ਼ ਰਹੀ ਹੈ ਕਿ ਗਰੀਬਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਜੀਵਨ-ਮਿਆਰ ਨੂੰ, ਉੱਚਾ ਚੁਕਣ ਵਾਲੇ ਪ੍ਰੋਗਰਾਮਾਂ ਰਾਹੀਂ ਉਨ੍ਹਾਂ ਦੀ ਹਾਲਤ ਦਾ ਸੁਧਾਰ ਕਰ ਕੇ ਸਮਾਜ ਵਿਚ ਆਰਥਕ ਸ਼ਕਤੀ ਦੀ ਪੁਨਰ ਵੰਡ ਕੀਤੀ ਜਾਵੇ। ਇਸ ਸਬੰਧ ਵਿਚ ਸਾਲ 1981-82 ਦੇ ਦੌਰਾਨ ਨਿਮਨ-ਲਿਖਤ ਠੋਸ ਕਦਮ ਉਠਾਏ ਗਏ ਹਨ :—

(i) ਪਿਛਲੇ ਸਾਲ 1980-81 ਦੇ ਦੌਰਾਨ ਮੁਕੰਮਲ ਕੀਤੇ ਵਿਸ਼ੇਸ਼ ਸਰਵੇਖਣ ਰਾਹੀਂ ਪਤਾ ਲਾਏ ਸਾਰੇ ਪਾਤਰ ਪਰਿਵਾਰਾਂ ਨੂੰ, ਜਿਨ੍ਹਾਂ ਦੀ ਸਾਲਾਨਾ ਆਮਦਨ 3600 ਰੁਪਏ ਤੋਂ ਘੱਟ ਸੀ, ਪੀਲੇ ਕਾਰਡ ਜਾਰੀ ਕੀਤੇ ਗਏ ਸਨ। ਵੰਡੇ ਗਏ ਅਜਿਹੇ ਕਾਰਡਾਂ ਦੀ ਗਿਣਤੀ 8.12 ਲੱਖ ਸੀ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਗਰੀਬੀ ਦੀ ਰੇਖਾ ਤੋਂ ਥੱਲੇ ਦਾ ਕੋਈ ਪਰਿਵਾਰ ਰਹਿ ਨਾ ਗਿਆ ਹੋਵੇ ਅਤੇ ਕੋਈ ਹੋਰ ਪਰਿਵਾਰ ਇਸ ਦਾ ਅਨੁਚਿਤ ਲਾਭ ਨਾ ਲੈ ਰਿਹਾ ਹੋਵੇ, ਪੀਲੇ ਕਾਰਡਾਂ ਦੀ ਦੁਬਾਰਾ ਪੜਤਾਲ ਕਰਨ ਦਾ ਹੁਕਮ ਦਿੱਤਾ ਗਿਆ ਹੈ ਅਤੇ ਇਹ ਕਾਰਵਾਈ 31 ਮਾਰਚ, 1982 ਤਕ ਜਾਰੀ ਰਹੇਗੀ। ਇਸ ਪੜਤਾਲ ਦੇ ਨਤੀਜੇ ਵਜੋਂ ਹੁਣ ਤਕ 13,525 ਜਾਅਲੀ ਕਾਰਡ ਰੱਦ ਕਰ ਦਿੱਤੇ ਗਏ ਹਨ ਅਤੇ ਪਹਿਲਾਂ ਰਹਿ ਗਏ 21,413 ਪਾਤਰ ਪਰਿਵਾਰਾਂ ਨੂੰ ਨਵੇਂ ਕਾਰਡ ਜਾਰੀ ਕੀਤੇ ਗਏ ਹਨ।

(ii) ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿਚ ਪੀਲੇ ਕਾਰਡਾਂ ਵਾਲੇ ਵਿਅਕਤੀਆਂ ਨੂੰ 10,321 ਪਰਚੂਨ ਦੁਕਾਨਾਂ ਰਾਹੀਂ ਰਿਆਇਤੀ ਦਰਾਂ ਤੇ ਜ਼ਰੂਰੀ ਵਸਤਾਂ, ਜਿਵੇਂ ਕਣਕ ਦਾ ਆਟਾ, ਦਾਲਾਂ, ਪਾਮ ਆਇਲ ਅਤੇ ਬਨਾਸਪਤੀ ਘੀ ਦੀ ਯਕੀਨੀ ਸਪਲਾਈ ਦਾ ਉਪਬੰਧ ਕੀਤਾ ਗਿਆ ਹੈ। ਇਸ ਮੰਤਵ ਲਈ ਸਾਲ 1981-82 ਦੇ ਦੌਰਾਨ 4.21 ਕਰੋੜ ਰੁਪਏ ਦੀ ਰਕਮ ਸਬਸਿਡੀ ਵਜੋਂ ਦਿੱਤੀ ਗਈ ਅਤੇ ਸਾਲ 1982-83 ਦੇ ਬਜਟ ਵਿਚ ਇਸ ਮਕਸਦ ਲਈ 4.45 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਲੋੜ ਪੈਣ ਤੇ ਸਾਲ ਦੇ ਦੌਰਾਨ ਇਸ ਰਕਮ ਵਿਚ ਵਾਧਾ ਵੀ ਕਰ ਦਿੱਤਾ ਜਾਵੇਗਾ। (ਥੰਪਿੰਗ)

(iii) ਸਾਡੀ ਸਰਕਾਰ ਨੇ ਗਰੀਬ ਦਿਹਾਤੀ ਬੇਜ਼ਮੀਨੇ ਕਾਮਿਆਂ ਨੂੰ 1,000 ਰੁਪਏ ਦੀ ਮਾਮੂਲੀ ਕੀਮਤ ਤੇ ਬਣੇ ਬਣਾਏ ਮਕਾਨ ਮੁਹੱਈਆ ਕੀਤੇ ਹਨ, ਅਤੇ ਇਹ ਰਕਮ ਵੀ 10 ਰੁਪਏ ਪ੍ਰਤੀ ਮਹੀਨੇ ਦੀਆਂ ਆਸਾਨ ਕਿਸ਼ਤਾਂ ਵਿਚ ਲਈ ਜਾਣੀ ਹੈ। 6,500 ਰੁਪਏ ਦੀ ਕੁਲ ਕੀਮਤ ਵਿਚੋਂ 5,500 ਰੁਪਏ ਦੀ ਬਾਕੀ ਰਕਮ ਰਾਜ ਸਰਕਾਰ ਸਬਸਿਡੀ ਵਜੋਂ ਦੇਵੇਗੀ। ਸਬਸਿਡੀ ਦੀ ਇਹ ਦਰ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। (ਥੰਪਿੰਗ)

ਬੇਜ਼ਮੀਨੇ ਜ਼ਰਾਇਤੀ ਕਾਮਿਆਂ ਨੂੰ ਪਹਿਲਾਂ ਦਿੱਤੀਆਂ ਗਈਆਂ ਮੁਫ਼ਤ ਥਾਵਾਂ ਤੇ ਮਕਾਨ ਉਸਾਰੀ ਦਾ ਇਹ ਵਿਸ਼ਾਲ ਪ੍ਰੋਗਰਾਮ ਸਾਲ 1981-82 ਦੇ ਦੌਰਾਨ ਜਾਰੀ ਰਿਹਾ ਅਤੇ ਇਸ ਸਾਲ ਦੇ ਅੰਤ ਤਕ 10,000 ਹੋਰ ਮਕਾਨ ਮੁਕੰਮਲ ਕੀਤੇ ਜਾਣ ਦੀ ਆਸ ਹੈ। ਇਹ 1980-81 ਦੇ ਅੰਤ ਤਕ ਪਹਿਲਾਂ ਹੀ ਮੁਕੰਮਲ ਕੀਤੇ 10,697 ਮਕਾਨਾਂ ਤੋਂ ਇਲਾਵਾ ਹਨ।

Original with;
Punjab Vidhan Sabha
Digitized by;
Panjab Digital Library

(iv) ਪਤਾ ਲਾਏ ਗਏ ਗਰੀਬ ਪਰਿਵਾਰਾਂ ਦੀ ਮਾਲੀ ਹਾਲਤ ਨੂੰ ਚੰਗੇਰਾ ਬਣਾਉਣ ਲਈ ਮੌਜੂਦਾ ਸਰਕਾਰ ਦੁਆਰਾ ਇਕ ਮੁਹਿੰਮ ਆਰੰਭ ਕੀਤੀ ਗਈ ਹੈ, ਜਿਸ ਦੇ ਅਧੀਨ ਵਿਆਜ-ਰਹਿਤ ਕਰਜ਼ਿਆਂ ਦੇ ਨਾਲ ਨਾਲ ਕਰਜ਼ੇ ਦੀ ਰਕਮ ਦਾ 33% ਤਕ ਹਿੱਸਾ ਸਬਸਿਡੀ ਵਜੋਂ ਦਿੱਤਾ ਜਾਂਦਾ ਹੈ (ਥੰਪਿੰਗ)। ਪੰਜਾਬ ਇਕੋ ਇਕ ਰਾਜ ਹੈ ਜਿਸ ਨੇ ਵਿਆਜ-ਰਹਿਤ ਕਰਜ਼ਿਆਂ ਦੇ ਨਾਲ ਨਾਲ ਸਬਸਿਡੀ ਦੇਣ ਲਈ ਚੋਖੀ ਰਕਮ ਮੁਹੱਈਆ ਕੀਤੀ ਹੈ। ਸਾਲ 1981-82 ਦੇ ਦੌਰਾਨ 92,969 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 27.17 ਕਰੋੜ ਰੁਪਏ ਦੇ ਕਰਜ਼ੇ 31 ਜਨਵਰੀ, 1982 ਤਕ ਪਹਿਲਾਂ ਹੀ ਵੰਡੇ ਜਾ ਚੁਕੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ 31 ਮਾਰਚ, 1982 ਦੇ ਅੰਤ ਤਕ 32 ਕਰੋੜ ਰੁਪਏ ਦੀ ਰਕਮ 1,13,000 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ ਵੰਡੀ ਜਾਵੇਗੀ (ਥੰਪਿੰਗ) ਅਤੇ ਇਸ ਤਰ੍ਹਾਂ ਚਾਲੂ ਸਾਲ ਦੇ ਦੌਰਾਨ ਮਿਥਿਆ ਗਿਆ ਟੀਚਾ ਪੂਰਨ ਤੌਰ ਤੇ ਪ੍ਰਾਪਤ ਹੋ ਜਾਵੇਗਾ। ਇਸ ਤੋਂ ਇਲਾਵਾ 1980-81 ਦੇ ਪਿਛਲੇ ਸਾਲ ਦੇ ਦੌਰਾਨ ਪਰਵਾਨ ਕੀਤੇ ਕਰਜ਼ਿਆਂ ਦੇ ਮੁਕਾਬਲੇ ਤੇ ਚਾਲੂ ਮਾਲੀ ਸਾਲ ਦੇ ਦੌਰਾਨ 21,000 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 8 ਕਰੋੜ ਰੁਪਏ ਦੀ ਰਕਮ ਵੀ ਵੰਡੀ ਗਈ ਹੈ।

(v) ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾ ਅਧੀਨ ਸਾਲ 1981-82 ਦੇ ਦੌਰਾਨ ਕੇਵਲ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੇ ਲਾਭ ਲਈ ਸਕੀਮਾਂ ਤੇ 19.56 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਸ ਨਾਲ 9,727 ਪਰਿਵਾਰਾਂ ਨੂੰ ਫ਼ਾਇਦਾ ਪਹੁੰਚੇਗਾ।

(vi) ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਦੇ ਤਹਿਤ, ਸਾਲ 1981-82 ਦੇ ਦੌਰਾਨ 4,873 ਪਰਿਵਾਰਾਂ ਨੂੰ ਫ਼ਾਇਦਾ ਪਹੁੰਚਾਉਣ ਲਈ 4.22 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾ ਰਹੀ ਹੈ।

(vii) ਗਰੀਬੀ ਦੀ ਰੇਖਾ ਤੋਂ ਹੇਠਲੇ ਪਰਿਵਾਰਾਂ ਨਾਲ ਸਬੰਧ ਰਖਣ ਵਾਲੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਸਾਲ 1981-82 ਦੇ ਦੌਰਾਨ ਮੁਫ਼ਤ ਸਿਹਤ-ਸੰਭਾਲ ਅਤੇ ਪਰਸੂਤੀ ਲਾਭ ਵਿਸ਼ੇਸ਼ ਤੌਰ ਤੇ ਮੁਹੱਈਆ ਕੀਤੇ ਗਏ। ਇਸੇ ਤਰ੍ਹਾਂ ਅਜਿਹੀ ਸ਼੍ਰੇਣੀ ਨਾਲ ਸਬੰਧਤ ਪਰਿਵਾਰਾਂ ਦੇ ਵਿਅਕਤੀਆਂ ਦਾ ਮੁਫ਼ਤ ਇਲਾਜ ਕਰਨ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਗਈਆਂ।

(viii) ਗਰੀਬੀ ਦੀ ਰੇਖਾ ਤੋਂ ਹੇਠਲੇ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ ਵਿਦਿਆਰਥੀਆਂ ਨੂੰ ਵੱਖ ਵੱਖ ਵਿਦਿਅਕ ਸਹੂਲਤਾਂ, ਜਿਸ ਵਿਚ ਵਜ਼ੀਫੇ, ਪੁਸਤਕਾਂ ਅਤੇ ਲਿਖਣ-ਸਮੱਗਰੀ ਆਦਿ ਸ਼ਾਮਲ ਹੈ, ਦੇਣ ਲਈ ਪਿਛਲੇ ਦੋ ਸਾਲਾਂ ਦੇ ਦੌਰਾਨ 12.95 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਗਈ ਹੈ।

ਜਿਥੋਂ ਤਕ ਰੀਜਨਲ ਅਸਮਾਨਤਾਵਾਂ ਅਤੇ ਰਾਜ ਵਿਚ ਵੱਖ ਵੱਖ ਰੀਜਨਾਂ ਦੇ ਆਰਥਕ ਵਿਕਾਸ ਦੇ ਅਸੰਤੁਲਨ ਨੂੰ ਘਟਾਉਣ ਦੀ ਕਾਰਵਾਈ ਦਾ ਸਬੰਧ ਹੈ, ਰਾਜ ਸਰਕਾਰ ਨੇ ਨੀਮ ਪਹਾੜੀ, ਕੰਡੀ ਅਤੇ ਬੇਟ ਦੇ ਇਲਾਕਿਆਂ ਅਤੇ ਉਦਯੋਗਕ ਪੱਖੋਂ ਪਛੜੇ ਇਲਾਕਿਆਂ ਦੀਆਂ ਲੋੜਾਂ ਵਲ ਵਿਸ਼ੇਸ਼ ਧਿਆਨ ਦਿੱਤਾ ਹੈ। ਭੌਂ-ਸੰਭਾਲ ਲਈ ਨਿਸ਼ਚਿਤ ਰਕਮ ਦਾ 75% ਤੋਂ ਵੱਧ ਹਿੱਸਾ ਨੀਮ ਪਹਾੜੀ ਅਤੇ ਕੰਡੀ

Original with;
Punjab Vidhan Sabha
Digitized by;
Panjab Digital Library

[ ਵਿੱਤ ਮੰਤਰੀ ]

ਦੇ ਇਲਾਕਿਆਂ ਤੇ ਖਰਚ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਭੋਂ-ਸੰਭਾਲ ਸਕੀਮਾਂ ਅਧੀਨ ਲਗ ਭਗ 17,800 ਹੈਕਟੇਅਰ ਭੋਂ ਲਿਆਂਦੀ ਗਈ। ਕੰਡੀ ਦੇ ਇਲਾਕੇ ਦੇ ਸਮੁੱਚੇ ਵਿਕਾਸ ਲਈ 52 ਕਰੋੜ ਰੁਪਏ ਦਾ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਾਇਆ ਪ੍ਰਾਜੈਕਟ "ਕੰਡੀਵਾਟਰ ਸ਼ੈੱਡ ਐਂਡ ਏਰੀਆ ਡਿਵੈਲਪਮੈਂਟ ਪ੍ਰਾਜੈਕਟ" ਤੇ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਇਸ ਪ੍ਰਾਜੈਕਟ ਤੇ ਚਾਲੂ ਵਿੱਤੀ ਸਾਲ ਦੇ ਅੰਤ ਤਕ 7.50 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ। ਸਾਲ 1981-82 ਦੇ ਦੌਰਾਨ ਬੇਟ ਖੇਤਰ ਦੇ ਵਿਕਾਸ ਵਾਸਤੇ 84 ਸਕੀਮਾਂ ਉਤੇ 3.05 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸਨਅਤੀ ਤੌਰ ਤੇ ਪਛੜੇ ਹੋਏ ਬਠਿੰਡਾ, ਸੰਗਰੂਰ ਅਤੇ ਹੁਸ਼ਿਆਰਪੁਰ ਦੇ ਤਿੰਨ ਜ਼ਿਲ੍ਹਿਆਂ ਵਿਚ 15% ਪੂੰਜੀਗਤ ਸਬਸਿਡੀ ਮੁਹੱਈਆ ਕਰ ਕੇ ਅਤੇ ਰਿਆਇਤੀ ਕੀਮਤਾਂ ਤੇ ਪਲਾਟ ਅਲਾਟ ਕਰ ਕੇ ਉਨ੍ਹਾਂ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਨ੍ਹਾਂ ਉਪਾਵਾਂ ਸਦਕਾ ਸਾਲ 1980-81 ਅਤੇ 1981-82 ਦੇ ਦੌਰਾਨ 32.33 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਨਾਲ ਵੱਡੇ ਅਤੇ ਦਰਮਿਆਨੇ ਦਰਜੇ ਦੇ 18 ਹੋਰ ਯੂਨਿਟ ਅਤੇ 17.32 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਨਾਲ 3,420 ਛੋਟੇ ਪੈਮਾਨੇ ਦੇ ਹੋਰ ਯੂਨਿਟ ਲਗਾਏ ਗਏ ਹਨ। ਇਨ੍ਹਾਂ ਨਵੇਂ ਪ੍ਰਾਜੈਕਟਾਂ ਰਾਹੀਂ 18,233 ਹੋਰ ਵਿਅਕਤੀਆਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਏ ਹਨ।

ਉਪਰੋਕਤ ਦੋ ਪੱਖ, ਅਰਥਾਤ ਬੁਨਿਆਦੀ ਢਾਂਚੇ ਦਾ ਵਿਕਾਸ ਅਤੇ ਨਾਬਰਾਬਰੀਆਂ ਨੂੰ ਦੂਰ ਕਰਨਾ ਸਾਡੀ ਵਿਕਾਸ ਨੀਤੀ ਦੇ ਕੇਂਦਰ ਬਿੰਦੂ ਰਹੇ ਹਨ। ਇਸ ਦੇ ਨਾਲ ਹੀ ਅਸੀਂ ਰਾਜ ਦੀ ਆਰਥਕਤਾ ਦੇ ਬਹੁ-ਪੱਖੀ ਵਿਸਥਾਰ ਲਈ ਸੱਨਅਤਾਂ ਅਤੇ ਖੇਤੀ ਉਦਯੋਗਾਂ ਦੇ ਵਿਕਾਸ ਲਈ ਠੋਸ ਕਦਮ ਵੀ ਚੁਕੇ ਹਨ। ਚਾਲੂ ਸਾਲ ਦੇ ਅੰਤ ਤਕ 50 ਕਰੋੜ ਰੁਪਏ ਦੇ ਪੂੰਜੀਗਤ ਖਰਚ ਨਾਲ 30 ਵੱਡੇ ਅਤੇ ਦਰਮਿਆਨੇ ਦਰਜੇ ਦੇ ਖੇਤੀ ਉਦਯੋਗ ਪ੍ਰਾਜੈਕਟ ਕੰਮ ਕਰਨਾ ਆਰੰਭ ਕਰ ਦੇਣਗੇ ਅਤੇ ਆਉਣ ਵਾਲੇ ਸਾਲਾਂ ਦੇ ਦੌਰਾਨ ਨਵੀਆਂ ਸੱਨਅਤਾਂ ਲਗਾਉਣ ਲਈ 189 ਆਸ਼ਾ-ਪੱਤਰ ਅਤੇ ਰਜਿਸਟਰੇਸ਼ਨ ਪੱਤਰ ਪ੍ਰਾਪਤ ਕੀਤੇ ਜਾ ਚੁਕੇ ਹਨ। ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਨੇ 100 ਕਰੋੜ ਰੁਪਏ ਦੀ ਕੁਲ ਲਾਗਤ ਨਾਲ 3 ਵੱਡੇ ਪੈਮਾਨੇ ਦੇ ਪ੍ਰਾਜੈਕਟਾਂ ਦਾ ਕੰਮ ਸਾਲ 1981-82 ਦੇ ਦੌਰਾਨ ਹੱਥ ਵਿਚ ਲੈ ਲਿਆ ਹੈ। ਖੇਤੀ ਉਦਯੋਗਾਂ ਦੇ ਵਿਕਾਸ ਲਈ ਸਰਕਾਰ 43.96 ਕਰੋੜ ਰੁਪਏ ਦੇ ਪੂੰਜੀ-ਗਤ ਖਰਚ ਰਾਹੀਂ ਸਹਿਕਾਰੀ ਖੇਤਰ ਵਿਚ ਪੰਜ ਨਵੀਆਂ ਸੂਤ ਕਤਾਈ ਮਿੱਲਾਂ ਅਤੇ 9 ਕਰੋੜ ਰੁਪਏ ਦੀ ਲਾਗਤ ਨਾਲ ਇਕ ਖੰਡ ਮਿੱਲ ਲਾਉਣ ਦੇ ਪ੍ਰੋਗਰਾਮ ਨੂੰ ਲਾਗੂ ਕਰ ਰਹੀ ਹੈ। ਇਸ ਨਾਲ 6,000 ਵਿਅਕਤੀਆਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਜਾਣਗੇ। (ਥੰਪਿੰਗ)

### ਸਾਲਾਨਾ ਯੋਜਨਾ 1982-83

1982-83 ਦੀ ਸਾਲਾਨਾ ਯੋਜਨਾ ਦਾ ਆਕਾਰ 385 ਕਰੋੜ ਰੁਪਏ ਮਿਥਿਆ ਗਿਆ ਹੈ। ਚਲ ਰਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਦੀ ਪੂਰੀ ਪੂਰੀ ਛਾਣ ਬੀਣ ਕੀਤੀ ਗਈ ਅਤੇ ਯੋਜਨਾ ਲਈ ਉਪਬੰਧਾਂ ਦੀ ਵੰਡ ਇਸ ਤਰੀਕੇ ਨਾਲ ਕਰ ਕੇ ਯੋਜਨਾ ਦੀਆਂ ਅਗੇਤਾਂ ਵਿਚ ਉਚਿਤ ਸੋਧ ਕੀਤੀ ਗਈ ਤਾਂ ਜੋ ਉਤਪਾਦਨ ਕਰਨ ਵਾਲੇ ਸੈਕਟਰਾਂ ਨੂੰ ਲੋੜੀਂਦਾ ਵਿੱਤ ਮੁਹੱਈਆ ਕੀਤਾ ਜਾ ਸਕੇ। ਬਿਜਲੀ ਖੇਤਰ ਨੂੰ ਪਰਮ ਅਗੇਤ ਦਿੱਤੀ ਗਈ ਹੈ, ਜਿਸ ਦੀ ਲਾਗਤ ਤਕਰੀਬਨ 189.18 ਕਰੋੜ ਰੁਪਏ ਹੋਵੇਗੀ। ਇਹ 385 ਕਰੋੜ ਰੁਪਏ ਦੇ ਕੁਲ ਯੋਜਨਾ ਖਰਚ ਦਾ ਤਕਰੀਬਨ 50% ਹੈ। ਸਾਲਾਨਾ ਯੋਜਨਾ ਵਿਚ ਬਿਜਲੀ, ਸਿੰਜਾਈ, ਖੇਤੀ ਬਾੜੀ ਆਦਿ ਦੇ ਮੁੱਖ ਸੈਕਟਰਾਂ ਦਾ ਹਿੱਸਾ 74% ਬਣਦਾ ਹੈ। ਹੋਰ ਮਹੱਤਵ-ਪੂਰਨ ਸੈਕਟਰਾਂ, ਜਿਵੇਂ ਕਿ ਉਦਯੋਗ, ਸਮਾਜ ਭਲਾਈ ਵਲ ਵੀ ਵਿਸ਼ੇਸ਼ ਧਿਆਨ

Original with;
Punjab Vidhan Sabha
Digitized by;
Panjab Digital Library

ਦਿੱਤਾ ਗਿਆ ਹੈ। ਦਿਹਾਤੀ ਅਤੇ ਛੋਟੇ ਪੈਮਾਨੇ ਦੇ ਉਦਯੋਗਕ ਸੈਕਟਰ ਤੇ ਖ਼ਰਚ 1981-82 ਨਾਲੋਂ 34% ਤੋਂ ਵੀ ਜ਼ਿਆਦਾ ਵਧਾ ਦਿਤਾ ਗਿਆ ਹੈ। ਸਾਲ 1981-82 ਦੇ ਦੌਰਾਨ ਯੋਜਨਾਬੰਦੀ ਦੀ ਸਭ ਤੋਂ ਅਹਿਮ ਪ੍ਰਾਪਤੀ ਇਹ ਹੈ ਕਿ ਭਾਰਤ ਸਰਕਾਰ ਦੇ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰੋਗਰਾਮ ਅਧੀਨ ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਸਕੀਮਾਂ ਤਿਆਰ ਕੀਤੀਆਂ ਅਤੇ ਲਾਗੂ ਕੀਤੀਆਂ ਗਈਆਂ। ਇਸੇ ਕਰਕੇ ਹੀ ਰਾਜ ਸਰਕਾਰ ਚਾਲੂ ਸਾਲ ਦੇ ਦੌਰਾਨ 4.22 ਕਰੋੜ ਰੁਪਏ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਪ੍ਰਾਪਤ ਕਰ ਸਕੀ ਹੈ ਅਤੇ ਸਾਲ 1982-83 ਲਈ 4.50 ਕਰੋੜ ਰੁਪਏ ਦੀ ਸਹਾਇਤਾ ਪ੍ਰਾਪਤ ਕਰੇਗੀ। ਇਹ 385 ਕਰੋੜ ਰੁਪਏ ਦੀ ਯੋਜਨਾ ਤੋਂ ਇਲਾਵਾ ਹੋਵੇਗੀ।

## ਸੰਸਥਾਵੀ ਵਿੱਤ

ਪਿਛਲੇ ਕੁਝ ਸਾਲਾਂ ਤੋਂ ਵਿਕਾਸ ਵਿੱਤ ਦਾ ਇਕ ਮਹੱਤਵਪੂਰਨ ਪੱਖ ਇਹ ਬਣ ਗਿਆ ਹੈ ਕਿ ਵਿਕਾਸ ਪ੍ਰੋਗਰਾਮਾਂ ਲਈ ਸੰਸਥਾਵੀ ਵਿੱਤ ਜੁਟਾਇਆ ਜਾਵੇ। 1980 ਵਿਚ ਕਾਰਜ-ਭਾਰ ਸੰਭਾਲਣ ਦੇ ਸਮੇਂ ਤੋਂ ਹੀ ਸਾਡੀ ਸਰਕਾਰ ਨੇ ਬਕਾਇਦਾ ਅਤੇ ਵਿਉਂਤਬੱਧ ਢੰਗ ਨਾਲ ਇਹ ਕਾਰਜ ਸ਼ੁਰੂ ਕਰ ਦਿੱਤਾ ਹੈ ਅਤੇ ਉਦੋਂ ਤੋਂ ਹੀ ਹਰ ਸਾਲ ਇਕ ਸੰਸਥਾਵੀ ਵਿੱਤ ਯੋਜਨਾ ਤਿਆਰ ਕੀਤੀ ਜਾਂਦੀ ਹੈ। ਸਾਲ 1980-81 ਦੇ ਦੌਰਾਨ 127.50 ਕਰੋੜ ਰੁਪਏ ਦੇ ਸੰਸਥਾਵੀ ਵਿੱਤ ਦੀ ਪ੍ਰਾਪਤੀ ਦੇ ਮੁਕਾਬਲੇ ਤੇ ਚਾਲੂ ਸਾਲ 1981-82 ਦੇ ਦੌਰਾਨ ਲਗ ਭਗ 225 ਕਰੋੜ ਰੁਪਏ ਪ੍ਰਾਪਤ ਹੋਣ ਦੀ ਸੰਭਾਵਨਾ ਹੈ। ਸਾਲ 1982-83 ਲਈ ਫਿਲਹਾਲ 250 ਕਰੋੜ ਰੁਪਏ ਦਾ ਟੀਚਾ ਮਿਥਿਆ ਗਿਆ ਹੈ। ਇਸ ਪ੍ਰੋਗਰਾਮ ਦੇ ਤਹਿਤ ਮੁੱਖ ਮੱਦਾਂ ਹਨ: ਪੰਜਾਬ ਰਾਜ ਭੋਂ ਰਹਿਨ ਬੈਂਕ ਦੁਆਰਾ ਜ਼ਰਾਇਤੀ ਪੁਨਰ ਵਿੱਤ ਵਿਕਾਸ ਕਾਰਪੋਰੇਸ਼ਨ ਅਤੇ ਰਿਜ਼ਰਵ ਬੈਂਕ ਆਫ ਇੰਡੀਆ ਤੋਂ 35 ਕਰੋੜ ਰੁਪਏ ਦਾ ਕਰਜ਼ਾ; ਪੰਜਾਬ ਰਾਜ ਬਿਜਲੀ ਬੋਰਡ ਅਤੇ ਪੰਜਾਬ ਜਲ ਸਪਲਾਈ ਅਤੇ ਮਲ ਨਿਕਾਸ ਬੋਰਡ ਦੁਆਰਾ 30 ਕਰੋੜ ਰੁਪਏ ਦਾ ਕਰਜ਼ਾ, ਪੰਜਾਬ ਵਿੱਤੀ ਕਾਰਪੋਰੇਸ਼ਨ ਅਤੇ ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਦੁਆਰਾ ਭਾਰਤੀ ਉਦਯੋਗਕ ਵਿਕਾਸ ਬੈਂਕ ਪਾਸੋਂ 10 ਕਰੋੜ ਰੁਪਏ ਤਕ ਦਾ ਕਰਜ਼ਾ; ਹੁਡਕੋ ਵਲੋਂ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੂੰ 10 ਕਰੋੜ ਰੁਪਏ ਤਕ ਦਾ ਕਰਜ਼ਾ ਅਤੇ ਕੌਮੀ ਸਹਿਕਾਰਤਾ ਵਿਕਾਸ ਕਾਰਪੋਰੇਸ਼ਨ, ਉਦਯੋਗਕ ਵਿੱਤ ਕਾਰਪੋਰੇਸ਼ਨ, ਆਈ.ਸੀ.ਆਈ.ਸੀ.ਆਈ. ਅਤੇ ਵਪਾਰਕ ਬੈਂਕਾਂ ਵਰਗੀਆਂ ਸੰਸਥਾਵਾਂ ਤੋਂ ਹੋਰ ਸੰਗਠਨਾਂ ਨੂੰ ਕਰਜ਼ੇ। ਰਾਜ ਦੀ 385 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਵਿਚ 250 ਕਰੋੜ ਰੁਪਏ ਦੇ ਇਹ ਸੰਸਥਾਵੀ ਵਿੱਤ ਕਰਜ਼ੇ ਸ਼ਾਮਲ ਕਰ ਦੇਣ ਨਾਲ, ਰਾਜ ਅੰਦਰ 1982-83 ਦੇ ਦੌਰਾਨ ਵਿਕਾਸ ਸਰਗਰਮੀਆਂ ਦੀ ਕੁਲ ਲਾਗਤ 635 ਕਰੋੜ ਰੁਪਏ ਹੋ ਜਾਵੇਗੀ। (ਥੰਪਿੰਗ)

ਮੈਨੂੰ ਇਹ ਦੱਸਦੇ ਹੋਏ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਜ਼ਰਾਇਤੀ ਪੁਨਰ ਵਿੱਤ ਵਿਕਾਸ ਕਾਰਪੋ-ਰੇਸ਼ਨ ਪਾਸੋਂ ਪੁਨਰ ਵਿੱਤ ਸਹਾਇਤਾ ਹਾਸਲ ਕਰਨ ਵਿਚ ਰਾਜ ਨੇ ਨਿਰੰਤਰ ਸਫਲਤਾ ਪ੍ਰਾਪਤ ਕੀਤੀ ਹੈ। ਸਾਲ 1978-79 ਦੇ ਦੌਰਾਨ 16.25 ਕਰੋੜ ਰੁਪਏ ਦੀ ਪ੍ਰਾਪਤੀ ਦੇ ਮੁਕਾਬਲੇ ਤੇ 1980-81 ਦੇ ਦੌਰਾਨ 67.50 ਕਰੋੜ ਰੁਪਏ ਦੀ ਸਹਾਇਤਾ ਪ੍ਰਾਪਤ ਕੀਤੀ ਗਈ (ਥੰਪਿੰਗ) ਅਤੇ ਇਹ ਵਾਧਾ 300% ਤੋਂ ਵੀ ਵੱਧ ਬਣਦਾ ਹੈ। ਇਸ ਅਨੁਸਾਰ 1978-79 ਵਿਚ ਸਾਡੀ ਸਰਬ ਭਾਰਤੀ ਸਥਿਤੀ ਸੱਤਵੀਂ ਤੋਂ ਬਿਹਤਰ ਹੋ ਕੇ 1980-81 ਵਿਚ ਤੀਜੀ ਹੋ ਗਈ ਹੈ (ਥੰਪਿੰਗ) ਅਤੇ ਕੁਲ ਸਹਾਇਤਾ ਦਾ ਸਾਡਾ ਹਿੱਸਾ 1978-79 ਵਿਚ 5.7% ਤੋਂ ਵੱਧ ਕੇ 1980-81 ਵਿਚ 13.6% ਹੋ ਗਿਆ।

ਮਾਨਯੋਗ ਮੈਂਬਰ ਇਸ ਗੱਲ ਤੋਂ ਭਲੀ ਭਾਂਤ ਜਾਣੂ ਹੀ ਹਨ ਕਿ ਰਾਜ ਸਰਕਾਰ ਲੁਧਿਆਣੇ ਵਿਖੇ ਇਕ ਸਟਾਕ ਐਕਸਚੇਂਜ ਕਾਇਮ ਕਰਾਉਣ ਲਈ ਸਰਗਰਮ ਉਪਰਾਲੇ ਕਰਦੀ ਆ ਰਹੀ ਹੈ ਤਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜੋ ਪੰਜਾਬ ਵਿਚ ਪ੍ਰਾਈਵੇਟ ਸਰਮਾਏ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਪੂੰਜੀ ਲਾਉਣ ਵਾਲਿਆਂ ਦੀ ਸਹਾਇਤਾ ਕੀਤੀ ਜਾ ਸਕੇ। ਮੈਨੂੰ ਇਹ ਸੂਚਨਾ ਦੇਣ ਵਿਚ ਖੁਸ਼ੀ ਹੈ ਕਿ "ਲੁਧਿਆਣਾ ਸਟਾਕ ਐਕਸਚੇਂਜ ਐਸੋਸੀਏਸ਼ਨ ਲਿਮਟਿਡ" ਨਾਂ ਦੀ ਇਕ ਕੰਪਨੀ ਰਜਿਸਟਰ ਕੀਤੀ ਜਾ ਚੁਕੀ ਹੈ ਅਤੇ ਰਜਿਸਟਰਾਰ ਆਫ਼ ਕੰਪਨੀਜ਼ ਵਲੋਂ ਉਸ ਨੂੰ ਕਾਰਜ ਸ਼ੁਰੂ ਕਰਨ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਗਿਆ ਹੈ। ਭਾਰਤ ਸਰਕਾਰ ਦੁਆਰਾ ਸਟਾਕ ਐਕਸਚੇਂਜ ਨੂੰ ਮਾਨਤਾ ਦੇਣ ਅਤੇ ਅਧਿਕਾਰਤ ਕਰਨ ਬਾਰੇ ਰਹਿੰਦੀਆਂ ਕਾਰਵਾਈਆਂ ਪੂਰੀਆਂ ਕਰਵਾਈਆਂ ਜਾ ਰਹੀਆਂ ਹਨ ਅਤੇ ਆਸ ਹੈ ਕਿ ਇਹ ਸਟਾਕ ਐਕਸਚੇਂਜ ਸਾਲ 1982-83 ਦੇ ਦੌਰਾਨ ਕੰਮ ਕਰਨਾ ਸ਼ੁਰੂ ਕਰ ਦੇਵੇਗਾ।

ਮਾਨਯੋਗ ਮੈਂਬਰਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਆਪਣੇ ਲਗਾਤਾਰ ਯਤਨਾਂ ਸਦਕਾ, ਰਾਜ ਸਰਕਾਰ ਨੂੰ ਥੀਨ ਡੈਮ ਵਰਗੇ ਪ੍ਰਾਜੈਕਟਾਂ ਲਈ ਵੱਡੀਆਂ ਰਕਮਾਂ ਦੇ ਕਰਜ਼ੇ ਦੇਣ ਲਈ ਬਦੇਸ਼ੀ ਵਿੱਤੀ ਸੰਸਥਾਵਾਂ ਤੋਂ ਕਈ ਪੇਸ਼ਕਸ਼ਾਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਪੇਸ਼ਕਸ਼ਾਂ ਦੀ ਛਾਣ ਬੀਣ ਕੀਤੀ ਜਾ ਰਹੀ ਹੈ ਅਤੇ ਭਾਰਤ ਸਰਕਾਰ ਅਤੇ ਰੀਜ਼ਰਵ ਬੈਂਕ ਆਫ਼ ਇੰਡੀਆ, ਜਿਨ੍ਹਾਂ ਨਾਲ ਵੱਖਰੇ ਤੌਰ ਤੇ ਇਸ ਸਬੰਧੀ ਮਾਮਲਾ ਚਲਾਇਆ ਜਾ ਰਿਹਾ ਹੈ, ਦੀ ਪਰਵਾਨਗੀ ਨਾਲ ਸਾਲ 1982-83 ਦੇ ਦੌਰਾਨ ਇਨ੍ਹਾਂ ਵਸੀਲਿਆਂ ਤੋਂ ਲੋੜੀਂਦੀਆਂ ਰਕਮਾਂ ਛੇਤੀ ਹੀ ਪ੍ਰਾਪਤ ਹੋ ਜਾਣ ਦੀ ਆਸ ਹੈ।

ਰਾਜ ਸਰਕਾਰ, ਰਾਜ ਦੇ ਵਿਸ਼ੇਸ਼ ਵਿਕਾਸ ਪ੍ਰਾਜੈਕਟਾਂ ਵਿਚ, ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੁਆਰਾ ਚੋਖਾ ਸਰਮਾਇਆ ਲਾਉਣ ਦੀਆਂ ਸੰਭਾਵਨਾਵਾਂ ਅਤੇ ਉਚਿਤਤਾ ਬਾਰੇ ਵੀ ਅਧਿਐਨ ਕਰ ਰਹੀ ਹੈ।

## ਸਰਕਾਰੀ ਕਾਰਪੋਰੇਸ਼ਨਾਂ

ਇਸ ਸਮੇਂ ਸਰਕਾਰੀ ਖੇਤਰ ਵਿਚ 28 ਕਾਰਪੋਰੇਸ਼ਨਾਂ/ਬੋਰਡ ਕੰਮ ਕਰ ਰਹੇ ਹਨ। ਮਾਰਚ 1981 ਦੇ ਅੰਤ ਤਕ ਇਨ੍ਹਾਂ ਕਾਰਪੋਰੇਸ਼ਨਾਂ ਵਿਚ ਰਾਜ ਸਰਕਾਰ ਦੀ 100 ਕਰੋੜ ਰੁਪਏ ਦੀ ਹਿੱਸਾ-ਪੂੰਜੀ ਲਗੀ ਹੋਈ ਸੀ। ਚਾਲੂ ਸਾਲ ਦੇ ਦੌਰਾਨ ਇਨ੍ਹਾਂ ਕਾਰਪੋਰੇਸ਼ਨਾਂ ਦੀ ਹਿੱਸਾ-ਪੂੰਜੀ ਵਿਚ ਰਾਜ ਸਰਕਾਰ ਵਲੋਂ 15.33 ਕਰੋੜ ਰੁਪਏ ਪਾਉਣ ਨਾਲ 31 ਮਾਰਚ, 1982 ਤਕ ਕਾਰਪੋਰੇਸ਼ਨਾਂ ਵਿਚ ਕੁਲ ਲਗੀ ਪੂੰਜੀ 115.33 ਕਰੋੜ ਰੁਪਏ ਹੋ ਜਾਵੇਗੀ। ਪ੍ਰਧਾਨ ਮੰਤਰੀ ਜੀ ਦੁਆਰਾ ਦੇਸ਼ ਨੂੰ ਦਿੱਤੇ ਗਏ ਨਵੇਂ 20 ਨੁਕਾਤੀ ਪ੍ਰੋਗਰਾਮ ਵਿਚੋਂ ਇਕ ਇਹ ਵੀ ਹੈ "ਸਰਕਾਰੀ ਅਦਾਰਿਆਂ ਦੀ ਕਾਰਜ-ਕੁਸ਼ਲਤਾ ਵਧਾਉਣਾ ਅਤੇ ਅੰਦਰੂਨੀ ਵਸੀਲੇ ਪੈਦਾ ਕਰਕੇ ਇਨ੍ਹਾਂ ਦੀ ਪੂਰੀ ਸਮਰਥਾ ਦੀ ਵਰਤੋਂ ਕਰਨਾ।" ਰਾਜ ਸਰਕਾਰ ਨੇ ਇਨ੍ਹਾਂ ਅਦਾਰਿਆਂ ਦੇ ਕੰਮ-ਕਾਜ ਵਿਚ ਚੋਖਾ ਸੁਧਾਰ ਕਰਨ ਦਾ ਪੱਕਾ ਨਿਸ਼ਚਾ ਕੀਤਾ ਹੋਇਆ ਹੈ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਵਿੱਤ ਵਿਭਾਗ ਵਿਚ ਕਾਇਮ ਕੀਤੇ ਗਏ ਸਰਕਾਰੀ ਅਦਾਰਾ ਬਿਊਰੋ ਨੂੰ ਮਜ਼ਬੂਤ ਅਤੇ ਸਰਗਰਮ ਬਣਾਇਆ ਜਾ ਰਿਹਾ ਹੈ। ਇਹ ਬਿਊਰੋ ਸਰਕਾਰੀ ਅਦਾਰਿਆਂ ਨੂੰ ਅਗਵਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਕੰਮ-ਕਾਜ ਦੀ ਬਕਾਇਦਾ ਨਿਗਰਾਨੀ ਕਰਦਾ ਹੈ। ਰਾਜ ਸਰਕਾਰ ਦੇ ਮੁੱਖ ਸਕੱਤਰ ਦੀ ਪ੍ਰਧਾਨਗੀ ਅਧੀਨ ਅਫ਼ਸਰਾਂ ਦੀ ਇਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ ਜਿਹੜੀ ਸਮੇਂ ਸਮੇਂ ਹਰ ਇਕ ਕਾਰਪੋਰੇਸ਼ਨ ਦੇ ਕੰਮ-ਕਾਜ ਦੀ ਵਿਸਤਰਿਤ ਪੜਚੋਲ ਕਰੇਗੀ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ ਮੁਨਾਫ਼ਾ ਕਮਾਉਣ ਵਾਲੀਆਂ ਕਾਰਪੋਰੇਸ਼ਨਾਂ ਦੀ ਗਿਣਤੀ ਵਧ ਕੇ 12 ਹੋ ਗਈ ਹੈ ਜਿਨ੍ਹਾਂ ਨੇ ਸਾਲ 1980-81 ਦੇ ਦੌਰਾਨ 4.40 ਕਰੋੜ ਰੁਪਏ ਦਾ ਮੁਨਾਫ਼ਾ ਕਮਾਇਆ। ਰਾਜ ਸਰਕਾਰ ਉਨ੍ਹਾਂ ਕਾਰਪੋਰੇਸ਼ਨਾਂ ਅਤੇ ਬੋਰਡਾਂ ਨੂੰ ਬੰਦ ਕਰਨ ਲਈ ਵਚਨ-ਬੱਧ ਹੈ, ਜਿਨ੍ਹਾਂ ਕਾਰਨ ਰਾਜ ਦੇ ਖ਼ਜ਼ਾਨੇ ਉਤੇ ਨਾਜਾਇਜ਼ ਬੋਝ ਪੈਂਦਾ ਹੈ।

Original with;
Punjab Vidhan Sabha
Digitized by;
Panjab Digital Library

## ਨਵਾਂ ਵੀਹ ਨੁਕਾਤੀ ਪ੍ਰੋਗਰਾਮ

ਸਾਡੇ ਸਤਿਕਾਰਯੋਗ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਜਨਵਰੀ, 1982 ਵਿਚ ਨਵਾਂ ਵੀਹ ਨੁਕਾਤੀ ਪ੍ਰੋਗਰਾਮ ਘੋਸ਼ਿਤ ਕਰਕੇ ਦੇਸ਼ ਦੇ ਭਾਵੀ ਵਿਕਾਸ ਅਤੇ ਤਰੱਕੀ ਲਈ ਇਕ ਨਵੀਂ ਸੇਧ ਅਤੇ ਨਵੇਂ ਉਦੇਸ਼ ਪ੍ਰਦਾਨ ਕੀਤੇ ਹਨ। ਇਹ ਪ੍ਰੋਗਰਾਮ ਵਧੇਰੇ ਸਥਿਰਤਾ ਅਤੇ ਸਮਾਜਕ ਨਿਆਂ ਨਾਲ ਅਗਲੇਰੀ ਤਰੱਕੀ ਲਈ ਆਧਾਰ ਮੁਹੱਈਆ ਕਰਦਾ ਹੈ। ਰਾਜ ਸਰਕਾਰ ਨੇ ਰਾਜ ਦੇ ਭਾਵੀ ਵਿਕਾਸ ਲਈ ਇਸ ਪ੍ਰੋਗਰਾਮ ਨੂੰ ਪਥ-ਪ੍ਰਦਰਸ਼ਕ ਦੇ ਤੌਰ ਤੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਅਪਣਾਇਆ ਹੈ। ਸਤਿਕਾਰਯੋਗ ਮੈਂਬਰ ਇਹ ਜਾਣ ਕੇ ਖੁਸ਼ ਹੋਣਗੇ ਕਿ ਰਾਜ ਸਰਕਾਰ ਸਾਲ 1982-83 ਦੇ ਦੌਰਾਨ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ 443.24 ਕਰੋੜ ਰੁਪਏ ਦੀ ਰਕਮ ਖਰਚੇਗੀ, (ਥੰਪਿੰਗ) ਜਿਸ ਵਿਚੋਂ 305.79 ਕਰੋੜ ਰੁਪਏ ਰਾਜ ਦੀ ਯੋਜਨਾ ਅਤੇ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਲਈ ਅਤੇ 137.45 ਕਰੋੜ ਰੁਪਏ ਨਾਨ-ਪਲਾਨ ਖੇਤਰ ਲਈ ਹੋਣਗੇ। ਪ੍ਰੋਗਰਾਮਾਂ ਉਤੇ ਆਧਾਰਿਤ ਸਕੀਮਾਂ ਲਈ ਖਰਚ ਦੀਆਂ ਵੱਖ ਵੱਖ ਮੱਦਾਂ ਅਧੀਨ ਵੇਰਵੇ ਸਹਿਤ ਵੰਡ ਦਰਸਾਉਣ ਵਾਲੀ ਇਕ ਵੱਖਰੀ ਪੁਸਤਕਾ ਬਜਟ ਦਸਤਾਵੇਜ਼ਾਂ ਦੇ ਨਾਲ ਵੱਖਰੇ ਤੌਰ ਤੇ ਵੰਡੀ ਗਈ ਹੈ। ਫਿਰ ਵੀ ਮੈਂ ਅਜਿਹੇ ਕੁਝ ਪ੍ਰੋਗਰਾਮਾਂ ਨੂੰ ਅਮਲ ਵਿਚ ਲਿਆਉਣ ਲਈ ਸਰਕਾਰ ਵਲੋਂ ਉਠਾਏ ਜਾ ਰਹੇ ਕਦਮਾਂ ਬਾਰੇ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਚਾਹਾਂਗਾ।

### 1. ਸਿੰਜਾਈ-ਸੰਭਾਵਨਾ ਵਧਾਉਣਾ, ਮਾਰੂ ਖੇਤੀ ਦੇ ਤਰੀਕਿਆਂ ਤੇ ਉਸ ਲਈ ਲੋੜੀਂਦੇ ਪਦਾਰਥਾਂ ਦਾ ਵਿਕਾਸ ਤੇ ਪ੍ਰਸਾਰ ਕਰਨਾ

ਪੰਜਾਬ ਵਿਚ ਕਾਸ਼ਤ ਅਧੀਨ ਕੁਲ ਰਕਬੇ ਦਾ 85% ਰਕਬਾ ਸਿੰਜਾਈ ਅਧੀਨ ਹੈ ਜੋ ਦੇਸ਼ ਵਿਚ ਸਭ ਰਾਜਾਂ ਨਾਲੋਂ ਵੱਧ ਹੈ। ਭਿਨ ਭਿੰਨ ਸਿੰਜਾਈ ਸਕੀਮਾਂ ਨੂੰ ਲਾਗੂ ਕਰਕੇ, 1981-82 ਦੇ ਦੌਰਾਨ 39,000 ਹੈਕਟੇਅਰ ਦੀ ਸਿੰਜਾਈ-ਸਮਰਥਾ ਪੈਦਾ ਕੀਤੀ ਜਾਵੇਗੀ। ਸਾਲ 1982-83 ਵਿਚ, ਵੱਡੀਆਂ ਅਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਰਾਹੀਂ ਅਤੇ ਖਾਲਾਂ ਆਦਿ ਨੂੰ ਪੱਕਿਆਂ ਕਰ ਕੇ 72,000 ਹੈਕਟੇਅਰ ਦੀ ਹੋਰ ਸਿੰਜਾਈ-ਸਮਰਥਾ ਪੈਦਾ ਕੀਤੀ ਜਾਵੇਗੀ। 25,000 ਟਿਊਬਵੈੱਲਾਂ ਨੂੰ ਬਿਜਲੀ ਦਿੱਤੀ ਜਾਵੇਗੀ। ਬਰਾਨੀ ਰਕਬਿਆਂ, ਖਾਸ ਕਰ ਕੇ ਰਾਜ ਦੇ ਨੀਮ ਪਹਾੜੀ ਇਲਾਕਿਆਂ ਵਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਅਤੇ 1982-83 ਦੇ ਦੌਰਾਨ ਕੰਡੀ ਖੇਤਰ ਅਤੇ ਵਾਟਰ ਸ਼ੈੱਡ ਵਿਕਾਸ ਪ੍ਰਾਜੈਕਟ ਰਾਹੀਂ ਇਨ੍ਹਾਂ ਸਕੀਮਾਂ ਲਈ ਅਤੇ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੁਆਰਾ ਟਿਊਬਵੈੱਲ ਲਾਉਣ ਲਈ 4 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ। ਇਸ ਨਾਲ 1984-85 ਦੇ ਅੰਤ ਤਕ ਇਨ੍ਹਾਂ ਖੇਤਰਾਂ ਵਿਚ 1.78 ਲੱਖ ਮੀਟਰਕ ਟਨ ਅਨਾਜ ਦੀ ਵੱਧ ਪੈਦਾਵਾਰ ਹੋਵੇਗੀ। 1982-83 ਦੀ ਸਾਲਾਨਾ ਯੋਜਨਾ ਵਿਚ ਛੋਟੀਆਂ ਸਿੰਜਾਈ ਸਕੀਮਾਂ ਸਮੇਤ, ਸਿੰਜਾਈ ਸੈਕਟਰ ਲਈ 53.80 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ।

### 2. ਦਾਲਾਂ ਅਤੇ ਤੇਲ ਦੇ ਬੀਜਾਂ ਦੀ ਪੈਦਾਵਾਰ ਵਧਾਉਣ ਲਈ ਵਿਸ਼ੇਸ਼ ਯਤਨ

ਦੇਸ਼ ਵਿਚ ਦਾਲਾਂ ਅਤੇ ਤੇਲ ਬੀਜਾਂ ਦੇ ਉਤਪਾਦਨ ਅਤੇ ਖਪਤ ਵਿਚਕਾਰ ਖੱਪੇ ਨੂੰ ਮੁੱਖ ਰਖਦੇ ਹੋਏ ਇਨ੍ਹਾਂ ਦੀ ਕਾਸ਼ਤ ਬਹੁਤ ਅਹਿਮ ਹੋ ਗਈ ਹੈ। ਇਨ੍ਹਾਂ ਦੀ ਪੈਦਾਵਾਰ ਵਧਾਉਣ ਲਈ ਸਰਕਾਰ ਨੇ ਨਿਮਨ-ਲਿਖਤ ਕਦਮ ਉਠਾਏ ਹਨ :—

(i) 1981-82 ਵਿਚ 1200 ਪਲਾਟਾਂ ਵਿਚ ਨਮੂਨੇ ਦੀ ਕਾਸ਼ਤ ਕਰਨਾ;

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ii) ਕਾਸ਼ਤਕਾਰਾਂ ਨੂੰ ਘਟ ਦਰਾਂ ਤੇ ਪੰਪਾਂ, ਕੀੜੇਮਾਰ ਦਵਾਈਆਂ ਅਤੇ ਪ੍ਰਮਾਣਿਤ ਬੀਜਾਂ ਦੀ ਸਪਲਾਈ ਕਰਨਾ ;

(iii) ਦਾਲਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਵਿਚ ਨਵੀਂ ਟੈਕਨਾਲੋਜੀ ਅਪਣਾਉਣ ਲਈ ਕਿਸਾਨਾਂ ਨੂੰ ਸਿਖਲਾਈ ਦੇਣਾ ;

(iv) ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਬੀਜ ਉਤਪਾਦਨ ਲਈ ਸਬਸਿਡੀ ਦੇਣਾ ;

(v) ਪੰਜਾਬ ਰਾਜ ਬੀਜ ਕਾਰਪੋਰੇਸ਼ਨ ਦੁਆਰਾ ਪ੍ਰਮਾਣਿਤ ਬੀਜਾਂ ਦੇ ਉਤਪਾਦਨ ਨੂੰ ਵਧਾਉਣਾ ।

ਇਨ੍ਹਾਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਦਾਲਾਂ ਦਾ ਉਤਪਾਦਨ 1980-81 ਵਿਚ 2.01 ਲੱਖ ਮੀਟਰਕ ਟਨ ਤੋਂ ਵੱਧ ਕੇ 1981-82 ਵਿਚ 3 ਲੱਖ ਮੀਟਰਕ ਟਨ ਅਤੇ ਇਸੇ ਤਰ੍ਹਾਂ, 1980-81 ਵਿਚ ਤੇਲ ਬੀਜਾਂ ਦਾ ਉਤਪਾਦਨ 1.70 ਲੱਖ ਮੀਟਰਕ ਟਨ ਤੋਂ ਵੱਧ ਕੇ 1.75 ਲੱਖ ਮੀਟਰਕ ਟਨ ਹੋ ਜਾਣ ਦੀ ਸੰਭਾਵਨਾ ਹੈ। 1982-83 ਦੇ ਦੌਰਾਨ ਇਨ੍ਹਾਂ ਪ੍ਰੋਗਰਾਮਾਂ ਤੇ ਪਲਾਨ ਅਤੇ ਨਾਨ-ਪਲਾਨ ਸਕੀਮਾਂ ਅਧੀਨ ਕੁਲ ਖਰਚ 57.69 ਲੱਖ ਰੁਪਏ ਹੋਵੇਗਾ।

3. <u>ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਅਤੇ ਰਾਸ਼ਟਰੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ ਦੀ ਕਵਰੇਜ ਨੂੰ ਵਧਾਉਣਾ ਅਤੇ ਮਜ਼ਬੂਤ ਕਰਨਾ</u>

ਰਾਜ ਦੇ ਹਰੇਕ ਜ਼ਿਲ੍ਹੇ ਵਿਚ ਇਕ ਏਜੰਸੀ ਕਾਇਮ ਕਰਕੇ ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਨੂੰ 12 ਦਿਹਾਤੀ ਵਿਕਾਸ ਏਜੰਸੀਆਂ ਰਾਹੀਂ ਰਾਜ ਦੇ ਸਾਰੇ ਬਲਾਕਾਂ ਤਕ ਵਧਾਇਆ ਗਿਆ ਹੈ। ਇਹ ਏਜੰਸੀਆਂ ਛੋਟੇ ਅਤੇ ਸੀਮਾਂਤੀ ਕਿਸਾਨਾਂ, ਜ਼ਰਾਇਤੀ ਕਾਮਿਆਂ, ਕਾਰੀਗਰਾਂ ਅਤੇ ਦਿਹਾਤੀ ਵਸੋਂ ਦੇ ਦੂਜੇ ਕਮਜ਼ੋਰ ਵਰਗਾਂ ਦੀ ਸਹਾਇਤਾ ਲਈ ਕਈ ਕਿਸਮ ਦੇ ਕਾਰਜ ਕਰ ਰਹੀਆਂ ਹਨ। ਇਨ੍ਹਾਂ ਦੁਆਰਾ ਦਿਹਾਤੀ ਨੌਜਵਾਨਾਂ ਲਈ ਸਵੈ-ਰੋਜ਼ਗਾਰ ਦੀ ਸਿਖਲਾਈ ਸਕੀਮ (ਟ੍ਰਾਈਸਮ) ਵੀ ਅਮਲ ਵਿਚ ਲਿਆਂਦੀ ਜਾ ਰਹੀ ਹੈ।

ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਅਧੀਨ, 31 ਜਨਵਰੀ, 1982 ਤਕ 50,762 ਪਰਿਵਾਰਾਂ ਨੂੰ ਲਾਭ ਦੇਣ ਵਾਲੀ 12.50 ਕਰੋੜ ਰੁਪਏ ਦੀ ਰਕਮ ਦਿਹਾਤੀ ਵਿਕਾਸ ਏਜੰਸੀਆਂ ਦੁਆਰਾ ਵੰਡੀ ਗਈ (ਥੰਪਿੰਗ) ਅਤੇ ਮਾਰਚ, 1982 ਦੇ ਅੰਤ ਤਕ 85,000 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 22.50 ਕਰੋੜ ਰੁਪਏ ਦੀ ਰਕਮ ਦੀ ਵੰਡ ਕੀਤੀ ਜਾਵੇਗੀ। ਇਨ੍ਹਾਂ ਰਕਮਾਂ ਵਿਚ ਸਬਸਿਡੀਆਂ ਦੇ ਹਿੱਸੇ ਅਤੇ ਵਿਆਜ-ਰਹਿਤ ਕਰਜ਼ੇ ਵੀ ਸ਼ਾਮਲ ਹਨ। 1982-83 ਦੇ ਦੌਰਾਨ 94,400 ਪਰਿਵਾਰਾਂ ਨੂੰ ਵੰਡੀ ਜਾਣ ਵਾਲੀ ਇਸੇ ਤਰ੍ਹਾਂ ਦੀ ਰਕਮ 25 ਕਰੋੜ ਰੁਪਏ ਹੋਵੇਗੀ। (ਥੰਪਿੰਗ)

ਰਾਸ਼ਟਰੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ ਅਧੀਨ, ਚਾਲੂ ਸਾਲ ਵਿਚ 5.04 ਕਰੋੜ ਰੁਪਏ ਅਤੇ 1982-83 ਵਿਚ 5.20 ਕਰੋੜ ਰੁਪਏ ਖਰਚ ਕੀਤੇ ਜਾਣੇ ਹਨ। ਇਹ ਰਕਮ ਮੁੱਖ ਤੌਰ ਤੇ ਪਿੰਡਾਂ ਵਿਚ ਪੱਕੀਆਂ ਗਲੀਆਂ ਅਤੇ ਨਾਲੀਆਂ ਬਣਾਉਣ ਅਤੇ ਵਣ ਲਾਉਣ ਦੇ ਪ੍ਰੋਗਰਾਮਾਂ ਤੇ ਖ਼ਰਚ ਕੀਤੀ ਜਾ ਰਹੀ ਹੈ।

Original with;
Punjab Vidhan Sabha
Digitized by;
Panjab Digital Library

4. ਜ਼ਰਾਇਤੀ ਮਜ਼ਦੂਰਾਂ ਲਈ ਘੱਟ ਤੋਂ ਘੱਟ ਦਿਹਾੜੀ ਦੀ ਸੋਧ ਬਾਰੇ ਵਿਚਾਰ ਕਰਨਾ ਅਤੇ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ।

ਦੇਸ਼ ਵਿਚ ਪੰਜਾਬ ਸਭ ਤੋਂ ਪਹਿਲਾ ਰਾਜ ਹੈ ਜਿਸ ਨੇ ਜ਼ਰਾਇਤੀ ਮਜ਼ਦੂਰਾਂ ਅਤੇ ਅਸਿਖਿਅਤ ਕਾਮਿਆਂ ਦੀ ਘੱਟ ਤੋਂ ਘੱਟ ਦਿਹਾੜੀ ਦੀਆਂ ਦਰਾਂ ਨੂੰ ਵਧਾਇਆ ਹੈ, ਜੋ ਦੇਸ਼ ਭਰ ਵਿਚ ਸਭ ਤੋਂ ਵੱਧ ਹਨ। 1 ਜਨਵਰੀ, 1982 ਤੋਂ ਜ਼ਰਾਇਤੀ ਮਜ਼ਦੂਰਾਂ ਦੀ ਘੱਟ ਤੋਂ ਘੱਟ ਦਿਹਾੜੀ 9.70 ਰੁਪਏ ਪ੍ਰਤੀ ਦਿਨ ਤੋਂ ਵਧਾ ਕੇ 14 ਰੁਪਏ ਪ੍ਰਤੀ ਦਿਨ (ਥੰਪਿੰਗ) ਅਤੇ ਅਸਿਖਿਅਤ ਕਾਮਿਆਂ ਦੀ ਉਜਰਤ 225 ਰੁਪਏ ਤੋਂ ਵਧਾ ਕੇ 340 ਰੁਪਏ ਮਾਸਿਕ ਕਰ ਦਿੱਤੀ ਗਈ ਹੈ। ਘੱਟ ਤੋਂ ਘੱਟ ਉਜਰਤ ਨੂੰ ਪੂਰੀ ਤਰ੍ਹਾਂ ਅਮਲ ਵਿਚ ਲਿਆਉਣ ਲਈ ਕਿਰਤ ਵਿਭਾਗ ਨੂੰ ਰਾਜ ਦੇ ਸਾਰੇ 12 ਜ਼ਿਲ੍ਹਿਆਂ ਵਿਚ 12 ਹੋਰ ਕਿਰਤ ਤੇ ਸਮਝੌਤਾ-ਅਧਿਕਾਰੀ ਨਿਯੁਕਤ ਕਰਕੇ ਮਜ਼ਬੂਤ ਬਣਾਇਆ ਗਿਆ ਹੈ। (ਥੰਪਿੰਗ)

5. ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਕਾਸ ਸਬੰਧੀ ਪ੍ਰੋਗਰਾਮ ਨੂੰ ਤੇਜ਼ ਕਰਨਾ

ਰਾਜ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਵਿਕਾਸ ਤੇ ਵਿਸ਼ੇਸ਼ ਜ਼ੋਰ ਦਿੰਦੀ ਰਹੀ ਹੈ। ਉਨ੍ਹਾਂ ਦਾ ਵਿਕਾਸ ਹੋਰਨਾਂ ਦੇ ਨਾਲ ਨਾਲ ਨਿਮਨ ਉਪਾਵਾਂ ਰਾਹੀਂ ਕੀਤਾ ਜਾ ਰਿਹਾ ਹੈ:—

(i) ਨਿਰੋਲ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਰਾਹੀਂ ਰਿਆਇਤੀ ਕਰਜ਼ੇ ਅਤੇ ਸਹਾਇਤਾ ਦੇਣੀ। ਸਾਲ 1981-82 ਦੇ ਦੌਰਾਨ ਇਸ ਕਾਰਪੋਰੇਸ਼ਨ ਦੁਆਰਾ 900 ਵਿਅਕਤੀਆਂ ਨੂੰ ਵੱਖ ਵੱਖ ਉਤਪਾਦਨ ਸਕੀਮਾਂ ਵਾਸਤੇ 60 ਲੱਖ ਰੁਪਏ ਦੀ ਰਕਮ ਕਰਜ਼ੇ ਵਜੋਂ ਦਿੱਤੀ ਜਾਵੇਗੀ। ਸਾਲ 1982-83 ਦੇ ਦੌਰਾਨ ਕਾਰਪੋਰੇਸ਼ਨ ਨੇ 6,448 ਵਿਅਕਤੀਆਂ ਨੂੰ 2 ਕਰੋੜ ਰੁਪਏ ਦੀ ਰਕਮ ਦੇਣ ਦਾ ਨਿਸ਼ਾਨਾ ਮਿਥਿਆ ਹੈ।

(ii) ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਨੂੰ ਦਿਹਾਤੀ ਵਿਕਾਸ ਏਜੰਸੀਆਂ, ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਅਤੇ ਪਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਰਾਹੀਂ ਵਿਆਜ-ਰਹਿਤ ਕਰਜ਼ੇ ਵੰਡਣਾ। ਸਮਾਜ ਦੇ ਕਮਜ਼ੋਰ ਵਰਗਾਂ ਨੂੰ ਵਿਆਜ-ਰਹਿਤ ਕਰਜ਼ੇ ਦੇਣ ਸਬੰਧੀ ਇਸ ਸਕੀਮ ਅਧੀਨ ਸਾਲ 1981-82 ਦੇ ਦੌਰਾਨ ਲਗਭਗ 22.94 ਕਰੋੜ ਰੁਪਏ ਦੀ ਰਕਮ ਦਿੱਤੀ ਜਾਵੇਗੀ, (ਥੰਪਿੰਗ) ਜਿਸ ਨਾਲ ਅਨੁਸੂਚਿਤ ਜਾਤੀਆਂ ਦੇ 75,000 ਪਰਿਵਾਰਾਂ ਨੂੰ ਲਾਭ ਪਹੁੰਚੇਗਾ। ਇਸੇ ਤਰ੍ਹਾਂ ਸਾਲ 1982-83 ਦੇ ਦੌਰਾਨ ਵੀ ਅਨੁਸੂਚਿਤ ਜਾਤੀਆਂ ਦੇ 62,700 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 18 ਕਰੋੜ ਰੁਪਏ ਦੀ ਰਕਮ ਵੰਡੀ ਜਾਵੇਗੀ। (ਥੰਪਿੰਗ)

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iii) ਅਨੁਸੂਚਿਤ ਜਾਤੀਆਂ ਲਈ ਵਿਸ਼ੇਸ਼ ਕੰਪੋਨੈਂਟ ਯੋਜਨਾਵਾਂ ਰਾਹੀਂ ਉਨ੍ਹਾਂ ਦਾ ਵਿਕਾਸ ਤੇਜ਼ ਕਰਨਾ। ਸਾਲ 1981-82 ਦੇ ਦੌਰਾਨ 9,727 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 19.56 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਗਈ। 1982-83 ਵਿਚ 15,734 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਵਾਸਤੇ 21.63 ਕਰੋੜ ਰੁਪਏ ਦੀ ਰਕਮ ਖ਼ਰਚ ਕਰਨ ਦੀ ਤਜਵੀਜ਼ ਹੈ।

(iv) ਵਿਸ਼ੇਸ਼ ਕੇਂਦਰੀ ਸਹਾਇਤਾ ਰਾਹੀਂ ਕੇਵਲ ਅਨੁਸੂਚਿਤ ਜਾਤੀਆਂ ਦੇ ਲਾਭ ਲਈ ਵਿਕਾਸ-ਸਕੀਮਾਂ ਨੂੰ ਲਾਗੂ ਕਰਨਾ। 1981-82 ਦੇ ਦੌਰਾਨ 4,873 ਪਰਿਵਾਰਾਂ ਨੂੰ ਲਾਭ ਪਹੁੰਚਾਉਣ ਲਈ 4.22 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ ਅਤੇ 1982-83 ਦੇ ਦੌਰਾਨ ਵੀ ਇਸੇ ਤਰ੍ਹਾਂ 9,790 ਪਰਿਵਾਰਾਂ ਨੂੰ ਲਾਭ ਪਹੁੰ-ਚਾਉਣ ਦੀ ਖਾਤਰ 4.5 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਵੇਗੀ।

(v) ਸਿਖਿਆ ਦੇ ਖੇਤਰ ਵਿਚ ਵਜ਼ੀਫਿਆਂ, ਮੁਫਤ ਪੜ੍ਹਾਈ, ਮੁਫਤ ਕਿਤਾਬਾਂ ਰਾਹੀਂ ਵਿੱਤੀ ਸਹਾਇਤਾ ਦਾ ਪ੍ਰੋਗਰਾਮ। ਸਾਲ 1981-82 ਦੇ ਦੌਰਾਨ ਇਨ੍ਹਾਂ ਪ੍ਰੋਗਰਾਮਾਂ ਤੇ ਰਾਜ ਦੇ ਬਜਟ ਵਿਚੋਂ 4.06 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾ ਰਹੀ ਹੈ ਅਤੇ 1982-83 ਦੇ ਦੌਰਾਨ ਇਹ ਰਕਮ ਵਧਾ ਕੇ 4.18 ਕਰੋੜ ਰੁਪਏ ਕਰ ਦਿੱਤੀ ਜਾਵੇਗੀ। (ਥੰਪਿੰਗ)

(vi) ਹਰੀਜਨ ਬਸਤੀਆਂ ਦੇ ਚੌਗਿਰਦੇ ਦਾ ਸੁਧਾਰ, ਹਰੀਜਨ ਧਰਮਸ਼ਾਲਾਂ ਅਤੇ ਚੌਪਾਲਾਂ ਦੀ ਉਸਾਰੀ, ਪੀਲੇ ਕਾਰਡਾਂ ਰਾਹੀਂ ਜ਼ਰੂਰੀ ਵਸਤਾਂ ਅਤੇ ਹੋਰ ਲਾਭ ਦੇਣ ਲਈ ਸਕੀਮਾਂ। ਸਾਲ 1981-82 ਵਿਚ ਇਨ੍ਹਾਂ ਪ੍ਰੋਗਰਾਮਾਂ ਤੇ 3.10 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾ ਰਹੀ ਹੈ ਅਤੇ 1982-83 ਦੇ ਦੌਰਾਨ ਇਹ ਰਕਮ ਵੱਧ ਕੇ 4.10 ਕਰੋੜ ਰੁਪਏ ਹੋ ਜਾਵੇਗੀ। (ਥੰਪਿੰਗ)

(vii) ਸਫਾਈ ਕਰਨ ਵਾਲੇ ਅਨੁਸੂਚਿਤ ਜਾਤੀਆਂ ਅਤੇ ਵਿਮੁਕਤ ਜਾਤੀਆਂ ਦੇ ਬੇਘਰੇ ਲੋਕਾਂ ਲਈ ਸਾਫ਼ ਸੁਥਰੀ ਰਿਹਾਇਸ਼ ਦਾ ਉਪਬੰਧ ਕਰਨਾ ਵਿਕਾਸ ਦਾ ਇਕ ਹੋਰ ਪ੍ਰੋਗਰਾਮ ਹੈ ਜਿਸ ਤੇ 1982-83 ਦੇ ਦੌਰਾਨ 58 ਲੱਖ ਰੁਪਏ ਦੀ ਰਕਮ ਬਤੌਰ ਸਬਸਿਡੀ ਦੇ ਖ਼ਰਚ ਕੀਤੀ ਜਾਵੇਗੀ । (ਥੰਪਿੰਗ)

(viii) ਸਫਾਈ ਸੇਵਿਕਾਵਾਂ ਵਜੋਂ ਕੰਮ ਕਰਨ ਵਾਲੀਆਂ ਇਸਤਰੀਆਂ ਦੇ 6 ਸਾਲ ਤਕ ਦੀ ਉਮਰ ਦੇ ਬੱਚਿਆਂ ਨੂੰ ਪੌਸ਼ਟਿਕ ਖ਼ੁਰਾਕ ਦਾ ਉਪਬੰਧ ਕਰਕੇ ਉਨ੍ਹਾਂ ਦੀ ਵਿਸ਼ੇਸ਼ ਤੌਰ ਤੇ ਦੇਖ ਭਾਲ ਕੀਤੀ ਜਾ ਰਹੀ ਹੈ। ਸਾਲ 1982-83 ਦੇ ਦੌਰਾਨ ਇਸ ਮਨੋਰਥ ਲਈ 4.40 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

6. ਪਾਣੀ ਦੀ ਸਮਸਿਆ ਵਾਲੇ ਸਾਰੇ ਪਿੰਡਾਂ ਨੂੰ ਪੀਣ ਦੇ ਪਾਣੀ ਦੀ ਸਪਲਾਈ।

ਰਾਜ ਸਰਕਾਰ ਪਾਣੀ ਦੀ ਕਮੀ ਵਾਲੇ ਸਾਰੇ ਪਿੰਡਾਂ ਵਿਚ ਸਾਫ ਪੀਣ ਵਾਲੇ ਪਾਣੀ ਦਾ ਉਪਬੰਧ ਕਰਨ ਲਈ ਵਚਨਬਧ ਹੈ। 1981-82 ਤਕ 50 ਕਰੋੜ ਰੁਪਏ ਤੋਂ ਵੱਧ ਰਕਮ ਨਾਲ ਅਜਿਹੇ 2,100 ਪਿੰਡਾਂ ਵਿਚ ਇਹ ਉਪਬੰਧ ਕੀਤਾ ਜਾਵੇਗਾ। 1982-83 ਵਿਚ ਇਸ ਪ੍ਰੋਗਰਾਮ ਅਧੀਨ

Original with;
Punjab Vidhan Sabha
Digitized by;
Panjab Digital Library

70 ਹੋਰ ਪਿੰਡਾਂ ਵਿਚ ਪੀਣ ਦੇ ਪਾਣੀ ਦਾ ਉਪਬੰਧ ਕਰਨ ਲਈ ਅਤੇ ਪਹਿਲਾਂ ਹੀ ਸ਼ੁਰੂ ਕੀਤੇ ਗਏ ਕਾਰਜਾਂ ਦੀ ਸੰਭਾਲ ਵਾਸਤੇ 8.70 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ।

7. ਪਿੰਡਾਂ ਦੇ ਬੇਘਰੇ ਲੋਕਾਂ ਨੂੰ ਘਰਾਂ ਲਈ ਥਾਵਾਂ ਦੇਣੀਆਂ ਅਤੇ ਉਸਾਰੀ ਲਈ ਸਹਾਇਤਾ ਦੇ ਪ੍ਰੋਗਰਾਮ ਦਾ ਵਿਸਤਾਰ

ਰਾਜ ਸਰਕਾਰ ਨੇ ਪਿੰਡਾਂ ਦੇ ਬੇਘਰੇ ਪਰਿਵਾਰਾਂ ਨੂੰ ਲਗ ਭਗ 2.97 ਲੱਖ ਮੁਫਤ ਪਲਾਟ ਮਕਾਨਾਂ ਵਾਸਤੇ ਦਿੱਤੇ ਸਨ। ਪਲਾਟ ਦੇਣ ਦੇ ਇਸ ਪ੍ਰੋਗਰਾਮ ਨੂੰ ਅਰਥ-ਪੂਰਨ ਬਣਾਉਣ ਵਾਸਤੇ, ਰਾਜ ਸਰਕਾਰ ਨੇ ਇਨ੍ਹਾਂ ਪਲਾਟਾਂ ਤੇ ਮਕਾਨ ਬਣਾਉਣ ਦਾ ਵਿਸ਼ਾਲ ਪ੍ਰੋਗਰਾਮ ਸ਼ੁਰੂ ਕੀਤਾ ਹੈ। ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਚਾਲੂ ਸਾਲ 1981-82 ਦੇ ਅੰਤ ਤਕ ਤਕਰੀਬਨ 20,000 ਅਜਿਹੇ ਮਕਾਨ ਮੁਕੰਮਲ ਕਰ ਦਿੱਤੇ ਜਾਣਗੇ। ਸਾਲ 1982-83 ਲਈ 2.85 ਕਰੋੜ ਰੁਪਏ ਦੀ ਰਕਮ ਦਾ ਬਤੌਰ ਮੂਲਧਨ ਦੇ ਉਪਬੰਧ ਕੀਤਾ ਗਿਆ ਹੈ। ਹੁਡਕੋ ਪਾਸੋਂ ਕਰਜ਼ੇ ਲੈਕੇ ਇਸ ਵਿਚ ਹੋਰ ਵਾਧਾ ਕੀਤਾ ਜਾਵੇਗਾ ਅਤੇ ਇਸ ਰਕਮ ਨਾਲ ਤਕਰੀਬਨ 10,000 ਹੋਰ ਅਜਿਹੇ ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ।

8. ਬਿਜਲੀ ਉਤਪਾਦਨ ਵਿਚ ਵਾਧਾ, ਬਿਜਲੀ ਮਹਿਕਮੇਂ ਦੇ ਕੰਮ-ਕਾਜ ਵਿਚ ਸੁਧਾਰ ਅਤੇ ਸਾਰੇ ਪਿੰਡਾਂ ਨੂੰ ਬਿਜਲੀ ਦੀ ਸਪਲਾਈ

1982-83 ਦੇ ਦੌਰਾਨ ਬਿਜਲੀ ਉਤਪਾਦਨ ਦੀ ਲਾਗਤ ਵਿਚ ਵਾਧਾ ਕਰਕੇ ਹੁਣ ਇਹ 189.18 ਕਰੋੜ ਰੁਪਏ ਕਰ ਦਿਤੀ ਗਈ ਹੈ, ਜਦੋਂ ਕਿ 1981-82 ਦੇ ਦੌਰਾਨ ਇਹ ਖਰਚ ਤਕਰੀਬਨ 137 ਕਰੋੜ ਰੁਪਏ ਸੀ (ਥੰਪਿੰਗ)। ਲਾਗਤ ਵਿਚ ਇਸ ਵਾਧੇ ਕਾਰਨ ਅਤੇ ਕੁਝ ਪ੍ਰਾਜੈਕਟਾਂ ਨੂੰ ਨਿਸ਼ਚਿਤ ਸਮੇਂ ਤੋਂ ਪਹਿਲਾਂ ਸ਼ੁਰੂ ਕਰਨ ਨਾਲ ਬਿਜਲੀ ਪੈਦਾ ਕਰਨ ਦੀ ਸਮਰਥਾ 1982-83 ਵਿਚ 175.5 ਮੈਗਾਵਾਟ ਅਤੇ 1983-84 ਵਿਚ 544 ਮੈਗਾਵਾਟ ਵਧਾਈ ਜਾਵੇਗੀ (ਥੰਪਿੰਗ)। ਪਿੰਡਾਂ ਨੂੰ ਬਿਜਲੀ ਦੇਣ ਦੇ ਖੇਤਰ ਵਿਚ ਪੰਜਾਬ ਰਾਜ ਦੇ ਸਾਰੇ ਪਿੰਡਾਂ ਨੂੰ ਬਿਜਲੀ ਦੇਣ ਦਾ ਟੀਚਾ ਪਹਿਲਾਂ ਹੀ ਪ੍ਰਾਪਤ ਕਰ ਚੁੱਕਾ ਹੈ।

9. ਵਣ ਲਾਉਣ ਅਤੇ ਫਾਰਮਾਂ ਵਿਚ ਅਤੇ ਸਮੂਹਿਕ ਰੂਪ ਵਿਚ ਰੁੱਖ ਲਾਉਣ, ਬਾਇਓਗੈਸ ਅਤੇ ਹੋਰ ਬਦਲਵੇਂ ਸ਼ਕਤੀ ਸਾਧਨਾਂ ਦੇ ਵਿਕਾਸ ਸਬੰਧੀ ਪ੍ਰੋਗਰਾਮਾਂ ਨੂੰ ਪੂਰੇ ਜ਼ੋਰ ਨਾਲ ਅਮਲ ਵਿਚ ਲਿਆਉਣਾ।

ਵਾਤਾਵਰਣ ਉੱਤੇ ਜੰਗਲਾਂ ਦੇ ਪ੍ਰਭਾਵ ਦੀ ਮਹੱਤਤਾ ਤੋਂ ਸਰਕਾਰ ਚੰਗੀ ਤਰ੍ਹਾਂ ਸੁਚੇਤ ਹੈ ਅਤੇ ਰਾਜ ਵਿਚ ਸਮੂਹਿਕ ਤੌਰ ਤੇ ਅਤੇ ਫਾਰਮਾਂ ਵਿਚ ਰੁੱਖ ਲਾਉਣ ਦੇ ਵਿਕਾਸ ਪ੍ਰੋਗਰਾਮਾਂ ਨੂੰ ਪੂਰੇ ਜ਼ੋਰ ਨਾਲ ਅਮਲ ਵਿਚ ਲਿਆ ਰਹੀ ਹੈ। 1982-83 ਵਿਚ 150 ਲੱਖ ਰੁੱਖ ਜੰਗਲਾਤ ਦੇ ਖੇਤਰ ਵਿਚ ਲਾਉਣ ਅਤੇ ਪ੍ਰਾਈਵੇਟ ਵਿਅਕਤੀਆਂ ਨੂੰ 250 ਲੱਖ ਪੌਦੇ ਰਿਆਇਤੀ ਦਰਾਂ ਤੇ ਸਪਲਾਈ ਕਰਨ ਦੀ ਤਜਵੀਜ਼ ਹੈ। ਸਾਲ 1982-83 ਵਿਚ ਰੁੱਖ ਲਾਉਣ ਦੇ ਪ੍ਰੋਗਰਾਮ ਵਾਸਤੇ 3.82 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ। (ਥੰਪਿੰਗ)

ਬਾਇਓਗੈਸ ਪਲਾਂਟਾਂ ਦੀ ਸਥਾਪਨਾ ਵਿਚ ਸਰਕਾਰ 1974-75 ਤੋਂ ਵਾਧਾ ਕਰ ਰਹੀ ਹੈ ਅਤੇ ਇਨ੍ਹਾਂ ਨੂੰ ਦਿਤੀ ਜਾਣ ਵਾਲੀ ਸਬਸਿਡੀ 1981-82 ਦੇ ਸਾਲ ਤੋਂ ਵਧਾ ਕੇ 35% ਕਰ ਦਿਤੀ ਗਈ ਹੈ, ਜਦੋਂ ਕਿ ਪਹਿਲਾਂ 20% ਸਬਸਿਡੀ ਹੀ ਦਿੱਤੀ ਜਾਂਦੀ ਸੀ। ਚਾਲੂ ਸਾਲ ਦੇ ਦੌਰਾਨ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਇਸ ਪ੍ਰੋਗਰਾਮ ਲਈ 10 ਲੱਖ ਰੁਪਏ ਰਖੇ ਗਏ ਸਨ ਅਤੇ 1982-83 ਲਈ ਇਹ ਰਕਮ ਵਧਾ ਕੇ 15 ਲੱਖ ਰੁਪਏ ਕਰ ਦਿਤੀ ਗਈ ਹੈ। ਰਾਜ ਵਿਚ 31 ਦਸੰਬਰ, 1981 ਤਕ ਸਰਕਾਰੀ ਸਹਾਇਤਾ ਨਾਲ 7,166 ਬਾਇਓਗੈਸ ਪਲਾਂਟ ਲਾਏ ਗਏ ਸਨ ਅਤੇ 1982-83 ਵਿਚ 750 ਹੋਰ ਪਲਾਂਟ ਲਾਏ ਜਾਣਗੇ ।

ਰਾਜ ਸਰਕਾਰ ਸ਼ਕਤੀ ਦੇ ਨਵੇਂ ਸਾਧਨਾਂ, ਜਿਵੇਂ ਕਿ ਵਿੰਡ ਮਿੱਲ, ਸੂਰਜੀ ਸ਼ਕਤੀ ਨਾਲ ਚਲਣ ਵਾਲੇ ਪੰਪ ਅਤੇ ਸਮੂਹਿਕ ਬਾਇਓਗੈਸ ਪਲਾਂਟਾਂ ਦੀ ਸੰਭਾਵਨਾ ਬਾਰੇ ਵੀ ਖੋਜ ਕਰਨ ਦੀ ਤਜਵੀਜ਼ ਰਖਦੀ ਹੈ। ਇਸ ਮੰਤਵ ਲਈ 1982-83 ਦੇ ਦੌਰਾਨ ਭਾਰਤ ਸਰਕਾਰ ਦੇ ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ 12 ਜ਼ਿਲ੍ਹਾ ਪੱਧਰ ਤੇ ਪ੍ਰਦਰਸ਼ਨੀ ਕੇਂਦਰ ਸਥਾਪਿਤ ਕਰਨ ਦੀ ਤਜਵੀਜ਼ ਹੈ। ਇਸ ਮੰਤਵ ਲਈ ਸਾਲ 1982-83 ਦੇ ਦੌਰਾਨ ਸਿਵਲ ਕਾਰਜਾਂ ਆਦਿ ਦੇ ਖਰਚ ਲਈ 25 ਲੱਖ ਰੁਪਏ ਦਾ ਉਪਬੰਧ ਕੀਤਾ ਜਾਵੇਗਾ। ਸਾਜ਼-ਸਾਮਾਨ ਭਾਰਤ ਸਰਕਾਰ ਦੇ ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਦੁਆਰਾ ਮੁਫਤ ਮੁਹੱਈਆ ਕੀਤਾ ਜਾਵੇਗਾ।

10. ਪਰਿਵਾਰ ਨਿਯੋਜਨ ਨੂੰ ਵਲੰਟਰੀ ਆਧਾਰ ਤੇ ਜਨਤਕ ਲਹਿਰ ਵਜੋਂ ਅਪਨਾਉਣਾ

ਜਨਵਰੀ, 1981 ਵਿਚ ਬਣਾਈ ਰਾਸ਼ਟਰੀ ਜਨ ਸੰਖਿਆ ਨੀਤੀ ਅਨੁਸਾਰ ਸੰਨ 2000 ਈ. ਤਕ ਮਿਥੇ ਟੀਚੇ ਨੂੰ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਜਨਮ, ਮੌਤ ਅਤੇ ਬੱਚਿਆਂ ਦੀ ਮਿਰਤੂ ਦੀ ਦਰ ਨੂੰ ਘਟਾਉਣ ਲਈ ਵਚਨ-ਬੱਧ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਜਿਥੋਂ ਤਕ ਮਿਰਤੂ ਦਰ ਦਾ ਸਬੰਧ ਹੈ, ਦੇਸ਼ ਲਈ ਸੰਨ 2000 ਈ. ਤਕ ਮਿਥੇ ਟੀਚੇ ਨੂੰ ਪੰਜਾਬ ਨੇ ਪਹਿਲਾਂ ਹੀ ਪ੍ਰਾਪਤ ਕਰ ਲਿਆ ਹੈ ਅਤੇ ਹੁਣ ਮਿਰਤੂ ਦਰ 0.89% ਹੈ ਜਦੋਂ ਕਿ ਟੀਚਾ 0.9% ਸੀ। ਜਿਥੋਂ ਤਕ ਜਨਮ ਦਰ ਦਾ ਸਬੰਧ ਹੈ ਪੰਜਾਬ ਵਿਚ ਇਹ 3.07% ਹੈ, ਜਿਹੜੀ 3.3% ਦੇ ਕੌਮੀ ਦਰ ਨਾਲੋਂ ਘਟ ਹੈ। ਸਰਕਾਰ ਨੇ ਰਾਜ ਵਿਚ ਪਰਿਵਾਰ ਭਲਾਈ ਸਹੂਲਤਾਂ ਦਾ ਵਿਸ਼ਾਲ ਜਾਲ ਵਿਛਾ ਦਿੱਤਾ ਹੈ। ਲੋਕਾਂ ਦੁਆਰਾ ਵਲੰਟਰੀ ਆਧਾਰ ਤੇ ਪਰਿਵਾਰ ਨਿਯੋਜਨ ਨੂੰ ਅਪ-ਨਾਉਣ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਵਲੋਂ ਪਰਿਵਾਰ ਨਿਯੋਜਨ ਅਪਨਾਉਣ ਵਾਲਿਆਂ, ਇਸ ਦੇ ਪ੍ਰੇਰਕਾਂ ਅਤੇ ਡਾਕਟਰੀ ਅਮਲੇ ਨੂੰ ਪ੍ਰੋਤਸਾਹਨ ਵੀ ਪੇਸ਼ ਕੀਤੇ ਜਾਂਦੇ ਹਨ ਅਤੇ ਇਸ ਦੇ ਨਾਲ ਨਾਲ ਪ੍ਰਚਾਰ ਦੇ ਵੱਖ ਵੱਖ ਢੰਗਾਂ ਰਾਹੀਂ ਜਾਣਕਾਰੀ ਵੀ ਦਿਤੀ ਜਾਂਦੀ ਹੈ। ਪਰਿਵਾਰ ਨਿਯੋਜਨ ਦੇ ਢੰਗਾਂ ਨੂੰ ਅਪਨਾਉਣ ਵਾਲਿਆਂ ਦੀ ਗਿਣਤੀ ਚਾਲੂ ਸਾਲ ਵਿਚ 31 ਜਨਵਰੀ, 1982 ਤਕ 1.86 ਲੱਖ ਹੋ ਗਈ ਹੈ ਅਤੇ ਸਾਲ ਦੇ ਅੰਤ ਤਕ 1.92 ਲੱਖ ਦਾ ਟੀਚਾ ਪੂਰਾ ਕਰ ਲੈਣ ਦੀ ਆਸ ਹੈ। ਸਾਲ 1982-83 ਵਿਚ ਪਰਿਵਾਰ ਨਿਯੋਜਨ ਤੇ ਕੁਲ ਖਰਚ 8.43 ਕਰੋੜ ਰੁਪਏ ਹੋਵੇਗਾ।

11. ਸਿਹਤ ਸਬੰਧੀ ਸਹੂਲਤਾਂ ਤੇਜ਼ੀ ਨਾਲ ਵਧਾਉਣਾ ਅਤੇ ਕੋਹੜ, ਟੀ. ਬੀ. ਅਤੇ ਅੰਧ-ਰੋਗ ਨੂੰ ਰੋਕਣਾ

ਰਾਜ ਦੀ ਵਸੋਂ ਨੂੰ ਮੁਢਲੀਆਂ ਸਿਹਤ ਸਹੂਲਤਾਂ ਮੁਹੱਈਆ ਕਰਨ ਲਈ, ਇਸ ਸਮੇਂ ਰਾਜ ਵਿਚ 130 ਮੁਢਲੇ ਸਿਹਤ ਕੇਂਦਰ, 1,496 ਸਹਾਇਕ ਸਿਹਤ ਕੇਂਦਰ ਅਤੇ 2,593 ਉਪ ਕੇਂਦਰ ਹਨ। ਰਾਜ ਦੇ 96 ਬਲਾਕਾਂ ਵਿਚ 25/30 ਬੈੱਡਾਂ ਵਾਲੇ ਦਿਹਾਤੀ ਹਸਪਤਾਲ ਹਨ ਅਤੇ 22 ਉਪਮੰਡਲ ਹਸਪਤਾਲਾਂ ਦਾ ਦਰਜਾ ਵਧਾ ਕੇ ਉਨ੍ਹਾਂ ਨੂੰ 50 ਬੈੱਡਾਂ ਵਾਲੇ ਹਸਪਤਾਲ ਬਣਾ ਦਿੱਤਾ ਗਿਆ ਹੈ। ਜ਼ਿਲ੍ਹਾ ਪੱਧਰ ਦੇ ਸਾਰੇ ਹਸਪਤਾਲਾਂ ਦਾ ਦਰਜਾ ਵਧਾ ਕੇ 100 ਬੈੱਡਾਂ ਵਾਲੇ ਹਸਪਤਾਲ ਕਰ ਦਿਤਾ

Original with;
Punjab Vidhan Sabha
Digitized by;
Panjab Digital Library

ਗਿਆ ਹੈ। ਸਾਲ 1982-83 ਵਿਚ 50 ਹੋਰ ਸਹਾਇਕ ਸਿਹਤ ਕੇਂਦਰ ਵਧਾਉਣ ਦੀ ਤਜਵੀਜ਼ ਹੈ। ਇਸ ਤਰ੍ਹਾਂ ਇਸ ਵੇਲੇ ਪੰਜਾਬ ਦੇਸ਼ ਭਰ ਵਿਚ ਸਭ ਤੋਂ ਵੱਧ ਮੁਢਲੀਆਂ ਸਿਹਤ ਸਹੂਲਤਾਂ ਦੇਣ ਵਾਲਾ ਰਾਜ ਹੈ (ਥੰਪਿੰਗ)। ਇਸ ਵਿਚ ਹਰ 5,000 ਦੀ ਦਿਹਾਤੀ ਵਸੋਂ ਲਈ ਇਕ ਉਪਕੇਂਦਰ ਹੈ।

ਰਾਜ ਵਿਚ ਕੋਹੜ ਦੇ ਸਾਰੇ ਦੇ ਸਾਰੇ ਅਰਥਾਤ ਸੌ ਫੀ ਸਦੀ ਰੋਗੀਆਂ ਨੂੰ 28 ਕੋਹੜ ਬਸਤੀਆਂ ਵਿਚ ਰਖਿਆ ਜਾ ਰਿਹਾ ਹੈ। ਇਨ੍ਹਾਂ ਦੀ ਦੇਖ ਭਾਲ 12 ਟੀ. ਬੀ.-ਕੋਹੜ-ਰੋਗ ਅਫ਼ਸਰਾਂ ਦੁਆਰਾ ਰਾਜ ਦੇ ਹਰ ਜ਼ਿਲ੍ਹੇ ਵਿਚ ਕੀਤੀ ਜਾ ਰਹੀ ਹੈ। ਇਸ ਬਿਮਾਰੀ ਦੇ ਸ਼ਿਕਾਰ ਰੋਗੀਆਂ ਦੇ ਨਵੇਂ ਅੰਗ ਬਣਾਉਣ ਲਈ ਸਿਵਲ ਹਸਪਤਾਲ, ਜਲੰਧਰ ਵਿਚ ਇਕ ਸਰਜੀਕਲ ਯੂਨਿਟ ਸਥਾਪਿਤ ਕੀਤਾ ਜਾ ਚੁੱਕਾ ਹੈ। (ਥੰਪਿੰਗ)

ਇਸੇ ਤਰ੍ਹਾਂ ਰਾਜ ਵਿਚ ਟੀ. ਬੀ. ਦੇ ਸਾਰੇ ਕੇਸਾਂ ਨੂੰ ਕਵਰ ਕੀਤਾ ਗਿਆ ਹੈ ਅਤੇ ਤਪਦਿਕ ਦੇ ਕੇਸਾਂ ਦਾ ਪਤਾ ਲਾਉਣ ਲਈ ਇਕ ਜ਼ੋਰਦਾਰ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਵੱਖ ਵੱਖ ਹਸਪਤਾਲਾਂ ਵਿਚ ਕੇਵਲ ਟੀ. ਬੀ. ਰੋਗੀਆਂ ਲਈ ਕੁਲ 1,003 ਬੈਡ ਰਾਖਵੇਂ ਰੱਖੇ ਗਏ ਹਨ। ਸਾਰੇ ਟੀ. ਬੀ. ਰੋਗੀਆਂ ਦਾ ਮੁਫ਼ਤ ਇਲਾਜ ਕੀਤਾ ਜਾਂਦਾ ਹੈ। ਟੀ. ਬੀ. ਤੋਂ ਬਚਾਉਣ ਲਈ ਟੀਕਾ ਲਾਉਣ ਦੇ ਵਿਸਤ੍ਰਿਤ ਪ੍ਰੋਗਰਾਮ ਅਧੀਨ ਬੱਚਿਆਂ ਨੂੰ ਬੀ. ਸੀ. ਜੀ. ਦਾ ਟੀਕਾ ਲਾਇਆ ਜਾਂਦਾ ਹੈ।

ਬਹੁਤ ਸਾਰੇ ਕੇਸਾਂ ਵਿਚ ਅੰਧ ਰੋਗ ਦਾ ਬਚਾਉ ਅਤੇ ਇਲਾਜ ਕੀਤਾ ਜਾ ਸਕਦਾ ਹੈ। ਖ਼ੁਰਾਕ ਦੀ ਘਾਟ ਕਾਰਨ ਬੱਚਿਆਂ ਵਿਚ ਅੰਧ-ਰੋਗ ਨੂੰ ਰੋਕਣ ਲਈ 'ਜੱਚਾ ਅਤੇ ਬੱਚਾ ਸਿਹਤ ਪ੍ਰੋਗਰਾਮ' ਅਧੀਨ 1-5 ਸਾਲ ਉਮਰ ਗਰੁੱਪ ਦੇ 5 ਲੱਖ ਬੱਚਿਆਂ ਨੂੰ ਕਵਰ ਕੀਤਾ ਗਿਆ ਹੈ। ਅੰਧ-ਰੋਗ ਦੇ ਇਲਾਜ ਲਈ, ਅੰਧ-ਰੋਗ ਰੋਕਣ ਦਾ ਰਾਸ਼ਟਰੀ ਪ੍ਰੋਗਰਾਮ ਰਾਜ ਵਿਚ ਲਾਗੂ ਕੀਤਾ ਜਾ ਰਿਹਾ ਹੈ ਜਿਸ ਅਧੀਨ ਅੱਖਾਂ ਦੇ 5 ਗਸ਼ਤੀ ਹਸਪਤਾਲ ਕਾਇਮ ਕੀਤੇ ਗਏ ਹਨ। ਇਹ ਯੂਨਿਟ ਆਪਣੇ ਖੇਤਰਾਂ ਵਿਚ ਕੈਂਪ ਲਾਉਂਦੇ ਹਨ ਅਤੇ ਅੱਖਾਂ ਦੀਆਂ ਕਈ ਬਿਮਾਰੀਆਂ ਦਾ ਮੌਕੇ ਤੇ ਹੀ ਇਲਾਜ ਕਰਦੇ ਹਨ। ਹਰ ਜ਼ਿਲ੍ਹਾ ਹਸਪਤਾਲ ਵਿਚ ਮਾਹਿਰ ਸੇਵਾਵਾਂ ਦਾ ਪ੍ਰਬੰਧ ਹੈ ਅਤੇ ਜ਼ਿਲ੍ਹਾ ਹਸਪਤਾਲਾਂ ਵਿਚ 10% ਬੈੱਡ ਅੱਖਾਂ ਦੇ ਰੋਗੀਆਂ ਲਈ ਰਾਖਵੇਂ ਰੱਖੇ ਗਏ ਹਨ। ਰਾਜ ਵਿਚ ਦੋ ਚੋਣਵੇਂ ਮੁਢਲੇ ਸਿਹਤ ਕੇਂਦਰਾਂ ਵਿਚ ਤੈਨਾਤ 140 ਮੈਡੀਕਲ ਅਫ਼ਸਰਾਂ ਨੂੰ ਸਮੂਹਿਤ ਚਿਕਿਤਸਾ ਲਈ ਵਿਸ਼ੇਸ਼ ਸਿਖਲਾਈ ਦਿਤੀ ਗਈ ਹੈ। ਮੋਤੀਆ ਬਿੰਦ ਅੰਧ-ਰੋਗ ਦਾ ਸਭ ਤੋਂ ਵੱਡਾ ਕਾਰਨ ਹੈ। ਸਵੈ-ਇੱਛਤ ਸੰਸਥਾਵਾਂ ਦੀ ਸਹਾਇਤਾ ਨਾਲ ਰਾਜ ਸਰਕਾਰ 1982-83 ਦੇ ਦੌਰਾਨ ਪੱਕੇ ਮੋਤੀਆ ਬਿੰਦ ਦੇ ਸਾਰੇ ਕੇਸਾਂ ਦਾ ਉਪਰੇਸ਼ਨ ਕਰਨ ਲਈ ਇਕ ਵਿਸ਼ੇਸ਼ ਮੁਹਿੰਮ ਚਲਾਵੇਗੀ। (ਥੰਪਿੰਗ)

12. <u>6--14 ਸਾਲ ਦੇ ਉਮਰ ਗਰੁੱਪ ਦੇ ਸਾਰੇ ਬੱਚਿਆਂ ਨੂੰ ਮੁਢਲੀ ਸਿਖਿਆ ਦੇਣੀ, ਲੜਕੀਆਂ ਦੀ ਵਿਦਿਆ ਤੇ ਵਿਸ਼ੇਸ਼ ਜ਼ੋਰ ਦੇਣਾ ਅਤੇ ਬਾਲਗ ਅਨਪੜ੍ਹਤਾ ਦੂਰ ਕਰਨ ਲਈ ਵਿਦਿਆਰਥੀਆਂ ਅਤੇ ਵਲੰਟੀਅਰੀ ਏਜੰਸੀਆਂ ਦਾ ਸਹਿਯੋਗ ਲੈਣਾ</u>

ਪੰਜਾਬ ਵਿਚ 12,384 ਪ੍ਰਾਇਮਰੀ ਸਕੂਲ ਹਨ ਅਤੇ ਇਸ ਦੇ ਹਰੇਕ ਪਿੰਡ ਵਿਚ ਇਕ ਪ੍ਰਾਇਮਰੀ ਸਕੂਲ ਹੈ। ਮਿਡਲ ਸਕੂਲਾਂ ਦੀ ਗਿਣਤੀ 1,440 ਹੈ ਅਤੇ ਰਾਜ ਵਿਚ ਪਿੰਡ ਦੇ 3 ਕਿਲੋਮੀਟਰ ਦੇ ਘੇਰੇ ਵਿਚ ਇਕ ਮਿਡਲ ਸਕੂਲ ਹੈ। 6 ਤੋਂ 11 ਸਾਲ ਦੇ ਸਾਰੇ ਬੱਚਿਆਂ ਨੂੰ ਦਾਖਲਾ ਦੇਣ ਦਾ ਟੀਚਾ ਲਗ ਭਗ ਪੂਰਾ ਕੀਤਾ ਜਾ ਚੁਕਾ ਹੈ। ਪਰ 11--14 ਸਾਲ ਗਰੁਪ ਦੀ ਪੱਧਰ ਤੇ ਸਕੂਲ ਛੱਡ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 43.86% ਹੈ। ਇਸ ਨੂੰ ਰੋਕਣ ਲਈ ਸਾਲ 1981-82 ਦੇ ਦੌਰਾਨ ਮਿਡਲ ਸਕੂਲਾਂ ਦੇ ਦਾਖਲੇ ਦੀ ਸਮਰਥਾ ਵਧਾਈ ਜਾ ਰਹੀ ਹੈ। 66 ਪ੍ਰਾਇਮਰੀ ਸਕੂਲਾਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦਾ ਦਰਜਾ ਵਧਾ ਕੇ ਉਨ੍ਹਾਂ ਨੂੰ ਮਿਡਲ ਸਕੂਲ ਕਰ ਦਿਤਾ ਗਿਆ ਹੈ ਅਤੇ ਇਨ੍ਹਾਂ ਸਕੂਲਾਂ ਵਿਚ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਵਿਚ ਸੁਧਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ। "ਮਾਪੇ-ਅਧਿਆਪਕ ਐਸੋਸੀਏਸ਼ਨਾਂ" ਦੁਆਰਾ ਮਾਪਿਆਂ ਨੂੰ ਵੀ ਇਸ ਉਮਰ-ਗਰੁਪ ਦੇ ਆਪਣੇ ਬੱਚਿਆਂ ਨੂੰ ਸਕੂਲਾਂ ਵਿਚ ਭੇਜਣ ਲਈ ਰਿਆ ਜਾ ਪ੍ਰੇਰਿਹਾ ਹੈ। ਸਕੂਲ ਛੱਡ ਜਾਣ ਵਾਲੇ ਬੱਚਿਆਂ ਲਈ, ਗ਼ੈਰ-ਰਸਮੀ ਸਿਖਿਆ ਦਾ ਇਕ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ 1982-83 ਦੇ ਦੌਰਾਨ 18,000 ਬੱਚਿਆਂ ਨੂੰ ਅਜਿਹੀ ਸਿਖਿਆ ਪ੍ਰਦਾਨ ਕਰਨ ਲਈ 600 ਹੋਰ ਗ਼ੈਰ-ਰਸਮੀ ਸਿਖਿਆ ਕੇਂਦਰ ਕਾਇਮ ਕੀਤੇ ਜਾਣਗੇ। ਇਸ ਪ੍ਰੋਗਰਾਮ ਵਿਚ ਲੜਕੀਆਂ ਦੀ ਸਿਖਿਆ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਰਾਜ ਵਿਚ ਬਾਲਗ ਸਿਖਿਆ ਵਧਾਉਣ ਲਈ "ਬਾਲਗ ਸਿਖਿਆ" ਦੇ ਪ੍ਰੋਗਰਾਮ ਦੁਆਰਾ ਸਰਕਾਰ ਕਦਮ ਚੁਕ ਰਹੀ ਹੈ। 2,904 ਬਾਲਗ ਸਿਖਿਆ ਕੇਂਦਰ ਸ਼ੁਰੂ ਕੀਤੇ ਜਾ ਚੁਕੇ ਹਨ ਅਤੇ ਅਗਲੇ ਤਿੰਨ ਸਾਲਾਂ ਵਿਚ ਸਮੁੱਚੀ ਵਸੋਂ ਦੇ ਟੀਚੇ ਨੂੰ ਪੂਰਾ ਕਰਨ ਦੀ ਤਜਵੀਜ਼ ਹੈ। ਸਿਖਿਆ ਵਿਭਾਗ ਦੇ ਸਾਰੇ ਅਧਿਆਪਕਾਂ ਅਤੇ ਸਰਕਾਰ ਤੋਂ ਬੇਰੋਜ਼ਗਾਰੀ ਭੱਤਾ ਪ੍ਰਾਪਤ ਕਰਦੇ ਪੜ੍ਹੇ-ਲਿਖੇ ਬੇਰੋਜ਼ਗਾਰ ਵਿਅਕਤੀਆਂ ਦੀਆਂ ਸੇਵਾਵਾਂ ਇਸ ਮੰਤਵ ਲਈ ਪ੍ਰਾਪਤ ਕੀਤੀਆਂ ਜਾਣਗੀਆਂ। ਇਨ੍ਹਾਂ ਪ੍ਰੋਗਰਾਮਾਂ ਲਈ ਸਾਲ 1982-83 ਵਿਚ ਰਖੀ ਕੁਲ ਰਕਮ 80.47 ਕਰੋੜ ਰੁਪਏ ਹੈ। (ਥੰਪਿੰਗ)

13. ਪੂੰਜੀ ਲਾਉਣ ਦੀ ਵਿਧੀ ਨੂੰ ਸੁਖਾਲਾ ਬਣਾਉਣਾ, ਪ੍ਰਾਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨਾ ਯਕੀਨੀ ਬਣਾਉਣਾ, ਅਤੇ ਉਦਯੋਗਕ ਨੀਤੀਆਂ ਨੂੰ ਸੇਧ ਦੇਣਾ। ਦਸਤਕਾਰੀਆਂ, ਹੱਥ-ਖੱਡੀਆਂ, ਛੋਟੇ ਅਤੇ ਗ੍ਰਾਮ ਉਦਯੋਗਾਂ ਦੇ ਵਿਕਾਸ ਅਤੇ ਟੈਕਨਾਲੋਜੀ ਦੀ ਉਨਤੀ ਲਈ ਸਾਰੀਆਂ ਸਹੂਲਤਾਂ ਦੇਣਾ।

ਰਾਜ ਵਿਚ ਉਦਯੋਗ ਦੇ ਵਿਕਾਸ ਲਈ ਸਰਕਾਰ ਭਾਵੀ ਸਨਅਤਕਾਰਾਂ ਨੂੰ ਕਈ ਸਹੂਲਤਾਂ, ਜਿਵੇਂ ਕਿ ਵਿਆਜ-ਰਹਿਤ ਕਰਜ਼ੇ, ਬਿਜਲੀ ਕਰ ਤੇ ਸਬਸਿਡੀ, ਕਰ ਤੋਂ ਛੋਟ ਅਤੇ ਭੋਂ ਅਤੇ ਪੂੰਜੀ ਤੇ ਸਬਸਿਡੀ ਮੁਹਈਆ ਕਰ ਰਹੀ ਹੈ। ਸਾਡੀ ਸਰਕਾਰ ਨੇ "ਉਦਯੋਗ ਸਹਾਇਕ" ਸਥਾਪਿਤ ਕਰਕੇ ਦਫਤਰੀ ਕਾਰਵਾਈ ਵਿਚ ਤੇਜ਼ੀ ਲਿਆਉਣ ਲਈ ਇਕ ਮਹਤਵ-ਪੂਰਨ ਕਦਮ ਚੁਕਿਆ ਹੈ, ਜੋ ਭਾਵੀ ਸਨਅਤਕਾਰਾਂ ਨੂੰ ਸਮੇਂ-ਬੱਧ ਆਧਾਰ ਤੇ ਇਕ ਥਾਂ ਤੋਂ ਹੀ ਸਹਾਇਤਾ ਅਤੇ ਅਗਵਾਈ ਦਿੰਦਾ ਹੈ।

ਰਾਜ ਵਿਚ ਛੋਟੇ ਪੈਮਾਨੇ ਦੇ ਉਦਯੋਗਾਂ ਦੀ ਸਹਾਇਤਾ ਲਈ ਵਿਸ਼ੇਸ਼ ਸਕੀਮਾਂ ਚਾਲੂ ਕੀਤੀਆਂ ਜਾ ਰਹੀਆਂ ਹਨ। ਵਿੱਤੀ ਸਹਾਇਤਾ ਤੋਂ ਇਲਾਵਾ ਨਵੀਂ ਟੈਕਨਾਲੋਜੀ ਨੂੰ ਅਪਣਾਉਣ ਵਾਲੇ ਕੇਂਦਰਾਂ ਦੁਆਰਾ ਪੱਧਰ ਉਚਾ ਕਰਨ ਲਈ ਰਾਜ ਵਿਚ ਟੂਲ ਰੂਮਜ਼, ਹੌਜ਼ਰੀ ਅਤੇ ਬੁਣਾਈ ਵਿਕਾਸ ਕੇਂਦਰਾਂ, ਸਿਲਾਈ ਮਸ਼ੀਨ ਵਿਕਾਸ ਕੇਂਦਰ ਅਤੇ ਬਾਈਸਿਕਲ ਖੋਜ ਅਤੇ ਵਿਕਾਸ ਕੇਂਦਰ ਰਾਹੀਂ ਛੋਟੇ ਯੂਨਿਟਾਂ ਦੀ ਸਹਾਇਤਾ ਕੀਤੀ ਜਾ ਰਹੀ ਹੈ।

ਰਾਜ ਵਿਚ ਬੁਣਕਰਾਂ ਦੀ ਸਹਾਇਤਾ, ਪੰਜਾਬ ਹੱਥ-ਖੱਡੀ ਅਤੇ ਕਪੜਾ ਵਿਕਾਸ ਕਾਰਪੋਰੇਸ਼ਨ ਦੁਆਰਾ ਕੀਤੀ ਜਾ ਰਹੀ ਹੈ, ਜੋ ਵਿੱਤੀ, ਤਕਨੀਕੀ ਅਤੇ ਮੰਡੀਕਰਣ ਦੇ ਕੰਮਾਂ ਵਿਚ ਸਹਾਇਤਾ ਦਿੰਦੀ ਹੈ। ਵਿਸ਼ਵ ਬੈਂਕ ਦੀ ਸਹਾਇਤਾ ਨਾਲ 1982-83 ਵਿਚ ਲਾਗੂ ਕੀਤੇ ਜਾਣ ਵਾਲੇ ਪ੍ਰੋਗਰਾਮ ਨਾਲ ਰਾਜ ਵਿਚ 46,200 ਹੱਥ-ਖੱਡੀ ਬੁਣਕਰਾਂ ਨੂੰ ਸਿਖਲਾਈ ਅਤੇ ਰੋਜ਼ਗਾਰ ਮੁਹਈਆ ਕੀਤਾ ਜਾਵੇਗਾ। ਸਾਲ 1982-83 ਵਿਚ ਇਸ ਪ੍ਰੋਗਰਾਮ ਲਈ ਰੱਖੀ ਰਕਮ 3.25 ਕਰੋੜ ਰੁਪਏ ਹੈ ਅਤੇ ਪ੍ਰਾਜੈਕਟ ਦੀ

Original with;
Punjab Vidhan Sabha
Digitized by;
Panjab Digital Library

ਅਨੁਮਾਨਤ ਲਾਗਤ 88 ਕਰੋੜ ਰੁਪਏ ਹੈ। ਇਸ ਤੋਂ ਇਲਾਵਾ 9,000 ਹੱਥ-ਖੱਡੀ ਬੁਣਕਰਾਂ ਦੀ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਦੁਆਰਾ ਸਬਸਿਡੀਆਂ ਅਤੇ ਕਰਜ਼ਿਆਂ ਰਾਹੀਂ, ਕੱਚੇ ਮਾਲ ਦੀ ਸਪਲਾਈ ਅਤੇ ਬਣੀਆਂ ਵਸਤਾਂ ਦੇ ਮੰਡੀਕਰਣ ਵਿਚ ਸਹਾਇਤਾ ਕੀਤੀ ਜਾ ਰਹੀ ਹੈ। ਰਾਜ ਸਰਕਾਰ ਇਸ ਮੰਤਵ ਲਈ ਖਾਦੀ ਅਤੇ ਗ੍ਰਾਮ ਉਦਯੋਗ ਬੋਰਡ ਨੂੰ ਸਾਲ 1981-82 ਵਿਚ 12.20 ਲੱਖ ਰੁਪਏ ਅਤੇ 1982-83 ਵਿਚ 17.20 ਲੱਖ ਰੁਪਏ ਦੀ ਗ੍ਰਾਂਟ ਦੇਵੇਗੀ।

ਸਾਲ 1982-83 ਵਿਚ ਇਨ੍ਹਾਂ ਸਕੀਮਾਂ ਲਈ 9.19 ਕਰੋੜ ਰੁਪਏ ਦੀ ਰਕਮ ਟਿੱਕੀ ਗਈ ਹੈ।

14. ਕਾਰਜ ਕੁਸ਼ਲਤਾ ਵਧਾ ਕੇ ਅਤੇ ਅੰਦਰੂਨੀ ਵਸੀਲੇ ਜੁਟਾ ਕੇ ਸਰਕਾਰੀ ਅਦਾਰਿਆਂ ਦੇ ਕੰਮ ਵਿਚ ਸੁਧਾਰ ਲਿਆਉਣਾ।

ਸਰਕਾਰੀ ਸੈਕਟਰ ਦੇ ਅਦਾਰਿਆਂ ਦੀ ਕਾਰਜ ਕੁਸ਼ਲਤਾ ਵਧਾਉਣ ਅਤੇ ਉਨ੍ਹਾਂ ਦਾ ਸੁਧਾਰ ਕਰਨ ਸਬੰਧੀ ਸਰਕਾਰ ਵਲੋਂ ਕੀਤੀ ਜਾ ਰਹੀ ਲਗਾਤਾਰ ਤੇ ਅਸਰਦਾਰ ਕਾਰਵਾਈ ਬਾਰੇ ਮੈਂ ਆਪਣੇ ਭਾਸ਼ਣ ਦੇ ਮੁਢਲੇ ਹਿੱਸੇ ਵਿਚ ਵਿਸਤਾਰ ਪੂਰਬਕ ਜ਼ਿਕਰ ਕਰ ਚੁਕਾ ਹਾਂ। ਰਾਜ ਸਰਕਾਰ ਵਲੋਂ ਚੁਕੇ ਜਾ ਰਹੇ ਕਦਮਾਂ ਸਦਕਾ ਇਨ੍ਹਾਂ ਅਦਾਰਿਆਂ ਦੇ ਕੰਮ ਅਤੇ ਮੁਨਾਫੇ ਵਿਚ ਕਾਫੀ ਸੁਧਾਰ ਹੋਇਆ ਹੈ ਅਤੇ ਕੁਲ 4.40 ਕਰੋੜ ਰੁਪਏ ਦਾ ਮੁਨਾਫਾ ਕਮਾਉਣ ਵਾਲੀਆਂ ਕਾਰਪੋਰੇਸ਼ਨਾਂ ਦੀ ਗਿਣਤੀ ਵਧ ਕੇ 1980-81 ਵਿਚ 12 ਹੋ ਗਈ ਹੈ।

ਹੁਣ ਮੈਂ ਮਾਨਯੋਗ ਮੈਂਬਰਾਂ ਦੀ ਗਿਆਤ ਲਈ ਵੱਖ ਵੱਖ ਸੈਕਟਰਾਂ ਵਿਚ ਸ਼ੁਰੂ ਕੀਤੇ ਮੁੱਖ ਪ੍ਰੋਗਰਾਮਾਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਦੇਣੀ ਚਾਹੁੰਦਾ ਹਾਂ।

### ਖੇਤੀਬਾੜੀ

ਪੈਦਾਵਾਰ ਅਤੇ ਰੋਜ਼ਗਾਰ ਦੋਹਾਂ ਪੱਖਾਂ ਤੋਂ, ਖੇਤੀ ਬਾੜੀ ਪੰਜਾਬ ਦੀ ਆਰਥਕਤਾ ਵਿਚ ਇਕ ਪ੍ਰਮੁੱਖ ਖੇਤਰ ਹੈ। 1981-82 ਵਿਚ ਰਾਜ ਦੇ ਕੁੱਲ ਅੰਦਰੂਨੀ ਉਤਪਾਦਨ ਦਾ 53.5 ਫੀ ਸਦੀ ਹਿੱਸਾ ਖੇਤੀਬਾੜੀ ਅਤੇ ਉਸ ਨਾਲ ਸਬੰਧਤ ਸਰਗਰਮੀਆਂ ਤੋਂ ਹੋਇਆ ਅਤੇ 1981-82 ਵਿਚ ਕੁਲ ਜ਼ਰਾਇਤੀ ਪੈਦਾਵਾਰ 2,700 ਕਰੋੜ ਰੁਪਏ ਤਕ ਹੋਣ ਦੀ ਸੰਭਾਵਨਾ ਹੈ। ਚਾਲੂ ਸਾਲ ਦੇ ਦੌਰਾਨ ਅਨਾਜ ਦੀ ਕੁਲ ਉਪਜ 127.40 ਲੱਖ ਮੀਟਰਕ ਟਨ ਹੋਣ ਦੀ ਸੰਭਾਵਨਾ ਹੈ ਜਦੋਂ ਕਿ ਸਾਲ 1980-81 ਵਿਚ ਵਾਸਤਵਿਕ ਉਪਜ 119.08 ਲੱਖ ਮੀਟਰਕ ਟਨ ਸੀ। ਚਾਲੂ ਸਾਲ ਦੇ ਦੌਰਾਨ ਚਾਵਲ ਦੀ ਉਪਜ ਵਿਚ ਬੇਮਿਸਾਲ ਵਾਧਾ ਹੋਇਆ ਹੈ ਅਤੇ ਇਹ ਹੁਣ 36.50 ਲੱਖ ਮੀਟਰਕ ਟਨ ਹੈ। ਪੰਜਾਬ ਪਹਿਲਾਂ ਵਾਂਗ ਕੇਂਦਰੀ ਅਨਾਜ ਪੂਲ ਵਿਚ ਪ੍ਰਮੁੱਖ ਸਹਾਇਕ ਰਿਹਾ ਹੈ ਅਤੇ ਇਸ ਨੇ ਕੇਂਦਰੀ ਕਣਕ ਪੂਲ ਵਿਚ 57.1 ਫੀ ਸਦੀ ਅਤੇ ਕੇਂਦਰੀ ਚਾਵਲ ਪੂਲ ਵਿਚ 54.7% ਹਿਸਾ ਪਾਇਆ ਹੈ। ਕੌਮੀ ਖ਼ੁਰਾਕ ਆਰਥਕਤਾ ਵਿਚ ਪੰਜਾਬ ਦੇ ਯੋਗਦਾਨ ਦੀ ਇਹ ਨੁਮਾਇਆਂ ਮਿਸਾਲ ਪੰਜਾਬ ਦੇ ਪ੍ਰਗਤੀਸ਼ੀਲ ਅਤੇ ਬਹਾਦਰ ਕਿਸਾਨਾਂ ਦੀ ਸਖ਼ਤ ਅਤੇ ਪੁਰਜ਼ੋਰ ਮਿਹਨਤ ਸਦਕਾ ਹੀ ਸੰਭਵ ਹੋ ਸਕੀ ਹੈ, ਜਿਨ੍ਹਾਂ ਨੂੰ ਰਾਜ ਸਰਕਾਰ ਵਲੋਂ ਸਿੱਧੇ ਅਤੇ ਅਸਿੱਧੇ ਤੌਰ ਤੇ 112 ਕਰੋੜ ਰੁਪਏ ਦੀ ਭਾਰੀ ਸਬਸਿਡੀ ਦਿਤੀ ਗਈ ਹੈ। ਕੇਵਲ ਨਹਿਰੀ ਪਾਣੀ ਦੇ ਸਬੰਧ ਵਿਚ ਹੀ ਰਾਜ ਸਰਕਾਰ ਕਿਸਾਨਾਂ ਨੂੰ ਲਗ ਭਗ 14 ਕਰੋੜ ਰੁਪਏ ਸਾਲਾਨਾ ਦੀ ਸਬਸਿਡੀ ਦੇ ਰਹੀ ਹੈ ਅਤੇ ਪੰਜਾਬ ਰਾਜ ਬਿਜਲੀ ਬੋਰਡ ਟਿਊਬਵੈਲਾਂ ਲਈ ਬਿਜਲੀ ਦੇ ਰੇਟਾਂ ਵਿਚ ਲਗ ਭਗ 90 ਕਰੋੜ ਰੁਪਏ ਦਾ ਸਾਲਾਨਾ ਘਾਟਾ ਬਰਦਾਸ਼ਤ ਕਰ ਰਿਹਾ ਹੈ। ਰਾਜ ਸਰਕਾਰ ਵਲੋਂ ਲਗਾਤਾਰ ਕੋਸ਼ਿਸ਼ਾਂ ਅਤੇ ਜ਼ੋਰ ਦੇਣ ਤੇ ਭਾਰਤ ਸਰਕਾਰ ਤੋਂ ਕਣਕ ਅਤੇ ਚਾਵਲ ਦੀਆਂ ਲਾਹੇਵੰਦ ਕੀਮਤਾਂ ਦਿਵਾਉਣ ਸਬੰਧੀ ਜੋ ਸਫਲਤਾ ਸਾਨੂੰ ਮਿਲੀ ਹੈ, ਉਸ ਨੇ ਜ਼ਰਾਇਤੀ ਪੈਦਾਵਾਰ ਵਿਚ ਇਹ ਸ਼ਾਨਦਾਰ ਨਤੀਜੇ ਪ੍ਰਾਪਤ ਕਰਨ ਵਿਚ ਅਹਿਮ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਹਿੱਸਾ ਪਾਇਆ ਹੈ । ਕਣਕ ਦੀ ਕੀਮਤ ਵਿਚ 117 ਰੁਪਏ ਤੋਂ 130 ਰੁਪਏ ਤਕ 13 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਅਤੇ ਚਾਵਲ ਦੀ ਕੀਮਤ ਵਿਚ 105—113 ਰੁਪਏ ਅਤੇ 115—123 ਰੁਪਏ ਤਕ 10 ਰੁਪਏ ਪ੍ਰਤੀ ਕੁਇੰਟਲ ਦੇ ਵਾਧੇ ਨਾਲ ਕਿਸਾਨਾਂ ਨੂੰ ਪਿਛਲੀ ਫਸਲ ਨਾਲੋਂ ਲਗ ਭਗ 155 ਕਰੋੜ ਰੁਪਏ ਦਾ ਲਾਭ ਹੋਵੇਗਾ । (ਥੰਪਿੰਗ)

ਖੇਤੀਬਾੜੀ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਵੱਖ ਵੱਖ ਸਕੀਮਾਂ ਅਤੇ ਪ੍ਰੋਗਰਾਮ ਲਗਾਤਾਰ ਤੇਜ਼ੀ ਨਾਲ ਚਲ ਰਹੇ ਹਨ । ਮੈਂ ਇਥੇ ਰਾਜ ਵਿਚ ਕੱਲਰਮਾਰੀ ਜ਼ਮੀਨ ਦੇ ਸੁਧਾਰ ਸਬੰਧੀ ਪ੍ਰੋਗਰਾਮ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਚਾਹੁੰਦਾ ਹਾਂ । ਇਸ ਪ੍ਰੋਗਰਾਮ ਅਧੀਨ 1981-82 ਵਿਚ 32,000 ਹੈਕਟੇਅਰ ਰਕਬੇ ਵਿਚ ਸੁਧਾਰ ਕੀਤਾ ਜਾਏਗਾ, ਜਿਸ ਤੇ ਰਾਜ ਦੇ ਬਜਟ ਵਿਚੋਂ 4 ਕਰੋੜ ਰੁਪਏ ਸਬ-ਸਿਡੀ ਦੇ ਤੌਰ ਤੇ ਖ਼ਰਚ ਕੀਤੇ ਜਾ ਰਹੇ ਹਨ । ਅਗਲੇ ਸਾਲ ਇਸ ਪ੍ਰੋਗਰਾਮ ਲਈ ਸਬਸਿਡੀ ਦੀ ਰਕਮ 4 ਕਰੋੜ ਰੁਪਏ ਹੋਵੇਗੀ ।

### ਬਾਗਬਾਨੀ

ਜ਼ਰਾਇਤੀ ਆਰਥਕਤਾ ਵਿਚ ਵਿਭਿੰਨਤਾ ਲਿਆਉਣ ਲਈ ਰਾਜ ਸਰਕਾਰ ਵਿਗਿਆਨਕ ਅਤੇ ਉਪਜਾਊ ਲੀਹਾਂ ਉਤੇ ਬਾਗ਼ਬਾਨੀ ਦਾ ਵਿਕਾਸ ਕਰਨ ਦਾ ਦ੍ਰਿੜ੍ਹ ਨਿਸ਼ਚਾ ਰਖਦੀ ਹੈ । ਬਾਗ਼ਬਾਨੀ ਵਿਭਾਗ, ਜ਼ਰੂਰੀ ਪਦਾਰਥਾਂ ਦੀ ਸਪਲਾਈ, ਸਬਸਿਡੀਆਂ ਦੇ ਕੇ ਅਤੇ ਤਕਨੀਕੀ ਜਾਣਕਾਰੀ ਦਾ ਪ੍ਰਸਾਰ ਕਰ ਕੇ, ਕਿਸਾਨਾਂ ਦੀ ਸਰਗਰਮ ਅਗਵਾਈ ਕਰ ਰਿਹਾ ਹੈ । ਸਾਲ 1982-83 ਦੇ ਦੌਰਾਨ 5,000 ਹੈਕਟੇਅਰ ਰਕਬੇ ਨੂੰ ਵਪਾਰਕ ਲੀਹਾਂ ਉਤੇ ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਅਧੀਨ ਲਿਆਉਣ ਦੀ ਤਜਵੀਜ਼ ਹੈ। ਵਧੀਆ ਕੁਆਲਟੀ ਦੇ ਅਤੇ ਰੋਗ-ਰਹਿਤ ਪੌਦੇ ਅਤੇ ਬੀਜ ਸਪਲਾਈ ਕਰਨਾ, ਇਸ ਵਿਭਾਗ ਦੀ ਇਕ ਪ੍ਰਮੁੱਖ ਸਰਗਰਮੀ ਹੈ। 1982-83 ਦੇ ਦੌਰਾਨ 4 ਲੱਖ ਰੁਪਏ ਦੀ ਲਾਗਤ ਨਾਲ ਜਲੰਧਰ, ਬਠਿੰਡਾ, ਫੀਰੋਜ਼ਪੁਰ ਅਤੇ ਗੁਰਦਾਸਪੁਰ ਵਿਖੇ ਬਾਗਬਾਨੀ ਦੀਆਂ ਉਪਜਾਂ ਲਈ ਚਾਰ ਨਵੇਂ ਸਮੂਹਕ ਕੈਨਿੰਗ ਕੇਂਦਰ ਕਾਇਮ ਕਰਨ ਦੀ ਤਜਵੀਜ਼ ਹੈ । ਕਿਸਾਨਾਂ ਦੀ ਆਰਥਕ ਸਥਿਤੀ ਨੂੰ ਸੁਧਾਰਨ ਲਈ ਅਤੇ ਬਾਗਬਾਨੀ ਦੀਆਂ ਉਪਜਾਂ ਦੀ ਲਾਹੇਵੰਦ ਵਿਕਰੀ ਲਈ ਚਾਲੂ ਸਾਲ ਦੇ ਦੌਰਾਨ ਪੰਜਾਬ ਬਾਗ਼ਬਾਨੀ ਕਾਰਪੋਰੇਸ਼ਨ ਨਾਂ ਦੀ ਇਕ ਨਵੀਂ ਕਾਰਪੋਰੇਸ਼ਨ ਸਥਾਪਿਤ ਕੀਤੀ ਗਈ ਹੈ ਅਤੇ ਇਸ ਨਾਲ ਸਬੰਧਤ ਕਾਰਜਾਂ ਨੂੰ ਮੁਕੰਮਲ ਕਰਨ ਲਈ 5 ਲੱਖ ਰੁਪਏ ਦੀ ਰਕਮ ਇਸੇ ਵਿੱਤੀ ਸਾਲ ਦੇ ਦੌਰਾਨ ਖ਼ਰਚ ਕੀਤੀ ਜਾ ਰਹੀ ਹੈ । 1982-83 ਲਈ ਇਸ ਕਾਰਪੋਰੇਸ਼ਨ ਦੀ ਹਿੱਸਾ ਪੂੰਜੀ ਵਾਸਤੇ 25 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

### ਪਸ਼ੂ-ਪਾਲਣ

ਪਸ਼ੂ-ਪਾਲਣ ਵਿਭਾਗ, ਰਾਜ ਵਿਚ ਪਸ਼ੂਆਂ ਦੀ ਸਿਹਤ-ਸੰਭਾਲ ਅਤੇ ਨਸਲ ਸੁਧਾਰਨ ਦੇ ਪ੍ਰੋਗਰਾਮਾਂ ਨੂੰ ਪਰਮ ਅਗੇਤ ਦੇ ਰਿਹਾ ਹੈ । ਇਹ ਹੋਰ ਵਿਕਾਸ ਏਜੰਸੀਆਂ ਨੂੰ ਵੀ ਡੇਅਰੀ, ਮੁਰਗੀ ਪਾਲਣ, ਸੂਰ-ਪਾਲਣ ਅਤੇ ਮੱਛੀ-ਪਾਲਣ ਆਦਿ ਨਾਲ ਸਬੰਧਤ ਆਪਣੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਲੋੜੀਂਦੀ ਸਹਾਇਤਾ ਦਿੰਦਾ ਹੈ । ਇਸ ਮੰਤਵ ਲਈ, 100 ਪਸ਼ੂ ਚਿਕਿਤਸਾ ਡਿਸਪੈਂਸਰੀਆਂ ਅਤੇ 413 ਹਸਪਤਾਲ ਅਤੇ ਵੀਰਜ ਦੇ ਟੀਕੇ ਲਾਉਣ ਦੇ ਕੇਂਦਰ 31 ਦਸੰਬਰ, 1981 ਤਕ ਖੋਲ੍ਹੇ ਜਾ ਚੁਕੇ ਹਨ ਅਤੇ ਸਾਲ 1982-83 ਵਿਚ 10 ਨਵੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਅਤੇ ਇਕ ਪਸ਼ੂ ਚਿਕਿਤਸਾ ਪਾਲੀਟੈਕਨਿਕ ਖੋਲ੍ਹੀ ਜਾਵੇਗੀ । ਨਸਲ ਸੁਧਾਰਨ ਦੇ ਪ੍ਰੋਗਰਾਮ ਲਈ "ਫਰੋਜ਼ਨ ਸੀਮਨ ਬੈਂਕ-ਕਮ-ਬੁਲ ਸਟੇਸ਼ਨ" ਕਾਇਮ ਕੀਤਾ ਜਾਵੇਗਾ । ਸਾਲ 1982-83 ਲਈ ਵੀਰਜ ਦੇ ਟੀਕੇ ਲਾਉਣ ਦਾ ਟੀਚਾ 5.50 ਲੱਖ ਨਿਸ਼ਚਿਤ ਕੀਤਾ ਗਿਆ ਹੈ। ਇਸ ਦੇ ਸਿੱਟੇ ਵਜੋਂ ਦੁੱਧ ਦਾ ਉਤ-ਪਾਦਨ ਸਾਲ 1981-82 ਵਿਚ 3,514 ਮੀਟਰਕ ਟਨ ਤੋਂ ਵੱਧ ਕੇ 1982-83 ਵਿਚ 3,750 ਮੀਟ-ਰਕ ਟਨ ਹੋ ਜਾਣ ਦੀ ਆਸ ਹੈ । (ਥੰਪਿੰਗ) ਇਸ ਵਿਭਾਗ ਦਾ ਸਮੁੱਚਾ ਯੋਜਨਾ-ਉਪਬੰਧ

Original with;
Punjab Vidhan Sabha
Digitized by;
Panjab Digital Library

ਸਾਲ 1981-82 ਵਿਚ 3.22 ਕਰੋੜ ਰੁਪਏ ਤੋਂ ਵਧਾ ਕੇ 1982-83 ਵਿਚ 4.50 ਕਰੋੜ ਰੁਪਏ ਕਰ ਦਿੱਤਾ ਗਿਆ ਹੈ। (ਥੰਪਿੰਗ)

### ਡੇਰੀ ਉਦਯੋਗ

ਡੇਅਰੀ ਵਿਕਾਸ ਦੇ ਖੇਤਰ ਵਿਚ ਕਿਸਾਨਾਂ ਦੀ ਆਰਥਕਤਾ ਨੂੰ ਸੁਧਾਰਨ ਲਈ ਸਹਿਕਾਰੀ ਸੈਕਟਰ ਵਿਚ "ਓਪਰੇਸ਼ਨ ਫਲੱਡ II" ਪ੍ਰੋਗਰਾਮ ਪੂਰੇ ਜ਼ੋਰ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸ ਮੰਤਵ ਲਈ, ਰਾਜ ਸਹਿਕਾਰੀ ਦੁੱਧ ਸਿਖਰ ਫੈਡਰੇਸ਼ਨ ਅਧੀਨ 31 ਦਸੰਬਰ, 1981 ਤਕ 1,553 ਸਹਿਕਾਰੀ ਦੁੱਧ ਉਤਪਾਦਕ ਸੁਸਾਇਟੀਆਂ ਸੰਗਠਿਤ ਕੀਤੀਆਂ ਜਾ ਚੁਕੀਆਂ ਹਨ ਅਤੇ ਇਨ੍ਹਾਂ ਦੀ ਗਿਣਤੀ ਸਾਲ 1982-83 ਦੇ ਅੰਤ ਤਕ 2,670 ਹੋ ਜਾਣ ਦੀ ਆਸ ਹੈ। ਸੰਗਰੂਰ ਮਿਲਕ ਪਲਾਂਟ ਦੀ ਸਮਰਥਾ 45,000 ਲਿਟਰ ਤੋਂ ਵਧਾ ਕੇ 2,50,000 ਲਿਟਰ ਪ੍ਰਤੀ ਦਿਨ ਅਤੇ ਬਠਿੰਡਾ ਮਿਲਕ ਪਲਾਂਟ ਦੀ 45,000 ਲਿਟਰ ਤੋਂ 1 ਲੱਖ ਲਿਟਰ ਪ੍ਰਤੀ ਦਿਨ ਕਰਨ ਦਾ ਕੰਮ ਚਾਲੂ ਸਾਲ ਦੇ ਦੌਰਾਨ 6 ਕਰੋੜ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਚੁੱਕਾ ਹੈ। (ਥੰਪਿੰਗ) ਜਲੰਧਰ ਅਤੇ ਹੁਸ਼ਿਆਰਪੁਰ ਦੇ ਮਿਲਕ ਪਲਾਂਟਾਂ ਦਾ ਵਿਸਤਾਰ ਸਾਲ 1982-83 ਵਿਚ 6.35 ਕਰੋੜ ਰੁਪਏ ਤੋਂ ਵੱਧ ਦੀ ਅਨੁਮਾਨਤ ਲਾਗਤ ਨਾਲ ਸ਼ੁਰੂ ਕੀਤਾ ਜਾਵੇਗਾ। 4.6 ਕਰੋੜ ਰੁਪਏ ਦੀ ਲਾਗਤ ਵਾਲਾ ਗੁਰਦਾਸਪੁਰ ਮਿਲਕ ਪਲਾਂਟ ਉਸਾਰੀ ਅਧੀਨ ਹੈ। ਇਸ ਤੋਂ ਇਲਾਵਾ 200 ਮੀਟਰਕ ਟਨ ਪ੍ਰਤੀ ਦਿਨ ਦੀ ਸਮਰਥਾ ਵਾਲਾ ਇਕ ਪਸ਼ੂ ਚਾਰਾ ਪਲਾਂਟ ਬਠਿੰਡਾ ਵਿਖੇ ਕਾਇਮ ਕੀਤਾ ਜਾ ਰਿਹਾ ਹੈ ਅਤੇ ਸਾਲ 1982-83 ਦੇ ਅੰਤ ਤਕ ਇਸ ਦੇ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ। ਰਾਜ ਸਰਕਾਰ, ਰਾਜ ਯੋਜਨਾ ਫੰਡਾਂ ਵਿਚੋਂ ਸਾਲ 1982-83 ਵਿਚ ਮਿਲਕਫੈਡ ਨੂੰ 47 ਲੱਖ ਰੁਪਏ ਦਾ ਅਨੁਦਾਨ ਦੇਵੇਗੀ।

### ਸਹਿਕਾਰਤਾ

ਸਹਿਕਾਰੀ ਸੈਕਟਰ, ਰਾਜ ਦੀ ਜ਼ਰਾਇਤੀ ਆਰਥਕਤਾ ਵਿਚ ਇਕ ਪਾਸੇ ਜ਼ਰੂਰੀ ਪਦਾਰਥਾਂ ਲਈ ਕਰਜ਼ੇ ਦੇ ਕੇ ਅਤੇ ਭੋਂ ਅਤੇ ਮਸ਼ੀਨਰੀ ਲਈ ਪੂੰਜੀ ਮੁਹਈਆ ਕਰਕੇ ਅਤੇ ਦੂਜੇ ਪਾਸੇ ਜ਼ਰਾਇਤੀ ਪੈਦਾਵਾਰ ਦੀ ਪ੍ਰਾਸੈਸਿੰਗ ਅਤੇ ਮੰਡੀਕਰਣ ਦੀਆਂ ਸਹੂਲਤਾਂ ਦੇ ਕੇ ਨਿਗਰ ਰੋਲ ਅਦਾ ਕਰਦਾ ਆ ਰਿਹਾ ਹੈ।

ਸਾਲ 1980-81 ਦੇ ਦੌਰਾਨ, 220 ਕਰੋੜ ਰੁਪਏ ਦੀ ਰਕਮ ਥੋੜ੍ਹੀ ਮਿਆਦ ਦੇ ਜ਼ਰਾਇਤੀ ਕਰਜ਼ੇ ਵਜੋਂ ਮੁਢਲੀਆਂ ਸਹਿਕਾਰੀ ਖੇਤੀਬਾੜੀ ਸੁਸਾਇਟੀਆਂ ਦੁਆਰਾ ਦਿੱਤੀ ਗਈ। ਇਹ ਵੱਧ ਕੇ ਚਾਲੂ ਸਾਲ ਵਿਚ 250 ਕਰੋੜ ਰੁਪਏ ਹੋ ਜਾਵੇਗੀ ਅਤੇ ਸਾਲ 1982-83 ਵਿਚ ਹੋਰ ਵੱਧ ਕੇ ਇਸ ਦੇ 275 ਕਰੋੜ ਰੁਪਏ ਹੋ ਜਾਣ ਦੀ ਆਸ ਹੈ। (ਥੰਪਿੰਗ) ਇਸ ਵਿਚੋਂ 48% ਛੋਟੇ ਅਤੇ ਸੀਮਾਂਤੀ ਕਿਸਾਨਾਂ ਨੂੰ ਦੇਣ ਦੀ ਤਜਵੀਜ਼ ਹੈ। ਇਕ ਵਿਅਕਤੀ ਦੀ ਵੱਧ ਤੋਂ ਵੱਧ ਕਰਜ਼ਾ-ਸੀਮਾ 12,000 ਰੁਪਏ ਤੋਂ ਵਧਾ ਕੇ 15,000 ਰੁਪਏ ਕਰ ਦਿਤੀ ਗਈ ਹੈ। ਦੀਰਘ ਕਾਲੀ ਕਰਜ਼ਿਆਂ ਦੇ ਸਬੰਧ ਵਿਚ, ਪੰਜਾਬ ਰਾਜ ਸਹਿਕਾਰੀ ਭੋਂ ਰਹਿਨ ਬੈਂਕ ਲਈ ਚਾਲੂ ਸਾਲ ਵਿਚ 38 ਕਰੋੜ ਰੁਪਏ ਦੀ ਪੂਰਵ ਅਨੁਮਾਨਤ ਪ੍ਰਾਪਤੀ ਦੇ ਮੁਕਾਬਲੇ ਤੇ 1982-83 ਵਿਚ 44 ਕਰੋੜ ਰੁਪਏ ਦਾ ਟੀਚਾ ਨਿਸ਼ਚਿਤ ਕੀਤਾ ਗਿਆ ਹੈ। ਇਸ ਦਾ ਇਕ ਮਹੱਤਵ ਪੂਰਨ ਪੱਖ ਕੇਵਲ ਜ਼ਰਾਇਤੀ ਸਰਗਰਮੀਆਂ, ਜਿਵੇਂ ਕਿ ਭੋਂ, ਟਰੈਕਟਰ, ਖੇਤੀਬਾੜੀ, ਸੰਦ ਖ਼ਰੀਦਣ ਅਤੇ ਟਿਊਬਵੈੱਲ ਲਾਉਣ ਆਦਿ ਲਈ ਹੀ ਕਰਜ਼ੇ ਦੇਣਾ ਨਹੀਂ ਸਗੋਂ ਇਸ ਨਾਲ ਸਬੰਧਤ ਸਰਗਰਮੀਆਂ, ਜਿਵੇਂ ਬਾਗਬਾਨੀ, ਮੁਰਗੀ ਪਾਲਣ, ਕੱਲਰ ਮਾਰੀ ਭੋਂ ਦੇ ਸੁਧਾਰ ਅਤੇ ਊਠ ਗੱਡੀਆਂ ਖਰੀਦਣ ਲਈ ਵੀ ਕਰਜ਼ਾ ਦੇਣਾ ਸ਼ਾਮਲ ਹੈ।

ਵੱਧ ਸਮਰਥਾ ਵਾਲੇ ਸਟੋਰਾਂ ਦੀ ਉਸਾਰੀ ਦਾ ਪ੍ਰਾਜੈਕਟ ਰਾਸ਼ਟਰੀ ਸਹਿਕਾਰੀ ਵਿਕਾਸ ਕਾਰਪੋਰੇਸ਼ਨ ਦੁਆਰਾ ਲਾਗੂ ਕੀਤਾ ਜਾ ਰਿਹਾ ਹੈ ਅਤੇ ਵਿਸ਼ਵ ਬੈਂਕ ਵੀ ਇਸ ਵਿਚ ਸਹਾਇਤਾ ਕਰ ਰਿਹਾ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

48,000 ਮੀਟਰਕ ਟਨ ਦੀ ਸਮਰਥਾ ਵਾਲੇ ਸਟੋਰਾਂ ਦੀ ਉਸਾਰੀ 1.50 ਕਰੋੜ ਰੁਪਏ ਦੀ ਲਾਗਤ ਨਾਲ ਜਨਵਰੀ, 1982 ਦੇ ਅੰਤ ਤਕ ਮੁਕੰਮਲ ਕੀਤੀ ਜਾ ਚੁਕੀ ਹੈ। 4,000 ਮੀਟਰਕ ਟਨ ਦੀ ਸਮਰੱਥਾ ਵਾਲੇ ਤਿੰਨ ਸਹਿਕਾਰੀ ਕੋਲਡ ਸਟੋਰਾਂ ਦੀ ਉਸਾਰੀ ਸਾਲ 1981-82 ਦੇ ਦੌਰਾਨ ਸ਼ੁਰੂ ਕੀਤੀ ਗਈ ਸੀ ਅਤੇ ਸਾਲ 1982-83 ਵਿਚ ਅਜਿਹੇ ਪੰਜ ਹੋਰ ਸਹਿਕਾਰੀ ਕੋਲਡ ਸਟੋਰਾਂ ਦਾ ਕੰਮ ਸ਼ੁਰੂ ਕੀਤਾ ਜਾਵੇਗਾ । ਮੁਢਲੀਆਂ ਜ਼ਰਾਇਤੀ ਸੇਵਾ ਸੁਸਾਇਟੀਆਂ ਅਤੇ ਰਾਜ ਮੰਡੀਕਰਣ ਫੈਡਰੇਸ਼ਨ ਨੂੰ ਕ੍ਰਮਵਾਰ 99,500 ਮੀਟਰਕ ਟਨ ਅਤੇ 88,000 ਮੀਟਰਕ ਟਨ ਸਮਰੱਥਾ ਦੇ ਸਟੋਰ ਬਣਾਉਣ ਲਈ ਸਾਲ 1982-83 ਦੇ ਦੌਰਾਨ 1.54 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਜਾ ਰਹੀ ਹੈ।

ਸਹਿਕਾਰੀ ਕਤਾਈ ਮਿੱਲ ਫੈਡਰੇਸ਼ਨ ਨੇ ਸ਼ਲਾਘਾਯੋਗ ਪ੍ਰਗਤੀ ਕੀਤੀ ਹੈ, ਜੋ ਕਿ ਰਾਜ ਵਿਚ ਮਾਨਸਾ, ਮਲੋਟ, ਅਬੋਹਰ, ਤਪਾ ਅਤੇ ਗੋਇੰਦਵਾਲ ਸਾਹਿਬ ਵਿਖੇ ਪੰਜ ਨਵੀਆਂ ਸਹਿਕਾਰੀ ਕਤਾਈ ਮਿੱਲਾਂ ਕਾਇਮ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਕਰ ਰਹੀ ਹੈ। ਸਾਰਾ ਕੰਮ ਨਿਸ਼ਚਿਤ ਟੀਚਿਆਂ ਅਨੁਸਾਰ ਠੀਕ ਚਲ ਰਿਹਾ ਹੈ ਅਤੇ ਪਹਿਲੀ ਮਿੱਲ ਅਬੋਹਰ ਵਿਖੇ 1982 ਦੇ ਮੱਧ ਵਿਚ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ । ਮਾਨਸਾ ਮਿੱਲ ਵੀ ਇਸੇ ਸਾਲ ਕੁਝ ਸਮੇਂ ਪਿਛੋਂ ਚਾਲੂ ਕੀਤੀ ਜਾਵੇਗੀ । ਇਸ ਪ੍ਰਾਜੈਕਟ ਲਈ ਸਾਲ 1982-83 ਵਿਚ 5.80 ਕਰੋੜ ਰੁਪਏ ਰਖੇ ਗਏ ਹਨ । (ਥੰਪਿੰਗ)

ਇਕ ਹੋਰ ਖੰਡ ਮਿੱਲ ਦੀ ਉਸਾਰੀ ਦਾ ਕੰਮ ਧਬਲਾਨ, ਜ਼ਿਲ੍ਹਾ ਪਟਿਆਲਾ ਵਿਖੇ ਫਰਵਰੀ, 1982 ਤੋਂ ਸ਼ੁਰੂ ਕੀਤਾ ਜਾ ਚੁਕਾ ਹੈ । ਇਸ ਪ੍ਰਾਜੈਕਟ ਤੇ 9 ਕਰੋੜ ਰੁਪਏ ਖ਼ਰਚ ਹੋਣਗੇ ਅਤੇ 1984 ਵਿਚ ਇਸ ਦੇ ਚਾਲੂ ਹੋ ਜਾਣ ਦੀ ਸੰਭਾਵਨਾ ਹੈ। (ਥੰਪਿੰਗ)

## ਦਿਹਾਤੀ ਵਿਕਾਸ ਅਤੇ ਪੰਚਾਇਤਾਂ

ਦਿਹਾਤੀ ਵਿਕਾਸ ਕਾਰਜ ਨੂੰ ਹੁਣ ਸੰਗਠਿਤ ਦਿਹਾਤੀ ਵਿਕਾਸ ਪ੍ਰੋਗਰਾਮ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਰਿਹਾ ਹੈ । ਇਸ ਪ੍ਰੋਗਰਾਮ ਦੇ ਪ੍ਰਬੰਧਕੀ ਢਾਂਚੇ ਨੂੰ ਇਕ ਨਵਾਂ ਰੂਪ ਦਿਤਾ ਗਿਆ ਹੈ ਅਤੇ ਰਾਜ ਦੇ 12 ਜ਼ਿਲ੍ਹਿਆਂ ਵਿਚ 12 ਦਿਹਾਤੀ ਵਿਕਾਸ ਏਜੰਸੀਆਂ ਕੰਮ ਕਰ ਰਹੀਆਂ ਹਨ। ਇਨ੍ਹਾਂ ਏਜੰਸੀਆਂ ਦੇ ਕੰਮ ਕਾਜ ਦੇ ਖੇਤਰ ਵਿਚ ਸਾਲ 1981-82 ਦੇ ਦੌਰਾਨ ਚੋਖਾ ਵਾਧਾ ਕੀਤਾ ਗਿਆ ਹੈ ਤਾਂ ਜੋ ਕਮਜ਼ੋਰ ਵਰਗਾਂ ਨੂੰ ਵਿਆਜ-ਰਹਿਤ ਕਰਜ਼ੇ ਦੇਣ ਦੇ ਕੰਮ ਨੂੰ ਵੀ ਇਨ੍ਹਾਂ ਦੀਆਂ ਮੁੱਖ ਸਰਗਰਮੀਆਂ ਵਿਚ ਸ਼ਾਮਲ ਕੀਤਾ ਜਾ ਸਕੇ । ਸਾਲ 1980-81 ਦੇ ਦੌਰਾਨ ਇਨ੍ਹਾਂ ਏਜੰਸੀਆਂ ਰਾਹੀਂ ਇਸ ਵਰਗ ਦੇ ਲੋਕਾਂ ਨੂੰ 22.50 ਕਰੋੜ ਰੁਪਏ ਦੀ ਰਕਮ ਦਿਤੀ ਗਈ ਸੀ, ਜਿਸ ਨਾਲ 63,882 ਪਰਿਵਾਰਾਂ ਨੂੰ ਲਾਭ ਪੁਜਿਆ । 31 ਜਨਵਰੀ, 1982 ਤਕ 50,762 ਪਰਿਵਾਰਾਂ ਨੂੰ ਲਾਭ ਪਹੁਚਾਉਣ ਲਈ 12.50 ਕਰੋੜ ਰੁਪਏ ਦੀ ਰਕਮ ਵੰਡੀ ਗਈ ਅਤੇ 31 ਮਾਰਚ, 1982 ਤਕ ਹੋਰ 85,000 ਪਰਿਵਾਰਾਂ ਨੂੰ ਲਾਭ ਪਹੁੰਚਾਇਆ ਜਾਵੇਗਾ । ਸਾਲ 1982-83 ਲਈ ਇਨ੍ਹਾਂ ਏਜੰਸੀਆਂ ਦੁਆਰਾ ਫੰਡ ਦੀ ਵੰਡ ਦਾ ਟੀਚਾ 25 ਕਰੋੜ ਰੁਪਏ ਮਿਥਿਆ ਗਿਆ ਹੈ, ਜਿਸ ਨਾਲ 94,400 ਪਰਿਵਾਰਾਂ ਨੂੰ ਲਾਭ ਪੁਜੇਗਾ । ਲਾਭ ਪ੍ਰਾਪਤ ਕਰਨ ਵਾਲਿਆਂ ਨੂੰ ਇਸ ਪ੍ਰੋਗਰਾਮ ਅਧੀਨ ਕਰਜ਼ੇ ਲੈਣ ਲਈ ਜਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਮੈਨੂੰ ਉਨ੍ਹਾਂ ਬਾਰੇ ਪਤਾ ਹੈ। ਇਹ ਯਕੀਨੀ ਬਣਾਇਆ ਜਾਵੇਗਾ ਕਿ ਕਰਜ਼ਾ ਦੇਣ ਵਾਲੀਆਂ ਸਬੰਧਤ ਏਜੰਸੀਆਂ ਲਾਭ ਪ੍ਰਾਪਤ ਕਰਨ ਵਾਲਿਆਂ ਨੂੰ, ਉਨ੍ਹਾਂ ਦੇ ਪਿੰਡ ਵਿਚ ਜਾ ਕੇ ਮਿਲਣ ਅਤੇ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਮੌਕੇ ਤੇ ਹੀ ਸਾਰੀਆਂ ਕਾਰਵਾਈਆਂ ਮੁਕੰਮਲ ਕਰਕੇ ਵਿੱਤੀ ਸਹਾਇਤਾ ਦੇਣ।

Original with;
Punjab Vidhan Sabha
Digitized by;
Panjab Digital Library

ਦਿਹਾਤੀ ਇਲਾਕਿਆਂ ਵਿਚ ਜੀਵਨ ਨੂੰ ਚੰਗੇਰਾ ਅਤੇ ਸੁਖੀ ਬਣਾਉਣ ਦੇ ਮਨੋਰਥਾਂ ਨੂੰ ਪ੍ਰਾਪਤ ਕਰਨ ਲਈ ਸਰਕਾਰ ਆਪਣੇ ਕੀਤੇ ਵਚਨਾਂ ਤੇ ਕਾਇਮ ਹੈ ਅਤੇ ਚੌਗਿਰਦੇ ਦੇ ਸੁਧਾਰ ਲਈ ਪ੍ਰੋਗਰਾਮ ਜਾਰੀ ਰਖੇ ਜਾ ਰਹੇ ਹਨ। ਮੈਂ ਇਥੇ ਇਹ ਦੱਸਣਾ ਵੀ ਜ਼ਰੂਰੀ ਸਮਝਦਾ ਹਾਂ ਕਿ ਪਿਛਲੇ 30 ਸਾਲਾਂ ਦੇ ਦੌਰਾਨ 2,735 ਪਿੰਡਾਂ ਉਤੇ ਖਰਚੀ ਗਈ ਤਕਰੀਬਨ 2.68 ਕਰੋੜ ਰੁਪਏ ਦੇ ਮੁਕਾਬਲੇ ਤੇ ਸਾਡੀ ਸਰਕਾਰ ਨੇ ਕੇਵਲ ਪਿਛਲੇ ਦੋ ਸਾਲਾਂ, ਅਰਥਾਤ 1980-81 ਅਤੇ 1981-82 ਵਿਚ ਹੀ 15.88 ਕਰੋੜ ਰੁਪਏ ਦੀ ਭਾਰੀ ਰਕਮ ਮੁਹੱਈਆ ਕੀਤੀ (ਥੰਪਿੰਗ) ਅਤੇ 2,203 ਪਿੰਡਾਂ ਵਿਚ ਕੰਮ ਸ਼ੁਰੂ ਕੀਤਾ, ਜਿਨ੍ਹਾਂ ਵਿਚੋਂ 735 ਪਿੰਡਾਂ ਵਿਚ ਗਲੀਆਂ, ਨਾਲੀਆਂ ਪੱਕਾ ਕਰਨ ਦਾ ਕੰਮ ਮੁਕੰਮਲ ਹੋ ਚੁਕਾ ਹੈ। (ਥੰਪਿੰਗ) 4.60 ਕਰੋੜ ਰੁਪਏ ਦੀ ਰਕਮ, ਜਿਸ ਵਿਚ ਐਨ. ਆਰ. ਈ. ਪੀ. ਹਿੱਸਾ ਸ਼ਾਮਲ ਹੈ, ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਲਈ ਵਰਤੀ ਜਾਵੇਗੀ। ਹਰੀਜਨ ਬਸਤੀਆਂ ਵਾਸਤੇ 1.10 ਕਰੋੜ ਰੁਪਏ ਦੀ ਹੋਰ ਰਕਮ ਮਖ਼ਸੂਸ ਕੀਤੀ ਗਈ ਹੈ। ਸਾਲ 1982-83 ਦੇ ਦੌਰਾਨ ਪੰਚਾਇਤ ਘਰਾਂ ਅਤੇ ਸਾਂਝੇ ਹਾਲਾਂ ਦੀ ਉਸਾਰੀ ਲਈ 20 ਲੱਖ ਰੁਪਏ ਖਰਚ ਕੀਤੇ ਜਾਣਗੇ।

ਪੰਚਾਇਤ ਸੰਮਤੀਆਂ ਨੂੰ ਦਿਹਾਤੀ ਇਲਾਕਿਆਂ ਵਿਚ ਸਥਾਨਕ ਵਿਕਾਸ ਕਾਰਜ ਜਾਰੀ ਰਖਣ ਦੇ ਯੋਗ ਬਣਾਉਣ ਲਈ ਉਨ੍ਹਾਂ ਨੂੰ ਆਪਣੇ ਵਿੱਤੀ ਸਾਧਨ ਮਜ਼ਬੂਤ ਬਣਾਉਣ ਵਾਸਤੇ ਸਰਕਾਰ ਨੇ ਸਾਲ 1982-83 ਦੇ ਦੌਰਾਨ ਦੇਸੀ ਸ਼ਰਾਬ ਦੀ ਇਕ ਬੋਤਲ ਪਿੱਛੇ ਹੋਰ ਇਕ ਰੁਪਿਆ ਬਤੌਰ ਕਰ ਵਸੂਲਣ ਦਾ ਫੈਸਲਾ ਕੀਤਾ ਹੈ ਅਤੇ ਇਸ ਤਰ੍ਹਾਂ ਇਕਤਰ ਕੀਤੀ ਰਕਮ ਰਾਜ ਵਿਚ ਪੰਚਾਇਤ ਸੰਮਤੀਆਂ ਨੂੰ ਸਹਾਇਤਾ ਗਰਾਂਟਾਂ ਦੇਣ ਲਈ ਵਰਤੀ ਜਾਵੇਗੀ। ਇਸ ਨਾਲ ਪੰਚਾਇਤ ਸੰਮਤੀਆਂ ਨੂੰ 1.50 ਕਰੋੜ ਰੁਪਏ ਦੀ ਵਧੀਕ ਰਕਮ ਉਪਲਬਧ ਹੋ ਸਕੇਗੀ। ਇਹ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਲਈ ਵੀ ਵਰਤੀ ਜਾਵੇਗੀ (ਥੰਪਿੰਗ)। ਇਸ ਤਰ੍ਹਾਂ ਸਾਲ 1982-83 ਦੇ ਦੌਰਾਨ ਇਸ ਪ੍ਰੋਗਰਾਮ ਤੇ ਖ਼ਰਚੀ ਜਾਣ ਵਾਲੀ ਰਕਮ ਲਗਭਗ 7.30 ਕਰੋੜ ਰੁਪਏ ਹੋਵੇਗੀ।

## ਬਿਜਲੀ

ਸਾਲ 1982-83 ਦੇ ਦੌਰਾਨ ਬਿਜਲੀ ਲਈ ਯੋਜਨਾ ਖ਼ਰਚ ਵਧਾ ਕੇ 189.18 ਕਰੋੜ ਰੁਪਏ ਕਰ ਦਿੱਤਾ ਗਿਆ ਹੈ, ਜਿਹੜਾ ਕਿ 385 ਕਰੋੜ ਰੁਪਏ ਦੀ ਕੁਲ ਸਾਲਾਨਾ ਯੋਜਨਾ ਦਾ ਤਕਰੀਬਨ 50 ਫ਼ੀ ਸਦੀ ਹੈ। ਇਤਨੇ ਵੱਡੇ ਸਰਮਾਏ ਨਾਲ ਤਿੰਨ ਮਹੱਤਵ ਪੂਰਨ ਪ੍ਰਾਜੈਕਟਾਂ, ਦੇ ਚਾਲੂ ਕਰਨ ਦਾ ਸਮਾਂ 6 ਮਹੀਨੇ ਅਗੇਤਾ ਨਿਸਚਿਤ ਕੀਤਾ ਗਿਆ ਹੈ। ਬਿਆਸ ਯੂਨਿਟ II (ਐਕਸਟੈਨਸ਼ਨ) ਤੋਂ ਵੀ ਵਧੀਕ ਸਥਾਪਿਤ ਸਮਰਥਾ ਉਪਲਬਧ ਹੋ ਸਕੇਗੀ। ਬਿਜਲੀ ਉਤਪਾਦਨ ਵਿਚ ਵਾਧਾ ਕਰਨ ਸਬੰਧੀ ਰਾਜ ਸਰਕਾਰ ਦੇ ਉਪਰਾਲਿਆਂ ਸਦਕਾ ਚੰਗੇ ਸਿੱਟੇ ਪ੍ਰਾਪਤ ਹੋਏ ਹਨ, ਜਿਨ੍ਹਾਂ ਕਰ ਕੇ ਸ਼ਾਨਨ ਨਵੀਨੀਕ੍ਰਿਤ ਅਤੇ ਸ਼ਾਨਨ ਵਿਸਤਾਰ ਪ੍ਰਾਜੈਕਟਾਂ ਤੋਂ ਚਾਲੂ ਸਾਲ ਦੇ ਦੌਰਾਨ ਪਹਿਲਾਂ ਹੀ 62 ਮੈਗਾਵਾਟ ਵਧੀਕ ਸਥਾਪਿਤ ਸਮਰਥਾ ਪ੍ਰਾਪਤ ਹੋ ਚੁਕੀ ਹੈ। ਇਨ੍ਹਾਂ ਸਾਰੇ ਉਦਮਾਂ ਦੇ ਫਲ ਸਰੂ- ਸਾਲ 1932-83 ਦੇ ਦੌਰਾਨ 175.5 ਮੈਗਾਵਾਟ ਦੀ ਵਧੀਕ ਸਥਾਪਿਤ ਸਮਰਥਾ ਉਪਲਬਧ ਹੋ ਸਕੇਗੀ ਅਤੇ 1983-84 ਦੇ ਦੌਰਾਨ 544 ਮੈਗਾਵਾਟ ਦੀ ਹੋਰ ਸਥਾਪਿਤ ਸਮਰਥਾ ਪੈਦਾ ਹੋ ਜਾਵੇਗੀ (ਥੰਪਿੰਗ) ਇਸ ਤਰ੍ਹਾਂ ਮਾਰਚ 1984 ਤਕ ਖ਼ਤਮ ਹੋਣ ਵਾਲੇ ਤਿੰਨਾਂ ਸਾਲਾਂ ਵਿਚ 781.5 ਮੈਗਾਵਾਟ ਸਥਾਪਿਤ ਸਮਰਥਾ ਹੋਰ ਪ੍ਰਾਪਤ ਹੋ ਜਾਵੇਗੀ (ਥੰਪਿੰਗ) ਸਥਾਪਿਤ ਸਮਰਥਾ ਵਿਚ ਸਾਲ ਵਾਰ ਵਾਧਾ, ਜੋ ਪ੍ਰਾਜੈਕਟਾਂ ਨੂੰ ਚਾਲੂ ਕਰਨ ਦੇ ਸੋਧੇ ਟੀਚਿਆਂ ਅਨੁਸਾਰ ਹੋਵੇਗਾ, ਹੇਠ ਲਿਖੀ ਸਾਰਣੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਦਰਸਾਇਆ ਗਿਆ ਹੈ :

| ਕ੍ਰਮ ਨੰ: | ਬਿਜਲੀ ਘਰ ਪ੍ਰਾਜੈਕਟ ਦਾ ਨਾਂ | ਨਿਮਨ ਦੇ ਦੌਰਾਨ ਸਥਾਪਿਤ ਸਮਰਥਾ ਮੈਗਾਵਾਟਾਂ ਵਿਚ | | | | | |
|---|---|---|---|---|---|---|---|
| | | 1979-80 | 1980-81 | 1981-82 | 1982-83 | 1983-84 | 1984-85 |
| 1. | ਸ਼ਾਨਨ ਨਵੀਨੀਕ੍ਰਿਤ | 48 | 48 | 60 | 60 | 60 | 60 |
| 2. | ਸ਼ਾਨਨ ਵਿਸਤਾਰ | .. | .. | 50 | 50 | 50 | 50 |
| 3. | ਯੂ. ਬੀ. ਡੀ. ਸੀ. | 45 | 45 | 45 | 45 | 45 | 45 |
| 4. | ਭਾਖੜਾ ਕੰਪਲੈਕਸ ਵਿਚ ਹਿੱਸਾ | 613 | 613 | 613 | 613 | 613 | 613 |
| 5. | ਬਿਆਸ ਯੂਨਿਟ I | 317 | 317 | 317 | 317 | 317 | 317 |
| 6. | ਬਿਆਸ ਯੂਨਿਟ I (ਵਿਸਤਾਰ) | .. | .. | .. | .. | 158 | 158 |
| 7. | ਬਿਆਸ ਯੂਨਿਟ II | 60 | 60 | 60 | 60 | 60 | 60 |
| 8. | ਬਿਆਸ ਯੂਨਿਟ II (ਵਿਸਤਾਰ) | .. | .. | .. | 30 | 30 | 30 |
| 9. | ਆਨੰਦ ਪੁਰ ਸਾਹਿਬ | .. | .. | .. | 100.5 | 134 | 134 |
| 10. | ਮੁਕੇਰੀਆਂ ਹਾਈਡਲ | .. | .. | .. | 45 | 187.5 | 207 |
| 11. | ਜੀ. ਐਨ. ਡੀ. ਟੀ. ਪੀ. ਯੂਨਿਟ I ਅਤੇ II | 220 | 220 | 220 | 220 | 220 | 220 |
| 12. | ਰੋਪੜ ਥਰਮਲ ਪ੍ਰਾਜੈਕਟ ਸਟੇਜ I | .. | .. | .. | .. | 210 | 420 |
| 13. | ਜੀ. ਐਨ. ਡੀ. ਟੀ. ਪੀ. ਵਿਸਤਾਰ ਯੂਨਿਟਾਂ III ਅਤੇ IV | 220 | 220 | 220 | 220 | 220 | 220 |
| 14. | ਡੀਜ਼ਲ | 14 | 14 | 14 | 14 | 14 | 14 |
| | ਜੋੜ .. | 1,537 | 1,537 | 1,599 | 1,774.5 | 2,318.5 | 2,548 |

Original with;
Punjab Vidhan Sabha
Digitized by;
Panjab Digital Library

ਗੁਰੂ ਨਾਨਕ ਦੇਵ ਥਰਮਲ ਪਲਾਂਟ, ਬਠਿੰਡਾ ਦੇ ਕੰਮ ਵਿਚ ਮਹੱਤਵ ਪੂਰਨ ਸੁਧਾਰ ਹੋਇਆ ਹੈ, ਜਿਸ ਦੇ ਸਿੱਟੇ ਵਜੋਂ ਪਲਾਂਟ ਲੋਡ ਫ਼ੈਕਟਰ, ਜਿਹੜਾ ਕਿ ਬਿਜਲੀ ਉਤਪਾਦਨ ਦੀ ਕੁਸ਼ਲਤਾ ਦਾ ਸੂਚਕ ਹੈ, 1979-80 ਵਿਚ 29.60 ਫ਼ੀ ਸਦੀ ਤੋਂ ਵੱਧ ਕੇ ਚਾਲੂ ਸਾਲ ਵਿਚ 41.5 ਫ਼ੀ ਸਦੀ ਹੋ ਗਿਆ ਹੈ। ਸਾਲ 1982-83 ਦੇ ਦੌਰਾਨ ਇਕ ਲੱਖ ਘਰਾਂ, ਦੋ ਹਜ਼ਾਰ ਉਦਯੋਗਾਂ ਅਤੇ 25,000 ਟਿਊਬ-ਵੈਲਾਂ ਨੂੰ ਕੁਨੈਕਸ਼ਨ ਦੇਣ ਦਾ ਟੀਚਾ ਹੈ। ਸਰਕਾਰ ਰਾਜ ਦੀਆਂ ਨਹਿਰਾਂ ਦੀਆਂ ਝਾਲਾਂ ਤੋਂ ਮਾਈਕ-ਹਾਈਡਲ ਬਿਜਲੀ ਪੈਦਾ ਕਰਨ ਦੀਆਂ ਸੰਭਾਵਨਾਵਾਂ ਦੀ ਵੀ ਖੋਜ ਕਰ ਰਹੀ ਹੈ। ਅਜਿਹੀਆਂ ਪੰਜ ਥਾਵਾਂ ਤੇ ਜਾਂਚ ਦਾ ਕੰਮ ਕਾਫ਼ੀ ਹੱਦ ਤਕ ਹੋ ਚੁੱਕਾ ਹੈ। ਇਹ ਥਾਵਾਂ ਹੇਠ ਲਿਖੇ ਅਨੁਸਾਰ ਹਨ :—

1. ਘੱਘਰ ਬ੍ਰਾਂਚ ਉਤੇ ਬੂਹੀ।
2. ਘੱਘਰ ਲਿੰਕ ਉਤੇ ਸ਼ੇਹਟੀ।
3. ਅਬੋਹਰ ਬ੍ਰਾਂਚ ਉਤੇ ਦੌਦਰ।
4. ਯੂ. ਬੀ. ਡੀ. ਸੀ. ਉਤੇ ਧਾਰੀਵਾਲ।
5. ਘੱਘਰ ਬ੍ਰਾਂਚ ਉਤੇ ਨਦਾਮ ਪੁਰ।

## ਸਿੰਜਾਈ

ਰਾਜ ਸਰਕਾਰ, ਰਾਜ ਵਿਚ ਸਿੰਜਾਈ ਸਮਰੱਥਾ ਦੇ ਵਿਕਾਸ ਵਲ ਖਾਸ ਧਿਆਨ ਦੇ ਰਹੀ ਹੈ। ਇਸ ਬਾਰੇ ਮੈਂ ਨਵੇਂ 20 ਨੁਕਾਤੀ ਪ੍ਰੋਗਰਾਮ ਅਧੀਨ ਪੂਰੇ ਵੇਰਵੇ ਨਾਲ ਦੱਸ ਚੁਕਾ ਹਾਂ ਕਿ 1981-82 ਦੇ ਦੌਰਾਨ 39,000 ਹੈਕਟੇਅਰ ਦੀ ਅਤੇ 1982-83 ਦੇ ਦੌਰਾਨ 72,000 ਹੈਕਟੇਅਰ ਦੀ ਵਧੀਕ ਸਿੰਜਾਈ ਸਮਰੱਥਾ ਪੈਦਾ ਕੀਤੀ ਜਾਵੇਗੀ। 1982-83 ਦੇ ਦੌਰਾਨ ਛੋਟੀਆਂ ਸਿੰਜਾਈ ਸਕੀਮਾਂ ਸਹਿਤ ਸਿੰਜਾਈ ਸਕੀਮਾਂ ਲਈ ਕੁੱਲ ਯੋਜਨਾ ਉਪਬੰਧ 53.80 ਕਰੋੜ ਰੁਪਏ ਹੈ।

ਨਹਿਰਾਂ ਪੱਕੀਆਂ ਕਰ ਕੇ ਇਨ੍ਹਾਂ ਦੇ ਅਧੁਨੀਕਰਨ ਦਾ ਪ੍ਰਾਜੈਕਟ 1979-80 ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਵਿਚ ਕਾਫ਼ੀ ਪ੍ਰਗਤੀ ਹੋਈ ਹੈ ਅਤੇ ਚਾਲੂ ਸਾਲ ਦੇ ਅੰਤ ਤਕ 1,864 ਕਿਲੋਮੀਟਰ ਲੰਮੇ ਰਜਵਾਹਿਆਂ ਅਤੇ ਸੂਇਆਂ ਨੂੰ 46.19 ਕਰੋੜ ਰੁਪਏ ਦੀ ਲਾਗਤ ਨਾਲ ਪੱਕਾ ਕੀਤਾ ਜਾਵੇਗਾ, ਜਿਸ ਨਾਲ 62,000 ਹੈਕਟੇਅਰ ਦੀ ਸਿੰਜਾਈ ਹੋ ਸਕੇਗੀ। ਸਾਲ 1982-83 ਵਿਚ 16.29 ਕਰੋੜ ਰੁਪਏ ਰੱਖੇ ਗਏ ਹਨ ਅਤੇ 450 ਕਿਲੋਮੀਟਰ ਨਹਿਰਾਂ ਪੱਕੀਆਂ ਕੀਤੀਆਂ ਜਾਣਗੀਆਂ, ਜਿਸ ਨਾਲ 15,000 ਹੈਕਟੇਅਰ ਦੀ ਸਿੰਜਾਈ ਸਮਰੱਥਾ ਪੈਦਾ ਹੋ ਜਾਵੇਗੀ।

ਰਾਜ ਦੇ ਪਛੜੇ, ਘਟ ਸਿੰਜਾਈ ਵਾਲੇ ਅਤੇ ਨੀਮ ਪਹਾੜੀ ਖੇਤਰਾਂ ਵਿਚ ਸਿੰਜਾਈ ਦੇ ਵਿਕਾਸ ਲਈ ਸਰਕਾਰ ਕੰਡੀ ਵਾਟਰ ਸ਼ੈੱਡ ਅਤੇ ਖੇਤਰ ਵਿਕਾਸ ਪ੍ਰਾਜੈਕਟ ਤੇ ਕੰਮ ਕਰ ਰਹੀ ਹੈ। ਸਾਲ 1982-83 ਦੇ ਅੰਤ ਤਕ ਇਸ ਪ੍ਰਾਜੈਕਟ ਦੇ ਸਿੰਜਾਈ ਕਾਰਜਾਂ ਉਤੇ 2.25 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾਵੇਗੀ। 3.49 ਕਰੋੜ ਰੁਪਏ ਦੀ ਲਾਗਤ ਵਾਲੇ ਢੋਲਬਾਹਾ ਡੈਮ, ਤੇ ਜੋ ਕਿ ਪ੍ਰਾਜੈਕਟ ਦਾ ਇਕ ਮਹੱਤਵ ਪੂਰਨ ਹਿੱਸਾ ਹੈ, ਕੰਮ ਸ਼ੁਰੂ ਹੋ ਗਿਆ ਹੈ, ਅਤੇ 1983-84 ਵਿਚ ਇਸ ਦੇ ਪੂਰੇ ਹੋ ਜਾਣ ਦੀ ਸੰਭਾਵਨਾ ਹੈ। 1982-83 ਵਿਚ 33.45 ਕਰੋੜ ਰੁਪਏ ਦੇ ਸ਼ਾਹ ਨਹਿਰ ਬੰਧ ਪ੍ਰਾਜੈਕਟ ਲਈ ਵੀ 4.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜਿਸ ਨੂੰ ਮਾਰਚ 1983 ਵਿਚ ਚਾਲੂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਕੀਤਾ ਜਾਵੇਗਾ। ਕੁਲ 34 ਕਰੋੜ ਰੁਪਏ ਦੀ ਲਾਗਤ ਵਾਲੇ ਕੰਡੀ ਨਹਿਰ ਪ੍ਰਾਜੈਕਟ ਲਈ 4.5 ਕਰੋੜ ਰੁਪਏ ਰੱਖੇ ਗਏ ਹਨ। ਇਹ ਪ੍ਰਾਜੈਕਟ 1984-85 ਵਿਚ ਮੁਕੰਮਲ ਹੋਵੇਗਾ। ਇਸ ਸਾਰੇ ਪ੍ਰਾਜੈਕਟ ਤੋਂ ਕੰਡੀ ਖੇਤਰ ਦੀ 62,880 ਹੈਕਟੇਅਰ ਹੋਰ ਭੋਂ ਸਿੰਜਾਈ ਅਧੀਨ ਆ ਜਾਵੇਗੀ। ਸਰ-ਕਾਰ ਬਰਸਾਤੀ ਨਾਲਿਆਂ ਅਤੇ ਸੇਮ ਦੀਆਂ ਸਮੱਸਿਆਵਾਂ ਤੋਂ ਵੀ ਜਾਣੂ ਹੈ। 1982-83 ਵਿਚ ਇਨ੍ਹਾਂ ਮੰਤਵਾਂ ਲਈ ਕੁਲ 4 ਕਰੋੜ ਰੁਪਏ ਰੱਖੇ ਗਏ ਹਨ। ਜ਼ਿਲ੍ਹਾਂ ਫਰੀਦਕੋਟ ਵਿਚ ਸੇਮ ਦੀ ਸਮੱਸਿਆ ਸਰਕਾਰ ਦਾ ਖਾਸ ਧਿਆਨ ਲੈ ਰਹੀ ਹੈ, ਜਿਸ ਲਈ ਮਈ, 1981 ਵਿਚ 5.63 ਕਰੋੜ ਰੁਪਏ ਦੀ ਕੁਲ ਲਾਗਤ ਵਾਲਾ ਇਕ ਪ੍ਰਾਜੈਕਟ ਸ਼ੁਰੂ ਕੀਤਾ ਗਿਆ ਸੀ। ਇਸ ਮਕਸਦ ਲਈ ਚਾਲੂ ਸਾਲ ਵਿਚ 2 ਕਰੋੜ ਰੁਪਏ ਰੱਖੇ ਗਏ ਹਨ, ਅਤੇ 1982-83 ਵਿਚ 1.50 ਕਰੋੜ ਰੁਪਏ ਹੋਰ ਮੁਹੱਈਆ ਕੀਤੇ ਜਾਣਗੇ। ਸਰਕਾਰ ਸਾਲ 1982-83 ਦੇ ਦੌਰਾਨ ਫੀਰੋਜ਼ਪੁਰ ਜ਼ਿਲ੍ਹੇ ਵਿਚ ਹੁਸੈਨੀਵਾਲਾ ਅਤੇ ਹਰੀਕੇ ਵਿਚਕਾਰ 50 ਲੱਖ ਰੁਪਏ ਦੀ ਲਾਗਤ ਵਾਲੇ ਦੋ ਹੋਰ ਬੰਨ੍ਹ ਉਸਾਰਨ ਦੀ ਤਜਵੀਜ਼ ਰਖਦੀ ਹੈ, ਜਿਸ ਨਾਲ 10,000 ਹੈਕਟੇਅਰ ਹੋਰ ਭੋਂ ਕਾਸ਼ਤਯੋਗ ਬਣ ਜਾਵੇਗੀ।

ਸਾਡੇ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ ਦੀ ਅਗਵਾਈ ਅਧੀਨ, ਵੱਖ ਵੱਖ ਰਾਜਾਂ ਵਿਚਕਾਰ ਰਾਵੀ-ਬਿਆਸ ਪਾਣੀ ਦੀ ਵੰਡ ਸਬੰਧੀ ਚਿਰੋਕੇ ਮਸਲੇ ਦਾ ਤਸੱਲੀਬਖਸ਼ ਨਿਪਟਾਰਾ ਇਕ ਅਜਿਹੀ ਮਿਸਾਲ ਹੈ, ਜੋ ਸਮੁੱਚੇ ਰਾਸ਼ਟਰੀ ਹਿਤਾਂ ਨੂੰ ਮੁੱਖ ਰਖ ਕੇ ਅਜਿਹੇ ਮਸਲਿਆਂ ਦਾ ਨਿਪਟਾਰਾ ਕਰਨ ਦੀ ਮਹੱਤਤਾ ਵਲ ਸੰਕੇਤ ਕਰਦੀ ਹੈ। ਇਸ ਸਮਝੌਤੇ ਅਧੀਨ, ਪੰਜਾਬ ਨੇ 35 ਲੱਖ ਏਕੜ ਫੁੱਟ ਪਾਣੀ ਦੇ ਪਹਿਲੇ ਹਿੱਸੇ ਨਾਲੋਂ ਬਹੁਤ ਵੱਧ ਹਿੱਸਾ ਪ੍ਰਾਪਤ ਕੀਤਾ ਹੈ, ਜਿਸ ਦੇ ਫਲਸਰੂਪ ਰਾਵੀ ਬਿਆਸ ਦੇ ਵਾਧੂ ਪਾਣੀ ਵਿਚੋਂ 42 ਲੱਖ 20 ਹਜ਼ਾਰ ਏਕੜ ਫੁੱਟ ਪਾਣੀ ਪੰਜਾਬ ਨੂੰ ਮਿਲੇਗਾ। ਇਸ ਮਾਮਲੇ ਦਾ ਮਿੱਤਰਤਾ ਪੂਰਨ ਨਿਪਟਾਰਾ, ਥੀਨ ਡੈਮ ਨਾਲ ਸਬੰਧਤ ਅੰਤਰ-ਰਾਜੀ ਮਸਲੇ ਨੂੰ ਵੀ, ਜੋ ਕਿ ਹਾਲੇ ਤਕ ਇਕ ਮਹਾਨ ਪ੍ਰਾਜੈਕਟ ਦੀ ਪ੍ਰਗਤੀ ਵਿਚ ਅੜਚਣ ਬਣਿਆ ਹੋਇਆ ਹੈ, ਸੁਲਝਾਉਣ ਦਾ ਰਾਹ ਖੁਲ੍ਹੇਗਾ।

## ਸਿਖਿਆ

ਰਾਜ ਸਰਕਾਰ ਸਿਖਿਆ ਨੂੰ ਪਰਮ ਅਗੇਤ ਦਿੰਦੀ ਆ ਰਹੀ ਹੈ। ਰਾਜ ਦੇ ਮਾਲ ਖਾਤੇ ਖਰਚ ਦੇ ਬਜਟ ਦਾ 22.76 ਫੀ ਸਦੀ ਹਿੱਸਾ ਸਿਖਿਆ ਤੇ ਖਰਚ ਕੀਤਾ ਜਾ ਰਿਹਾ ਹੈ। 1982-83 ਵਿਚ ਸਿਖਿਆ ਲਈ ਕੁਲ ਉਪਬੰਧ 131.32 ਕਰੋੜ ਰੁਪਏ ਤੋਂ ਵਧਾਕੇ 140.18 ਕਰੋੜ ਰੁਪਏ ਕੀਤਾ ਜਾ ਰਿਹਾ ਹੈ। (ਥੰਪਿੰਗ)

ਪਿਛਲੇ ਦੋ ਸਾਲਾਂ ਵਿਚ, ਸਾਰੇ ਪੱਧਰਾਂ ਤੇ ਸਿਖਿਆ ਵਿਚ ਗੁਣਾਤਮਕ ਸੁਧਾਰ ਲਿਆਉਣ ਲਈ ਪ੍ਰਭਾਵਸ਼ਾਲੀ ਕਾਰਵਾਈ ਕਰਕੇ, ਰਾਜ ਦੀ ਸਿਖਿਆ ਨੀਤੀ ਨੂੰ ਨਵੀਂ ਸੇਧ ਦਿਤੀ ਗਈ ਹੈ। ਸਾਲ 1981-82 ਵਿਚ, 66 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਅਤੇ 84 ਮਿਡਲ ਸਕੂਲਾਂ ਨੂੰ ਉਚੇਰੇ ਪੱਧਰ ਦੇ ਸਕੂਲ ਬਣਾਇਆ ਗਿਆ ਹੈ। ਇਸ ਤਰ੍ਹਾਂ ਪਿਛਲੇ ਦੋ ਸਾਲਾਂ ਦੇ ਦੌਰਾਨ ਅਪਗਰੇਡ ਕੀਤੇ ਸਕੂਲਾਂ ਦੀ ਗਿਣਤੀ 420 ਹੈ। ਸਾਲ 1982-83 ਦੇ ਦੌਰਾਨ 50 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਅਤੇ 25 ਮਿਡਲ ਸਕੂਲਾਂ ਨੂੰ ਅਪਗਰੇਡ ਕਰਕੇ ਉਚੇਰੇ ਪੱਧਰ ਤੇ ਬਣਾਇਆ ਜਾਵੇਗਾ। ਇਸ ਮੰਤਵ ਲਈ ਲੋੜੀਂਦੇ ਫੰਡ ਇਸ ਸਾਲ ਦੇ ਦੌਰਾਨ ਮੁਹੱਈਆ ਕੀਤੇ ਜਾਣਗੇ। ਸਾਲ 1982-83 ਲਈ ਸਕੂਲਾਂ ਨੂੰ ਅਪਗਰੇਡ ਕਰਨ ਦਾ ਟੀਚਾ ਨਿਸਚਿਤ ਕਰਨ ਲੱਗਿਆਂ ਸਰਕਾਰ

Original with;
Punjab Vidhan Sabha
Digitized by;
Panjab Digital Library

ਨੇ ਇਸ ਗੱਲ ਦਾ ਧਿਆਨ ਰਖਿਆ ਹੈ ਕਿ ਪਹਿਲਾਂ ਹੀ ਖੋਲ੍ਹੇ ਅਪਗਰੇਡ ਕੀਤੇ/ਵਿਵਸਾਇਕ ਸਿਖਿਆ ਸ਼ੁਰੂ ਕੀਤੇ ਸਕੂਲਾਂ ਲਈ ਇਮਾਰਤਾਂ, ਫਰਨੀਚਰ ਅਤੇ ਹੋਰ ਸਾਜ਼ ਸਮਾਨ ਆਦਿ ਦੇ ਉਪਬੰਧ ਸਮੇਤ ਗੁਣਾਤਮਕ ਸੁਧਾਰ ਲਿਆਉਣ ਲਈ ਕਾਫੀ ਫੰਡਜ਼ ਖਰਚ ਕਰਨ ਦੀ ਲੋੜ ਹੈ। ਇਸ ਲਈ ਸਿਆਣਪ ਇਸੇ ਗਲ ਵਿਚ ਹੈ ਕਿ ਅਗੋਂ ਹੋਰ ਵਾਅਦੇ ਉਨੇ ਹੀ ਕੀਤੇ ਜਾਣ ਜਿੰਨੇ ਕਿ ਉਪਲਬਧ ਸਮਰੱਥਾ ਅਨੁਸਾਰ ਪੂਰੇ ਕੀਤੇ ਜਾ ਸਕਣ ਤਾਂ ਜੋ ਸੀਮਤ ਫੰਡਾਂ ਨਾਲ ਉਨ੍ਹਾਂ ਸਕੂਲਾਂ ਵਿਚ ਗੁਣਾਤਮਕ ਸੁਧਾਰ ਲਿਆਂਦਾ ਜਾ ਸਕੇ ਜਿਹੜੇ ਪਹਿਲਾਂ ਹੀ ਚਲ ਰਹੇ ਹਨ। ਇਸ ਦੇ ਨਾਲ ਹੀ ਸਰਕਾਰ ਨੇ ਰਾਜ ਦੇ ਸਾਰੇ ਵਿਦਿਆਰਥੀਆਂ ਨੂੰ ਵਾਜਬ ਕੀਮਤਾਂ ਤੇ ਪਾਠ ਪੁਸਤਕਾਂ ਅਤੇ ਕਾਪੀਆਂ ਮੁਹੱਈਆ ਕਰਨ ਲਈ ਕਦਮ ਉਠਾਏ ਹਨ। ਇਸ ਸਬੰਧ ਵਿਚ ਪੰਜਾਬ ਸਕੂਲ ਸਿਖਿਆ ਬੋਰਡ ਨੇ 230 ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ ਅਤੇ ਭਾਰਤ ਸਰਕਾਰ ਤੋਂ ਰਿਆਇਤੀ ਦਰਾਂ ਤੇ 4,623 ਮੀਟਰਿਕ ਟਨ ਕਾਗਜ਼ ਦਾ ਵੀ ਪ੍ਰਬੰਧ ਕੀਤਾ ਹੈ।

ਪਿਛਲੇ ਦੋ ਸਾਲਾਂ ਦੇ ਦੌਰਾਨ 800 ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਦੀ ਉਸਾਰੀ ਲਈ 2.10 ਕਰੋੜ ਰੁਪਏ ਦੀ ਰਕਮ ਮੁਹੱਈਆ ਕੀਤੀ ਗਈ ਹੈ। ਸਾਲ 1982-83 ਵਿਚ, 400 ਹੋਰ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ ਉਸਾਰਨ ਦੀ ਤਜਵੀਜ਼ ਹੈ (ਥੰਪਿੰਗ) ਅਤੇ ਇਸ ਮੰਤਵ ਲਈ 1 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ। ਪਾਠ-ਕ੍ਰਮ ਅਤੇ ਪਾਠ-ਪੁਸਤਕਾਂ ਆਦਿ ਵਿਚ ਸੁਧਾਰ ਰਾਹੀਂ ਸਿਖਿਆ ਵਿਚ ਗੁਣਾਤਮਕ ਸੁਧਾਰ ਕਰਨ ਲਈ, 1981-82 ਵਿਚ ਸਿਖਿਆ ਖੋਜ ਅਤੇ ਸਿਖਲਾਈ ਲਈ ਰਾਸ਼ਟਰੀ ਕੌਂਸਲ ਦੀ ਰੂਪ ਰੇਖਾ ਤੇ ਆਧਾਰਿਤ ਰਾਜ ਵਿਚ ਸਿਖਿਆ ਖੋਜ ਅਤੇ ਸਿਖਲਾਈ ਲਈ ਇਕ ਰਾਜ ਕੌਂਸਲ ਕਾਇਮ ਕੀਤੀ ਗਈ ਹੈ। ਸਿਖਿਆ ਦੇ ਸਰੂਪ ਸਬੰਧੀ ਡੂੰਘੀ ਅਤੇ ਵਿਗਿਆਨਕ ਖੋਜ ਕਰਨ ਲਈ ਅਤੇ ਸਿਖਿਆ ਪ੍ਰਣਾਲੀ ਨੂੰ ਵਧੇਰੇ ਉਪਯੋਗੀ ਤੇ ਅਰਥ ਪੂਰਨ ਬਣਾਉਣ ਲਈ ਸੁਝਾ ਦੇਣ ਵਾਸਤੇ ਰਾਜ ਸਰਕਾਰ ਨੇ ਇਕ ਸਿਖਿਆ ਕਮਿਸ਼ਨ ਸਥਾਪਿਤ ਕੀਤਾ ਹੈ, ਜਿਸ ਵਿਚ ਉਘੇ ਸਿਖਿਆ ਸ਼ਾਸਤਰੀ ਸ਼ਾਮਲ ਕੀਤੇ ਗਏ ਹਨ।

ਸਿਖਿਆ ਦੇ ਖੇਤਰ ਵਿਚ ਯੋਗਤਾ ਨੂੰ ਹੱਲਾ ਸ਼ੇਰੀ ਦੇਣ ਲਈ, ਵੱਖ ਵੱਖ ਪਰੀਖਿਆਵਾਂ ਵਿਚ ਯੋਗਤਾ-ਵਜ਼ੀਫੇ ਦੇਣ ਦੇ ਸਬੰਧ ਵਿਚ ਮਾਪਿਆਂ ਦੀ ਆਮਦਨ ਬਾਰੇ ਪਾਬੰਦੀਆਂ ਨੂੰ ਹਟਾ ਦਿੱਤਾ ਗਿਆ ਹੈ।

ਭਾਸ਼ਾਵਾਂ ਜਿਵੇਂ ਕਿ ਸੰਸਕ੍ਰਿਤ, ਪੰਜਾਬੀ, ਹਿੰਦੀ ਅਤੇ ਉਰਦੂ ਦੇ ਵਿਕਾਸ ਲਈ ਸਾਲ 1982-83 ਦੇ ਬਜਟ ਵਿਚ 83.13 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

11 ਤੋਂ 14 ਸਾਲਾਂ ਦੇ ਉਮਰ ਗਰੁੱਪ ਸਬੰਧੀ ਦਾਖਲੇ ਦਾ ਜੋ ਟੀਚਾ ਮਿਥਿਆ ਗਿਆ ਹੈ ਉਸ ਨਾਲੋਂ ਅਸੀਂ ਅੱਗੇ ਲੰਘ ਗਏ ਹਾਂ। ਫਿਰ ਵੀ, ਰਾਜ ਵਿਚ ਅਜਿਹੇ ਬੱਚਿਆਂ ਦੀ ਹਾਲੇ ਵੀ ਕਾਫੀ ਗਿਣਤੀ ਹੈ ਜੋ ਆਰਥਕ ਕਾਰਨਾਂ ਕਰਕੇ, ਰਾਜ ਦੁਆਰਾ ਦਿੱਤੀਆਂ ਜਾ ਰਹੀਆਂ ਸਿਖਿਆ ਸਹੂਲਤਾਂ ਤੋਂ ਲਾਭ ਨਹੀਂ ਉਠਾ ਸਕਦੇ। ਅਜਿਹੇ ਬੱਚਿਆਂ ਲਈ ਸਰਕਾਰ ਨੇ ਗੈਰ-ਰਸਮੀ ਸਿਖਿਆ ਦੇ ਪ੍ਰੋਗਰਾਮ ਨੂੰ ਤੇਜ਼ ਕੀਤਾ ਹੈ। ਸਾਲ 1981-82 ਵਿਚ, 10,000 ਤੋਂ ਵੱਧ ਬੱਚਿਆਂ ਨੂੰ ਗੈਰ ਰਸਮੀ ਸਿਖਿਆ ਦੀਆਂ ਸਹੂਲਤਾਂ ਮੁਹੱਈਆ ਕਰਨ ਲਈ 495 ਕੇਂਦਰ ਖੋਲ੍ਹੇ ਗਏ ਹਨ ਅਤੇ ਸਾਲ 1932-83 ਵਿਚ 18,000 ਬੱਚਿਆਂ ਨੂੰ ਅਜਿਹੀ ਸਿਖਿਆ ਦੇਣ ਲਈ 600 ਹੋਰ ਗੈਰ ਰਸਮੀ ਸਿਖਿਆ ਕੇਂਦਰ ਖੋਲ੍ਹੇ ਜਾਣਗੇ। ਇਸੇ ਤਰ੍ਹਾਂ ਬਾਲ ਸਿਖਿਆ ਦੇ ਸਬੰਧ ਵਿਚ ਸਰਕਾਰ ਦਾ ਅਗਲੇ 3 ਸਾਲਾਂ ਦੇ ਦੌਰਾਨ ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਸਾਰੇ ਅਧਿਆਪਕਾਂ ਦੀਆਂ ਸੇਵਾਵਾਂ ਨਾਲ ਅਤੇ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ, ਜਿਹੜੇ ਕਿ ਸਰਕਾਰ ਦੇ ਖਜ਼ਾਨੇ ਵਿਚੋਂ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਬੇਰੋਜ਼ਗਾਰੀ ਭੱਤਾ ਲੈ ਰਹੇ ਹਨ ਲਈ ਬਾਲਗ ਸਿਖਿਆ ਦੇ ਟੀਚੇ ਮਿਥ ਕੇ ਰਾਜ ਵਿਚ ਸਾਰੇ ਅਨਪੜ੍ਹ ਬਾਲਗਾਂ ਨੂੰ ਸਿਖਿਆ ਦੇਣ ਦਾ ਪ੍ਰਸਤਾਵ ਹੈ।

ਸਕੂਲਾਂ ਵਿਚ ਖੇਡਾਂ ਤੇ ਸਰੀਰਿਕ ਸਿਖਿਆ ਵਲ ਪੰਜਾਬ ਵਿਚ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ ਅਤੇ ਸਦਨ ਨੂੰ ਇਹ ਦਸਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਮਿਨੀ ਰਾਸ਼ਟਰੀ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡਾਂ, ਜਿਹੜੀਆਂ ਦਸੰਬਰ, 1981 ਵਿਚ ਹੋਈਆਂ ਸਨ, ਪੰਜਾਬ ਨੇ ਬਹੁਤ ਸਾਰੇ ਤਗਮੇ ਜਿੱਤ ਕੇ ਅਦੁੱਤੀ ਨਾਮਣਾ ਖੱਟਿਆ ਹੈ। ਜਿੱਤੇ ਗਏ ਸੋਨੇ ਅਤੇ ਚਾਂਦੀ ਦੇ ਤਗਮਿਆਂ ਦੀ ਗਿਣਤੀ ਕ੍ਰਮਵਾਰ 28 ਤੇ 24 ਸੀ ।

## ਉਦਯੋਗ

ਚਾਲੂ ਸਾਲ ਦੇ ਦੌਰਾਨ ਉਦਯੋਗਿਕ ਸੈਕਟਰ ਨੇ ਤੇਜ਼ ਪ੍ਰਗਤੀ ਕੀਤੀ ਹੈ। ਸਾਲ 1980-81 ਵਿਚ ਛੋਟੇ, ਦਰਮਿਆਨੇ ਤੇ ਵੱਡੇ ਸੈਕਟਰਾਂ ਦੇ ਯੂਨਿਟਾਂ ਦੀ ਗਿਣਤੀ ਸਾਲ 1979-80 ਦੇ 47,582 ਦੇ ਮੁਕਾਬਲੇ ਤੇ ਵੱਧ ਕੇ 54,637 ਹੋ ਗਈ। ਇਸ ਤਰ੍ਹਾਂ ਕੁਲ ਉਤਪਾਦਨ 1,768.60 ਕਰੋੜ ਰੁਪਏ ਤੋਂ ਵੱਧ ਕੇ 2,096 ਕਰੋੜ ਰੁਪਏ ਦੀ ਕੀਮਤ ਦਾ ਹੋ ਗਿਆ ਹੈ ਅਤੇ ਕੰਮ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 4,47,151 ਤੋਂ ਵੱਧ ਕੇ 4,97,415 ਹੋ ਗਈ ਹੈ। ਵੱਡੇ ਤੇ ਦਰਮਿਆਨੇ ਸੈਕਟਰਾਂ ਵਿਚ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੇ ਲਗਭਗ 70 ਕਰੋੜ ਰੁਪਏ ਦੀ ਕੁਲ ਪੂੰਜੀਗਤ ਲਾਗਤ ਨਾਲ 5 ਵੱਡੇ ਪ੍ਰਾਜੈਕਟਾਂ ਤੇ ਉਸਾਰੀ ਦਾ ਕੰਮ ਸ਼ੁਰੂ ਕਰ ਦਿਤਾ ਹੈ, ਜਿਨ੍ਹਾਂ ਵਿਚ ਅਲਮੋਨੀਅਮ ਕਲੋਰਾਈਡ ਸੋਡਾ ਐਸ਼ ਪ੍ਰਾਜੈਕਟ, ਅਤੇ ਨੰਗਲ ਵਿਖੇ ਕਾਸਟਕ ਸੋਡਾ ਪ੍ਰਾਜੈਕਟ ਸ਼ਾਮਲ ਹਨ, ਜਿਨ੍ਹਾਂ ਬਾਰੇ ਮੈਂ ਅਗਲੇ ਪਿਛਲੇ ਭਾਸ਼ਣ ਵਿਚ ਵਿਸ਼ੇਸ਼ ਤੌਰ ਤੇ ਵਰਣਨ ਕੀਤਾ ਸੀ। ਰਾਜ ਵਿਚ ਰੇਲਵੇ ਦੇ ਡੀਜ਼ਲ ਕੰਪੋਨੈਂਟ ਵਰਕਸ਼ਾਪ ਪ੍ਰਾਜੈਕਟ ਦੇ ਰੂਪ ਵਿਚ ਅਸੀਂ 50 ਕਰੋੜ ਰੁਪਏ ਦੀ ਕੇਂਦਰੀ ਪੂੰਜੀ ਲੁਆਉਣ ਵਿਚ ਸਫਲ ਹੋ ਗਏ ਹਾਂ, ਜਿਸ ਉਤੇ ਪਟਿਆਲਾ ਵਿਖੇ ਕੰਮ ਆਰੰਭ ਹੋ ਚੁਕਾ ਹੈ। ਇਸ ਪ੍ਰਾਜੈਕਟ ਲਈ, ਰਾਜ ਸਰਕਾਰ ਨੇ ਸਾਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਹਨ, ਜਿਨ੍ਹਾਂ ਵਿਚ ਮੁਫਤ ਜ਼ਮੀਨ ਦੇਣਾ ਵੀ ਸ਼ਾਮਲ ਹੈ। 50 ਕਰੋੜ ਰੁਪਏ ਦੀ ਲਾਗਤ ਵਾਲੇ 30 ਵੱਡੇ ਤੇ ਦਰਮਿਆਨੇ ਪੈਮਾਨੇ ਦੇ ਪ੍ਰਾਜੈਕਟ ਇਸ ਸਾਲ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਟੈਲੀਫੂਨ ਦੀ ਤਾਰ, ਜੀ. ਆਈ. ਐਸ. ਲੈਂਪਸ ਅਤੇ ਫਲੋਰੇਸੈਂਟ ਟਿਊਬਾਂ ਅਤੇ ਪੋਲਿਸਟਰ ਸਟੈਪਲ ਫਾਈਬਰ ਤਿਆਰ ਕਰਨ ਲਈ ਪੰਜਾਬ ਰਾਜ ਉਦਯੋਗਕ ਵਿਕਾਸ ਕਾਰਪੋਰੇਸ਼ਨ ਵਲੋਂ ਲਗਭਗ 100 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਨਾਲ ਤਿੰਨ ਪ੍ਰਾਜੈਕਟਾਂ ਤੇ ਕੰਮ ਸ਼ੁਰੂ ਕਰਨ ਲਈ ਕਦਮ ਉਠਾਏ ਜਾ ਰਹੇ ਹਨ। ਕਾਰਪੋਰੇਸ਼ਨ ਨੇ ਰਾਜ ਵਿਚ ਛੋਟੀਆਂ ਕਮਰਸ਼ਲ ਗੱਡੀਆਂ ਤਿਆਰ ਕਰਨ ਲਈ ਆਸ਼ਾ ਪੱਤਰ ਪ੍ਰਾਪਤ ਕਰ ਲਿਆ ਹੈ। ਇਹ ਸਾਰੀਆਂ ਸਰਗਰਮੀਆਂ ਪੰਜਾਬ ਦੇ ਉਦਯੋਗਿਕ ਆਧਾਰ ਦੀ ਵਿਭਿੰਨਤਾ ਅਤੇ ਪ੍ਰਗਤੀ ਨੂੰ ਦਰਸਾਉਂਦੀਆਂ ਹਨ।

ਛੋਟੇ ਪੈਮਾਨੇ ਦੇ ਖੇਤਰ ਵਿਚ, ਬੁਣਕਰਾਂ ਤੇ ਹੋਰ ਕਮਜ਼ੋਰ ਵਰਗਾਂ ਦੀ ਸਹਾਇਤਾ ਲਈ ਵਿਸ਼ੇਸ਼ ਤੌਰ ਤੇ ਪੰਜਾਬ ਰਾਜ ਹੱਥ ਖੱਡੀ ਤੇ ਕਪੜਾ ਕਾਰਪੋਰੇਸ਼ਨ ਨੇ ਕੇਂਦਰੀ ਸਰਕਾਰ ਅਤੇ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਰਾਜ ਵਿਚ ਦਸਤਕਾਰੀ ਤੇ ਕਪੜਾ ਉਦਯੋਗਾਂ ਦੇ ਵਿਕਾਸ ਲਈ ਸੰਗਠਿਤ ਪ੍ਰਾਜੈਕਟ ਨੂੰ ਅਮਲ ਵਿਚ ਲਿਆਉਣ ਦਾ ਕੰਮ ਸ਼ੁਰੂ ਕਰ ਦਿਤਾ ਹੈ। ਇਸ ਪ੍ਰਾਜੈਕਟ ਦੀ ਕੁਲ ਅਨੁਮਾਨਤ ਲਾਗਤ ਲਗਭਗ 88 ਕਰੋੜ ਰੁਪਏ ਹੋਵਗੀ ਅਤੇ 1982-83 ਦੀ ਸਾਲਾਨਾ ਯੋਜਨਾ ਵਿਚ ਅਸੀਂ ਇਸ ਪ੍ਰਾਜੈਕਟ ਲਈ 3,25 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ। ਇਸ

Original with;
Punjab Vidhan Sabha
Digitized by;
Panjab Digital Library

ਪ੍ਰਾਜੈਕਟ ਦੇ 6 ਸਾਲਾਂ ਦੇ ਸਮੇਂ ਵਿਚ ਮੁਕੰਮਲ ਹੋਣ ਦੀ ਆਸ ਹੈ ਅਤੇ ਇਸ ਦੁਆਰਾ 46,200 ਬੁਣਕਰਾਂ ਨੂੰ ਰੋਜ਼ਗਾਰ ਦਿੱਤਾ ਜਾਵੇਗਾ।

ਨਵੀਂ ਟੈਕਨਾਲੋਜੀ ਨੂੰ ਵਿਸ਼ੇਸ਼ ਕਰਕੇ ਛੋਟੇ ਪੈਮਾਨੇ ਦੇ ਯੂਨਿਟਾਂ ਵਿਚ, ਰਾਇਜ ਕਰਨ ਦੇ ਕੰਮ ਵਿਚ ਸਹਾਇਤਾ ਦੇਣ ਲਈ ਸਰਕਾਰ ਨੇ ਪਹਿਲਾਂ ਹੀ ਸਾਈਕਲ ਤੇ ਸਿਲਾਈ ਮਸ਼ੀਨਾਂ ਲਈ ਖੋਜ ਤੇ ਵਿਕਾਸ ਕੇਂਦਰ ਸਥਾਪਿਤ ਕਰਨ ਲਈ ਸਕੀਮਾਂ ਅਮਲ ਵਿਚ ਲੈ ਆਂਦੀਆਂ ਹਨ ਅਤੇ ਇਨ੍ਹਾਂ ਕੇਂਦਰਾਂ ਵਿਚ ਇਸ ਸਾਲ ਦੇ ਦੌਰਾਨ ਕੰਮ ਸ਼ੁਰੂ ਹੋ ਗਿਆ ਹੈ। ਆਉਣ ਵਾਲੇ ਸਾਲ ਵਿਚ, ਲੁਧਿਆਣਾ ਵਿਖੇ ਹੌਜ਼ਰੀ ਤੇ ਬੁਣਾਈ ਲਈ ਖੋਜ ਤੇ ਵਿਕਾਸ ਕੇਂਦਰ ਦੇ ਦੂਜੇ ਪੜਾਅ ਤੇ ਕੰਮ ਸ਼ੁਰੂ ਕੀਤਾ ਜਾਵੇਗਾ। ਰਾਜ ਸਰਕਾਰ ਦੀ ਬੇਨਤੀ ਤੇ ਕੇਂਦਰ ਸਰਕਾਰ ਨੇ ਜਲੰਧਰ ਵਿਖੇ 2 ਕਰੋੜ ਰੁਪਏ ਦੀ ਲਾਗਤ ਨਾਲ ਦਸਤੀ ਸੰਦਾਂ ਲਈ ਇਕ ਹੋਰ ਖੋਜ ਤੇ ਵਿਕਾਸ ਪ੍ਰਾਜੈਕਟ ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਇਹ ਲੁਧਿਆਣੇ ਵਿਖੇ 4 ਕਰੋੜ ਰੁਪਏ ਦੀ ਲਾਗਤ ਨਾਲ ਪਹਿਲਾਂ ਹੀ ਸਥਾਪਿਤ ਕੀਤੇ ਕੇਂਦਰੀ ਟੂਲ ਰੂਮ ਤੋਂ ਵੱਖਰਾ ਹੈ।

ਗੋਇੰਦਵਾਲ ਸਾਹਿਬ ਨਿਊਕਲੀਅਸ ਉਦਯੋਗਕ ਕੰਪਲੈਕਸ ਪ੍ਰਾਜੈਕਟ ਨੇ ਕੰਮ ਵਿਚ ਚੰਗੀ ਪ੍ਰਗਤੀ ਕੀਤੀ ਹੈ। ਮੈਨੂੰ ਵਿਸ਼ਵਾਸ ਹੈ ਕਿ 1982-83 ਦੇ ਦੌਰਾਨ, ਸਨਅੱਤਕਾਰਾਂ ਵਲੋਂ ਯੂਨਿਟ ਲਾਉਣ ਦਾ ਕੰਮ ਸ਼ੁਰੂ ਹੋ ਜਾਵੇਗਾ। ਇਹ ਦੇਸ਼ ਵਿਚ ਪਹਿਲਾਂ ਨਿਊਕਲੀਅਸ ਉਦਯੋਗਿਕ ਪ੍ਰਾਜੈਕਟ ਹੈ ਅਤੇ ਭਾਵੀ ਸਨਅੱਤਕਾਰਾਂ ਨੂੰ ਇਸ ਕੰਪਲੈਕਸ ਵਿਚ ਯੂਨਿਟ ਲਾਉਣ ਲਈ ਅਨੇਕਾਂ ਸਹੂਲਤਾਂ ਦਿਤੀਆਂ ਜਾ ਰਹੀਆਂ ਹਨ। ਇਸ ਪ੍ਰਾਜੈਕਟ ਤੇ ਕੁਲ ਖਰਚ ਲਗਭਗ 80 ਕਰੋੜ ਰੁਪਏ ਆਵੇਗਾ। ਇਕ ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਖਰਚ ਕੀਤੀ ਜਾ ਚੁਕੀ ਹੈ ਅਤੇ 1982-83 ਦੀ ਸਾਲਾਨਾ ਯੋਜਨਾ ਵਿਚ 2 ਕਰੋੜ ਰੁਪਏ ਦੀ ਰਕਮ ਮਖਸੂਸ ਕੀਤੀ ਗਈ ਹੈ।

## ਸਿਹਤ

ਸਾਲ 1981-82 ਵਿਚ ਸਰਕਾਰ ਨੇ ਰਾਜ ਦੇ ਸਾਰੇ ਇਲਾਕਿਆਂ ਨੂੰ ਸਿਹਤ ਸਹੂਲਤਾਂ ਦੇ ਘੇਰੇ ਵਿਚ ਲਿਆਉਣ ਦਾ ਕਾਰਜ ਜਾਰੀ ਰਖਿਆ ਹੈ। ਚਾਲੂ ਸਾਲ ਵਿਚ 200 ਨਵੀਆਂ ਡਿਸਪੈਂਸਰੀਆਂ ਕਾਇਮ ਕੀਤੀਆਂ ਗਈਆਂ। ਇਸ ਤਰ੍ਹਾਂ ਸਾਡੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ 400 ਨਵੀਆਂ ਡਿਸਪੈਂਸਰੀਆਂ ਹੋਰ ਖੋਲ੍ਹੀਆਂ ਹਨ। ਰਾਜ ਵਿਚ ਡਿਸਪੈਂਸਰੀਆਂ ਦੀ ਕੁਲ ਗਿਣਤੀ ਇਸ ਸਮੇਂ 1,496 ਹੈ ਅਤੇ 1982-83 ਤਕ ਇਹ ਗਿਣਤੀ 1,546 ਤਕ ਵਧਾ ਦਿਤੀ ਜਾਵੇਗੀ। ਚਾਲੂ ਸਾਲ ਵਿਚ ਦੰਦ ਲਾਉਣ ਦੇ 10 ਨਵੇਂ ਕਲਿਨਿਕ ਕਾਇਮ ਕੀਤੇ ਗਏ, ਜਿਨ੍ਹਾਂ ਨਾਲ ਅਜਿਹੇ ਕਲੀਨਿਕਾਂ ਦੀ ਕੁਲ ਗਿਣਤੀ 108 ਹੋ ਗਈ ਹੈ। ਜੱਚਾ ਅਤੇ ਬੱਚਾ ਸਿਹਤ ਸੇਵਾਵਾਂ ਦੇ ਸੁਧਾਰ ਲਈ ਸਾਲ 1981-82 ਵਿਚ 150 ਹੋਰ ਉਪ-ਕੇਂਦਰ ਖੋਲ੍ਹੇ ਗਏ, ਜਿਸ ਨਾਲ ਰਾਜ ਵਿਚ ਉਪ-ਕੇਂਦਰਾਂ ਦੀ ਕੁਲ ਗਿਣਤੀ 2,255 ਹੋ ਗਈ ਹੈ। ਇਨ੍ਹਾਂ ਯਤਨਾਂ ਦੇ ਸਿੱਟੇ ਵਜੋਂ, ਸਿਹਤ ਸਹੂਲਤਾਂ ਦੇ ਮਾਮਲੇ ਵਿਚ ਦੇਸ਼ ਭਰ ਵਿਚ ਪੰਜਾਬ ਦਾ ਪਹਿਲਾ ਸਥਾਨ ਹੋ ਗਿਆ ਹੈ ਜਿਸ ਵਿਚ 8054 ਦਿਹਾਤੀ ਆਬਾਦੀ ਪਿਛੇ ਇਕ ਸਹਾਇਕ ਸਿਹਤ ਕੇਂਦਰ ਹੈ।

ਸਰਕਾਰੀ ਹਸਪਤਾਲਾਂ ਵਿਚ ਗੁਲੂਕੋਸ ਦੀ ਕੁਆਲਿਟੀ ਦੇ ਸੁਧਾਰ ਅਤੇ ਉਪਲਬਧੀ ਨੂੰ ਵਧਾਉਣ ਲਈ 4 ਗੁਲੂਕੋਸ ਸੈਲਾਈਨ ਉਤਪਾਦਨ ਪਲਾਂਟ 33.60 ਲੱਖ ਰੁਪਏ ਦੀ ਕੁਲ ਲਾਗਤ ਨਾਲ ਪਰਵਾਨ ਕੀਤੇ ਗਏ ਹਨ। ਡਾਕਟਰੀ ਸੇਵਾਵਾਂ ਦੇ ਘੇਰੇ ਨੂੰ ਵਿਸ਼ਾਲ ਕਰਨ ਲਈ ਦੋ ਰੀਨਲ ਡਾਈਲਾਸਿਜ਼ ਯੂਨਿਟ 7.60 ਲੱਖ ਰੁਪਏ ਦੀ ਲਾਗਤ ਨਾਲ ਸਾਲ 1981-82 ਦੇ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਦੌਰਾਨ ਮੈਡੀਕਲ ਕਾਲਜ ਹਸਪਤਾਲ ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਕਾਇਮ ਕੀਤੇ ਜਾ ਰਹੇ ਹਨ।

ਚਾਲੂ ਸਾਲ ਦੇ ਦੌਰਾਨ, ਪ੍ਰਾਇਮਰੀ ਅਤੇ ਮਿਡਲ ਸਕੂਲਾਂ ਦੇ ਬੱਚਿਆਂ ਦਾ ਡਾਕਟਰੀ ਮੁਆਇਨਾ ਅਤੇ ਇਲਾਜ ਕਰਨ ਲਈ ਰਾਜ ਵਿਚ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਸੀ ਅਤੇ ਸਾਲ 1981-82 ਵਿਚ 9 ਲੱਖ ਤੋਂ ਵੱਧ ਬੱਚਿਆਂ ਦਾ ਮੁਆਇਨਾ ਪਹਿਲਾਂ ਹੀ ਕੀਤਾ ਜਾ ਚੁਕਾ ਹੈ। ਇਹ ਮੁਹਿੰਮ ਸਾਲ 1982-83 ਵਿਚ ਵੀ ਜਾਰੀ ਰਹੇਗੀ ਅਤੇ ਅਗਲੇ ਤਿੰਨ ਸਾਲਾਂ ਵਿਚ ਸਾਰੇ ਅਜਿਹੇ ਬੱਚਿਆਂ ਨੂੰ ਇਸ ਅਧੀਨ ਲਿਆਂਦੇ ਜਾਣ ਦੀ ਆਸ ਹੈ। ਗਰੀਬੀ ਦੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਡਾਕਟਰੀ ਸਹੂਲਤ ਦਿਤੀ ਜਾਵੇਗੀ।

ਸਰਕਾਰ ਰਾਜ ਵਿਚ ਚਿਕਿਤਸਾ ਦੀਆਂ ਭਾਰਤੀ ਪ੍ਰਣਾਲੀਆਂ ਨੂੰ ਉਤਸ਼ਾਹ ਦੇਣ ਲਈ ਵੀ ਵਚਨ-ਬੱਧ ਹੈ। ਇਸ ਸਬੰਧ ਵਿਚ ਸਾਲ 1982-83 ਦੀ ਯੋਜਨਾ ਵਿਚ ਕੁਲ 40.30 ਲੱਖ ਰੁਪਏ ਆਯੁਰਵੈਦਿਕ ਅਤੇ ਹੋਮਿਓਪੈਥੀ ਡਿਸਪੈਂਸਰੀਆਂ ਤੇ ਖਰਚ ਕੀਤੇ ਜਾਣਗੇ। ਹੋਮਿਓਪੈਥੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਨੇ ਰਾਜ ਵਿਚ ਸਰਕਾਰੀ ਕਰਮਚਾਰੀਆਂ ਨੂੰ ਹੋਮਿਓਪੈਥਿਕ ਦਵਾਈਆਂ ਤੇ ਖਰਚ ਦੀ ਪ੍ਰਤਿਪੂਰਤੀ ਦੀ ਆਗਿਆ ਦੇ ਦਿਤੀ ਹੈ।

ਡਾਕਟਰੀ ਅਤੇ ਸਿਹਤ ਸੇਵਾਵਾਂ ਲਈ ਸਾਲ 1982-83 ਵਿਚ ਕੁਲ ਉਪਬੰਧ 33.57 ਕਰੋੜ ਰੁਪਏ ਨਿਸਚਿਤ ਕੀਤਾ ਗਿਆ ਹੈ।

### ਦਿਹਾਤੀ ਜਲ ਸਪਲਾਈ

ਜਿਵੇਂ ਕਿ ਮੈਂ ਨਵੇਂ 20 ਨੁਕਾਤੀ ਪ੍ਰੋਗਰਾਮ ਅਧੀਨ ਕੀਤੀ ਜਾ ਰਹੀ ਕਾਰਵਾਈ ਦਾ ਵਿਸਥਾਰ ਪੂਰਬਕ ਵਰਣਨ ਕਰਦਿਆਂ ਪਹਿਲਾਂ ਹੀ ਜ਼ਿਕਰ ਕਰ ਚੁਕਿਆ ਹਾਂ, ਪਤਾ ਲਾਏ ਗਏ ਪੀਣ ਵਾਲੇ ਪਾਣੀ ਦੀ ਕਮੀ ਵਾਲੇ 3,712 ਪਿੰਡਾਂ ਵਿਚੋਂ 2,085 ਪਿੰਡ 31 ਮਾਰਚ, 1982 ਤਕ ਇਸ ਪ੍ਰੋਗਰਾਮ ਅਧੀਨ ਲਿਆਂਦੇ ਜਾਣਗੇ। ਉਸ ਸਮੇਂ ਤਕ ਇਸ ਪ੍ਰੋਗਰਾਮ ਤੇ ਕੁਲ ਖਰਚ ਲਗਭਗ 50 ਕਰੋੜ ਰੁਪਏ ਕੀਤਾ ਜਾਵੇਗਾ। ਬਾਕੀ ਬਚਦੇ ਥੁੜ ਵਾਲੇ 1,627 ਪਿੰਡਾਂ ਵਿਚੋਂ ਉਨ੍ਹਾਂ ਪਿੰਡਾਂ ਨੂੰ ਸਾਫ ਸੁਥਰਾ ਪੀਣ-ਯੋਗ ਪਾਣੀ ਮੁਹਈਆ ਕਰਨ ਲਈ ਪਰਮ ਅਗੇਤ ਦਿਤੀ ਜਾਵੇਗੀ ਜਿਥੇ ਪ੍ਰਾਪਤ ਪਾਣੀ ਮਨੁਖੀ ਵਰਤੋਂ ਲਈ ਠੀਕ ਨਹੀਂ। ਰਾਜ ਸਰਕਾਰ ਦਾ ਛੇਵੀਂ ਪੰਜ ਸਾਲਾ ਯੋਜਨਾ ਦੇ ਬਾਕੀ ਬਚਦੇ ਤਿੰਨ ਸਾਲਾਂ ਦੇ ਦੌਰਾਨ ਸਾਰੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦਾ ਪੱਕਾ ਨਿਸਚਾ ਹੈ। ਸਾਲ 1982-83 ਵਿਚ 70 ਅਜਿਹੇ ਪਿੰਡਾਂ ਨੂੰ ਕਵਰ ਕਰਨ ਦੀ ਤਜਵੀਜ਼ ਹੈ ਅਤੇ ਨਵੇਂ ਵਾਟਰ ਵਰਕਸ ਅਤੇ ਪਹਿਲਾਂ ਚਾਲੂ ਕੀਤੀਆਂ ਸਕੀਮਾਂ ਨੂੰ ਜਾਰੀ ਰਖਣ ਲਈ ਬਜਟ ਵਿਚ 8.70 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

### ਸ਼ਹਿਰੀ ਜਲ ਸਪਲਾਈ ਅਤੇ ਸੀਵਰੇਜ

ਰਾਜ ਦੇ 8 ਵੱਡੇ ਸ਼ਹਿਰਾਂ ਨੂੰ ਜਲ ਸਪਲਾਈ ਅਤੇ ਸੀਵਰੇਜ ਮੁਹੱਈਆ ਕਰਨ ਲਈ ਮਹੱਤਵ-ਪੂਰਨ ਵਿਸ਼ਵ ਬੈਂਕ ਪ੍ਰਾਜੈਕਟ ਚਾਲੂ ਹੈ ਅਤੇ ਚਾਲੂ ਸਾਲ ਦੇ ਅੰਤ ਤਕ ਇਸ ਤੇ 38 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਪ੍ਰਾਜੈਕਟ ਨੂੰ 1983 ਦੇ ਅੰਤ ਤਕ ਮੁਕੰਮਲ ਕੀਤੇ ਜਾਣ ਦੀ ਆਸ ਹੈ। ਇਸ ਤੋਂ ਇਲਾਵਾ ਜੀਵਨ ਬੀਮਾ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਰਾਜ ਵਿਚ 9 ਹੋਰ ਕਸਬਿਆਂ ਵਿਚ 6.45 ਕਰੋੜ ਰੁਪਏ ਦੀ ਲਾਗਤ ਨਾਲ ਜਲ ਸਪਲਾਈ ਸਕੀਮਾਂ ਸ਼ੁਰੂ

Original with;
Punjab Vidhan Sabha
Digitized by;
Panjab Digital Library

ਕੀਤੀਆਂ ਜਾ ਚੁਕੀਆਂ ਹਨ ਅਤੇ ਇਹ ਪ੍ਰਾਜੈਕਟ ਮਾਰਚ, 1982 ਤਕ ਮੁਕੰਮਲ ਕਰ ਲੈਣ ਦੀ ਆਸ ਹੈ। ਜੀਵਨ ਬੀਮਾ ਕਾਰਪੋਰੇਸ਼ਨ ਦੀ ਸਹਾਇਤਾ ਨਾਲ ਇਕ ਹੋਰ ਪ੍ਰਾਜੈਕਟ 27 ਕਸਬਿਆਂ ਵਿਚ ਜਲ ਸਪਲਾਈ ਅਤੇ 11 ਕਸਬਿਆਂ ਵਿਚ ਸੀਵਰੇਜ ਸਹੂਲਤਾਂ ਦੇਣ ਲਈ 12 ਕਰੋੜ ਰੁਪਏ ਦੇ ਕੁਲ ਖਰਚ ਨਾਲ ਸ਼ੁਰੂ ਕੀਤਾ ਗਿਆ ਹੈ। ਆਸ ਹੈ ਇਹ ਪ੍ਰਾਜੈਕਟ ਮਾਰਚ, 1984 ਤਕ ਮੁਕੰਮਲ ਹੋ ਜਾਵੇਗਾ। ਇਸ ਤੋਂ ਇਲਾਵਾ, 65 ਸੀਵਰੇਜ਼ ਅਤੇ ਗੰਦੇ ਪਾਣੀ ਦੀ ਵਰਤੋਂ ਦੀਆਂ ਸਕੀਮਾਂ ਚਾਲੂ ਹਨ, ਜਿਨ੍ਹਾਂ ਵਿਚੋਂ 27 ਸਕੀਮਾਂ ਮੁਕੰਮਲ ਹੋ ਚੁਕੀਆਂ ਹਨ। ਇਨ੍ਹਾਂ ਸਾਰੇ ਪ੍ਰਾਜੈਕਟਾਂ ਲਈ ਸਾਲਾਨਾ ਯੋਜਨਾ 1982-83 ਵਿਚ 12 ਕਰੋੜ ਰੁਪਏ ਰਖੇ ਗਏ ਹਨ।

ਸਰਕਾਰ ਦੀ 8 ਕਸਬਿਆਂ ਵਿਚ ਵੱਡੇ ਸੀਵਰੇਜ ਟਰੀਟਮੈਂਟ ਪਲਾਂਟ ਕਾਇਮ ਕਰਨ ਦੀ ਤਜਵੀਜ਼ ਹੈ ਜਿਨ੍ਹਾਂ ਵਿਚ ਆਈ. ਡੀ. ਏ. ਪ੍ਰਾਜੈਕਟ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰਾਜੈਕਟ ਸਬੰਧੀ ਵਿਸ਼ਵ ਬੈਂਕ ਨਾਲ ਗੱਲ ਬਾਤ ਚਲ ਰਹੀ ਹੈ, ਜੋ ਕੁਲ 44 ਕਰੋੜ ਰੁਪਏ ਦੀ ਲਾਗਤ ਨਾਲ ਚਾਲੂ ਕੀਤਾ ਜਾਵੇਗਾ। ਇਸ ਲਈ ਸਾਲ 1982-83 ਦੇ ਬਜਟ ਵਿਚ ਟੋਕਨ ਉਪਬੰਧ ਕੀਤਾ ਗਿਆ ਹੈ। ਇਸ ਨਾਲ ਇਨ੍ਹਾਂ 8 ਸ਼ਹਿਰਾਂ ਨੂੰ ਜਲ ਸਪਲਾਈ ਅਤੇ ਸੀਵਰੇਜ ਸਹੂਲਤਾਂ ਮੁਹੱਈਆ ਹੋ ਜਾਣਗੀਆਂ।

ਗੰਦੀਆਂ ਬਸਤੀਆਂ ਦੇ ਚੌਗਿਰਦੇ ਦਾ ਸੁਧਾਰ ਕਰਨਾ, ਨਵੇਂ 20 ਨੁਕਾਤੀ ਪ੍ਰੋਗਰਾਮ ਦਾ ਇਕ ਮਹੱਤਵ ਪੂਰਨ ਅੰਗ ਹੈ। ਇਸ ਕੰਮ ਲਈ ਸਥਾਨਕ ਅਤੇ ਨਗਰ ਸੰਸਥਾਵਾਂ ਸਿੱਧੇ ਤੌਰ ਤੇ ਜ਼ਿੰਮੇਵਾਰ ਹਨ। ਫਿਰ ਵੀ, ਇਨ੍ਹਾਂ ਸੰਸਥਾਵਾਂ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਹੈ ਅਤੇ ਸਰਕਾਰ ਨੇ ਇਹ ਕੰਮ ਜਾਰੀ ਰੱਖਣ ਵਾਸਤੇ ਸਹਾਇਤਾ ਦੇਣ ਲਈ ਸਾਲਾਨਾ ਯੋਜਨਾ 1982-83 ਵਿਚ 1 ਕਰੋੜ ਰੁਪਏ ਦਾ ਉਪਬੰਧ ਕੀਤਾ ਹੈ, ਤਾਂ ਜੋ ਉਹ ਆਪਣੇ ਮਿਊਂਸਪਲ ਖੇਤਰਾਂ ਵਿਚ ਆਮ ਸੁਧਾਰ ਦੇ ਕਾਰਜ ਜਾਰੀ ਰੱਖ ਸਕਣ। ਸਾਲ 1982-83 ਦੇ ਦੌਰਾਨ ਵੀ ਅਜਿਹੀ ਸਹਾਇਤਾ ਜਾਰੀ ਰੱਖਣ ਦੀ ਤਜਵੀਜ਼ ਹੈ। ਰਾਜ ਵਿਚ ਸਥਾਨਿਕ ਸੰਸਥਾਵਾਂ ਅਤੇ ਨਗਰ ਪਾਲਕਾਵਾਂ ਨੂੰ ਆਪਣੇ ਵਸੀਲਿਆਂ ਵਿਚ ਸੁਧਾਰ ਲਿਆਉਣ ਲਈ, ਤਾਂ ਜੋ ਠੀਕ ਢੰਗ ਨਾਲ ਕੰਮ ਕਰ ਸਕਣ, ਉਨ੍ਹਾਂ ਦੀ ਮਾਲੀ ਹਾਲਤ ਦਾ ਵਿਸਤ੍ਰਿਤ ਜਾਇਜ਼ਾ ਲੈਣ ਦੀ ਤਜਵੀਜ਼ ਬਣਾਈ ਗਈ ਹੈ, ਜਿਸ ਦਾ ਉਦੇਸ਼ ਹੈ ਆਮਦਨ ਦੇ ਵਸੀਲੇ ਵਧਾਏ ਜਾਣ ਅਤੇ ਜਿਨਾਂ ਖੇਤਰਾਂ ਵਿਚ ਸੰਭਵ ਹੋਵੇ, ਉਥੇ ਖਰਚ ਘਟਾਇਆ ਜਾਵੇ।

## ਸ਼ਹਿਰੀ ਵਿਕਾਸ

ਸ਼ਹਿਰੀ ਇਲਾਕਿਆਂ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਬਾਰੇ ਸਰਕਾਰ ਸੁਚੇਤ ਹੈ। 1981 ਤਕ ਖਤਮ ਹੋਣ ਵਾਲੇ ਦਹਾਕੇ ਵਿਚ ਸ਼ਹਿਰਾਂ ਦੀ ਆਬਾਦੀ ਵਿਚ ਵਾਧਾ 43.66% ਸੀ ਜਦੋਂ ਕਿ ਵਾਧੇ ਦੀ ਸਮੁੱਚੀ ਦਰ 27.01% ਹੈ। ਇਸ ਨਾਲ ਬਹੁਤ ਸਾਰੀਆਂ ਥਾਵਾਂ ਤੇ ਨਾਗਰਿਕ ਪ੍ਰਸ਼ਾਸਨਾਂ ਤੇ ਬੋਝ ਪਿਆ ਹੈ। ਉਚਿਤ ਮਕਾਨ ਉਸਾਰੀ ਦੀ ਸਮੱਸਿਆ, ਖਾਸ ਕਰਕੇ ਸ਼ਹਿਰੀ ਵਸੋਂ ਦੇ ਗਰੀਬ ਅਤੇ ਕਮਜ਼ੋਰ ਵਰਗਾਂ ਵਾਸਤੇ, ਇਹ ਸਮੱਸਿਆ ਹੋਰ ਗੰਭੀਰ ਹੋ ਗਈ ਹੈ। ਇਸ ਦਬਾ ਨੂੰ ਘਟਾਉਣ ਲਈ ਸਾਲ 1982-83 ਦੀ ਸਾਲਾਨਾ ਯੋਜਨਾ ਵਿਚ ਇਸ ਮੰਤਵ ਲਈ 2.25 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸ਼ਹਿਰੀ ਇਲਾਕਿਆਂ ਵਿਚ ਮਕਾਨ ਬਣਾਉਣ ਲਈ ਕਾਲੋਨੀਆਂ ਸਥਾਪਤ ਕਰਨ ਵਾਸਤੇ ਤਕਰੀਬਨ 3,000 ਏਕੜ ਭੋਂ ਦਾ ਵਿਕਾਸ ਕਰਨ ਦੀ ਤਜਵੀਜ਼ ਹੈ। 31 ਜਨਵਰੀ, 1982 ਤਕ ਮੁਹਾਲੀ, ਲੁਧਿਆਣਾ, ਪਟਿਆਲਾ, ਜਲੰਧਰ, ਬਠਿੰਡਾ, ਅਤੇ ਫਗਵਾੜਾ ਦੀਆਂ ਸ਼ਹਿਰੀ ਮਿਲਖਾਂ ਵਿਚ 16,000 ਪਲਾਟ ਵੰਡੇ ਗਏ ਹਨ ਅਤੇ 1982-83

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਅਜਿਹੇ ਹੋਰ 4,000 ਪਲਾਟ ਦੇਣ ਦੀ ਤਜਵੀਜ਼ ਹੈ। ਸ਼ਹਿਰੀ ਅਨੁਸੂਚਿਤ ਜਾਤੀਆਂ ਅਤੇ ਕਮਜ਼ੋਰ ਵਰਗਾਂ ਨੂੰ ਪਲਾਟ ਰਿਆਇਤੀ ਦਰਾਂ ਤੇ ਦਿੱਤੇ ਜਾਣਗੇ। ਸ਼ਹਿਰੀ ਵਿਕਾਸ ਦੇ ਕੰਮ ਨੂੰ ਤੇਜ਼ ਕਰਨ ਅਤੇ ਇਸ ਮੰਤਵ ਲਈ ਸੰਸਥਾ ਵੀ ਵਿੱਤ ਦੀ ਵਰਤੋਂ ਕਰਨ ਨੂੰ ਮੁੱਖ ਰਖਦੇ ਹੋਏ ਰਾਜ ਸਰਕਾਰ ਇਕ ਸ਼ਹਿਰੀ ਵਿਕਾਸ ਅਥਾਰਿਟੀ ਸਥਾਪਤ ਕਰਨ ਬਾਰੇ ਵਿਚਾਰ ਕਰ ਰਹੀ ਹੈ।

ਸਾਲ 1982-83 ਦੇ ਦੌਰਾਨ ਰਣਜੀਤਗੜ੍ਹ ਵਿਖੇ ਨਵੇਂ ਸ਼ਹਿਰ ਸਬੰਧੀ ਪ੍ਰਾਜੈਕਟ ਵਲ ਵੀ ਸਰਕਾਰ ਹੋਰ ਧਿਆਨ ਦੇਵੇਗੀ। ਇਸ ਸ਼ਹਿਰ ਦਾ ਨਕਸ਼ਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਜਦੋਂ ਇਹ ਮੁਕੰਮਲ ਹੋ ਗਿਆ ਉਸੇ ਵੇਲੇ ਇਸ ਮੰਤਵ ਲਈ ਭੋਂ ਪ੍ਰਾਪਤ ਕਰ ਲਈ ਜਾਵੇਗੀ। ਸ਼ਹਿਰਾਂ ਦੇ ਸੰਗਠਿਤ ਵਿਕਾਸ ਸਬੰਧੀ ਸਕੀਮ ਵਲ ਵੀ ਸਰਕਾਰ ਪੂਰਾ ਧਿਆਨ ਦੇ ਰਹੀ ਹੈ ਅਤੇ ਭਾਰਤ ਸਰਕਾਰ ਦੀ ਛੋਟੇ ਅਤੇ ਦਰਮਿਆਨੇ ਸ਼ਹਿਰਾਂ ਦੇ ਸੰਗਠਿਤ ਵਿਕਾਸ ਸਬੰਧੀ ਸਕੀਮ ਅਧੀਨ ਕੇਂਦਰੀ ਸਹਾਇਤਾ ਲੈਣ ਵਾਸਤੇ 6 ਹੋਰ ਕਸਬਿਆਂ, ਜਿਵੇਂ ਕਿ ਤਰਨ ਤਾਰਨ, ਬਟਾਲਾ, ਕੋਟਕਪੂਰਾ, ਜਗਰਾਓਂ, ਫਰੀਦਕੋਟ ਅਤੇ ਅਬੋਹਰ, ਦੇ ਸੰਗਠਿਤ ਵਿਕਾਸ ਲਈ ਪ੍ਰਾਜੈਕਟ ਰਪੋਟਾਂ ਤਿਆਰ ਕੀਤੀਆਂ ਜਾ ਚੁਕੀਆਂ ਹਨ।

### ਮਕਾਨ ਉਸਾਰੀ

ਦਿਹਾਤੀ ਗਰੀਬਾਂ ਨੂੰ ਮਕਾਨ ਦੇਣ ਸਬੰਧੀ ਨਵੇਂ 20 ਨੁਕਾਤੀ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਸਰਕਾਰ ਨੇ ਨਾ ਕੇਵਲ ਦਿਹਾਤੀ ਬੇਜ਼ਮੀਨੇ ਅਤੇ ਬੇਘਰੇ ਕਾਮਿਆਂ ਨੂੰ ਮਕਾਨਾਂ ਲਈ ਮੁਫਤ ਥਾਵਾਂ ਹੀ ਦਿੱਤੀਆਂ ਹਨ ਸਗੋਂ ਇਨ੍ਹਾਂ ਥਾਵਾਂ ਤੇ ਮਕਾਨ ਬਣਾਉਣ ਦਾ ਇਕ ਵਿਸ਼ਾਲ ਪ੍ਰੋਗਰਾਮ ਵੀ ਸ਼ੁਰੂ ਕੀਤਾ ਹੈ। ਮੈਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਇਸ ਸਾਲ ਦੇ ਅੰਤ ਤਕ ਅਜਿਹੇ ਲਗਭਗ 20,000 ਹੋਰ ਮਕਾਨ ਬਣਾ ਦਿਤੇ ਜਾਣਗੇ। ਸਾਲ 1982-83 ਦੇ ਦੌਰਾਨ ਰਾਜ ਦੇ ਬਜਟ ਵਿਚ 2.85 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਹੁਡਕੋ ਤੋਂ ਸਹਾਇਤਾ ਨਾਲ 1982-83 ਦੇ ਦੌਰਾਨ 10,000 ਹੋਰ ਮਕਾਨ ਬਣਾਉਣ ਦੀ ਤਜਵੀਜ਼ ਹੈ।

ਇਸ ਤੋਂ ਇਲਾਵਾ, ਪੰਜਾਬ ਮਕਾਨ ਉਸਾਰੀ ਬੋਰਡ ਸ਼ਹਿਰੀ ਇਲਾਕਿਆਂ ਵਿਚ ਘਟ ਆਮਦਨ ਅਤੇ ਦਰਮਿਆਨੀ ਆਮਦਨ ਗਰੁਪ ਦੇ ਲੋਕਾਂ ਲਈ 2,138 ਮਕਾਨ ਬਣਾ ਰਿਹਾ ਹੈ। ਸਰਕਾਰੀ ਕਰਮਚਾਰੀਆਂ ਵਾਸਤੇ ਚੰਡੀਗੜ੍ਹ ਵਿਚ 64 ਮਕਾਨ ਮੁਕੰਮਲ ਹੋ ਚੁਕੇ ਹਨ ਅਤੇ 2,266 ਮਕਾਨਾਂ ਦੀ ਉਸਾਰੀ ਰਾਜ ਦੀਆਂ ਵੱਖ ਵੱਖ ਥਾਵਾਂ ਤੇ ਹੋ ਰਹੀ ਹੈ। ਇਨ੍ਹਾਂ ਸਾਰੇ ਪ੍ਰਾਜੈਕਟਾਂ ਵਾਸਤੇ ਹੁਡਕੋ ਪਾਸੋਂ ਲਏ ਲੋੜੀਂਦੇ ਕਰਜ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਮਕਾਨਾਂ ਦੀ ਸਿੱਧੀ ਉਸਾਰੀ ਤੋਂ ਇਲਾਵਾ, ਸਰਕਾਰ ਘਟ ਅਤੇ ਦਰਮਿਆਨੀ ਆਮਦਨ ਗਰੁਪ ਦੇ ਲੋਕਾਂ ਨੂੰ ਮਕਾਨਾਂ ਲਈ ਕਰਜ਼ੇ ਦੇ ਕੇ ਵੀ ਸਹਾਇਤਾ ਦੇ ਰਹੀ ਹੈ। ਸਾਲ 1982-83 ਵਿਚ ਇਸ ਮੰਤਵ ਲਈ ਵੱਖ ਵੱਖ ਸਕੀਮਾਂ ਅਧੀਨ 45 ਲੱਖ ਰੁਪਏ ਦੇ ਕਰਜ਼ੇ ਦਿੱਤੇ ਜਾਣਗੇ। ਇਸ ਤੋਂ ਇਲਾਵਾ ਸਰਕਾਰੀ ਕਰਮਚਾਰੀਆਂ ਨੂੰ ਮਕਾਨ ਬਣਾਉਣ ਲਈ ਕਰਜ਼ਿਆਂ ਵਾਸਤੇ 2 ਕਰੋੜ ਰੁਪਏ ਮੁਹੱਈਆ ਕੀਤੇ ਜਾਣਗੇ।

### ਸੜਕਾਂ ਅਤੇ ਪੁਲ

ਸੜਕਾਂ ਅਤੇ ਪੁਲਾਂ ਦੇ ਪ੍ਰੋਗਰਾਮ ਵਿਚ ਸਾਲ 1982-83 ਦੇ ਦੌਰਾਨ ਮੌਜੂਦਾ ਸੜਕਾਂ ਦੀ ਉਚਿਤ ਸੰਭਾਲ ਅਤੇ ਸੜਕਾਂ ਦੇ ਲੋੜੀਂਦੇ ਅਣਜੁੜੇ ਟੋਟਿਆਂ ਅਤੇ ਲਿੰਕ ਸੜਕਾਂ ਦੀ ਉਸਾਰੀ ਤੇ

Original with;
Punjab Vidhan Sabha
Digitized by;
Panjab Digital Library

ਵਧੇਰੇ ਜ਼ੋਰ ਦਿੱਤਾ ਜਾਵੇਗਾ। ਮੈਨੂੰ ਇਹ ਦੱਸਣ ਵਿਚ ਖੁਸ਼ੀ ਹੋ ਰਹੀ ਹੈ ਕਿ ਪੰਜਾਬ ਦੇ 12,188 ਵਸੋਂ ਵਾਲੇ ਪਿੰਡਾਂ ਵਿਚ 12,001 ਪਿੰਡਾਂ ਨੂੰ ਸੜਕਾਂ ਰਾਹੀਂ ਜੋੜਿਆ ਗਿਆ ਹੈ। ਬਾਕੀ ਰਹਿੰਦੇ ਪਿੰਡਾਂ ਵਿਚੋਂ ਬਹੁਤੇ ਅਜਿਹੇ ਹਨ ਜਿਨ੍ਹਾਂ ਨੂੰ ਬਹੁਤ ਸਾਰੇ ਕਾਰਨਾਂ ਕਰਕੇ ਜੋੜਨਾ ਮੁਸ਼ਕਿਲ ਹੈ। ਪਰ ਜਿਨ੍ਹਾਂ ਪਿੰਡਾਂ ਨੂੰ ਜੋੜਿਆ ਜਾ ਸਕਦਾ ਹੈ ਉਥੇ ਕੰਮ ਹੋ ਰਿਹਾ ਹੈ। ਜਰਨੈਲੀ ਸੜਕਾਂ ਨੂੰ ਚੰਗੇਰੀਆਂ ਬਣਾਉਣ ਦਾ ਕੰਮ ਪਿਛਲੇ ਦੋ ਸਾਲਾਂ ਦੇ ਦੌਰਾਨ ਤੇਜ਼ੀ ਨਾਲ ਕੀਤਾ ਜਾਂਦਾ ਰਿਹਾ ਹੈ। ਸਾਲ 1980-81 ਅਤੇ 1981-82 ਦੇ ਦੌਰਾਨ 205 ਕਿਲੋਮੀਟਰ ਸੜਕਾਂ ਦਾ ਸੁਧਾਰ ਕਰਨ ਤੇ 7.21 ਕਰੋੜ ਰੁਪਏ ਦੀ ਰਕਮ ਖਰਚ ਕੀਤੀ ਜਾ ਚੁਕੀ ਹੈ। 44 ਪੁਲ, ਜਿਨ੍ਹਾਂ ਤੇ 8.27 ਕਰੋੜ ਰੁਪਏ ਖਰਚ ਹੋਣਗੇ, ਉਸਾਰੀ ਦੇ ਵੱਖ ਵੱਖ ਪੜਾਵਾਂ ਅਧੀਨ ਹਨ। ਉਨ੍ਹਾਂ ਤੇ 31 ਮਾਰਚ, 1982 ਤਕ 2 ਕਰੋੜ ਰੁਪਏ ਖਰਚ ਕੀਤੇ ਜਾਣਗੇ। ਪਿਛਲੇ ਦੋ ਸਾਲਾਂ ਦੇ ਦੌਰਾਨ 20 ਪੁਲ ਪਹਿਲਾਂ ਹੀ ਮੁਕੰਮਲ ਕੀਤੇ ਜਾ ਚੁਕੇ ਹਨ। (ਥੰਪਿੰਗ)

ਸਾਲ 1982-83 ਦੇ ਦੌਰਾਨ ਸੜਕਾਂ ਅਤੇ ਪੁਲਾਂ ਤੇ 27.52 ਕਰੋੜ ਰੁਪਏ ਦੀ ਰੂਕਮ ਖਰਚ ਕੀਤੀ ਜਾਵੇਗੀ।

ਇਸ ਤੋਂ ਇਲਾਵਾ, ਮਾਸਟਰ ਪਲਾਨ ਅਧੀਨ ਸਮੁਚੇ ਰਾਜ ਵਿਚ ਸਥਾਪਿਤ ਕਰਨ ਲਈ ਤਜਵੀਜ਼ੀਆਂ 226 ਨਵੀਆਂ ਮੰਡੀਆਂ ਵਾਸਤੇ ਲਿੰਕ ਸੜਕਾਂ, ਰਾਜ ਖੇਤੀਬਾੜੀ ਮਾਰਕਿਟਿੰਗ ਬੋਰਡ ਅਤੇ ਮਾਰਕਿਟਿੰਗ ਕਮੇਟੀਆਂ ਦੇ ਫੰਡਾਂ ਨਾਲ ਬਣਾਈਆਂ ਜਾਣਗੀਆਂ।

## ਟ੍ਰਾਂਸਪੋਰਟ

ਰਾਜ ਦੇ ਦੋ ਟ੍ਰਾਂਸਪੋਰਟ ਅਦਾਰੇ, ਭਾਵ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਰਾਜ ਦੇ ਸਾਰੇ ਇਲਾਕਿਆਂ ਵਿਚ ਚੋਖੀ ਟ੍ਰਾਂਸਪੋਰਟ ਸੇਵਾ ਮੁਹੱਈਆ ਕਰ ਰਹੇ ਹਨ। ਪਿਛਲੇ ਦੋ ਸਾਲਾਂ ਦੇ ਦੌਰਾਨ ਬੱਸਾਂ ਦੀ ਗਿਣਤੀ ਵਿਚ 1,152 ਨਵੀਆਂ ਗੱਡੀਆਂ ਦਾ ਵਾਧਾ ਕੀਤਾ ਗਿਆ ਅਤੇ 300 ਪੁਰਾਣੀਆਂ ਬੱਸਾਂ ਦੀ ਮੁਰੰਮਤ/ਮੁੜ ਨਿਰਮਾਣ ਕੀਤਾ ਗਿਆ ਹੈ। ਸੇਵਾਵਾਂ ਵਿਚ, ਖਾਸ ਕਰਕੇ ਦਿਹਾਤੀ ਇਲਾਕਿਆਂ, ਪਛੜੇ ਇਲਾਕਿਆਂ ਅਤੇ ਨੀਮ ਪਹਾੜੀ ਅਤੇ ਬੇਟ ਦੇ ਇਲਾਕਿਆਂ ਵਿਚ ਹੋਰ ਵਾਧਾ ਕਰਕੇ ਟ੍ਰਾਂਸਪੋਰਟ ਦੀਆਂ ਇਨ੍ਹਾਂ ਸਹੂਲਤਾਂ ਦੇ ਵਿਸਤਾਰ ਰਾਹੀਂ ਬੱਸਾਂ ਵਿਚ ਭੀੜ ਅਤੇ ਛੱਤ ਤੇ ਬੈਠ ਕੇ ਸਫਰ ਕਰਨ ਵਾਲਿਆਂ ਦੀ ਗਿਣਤੀ ਕਾਫੀ ਹੱਦ ਤਕ ਘਟਾਈ ਗਈ ਹੈ। ਸਾਲ 1981-82 ਦੇ ਦੌਰਾਨ ਰਾਜ ਦੇ ਇਨ੍ਹਾਂ ਅਦਾਰਿਆਂ ਦੁਆਰਾ ਰੋਜ਼ਾਨਾ ਸਫਰ 7.49 ਲੱਖ ਕਿਲੋਮੀਟਰ ਤਕ ਵਧ ਗਿਆ ਹੈ। ਇਹ ਪਿਛਲੇ ਸਾਲ ਨਾਲੋਂ ਲਗਭਗ 14% ਵੱਧ ਹੈ। ਇਸ ਤਰ੍ਹਾਂ 1981-82 ਦੇ ਦੌਰਾਨ ਮੁਸਾਫਰਾਂ ਦੀ ਗਿਣਤੀ ਵਧ ਕੇ 12.16 ਲੱਖ ਪ੍ਰਤੀ ਦਿਨ ਹੋ ਗਈ ਹੈ ਜਦ ਕਿ 1980-81 ਦੇ ਦੌਰਾਨ ਇਹ ਗਿਣਤੀ 10.96 ਲੱਖ ਸੀ।

ਸਾਲ 1982-83 ਦੇ ਦੌਰਾਨ ਬੱਸ ਸੇਵਾ ਸਹੂਲਤਾਂ ਵਿਚ ਹੋਰ ਵਿਸਤਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਵਿਚ 368 ਨਵੀਆਂ ਬੱਸਾਂ ਸ਼ਾਮਲ ਕੀਤੀਆਂ ਜਾਣਗੀਆਂ। ਮੌਜੂਦਾ ਬਸ ਅੱਡਿਆਂ ਦੀ ਚੰਗੇਰੀ ਅਤੇ ਉਚਿਤ ਦੇਖਭਾਲ ਕਰ ਕੇ ਅਤੇ ਲੋੜ ਵਾਲੀਆਂ ਥਾਵਾਂ ਤੇ ਨਵੇਂ ਬੱਸ ਅੱਡਿਆਂ ਅਤੇ ਬੱਸ ਸ਼ੈਲਟਰਾਂ ਦੀ ਉਸਾਰੀ ਕਰ ਕੇ ਮੁਸਾਫਰਾਂ ਲਈ ਸਹੂਲਤਾਂ ਦਾ ਸੁਧਾਰ ਕਰਨ ਵਲ ਵਧੇਰੇ ਧਿਆਨ ਦਿਤਾ ਜਾਵੇਗਾ। ਇਨ੍ਹਾਂ ਸਾਰੇ ਕਾਰਜਾਂ ਲਈ ਸਾਲ 1982-83 ਦੀ ਸਾਲਾਨਾ ਯੋਜਨਾ ਵਿਚ 7.61 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਟ੍ਰੈਫਿਕ ਨੂੰ ਵਿਨਿਯਮਤ ਕਰਨ ਲਈ ਅਤੇ ਸੜਕ ਸੁਰੱਖਿਆ ਨੂੰ ਵਧਾਉਣ ਲਈ ਤੇਜ਼ ਰਫਤਾਰੀ, ਓਵਰ ਲੋਡਿੰਗ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਨੂੰ ਰੋਕਣ ਦੇ ਪ੍ਰਭਾਵਸ਼ਾਲੀ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਉਪਾਅ ਕੀਤੇ ਗਏ ਹਨ। ਇਸ ਮੰਤਵ ਲਈ, ਟ੍ਰੈਫਿਕ ਦੀ ਚੈਕਿੰਗ ਕਰਨ ਵਾਲੇ ਅਮਲੇ ਨੂੰ ਉਚਿਤ ਇਲੈਕਟਰਾਨਿਕ ਅਤੇ ਮਕੈਨਕੀ ਯੰਤਰ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ ਹੋਰ ਗੱਡੀਆਂ ਵੀ ਦਿਤੀਆਂ ਗਈਆਂ ਹਨ। ਇਨ੍ਹਾਂ ਉਪਾਵਾਂ ਨਾਲ ਪੰਜਾਬ ਵਿਚ ਸੁਰੱਖਿਅਤ ਆਵਾਜਾਈ ਵਿਚ ਮਹੱਤਵਪੂਰਨ ਸੁਧਾਰ ਹੋਣ ਦੀ ਆਸ ਹੈ।

ਅਨੁਸੂਚਿਤ ਜਾਤੀਆਂ ਦੀ ਭਲਾਈ ਅਤੇ ਸਮਾਜ ਭਲਾਈ

ਨਵੇਂ 20 ਨੁਕਾਤੀ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਦੇ ਸਬੰਧ ਵਿਚ ਭਾਸ਼ਣ ਦੇ ਮੁਢਲੇ ਹਿੱਸੇ ਵਿਚ, ਮੈਂ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੀ ਭਲਾਈ ਅਤੇ ਵਿਕਾਸ ਲਈ ਰਾਜ ਸਰਕਾਰ ਦੁਆਰਾ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਨੂੰ ਪਹਿਲਾਂ ਹੀ ਵੇਰਵੇ ਸਹਿਤ ਦੱਸ ਚੁੱਕਾ ਹਾਂ। ਜਿਵੇਂ ਕਿ ਉਥੇ ਦਸਿਆ ਗਿਆ ਹੈ ਕਿ ਇਨ੍ਹਾਂ ਲੋਕਾਂ ਦੀ ਆਰਥਕ ਸਮਰਥਾ ਅਤੇ ਸਥਿਤੀ ਨੂੰ ਸੁਧਾਰਨ ਦੇ ਨਜ਼ਰੀਏ ਤੋਂ, ਸਾਲ 1981-82 ਦੇ ਦੌਰਾਨ ਇਸ ਸ਼੍ਰੇਣੀ ਦੇ 90,500 ਪਰਿਵਾਰਾਂ ਨੂੰ ਮਾਲੀ ਸਹਾਇਤਾ ਦਿਤੀ ਜਾ ਰਹੀ ਹੈ। ਸਾਲ 1982-83 ਦੇ ਦੌਰਾਨ 94,672 ਪਰਿਵਾਰਾਂ ਨੂੰ ਇਸੇ ਤਰ੍ਹਾਂ ਦੀ ਮਾਲੀ ਸਹਾਇਤਾ ਮੁਹੱਈਆ ਕੀਤੀ ਜਾਵੇਗੀ। ਸਿਖਿਆ, ਚੌਗਿਰਦੇ ਦੇ ਸੁਧਾਰ, ਬੱਚਿਆਂ ਦੇ ਪੌਸ਼ਟਿਕ ਆਹਾਰ ਆਦਿ ਪੱਖਾਂ ਨੂੰ ਪੂਰਾ ਕਰਨ ਵਾਲੇ ਦੂਜੇ ਪਰੋਗ-ਰਾਮਾਂ ਨੂੰ ਉਥੇ ਸੰਖੇਪ ਵਿਚ ਹੀ ਦਰਸਾਇਆ ਗਿਆ ਸੀ, ਜਿਨ੍ਹਾਂ ਨੂੰ ਇਥੇ ਵਿਸਥਾਰ ਨਾਲ ਦੱਸਿਆ ਜਾ ਰਿਹਾ ਹੈ।

ਰਾਜ ਵਿਚ ਅਨੁਸੂਚਿਤ ਜਾਤੀਆਂ ਦੇ ਵੱਖ ਵੱਖ ਸਿਖਿਆ ਪ੍ਰੋਗਰਾਮਾਂ ਲਈ, ਸਾਲ 1982-83 ਦੀ ਸਾਲਾਨਾ ਯੋਜਨਾ ਵਿਚ 88 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ; ਜਿਸ ਵਿਚੋਂ 45 ਲੱਖ ਰੁਪਏ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਪੁਸਤਕਾਂ ਅਤੇ ਲਿਖਣ-ਸਮੱਗਰੀ ਦੇਣ ਲਈ ਖਰਚੇ ਜਾਣਗੇ। ਬਾਕੀ ਰਕਮ ਵੱਖ ਵੱਖ ਖੇਤਰਾਂ ਵਿਚ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਵਜ਼ੀਫਿਆਂ ਅਤੇ ਹੋਰ ਸਹਾਇਤਾ ਸਕੀਮਾਂ ਤੇ ਖਰਚ ਕੀਤੀ ਜਾਵੇਗੀ। 10.80 ਲੱਖ ਰੁਪਏ ਅਨੁ-ਸੂਚਿਤ ਜਾਤੀਆਂ ਦੀਆਂ ਇਸਤਰੀਆਂ ਦੀ ਉਦਯੋਗਿਕ ਸਿਖਲਾਈ ਸਕੀਮਾਂ ਲਈ ਰਾਖਵੇਂ ਰਖੇ ਗਏ ਹਨ।

ਰਾਜ ਦੇ ਪਿੰਡਾਂ ਵਿਚ ਹਰੀਜਨ ਬਸਤੀਆਂ ਦੇ ਚੌਗਿਰਦੇ ਦੇ ਸੁਧਾਰ ਲਈ ਸਾਲ 1981-82 ਵਿਚ 95 ਲੱਖ ਰੁਪਏ ਦੇ ਟਾਕਰੇ ਵਿਚ ਸਾਲ 1982-83 ਵਿਚ 115 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ) 1982-83 ਵਿਚ 100 ਨਵੀਆਂ ਬਸਤੀਆਂ ਕਵਰ ਕਰਨ ਦੀ ਤਜਵੀਜ਼ ਹੈ। ਇਸੇ ਤਰ੍ਹਾਂ 1982-83 ਦੀ ਸਾਲਾਨਾ ਯੋਜਨਾ ਵਿਚ, ਰਾਜ ਵਿਚ 350 ਹਰੀਜਨ ਧਰਮਸ਼ਾਲਾਵਾਂ ਦੀ ਉਸਾਰੀ ਲਈ 45 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਸਫਾਈ ਸੇਵਕਾਂ, ਚਮੜਾ ਲਾਹੁਣ ਵਾਲਿਆਂ ਅਤੇ ਚਮੜਾ ਰੰਗਣ ਵਾਲਿਆਂ ਨੂੰ ਘਰਾਂ ਦੀ ਉਸਾਰੀ ਲਈ 2,000 ਰੁਪਏ ਪ੍ਰਤੀ ਘਰ ਦੇ ਹਿਸਾਬ ਵਿਸ਼ੇਸ਼ ਸਬਸਿਡੀ ਮੁਹੱਈਆ ਕੀਤੀ ਜਾਵੇਗੀ ਅਤੇ ਸਾਲ 1982-83 ਦੀ ਸਾਲਾਨਾ ਯੋਜਨਾ ਵਿਚ 38 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਤਰ੍ਹਾਂ ਦੀ ਸਬਸਿਡੀ ਵਿਮੁਕਤ ਜਾਤੀਆਂ ਨੂੰ ਘਰਾਂ ਦੀ ਉਸਾਰੀ ਲਈ ਦਿੱਤੀ ਜਾਵੇਗੀ, ਇਸ ਮੰਤਵ ਲਈ ਸਾਲ 1982-83 ਦੀ ਸਾਲਾਨਾ ਯੋਜਨਾ ਵਿਚ 20 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ।

ਅਨੁਸੂਚਿਤ ਜਾਤੀਆਂ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਤੋਂ ਇਲਾਵਾ, ਸਰਕਾਰ ਵਿਸ਼ੇਸ਼ ਗਰੁੱਪਾਂ, ਜਿਵੇਂ ਕਿ ਬੱਚੇ, ਇਸਤਰੀਆਂ, ਅਪਾਹਜ, ਅਤੇ ਬਜ਼ੁਰਗ ਲੋਕਾਂ ਦੀ ਭਲਾਈ ਲਈ ਵੀ ਵਚਨਬੱਧ ਹੈ।

Original with;
Punjab Vidhan Sabha
Digitized by;
Panjab Digital Library

ਚਾਲੂ ਸਾਲ ਵਿਚ, ਬੁਢਾਪਾ ਪੈਨਸ਼ਨ ਸਕੀਮ, ਵਿਧਵਾਵਾਂ ਅਤੇ ਬੇਸਹਾਰਾ ਔਰਤਾਂ ਨੂੰ ਮਾਲੀ ਸਹਾਇਤਾ ਸਕੀਮ ਅਤੇ ਆਸਰਿਤ ਬੱਚਿਆਂ ਨੂੰ ਮਾਲੀ ਸਹਾਇਤਾ ਸਕੀਮ ਅਧੀਨ ਕੁਲ 1,33,400 ਵਿਅਕਤੀ ਲਾਭ ਪ੍ਰਾਪਤ ਕਰ ਰਹੇ ਹਨ। ਸਾਲ 1981 ਵਿਚ, ਜਿਸ ਨੂੰ ਅਪਾਹਜਾਂ ਦੇ ਅੰਤਰਰਾਸ਼ਟਰੀ ਵਰ੍ਹੇ ਦੇ ਤੌਰ ਤੇ ਮਨਾਇਆ ਗਿਆ ਸੀ, ਪੱਕੇ ਅਪਾਹਜ ਵਿਅਕਤੀਆਂ ਨੂੰ ਪ੍ਰਤੀ ਵਿਅਕਤੀ 50 ਰੁਪਏ ਮਾਸਿਕ ਮਾਲੀ ਸਹਾਇਤਾ ਮੁਹੱਈਆ ਕਰਨ ਦੀ ਨਵੀਂ ਸਕੀਮ ਸ਼ੁਰੂ ਕੀਤੀ ਗਈ ਸੀ ਅਤੇ ਆਸ ਹੈ ਕਿ ਚਾਲੂ ਸਾਲ ਵਿਚ ਇਸ ਸਕੀਮ ਤਹਿਤ 1,000 ਵਿਅਕਤੀਆਂ ਨੂੰ ਲਾਭ ਪ੍ਰਾਪਤ ਹੋਵੇਗਾ। ਸਾਲ 1982-83 ਵਿਚ ਇਸ ਸਕੀਮ ਅਧੀਨ 5 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਅਪਾਹਜਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਢੁਕਵੇਂ ਕਿੱਤਿਆਂ ਵਿਚ ਸਿਖਲਾਈ ਦੇਣ ਅਤੇ ਮੁੜ ਵਸਾਉਣ ਲਈ ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਸੰਗਰੂਰ ਵਿਖੇ ਤਿੰਨ ਮੁੜ ਵਸਾਊ ਅਤੇ ਕਿੱਤਾ-ਕੇਂਦਰ ਸਥਾਪਿਤ ਕਰਨੇ ਹਨ, ਇਸ ਮੰਤਵ ਲਈ 8 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਰਾਜ ਸਰਕਾਰ ਬੁਢਾਪਾ ਅਤੇ ਵਿਧਵਾ ਪੈਨਸ਼ਨ ਸਕੀਮਾਂ ਅਧੀਨ ਪੈਨਸ਼ਨ ਪ੍ਰਾਪਤ ਕਰਨ ਵਾਲਿਆਂ ਨੂੰ ਪੇਸ਼ ਆਉਣ ਵਾਲੀਆਂ ਔਕੜਾਂ ਬਾਰੇ ਸੁਚੇਤ ਹੈ। ਇਸ ਮੰਤਵ ਲਈ ਆਮਦਨ ਦੀ ਹੱਦ ਵਿਚ ਵਾਜਬ ਵਾਧਾ ਕਰਨ ਦੀ ਤਜਵੀਜ਼ ਹੈ।

ਨੇਤਰਹੀਣਾਂ ਦੀ ਭਲਾਈ ਲਈ 1982-83 ਦੇ ਦੌਰਾਨ, ਲੁਧਿਆਣਾ ਵਿਖੇ ਨੇਤਰਹੀਣਾਂ ਦੇ ਸਕੂਲ ਵਿਚ ਲਗਭਗ 3 ਲੱਖ ਰੁਪਏ ਦੀ ਲਾਗਤ ਨਾਲ ਬਰੇਲ ਪ੍ਰੈਸ ਸਥਾਪਿਤ ਕੀਤਾ ਜਾਵੇਗਾ। ਫੰਡਾਂ ਦਾ ਲੋੜੀਂਦਾ ਉਪਬੰਧ ਇਸ ਸਾਲ ਦੇ ਦੌਰਾਨ ਕਰ ਲਿਆ ਜਾਵੇਗਾ।

ਪੰਜਾਬ ਇਸਤਰੀ ਅਤੇ ਬੱਚਿਆਂ ਦੇ ਵਿਕਾਸ ਸਬੰਧੀ ਭਲਾਈ ਕਾਰਪੋਰੇਸ਼ਨ ਨੇ ਆਪਣੇ ਪ੍ਰੋਗਰਾਮਾਂ ਨੂੰ ਪੂਰੀ ਤਨਦੇਹੀ ਨਾਲ ਅਮਲ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ ਹੈ। ਚਾਲੂ ਸਾਲ ਦੇ ਦੌਰਾਨ, ਇਸ ਕਾਰਪੋਰੇਸ਼ਨ ਨੇ ਸੀਮਾਂਤੀ ਧਨ ਅਤੇ ਵਿਆਜ-ਅੰਤਰ-ਸਬਸਿਡੀ ਦੀਆਂ ਸਕੀਮਾਂ ਅਧੀਨ ਲਗ ਭਗ 70 ਲੱਖ ਰੁਪਏ ਦੇ ਕਰਜ਼ਿਆਂ ਲਈ 500 ਇਸਤਰੀਆਂ ਦੇ ਬਿਨੈ-ਪੱਤਰ ਬੈਂਕਾਂ ਨੂੰ ਭੇਜੇ ਹਨ। 215 ਇਸਤਰੀਆਂ ਨੂੰ ਲਾਭ ਦੇਣ ਲਈ 22 ਲੱਖ ਰੁਪਏ ਤੋਂ ਵੱਧ ਰਕਮ ਦੇ ਕਰਜ਼ੇ ਪਹਿਲਾਂ ਹੀ ਮਨਜ਼ੂਰ ਹੋ ਗਏ ਹਨ ਅਤੇ ਇਨ੍ਹਾਂ ਦੀ ਵੰਡ ਕੀਤੀ ਜਾ ਰਹੀ ਹੈ। ਸਾਲ 1982-83 ਦੇ ਦੌਰਾਨ, ਕਾਰਪੋਰੇਸ਼ਨ ਨੇ ਸਿਲੇ-ਸਿਲਾਏ ਕਪੜੇ ਤਿਆਰ ਕਰਨ ਲਈ 84 ਲੱਖ ਰੁਪਏ ਦੇ ਪ੍ਰਾਜੈਕਟ ਦਾ ਪਹਿਲਾ ਫੇਜ਼ ਸਥਾਪਿਤ ਕਰਨ ਦਾ ਪ੍ਰੋਗਰਾਮ ਬਣਾਇਆ ਹੈ (ਥੰਪਿੰਗ)। ਪ੍ਰਾਜੈਕਟ ਦੇ ਇਸ ਫੇਜ਼ ਨਾਲ 1,200 ਪਰਿਵਾਰਾਂ ਨੂੰ ਰੋਜ਼ਗਾਰ ਮਿਲੇਗਾ, ਜਿਨ੍ਹਾਂ ਦੀਆਂ ਯੋਗਤਾ-ਪ੍ਰਾਪਤ ਇਸਤਰੀਆਂ ਕੰਮ ਤੇ ਲਾਈਆਂ ਜਾਣਗੀਆਂ। ਪਿਛਲੇ ਦੋ ਸਾਲਾਂ ਦੇ ਦੌਰਾਨ ਇਸ ਕਾਰਪੋਰੇਸ਼ਨ ਨੂੰ 35 ਲੱਖ ਰੁਪਏ ਦੀ ਰਕਮ ਹਿੱਸਾ ਪੂੰਜੀ ਅਨੁਦਾਨ ਵਜੋਂ ਦਿੱਤੀ ਗਈ ਹੈ ਅਤੇ ਸਾਲ 1982-83 ਦੇ ਦੌਰਾਨ 44 ਲੱਖ ਰੁਪਏ ਮੁਹੱਈਆ ਕੀਤੇ ਗਏ ਹਨ।

## ਰੱਖਿਆ ਸੇਵਾਵਾਂ ਦੀ ਭਲਾਈ

ਸਾਡੀ ਸਰਕਾਰ ਦੇਸ਼ ਦੀ ਰੱਖਿਆ ਲਈ ਕੀਤੇ ਪੰਜਾਬ ਦੇ ਬਹਾਦਰ ਲੋਕਾਂ ਦੇ ਕੰਮ ਦੀ ਪੂਰੀ ਸ਼ਲਾਘਾ ਕਰਦੀ ਹੈ। ਇਸ ਕੰਮ ਦੀ ਪ੍ਰਸ਼ੰਸਾ ਵਜੋਂ ਸਾਡੀ ਸਰਕਾਰ ਦੁਆਰਾ ਕੁਝ ਹੋਰ ਲਾਭ ਦਿੱਤੇ ਗਏ ਹਨ :—

(i) ਮਹਾਂਵੀਰ ਚੱਕਰ ਅਤੇ ਵੀਰ ਚੱਕਰ ਦੇ ਜੇਤੂਆਂ ਨੂੰ ਦਿੱਤੇ ਜਾਂਦੇ ਮੌਜੂਦਾ ਇਨਾਮ 15 ਅਗਸਤ, 1947 ਤੋਂ ਬਾਅਦ ਉਕਤ ਚੱਕਰਾਂ ਦੇ ਸਾਰੇ ਜੇਤੂਆਂ ਨੂੰ ਦਿੱਤੇ ਜਾਣਗੇ।

(ii) ਅਗੋਂ ਲਈ ਇਨ੍ਹਾਂ ਇਨਾਮਾਂ ਦੀਆਂ ਦਰਾਂ ਨੂੰ ਨਿਮਨ ਲਿਖਤ ਅਨੁਸਾਰ ਵਧਾਇਆ ਗਿਆ ਹੈ। (ਥੰਪਿੰਗ) :--

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(ੳ) ਪਰਮਵੀਰ ਚੱਕਰ 15,000 ਰੁਪਏ ਤੋਂ ਵਧਾ ਕੇ 22,000 ਰੁਪਏ ਅਤੇ 30 ਸਾਲਾਂ ਲਈ 1,000 ਰੁਪਏ ਸਾਲਿਆਨਾ (ਥੰਪਿੰਗ)

(ਅ) ਮਹਾਵੀਰ ਚੱਕਰ 11,000 ਰੁਪਏ ਤੋਂ ਵਧਾ ਕੇ 15,000 ਰੁਪਏ ਅਤੇ 30 ਸਾਲਾਂ ਲਈ 400 ਰੁਪਏ ਸਾਲਿਆਨਾ (ਥੰਪਿੰਗ)

(ੲ) ਵੀਰ ਚੱਕਰ 5,000 ਰੁਪਏ ਤੋਂ ਵਧਾ ਕੇ 7,000 ਰੁਪਏ ਅਤੇ 30 ਸਾਲਾਂ ਲਈ 300 ਰੁਪਏ ਸਾਲਿਆਨਾ (ਥੰਪਿੰਗ)

ਮਹਾਵੀਰ ਚੱਕਰ ਦੇ ਜੇਤੂਆਂ ਨੂੰ ਦਿੱਤੀ ਜਾਣ ਵਾਲੀ 10 ਏਕੜ ਭੋਂ ਦੇ ਇਵਜ਼ ਵਿਚ ਗਰਾਂਟ ਦੀ ਰਕਮ 30,000 ਰੁਪਏ ਤੋਂ ਵਧਾ ਕੇ 50,000 ਰੁਪਏ ਕੀਤੀ ਗਈ ਹੈ। (ਥੰਪਿੰਗ)

ਕੇਵਲ ਸਾਡੀ ਸਰਕਾਰ ਅਧੀਨ ਹੀ ਪੰਜਾਬ ਸਾਬਕਾ ਸੈਨਿਕ ਭਲਾਈ ਕਾਰਪੋਰੇਸ਼ਨ ਸਹੀ ਅਰਥਾਂ ਵਿਚ ਸਰਗਰਮੀ ਨਾਲ ਕੰਮ ਕਰਨ ਲੱਗੀ ਹੈ। ਕਾਰਪੋਰੇਸ਼ਨ ਨੇ ਆਮਦਨ ਪੈਦਾ ਕਰਨ ਵਾਲੇ ਕੰਮਾਂ ਲਈ ਸਾਬਕਾ ਸੈਨਿਕਾਂ ਨੂੰ ਕਰਜ਼ੇ ਦੇਣ ਲਈ ਬੈਂਕਾਂ ਨਾਲ ਪ੍ਰਬੰਧ ਕੀਤੇ ਹਨ। ਸਾਲ 1981-82 ਤਕ 1,200 ਤੋਂ ਵੱਧ ਸਾਬਕਾ ਸੈਨਿਕ ਪਰਿਵਾਰਾਂ ਨੂੰ ਲਾਭ ਦੇਣ ਵਾਲੇ 1.09 ਕਰੋੜ ਰੁਪਏ ਦੇ ਕਰਜ਼ਿਆਂ ਦੀ ਮਨਜ਼ੂਰੀ ਲਈ ਪ੍ਰਬੰਧ ਕੀਤਾ ਹੈ। ਸਾਲ 1982-83 ਲਈ 25 ਲੱਖ ਰੁਪਏ ਦਾ ਵਧੀਕ ਹਿੱਸਾ-ਪੂੰਜੀ ਅਨੁਦਾਨ ਇਸ ਕਾਰਪੋਰੇਸ਼ਨ ਨੂੰ ਦਿੱਤਾ ਜਾਵੇਗਾ।

## ਮਜ਼ਦੂਰ ਭਲਾਈ

ਆਪਣੇ ਭਾਸ਼ਣ ਵਿਚ ਨਵੇਂ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕਰਦਿਆਂ ਮੈਂ ਦੱਸ ਚੁਕਾ ਹਾਂ ਕਿ ਰਾਜ ਸਰਕਾਰ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਲਈ ਘੱਟੋ ਘੱਟ ਉਜਰਤਾਂ ਨਿਸਚਿਤ ਕਰਨ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਕਿਵੇਂ ਤਤਪਰਤਾ ਨਾਲ ਕਾਰਵਾਈ ਕਰ ਰਹੀ ਹੈ।

ਇਸ ਤੋਂ ਇਲਾਵਾ, ਕੇਂਦਰੀ ਸਰਕਾਰ ਦੁਆਰਾ 500 ਕਾਮਿਆਂ ਦੀ ਗਿਣਤੀ ਵਾਲੇ ਯੂਨਿਟਾਂ ਵਿਚ ਕਾਮਿਆਂ ਦੀਆਂ ਐਸੋਸੀਏਸ਼ਨਾਂ ਬਣਾਉਣ ਦੇ ਨਿਯਮ ਦੇ ਮੁਕਾਬਲੇ ਤੇ ਰਾਜ ਸਰਕਾਰ ਨੇ ਇਸ ਨਿਯਮ ਨੂੰ ਉਨ੍ਹਾਂ ਨਿਰਮਾਣ ਯੂਨਿਟਾਂ ਵਿਚ ਵੀ ਲਾਗੂ ਕਰ ਦਿੱਤਾ ਹੈ ਜਿੱਥੇ 200 ਜਾਂ ਵੱਧ ਕਾਮੇ ਕੰਮ ਕਰਦੇ ਹੋਣ। ਇਸ ਸਕੀਮ ਅਧੀਨ ਆਉਂਦੇ 117 ਯੂਨਿਟਾਂ ਵਿਚੋਂ 101 ਯੂਨਿਟਾਂ ਵਿਚ ਸ਼ਾਪ ਫਲੋਰ ਅਤੇ ਪਲਾਂਟ ਪੱਧਰਾਂ ਤੇ ਸੰਯੁਕਤ ਕੌਂਸਲਾਂ ਸਥਾਪਿਤ ਕੀਤੀਆਂ ਗਈਆਂ ਹਨ। ਸਾਲ 1981 ਦੇ ਦੌਰਾਨ ਮਜ਼ਦੂਰ-ਮਾਲਕ ਸਬੰਧ ਸ਼ਾਂਤ ਰਹੇ ਅਤੇ ਕਲੰਡਰੀ ਸਾਲ 1981 ਦੇ ਦੌਰਾਨ ਉਦਯੋਗਕ ਅਸ਼ਾਂਤੀ ਕਾਰਣ ਕੁਲ 2.57 ਲੱਖ ਕਾਰਜੀ ਦਿਨਾਂ ਦਾ ਨੁਕਸਾਨ ਹੋਇਆ ਜਦੋਂ ਕਿ ਇਸ ਦੇ ਮੁਕਾਬਲੇ ਤੇ ਸਾਲ 1980 ਦੇ ਦੌਰਾਨ 2.91 ਲੱਖ ਕਾਰਜੀ ਦਿਨ ਜ਼ਾਇਆ ਹੋਏ ਸਨ।

## ਰੋਜ਼ਗਾਰ

ਸਾਲਾਨਾ ਯੋਜਨਾ ਦੇ ਮਾਧਿਅਮ ਦੁਆਰਾ ਵਿਕਾਸ ਦੀਆਂ ਨਿਪੁੰਨ ਨੀਤੀਆਂ ਰਾਹੀਂ ਰਾਜ ਸਰਕਾਰ ਬੇਰੋਜ਼ਗਾਰੀ ਦੀ ਸਮੱਸਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਵੱਖ-ਵੱਖ ਵਿਕਾਸ ਪ੍ਰੋਗਰਾਮਾਂ ਦੇ ਲਾਗੂ ਕਰਨ ਦੇ ਸਿੱਟੇ ਵਜੋਂ 1981-82 ਦੇ ਦੌਰਾਨ ਸਿੱਧੇ ਰੋਜ਼ਗਾਰ ਦੀ ਸਲਾਨਾ ਸਮਰਥਾ 1.95 ਲੱਖ ਵਿਅਕਤੀ ਹੋ ਜਾਣ ਦੀ ਆਸ ਹੈ। ਸਾਲ 1982-83 ਦੇ ਦੌਰਾਨ

Original with;
Punjab Vidhan Sabha
Digitized by;
Panjab Digital Library

ਵਿਕਾਸ ਸਰਗਰਮੀਆਂ ਦੇ ਫਲਸਰੂਪ ਇਹ ਗਿਣਤੀ 2.10 ਲੱਖ ਵਿਅਕਤੀ ਸਾਲਾਨਾ ਤਕ ਹੋਰ ਵੱਧ ਜਾਵੇਗੀ।

ਬੇਰੋਜ਼ਗਾਰੀ ਦੀ ਸਮੱਸਿਆ ਦਾ ਹੱਲ ਕਰਨ ਲਈ ਗ਼ਰੀਬੀ ਦੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਨੂੰ ਰਾਸ਼ਟਰੀ ਦਿਹਾਤੀ ਰੋਜ਼ਗਾਰ ਪ੍ਰੋਗਰਾਮ ਦੀਆਂ ਸਕੀਮਾਂ ਅਧੀਨ ਵਿਆਜ ਰਹਿਤ ਕਰਜ਼ੇ ਦੇ ਕੇ ਅਤੇ ਅਨੁਸੂਚਿਤ ਜਾਤੀਆਂ ਨੂੰ ਵਿਸ਼ੇਸ਼ ਕੇਂਦਰੀ ਸਹਾਇਤਾ ਦੇਣ ਦੀਆਂ ਸਕੀਮਾਂ ਅਧੀਨ ਅਨੁਸੂਚਿਤ ਜਾਤੀਆਂ ਦੀ ਵਿਸ਼ੇਸ਼ ਕੰਪੋਨੈਂਟ ਯੋਜਨਾ ਉਤੇ ਅਮਲ ਕਰ ਕੇ ਇਕ ਵੱਡਾ ਹੰਭਲਾ ਮਾਰਿਆ ਜਾ ਰਿਹਾ ਹੈ। ਇਨ੍ਹਾਂ ਸਾਰੇ ਪ੍ਰੋਗਰਾਮਾਂ ਅਧੀਨ 1,48,600 ਪਰਿਵਾਰਾਂ ਨੂੰ ਸਾਲ 1981-82 ਵਿਚ ਲਾਹੇਵੰਦ ਸਵੈ ਰੋਜ਼-ਗਾਰ ਦਿੱਤਾ ਜਾਵੇਗਾ।

ਰੋਜ਼ਗਾਰ ਦਫ਼ਤਰਾਂ ਵਿਚ ਰਜਿਸਟਰ ਕੀਤੇ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਦੀ ਭਲਾਈ ਲਈ ਬੇਰੋਜ਼ਗਾਰੀ ਭੱਤੇ ਦੀ ਅਦਾਇਗੀ ਨੂੰ ਲਾਗੂ ਕੀਤਾ ਜਾ ਰਿਹਾ ਹੈ। ਜਿਵੇਂ ਕਿ ਪਿਛਲੀ ਵਾਰ ਮੈਂ ਦੱਸਿਆ ਸੀ 3,600 ਰੁਪਏ ਤੋਂ ਘਟ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧ ਰਖਣ ਵਾਲੇ ਮੈਟਰਿਕ ਅਤੇ ਨਾਨਗਰੈਜੂਏਟਾਂ ਨੂੰ ਭੱਤੇ ਦੀ ਦਰ 40 ਰੁਪਏ ਤੋਂ ਵਧਾ ਕੇ 80 ਰੁਪਏ ਮਾਸਿਕ ਕੀਤੀ ਗਈ ਹੈ ਅਤੇ ਗਰੈਜੂਏਟਾਂ ਅਤੇ ਪੋਸਟ-ਗਰੈਜੂਏਟਾਂ ਨੂੰ ਮਾਸਕ ਭੱਤਾ 50 ਰੁਪਏ ਤੋਂ ਵਧਾ ਕੇ 100 ਰੁਪਏ ਕਰ ਦਿੱਤਾ ਗਿਆ ਹੈ ਅਤੇ ਸਾਲ 1982-83 ਦੇ ਬਜਟ ਵਿਚ 70 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। (ਥੰਪਿੰਗ)

ਸਰਕਾਰੀ ਕਰਮਚਾਰੀਆਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਰਿਆਇਤਾਂ

ਰਾਜ ਸਰਕਾਰ ਆਪਣੇ ਕਰਮਚਾਰੀਆਂ ਅਤੇ ਸਮਾਜ ਦੇ ਹੋਰ ਵਰਗਾਂ ਦੀ ਭਲਾਈ ਲਈ ਹਮੇਸ਼ਾ ਹੀ ਉਤਸੁਕ ਰਹੀ ਹੈ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਨਿਮਨ ਕਾਰਵਾਈਆਂ ਕੀਤੀਆਂ ਗਈਆਂ ਹਨ/ਕੀਤੀਆਂ ਜਾ ਰਹੀਆਂ ਹਨ :—

1. ਤਨਖਾਹ ਸਕੇਲਾਂ ਵਿੱਚ ਸੋਧ :-1.96 ਲੱਖ ਕਰਮਚਾਰੀਆਂ, ਜਿਹੜੇ ਸਰਕਾਰੀ ਕਰਮ-ਚਾਰੀਆਂ ਦਾ ਲਗਭਗ 80% ਹਨ, ਦੇ ਤਨਖਾਹ ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰ ਦਿੱਤੀਆਂ ਗਈਆਂ ਹਨ ਜਿਹੜੇ ਆਮ ਸ਼੍ਰੇਣੀਆਂ ਅਤੇ ਟ੍ਰਾਂਸਪੋਰਟ ਵਿਭਾਗ, ਪੂਰਾ ਲੇਖ, ਭਾਸ਼ਾ ਅਤੇ ਸਿਖਿਆ ਵਿਭਾਗ ਨਾਲ ਸਬੰਧਤ ਹਨ। ਕੁਝ ਕਾਡਰਾਂ ਨੂੰ ਵਿਸ਼ੇਸ਼ ਤਨਖਾਹਾਂ ਦਿੱਤੀਆਂ ਅਤੇ ਵਧਾਈਆਂ ਗਈਆਂ ਹਨ। ਕਰਮਚਾਰੀਆਂ ਨੂੰ 1 ਜਨਵਰੀ, 1978 ਤੋਂ ਮਗਰੋਂ ਪਰ 31 ਮਾਰਚ, 1980 ਤਕ ਤਨਖਾਹ ਦੇ ਸੋਧੇ ਸਕੇਲਾਂ ਨੂੰ ਆਪਟ ਕਰਨ ਦੀ ਛੋਟ ਦੇ ਕੇ ਇਕ ਹੋਰ ਰਿਆਇਤ ਦਿੱਤੀ ਗਈ ਹੈ। ਇਨ੍ਹਾਂ ਰਿਆਇਤਾਂ ਨਾਲ ਰਾਜ ਦੇ ਖਜ਼ਾਨੇ ਤੇ 1.10 ਕਰੋੜ ਰੁਪਏ ਦਾ ਆਵਰਤਕ ਬੋਝ ਪਿਆ ਹੈ।

ਪੰਜਾਬ ਸਰਕਾਰ ਨੇ ਆਪਣੇ ਘੱਟ ਤੋਂ ਘੱਟ ਤਨਖਾਹ ਲੈਣ ਵਾਲੇ ਦਰਜਾ IV ਕਰਮਚਾਰੀਆਂ, ਜਿਨ੍ਹਾਂ ਦਾ ਬੇਸਿਕ ਤਨਖਾਹ ਸਕੇਲ 300--430 ਰੁਪਏ ਹੈ, ਨੂੰ ਤਨਖਾਹ ਦੇ ਸੀਲੈਕਸ਼ਨ ਗਰੇਡ ਦੇਣ ਵਿਚ ਪਹਿਲ ਕੀਤੀ ਹੈ। (ਥੰਪਿੰਗ) ਇਸ ਸ਼੍ਰੇਣੀ ਨੂੰ ਦਿੱਤਾ ਗਿਆ ਸੀਲੈਕਸ਼ਨ ਗਰੇਡ 325--495 ਰੁਪਏ ਹੈ।

2. ਮਹਿੰਗਾਈ ਭੱਤੇ ਦੀਆਂ ਕਿਸ਼ਤਾਂ : ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਿਹੜੀਆਂ 1 ਦਸੰਬਰ, 1980 ਅਤੇ 1 ਫਰਵਰੀ, 1981 ਤੋਂ ਦੇਣੀਆਂ ਬਣਦੀਆਂ ਸਨ, ਦੀ ਪਰਵਾਨਗੀ ਕ੍ਰਮਵਾਰ ਮਈ ਅਤੇ ਸਤੰਬਰ, 1981 ਤੋਂ ਦੇ ਦਿੱਤੀ ਗਈ ਹੈ। ਦੋ ਹੋਰ ਕਿਸ਼ਤਾਂ, ਜਿਹੜੀਆਂ 1 ਅਪ੍ਰੈਲ, 1981 ਅਤੇ 1 ਜੂਨ, 1981 ਤੋਂ ਦੇਣੀਆਂ ਬਣਦੀਆਂ ਸਨ, ਫਰਵਰੀ, 1982 ਵਿਚ ਦੇ ਦਿੱਤੀਆਂ ਗਈਆਂ ਹਨ। ਇਨ੍ਹਾਂ ਨਾਲ ਰਾਜ ਦੇ ਖਜ਼ਾਨੇ ਤੇ 16 ਕਰੋੜ ਰੁਪਏ ਸਾਲਾਨਾ ਵਿੱਤੀ ਬੋਝ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

3. ਪੈਨਸ਼ਨਰਾਂ ਨੂੰ ਤਦਅਰਥ ਸਹਾਇਤਾ : ਪੈਨਸ਼ਨਰਾਂ ਨੂੰ ਸਹਾਇਤਾ ਦੀਆਂ ਤਦ ਅਰਥ ਕਿਸ਼ਤਾਂ, ਜਿਹੜੀਆਂ 1 ਦਸੰਬਰ, 1980 ਅਤੇ 1 ਫਰਵਰੀ, 1981 ਤੋਂ ਦੇਣੀਆਂ ਬਣਦੀਆਂ ਸਨ, ਕ੍ਰਮਵਾਰ ਮਈ ਅਤੇ ਸਤੰਬਰ, 1981 ਵਿਚ ਦੇ ਦਿੱਤੀਆਂ ਗਈਆਂ ਸਨ ਅਤੇ ਦੋ ਹੋਰ ਕਿਸ਼ਤਾਂ, ਜਿਹੜੀਆਂ 1 ਅਪ੍ਰੈਲ, 1981 ਅਤੇ 1 ਜੂਨ, 1981 ਤੋਂ ਦੇਣ ਯੋਗ ਬਣ ਗਈਆਂ ਸਨ, ਫਰਵਰੀ, 1982 ਵਿਚ ਦੇ ਦਿੱਤੀਆਂ ਗਈਆਂ ਹਨ। ਇਨ੍ਹਾਂ ਕਿਸ਼ਤਾਂ ਦਾ ਰਾਜ ਦੇ ਖਜ਼ਾਨੇ ਤੇ 1 ਕਰੋੜ ਰੁਪਏ ਸਾਲਾਨਾ ਵਿਤੀ ਬੋਝ ਪਏਗਾ।

4. ਪੈਨਸ਼ਨ ਦੇ ਪਰਿਵਰਤਿਤ ਭਾਗ ਦੀ ਬਹਾਲੀ : ਜਿਨ੍ਹਾਂ ਪੈਨਸ਼ਨਰਾਂ ਨੇ ਆਪਣੀ ਪੈਨਸ਼ਨ ਦਾ ਕੁਝ ਹਿਸਾ ਪਰਿਵਰਤਿਤ ਕਰਵਾਇਆ ਸੀ ਉਨ੍ਹਾਂ ਨੂੰ 70 ਸਾਲ ਦੀ ਉਮਰ ਦੇ ਹੋ ਜਾਣ ਤੇ ਪੂਰੀ ਪੈਨਸ਼ਨ ਦਾ ਲਾਭ ਬਹਾਲ ਕਰ ਦਿਤਾ ਜਾਵੇਗਾ । ਇਹ ਲਾਭ 1 ਦਸੰਬਰ, 1981 ਤੋਂ ਦਿੱਤਾ ਗਿਆ ਹੈ। ਇਸ ਦੇ ਨਾਲ ਨਾਲ, ਨਿਯਮਾਂ ਵਿਚ ਉਚਿਤ ਸੋਧ ਕਰ ਕੇ ਪੈਨਸ਼ਨ ਕੇਸਾਂ ਦੇ ਨਿਪਟਾਰੇ ਸਬੰਧੀ ਕਾਰਜ ਵਿਧੀ ਨੂੰ ਸੌਖਾ ਬਣਾ ਦਿਤਾ ਗਿਆ ਹੈ। ਡਿਊਟੀ ਸਮੇਂ ਮੁਕਾਬਲਿਆਂ ਵਿਚ ਮਾਰੇ ਜਾਣ ਵਾਲੇ ਪੁਲਿਸ ਕਰਮਚਾਰੀਆਂ ਦੀ ਸੂਰਤ ਵਿਚ, ਉਨ੍ਹਾਂ ਦੁਆਰਾ ਲਈ ਗਈ ਆਖਰੀ ਤਨਖਾਹ ਦੇ ਅਧਾਰ ਤੇ ਸੇਵਾ ਨਵਿਰਤ ਪੈਨਸ਼ਨ ਦੀ ਦਰ ਨਾਲ ਪਰਿਵਾਰ ਪੈਨਸ਼ਨ ਦਿੱਤੀ ਗਈ ਹੈ।

1981 ਦੇ ਮਰਦਮ ਸ਼ੁਮਾਰੀ ਦੇ ਅੰਕੜਿਆਂ ਅਨੁਸਾਰ ਮਕਾਨ ਕਿਰਾਇਆ ਭੱਤੇ ਦੇ ਮੰਤਵ ਲਈ ਚਾਰ ਸ਼ਹਿਰਾਂ ਅਰਥਾਤ, ਬਠਿੰਡਾ, ਪਠਾਨਕੋਟ, ਬਟਾਲਾ ਅਤੇ ਫੀਰੋਜ਼ਪੁਰ (ਜਿਸ ਵਿਚ ਫੀਰੋਜ਼ਪੁਰ ਛਾਉਣੀ ਵੀ ਸ਼ਾਮਲ ਹੈ) ਨੂੰ ਪਹਿਲੇ ਦਰਜੇ ਦੇ ਸ਼ਹਿਰ ਅਤੇ 10 ਕਸਬੇ ਅਰਥਾਤ, ਤਰਨ ਤਾਰਨ, ਰਾਮ ਪੁਰਾ ਫੂਲ, ਸਮਾਣਾ, ਸਰਹੰਦ ਧੂਰੀ ਗਿੱਦੜ ਬਾਹਾ, ਨਵਾਂ ਸ਼ਹਿਰ, ਗੋਬਿੰਦ ਗੜ੍ਹ, ਨਕੋਦਰ ਅਤੇ ਜੈਤੋਂ ਦੂਜੇ ਦਰਜੇ ਦੇ ਸ਼ਹਿਰ ਬਣਾ ਦਿਤੇ ਗਏ ਹਨ। ਹੁਣ ਇਨ੍ਹਾਂ ਸ਼ਹਿਰਾਂ ਵਿਚ ਕਰਮਚਾਰੀਆਂ ਨੂੰ ਮਿਲਣ ਯੋਗ ਮਕਾਨ ਕਿਰਾਇਆ ਭੱਤਾ ਵਧ ਦਰਾਂ ਤੇ ਹੋਵੇਗਾ। ਇਸ ਨਾਲ ਸਰਕਾਰੀ ਖਜ਼ਾਨੇ ਤੇ 36 ਲੱਖ ਰੁਪਏ ਸਾਲਾਨਾ ਦਾ ਵਧੀਕ ਬੋਝ ਪਵੇਗਾ।

5. ਟ੍ਰਾਂਸਪੋਰਟ ਕਰਮਚਾਰੀਆਂ ਨੂੰ ਸਹਾਇਤਾ : ਰਾਜ ਟ੍ਰਾਂਸਪੋਰਟ ਅਦਾਰਿਆਂ ਦੇ ਕਰਮਚਾਰੀਆਂ ਦੀ ਭਲਾਈ ਲਈ ਅਤੇ ਉਨ੍ਹਾਂ ਦੇ ਕੰਮ ਵਿਚ ਨਿਪੁੰਨਤਾ ਲਿਆਉਣ ਲਈ, ਰਾਜ ਸਰਕਾਰ ਨੇ ਉਨ੍ਹਾਂ ਲਈ ਨਿਮਨ ਲਾਭਾਂ ਦਾ ਉਪਬੰਧ ਕੀਤਾ ਹੈ :

(i) ਉਨ੍ਹਾਂ ਦੇ ਤਨਖਾਹ ਸਕੇਲਾਂ ਵਿਚ ਤਰੁੱਟੀਆਂ ਦੂਰ ਕਰ ਦਿੱਤੀਆਂ ਹਨ।

(ii) ਡਰਾਈਵਰਾਂ/ਕੰਡਕਟਰਾਂ ਅਤੇ ਵਰਕਸ਼ਾਪ ਦੇ ਅਮਲੇ ਵਾਸਤੇ ਠੰਡੀਆਂ ਵਰਦੀਆਂ ਲਈ ਸਾਲਾਨਾ ਭੱਤਾ 175 ਰੁਪਏ ਤੋਂ ਵਧਾ ਕੇ 350 ਰੁਪਏ (ਥੰਪਿੰਗ) ਅਤੇ ਗਰਮ ਵਰਦੀਆਂ ਲਈ 210 ਰੁਪਏ ਤੋਂ ਵਧਾ ਕੇ 420 ਰੁਪਏ ਕਰ ਦਿਤਾ ਗਿਆ ਹੈ। ਇਸ ਨਾਲ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਖ਼ਰਚ ਵਿਚ 1.62 ਕਰੋੜ ਰੁਪਏ ਸਾਲਾਨਾ ਦਾ ਵਾਧਾ ਹੋ ਜਾਵੇਗਾ।

(iii) ਸੇਵਾ ਦੌਰਾਨ ਮਰਨ ਵਾਲੇ ਟ੍ਰਾਂਸਪੋਰਟ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਐਕਸ ਗਰੇਸ਼ੀਆ ਗਰਾਂਟਾਂ ਦੀ ਅਦਾਇਗੀ ਦੀ ਪਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ 18.30 ਲੱਖ ਰੁਪਏ ਦਾ ਵਾਧੂ ਖ਼ਰਚ ਹੋਵੇਗਾ।

Original with;
Punjab Vidhan Sabha
Digitized by;
Panjab Digital Library

(iv) ਬਹੁਤ ਸਾਰੀਆਂ ਥਾਵਾਂ ਤੇ ਟ੍ਰਾਂਸਪੋਰਟ ਵਰਕਸ਼ਾਪਾਂ ਵਿਚ ਕੈਂਟੀਨਾਂ ਅਤੇ ਆਰਾਮ ਘਰ ਪਹਿਲਾਂ ਹੀ ਬਣਾਏ ਜਾ ਚੁਕੇ ਹਨ ਅਤੇ ਬਾਕੀ ਦੀਆਂ ਵਰਕਸ਼ਾਪਾਂ ਵਿਚ ਵੀ ਇਸੇ ਤਰ੍ਹਾਂ ਦੀਆਂ ਹੋਰ ਸਹੂਲਤਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

6. ਗ੍ਰੈਚੂਅਟੀ ਦੀ ਅਦਾਇਗੀ ਸਬੰਧੀ ਐਕਟ 1972 ਨੂੰ ਲੋਕ ਨਿਰਮਾਣ ਵਿਭਾਗ ਦੇ ਸਾਰੇ ਵਰਕ ਚਾਰਜਡ ਕਰਮਚਾਰੀਆਂ ਤੇ ਲਾਗੂ ਕਰ ਦਿਤਾ ਗਿਆ ਹੈ ।

7. ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਦੇ ਕਾਮਿਆਂ ਨੂੰ 1 ਅਪ੍ਰੈਲ, 1980 ਤੋਂ 15 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਸਾਈਕਲ ਭੱਤੇ ਦੀ ਪ੍ਰਵਾਨਗੀ 1 ਮਾਰਚ, 1982 ਨੂੰ ਦੇ ਦਿੱਤੀ ਗਈ ਹੈ ।

8. 1 ਅਗਸਤ, 1980 ਤੋਂ ਚੌਕੀਦਾਰੇ ਦੀ ਰਕਮ 60 ਰੁਪਏ ਤੋਂ ਵਧਾ ਕੇ 100 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਇਹ ਸਰਕਾਰੀ ਖਜ਼ਾਨੇ ਵਿਚੋਂ ਤਹਿਸੀਲਦਾਰਾਂ ਰਾਹੀਂ ਹਰ ਮਹੀਨੇ ਅਦਾ ਕੀਤੀ ਜਾਇਆ ਕਰੇਗੀ ਅਤੇ ਇਸ ਦੀ ਵਸੂਲੀ ਬਾਅਦ ਵਿਚ ਚੌਕੀਦਾਰੇ ਵਜੋਂ ਕੀਤੀ ਜਾਵੇਗੀ। ਇਸ ਨਾਲ 1 ਕਰੋੜ ਰੁਪਏ ਤੋਂ ਵੱਧ ਵਿੱਤੀ ਭਾਰ ਪਵੇਗਾ।

9. ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਲਈ ਤਰੱਕੀ ਦੇ ਮੌਕੇ ਪੈਦਾ ਕਰਨ ਲਈ ਕੇਂਦਰੀ ਮੁੱਖ ਅਧਿਆਪਕਾਂ ਦੀਆਂ 1500 ਆਸਾਮੀਆਂ ਅਤੇ ਮੁੱਖ ਅਧਿਆਪਕਾਂ ਦੀਆਂ 8238 ਆਸਾ-ਮੀਆਂ ਦੀ ਪ੍ਰਵਾਨਗੀ ਦਿਤੀ ਗਈ ਹੈ। ਇਸ ਨਾਲ ਸਰਕਾਰੀ ਖਜ਼ਾਨੇ ਤੇ 17 ਲੱਖ ਰੁਪਏ ਦਾ ਵਾਧੂ ਬੋਝ ਪਵੇਗਾ। (ਥੰਪਿੰਗ)

10. ਤਨਖਾਹ ਸਕੇਲਾਂ ਅਤੇ ਮਹਿੰਗਾਈ ਭੱਤੇ ਦੇ ਮਾਮਲੇ ਵਿਚ ਗ਼ੈਰ ਸਰਕਾਰੀ ਸੈਕੰਡਰੀ ਅਤੇ ਪ੍ਰਾਇਮਰੀ ਸਕੂਲ ਅਧਿਆਪਕਾਂ ਨੂੰ ਸਰਕਾਰੀ ਅਧਿਆਪਕਾਂ ਦੇ ਬਰਾਬਰ ਕਰ ਦਿਤਾ ਗਿਆ ਹੈ। ਇਸ ਨਾਲ ਸਰਕਾਰੀ ਖਜ਼ਾਨੇ ਤੇ ਚਾਲੂ ਸਾਲ ਦੇ ਦੌਰਾਨ ਲਗਭਗ 2.63 ਕਰੋੜ ਰੁਪਏ ਦਾ ਭਾਰ ਪਿਆ ਹੈ ਅਤੇ 1.85 ਕਰੋੜ ਰੁਪਏ ਦਾ ਸਾਲਾਨਾ ਆਵਰਤਕ ਖਰਚ ਹੋਵੇਗਾ। ਇਸੇ ਤਰ੍ਹਾਂ ਗੈਰ ਸਰਕਾਰੀ ਕਾਲਜਾਂ ਦੇ ਅਮਲੇ ਨੂੰ ਰਿਆਇਤਾਂ ਦਿੱਤੀਆਂ ਗ਼ਈਆਂ ਹਨ ਜਿਸ ਦੇ ਨਤੀਜੇ ਵਜੋਂ ਚਾਲੂ ਸਾਲ ਦੇ ਦੌਰਾਨ 1.42 ਕਰੋੜ ਰੁਪਏ ਦਾ ਵਧੀਕ ਵਿੱਤੀ ਭਾਰ ਪਵੇਗਾ ਅਤੇ 60 ਲੱਖ ਰੁਪਏ ਦਾ ਸਾਲਾਨਾ ਆਵਰਤਕ ਖਰਚ ਹੋਵੇਗਾ ।

11. ਪੁਲਿਸ ਕਰਮਚਾਰੀਆਂ ਨੂੰ ਰਿਆਇਤਾਂ:

(i) ਪੁਲਿਸ ਇਨਸਪੈਕਟਰਾਂ, ਸਬ-ਇਨਸਪੈਕਟਰਾਂ ਅਤੇ ਸਹਾਇਕ ਸਬ-ਇਨਸਪੈਕਟਰਾਂ ਨੂੰ ਗਜ਼ਟਿਡ ਛੁੱਟੀਆਂ ਦੇ ਦਿਨਾਂ ਵਿਚ ਡਿਊਟੀ ਦੇਣ ਦੇ ਇਵਜ਼ ਵਿਚ ਇਕ ਮਹੀਨੇ ਦੀ ਇਵਜ਼ੀ ਤਨਖਾਹ 18 ਜੁਲਾਈ, 1979 ਤੋਂ ਦੇਣੀ ਪਰਵਾਨ ਕੀਤੀ ਗਈ ਹੈ, ਜਿਸ ਨਾਲ 28.59 ਲੱਖ ਰੁਪਏ ਦਾ ਸਾਲਾਨਾ ਵਿੱਤੀ ਭਾਰ ਪਿਆ ਹੈ।

(ii) ਸਰਕਾਰੀ ਰੇਲਵੇ ਪੁਲਿਸ ਦੇ ਕਨਸਟੇਬਲਾਂ ਨੂੰ 30 ਜੂਨ, 1981 ਤੋਂ ਕੰਪੈਨਸੇਟਰੀ ਭੱਤਾ 1 ਰੁਪਏ ਤੋਂ ਵਧਾ ਕੇ 20 ਰੁਪਏ ਕਰ ਦਿਤਾ ਗਿਆ ਹੈ, ਜਿਸ ਨਾਲ 1.22 ਲੱਖ ਰੁਪਏ ਦਾ ਸਾਲਾਨਾ ਵਿੱਤੀ ਭਾਰ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

(iii) 20 ਜੁਲਾਈ, 1981 ਤੋਂ ਜ਼ਿਲ੍ਹਾ ਪੁਲਿਸ ਦੀ ਸੂਰਤ ਵਿਚ ਇਨਸਪੈਕਟਰਾਂ, ਸਬ-ਇਨਸਪੈਕਟਰਾਂ ਅਤੇ ਸਹਾਇਕ ਸਬ-ਇਨਸਪੈਕਟਰਾਂ ਦਾ ਸਕੂਟਰ/ਮੋਟਰ ਸਾਈਕਲ ਭੱਤਾ 75 ਰੁਪਏ ਤੋਂ ਵਧਾ ਕੇ 90 ਰੁਪਏ ਮਹੀਨਾ ਕਰ ਦਿਤਾ ਗਿਆ ਹੈ ਅਤੇ ਸੀ. ਆਈ. ਡੀ. ਸਟਾਫ ਦਾ ਇਹ ਭੱਤਾ 14 ਰੁਪਏ ਤੋਂ ਵਧਾ ਕੇ 90 ਰੁਪਏ ਮਹੀਨਾ ਕਰ ਦਿਤਾ ਗਿਆ ਹੈ। ਜਿਸ ਨਾਲ 9.06 ਲੱਖ ਰੁਪਏ ਦਾ ਸਾਲਾਨਾ ਅਧਿਕ ਭਾਰ ਪਵੇਗਾ।

(iv) 20 ਜੁਲਾਈ, 1981 ਤੋਂ ਸਿਪਾਹੀਆਂ/ਹਵਾਲਦਾਰਾਂ ਦਾ ਸਾਈਕਲ ਭੱਤਾ 15 ਰੁਪਏ ਤੋਂ ਵਧਾ ਕੇ 20 ਰੁਪਏ ਮਾਸਿਕ ਕਰ ਦਿਤਾ ਗਿਆ ਹੈ, ਜਿਸ ਨਾਲ 16.78 ਲੱਖ ਰੁਪਏ ਸਾਲਾਨਾ ਵਿੱਤੀ ਭਾਰ ਪਿਆ ਹੈ।

(v) 1 ਅਪਰੈਲ, 1981 ਤੋਂ ਉਪ-ਮੰਡਲਾਂ ਦੇ ਇੰਚਾਰਜ ਲਗਾਏ ਪੁਲਿਸ ਦੇ ਡਿਪਟੀ ਸੁਪਰਡੰਟਾਂ ਨੂੰ ਮੁਫਤ ਰਿਹਾਇਸ਼ ਮੁਹੱਈਆ ਕੀਤੀ ਗਈ ਹੈ, ਜਿਸ ਨਾਲ 0.81 ਲੱਖ ਰੁਪਏ ਸਾਲਾਨਾ ਵਿੱਤੀ ਭਾਰ ਪਿਆ ਹੈ।

(vi) ਡਿਊਟੀ ਤੇ ਵੀਰਗਤੀ ਪ੍ਰਾਪਤ ਕਰਨ ਵਾਲੇ ਪੁਲਿਸ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਪਰਿਵਾਰ ਪੈਨਸ਼ਨ ਦੀ ਦਰ ਨੂੰ ਵਧਾ ਕੇ ਸੁਰਗਵਾਸੀ ਦੁਆਰਾ ਪ੍ਰਾਪਤ ਕੀਤੀ ਅੰਤਿਮ ਤਨਖ਼ਾਹ ਦੇ ਬਰਾਬਰ, ਉਸ ਦੇ ਵਧ ਵਰ੍ਹੇ ਦੀ ਮਿਤੀ ਤਕ ਕਰ ਦਿਤਾ ਗਿਆ ਹੈ। ਉਸ ਪਿਛੋਂ ਪੈਨਸ਼ਨ ਆਮ ਨਿਯਮਾਂ ਅਨੁਸਾਰ ਦਿੱਤੀ ਜਾਵੇਗੀ।

12. ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਰਿਆਇਤਾਂ :

(i) ਰਾਜ ਦੇ ਮੈਡੀਕਲ ਕਾਲਜਾਂ ਵਿਚ ਪੋਸਟ-ਗਰੈਜੂਏਟ ਵਿਦਿਆਰਥੀਆਂ ਅਤੇ ਸਿਖਲਾਈ ਪ੍ਰਾਪਤ ਕਰਨ ਵਾਲਿਆਂ ਦਾ ਵਜ਼ੀਫਾ 1 ਨਵੰਬਰ, 1981 ਤੋਂ ਕ੍ਰਮਵਾਰ ਵਧਾ ਕੇ 450 ਰੁਪਏ ਤੋਂ 550 ਰੁਪਏ ਅਤੇ 500 ਰੁਪਏ ਤੋਂ 700 ਰੁਪਏ ਮਾਸਿਕ ਕਰ ਦਿਤਾ ਗਿਆ ਹੈ। ਇਸ ਨਾਲ 3.60 ਲੱਖ ਰੁਪਏ ਦਾ ਵਧੀਕ ਵਿੱਤੀ ਭਾਰ ਪਵੇਗਾ।

(ii) ਬਹੁਤੇ ਪਸੰਦ ਕੀਤੇ ਜਾਣ ਵਾਲੇ ਡਾਕਟਰੀ ਵਿਸ਼ਿਆਂ ਦੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੂੰ ਵੀ 700 ਰੁਪਏ ਮਾਸਿਕ ਵਜ਼ੀਫਾ ਦਿਤਾ ਗਿਆ ਹੈ, ਜਿਸ ਨਾਲ 30,000 ਰੁਪਏ ਸਾਲਾਨਾ ਦਾ ਵਿੱਤੀ ਭਾਰ ਪਿਆ ਹੈ।

(iii) ਸਹਾਇਕ ਨਰਸਾਂ ਅਤੇ ਦਾਈਆਂ ਦਾ ਵਰਦੀ ਭੱਤਾ 10 ਰੁਪਏ ਤੋਂ ਵਧਾ ਕੇ 15 ਰੁਪਏ ਮਾਸਿਕ ਕਰ ਦਿਤਾ ਗਿਆ ਹੈ, ਜਿਸ ਨਾਲ 1.40 ਲੱਖ ਰੁਪਏ ਦਾ ਵਧੀਕ ਸਾਲਾਨਾ ਵਿੱਤੀ ਭਾਰ ਪਿਆ ਹੈ।

13. ਆਜ਼ਾਦੀ ਦੀ ਲੜਾਈ ਦੇ ਦੌਰਾਨ ਰਾਸ਼ਟਰ ਲਈ ਖਿੜੇ ਮੱਥੇ ਅਕਹਿ ਦੁੱਖ ਅਤੇ ਕਸ਼ਟ ਸਹਾਰਨ ਵਾਲੇ ਸੁਤੰਤਰਤਾ-ਸੰਗਰਾਮੀਆਂ ਦਾ ਸਨਮਾਨ ਕਰਨ ਦੇ ਮੁੱਖ ਮੰਤਰੀ ਜੀ ਵਲੋਂ ਦਿੱਤੇ ਗਏ ਆਸ਼ਵਾਸਨ ਅਨੁਸਾਰ ਰਾਜ ਸਰਕਾਰ ਨੇ ਰਾਜ ਕੋਸ਼ ਵਿਚੋਂ 100 ਰੁਪਏ ਮਾਸਿਕ ਪੈਨਸ਼ਨ

Original with;
Punjab Vidhan Sabha
Digitized by;
Panjab Digital Library

ਅਜਿਹੇ ਸਾਰੇ ਸੁਤੰਤਰਤਾ ਸੰਗਰਾਮੀਆਂ ਨੂੰ ਵੀ ਦੇਣ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਨੇ ਛੇ ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਕੈਦ ਕੱਟੀ ਹੈ (ਥੰਪਿੰਗ) ਜਦ ਕਿ ਇਹ ਪੈਨਸ਼ਨ ਪਹਿਲਾਂ ਇਕ ਸਾਲ ਜਾਂ ਸਾਲ ਤੋਂ ਵੱਧ ਦੀ ਜੇਲ੍ਹ ਕੱਟਣ ਵਾਲਿਆਂ ਨੂੰ ਹੀ ਮਿਲਦੀ ਸੀ। ਇਸ ਨਾਲ 84 ਲੱਖ ਰੁਪਏ ਦਾ ਅਧਿਕ ਬੋਝ ਪਵੇਗਾ। (ਥੰਪਿੰਗ)

14. ਵਪਾਰੀ ਲੋਕ ਰਾਜ ਸਰਕਾਰ ਵਲੋਂ ਵਿਕਰੀ ਕਰ ਦੀਆਂ ਵੱਡੀਆਂ ਰਕਮਾਂ ਉਗਰਾਹੁਣ ਦਾ ਕੰਮ ਕਰਦੇ ਹਨ ਅਤੇ ਇਸ ਤਰ੍ਹਾਂ ਸਾਡੇ ਆਰਥਕ ਖੇਤਰ ਵਿਚ ਸਨਮਾਨ ਯੋਗ ਸਥਾਨ ਰਖਦੇ ਹਨ। ਬਹੁ-ਗਿਣਤੀ ਵਿਚ ਰਜਿਸਟਰਡ ਛੋਟੇ ਵਪਾਰੀਆਂ ਦੀਆਂ ਤਕਲੀਫਾਂ ਅਤੇ ਵਾਧੂ ਮੁਸ਼ਕਲਾਂ ਨੂੰ ਘਟਾਉਣ ਲਈ 2 ਲੱਖ ਰੁਪਏ ਤਕ ਦੀ ਸਾਲਾਨਾ ਵਟਕ ਵਾਲੇ ਵਪਾਰੀਆਂ ਲਈ ਸਵੈ-ਨਿਰਧਾਰਣ ਦਾ ਆਸਾਨ ਢੰਗ ਸ਼ੁਰੂ ਕਰਨ ਦੀ ਤਜਵੀਜ਼ ਹੈ। ਇਸ ਨਾਲ ਪੰਜਾਬ ਜਨਰਲ ਸੇਲਜ਼ ਟੈਕਸ ਐਕਟ ਅਧੀਨ 96809 ਰਜਿਸਟਰਡ ਵਪਾਰੀਆਂ ਵਿਚੋਂ 47266 ਨੂੰ ਲਾਭ ਪਹੁੰਚੇਗਾ। (ਥੰਪਿੰਗ)

ਵਪਾਰੀਆਂ ਦੀ ਅਸੁਵਿਧਾ ਨੂੰ ਘਟਾਉਣ ਵਾਸਤੇ ਨਿਰਧਾਰਣ ਅਧਿਕਾਰੀਆਂ ਦੇ ਸਾਹਮਣੇ ਪੇਸ਼ੀਆਂ ਦੀ ਵਿਧੀ ਨੂੰ ਸੁਖਾਲਾ, ਸੁਵਿਧਾ-ਜਨਕ ਅਤੇ ਸੁਖਾਵਾਂ ਬਣਾਇਆ ਜਾਵੇਗਾ।

ਉਪਰੋਕਤ ਦਰਸਾਈਆਂ ਸਾਰੀਆਂ ਰਿਆਇਤਾਂ ਨਾਲ ਰਾਜ ਕੋਸ਼ ਤੇ 26 ਕਰੋੜ ਰੁਪਏ ਦੀ ਰਕਮ ਦਾ ਸਾਲਾਨਾ ਭਾਰ ਪਵੇਗਾ।

### ਲੇਖੇ 1980-81

ਹੁਣ ਮੈਂ ਮਾਨਯੋਗ ਮੈਂਬਰਾਂ ਦਾ ਧਿਆਨ ਸਾਲ 1980-81 ਦੇ ਲੇਖਿਆਂ ਵਲ ਦਿਵਾਉਣਾ ਚਾਹੁੰਦਾ ਹਾਂ, ਜਿਹੜੇ ਕਿ ਬਜਟ ਦਸਤਾਵੇਜ਼ਾਂ ਵਿਚ ਅੰਕਿਤ ਕੀਤੇ ਗਏ ਹਨ। ਸੋਧੇ ਹੋਏ ਅਨੁਮਾਨਾਂ ਅਨੁਸਾਰ ਸਾਲ 1980-81 ਦਾ ਸਾਲ 67.35 ਕਰੋੜ ਰੁਪਏ ਦੇ ਘਾਟੇ ਨਾਲ ਸਮਾਪਤ ਹੋਣ ਦੀ ਆਸ ਸੀ। ਅਕਾਊਂਟੈਂਟ ਜਨਰਲ ਨੇ ਇਸ ਸਾਲ ਦੇ ਲੇਖੇ ਵਿਚ ਨਾਵੇਂ ਖਾਤੇ ਬਾਕੀ 29.67 ਕਰੋੜ ਰੁਪਏ ਦਰਸਾਈ ਹੈ। ਇਸ ਵਿਚ 33.66 ਕਰੋੜ ਰੁਪਏ ਦੀ ਰਕਮ ਜਿਹੜੀ 31 ਮਾਰਚ, 1981 ਤਕ ਓਵਰ ਡਰਾਫਟ ਦੇ ਰੂਪ ਵਿਚ ਖੜੋਤੀ ਸੀ ਅਤੇ 18 ਕਰੋੜ ਰੁਪਏ ਦੀ ਹੋਰ ਰਕਮ ਜੋ ਸਾਧਾਰਨ ਢੰਗਾਂ ਅਤੇ ਸਾਧਨਾਂ ਵਜੋਂ ਪੇਸ਼ਗੀ ਦੇ ਤੌਰ ਤੇ ਖੜੀ ਸੀ ਹੋਰ ਸ਼ਾਮਲ ਕੀਤੀ ਜਾਣੀ ਹੈ। ਇਸ ਨਾਲ ਰੀਜ਼ਰਵ ਬੈਂਕ ਆਫ ਇੰਡੀਆ ਤੋਂ ਢੰਗਾਂ ਅਤੇ ਸਾਧਨਾਂ ਵਜੋਂ ਲਈ ਪੇਸ਼ਗੀ ਦੀ ਕੁਲ ਰਕਮ 31 ਮਾਰਚ, 1981 ਤਕ 51.66 ਕਰੋੜ ਰੁਪਏ ਹੋ ਗਈ। ਇਸ ਵਿਚ 0.68 ਕਰੋੜ ਰੁਪਏ ਦੀ ਰਕਮ ਹੋਰ ਸ਼ਾਮਲ ਕਰਨ ਨਾਲ ਜੋ ਅੰਕੜਿਆਂ ਨੂੰ ਬਦਲਣ ਕਰ ਕੇ ਹੋਈ, ਸਾਲ 1981-82 ਦਾ ਕੁੱਲ ਘਾਟਾ 82.01 ਕਰੋੜ ਰੁਪਏ ਬਣ ਗਿਆ। ਇਸ ਤਰ੍ਹਾਂ ਸਾਲ੍ਹ ਦੇ ਦੌਰਾਨ ਰਾਜ ਦੀ ਵਿੱਤੀ ਸਥਿਤੀ ਵਿਚ ਸੋਧੇ ਹੋਏ ਅਨੁਮਾਨਾਂ ਨਾਲੋਂ 14.66 ਕਰੋੜ ਰੁਪਏ ਦਾ ਘਾਟਾ ਹੋਰ ਵੱਧ ਗਿਆ। ਇਸ ਘਾਟੇ ਦਾ ਮੁੱਖ ਕਾਰਣ ਇਹ ਸੀ ਕਿ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਫਾਰਸ਼ਾਂ ਅਨੁਸਾਰ ਤਨਖਾਹ ਸਕੇਲ ਸੋਧਣ ਕਾਰਣ ਕਾਫੀ ਬਕਾਏ ਸਾਲ 1980-81 ਵਿਚ ਵੰਡੇ ਗਏ, ਜਿਸ ਕਰ ਕੇ ਸੋਧੇ ਹੋਏ ਅਨੁਮਾਨਾਂ ਨਾਲੋਂ ਮਾਲ ਖਾਤੇ ਖ਼ਰਚ ਵਿਚ 26.35 ਕਰੋੜ ਰੁਪਏ ਦਾ ਵਾਧਾ ਹੋਇਆ। ਇਹ ਹੋਰ ਲੇਖਿਆਂ, ਜਿਵੇਂ ਕਿ ਮਾਲ ਖਾਤੇ ਵਸੂਲੀਆਂ ਅਤੇ ਸਰਕਾਰੀ ਲੇਖੇ ਵਿਚ ਸੁਧਾਰ ਕਰ ਕੇ ਕੁਝ ਹੱਦ ਤਕ ਪੂਰਾ ਕੀਤਾ ਗਿਆ। ਇਨਾਂ ਫਰਕਾਂ ਬਾਰੇ ਬਜਟ ਸਬੰਧੀ ਵਿੱਤ ਸਕੱਤਰ ਦੇ ਵਿਆਖਿਆਤਮਕ ਮੀਮੋਰੰਡਮ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਜਿਹੜਾ ਹੋਰ ਬਜਟ ਦਸਤਾਵੇਜ਼ਾਂ ਦੇ ਨਾਲ ਮਾਨਯੋਗ ਮੈਂਬਰਾਂ ਨੂੰ ਦਿਤਾ ਗਿਆ ਹੈ।

ਸੋਧੇ ਅਨੁਮਾਨ 1981-82

ਬਜਟ ਅਨੁਮਾਨਾਂ 1981-82 ਅਨੁਸਾਰ ਸਾਲ ਦੇ 113.52 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਣ ਦੀ ਆਸ ਸੀ, ਜਿਸ ਵਿਚੋਂ 46.17 ਕਰੋੜ ਰੁਪਏ ਦੀ ਰਕਮ ਸਾਲ 1981-82 ਦੇ ਲੈਣ-ਦੇਣ ਨਾਲ ਸਬੰਧਤ ਸੀ। ਸਦਨ ਵਿਚ ਪੇਸ਼ ਕੀਤੇ ਜਾ ਰਹੇ ਸੋਧੇ ਹੋਏ ਅਨੁਮਾਨਾਂ ਅਨੁਸਾਰ ਸਾਲ 1981-82 100 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ। ਇਸ ਵਿਚੋਂ 82.01 ਕਰੋੜ ਰੁਪਏ ਦੀ ਰਕਮ ਮੁਢਲੇ ਘਾਟੇ ਵਜੋਂ ਹੈ। ਇਸ ਤਰ੍ਹਾਂ ਮੁਢਲੇ ਘਾਟੇ ਵਿਚ 14.66 ਕਰੋੜ ਰੁਪਏ ਦੀ ਰਕਮ ਦਾ ਵਾਧਾ ਹੋਣ ਦੇ ਬਾਵਜੂਦ ਸੋਧੇ ਹੋਏ ਅਨੁਮਾਨ 13.52 ਕਰੋੜ ਰੁਪਏ ਦਾ ਸੁਧਾਰ ਦਰਸਾਉਂਦੇ ਹਨ। ਸੋਧੇ ਹੋਏ ਇਨ੍ਹਾਂ ਅਨੁਮਾਨਾਂ ਵਿਚ ਮਾਲ ਖਾਤੇ ਖ਼ਰਚ ਵਿਚ 65.27 ਕਰੋੜ ਰੁਪਏ ਦੀ ਰਕਮ ਅਤੇ ਮਾਲ ਖਾਤੇ ਵਸੂਲੀ ਵਿਚ 67.85 ਕਰੋੜ ਰੁਪਏ ਦੀ ਰਕਮ ਦੇ ਹੋਏ ਵਾਧੇ ਦਰਸਾਏ ਗਏ ਹਨ। ਇਸ ਤੋਂ ਇਲਾਵਾ ਪੂੰਜੀਗਤ ਖ਼ਰਚ ਵਿਚ ਵੀ ਨਿਰੋਲ 29.74 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਲੋਕ ਲੇਖੇ ਵਿਚ 34.10 ਕਰੋੜ ਰੁਪਏ ਤਕ ਦਾ ਸੁਧਾਰ ਹੋਇਆ ਹੈ। ਲੇਖੇ ਦੀਆਂ ਬਾਕੀ ਮੱਦਾਂ ਅਧੀਨ ਵਸੂਲੀਆਂ ਅਤੇ ਖ਼ਰਚਾਂ ਦਾ ਹਿਸਾਬ ਕਰਨ ਉਪਰੰਤ ਵਾਸਤਵਿਕ ਬਜਟੀ ਸਥਿਤੀ ਵਿਚ 13.52 ਕਰੋੜ ਰੁਪਏ ਦਾ ਸੁਧਾਰ ਹੋਇਆ ਹੈ। ਸਰਕਾਰੀ ਕਰਮਚਾਰੀਆਂ ਨੂੰ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੀ ਅਦਾਇਗੀ ਅਤੇ ਹੋਰ ਵਾਅਦੇ ਪੂਰੇ ਕਰਨ ਨਾਲ ਖਰਚਾ ਵੱਧ ਜਾਣ ਦੇ ਬਾਵਜੂਦ ਇਹ ਸੁਧਾਰ ਲਿਆਂਦਾ ਗਿਆ ਹੈ। ਇਸ ਤੋਂ ਰਾਜ ਦੇ ਵਿੱਤੀ ਸਾਧਨਾਂ ਦੇ ਸੁਯੋਗ ਤੇ ਸੂਝ ਭਰੇ ਪ੍ਰਬੰਧ ਦਾ ਸਬੂਤ ਮਿਲਦਾ ਹੈ।

ਬਜਟ ਅਨੁਮਾਨ 1982-83

ਸਦਨ ਸਾਹਮਣੇ ਰਖੇ ਜਾ ਰਹੇ ਬਜਟ ਅਨੁਮਾਨਾਂ ਵਿਚ ਦਰਸਾਏ ਅਨੁਸਾਰ ਸਾਲ 1982-83 ਵਿਚ ਚਾਲੂ ਲੈਣ ਦੇਣ ਤੋਂ ਨਿਰੋਲ 25 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਦਾ ਪਤਾ ਲਗਦਾ ਹੈ। ਇਨ੍ਹਾਂ ਦਾ ਵੇਰਵਾ ਨਿਮਨ ਅਨੁਸਾਰ ਹੈ:—

| | | (ਰੁਪਏ ਕਰੋੜਾਂ ਵਿਚ) |
|---|---|---|
| (i) ਮਾਲ ਲੇਖਾ-- | | |
| (ੳ) ਪ੍ਰਾਪਤੀਆਂ | ... | 781.25 |
| (ਅ) ਖ਼ਰਚ | ... | 615.84 |
| ਵਾਫ਼ਰ | .. | 165.41 |
| (ii) ਪੂੰਜੀਗਤ ਖਰਚ | ... | 92.54 |
| (iii) ਲੋਕ ਰਿਣ-- | | |
| (ੳ) ਲਿਆ ਰਿਣ | ... | 631.98 |
| (ਅ) ਅਦਾ ਕੀਤਾ ਰਿਣ | ... | 572.11 |

Original with;
Punjab Vidhan Sabha
Digitized by;
Panjab Digital Library

(ਰੁਪਏ ਕਰੋੜਾਂ ਵਿਚ)

| | | |
|---|---|---|
| ਨਿਰੋਲ | ... | 59.87 |
| (iv) ਕਰਜ਼ੇ ਅਤੇ ਪੇਸ਼ਗੀਆਂ-- | | |
| (ੳ) ਪੇਸ਼ਗੀਆਂ | ... | 219.83 |
| (ਅ) ਵਸੂਲੀਆਂ | ... | 56.99 |
| ਨਿਰੋਲ | ... | 162.84 |
| (v) ਅੰਤਰ-ਰਾਜੀ ਲੇਖਾ ਸਮਾਧਾਨ | ... | ... |
| (vi) ਲੋਕ ਲੇਖਾ (ਨਿਰੋਲ) | ... | 5.10 |
| (vii) ਲੈਣ ਦੇਣ ਦਾ ਨਿਰੋਲ ਅਸਰ ( i ਤੋਂ vi) | ... | (—) 25.00 |

25 ਕਰੋੜ ਰੁਪਏ ਦੀ ਇਸ ਨਿਰੋਲ ਨਾਵੇਂ ਖਾਤੇ ਬਾਕੀ ਵਿਚ 1982-83 ਦੀ ਸਾਲਾਨਾ ਯੋਜਨਾ ਦੇ ਆਕਾਰ ਵਿਚ 45 ਕਰੋੜ ਰੁਪਏ ਦਾ ਕੀਤਾ ਵਾਧਾ ਅਤੇ ਨਾਨ ਪਲਾਨ ਮਾਲ ਖਾਤੇ ਖਰਚ ਵਿਚ 16.74 ਕਰੋੜ ਰੁਪਏ ਦਾ ਕੀਤਾ ਵਾਧਾ ਸ਼ਾਮਲ ਹੈ । ਇਨ੍ਹਾਂ ਖਰਚਾਂ ਨੂੰ ਮਾਲ ਖਾਤੇ ਪ੍ਰਾਪਤੀਆਂ ਵਿਚ ਵਾਧਾ ਕਰ ਕੇ ਅਤੇ ਹੋਰਨਾਂ ਲੇਖਿਆਂ ਵਿਚ ਸੁਧਾਰ ਕਰ ਕੇ ਕੁਝ ਹੱਦ ਤਕ ਪੂਰਾ ਕੀਤਾ ਗਿਆ ਹੈ । ਸਾਲ 1981-82 ਵਿਚ 100 ਕਰੋੜ ਰੁਪਏ ਦੀ ਪੂਰਵ ਅਨੁਮਾਨਿਤ ਨਾਵੇਂ ਖਾਤੇ ਬਾਕੀ ਨੂੰ ਸ਼ਾਮਲ ਕਰਕੇ, ਆਸ ਹੈ 1982-83 ਦਾ ਸਾਲ 125 ਕਰੋੜ ਰੁਪਏ ਦੀ ਨਾਵੇਂ ਖਾਤੇ ਬਾਕੀ ਨਾਲ ਸਮਾਪਤ ਹੋਵੇਗਾ ।

## ਮਾਲੀ ਯਤਨ

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸਾਡੀ ਸਰਕਾਰ ਰਾਜ ਦਾ ਤੇਜ਼ੀ ਨਾਲ ਵਿਕਾਸ ਕਰਨ ਲਈ ਵਚਨਬੱਧ ਹੈ ਅਤੇ ਇਸ ਦਾ ਸਬੂਤ ਛੇਵੀਂ ਯੋਜਨਾ ਦੇ ਸਮੁੱਚੇ ਆਕਾਰ ਵਿਚ ਕੀਤੇ ਵਾਧੇ ਤੋਂ ਅਤੇ ਸਾਲ 1980-81 ਤੋਂ ਸਾਲਾਨਾ ਯੋਜਨਾ ਦੇ ਆਕਾਰ ਵਿਚ ਕੀਤੇ ਵਾਧਿਆਂ ਤੋਂ ਮਿਲਦਾ ਹੈ । ਇਹ ਗੱਲ ਮੈਂ ਪਹਿਲਾਂ ਹੀ ਦੱਸ ਚੁਕਾ ਹਾਂ ਕਿ ਭਾਰੀ ਵਿੱਤੀ ਤੰਗੀਆਂ ਦੇ ਬਾਵਜੂਦ, ਸਰਕਾਰ ਨੇ ਯੋਜਨਾ ਖਰਚ ਨੂੰ ਘਟਾਉਣ ਦਾ ਸੌਖਾ ਰਾਹ ਇਸ ਲਈ ਨਹੀਂ ਅਪਣਾਇਆ ਕਿਉਂ ਕਿ ਇਸ ਨਾਲ ਰਾਜ ਵਿਚ ਵਿਕਾਸ ਦੀ ਰਫਤਾਰ ਘਟ ਜਾਵੇਗੀ। ਮੈਂ ਇਸ ਗੱਲ ਦਾ ਵੀ ਜ਼ਿਕਰ ਕੀਤਾ ਹੈ ਕਿ ਸਾਡੀ ਸਰਕਾਰ ਵਧੇਰੇ ਪੈਦਾਵਾਰ ਦੇ ਹਿਤ ਵਿਚ ਵਿਸ਼ੇਸ਼ ਤੌਰ ਤੇ ਖੇਤੀ ਬਾੜੀ ਦੇ ਖੇਤਰ ਵਿਚ, ਰਾਜ ਵਿਚ ਕੁਝ ਵਿਸ਼ੇਸ਼ ਕਾਰਜਾਂ ਲਈ ਮਾਇਕ ਸਹਾਇਤਾ ਦਿੰਦੀ ਰਹੀ ਹੈ । ਮੈਂ ਮੁੱਖ ਤੌਰ ਤੇ ਖੇਤੀ ਬਾੜੀ ਦੇ ਖੇਤਰ ਵਿਚ ਬਿਜਲੀ ਦੀ ਸਪਲਾਈ ਤੇ ਸਾਲਾਨਾ ਮਾਇਕ ਸਹਾਇਤਾ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ, ਜਿਹੜੀ ਕਿ ਬਿਜਲੀ ਸਪਲਾਈ ਦੇ ਨਵੇਂ ਅਨੁਮਾਨਾਂ ਅਨੁਸਾਰ 90 ਕਰੋੜ ਰੁਪਏ ਸਾਲਾਨਾ ਤੋਂ ਵੱਧ ਬਣਦੀ ਹੈ । ਇਸੇ ਤਰ੍ਹਾਂ ਨਹਿਰਾਂ ਰਾਹੀਂ ਪਾਣੀ ਸਪਲਾਈ ਕਰਨ ਵਿਚ ਵੀ ਬਹੁਤ ਭਾਰੀ ਸਬਸਿਡੀ ਦਿੱਤੀ ਜਾਂਦੀ ਹੈ ਜਿਸ ਦੀ ਸਾਲਾਨਾ ਰਕਮ ਲਗ ਭਗ 14 ਕਰੋੜ ਰੁਪਏ ਬਣਦੀ ਹੈ । ਜਿਹੜੀ ਸਿੰਜਾਈ ਕਾਰਜਾਂ ਦੇ ਘਾਟਿਆਂ ਵਜੋਂ ਦਰਸਾਈ ਜਾਂਦੀ ਹੈ । ਭਾਰਤ ਸਰਕਾਰ

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਨਾਲ ਹੋਈ ਗਲਬਾਤ ਦੇ ਦੌਰਾਨ ਅਸੀਂ ਉਨ੍ਹਾਂ ਨੂੰ ਇਸ ਗੱਲ ਤੇ ਰਾਜ਼ੀ ਕਰ ਲਿਆ ਹੈ ਕਿ ਰਾਜ ਦੇ ਵਿਕਾਸ ਲਈ ਉਚੇਰੇ ਪੱਧਰ ਦੇ ਯੋਜਨਾ ਖਰਚ ਦੀ ਜ਼ਰੂਰਤ ਹੈ ਅਤੇ ਅਜਿਹਾ ਕਰਨਾ ਕੌਮੀ ਆਰਥਕਤਾ ਦੇ ਸਮੁੱਚੇ ਹਿਤਾਂ ਲਈ ਵੀ ਜ਼ਰੂਰੀ ਹੈ । ਇਸ ਦੀ ਰੋਸ਼ਨੀ ਵਿਚ ਭਾਰਤ ਸਰਕਾਰ ਬਹੁਤ ਖੁਲ੍ਹ-ਦਿਲੀ ਨਾਲ ਇਸ ਗੱਲ ਤੇ ਸਹਿਮਤ ਹੋ ਗਈ ਹੈ ਕਿ ਰਾਜ ਨੂੰ ਸਾਲ 1982-83 ਵਿਚ ਸੰਭਾਵਿਤ 125 ਕਰੋੜ ਰੁਪਏ ਦੇ ਘਾਟੇ ਵਿਚੋਂ 65 ਕਰੋੜ ਰੁਪਏ ਦਾ ਘਾਟਾ ਸਾਲ 1983-84 ਵਿਚ ਲਿਜਾਣ ਦੀ ਖੁਲ੍ਹ ਹੋਵੇਗੀ (ਥੰਪਿੰਗ) । 60 ਕਰੋੜ ਰੁਪਏ ਦੇ ਬਾਕੀ ਖੱਪੇ ਦੀ ਰਕਮ ਲਈ ਭਾਰਤ ਸਰਕਾਰ ਨਾਲ ਕੀਤੇ ਇਕਰਾਰ ਅਨੁਸਾਰ ਸਾਲ 1982-83 ਦੇ ਦੌਰਾਨ ਅਧਿਕ ਸਾਧਨਾਂ ਨੂੰ ਜੁਟਾਉਣ ਦੀ ਲੋੜ ਹੈ । ਇਕਰਾਰ ਕੀਤੇ ਅਧਿਕ ਸਾਧਨਾਂ ਨੂੰ ਜੁਟਾਉਣ ਦੇ ਪੱਧਰ ਵਿਚ ਜਿੰਨੀ ਕਮੀ ਹੋਵੇਗੀ ਉਨ੍ਹਾਂ ਹੀ ਸਾਲਾਨਾ ਯੋਜਨਾ ਦਾ ਆਕਾਰ ਘਟ ਜਾਵੇਗਾ, ਜਿਹੜਾ ਕਿ ਰਾਜ ਦੀਆਂ ਵਿਕਾਸ ਲੋੜਾਂ ਅਤੇ ਹਿਤਾਂ ਲਈ ਬਹੁਤ ਹਾਨੀਕਾਰਕ ਹੋਵੇਗਾ ।

ਜਿਵੇਂ ਕਿ ਸਤਿਕਾਰਯੋਗ ਮੈਂਬਰ ਜਾਣਦੇ ਹਨ, ਛੇਵੀਂ ਪੰਜ ਸਾਲਾ ਯੋਜਨਾ ਲਈ ਕੁਲ ਰਕਮ 1957 ਕਰੋੜ ਰੁਪਏ ਨਿਸਚਿਤ ਕੀਤੀ ਗਈ ਹੈ। ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੇ ਦੌਰਾਨ ਖ਼ਰਚ ਕੀਤੀ ਜਾਣ ਵਾਲੀ ਸਮੁੱਚੀ ਰਕਮ, ਜਿਸ ਵਿਚ ਸਾਲ 1982-83 ਲਈ ਉਪਬੰਧ ਕੀਤੀ ਰਕਮ ਸ਼ਾਮਲ ਹੈ ਕੇਵਲ 1,025 ਕਰੋੜ ਰੁਪਏ ਬਣਦੀ ਹੈ । ਇਸ ਦਾ ਭਾਵ ਇਹ ਹੈ ਕਿ ਜੇ ਛੇਵੀਂ ਪੰਜ ਸਾਲਾ ਯੋਜਨਾ ਲਈ 1957 ਕਰੋੜ ਰੁਪਏ ਖਰਚ ਕਰਨ ਦਾ ਨਿਸ਼ਾਨਾ ਪੂਰੀ ਤਰ੍ਹਾਂ ਪ੍ਰਾਪਤ ਕਰਨਾ ਹੋਵੇ ਤਾਂ ਛੇਵੀਂ ਪੰਜ ਸਾਲਾ ਯੋਜਨਾ ਦੇ ਆਖਰੀ ਦੋ ਸਾਲਾਂ ਲਈ ਯੋਜਨਾ ਖਰਚ ਦੇ ਤੌਰ ਤੇ 932 ਕਰੋੜ ਰੁਪਏ ਦਾ ਉਪਬੰਧ ਕਰਨਾ ਪਵੇਗਾ, ਜਿਸ ਅਨੁਸਾਰ ਸਾਲਾਨਾ ਯੋਜਨਾ ਲਈ ਲਗਭਗ 466 ਕਰੋੜ ਰੁਪਏ ਬਣਨਗੇ । ਆਮ ਕੀਮਤਾਂ ਵਿਚ ਵਿਸ਼ੇਸ਼ ਕਰ ਕੇ ਬਿਜਲੀ ਸੈਕਟਰ ਤੇ ਪ੍ਰਾਜੈਕਟਾਂ ਜਿਨ੍ਹਾਂ ਨੂੰ ਅਸੀਂ ਪਰਮ ਅਗੇਤ ਦੇ ਰਹੇ ਹਾਂ, ਵਿਚ ਹੋ ਰਹੇ ਕੀਮਤਾਂ ਦੇ ਵਾਧੇ ਕਾਰਨ ਫੰਡਾਂ ਲਈ ਲੋੜੀਂਦੀ ਰਕਮ ਹੋਰ ਵੀ ਵੱਧ ਜਾਵੇਗੀ । ਇਸ ਲਈ ਇਸ ਸਬੰਧ ਵਿਚ ਇਹ ਮਹਿਸੂਸ ਕਰਨ ਦੀ ਲੋੜ ਹੈ ਕਿ ਅਧਿਕ ਸਾਧਨਾਂ ਨੂੰ ਜੁਟਾਉਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ । 65 ਕਰੋੜ ਰੁਪਏ ਦੀ ਰਕਮ, ਜਿਸ ਨੂੰ ਭਾਰਤ ਸਰਕਾਰ ਦੁਆਰਾ ਸਾਲ 1983-84 ਵਿਚ ਲਿਜਾਣ ਦੀ ਆਗਿਆ ਦਿਤੀ ਗਈ ਹੈ, ਲਈ ਵੀ ਯੋਜਨਾ ਦੇ ਆਖਰੀ ਦੋ ਸਾਲਾਂ ਦੇ ਦੌਰਾਨ ਉਚਿਤ ਪ੍ਰਬੰਧ ਕਰਨਾ ਪਵੇਗਾ । ਇਸ ਲਈ, ਜਦੋਂ ਤਕ ਕਿ ਹੁਣ ਤੋਂ ਹੀ ਅਧਿਕ ਸਾਧਨ ਜੁਟਾਉਣ ਲਈ ਲੋੜੀਂਦੇ ਕਦਮ ਨਹੀਂ ਚੁਕੇ ਜਾਂਦੇ ਉਦੋਂ ਤਕ ਆਉਣ ਵਾਲੇ ਸਾਲਾਂ ਵਿਚ ਰਾਜ ਦੇ ਵਿਕਾਸ ਦੇ ਪੱਧਰ ਅਤੇ ਰਫਤਾਰ ਨੂੰ ਕਾਇਮ ਰਖਣਾ ਸੰਭਵ ਨਹੀਂ ਹੋਵੇਗਾ। ਇਸ ਦਾ ਭਾਵ ਇਹ ਨਹੀਂ ਕਿ ਅਧਿਕ ਸਾਧਨ ਜੁਟਾਉਣ ਲਈ ਸਾਡੇ ਯਤਨ ਇਥੇ ਹੀ ਖ਼ਤਮ ਹੋ ਜਾਂਦੇ ਹਨ । ਜਿਵੇਂ ਕਿ ਮੈਂ ਪਹਿਲਾਂ ਦੱਸਿਆ ਹੈ ਸਾਡੀ ਆਰਥਕਤਾ ਵਿਚ ਕੁਝ ਅਜਿਹੇ ਖੇਤਰ ਹਨ ਜਿਨ੍ਹਾਂ ਤੋਂ ਸਾਧਨ ਪ੍ਰਾਪਤ ਹੋਣ ਦੀ ਕਾਫੀ ਗੁੰਜਾਇਸ਼ ਹੈ। ਜ਼ਰਾ-ਇਤੀ ਸੈਕਟਰ ਨੂੰ ਘਟ ਤੋਂ ਘਟ ਅਬਿਆਨਾ-ਦਰਾਂ ਅਤੇ ਟਿਊਬਵੈਲਾਂ ਲਈ ਬਿਜਲੀ ਦੇ ਘਟ ਤੋਂ ਘਟ ਦਰਾਂ ਦੀ ਸ਼ਕਲ ਵਿਚ 100 ਕਰੋੜ ਰੁਪਏ ਤੋਂ ਵੱਧ ਦੀ ਸਹਾਇਤਾ ਅਸਿੱਧੇ ਤੌਰ ਤੇ ਦਿਤੀ ਜਾ ਰਹੀ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸਾਨਾਂ ਨੂੰ ਇਹ ਜ਼ਰੂਰੀ ਚੀਜ਼ਾਂ ਕਾਫੀ ਮਾਤਰਾ ਵਿਚ ਅਤੇ ਸਮੇਂ ਸਿਰ ਦੇਣ ਦੀ ਲੋੜ ਹੈ । ਫਿਰ ਵੀ ਖੁਸ਼ਹਾਲ ਕਿਸਾਨਾਂ ਲਈ ਉਚਿਤ ਹੈ ਕਿ ਉਹ ਆਪਣੀ ਖੁਸ਼ਹਾਲੀ ਦਾ ਕੁਝ ਹਿੱਸਾ ਦੇਸ਼ ਦੇ ਵਿਕਾਸ ਵਿਚ ਵੀ ਪਾਉਣ। ਇਸ ਤਰ੍ਹਾਂ ਵੱਖ ਵੱਖ ਟੈਕਸਾਂ, ਮਸੂਲਾਂ ਅਤੇ ਹੋਰ ਕਰਾਂ ਦੀ ਉਗਰਾਹੀ ਵਿਚਲੀਆਂ ਤਰੁਟੀਆਂ ਨੂੰ ਦੂਰ ਕਰਨ ਅਤੇ ਬੱਸ ਟਰਾਂਸਪੋਰਟ ਵਰਗੀਆਂ ਲੋਕ-ਉਪਯੋਗਤਾ ਸੇਵਾਵਾਂ ਵਿਚ ਹੋ ਰਹੇ ਨੁਕਸਾਨਾਂ ਨੂੰ ਘਟਾਉਣ ਦੀ

Original with;
Punjab Vidhan Sabha
Digitized by;
Panjab Digital Library

ਲੋੜ ਹੈ । ਇਸ ਤੋਂ ਇਲਾਵਾ ਸਰਕਾਰੀ ਸੈਕਟਰ ਦੇ ਅਦਾਰਿਆਂ ਅਤੇ ਕਾਰਪੋਰੇਸ਼ਨਾਂ ਨੂੰ ਮੁਨਾਫਾ ਕਮਾਉਣ ਦੇ ਯੋਗ ਬਣਾਉਣ ਦੀ ਲੋੜ ਹੈ ਤਾਂ ਜੋ ਇਨ੍ਹਾਂ ਵਿਚ ਕਾਫੀ ਮਾਤਰਾ ਵਿਚ ਲਾਏ ਸਰਮਾਏ ਤੋਂ ਉਚਿਤ ਆਮਦਨ ਹੋ ਸਕੇ ।

ਉਪਰੋਕਤ ਤੱਥਾਂ ਅਤੇ ਗੱਲਾਂ ਨੂੰ ਧਿਆਨ ਵਿਚ ਰਖਦਿਆਂ, ਸਾਲ 1982-83 ਦੇ ਦੌਰਾਨ ਅਧਿਕ ਸਾਧਨ ਜੁਟਾਉਣ ਲਈ ਨਿਮਨ-ਦਰਜ ਉਪਾਅ ਕਰਨ ਦੀ ਤਜਵੀਜ਼ ਹੈ :

(i) ਪੰਜਾਬ ਜਨਰਲ ਸੇਲਜ਼ ਟੈਕਸ ਐਕਟ ਅਧੀਨ ਕਰ ਦੀ ਆਮ ਦਰ 6 ਪ੍ਰਤੀਸ਼ਤ ਤੋਂ ਵਧਾ ਕੇ 7 ਪ੍ਰਤੀਸ਼ਤ ਕਰਨ ਦੀ ਤਜਵੀਜ਼ ਹੈ ਤਾਂ ਜੋ ਇਹ ਗੁਆਂਢੀ ਰਾਜਾਂ ਵਿਚ ਪ੍ਰਚਲਤ ਦਰ ਦੇ ਬਰਾਬਰ ਹੋ ਜਾਵੇ । ਇਸ ਤੋਂ ਇਸ ਸਾਲ ਦੇ ਦੌਰਾਨ 13 ਕਰੋੜ ਰੁਪਏ ਦੀ ਅਧਿਕ ਆਮਦਨ ਹੋਵੇਗੀ ।

(ii) ਟਰੱਕਾਂ ਤੇ ਪ੍ਰਤੀ ਗੱਡੀ ਪ੍ਰਤੀ ਸਾਲ ਦੇ ਹਿਸਾਬ 1,050 ਰੁਪਏ ਦਾ ਸਮੁੱਚਾ ਮਾਲ ਟੈਕਸ ਬਹੁਤ ਘਟ ਹੈ। ਤਜਵੀਜ਼ ਹੈ ਕਿ ਕਿ ਗੁਆਂਢੀ ਰਾਜਾਂ ਵਾਂਗ ਇਹ ਵਧਾ ਕੇ ਪ੍ਰਤੀ ਗੱਡੀ ਪ੍ਰਤੀ ਸਾਲ 1,500 ਰੁਪਏ ਕਰ ਦਿਤਾ ਜਾਵੇ । ਇਸ ਨਾਲ 1 ਕਰੋੜ ਰੁਪਏ ਦੀ ਅਧਿਕ ਆਮਦਨ ਹੋਵੇਗੀ ।

(iii) ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਇਸ ਸਮੇਂ ਲਏ ਜਾਣ ਵਾਲੇ ਸਰਵਿਸ ਲਾਈਨ ਖਰਚੇ ਬਹੁਤ ਘੱਟ ਹਨ ਅਤੇ ਪਿਛਲੀ ਵਾਰ ਦਰਾਂ ਵਿਚ ਵਾਧਾ ਕਰਨ ਦੇ ਸਮੇਂ ਤੋਂ ਕੀਮਤਾਂ ਵਿਚ ਬਹੁਤ ਵਾਧਾ ਹੋ ਗਿਆ ਹੈ। ਇਨ੍ਹਾਂ ਖਰਚਿਆਂ ਨੂੰ ਵਾਸਤਵਿਕ ਪੱਧਰ ਤੇ ਲਿਆਉਣ ਅਤੇ ਇਸ ਕਾਰਨ ਪੰਜਾਬ ਰਾਜ ਬਿਜਲੀ ਬੋਰਡ ਨੂੰ ਹੋ ਰਹੇ ਨੁਕਸਾਨ ਨੂੰ ਘਟਾਉਣ ਲਈ ਤਜਵੀਜ਼ ਹੈ ਕਿ 1 ਅਪਰੈਲ, 1982 ਤੋਂ ਨਵੇਂ ਕੁਨੈਕਸ਼ਨਾਂ ਲਈ ਇਹ ਖਰਚ ਉਚਿਤ ਤੌਰ ਤੇ ਵਧਾ ਦਿਤੇ ਜਣ। ਇਸ ਨਾਲ ਬੋਰਡ ਨੂੰ 3.40 ਕਰੋੜ ਰੁਪਏ ਦੀ ਅਧਿਕ ਆਮਦਨ ਹੋਣ ਦੀ ਆਸ ਹੈ ।

(iv) ਗੱਡੀਆਂ ਤੇ ਵਰਤਮਾਨ ਰੋਡ ਟੈਕਸ ਬਹੁਤ ਹੀ ਘੱਟ ਹੈ। ਸਟੇਜ ਗੱਡੀਆਂ ਨੂੰ ਛੱਡ ਕੇ ਇਨ੍ਹਾਂ ਦਰਾਂ ਵਿਚ ਉਚਿਤ ਵਾਧਾ ਕਰਨ ਦੀ ਤਜਵੀਜ਼ ਹੈ ਤਾਂ ਜੋ ਇਸ ਸਾਲ ਦੇ ਦੌਰਾਨ ਇਸ ਤੋਂ ਲਗਭਗ 2 ਕਰੋੜ ਰੁਪਏ ਦੀ ਹੋਰ ਆਮਦਨ ਹੋ ਸਕੇ ।

(v) ਜਿਵੇਂ ਕਿ ਮਾਨਯੋਗ ਮੈਂਬਰਾਂ ਨੂੰ ਪਤਾ ਹੀ ਹੈ ਕਿ ਮੰਡੀ ਫੀਸ ਨੂੰ 1978-79 ਦੇ ਦੌਰਾਨ 2% ਤੋਂ ਵਧਾ ਕੇ 3% ਕਰ ਦਿਤਾ ਗਿਆ ਸੀ ਪਰ ਕੁਝ ਤਕਨੀਕੀ/ਕਾਨੂੰਨੀ ਮੁਸ਼ਕਲਾਂ ਕਾਰਨ ਫੀਸ ਵਿਚ ਇਸ ਵਾਧੇ ਨੂੰ ਵਾਪਸ ਲੈਣਾ ਪਿਆ ਸੀ। ਇਸ ਨਾਲ ਰਾਜ ਦੇ ਵਖ ਵਖ ਵਿਕਾਸ ਪ੍ਰਾਜੈਕਟ ਨੂੰ ਭਾਰੀ ਨੁਕਸਾਨ ਹੋਇਆ । ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਵਿਕਾਸ ਲੋੜਾਂ, ਖਾਸ ਤੋਰ ਤੇ ਦਿਹਾਤੀ ਸੜਕਾਂ, ਪਿੰਡਾਂ ਦੀਆਂ ਨਾਲੀਆਂ ਅਤੇ ਗਲੀਆਂ ਪੱਕੀਆਂ ਕਰਨ ਦੇ ਖਰਚ ਨੂੰ ਪੂਰਾ ਕਰਨ ਲਈ ਮੰਡੀਆਂ ਵਿਚ ਵੇਚੀ ਜਾਣ ਵਾਲੀ ਜ਼ਰਾਇਤੀ ਪੈਦਾਵਾਰ ਦੀ ਮਾਲੀਅਤ ਤੇ 1 ਪ੍ਰਤੀਸ਼ਤ ਦੀ ਦਰ ਨਾਲ ਫੀਸ/ਸੈਸ ਲਾਉਣ ਦੀ ਤਜਵੀਜ਼ ਹੈ । ਇਸ ਤੋਂ ਲਗ ਭਗ 20 ਕਰੋੜ ਰੁਪਏ ਦੀ ਹੋਰ ਆਮਦਨ ਹੋਵੇਗੀ।

*Original with;*
Punjab Vidhan Sabha
*Digitized by;*
Panjab Digital Library

[ਵਿੱਤ ਮੰਤਰੀ]

ਇਨ੍ਹਾਂ ਸਾਰੇ ਸਾਧਨਾਂ ਤੋਂ 39.40 ਕਰੋੜ ਰੁਪਏ ਦੀ ਹੋਰ ਆਮਦਨ ਹੋਵੇਗੀ।

ਸਰਕਾਰੀ ਕਰਮਚਾਰੀਆਂ ਦੀ ਭਲਾਈ ਲਈ ਕੇਂਦਰੀ ਸਰਕਾਰ ਸਰਕਾਰੀ ਕਰਮਚਾਰੀ ਬੀਮਾ ਸਕੀਮ ਦੇ ਪੈਟਰਨ ਤੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਸਵੈ-ਨਿਰਭਰ ਅਤੇ ਅੰਸ਼ਦਾਨ ਦੇ ਅਧਾਰ ਤੇ ਗਰੁੱਪ ਬੀਮਾ ਸਕੀਮ ਲਾਗੂ ਕਰਨ ਦੀ ਤਜਵੀਜ਼ ਹੈ। ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਲੋੜੀਂਦੀ ਸੁਰਖਿਆ ਦੇਣ ਤੋਂ ਇਲਾਵਾ ਇਸ ਨਾਲ ਬਜਟ ਲਈ 4 ਕਰੋੜ ਰੁਪਏ ਸਾਲਾਨਾ ਰਕਮ ਮਿਲ ਸਕੇਗੀ ।

ਬਾਕੀ ਦੀ ਲਗਭਗ 16.60 ਕਰੋੜ ਰੁਪਏ ਦੀ ਰਕਮ ਦਾ ਰਹਿੰਦਾ ਖੱਪਾ ਇਸ ਸਾਲ ਦੇ ਦੌਰਾਨ ਟੈਕਸਾਂ ਦੀ ਅਦਾਇਗੀ ਵਿਚ ਚੋਰੀ ਨੂੰ ਰੋਕਣ ਅਤੇ ਨਾਨ-ਪਲਾਨ ਅਤੇ ਗੈਰ-ਉਤਪਾਦਨ ਖਰਚ ਵਿਚ ਸੰਜਮ ਕਰ ਕੇ ਟੈਕਸ ਅਤੇ ਗੈਰ ਟੈਕਸ ਵਾਲੀ ਆਮਦਨ ਵਿਚ ਵਾਧਾ ਕਰ ਕੇ ਪੂਰਾ ਕੀਤਾ ਜਾਵੇਗਾ ।

ਧੰਨਵਾਦ

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਵਿੱਤੀ ਸਕੱਤਰ ਅਤੇ ਵਿੱਤ ਵਿਭਾਗ ਦੇ ਹੋਰ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕਰਦਾ ਹਾਂ ਅਤੇ ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ ਜਿਨ੍ਹਾਂ ਦੀ ਅਣਥਕ ਮਿਹਨਤ ਅਤੇ ਲਗਨ ਨਾਲ ਕੀਤੇ ਕੰਮ ਸਦਕਾ ਮੈਂ ਅੱਜ ਬਜਟ ਪੇਸ਼ ਕਰ ਸਕਿਆ ਹਾਂ । ਮੈਂ ਅਕਾਊਂਟੈਂਟ ਜਨਰਲ, ਪੰਜਾਬ, ਦੀ ਬਹੁਮੁੱਲੀ ਸਹਾਇਤਾ ਅਤੇ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਚੰਡੀਗੜ੍ਹ ਅਤੇ ਉਨ੍ਹਾਂ ਦੇ ਸਟਾਫ, ਜਿਨ੍ਹਾਂ ਨੇ ਬਜਟ ਛਾਪਣ ਵਿਚ ਪੂਰਨ ਸਹਿਯੋਗ ਦਿਤਾ ਹੈ, ਦਾ ਵੀ ਧੰਨਵਾਦੀ ਹਾਂ ।

ਸ੍ਰੀਮਾਨ ਜੀ, ਹੁਣ ਮੈਂ ਸਾਲ 1982-83 ਲਈ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ। (ਥੰਪਿੰਗ)

ਜੈ ਹਿੰਦ

**Mr. Speaker:** The House stands adjourned till 2.00 P.M. on Monday, the 15th March, 1982.

*11.45 A.M. | (*The Sabha then *adjourned till* 2.00 *P.M. on Monday, the* 15*th March,* 1982).

5466/PVS—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the Authority of the Punjab Vidhan Sabha and Printed by the Controller, Printing and Stationery, Deptt. U.T. Chd.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*15th March, 1982*

**Vol. IV—No. 11**

**OFFICIAL REPORT**

CONTENTS

**Monday, the 15th March, 1982**


| | Page |
| --- | --- |
| Starred Questions and Answers .. | 1 |
| Written Answers to Starred Questions laid on the Table of the House under Rule 38 .. | (11) 23 |
| Unstarred Questions and Answers .. | (11) 27 |
| Statement by the Finance Minister *re.* alleged Police excesses on workers at Khanna .. | (11) 29 |
| Points of Order *re.* Presence of C.I.D. men in the Visitors' Galleries .. | (11) 30 |
| Walk-out .. | (11) 33 |
| Call Attention Notices under Rule 66 .. | (11) 34 |
| Paper laid on the Table .. | (11) 39 |
| General Discussion on the Budget Estimates for the year 1982-83 | (11) 39 |
| Appendix .. | i |



PUNJAB VIDHAN SABHA SECRETARIAT, CHANDIGARH

**Price : Rs** Rs. 41.00 Paise



*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

**Monday, the 15th March, 1982**

*The Vidhan Sabha met in the Punjab Vidhan Sabha Hall, Vidhan Bhawan, Chandigarh, at 2.00 P.M. of the Clock. Mr. Speaker (Shri Brij Bhushan Mehra) in the Chair*

---

## STARRED QUESTIONS AND ANSWERS

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਦੋ ਲਿਫਟਾਂ ਨਹੀਂ ਚੱਲਦੀਆਂ ਜੀ। ਐਮ. ਐਲ. ਏਜ਼ ਹੋਸਟਲ ਦੀ ਟੈਲੀਫੂਨ ਐਕਸਚੇਂਜ ਵੀ ਵਰਕ ਨਹੀਂ ਕਰ ਰਹੀ।

### Area of land declared surplus

***1390. Comrade Sarwan Singh Cheema :** Will the Minister for Revenue be pleased to state:—

(a) the district-wise total area of land declared surplus in the State under the Land Reforms Act, 1972 ;

(b) the total area of land out of that mentioned in part (a) above distributed amongst the tenants in the State togetherwith the number of such tenants and the number of those tenants to whom actual possession of land has been given ;

(c) whether the Government proposes to distribute the remaining surplus land under any time bound programme ?

**ਸਰਦਾਰ ਗੁਰਦਰਸ਼ਨ ਸਿੰਘ** : (ੳ) 31 ਦਸੰਬਰ, 1981 ਤੱਕ, ਭੂਮੀ ਸੁਧਾਰ ਐਕਟ, 1972 ਅਧੀਨ ਕੁੱਲ 46,317 ਏਕੜ ਜ਼ਮੀਨ ਵਾਧੂ ਕਰਾਰ ਦਿੱਤੀ ਗਈ ਹੈ। ਵਾਧੂ ਕਰਾਰ ਦਿੱਤੀ ਗਈ ਜ਼ਮੀਨ ਦਾ ਜ਼ਿਲ੍ਹਾਵਾਰ ਰਕਬਾ ਨੱਥੀ ਕੀਤੇ ਅਨੁਲੱਗ ਵਿੱਚ ਦਿੱਤਾ ਜਾਂਦਾ ਹੈ।

(ਅ) 31 ਦਸੰਬਰ, 1981 ਤੱਕ, 12,249 ਏਕੜ ਰਕਬਾ, 2,911 ਯੋਗ ਵਿਅੱਕਤੀਆਂ ਨੂੰ ਵੰਡਿਆ ਗਿਆ ਹੈ ਅਤੇ 2,645 ਅਲਾਟੀਆਂ ਨੂੰ ਕਬਜ਼ਾ ਦਿੱਤਾ ਜਾ ਚੁੱਕਾ ਹੈ।

(ੲ) ਸਰਕਾਰ ਵਾਧੂ ਕਰਾਰ ਦਿੱਤੇ ਗਏ ਰਕਬੇ ਨੂੰ ਬਹੁਤ ਜਲਦੀ ਵੰਡਣਾ ਚਾਹੁੰਦੀ ਹੈ, ਪਰੰਤੂ ਮਿਤੀ-ਵੱਧ ਪ੍ਰੋਗਰਾਮ ਅਮਲੀ ਰੂਪ ਵਿੱਚ ਸੰਭਵ ਨਹੀਂ ਹੈ।

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

## ਅਨੁਲੱਗ

ਵਾਧੂ ਕਰਾਰ ਦਿੱਤੇ ਗਏ ਰਕਬੇ ਦਾ ਜ਼ਿਲ੍ਹਾਵਾਰ ਵੇਰਵਾ ਇਸ ਪ੍ਰਕਾਰ ਹੈ :—

| ਲੜੀ ਨੰ: | ਜ਼ਿਲ੍ਹੇ ਦਾ ਨਾਮ | | ਕੁੱਲ ਵਾਧੂ ਕਰਾਰ ਦਿੱਤਾ ਗਿਆ ਰਕਬਾ (ਏਕੜਾਂ ਵਿਚ) |
|---|---|---|---|
| 1. | ਅੰਮ੍ਰਿਤਸਰ | .. | 2,193 |
| 2. | ਜਲੰਧਰ | .. | 667 |
| 3. | ਗੁਰਦਾਸਪੁਰ | .. | 4,692 |
| 4. | ਹੁਸ਼ਿਆਰਪੁਰ | .. | 2,291 |
| 5. | ਕਪੂਰਥਲਾ | .. | 346 |
| 6. | ਫਿਰੋਜ਼ਪੁਰ | .. | 17,845 |
| 7. | ਫਰੀਦਕੋਟ | .. | 2,825 |
| 8. | ਬਠਿੰਡਾ | .. | 1,891 |
| 9. | ਪਟਿਆਲਾ | .. | 3,165 |
| 10. | ਲੁਧਿਆਣਾ | .. | 1,316 |
| 11. | ਰੂਪ ਨਗਰ | .. | 6,046 |
| 12. | ਸੰਗਰੂਰ | .. | 3,040 |
| | ਕੁੱਲ ਜੋੜ | .. | 46,317 |

**ਕਾਮਰੇਡ ਸਰਵਣ ਸਿੰਘ ਚੀਮਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਹੁਤ ਸਾਰੇ ਲੈਂਡਲਾਰਡਜ਼, ਜਾਗੀਰਦਾਰ, ਜਿਨ੍ਹਾਂ ਕੋਲੋਂ ਇਹ ਜ਼ਮੀਨ ਨਿਕਲਣੀ

Original with;
Punjab Vidhan Sabha
Digitized by;
Panjab Digital Library

ਹੁੰਦੀ ਹੈ ਉਹ ਯੋਗ ਵਿਅੱਕਤੀਆਂ ਨੂੰ, ਜਿਨ੍ਹਾਂ ਦਾ ਹੱਕ ਬਣਦਾ ਹੈ, ਉਨ੍ਹਾਂ ਨੂੰ ਕਬਜ਼ੇ ਨਹੀਂ ਦਿੰਦੇ। ਉਨ੍ਹਾਂ ਨੂੰ ਉਹ ਬਹਾਨੇ ਨਾਲ ਟਾਲ ਦਿੰਦੇ ਹਨ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਐਸਾ ਤਰੀਕਾ ਅਪਣਾਇਆ ਜਾਵੇ ਕਿ ਜਿਹੜੀ ਸਰਪਲੱਸ ਜ਼ਮੀਨ ਨਿਕਲਣੀ ਹੈ ਉਹ ਪਹਿਲਾਂ ਸਰਕਾਰ ਆਪ ਲੈ ਲਵੇ ਅਤੇ ਫਿਰ ਆਪ ਯੋਗ ਵਿਅਕਤੀਆਂ ਨੂੰ ਦੇਵੇ, ਕੀ ਇਹ ਠੀਕ ਨਹੀਂ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਨੇ ਸੁਝਾਓ ਦਿੱਤਾ ਹੈ ਇਹ ਸਰਕਾਰ ਦੇ ਅੰਡਰ ਕੰਸਿਡਰੇਸ਼ਨ ਹੈ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿੰਨੇ ਸਾਲਾਂ ਵਿਚ ਐਨੇ ਵਿਅੱਕਤੀਆਂ ਨੂੰ ਜ਼ਮੀਨ ਦਿੱਤੀ ਗਈ ? ਦੂਜਾ ਇਹ ਕਿ ਸਾਲ-ਵਾਰ ਕਿੰਨੇ ਵਿਅੱਕਤੀਆਂ ਨੂੰ ਕਿੰਨੀ ਜ਼ਮੀਨ ਦਿੱਤੀ ਜਾ ਰਹੀ ਹੈ ?

**ਮੰਤਰੀ :** ਸਪੀਕਰ ਸਾਹਿਬ, ਇਹ ਇਸ ਬਾਰੇ ਸੈਪਰੇਟ ਨੋਟਿਸ ਦੇ ਦੇਣ। ਇਸ ਬਾਰੇ ਬਾਕੀ ਸਾਰੀ ਇਨਫਰਮੇਸ਼ਨ ਅਨੈਕਸਚਰ ਵਿਚ ਦਿੱਤੀ ਗਈ ਹੈ। ਜੇ ਤੁਸੀਂ ਕਹਿੰਦੇ ਹੋ ਤਾਂ ਮੈਂ ਇਹ ਪੜ੍ਹ ਦਿੰਦਾ ਹਾਂ।

**ਮਾਸਟਰ ਚੰਦ ਸਿੰਘ :** ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਜ਼ਮੀਨ ਸੁਧਾਰ ਐਕਟ ਦੇ ਮੁਤਾਬਿਕ 1 ਲੱਖ ਏਕੜ ਜ਼ਮੀਨ ਨਿਕਲਣੀ ਸੀ ਅਤੇ ਉਹ ਵੰਡੀ ਜਾਣੀ ਸੀ ਪਰ ਵੰਡੀ ਘੱਟ ਗਈ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੀ ਜ਼ਮੀਨ ਲੈਣ ਲਈ ਇਨ੍ਹਾਂ ਨੇ ਕੀ ਯਤਨ ਕੀਤਾ ਹੈ ? ਦੂਜਾ ਇਹ ਕਿ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਹਰ ਇਕ ਪਰਿਵਾਰ ਦਾ ਬਾਲਗ ਐਨੀ ਜ਼ਮੀਨ ਰੱਖ ਸਕਦਾ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੀਆਂ ਜਿਹੜੀਆਂ ਘਾਟਾਂ ਹਨ ਉਨ੍ਹਾਂ ਨੂੰ ਪੂਰਾ ਕਰਨ ਲਈ ਜ਼ਮੀਨ ਸੁਧਾਰ ਐਕਟ ਵਿਚ ਤਰਮੀਮ ਕਰਕੇ ਵਾਧੂ ਜ਼ਮੀਨ ਕਢਾ ਕੇ ਬੇ-ਜ਼ਮੀਨੇ ਲੋਕਾਂ ਵਿਚ ਵੰਡਣ ਲਈ ਇਹ ਕੀ ਯਤਨ ਕਰ ਰਹੇ ਹਨ ?

**ਮੰਤਰੀ :** ਮੈਂ ਦੱਸਣਾ ਚਾਹੁੰਦਾ ਹਾਂ ਕਿ 1972 ਦੇ ਐਕਟ ਦੇ ਮੁਤਾਬਿਕ 46,317 ਏਕੜ ਜ਼ਮੀਨ ਸਰਪਲੱਸ ਸੀ ਜਿਸ ਵਿਚੋਂ 13,234 ਏਕੜ ਜ਼ਮੀਨ ਨਿਕਲ ਗਈ ਹੈ। 19,791 ਏਕੜ ਜ਼ਮੀਨ ਅੰਡਰ ਲਿਟੀਗੇਸ਼ਨ ਹੈ। ਬਾਕੀ ਮੈਂ ਇਹ ਦਸ ਦਿੰਦਾ ਹਾਂ ਕਿ ਜਿਸ ਵੇਲੇ ਕੋਈ ਜ਼ਮੀਨ ਸਰਪਲੱਸ ਹੋ ਜਾਵੇ ਤਾਂ ਉਸ ਦਾ ਸੈਕਸ਼ਨ 9 (1) ਦੇ ਥੱਲੇ ਅਸੀਂ ਨੋਟਿਸ ਦਿੰਦੇ ਹਾਂ।

**ਜੱਥੇਦਾਰ ਜੀਵਨ ਸਿੰਘ ਉਮਰਾਨੰਗਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਮੀਨ ਸੁਧਾਰ ਐਕਟ ਅਧੀਨ ਜ਼ਮੀਨ ਤਾਂ ਲੈ ਲਈ ਹੈ ਅਤੇ ਲਈ ਜਾ ਰਹੀ ਹੈ ਪਰ ਜ਼ਮੀਨ ਤੋਂ ਇਲਾਵਾ ਹੋਰ ਵੀ ਜਾਇਦਾਦਾਂ ਹਨ ਜਿਸ ਤਰ੍ਹਾਂ ਕਿ ਸਿਨਮੇ ਅਤੇ ਇੰਡਸਟਰੀਆਂ ਹਨ, ਕੀ ਉਨ੍ਹਾਂ ਬਾਰੇ ਵੀ ਇਹ ਕੋਈ ਐਕਟ ਬਣਾਉਣਗੇ ਅਤੇ ਇਸ ਪਾਸੇ ਵੀ ਕੋਈ ਪ੍ਰਾਪਰਟੀ ਸੀਲਿੰਗ ਐਕਟ ਬਣਾਉਣ ਬਾਰੇ ਇਨ੍ਹਾਂ ਦਾ ਵਿਚਾਰ ਹੈ ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਇਹ ਸਪਲੀਮੈਂਟਰੀ ਤਾਂ ਇਸ ਸਵਾਲ ਵਿਚੋਂ ਪੈਦਾ ਨਹੀਂ ਹੁੰਦਾ। ਇਹ ਵੀ ਮਾਲ ਮੰਤਰੀ ਰਹੇ ਹਨ ਇਨ੍ਹਾਂ ਨੂੰ ਪਤਾ ਹੋਣਾ ਹੈ।

---

## National Route Permits issued in the State

***1204. Sardar Baldev Singh Khiala :** Will the Minister of State for Transport be pleased to state :—

(a) whether any National Route Permits for trucks were issued in the State during the period from 1st June, 1980 to 1st January, 1982; if so, the districtwise number and details thereof ;

Original with;
Punjab Vidhan Sabha
Digitized by;
Panjab Digital Library

[Sardar Baldev Singh Khiala ]

(b) the criteria adopted for the allotment of the route permits referred to in part (a) above ?

**ਸਰਦਾਰ ਅਵਤਾਰ ਸਿੰਘ ਗ਼ਾਟਵਾਲੀ** : (ੳ) ਹਾਂ ਜੀ । ਜ਼ਿਲ੍ਹਾ-ਵਾਰ ਵੇਰਵੇ ਸਹਿਤ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਇਨ੍ਹਾਂ ਪਰਮਿਟਾਂ ਨੂੰ ਜਾਰੀ ਕਰਨ ਸਬੰਧੀ ਜੋ ਨੀਤੀ ਬਣਾਈ ਗਈ ਉਹ ਮੋਟਰ ਵਹੀਕਲ ਐਕਟ, 1939 ਦੇ ਸੈਕਸ਼ਨ 63 ਅਤੇ ਮੋਟਰ ਵਹੀਕਲ ਰੂਲਜ਼ (ਨੈਸ਼ਨਲ ਪਰਮਿਟ) ਨਿਯਮ, 1975 ਦੇ ਨਿਯਮ 10 ਵਿੱਚ ਦਰਸਾਈ ਗਈ ਹੈ ।

**ਸਟੇਟਮੈਂਟ**

| ਜ਼ਿਲ੍ਹਾਵਾਰ ਵੇਰਵੇ ਸਹਿਤ ਲਿਸਟ ਜਾਰੀ ਕਰਨ ਦੀ ਮਿਤੀ (ਮਨਜ਼ੂਰੀ) | ਜ਼ਿਲ੍ਹਾ | ਜਿੰਨੇ ਰਾਸ਼-ਟਰੀ ਪਰਮਿਟ ਦਿੱਤੇ ਗਏ |
|---|---|---|
| 20 ਜੂਨ, 1980 .. | ਕਪੂਰਥਲਾ | 1 |
| | ਲੁਧਿਆਣਾ | 1 |
| | ਪਟਿਆਲਾ | 1 |
| | ਰੋਪੜ | 1 |
| | ਫਰੀਦ ਕੋਟ | 1 |
| | ਜੋੜ | 5 |
| 24 ਜੁਲਾਈ, 1981 | ਫਰੀਦਕੋਟ | 41 |
| | ਬਠਿੰਡਾ | 11 |
| | ਫਿਰੋਜ਼ਪੁਰ | 13 |
| | ਅੰਮ੍ਰਿਤਸਰ | 8 |
| | ਗੁਰਦਾਸਪੁਰ | 28 |
| | ਹੁਸ਼ਿਆਰਪੁਰ | 23 |
| | ਜਲੰਧਰ | 83 |
| | ਕਪੂਰਥਲਾ | 13 |
| | ਲੁਧਿਆਣਾ | 67 |
| | ਪਟਿਆਲਾ | 63 |
| | ਸੰਗਰੂਰ | 14 |
| | ਰੋਪੜ | 32 |
| | ਚੰਡੀਗੜ੍ਹ | 4 |
| | ਜੋੜ | 400 (ਚਾਰ ਸੌ) |

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਟਰੱਕਾਂ ਦੇ ਪਰਮਿਟ ਦਿਤੇ ਗਏ ਕੀ ਉਨ੍ਹਾਂ ਟਰੱਕਾਂ ਨੂੰ ਪਹਿਲ ਦਿਤੀ ਗਈ ਜਿਨ੍ਹਾਂ ਦੇ ਮਾਡਲ ਉਚੇ ਸਨ ਜਾਂ ਮਾਡਲ ਤਾਜ਼ੇ ਆਏ ਸਨ ਜਾਂ ਉਨ੍ਹਾਂ ਨੂੰ ਦਿਤੇ ਗਏ ਜਿਨ੍ਹਾਂ ਕੋਲ ਟਰੱਕ ਨਹੀਂ ਸਨ, ਉਨ੍ਹਾਂ ਨੇ ਬੁੱਕ ਕਰਵਾਏ ਹੋਏ ਸਨ ਪਰ ਉਨ੍ਹਾਂ ਨੇ ਲੈ ਕੇ ਬਾਅਦ ਵਿਚ ਵੇਚ ਦਿਤੇ ? ਕੀ ਇਸ ਦੀ ਇਹ ਪੜਤਾਲ ਕਰਾਉਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਜਿਹੜਾ ਸਵਾਲ ਇਨ੍ਹਾਂ ਨੇ ਪੁਛਿਆ ਹੈ ਉਸ ਬਾਰੇ ਮੈਂ ਤਾਂ ਪਹਿਲਾਂ ਹੀ ਦੱਸ ਚੁਕਿਆ ਹਾਂ। ਬਾਕੀ ਜੇ ਇਨ੍ਹਾਂ ਨੂੰ ਹਰ ਤਫਸੀਲ ਦਾ ਪਤਾ ਹੈ ਅਤੇ ਉਸ ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹਨ ਤਾਂ ਉਸ ਬਾਰੇ ਇਹ ਦੱਸ ਦੇਣ, ਅਸੀਂ ਵਿਚਾਰ ਕਰ ਲਵਾਂਗੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਬੜਾ ਸਾਫ ਸਵਾਲ ਪੁਛਿਆ ਹੈ ਕਿ ਇਸ ਬਾਰੇ ਕਰਾਈਟੇਰੀਆ ਕੀ ਸੀ ? ਜਿਨ੍ਹਾਂ ਲੋਕਾਂ ਨੂੰ ਪਰਮਿਟ ਦਿਤੇ ਗਏ ਉਨ੍ਹਾਂ ਲੋਕਾਂ ਨੇ ਟਰੱਕ ਇਕ ਇਕ ਲੱਖ ਰੁਪਏ, ਪੱਚੀ ਪੱਚੀ ਜਾਂ ਵੀਹ ਵੀਹ ਹਜ਼ਾਰ ਰੁਪਏ ਲੈ ਕੇ ਬਲੈਕ ਵਿਚ ਵੇਚ ਦਿਤੇ। ਰਾਮਪੁਰਾ ਵਿਚ ਜਿਨ੍ਹਾਂ ਲੋਕਾਂ ਨੂੰ ਪਰਮਿਟ ਦਿਤੇ ਗਏ ਉਨ੍ਹਾਂ ਨੇ ਟਰੱਕ ਵੇਚ ਦਿਤੇ। ਕੀ ਉਨ੍ਹਾਂ ਦੇ ਖਿਲਾਫ ਇਹ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਟਰੱਕਾਂ ਦੇ ਪਰਮਿਟਾਂ ਦੀ ਡਿਸਟਰੀਬਿਊਸ਼ਨ ਦਾ ਜਿਹੜਾ ਸਿਸਟਮ ਹੈ ਉਸ ਬਾਰੇ ਮੈਂ ਪਹਿਲਾਂ ਹੀ ਦੱਸ ਚੁਕਾ ਹਾਂ। ਬਾਕੀ ਜੇ ਇਨ੍ਹਾਂ ਨੂੰ ਕੋਈ ਖਾਸ ਜਾਣਕਾਰੀ ਹੈ ਕਿ ਫਲਾਣੇ ਆਦਮੀ ਨੇ ਟਰੱਕ ਲੈ ਕੇ ਵੇਚ ਦਿਤਾ ਹੈ ਤਾਂ ਇਸ ਬਾਰੇ ਇਹ ਮੈਨੂੰ ਲਿਖ ਕੇ ਦੇ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ।

**ਸ੍ਰੀ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਇਸ ਬਾਰੇ ਤੁਸੀਂ ਇਨਕੁਆਇਰੀ ਕਰਵਾ ਲਵੋ।

**ਸਰਦਾਰ ਆਤਮਾ ਸਿੰਘ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਕਪੂਰਥਲਾ ਵਿਚ 1980 ਵਿਚ ਇਕ ਟਰੱਕ ਨੂੰ ਪਰਮਿਟ ਮਿਲਿਆ ਅਤੇ 1981 ਵਿਚ 13 ਪਰਮਿਟ ਮਿਲੇ। ਇਹ ਜਿਹੜੀ ਲਿਸਟ ਦਿਤੀ ਗਈ ਹੈ ਕੀ ਵਜ਼ੀਰ ਸਾਹਿਬ ਇਸ ਦੀ ਪੜਤਾਲ ਕਰਕੇ ਦਸਣਗੇ ਕਿ ਇਨ੍ਹਾਂ ਪਰਮਿਟਾਂ ਵਿਚੋਂ ਇਕ ਪਰਮਿਟ ਇਕ ਲੀਡਰ ਦੇ ਦੋ ਮਹੀਨੇ ਦੇ ਪੋਤਰੇ ਦੇ ਨਾਮ ਤੇ ਜਾਰੀ ਕੀਤਾ ਗਿਆ। ਇਸ ਲਈ ਕੀ ਇਹ ਉਸ ਦੀ ਪੜਤਾਲ ਕਰਨਗੇ ? ਜੇ ਇਹ ਗੱਲ ਠੀਕ ਹੋਵੇ ਕਿ ਇਕ ਲੀਡਰ ਦੇ ਦੋ ਮਹੀਨੇ ਦੇ ਪੋਤਰੇ ਦੇ ਨਾਮ ਤੇ ਪਰਮਿਟ ਜਾਰੀ ਕੀਤਾ ਗਿਆ ਹੈ ਤਾਂ ਕੀ ਕਿਰਪਾ ਕਰਕੇ ਉਸ ਦਾ ਪਰਮਿਟ ਕੈਂਸਲ ਕਰਨਗੇ ? ਕਿਉਂਕਿ ਨੈਸ਼ਨਲ ਪਰਮਿਟ ਉਸ ਨੂੰ ਮਿਲਦਾ ਹੈ ਜਿਹੜਾ ਟਰੱਕ ਦਾ ਕਾਰੋਬਾਰ ਆਪ ਕਰਦਾ ਹੈ। ਸਪੀਕਰ ਸਾਹਿਬ, ਦੋ ਮਹੀਨੇ ਦਾ ਬੱਚਾ ਟਰੱਕ ਨਹੀਂ ਚਲਾ ਸਕਦਾ। ਇਸ ਲਈ ਕੀ ਇਸ ਦੀ ਪੜਤਾਲ ਕਰਕੇ ਇਸ ਬਾਰੇ ਕਾਰਵਾਈ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਸੂਚੀ ਸਦਨ ਦੀ ਟੇਬਲ ਤੇ ਰੱਖੀ ਹੈ ਅਤੇ ਉਸ ਵਿਚ ਦੱਸਿਆ ਗਿਆ ਹੈ ਕਿ ਕਿੰਨੇ ਕਿੰਨੇ ਨੈਸ਼ਨਲ ਪਰਮਿਟ ਦਿਤੇ ਗਏ ਹਨ। ਕਪੂਰਥਲੇ ਬਾਰੇ ਵੀ ਦੱਸਿਆ ਹੈ ਕਿ ਉਥੇ ਐਨੇ ਪਰਮਿਟ ਦਿਤੇ ਗਏ। ਬਾਕੀ ਜੋ ਉਨ੍ਹਾਂ ਨੇ ਕਿਹਾ ਹੈ ਉਸ ਨੂੰ ਦੇਖ ਲਵਾਂਗੇ। ਜੇ ਕੋਈ ਇਹੋ ਜਿਹੀ ਗੱਲ ਹੋਈ ਤਾਂ ਜ਼ਰੂਰ ਪਤਾ ਕਰ ਲਵਾਂਗੇ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਖਿਆਲਾ ਜੀ ਦੇ ਸਵਾਲ ਦਾ ਮਤਲਬ ਹੀ ਇਹੀ ਸੀ। ਸਰਦਾਰ ਆਤਮਾ ਸਿੰਘ ਹੋਰਾਂ ਦੇ ਸਵਾਲ ਦਾ ਮਤਲਬ ਵੀ ਇਹੀ ਹੈ। ਮੈਂ ਵੀ ਪੁੱਛਣਾ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਚਾਹੁੰਦਾ ਹਾਂ ਕਿ ਜਿਹੜੀਆਂ ਚੇਂਜੀਜ਼ ਆਊਟ ਆਫ ਟਰਨ ਕੋਟੇ ਵਿਚੋਂ ਦਿਤੀਆਂ ਗਈਆਂ ਹਨ ਕੀ ਉਨ੍ਹਾਂ ਦੀ ਪੜਤਾਲ ਕਰਾ ਕੇ ਉਨ੍ਹਾਂ ਦੇ ਪਰਮਿਟ ਕੈਂਸਲ ਕਰਨਗੇ ਅਤੇ ਐਕਸ਼ਨ ਲੈਣਗੇ ? ਇਹ ਕਹਿੰਦੇ ਹਨ ਕਿ ਪੜਤਾਲ ਕਰਵਾਵਾਂਗੇ । ਜਿਨ੍ਹਾਂ ਨੇ ਇਰੈਗੂਲੈਰਿਟੀਜ਼ ਕੀਤੀਆਂ ਹਨ ਕੀ ਉਨ੍ਹਾਂ ਦੇ ਖਿਲਾਫ ਤਕੜਾ ਐਕਸ਼ਨ ਲੈਣਗੇ ?

**ਰਾਜ ਮੰਤਰੀ** : ਮੈਂ ਦੱਸਣਾ ਚਾਹੁੰਦਾ ਹਾਂ ਕਿ ਪੜਤਾਲ ਕਰਵਾਵਾਂਗੇ ਅਤੇ ਜੇ ਕੋਈ ਦੋਸ਼ੀ ਹੋਇਆ ਤਾਂ ਕਾਨੂੰਨ ਦੇ ਮੁਤਾਬਿਕ ਜਿੰਨੀ ਸਜ਼ਾ ਦੇ ਸਕਦੇ ਹੋਏ, ਦੇਵਾਂਗੇ। ਸਪੀਕਰ ਸਾਹਿਬ, ਜੇ ਬਹੁਤੀ ਸਜ਼ਾ ਦੇਈਏ ਤਾਂ ਫਿਰ ਇਹ ਰੌਲਾ ਪਾਉਂਦੇ ਹਨ ਕਿ ਇਹ ਧੱਕਾ ਕਰਦੇ ਹਨ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਨੈਸ਼ਨਲ ਰੂਟ ਪਰਮਿਟ ਇਸ਼ੂ ਕਰਦਿਆਂ ਹੋਇਆਂ ਕਿਹੜੀਆਂ ਕਿਹੜੀਆਂ ਗੱਲਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਕਿਉਂ ਕਿ ਇਹ ਜਿਹੜੀ ਲਿਸਟ ਜਵਾਬ ਦੇ ਨਾਲ ਲਾਈ ਗਈ ਹੈ ਇਸ ਦੇ ਵਿਚ ਦੱਸਿਆ ਗਿਆ ਹੈ ਕਿ ਲੁਧਿਆਣਾ ਜ਼ਿਲ੍ਹੇ ਵਿੱਚ 67, ਜਲੰਧਰ ਜ਼ਿਲ੍ਹੇ ਵਿਚ 83 ਅਤੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਸਿਰਫ 8 ਰੂਟ ਪਰਮਿਟਸ ਦਿਤੇ ਗਏ ਹਨ । ਅੰਮ੍ਰਿਤਸਰ ਬਾਰਡਰ ਦਾ ਸੂਬਾ ਹੈ ਔਰ ਉਥੇ ਬੜੀ ਅੱਛੀ ਮਾਰਕਿਟ ਹੈ ਪਰ ਉਸ ਜ਼ਿਲ੍ਹੇ ਨੂੰ ਰੂਟ ਪਰਮਿਟਸ ਘੱਟ ਦਿਤੇ ਗਏ ਹਨ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਅੰਮ੍ਰਿਤਸਰ ਜ਼ਿਲ੍ਹੇ ਨਾਲ ਵਿਤਕਰਾ ਕਿਉਂ ਹੋਇਆ ਹੈ ਔਰ ਆਉਣ ਵਾਲੇ ਸਾਲਾਂ ਵਿੱਚ ਜਦੋਂ ਨੈਸ਼ਨਲ ਰੂਟ ਪਰਮਿਟਸ ਦੇਣਗੇ ਤਾਂ ਉਨ੍ਹਾਂ ਵਿੱਚ ਜੇ ਕੋਈ ਰੂਲਜ਼ ਵਗੈਰਾ ਅਮੈਂਡ ਕਰਨਾ ਪਿਆ ਤਾਂ ਅਮੈਂਡ ਕਰ ਕੇ ਦੂਸਰਿਆਂ ਜ਼ਿਲ੍ਹਿਆਂ ਦੇ ਮੁਕਾਬਲੇ ਇਥੇ ਅੰਮ੍ਰਿਤਸਰ ਵਿਚ ਵੀ ਇਕੋ ਜਿਹੇ ਪਰਮਿਟ ਦੇਣਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਪਾਲਿਸੀ ਅਸੀਂ ਬਣਾਈ ਹੈ ਉਹ ਮੋਟਰ ਵਹੀਕਲ ਐਕਟ, 1939 ਦੇ ਸੈਕਸ਼ਨ 63 ਅਤੇ ਮੋਟਰ ਵਹੀਕਲ ਰੂਲਜ਼ (ਨੈਸ਼ਨਲ ਪਰਮਿਟ) ਨਿਯਮ, 1975 ਦੇ ਨਿਯਮ 10 ਵਿੱਚ ਐਕਸਪਲੇਨ ਕੀਤੀ ਗਈ ਹੈ। ਜਿਹੜੀਆਂ ਐਪਲੀਕੇਸ਼ਨਾਂ ਮੌਕੇ ਤੇ ਆਉਂਦੀਆਂ ਹਨ ਉਨ੍ਹਾਂ ਨੂੰ ਕੰਸਿਡਰ ਕੀਤਾ ਜਾਂਦਾ ਹੈ ਅਤੇ ਯੋਗ ਬੰਦਿਆਂ ਨੂੰ ਰੂਟ ਪਰਮਿਟਸ ਦਿਤੇ ਜਾਂਦੇ ਹਨ। ਅਸੀਂ ਕੋਟਾ ਫਿਕਸ ਨਹੀਂ ਕੀਤਾ ਕਿ ਇਹ ਬਾਰਡਰ ਦਾ ਜ਼ਿਲ੍ਹਾ ਹੈ ਜਾਂ ਦੂਸਰਾ ਹੈ ਉਸ ਨੂੰ ਇਤਨੇ ਰੂਟ ਪਰਮਿਟਸ ਦੇਣੇ ਹਨ। ਜਿੰਨੀਆਂ ਅਰਜ਼ੀਆਂ ਆਉਂਦੀਆਂ ਹਨ ਉਹ ਕੰਸਿਡਰ ਕਰ ਕੇ ਯੋਗ ਬੰਦਿਆਂ ਨੂੰ ਰੂਟ ਪਰਮਿਟਸ ਦਿਤੇ ਜਾਂਦੇ ਹਨ ।

**ਸ਼੍ਰੀ ਸਪੀਕਰ** : ਮੈਂਬਰ ਸਾਹਿਬ ਦਾ ਸਵਾਲ ਬੜਾ ਕਲੀਅਰ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ 8 ਰੂਟ ਪਰਮਿਟਸ ਦਿਤੇ ਗਏ ਹਨ ਲੇਕਿਨ ਐਪਲੀਕੇਸ਼ਨਜ਼ ਕਾਫੀ ਹੋਣਗੀਆਂ। ਇਹ ਜਿਹੜਾ ਵਿਤਕਰਾ ਹੋਇਆ ਹੈ ਇਸ ਨੂੰ ਅੱਗੇ ਵਾਸਤੇ ਦੂਰ ਕੀਤਾ ਜਾਵੇਗਾ ਅਤੇ ਸਾਰਿਆਂ ਨੂੰ ਇਕੋ ਜਿਹੇ ਰੂਟ ਪਰਮਿਟ ਦਿਤੇ ਜਾਣਗੇ ?

**ਰਾਜ ਮੰਤਰੀ** : ਇਹ ਤਾਂ ਅਰਜ਼ੀਆਂ ਦੇਣ ਵਾਲਿਆਂ ਦੀ ਯੋਗਤਾ ਨੂੰ ਦੇਖ ਕੇ ਫੈਸਲਾ ਕੀਤਾ ਜਾਂਦਾ ਹੈ । ਕੋਸ਼ਿਸ਼ ਕਰਾਂਗੇ ਸਾਰੇ ਜ਼ਿਲ੍ਹਿਆਂ ਨੂੰ ਠੀਕ ਨੁਮਾਇੰਦਗੀ ਦਿਤੀ ਜਾਵੇ। ਸਾਰਿਆਂ ਨੂੰ ਇਕੋ ਜਿਹਾ ਕਰ ਕੇ ਦੇਵਾਂਗੇ ਲੇਕਿਨ ਨੰਬਰ ਆਫ ਐਪਲੀਕੇਸ਼ਨਜ਼ ਤੇ ਡਿਪੈਂਡ ਕਰਦਾ ਹੈ ਜੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਨੀਤੀ ਇਨ੍ਹਾਂ ਨੇ ਅਪਣਾਈ ਹੈ ਅਤੇ ਉਸ ਦੇ ਵਿਚ ਜੋ ਉਲੰਘਣਾ ਹੋਈ ਹੈ ਕੀ ਉਸ ਦੇ ਤਹਿਤ ਇਨ੍ਹਾਂ ਨੂੰ ਕੋਈ ਸ਼ਿਕਾਇਤਾਂ ਮਿਲੀਆਂ ਹਨ ਅਤੇ ਜੇ ਇਨ੍ਹਾਂ ਦਾ ਇਸ ਗੱਲ ਦਾ ਉਤਰ 'ਹਾਂ' ਵਿਚ ਹੈ ਤਾਂ ਕੀ ਉਸ ਦੀ ਇਨਕੁਆਇਰੀ ਕਰਵਾ ਕੇ ਜਿਹੜੇ ਦੋਸ਼ੀ ਹਨ ਉਨ੍ਹਾਂ ਨੂੰ ਸਜ਼ਾ ਦੇਣਗੇ ? ਜੇ ਇਨ੍ਹਾਂ ਦਾ ਉਤਰ 'ਨਾਂਹ' ਵਿਚ ਹੈ ਅਤੇ ਇਨ੍ਹਾਂ ਨੂੰ ਕੋਈ ਸ਼ਿਕਾਇਤਾਂ ਨਹੀਂ ਮਿਲੀਆਂ ਤਾਂ ਜੇ ਕੋਈ ਨਵੀਂ ਕੰਪ-ਲੇਂਟ ਲੋਕ ਕਰਨਗੇ ਤਾਂ ਕੀ ਉਸ ਦੀ ਇਨਕੁਆਇਰੀ ਕਰਾਉਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਦੇਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਅਲਾਟਮੈਂਟ ਆਫ਼ ਰੂਟ ਪਰਮਿਟ ਹੁੰਦੀ ਹੈ ਉਹ ਕੁਐਸੀ ਜੁਡੀਸ਼ਲ ਅਥਾਰਟੀ ਐਸ. ਟੀ. ਸੀ. ਕਰਦਾ ਹੈ ਅਤੇ ਐਸ. ਟੀ. ਸੀ. ਦੇ ਫੈਸਲੇ ਤੋਂ ਬਾਅਦ ਜਿਹੜੇ ਲੋਕਾਂ ਨੂੰ ਕੋਈ ਇਤਰਾਜ਼ ਹੋਵੇ ਉਹ ਐਪੀਲੇਟ ਅਥਾਰਟੀ ਕੋਲ ਅਪੀਲ ਕਰ ਸਕਦਾ ਹੈ। ਚਾਰ ਪੰਜ ਅਪੀਲਾਂ ਆਈਆਂ ਹਨ, ਉਹ ਚਲਦੀਆਂ ਪਈਆਂ ਹਨ, ਉਨ੍ਹਾਂ ਦਾ ਜਲਦੀ ਤੋਂ ਜਲਦੀ ਫੈਸਲਾ ਕਰ ਦੇਵਾਂਗੇ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ ਜਿੰਨੇ ਟਰੱਕ ਜ਼ਿਲ੍ਹੇ-ਵਾਰ ਹਨ ਕੀ ਉਨ੍ਹਾਂ ਦੀ ਗਿਣਤੀ ਦੇ ਮੁਤਾਬਿਕ ਅਗੇ ਵਾਸਤੇ ਜਿੰਨੀਆਂ ਅਰਜ਼ੀਆਂ ਆਉਣ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੇ ਪ੍ਰੋਪੋਰਸ਼ਨੇਟਲੀ ਰੂਟ ਪਰਮਿਟਸ ਦਿਤੇ ਜਾਣਗੇ ?

**ਰਾਜ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਵੈਸੇ ਤਾਂ ਪ੍ਰੋਪੋਰਸ਼ਨੇਟਲੀ ਟਰੱਕਾਂ ਦੀ ਗਿਣਤੀ ਦੇ ਮੁਤਾਬਿਕ ਰੂਟ ਪਰਮਿਟਸ ਦੇਣੇ ਪਾਸੀਬਲ ਨਹੀਂ, ਜਿੰਨੀਆਂ ਦਰਖਾਸਤਾਂ ਆਉਂਦੀਆਂ ਹਨ ਉਸ ਦੇ ਹਿਸਾਬ ਨਾਲ ਰੂਟ ਪਰਮਿਟਸ ਦੇ ਸਕਦੇ ਹਾਂ, ਵੱਧ ਨਹੀਂ ਦੇ ਸਕਦੇ। ਪਰ ਜ਼ਰੂਰ ਕੋਸ਼ਿਸ਼ ਕਰਾਂਗਾ ਜੇ ਇਨ੍ਹਾਂ ਦੀ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੁਝ ਕਰ ਸਕਦੇ ਹੋਵਾਂਗੇ ਤਾਂ ਜ਼ਰੂਰ ਕਰਾਂਗੇ।

**ਨਿਸ਼ਾਨ ਵਾਲੇ ਪ੍ਰਸ਼ਨ ਨੰ: 1517 ਅਤੇ 1516**

(ਸਬੰਧਤ ਮਾਨਯੋਗ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁਟ ਨਹੀਂ ਕੀਤੇ ਗਏ ।)

------

## Co-operative Societies in the Sub-Division, Patti, District Amritsar

***1291. Sardar Major Singh Ubboke :** Will the Minister of State for Co-operation be pleased to state :—

(a) the total number of Co-operative Societies in the Sub-Division Patti, district Amritsar at present ;

(b) the number of Co-operative Societies out of those mentioned in part (a) above the Managing Committee of which were suspended during the year 1981 togetherwith the number of those which have since been reinstated ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** (ਵਿਕਾਸ ਮੰਤਰੀ) : (ੳ) 47 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ।

(ਅ) 17 ਪ੍ਰਾਇਮਰੀ ਸਹਿਕਾਰੀ ਖੇਤੀਬਾੜੀ ਸਭਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਸਾਲ 1981 ਵਿਚ ਭੰਗ ਕੀਤੀਆਂ ਸਨ, ਜਿਨ੍ਹਾਂ ਵਿਚੋਂ 13 ਸਭਾਵਾਂ ਦੀਆਂ ਕਮੇਟੀਆਂ ਨੂੰ ਮੁੜ-ਬਹਾਲ ਕੀਤਾ ਗਿਆ ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪੱਟੀ ਸਬ-ਡਿਵੀਜ਼ਨ ਵਿਚ 47 ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰਲ ਸਰਵਿਸ ਸੁਸਾਇਟੀਆਂ ਹਨ ਜਿਨ੍ਹਾਂ ਵਿਚੋਂ 17 ਨੂੰ ਭੰਗ ਕੀਤਾ ਗਿਆ ਸੀ ਅਤੇ ਜਿਹੜੀਆਂ ਇਹ 17 ਭੰਗ ਕੀਤੀਆਂ ਉਨ੍ਹਾਂ ਵਿਚੋਂ 13 ਸੁਸਾਇਟੀਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਮੁੜ-ਬਹਾਲ ਕੀਤਾ ਗਿਆ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ 13 ਸੁਸਾਇਟੀਆਂ ਦੀਆਂ ਕਮੇਟੀਆਂ ਨੂੰ ਮੁੜ ਕੇ ਬਹਾਲ ਕੀਤਾ ਗਿਆ ਹੈ ਉਨ੍ਹਾਂ ਨੂੰ ਬਹਾਲ ਕਰਨ ਦਾ ਕੀ ਕਰਾਈਟੇਰੀਆ ਸੀ ?

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ 17 ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰਲ ਸਰਵਿਸ ਸੁਸਾਇਟੀਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਭੰਗ ਕੀਤਾ ਗਿਆ ਸੀ ਉਨ੍ਹਾਂ ਨੂੰ ਇਸ ਕਰਕੇ ਭੰਗ ਕੀਤਾ ਗਿਆ ਸੀ ਕਿ ਉਹ ਰੂਲਜ਼ ਦੇ ਮੁਤਾਬਿਕ, ਬਾਈ ਲਾਜ਼ ਦੇ ਮੁਤਾਬਿਕ ਕੰਮ ਨਹੀਂ ਸੀ ਕਰ ਰਹੀਆਂ। ਜਦੋਂ ਉਨ੍ਹਾਂ ਨੂੰ ਭੰਗ ਕੀਤਾ ਗਿਆ ਤਾਂ ਉਨ੍ਹਾਂ ਨੂੰ "ਵਜ੍ਹਾ ਬਿਆਨ ਕਰੋ" ਦਾ ਨੋਟਿਸ ਦਿਤਾ ਗਿਆ। ਉਨ੍ਹਾਂ ਦਾ ਜਵਾਬ ਪ੍ਰਾਪਤ ਹੋਣ ਤੇ ਜਿਨ੍ਹਾਂ ਪ੍ਰਾਇਮਰੀ ਸਹਿਕਾਰੀ ਖੇਤੀ ਬਾੜੀ ਸਭਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਨੇ ਰੂਲਜ਼ ਅਨੁਸਾਰ, ਬਾਈ ਲਾਜ਼ ਦੇ ਅਨੁਸਾਰ ਅੱਗੇ ਵਾਸਤੇ ਕੰਮ ਕਰਨ ਦਾ ਯਕੀਨ ਦਵਾਇਆ ਅਸੀਂ ਉਨ੍ਹਾਂ ਪ੍ਰਬੰਧਕ ਕਮੇਟੀਆਂ ਨੂੰ ਬਹਾਲ ਕਰ ਦਿਤਾ ।

**ਸਰਦਾਰ ਮੇਜਰ ਸਿੰਘ ਉਬੋਕੇ** : ਸਪੀਕਰ ਸਾਹਿਬ, ਰੰਧਾਵਾ ਸਾਹਿਬ ਸਾਡੇ ਜ਼ਿਲ੍ਹੇ ਦੀ ਗਰੀਵੈਂਸਿਜ਼ ਕਮੇਟੀ ਦੇ ਚੇਅਰਮੈਨ ਰਹੇ ਹਨ। ਮੈਂ ਉਨ੍ਹਾਂ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਮੈਂ ਉਥੇ ਵੀ ਬੜੀਆਂ ਸ਼ਿਕਾਇਤਾਂ ਕੀਤੀਆਂ ਸਨ ਅਤੇ ਉਨ੍ਹਾਂ ਨੇ ਉਥੇ ਇਕ ਏ. ਆਰ. ਜਿਹੜਾ ਕੇ ਸ਼ਰਾਬੀ ਰਹਿੰਦਾ ਸੀ ਉਸ ਤੇ ਛਾਪਾ ਮਰਵਾ ਕੇ ਉਸ ਦੀ ਬਦਲੀ ਕਰਵਾਈ ਸੀ । ਬਾਅਦ ਵਿਚ ਉਹੀ ਏ. ਆਰ. ਤਿੰਨ ਹਜ਼ਾਰ ਰੁਪਿਆ ਰਿਸ਼ਵਤ ਲੈਂਦਾ ਫੜਿਆ ਗਿਆ ਸੀ ਅਤੇ ਉਸ ਦੇ ਖ਼ਿਲਾਫ਼ ਐਫ. ਆਈ. ਆਰ. ਦਰਜ ਹੋਈ ਸੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਉਹ ਬੰਦੇ ਭੇਜਦੇ ਹੋ ਜਿਨ੍ਹਾਂ ਦੀ ਸਰਵਿਸ ਬੁਕ ਵਿਚ ਲਾਲ ਲਕੀਰ ਵੱਜੀ ਹੁੰਦੀ ਹੈ । ਜਿਹੜਾ ਸਭ ਤੋਂ ਮਾੜਾ ਕੰਮ ਕਰਦੇ ਹਨ ਉਨ੍ਹਾਂ ਨੂੰ ਉਧਰ ਸਜ਼ਾ ਦੇ ਕੇ ਭੇਜ ਦਿੰਦੇ ਹੋ । ਉਹ ਕਹਿੰਦੇ ਹਨ ਕਿ ਪਾਕਿਸਤਾਨ ਤਾਂ ਸਾਨੂੰ ਭੇਜਣ ਤੋਂ ਰਹੇ । ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਉਸ ਗੱਲ ਦੀ ਪੜਤਾਲ ਕਰਾਉਣਗੇ ਕਿ ਇਨ੍ਹਾਂ ਸੁਸਾਇਟੀਆਂ ਦੀਆਂ ਪ੍ਰਬੰਧਕ ਕਮੇਟੀਆਂ ਮੁੜ ਕੇ ਬਹਾਲ ਕਿਵੇਂ ਹੋ ਗਈਆਂ ? ਰੰਧਾਵਾ ਸਾਹਿਬ ਨੂੰ ਸ਼ਾਇਦ ਯਾਦ ਹੋਵੇਗਾ ਕਿ ਉਨ੍ਹਾਂ ਨੇ ਇਨ੍ਹਾਂ ਸੁਸਾਇਟੀਆਂ ਦੇ ਕੇਸ ਫੜੇ ਵੀ ਸੀ ਜਿਹੜੇ ਸਾਰੀ ਖੰਡ ਵੇਚ ਗਏ ਅਤੇ ਇਸ ਦੇ ਲਈ ਮੈਂ ਬੇਨਤੀ ਕੀਤੀ ਸੀ ਅਤੇ ਫਿਰ ਇਨ੍ਹਾਂ ਨੇ ਕੇਸ ਦਰਜ ਕਰਵਾਇਆ ਸੀ। ਮੈਂ ਇਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਗੱਲ ਦੀ ਪੜਤਾਲ ਕਰਾਉਣਗੇ ਕਿ ਇਹ 13 ਸੁਸਾਇਟੀਆਂ ਦੀਆਂ ਪ੍ਰਬੰਧਕ ਕਮੇਟੀਆਂ ਮੁੜ ਕੇ ਕਿਸ ਤਰ੍ਹਾਂ ਬਹਾਲ ਹੋ ਗਈਆਂ, ਬਾਕੀ ਦੀਆਂ ਕਿਉਂ ਰਹਿ ਗਈਆਂ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ 17 ਵਿਚੋਂ 4 ਸੁਸਾਇਟੀਆਂ ਐਸੀਆਂ ਸਨ ਜਿਨ੍ਹਾਂ ਦਾ ਜਵਾਬ ਨਾ ਤਸੱਲੀਬਖਸ਼ ਹੋਣ ਕਰ ਕੇ ਉਨ੍ਹਾਂ ਨੂੰ ਅਸੀਂ ਬਹਾਲ ਨਹੀਂ ਸੀ ਕੀਤਾ, ਬਾਕੀਆਂ ਵਲੋਂ

Original with;
Punjab Vidhan Sabha
Digitized by;
Panjab Digital Library

ਯਕੀਨ ਦੁਆਉਣ ਤੇ ਅਤੇ ਜਵਾਬ ਤਸੱਲੀ ਬਖਸ਼ ਹੋਣ ਤੇ ਉਨ੍ਹਾਂ ਨੂੰ ਬਹਾਲ ਕਰ ਦਿਤਾ ਸੀ। ਇਨ੍ਹਾਂ ਵਿਚੋਂ 3 ਦੇ ਇਲੈਕਸ਼ਨ ਕਰਵਾ ਦਿਤੇ ਹਨ ਅਤੇ ਇਕ ਦੇ ਇਲੈਕਸ਼ਨ ਕਰਵਾਏ ਜਾ ਰਹੇ ਹਨ। ਫਿਰ ਵੀ ਇਨ੍ਹਾਂ ਵਿਚੋਂ ਕਿਸੇ ਸੁਸਾਇਟੀ ਦੇ ਮੁਤਲਕ ਮਾਨਯੋਗ ਮੈਂਬਰ ਕੋਈ ਚੀਜ਼ ਪੁਆਇੰਟ ਆਊਟ ਕਰਨਗੇ ਤਾਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਦੋ ਸਾਲਾਂ ਦੇ ਸਮੇਂ ਵਿਚ ਪੰਜਾਬ ਵਿਚ ਜਿਹੜੀਆਂ ਸੁਸਾਇਟੀਆਂ ਦੀ ਪ੍ਰਬੰਧਕ ਕਮੇਟੀਆਂ ਪਹਿਲਾਂ ਤੋਂ ਤੋੜੀਆਂ ਗਈਆਂ ਸਨ ਉਨ੍ਹਾਂ ਤੋਂ ਪੈਸੇ ਲੈ ਕੇ ਮੁੜ ਬਹਾਲ ਕੀਤਾ ਗਿਆ ਹੈ। ਕਈ ਕਮੇਟੀਆਂ ਤਿੰਨ ਤਿੰਨ ਵਾਰੀ ਤੋੜੀਆਂ ਗਈਆਂ। ਜੇ ਕੋਈ ਏ. ਆਰ. ਦੇ ਕਹਿਣ ਮੁਤਾਬਿਕ ਸਟਾਫ਼ ਨਹੀਂ ਰਖਦੀਆਂ, ਮੁਲਾਜ਼ਮ ਨਹੀਂ ਸੀ ਰਖਦੀਆਂ ਤਾਂ ਉਨ੍ਹਾਂ ਨੂੰ ਤੋੜ ਦਿਤਾ ਜਾਂਦਾ ਸੀ। ਜਿਸ ਤਰ੍ਹਾਂ ਮਾਨਸਾ ਵਿਚ ਇਨ੍ਹਾਂ ਨੇ ਕੋਈ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਨਹੀਂ ਛੱਡੀ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਰੇ ਮਾਮਲੇ ਦੀ ਕੋਈ ਉਚ ਅਫਸਰ ਲਾ ਕੇ ਇਨਕੁਆਇਰੀ ਕਰਾਉਣਗੇ ਕਿ ਇਹ ਪ੍ਰਬੰਧਕ ਕਮੇਟੀਆਂ ਕਿਵੇਂ ਬਹਾਲ ਕੀਤੀਆਂ ਗਈਆਂ ਅਤੇ ਜਿਨ੍ਹਾਂ ਨੇ ਗਲਤ ਕੰਮ ਕੀਤਾ ਹੈ ਕੀ ਉਨ੍ਹਾਂ ਨੂੰ ਸਜ਼ਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਮਾਨਸਾ ਦੇ ਬਾਰੇ ਸਵਾਲ ਨਹੀਂ ਹੈ। ਅਗਰ ਮਾਨਯੋਗ ਮੈਂਬਰ ਸਾਹਿਬ ਮਾਨਸਾ ਦੇ ਬਾਰੇ ਸਵਾਲ ਪੁੱਛ ਲੈਣ ਤਾਂ ਉਸ ਦਾ ਜਵਾਬ ਵੀ ਦੇ ਦੇਵਾਂਗੇ। ਰਹਿ ਗਈ ਗੱਲ ਸਾਰੇ ਪੰਜਾਬ ਦੀ, ਸਾਰੇ ਪੰਜਾਬ ਵਿਚ 2780 ਕੋਆਪ੍ਰੇਟਿਵ ਸੋਸਾਇਟੀਆਂ ਹਨ ਜੋ ਇਸ ਵੇਲੇ ਚਲ ਰਹੀਆਂ ਹਨ। ਇਸ ਤੋਂ ਪਹਿਲਾਂ 10,942 ਕੋਆਪ੍ਰੇਟਿਵ ਸੋਸਾਇਟੀਆਂ ਸਨ। ਮੈਂ ਸਮਝਦਾ ਹਾਂ ਕਿ ਇਨ੍ਹਾਂ ਵਿਚੋਂ ਜਿਹੜੀਆਂ ਸੋਸਾਇਟੀਆਂ ਠੀਕ ਕੰਮ ਨਹੀਂ ਕਰ ਰਹੀਆਂ, ਠੀਕ ਢੰਗ ਨਾਲ ਖੰਡ ਨਹੀਂ ਵੰਡ ਰਹੀਆਂ ਜਾਂ ਡਿਸਟਰੀਬਿਊਸ਼ਨ ਆਫ਼ ਅਸੈਂਸ਼ੀਅਲ ਕਮਾਡਿਟੀਜ਼ ਅਤੇ ਬਾਕੀ ਚੀਜ਼ਾਂ ਫਰਟੇਲਾਈਜ਼ਰ ਵਗੈਰਾ ਵਿਚ ਕਮੀ ਪਾਈ ਗਈ ਉਨ੍ਹਾਂ ਦੇ ਖਿਲਾਫ਼ ਐਕਸ਼ਨ ਲਿਆ ਗਿਆ ਹੈ। ਇਸ ਵੇਲੇ ਸਟੇਟ ਵਿਚ 2,780 ਯੂਨਿਟਸ ਹਨ। ਸਰਕਾਰ ਦੇ ਵਿਚਾਰ ਅਧੀਨ ਹੈ ਕਿ ਕੋਈ ਵਾਇਬਲ ਯੂਨਿਟ ਬਣਾਏ ਜਾਣ ਜਿਸ ਨਾਲ ਲੋਕ ਵਧ ਤੋਂ ਵਧ ਫਾਇਦਾ ਉਠਾ ਸਕਣ।

---

**Procurement of Wheat in the State**

***1316 Sardar Dalip Singh Pandhi :** Will the Minister of State for Food and Supplies be pleased to state :—

(a) the quantity of wheat procured in the State togetherwith the quantity contributed towards the Central Pool during the year 1981 ;

(b) the quantity of wheat lying in the State Pool at present ;

(c) whether the quantity of wheat referred to in part (b) above is sufficient to meet the requirement of the State ?

**ਸ਼੍ਰੀ ਭਗਵਾਨ ਦਾਸ** : (ੳ) 37,68,689 ਮੀਟਰਿਕ ਟਨ। ਇਹ ਸਾਰਾ ਸਟਾਕ ਕੇਂਦਰੀ ਭੰਡਾਰ ਵਿਚ ਦੇਣ ਲਈ ਹੈ।

(ਅ) ਨਿੱਲ।

(ੲ) ਸਵਾਲ ਪੈਦਾ ਨਹੀਂ ਹੁੰਦਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਰਕਾਰ ਨੇ ਪਿਛਲੇ ਸਾਲ ਅਨਾਜ ਭੰਡਾਰ ਵਿਚ ਕਣਕ ਖਰੀਦਣ ਲਈ ਬੜਾ ਉਪਰਾਲਾ ਕੀਤਾ, ਪ੍ਰਧਾਨ ਮੰਤਰੀ ਸਾਹਿਬ ਵੀ ਇਥੇ ਤਸ਼ਰੀਫ ਲਿਆਏ ਸਨ ਸਿਰਫ 47 ਲਖ ਟਨ ਕਣਕ ਖਰੀਦ ਕੇ ਦਿਤੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹਨ ਕਿ ਕਣਕ ਘਟ ਖਰੀਦੀ ਗਈ ? ਇਸ ਤੋਂ ਅਗੇ 'ਅ' ਦੇ ਜਵਾਬ ਵਿਚ ਕਿਹਾ ਹੈ ਕਿ ਕੋਈ ਕਣਕ ਸਟੇਟ ਪੂਲ ਵਿਚ ਨਹੀਂ ਹੈ। ਮੈਂ ਪੁੱਛਦਾ ਹਾਂ ਕਿ ਜੇ ਕਣਕ ਘਟ ਜਾਏ ਤਾਂ ਫਿਰ ਕੀ ਪ੍ਰਬੰਧ ਕਰਨਗੇ ?

**ਰਾਜ ਮੰਤਰੀ** : ਪਿਛਲੇ ਸਾਲ ਪੈਦਾਵਾਰ ਘਟ ਹੋਈ ਸੀ ਇਹ ਬਾਰ ਬਾਰ ਜਵਾਬ ਦਿਤਾ ਜਾ ਚੁੱਕਾ ਹੈ। ਸਾਡਾ ਸੂਬਾ ਸਰਪਲੱਸ ਹੈ, ਸਾਨੂੰ 22 ਹਜ਼ਾਰ ਟਨ ਮਾਹਵਾਰੀ ਕੋਟਾ ਸੈਂਟਰਲ ਪੂਲ ਵਿਚੋਂ ਮਿਲਦਾ ਹੈ। ਸਟੇਟ ਪੂਲ ਉਥੇ ਹੁੰਦਾ ਹੈ ਜਿਥੇ ਕੋਈ ਕਮੀ ਜ਼ਾਹਿਰ ਹੋਵੇ। ਸਾਨੂੰ ਸਟੇਟ ਪੂਲ ਵਾਸਤੇ ਕੋਈ ਲੋੜ ਨਹੀਂ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਕਲ੍ਹ ਵੀ ਅਖਬਾਰਾਂ ਵਿਚ ਸੀ, ਅੱਜ ਵੀ ਹੈ ਕਿ ਮਾਰਕਫੈਡ ਨੇ ਕਣਕ ਖਰੀਦ ਕੇ ਬੰਬਈ ਭੇਜੀ ਹੈ.........

**ਸ੍ਰੀ ਸਪੀਕਰ** : ਉਹ ਕਣਕ ਨਹੀਂ ਚਾਵਲ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ਅੰਨੀ ਹਾਓ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਦਸ ਨਹੀਂ ਸਕੇ ਕਿ ਪਿਛਲੇ ਸਾਲ ਕਣਕ ਘਟ ਖਰੀਦਣ ਦੇ ਕੀ ਕਾਰਨ ਸਨ। ਐਤਕੀ ਵੀ ਕਣਕ ਘਟ ਹੋਣੀ ਹੈ ਕਿਉਂਕਿ ਮੀਂਹ ਪੈ ਗਏ ਹਨ। ਐਗਰੀਕਲਚਰ ਨੂੰ ਪਰਫੁੱਲਤ ਕਰਨ ਲਈ ਕਿਸਾਨ ਨੂੰ ਸਾਰੀਆਂ ਚੀਜ਼ਾਂ ਦੇਣ ਲਈ ਕੋਈ ਉਪਰਾਲੇ ਕਰਨਗੇ। ਸਾਡਾ ਕਣਕ ਜ਼ੋਨ ਸੀ ਇਨ੍ਹਾਂ ਨੇ ਪਾਬੰਦੀ ਜ਼ਿਲ੍ਹੇ ਤੋਂ ਜ਼ਿਲ੍ਹੇ ਦੀ ਲਾ ਦਿਤੀ। ਕਿਤੇ ਇਸ ਲਈ ਤਾਂ ਨਹੀਂ ਸੀ ਕੀਤਾ ਕਿ ਜਿਹੜੇ ਧਨਾਢ ਸਨ ਉਨ੍ਹਾਂ ਨੇ ਪਹਿਲੋਂ ਕਣਕ ਖਰੀਦ ਕੇ ਬਾਹਰ ਕੱਢ ਦਿਤੀ ਸੀ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪਾਂਧੀ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਜੇਕਰ ਜ਼ਿਲ੍ਹੇ ਤੋਂ ਜ਼ਿਲ੍ਹੇ ਦੀ ਪਾਬੰਦੀ ਹੋਵੇ ਤਾਂ ਉਹ ਬਾਹਰ ਨਹੀਂ ਜਾ ਸਕਦੀ। ਇਨ੍ਹਾਂ ਨੇ ਅਜੀਬ ਜਿਹਾ ਸੁਆਲ ਕੀਤਾ ਹੈ। ਮੈਂ ਦਸ ਦਿਤਾ ਹੈ ਕਿ ਸਾਡੇ ਪੰਜਾਬ ਵਿਚ ਸਟਾਕ ਦੀ ਲੋੜ ਨਹੀਂ। 22 ਹਜ਼ਾਰ ਟਨ ਦਾ ਜਿਹੜਾ ਕੋਟਾ ਮਿਲਦਾ ਹੈ ਉਹ ਸਾਨੂੰ ਕਾਫੀ ਹੈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਜਿਹੜਾ ਸਰਕਾਰ ਦਾ ਨਿਸ਼ਚਤ ਕੋਟਾ ਸੀ ਕਣਕ ਖਰੀਦਣ ਦਾ ਉਹ ਸਰਕਾਰ ਨਹੀਂ ਖਰੀਦ ਸਕੀ। ਵਪਾਰੀਆਂ ਨੇ ਕਣਕ ਦੇ ਗੋਦਾਮ ਭਰ ਲਏ ਔਰ 130 ਰੁਪਏ ਖਰੀਦ ਕੇ 260 ਰੁਪਏ ਵੇਚ ਰਹੇ ਹਨ। ਕਾਰਨ ਇਹ ਹੈ ਕਿ ਸਾਡੇ ਸਟੇਟ ਟਰੇਡਿੰਗ ਨਹੀਂ ਹੈ। ਮੈਂ ਪੁੱਛਦਾ ਹਾਂ ਕਿ ਕੀ ਕਾਰਨ ਹਨ ਕਿ ਸਰਕਾਰ ਸਟੇਟ ਟਰੇਡਿੰਗ ਨਹੀਂ ਕਰ ਰਹੀ ?

**ਰਾਜ ਮੰਤਰੀ** : ਸਾਡੇ ਪੰਜਾਬ ਵਿਚ ਖੁਲ੍ਹੇ ਆਮ 172 ਰੁਪਏ ਆਟਾ ਕਣਕ ਦਾ ਮਿਲ ਰਿਹਾ ਹੈ, ਇਨ੍ਹਾਂ ਨੂੰ ਜਿੰਨਾ ਚਾਹੀਦਾ ਹੈ ਦੱਸ ਦੇਣ, ਅਸੀਂ ਭਿਜਵਾ ਦਿਆਂਗੇ।

---

**Electricity cut imposed in the State**

*1513 **Shri Om Parkash Gupta :** Will the Chief Minister be pleased to state the total hours for which cut on supply of electricity to Industrial Units was imposed in the State during the year 1980-81 ?

Original with;
Punjab Vidhan Sabha
Digitized by;
Panjab Digital Library

**ਡਾਕਟਰ ਕੇਵਲ ਕ੍ਰਿਸ਼ਨ** (ਵਿੱਤ ਮੰਤਰੀ) : ਕੁੱਲ 8760 ਘੰਟਿਆਂ ਵਿੱਚੋਂ 1679 ਘੰਟੇ ਜੋ 19.1 ਪ੍ਰਤੀਸ਼ਤ ਹੈ ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਇਹ ਜਿਹੜੀਆਂ ਫਿਗਰਜ਼ ਦਿੱਤੀਆਂ ਹਨ ਇਹ ਕੁਰੇਕਟ ਨਜ਼ਰ ਨਹੀਂ ਆਉਂਦੀਆਂ, ਬਰੇਕ ਡਾਊਨਜ਼ ਇਸ ਤੋਂ ਜ਼ਿਆਦਾ ਰਹੇ । ਇਹ ਵੀ ਪਤਾ ਨਹੀਂ ਸੀ ਲਗਦਾ ਕਿ ਕਿਸ ਵੇਲੇ ਬਰੇਕਡਾਊਨ ਹੋ ਜਾਣੀ ਹੈ । ਇਹ ਗਲ ਤਾਂ ਮਨਿਸਟਰ ਸਾਹਿਬ ਪਤਾ ਕਰ ਕੇ ਦਸ ਦੇਣਗੇ । ਇਹ ਕਹਿੰਦੇ ਹਨ ਕਿ 20% ਬਿਜਲੀ ਬੰਦ ਰਹੀ । ਇਸ ਦੇ ਨਾਲ ਇੰਡਸਟਰੀਜ਼ ਪ੍ਰੌਡਕਸ਼ਨ ਦਾ ਨੁਕਸਾਨ ਹੋਇਆ, ਮਜ਼ਦੂਰ ਵੇਹਲੇ ਰਹੇ, ਉਨ੍ਹਾਂ ਨੂੰ ਵੇਜਿਜ਼ ਨਹੀਂ ਦਿਤੀਆਂ ਗਈਆਂ । ਟੋਟਲ ਪ੍ਰੌਡਕਸ਼ਨ ਦਾ ਕਿੰਨਾ ਨੁਕਸਾਨ ਹੋਇਆ, ਕਿੰਨਾ ਵੇਜਿਜ਼ ਦਾ ਨੁਕਸਾਨ ਹੋਇਆ । ਇਸ ਨੁਕਸਾਨ ਦਾ ਕੰਪਨਸੇਸ਼ਨ ਦੇਣ ਲਈ ਔਰ ਖਾਸ ਤੌਰ ਤੇ ਮਜ਼ਦੂਰਾਂ ਨੂੰ ਦੇਣ ਲਈ ਕੋਈ ਵਿਚਾਰ ਕਰਨਗੇ ?

**ਵਿੱਤ ਮੰਤਰੀ** : ਸਪੀਕਰ ਸਾਹਿਬ, ਮੈਂ ਜਿਵੇਂ ਦਸਿਆ ਹੈ ਕਿ 19.1 ਬਿਜਲੀ ਦੀ ਕਮੀ ਜ਼ਰੂਰ ਹੋਈ ਹੈ । ਜਿੰਨੀ ਬਿਜਲੀ ਦੀ ਲੋੜ ਹੈ ਉਤਨੀ ਸਪਲਾਈ ਨਹੀਂ ਹੋ ਰਹੀ । ਇਸ ਦੇ ਲਈ ਕਈ ਕਾਰਨ ਸਨ । ਡਰਾਟ ਪੈ ਗਏ, ਕੈਚ ਏਰੀਆ ਵਿਚ ਪਾਣੀ ਘੱਟ ਗਿਆ । ਮੇਰੇ ਕੋਲ ਮਹੀਨੇ ਵਾਰ 1980-81 ਦੀਆਂ ਫਿਗਰਜ਼ ਹਨ, ਉਹ ਮੈਂ ਪੜ੍ਹ ਦਿੰਦਾ ਹਾਂ :

ਅਪ੍ਰੈਲ ਵਿਚ 23.04 ਘੰਟੇ
ਮਈ ਵਿਚ 16.00 ਘੰਟੇ
ਜੂਨ ਵਿਚ 20.04 ਘੰਟੇ
ਜੁਲਾਈ ਵਿਚ 21.00 ਘੰਟੇ
ਅਗਸਤ ਵਿਚ 23.7 ਘੰਟੇ
ਸਤੰਬਰ ਵਿਚ 22.5 ਘੰਟੇ
ਅਕਤੂਬਰ ਵਿਚ 23.3 ਘੰਟੇ
ਨਵੰਬਰ ਵਿਚ 23.8 ਘੰਟੇ
ਦਸੰਬਰ ਵਿਚ 18.00 ਘੰਟੇ
ਜਨਵਰੀ, 1981 ਵਿਚ 12.00 ਘੰਟੇ
ਫਰਵਰੀ, 1981 ਵਿਚ 8.0 ਘੰਟੇ
ਮਾਰਚ, 1981 ਵਿਚ 20.00 ਘੰਟੇ ।

ਇਹ ਜਿਹੜੀ ਜਨਵਰੀ ਫਰਵਰੀ ਵਿਚ ਬਿਜਲੀ ਘੱਟ ਮਿਲੀ ਹੈ ਇਸ ਦਾ ਕਾਰਨ ਹੈ ਕਿ ਇਸ ਦੀ ਡਾਈਵਰਸੀਫਿਕੇਸ਼ਨ ਵੀਟ ਕਿੰਨੀਂ ਹੋ ਗਈ । ਬਿਜਲੀ ਦੀ ਕੱਟ ਕਿਥੇ ਕਿਥੇ ਕਿੰਨਾਂ ਕਿਨਾਂ ਚਿਰ ਹੋਣੀ ਹੈ ਉਹ ਰੇਡਿਓ ਰਾਹੀਂ ਦਸਦੇ ਰਹੇ । ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਇੰਡਸਟਰੀ ਅਤੇ ਮਜ਼ਦੂਰਾਂ ਦੇ ਨੁਕਸਾਨ ਦਾ ਕੰਪਨਸੇਸ਼ਨ ਦੇਣ ਲਈ ਇਹ ਚੀਜ਼ ਕੋਈ ਵਿਚਾਰ ਅਧੀਨ ਨਹੀਂ ਹੈ । ਬਿਜਲੀ ਦੀ ਕਮੀ ਦੇ ਬਾਵਜੂਦ ਵੀ ਪਿਛਲੇ ਸਾਲਾਂ ਨਾਲੋਂ ਇਸ ਸਾਲ ਇੰਡਸਟਰੀਅਲ ਸੈਕਟਰ ਵਿਚ ਪ੍ਰੌਡਕਸ਼ਨ ਵੱਧੀ ਹੈ, ਘੱਟੀ ਨਹੀਂ ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਐਗਰੀਕਲਚਰ ਨੂੰ ਤਾਂ ਇਨ੍ਹਾਂ ਨੇ ਪੂਰੀ ਬਿਜਲੀ ਦੇ ਦਿੱਤੀ, ਅੱਛੀ ਫਸਲ ਹੋਈ, ਈਸ਼ਵਰ ਕਰੇ ਚੰਗੇ ਦਾਣੇ ਨਿਕਲ ਆਉਣ ! ਜਿਹੜੇ ਸਾਡੀ

Original with;
Punjab Vidhan Sabha
Digitized by;
Panjab Digital Library

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਇੰਡਸਟਰੀਆਂ ਵਿਚ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਦਾ ਬਹੁਤ ਨੁਕਸਾਨ ਹੋਇਆ ਹੈ। ਸਾਡੀ ਸਟੇਟ ਦੀ ਡਿਵੈਲਪਮੈਂਟ ਇੰਡਸਟਰੀ ਤੇ ਨਿਰਭਰ ਹੈ, ਸਾਡੀ ਸਟੇਟ ਦੇ ਰੇਵੇਨਿਊ ਜ਼ਿਆਦਾਤਰ ਇੰਡਸ-ਟਰੀ ਤੋਂ ਕੁਲੈਕਟ ਹੁੰਦੇ ਹਨ ਜਿੰਨੇ ਵੀ ਟੈਕਸ ਲਗਦੇ ਹਨ ਇੰਡਸਟਰੀ ਤੇ ਲਗਦੇ ਹਨ ਇਹ ਜਿਹੜੀ 24, 24 ਘੰਟੇ ਬਿਜਲੀ ਬੰਦ ਰਹਿੰਦੀ ਹੈ ਕੀ ਇਸ ਨੂੰ ਰੈਸਟੋਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, 24 ਘੰਟੇ ਦੀ ਕੱਟ ਕਿਸੇ ਵੀ ਇੰਡਸਟਰੀ ਤੇ ਕਿਤੇ ਵੀ ਨਹੀਂ ਲਗੀ। ਕੁਝ ਆਵਰਜ਼ ਦੀ ਲਗਦੀ ਰਹੀ ਹੈ। ਇਸ ਸਾਲ 4 ਮਾਰਚ ਤਕ 1326 ਘੰਟੇ ਦੀ ਕੱਟ ਲਗੀ ਹੈ। ਪਿਛਲੇ ਸਾਲ ਦੀ ਫਿਗਰ 1679 ਘੰਟੇ ਸੀ। ਮੈਂ ਮੈਂਬਰ ਸਾਹਿਬ ਨੂੰ ਐਸ਼ਿਓਰ ਕਰਦਾ ਹਾਂ ਕਿ ਬਿਜਲੀ ਦੀ ਕੱਟ ਦੀ ਇਨਫਰਮੇਸ਼ਨ ਡਿਪਾਰਟਮੈਂਟ ਵਲੋਂ ਜ਼ਰੂਰ ਦਿਤੀ ਜਾਏਗੀ, ਇਹ ਨਹੀਂ ਹੋਵੇਗਾ ਕਿ ਅਚਾਨਕ ਹੀ ਬਿਜਲੀ ਬੰਦ ਕਰ ਦਿਤੀ ਜਾਏ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਬਿਜਲੀ ਦੇ ਰੇਟਾਂ ਵਿਚ ਵਾਧਾ ਹੋਇਆ ਕਿਉਂਕਿ ਘਾਟਾ ਪਿਆ। ਕੰਪੈਨਸੇਸ਼ਨ ਦਾ ਰੇਟ 78 ਪੈਸੇ ਪਰ ਯੂਨਿਟ ਕਰ ਦਿੱਤਾ। ਸਾਡੇ ਕੋਲ ਰਿਕਾਰਡ ਹੈ ਕਿ 1979-80 ਵਿਚ ਸਾਰੇ ਸੋਰਸਿਜ਼ ਤੋਂ 6.10 ਅਰਬ ਬਿਜਲੀ ਮਿਲੀ ਜਿਸ ਵਿਚੋਂ 1.10 ਅਰਬ ਯੂਨਿਟ ਦੇ ਲਾਸਿਜ਼ ਹਨ। ਇਹ ਇਤਨੇ ਜ਼ਿਆਦਾ ਲਾਸਿਜ਼ ਹਨ ਜਿਹੜੇ ਕਿ ਦੁਨੀਆਂ ਦੇ ਕਿਸੇ ਵੀ ਏਰੀਆ ਵਿਚ ਨਹੀਂ ਹੋਣਗੇ। ਇਹ ਲਾਸਿਜ਼ ਬਚਾਏ ਜਾਣ ਤਾਂ ਕੋਈ ਰੇਟ ਵਧਾਉਣ ਦੀ ਜ਼ਰੂਰਤ ਨਹੀਂ ਰਹਿਣੀ। ਇਸ ਤੋਂ ਇਲਾਵਾ ਅੱਜ ਬਿਜਲੀ ਦੀ ਜ਼ਰੂਰਤ ਹੈ, ਲਗਜ਼ਰੀ ਨਹੀਂ। ਗਰੀਬ ਆਦਮੀ ਵੀ ਇਸ ਦਾ ਪੂਰਾ ਇਸਤੇਮਾਲ ਕਰਦੇ ਹਨ। ਕੀ ਘਰਾਂ ਵਾਸਤੇ ਬਿਜਲੀ ਦੇ ਜੋ ਰੇਟ ਵਧਾਏ ਗਏ ਹਨ, ਉਨ੍ਹਾਂ ਨੂੰ ਘਟਾਉਣਗੇ ?

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਇਸ ਸਵਾਲ ਨੂੰ ਰਿਲੇਟ ਨਹੀਂ ਕਰਦਾ।

**ਮਾਸਟਰ ਬਾਬੂ ਸਿੰਘ** : ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਹਿਤ ਨੂੰ ਮੁੱਖ ਰਖਦੇ ਹੋਏ ਜਿਹੜੀ ਦਿੱਲੀ ਨੂੰ ਜਾਂ ਹੋਰ ਸਟੇਟਾਂ ਨੂੰ ਘਟ ਰੇਟ ਤੇ ਬਿਜਲੀ ਸਪਲਾਈ ਹੁੰਦੀ ਹੈ, ਉਹ ਬੰਦ ਕਰਨਗੇ ਤਾਕਿ ਪੰਜਾਬ ਦੇ ਅੰਦਰ ਐਗਰੀਕਲਚਰ ਅਤੇ ਇੰਡਸਟਰੀ ਦੀ ਪੈਦਾਵਾਰ ਵਧੇ। ਕੀ ਇਸ ਲਈ ਇਹ ਸਟੈਪ ਚੁਕਣਗੇ, ਜੇ ਚੁਕਣਗੇ ਤਾਂ ਕਦੋਂ ਤੱਕ ਚੁਕਣਗੇ ?

**ਮੰਤਰੀ** : ਸਪੀਕਰ ਸਾਹਿਬ, ਪੰਜਾਬ ਵਿਚ ਇੰਡਸਟਰੀ ਅਤੇ ਐਗਰੀਕਲਚਰ ਦੀ ਪੁਜ਼ੀਸ਼ਨ ਹਰ ਸਾਲ ਬੇਹਤਰ ਹੋ ਰਹੀ ਹੈ। ਜਿਤਨੀ ਬਿਜਲੀ ਇਨ੍ਹਾਂ ਨੂੰ ਚਾਹੀਦੀ ਹੈ, ਪੰਜਾਬ ਸਰਕਾਰ ਉਸ ਤੋਂ ਜਾਣੂ ਵੀ ਹੈ ਅਤੇ ਲੋੜ ਮੁਤਾਬਿਕ ਉਹ ਸਪਲਾਈ ਵੀ ਕਰਦੀ ਹੈ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, ਪੰਜਾਬ ਵਿੱਚ ਜਿਹੜੀ ਖੇਤੀਬਾੜੀ ਨੂੰ ਬੜਾਵਾ ਪਹੁੰਚਦਾ ਹੈ ਉਸਦੇ ਵਿਚ ਇੰਡਸਟਰੀ ਦਾ ਵੀ ਬਹੁਤ ਵੱਡਾ ਹੱਥ ਹੈ। ਅਗਰ ਇੰਡਸਟਰੀ ਵਾਲੇ ਮਸ਼ੀਨਾਂ ਨਾ ਬਣਾਉਣ ਤਾਂ ਖੇਤੀਬਾੜੀ ਦੀ ਪੈਦਾਵਾਰ ਵਿਚ ਵਾਧਾ ਨਹੀਂ ਹੋ ਸਕਦਾ। ਜਿਸ ਵੇਲੇ ਫਸਲ ਦਾ ਸੀਜ਼ਨ ਆਉਂਦਾ ਹੈ ਤਾਂ ਉਸ ਵੇਲੇ ਬਿਜਲੀ ਦੀ ਇੰਡਸਟਰੀ ਨੂੰ ਕਟੌਤੀ ਸ਼ੁਰੂ ਹੋ ਜਾਂਦੀ ਹੈ। ਜਲੰਧਰ ਵਿਚ 18, 18 ਘੰਟੇ ਬਿਜਲੀ ਬੰਦ ਰਹੀ ਹੈ।

**ਸ੍ਰੀ ਸਪੀਕਰ** : ਵਜ਼ਾਹਤ ਨਾ ਕਰੋ, ਤੁਸੀਂ ਸਵਾਲ ਕਰੋ।

Original with;
Punjab Vidhan Sabha
Digitized by;
Panjab Digital Library

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਉਥੇ 18, 18 ਘੰਟੇ ਬਿਜਲੀ ਬੰਦ ਰਹੀ ਹੈ। ਜਿਹੜੇ ਇੰਡਸਟਰੀ ਵਾਲੇ ਜਨਰੇਟਰ ਲਗਾਉਂਦੇ ਹਨ ਉਨ੍ਹਾਂ ਨੂੰ 15% ਸਬਸਿਡੀ ਦਿੱਤੀ ਹੈ। ਅਗਰ ਹੋਰ ਇੰਡਸਟਰੀਆਂ ਵਾਲੇ ਆਪਣੇ ਜਨਰੇਟਰ ਲਗਾਉਣ ਤਾਂ ਕੀ ਗੌਰਮਿੰਟ ਸਬਸਿਡੀ ਵਧਾਉਣ ਲਈ ਤਿਆਰ ਹੈ ?

ਸ੍ਰੀ ਸਪੀਕਰ : ਸਬਸਿਡੀ ਤਾਂ 15% ਵੀ ਨਹੀਂ ਮਿਲਦੀ ।

ਮੰਤਰੀ : ਸਪੀਕਰ ਸਾਹਿਬ, ਇਸ ਦੇ ਲਈ ਸੈਪਰੇਟ ਨੋਟਿਸ ਦੇ ਦੇਣ।

ਪ੍ਰੋਫੈਸਰ ਬਲਵੰਤ ਸਿੰਘ : ਸਪੀਕਰ ਸਾਹਿਬ, ਮਜ਼ਦੂਰਾਂ ਦੀ ਮਹੀਨੇ ਵਿਚ 20 ਦਿਨ ਵਾਪਸੀ ਹੋ ਜਾਂਦੀ ਹੈ। 10 ਦਿਨ ਉਹ ਕੰਮ ਕਰਦੇ ਹਨ ਬਿਜਲੀ ਦੀ ਕਮੀ ਕਰਕੇ। ਕੀ ਸਰਕਾਰ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਨੂੰ ਕੰਪਨਸੇਸ਼ਨ ਦੇਣ ਦੀ ਕੋਈ ਨੀਤੀ ਬਣਾਵੇਗੀ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਵਿਚ ਫੈਕਟਰੀਆਂ ਚਲਦੀਆਂ ਹਨ ਅਤੇ ਮਜ਼ਦੂਰ ਉਨ੍ਹਾਂ ਵਿਚ ਕੰਮ ਕਰਦੇ ਹਨ। ਵਖਰਾ ਕੰਪਨਸੇਸ਼ਨ ਮਜ਼ਦੂਰਾਂ ਨੂੰ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1518

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ ।)

---

**Gram Sewaks etc.**

***1511** 1. **Sardar Raghbir Singh**
2. **Sardar Atma Singh**
3. **Sardar Gurdev Singh Badal**

: Will the Minister for Development be pleased to state :—

(a) the number of Gram Sewaks and Gram Sewikas who passed their examination from the Training Schools at Nabha and Batala in 1979-80 togetherwith the number of those who have since been adjusted in the Development Department ;

(b) the number of Gram Sewaks and Panchayat Secretaries recruited during the years 1980-81 and 1981-82 ;

(c) the number of candidates out of those mentioned in Part (a) above who have been adjusted against the posts mentioned in part (b) above ;

(d) the districtwise number of posts of Gram Sewaks and Sewikas and Panchayat Secretaries lying vacant as on 31st January, 1982 togetherwith the steps, if any, being taken by the Government to fill up the same ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੰਤੋਖ ਸਿੰਘ ਰੰਧਾਵਾ** : (ੳ) 187 ਸਿਖਿਆਰਥੀ ਗਰਾਮ ਸੇਵਕਾਂ ਅਤੇ 80 ਸਿਖਿਆਰਥੀ ਗਰਾਮ ਸੇਵਿਕਾਵਾਂ ਨੇ ਇਮਤਿਹਾਨ ਪਾਸ ਕੀਤਾ ਸੀ, ਜਿਨ੍ਹਾਂ ਵਿਚੋਂ ਚਾਰ ਸਿਖਿਅਤ ਗਰਾਮ ਸੇਵਕਾਂ ਅਤੇ ਇਕ ਸਿਖਿਅਤ ਗਰਾਮ ਸੇਵਿਕਾ ਨੂੰ ਅੰਗਹੀਣ ਹੋਣ ਦੇ ਨਾਤੇ ਨਿਯੁਕਤ ਕੀਤਾ ਗਿਆ ਹੈ।

(ਅ) (i) ਭਾਗ 'ੳ' ਦੇ ਉੱਤਰ ਤੋਂ ਇਲਾਵਾ ਗਰਾਮ ਸੇਵਕ ਕੋਈ ਨਹੀਂ।

(ii) ਪੰਚਾਇਤ ਸਕੱਤਰ 125 ਤਦ-ਅਰਥ-ਆਧਾਰ ਤੇ।

(ੲ) ਜਿਵੇਂ ਭਾਗ 'ੳ' ਦਾ ਉੱਤਰ ਦਿੱਤਾ ਗਿਆ ਹੈ ਜੀ।

(ਸ) (i) ਜ਼ਿਲ੍ਹਾਂ-ਵਾਰ ਖਾਲੀ ਆਸਾਮੀਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ (ਅਨੁਲਗ 'ਐਮ')।

(ii) ਗਰਾਮ ਸੇਵਕਾਂ ਅਤੇ ਗਰਾਮ ਸੇਵਿਕਾਵਾਂ ਦੀਆਂ ਖਾਲੀ ਆਸਾਮੀਆਂ ਭਰਨ ਲਈ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਲਿਖਿਆ ਜਾ ਚੁੱਕਾ ਹੈ। ਪੰਚਾਇਤ ਸਕੱਤਰਾਂ ਦੀਆਂ ਆਸਾਮੀਆਂ ਨੂੰ ਨਿਯਮਤ ਤੌਰ ਤੇ ਭਰਨ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਅਨੁਲਗ "ਐਮ"

| ਜ਼ਿਲ੍ਹਾ | | ਗਰਾਮ ਸੇਵਕ | ਗਰਾਮ ਸੇਵਿਕਾਵਾਂ | ਪੰਚਾਇਤ ਸਕੱਤਰ |
|---|---|---|---|---|
| 1. ਬਠਿੰਡਾ | .. | 16 | 15 | 7 |
| 2. ਹੁਸ਼ਿਆਰਪੁਰ | .. | 22 | 9 | 15 |
| 3. ਅੰਮ੍ਰਿਤਸਰ | .. | 34 | .. | 15 |
| 4. ਪਟਿਆਲਾ | .. | 3 | 1 | 15 |
| 5. ਸੰਗਰੂਰ | .. | 11 | 10 | 9 |
| 6. ਜਲੰਧਰ | .. | 39 | 8 | 42 |
| 7. ਫਿਰੋਜ਼ਪੁਰ | .. | 44 | 13 | 19 |
| 8. ਗੁਰਦਾਸਪੁਰ | .. | 25 | .. | 5 |
| 9. ਲੁਧਿਆਣਾ | .. | 8 | 7 | 2 |
| 10. ਫਰੀਦਕੋਟ | .. | 28 | 9 | 9 |
| 11. ਕਪੂਰਥਲਾ | .. | 12 | 3 | 5 |
| 12. ਰੋਪੜ | .. | 4 | .. | 12 |

Original with;
Punjab Vidhan Sabha
Digitized by;
Panjab Digital Library

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਫਰਮਾਇਆ ਹੈ ਕਿ ਐਡਹਾਕ ਬੇਸਿਜ਼ ਤੇ 125 ਪੰਚਾਇਤ ਸੈਕਟਰੀ ਭਰਤੀ ਕੀਤੇ ਗਏ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ 125 ਪੰਚਾਇਤ ਸੈਕਟਰੀ ਭਰਤੀ ਕੀਤੇ ਗਏ ਹਨ ਕੀ ਇਨ੍ਹਾਂ ਨੇ ਕੋਈ ਟਰੇਨਿੰਗ ਹਾਸਲ ਕੀਤੀ ਹੋਈ ਹੈ ?

**ਮੰਤਰੀ :** ਸਪੀਕਰ ਸਾਹਿਬ, ਪੰਚਾਇਤ ਸੈਕਟਰੀਆਂ ਦੀ ਰਿਕਰੂਟਮੈਂਟ ਵਾਸਤੇ ਰੂਲਜ਼ ਬਣੇ ਹੋਏ ਹਨ । ਉਸਦੇ ਮੁਤਾਬਿਕ ਇਕ ਕਮੇਟੀ ਬਣਦੀ ਹੈ ਅਤੇ ਉਹ ਕਮੇਟੀ ਪੰਚਾਇਤ ਸੈਕਟਰੀ ਚੁਣਦੀ ਹੈ। ਪੰਚਾਇਤ ਸੈਕਟਰੀ ਸੰਨ 1963 ਤੱਕ ਪੰਚਾਇਤਾਂ ਦੇ ਮੁਲਾਜ਼ਮ ਰਹੇ । 1963 ਤੋਂ ਬਾਅਦ ਉਹ ਸਮਿਤੀਆਂ ਦੇ ਮੁਲਾਜ਼ਮ ਬਣਾ ਦਿਤੇ ਗਏ ਹਨ । 1974 ਵਿਚ ਪੰਚਾਇਤ ਸੈਕਟਰੀਆਂ ਨੇ ਕੁਝ ਆਪਣੀਆਂ ਡਿਮਾਂਡਜ਼ ਰਖੀਆਂ ਸਨ । ਉਸ ਵੇਲੇ ਉਨ੍ਹਾਂ ਨੂੰ ਸਿਕਿਉਰਟੀ ਆਫ ਸਰਵਿਸ ਦੇਣ ਲਈ ਔਰ ਜਿਤਨੀਆਂ ਹੋਰ ਬਾਕੀ ਗੌਰਮਿੰਟ ਸਰਵੈਂਟਸ ਨੂੰ ਸਹੂਲਤਾਂ ਮਿਲਦੀਆਂ ਹਨ ਬਗੈਰ ਪੈਨਸ਼ਨ ਤੋਂ, ਉਹ ਦੇਣ ਵਾਸਤੇ ਪ੍ਰਵਾਨਗੀ ਦੇ ਦਿਤੀ ਗਈ ਅਤੇ ਇਕ ਵਿਭਾਗੀ ਕਮੇਟੀ ਬਣਾ ਕੇ ਉਨ੍ਹਾਂ ਨੂੰ ਰਖਣ ਦਾ ਵੀ ਫੈਸਲਾ ਕਰ ਦਿਤਾ ਗਿਆ । ਸਪੀਕਰ ਸਾਹਿਬ ਇਹ ਜੋ ਰੂਲਜ਼ ਬਣੇ ਹਨ ਪੰਚਾਇਤ ਸੈਕਟਰੀਆਂ ਨੂੰ ਰੱਖਣ ਦੇ ਇਨ੍ਹਾਂ ਦੇ ਵਿਚ ਮੈਥਡ ਆਫ ਰਿਕਰੂਟਮੈਂਟ ਵੀ ਦਿਤਾ ਗਿਆ ਹੈ । ਜਿਥੋਂ ਤੱਕ ਇਨ੍ਹਾਂ ਨੂੰ ਐਡਹਾਕ ਬੇਸਿਜ਼ ਤੇ ਰੱਖਣ ਦਾ ਸਵਾਲ ਹੈ, ਡੀ. ਡੀ.ਪੀ.ਓ. ਦੀ ਰਿਕਮੈਂਡੇਸ਼ਨ ਉਤੇ ਡਾਇਰੈਕਟਰ ਰੱਖ ਸਕਦਾ ਹੈ। ਲੇਕਿਨ ਜਦੋਂ ਇਨ੍ਹਾਂ ਨੂੰ ਪੱਕੇ ਤੌਰ ਤੇ ਰੱਖਣਾ ਹੋਵੇ ਤਾਂ ਡਿਪਾਰਟਮੈਂਟ ਦੀ ਇਕ ਕਮੇਟੀ ਬਣਾਈ ਜਾਂਦੀ ਹੈ। ਮੈਂ ਅੱਗੇ ਵੀ ਦਸਿਆ ਹੈ ਕਿ ਉਹ ਐਡਹਾਕ ਬੇਸਿਜ਼ ਤੇ ਰਖੇ ਹਨ ।

**ਸ੍ਰੀ ਸਪੀਕਰ :** ਸਵਾਲ ਤਾਂ ਉਨ੍ਹਾਂ ਦੀ ਐਜੂਕੇਸ਼ਨ ਦੇ ਮੁਤੱਲਕ ਹੈ। ਉਸ ਬਾਰੇ ਦਸ ਦਿਓ।

**ਸਰਦਾਰ ਆਤਮਾ ਸਿੰਘ :** ਸਪੀਕਰ ਸਾਹਿਬ ਜਿਸ ਵੇਲੇ ਇਨ੍ਹਾਂ ਨੇ 125 ਪੰਚਾਇਤ ਸੈਕਟਰੀ ਐਡਹਾਕ ਬੇਸਿਜ਼ ਤੇ ਭਰਤੀ ਕੀਤੇ ਉਸ ਵੇਲੇ ਇਨ੍ਹਾਂ ਕੋਲ ਟਰੇਂਡ 229 ਗਰਾਮ ਸੇਵਕ ਮੌਜੂਦ ਸਨ ਜਿਨ੍ਹਾਂ ਨੂੰ ਸਰਕਾਰੀ ਖਰਚ ਤੇ ਨਾਭੇ ਅਤੇ ਪਟਿਆਲੇ ਟਰੇਨਿੰਗ ਦਿਵਾਈ ਗਈ ਸੀ। ਐਡਹਾਕ ਬੇਸਿਜ਼ ਤੇ ਅਨਟਰੇਂਡ ਬੰਦਿਆਂ ਨੂੰ ਰਖਣ ਅਤੇ ਟਰੇਂਡ ਗਰਾਮ ਸੇਵਕਾਂ ਨੂੰ ਇਗਨੋਰ ਕਰਨ ਦੇ ਕੀ ਕਾਰਨ ਹਨ ?

**ਮੰਤਰੀ :** ਸਪੀਕਰ ਸਾਹਿਬ, ਇਹ ਵੱਖੋ ਵੱਖ ਸਵਾਲ ਹੈ। ਲੇਕਿਨ ਮਾਨਯੋਗ ਮੈਂਬਰ ਸਰਦਾਰ ਆਤਮਾ ਸਿੰਘ ਨੇ ਇਨ੍ਹਾਂ ਨੂੰ ਇਕੱਠਾ ਕਰ ਲਿਆ ਹੈ। ਮੈਂ ਇਸ ਦਾ ਅਲਹਿਦਾ ਅਲਹਿਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗਾ । ਜਦੋਂ ਮਾਨਯੋਗ ਮੈਂਬਰ ਸਾਹਿਬ ਆਪ ਮਨਿਸਟਰ ਸਨ ਇਨ੍ਹਾਂ ਨੇ 3 ਸਤੰਬਰ, 1977 ਨੂੰ ਉਸ ਵੇਲੇ ਦੇ ਸੀ.ਐਮ. ਸਾਹਿਬ ਨੂੰ ਇੱਕ ਰਿਕਮੈਂਡੇਸ਼ਨ ਕੀਤੀ ਅਤੇ ਉਦੋਂ ਦੇ ਸੀ. ਐਮ. ਸਾਹਿਬ ਨੇ ਕਿਹਾ ਕਿ ਚੂੰਕਿ ਐਸ.ਐਸ.ਐਸ. ਬੋਰਡ ਕਾਇਮ ਹੈ, ਇਸ ਲਈ ਗਰਾਮ ਸੇਵਕ ਬੋਰਡ ਦੇ ਥਰੂ ਰੱਖਣੇ ਚਾਹੀਦੇ ਹਨ। ਲੇਕਿਨ ਫਿਰ ਦੁਬਾਰਾ 28 ਸਤੰਬਰ, 1977 ਨੂੰ ਇਹ ਡੀਮਾਂਡ ਲੈ ਕੇ ਗਏ ਜਿਸ ਤੇ ਉਸ ਵੇਲੇ ਦੇ ਸੀ.ਐਮ. ਸਾਹਿਬ ਨੇ ਕਿਹਾ ਕਿ ਇਨ੍ਹਾਂ ਨੂੰ ਟਰੇਨਿੰਗ ਬੇਸ਼ਕ ਦਿਵਾ ਦਿਓ, ਲੇਕਿਨ ਇਨ੍ਹਾਂ ਦੀ ਸਿਲੈਕਸ਼ਨ ਐਸ. ਐਸ. ਐਸ. ਬੋਰਡ ਹੀ ਕਰੇਗਾ । ਟਰੇਨਿੰਗ ਤਾਂ ਉਨ੍ਹਾਂ ਨੂੰ ਇਕ ਸਾਲ ਦੀ ਦਿਵਾ ਦਿੱਤੀ ਅਤੇ ਉਸ ਤੋਂ ਬਾਅਦ ਇਨ੍ਹਾਂ ਦੀ ਸਰਕਾਰ ਟੁੱਟ ਗਈ ਅਤੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਆ ਗਈ । ਅਸੀਂ ਇਕ ਕਮੇਟੀ ਬਣਾਈ। ਉਦੋਂ ਐਸ ਐਸ. ਐਸ. ਬੋਰਡ ਨਹੀਂ ਸੀ ਬਣਿਆ । ਅਪ੍ਰੈਲ 1981 ਵਿੱਚ ਦੁਬਾਰਾ ਐਸ. ਐਸ. ਐਸ. ਬੋਰਡ ਹੋਂਦ ਵਿਚ ਆ ਗਿਆ। ਜਿਹੜੇ ਗਰਾਮ ਸੇਵਕ ਟਰੇਨਿੰਗ ਲੈ ਚੁਕੇ ਸਨ ਅਤੇ ਜਿਹੜੀਆਂ 750 ਦੇ ਕਰੀਬ ਐਪਲੀਕੇਸ਼ਨਾਂ ਪਹਿਲਾਂ ਬੋਰਡ ਕੋਲ ਪਈਆਂ ਸਨ ਉਹ ਭੇਜ ਦਿੱਤੀਆਂ ਅਤੇ ਰਿਕੂਐਸਟ ਕੀਤੀ ਕਿ ਇਹ ਸਿਲੈਕਸ਼ਨ ਤੁਸੀਂ ਕਰੋ। ਬੋਰਡ ਨੇ ਪ੍ਰੈਸ ਵਿੱਚ

Original with;
Punjab Vidhan Sabha
Digitized by;
Panjab Digital Library

[ਵਿਕਾਸ ਮੰਤਰੀ]

ਐਡਵਰਟਿਜ਼ਮੈਂਟ ਦਿੱਤੀ ਹੋਈ ਹੈ ਅਤੇ ਸਿਲੈਕਸ਼ਨ ਹੋ ਰਹੀ ਹੈ। ਰਹਿ ਗਈ ਪੰਚਾਇਤ ਸੈਕਟਰੀਆਂ ਦੀ ਗੱਲ ਉਸ ਦੇ ਮੁਤੱਲਕ ਮੈਂ ਪਹਿਲਾਂ ਦੱਸ ਦਿਤਾ ਹੈ। ਜੋ ਇਨ੍ਹਾਂ ਦੇ ਰੂਲਜ਼ ਹਨ ਉਨ੍ਹਾਂ ਦੇ ਮੁਤਾਬਿਕ ਇਹ ਐਸ.ਐਸ.ਐਸ. ਬੋਰਡ ਦੇ ਪਰਵਿਊ ਵਿਚ ਨਹੀਂ ਆਉਂਦੀ। ਅਗਰ ਉਸ ਵੇਲੇ ਗਰਾਮ ਸੇਵਕਾਂ ਨੂੰ ਵੀ ਉਸਦੇ ਪਰਵਿਊ ਵਿਚੋਂ ਕਢ ਲੈਂਦੇ ਤਾਂ ਸੌਖ ਹੁੰਦੀ। ਸਾਨੂੰ ਉਨ੍ਹਾਂ ਨਾਲ ਹਮਦਰਦੀ ਹੈ। ਤੁਸੀਂ ਉਨ੍ਹਾਂ ਨੂੰ ਟਰੇਨਿੰਗ ਦੇ ਕੇ ਲਾਵਾਰਸ ਕਰ ਗਏ। ਇਨ੍ਹਾਂ ਦੇ ਮੁਤੱਲਕ ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਦੇ ਰੂਲਜ਼ ਬਣੇ ਹਨ। ਉਸ ਦੇ ਵਿੱਚ ਮੈਥਡ ਆਫ ਰਿਕਰੂਟਮੈਂਟ ਦਿਤਾ ਗਿਆ ਹੈ।

**ਸ੍ਰੀ ਸਪੀਕਰ** : ਇਨ੍ਹਾਂ ਦਾ ਸਵਾਲ ਸੀ ਕਿ ਜਦੋਂ ਟਰੇਂਡ ਬੰਦੇ ਅਵੇਲੇਬਲ ਸਨ ਤਾਂ ਅਨ-ਟਰੇਂਡ ਬੰਦੇ ਕਿਉਂ ਰੱਖੇ ਗਏ। ਜਿਹੜੇ ਬੰਦੇ ਹੁਣ ਰੱਖੇ ਹਨ ਇਨ੍ਹਾਂ ਦੀ ਕੁਆਲੀਫਿਕੇਸ਼ਨ ਕੀ ਹੈ ?

**ਮੰਤਰੀ** : ਮੈਂ ਤਾਂ ਜੀ ਇਹ ਹੀ ਬੇਨਤੀ ਕਰ ਰਿਹਾ ਹਾਂ ਕਿ ਉਸ ਵੇਲੇ ਬੋਰਡ ਦੇ ਮੁਤਾਬਿਕ ਹੀ ਉਹ ਰਖਣੇ ਸਨ। ਟਰੇਨਿੰਗ ਹੋ ਗਈ ਸੀ ਪਰ ਬੋਰਡ ਦੇ ਪਰਵਿਊ ਵਿਚੋਂ ਉਹ ਨਹੀਂ ਸਨ ਕੱਢੇ ਗਏ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਆਪਣੀ ਕਮਜ਼ੋਰੀ ਛੁਪਾਉਣ ਲਈ ਲੰਬੀ ਲਹਿਰ ਵਲ ਲਈ ਹੈ। ਮੈਂ ਤਾਂ ਸਪੈਸੇਫਿਕ ਸਵਾਲ ਪੁਛਿਆ ਹੈ ਕਿ ਜਦੋਂ ਮਈ, 1980 ਵਿਚ ਜਦੋਂ ਤੁਹਾਡੀ ਸਰਕਾਰ ਆਈ ਤਾਂ 267 ਟ੍ਰੇਂਡ ਗਰਾਮ ਸੇਵਕ/ਗਰਾਮ ਸੇਵਕਾਵਾਂ ਮੌਜੂਦ ਸਨ ਔਰ ਵੇਕੈਂਸੀਆਂ ਵੀ ਸਨ ਤਾਂ ਕੀ ਵਜਾਹ ਹੈ ਕਿ ਤੁਸੀਂ ਅਨਟਰੇਂਡ ਬੰਦਿਆਂ ਨੂੰ ਭਰਤੀ ਕਰ ਲਿਆ ? ਜੇਕਰ ਅਕਾਲੀ ਸਰਕਾਰ ਨੇ ਬੰਦੇ ਟਰੇਂਡ ਕੀਤੇ, ਉਨ੍ਹਾਂ ਨੂੰ ਟਰੇਨਿੰਗ ਦਿਵਾਈ ਤਾਂ ਫਿਰ ਤੁਸੀਂ ਉਨ੍ਹਾਂ ਦੇ ਵਾਰਸ ਬਣਦੇ ਔਰ ਉਨ੍ਹਾਂ ਟਰੇਂਡ ਬੰਦਿਆਂ ਨੂੰ ਐਬਜ਼ਾਰਬ ਕਰਦੇ ਪਰ ਤੁਸੀਂ ਉਨ੍ਹਾਂ ਨੂੰ ਕਿਉਂ ਇਗਨੋਰ ਕੀਤਾ ਹੈ ?

**ਮੰਤਰੀ** : ਮੈਂ ਫਿਰ ਮਾਨਯੋਗ ਮੈਂਬਰ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿਰਫ ਚਾਰ ਗਰਾਮ ਸੇਵਕ ਅਸੀਂ ਦੂਜੇ ਰੱਖੇ ਹਨ ਔਰ ਉਹ ਵੀ ਰੱਖੇ ਹਨ ਜੋ ਅੰਗ-ਹੀਣ ਸਨ, ਡਿਸਏਬਲਡ ਸਨ ਔਰ ਇਕ ਗਰਾਮ ਸੇਵਕਾ ਰੱਖੀ ਹੈ। ਉਸ ਵੇਲੇ ਦੀ ਸਰਕਾਰ ਨੇ ਸਪੀਕਰ ਸਾਹਿਬ, ਇਹ ਫੈਸਲਾ ਕੀਤਾ ਸੀ ਕਿ ਐਸ.ਐਸ.ਐਸ. ਬੋਰਡ ਰਾਹੀਂ ਹੀ ਉਨ੍ਹਾਂ ਦੀ ਭਰਤੀ ਹੋਵੇਗੀ ਔਰ ਹੁਣ ਦੀ ਸਰਕਾਰ ਨੇ ਵੀ ਇਹ ਹੀ ਫੈਸਲਾ ਕੀਤਾ ਕਿ ਕਿਉਂਕਿ ਐਸ,ਐਸ,ਐਸ. ਬੋਰਡ ਨਹੀਂ ਸੀ ਬਣਿਆ ਹੋਇਆ ਇਸ ਲਈ ਇਕ ਡਿਪਾਰਟਮੈਂਟਲ ਕਮੇਟੀ ਬਣਾ ਲਈ ਜਾਵੇ......

**ਸ੍ਰੀ ਸਪੀਕਰ** : ਸਰਦਾਰ ਆਤਮਾ ਸਿੰਘ ਜੀ ਤਾਂ ਪੰਚਾਇਤ ਸੈਕਟਰੀਜ਼ ਦੇ ਬਾਰੇ ਗੱਲ ਕਰ ਰਹੇ ਹਨ, ਉਨ੍ਹਾਂ ਬਾਰੇ ਤੁਸੀਂ ਦੱਸੋ।

**ਮੰਤਰੀ** : ਉਨ੍ਹਾਂ ਬਾਰੇ ਵੀ ਮੈਂ ਦੱਸ ਦਿੰਦਾ ਹਾਂ। ਉਨ੍ਹਾਂ ਦੇ ਬਾਰੇ ਅਲਿਹਦਾ ਰੂਲਜ਼ ਬਣੇ ਹੋਏ ਹਨ, ਉਹ ਬੋਰਡ ਦੇ ਪਰਵਿਊ ਵਿਚ ਨਹੀਂ ਆਉਂਦੇ। ਰੂਲਜ਼ ਵਿਚ ਸੈਕਸ਼ਨ 9 ਹੈ। ਉਹ ਇਸ ਤਰ੍ਹਾਂ ਹੈ :--

*Method of recruitment.*—(1) Recruitment to the service at the time of its initial constitution shall be made by the appointing authority by absorption of persons already in service as Secretary of a Gram Panchayat or group of Gram Panchayats, provided they are found fit by an authority appointed by the Government in this behalf for becoming a member of the Service after taking into consideration their qualifications and service record.

(2) After filling in the vacancies under sub-rule (1), the remaining vacancies and the vacancies which may occur thereafter shall be filled in by direct recruitment ;

Original with;
Punjab Vidhan Sabha
Digitized by;
Panjab Digital Library

Provided that twenty-five per cent of the posts shall be reserved for the persons belonging to the Scheduled Castes and five per cent for the persons belonging to the Backward Classes..

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਹ ਤਾਂ ਕੁਰਸਤੇ ਪੈ ਗਏ ਹਨ ਜੀ ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਇਹ ਏਸ ਫੈਕਟਰ ਕਰ ਕੇ ਹੈ ਜੀ । (ਹਾਸਾ)

(ਇਸ ਸਮੇਂ ਮਾਨਯੋਗ ਮੈਂਬਰ ਵੈਦ ਕਰਤਾਰ ਸਿੰਘ ਜੀ ਖੜੇ ਹੋਏ । )

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵੈਦ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮੈਨੂੰ ਸਾਬਕਾ ਵਿਕਾਸ ਮੰਤਰੀ ਸਰਦਾਰ ਆਤਮਾ ਸਿੰਘ ਜੀ ਦੇ ਸਵਾਲ ਦਾ ਜਵਾਬ ਦੇ ਲੈਣ ਦਿਓ।

**ਸ੍ਰੀ ਸਪੀਕਰ** : ਵਜ਼ੀਰ ਸਾਹਿਬ, ਜਵਾਬ ਛੇਤੀ ਦਿਓ ।

**ਮੰਤਰੀ** : ਸਪੀਕਰ ਸਾਹਿਬ, ਸੈਕਸ਼ਨ 9 ਦੇ ਸਬ-ਸੈਕਸ਼ਨ 3 ਵਿਚ ਕਲੀਅਰ ਕਰ ਦਿਤਾ ਹੈ ।

Sub-section (3) of section 9 reads as under :—

"(3) The recruitment under sub-rule (2) shall be made by the appointing authortty on the recommendation of the Selection Committee constitured under sub-rule (4).

(4) The Government may, from time to time, by notification, constitute a Selection Committee consistsng of not less than three and more than five officers of the Department :"

ਇਸ ਲਈ ਗੌਰਮਿੰਟ ਜਦੋਂ ਮਰਜ਼ੀ ਸੀ, ਰੱਖ ਸਕਦੀ ਸੀ ।

**ਸਰਦਾਰ ਆਤਮਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਰੂਲਾਂ ਦੇ ਚੱਕਰ ਵਿਚ ਪੈ ਕੇ ਗੁੰਮ ਹੋ ਗਏ ਹਨ ਔਰ ਮੈਂ ਇਨ੍ਹਾਂ ਨੂੰ ਉਨ੍ਹਾਂ ਵਿਚੋਂ ਕੱਢਣਾ ਚਾਹੁੰਦਾ ਹਾਂ । ਇਨ੍ਹਾਂ ਨੂੰ ਮੰਨਦਾ ਹਾਂ ਕਿ ਕੋਈ ਰੁਕਾਵਟ ਨਹੀਂ ਹੈ ਐਡਹਾਕ ਬੇਸਿਜ਼ ਤੇ ਪੰਚਾਇਤ ਸੈਕਟਰੀ ਰੱਖਣ ਲਈ । ਪੰਚਾਇਤ ਸੈਕਟਰੀ ਮੈਟਰਿਕੂਲੇਟ ਹੋਵੇ । ਪਰ ਮੈਂ ਤਾਂ ਇਹ ਪੁੱਛਦਾ ਹਾਂ ਕਿ ਟ੍ਰੇਨਿੰਗ ਪ੍ਰਾਪਤ ਕੀਤੇ ਹੋਏ ਗਰਾਮ ਸੇਵਕ ਜਦੋਂ ਮੌਜੂਦ ਸਨ ਤਾਂ ਫਿਰ ਉਨ੍ਹਾਂ ਨੂੰ ਕਿਉਂ ਨਹੀਂ ਰੱਖਿਆ ਗਿਆ ?

**ਮੰਤਰੀ** : ਗਰਾਮ ਸੇਵਕ ਅਸੀਂ ਬਿਲਕੁਲ ਨਹੀਂ ਰੱਖੇ, ਪੰਚਾਇਤ ਸੈਕਟਰੀ ਰੱਖੇ ਹਨ ਔਰ ਉਹ ਵੀ ਐਡਹਾਕ ਬੇਸਿਜ਼ ਤੇ ਰੱਖੇ ਹਨ।

**ਸਰਦਾਰ ਆਤਮਾ ਸਿੰਘ** : ਜਦੋਂ 267 ਗਰਾਮ ਸੇਵਕ ਤੁਹਾਡੇ ਕੋਲ ਟਰੇਂਡ ਮੌਜੂਦ ਸਨ ਤਾਂ ਤੁਸੀਂ 125 ਪੰਚਾਇਤ ਸੈਕਟਰੀ ਅਨਟਰੇਂਡ ਰੱਖੇ ਹਨ। ਮੈਂ ਇਹ ਪੁੱਛਦਾ ਹਾਂ ਕਿ ਕਿਹੜੀ ਬਿਜਲੀ ਗੜ੍ਹਕ ਗਈ ਸੀ ਕਿ ਤੁਸੀਂ ਟ੍ਰੇਂਡ ਆਦਮੀਆਂ ਨੂੰ ਨਹੀਂ ਰੱਖਿਆ। ਕੀ ਤੁਸੀਂ ਇਨ੍ਹਾਂ ਨੂੰ ਨਹੀਂ ਸੀ ਰੱਖ ਸਕਦੇ ?

(ਇਸ ਸਮੇਂ ਮਾਸਟਰ ਬਾਬੂ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ। )

**ਮੰਤਰੀ** : ਮੈਨੂੰ ਜਵਾਬ ਦੇਣ ਦਿਓ ਜੀ ............

Original with;
Punjab Vidhan Sabha
Digitized by;
Panjab Digital Library

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਜਿਹੜਾ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਗਰਾਮ ਸੇਵਕਾ ਰੱਖਣ ਲਈ ਬੋਰਡ ਨੇ ਐਡਵਰਟਾਈਜ਼ਮੈਂਟ ਪੇਪਰਾਂ ਵਿਚ ਦਿਤੀ ਹੈ । ਮੈਂ ਵਜ਼ੀਰ ਸਾਹਿਬ ਤੋਂ ਉਸ ਦੇ ਬਾਰੇ ਵਿਚ ਅਸ਼ੋਰੈਂਸ ਲੈਣੀ ਚਾਹੁੰਦਾ ਹਾਂ ਕਿ ਕੀ ਐਸ. ਐਸ. ਐਸ. ਬੋਰਡ ਜਿਹੜੇ ਬੰਦੇ ਟ੍ਰੇਂਡ ਹਨ, ਜਿਨ੍ਹਾਂ ਨੇ ਟ੍ਰੇਨਿੰਗ ਲਈ ਹੋਈ ਹੈ ਉਨ੍ਹਾਂ ਵਿੱਚੋਂ ਰੱਖਣਗੇ ਜਾਂ ਕਿ ਨਵੇਂ ਬੰਦੇ ਭਰਤੀ ਕਰ ਕੇ ਬਾਅਦ ਵਿਚ ਉਨ੍ਹਾਂ ਨੂੰ ਟ੍ਰੇਨਿੰਗ ਦਿਵਾਉਣ ਗੇ ? ਕੀ ਇਹ ਐਸ਼ੋਅਰ ਕਰਨਗੇ ਕਿ ਜਿਨ੍ਹਾਂ ਨੇ ਪਹਿਲਾਂ ਟ੍ਰੇਨਿੰਗ ਲਈ ਹੋਈ ਹੈ ਉਨ੍ਹਾਂ ਵਿਚੋਂ ਬੰਦੇ ਭਰਤੀ ਕੀਤੇ ਜਾਣਗੇ ?

**ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਮਾਨਯੋਗ ਮੈਂਬਰ ਸਰਦਾਰ ਆਤਮਾ ਸਿੰਘ ਜੀ ਦੇ ਸਵਾਲ ਦੇ ਜਵਾਬ ਦਾ ਸਬੰਧ ਹੈ ਉਸ ਵੇਲੇ ਦੇ ਸੀ. ਐਮ. ਸਾਹਿਬ ਨੇ ਸਪੱਸ਼ਟ ਲਿਖਿਆ ਹੈ ਕਿ :--

"This is going to be a training class of unaccepted candidates. The proposal is not approved. Regular appointments will be through the S.S.S.B."

ਜਿੱਥੋਂ ਤੱਕ ਤੁਹਾਡੇ ਬਾਬੂ ਸਿੰਘ ਜੀ ਦੇ ਸਵਾਲ ਦੀ ਗੱਲ ਹੈ ਉਸ ਬਾਰੇ ਮੇਰਾ ਇਹ ਜਵਾਬ ਹੈ ਕਿ ਦੋਹਾਂ ਤਰ੍ਹਾਂ ਦੇ ਕੈਂਡੀਡੇਟਾਂ ਵਿਚੋਂ ਸਿਲੈਕਸ਼ਨ ਹੋਵੇਗੀ । ਟਰੇਂਡ ਦੀ ਵੀ ਹੋਵੇਗੀ ਔਰ ਅਨ-ਟਰੇਂਡ ਦੀ ਵੀ ਹੋਵੇਗੀ ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਜੇਕਰ ਇਸ ਤਰ੍ਹਾਂ ਅਨ ਟਰੇਂਡ ਬੰਦਿਆਂ ਨੂੰ ਭਰਤੀ ਕਰ ਕੇ ਟਰੇਨਿੰਗ ਦਿਵਾਉਣੀ ਹੈ ਔਰ ਟਰੇਂਡ ਬੰਦਿਆਂ ਨੂੰ ਛੱਡ ਦੇਣਾ ਹੈ ਤਾਂ ਫਿਰ ਸਰਕਾਰੀ ਖਜ਼ਾਨਾ ਜ਼ਾਇਆ ਕਰਨਾ ਠੀਕ ਨਹੀਂ ਹੈ ।

-----

## Brick Lining of Khota Minor

***1497** 1. **Comrade Sarwan Singh Dharamkot**
2. **Comrade Buta Singh** : Will the Minister for Agriculture and Irrigation be pleased to state—

(a) whether the Government approved any scheme to brickline the Kassi of Khota Minor (Faridkot) during the regime of previous Congress Ministry headed by Giani Zail Singh ;

(b) if the reply to part (a) above be in the affirmative, the details of the work which has since been done on the said minor ?

**ਚੌਧਰੀ ਕਾਂਸ਼ੀ ਰਾਮ** : (ੳ) ਨਹੀਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

**ਕਾਮਰੇਡ ਬੂਟਾ ਸਿੰਘ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੰਦੇ ਹੋਏ ਕਿਹਾ ਹੈ, 'ਨਹੀਂ ਜੀ, "ਔਰ' ਸਵਾਲ ਹੀ ਪੈਦਾ ਨਹੀਂ ਹੁੰਦਾ ।' ਇੰਜ ਜਾਪਦਾ ਹੈ ਕਿ ਵਜ਼ੀਰ ਸਾਹਿਬ ਨੇ ਪੁਰਾਣੀਆਂ ਫਾਈਲਾਂ ਵੇਖਿਆਂ ਬਗੈਰ ਹੀ ਜਵਾਬ ਦੇ ਦਿੱਤਾ । ਸਪੀਕਰ ਸਾਹਿਬ, ਇਹ ਸਕੀਮ ਮਨਜ਼ੂਰ ਹੋਈ ਸੀ ਔਰ ਉਸ ਦੇ ਵਾਸਤੇ ਪੰਜ ਲੱਖ ਰੁਪਿਆ ਮਨਜ਼ੂਰ ਕੀਤਾ ਗਿਆ ਸੀ ਪਰ ਕਿਉਂਕਿ ਕੰਮ ਨਹੀਂ ਸੀ ਸ਼ੁਰੂ ਹੋਇਆ ਇਸ ਲਈ ਉਹ ਰਕਮ ਲੈਪਸ ਹੋ ਗਈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਵਜ਼ੀਰ ਸਾਹਿਬ ਇਹ ਕੰਮ ਕਦੋਂ ਤੱਕ ਚਾਲੂ ਕਰਵਾ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਮੈਂ ਪਹਿਲੇ ਪਾਰਟ ਦਾ ਜਵਾਬ 'ਨਹੀਂ ਜੀ' ਵਿਚ ਦਿਤਾ ਹੈ ਇਹ ਠੀਕ ਹੈ। ਮੈਂਬਰ ਸਾਹਿਬ ਤੌਖਲਾ ਜਿਹਾ ਜ਼ਾਹਿਰ ਕਰੀ ਜਾਂਦੇ ਹਨ। ਇਕ ਇਨੀਸ਼ੀਏਟਿਵ ਸੀ ਕਿ ਇਹ ਮਾਈਨਰ ਪੱਕਾ ਕਰ ਦਿਤਾ ਜਾਵੇ। ਔਰ ਉਹ ਵੀ ਮਾਰਕਿਟ ਕਮੇਟੀ ਦੇ ਪੈਸੇ ਵਿਚੋਂ ਕਰਨਾ ਸੀ ਔਰ ਉਹ ਗੱਲ ਉਥੇ ਦੀ ਉਥੇ ਹੀ ਰਹਿ ਗਈ। ਬਾਕੀ ਸਾਹਿਬ ਰਹੀ ਗੱਲ ਇਹ ਕਿ ਇਹ ਕੰਮ ਸੰਨ 1978-79 ਦੇ ਫਸਟ ਫੇਜ਼ ਕੈਨਾਲ ਲਾਈਨਿੰਗ ਦੇ ਕੰਮ ਵਿਚ ਸ਼ਾਮਲ ਹੈ ਔਰ ਸੰਨ 1983-84 ਤੱਕ ਇਹ ਕੰਮ ਪੂਰਾ ਹੋ ਜਾਵੇਗਾ।

**ਕਾਮਰੇਡ ਸੱਘੜ ਸਿੰਘ :** ਸਪੀਕਰ ਸਾਹਿਬ, ਅਸਲ ਵਿਚ ਇਹ ਸਵਾਲ ਹੀ ਮੇਰਾ ਸੀ ਜੀ, ਪਰ ਕਿਧਰੇ ਸਰਵਣ ਸਿੰਘ ਲਿਖਿਆ ਗਿਆ ਹੈ। ਮੈਂ ਸਪਲੀਮੈਂਟਰੀ ਕਰਨਾ ਚਾਹੁੰਦਾ ਹਾਂ ਜੀ।

ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਮ ਗਿਆਨੀ ਜੀ ਦੀ ਸਰਕਾਰ ਵੇਲੇ ਸ਼ੁਰੂ ਨਹੀਂ ਸੀ ਹੋਇਆ ? ਮੇਰੀ ਰਿਕੁਐਸਟ ਉਤੇ ਹੀ ਉਸ ਵੇਲੇ ਪੰਜ ਲੱਖ ਰੁਪਿਆ ਮਨਜ਼ੂਰ ਹੋਇਆ ਸੀ। ਪਰ ਪਤਾ ਨਹੀਂ ਹੈ ਕਿ ਬਾਅਦ ਵਿਚ ਕੀ ਹੋ ਗਿਆ। ਸਰਕਾਰ ਨੇ ਸਰਵੇ ਵੀ ਕਰਵਾ ਲਿਆ ਸੀ ਔਰ ਪੰਜ ਲੱਖ ਰੁਪਿਆ ਵੀ ਮਨਜ਼ੂਰ ਕਰ ਦਿੱਤਾ ਸੀ। ਸਪੀਕਰ ਸਾਹਿਬ, ਇਸ ਨਾਲ ਅੱਠ ਪਿੰਡ ਕਵਰ ਹੁੰਦੇ ਹਨ ਇਸ ਲਈ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਕਦੋਂ ਤੱਕ ਇਸ ਕੰਮ ਨੂੰ ਸਿਰੇ ਚਾੜ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਕਹਿ ਦਿਤਾ ਹੈ ਕਿ ਇਹ ਫਸਟ ਫੇਜ਼ ਵਿਚ ਇਨਕਲੂਡਿਡ ਹੈ ਔਰ ਸੰਨ 1983-84 ਤੱਕ ਪੂਰਾ ਹੋ ਜਾਵੇਗਾ।

---

## Canalization of Sirhind Choe, Patiala Ki Rao, and Turkheri Drain in districts Patiala and Ropar

***1315. Sardar Dalip Singh Pandhi :** Will the Minister for Agriculture and Irrigation be pleased to state whether there is any scheme under the consideration of the Government to canalize Sirhind Choe, Patiala Ki Rao and Turkheri Drain in Patiala/Ropar Districts ; if so, the details thereof and the time by which it is likely to be implemented ?

**Chaudhri Kanshi Ram :** *Sirhind Choe.*—Yes, Sir. Project Estimate amounting to Rs. 99.67 lakhs for canalising Sirhind Choe in a further length of about 20 miles from RD 4,19,130 to 5,18,952 stands sanctioned. Its execution depends upon availability of funds.

*Patiala Ki Rao.*—No. Sir. However, Patiala Ki Rao Choe watershed is included in the Kandi Watershed and Area Development Project being implemented with World Bank assistance, wherein it is proposed to construct small Dams to check floods. The total estimated cost of these works is Rs. 103 lakhs.

*Turkheri Drain.*—No, Sir.

**ਸਰਦਾਰ ਦਲੀਪ ਸਿੰਘ ਪਾਂਧੀ :** ਸਪੀਕਰ ਸਾਹਿਬ, ਇਨ੍ਹਾਂ ਨੇ ਸਰਹੰਦ ਚੋਅ ਬਾਰੇ ਕਿਹਾ ਹੈ ਕਿ ਸੈਂਕਸ਼ਨ ਹੋ ਚੁੱਕੀ ਹੈ ਪਰ ਪੈਸੇ ਦੀ ਕਮੀ ਹੋਣ ਕਾਰਨ ਕੋਈ ਸਮਾਂ ਨਹੀਂ ਦਸਿਆ ਜਾ ਸਕਦਾ। ਮੈਂ ਤਾਂ ਇਹ ਪੁਛਿਆ ਸੀ ਕਿ ਇਹ ਕਦੋਂ ਤਕ ਐਕਸਕੇਵੇਸ਼ਨ ਦਾ ਕੰਮ ਮੁਕੰਮਲ ਕਰ ਦੇਣਗੇ। ਇਸ ਨਾਲ ਲੋਕਾਂ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਲਈ ਪੈਸੇ ਦੀ ਕਮੀ ਕਰ ਕੇ ਇਹ ਕੰਮ ਨਹੀਂ ਰੋਕਣਾ ਚਾਹੀਦਾ ਹੁਣ ਤਾਂ ਇਨ੍ਹਾਂ ਦੀ ਜੁਆਇੰਟ ਰਿਸਪਾਂਸੇਬਿਲਟੀ ਹੈ। ਇੱਕ ਪਾਰਟੀ ਦਾ ਰਾਜ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦੂਜਾ ਪਟਿਆਲਾ ਕੀ ਰਾਓ ਦਾ ਵੀ ਸਰਵੇ ਹੋ ਚੁਕਾ ਹੈ ਉਸ ਦਾ ਕੰਮ ਵੀ ਵਿਚੇ ਪਿਆ ਹੈ। ਜੇ ਇਸ ਨੂੰ ਪੂਰਾ ਨਾ ਕੀਤਾ ਗਿਆ ਤਾਂ ਲੋਕਾਂ ਦਾ ਭਾਰੀ ਨੁਕਸਾਨ ਹੋਵੇਗਾ ਇਸ ਲਈ ਮੈਂ ਇਹ ਪੁਛਦਾ ਹਾਂ ਕਿ ਇਹ ਕਦੋਂ ਤਕ ਇਨ੍ਹਾਂ ਦੀ ਐਕਸਕੇਵੇਸ਼ਨ ਦਾ ਕੰਮ ਮੁਕੰਮਲ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ ਇਨ੍ਹਾਂ ਨੇ 3 ਡਰੇਨਾਂ ਦਾ ਸਵਾਲ ਕੀਤਾ ਸੀ ਸਰਹੰਦ ਚੋਅ ਦੀ 70-80 ਮੀਲ ਦੀ ਐਕਸਕੇਵੇਸ਼ਨ ਹੋ ਚੁਕੀ ਹੈ। ਥੋੜੀ ਜਿਹੀ ਰਹਿੰਦੀ ਹੈ। ਉਸ ਦਾ ਪਾਣੀ ਘੱਗਰ ਦਰਿਆ ਵਿਚ ਪੈਣਾ ਹੈ। ਪਰ ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਸ ਨਾਲ ਜ਼ਿਆਦਾ ਨੁਕਸਾਨ ਹੋ ਰਿਹਾ ਹੈ, ਅਜਿਹੀ ਕੋਈ ਗਲ ਨਹੀਂ। ਇਸ ਵੇਲੇ ਇਸ ਦਾ ਪਾਣੀ ਨੁਕਸਾਨ ਨਹੀਂ ਕਰ ਰਿਹਾ।

ਦੂਸਰਾ ਜਿਹੜਾ ਪਟਿਆਲਾ ਕੀ ਰਾਓ ਹੈ ਇਸ ਵਿਚ ਕੰਡੀ ਵਾਟਰ ਸੈਂਡ ਸ਼ਾਮਲ ਹੈ ਅੌਰ ਇਸ ਤੇ ਛੋਟੇ ਛੋਟੇ ਡੈਮ ਬਣਨੇ ਹਨ। ਇਸ ਨਾਲ ਵੀ ਇਸ ਵੇਲੇ ਕੋਈ ਜ਼ਿਆਦਾ ਨੁਕਸਾਨ ਨਹੀਂ। ਇਸ ਦਾ ਪਾਣੀ ਡੀਪ ਟਿਊਬਵੈੱਲ ਲਈ ਕੰਮ ਆ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਇਹ ਪੁਛਿਆ ਸੀ ਕਿ ਇਹ ਕਦੋਂ ਤੱਕ ਕੰਮ ਕੰਪਲੀਟ ਕਰ ਦੇਣਗੇ ਜਦ ਕਿ ਇਸ ਲਈ ਵਰਲਡ ਬੈਂਕ ਦੀ ਵੀ ਸਕੀਮ ਹੈ। ਦੂਜਾ ਤਰਖੇੜੀ ਡਰੇਨ ਲਈ ਵੀ ਸਕੀਮ ਹੈ, ਸਰਵੇ ਹੋ ਚੁਕੀ ਹੈ, ਐਸਟੀਮੇਟ ਲਗ ਗਿਆ ਹੈ, ਇਹ ਕਹਿੰਦੇ ਹਨ ਕਿ ਕੋਈ ਸਕੀਮ ਨਹੀਂ। ਇਹ ਪਤਾ ਕਰ ਲੈਣ। ਇਸ ਦਾ ਸਰਵੇ ਹੋ ਚੁਕਾ ਹੈ। ਲੋਕਾਂ ਨੂੰ ਇਸ ਨਾਲ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਇਸ ਲਈ ਕਦੋਂ ਤਕ ਇਸ ਦਾ ਪ੍ਰਬੰਧ ਕਰ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਆਪਣੀ ਆਪਣੀ ਸੋਚ ਹੁੰਦੀ ਹੈ। ਇਹ ਕਹਿੰਦੇ ਹਨ ਕਿ ਸਰਹੰਦ ਚੋਅ ਅੌਰ ਦੂਜਿਆਂ ਨਾਲ ਲੋਕਾਂ ਦਾ ਬੜਾ ਭਾਰੀ ਨੁਕਸਾਨ ਹੋ ਰਿਹਾ ਹੈ। ਪਰ ਡਿਪਾਰਟਮੈਂਟ ਦੇ ਇੰਜੀਨੀਅਰਜ਼ ਇਹ ਸਮਝਦੇ ਹਨ ਕਿ ਇਸ ਨਾਲ ਕੋਈ ਐਨਾ ਨੁਕਸਾਨ ਨਹੀਂ। ਇਟ ਕੇਨ ਬੀ ਡੇਫਰਡ। ਤੀਸਰੀ ਤਰਖੇੜੀ ਡਰੇਨ ਜਿਹੜੀ ਹੈ ਇਸ ਲਈ 32 ਲੱਖ ਰੁਪਿਆ ਐਕਸਕੇਵੇਸ਼ਨ ਲਈ ਸਰਵੇ ਕੀਤਾ ਗਿਆ ਹੈ ਅੌਰ ਜਦੋਂ ਸਰਹੰਦ ਚੋਅ ਕੰਪਲੀਟ ਹੋਵੇਗੀ ਉਸ ਦੇ ਨਾਲ ਇਹ ਵੀ ਹੋ ਜਾਵੇਗੀ।

------

**Wages of Industrial Labour adjudicated by Labour Tribunals/Courts**

***1514. Shri Om Parkash Gupta :** Will the Minister for Welfare and Labour be pleased to state—

(a) the amount in arrears of wages of Industrial Labour adjudicated by the Labour Tribunals or Labour Courts in the State during the years 1980 and 1981 ;

(b) the steps taken by the Government for its recovery ?

**ਚੌਧਰੀ ਜਗਤ ਰਾਮ** : (ੳ) ਲੋੜੀਂਦੀ ਸੂਚਨਾ ਇੰਡਸਟਰੀਅਲ ਟ੍ਰਿਬਿਊਨਲ ਜਾਂ ਕਿਰਤ ਕੋਰਟਾਂ ਬਾਰੇ ਹੇਠ ਲਿਖੇ ਅਨੁਸਾਰ ਹੈ :--

(ੳ)

| ਸਾਲ | ਰਕਮ |
|---|---|
| | ਰੁਪਏ |
| 1980 | 21,83,440.00 |
| 1981 | 17,14,456.00 |

Original with;
Punjab Vidhan Sabha
Digitized by;
Panjab Digital Library

(ਅ) ਇਹ ਰਕਮਾਂ ਬਤੌਰ ਮਾਲੀਆ ਦੇ ਬਕਾਇਆ ਜਾਤ ਦੇ ਵਸੂਲ ਕੀਤੀਆਂ ਜਾਂਦੀਆਂ ਹਨ ਤੇ ਜੇ ਲੋੜ ਪਵੇ ਤਾਂ ਚਲਾਨ ਵੀ ਕੀਤੇ ਜਾਂਦੇ ਹਨ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਤੁਸੀਂ ਵੀ ਬੜੇ ਵੱਡੇ ਇੰਡਸਟਰੀਅਲਿਸਟ ਹੋ, ਤੁਸੀਂ ਜਾਣਦੇ ਹੋ.........

**ਸ਼੍ਰੀ ਸਪੀਕਰ** : ਮੈਂ ਹੁਣ ਇੰਡਸਟਰੀਲਿਸਟ ਨਹੀਂ ਹਾਂ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਮਜ਼ਦੂਰਾਂ ਦੀ ਜੋ ਹਾਲਤ ਹੁੰਦੀ ਹੈ ਉਹ ਤਾਂ ਤੁਹਾਨੂੰ ਪਤਾ ਹੀ ਹੈ । ਇਸ ਲਈ ਵਜ਼ੀਰ ਸਾਹਿਬ ਤੋਂ ਪਹਿਲੇ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ, ਔਰ ਜਲੰਧਰ ਦੇ ਵਿਚ ਮਜ਼ਦੂਰਾਂ ਦੇ ਕਿੰਨੇ ਕਿੰਨੇ ਏਰੀਅਰਜ਼ ਪਏ ਹਨ ਔਰ ਸਭ ਤੋਂ ਪੁਰਾਣੇ ਏਰੀਅਰਜ਼ ਕਿਸ ਜ਼ਿਲ੍ਹੇ ਦੇ ਪਏ ਹਨ। ਦੂਜਾ ਸਵਾਲ ਮੈਂ ਫਿਰ ਪੁਛਾਂਗਾ ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜ਼ਿਲ੍ਹਾਵਾਰ ਨਹੀਂ ਪੁਛਿਆ ਇਨ੍ਹਾਂ ਨੇ 1980 ਔਰ 1981 ਦੇ ਏਰੀਅਰਜ਼ ਪੁੱਛੇ ਹਨ, ਉਹ ਦਸ ਦਿੱਤੇ ਹਨ। ਇਸ ਲਈ ਹੁਣ ਇਸ ਵਾਸਤੇ ਵੱਖਰਾ ਨੋਟਿਸ ਦੇ ਦੇਣ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਕਿਹੜੇ ਜ਼ਿਲ੍ਹੇ ਦੇ ਸਭ ਤੋਂ ਪੁਰਾਣੇ ਏਰੀਅਰਜ਼ ਪਏ ਹਨ ਔਰ ਕਿੰਨੇ ਹਨ ।

**ਸ਼੍ਰੀ ਸਪੀਕਰ** : ਇਹ ਗੱਲ ਤੁਸੀਂ ਹੀ ਦੱਸ ਦਿਓ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਇਹ 8-8, 9-9 ਸਾਲ ਦੇ ਕਈ ਮਜ਼ਦੂਰਾਂ ਦੇ ਏਰੀਅਰਜ਼ ਪਏ ਹਨ । ਉਨ੍ਹਾਂ ਮਜ਼ਦੂਰਾਂ ਨੂੰ ਪਹਿਲੇ ਤਾਂ ਕਾਰਖਾਨੇਦਾਰ ਖਰਾਬ ਕਰਦੇ ਹਨ, ਫਿਰ ਲੇਬਰ ਕਮਿਸ਼ਨਰ 2-3 ਸਾਲ ਲਗਾ ਦਿੰਦਾ ਹੈ ਔਰ ਫਿਰ ਉਸ ਤੋਂ ਬਾਅਦ ਲੇਬਰ ਟਰੀ-ਬਿਊਨਲ 3 4 ਸਾਲ ਲਗਾ ਦਿੰਦਾ ਹੈ। ਇਸ ਤਰ੍ਹਾਂ ਕੋਈ 6-6 ਸਾਲ ਲਗ ਜਾਂਦੇ ਹਨ । ਉਨ੍ਹਾਂ ਨੂੰ ਏਰੀਅਰਜ਼ ਨਹੀਂ ਮਿਲਦੇ। ਇਸ ਲਈ ਕੀ ਵਜ਼ੀਰ ਸਾਹਿਬ ਅਜਿਹਾ ਕੋਈ ਪ੍ਰਬੰਧ ਕਰਨਗੇ ਜਿਸ ਨਾਲ ਉਨ੍ਹਾਂ ਦੀ ਰਿਕਵਰੀ ਜਲਦੀ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਦਾ ਹਾਂ ਕਿ 1980 ਵਿਚ 2,18,34,440 ਰੁਪਏ ਦਾ ਬਕਾਇਆ ਸੀ ਔਰ ਇਸ ਵਿਚੋਂ 10,93,490 ਰੁਪਏ ਬਾਕੀ ਰਹਿ ਗਏ ਹਨ । ਇਸੇ ਤਰ੍ਹਾਂ 1981 ਵਿਚ 17,14,456 ਰੁਪਏ ਦੇ ਏਰੀਅਰਜ਼ ਸਨ ਔਰ ਇਸ ਵਿਚੋਂ ਹੁਣ ਬਾਕੀ 8,63,135 ਰੁਪਏ ਰਹਿ ਗਏ ਹਨ।

**ਸਰਦਾਰ ਪ੍ਰਿਥੀਪਾਲ ਸਿੰਘ** : ਗੁਪਤਾ ਜੀ ਨੇ ਸਵਾਲ ਕੀਤਾ ਹੈ ਕਿ ਕਿੰਨੀ ਦੇਰ ਤੱਕ ਇਹ ਏਰੀਅਰਜ਼ ਕਲੀਅਰ ਕਰ ਦਿੱਤੇ ਜਾਣਗੇ। ਇਹੀ ਗੱਲ ਮੈਂ ਪੁੱਛਦਾ ਹਾਂ ਕਿ ਇਹ ਏਰੀਅਰਜ਼ ਕਈ ਸਾਲ ਪਏ ਰਹਿੰਦੇ ਹਨ । ਮੇਰੀ ਫੈਕਟਰੀ ਦੇ ਗਵਾਂਢ ਵਿਚ ਇਕ ਆਦਮੀ ਦੇ 5 ਸਾਲ ਦੇ ਕਰੀਬ ਹੋ ਗਏ ਹਨ ਪਰ ਹਾਲੇ ਤਕ ਉਸ ਦਾ ਫੈਸਲਾ ਨਹੀਂ ਹੋਇਆ। ਇਸ ਲਈ ਕੀ ਵਜ਼ੀਰ ਸਾਹਿਬ ਕੋਈ ਅਜਿਹਾ ਪ੍ਰਬੰਧ ਕਰਨਗੇ ਜਿਸ ਨਾਲ 6 ਮਹੀਨੇ ਵਿਚ ਉਨ੍ਹਾਂ ਦਾ ਫੈਸਲਾ ਹੋ ਜਾਇਆ ਕਰੇ ।

(ਕੋਈ ਉਤਰ ਨਹੀਂ ਆਇਆ)

Original with;
Punjab Vidhan Sabha
Digitized by;
Panjab Digital Library

**ਕਾਮਰੇਡ ਬਲਦੇਵ ਸਿੰਘ ਲੁੰਬਾ** : ਵਜ਼ੀਰ ਸਾਹਿਬ ਨੇ ਜਵਾਬ ਦੇ (ਬੀ) ਪਾਰਟ ਵਿਚ ਇਹ ਦਸਿਆ ਹੈ ਕਿ ਇਹ ਰਕਮਾਂ ਬਤੌਰ ਮਾਲੀਆ ਦੇ ਬਕਾਇਆ ਜਾਤ ਦੇ ਵਸੂਲ ਕੀਤੀਆਂ ਜਾਂਦੀਆਂ ਹਨ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਅਜਿਹਾ ਵਾਕਿਆ ਹੈ ਜਿਥੇ ਕਿਸੇ ਇੰਡਸਟਰੀਅਲਿਸਟ ਕੋਲੋਂ ਇਹ ਬਕਾਇਆ ਐਜ਼ ਲੈਂਡ ਰੇਵੇਨਿਊ ਰਿਕਵਰ ਕੀਤਾ ਗਿਆ ਹੋਵੇ ?

**ਮੰਤਰੀ** : ਕੋਈ ਵੀ ਅਮਾਊਂਟ ਇਸ ਤਰ੍ਹਾਂ ਦੀ ਵਸੂਲ ਕਰਨ ਲਈ ਤਹਿਸੀਲਦਾਰ ਮੁਕੱਰਰ ਕੀਤਾ ਜਾਂਦਾ ਹੈ ਔਰ ਉਹ ਲੇਬਰ ਮਹਿਕਮੇ ਨਾਲ ਮਿਲ ਕੇ ਇਹ ਰਿਕਵਰੀ ਕਰਦਾ ਹੈ ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਿਕਵਰੀ ਕੀਤੀ ਜਾਂਦੀ ਹੈ ਇਸ ਲਈ ਸੈਕਸ਼ਨ 33(2ਸੀ) ਦੇ ਥੱਲੇ ਇਨਸਪੈਕਟਰ ਗਰੇਡ ਵਨ ਨੂੰ ਨੋਟਿਸ ਦਿੱਤਾ ਜਾਂਦਾ ਹੈ। ਪਰ ਕਈ ਸਾਲਾਂ ਤੋਂ ਇਹ ਇਨਸਪੈਕਟਰ ਗਰੇਡ ਵਨ ਦੀਆਂ ਪੋਸਟਾਂ ਖਾਲੀ ਪਈਆਂ ਹਨ। ਕੀ ਇਹ ਦੱਸਣਗੇ ਕਿ ਇਹ ਪੋਸਟਾਂ ਕਦੋਂ ਤਕ ਫਿਲ-ਅਪ ਕਰ ਦੇਣਗੇ ?

**ਸ੍ਰੀ ਸਪੀਕਰ** : ਇਹ ਸਪਲੀਮੈਂਟਰੀ ਇਸ ਸਵਾਲ ਨੂੰ ਰਿਲੇਟ ਨਹੀਂ ਕਰਦੀ ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਜਦੋਂ ਤੱਕ ਇਹ ਪੋਸਟਾਂ ਖਾਲੀ ਰਹਿਣਗੀਆਂ ਇਹ ਰਿਕਵਰੀ ਕਿਵੇਂ ਹੋ ਸਕਦੀ ਹੈ ?

**ਸ੍ਰੀ ਸਪੀਕਰ** : ਉਨ੍ਹਾਂ ਨੇ ਕਿਹਾ ਹੈ ਕਿ ਤਹਿਸੀਲਦਾਰ ਮੁਕੱਰਰ ਕਰ ਦਿੱਤਾ ਜਾਂਦਾ ਹੈ ।

**ਸ੍ਰੀ ਗੋਪਾਲ ਕਿਸ਼ਨ ਚੱਤਰਥ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕੋਆਪਰੇਟਿਵ ਮਹਿਕਮੇਂ ਵਾਲੇ ਕਿਸਾਨਾਂ ਤੋਂ ਲੋਨ ਦੀ ਰਿਕਵਰੀਜ਼ ਕਰਨ ਲਈ ਐਕਟ ਦੇ ਵਿਚ ਸੈਕਸ਼ਨ 67–ਏ ਨੂੰ ਅਮੈਂਡ ਕੀਤਾ ਸੀ ਔਰ ਕਿਸਾਨਾਂ ਦਾ ਸਮਰੀ ਟਰਾਇਲ ਇਸ ਅਧੀਨ ਕੀਤਾ ਜਾਂਦਾ ਹੈ। ਕੀ ਸਰਕਾਰ ਇਸੇ ਤਰ੍ਹਾਂ ਐਕਟ ਦੇ ਵਿਚ ਅਮੈਂਡਮੈਂਟ ਕਰਨ ਲਈ ਤਿਆਰ ਹੈ ਕਿ ਅਗਰ ਕੋਈ ਕਾਰਖਾਨੇਦਾਰ ਕਿਸੇ ਮਜ਼ਦੂਰ ਦੇ ਪੈਸੇ ਨਾ ਦੇਵੇ ਤਾਂ ਉਸ ਕੋਲੋਂ ਮਜ਼ਦੂਰ ਦੇ ਪੈਸੇ ਦੀ ਰਿਕਵਰੀ ਸਮਰੀ ਟਰਾਇਲ ਰਾਹੀਂ ਹੋ ਸਕੇ ਅਤੇ ਕਾਰਖਾਨੇਦਾਰ ਨੂੰ ਅੰਦਰ ਕੀਤਾ ਜਾ ਸਕੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਵਿਚਾਰ ਕਰ ਲਵਾਂਗੇ ।

**ਸ੍ਰੀ ਗੁਰਦਿਆਲ ਸੈਣੀ** : ਸਪੀਕਰ ਸਾਹਿਬ, 5-5 ਸਾਲ ਹੋ ਜਾਂਦੇ ਹਨ ਕਿ ਲੇਬਰਜ਼ ਦੇ ਕੇਸਿਜ਼ ਕੋਰਟਾਂ ਵਿਚ ਲਟਕਦੇ ਰਹਿੰਦੇ ਹਨ ਅਤੇ ਫੈਸਲਾ ਨਹੀਂ ਹੁੰਦਾ । ਕੀ ਇਹ ਇਸ ਤਰ੍ਹਾਂ ਫੈਸਲਾ ਕਰਨ ਲਈ ਤਿਆਰ ਹਨ ਕਿ ਜਿਸ ਤਰ੍ਹਾਂ ਬੈਂਕ ਜਮ੍ਹਾਂ ਪੈਸੇ ਤੇ ਵਿਆਜ ਦਿੰਦਾ ਹੈ ਉਸੇ ਤਰ੍ਹਾਂ ਮਜ਼ਦੂਰ ਦੇ ਪੈਸੇ ਜਿਹੜੇ ਕਾਰਖਾਨੇਦਾਰ ਕੋਲ ਰਿਕਵਰੀਜ਼ ਦੇ ਪਏ ਹਨ ਉਸ ਤੇ ਵਿਆਜ ਲਿਆ ਜਾ ਸਕੇ ?

**ਮੰਤਰੀ** : ਸਪੀਕਰ ਸਾਹਿਬ, ਅਸੀਂ ਇਸ ਤੇ ਵਿਚਾਰ ਕਰ ਲਵਾਂਗੇ ।

**Mr Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

Original with;
Punjab Vidhan Sabha
Digitized by;
Panjab Digital Library

# WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

## Educated Unemployed Pedsons Receiving Unemyloyment Allowarce

***1416. 1. Jathedar Naranjan Singh**
**2. Sardar Major Singh Ubboke** } : Will the Minister for Welfare and Labour be pleased to state—

(a) the total number of educated unemployed persons, qualification-wise, who were receiving unemployment allowance from the Governmnt as on 31st March, 1981 and the total amount paid to them on this account category-wise; during the year 1980-81;

(b) the extent of increase in the number of the persons referred to in part (a) above as on the 31st December, 1981; category-wise;

(c) whether the Government has recently issued any instructions that the unemployment allowance be given only to the wards of persons holding yellow cards?

**ਚੌਧਰੀ ਜਗਤ ਰਾਮ** : (ੳ) 31 ਮਾਰਚ, 1981 ਤੱਕ ਪੰਜਾਬ ਦੇ ਵੱਖ ਵੱਖ ਰੋਜ਼ਗਾਰ ਦਫਤਰਾਂ ਵਿਚ ਬੇਰੋਜ਼ਗਾਰੀ ਭੱਤਾ ਪ੍ਰਾਪਤ ਕਰਨ ਵਾਲਿਆਂ ਦੀ ਯੋਗਤਾਵਾਰ ਕੁੱਲ ਗਿਣਤੀ ਹੇਠ ਅਨੁਸਾਰ ਹੈ :--

| | | (ਰੁਪਏ) |
|---|---|---|
| I. | ਮੈਟ੍ਰਿਕ/ਅੰਡਰ ਗ੍ਰੈਜੂਏਟ | 11,018 |
| II. | ਗ੍ਰੈਜੂਏਟ/ਪੋਸਟ ਗ੍ਰੈਜੂਏਟ | 3,111 |
| | ਕੁੱਲ ਗਿਣਤੀ | 14,129 |

III. ਸਾਲ 1980-81 ਵਿਚ ਸ਼੍ਰੇਣੀਵਾਰ ਬੇ-ਰੋਜ਼ਗਾਰੀ ਭੱਤੇ ਸਣੇ ਮਨੀਆਰਡਰ ਕਮਿਸ਼ਨ ਸਬੰਧੀ ਵੰਡੀ ਗਈ ਰਾਸ਼ੀ :--

| | (ਰੁਪਏ) |
|---|---|
| ਮੈਟ੍ਰਿਕ/ਅੰਡਰ ਗ੍ਰੈਜੂਏਟ | 23,41,973 |
| ਗ੍ਰੈਜੂਏਟ/ਪੋਸਟ ਗ੍ਰੈਜੂਏਟ | 16,22,263 |
| ਕੁੱਲ ਜੋੜ | 39,64,236 |

(ਅ) 31 ਦਸੰਬਰ, 1981 ਨੂੰ ਉਪ੍ਰੋਕਤ ਭਾਗ (ੳ) ਵਿੱਚ ਵਰਣਿਤ ਵਿਅਕਤੀਆਂ ਵਿਚ ਸ਼੍ਰੇਣੀਵਾਰ ਕੋਈ ਵਾਧਾ ਨਹੀਂ ਹੋਇਆ ਸਗੋਂ 257 ਉਮੀਦਵਾਰ ਘੱਟ ਗਏ ਸਨ, ਕਿਉਂਕਿ 1 ਅਪ੍ਰੈਲ, 1981 ਤੋਂ ਪਰਿਵਾਰ ਦੀ ਆਮਦਨ ਦੀ ਹੱਦ 6,000 ਰੁਪਏ ਸਾਲਾਨਾ ਤੋਂ ਘਟਾ ਕੇ 3,600 ਰੁਪਏ ਸਾਲਾਨਾ ਕਰ ਦਿੱਤੀ ਗਈ ਹੈ ।

(ੲ) ਜੀ ।

Original with;
Punjab Vidhan Sabha
Digitized by;
Panjab Digital Library

**Starred Question No. 1386***

(Extension was asked for in respect of Starred Question No. 1386)

**Government High/Higher Secondary Schools without Headmasters/ Principals**

***1193. Sardar Birdevinder Singh:** Will the Minister for Edudcation be pleased to state:—

(a) the total number of High and Higher Secondary Schools in the State where the posts of Headmasters and Principals are lying vacant at present district wise;

(b) the reasons for not filling up the said vacancies and the time by which these are likely to be filled up?

ਸਰਦਾਰ ਹਰਚਰਨ ਸਿੰਘ ਅਜਨਾਲਾ :

| (ੳ) ਜ਼ਿਲ੍ਹੇ ਦਾ ਨਾਂ | | ਮੁੱਖ ਅਧਿਆਪਕ/ਮੁੱਖ ਅਧਿਆਪਕਾਵਾਂ/ ਪ੍ਰਿੰਸੀਪਲਾਂ ਦੀਆਂ ਖਾਲੀ ਆਸਾਮੀਆਂ ਦੀ ਗਿਣਤੀ। |
|---|---|---|
| ਅੰਮ੍ਰਿਤਸਰ | .. | 2 |
| ਬਠਿੰਡਾ | .. | 23 |
| ਫਰੀਦਕੋਟ | .. | 9 |
| ਫਿਰੋਜ਼ਪੁਰ | .. | 2 |
| ਗੁਰਦਾਸਪੁਰ | .. | .. |
| ਹੁਸ਼ਿਆਰਪੁਰ | .. | 2 |
| ਜਲੰਧਰ | .. | 4 |
| ਕਪੂਰਥਲਾ | .. | 1 |
| ਲੁਧਿਆਣਾ | .. | 2 |
| ਪਟਿਆਲਾ | .. | 4 |
| ਰੋਪੜ | .. | .. |
| ਸੰਗਰੂਰ | .. | 8 |

(ਅ) ਇਨ੍ਹਾਂ ਆਸਾਮੀਆਂ ਨੂੰ ਭਰਨ ਲਈ ਨਿਯੁਕਤੀ ਪੱਤਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ।

*For Starred Question No. 1386 and reply thereto, please see Appendix to this Debate.

Original with; Punjab Vidhan Sabha Digitized by; Panjab Digital Library

## Assistant Registrar, Cooperative Societies, Patti

***1292. Sardar Major Singh Ubboke:** Will the Minister of State for Cooperation be pleased to state whether the Assistant Registrar, Cooperative Societies posted at Sub-Division Patti was caught red handed while accepting a bribe amounting to Rs. 3000 in the middle of 1981; if so, the details of the case and its present position?

**ਸਰਦਾਰ ਬੀਰਪਾਲ ਸਿੰਘ** : ਸੂਚਨਾ ਸਦਨ ਦੀ ਮੇਜ਼ ਤੇ ਅਨੈਕਸਚਰ I ਰਾਹੀਂ ਰੱਖੀ ਜਾਂਦੀ ਹੈ ।

**ਅਨੈਕਸਚਰ**

ਨਹੀਂ ਜੀ, ਪੁਲਿਸ ਸਟੇਸ਼ਨ ਪੱਟੀ ਵਿਚ ਦਰਜ ਪਹਿਲੀ ਸੂਚਨਾ ਰਿਪੋਰਟ ਦੇ ਮੁਤਾਬਿਕ ਸ੍ਰੀ ਪ੍ਰਤਾਪ ਸਿੰਘ, ਵਾਸੀ ਪਿੰਡ ਟੂਟ ਨੇ ਦੋਸ਼ ਲਾਇਆ ਕਿ ਉਸ ਦੇ ਦੋ ਸਾਲਸੀ ਕੇਸ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੱਟੀ ਪਾਸ ਸਾਲਸੀ ਫੈਸਲੇ ਲਈ ਸੁਣੇ ਜਾ ਰਹੇ ਸਨ । ਇਨ੍ਹਾਂ ਸਾਲਸੀ ਕੇਸਾਂ ਦਾ ਫੈਸਲਾ ਉਸ ਦੇ ਹੱਕ ਵਿਚ ਕਰਨ ਲਈ ਸ੍ਰੀ ਐਸ. ਸੀ. ਦੱਤ, ਸਹਾਇਕ ਰਜਿਸਟਰਾਰ, ਪੱਟੀ ਤੇ ਸ੍ਰੀ ਕਸ਼ਮੀਰ ਸਿੰਘ, ਸਬ-ਇੰਸਪੈਕਟਰ, ਸਹਿਕਾਰੀ ਸਭਾਵਾਂ ਨੇ ਉਸ ਪਾਸੋਂ 3,000 ਰੁਪਏ ਰਿਸ਼ਵਤ ਮੰਗੀ । 3,000 ਰੁਪਏ ਸ੍ਰੀ ਕਸ਼ਮੀਰ ਸਿੰਘ, ਸਬ-ਇੰਸਪੈਕਟਰ, ਸਹਿਕਾਰੀ ਸਭਾਵਾਂ ਨੂੰ ਮਿਤੀ 22 ਜੁਲਾਈ, 1981 ਨੂੰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੱਟੀ ਦੇ ਦਫਤਰ ਵਿੱਚ ਦਿੱਤੇ ਗਏ ਚੌਕਸੀ ਵਿਭਾਗ, ਅੰਮ੍ਰਿਤਸਰ ਦੇ ਪੁਲਿਸ ਇੰਸਪੈਕਟਰ ਨੇ ਛਾਪਾ ਮਾਰਕੇ 3000 ਰੁਪਏ ਸ੍ਰੀ ਕਸ਼ਮੀਰ ਸਿੰਘ, ਸਬ-ਇੰਸਪੈਕਟਰ ਦੀ ਪਤਲੂਨ ਦੀ ਖੱਬੀ ਜੇਬ ਵਿੱਚੋਂ ਫੜੇ ਅਤੇ ਉਸ ਨੂੰ ਮੌਕੇ ਤੇ ਗ੍ਰਿਫਤਾਰ ਕੀਤਾ ਗਿਆ । ਸ੍ਰੀ ਦੱਤ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਇਸ ਦੋਸ਼ ਵਿਚ ਸਾਂਝਾ ਦੋਸ਼ੀ ਪਾਇਆ ਗਿਆ ਸੀ ਤੇ ਉਸ ਨੂੰ 16 ਸਤੰਬਰ, 1981 ਨੂੰ ਗ੍ਰਿਫਤਾਰ ਕੀਤਾ ਗਿਆ ਅਤੇ 17 ਸਤੰਬਰ, 1981 ਨੂੰ ਰਿਹਾ ਕਰ ਦਿਤਾ । ਇਸ ਕੇਸ ਦਾ ਚਲਾਨ ਤਿਆਰ ਕੀਤਾ ਗਿਆ ਹੈ । ਸ੍ਰੀ ਐਸ. ਸੀ. ਦੱਤ, ਸਹਾਇਕ ਰਜਿਸਟਰਾਰ ਨੂੰ ਮਿਤੀ 9 ਅਕਤੂਬਰ, 1981 ਨੂੰ ਮੁਅੱਤਲ ਕਰ ਦਿੱਤਾ ਹੈ ।

---

## Allied Units of Punjab State Industrial Development Corporation

***1335. Shri Ram Lal Chitti:** Will the Chief Minister be pleased to state the number & names of the allied units of the P.S.I.D.C. which were sold/wound up during the period from 1st January 1978 to date?

**ਸਰਦਾਰ ਦਰਬਾਰਾ ਸਿੰਘ** : ਇਸ ਸਬੰਧ ਵਿਚ ਇੱਕ ਵਿਵਰਣ-ਪੱਤਰ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ ।

**ਵਿਵਰਣ-ਪੱਤਰ**

ਮਿਤੀ 1 ਜਨਵਰੀ, 1978 ਤੋਂ ਹੁਣ ਤਕ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਦੀਆਂ ਜਿਨ੍ਹਾਂ ਸਹਾਇਕ ਕੰਪਨੀਆਂ ਨੂੰ ਵੇਚ ਦਿੱਤਾ ਗਿਆ ਜਾਂ ਠੱਪ ਕਰ ਦਿੱਤਾ ਗਿਆ ਦੀ ਗਿਣਤੀ ਅਤੇ ਨਾਵਾਂ ਬਾਰੇ ਵਿਵਰਣ-ਪੱਤਰ

ਮਿਤੀ 1 ਜਨਵਰੀ, 1978 ਤੋਂ ਹੁਣ ਤਕ ਹੇਠ ਲਿਖੀਆਂ ਦਸ ਕੰਪਨੀਆਂ ਜੋ ਕਿ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਵਲੋਂ ਉਸਾਰੀਆਂ ਗਈਆਂ ਸਨ, ਵਿਚੋਂ ਉਨ੍ਹਾਂ ਵਲੋਂ ਉਤਪਾਦਨ ਸ਼ੁਰੂ ਕਰ ਦੇਣ ਉਪਰੰਤ, ਆਪਣੀਆਂ ਹਿੱਸੇਦਾਰੀਆਂ ਨੂੰ ਪੂਰੇ ਤੌਰ ਤੇ/ਅੰਸ਼ਕ ਰੂਪ ਵਿਚ ਕੱਢ ਲਿਆ ਹੈ ।

1. ਪੰਜਾਬ ਬਰੂਰੀ ਲਿਮਟਿਡ
2. ਪੰਜਾਬ ਅਨੰਦ ਬੈਟਰੀਜ਼ ਲਿਮਟਿਡ

Original with;
Punjab Vidhan Sabha
Digitized by;
Panjab Digital Library

[ਮੁਖ ਮੰਤਰੀ]

3. ਪੰਜਾਬ ਕਾਨ-ਕਾਸਟ ਲਿਮਟਿਡ
4. ਪੰਜਾਬ ਸਕੂਟਰਜ਼ ਲਿਮਟਿਡ
5. ਪੰਜਾਬ ਸਾਲਟ ਪੀਟਰ ਰਿਫਾਇਨਰਿਜ਼ ਲਿਮਟਿਡ
6. ਪੰਜਾਬ ਸਟੀਲ ਸਟਰਿਪਸ ਲਿਮਟਿਡ
7. ਪੰਜਾਬ ਮੁਕੇਰੀਆਂ ਪੇਪਰ ਲਿਮਟਿਡ
8. ਪੰਜਾਬ ਟੈਨਰੀਜ਼ ਲਿਮਟਿਡ
9. ਪੰਜਾਬ ਫੁਟ ਵੀਅਰਜ਼ ਲਿਮਟਿਡ
10. ਪੰਜਾਬ ਪਰਸਟਰੈਸਡ ਕੰਨਕਰੀਟ ਵਰਕਸ ਲਿਮਟਿਡ

ਮਿਤੀ 1 ਜਨਵਰੀ, 1978 ਤੋਂ ਹੁਣ ਤਕ ਉਕਤ ਕਾਰਪੋਰੇਸ਼ਨ (ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ) ਵਲੋਂ ਵਿਕਾਸ ਕੀਤੇ ਹੋਏ ਕਿਸੇ ਯੂਨਿਟ ਨੂੰ ਠੱਪ ਨਹੀਂ ਕੀਤਾ ਗਿਆ।

-------

## SHIFTING OF POLICE TRAINING COLLEGE

***1525. 1. Sardar Baldev Singh Khiala**
**2. Sardar Sarwan Singh Phillaur** : Will the Chief

Minister be pleased to state whether the Police Training College Phillaur, is being shifted to Zirakpur (near Chandigarh)?

**ਸਰਦਾਰ ਦਰਬਾਰਾ ਸਿੰਘ** : ਤਜ਼ਵੀਜ਼ ਵਿਚਾਰ ਅਧੀਨ ਹੈ।

## Road Constructed by Market Committee, Sirhind

***1198. Sardar Birdevinder Singh:** Will the Minister for Agriculture and Irrigation be pleased to state whether it is a fact that the Market committee, Sirhind constructed road from the G.T. Road to village Khanpur and from Sirhind Randhawa Road to Village Saddo Majra; if so, the name of the authority now responsible for the repair of these roads.

**ਸ਼੍ਰੀ ਕਾਂਸ਼ੀ ਰਾਮ** : ਹਾਂ ਜੀ। ਕਿਉਂਕਿ ਸੁਪਰੀਮ ਕੋਰਟ ਦੇ ਫੈਸਲੇ ਮਿਤੀ 4 ਮਈ, 1979 ਨੂੰ ਮੁੱਖ ਰਖਦਿਆਂ ਮਾਰਕਿਟ ਕਮੇਟੀ ਇਨ੍ਹਾਂ ਲਿੰਕ ਸੜਕਾਂ ਦੀ ਮੁਰੰਮਤ ਤੇ ਖਰਚ ਨਹੀਂ ਕਰ ਸਕਦੀ, ਇਸ ਵਾਸਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਦੀ ਜ਼ਿਮੇਵਾਰੀ ਸੁਪਰੀਮ ਕੋਰਟ ਦੇ ਫੈਸਲੇ ਨੂੰ ਮੁੱਖ ਰਖ-ਦਿਆਂ ਸਰਕਾਰ (ਲੋਕ ਨਿਰਮਾਣ ਵਿਭਾਗ ਵਿਚ) ਦੀ ਹੀ ਬਣਦੀ ਹੈ।

## STARRED QUESTION NO. 1391*

**(Extension was asked for in respect of Starred Question No. 1391)**

*For Starred Question No. 1391 and reply thereto, please see Appendix to this Debate.

Original with;
Punjab Vidhan Sabha
Digitized by;
Panjab Digital Library

# UNSTARRED QUESTIONS AND ANSWERS

## Employees Deputed for Census Operations

**213. 1. Master Babu Singh,**
**2. Comrade Saghar Singh,** : Will the Minister for Local Government be pleased to state:—

(a) the department -wise total number of employees who worked during the census operations in District Faridkot during the year 1981 ;

(b) the number of employees out of those mentioned in part (a) above who have since been paid their Travelling Allowance and the number of those whose Travelling Allowance has not been paid so far together with the reasons therefor?

**ਸ੍ਰੀ ਸਰਦਾਰੀ ਲਾਲ ਕਪੂਰ :**

(ੳ) ਸੈਂਸਜ਼ 1981 ਦੇ ਕੰਮ ਲਈ ਫਰੀਦਕੋਟ ਜ਼ਿਲ੍ਹੇ ਵਿਚ ਨਿਮਨ-ਲਿਖਤ ਅਨੁਸਾਰ ਕੁੱਲ ਕਰਮਚਾਰੀ ਨਿਯੁਕਤ ਕੀਤੇ ਗਏ।

1. ਕੇਵਲ ਸੈਂਸ਼ਿਜ਼ ਦੇ ਕੰਮ ਲਈ ਪੋਸਟਾਂ ਦੀ ਰਚਨਾਂ ਕੀਤੀ--6

| | | | |
|---|---|---|---|
| (i) | ਦਫਤਰ ਡਿਪਟੀ ਕਮਿਸ਼ਨਰ, ਫਰੀਦਕੋਟ ... | 3 | ਇਕ ਸਹਾਇਕ<br>ਇਕ ਕਲਰਕ<br>ਇਕ ਸੇਵਾਦਾਰ |
| (ii) | ਦਫਤਰ ਉਪ-ਮੰਡਲ ਅਫਸਰ (ਸ), ਫਰੀਦਕੋਟ ... | 1 | ਇਕ ਕਲਰਕ |
| (iii) | ਦਫਤਰ ਉਪ-ਮੰਡਲ ਅਫਸਰ (ਸ), ਮੋਗਾ ... | 1 | ਇਕ ਕਲਰਕ |
| (iv) | ਦਫਤਰ ਉਪ-ਮੰਡਲ ਅਫਸਰ (ਸ), ਮੁਕਤਸਰ | 1 | ਇਕ ਕਲਰਕ |
| | ਕੁੱਲ ਜੋੜ ... | 6 | |

2. ਕਰਮਚਾਰੀਆਂ ਜਿਨ੍ਹਾਂ ਨੇ ਬਤੌਰ ਐਨੋਮੁਰੇਟਰਜ਼/ਸੁਪਰਵਾਈਜ਼ਰ, ਅੰਸ਼ਕਾਲੀ ਤੌਰ ਤੇ ਕੰਮ ਕੀਤਾ।

| | | |
|---|---|---|
| (i) | ਉਪ-ਮੰਡਲ ਅਫਸਰ (ਸ), ਫਰੀਦਕੋਟ ... | 576 |
| (ii) | ਉਪ-ਮੰਡਲ ਅਫਸਰ (ਸ), ਮੋਗਾ ... | 979 |
| (iii) | ਉਪ-ਮੰਡਲ ਅਫਸਰ (ਸ), ਮੁਕਤਸਰ ... | 899 |
| | ਕੁੱਲ ਜੋੜ ... | 2454 |

(ਅ) ਹੁਣ ਤਕ ਫਰੀਦਕੋਟ ਜ਼ਿਲ੍ਹੇ ਦੇ 2 ਕਰਮਚਾਰੀਆਂ ਨੂੰ ਸਫਰੀ ਭੱਤਾ ਦਿੱਤਾ ਗਿਆ ਹੈ। ਬਾਕੀ ਕਿਸੇ ਕਰਮਚਾਰੀ ਨੇ ਹਾਲੇ ਤਕ ਸਫਰੀ ਭੱਤੇ ਬਾਰੇ ਆਪਣਾ ਕੋਈ ਕਲੇਮ ਨਹੀਂ ਦਿਤਾ। ਐਨੋਮੁਰੇਟਰਜ਼/ਸੁਪਰਵਾਈਜ਼ਰਾਂ ਨੂੰ ਕੋਈ ਸਫਰੀ ਭੱਤਾ ਨਹੀਂ ਦਿੱਤਾ ਜਾਣਾ।

Original with;
Punjab Vidhan Sabha
Digitized by;
Panjab Digital Library

**Pension to the Freedom Fighters**

**214. 1. Master Babu Singh,**
**2. Comrade Saghar Singh** } Will the Chief Minister be pleased to state—

(a) whether the Government has decided to grant pension to freedom fighters who took part in the 'Harsa Chhina Morcha";

(b) if the reply to part (a) above be in the affirmative, the date up to which the applications from the said freedom fighters were invited together with the number of applications so far received by the Government;

(c) the number of the applicants out of those mentioned in part (b) above to whom the said pension has since been sanctioned?

**ਸਰਦਾਰ ਦਰਬਾਰਾ ਸਿੰਘ** : (ੳ) ਹਾਂ ਜੀ।

(ਅ) 31 ਮਈ, 1981 ਤੱਕ। ਹੁਣ ਤੱਕ ਪ੍ਰਾਪਤ ਅਰਜ਼ੀਆਂ ਕੇਵਲ 10 .

(ੲ) ਕੋਈ ਨਹੀਂ।

**UNSTARRED QUESTION NO. 215***

**(Extension was asked for in respect of Unstarred Question No. 215)**

**ਸ੍ਰੀ ਓਮ ਪ੍ਰਕਾਸ਼ ਗੁਪਤਾ** : ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ।

**ਪ੍ਰੋਫੈਸਰ ਬਲਵੰਤ ਸਿੰਘ** : ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਕਾਮਰੇਡ ਰਾਜ ਕੁਮਾਰ** : ** ** ** **

**ਸ੍ਰੀ ਸਪੀਕਰ** : No point of order ਮੇਰੀ ਇਜਾਜ਼ਤ ਤੋਂ ਬਿਨਾਂ ਕੁਝ ਵੀ ਰਿਕਾਰਡ ਨਾ ਕੀਤਾ ਜਾਵੇ।

**ਕਾਮਰੇਡ ਰਾਜ ਕੁਮਾਰ** : ** ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

**ਸਰਦਾਰ ਬੀਰਦਵਿੰਦਰ ਸਿੰਘ**: ਸਪੀਕਰ ਸਾਹਿਬ, ਗੁਪਤਾ ਜੀ ਦਾ ਪੁਆਇੰਟ ਬਿਲਕੁਲ ਵਾਜਬ ਹੈ ਔਰ ਤੁਸੀਂ ਇਸ ਦਾ ਜਵਾਬ ਦਿਓ ਕਿ ਉਹ ਬੀਬੀਆਂ ਕੌਣ ਸਨ ਅਤੇ ਉਨ੍ਹਾਂ ਦਾ ਕੀ ਮਸਲਾ ਸੀ ਅਤੇ ਕਿਉਂ ਆਈਆਂ ਅਤੇ ਉਨਾਂ ਨੂੰ ਪਾਸ ਕਿਸ ਨੇ ਬਣਵਾ ਕੇ ਦਿੱਤੇ ਸਨ ? (ਵਿਘਨ)

*For Unstarred Question No. 215 and reply thereto, please see Appendix to this Debate.

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ**: ਪਰਸੋਂ ਸ਼ੁਕਰਵਾਰ ਨੂੰ ਹਾਊਸ ਵਿਚ ਦੋ ਬੀਬੀਆਂ ਨੇ ਪੈਂਫਲਟ ਸੁੱਟੇ ਸਨ। ਹਾਊਸ ਦੀ ਮੀਟਿੰਗ ਖਤਮ ਹੋਣ ਤੋਂ ਬਾਅਦ ਮੈਂ ਉਨ੍ਹਾਂ ਦੋਨੋਂ ਬੀਬੀਆਂ ਨੂੰ ਬੁਲਾਇਆ ਸੀ ਅਤੇ ਉਹ ਪੈਂਫਲਟ ਵੀ ਮੰਗਵਾਏ ਸਨ ਔਰ ਉਹ ਪੈਂਫਲਟਾਂ ਨੂੰ ਸੀ. ਐਮ. ਸਾਹਿਬ ਦੇ ਪਾਸ ਭੇਜ ਦਿੱਤੇ ਸਨ। ਇਨ੍ਹਾਂ ਬੀਬੀਆਂ ਨੂੰ ਪਾਸ ਸਰਦਾਰ ਤਾਰਾ ਸਿੰਘ ਲਾਇਲਪੁਰੀ ਜੀ ਨੇ ਇਸ਼ੂ ਕਰਵਾਏ ਸਨ। (ਵਿਘਨ)

ਉਹ ਦੋ ਲੇਡੀਜ਼ ਸਨ। ਇਸ ਕਰਕੇ ਮੈਂ ਉਨ੍ਹਾਂ ਤੇ ਕੋਈ ਐਕਸ਼ਨ ਨਹੀਂ ਲਿਆ ਅਤੇ ਉਨ੍ਹਾਂ ਨੂੰ ਰੇਪਰੀਮਾਂਡ ਕਰਕੇ ਛੱਡ ਦਿੱਤਾ। ਕਾਮਰੇਡ ਰਾਜ ਕੁਮਾਰ ਨੇ ਸੀ. ਐਮ. ਸਾਹਿਬ ਦੀ ਗੱਲ ਕੀਤੀ ਹੈ। ਸੀ. ਐਮ. ਸਾਹਿਬ. ਅੱਜ ਹਾਊਸ ਵਿਚ ਨਹੀਂ ਹਨ। ਜਦੋਂ ਸੀ. ਐਮ. ਸਾਹਿਬ ਹਾਊਸ ਵਿਚ ਅੱਜ ਆ ਜਾਣਗੇ ਤਾਂ ਮੈਂ ਉਨ੍ਹਾਂ ਨੂੰ ਸਟੇਟਮੈਂਟ ਦੇਣ ਲਈ ਕਹਾਂਗਾ।

**ਕਾਮਰੇਡ ਰਾਜ ਕੁਮਾਰ**: ਸਪੀਕਰ ਸਾਹਿਬ, ਸਾਨੂੰ ਕੱਲ੍ਹ ਬੁਲਾਇਆ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਮਾਮਲਾ ਬੜਾ ਅਜੀਬ ਹੈ। ਇਸ ਮਾਮਲੇ ਬਾਰੇ ਅੱਜ ਤੋਂ ਇੱਕ ਹਫਤਾ ਪਹਿਲਾਂ ਸਟੇਟਮੈਂਟ ਕਰਨੀ ਸੀ ਔਰ, ਸਪੀਕਰ ਸਾਹਿਬ, ਗੌਰਮਿੰਟ ਦੀ ਕੁਲੈਕਟਿਵ ਰਿਸਪਾਂਸੇਬਿਲਿਟੀ ਹੈ। ਅੱਜ ਸੀ. ਐਮ. ਸਾਹਿਬ ਹਾਊਸ ਵਿਚ ਨਹੀਂ ਹਨ ਤਾਂ ਕੀ ਸਿਰਫ ਉਹ ਹੀ ਜਵਾਬ ਦੇ ਸਕਦੇ ਹਨ? ਖੰਨੇ ਵਿਚ ਲਾਠੀ ਚਾਰਜ ਹੋਇਆ। ਸਪੀਕਰ ਸਾਹਿਬ, ਕੋਟਕਪੂਰਾ, ਲੁਧਿਆਣਾ ਅਤੇ ਅੰਮ੍ਰਿਤਸਰ ਵਿਚ ਖੱਪ ਪਈ ਹੈ। ਸਪੀਕਰ ਸਾਹਿਬ, ਤੁਸੀਂ ਗੌਰਮਿੰਟ ਨੂੰ ਕਹੋ ਕਿ ਕੋਈ ਨਾ ਕੋਈ ਗੱਲ ਹਾਊਸ ਵਿਚ ਕਹਿਣ। ਡਾਕਟਰ ਕੇਵਲ ਕ੍ਰਿਸ਼ਨ ਜੀ ਜੋ ਕਿ ਦੂਜੇ ਨੰਬਰ ਤੇ ਹਨ, ਉਹ ਇਸ ਬਾਰੇ ਕੁਝ ਕਹਿਣ।

**ਸ਼੍ਰੀ ਸਪੀਕਰ**: ਕਾਮਰੇਡ ਰਾਜ ਕੁਮਾਰ ਜੀ, ਤੁਹਾਡੀ ਤਸੱਲੀ ਐਫ. ਐਮ. ਸਾਹਿਬ ਦੇ ਜਵਾਬ ਦੇਣ ਨਾਲ ਹੋ ਜਾਵੇਗੀ ਤਾਂ ਐਫ. ਐਮ. ਸਾਹਿਬ ਜਵਾਬ ਦੇ ਦਿੰਦੇ ਹਨ।

## Statement by the Finance Minister *Re*: Police excesses on Workers at Khanna

**Finance Minister (Doctor Kewal Krishan)**: 150 labourers are employed in 3 Steel Rolling Mills namely Guru Angad Dev, Kartar and Pritam Steel Rolling Mills respectively.

2. The minimum wage fixed by the Government w.e.f. 1st January, 1982 is Rs. 340. The labourers did not receive this minimum wage. The efforts of the Labour Inspector, Ludhiana on 17th February were not successful for getting this minimum wage for the Labourers.

3. Some labourers struck work and on 27th February, 1982 some of the labourers including women under the leadership of Shri Kuldip Singh and Shri Nahar Singh carrying some lethal weapons surrounded the mills. Timely intervention of police saved the situation from worsening.

4. 80 labourers including 18 women were apprehended u/s 107/151 Cr.P.C. 32 of the arrested workers belong to these mills. The arrested labourers were remanded to judicial custody till 4th March, 1982 by S.D.M. (Civil ) Khanna. On 4th March, 1982 all the arrested women were discharged by S.D.M. Khanna. However, Com. Nahar Singh and Kuldip

Original with;
Punjab Vidhan Sabha
Digitized by;
Panjab Digital Library

[Finance Minister]

Singh alongwith 100/150 others obstructed the traffic on G.T. Road in protest. A Case F.I.R. No. 21 dated 4th March, 1982 u/s 341/148/149/IPC P.S. Sadar Khanna was registered. The police party led by D.S.P., Khanna tried to reason with the agitators to allow smooth flow of traffic. Instead the police was attacked with lathis and brick batting.

5. The police resorted to a mild lathi-charge which failed to disperse the mob. Two rounds were fired in the air.

6. 14 policemen received minor injuries. 8 male persons and 3 women were arrested on the spot.

7. On 5th March, 1982, D.C., Ludhiana S.S.P., Ludhiana and Labour Officer, Ludhiana tried to bring about a compromise between the labourers and the mill owners but failed.

8. On 8th March 1982 all the persons arrested u/s 107/151 Cr. P.C. were got discharged and a compromise regarding payment of minimum wages was effected by the Labour Commissioner Shri Joginder Singh.

9. The decision about the following matters is still pending with the Labour Commissioner:—

(i) Of the 36 workers who were absent the mill owners are prepared to accept back 30 only.

(ii) The mill owners are not prepared to pay the labourers for the days on which they were on the strike.

10. The three women arrested on 4th March, 1982 in F.I.R. No. 21/82 PS Sadar Khanna have been discharged and 3 male persons bailed out. The case is sub-judice.

11. No policeman has been found at fault.

**Mr. Speaker :** Now next Call Attention Motion by Comrade Raj Kumar Ji.

**Points of Oorder *Re.* presence of C.I.D. Persons in the Visitors' Galleries**

**Sardar Ravi Inder Singh :** Mr. Speaker I am on a Point of Order. I would like to refer to Rule 256 of the Rules of Procedure and Conduct of Business of the Punjab Vidhan Sabha (Punjab Legislative Assembly). It refers to a Question of Privilege suddenly arising. It is written there is that "The Speaker may, if he is satisfied about the urgency of the matter, allow a question of privilege to be raised at any time during the course of a sitting. Such question shall be raised at the earliest opportunity and shall not ordinarily require notice."

ਸਪੀਕਰ ਸਾਹਿਬ, ਇਹ ਮਸਲਾ ਅੱਜ ਕਾਂਗਰਸ ਬੈਂਚਾਂ ਵਲੋਂ ਉਠਾਇਆ ਗਿਆ ਹੈ । ਆਨਰੇਬਲ ਮੈਂਬਰ ਸਾਹਿਬਾਨ ਬੜੇ ਹੀ ਐਜੀਟੇਟਿਡ ਹਨ । ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

ਇਥੇ ਹਾਊਸ ਦੀ ਉਲੰਘਣਾ ਹੋਈ ਹੈ । ਉਸ ਵੇਲੇ ਸਦਨ ਚਲ ਰਿਹਾ ਸੀ । ਇਸ ਲਈ ਜੇ ਤੁਸੀਂ ਮੁਨਾਸਿਬ ਸਮਝੋ ਤਾਂ ਇਹ ਮਸਲਾ ਬ੍ਰੀਚ ਆਫ ਪ੍ਰਿਵੇਲਿਜ ਬਣਦਾ ਹੈ। ਇਸ ਤੇ ਹਾਊਸ ਵਿਚ ਡਿਸਕਸ਼ਨ ਲਾਗੂ ਹੋਣੀ ਚਾਹੀਦੀ ਹੈ । I would like to move that it be discussed.

**Mr. Speaker :** I do not allow.

**Sardar Ravi Inder Singh :** Sir, the matter has definitely effected the privilege of the Members and of this House.

**Mr. Speaker :** I do not allow.

**ਪ੍ਰੋਫੈਸਰ ਬਲਵੰਤ ਸਿੰਘ :** ** ** **

**ਸ੍ਰੀ ਸਪੀਕਰ:** ਪ੍ਰੋਫੈਸਰ ਬਲਵੰਤ ਸਿੰਘ ਜੀ ਜੋ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ ।

**ਕਾਮਰੇਡ ਰਾਜ ਕੁਮਾਰ:** ਸਪੀਕਰ ਸਾਹਿਬ, ਤੁਹਾਡੀ ਇਸ ਮਸਲੇ ਤੇ ਰੂਲਿੰਗ ਆਈ ਹੈ ।

**Mr. Speaker :** I have given my Ruling. Please do not touch it now.

**Comrade Raj Kumar :** ** ** **

**ਸ੍ਰੀ ਸਪੀਕਰ:** ਮੈਂ ਤੁਹਾਨੂੰ ਅਲਾਓ ਨਹੀਂ ਕੀਤਾ। This is no point of order.

**ਸਰਦਾਰ ਬੀਰਦਵਿੰਦਰ ਸਿੰਘ :** ** ** **

**ਸ੍ਰੀ ਸਪੀਕਰ:** ਜਿਹੜਾ ਹਾਊਸ ਦੀ ਮਰਿਆਦਾ ਭੰਗ ਕਰੇਗਾ, ਮੈਂ ਉਸ ਨੂੰ ਅਲਾਓ ਨਹੀਂ ਕਰਾਂਗਾ । **ਕਾਲ ਅਟੈਨਸ਼ਨ ਮੋਸ਼ਨਜ਼ ।**

**ਕਾਮਰੇਡ ਰਾਜ ਕੁਮਾਰ :** ** ** **

**ਸਰਦਾਰ ਦਲੀਪ ਸਿੰਘ ਪਾਂਧੀ :** ** ** **

**ਸ੍ਰੀ ਸਪੀਕਰ:** ਜੋ ਕੁਝ ਇਹ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਏ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ:** ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਮਸਲਾ ਹੈ। ਮੈਂ ਅੱਗੇ ਵੀ ਇਸ ਸਬੰਧੀ ਬੇਨਤੀ ਕੀਤੀ ਸੀ ਕਿ ਜਿਹੜੇ ਵਿਜ਼ਿਟਰ ਗੈਲਰੀਜ਼ ਵਿਚ ਬੈਠੇ ਹਨ ਇਨ੍ਹਾਂ ਵਿਚੋਂ ਅੱਧੇ ਸੀ. ਆਈ. ਡੀ ਵਾਲੇ ਬੈਠੇ ਹਨ। ਜੇਕਰ ਇਹ ਸੀ. ਆਈ. ਡੀ. ਦੀ ਹੈਲਪ ਤੋਂ ਬਗੈਰ ਸੈਸ਼ਨ ਨਹੀਂ ਚਲਾ ਸਕਦੇ ਤਾਂ ਫਿਰ ਪਾਰਲੀਮੈਂਟਰੀ ਡੈਮੋਕਰੇਸੀ ਕੀ ਹੋਈ। ਉਸ ਦਿਨ ਜੋ ਵਾਕਿਆ ਹੋਇਆ ਉਸ ਨੂੰ ਸਾਰਿਆਂ

---

**Expunged/Not recorded as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]
ਨੇ ਇਥੇ ਵੇਖਿਆ ਔਰ ਤੁਸੀਂ ਵੀ ਆਪਣੀਆਂ ਅੱਖਾਂ ਨਾਲ ਵੇਖਿਆ। ਇਸ ਲਈ ਹਾਊਸ ਦੇ ਸਾਰੇ ਮੈਂਬਰ ਇਸ ਸਬੰਧੀ ਡਿਸਕਸ਼ਨ ਕਰਾਉਣਾ ਚਾਹੁੰਦੇ ਹਨ। ਅੱਜ ਤਕ ਕਦੇ ਵੀ ਇਸ ਤਰ੍ਹਾਂ ਨਹੀਂ ਹੋਇਆ ਕਿ ਲੇਡੀਜ਼ ਨੇ ਇਥੇ ਆਕੇ ਇਤਨਾ ਵਾਵੇਲਾ ਕੀਤਾ ਹੋਵੇ। ਇਹ ਉਦੋਂ ਇਨ੍ਹਾਂ ਨੇ ਕੀਤਾ ਜਦੋਂ ਕਿ ਲੇਡੀਜ਼ ਤੇ ਬਹੁਤ ਜ਼ਿਆਦਤੀ ਹੋਈ ਹੈ। (ਵਿਘਨ)

**ਸ੍ਰੀ ਸਪੀਕਰ :** ਮੈਂ ਉਨ੍ਹਾਂ ਲੇਡੀਜ਼ ਨੂੰ 15 ਮਿੰਟ ਆਪਣੇ ਚੈਂਬਰ ਵਿਚ ਬੁਲਾਕੇ ਸੁਣਿਆ ਹੈ। ਮੈਂ ਇੱਕ ਚੀਜ਼ ਨੂੰ ਡਿਸਅਲਾਓ ਕਰ ਬੈਠਾ ਹਾਂ। ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ।

**ਸਰਦਾਰ ਦਲੀਪ ਸਿੰਘ ਪਾਂਧੀ :** ਸਦਨ ਦੇ ਮੈਂਬਰਾਂ ਦੀ ਕਮੇਟੀ ਬਣਾਓ ਜੋ ਕਿ ਇਸ ਮਾਮਲੇ ਦੀ ਘੋਖ ਕਰੇ (ਵਿਘਨ)

**ਕਾਮਰੇਡ ਰਾਜ ਕੁਮਾਰ :** ਸਪੀਕਰ ਸਾਹਿਬ, ਤੁਸੀਂ ਸਾਨੂੰ ਐਸ਼ਿਅਰ ਕਰਾਓ ਕਿ ਤੁਸੀਂ ਇਸ ਹਾਊਸ ਨੂੰ ਆਪਣੇ ਵਾਚ ਐਂਡ ਵਾਰਡ ਸਟਾਫ ਨਾਲ ਚਲਾਉਗੇ ਔਰ ਸੀ.ਆਈ.ਡੀ. ਔਰ ਪੁਲਿਸ ਦੀ ਮਦਦ ਨਾਲ ਇਸ ਹਾਊਸ ਨੂੰ ਨਹੀਂ ਚਲਾਉਗੇ। ਜੇਕਰ ਇਸ ਤਰ੍ਹਾਂ ਦੀ ਅਸ਼ੋਰੈਂਸ ਦਿਉਗੇ ਤਾਂ ਅਸੀਂ ਬੈਠਦੇ ਹਾਂ (ਵਿਘਨ) (ਸ਼ੋਰ)

**ਵਿੱਤ ਮੰਤਰੀ :** ਸਪੀਕਰ ਸਾਹਿਬ, ਮੈਨੂੰ ਇੰਟਰਵੀਨ ਨਹੀਂ ਸੀ ਕਰਨਾ ਚਾਹੀਦਾ। ਪਰ ਕਿਉਂਕਿ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਕੁਝ ਕਿਹਾ ਗਿਆ ਹੈ ਉਸ ਮਾਮਲੇ ਬਾਰੇ ਜਿਸਨੂੰ ਤੁਸੀਂ ਖਤਮ ਕਰ ਦਿੱਤਾ ਹੈ। ਅਸਾਂ ਸਾਰੇ ਮੈਂਬਰਜ਼ ਦੋਨਾਂ ਪਾਸਿਆਂ ਦੇ ਇਸ ਹਾਊਸ ਵਿਚ ਇਸ ਕਰਕੇ ਬੈਠੇ ਹਾਂ ਤਾਕਿ ਹਾਊਸ ਦੀ ਮਰਿਆਦਾ ਭੰਗ ਨਾ ਹੋਏ ਔਰ ਇਸ ਦੀ ਡਿਗਨਿਟੀ ਡੈਕੋਰਮ ਕਾਇਮ ਰਹੇ। ਤੁਸੀਂ ਸਪੀਕਰ ਹੋ ਔਰ ਇਸ ਹਾਊਸ ਦੇ ਕਸਟੋਡੀਅਨ ਹੋ। ਇਸ ਹਾਊਸ ਦੀ ਡਿਗਨਿਟੀ ਕਾਇਮ ਰਹੇ ਔਰ ਮਰਿਆਦਾ ਭੰਗ ਨਾ ਹੋਏ, ਇਸ ਬਾਰੇ ਇੰਤਜ਼ਾਮ ਕਰਨਾ ਤੁਹਾਡਾ ਕੰਮ ਹੈ। ਇਨ੍ਹਾਂ ਗੈਲ-ਰੀਜ਼ ਵਿਚ ਬੈਠਾ ਅਗਰ ਕੋਈ ਸੱਜਣ ਸਦਨ ਵਿਚ ਇਸ਼ਤਿਹਾਰ ਸੁੱਟਦਾ ਹੈ ਜਾਂ ਕਿਸੇ ਹੋਰ ਤਰੀਕੇ ਨਾਲ ਹਾਊਸ ਦੀ ਮਰਿਆਦਾ ਭੰਗ ਕਰਦਾ ਹੈ ਤਾਂ ਫਿਰ ਇਹ ਤੁਹਾਡਾ ਕੰਮ ਹੈ ਕਿ ਤੁਸੀਂ ਵਾਚ ਐਂਡ ਵਾਰਡ ਸਟਾਫ ਨਾਲ ਉਸ ਨੂੰ ਠੀਕ ਰੱਖਣਾ ਹੈ ਔਰ ਹਾਊਸ ਦੀ ਮਰਿਆਦਾ ਭੰਗ ਨਹੀਂ ਹੋਣ ਦੇਣੀ। ਉਸ ਦਿਨ ਜੋ ਹਾਊਸ ਦੀ ਮਰਿਆਦਾ ਭੰਗ ਕਰਨ ਵਾਸਤੇ ਕੀਤਾ ਗਿਆ, ਭਾਵੇਂ ਤੁਸੀਂ ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਅਤੇ ਇਸ ਹਾਊਸ ਦੀ ਮਰਿਆਦਾ ਨੂੰ ਰੱਖਣ ਵਾਸਤੇ ਜੋ ਤੁਹਾਡੇ ਵਲੋਂ ਇੰਤਜ਼ਾਮ ਕੀਤਾ ਗਿਆ ਉਹ ਠੀਕ ਹੈ। (ਵਿਘਨ)

**ਕਾਮਰੇਡ ਰਾਜ ਕੁਮਾਰ** ** **

**ਸ੍ਰੀ ਸਪੀਕਰ :** ਇਹ ਜੋ ਕੁਝ ਬਗੈਰ ਪਰਮਿਸ਼ਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਏ।

**ਕਾਮਰੇਡ ਰਾਜ ਕੁਮਾਰ :** ਤੁਸੀਂ ਸਾਨੂੰ ਐਸ਼ੋਅਰ ਕਰਾਓ ਕਿ ਹਾਊਸ ਨੂੰ ਤੁਸੀਂ ਵਾਚ ਐਂਡ ਵਾਰਡ ਸਟਾਫ ਨਾਲ ਮੈਨੇਜ ਕਰੋਗੇ ਔਰ ਸੀ.ਆਈ.ਡੀ. ਪੁਲਿਸ ਨਾਲ ਇਸ ਨੂੰ ਮੈਨੇਜ ਨਹੀਂ ਕਰੋਗੇ। (ਵਿਘਨ) (ਸ਼ੋਰ)

**ਸਰਦਾਰ ਰਵੀਇੰਦਰ ਸਿੰਘ :** ਸਪੀਕਰ ਸਾਹਿਬ, ਮੈਨੂੰ ਤੁਸੀਂ ਸੁਣੋ ਮੈਂ ਰੂਲਜ਼ ਤੋਂ ਬਾਹਰ ਕੋਈ ਗਲ ਨਹੀਂ ਕਰਾਂਗਾ। (ਵਿਘਨ)

---

**Not reoorded as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਆਪਣੀ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ। ਉਹ ਸਾਡੇ ਆਦਮੀ ਸਨ।

**ਆਵਾਜ਼ਾਂ** : ਉਹ ਸੀ.ਆਈ.ਡੀ. ਦੇ ਬੰਦੇ ਸਨ। (ਸ਼ੋਰ) (ਵਿਘਨ)

**ਸਰਦਾਰ ਰਵੀ ਇੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ।

## WALK-OUT

**ਕਾਮਰੇਡ ਰਾਜ ਕੁਮਾਰ** : ਅਗੇ ਤੋਂ ਸੀ.ਆਈ.ਡੀ. ਗੈਲਰੀਜ਼ ਨੂੰ ਮੈਨੇਜ ਨਹੀਂ ਕਰੇਗੀ, ਇਸ ਬਾਰੇ ਤੁਸੀਂ ਸਾਨੂੰ ਐਸ਼ੋਰੈਂਸ ਨਹੀਂ ਦਿੰਦੇ ਔਰ ਨਾ ਹੀ ਇਸ ਬਾਰੇ ਡਿਸਕਸ਼ਨ ਅਲਾਓ ਕਰਦੇ ਹੋ, ਇਸ ਲਈ ਅਸੀਂ ਐਜ਼ ਏ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸੀ.ਪੀ.ਆਈ. ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਵਾਕ-ਆਊਟ ਕਰ ਗਏ।)

**ਮਾਸਟਰ ਚੰਦ ਸਿੰਘ** : ਅਸੀਂ ਵੀ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦੇ ਹਾਂ।

[ਇਸ ਸਮੇਂ ਸੀ. ਪੀ. ਆਈ. (ਐਮ.) ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ, ਸਿਵਾਏ ਪ੍ਰੋਫੈਸਰ ਬਲਵੰਤ ਸਿੰਘ ਦੇ, ਵਾਕ-ਆਊਟ ਕਰ ਗਏ।]

**ਸਰਦਾਰ ਰਵੀ ਇੰਦਰ ਸਿੰਘ** : ਡਾਕਟਰ ਕੇਵਲ ਕ੍ਰਿਸ਼ਨ ਨੂੰ ਤੁਸੀਂ ਬੋਲਣ ਦੀ ਇਜਾਜ਼ਤ ਦੇ ਦਿਤੀ ਔਰ ਮੈਨੂੰ ਉਸੇ ਇਸ਼ੂ ਤੇ ਤੁਸੀਂ ਚੁੱਪ ਕਰਾ ਦਿੱਤਾ, ਇਹ ਠੀਕ ਨਹੀਂ ਹੈ। ਮੈਂ ਬੇਨਤੀ ਕੀਤੀ ਹੈ ਕਿ ਇਸ ਹਾਊਸ ਦੀ ਮਰਿਆਦਾ ਭੰਗ ਹੋਈ ਹੈ। ਇਹ ਚੀਜ਼ ਸਾਰੇ ਮੈਂਬਰਾਂ ਨੇ ਵੇਖੀ ਹੈ। ਤੁਸੀਂ ਵੀ ਦੇਖੀ ਹੈ। ਜੇਕਰ ਭੰਗ ਹੋਈ ਹੈ ਤਾਂ ਫਿਰ ਤੁਸੀਂ ਇਸ ਤੇ ਡਿਸਕਸ਼ਨ ਅਲਾਓ ਕਿਉਂ ਨਹੀਂ ਕਰਦੇ। ਤੁਸੀਂ ਬਲੈਂਕਿਟ ਕਹਿ ਦਿੰਦੇ ਹੋ ਕਿ ਮੈਂ ਅਲਾਓ ਨਹੀਂ ਕਰਦਾ। ਮੈਂ ਰੂਲ 256 ਦੀ ਗੱਲ ਕਰ ਰਿਹਾ ਹਾਂ। ਅਗਰ ਤੁਸੀਂ ਇਹ ਕਹੋ ਕਿ ਮਗਰੋਂ ਚੈਂਬਰ ਵਿਚ ਆਕੇ ਗਲ ਕਰ ਲਓ ਤਾਂ ਮੈਂ ਤਿਆਰ ਹਾਂ।

**ਸ੍ਰੀ ਸਪੀਕਰ** : ਇਸ ਵਿਚ ਕੋਈ ਪ੍ਰਿਵਲਿਜ ਵਾਲੀ ਗਲ ਨਹੀਂ ਹੈ। (ਵਿਘਨ)

**ਸਰਦਾਰ ਰਵੀ ਇੰਦਰ ਸਿੰਘ** : ਮੈਂ ਸਟਰਾਂਗਲੀ ਪ੍ਰੋਟੈਸਟ ਕਰਦਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਐਨਾ ਇਪਾਰਟੈਂਟ ਮਸਲਾ ਹੈ ਕਿ ਤੁਹਾਡੇ ਸਾਹਮਣੇ ਟਰੈਜ਼ਰੀ ਬੈਂਚਿਜ਼ ਤੋਂ ਵੀ ਬਹੁਤ ਆਵਾਜ਼ਾਂ ਉਠੀਆਂ ਹਨ ਅਤੇ ਸਾਡੇ ਵਲੋਂ ਵੀ ਆਵਾਜ਼ਾਂ ਉਠੀਆਂ ਹਨ। ਜੇ ਤੁਸੀਂ ਇਸ ਮਸਲੇ ਨੂੰ ਇਥੇ ਡਿਸਕਸ ਨਹੀਂ ਕਰਨਾ ਚਾਹੁੰਦੇ ਤਾਂ ਤੁਸੀਂ ਸਾਰੀ ਆਪੋਜ਼ੀਸ਼ਨ ਨੂੰ ਆਪਣੇ ਚੈਂਬਰ ਵਿਚ ਬੁਲਾਕੇ ਉਥੇ ਡਿਸਕੱਸ ਕਰ ਲਵੋ। ਅਸੀਂ ਉਥੇ ਡਿਸਕੱਸ ਕਰ ਲਵਾਂਗੇ।

**Mr. Speaker** : You are most welcome.

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਕਦੋਂ ਆਈਏ ਜੀ ?

**ਸ੍ਰੀ ਸਪੀਕਰ** : ਤੁਸੀਂ ਘੰਟੇ ਜਾਂ ਡੇਢ ਘੰਟੇ ਤੱਕ ਮੇਰੇ ਚੈਂਬਰ ਵਿਚ ਆ ਜਾਣਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਠੀਕ ਹੈ ਜੀ।

**ਡਾਕਟਰ ਭਗਤ ਸਿੰਘ** : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**Mr. Speaker :** This is no point of order.

## CALL ATTENTION NOTICES UNDER RULE 66

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸਪੀਕਰ ਸਾਹਿਬ, ਤੁਹਾਨੂੰ ਸ਼ਾਇਦ ਪਤਾ ਨਹੀਂ ਲਗਾ ਟਰੇਜ਼ਰੀ ਬੈਂਚਿਜ਼ ਦੇ ਇਕ ਆਨਰੇਬਲ ਮੈਂਬਰ ਟੇਬਲ ਤੇ ਅਖਬਾਰ ਰੱਖ ਗਏ ਹਨ। ਕੀ ਉਹ ਤੁਹਾਡੀ ਪਰਮਿਸ਼ਨ ਨਾਲ ਰਖ ਗਏ ਹਨ ?

**ਸ੍ਰੀ ਸਪੀਕਰ** : ਨਹੀਂ ਜੀ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਤੁਹਾਡੀ ਇਸ ਬਾਰੇ ਰੂਲਿੰਗ ਨਹੀਂ ਆਈ।

**Mr. Speaker :** That does not form part of the proceedings.

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਜਿਹੜੀ ਕਾਮਰੇਡ ਰਾਜ ਕੁਮਾਰ ਨੇ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ, ਉਸ ਵਿਚ ਮੇਰਾ ਨਾਮ ਵੀ ਸੀ। ਉਹ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋਈ ਹੈ।

**ਸ੍ਰੀ ਸਪੀਕਰ** : ਤੁਸੀਂ ਬੈਠੋ। I am doing it ਮਾਸਟਰ ਦਲੀਪ ਚੰਦ ਜੀ, ਤੁਸੀਂ ਕਾਲ ਅਟੈਨਸ਼ਨ ਮੋਸ਼ਨ ਪੜ੍ਹੋ।

(ਕ੍ਰਮ ਨੰ: 61)

**ਮਾਸਟਰ ਦਲੀਪ ਚੰਦ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਮੇਰੇ ਹਲਕੇ ਬਲਾਚੌਰ ਬੇਟ ਦੇ ਇਨ੍ਹਾਂ ਪਿੰਡਾਂ ਅਮੀਆਂ ਚਾਹਲ, ਤਾਜੋ-ਵਾਲ, ਕੁਹਰ, ਗੁੜ੍ਹਕਾ, ਖਦਆਣਿਆਂ, ਧਬਾਲੀ, ਮੁਤੋਂ, ਮਨੇਵਾਲ, ਪਰਾਗਪੁਰ ਵਿਚ ਲੋਕਾਂ ਦੇ ਖੇਤਾਂ ਵਿਚ ਖੱਡਾਂ ਤੇ ਚੋਆਂ ਦਾ ਪਾਣੀ ਦੋ ਦੋ ਫੁੱਟ ਖੜ੍ਹਾ ਹੈ। ਲੋਕਾਂ ਦੀ ਫਸਲ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਲੋਕਾਂ ਵਿਚ ਬਹੁਤ ਘਬਰਾਹਟ ਅਤੇ ਪਰੇਸ਼ਾਨੀ ਪਾਈ ਜਾਂਦੀ ਹੈ। ਕਿਰਪਾ ਕਰਕੇ ਸਰਕਾਰ ਸਦਨ ਵਿਚ ਜਵਾਬ ਦੇਣ ਦੀ ਕ੍ਰਿਪਾਲਤਾ ਕਰੇ।

**ਚੌਧਰੀ ਕਾਂਸ਼ੀ ਰਾਮ** (ਖੇਤੀਬਾੜੀ ਅਤੇ ਸਿੰਜਾਈ ਮੰਤਰੀ) : ਬਹੁਤ ਸਾਰੇ ਚੋਅ ਸ਼ਿਵਾਲਕ ਦੀਆਂ ਪਹਾੜੀਆਂ ਵਿਚੋਂ ਨਿਕਲ ਕੇ ਬਿਸਤ ਦੁਆਬ ਨੂੰ ਪਾਰ ਕਰਕੇ ਸਤਲੁਜ ਦਰਿਆ ਦੇ ਬੇਟ ਦੇ ਇਲਾਕੇ ਜੋ ਕਿ ਬਲਾਚੌਰ ਵਿਧਾਨ ਸਭਾ ਚੋਣ ਹਲਕੇ ਵਿਚ ਆਉਂਦੇ ਹਨ, ਵਲ ਲਗਦੇ ਹਨ। ਬਿਸਤ ਦੁਆਬ ਨਹਿਰ ਨੂੰ ਪਾਰ ਕਰਕੇ ਇਨ੍ਹਾਂ ਚੋਆਂ ਦਾ ਕੋਈ ਮਿਥਿਆ ਹੋਇਆ ਰਸਤਾ ਨਹੀਂ ਹੈ। ਇਨ੍ਹਾਂ ਚੋਆਂ ਦਾ ਪਾਣੀ ਬੇਟ ਏਰੀਏ ਦੇ ਸਾਰੇ ਨੀਵੇਂ ਇਲਾਕੇ ਵਿਚ ਫੈਲ ਜਾਂਦਾ ਹੈ ਜੋ ਕਿ ਸਤਲੁਜ ਦਰਿਆ ਦੇ ਪਹਿਲੇ ਹੜ੍ਹ ਮਾਰੂ ਇਲਾਕੇ ਵਿਚ ਸੀ ਅਤੇ ਇਹ ਬਿਸਤ ਦੁਆਬ ਨਹਿਰ ਅਤੇ ਦਰਿਆ ਦੇ ਵਿਚਕਾਰ ਹੈ। ਲਗਾਤਾਰ ਬਾਰਸ਼ਾਂ ਪੈਣ ਕਾਰਨ ਪਾਣੀ ਇਨ੍ਹਾਂ ਨੀਵਿਆਂ ਇਲਾਕਿਆਂ ਵਿਚ ਖੜ੍ਹਾ ਹੋ ਜਾਂਦਾ ਹੈ। ਇਸ ਸਮੱਸਿਆ ਦੇ ਦੀਰਘ-ਕਾਲੀ ਹਲ ਲਈ ਮਹਿਮੂਦਪੁਰ ਡਰੇਨ ਪੁੱਟੀ ਜਾ ਰਹੀ ਹੈ।

**ਮਾਸਟਰ ਦਲੀਪ ਚੰਦ** : ਹਰ ਸਾਲ ਬੇਟ ਏਰੀਏ ਵਿਚ ਖੱਡਾਂ ਅਤੇ ਚੋਆਂ ਦੇ ਪਾਣੀ ਨਾਲ ਲੋਕਾਂ ਦੀ ਫਸਲ ਦਾ ਬਹੁਤ ਨੁਕਸਾਨ ਹੁੰਦਾ ਹੈ। ਵਜ਼ੀਰ ਸਾਹਿਬ ਨੇ ਮਹਿਮੂਦਪੁਰ ਡਰੇਨ ਦਾ ਜ਼ਿਕਰ ਕੀਤਾ ਹੈ। ਇਹ ਡਰੇਨ 6 ਕਿਲੋਮੀਟਰ ਨਿਕਲ ਚੁੱਕੀ ਹੈ ਅਤੇ ਦੋ ਕਿਲੋਮੀਟਰ ਹਾਲਾਂ ਬਕਾਇਆ ਹੈ। ਦੋ ਸਾਲ ਉਸ ਦਾ ਕੰਮ ਰੁਕਿਆ ਰਿਹਾ ਸੀ। ਹੁਣ ਜ਼ਮੀਨ ਐਕੁਆਇਰ ਹੋ ਚੁੱਕੀ ਹੈ ਪਰ ਡਰੇਨ ਉਥੇ ਖੜ੍ਹੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਦੋ ਕਿਲੋਮੀਟਰ ਮੁਕੰਮਲ ਹੋ ਜਾਵੇ ਅਤੇ ਇਸ

Original with;
Punjab Vidhan Sabha
Digitized by;
Panjab Digital Library

ਤਰ੍ਹਾਂ ਸਾਰੀ ਡਰੇਨ 6 ਕਿਲੋਮੀਟਰ ਬਣਨ ਨਾਲ ਸਾਰੇ ਚੋਅ ਉਸ ਵਿਚ ਜਾ ਸਕਦੇ ਹਨ ਅਤੇ ਫਿਰ ਬੇਟ ਏਰੀਆ ਸਾਰਾ ਬਚ ਸਕਦਾ ਹੈ।

**ਮੰਤਰੀ** : ਸਪੀਕਰ ਸਾਹਿਬ, ਉਹੀ ਗਲ ਮੈਂ ਆਖੀ ਹੈ ਜਿਹੜੀ ਆਨਰੇਬਲ ਮੈਂਬਰ ਨੇ ਕਹੀ ਹੈ। ਉਥੇ ਕਿਸੇ ਨੇ ਸਟੇਅ ਲਿਆ ਹੋਇਆ ਸੀ। ਉਸ ਦੇ ਸੈਕਸ਼ਨ 4, 6 ਅਤੇ 7 ਥੱਲੇ ਅਸੀਂ ਪੈਸੇ ਦੇ ਦਿਆਂਗੇ ਅਤੇ ਉਹ ਡਰੇਨ ਪੁੱਟ ਦਿਆਂਗੇ।

(*Serial No.* 65)

**Shri Gopal Krishan Chatrath** : Sir, I beg to draw the attention of the Government towards a matter of public importance, namely, the increase in the electricity rates for the domestic consumption in the State. There is a great resentment among the people of the State on this account for no parity with the adjoining State has been kept in view while making the increase in the electricity rates of the domestic consumption. In fact, the domestic consumption rates of electricity are the highest in the State with the increased rates. The present rate in the State is 78 paise per unit whereas in the adjoining State of Haryana, Himachal Pradesh and Delhi, it is between 37 paise to 43 paise per unit. Further, this is seven times more than the lowest tariff rate which is 11 paise per unit in the case of Agriculture. The Government may be asked to make a statement.

**Finance Minister (Doctor Kewal Krishan)** : Sir, the revised domestic supply tariff for electricity effective from 1st July, 1981 has not affected the consumers belonging to weaker sections of society which consume electricity upto 25 units per month. The rate including electricity duty chargeable from such consumers is only 42 paise per unit as before.

2. Thus about 65 per cent consumers who consume electricity up to 25 units per month have not been affected by the revision. Only about 15 per cent consumers consuming electricity more than 100 units per month have to pay at the rate of 78 paise per unit. The Punjab State Electricity Board has not touched the poorer section of society at all while revising the tariff and has increased the tariff only in the case of a small minority of consumers belonging to the higher income brackets.

3. Ascending tariff structure has been now adopted in the State whereby consumers consuming more electricity will have to pay more. This has been done to conserve energy which is otherwise in short supply. Andhra Pradesh, Maharashtra, Delhi and Bihar also have adopted ascending tariff for domestic consumption. After the present revision, the rates of the highest slab are no doubt higher than the neighbouring States but the increase has been effected after a very long time. The last such revision was effected during the year 1975. In the last six years, there has been a tremendous increase in the cost of power generation due to increase of cost of fuel and equipment and administrative expenses which include higher pay and dearness allowances. Hence the revision in tariff was effected in July, 1981, to meet this increased cost of generation of electricity.

4. In the case of agriculture, mainly the flat rate is charged from the consumers throughout the year even though they consume lesser electricity during the rainy season. Even in the case of metered supply to agriculture, P.S.E.B. charges 19 paise per unit out of which Government gives a subsidy

Original with;
Punjab Vidhan Sabha
Digitized by;
Panjab Digital Library

[Finance Minister]
of 6.5 paise per unit. Rates of Agricultural Sector have been kept low deliberately due to a conscious policy decision of the Government to encourage foodgrain production, because Punjab contributes the maximum to the National Food Basket about more than 50%.

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਲੈਰੀਫੀਕੇਸ਼ਨ ਲੈਣੀ ਚਾਹੁੰਦਾ ਹਾਂ। ਇਨ੍ਹਾਂ ਨੇ ਦਸਿਆ ਹੈ ਕਿ 15% ਲੋਕਸੌ ਯੂਨਿਟ ਤੋਂ ਵੱਧ ਕਨਜ਼ਿਊਮ ਕਰਦੇ ਹਨ। ਸਪੀਕਰ ਸਾਹਿਬ, ਮੈਂ ਕਾਹਿੰਦਾ ਹਾਂ ਕਿ 25 ਯੂਨਿਟ ਵਾਲਿਆਂ ਤੋਂ ਵਧ ਪੈਸੇ ਲੈਂਦੇ ਹਨ ਕਿਉਂਕਿ ਅੱਜ ਜੇ ਕੋਈ ਆਦਮੀ ਪੱਖਾ ਵੀ ਲਾ ਲਵੇ ਤਾਂ 25 ਯੂਨਿਟ ਉਸ ਦਾ ਖਰਚ ਆ ਜਾਂਦਾ ਹੈ। ਮੀਟਰ ਤੇਜ਼ ਚਲਦੇ ਹਨ ਕਿਉਂਕਿ ਮੀਟਰ ਖਰਾਬ ਹਨ। ਦੋ-ਦੋ ਮਹੀਨੇ ਬਾਅਦ ਮੀਟਰ ਰੀਡਿੰਗ ਲੈਂਦੇ ਹਨ। ਜਦੋਂ ਉਹ ਰੀਡਿੰਗ ਲੈਂਦੇ ਹਨ ਤਾਂ ਪਹਿਲੇ ਮਹੀਨੇ 5 ਯੂਨਿਟ ਦੀ ਲੈਂਦੇ ਹਨ ਅਤੇ ਅਗਲੇ ਮਹੀਨੇ ਸੌ ਯੂਨਿਟ ਵਿਖਾ ਦਿੰਦੇ ਹਨ। ਪਰ ਰਿਆਇਤ 25 ਯੂਨਿਟ ਤੱਕ ਹੈ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਰਿਆਇਤ ਨੂੰ ਸੌ ਯੂਨਿਟ ਤੱਕ ਕਰਨ ਨੂੰ ਤਿਆਰ ਹਨ ? ਦੂਜਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਾਕੀ ਸਟੇਟਾਂ ਵਿਚ 43 ਪੈਸੇ ਦੇ ਹਿਸਾਬ ਨਾਲ ਲੈਂਦੇ ਹਨ ਇਥੇ ਪੰਜਾਬ ਵਿਚ ਵੀ ਇਸੇ ਤਰ੍ਹਾਂ ਕਰ ਦੇਣ।

**ਸ੍ਰੀ ਸਪੀਕਰ** : ਪਰ ਦਿੱਲੀ ਵਿਚ 30 ਪੈਸੇ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਇਹ ਗੰਭੀਰ ਮਸਲਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਤਿਆਰ ਹਨ ਕਿ ਹਾਊਸ ਦੀ ਇਕ ਛੋਟੀ ਜਿਹੀ ਕਮੇਟੀ ਬਣਾ ਦੇਣ ਜਿਹੜੀ ਇਸ ਮਸਲੇ ਤੇ ਵਿਚਾਰ ਕਰੇ। ਬੱਸਾਂ ਦਾ ਕਿਰਾਇਆ ਵਧਿਆ ਸੀ ਤਾਂ ਉਸ ਉਤੇ ਕਮੇਟੀ ਬਣੀ ਸੀ ਅਤੇ ਉਸ ਉਤੇ ਵਿਚਾਰ ਕਰਕੇ ਕੁਝ ਕਿਰਾਇਆ ਘਟਾਇਆ ਸੀ। ਇਸ ਲਈ ਮੈਂ ਕਹਾਂਗਾ ਕਿ ਕੀ ਇਹ ਇਸ ਮਸਲੇ ਬਾਰੇ ਵੀ ਹਾਊਸ ਦੀ ਛੋਟੀ ਜਿਹੀ ਕਮੇਟੀ ਬਣਾਉਣ ਨੂੰ ਤਿਆਰ ਹਨ ਜਿਹੜੀ ਇਸ ਉਤੇ ਵਿਚਾਰ ਕਰਕੇ ਸੁਝਾਓ ਦੇਵੇ। ਇਸ ਮਸਲੇ ਉਤੇ ਮੈਂ ਇਹੀ ਦੋ ਤਿੰਨ ਗੱਲਾਂ ਦੀ ਕਲੈਰੀਫੀਕੇਸ਼ਨ ਲੈਣਾ ਚਾਹੁੰਦਾ ਹਾਂ।

**ਵਿੱਤ ਮੰਤਰੀ** : ਸਪੀਕਰ ਸਾਹਿਬ, ਸਵਾਲ ਤਾਂ ਇਕੋ ਹੀ ਕੀਤਾ ਜਾ ਸਕਦਾ ਹੈ ਲੇਕਿਨ ਜੋ ਚੱਤਰਥ ਸਾਹਿਬ ਨੇ ਕਿਹਾ ਹੈ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਮੈਂ ਦੇਣ ਦੀ ਕੋਸ਼ਿਸ਼ ਕਰਾਂਗਾ। ਸਭ ਤੋਂ ਪਹਿਲਾਂ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਡੋਮੈਸਟਿਕ ਕੰਜ਼ਿਊਮਰ ਜਿਹੜੇ 25 ਯੂਨਿਟ ਤੱਕ ਬਿਜਲੀ ਇਸਤੇਮਾਲ ਕਰਦੇ ਹਨ ਉਹ ਸਾਰੇ ਕੰਜ਼ਿਊਮਰਜ਼ ਦਾ 65% ਹੈ। ਟੋਟਲ ਕੰਜ਼ਿਊਮਰ ਜਿਹੜੇ ਡੋਮੈਸਟਿਕ ਸਾਰੇ ਪੰਜਾਬ ਵਿੱਚ ਹਨ ਉਹ 9 ਲੱਖ ਹਨ ਅਤੇ ਉਸ 9 ਲੱਖ ਦਾ 65% ਤੁਸੀਂ ਲਗਾ ਕੇ ਦੇਖੋ ਤਾਂ ਆਪ ਨੂੰ ਪਤਾ ਲਗੇਗਾ ਕਿ ਇਹ ਪੰਜ ਲਖ ਤੋਂ ਉਪਰ ਕੋਈ ਛੇ ਲੱਖ ਦੇ ਕਰੀਬ ਬਣਦਾ ਹੈ। ਜਿਹੜਾ ਸੋਸਾਇਟੀ ਦਾ ਵੱਡਾ ਸੈਕਸ਼ਨ ਹੈ ਪੰਜਾਬ ਵਿੱਚ ਉਹ 25 ਯੂਨਿਟ ਤੱਕ ਬਿਜਲੀ ਇਸਤੇਮਾਲ ਕਰਦਾ ਹੈ ਅਤੇ ਉਸ ਦੇ ਵਿੱਚ 3600 ਰੁਪਏ ਸਾਲਾਨਾ ਤੋਂ ਵੱਧ ਇਨਕਮ ਵਾਲੇ ਲੋਕ ਵੀ ਹਨ ਜਿਹੜੇ 25 ਯੂਨਿਟ ਤੋਂ ਵੱਧ ਬਿਜਲੀ ਇਸਤੇਮਾਲ ਨਹੀਂ ਕਰਦੇ। ਇਸ ਲਈ 65% ਲੋਕ ਇਸ ਦੇ ਵਿੱਚ ਆਉਂਦੇ ਹਨ। ਗਰੀਬ ਆਦਮੀ ਜੋ ਹੈ ਉਹ ਆਪਣੀ ਨਸੈਸਟੀ ਦੇ ਮੁਤਾਬਿਕ ਬਿਜਲੀ ਵਰਤਦਾ ਹੈ ਪਰ ਜੋ ਅਮੀਰ ਆਦਮੀ ਹੈ ਉਹ ਲਗਜ਼ਰੀ ਦੇ ਤੌਰ ਤੇ ਬਿਜਲੀ ਇਸਤੇਮਾਲ ਕਰਦਾ ਹੈ। ਉਹ ਟੀ.ਵੀ. ਚਲਾਉਂਦਾ ਹੈ, ਪ੍ਰੈਸ ਬਿਜਲੀ ਨਾਲ ਲਗਾਉਂਦਾ ਹੈ, ਕਪੜੇ ਵੀ ਬਿਜਲੀ ਦੀ ਕਪੜੇ ਧੋਣ ਵਾਲੀ ਮਸ਼ੀਨ ਨਾਲ ਧੋਂਦਾ ਹੈ ਅਤੇ ਹੋਰ ਕਈ ਪ੍ਰਕਾਰ ਬਿਜਲੀ ਦਾ ਇਸਤੇਮਾਲ ਕਰਦਾ ਹੈ। ਅਗਰ ਅਮੀਰ ਆਦਮੀ 100 ਯੂਨਿਟਸ ਤੋਂ ਵੱਧ ਬਿਜਲੀ ਇਸਤੇਮਾਲ ਕਰਦੇ ਹਨ ਅਤੇ ਇਹ ਜਿਹੜੇ ਵੱਡੇ ਲੋਕ ਹਨ

Original with;
Punjab Vidhan Sabha
Digitized by;
Panjab Digital Library

ਉਹ 15% ਹਨ ਅਤੇ ਉਨ੍ਹਾਂ ਵਾਸਤੇ ਮੈਂ ਸਮਝਦਾ ਹਾਂ ਕਿ ਰੇਟ ਠੀਕ ਅਤੇ ਮੁਨਾਸਿਬ ਹੈ। ਇਲੈਕਟ੍ਰੀਸਿਟੀ ਬੋਰਡ ਨੇ ਗਰੀਬਾਂ ਨੂੰ ਸਹੂਲਤ ਦੇਣ ਵਾਸਤੇ ਔਰ ਕਾਸ਼ਤਕਾਰਾਂ ਨੂੰ ਜਿਹੜੇ ਕਿ ਇਸ ਸਟੇਟ ਦੀ ਬੈਕ ਬੋਨਜ਼ ਹਨ, ਰੀੜ ਦੀ ਹੱਡੀ ਹਨ ਉਨ੍ਹਾਂ ਨੂੰ ਸਬਸੇਡਾਈਜ਼ਡ ਰੇਟਸ ਤੇ ਬਿਜਲੀ ਦੇ ਰਿਹਾ ਹੈ ਤਾਕਿ ਉਹ ਆਪਣੀ ਨੇਸ਼ਨ ਦੀ ਸੇਵਾ ਕਰ ਸਕੇ। ਮੈਂ ਸਮਝਦਾ ਹਾਂ ਕਿ ਇਹ ਕੋਈ ਮਾੜੀ ਗਲ ਨਹੀਂ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚੱਤਰਥ** : ਸਪੀਕਰ ਸਾਹਿਬ, ਜਿਹੜੀ ਸੁਜੈਸ਼ਨ ਮੈਂ ਦਿਤੀ ਹੈ ਉਸ ਦਾ ਜਵਾਬ ਫਾਈਨਾਂਸ ਮਨਿਸਟਰ ਸਾਹਿਬ ਨੇ ਨਹੀਂ ਦਿੱਤਾ। ਕੀ ਇਨ੍ਹਾਂ ਨੇ 35% ਨੂੰ ਮਾਰ ਦੇਣਾ ਹੈ? ਵਡੇ ਤਾਂ ਇਹ ਕਹਿੰਦੇ ਹਨ ਕਿ 15% ਹਨ ਪਰ ਕੀ ਇਹ 20% ਨੂੰ ਮਾਰਨਾ ਚਾਹੁੰਦੇ ਹਨ? ਕੀ ਇਸ ਦੇ ਲਈ ਕੋਈ ਕਮੇਟੀ ਬਣਾਉਣ ਦੇ ਲਈ ਤਿਆਰ ਹਨ? ਇਸ ਬਾਰੇ ਦੱਸ ਦੇਣ?

**Finance Minister** : No need of forming any committee for this.

(*Serial No.* 60) *

1. **Comrade Raj Kumar**
2. **Comrade Sarwan Singh**
3. **Comrade Sohan Singh**
4. **Comrade Buta Singh**
5. **Comrade Amar Singh**
6. **Comrade Saghar Singh**
7. **Comrade Baldev Singh Loomba**
8. **Comrade Chand Singh**
9. **Comrade Balwant Singh**
10. **Shri Khushhal Chand**
11. **Comrade Darshan Singh Jhabal**
12. **Smt. Satwant Kaur**
13. **Doctor Bhagat Singh**

} Sir, I beg

to draw the attention of the Government towards a matter of urgent public importance, namely, private transport employees all over the State are agitated over failure of the State Government to get implemented minimum wages in respect of drivers/conductors and other categories of workers. A relay Dharna engaged in that establishments outside State Transport Office is in progress. In view of the large resentment/unrest on this account, the Minister concerned be asked to make a statement in this House.

**ਸਰਦਾਰ ਬੀਰਦਵਿੰਦਰ ਸਿੰਘ** : ** **

**Sardar Ravi Inder Singh** : He has the right.

**ਸ੍ਰੀ ਸਪੀਕਰ** : ਤੁਸੀਂ ਜੋ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਹੈ, ਉਹ ਮੈਂ ਓਵਰ ਰੂਲ ਕਰਦਾ ਹਾਂ। ਸਰਦਾਰ ਬਲਵੰਤ ਸਿੰਘ ਜੀ ਨੇ ਵੀ ਉਠ ਕੇ ਕਿਹਾ ਸੀ ਪਰ ਇਨ੍ਹਾਂ ਨੂੰ ਕਾਲ ਅਟੈਂਨ ਕਰਨ ਤੋਂ ਪਹਿਲਾਂ ਇਨ੍ਹਾਂ ਦਾ ਨਾਮ ਇਸ ਦੇ ਵਿਚ ਮੈਂ ਦੇਖਣਾ ਚਾਹੁੰਦਾ ਸੀ। ਸਰਦਾਰ ਬਲਵੰਤ ਸਿੰਘ ਵੀ ਇਸ ਦੇ ਵਿਚ ਸਿਗਨੇਟਰੀ ਹਨ। So this call attention was allowed. (*noise*)

*Read in Punjabi.

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਭਲਾਈ ਅਤੇ ਕਿਰਤ ਮੰਤਰੀ** (ਚੌਧਰੀ ਜਗਤ ਰਾਮ) : ਸਪੀਕਰ ਸਾਹਿਬ, ਪੰਜਾਬ ਵਿਚ ਪਬਲਿਕ ਮੋਟਰ ਟਰਾਂਸਪੋਰਟ ਵਰਕਰਜ਼ ਦੀਆਂ ਘਟੋ ਘੱਟ ਉਜ਼ਰਤਾਂ 1 ਜਨਵਰੀ, 1982 ਤੋਂ ਸੋਧੀਆਂ ਗਈਆਂ ਸਨ। ਇਸ ਅਨੁਸਾਰ ਪਹਿਲੀ ਅਦਾਇਗੀ ਸੋਧੀਆਂ ਹੋਈਆਂ ਉਜ਼ਰਤਾਂ ਦੇ ਆਧਾਰ ਤੇ 7 ਫਰਵਰੀ, 1982 ਤਕ ਕਰਨੀ ਬਣਦੀ ਸੀ। 24 ਫਰਵਰੀ, 1982 ਨੂੰ ਪੰਜਾਬ ਰੋਡ ਵਰਾਂਸਪੋਰਟ ਵਰਕਰਜ਼ ਫੈਡਰੇਸ਼ਨ ਦੇ ਮੈਂਬਰਾਂ ਨੇ ਕਿਰਤ ਕਮਿਸ਼ਨਰ, ਪੰਜਾਬ, ਦੇ ਦਫਤਰ ਦੇ ਅੱਗੇ ਧਰਨਾ ਅਤੇ ਲੜੀਵਾਰ ਭੁੱਖ ਹੜ-ਤਾਲ ਸ਼ੁਰੂ ਕੀਤੀ। ਉਨ੍ਹਾਂ ਨੂੰ ਉਸੇ ਦਿਨ ਹੀ ਕਿਰਤ ਕਮਿਸ਼ਨਰ ਨੇ ਵਿਚਾਰ ਵਟਾਂਦਰੇ ਲਈ ਸੱਦਾ ਦਿੱਤਾ। ਤਕਰੀਬਨ ਹਰ ਰੋਜ਼ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮਿਤੀ 5 ਮਾਰਚ, 1982 ਤੋਂ ਧਰਨਾ ਉਠਾ ਲਿਆ ਗਿਆ ਅਤੇ ਲੜੀਵਾਰ ਭੁੱਖ ਹੜਤਾਲ ਸਮਾਪਤ ਹੋ ਗਈ।

2. ਫੀਲਡ ਤੋਂ ਪ੍ਰਾਪਤ ਹੋਈਆਂ ਰਿਪੋਰਟਾਂ ਅਨੁਸਾਰ ਵੱਡੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਵਿਚੋਂ ਬਹੁਤ ਸਾਰੀਆਂ ਨੇ ਉਜ਼ਰਤਾਂ ਵਿੱਚ ਸੋਧੇ ਹੋਏ ਦਰਾਂ ਨੂੰ ਲਾਗੂ ਕਰ ਦਿੱਤਾ ਹੈ। ਸਾਰਿਆਂ ਟਰਾਂਸਪੋਰਟ ਅਦਾਰਿਆਂ ਵਿੱਚ ਮੁਕੰਮਲ ਤੌਰ ਤੇ ਇਨ੍ਹਾਂ ਸੋਧੇ ਹੋਏ ਦਰਾਂ ਨੂੰ ਲਾਗੂ ਕਰਨ ਲਈ ਕਿਰਤ ਅਫ਼ਸਰ ਅਤੇ ਕਿਰਤ ਇਨਸਪੈਕਟਰ ਗ੍ਰੇਡ-1 ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਉਹ ਇਨ੍ਹਾਂ ਦੇ ਦਫਤਰਾਂ ਦੀ ਇਨਸਪੈਕਸ਼ਨ ਕਰਨ। ਉਨ੍ਹਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਹੈ ਕਿ ਉਨ੍ਹਾਂ ਟਰਾਂਸਪੋਰਟ ਅਦਾਰਿਆਂ ਦੇ ਪ੍ਰਬੰਧਕਾਂ ਵਿਰੁੱਧ ਕਾਮਿਆਂ ਵਲੋਂ ਲੇਬਰ ਕੋਰਟਸ ਵਿੱਚ ਕਲੇਮ ਦਾਇਰ ਕਰਨ ਅਤੇ ਉਸ ਉਪਰੰਤ ਇਨ੍ਹਾਂ ਦੋਸ਼ੀ ਅਦਾਰਿਆਂ ਵਿਰੁੱਧ ਕਾਨੂੰਨ ਅਨੁਸਾਰ ਮੁਕੱਦਮੇ ਚਲਾਏ ਜਾਣ ਜਿਹੜੇ ਫਿਰ ਵੀ ਸੋਧੀਆਂ ਹੋਈਆਂ ਦਰਾਂ ਅਨੁਸਾਰ ਉਜ਼ਰਤਾਂ ਨਹੀਂ ਦਿੰਦੇ। ਇਹ ਸਥਿਤੀ ਪੂਰਨ ਤੌਰ ਤੇ ਵਾਚੀ ਜਾ ਰਹੀ ਹੈ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੰਤਰੀ ਜੀ ਨੇ ਫੁਰਮਾਇਆ ਹੈ ਕਿ 1 ਜਨਵਰੀ, 1982 ਤੋਂ ਹੁਕਮ ਕੀਤਾ ਗਿਆ ਹੈ ਕਿ ਉਜ਼ਰਤਾਂ ਲਾਗੂ ਕਰ ਦਿੱਤੀਆਂ ਜਾਣ। ਮੰਤਰੀ ਜੀ ਨੇ ਵੱਡੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਦਾ ਜ਼ਿਕਰ ਵੀ ਕੀਤਾ ਹੈ ਪਰ ਉਨ੍ਹਾਂ ਦਾ ਵੇਰਵਾ ਨਹੀਂ ਦੱਸਿਆ ਕਿ ਉਹ ਜਿਹੜੀਆਂ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਹਨ ਅਤੇ ਉਨ੍ਹਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੇ ਅਜੇ ਤੱਕ ਮਿਨੀਮਮ ਵੇਜਿਜ਼ 1 ਜਨਵਰੀ, 1982 ਤੋਂ ਲਾਗੂ ਨਹੀਂ ਕੀਤੀਆਂ ਅਤੇ ਗੌਰਮਿੰਟ ਨੇ ਮਿਨੀਮਮ ਵੇਜਿਜ਼ ਐਕਟ ਦੇ ਮਾਤਹਿਤ ਉਨ੍ਹਾਂ ਕੰਪਨੀਆਂ ਦੇ ਖਿਲਾਫ਼ ਹੁਣ ਤੱਕ ਕੀ ਕਾਰਵਾਈ ਕੀਤੀ ਹੈ ? ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਕਿਸੇ ਕੰਪਨੀ ਦੇ ਖਿਲਾਫ਼ ਮਿਨੀਮਮ ਵੇਜਿਜ਼ ਐਕਟ ਦੇ ਅਨੁਸਾਰ ਇਨ੍ਹਾਂ ਨੇ ਕੋਈ ਪ੍ਰਾਸੀਕਿਊਸ਼ਨ ਵੀ ਕੀਤੀ ਹੈ; ਜੇਕਰ ਕੀਤੀ ਹੈ ਤਾਂ ਉਸ ਦਾ ਵੇਰਵਾ ਦੱਸਿਆ ਜਾਵੇ ?

**ਭਲਾਈ ਤੇ ਕਿਰਤ ਮੰਤਰੀ** : ਸਪੀਕਰ ਸਾਹਿਬ, 1 ਜਨਵਰੀ, 1982 ਨੂੰ ਔਰ ਉਸ ਦੇ ਬਾਅਦ 7 ਫਰਵਰੀ, 1982 ਤੱਕ ਮਿਨੀਮਮ ਵੇਜਿਜ਼ ਦੇ ਦੇਣੀਆਂ ਚਾਹੀਦੀਆਂ ਸਨ। ਜਿਹੜਾ 5 ਮਾਰਚ, 1982 ਨੂੰ ਧਰਨਾ ਉਠਾਇਆ ਗਿਆ ਉਸ ਵੇਲੇ ਕਾਮਰੇਡ ਰਾਜ ਕੁਮਾਰ ਜੀ ਵੀ ਉਥੇ ਮੌਜੂਦ ਸਨ... ਔਰ ਜ਼ਿੰਦਾਬਾਦ ਦੇ ਨਾਅਰੇ ਮਹਿਕਮੇ ਵਾਲਿਆਂ ਨੇ ਲਗਾਏ, ਪੰਜਾਬ ਸਰਕਾਰ ਦੇ ਨਾਅਰੇ ਲਗੇ ਕਿਉਂਕਿ ਉਨ੍ਹਾਂ ਦਾ ਫੈਸਲਾ, ਖਿਆਲ ਨਾਲ ਉਨ੍ਹਾਂ ਨੂੰ ਸੁਣ ਕੇ, ਕਰ ਦਿਤਾ ਗਿਆ। ਉਸ ਦੇ ਬਾਦ ਵੀ ਹਦਾਇਤਾਂ ਕੀਤੀਆਂ ਕਿ ਜੇ ਕੋਈ ਇਹੋ ਜਿਹੀ ਗੱਲ ਹੋਵੇ ਤਾਂ ਉਹ ਸਾਡੇ ਨੋਟਿਸ ਵਿਚ ਲਿਆਉਣ ਅਸੀਂ ਵੇਖਾਂਗੇ।

**ਕਾਮਰੇਡ ਰਾਜ ਕੁਮਾਰ** : ਸਪੀਕਰ ਸਾਹਿਬ, ਮੈਨੂੰ ਤਾਂ ਪਤਾ ਹੀ ਨਹੀਂ ਇਸ ਗੱਲ ਦਾ ਮਨਿਸਟਰ ਸਾਹਿਬ ਨੇ ਜਿਹੜੇ ਨਾਅਰਿਆਂ ਵਗੈਰਾ ਦਾ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ 3 ਸਪਲੀਮੈਂਟਰੀ ਅਲਾਊਡ ਹਨ ਉਹ ਤੁਸੀਂ ਕਰ ਦਿਓ।

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਰਾਜ ਕੁਮਾਰ ਜੀ, ਉਪਰਲੇ 3 ਨਾਂਵਾਂ ਵਿਚੋਂ ਚੀਮਾਂ ਸਾਹਿਬ ਨਹੀਂ ਹਨ ਅਤੇ ਕਾਮਰੇਡ ਸੋਹਣ ਸਿੰਘ ਵੀ ਨਹੀਂ ਹਨ।

**ਕਾਮਰੇਡ ਰਾਜ ਕੁਮਾਰ** : ਤੁਸੀਂ ਕਹਿੰਦੇ ਸੀ ਸਰਦਾਰ ਬਲਵੰਤ ਸਿੰਘ ਦਾ ਨਾਂ ਹੈ।

**ਸ੍ਰੀ ਸਪੀਕਰ** : ਨਹੀਂ ਜੀ, ਉਨ੍ਹਾਂ ਦਾ ਟਾਪ ਦੇ 3 ਨਾਂਵਾਂ ਵਿਚ ਨਾਂ ਨਹੀਂ ਹੈ।

## PAPER LAID ON THE TABLE

**Finance Minister** (Doctor Kewal Krishan) : Sir, I beg to lay on the Table the Administration Reports of the Punjab State Electricity Board for the years 1979-80 and 1980-81, as required under section 75(1) of the Electricity (Supply) Act, 1948.

**Mr. Speaker** : Now the House will take up general discussion on the Budget Estimates for the year 1982-83.

## GENERAL DISCUSSION ON THE BUDGET ESTIMATES FOR THE YEAR 1982-83

**ਸ੍ਰੀ ਸਪੀਕਰ** : ਬਜਟ ਲਈ ਟਾਈਮ ਐਲੋਕੇਸ਼ਨ ਮੈਂ ਦੱਸ ਦੇਣਾ ਚਾਹਾਂਗਾ ਔਰ ਇਹ ਇਸ ਤਰ੍ਹਾਂ ਹੈ। ਕਾਂਗਰਸ-ਆਈ 6.30 ਘੰਟੇ, ਅਕਾਲੀ ਦਲ ਲੌਂਗੋਵਾਲ, 3.06 ਘੰਟੇ ਸੀ.ਪੀ.ਆਈ. 41 ਮਿੰਟ, ਸੀ.ਪੀ.ਆਈ. (ਐਮ.) 24 ਮਿੰਟ, ਅਕਾਲੀ ਦਲ (ਟੀ) 24 ਮਿੰਟ, ਆਲ ਇੰਡੀਆ ਕਮਿਊਨਿਸਟ ਪਾਰਟੀ 6 ਮਿੰਟ, ਬੀ.ਜੇ.ਪੀ. 6 ਮਿੰਟ, ਨੌਟ ਅਟਚਡ 6 ਮਿੰਟ। ਟੋਟਲ ਟਾਈਮ 11.06 ਘੰਟੇ।

**ਸਰਦਾਰ ਬਲਵੰਤ ਸਿੰਘ** (ਨੂਰਮਹਿਲ) : ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਪੰਜਾਬ ਸਰਕਾਰ ਦਾ ਤੀਸਰਾ ਬਜਟ ਪੇਸ਼ ਕੀਤਾ ਹੈ। ਮੈਂ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਸਾਰਾ ਬਜਟ ਪੜ੍ਹਿਆ ਹੈ ਅਤੇ ਉਸ ਤੋਂ ਬਾਅਦ ਮੈਂ ਆਪਣੀ ਆਰਥਿਕਤਾ ਦੀਆਂ ਕਿਤਾਬਾਂ ਪੜ੍ਹੀਆਂ। ਮੈਨੂੰ ਕਿਤੇ ਵੀ ਨਹੀਂ ਦਿਸਦਾ ਕਿ ਕਿਸੇ ਵੀ ਆਰਥਿਕਤਾ ਦੇ ਕਿਸੇ ਵੀ ਪ੍ਰਿੰਸੀਪਲ ਵਿਚ ਫਿੱਟ ਹੁੰਦਾ ਨਹੀਂ ਦਿਖਦਾ। ਇਨ੍ਹਾਂ ਨੇ ਵੈਲਨੋਨ ਕੰਨਫਿਊਜ਼ਨ ਪੈਦਾ ਕਰ ਦਿੱਤੀ ਹੈ ਉਸ ਦੀ ਮਿਸਾਲ ਦਿੰਦਾ ਹਾਂ ਕਿ :

If you cannot convince, confuse. So he has tried to confuse the House, he has tried to confuse the State and in the process he has destroyed the total economy of the State.

ਸਰ, ਇਹ ਸਪੀਚ ਐਕਸਟਰੀਮਜ਼ ਨਾਲ ਭਰੀ ਹੋਈ ਹੈ। ਇਨ੍ਹਾਂ ਦੀ ਜਿਹੜੀ ਫਿਲਾਸਫੀ ਅਕਾਨੌਮੀ ਦੀ ਹੈ ਉਹ ਇਕ ਐਕਸਟਰੀਮ ਤੋਂ ਦੂਜੀ ਐਕਸਟਰੀਮ ਤੱਕ ਜਾਂਦੀ ਹੈ। ਉਹ ਆਪ ਵੀ ਕੰਨਫਿਊਜ਼ ਹੋਏ ਹਨ ਬਾਕੀਆਂ ਨੂੰ ਵੀ ਕੰਨਫਿਊਜ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਹਿੰਦੇ ਹਨ ਕਿ ਪਰ ਕੈਪੀਟਾ ਇਨਕਮ ਹਾਈਐਸਟ ਹੈ, ਪਰ ਨਾਲ ਹੀ ਪਰ ਕੈਪੀਟਾ ਡੈਫੀਸਿਟ ਵੀ ਤਾਂ ਹਾਈਐਸਟ ਹੈ, ਪਰ ਕੈਪੀਟਾ ਟੈਕਸ ਵੀ ਹਾਈਐਸਟ ਹੈ ਇਸ ਸੂਬੇ ਵਿਚ ਔਰ ਨਾਲ ਹੀ ਪਰ ਕੈਪੀਟਾ ਓਵਰ ਡਰਾਫਟ ਵੀ ਹਾਈਐਸਟ ਹੈ। ਕੋਈ ਸੂਬਾ ਐਸਾ ਨਹੀਂ ਜਿਥੇ ਇਤਨਾ ਓਵਰ ਡਰਾਫਟ ਹੋਇਆ ਹੋਵੇ। ਇਹ ਕਹਿੰਦੇ ਹਨ ਕਿ ਪਲਾਨ 385 ਕਰੋੜ ਰੁਪਏ ਦਾ ਬਿਲਟ ਕੀਤਾ ਹੈ ਪਰ ਜੇ ਵੇਖੀਏ ਪਰ ਕੈਪੀਟਾ ਐਕਸਪੈਂਡੀਚਰ ਤਾਂ ਉਹ ਥੱਲੇ ਨੂੰ ਜਾਂਦਾ ਹੈ ਔਰ ਇਹ ਕਹਿੰਦੇ ਹਨ ਕਿ ਪ੍ਰੋਡਕਟਿਵਿਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਯੀਅਰ ਹੈ । ਇਸ ਦੇ ਵਿਚ ਥੀਨ ਡੈਮ ਦਾ ਜ਼ਿਕਰ ਨਹੀਂ ਕਰਦੇ ਉਸ ਦਾ ਗਲਾ ਘੁਟਿਆ ਜਾ ਰਿਹਾ ਹੈ । ਇੰਜੀਨੀਅਰ ਕਹਿੰਦੇ ਹਨ ਕਿ ਇਸ ਦੇ ਲਈ 119 ਕਰੋੜ ਰੁਪਏ ਦਿਓ ਤਾਂ ਇਹ ਕਹਿੰਦੇ ਹਨ ਕਿ 12 ਕਰੋੜ ਰੁਪਏ ਦੇਣੇ ਹਨ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਪੈਸੇ ਨਾਲ ਥੀਨ ਡੈਮ ਕਿਸ ਤਰ੍ਹਾਂ ਬਣਾਉਣਗੇ । ਇਕ ਪਾਸੇ ਕਹਿੰਦੇ ਹਨ ਕਿ ਗਰੋਥ ਰੇਟ ਵੱਧ ਰਿਹਾ ਹੈ ਦੂਸਰੇ ਪਾਸੇ ਫਾਈਨਾਂਸ ਸੈਕਟਰੀ ਦਾ ਮੈਮੋਰੰਡਮ ਹੈ ਕਿ ਅੱਨ-ਐਮਪਲਾਇਮੈਂਟ $9\frac{1}{2}\%$ ਵੱਧ ਗਈ ਹੈ । ਇਹ ਦੋਨੋਂ ਚੀਜ਼ਾਂ ਕੰਟਰਾਡਿਕਟਰੀ ਨਹੀਂ ਤਾਂ ਹੋਰ ਕੀ ਹਨ । ਮੈਂ ਕਹਿੰਦਾ ਹਾਂ ਕਿ ਇਹ ਜਿਹੜਾ ਟੋਟਲ ਬਜਟ ਹੈ ਇਹ ਫਿਸਕਲ ਮਿਸਮੈਨੇਜਮੈਂਟ ਐਂਰ ਫਿਸਕਲ ਕੰਨਫਿਊਜ਼ਨ ਦਾ ਹੈ ਔਰ ਅਸੀਂ ਉਸ ਇਰੇ ਵਿਚ ਸ਼ਾਮਲ ਹੋ ਗਏ ਹਾਂ ਜਿਹੜਾ ਕਿ ਬੈਂਕਰੱਪਸੀ ਦਾ ਇਰਾ ਹੈ । ਮੈਂ ਕੋਈ ਗਲਤ ਗੱਲ ਨਹੀਂ ਕਰਦਾ । ਪਿਛਲੇ ਤਿੰਨ ਸਾਲਾਂ ਵਿਚ ਸਰਕਾਰ ਨੇ ਪੰਜਾਬ ਨੂੰ ਦੀ-ਵਾਲੀਏ ਦੀ ਹਾਲਤ ਵਿਚ ਲਿਆ ਕੇ ਖੜ੍ਹਾ ਕਰ ਦਿਤਾ ਹੈ । ਜਿਹੜੇ ਅਕਾਊਂਟਸ ਦਿਤੇ ਹਨ 1982-83 ਵਿਚ 125 ਕਰੋੜ ਰੁਪਏ ਦਾ ਘਾਟਾ ਹੈ, 40 ਕਰੋੜ ਰੁਪਏ ਦੇ ਟੈਕਸ ਲਾ ਦਿਤੇ ਹਨ 85 ਕਰੋੜ ਰੁਪਏ ਫਿਰ ਘਾਟੇ ਦੇ ਰਹਿ ਜਾਂਦੇ ਹਨ । ਫਿਰ ਇਨ੍ਹਾਂ ਨੇ ਕਹਿ ਦਿਤਾ ਕਿ ਦਿੱਲੀ ਦੀ ਸਰਕਾਰ ਨੇ 65 ਕਰੋੜ ਰੁਪਿਆ ਓਵਰ ਡਰਾਫਟ ਇਕ ਸਾਲ ਲਈ ਦੇ ਦਿਤਾ ਹੈ । 65 ਕਰੋੜ ਪਲੱਸ 85 ਕਰੋੜ ਇਹ ਅਗਲੇ ਸਾਲ 150 ਕਰੋੜ ਰੁਪਏ ਘਾਟੇ ਦੀ ਨੀਂਹ ਹੁਣ ਰੱਖ ਦਿਤੀ ਹੈ other things remain equal. ਇਸ ਸਾਲ 85 ਕਰੋੜ ਦੇ ਘਾਟੇ ਤੋਂ ਅਤੇ ਅਗਲੇ ਸਾਲ ਤੋਂ 150 ਕਰੋੜ ਰੁਪਏ ਦੇ ਘਾਟੇ ਤੋਂ ਅਸੀਂ ਸ਼ੁਰੂ ਹੋਵਾਂਗੇ । ਮੈਂ ਇਸ ਕਰ ਕੇ ਕਹਿੰਦਾ ਹਾਂ ਕਿ ਬੈਂਕ-ਰੱਪਸੀ ਤੋਂ ਅਸੀਂ ਸ਼ੁਰੂ ਹੋਏ ਹਾਂ । ਇਸ ਬਾਰੇ ਮੈਂ ਰੀਜ਼ਨਜ਼ ਦਿਆਂਗਾ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪਿਛਲੇ ਸਾਲ ਟੈਕਸ ਵੀ ਲਾਏ ਔਰ ਜਦੋਂ ਅਸੀਂ ਛੱਡਿਆ ਸੀ ਤਾਂ 22 ਕਰੋੜ ਰੁਪਏ ਜਮ੍ਹਾ ਛੱਡੇ ਸਨ । ਇਨ੍ਹਾਂ ਨੇ ਬੱਸਾਂ ਦਾ ਕਿਰਾਇਆ ਵਧਾਇਆ । ਇਲੈਕਟ੍ਰੀਸਿਟੀ ਦੇ ਰੇਟਸ ਵਧਾਏ, ਹੋਰ ਵੀ ਸਿਲਸਿਲੇ ਕੀਤੇ । ਬਿਜਲੀ ਦੇ ਰੇਟ ਵਧਾਉਣ ਨਾਲ, ਫਰਟੇਲਾਈਜ਼ਰ ਦੀ ਪ੍ਰਾਈਸਿਜ਼ ਵਧਾਉਣ ਨਾਲ, ਸੀਮਿੰਟ ਦੀਆਂ ਪ੍ਰਾਈਸਿਜ਼ ਵਧਾਉਣ ਨਾਲ, ਐਕਸਾਈਜ਼ ਡਿਊਟੀ ਦਾ ਜਿਹੜਾ ਪੈਸਾ ਆਉਣਾ ਸੀ ਉਹ ਵੀ ਅਗੇ ਨਾਲੋਂ ਜ਼ਿਆਦਾ ਆਇਆ । ਇਸ ਦੇ ਬਾਵਜੂਦ 125 ਕਰੋੜ ਰੁਪਏ ਦਾ ਘਾਟਾ ਕਿਉਂ ? ਪਰ ਕੋਈ ਐਕਸਪਲਾਨੇਸ਼ਨ ਨਹੀਂ । ਅਸੀਂ 125 ਕਰੋੜ ਰੁਪਏ ਦਾ ਘਾਟਾ ਮੰਨ ਲੈਂਦੇ ਜੇਕਰ ਥੀਨ ਡੈਮ ਦੇ ਵਾਸਤੇ 200 ਕਰੋੜ ਰੁਪਿਆ ਰੱਖਿਆ ਹੁੰਦਾ । ਕਿਉਂਕਿ ਉਸ ਨਾਲ ਸਾਡੇ ਸੂਬੇ ਦੀ ਤਸਵੀਰ ਉਭਰਦੀ ਸੀ, ਪਰ ਕੋਈ ਤਸਵੀਰ ਵੀ ਨਹੀਂ ਉਭਰ ਰਹੀ ਸਾਡੀ ਮਸਝ ਤੋਂ ਇਹ ਚੀਜ਼ ਬਾਹਰ ਹੈ । ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਇਸ ਚੀਜ਼ ਨੂੰ ਐਕਸ-ਪਲੇਨ ਕਰਨ ।

ਇਥੇ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਦੀ ਗੱਲ ਆਈ ਹੈ । ਸਲੋਗਨ ਬਣਾਏ ਹਨ ਕਿ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਅਕਾਲੀਆਂ ਨੇ ਨਹੀਂ ਸੀ ਕੀਤੀ । ਕੱਲ੍ਹ ਪ੍ਰਾਈਮ ਮਨਿਸਟਰ ਸਾਹਿਬਾ ਨੇ ਨੈਸ਼ਨਲ ਡਿਵੇਲਪਮੈਂਟ ਕੌਂਸਲ ਵਿਚ ਕਿਹਾ ਹੈ ਕਿ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਦਾ ਮਤਲਬ ਟੈਕਸ ਲਾਉਣਾ ਨਹੀਂ ਹੈ । ਇਹ ਟੈਕਸ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਦਾ ਛੋਟਾ ਜਿਹਾ ਹਿੱਸਾ ਹੈ । ਕਿਸ ਤਰ੍ਹਾਂ ਸੇਵਿੰਗਜ਼ ਕਰਨੀਆਂ ਹਨ, ਐਕਸਪੈਂਡੀਚਰ ਘਟਾਉਣਾ ਆਊਟ ਆਫ ਐਗਜ਼ਿਸਟਿੰਗ ਟੈਕਸਿਜ਼ ਕਿਸ ਤਰ੍ਹਾਂ ਜ਼ਿਆਦਾ ਕੁਲੈਕਸ਼ਨ ਕਰਨੀ ਹੈ । ਡਾਕਟਰ ਸਾਹਿਬ ਨੇ ਇਨ੍ਹਾਂ ਗੱਲ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ । ਮੈਂ ਚਾ-ਹਾਂਗਾ ਕਿ ਉਹ ਆਪਣੀ ਸਪੀਚ ਵਿਚ ਇਸ ਗੱਲ ਦਾ ਵੀ ਜ਼ਿਕਰ ਕਰਨਗੇ ।

ਇਨ੍ਹਾਂ ਨੇ ਕਿਹਾ ਹੈ ਕਿ ਜੋ ਟੈਕਸ ਲਾਏ ਹਨ ਉਹ ਅਕਾਲੀਆਂ ਦੀਆਂ ਪਰਪੋਜ਼ਲਜ਼ ਸਨ । ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿਉਂਕਿ ਅਕਾਲੀ ਸਰਕਾਰ ਨੇ ਬਾਦਲ ਸਕਰਾਰ ਨੇ ਕਦੇ

Original with;
Punjab Vidhan Sabha
Digitized by;
Panjab Digital Library

ਨਹੀਂ ਸੀ ਸੋਚਿਆ ਕਿ ਟੈਕਸ ਲਾ ਦਿੱਤੇ ਜਾਣ। ਸਾਡਾ ਕੰਮ ਇਕ ਪਾਸੇ ਰਿਲੀਫ ਦੇਣਾ ਸੀ ਅਤੇ ਦੂਜੇ ਪਾਸੇ ਵੱਡਿਆਂ ਤੇ ਟੈਕਸ ਲਾਉਣਾ ਸੀ। ਅਸੀਂ ਟੈਕਸ ਲਾਏ ਸਿਨੇਮਿਆਂ ਤੇ, ਸ਼ੋਅ ਟੈਕਸ ਵਧਾਏ ਬੱਸਾਂ ਦਾ ਟੋਕਨ ਟੈਕਸ ਵਧਾਇਆ। ਅਸੀਂ ਟੈਕਸ ਵਧਾਏ ਪਰ ਕਾਮਨ ਮੈਨ ਤੇ ਕੋਈ ਟੈਕਸ ਨਹੀਂ ਲਾਇਆ। ਸਾਡੀ ਫਿਲਾਸਫੀ ਨਹੀਂ ਸੀ ਇਹੋ ਜਿਹੀ। ਅਸੀਂ ਸਰਵਿਸਿਜ਼ ਨੂੰ ਰਿਆਇਤਾਂ ਦਿਤੀਆਂ, ਏ. ਡੀ. ਏ. ਕੈਸ਼ ਦਿਤਾ ਔਰ ਕਦੇ ਮੁਲਾਜ਼ਮਾਂ ਦੀ ਵਿਕਟੇਮਾਈਜ਼ੇਸ਼ਨ ਨਹੀਂ ਕੀਤੀ। ਹੁਣ ਟੋਟਲ ਵਿਕਟੇਮਾਈਜ਼ੇਸ਼ਨ ਦਾ ਜ਼ਮਾਨਾ ਆ ਗਿਆ ਹੈ। ਉਨ੍ਹਾਂ ਦੇ ਏ. ਡੀ. ਏ., ਜੀ. ਪੀ. ਫੰਡ ਵਿਚ ਜਾ ਰਹੇ ਹਨ। ਉਨ੍ਹਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਨਹੀਂ ਦਿਤੀਆਂ ਜਾ ਰਹੀਆਂ। ਮੈਂ ਕਹਿੰਦਾ ਹਾਂ ਕਿ ਅਗਰ ਟੋਟਲ ਫਿਲਾਸਫੀ ਅਕਾਲੀਆਂ ਦੀ ਅਡਾਪਟ ਕਰ ਲੈਂਦੇ ਤਾਂ ਇਸ ਖਲਜਗਨ ਵਿਚ ਪੈਣ ਦੀ ਲੋੜ ਨਾ ਪੈਂਦੀ। ਮੈਂ ਟੈਕਸਾਂ ਦੇ ਸਿਲਸਿਲੇ ਵਿਚ ਕਹਿਣਾ ਚਾਹਾਂਗਾ ਕਿ ਕਿਸ ਤਰ੍ਹਾਂ ਟੈਕਸ ਲਾਏ ਹਨ। ਇਸ ਵਿਚ ਮੈਂ ਥੋੜ੍ਹਾ ਜਿਹਾ ਟਾਈਮ ਲਵਾਂਗਾ। ਡਾਕਟਰ ਸਾਹਿਬ ਨੇ ਆਪਣੀ ਸਪੀਚ ਵਿਚ ਬੜੇ ਜ਼ੋਰ ਨਾਲ ਕਿਹਾ ਹੈ ਕਿ ਪੰਜਾਬ ਵਿਚ ਬੜੀ ਪ੍ਰਾਸਪੈਰਿਟੀ ਹੈ ਔਰ ਟੈਕਸ ਲਾਉਣ ਦਾ ਬੜਾ ਸਕੋਪ ਹੈ। ਕਿਸਾਨ ਨੂੰ ਬੜੀ ਸਬਸਿਡੀ ਦਿਤੀ ਜਾ ਰਹੀ ਹੈ। 90 ਕਰੋੜ ਰੁਪਿਆ ਬਿਜਲੀ ਵਿਚ ਸਬਸਿਡਾਈਜ਼ ਕੀਤਾ ਜਾ ਰਿਹਾ ਹੈ ਕਿਸਾਨ ਨੂੰ। ਆਈ ਐਮ. ਸ਼ਓਰ ਇਹ ਕਿਸਾਨ ਨੂੰ ਕਨਵਿੰਸ ਨਹੀਂ ਕਰ ਸਕੇ ਜੇ ਕਿਤੇ ਉਹ ਸੈਟਿਸਫਾਈਡ ਹੁੰਦੇ ਤਾਂ ਪ੍ਰੈਸ, ਲੈਜਿਸਲੇਟਰਜ਼ ਅਤੇ ਦੂਸਰੇ ਲੋਕ ਉਨ੍ਹਾਂ ਦੇ ਬਜਟ ਦੀ ਤਾਰੀਫ ਕਰਦੇ ਪਰ ਕਿਸੇ ਨੇ ਨਹੀਂ ਕੀਤੀ।

**ਮੁੜ ਵਸਾਊ ਅਤੇ ਜਨ ਸਿਹਤ ਦੇ ਰਾਜ ਮੰਤਰੀ**: ਸਭ ਨੇ ਤਾਰੀਫ ਕੀਤੀ ਹੈ।

**ਸਰਦਾਰ ਬਲਵੰਤ ਸਿੰਘ**: ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਟੈਕਸ ਲਾਉਣ ਦੇ ਸਬੰਧ ਵਿਚ ਇਨ੍ਹਾਂ ਨੇ ਕੇ. ਪੀ. ਸਾਹਿਬ ਨੂੰ ਪੁਛਿਆ ਵੀ ਨਹੀਂ ਹੋਣਾ। ਜੇਕਰ ਪੁੱਛਿਆ ਹੁੰਦਾ ਤਾਂ ਇਨ੍ਹਾਂ ਨੇ ਕਹਿਣਾ ਸੀ ਕਿ ਡਾਕਟਰ ਸਾਹਿਬ ਇਨੀ ਜ਼ਿਆਦਤੀ ਨਾ ਕਰੋ .............. ਸਾਡੀ ਥਿੰਕਿੰਗ ਇਹ ਹੈ ਕਿ ਸਾਡੇ ਸੂਬੇ ਵਿਚ ਟੈਕਸ ਲਾਉਣ ਲਈ ਕੋਈ ਪੋਟੈਂਸ਼ਲ ਨਹੀਂ ਹੈ। ਸਾਡਾ ਸੂਬਾ ਹਾਈਐਸਟ ਟੈਕਸਡ ਹੈ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਰੀਗੇਸ਼ਨ ਵਿੱਚ 14 ਕਰੋੜ ਰੁਪਏ ਦੀ ਸਬਸਿਡੀ ਦਿਤੀ ਹੈ ਅਤੇ ਬਿਜਲੀ ਵਿਚ 90 ਕਰੋੜ ਰੁਪਏ ਦੀ ਸਬਸਿਡੀ ਹੈ। ਮੈਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਦੇ ਫਾਰਮਰਜ਼ ਦੀ ਕਾਸਟ ਆਫ ਇਨ ਪੁਟਸ ਵੇਖੀ ਹੈ ਕਿ ਪਿਛਲੇ ਸਾਲ ਵਿਚ ਫਰਟੇਲਾਈਜ਼ਰ ਦੀ ਕੀਮਤ ਕਿਤਨੀ ਵੱਧੀ ਹੈ, ਤੇਲ ਦੀ ਪ੍ਰਾਈਸ ਕਿਤਨੀ ਵੱਧੀ ਹੈ, ਫਾਰਮ ਮਸ਼ੀਨਰੀ ਦੀ ਪ੍ਰਾਈਸ ਕਿਤਨੀ ਵੱਧੀ ਹੈ। ਅੱਜ ਹਰ ਪਾਸੇ ਪ੍ਰਾਈਸਿਜ਼ ਵੱਧ ਰਹੀਆਂ ਹਨ। ਸਾਰੇ ਸੰਸਾਰ ਵਿਚ ਤੇਲ ਦੀਆਂ ਕੀਮਤਾਂ ਥੱਲੇ ਆ ਰਹੀਆਂ ਹਨ ਪਰ ਹਿੰਦੁਸਤਾਨ ਵਿਚ ਉਥੇ ਹੀ ਖੜੀਆਂ ਹਨ। ਪਹਿਲਾਂ 40 ਡਾਲਰ ਨੂੰ ਇਕ ਬੈਰਲ ਤੇਲ ਦਾ ਮਿਲਦਾ ਸੀ ਉਹ ਹੁਣ 30 ਡਾਲਰ ਰਹਿ ਗਿਆ ਹੈ। 1/4 ਹਿਸਾ ਪ੍ਰਾਈਸ ਦਾ ਇੰਟਰ-ਨੈਸ਼ਨਲ ਮਾਰਕਿਟ ਵਿਚ ਘੱਟ ਗਿਆ ਹੈ। ਪਰ ਉਸ ਦੀ ਕੋਈ ਰਿਫਲੈਕਸ਼ਨ ਸਾਡੇ ਦੇਸ਼ ਵਿਚ ਨਹੀਂ ਹੈ। ਕੀ ਇਹ ਇਨਡਾਇਰੈਕਟ ਟੈਕਸ ਨਹੀਂ ਤਾਂ ਹੋਰ ਕੀ ਹੈ? ਡਾਕਟਰ ਸਾਹਿਬ ਆਪਣੇ 'ਪੰਜਾਬ ਬਜਟ ਐਟ ਏ ਗਲਾਂਸ' ਦੇ ਪੇਜ਼ 24 ਨੂੰ ਵੇਖਣ। ਉਸ ਦੇ 345 ਰੁਪਏ ਜੀ ਪ੍ਰਤੀ ਇਸ ਸੂਬੇ ਵਿਚ ਟੈਕਸ ਹੈ। ਇਤਨੇ ਹੀ ਤਕਰੀਬਨ ਸੈਂਟਰ ਦੀ ਸਰਕਾਰ ਦੇ ਟੈਕਸ ਮੰਨ ਲਓ। ਹੁਣ ਜਿਹੜੇ ਟੈਕਸ ਲਾਏ ਹਨ ਇਹ 23 ਰੁਪਏ ਜੀਅ ਪ੍ਰਤੀ ਹਨ ਅਤੇ ਇਸ ਤਰ੍ਹਾਂ ਇਹ 368 ਰੁਪਏ ਜੀ ਪ੍ਰਤੀ ਬਣ ਜਾਂਦਾ ਹੈ। ਐਕਸਾਈਜ਼ ਡਿਊਟੀ ਜਿਹੜੀ ਫਰਟੇਲਾਇਜ਼ਰ,, ਫੈਬਰਿਕਸ, ਸ਼ੂਗਰ ਤੇ ਲਗਦੀ ਹੈ ਉਹ ਸੈਂਟਰ ਨੂੰ ਜਾਂਦੀ ਹੈ। ਸ਼ੂਗਰ ਤੇ 30% ਐਕਸਾਈਜ਼ ਡਿਊਟੀ ਹੈ ਅਤੇ ਕਪੜੇ ਤੇ 25% ਐਕਸਾਈਜ਼ ਡਿਊਟੀ ਹੈ। ਸਾਡੇ ਜੀਵਨ ਦੀ ਕਿਹੜੀ ਆਈਟਮ ਹੈ ਜਿਸ ਤੇ ਐਕਸਾਈਜ਼ ਡਿਊਟੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਸੈਂਟਰ ਦੀ ਸਰਕਾਰ ਨੂੰ ਨਹੀਂ ਜਾਂਦੀ। ਕਸਟਮਜ਼ ਡਿਊਟੀ ਅਤੇ ਕਾਰਪੋਰੇਸ਼ਨ ਟੈਕਸ ਸੈਂਟਰ ਨੂੰ ਜਾਂਦਾ ਹੈ। ਇਸ ਤਰ੍ਹਾਂ 400 ਰੁਪਏ ਦੇ ਕਰੀਬ ਸੈਂਟਰ ਦੇ ਟੈਕਸ ਜੀਅ ਪ੍ਰਤੀ ਪੈਂਦੇ ਹਨ। ਇਸ ਤਰ੍ਹਾਂ ਤਕਰੀਬਨ 800 ਰੁਪਏ ਦੇ ਕਰੀਬ ਜੀਅ ਪ੍ਰਤੀ ਟੈਕਸ ਇਕ ਸਾਲ ਵਿਚ ਪੰਜਾਬ ਦੇ ਲੋਕਾਂ ਤੇ ਪੈਂਦੇ ਹਨ। ਡਾਕਟਰ ਸਾਹਿਬ ਇਸ ਦੇ ਬਾਰੇ ਦਸਣ ਕਿ ਜਦੋਂ ਅਸੀਂ ਇਤਨੇ ਜ਼ਿਆਦਾ ਟੈਕਸ ਦਿੰਦੇ ਹੋਈਏ ਫਿਰ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਥੇ ਹੋਰ ਟੈਕਸ ਲਗ ਸਕਦੇ ਹਨ। ਪਤਾ ਨਹੀਂ ਕਿਹੜੀ ਇਕਨਾਮਿਕ ਥਿਊਰੀ ਇਨ੍ਹਾਂ ਨੂੰ ਕਹਿੰਦੀ ਹੈ ਕਿ ਜ਼ਿਆਦਾ ਟੈਕਸ ਲਗਾਓ ਤਾਂ ਜ਼ਿਆਦਾ ਤਰੱਕੀ ਹੋਵੇਗੀ। ਅੱਜ ਸਾਰੇ ਸੰਸਾਰ ਵਿੱਚ ਇਨਵੈਸਟਮੈਂਟ ਨੂੰ ਪਰਮੋਟ ਕਰਨ ਵਾਸਤੇ ਟੈਕਸ ਛੱਡੇ ਜਾ ਰਹੇ ਹਨ, ਡੀਮਾਂਡ ਕਰੀਏਟ ਕਰਨ ਵਾਸਤੇ ਟੈਕਸ ਛੱਡੇ ਜਾ ਰਹੇ ਹਨ ਪਰ ਦੂਜੇ ਪਾਸੇ ਅਸੀਂ ਟੈਕਸ ਲਾ ਕੇ ਲੋਕਾਂ ਨੂੰ ਖਤਮ ਕਰ ਰਹੇ ਹਾਂ, ਉਨ੍ਹਾਂ ਦੀ ਪਰਚੇਜ਼ਿੰਗ ਕਪੈਸਿਟੀ, ਇਨਵੈਸਟ ਕਰਨ ਦੀ ਕੈਪੇਸਿਟੀ ਖਤਮ ਕਰ ਰਹੇ ਹਾਂ। ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਕਿਸਮ ਦੀ ਇਕਨਾਮਿਕ ਥਿਊਰੀ ਇਹ ਸਰਕਾਰ ਅਪਣਾ ਰਹੀ ਹੈ। ਪਰ ਕੈਪੀਟਾ ਇਨਕਮ ਉਤਾਂਹ ਜਾ ਰਹੀ ਹੈ ਤਾਂ ਡੈਫੀਸਟ ਵੱਧ ਰਿਹਾ ਹੈ। ਸਾਡੀ ਹਾਈਐਸਟ ਪਰ ਕੈਪੀਟਾ ਇਨਕਮ ਹੈ ਪਰ ਓਵਰ ਡਰਾਫਟ ਜ਼ਿਆਦਾ ਹੋ ਰਿਹਾ ਹੈ। ਇਹ ਕੰਟਰਾਡਿਕਸ਼ਨਜ਼ ਹਨ ਜਿਹੜੀਆਂ ਡਾਕਟਰ ਸਾਹਿਬ ਨੇ ਲਿਆਂਦੀਆਂ ਹਨ। ਕਿਹੜੇ ਲੋਕ ਹਨ ਜਿਨ੍ਹਾਂ ਤੇ ਟੈਕਸ ਇਹ ਲਾ ਰਹੇ ਹਨ। ਇਨ੍ਹਾਂ ਦੀ ਪਾਲਿਸੀ ਕਲੀਅਰ ਹੈ। ਮੈਂ ਪਿਛਲੀ ਵਾਰੀ ਵੀ ਕਿਹਾ ਸੀ ਕਿ ਇਸ ਸਰਕਾਰ ਦੀ ਖੜੀ ਮਜਬੂਰੀ ਹੈ, ਇਨ੍ਹਾਂ ਦੀ ਪਾਲਿਸੀ ਕੈਪੀਟਲਿਸਟਿਕ ਹੈ। ਇਨ੍ਹਾਂ ਦੀ ਪਾਲਿਸੀ ਗਰੀਬਾਂ ਦੀ ਹਾਮੀ ਨਹੀਂ। ਅਗਰ ਇਹ ਸਰਕਰ ਗਰੀਬਾਂ ਦੀ ਹਾਮੀ ਹੁੰਦੀ ਤਾਂ ਟੈਕਸ ਨਾ ਲਾਉਂਦੀ। ਜਿਤਨੀ ਪਾਲਿਸੀ ਹੈ ਇਹ ਵੱਡੇ ਆਦਮੀ ਦੀ ਪਰਮੋਸ਼ਨ ਵਾਸਤੇ ਹੀ ਹੈ। ਛੋਟੇ ਆਦਮੀ ਨੂੰ ਖਤਮ ਕਰਨ ਲਈ ਹੈ। ਸਪੀਕਰ ਸਾਹਿਬ, ਤੁਸੀਂ ਸੇਲਜ਼ ਟੈਕਸ ਦੀ ਗਲ ਲੈ ਲਓ। ਨੰਬਰ ਇਕ ਤਾਂ ਮੈਨੂੰ ਇਹ ਅਫਸੋਸ ਹੈ ਕਿ ਡਾਕਟਰ ਸਾਹਿਬ ਨੇ ਬੜੀਆਂ ਗਲਤ ਫਿਗਰਜ਼ ਦਿਤੀਆਂ ਹਨ। ਡਾਕਟਰ ਸਾਹਿਬ ਨੇ ਕਿਹਾ ਹੈ ਕਿ 1 ਫੀ ਸਦੀ ਸੇਲਜ਼ ਟੈਕਸ ਵਧਾਉਣ ਨਾਲ 13 ਕਰੋੜ ਰੁਪਏ ਦੀ ਸਾਲ ਵਿੱਚ ਆਮਦਨੀ ਹੋਵੇਗੀ। ਮੈਂ ਡਾਕਟਰ ਸਾਹਿਬ ਨੂੰ ਰਿਕੁਐਸਟ ਕਰਨਾ ਚਾਹੁੰਦਾ ਹਾਂ, ਇਹ 13 ਕਰੋੜ ਨਹੀਂ 35 ਕਰੋੜ ਹੋਵੇਗਾ। ਇਨ੍ਹਾਂ ਨੇ ਬਜਟ ਐਟ ਏ ਗਲਾਂਸ ਦੇ ਪੇਜ-8 ਤੇ ਸੂਬੇ ਦੇ ਟੋਟਲ ਰੈਵੇਨਿਊਜ਼ ਦਸੇ ਹਨ। ਸੇਲਜ਼ ਟੈਕਸ ਦੀ ਮੱਦ ਥਲੇ ਇਸ ਸਾਲ ਵਿਚ 247 ਕਰੋੜ ਰੁਪਿਆ ਸੇਲਜ਼ ਟੈਕਸ ਦੀ ਉਗਰਾਹੀ ਦਸੀ ਹੈ। 13 ਕਰੋੜ ਜਿਹੜਾ ਲੈਣਾ ਹੈ, ਉਹ ਇਸ ਦੇ ਵਿਚ ਨਹੀਂ ਪਾਇਆ। ਸਪੀਕਰ ਸਾਹਿਬ, 90% ਆਇਟਮਜ਼ ਤੇ ਸੇਲਜ਼ ਟੈਕਸ 6% ਹੈ। ਥੋੜੇ ਜਿਹੇ ਹਿਸੇ ਤੇ 3% ਹੈ ਅਤੇ ਕੁਝ ਤੇ 10% ਹੈ। ਸੇਲਜ਼ ਟੈਕਸ ਜਿਹੜਾ ਲਗਦਾ ਹੈ ਉਸਦਾ ਮੇਨ ਸੋਰਸ 6% ਹੈ। ਮੈਂ ਡਾਕਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ 6% ਸੇਲਜ਼ ਟੈਕਸ ਦੇ ਹਿਸਾਬ ਨਾਲ 247 ਕਰੋੜ ਰੁਪਏ ਦੀ ਉਗਰਾਹੀ ਹੁੰਦੀ ਹੈ ਤਾਂ ਫਿਰ 13 ਕਰੋੜ ਰੁਪਏ 1% ਵਧਾਉਣ ਨਾਲ ਕਿਸ ਤਰ੍ਹਾਂ ਉਗਰਾਹਿਆ ਜਾਵੇਗਾ। ਇਹ 13 ਕਰੋੜ ਨਹੀਂ ਬਲਕਿ 35 ਕਰੋੜ ਰੁਪਏ ਦਾ ਬੋਝ ਹੈ। ਡਾਕਟਰ ਸਾਹਿਬ ਇਸ ਦਾ ਵੇਰਵਾ ਦੇਣ। ਇਹ ਇਸ ਚੀਜ਼ ਨੂੰ ਕੈਲਕੁਲੇਟ ਕਰ ਲੈਣ। ਮੈਂ ਐਮ. ਏ. ਇਕਨਾਮਿਕਸ ਵਿਚ ਸਟੈਟਿਸਟਿਕਸ ਦਾ ਸਬਜੈਕਟ ਪੜ੍ਹਿਆ ਹੈ। ਮੇਰੇ ਸਟੈਟਿਸਟਿਕਸ ਕਹਿੰਦੇ ਹਨ ਕਿ ਇਸ ਤੋਂ ਆਮਦਨ 35 ਕਰੋੜ ਰੁਪਏ ਤੋਂ ਉਪਰ ਹੋਵੇਗੀ, ਘੱਟ ਨਹੀਂ ਹੋਵੇਗੀ। ਸਪੀਕਰ ਸਾਹਿਬ, ਸਾਡੇ ਜ਼ਮਾਨੇ ਵਿਚ ਵੀ ਸੇਲਜ਼ ਟੈਕਸ ਵਧਾਉਣ ਦੀ ਪਰਪੋਜ਼ਲ ਸੀ ਸਰਕਾਰੀ ਅਫਸਰਾਂ ਦੀ। ਪਰ ਕੈਬਨਿਟ ਵਿਚ ਇਹ ਮਾਮਲਾ ਕਦੇ ਡਿਸਕਸ ਨਹੀਂ ਹੋਇਆ। ਪਰਪੋਜ਼ਲ ਤਾਂ ਹੋਵੇ ਜੇ ਕੈਬਨਿਟ ਵਿਚ ਫਾਇਨਾਂਸ ਮਨਿਸਟਰ ਲੈ ਕੇ ਜਾਵੇ ਅਤੇ ਉਸਤੇ ਡਿਸਕਸ਼ਨ ਹੋਵੇ। ਸਾਡੇ ਵੇਲੇ ਹਮੇਸ਼ਾ ਥਲਿਉਂ ਪਰਪੋਜ਼ਲਜ਼ ਆਉਂਦੀਆਂ ਸਨ। ਬਿਊਰੋਕਰੇਸੀ ਦੀ ਜ਼ਰੂਰ ਪਰਪੋਜ਼ਲ ਸੀ

Original with;
Punjab Vidhan Sabha
Digitized by;
Panjab Digital Library

ਬਿਊਰੋਕਰੇਸੀ ਕਾਮਨਮੈਨ ਦੀ ਐਸਪੀਰੇਸ਼ਨ ਤੋਂ ਜਾਣੂ ਨਹੀਂ । ਪੁਲੀਟੀਕਲ ਡਾਇਰੈਕਸ਼ਨ ਤਾਂ ਸਰਕਾਰ ਨੇ ਦੇਣੀ ਹੁੰਦੀ ਹੈ। ਬਾਦਲ ਸਰਕਾਰ ਦੀ ਕਲੀਅਰ ਕਟ ਪੁਲੀਟੀਕਲ ਡਾਇਰੈਕਸ਼ਨ ਸੀ ਪਰ ਪਰੈਜ਼ੇਂਟ ਗੌਰਮਿੰਟ ਦੀ ਕੋਈ ਕਲੀਯਰ ਕੱਟ ਪਾਲਿਸੀ ਨਹੀਂ ਹੈ। ਸਾਡੀ ਪੁਲੀਟੀਕਲ ਡਾਇ-ਰੈਕਸ਼ਨ ਇਹ ਸੀ ਕਿ ਕਾਮਨਮੈਨ ਤੇ ਭਾਰ ਨਹੀਂ ਪਾਉਣਾ। ਵੱਡਿਆਂ ਤੇ ਭਾਰ ਪਾਉਣਾ ਹੈ । ਪਰ ਅਜ ਇਹ ਇਸ ਪਾਸੇ ਕਿਸ ਤਰ੍ਹਾਂ ਚਲ ਰਹੇ ਹਨ। ਸੇਲਜ਼ ਟੈਕਸ ਦਾ 35 ਕਰੋੜ ਰੁਪਏ ਦਾ ਭਾਰ ਟੋਟਲੀ ਕਾਮਨਮੈਨ, ਛੋਟੇ ਖਪਤਕਾਰ, ਗਰੀਬ ਆਦਮੀ ਅਤੇ ਸਮਾਲ ਸਕੇਲ ਇੰਡਸਟਰੀ ਤੇ ਪਵੇਗਾ। ਇਹ ਸ਼ਹਿਰਾਂ ਦੇ ਲੋਕਾਂ ਤੇ ਵੀ ਪਵੇਗਾ ਅਤੇ ਪਿੰਡਾਂ ਦੇ ਲੋਕਾਂ ਤੇ ਵੀ ਪਵੇਗਾ । ਡਾਕਟਰ ਸਾਹਿਬ ਇਸ ਦੇ ਬਾਰੇ ਦਸ ਦੇਣ। ਮੈਂ ਕਹਿੰਦਾ ਹਾਂ ਕਿ ਕੀ ਇਹ ਪੀਲੇ ਕਾਰਡ ਵਾਲਿਆਂ ਤੇ ਪਏਗਾ ਜਾਂ ਨਹੀਂ। ਇਤਨਾ ਹੀ ਕਰ ਦੇਣ ਕਿ ਜਿਨ੍ਹਾਂ ਦੀ ਆਮਦਨ 3000 ਰੁਪਏ ਸਾਲਾਨਾ ਤੋਂ ਘੱਟ ਹੈ ਉਨ੍ਹਾਂ ਗਰੀਬ ਲੋਕਾਂ ਤੇ ਇਹ ਵਾਧੂ 1% ਸੇਲਜ਼ ਟੈਕਸ ਨਹੀਂ ਲਗੇਗਾ ਤਾਂ ਕਿ ਕੇ. ਪੀ. ਸਾਹਿਬ ਜਲੰਧਰ ਵਿਚ ਜਾ ਕੇ ਕਹਿ ਤਾਂ ਸਕਣ ਕਿ ਸਾਡੀ ਸਰਕਾਰ ਗਰੀਬ ਲੋਕਾਂ ਲਈ ਇਹ ਕਰ ਰਹੀ ਹੈ। ਅਸੀਂ ਆਪਣੇ ਵੇਲੇ ਇਹ 6% ਸੇਲਜ਼ ਟੈਕਸ ਇਸ ਸੂਬੇ ਵਿਚ ਇਸ ਲਈ ਰਖਿਆ ਸੀ ਕਿ ਇਹ ਦੂਜਿਆਂ ਸੂਬਿਆਂ ਤੋਂ ਇਥੇ ਘਟ ਰਹੇ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਇਹ ਇਨਕਰੀਜ਼ ਇਸ ਲਈ ਕੀਤੀ ਹੈ ਤਾਂ ਕਿ ਗਵਾਂਢੀ ਸੂਬਿਆਂ ਨਾਲ ਪੈਰਿਟੀ ਹੋ ਜਾਵੇ । ਅਸੀਂ 6% ਇਸ ਕਰਕੇ ਰਖਿਆ ਸੀ ਕਿ ਪੰਜਾਬ ਦਿੱਲੀ ਦੀ ਤਰ੍ਹਾਂ ਨਾਰਥ ਦਾ ਟਰੇਡ ਸੈਂਟਰ ਬਣੇ, ਕਾਮਰਸ ਜੈਨਰੇਟ ਕਰੇ। ਇਹ ਬਾਦਲ ਦੀ ਸਰਕਾਰ ਦਾ ਮੁੱਖ ਆਸ਼ਾ ਸੀ। ਪਰ ਇਹ ਇਸਦੇ ਖਿਲਾਫ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਪਾਲਿਸੀ ਐਂਟੀ ਪੀਪਲ, ਐਂਟੀ ਫਾਰਮਰ ਹੈ।

ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਸਰਵਿਸ ਲਾਈਨਜ਼ ਦੇ ਚਾਰਜਿਜ਼ ਵਧਾਉਣੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸਦਾ ਇਨਸੀਡੈਂਟਸ ਇਸ ਤੇ ਪਏਗਾ। ਇਹ ਗਰੀਬ ਆਦਮੀ ਤੇ ਪਵੇਗਾ ਕਿਉਂਕਿ ਸਰਵਿਸ ਲਾਈਨ ਦੋ ਮੀਲ ਦੀ ਦੂਰੀ ਤੇ ਗਰੀਬ ਆਦਮੀ, ਗਰੀਬ ਕਿਸਾਨ ਅਤੇ ਗਰੀਬ ਹਰੀਜਨ ਦੀ ਜਾਂਦੀ ਹੈ ਜਿਹੜਾ ਕਿ ਪਿੰਡਾਂ ਵਿਚ ਖੇਤੀ ਕਰਦਾ ਹੈ। ਇਸ ਨਾਲ ਸਾਡੀ ਐਗਰੇਰੀਅਨ ਇਕਾਨੌਮੀ ਜਿਹੜੀ ਪੰਜਾਬ ਦੀ ਆਰਥਿਕਤਾ ਦਾ ਬੇਸ ਹੈ, ਕੀ ਇਹ ਵਧੇਗੀ, ਫੁਲੇਗੀ ਜਾਂ ਘਟੇਗੀ ? ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਕਿ ਇਸਦਾ ਜਵਾਬ ਜ਼ਰੂਰ ਦੇਣ ਕਿ ਜਿਹੜੀ ਸਰਵਿਸ ਲਾਈਨਜ਼ ਦੇ ਚਾਰਜਿਜ਼ ਵਿਚ ਇਨਕਰੀਜ਼ ਕਰਨੀ ਹੈ ਇਸਦਾ ਐਗਰੇਰੀਅਨ ਇਕਾਨੌਮੀ ਤੇ ਕੀ ਅਸਰ ਪਵੇਗਾ। ਇਹ ਵਧੇਗੀ ਜਾਂ ਘਟੇਗੀ। ਇਸ ਨਾਲ ਪੰਜਾਬ ਦੀ ਤਰੱਕੀ ਹੋਵੇਗੀ ਪੰਜਾਬ ਦੀ ਪਰ ਕੈਪੀਟਾ ਇਨਕਮ ਥੱਲੇ ਜਾਵੇਗੀ ਜਾਂ ਉਪਰ ਜਾਵੇਗੀ। ਇਸੇ ਤਰ੍ਹਾਂ ਇਕ ਹੋਰ ਇਨ੍ਹਾਂ ਨੇ ਬਿਲ ਲਿਆਂਦਾ ਹੈ। ਇਹ ਕਹਿੰਦੇ ਹਨ ਕਿ ਅਕਾਲੀ ਸਰਕਾਰ ਦੀ ਪਰਪੋਜ਼ਲ ਸੀ। ਸੁਪਰੀਮ ਕੋਰਟ ਨੇ ਇਕ ਫੀ ਸਦੀ ਕਰ ਦਿਤੀ। ਅਸੀਂ ਉਹ ਵਧਾ ਦਿਤੀ । ਅਸੀਂ 3% ਮਾਰਕਿਟ ਫੀਸ ਰੱਖੀ ਸੀ। ਮਾਰਕਿਟ ਫੀਸ ਦਾ ਬਰਡਨ ਬਾਹਰਲੇ ਸੂਬਿਆਂ ਤੇ ਪੈਂਦਾ ਸੀ। ਪੰਜਾਬ ਦੀ ਸਰ-ਪਲੱਸ ਇਕਾਨੌਮੀ ਹੈ । 60% ਫੂਡਗਰੇਨ ਪੰਜਾਬ ਦਾ ਬਾਹਰ ਜਾਂਦਾ ਹੈ ।

4.09 ਸ਼ਾਮ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਜਿਹੜਾ ਲੈ ਕੇ ਜਾਵੇ ਉਸਤੇ 10% ਟੈਕਸ ਸੀ। ਮੈਜਾਰਿਟੀ ਟੈਕਸਿਜ਼ ਫੂਡ ਕਾਰਪੋਰੇਸ਼ਨ ਆਫ ਇੰਡੀਆ ਤੇ ਸਨ। ਮੈਨੂੰ ਯਾਦ ਹੈ ਕਿ ਇਕ ਵਾਰੀ ਬਾਦਲ ਸਾਹਿਬ ਨੂੰ ਔਰ ਮੈਨੂੰ ਦਿੱਲੀ ਫਾਇਨਾਂਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ ]
ਮਨਿਸਟਰ ਸਾਹਿਬ ਨੇ ਬੁਲਾਇਆ ਸੀ । ਉਥੇ ਸਾਨੂੰ ਫਾਇਨਾਂਸ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਤੁਸੀਂ 3% ਮਾਰਕਿਟ ਫੀਸ ਨੂੰ ਘਟਾਓ ਕਿਉਂਕਿ ਇਸ ਦਾ ਸੈਂਟਰਲ ਗੌਰਮਿੰਟ ਦੇ ਬਜਟ ਤੇ ਅਸਰ ਪੈਂਦਾ ਹੈ। ਸਾਡੇ ਬਰਨਾਲਾ ਸਾਹਿਬ ਉਸ ਵੇਲੇ ਐਗਰੀਕਲਚਰ ਮਨਿਸਟਰ ਸਨ ਔਰ ਸਰ, ਅਸੀਂ ਉਥੇ ਹੀ ਨਾਂਹ ਕਰ ਦਿਤੀ ਸੀ। ਸਰ, ਪ੍ਰੈਸ ਵਾਲਿਆਂ ਨੇ ਡਾਕਟਰ ਸਾਹਿਬ ਨੂੰ ਇਕ ਸਵਾਲ ਕੀਤਾ ਕਿ ਇਨ੍ਹਾਂ ਟੈਕਸਾਂ ਦਾ ਭਾਰ ਕਿਸ ਤੇ ਪਵੇਗਾ ਤਾਂ ਡਾਕਟਰ ਸਾਹਿਬ ਕਹਿਣ ਲਗੇ ਕਿ ਅਸੀਂ ਇਹ ਚੀਜ਼ ਸਟੱਡੀ ਕਰ ਰਹੇ ਹਾਂ। ਤੁਸੀਂ ਸਰ, ਦਸੋ ਇਹ ਕਿਹੜੀ ਆਰਥਿਕਤਾ ਹੈ ਕਿ ਪਹਿਲਾਂ ਟੈਕਸ ਲਗਾ ਦਿਓ ਔਰ ਫਿਰ ਵੇਖੋ ਕਿ ਇਨ੍ਹਾਂ ਦਾ ਭਾਰ ਕਿਸ ਤੇ ਪਵੇਗਾ। ਸਰ, ਮੈਂ ਕਹਿੰਦਾ ਹਾਂ ਕਿ ਟੋਟਲ ਟੈਕਸਾਂ ਦਾ ਭਾਰ ਪੀਜ਼ੈਂਟਰੀ ਤੇ ਪਵੇਗਾ, ਫਾਰਮਰ ਤੇ ਪਵੇਗਾ। ਇਹ ਲਿਖਦੇ ਹਨ:
"By way of fees, cess on agriculture produce brought to the market.".

ਡਿਪਟੀ ਸਪੀਕਰ ਸਾਹਿਬ, ਜਿਹੜਾ ਵੀ ਆਦਮੀ ਮਾਰਕਿਟ ਵਿਚ ਆਪਣੀ ਕਪਾਹ ਲੈ ਕੇ ਆਵੇਗਾ, ਨਰਮਾ ਲੈ ਕੇ ਆਵੇਗਾ, ਫੂਡਗਰੇਨ ਲੈ ਕੇ ਆਵੇਗਾ ਉਸ ਤੇ ਇਹ ਟੈਕਸ ਲਗਣਾ ਹੈ। ਜਿਸ ਤਰ੍ਹਾਂ ਕੀ ਗੰਨੇ ਉਤੇ ਸੈਸ ਹੈ ਇਸ ਤਰ੍ਹਾਂ ਹੀ ਜੇਕਰ ਕੋਈ ਕਿਸਾਨ 10 ਹਜ਼ਾਰ ਦਾ ਮਾਲ ਮਾਰਕਿਟ ਵਿਚ ਲੈ ਕੇ ਜਾਵੇਗਾ ਤਾਂ ਉਸਨੂੰ ਮੰਡੀ ਵਿਚ ਤਾਂ ਐਂਟਰ ਹੋਣ ਦਿਤਾ ਜਾਵੇਗਾ ਜੇਕਰ ਉਹ ਪਹਿਲਾਂ 100 ਰੁਪਿਆ ਦੇਵੇਗਾ ਅਦਰਵਾਈਜ਼ ਉਸ ਨੂੰ ਮੰਡੀ ਵਿਚ ਵੜਨ ਨਹੀਂ ਦਿਤਾ ਜਾਵੇਗਾ। ਮੈਂ ਸਰ, ਡਾਕਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਪੰਜਾਬ ਦੀ ਆਰਥਿਕਤਾ ਨੂੰ ਖੁਸ਼ਹਾਲੀ ਵੱਲ ਲੈ ਜਾਣਾ ਚਾਹੁੰਦੇ ਹਨ ਜਾਂ ਉਸ ਦਾ ਗਲਾ ਘੁੱਟਣਾ ਚਾਹੁੰਦੇ ਹਨ। ਮੈਂ ਤਾਂ ਇਹ ਕਹਾਂਗਾ ਕਿ ਇਹ ਤਾਂ ਬਿਲਕੁਲ ਪੰਜਾਬ ਦੀ ਆਰਥਿਕਤਾ ਦਾ ਗਲਾ ਘੁਟਣਾ ਚਾਹੁੰਦੇ ਹਨ। ਸਰ, ਪੰਜਾਬ ਦੀ ਪਰ ਕੈਪੀਟਾ ਇਨਕਮ ਕੀ ਹੈ। ਮੈਂ ਸਮਝਦਾ ਹਾਂ ਕਿ ਜੇਕਰ ਇਹ ਹੀ ਸਰਕਾਰ ਰਹਿ ਗਈ ਤਾਂ ਦੋ ਸਾਲਾਂ ਵਿਚ ਹੀ ਪਰ ਕੈਪੀਟਾ ਇਨਕਮ ਵੀ ਥਲੇ ਆ ਜਾਵੇਗੀ। ਇਨ੍ਹਾਂ ਦੀ ਕਿਸੇ ਚੀਜ਼ ਬਾਰੇ ਵੀ ਕਮਿਟਮੈਂਟ ਨਹੀਂ ਹੈ।

ਸਰ, ਮੈਂ ਥੋੜ੍ਹਾ ਜਿਹਾ ਜ਼ਿਕਰ 20-ਨੁਕਾਤੀ ਪ੍ਰੋਗਰਾਮ ਦਾ ਕਰਨਾ ਚਾਹੁੰਦਾ ਹਾਂ। ਮੇਰੇ ਦੋਸਤ ਕੇ.ਪੀ. ਸਾਹਿਬ ਮੇਰੇ ਸਾਹਮਣੇ ਬੈਠੇ ਹਨ, ਉਹ ਬੜੇ ਗਰੀਬਾਂ ਦੇ ਹਾਮੀ ਹਨ, ਮੈਂ ਉਨ੍ਹਾਂ ਨੂੰ ਵੀ ਦੱਸਣਾ ਚਾਹੁੰਦਾ ਹਾਂ। ਅਜ ਦੇ ਅਖਬਾਰ ਵਿਚ ਨੈਸ਼ਨਲ ਡਿਵੈਲਪਮੈਂਟ ਕੌਂਸਲ ਅਤੇ ਪਲਾਨਿੰਗ ਕਮਿਸ਼ਨ ਬਾਰੇ ਦਿਤਾ ਹੋਇਆ ਹੈ ।

> "20 point programme is the core of the Sixth Plan. Only when we can make it a reality, will we be able to reach the major social and economic objects of the Sixth Plan."

ਸੈਂਟਰਲ ਗੌਰਮਿੰਟ ਇਹ ਕਹਿੰਦੀ ਹੈ ਕਿ ਸਿਕਸਥ ਪਲਾਨ ਦੇ ਇਕਨਾਮਿਕ ਔਰ ਸੋਸ਼ਲ ਆਬਜੈਕਟਿਵਜ਼ 20-ਨੁਕਾਤੀ ਪ੍ਰੋਗਰਾਮ ਵਿਚੋਂ ਨਿਕਲਦੇ ਹਨ । ਮੈਂ ਇਨ੍ਹਾਂ 20-ਨੁਕਾਤੀ ਪ੍ਰੋਗਰਾਮ ਵਿਚ ਬੀਲੀਵ ਨਹੀਂ ਕਰਦਾ ਕਿਉਂਕਿ ਉਨ੍ਹਾਂ ਵਿਚੋਂ ਕੁਝ ਪੁਆਇੰਟ ਚੰਗੇ ਹਨ ਪਰ ਕੁਝ ਚੰਗੇ ਨਹੀਂ ਹਨ। ਕੁਝ ਪੁਆਇੰਟਾਂ ਰਾਹੀਂ ਪਰਸਨੈਲਿਟੀ ਕਲਟ ਡਿਵੈਲਪ ਕੀਤੀ ਜਾ ਰਹੀ ਹੈ, ਕਿਸੇ ਸੋਸ਼ਲ ਅਥਾਰਿਟੀ ਨੂੰ ਉਨ੍ਹਾਂ ਰਾਹੀਂ ਡਿਵੈਲਪ ਕੀਤਾ ਜਾ ਰਿਹਾ ਹੈ ਔਰ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪਰਸੈਨਲਿਟੀ ਕਲਟ ਡਿਵੈਲਪ ਕੀਤਾ ਜਾਵੇ। ਸਰ, ਮੈਂ ਡਾਕਟਰ ਸਾਹਿਬ ਨਾਲ ਕੋਈ ਪਰਸਨਲ ਗਲ ਨਹੀਂ ਕਰਦਾ, ਕਿਉਂਕਿ ਇਨ੍ਹਾਂ ਨੇ ਬਜਟ ਪੇਸ਼ ਕੀਤਾ ਹੈ ਇਸ ਲਈ ਮੈਂ ਗੱਲ ਕਰ ਰਿਹਾ ਹਾਂ। ਮੈਂ ਡਾਕਟਰ ਸਾਹਿਬ ਦੀ ਜਗ੍ਹਾਂ ਇਹ ਕਹਿ ਦਿੰਦਾ ਹਾਂ ਕਿ ਸਰਕਾਰ ਦੀ 20-ਨੁਕਾਤੀ ਪ੍ਰੋਗਰਾਮ ਬਾਰੇ ਕੋਈ ਵੀ ਕਮਿਟਮੈਂਟ ਨਹੀਂ ਹੈ ਤਾਂ ਵੀ ਠੀਕ ਹੈ

Original with;
Punjab Vidhan Sabha
Digitized by;
Panjab Digital Library

ਔਰ ਇਹ ਗੱਲ ਤੁਸੀਂ ਬਜਟ ਦੇ ਕਾਗਜ਼ ਫਰੋਲ ਕੇ ਵੇਖ ਲਵੋ। ਉਨ੍ਹਾਂ ਵਿਚ 20 ਨੁਕਤਿਆਂ ਦਾ ਜ਼ਿਕਰ ਨਹੀਂ ਹੈ, 14 ਦਾ ਜ਼ਿਕਰ ਹੈ। ਜਿਹੜੇ 6 ਪੁਆਇੰਟ ਛਡੇ ਗਏ ਹਨ ਉਨ੍ਹਾਂ ਬਾਰੇ ਵੀ ਮੈਂ ਦੱਸਾਂਗਾ। ਉਨ੍ਹਾਂ ਪੁਆਇੰਟਾਂ ਵਿਚੋਂ ਸਭ ਤੋਂ ਵਡਾ ਪੁਆਇੰਟ ਹੈ ਪੀਲੇ ਕਾਰਡਾਂ ਵਾਲਿਆਂ ਬਾਰੇ। ਉਹ ਨੰਬਰ 10 ਤੇ ਹੈ। ਪੀਲੇ ਕਾਰਡਾਂ ਵਾਲਿਆਂ ਬਾਰੇ ਸਰ, ਇਸ ਪਾਸਿਉਂ ਵੀ ਤੇ ਉਸ ਪਾਸਿਉਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਵੀ ਚਰਚਾ ਹੁੰਦੀ ਰਹਿੰਦੀ ਹੈ ਕਿਉਂਕਿ ਪੀਲੇ ਕਾਰਡਾਂ ਦੀ ਫਿਲਾਸਫੀ ਬੜੀ ਅੱਛੀ ਹੈ ਪਰ ਜੇਕਰ ਇਹ ਇੰਪਲੀਮੈਂਟ ਕੀਤੀ ਜਾਵੇ ਤਾਂ ਹੀ ਇਸ ਦਾ ਫਾਇਦਾ ਹੋ ਸਕਦਾ ਹੈ। ਜਿਹੜੇ ਆਦਮੀ 3600 ਰੁਪਏ ਸਾਲਾਨਾ ਦੀ ਆਮਦਨ ਵਾਲੇ ਨਹੀਂ ਹਨ ਉਹ ਪਾਵਰਟੀ ਲਾਈਨ ਤੋਂ ਥੱਲੇ ਰਹਿ ਰਹੇ ਹਨ। ਪਰ ਉਨ੍ਹਾਂ ਬਾਰੇ ਕੀ ਕੀਤਾ ਹੈ, ਸਰ, ਉਹ ਵੀ ਮੈਂ ਦਸ ਦਿੰਦਾ ਹਾਂ, ਇਹ 20 ਨੁਕਾਤੀ ਪ੍ਰੋਗਰਾਮ ਦੇ 10ਵੇਂ ਨੰਬਰ ਤੇ ਆਉਂਦਾ ਹੈ। ਇਹ ਕਹਿੰਦੇ ਹਨ ਕਿ ਇਕਨਾਮੀ-ਕਲੀ ਵੀਕਰ ਸੈਕਸ਼ਨ ਨੂੰ, ਪੀਲੇ ਕਾਰਡਾਂ ਵਾਲਿਆਂ ਨੂੰ ਮਕਾਨ ਦੇਣੇ ਹਨ। ਐਸੇ 40 ਲੱਖ ਲੋਕ ਹਨ ਔਰ ਉਨ੍ਹਾਂ ਲਈ ਰੂਰਲ ਏਰੀਆ ਔਰ ਅਰਬਨ ਏਰੀਆ ਵਿਚ ਹਾਊਸ ਬਿਲਡਿੰਗ ਪ੍ਰੋਗਰਾਮ ਸ਼ੁਰੂ ਕਰਨਾ ਹੈ। ਇਨ੍ਹਾਂ ਨੇ ਇਹ ਲਿਖਿਆ ਹੋਇਆ ਹੈ ਕਿ ਇਹ ਪ੍ਰੋਗਰਾਮ ਜ਼ੋਰ ਨਾਲ ਸ਼ੁਰੂ ਕਰਾਂਗੇ। ਵੈਲਫੇਅਰ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ 40 ਲੱਖ ਦੇ ਕਰੀਬ ਬੰਦੇ ਆਈਡੈਂਟੀਫਾਈ ਕੀਤੇ ਹਨ ਪਰ ਸਰ, ਉਨ੍ਹਾਂ 40 ਲੱਖ ਬੰਦਿਆਂ ਨੂੰ ਮਕਾਨ ਦੇਣ ਵਾਸਤੇ 2 ਲੱਖ ਰੁਪਿਆ ਰੱਖਿਆ ਹੈ। ਸੈਣੀ ਸਾਹਿਬ ਸਾਡੇ ਜਲੰਧਰ ਦੇ ਹਨ ਮੈਂ ਇਨ੍ਹਾਂ ਨੂੰ ਦੱਸਦਾ ਹਾਂ ਕਿ ਇਹ ਅਗਰ ਹਿਸਾਬ ਲਗਾਇਆ ਜਾਵੇ ਤਾਂ ਸਿਰਫ 5 ਪੈਸੇ ਇਕ ਬੰਦੇ ਨੂੰ ਮਕਾਨ ਬਣਾ ਕੇ ਦੇਣ ਵਾਸਤੇ ਆਏ। ਮੈਂ ਡਾਕਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਸ ਤਰ੍ਹਾਂ ਇਹ 20-ਨੁਕਾਤੀ ਪ੍ਰੋਗਰਾਮ ਦੀ ਇੰਪਲੀ-ਮੈਂਟੇਸ਼ਨ ਹੋਵੇਗੀ? (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਇਹ ਪ੍ਰੋਗਰਾਮ ਵੀ ਇੰਪਲੀਮੈਂਟ ਕਰਨਾ ਹੈ ਪਰ ਕੀ ਦੋ ਲੱਖ ਰੁਪਏ ਨਾਲ ਇਸ ਦੀ ਇੰਪਲੀਮੈਂਟੇਸ਼ਨ ਹੋ ਜਾਵੇਗੀ, ਨਹੀਂ ਹੋਵੇਗੀ। ਇਨ੍ਹਾਂ ਨੇ ਤਾਂ ਤਰੀਕਾ ਬਣਾ ਲਿਆ ਹੈ, ਜਿਸ ਤਰ੍ਹਾਂ ਕਿ ਮੈਂ ਪਹਿਲਾਂ ਕਿਹਾ ਸੀ।

**If you cannot convince, confuse.**

ਇਨ੍ਹਾਂ ਦਾ ਪ੍ਰੋਗਰਾਮ ਹੈ ਕਿ ਹਵਾ ਦੀਆਂ ਕੰਧਾਂ ਇਨ੍ਹਾਂ ਨੇ ਬਣਾ ਦੇਣੀਆਂ ਹਨ ਔਰ ਅਸਮਾਨ ਦੀ ਛੱਤ ਬਣਾ ਦੇਣੀ ਹੈ ਫਿਰ ਆਪਣੇ ਆਪ ਹੀ ਮਕਾਨ ਬਣ ਜਾਵੇਗਾ ਕਿਉਂਕਿ ਮਕਾਨ ਵਾਸਤੇ ਤਾਂ ਪੰਜ ਪੈਸੇ ਸਾਰੇ ਆਉਂਦੇ ਹਨ। ਜਿਹੜੀ ਇਨ੍ਹਾਂ ਦੀ ਕਮਿਟਮੈਂਟ ਹੈ, ਜਿਸ ਦੇ ਬਾਰੇ ਪ੍ਰਧਾਨ ਮੰਤਰੀ ਔਰ ਜਿਸ ਦੇ ਬਾਰੇ ਚਵਾਨ ਸਾਹਿਬ ਕਹਿੰਦੇ ਹਨ ਕਿ

"This is the core of our Sixth Plan.'

ਇਹ ਉਸ ਦੀ ਇੰਪਲੀਮੈਂਟੇਸ਼ਨ ਹੋ ਰਹੀ ਹੈ। ਸਰ, ਮੈਂ ਤਾਂ ਹੀ ਕਹਿੰਦਾ ਹਾਂ ਕਿ ਅਸੀਂ ਦਰ ਅਸਲ ਬੈਂਕਰੱਪਸੀ ਵੱਲ ਜਾ ਰਹੇ ਹਾਂ। ਇਹ ਬਜਟ ਐਂਟੀ ਪੀਪਲ ਹੈ, ਐਂਟੀ ਫਾਰਮਰ ਹੈ, ਔਰ ਐਂਟੀ ਕਨਜ਼ਿਊਮਰ ਹੈ।

ਹੁਣ ਪਲਾਨ ਵਾਲੇ ਪਾਸੇ ਆ ਜਾਓ। ਜੋ ਮੈਂ ਕਹਿੰਦਾ ਹਾਂ ਕਿ ਪਲਾਨ ਤਕੜਾ ਹੋਣਾ ਚਾਹੀਦਾ ਹੈ ਔਰ ਹੋਰ ਨਾਲ ਕੰਮ ਚਲਾਣਾ ਚਾਹੀਦਾ ਹੈ। ਇਨ੍ਹਾਂ ਦਾ 385 ਕਰੋੜ ਰੁਪਏ ਦਾ ਪਲਾਨ ਹੈ ਅਰ 85 ਕਰੋੜ ਰੁਪਏ ਦਾ ਘਾਟਾ ਹੈ, ਇਸ ਦਾ ਮਤਲਬ ਹੈ ਕਿ 300 ਕਰੋੜ ਰੁਪਏ ਦਾ ਪਲਾਨ ਰਹਿ ਗਿਆ ਔਰ ਇਹ ਕਹਿੰਦੇ ਹਨ ਕਿ ਇਨਫਲੇਸ਼ਨ ਰੇਟ ਘਟਿਆ ਹੈ, ਪਿਛਲੇ ਸਾਲ 17%, 18% ਔਰ 20% ਸੀ ਪਰ ਹੁਣ $12\frac{1}{2}$% ਪਰਸੈਂਟ ਇਨਫਲੇਸ਼ਨ ਰੇਟ ਹੈ, ਇਸ ਤਰ੍ਹਾਂ ਨਾਲ 260

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਕਰੋੜ ਰੁਪਏ ਦਾ ਪ੍ਰੋਡਕਟਿਵਿਟੀ ਪਲਾਨ ਰਹਿ ਜਾਂਦਾ ਹੈ। ਮੈਂ ਖੈਰ ਇਸ ਪਾਸੇ ਨਹੀਂ ਜਾਂਦਾ। ਡਾਕਟਰ ਸਾਹਿਬ ਨੇ ਕਿਹਾ ਹੈ ਕਿ ਵੱਡਾ ਪਲਾਨ ਬਣਾਇਆ ਹੈ। ਮੈਂ ਡਾਕਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਔਰ ਮੈਂ ਡਾਕਟਰ ਸਾਹਿਬ ਦਾ ਧਿਆਨ, ਇਸ ਹਾਊਸ ਦਾ ਧਿਆਨ ਬਜਟ ਐਟ ਏ ਗਲਾਂਸ' ਵਲ ਲੈ ਜਾਣਾ ਚਾਹੁੰਦਾ ਹਾਂ। ਜੇਕਰ ਸਰ, ਇਨ੍ਹਾਂ ਦਾ ਪਲਾਨ ਵੱਡਾ ਹੈ ਤਾਂ ਫਿਰ ਕਟਸ ਕਿਉਂ ਲਗਾਈਆਂ ਗਈਆਂ ਹਨ। ਸਫਾ 20 ਤੇ ਵੇਖਿਆ ਜਾਵੇ। ਮੈਂ ਥੀਨ ਡੈਮ ਦੀ ਗੱਲ ਕਰਦਾ ਹਾਂ ਜਿਹੜਾ ਕਿ ਗਲੋਰੀਅਸ ਪਲਾਨ ਹੈ, ਜਿਹੜਾ ਕਿ ਪੰਜਾਬ ਦੀ ਖੁਸ਼ਹਾਲੀ ਵਾਲਾ ਪਲਾਨ ਹੈ। ਪਿਛਲੀ ਵਾਰੀ ਡਾਕਟਰ ਸਾਹਿਬ ਨੇ ਬੜੇ ਜ਼ੋਰ ਨਾਲ ਕਿਹਾ ਸੀ ਔਰ ਥੰਪਿੰਗ ਵੀ ਹੋਈ ਸੀ ਇਧਰਲੇ ਪਾਸਿਉਂ ਵੀ ਔਰ ਉਧਰਲੇ ਪਾਸਿਉਂ ਵੀ ਥੰਪਿੰਗ ਹੋਈ ਸੀ ਕਿਉਂਕਿ ਅਸੀਂ ਥੀਨ ਡੈਮ ਦੇ ਮੁਜ਼ਾਹਿਰ ਹਾਂ, ਅਸੀਂ ਚਾਹੁੰਦੇ ਹਾਂ ਕਿ ਪਾਕਿਸਤਾਨ ਨੂੰ ਜਿਹੜਾ ਪਾਣੀ ਫਾਲਤੂ ਦਾ ਜਾਂਦਾ ਹੈ ਉਹ ਨਾ ਜਾਵੇ, ਸਾਡੇ ਪੰਜਾਬ ਨੂੰ ਬਿਜਲੀ ਹੋਰ ਮਿਲੇ, ਪਾਣੀ ਮਿਲੇ। ਇਸ ਕਰਕੇ ਅਸੀਂ ਚਾਹੁੰਦੇ ਹਾਂ ਕਿ ਥੀਨ ਡੈਮ ਨੰਬਰ ਇਕ ਤੇ ਆਉਣਾ ਚਾਹੀਦਾ ਹੈ ਪਰ ਸਰ, ਇਸ ਦੇ ਬਾਰੇ ਡਾਕਟਰ ਸਾਹਿਬ ਦੀ ਸਪੀਚ ਵਿਚ ਜ਼ਿਕਰ ਹੀ ਨਹੀਂ ਹੈ। 19 ਕਰੋੜ ਦਾ 12 ਕਰੋੜ ਤੇ ਬਜਟ ਇਸ ਦੇ ਵਾਸਤੇ ਲੈ ਅਉਂਦਾ ਹੈ। ਜਿਹੜਾ ਪ੍ਰਾਜੈਕਟ ਸਰ, 479 ਕਰੋੜ ਰੁਪਏ ਦਾ ਹੋਵੇ ਉਹ ਕਿਸ ਤਰ੍ਹਾਂ 19 ਕਰੋੜ ਜਾਂ 12 ਕਰੋੜ ਰੁਪਏ ਨਾਲ ਸਿਰੇ ਚੜ ਸਕਦਾ ਹੈ। ਇਸ ਰਫਤਾਰ ਨਾਲ ਇਹ 100 ਸਾਲ ਵਿਚ ਹੀ ਨਹੀਂ ਬਣ ਸਕਦਾ। ਫਿਰ ਇਸ ਤਰ੍ਹਾਂ ਹੀ ਰੰਧਾਵਾ ਸਾਹਿਬ ਰੂਰਲ ਏਰੀਆ ਦੀ ਡਿਵੈਲਪਮੈਂਟ ਦੀ ਗੱਲ ਕਰਦੇ ਹਨ, ਇਹ ਕਹਿੰਦੇ ਹਨ ਕਿ ਮੈਂ ਰੂਰਲ ਏਰੀਏ ਨੂੰ ਬਹਿਸ਼ਤ ਬਣਾ ਦੇਣਾ ਹੈ। ਪਰ ਰੰਧਾਵਾ ਸਾਹਿਬ ਨੂੰ ਪਤਾ ਨਹੀਂ ਹੈ ਕਿ ਡਾਕਟਰ ਸਾਹਿਬ ਨੇ ਇਨ੍ਹਾਂ ਨੂੰ ** **

**ਸ੍ਰੀ ਡਿਪਟੀ ਸਪੀਕਰ**: ਇਹ ਵਰਡ ਠੀਕ ਨਹੀਂ ਹੈ, ਇਸ ਨੂੰ ਐਕਸਪੰਜ ਕੀਤਾ ਜਾਂਦਾ ਹੈ।

**ਸਰਦਾਰ ਬਲਵੰਤ ਸਿੰਘ**: ਸਰ, ਮੈਂ ਦਸਦਾ ਹਾਂ ਕਿ ਅਜ ਜਦ ਕਿ ਇਹ ਪਰੋਡੈਕਟਿਵਿਟੀ ਦਾ ਯੀਅਰ ਮਨ੍ਹਾ ਰਹੇ ਹਨ ਤਾਂ ਇਨ੍ਹਾਂ ਨੇ ਕੀ ਕੰਮ ਕੀਤਾ ਹੈ। ਇਸ ਵੇਲੇ ਇਨਫਲੇਸ਼ਨ 12 ½% ਹੈ। ਇਸੇ ਤਰ੍ਹਾਂ ਮੈਂ ਹੋਰ ਦਸਦਾ ਹਾਂ ਕਿ ਕਮਿਊਨਿਟੀ ਡਿਵੈਲਪਮੈਂਟ ਪੰਚਾਇਤੀ ਰਾਜ ਲਈ ਪਿਛਲੇ ਸਾਲ 11 ਕਰੋੜ 53 ਲੱਖ ਰੁਪਿਆ ਰਖਿਆ ਸੀ ਪਰ ਹੁਣ ਇਨ੍ਹਾਂ ਨੇ 8 ਕਰੋੜ ਰੁਪਿਆ ਕਰ ਦਿਤਾ ਹੈ। ਇਹ ਇਨ੍ਹਾਂ ਦਾ ਪਰੋਡੈਕਟਿਵਟੀ ਯੀਅਰ ਹੈ। ਇਸ ਤੋਂ ਅਗੇ ਚਲੋ ਫਲਡ ਕੰਟਰੋਲ ਵਾਸਤੇ ਇਨ੍ਹਾਂ ਨੇ ਕੀ ਕੀਤਾ। ਡਿਪਟੀ ਸਪੀਕਰ ਸਾਹਿਬ, ਇਸ ਵੇਲੇ ਵੀ ਪੰਜਾਬ ਦੇ ਵਿਚ 5½ ਲੱਖ ਹੈਕਟਰ ਏਰੀਆ ਫਲੱਡ ਦੀ ਮਾਰ ਥੱਲੇ ਹੈ ਇਹ ਏਰੀਆ ਹਾਲੇ ਵੀ ਵਾਟਰ ਲੌਗਿੰਗ ਦੀ ਜਦ ਥਲੇ। ਅਸੀਂ ਇਸ ਵਾਸਤੇ ਪਹਿਲੇ ਸਾਲ 12 ਕਰੋੜ ਰੁਪਿਆ ਰਖਿਆ ਸੀ ਔਰ ਫਿਰ ਦੂਜੇ ਸਾਲ 10 ਕਰੋੜ ਰੁਪਿਆ ਰਖਿਆ ਸੀ। ਪਰ ਅਜ ਡਾਕਟਰ ਸਾਹਿਬ ਕਹਿੰਦੇ ਹਨ ਕਿ ਇਸ ਵਾਸਤੇ ਤਾਂ ਪੈਸੇ ਦੀ ਤਾਂ ਲੋੜ ਹੀ ਨਹੀਂ। ਆਪਣੇ ਆਪ ਹੀ ਠੀਕ ਹੋ ਜਾਵੇਗਾ। ਇਹ ਸੋਚ ਕੇ ਇਨ੍ਹਾਂ ਨੇ ਪਿਛਲੇ ਸਾਲ ਇਸ ਵਾਸਤੇ 5½ ਕਰੋੜ ਰੁਪਿਆ ਰਖਿਆ ਔਰ ਅਤਕੀ 4 ਕਰੋੜ ਕਰ ਦਿਤਾ ਹੈ। ਹੁਣ ਤੁਸੀਂ ਅੰਦਾਜ਼ਾ ਲਗਾਓ ਕਿ ਇਹ ਪ੍ਰੋਡੈਕਟਿਵਿਟੀ ਦਾ ਯੀਅਰ ਮਨਾ ਰਹੇ ਹਨ ਜਾਂ ਹੋਰ ਥਲੇ ਨੂੰ ਜਾ ਰਹੇ ਹਨ।

ਇਸ ਤੋਂ ਅਗੇ ਮੈਂ ਕੋਆਪਰੇਸ਼ਨ ਦੀ ਗੱਲ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਹਰ ਪਾਰਟੀ ਕੋਆਪਰੇਟਿਵ ਮੂਵਮੈਂਟ ਵਿਚ ਪੂਰਾ ਵਿਸ਼ਵਾਸ ਰਖਦੀ ਹੈ ਔਰ ਇਹ ਫਿਲਾਸਫੀ ਤਾਂ ਪ੍ਰਾਈਮ ਮਨਿਸਟਰ ਦੀ ਵੀ ਹੈ। ਇਸ ਹਾਊਸ ਵਿਚ ਕੋਈ ਅਜਿਹੀ ਪਾਰਟੀ ਨਹੀਂ, ਸਿਵਾਏ ਇਨ੍ਹਾਂ ਦੇ (ਕਾਂਗਰਸ ਪਾਰਟੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਵੱਲ ਇਸ਼ਾਰਾ) ਜਿਸ ਦਾ ਕੋਆਪਰੇਸ਼ਨ ਵਿਚ ਯਕੀਨ ਨਾ ਹੋਵੇ। ਇਨ੍ਹਾਂ ਨੇ ਇਸ ਵਾਸਤੇ ਵੀ ਪੈਸਾ ਅਗੇ ਨਾਲੋਂ ਘੱਟਾ ਦਿੱਤਾ ਹੈ। ਪਹਿਲੇ 9 ਕਰੋੜ ਸੀ ਹੁਣ 8 ਕਰੋੜ ਕਰ ਦਿਤਾ ਹੈ। ਇਹ ਹਾਲ ਹੈ ਇਨ੍ਹਾਂ ਦਾ। ਫਿਰ ਇਹ ਕਹਿੰਦੇ ਹਨ ਕਿ ਅਸੀਂ ਤਰੱਕੀ ਵਲ ਜਾ ਰਹੇ ਹਾਂ।

ਫਿਰ ਇਸ ਤੋਂ ਅਗੇ ਮੈਂ ਇੰਡਸਟਰੀਜ਼ ਅਤੇ ਮਿਨਰਲ ਦੀ ਗੱਲ ਕਰਦਾ ਹਾਂ। ਪਿਛਲੇ ਸਾਲ ਚੀਫ ਮੀਨਸਟਰ ਸਾਹਿਬ ਨੇ ਇਥੇ ਕਿਹਾ ਸੀ ਕਿ ਅਸੀਂ ਇਤਨੇ ਲੈਟਰ ਆਫ ਇੰਟੈਂਟਸ ਲੈ ਲਏ ਹਨ ਔਰ ਇਤਨੇ ਡੀ.ਟੀ.ਜੀ. ਦੀ ਰਜਿਸਟਰੇਸ਼ਨ ਕਰਵਾ ਲਈ ਹੈ। ਮੈਂ ਇਹ ਪੁੱਛਦਾ ਹਾਂ ਕਿ ਇਨ੍ਹਾਂ ਲੈਟਰ ਆਫ ਇੰਟੈਂਟਸ ਜਾਂ ਡੀ.ਟੀ.ਜੀ. ਨਾਲ ਕੀ ਬਣਨਾ ਹੈ ਜਦ ਤਕ ਕਿ ਕੋਈ ਕੰਮ ਇੰਮਪਲੀਮੈਂਟ ਨਾ ਹੋਵੇ। ਮੈਨੂੰ ਕਹੋ ਤਾਂ ਮੈਂ ਤੁਹਾਨੂੰ 500 ਲੈਟਰ ਆਫ ਇੰਟੈਂਟ ਲਿਆ ਦਿੰਦਾ ਹਾਂ। ਸਿਰਫ ਲੈਟਰ ਆਫ ਇੰਟੈਂਟਸ ਹੀ ਇੰਡਸਟਰੀ ਨਹੀਂ ਹੈ। ਇਸ ਨਾਲ ਕੀ ਹੋਵੇਗਾ। ਜਦ ਤਕ ਇਸ ਲਈ ਜ਼ਿਆਦਾ ਪੈਸਾ ਨਹੀਂ ਰਖਿਆ ਜਾਂਦਾ। ਇਸ ਲਈ ਵੀ ਮੈਂ ਦਸਦਾ ਹਾਂ ਕਿ ਇੰਡਸਟਰੀ ਲਈ ਪਿਛਲੇ ਸਾਲ 15 ਕਰੋੜ ਰੁਪਿਆ ਸੀ ਐਤਕੀ ਇਹ 13 ਕਰੋੜ ਕਰ ਦਿਤਾ ਹੈ। ਜਿਹੜਾ ਪੈਸਾ ਵੱਧਣਾ ਚਾਹੀਦਾ ਸੀ ਉਹ ਘਟਾ ਦਿਤਾ ਹੈ।

ਇਸੇ ਤਰ੍ਹਾਂ ਤੁਸੀਂ ਟ੍ਰਾਂਸਪੋਰਟ ਐਂਡ ਕਮਿਊਨੀਕੇਸ਼ਨ ਵੱਲ ਵੇਖ ਲਵੋ। ਅਜ ਜਦ ਕਿ ਇਥੇ ਬਾਰ ਬਾਰ ਕਿਹਾ ਜਾਂਦਾ ਹੈ ਕਿ ਟ੍ਰਾਂਸਪੋਰਟ ਦੀ ਨੇਸ਼ਨੇਲਾਈਜ਼ੇਸ਼ਨ ਹੋਵੇ। ਇਹ ਪਤਾ ਨਹੀਂ ਕਿਸ ਪਾਸੇ ਤੁਰੇ ਜਾ ਰਹੇ ਹਨ। 1980-81 ਵਿਚ ਇਨ੍ਹਾਂ ਨੇ ਇਸ ਵਾਸਤੇ $31\frac{1}{2}$ ਕਰੋੜ ਰੁਪਿਆ ਸੀ ਐਤਕੀ ਇਹ 17 ਕਰੋੜ ਕਰ ਦਿਤਾ ਹੈ। ਬਿਲਕੁਲ ਅੱਧਾ ਕਰ ਦਿਤਾ ਹੈ। ਹੁਣ ਤੁਸੀਂ ਹੀ ਦੱਸੋ ਇਹ ਤਰੱਕੀ ਵੱਲ ਜਾ ਰਹੇ ਹਨ ਜਾਂ ਥੱਲੇ ਨੂੰ ਜਾ ਰਹੇ ਹਨ।

ਫਿਰ, ਡਿਪਟੀ ਸਪੀਕਰ ਸਾਹਿਬ, ਪਾਂਡੇ ਸਾਹਿਬ ਚਲੇ ਗਏ ਹਨ, ਉਨ੍ਹਾਂ ਦਾ ਮਹਿਕਮਾ ਹੈਲਥ ਬੜਾ ਇੰਪਾਰਟੈਂਟ ਮਹਿਕਮਾ ਹੈ, ਬੇਸ਼ਕ ਗਲ ਹੈ, ਸਿਹਤ ਦਾ ਸਵਾਲ ਹੈ। ਇਸ ਵਾਸਤੇ ਵੀ ਪਿਛਲੇ ਸਾਲ 982 ਲੱਖ ਰੁਪਿਆ ਰੱਖਿਆ ਸੀ ਐਤਕੀ 900 ਲੱਖ ਰੁਪਿਆ ਕਰ ਦਿੱਤਾ ਹੈ। ਇਸ ਤਰ੍ਹਾਂ ਜੇ ਮੈਂ ਤੁਹਾਨੂੰ ਹਰ ਮਹਿਕਮੇਂ ਦੇ ਬਾਰੇ ਦਸਾਂ ਤਾਂ ਮੈਜਾਰਿਟੀ ਵਿਚ ਅਜਿਹੇ ਮਹਿਕਮੇਂ ਹਨ ਜਿਨਾਂ ਵਿਚ ਇਨ੍ਹਾਂ ਦੀ ਐਲੋਕੇਸ਼ਨ ਥੱਲੇ ਨੂੰ ਚਲੀ ਗਈ ਹੈ। ਇਸ ਲਈ ਮੈਂ ਪੁੱਛਦਾ ਹਾਂ ਕਿ ਕੀ ਇਸ ਨਾਲ ਪੰਜਾਬ ਦੀ ਤਰੱਕੀ ਹੋਵੇਗੀ ?

ਇਸ ਤੋਂ ਅਗੇ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਕ ਹੋਰ ਬੜੀ ਜ਼ਰੂਰੀ ਗਲ ਦਸਦਾ ਹਾਂ। ਗਵਰਨਰ ਸਾਹਿਬ ਨੇ ਇਥੇ ਐਡਰੈਸ ਪੇਸ਼ ਕੀਤਾ। ਇਹ ਜਿਹੜਾ ਐਡਰੈਸ ਹੁੰਦਾ ਹੈ ਇਹ ਸਾਰੀ ਕੇਬਨਿਟ ਦੀ ਐਪਰੂਵਲ ਨਾਲ ਤਿਆਰ ਕੀਤਾ ਜਾਂਦਾ ਹੈ ਤਾਂ ਹੀ ਗਵਰਨਰ ਸਾਹਿਬ ਇਥੇ ਪੇਸ਼ ਕਰਦੇ ਹਨ। ਇਨ੍ਹਾਂ ਨੇ ਗਵਰਨਰ ਐਡਰੈਸ ਵਿਚ ਤਾਂ ਲਿਖਵਾ ਦਿਤਾ ਕਿ ਅਸੀਂ ਇਕ ਡਿਪਾਰਟਮੈਂਟ ਆਫ ਟੈਕਨੌਲਜੀ ਖੜ੍ਹਾ ਕਰ ਰਹੇ ਹਾਂ ਪਰ ਬਜਟ ਵਿਚ ਇਸ ਦਾ ਮੈਨਸ਼ਨ ਤੱਕ ਨਹੀਂ ਕੀਤਾ। ਮੈਂ ਪੁੱਛਦਾ ਹਾਂ ਕਿ ਜੇ ਇਸ ਦਾ ਬਜਟ ਵਿਚ ਮੈਨਸ਼ਨ ਨਹੀਂ ਸੀ ਕਰਨਾ ਤਾਂ ਫਿਰ ਕੀ ਲੋੜ ਸੀ ਇਸ ਦਾ ਗਵਰਨਰ ਐਡਰੈਸ ਵਿਚ ਮੈਨਸ਼ਨ ਕਰਨ ਦੀ। ਐਵੇਂ ਹੀ ਲੋਕਾਂ ਨੂੰ ਗੁਮਰਾਹ ਕਰਨਾ ਸੀ।

ਫਿਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇੰਸਟੀਚਿਊਸ਼ਨਲ ਫੀਨਾਂਸ ਦਾ ਜ਼ਿਕਰ ਕੀਤਾ। ਇਨ੍ਹਾਂ ਨੇ ਕਿਹਾ ਕਿ 250-300 ਕਰੋੜ ਦੇ ਕਰੀਬ ਇਹ ਇਸਤੇਮਾਲ ਕਰ ਰਹੇ ਹਨ। ਪਰ ਮੈਂ ਪੁੱਛਦਾ ਹਾਂ ਕਿ ਇਸ ਵਿਚ ਇਨ੍ਹਾਂ ਦੀ ਕਰੈਡਿਟ ਰੇਸ਼ੋ ਕਿੰਨੀ ਹੈ ? ਮੈਂ ਦਸਦਾ ਹਾਂ ਕਿ ਇਹ ਸਿਰਫ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

37% ਹੈ। ਬਾਕੀ ਸਾਰਾ ਰੁਪਿਆ ਹੋਰ ਸਟੇਟਾਂ ਲੈ ਰਹੀਆਂ ਹਨ । ਅਸੀਂ ਇਸ ਵਾਸਤੇ ਲੜਦੇ ਸੀ। ਅਕਾਲੀ ਪਾਰਟੀ ਇਸ ਦੀ ਜੜ੍ਹ ਸੀ। ਅਕਾਲੀ ਪਾਰਟੀ ਇਸ ਨੂੰ ਵਧਾਉਣ ਲਈ ਲੜਦੀ ਸੀ । ਪਰ ਇਹ ਚੁੱਪ ਹਨ। ਇਸ ਵੇਲੇ ਤਾਮਿਲਨਾਡੂ 78% ਕਰੈਡਿਟ ਡਿਪਾਜ਼ਿਟ ਰੇਸ਼ੋ ਲੈ ਰਿਹਾ ਹੈ, ਮਹਾਂਰਾਸ਼ਟਰਾ 75% ਲੈ ਰਿਹਾ ਹੈ, ਹਰਿਆਣਾ ਵੀ 55% ਲੈ ਰਿਹਾ ਹੈ ਜਦ ਕਿ ਪੰਜਾਬ ਸਿਰਫ 37% ਲੈ ਰਿਹਾ ਹੈ। ਪਰ ਡਾਕਟਰ ਸਾਹਿਬ, ਮੱਝਾਂ ਲਈ ਕਰਜ਼ਾ ਦੇ ਕੇ ਅਤੇ ਮੁਰਗੀਆਂ ਲਈ ਕਰਜ਼ਾ ਦੇ ਕੇ ਕਰੈਡਿਟ ਡਿਪਾਜ਼ਿਟ ਰੇਸ਼ੋ ਵਧਾਉਣਾ ਚਾਹੁੰਦੇ ਹਨ। ਮੈਂ ਇਨ੍ਹਾਂ ਨੂੰ ਦਸਦਾ ਹਾਂ ਕਿ ਇਸ ਤਰ੍ਹਾਂ ਨਾਲ ਇਹ ਪੈਸਾ ਨਹੀਂ ਫਧਣਾ। ਜੇ ਇਹ ਰੇਸ਼ੋ ਵਧਾਉਣਾ ਚਾਹੁੰਦੇ ਹੋ ਤਾਂ ਇਥੇ ਹਾਈਡਰੋਇਲੈਕਟ੍ਰਿਕ ਕਾਰਪੋਰੇਸ਼ਨ ਬਣਾਓ, ਥਰਮਲ ਕਾਰਪੋਰੇਸ਼ਨ ਬਣਾਓ ਔਰ ਫਿਰ ਇਸ ਵਾਸਤੇ ਬੈਂਕਾਂ ਤੋਂ ਪੈਸਾ ਲਓ। ਜਿਸ ਹਿਸਾਬ ਨਾਲ ਤੁਸੀਂ ਪੈਸਾ ਲੈਣਾ ਚਾਹੁੰਦੇ ਹੋ ਉਹ ਤੁਹਾਡਾ ਬੇਸਿਜ਼ ਹੀ ਗਲਤ ਹੈ। ਤੁਸੀਂ ਗਲਤ ਪਾਸੇ ਜਾ ਰਹੇ ਹੋ। ਮੈਂ ਦਸਦਾ ਹਾਂ ਕਿ ਜਦੋਂ ਅਕਾਲੀ ਪਾਰਟੀ ਦਾ ਰਾਜ ਸੀ ਤਾਂ ਅਸੀਂ ਇਸ ਵਾਸਤੇ ਲੜੇ ਸੀ ਔਰ ਦਿੱਲੀ ਤੋਂ ਇਹ ਹੁਕਮ ਲਿਆਂਦਾ ਸੀ ਕਿ ਹਰ ਸੂਬੇ ਦੀ ਕਰੈਡਿਟ ਡਿਪਾਜ਼ਿਟ ਰੇਸ਼ੋ 60% ਹੋਵੇਗੀ। ਪਰ ਅਜ ਇਹ ਆਪੇ ਚੁਪ ਹੋ ਗਏ ਹਨ । ਇਹ ਦਿੱਲੀ ਜਾ ਕੇ ਬੋਲ ਨਹੀਂ ਸਕਦੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਹੀ ਉਥੇ ਜਾ ਕੇ ਬੋਲ ਸਕਦੇ ਸਨ । ਇਨ੍ਹਾਂ ਵਿਚ ਤਾਂ ਉਹ ਹਿੰਮਤ ਹੀ ਨਹੀਂ ਹੈ। ਅਸੀਂ ਕਹਿੰਦੇ ਸੀ ਇਹ ਸਾਡੇ ਨਾਲ ਡਿਸਕ੍ਰਿਮੀਨੇਸ਼ਨ ਹੈ ਪਰ ਡਾਕਟਰ ਸਾਹਿਬ ਨਹੀਂ ਕਹਿ ਸਕਦੇ। ਇਹ ਅਕਾਲੀ ਪਾਰਟੀ ਹੀ ਸੀ ਜਿਸ ਨੇ ਸੈਂਟਰ ਨਾਲ ਕਨਫਰੰਟੇਸ਼ਨ ਲਈ ਸੀ। ਇਹ ਤਾਂ ਅਜ ਵੀ ਕਹਿੰਦੇ ਹਨ ਕਿ ਅਕਾਲੀਆਂ ਨੇ ਦਿੱਲੀ ਨਾਲ ਕਨਫਰੰਟੇਸ਼ਨ ਲਈ ਸੀ ਇਸ ਕਰਕੇ ਇਨ੍ਹਾਂ ਦਾ ਕੰਮ ਖਰਾਬ ਹੋਇਆ, ਇਸ ਕਰਕੇ ਅਸਿਸਟੈਂਟ ਘਟ ਹੀ ਮਿਲੀ। ਪਰ ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦੇ ਫੈਸਲੇ ਦਿਲੀ ਜਾ ਕੇ ਨਹੀਂ ਹੁੰਦੇ ਸਨ । ਔਰ ਨਾਂ ਹੀ ਸੂਬੇ ਦੇ ਕਿਸੇ ਮਨਿਸਟਰ ਦੀ ਕੁਰਸੀ ਦਿੱਲੀ ਬਣਦੀ ਸੀ, ਜਿਸ ਤਰ੍ਹਾਂ ਕਿ ਇਨ੍ਹਾਂ ਦੀ ਮਨਿਸਟਰਾਂ ਦੀਆਂ ਕੁਰਸੀਆਂ ਦਿੱਲੀ ਬਣਦੀਆਂ ਹਨ। ਸਾਡੇ ਮਨਿਸਟਰਾਂ ਦੀ ਕੁਰਸੀ ਇਥੇ ਹੀ ਬਣਦੀ ਸੀ। ਹੁਣ ਮੈਂ ਤੁਹਾਨੂੰ ਦਸਦਾ ਹਾਂ ਕਿ ਅਸੀਂ ਦਿੱਲੀ ਨਾਲ ਕਨਫਰੰਟੇਸ਼ਨ ਲਈ ਉਸ ਨਾਲ ਪੰਜਾਬ ਨੂੰ ਕਿੰਨਾ ਫਾਇਦਾ ਹੋਇਆ। ਸਾਡੀ ਕਨਫਰੰਟੇਸ਼ਨ ਨੇ ਹੀ ਰਾਵੀ ਵਾਟਰ ਦੇ ਡਿਸੀਜ਼ਨ ਨੂੰ ਰੀਓਪਨ ਕਰਾਇਆ, ਸਾਡੀ ਕਰਫਰੰਟੇਸ਼ਨ ਨੇ ਹੀ ਥੀਨ ਡੈਮ ਦਾ ਫੈਸਲਾ ਕਰਵਾਇਆ, ਸਾਡੀ ਕਨਫਰੰਟੇਸ਼ਨ ਨੇ ਹੀ ਐਕਸਾਈਜ਼ ਡਿਊਟੀ ਤੋਂ ਜਿਹੜਾ ਪਹਿਲੇ 20% ਹਿਸਾ ਮਿਲਦਾ ਸੀ ਉਹ 40% ਹੋਇਆ, ਸਾਡੀ ਕਨਫਰੰਮਸ਼ਨ ਨਾਲ ਹੀ ਇਨਕਮ ਟੈਕਸ ਦਾ 85% ਹਿੱਸਾ ਪੰਜਾਬ ਨੂੰ ਮਿਲਣ ਲਗਿਆ ਜਿਹੜਾ ਕਿ ਪਹਿਲੇ ਬਹੁਤ ਘੱਟ ਮਿਲਦਾ ਸੀ। ਸੋ ਇਹ ਸਾਡੀ ਕਨਫਰੰਟੇਸ਼ਨ ਦੇ ਹੀ ਨਤੀਜੇ ਸਨ ।

ਡਿਪਟੀ ਸਪੀਕਰ ਸਾਹਿਬ, ਅਜ ਜਿੰਨੀਆਂ ਵੀ ਪੰਜਾਬ ਵਿਚ ਪਰਬਲਮਜ਼ ਹਨ ਉਹ ਸੈਂਟਰ ਨੇ ਕ੍ਰਿਏਟ ਕੀਤੀਆਂ ਹੋਈਆਂ ਹਨ ਉਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਨੇ ਹਰ ਕੰਮ ਲਈ ਸੈਂਟਰ ਤੋਂ ਇੰਸਟਰਕਸ਼ਨਜ਼ ਲੈਣੀਆਂ ਹਨ। ਇਹ ਬੋਲ ਨਹੀਂ ਸਕਦੇ। ਮੈਂ ਡਾਕਟਰ ਸਾਹਿਬ ਦਾ ਹੀ ਰਿਕਾਰਡ ਤੁਹਾਨੂੰ ਦਸਦਾ ਹਾਂ ਕਿ 1980-81 ਵਿਚ ਪਲਾਨ ਸਾਡੀ 300 ਕਰੋੜ ਦੀ ਸੀ ਔਰ ਸੈਂਟਰ ਅਸਿਸਟੈਂਸ 62 ਕਰੋੜ ਰੁਪਏ ਸੀ, ਫਿਰ 1981-82 ਵਿਚ ਪਲਾਨ 340 ਕਰੋੜ ਦੀ ਹੋਈ ਤੇ ਸੈਂਟਰ ਤੋਂ ਸਾਨੂੰ ਮਿਲਿਆ 63 ਕਰੋੜ। ਸਿਰਫ ਇਕ ਕਰੋੜ ਵਧ ਜਦ ਕਿ ਪਲਾਨ ਪਹਿਲੇ ਨਾਲੋਂ 40 ਕਰੋੜ ਦੀ ਵੱਧ ਗਈ। ਫਿਰ ਐਤਕੀ ਪਲਾਨ 385 ਕਰੋੜ ਦੀ ਹੋ ਗਈ ਹੈ ਔਰ ਫਿਰ ਪੈਸਾ ਉਹੀ 63 ਕਰੋੜ ਹੀ ਮਿਲਿਆ ਹੈ। ਹੁਣ ਤੁਸੀਂ ਦਸੋ ਦੋ ਸਾਲਾਂ ਵਿਚ ਪਲਾਨ ਤਾਂ 85 ਕਰੋੜ ਦੀ ਵੱਧ

Original with;
Punjab Vidhan Sabha
Digitized by;
Panjab Digital Library

ਗਈ ਪਰ ਜਿਹੜਾ ਪੈਸਾ ਮਿਲਿਆ ਉਹ ਸਿਰਫ ਪਹਿਲੇ ਨਾਲੋਂ ਇਕ ਕਰੋੜ ਵਧ। ਇਹ ਅੱਜ ਪ੍ਰਜੀਸ਼ਨ ਹੋ ਗਈ ਹੈ।

ਪੰਜਾਬ ਦੇ ਵਿਚ ਸਭ ਨਾਲੋਂ ਘਟ ਪਰ ਕੈਪੀਟਾ ਇਨਕਮ ਰਹਿ ਗਈ ਹੈ। 1981 ਦੇ ਵਿਚ ਪੰਜਾਬ ਵਿਚ ਪਰ ਕੈਪੀਟਾ ਇਨਕਮ ਇਕ ਰੁਪਏ ਦੇ ਪਿਛੇ 15 ਪੈਸੇ ਸੀ ਔਰ ਹੁਣ ਇਹ ਘਟ ਕੇ 13 ਪੈਸੇ ਰਹਿ ਗਈ ਹੈ। ਔਰ ਪਲਾਨ 340 ਕਰੋੜ ਰੁਪਏ ਦੀ ਰਹਿ ਗਈ ਹੈ ਪਰ ਸਾਡੇ ਨਾਲ ਦੇ ਰਾਜ ਹਰਿਆਣੇ ਵਿਚ 20 ਪੈਸੇ ਹੈ। ਵੈਸਟ ਬੰਗਾਲ ਵਿਚ ਇਕ ਰੁਪਏ ਪਿਛੇ 20 ਪੈਸੇ ਹੈ ਜਦ ਕਿ ਉਹ ਹਮੇਸ਼ਾ ਸੈਂਟਰ ਦੇ ਨਾਲ, ਲੜਦੇ ਰਹਿੰਦੇ ਹਨ ਔਰ ਤਾਮਿਲ ਨਾਡੂ ਦੀ 30 ਪੈਸੇ ਹੈ। ਬਿਹਾਰ ਦੀ 42 ਪੈਸੇ ਅਤੇ ਕੇਰਲਾ ਦੀ 43 ਪੈਸੇ ਹੈ। ਕਲ੍ਹ ਹੀ ਐਨ. ਡੀ. ਸੀ. ਦੀ ਮੀਟਿੰਗ ਦਿੱਲੀ ਵਿਚ ਸੀ। ਕੀ ਇਨ੍ਹਾਂ ਨੇ ਉਸ ਮੀਟਿੰਗ ਦੇ ਵਿਚ ਪੰਜਾਬ ਬਾਰੇ ਆਵਾਜ਼ ਉਠਾਈ ਜੇਕਰ ਨਹੀਂ ਫੇਰ ਇਹ ਪੰਜਾਬ ਦੇ ਲਈ ਦੇਣਦਾਰ ਹਨ। ਫੇਰ ਇਹ ਇਸ ਹਾਊਸ ਦੇ ਵਿਚ ਕਿਉਂ ਬੈਠੇ ਹਨ। ਕੀ ਤੁਸੀਂ ਉਸ ਮੀਟਿੰਗ ਦੇ ਵਿਚ ਸੈਂਟਰਲ ਆਸਿਟੈਂਟ ਬਾਰੇ/ਕਰੈਡਿਟ ਡਿਪਾਜ਼ਿਟ ਬਾਰੇ ਗਲ ਕੀਤੀ ਹੈ। ਜੇਕਰ ਤੁਸੀਂ ਦਿੱਲੀ ਦੇ ਵਿਚ ਜਾ ਕੇ ਬੋਲ ਨਹੀਂ ਸਕਦੇ ਫੇਰ ਤੁਸੀਂ ਇਥੇ ਕਿਉਂ ਬੈਠੇ ਹੋ ਘਰ ਜਾ ਕੇ ਬੈਠੋ। ਸਾਡੇ ਦੇਸ਼ ਦਾ ਸੰਵਿਧਾਨ ਐਸਾ ਹੈ ਕਿ ਆਪਣੇ ਹੱਕ ਸੰਵਿਧਾਨ ਦੀ ਲੋੜ ਨੂੰ ਸਾਹਮਣੇ ਰੱਖਦੇ ਹੋਏ ਸੈਂਟਰ ਦੇ ਨਾਲ ਲੜਾਈ ਕਰਦੇ ਸੀ।

**ਸਰਦਾਰ ਜਗਦੇਵ ਸਿੰਘ ਜੱਸੋਵਾਲ :** ** ** ** **

**ਸ੍ਰੀ ਡਿਪਟੀ ਸਪੀਕਰ :** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ :** ਡਿਪਟੀ ਸਪੀਕਰ ਸਾਹਿਬ, ਹੁਣੇ ਹੀ ਸਰਦਾਰ ਆਤਮਾ ਸਿੰਘ ਜੀ ਨੇ ਮੈਨੂੰ ਇਕ ਕਾਗਜ਼ ਦਿਤਾ ਹੈ ਔਰ ਐਜੂਕੇਸ਼ਨ ਮਨਿਸਟਰ ਸਾਹਿਬ ਇਥੇ ਬੈਠੇ ਨਹੀਂ ਹਨ। ਇਸ ਕਾਗਜ਼ ਨੂੰ ਦੇਖ ਕੇ ਤੁਸੀਂ ਜਜ ਕਰ ਸਕਦੇ ਹੋ ਕਿ ਕਿਸ ਤਰੀਕੇ ਨਾਲ ਪੰਜਾਬ ਸਰਕਾਰ ਸੂਬੇ ਦੇ ਵਿਚ ਕਮਿਊਨਲ ਪਾਲਿਸੀ ਨੂੰ ਇਖਤਿਆਰ ਕਰੀ ਜਾ ਰਹੀ ਹੈ। ਔਰ ਸਾਡੇ ਸੂਬੇ ਦੇ ਐਜੂਕੇਸ਼ਨ ਦੇ ਇੰਸਟੀਚਿਊਸ਼ਨ ਨੂੰ ਕਮਿਊਨਲ ਰੰਗਤ ਦਿਤੀ ਜਾ ਰਹੀ ਹੈ ਪਰ ਅਫਸੋਸ ਹੈ ਕਿ ਮੈਂ ਤਾਂ ਇਕ ਸੈਕੂਲਰ ਆਦਮੀ ਹਾਂ ਪਰ ਇਨ੍ਹਾਂ ਕਾਂਗਰਸੀ ਭਰਾਵਾਂ ਦੇ ਵਿਚ ਕਮਿਊਨਲ ਵਾਦ ਫੈਲਿਆ ਹੋਇਆ ਹੈ। ਇਸ ਗੱਲ ਨੂੰ ਮੈਂ ਫਿਗਰਜ਼ 3-4 ਕੇਸਿਜ਼ ਨੂੰ ਕੋਟ ਕਰ ਕੇ ਸਾਬਿਤ ਕਰਾਂਗਾ। ਜਿਹੜੇ ਕਾਲਿਜਜ਼ ਦੇ ਵਿਚ ਘਾਟਾ ਪੈਂਦਾ ਸੀ ਔਰ ਉਸ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ 95% ਗ੍ਰਾਂਟ ਦਿਤੀ ਜਾਂਦੀ ਹੈ ਪਰ ਇਸ ਦੇ ਵਿਚ ਕਾਲਜਿਜ਼ ਦੇ ਨਾਂ ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਡੀ. ਏ. ਵੀ. ਕਾਲਜਿਜ਼ ਨੂੰ ਜ਼ਿਆਦਾ ਗ੍ਰਾਂਟ ਦਿਤੀ ਜਾਂਦੀ ਹੈ ਨਿਸਬਤ ਖਾਲਸਾ ਕਾਲਜ ਨੂੰ। ਖਾਲਸਾ ਕਾਲਜ ਨੂੰ ਗ੍ਰਾਂਟ ਦੇਣ ਵੇਲੇ ਕੱਟ ਲਗਾਈ ਗਈ ਫੇਰੂਮਾਨ ਕਾਲਜ ਨੂੰ ਵੀ ਘੱਟ ਗ੍ਰਾਂਟ ਦਿਤੀ ਗਈ। ਅਬੋਹਰ ਡੀ. ਏ. ਵੀ. ਕਾਲਜ ਨੂੰ ਪਿਛਲੇ ਕੁਆਟਰਜ਼ ਦੇ ਵਿਚ 2.17 ਲੱਖ ਰੁਪਿਆ ਗ੍ਰਾਂਟ ਦਾ ਜ਼ਿਆਦਾ ਦਿਤਾ ਗਿਆ ਔਰ ਪਿਛਲੇ ਸਾਲ ਨਾਲੋਂ ਡੀ. ਏ. ਵੀ. ਕਾਲਜ ਹੁਸ਼ਿਆਰਪੁਰ ਨੂੰ 4.46 ਲੱਖ ਰੁਪਿਆ ਦਿਤਾ ਗਿਆ। ਔਰ ਐਮ. ਐਮ. ਡਿਗਰੀ ਕਾਲਜ ਪਟਿਆਲੇ ਨੂੰ 4.18 ਲੱਖ ਰੁਪਿਆ ਗ੍ਰਾਂਟ ਦਾ ਦਿਤਾ ਗਿਆ। ਇਹ ਕਹਿੰਦੇ ਹਨ ਕਿ ਇਨ੍ਹਾਂ ਨੂੰ ਘਾਟਾ ਬਹੁਤ ਪਿਆ ਸੀ ਜਿਸ ਕਰ ਕੇ ਜ਼ਿਆਦਾ ਗ੍ਰਾਂਟ ਦੇਣੀ ਪਈ। ਇਸ ਘਾਟੇ ਨੂੰ, ਮਿਸਮੈਨੇਜਮੈਂਟ ਕਰ ਕੇ ਜਿਹੜਾ ਹੋਇਆ ਸੀ, ਉਸ ਨੂੰ ਕਿਸੇ ਨੇ ਸਟੱਡੀ ਨਹੀਂ ਕੀਤਾ ਔਰ 3-3 ਲੱਖ ਰੁਪਿਆ ਵੱਧ ਦਿਤਾ ਗਿਆ। ਫੇਰੂਮਾਨ ਕਾਲਜ ਕਿਉਂਕਿ ਇਕ ਸ਼ਹੀਦੀ ਕਾਲਜ ਹੈ ਇਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਵੰਤ ਸਿੰਘ]

ਲਈ ਗ੍ਰਾਂਟ ਘੱਟ ਦਿਤੀ ਗਈ। ਇਹ ਉਸ ਨੂੰ ਸ਼ਹੀਦੀ ਸ਼ਰਧਾਂਜਲੀ ਦੇ ਰਹੇ ਹਨ ਇਸ ਕਾਲਜ ਨੂੰ ਅਸੀਂ ਬਣਾਇਆ ਸੀ ਇਸ ਕਾਲਜ ਨੂੰ ਇਸ ਕੁਆਟਰਜ਼ ਦੇ ਵਿਚ 8 ਹਜ਼ਾਰ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ। ਇਸੇ ਤਰ੍ਹਾਂ ਮਾਤਾ ਗੰਗਾ ਕਾਲਜ ਤਰਨ ਤਾਰਨ ਨੂੰ ਅਤੇ ਮਾਤਾ ਗੁਜਰੀ ਕਾਲਜ ਨੂੰ ਘੱਟ ਗ੍ਰਾਂਟ ਦਿਤੀ ਗਈ ਇਸ ਵੇਰ੍ਹਮਾਨ ਕਾਲਜ ਨੂੰ ਪਿਛਲੇ ਸਾਲ ਨਾਲੋਂ ਘੱਟ ਗ੍ਰਾਂਟ ਦਿਤੀ ਗਈ ਔਰ ਅਗਰ ਕੋਈ ਐਸ. ਡੀ. ਕਾਲਜ ਹੁੰਦਾ ਤਾਂ ਉਸ ਨੂੰ ਜ਼ਿਆਦਾ ਗ੍ਰਾਂਟ ਮਿਲਦੀ। ਸਰਦਾਰ ਆਤਮਾ ਸਿੰਘ ਦੇ ਸੁਲਤਾਨਪੁਰ ਲੋਧੀ ਵਿਚ ਗੁਰੂ ਨਾਨਕ ਕਾਲਜ ਹੈ ਇਸ ਨੂੰ 42 ਹਜ਼ਾਰ ਰੁਪਿਆ ਘੱਟ ਗ੍ਰਾਂਟ ਦਿਤੀ ਗਈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਸਰਕਾਰ ਕਿਸ ਤਰੀਕੇ ਨਾਲ ਕਮਿਊਨਲਇਜ਼ਮ ਪੈਦਾ ਕਰ ਰਹੀ ਹੈ ਤੇ ਸਿਖ ਕਾਲਜਾਂ ਦੇ ਨਾਲ ਵਿਤਕਰਾ ਕਰ ਰਹੀ ਹੈ। ਇਨ੍ਹਾਂ ਨੂੰ ਹਰ ਕਾਲਜ ਦੇ ਨਾਲ ਜਸਟਿਸ ਕਰਨਾ ਚਾਹੀਦਾ ਹੈ। ਅਸੀਂ ਆਪਣੇ ਵਕਤ ਕਿਸੇ ਕਾਲਜ ਨਾਲ ਵਿਤਕਰਾ ਨਹੀਂ ਕੀਤਾ ਸੀ। ਜਿਸ ਤਰ੍ਹਾਂ ਤੁਸੀਂ ਡੀ. ਏ. ਵੀ. ਕਾਲਜ ਨੂੰ ਵਧ ਗ੍ਰਾਂਟ ਦਿੰਦੇ ਹੋ ਉਸੇ ਤਰ੍ਹਾਂ ਦੂਜੇ ਕਾਲਜਿਜ਼ ਨੂੰ ਵਧ ਗ੍ਰਾਂਟ ਦਿਆ ਕਰੋ। ਹੁਣ ਮੈਂ ਵਾਪਿਸ ਪਲਾਨ ਵੱਲ ਆਉਂਦਾ ਹਾਂ ਕਿ ਅਸੀਂ ਕਿਸ ਤਰੀਕੇ ਨਾਲ ਤਰੱਕੀ ਕਰਨੀ ਹੈ ਔਰ ਪਰੋਡੈਕਟਿਵਿਟੀ ਵਿਚ ਵਾਧਾ ਕਰਨਾ ਹੈ। (ਵਿਘਨ) ਕੜ੍ਹੇ ਜਿਹੜੇ ਸਾਡੇ ਸਿੱਖਾਂ ਨੇ ਪਾਏ ਹੋਏ ਹਨ ਇਨ੍ਹਾਂ ਨੇ ਹੀ ਤੁਹਾਨੂੰ ਅਤੇ ਤੁਹਾਡੀਆਂ ਬੀਬੀਆਂ ਦੀ ਰਕਸ਼ਾ ਚਮਕੌਰ ਦੇ ਕਿੱਲੇ ਨੂੰ ਫਤਿਹ ਕਰਕੇ ਕੀਤੀ ਸੀ ਅਤੇ ਮੁਗਲ ਰਾਜ ਦਾ ਖਾਤਮਾ ਕੀਤਾ ਸੀ।

**ਸ਼੍ਰੀ ਗੁਰਦਿਆਲ ਸੈਣੀ** : ** ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਸੇ ਕਰ ਕੇ ਅਸੀਂ ਕਹਿੰਦੇ ਹਾਂ ਕਿ Confrontation under this constitution between a state Government and Central Government is essential. It is fundamental

**ਸਰਦਾਰ ਜਗਦੇਵ ਸਿੰਘ ਜੱਸੋਵਾਲ** : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਕਿਸੇ ਨੂੰ ਧਾਰਮਿਕ ਸਥਾਨ ਜਾਂ ਧਰਮ ਬਾਰੇ ਕੋਈ ਵੀ ਗੱਲ ਪੁਆਇੰਟ ਨਹੀਂ ਕਰਨੀ ਚਾਹੀਦੀ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਠੀਕ ਹੈ। ਹੁਣ, ਮੈਂ ਸੂਬੇ ਦੇ ਰਿਸੋਸਿਜ਼ ਬਾਰੇ ਜ਼ਿਕਰ ਕਰਾਂਗਾ ਕਿ ਸਾਨੂੰ ਪੰਜਾਬ ਦੇ ਵਿਚ ਮਾਰਕਿਟਿੰਗ ਬਾਰੇ ਕਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਇਸ ਦੇ ਵਿਚ ਦਿੱਲੀ ਦੀ ਸਰਕਾਰ ਦੀ ਪਰਮਿਸ਼ਨ ਦੀ ਲੋੜ ਨਹੀਂ ਹੋਣੀ ਚਾਹੀਦੀ। ਇਸ ਦੀ ਇਜਾਜ਼ਤ ਪੱਕੇ ਤੌਰ ਤੇ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਸਾਡੇ ਬਾਹਰਲੇ ਮੁਲਕਾਂ ਦੇ ਵਿਚ ਪੰਜਾਬੀ ਰਹਿ ਰਹੇ ਹਨ। ਅਗਰ ਸਾਡੇ ਸੀ. ਐਮ. ਸਾਹਿਬ ਉਨ੍ਹਾਂ ਕੋਲੋਂ ਪੈਸਾ ਲੈ ਕੇ ਕਈਂ ਡੈਮ ਬਣਾਉਣਾ ਚਾਹੁਣ ਤਾਂ ਦਿੱਲੀ ਦੀ ਸਰਕਾਰ ਨੂੰ ਇਜਾਜ਼ਤ ਦੇ ਦੇਣੀ ਚਾਹੀਦੀ ਹੈ ਇਸ ਦੇ ਵਿਚ ਦਿੱਲੀ ਦੀ ਸਰਕਾਰ ਨੂੰ ਕੀ ਤਕਲੀਫ ਹੋ ਸਕਦੀ ਹੈ ਜਾਂ ਇਨ੍ਹਾਂ ਦੇ ਢਿੱਡ ਵਿਚ ਪੀੜ ਹੁੰਦੀ ਹੈ। ਅਸੀਂ ਉਨ੍ਹਾਂ ਬਾਹਰਲੇ ਪੰਜਾਬੀਆਂ ਕੋਲੋਂ ਫਾਰਨ ਐਕਸਚੇਂਜ ਵਿਚ ਲੈ ਕੇ ਰੁਪਏ ਦੀ ਸ਼ਕਲ ਵਿਚ ਵਾਪਿਸ ਕਰ ਸਕਦੇ ਹਾਂ ਅਤੇ ਆਪਣੇ ਸੂਬੇ ਦੀ ਡਿਵੈਲਪਮੈਂਟ ਕਰ ਸਕਦੇ ਹਾਂ। ਇਸ ਲਈ ਮੈਂ ਕਹਿੰਦਾ ਹਾਂ ਕਿ ਦਿੱਲੀ ਦੀ ਸਰਕਾਰ ਪੰਜਾਬ ਦੇ ਨਾਲ ਵਿਤਕਰਾ ਕਰ ਰਹੀ ਹੈ। ਕੀ ਤੁਸੀਂ ਇਹ ਗੱਲ ਕਦੋਂ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਐਨ. ਡੀ. ਸੀ. ਦੀ ਮੀਟਿੰਗ ਦੇ ਵਿਚ ਉਠਾਈ ਹੈ। ਇਸ ਮੀਟਿੰਗ ਦੇ ਵਿਚ ਲੜਾਈ ਕਰਨੀ ਪੈਂਦੀ ਹੈ। ਇਹ ਮੇਰਾ ਬੀਸਿਜ਼ ਹੈ। ਇਸ ਦੇ ਵਿਚ ਆਨੰਦ ਪੁਰ ਸਾਹਿਬ ਦਾ ਮਤਾ ਨਿਕਲਿਆ ਸੀ।

**ਸਰਦਾਰ ਜਗਦੇਵ ਸਿੰਘ ਜਸੋਵਾਲ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਜਦੋਂ ਸਰਕਾਰਾਂ ਟੁੱਟੀਆਂ ਅਤੇ ਸਾਡੀ ਸਰਕਾਰ ਬਣੀ ਤਾਂ ਸਾਡੀ ਦਿੱਲੀ ਨਾਲ ਕਨਫਰੰਟੇਸ਼ਨ ਹੋਈ ਸੀ ਤਾਂ ਫਿਰ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਆਇਆ ਸੀ।

**ਪੰਡਿਤ ਸਰਵਣ ਰਾਮ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਸਾਡੀ ਪ੍ਰਾਈਮ ਮਨਿਸਟਰ ਸਾਹਿਬ ਨਾਲ ਗਲ ਬਾਤ ਚਲ ਰਹੀ ਹੈ। ਕੁਝ ਸੱਜਣ ਉਥੇ ਸੈਂਸੇਟਿਵ ਹਨ ਅਤੇ ਕੁਝ ਸਜਣ ਇਥੇ ਸੈਂਸੇਟਿਵ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ..............

**ਸਰਦਾਰ ਜਗਦੇਵ ਸਿੰਘ ਜਸੋਵਾਲ** : ** ** **

**ਸ੍ਰੀ ਡਿਪਟੀ ਸਪੀਕਰ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ**: : ** ** ** (ਹਾਸਾ)

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਸਾਡੀ ਜਿਹੜੀ ਗਲ ਬਾਤ ਪ੍ਰਾਈਮ-ਮਨਿਸਟਰ ਸਾਹਿਬ ਨਾਲ ਹੋ ਰਹੀ ਹੈ, ਉਹ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੇ ਫਰੇਮ ਵਰਕ ਦੇ ਆਧਾਰ ਤੇ ਹੋ ਰਹੀ ਹੈ। ਸਾਡਾ ਜਿਹੜਾ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੈ, ਉਸ ਨੂੰ ਰਾਸ਼ਟਰ ਪਤੀ ਵਲੋਂ ਵੀ ਸਪੋਰਟ ਮਿਲੀ ਹੈ। ਡਿਪਟੀ ਸਪੀਕਰ ਸਾਹਿਬ, ਰਾਸ਼ਟਰਪਤੀ ਵੀ ਅਟਾਨੋਮੀ ਦੀ ਗੱਲ ਕਰਦੇ ਹਨ। ਸਾਡੇ ਲੈਫਟਿਸਟ ਵੀ ਅਟਾਨੋਮੀ ਦੀ ਗੱਲ ਕਰਦੇ ਹਨ। ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਸਾਡੇ ਦੇਸ਼ ਨੂੰ ਮਜ਼ਬੂਤ ਕਰਦਾ ਹੈ। ਇਸ ਦੇਸ਼ ਦੇ ਸੂਬੇ ਨੂੰ ਮਜਬੂਤ ਕਰਨਾ ਹੈ। ਇਸ ਦੇਸ਼ ਦੇ ਲੋਕਾਂ ਨੂੰ ਮਜ਼ਬੂਤ ਕਰਦਾ ਹੈ। ਮੈਂ ਅਨੰਦਪੁਰ ਸਾਹਿਬ ਦਾ ਰੈਜ਼ੋ-ਲਿਊਸ਼ਨ ਦੱਸਣ ਲਗਾ ਹਾਂ। ਤੁਸੀਂ ਜਿਹੜੀ ਚੀਜ਼ ਕਲੈਰੀਫਾਈ ਵਾਸਤੇ ਮੰਗੋਗੇ, ਉਹ ਮੈਂ ਬਾਅਦ ਵਿਚ ਕਲੈਰੀਫਾਈ ਕਰ ਦਿਆਂਗਾ। ਮੈਨੂੰ ਡਿਪਟੀ ਸਪੀਕਰ ਸਾਹਿਬ, ਬੋਲਣ ਦਾ ਟਾਈਮ ਦਿਤਾ ਜਾਵੇ ਤਾਂ ਕਿ ਮੈਂ ਸਾਰੀ ਚੀਜ਼ ਕਲੀਅਰ ਕਰ ਸਕਾਂ। ਸਾਡੀ ਡਿਪਟੀ ਸਪੀਕਰ ਸਾਹਿਬ, ਪ੍ਰਾਈਮ ਮਨਿਸਟਰ ਸਾਹਿਬ ਨਾਲ ਗਲਬਾਤ ਅਨੰਦਪੁਰ ਸਾਹਿਬ ਦੇ ਆਧਾਰ ਤੇ ਹੋ ਰਹੀ ਹੈ।

**ਸ੍ਰੀ ਡਿਪਟੀ ਸਪੀਕਰ** : ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਬਜਟ ਤੇ ਬੋਲੋ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਇਹ ਜਨਰਲ ਡੀਬੇਟ ਹੈ । ਪੁਲੀਟੀਕਲ ਇਕਾਨੌਮੀ ਬਾਟਸ ਤੇ ਡਿਸਕਸ਼ਨ ਹੋ ਸਕਦੀ ਹੈ । ਤੁਸੀਂ ਬੇਸ਼ਕ ਡਾਕਟਰ ਸਾਹਿਬ ਨੂੰ ਪੁੱਛ ਲਵੋ । ਡਿਪਟੀ ਸਪੀਕਰ ਸਾਹਿਬ, ਸਾਡੀ ਗਲ ਬਾਤ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੇ ਆਧਾਰ ਤੇ ਹੋਣੀ ਹੈ । ਸਾਡੇ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੇ ਚਾਰ ਹਿਸੇ ਹਨ। ਪਹਿਲਾ ਹਿਸਾ ਰਿਲੀਜਸ ਡਿਮਾਂਡ ਬਾਰੇ ਹੈ। ਰਿਲੀਜਸ ਡਿਮਾਂਡ ਦੀ ਗੱਲ ਹੋਵੇ। ਸਾਨੂੰ ਪੂਰੀ ਰਿਲੀਜਸ ਫਰੀਡਮ ਹੋਣੀ ਚਾਹੀਦੀ ਹੈ । ਆਲ ਇੰਡੀਆ ਗੁਰਦੁਆਰਾ ਐਕਟ ਹੋਣਾ ਚਾਹੀਦਾ ਹੈ।

ਹਵਾਈ ਜਹਾਜ਼ ਤੇ ਡਿਪਟੀ ਸਪੀਕਰ ਸਾਹਿਬ ਕਿਰਪਾਨ ਲੈ ਜਾਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

**ਸਰਦਾਰ ਜਗਦੇਵ ਸਿੰਘ ਜਸੋਵਾਲ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਡਿਪਟੀ ਸਪੀਕਰ ਸਾਹਿਬ, ਆਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦਾ ਦੂਜਾ ਹਿਸਾ ਜਿਹੜਾ ਹੈ ਉਹ ਆਰਥਿਕਤਾ ਦੇ ਨਾਲ ਤੁਅਲਕ ਰੱਖਦਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਇਕ ਮਿਸਾਲ ਦਿੰਦਾ ਹਾਂ। ਮੈਂ ਵਾਟਰ ਦੀ ਗੱਲ ਕਰਨੀ ਸੀ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੇ ਚਾਰ ਦਰਿਆ ਹਨ। ਪਰ ਕਾਂਗਰਸ ਵਾਲੇ ਕਹਿੰਦੇ ਹਨ ਕਿ ਪੰਜਾਬ ਦੇ ਤਿੰਨ ਦਰਿਆ ਹਨ। ਅਸੀਂ ਕਹਿੰਦੇ ਹਾਂ ਕਿ ਜਮਨਾ ਵੀ ਪੰਜਾਬ ਦੇ ਨਾਲ ਹੈ। ਜਮਨਾ ਦਾ ਪਾਣੀ ਹਰਿਆਣੇ ਵਾਲਿਆਂ ਨੂੰ ਜਾਂਦਾ ਹੈ । ਇਸ ਲਈ ਸਾਡੇ ਮੁੱਖ ਮੰਤਰੀ ਜੀ ਨੇ ਅੰਗੂਠਾ ਲਗਾ ਦਿਤਾ ਹੈ। ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਤਾਂ ਉਸ ਵੇਲੇ ਵੀ ਦਿੱਲੀ ਦੀ ਸਰਕਾਰ ਸਾਨੂੰ ਕਹਿੰਦੀ ਸੀ ਕਿ ਜਮਨਾ ਦਾ ਪਾਣੀ ਹਰਿਆਣੇ ਨੂੰ ਜਾਵੇ ਪਰ ਅਸੀਂ ਨਹੀਂ ਸੀ ਮੰਨੇ। ਸ਼੍ਰੋਮਣੀ ਅਕਾਲੀ ਦਲ ਦੀ ਫਿਲਾਸਫੀ ਹੈ ਕਿ ਚਾਰੇ ਦਰਿਆਵਾਂ ਦਾ ਪਾਣੀ ਇੱਕਠਾ ਕਰ ਕੇ 60 : 40 ਦੀ ਰੇਸ਼ੋ ਦੇ ਨਾਲ ਦਿਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਰਾਵੀ, ਬਿਆਸ, ਸਤਲੁਜ ਦਾ ਪਾਣੀ ਅੱਧ ਅੱਧ ਕਰ ਲਵੋ ਪਰ ਜਦੋਂ ਜਮਨਾ ਦੀ ਗੱਲ ਕਰਦੇ ਹਨ ਕਿ ਜਮਨਾ ਹਰਿਆਣੇ ਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਜੇਕਰ ਜਮਨਾ ਹਰਿਆਣੇ ਦਾ ਹੈ ਤਾਂ ਰਾਵੀ ਸਾਡਾ ਹੈ । ਸਾਡੀ ਡਿਪਟੀ ਸਪੀਕਰ ਸਾਹਿਬ, ਫਿਲਾਸਫੀ ਹੈ ਕਿ ਪੰਜਾਬ ਦੇ ਨਾਲ ਜਸਟਿਸ ਹੋਵੇ। 6.1 ਮਿਲੀਅਨ ਏਕੜ ਫੀਟ ਜ਼ਮੀਨ ਇਰੀਗੇਟ ਹੋ ਰਹੀ ਹੈ। ਪਹਿਲੇ ਫੈਸਲੇ ਦੇ ਮੁਤਾਬਿਕ ਡਿਪਟੀ ਸਪੀਕਰ ਸਾਹਿਬ, 61 ਲੱਖ ਏਕੜ ਜ਼ਮੀਨ ਇਰੀਗੇਟ ਹੁੰਦੀ ਹੈ ਪਰ ਨਵੇਂ ਫੈਸਲੇ ਦੇ ਮੁਤਾਬਿਕ 42 ਲੱਖ ਏਕੜ ਜ਼ਮੀਨ ਇਰੀਗੇਟ ਹੋਵੇਗੀ। ਇਸ ਤਰ੍ਹਾਂ ਡਿਪਟੀ ਸਪੀਕਰ ਸਾਹਿਬ, 19 ਲੱਖ ਏਕੜ ਜ਼ਮੀਨ ਬੇਰਾਨ ਬਣ ਜਾਵੇਗੀ। ਇਹ ਸਾਹਮਣੇ ਬੈਠੇ ਭਰਾ ਕਹਿੰਦੇ ਹਨ ਕਿ ਪ੍ਰੋਡਕਟਿਵਿਟੀ ਦਾ ਈਅਰ ਹੈ। ਇਹ ਡਿਪਟੀ ਸਪੀਕਰ ਸਾਹਿਬ, ਕਿਸ ਤਰ੍ਹਾਂ ਹੋ ਸਕਦਾ ਹੈ। 32 ਲੱਖ ਯੂਨਿਟ ਬਿਜਲੀ ਦਿੱਲੀ ਨੂੰ ਜਾ ਰਹੀ ਹੈ। ਸਾਡਾ 20 ਸਾਲ ਦਾ ਐਗਰੀਮੈਂਟ ਸੀ ਜੋ ਕਿ 1979 ਵਿਚ ਖਤਮ ਹੋ ਗਿਆ। ਜਦੋਂ ਡਿਪਟੀ ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੇ ਨਾਲ ਮੈਂ ਸੀ ਤਾਂ ਸਾਡੀ ਗੱਲ ਬਾਤ ਦਿੱਲੀ ਦੀ ਸਰਕਾਰ ਨਾਲ ਇਸ ਮਸਲੇ ਤੋਂ ਹੋਈ ਸੀ। ਦਿਲੀ ਦੀ ਸਰਕਾਰ ਸਾਨੂੰ ਉਸ ਵੇਲੇ ਕਹਿੰਦੀ ਸੀ ਕਿ ਤੁਸੀਂ 10 ਸਾਲ ਲਈ ਬਿਜਲੀ ਦਿਲੀ ਨੂੰ ਹੋਰ ਦੇ ਦਿਓ ਪਰ ਅਸੀਂ ਦਿੱਲੀ ਦੀ ਸਰਕਾਰ ਨੂੰ

**Expunged/ as ordered by the Chair.

Original with;
Punjab Vidhan Sabha
Digitized by;
Panjab Digital Library

ਕਿਹਾ ਕਿ ਅਸੀਂ ਪੰਜਾਬ ਦੇ ਖੇਤਾਂ ਨੂੰ ਬਿਜਲੀ ਦੇਣੀ ਹੈ ਔਰ ਪੰਜਾਬ ਦੇ ਕਾਰਖਾਨਿਆਂ ਨੂੰ ਬਿਜਲੀ ਦੇਣੀ ਹੈ। ਦਿੱਲੀ ਦੀ ਸਰਕਾਰ ਕਹਿਣ ਲਗੀ ਕਿ ਐਮਬੈਸੀਜ਼ ਨੂੰ ਬਿਜਲੀ ਚਾਹੀਦੀ ਹੈ। ਅਸੀਂ ਕਿਹਾ ਜੇਕਰ ਐਮਬੈ-ਸੀਜ਼ ਨੂੰ ਬਿਜਲੀ ਚਾਹੀਦੀ ਹੈ ਤਾਂ ਐਮਬੈਸੀਜ਼ ਵਾਲੇ ਜਨਰੇਟਰ ਆਪਣਾ ਲਗਾ ਲੈਣ। ਅਸੀਂ ਬਿਜਲੀ ਦੇਣ ਲਈ ਦਿਲੀ ਦੀ ਸਰਕਾਰ ਨੂੰ ਨਹੀਂ ਮੰਨੇ। ਕਾਮਰੇਡ ਰਾਜ ਕੁਮਾਰ ਜੀ ਇਸ ਵੱਲ ਦੇ ਸਾਡੇ ਗਵਾਹ ਹਨ। ਇਸ ਤੋਂ ਬਾਅਦ, ਸਰ, ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਕਹਿੰਦਾ ਹੈ ਕਿ ਟੈਰੀਟੋਰੀਅਲ ਇਨਸਾਫ ਕਰੋ। ਚੰਡੀਗੜ੍ਹ ਪੰਜਾਬ ਨੂੰ ਦਿਓ ਔਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿਓ। ਮੈਨੂੰ ਇਕ ਗਲ ਦੀ ਖੁਸ਼ੀ ਹੈ ਕਿ ਇਕ ਇਨਸਾਨ ਜਿਹੜਾ ਕਿ ਅੱਜ ਤੋਂ ਦਸ ਸਾਲ ਪਹਿਲਾਂ ਹਿੰਦੀ ਦੇ ਨਾਂ ਤੇ ਜਿਸ ਨੇ ਫਗਵਾੜੇ ਵਿਚ ਮਰਨ ਵਰਤ ਰਖ ਲਿਆ ਸੀ, ਉਸ ਨੇ ਵੀ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ ਪੰਜਾਬੀ ਬੋਲਦੇ ਇਲਾਕੇ ਪੰਜਾਬ ਦੇ ਹਨ। ਉਹ ਅੱਜ ਦਸ ਸਾਲ ਬਅਦ ਇਸ ਗੱਲ ਤੇ ਆਏ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਵਿਚ ਕੀ ਕਮਿਊਨਲਿਜ਼ਮ ਹੈ ? ਆਨੰਦ-ਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਟੈਰੀਟੋਰੀਅਲ ਔਰ ਪੰਜਾਬੀ ਬੋਲਦੇ ਇਲਾਕੇ ਮੰਗਦਾ ਹੈ। ਅਸੀਂ ਕਿਉਂ ਨਾ ਇਸ ਸਬੰਧੀ ਬੀਬੀ ਨਾਲ ਗੱਲ ਕਰੀਏ। ਤੁਹਾਨੂੰ ਇਸ ਨਾਲ ਸੈਂਸੇਟਿਵ ਹੋਣ ਦੀ ਲੋੜ ਨਹੀਂ ਹੈ। ਅਸੀਂ ਉਨ੍ਹਾਂ ਨਾਲ ਤੁਹਾਡੇ ਰਾਹੀਂ ਨਹੀਂ ਕਰਦੇ ਕਿਉਂ ਕਿ ਤੁਸੀਂ ਇਸ ਤਰ੍ਹਾਂ ਕਰਨ ਨਾਲ ਦੁਖੀ ਹੋਣਾ ਹੈ। ਸਾਡੀ ਉਨ੍ਹਾਂ ਨਾਲ ਸਿਧੀ ਗੱਲ ਹੈ। (ਥੰਪਿੰਗ) ਸਾਨੂੰ ਉਨ੍ਹਾਂ ਵਲੋਂ ਸਿੱਧੀ ਚਿਠੀ ਆਉਂਦੀ ਹੈ। ਇਹ ਲੋਕ ਉਥੇ ਸੁੰਘਦੇ ਰਹਿੰਦੇ ਹਨ ਕਿ ਕਦੋਂ ਸੰਤ ਲੌਂਗੋਵਾਲ ਨੂੰ ਚਿੱਠੀ ਆਉਂਦੀ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਮੈਂ ਕੁਰੈਕਟ ਕਰ ਦਿਆਂ, ਮੈਂ ਇਹ ਨਹੀਂ ਕਿਹਾ ਕਿ ਸਾਡੀ ਗੱਲ ਸਿੱਧੀ ਹੁੰਦੀ ਹੈ। ਸਾਨੂੰ ਸਿੱਧੀ ਚਿੱਠੀ ਆਉਂਦੀ ਹੈ। ਅਸੀਂ ਉਥੇ ਸਿੱਧੇ ਜਾਂਦੇ ਹਾਂ। (ਵਿਘਨ) ਇਹ ਵਿਚੋਲੇ ਬਨਣਾ ਚਾਹੁੰਦੇ ਹਨ ਪਰ ਸਾਨੂੰ ਇਹ ਮਨਜ਼ੂਰ ਨਹੀਂ ਹੈ। ਇਹ ਟੈਰੀਟੋਰੀਅਲ ਈਸ਼ੂ ਅਤੇ ਵਾਟਰ ਤੇ ਸਾਡੇ ਨਾਲ ਨਹੀਂ ਹਨ। ਇਹ ਪੰਜਾਬ ਦੇ ਕਿਸੇ ਵੀ ਈਸ਼ੂ ਤੇ ਸਾਡੇ ਨਾਲ ਨਹੀਂ ਹਨ।

**ਸ੍ਰੀ ਡਿਪਟੀ ਸਪੀਕਰ** : ਵਾਈਂਡ ਅੱਪ ਕਰੋ ਜੀ।

**ਸਰਦਾਰ ਬੀਰ ਦਵਿੰਦਰ ਸਿੰਘ** ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਰੈਜ਼ੋਲਿਊਸ਼ਨ ਪਾਰਟੀਜ਼ ਦੇ ਹੁੰਦੇ ਹਨ ਔਰ ਉਸ ਨੂੰ ਪਾਰਟੀ ਹੀ ਅਡਾਪਟ ਕਰਦੀ ਹੈ ਔਰ ਹਾਊਸ ਅਡਾਪਟ ਨਹੀਂ ਕਰਦਾ ਹੈ। ਆਲ ਇੰਡੀਆ ਕਾਂਗਰਸ ਪਾਰਟੀ ਦਾ ਰੈਜ਼ੋਲਿਊਸ਼ਨ ਹਾਊਸ ਵਿਚ ਅਡਾਪਟ ਨਹੀਂ ਹੁੰਦਾ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇਟ ਆਫ਼ ਆਰਡਰ ਨਹੀਂ ਹੈ।

**ਸਰਦਾਰ ਬਲਵੰਤ ਸਿੰਘ** : ਇਸ ਦਾ ਚੌਥਾ ਹਿਸਾ ਹੈ ਆਰਥਕਤਾ ਦਾ ਪ੍ਰੋਗਰਾਮ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਮੈਂ ਸਾਰੇ ਮਾਨਯੋਗ ਮੈਂਬਰਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕਿਉਂ-ਕਿ ਹਾਊਸ ਦਾ ਟਾਈਮ ਬੜਾ ਕੀਮਤੀ ਹੈ ਔਰ ਹਰ ਪਾਰਟੀ ਨੂੰ ਟਾਈਮ ਮਿਲਣਾ ਹੈ, ਇਸ ਲਈ ਅਨ-ਨਸੈਸਰੀ ਡਿਸਕਸ਼ਨ ਨਹੀਂ ਹੋਣੀ ਚਾਹੀਦੀ । ਟਾਈਮ ਵੇਸਟ ਨਹੀਂ ਕਰਨਾ ਚਾਹੀਦਾ ।

**ਸਰਦਾਰ ਬਲਵੰਤ ਸਿੰਘ** : ਆਰਥਕਤਾ, ਬਿਜਲੀ ਔਰ ਕੈਨਾਲ ਵਾਟਰ ਦੀ ਗਲ ਕੀਤੀ ਗਈ ਹੈ । ਇਸ ਦਾ ਚੌਥਾ ਹਿਸਾ ਪੁਲੀਟੀਕਲ ਹੈ। ਇਸ ਬਾਰੇ ਵੀ ਮੈਂ ਗਲ ਕਰਨਾ ਚਾਹੁੰਦਾ ਹਾਂ। ਇਹ ਕਹਿੰਦਾ ਹਾਂ ਕਿ ਸੂਬਿਆਂ ਨੂੰ ਅਟਾਨੋਮੀ ਮਿਲੇ । ਸੂਬਿਆਂ ਨੂੰ ਵਧ ਅਖਤਿਆਰ ਮਿਲਣੇ ਚਾਹੀਦੇ ਹਨ । ਰੀਅਲ ਫੈਡਰਲ ਵਿਧਾਨ ਅਸੀਂ ਹਿੰਦੁਸਤਾਨ ਵਿਚ ਚਾਹੁੰਦੇ ਹਾਂ। ਹਿੰਦੁਸਤਾਨ ਦੇ ਕੰਸਟੀਚਿਊਸ਼ਨ ਦਾ ਕਰੈਕ-ਟਰ ਰੀਅਲ ਫੈਡਰਲ ਕਰੈਕਟਰ ਬਣਨਾ ਚਾਹੀਦਾ ਹੈ। ਆਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਇਹ ਕਹਿੰਦਾ ਹੈ । ਡਾਕਟਰ ਸਾਹਿਬ ਬੇਬੱਸ ਹਨ ਕਿਉਂ ਕਿ ਇਹ ਆਰਥਿਕ ਪਰੋਗਰਾਮ ਚਾਲੂ ਨਹੀਂ ਕਰ ਸਕਦੇ। ਆਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਕਹਿੰਦਾ ਹੈ ਕਿ ਦਿਲੀ ਦੀ ਸਰਕਾਰ ਨੂੰ ਸੂਬਿਆਂ ਦੀ ਸਰਕਾਰ ਨੂੰ ਤੋੜਨ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। (ਥੰਪਿੰਗ) ਇਹ ਕਹਿੰਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਸੈਂਟਰ ਕਮਜ਼ੋਰ ਹੋ ਜਾਏਗਾ । ਅਮਰੀਕਾ ਵਿਚ ਰਸ਼ੀਆ ਵਿਚ ਫੈਡਰਲ ਵਿਧਾਨ ਹਨ । ਅਮਰੀਕਾ ਦੇ ਪ੍ਰੈਜ਼ੀਡੈਂਟ ਨੂੰ ਆਗਿਆ ਨਹੀਂ ਹੈ ਕਿ ਉਹ ਕਿਸੇ ਸੂਬੇ ਦੀ ਸਰਕਾਰ ਨੂੰ ਤੋੜ ਸਕੇ। ਜੇਕਰ ਅਮਰੀਕਾ ਦਾ ਵਿਧਾਨ ਇਸ ਤਰ੍ਹਾਂ ਦਾ ਹੋਣ ਕਰ ਕੇ ਇਕ ਬੜੀ ਤਾਕਤ ਬਣ ਸਕਦਾ ਹੈ ਤਾਂ ਫਿਰ ਹਿੰਦੁਸਤਾਨ ਵਿਚ ਇਸ ਤਰ੍ਹਾਂ ਕਿਉਂ ਨਹੀਂ ਕੀਤਾ ਜਾ ਸਕਦਾ। ਟੈਰੇਟੋਰੀਅਲ ਟੈਂਡੈਂਸੀ ਨੂੰ ਰੋਕਣ ਵਾਸਤੇ ਵਿਧਾਨ ਵਿਚ ਬੁਨਿਆਦੀ ਤਬਦੀਲੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਔਰ ਮਾਲੀ ਤੌਰ ਤੇ ਫਾਈਨਾਂਸ਼ਿਅਲ ਅਟਾਨੋਮੀ ਸੂਬਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ। ਇਥੋਂ ਦੀ ਤਰੱਕੀ ਦੇ ਕੰਮਾਂ ਲਈ ਸਾਰੇ ਦੇ ਸਾਰੇ ਪੈਸੇ ਦਿੱਲੀ ਤੋਂ ਆਉਂਦੇ ਹਨ । ਸੈਂਟਰ ਦੀ ਸਰਕਾਰ ਜਿੰਨੀ ਮਰਜ਼ੀ ਰਕਮ ਟੈਕਸਾਂ ਰਾਹੀਂ ਇਕੱਠੀ ਕਰ ਲਵੇ ਕੋਈ ਰੌਲਾ ਨਹੀਂ ਪਾਂਦਾ ਹੈ । ਪਰ ਜੇਕਰ ਸੂਬੇ ਦੀ ਸਰਕਾਰ ਕੋਈ ਟੈਕਸ ਲਗਾ ਦੇਵੇ ਤਾਂ ਇਥੇ ਰੌਲਾ ਪੈ ਜਾਂਦਾ ਹੈ। ਜੇਕਰ ਡਾਕਟਰ ਸਾਹਿਬ ਇਥੇ ਬਸਾਂ ਦੇ ਕਿਰਾਏ ਵਧਾ ਦੇਣ ਜਾਂ ਸੇਲਜ਼ ਟੈਕਸ ਵਧਾ ਦੇਣ ਤਾਂ ਇਥੇ ਰੌਲਾ ਪੈ ਜਾਂਦਾ ਹੈ । ਥੀਨ ਡੈਮ ਦਾ ਕੰਮ, ਰੋਪੜ ਥਰਮਲ ਪਲਾਂਟ ਦਾ ਕੰਮ, ਯੂਨੀ-ਵਰਸਿਟਰੀਆਂ ਅਤੇ ਹੋਰ ਸੜਕਾਂ ਦਾ ਕੰਮ ਇਹ ਸਾਰਾ ਕੁਝ ਸੂਬੇ ਦੀ ਸਰਕਾਰ ਕਰੇ। ਇਹ ਬਗੈਰ ਪੈਸੇ ਤੋਂ ਕਿਸ ਤਰ੍ਹਾਂ ਨਾਲ ਹੋ ਸਕਦਾ ਹੈ। ਜੇਕਰ ਡਟ ਕੇ ਸੈਂਟਰ ਤੋਂ ਪੈਸਾ ਮੰਗਿਆ ਜਾਏ ਤਾਂ ਪੈਸਾ ਮਿਲ ਜਾਂਦਾ ਹੈ। ਜਾਂ ਫਿਰ ਜੇਕਰ ਕੋਈ ਸੀ. ਐਮ. ਨੱਕ ਰਗੜ ਕੇ ਪੈਸਾ ਮੰਗੇ ਤਾਂ ਵੀ ਕੰਮ ਬਣ ਜਾਂਦਾ ਹੈ। ਪਰ ਇਨ੍ਹਾਂ ਦੇ ਸੀ. ਐਮ. ਨੇ ਨੱਕ ਨਹੀਂ ਰਗੜਿਆ ਜਿਸ ਕਰ ਕੇ ਇਨ੍ਹਾਂ ਨੂੰ ਇੱਕ ਰੁਪਏ ਮਗਰ 13 ਪੈਸੇ ਮਿਲੇ ਜਦ ਕਿ ਸਾਡੇ ਵੇਲੇ ਜਦੋਂ ਸਾਡੇ ਸੀ. ਐਮ. ਨੇ ਡੱਟ ਕੇ ਮੰਗ ਕੀਤੀ ਤਾਂ ਉਸ ਵੇਲੇ ਅਸੀਂ ਰੁਪਏ ਮਗਰ 33 ਪੈਸੇ ਲਿਆਏ ਸੀ । ਇਸ ਦਾ ਬੁਨਿਆਦੀ ਹਲ ਹੋਣਾ ਚਾਹੀਦਾ ਹੈ। ਆਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਕਹਿੰਦਾ ਹੈ ਕਿ ਦੇਸ਼ ਦੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਹਕ ਮਿਲਣੇ ਚਾਹੀਦੇ ਹਨ। ਪੁਲੀਟੀਕਲ ਤੌਰ ਤੇ, ਆਰਥਿਕ ਤੌਰ ਤੇ, ਰਿਲੀਜਸ ਤੌਰ ਤੇ ਔਰ ਟੈਰੀਟੋਰੀਅਲ ਬੇਸ ਤੇ ਸਾਨੂੰ ਸਾਡੇ ਹੱਕ ਮਿਲਣੇ ਚਾਹੀਦੇ ਹਨ। ਜੇਕਰ ਕਹੀਏ ਕਿ ਖਾਲਸਾ ਜੀ ਦਾ ਬੋਲ ਬਾਲਾ ਹੈ ਤਾਂ ਇਨ੍ਹਾਂ ਨੂੰ ਬੁਰਾ ਲਗਦਾ ਹੈ। ਮੁਗਲਾਂ ਵੇਲੇ ਉਨ੍ਹਾਂ ਦੇ ਜ਼ੁਲਮਾਂ ਦੇ ਖਿਲਾਫ ਖਾਲਸਾ ਜੀ ਨੇ ਡਟ ਕੇ ਮੁਕਾਬਲਾ ਕੀਤਾ (ਥੰਪਿੰਗ) । ਪਰ ਜੇਕਰ ਹੁਣ ਖਾਲਸਾ ਜੀ ਦਾ ਨਾਂ ਲੈਂਦੇ ਹਾਂ ਤਾਂ ਇਹ ਚਿੜਣ ਲਗ ਜਾਂਦੇ ਹਨ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਆਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ, ਸ਼੍ਰੋਮਣੀ ਅਕਾਲੀ ਦਲ ਦਾ ਰੇਜ਼ੋਲਿਊਸ਼ਨ ਸਾਡੇ ਦੇਸ਼ ਨੂੰ ਸੱਤਾ ਦੇਵੇਗਾ, ਇੰਟੇਗਰੇਸ਼ਨ ਦੇਵੇਗਾ, ਸੂਬੇ ਦੇ ਲੋਕਾਂ ਨੂੰ ਜ਼ਿਆਦਾ ਅਧਿਕਾਰ ਦੇਵੇਗਾ ਔਰ ਇਨਾਂ ਨੂੰ ਵਧ ਇਨਸਾਫ ਦੇਵੇਗਾ ।

Original with;
Punjab Vidhan Sabha
Digitized by;
Panjab Digital Library

ਜਿਥੋਂ ਤਕ ਇਹ ਬਜਟ ਦਾ ਤੁਅਲਕ ਹੈ, ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਦਿਵਾਲੀਆਪਨ ਦੀ ਨਿਸ਼ਾਨੀ ਹੈ । ਇਸ ਨਾਲ ਪੰਜਾਬ ਦੀ ਤਰੱਕੀ ਥੱਲੇ ਨੂੰ ਜਾਏਗੀ, ਪੰਜਾਬ ਦੀ ਪਰਕੈਪੀਟਾ ਇਨਕਮ ਥਲੇ ਨੂੰ ਜਾਏਗੀ ਔਰ ਇਥੇ ਦੀ ਐਗਰੈਰੀਅਨ ਇਕਾਨੌਮੀ ਖਤਮ ਹੋ ਜਾਏਗੀ ਮੈਂ ਬੇਨਤੀ ਕਰਾਂਗਾ ਕਿ ਜਿਹੜੇ ਗਰੀਬਾਂ ਦੇ ਹਾਮੀ ਹਨ ਔਰ ਭਾਵੇਂ ਉਹ ਕਿਸੇ ਤਰਫ ਵੀ ਬੈਠੇ ਹਨ ਡਿਪਟੀ ਸਪੀਕਰ ਸਾਹਿਬ, 20 ਨੁਕਾਤੀ ਪ੍ਰੋਗਰਾਮ ਇਕ ਇੰਪਾਰਟੈਂਟ ਆਈਟਮ ਹੈ ਜਿਸ ਦੇ ਉਤੇ ਇਸ ਸਰਕਾਰ ਨੂੰ ਫੇਥ ਨਹੀਂ ਹੈ । ਇਹ ਉਨੀਂਵਾਂ ਨੁਕਤਾ ਹੈ। ਉਸ ਦੇ ਵਿਚ ਲਿਖਿਆ ਹੈ :

"Continuous strict action against smugglers, hoarders and tax evaders"

ਉਸ ਦਾ ਡਾਕਟਰ ਸਾਹਿਬ ਨੇ ਆਪਣੀ ਤਕਰੀਰ ਵਿਚ ਜ਼ਿਕਰ ਨਹੀਂ ਕੀਤਾ । ਇਥੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਡਾਇਰੈਕਜ਼ਸ਼ਨ ਕੀ ਹੈ ਅਤੇ ਇਹ ਕਿੰਨੀ ਲੋਕਾਂ ਦੀ ਮਦਦ ਕਰਨੀ ਚਾਹੁੰਦੇ ਹਨ । ਇਨ੍ਹਾਂ ਨੇ ਆਪਣੀ ਤਕਰੀਰ ਵਿਚ ਬਲੈਕ ਮਾਰਕਿਟ ਖਤਮ ਕਰਨ ਦਾ ਜ਼ਿਕਰ ਨਹੀਂ ਕੀਤਾ । ਫਿਰ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਸ ਸਰਕਾਰ ਦਾ ਇਹ ਬਜਟ ਗਰੀਬਾਂ ਦੇ ਹੱਕ ਵਿਚ ਹੈ । ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਬਜਟ ਨੂੰ ਰਿਜੈਕਟ ਕਰਦਾ ਹਾਂ ਕਿਉਂ ਕਿ ਇਹ ਪੰਜਾਬ ਦੀ ਇਨਸਾਲਵੈਂਸੀ ਹੈ, ਪੰਜਾਬ ਦੇ ਦੀ-ਵਾਲੀਆਪਨ ਦੀ ਨਿਸ਼ਾਨੀ ਹੈ । (ਥੰਪਿੰਗ)

**ਪ੍ਰੋਫੈਸਰ ਬਲਵੰਤ ਸਿੰਘ** (ਰਾਜਪੁਰਾ) : ਡਿਪਟੀ ਸਪੀਕਰ ਸਾਹਿਬ, ਜਿਹੜਾ ਬਜਟ ਇਥੇ ਪੇਸ਼ ਹੋਇਆ ਹੈ ਇਹ ਬਜਟ ਪੁਰਾਣੀਆਂ ਲੀਹਾਂ ਉਤੇ ਹੈ । ਇਹ ਐਂਟੀ ਪੀਪਲ ਹੈ, ਇਹ ਲੋਕ ਵਿਰੋਧੀ ਬਜਟ ਹੈ ਅਤੇ ਕਲਾਸ ਬਜਟ ਹੈ। ਤੁਸੀਂ ਮਹਿੰਗਾਈ ਦਾ ਦੇਖ ਲਵੋਂ ਕੀ ਹਾਲ ਹੋ ਗਿਆ ਹੈ। ਇਕ ਕਲਾਸ ਨੂੰ ਖੁਸ਼ ਕਰਨ ਵਾਸਤੇ ਇਸ ਕਿਸਮ ਦੀਆਂ ਸਾਜ਼ਸ਼ਾਂ ਕੀਤੀਆਂ ਗਈਆਂ ਹਨ । ਡਿਪਟੀ ਸਪੀਕਰ ਸਾਹਿਬ, ਡਾਇਰੈਕਟਰ ਟੈਕਸ ਜਿਹੜੇ ਹਨ ਉਨਾਂ ਦਾ ਭਾਰ ਖਪਤਕਾਰਾਂ ਤੇ ਪੈਂਦਾ ਹੈ ਪਰ ਉਨਾਂ ਦਾ ਭਾਰ ਕਾਰਖਾਨੇਦਾਰਾਂ ਅਤੇ ਜਾਗੀਰਦਾਰਾਂ ਆਦਿ ਤੇ ਨਹੀਂ ਪੈਂਦਾ । ਫਿਰ ਇਨਡਾਇਰੈਕਟ ਟੈਕਸਾਂ ਦੀ ਗਲ ਹੈ। ਇਨ-ਡਾਇਰੈਕਟ ਟੈਕਸਾਂ ਵਿਚ ਅਸੀਂ ਹਿੰਦੁਸਤਾਨ ਵਿਚ ਇਸ ਬਜਟ ਅਨੁਸਾਰ ਜਿਥੇ ਪਹਿਲੇ ਅਸੀਂ 12 ਵੇਂ ਨੰਬਰ ਤੇ ਸੀ ਹੁਣ ਅਸੀਂ ਪਹਿਲੇ ਨੰਬਰ ਤੇ ਆ ਗਏ ਹਾਂ । ਡਾਇਰੈਕਟ ਟੈਕਸਾਂ ਵਿਚ ਅਸੀਂ ਪਿਛੇ ਹਟੇ ਹਾਂ। ਸਾਡੇ ਟੈਕਸ ਇਥੇ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਹਨ । ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਸਾਡਾ ਖੁਸ਼ਹਾਲ ਸੂਬਾ ਹੈ । ਜਦੋਂ ਖੁਸ਼ਹਾਲ ਸੂਬੇ ਦੀ ਗਲ ਕਰਦੇ ਹਨ ਤਾਂ ਉਦੋਂ ਇਹ ਟੈਕਸ ਲਾਉਂਦੇ ਹਨ ਪਰ ਜਦੋਂ ਕੁਝ ਦੇਣਾ ਹੋਵੇ ਤਾਂ ਫਿਰ ਇਹ ਖੁਸ਼ਹਾਲੀ ਭੁਲ ਜਾਂਦੇ ਹਨ ਅਤੇ ਇਨਾਂ ਨੂੰ ਟੈਕਸ ਯਾਦ ਰਹਿ ਜਾਂਦੇ ਹਨ ।

ਫਿਰ ਮਜ਼ਦੂਰਾਂ ਦੀ ਗਲ ਆਉਂਦੀ ਹੈ । ਇਹ ਕਹਿੰਦੇ ਹਨ ਕਿ ਮਜ਼ਦੂਰਾਂ ਦੀ ਮਿਨੀਮਮ ਵੇਜ 340 ਰੁਪਏ ਦਿਤੀ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਮਜ਼ਦੂਰਾਂ ਦੇ ਮਿਨੀਮਮ ਵੇਜ ਵੀ 3 ਸਾਲਾਂ ਬਾਅਦ ਵਧਾਏ ਹਨ। ਸਰਕਾਰ ਕਾਰਖਾਨੇਦਾਰਾਂ, ਫੈਕਟਰੀਆਂ ਦੇ ਮਾਲਕਾਂ ਆਦਿ ਨਾਲ ਮਿਲੀ ਰਹੀ ਅਤੇ ਮਜ਼ਦੂਰਾਂ ਦੇ ਵੇਜ ਨਹੀਂ ਵਧਾਏ। ਹੁਣ ਜਿਹੜੇ ਇਨ੍ਹਾਂ ਨੇ 340 ਰੁਪਏ ਕੀਤੇ ਹਨ, ਜਿਸ ਦਾ 6 ਜੀਆਂ ਦਾ ਟੱਬਰ ਹੋਵੇ ਜਾਂ 5 ਜੀਆਂ ਦਾ ਹੀ ਬਰ ਟੱਮੰਨ ਲਿਆ ਜਾਵੇ ਤਾਂ ਤੁਸੀਂ ਉਸ ਹਿਸਾਬ ਨਾਲ ਲਾ ਲਵੋ ਕਿ 95 ਰੁਪਏ ਦੇ ਹਿਸਾਬ ਨਾਲ ਕੀ 5 ਜਾਂ 6 ਜੀਆਂ ਦੇ ਟੱਬਰ ਦੀ ਕਿੰਨੀ ਤਨਖਾਹ ਚਾਹੀਦੀ ਹੈ । ਇਸ ਹਿਸਾਬ ਨਾਲ ਉਨਾਂ ਦੀ ਤਨਖਾਹ ਜ਼ਿਆਦਾ ਚਾਹੀਦੀ ਹੈ। ਇਨ੍ਹਾਂ ਨੇ 340 ਰੁਪਏ ਦਾ ਐਲਾਨ ਕਰ ਦਿਤਾ ਹੈ। ਹੁਣ ਇਹ ਆਪ ਮੰਨਦੇ ਹਨ ਕਿ ਪੰਜਾਬ ਵਿਚ ਗੋਲੀਆਂ ਚਲੀਆਂ। ਮਿਨੀ ਮਮ ਵੇਜ ਲਾਗੂ ਨਹੀਂ ਹੋਏ। ਮਜ਼-ਦੂਰ ਲੜ ਰਹੇ ਹਨ।

ਇਸ ਤੋਂ ਇਲਾਵਾ ਬੋਨਸ ਬਾਰੇ ਮੈਂ ਪਹਿਲਾਂ ਵੀ ਕਿਹਾ ਸੀ। ਪੰਜਾਬ ਵਿਚ ਕੋਈ ਐਸਾ ਭੱਠਾ ਨਹੀਂ, ਕੋਈ ਕੋਲਡ ਸਟੋਰੇਜ ਨਹੀਂ, ਕੋਈ ਸ਼ੈਡ ਨਹੀਂ ਜਿਥੇ ਉਨ੍ਹਾਂ ਨੂੰ ਘਾਟਾ ਪਿਆ ਹੋਵੇ ਪਰ ਫਿਰ ਵੀ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਮਜ਼ਦੂਰਾਂ ਨੂੰ ਬੋਨਸ ਨਹੀਂ ਮਿਲਿਆ। ਉਨਾਂ ਨੂੰ ਮਿਨੀਮਮ ਬੋਨਸ ਨਹੀਂ ਮਿਲਿਆ। ਫੈਕਟਰੀ ਐਕਟ ਲਾਗੂ ਨਹੀਂ ਕੀਤਾ ਜਾ ਰਿਹਾ। ਇਸ ਤਰਾਂ ਲਗਦਾ ਹੈ ਕਿ ਜਿਵੇਂ ਸਰਕਾਰ ਹੁੰਦੀ ਹੀ ਨਹੀਂ। ਜੇ ਸਰਕਾਰ ਹੋਵੇ ਤਾਂ ਜਿਹੜਾ ਕਾਨੂੰਨ ਬਣਦਾ ਹੈ ਉਸ ਨੂੰ ਲਾਗੂ ਤਾਂ ਕਰਵਾਏ। ਸਰਕਾਰ ਦੀ ਐਂਟੀ ਮਜ਼ਦੂਰ ਨੀਤੀ ਹੈ।

ਇਨ੍ਹਾਂ ਨੇ ਕਿਹਾ ਹੈ ਕਿ ਗਰੁਪ ਇਨਸ਼ੋਰੈਂਸ ਸਕੀਮ ਬਣਾ ਰਹੇ ਹਾਂ ਉਸ ਦੇ ਨਾਲ 4 ਕਰੋੜ ਰੁਪਏ ਦੀ ਆਮਦਨ ਹੋਵੇਗੀ। ਕੀ ਸਰਕਾਰ ਇਸ ਗਲ ਨੂੰ ਜਾਣਦੀ ਹੈ ਕਿ ਪਿਛਲੇ ਸਮੇਂ ਵਿਚ ਮੁਲਾਜ਼ਮ ਮਹਿੰਗਾਈ ਦੇ ਨਾਲ ਪੀੜੇ ਜਾ ਰਹੇ ਹਨ। ਇਸ ਗਰੁਪ ਇਨਸ਼ੋਰੈਂਸ ਸਕੀਮ ਨਾਲ ਉਨਾਂ ਨੂੰ ਕੀ ਲਾਭ ਹੋਵੇਗਾ। ਉਨਾਂ ਨੂੰ ਕਿਸੇ ਕਿਸਮ ਦਾ ਲਾਭ ਨਹੀਂ ਹੋਣਾ।

ਸਰਕਾਰ ਕਹਿੰਦੀ ਹੈ ਕਿ ਬਜਟ ਦਾ ਅੱਧਾ ਹਿੱਸਾ ਅਸੀਂ ਬਿਜਲੀ ਉਤੇ ਲਾ ਦਿਆਂਗੇ। ਤੁਸੀਂ ਇਹ ਦਸੋ ਕਿ ਨਾ ਇਥੇ ਥੀਨ ਡੈਮ ਚਾਲੂ ਹੋ ਰਿਹਾ ਹੈ ਅਤੇ ਨਾ ਇਥੇ ਅਟਾਮਿਕ ਐਨਰਜੀ ਦਾ ਪਲਾਂਟ ਲਗ ਰਿਹਾ ਹੈ। ਜਿਹੜੀ 22% ਬਿਜਲੀ ਦੀ ਚੋਰੀ ਹੁੰਦੀ ਹੈ ਉਸ ਨੂੰ ਰੋਕਣ ਵਾਸਤੇ ਕੁਝ ਨਹੀਂ ਕੀਤਾ। ਬਿਜਲੀ ਦੇ ਰੇਟ ਵਧਾਏ ਜਾ ਰਹੇ ਹਨ। ਫਿਰ ਇਹ ਕਹਿੰਦੇ ਹਨ ਕਿ ਅਸੀਂ ਸਸਤੇ ਰੇਟ ਤੇ ਬਿਜਲੀ ਦੇ ਰਹੇ ਹਾਂ। ਅਸੀਂ ਸਬਸਿਡੀ ਦੇ ਰਹੇ ਹਾਂ। ਉਸ ਨੂੰ ਇਹ ਘਟਾ ਰਹੇ ਹਨ। ਇਨਾਂ ਨੇ ਆਪ ਮੰਨਿਆ ਹੈ ਕਿ ਜਿਹੜੇ ਕਰਜ਼ੇ ਕਿਸਾਨਾਂ ਨੂੰ ਮਿਲਦੇ ਹਨ ਉਨਾਂ ਤੇ ਜਿਹੜੀ ਸਬਸਿਡੀ ਹੈ ਉਹ ਸਬਸਿਡੀ ਨਹੀਂ ਦਿਆਂਗੇ। ਇਸ ਦਾ ਮਤਲਬ ਹੈ ਕਿ ਤੁਸੀਂ ਕਿਸਾਨਾਂ ਤੇ ਹੋਰ ਬੋਝ ਪਾਉਗੇ।

ਇਨ੍ਹਾਂ ਨੇ ਬਜਟ ਵਿਚ ਰੀਸੋਰਸਿਜ਼ ਮੋਬੇਲਾਈਜ਼ੇਸ਼ਨ ਦੀ ਗਲ ਕੀਤੀ ਹੈ। ਮੈਂ ਕਹਿੰਦਾ ਹਾਂ ਕਿ ਇਸ ਨਾਲ ਸਿਨੇਮਾਂ ਮਾਲਿਕਾਂ, ਭੱਠੇ ਵਾਲਿਆਂ, ਕਾਰਖਾਨੇਦਾਰਾਂ ਅਤੇ ਧਨਾਢਾਂ ਤੇ ਕੋਈ ਬੋਝ ਨਹੀਂ ਪੈਣਾ ਸਗੋਂ ਇਸ ਨਾਲ ਆਵਾਮ ਤੇ ਬੋਝ ਪੈਣਾ ਹੈ। ਆਵਾਮ ਤੇ ਤਾਂ ਪਹਿਲਾਂ ਹੀ ਕਈ ਕਿਸਮ ਦੇ ਟੈਕਸਾਂ ਦਾ ਬੋਝ ਹੈ। ਇਸ ਲਈ ਮੈਂ ਕਹਾਂਗਾ ਕਿ ਸਰਕਾਰ ਦੀ ਨੀਤੀ ਲੋਕ ਵਿਰੋਧੀ ਹੈ। ਸਾਰਾ ਲੋਕਾਂ ਉਤੇ ਬੋਝ ਪੈਣਾ ਹੈ।

ਫਿਰ ਇਨ੍ਹਾਂ ਡਿਵੈਲਪਮੈਂਟ ਬਾਰੇ ਗੱਲ ਕੀਤੀ ਹੈ ਕਿ ਇਸ ਵਾਸਤੇ ਅਸੀਂ ਬੜੀ ਲੰਬੀ ਚੌੜੀ ਪਲਾਨ ਬਣਾਈ ਹੈ ਅਤੇ ਅਗੇ ਨਾਲੋਂ 45 ਕਰੋੜ ਰੁਪਏ ਡਿਵੈਲਪਮੈਂਟ ਲਈ ਵਧਾ ਲਏ ਹਨ। ਜੇ ਇਸ ਵਿਚੋਂ 12% ਘਟਾ ਲਈਏ ਅਤੇ ਉਸ ਨੂੰ ਮਹਿੰਗਾਈ ਨਾਲ ਜੋੜੀਏ ਤਾਂ ਇਸ ਪਾਸੇ ਲਾਈ ਜਾਣ ਵਾਲੀ ਰਕਮ ਘਟੀ ਹੈ ਵਧੀ ਨਹੀਂ। ਮੇਰਾ ਖਿਆਲ ਹੈ ਕਿ ਟਰੇਜ਼ਰੀ ਬੈਂਚਿਜ਼ ਤੇ ਬੈਠੇ ਮੇਰੇ ਸਾਥੀ ਵੀ ਇਸ ਗਲ ਨਾਲ ਸਹਿਮਤ ਹੋਣਗੇ ਕਿ ਸਾਰੀ ਪਲਾਨ ਦਾ ਬਹੁਤ ਸਾਰਾ ਹਿੱਸਾ ਵਡੇ ਵਡੇ ਆਦਮੀ, ਧਨਾਢ ਲੋਕ, ਕਾਰਖਾਨੇਦਾਰ ਸਰਮਾਏ ਦਾਰ ਲੈ ਜਾਂਦੇ ਹਨ। ਬਾਕੀ ਜਿਥੋਂ ਤਕ ਸੜਕਾਂ ਦਾ ਮਸਲਾ ਹੈ ਜਾਂ ਹੋਰ ਸਾਂਝੇ ਕੰਮ ਹਨ ਉਥੇ ਲਗਣ ਵਾਲੀ ਰਕਮ ਦਾ ਬਹੁਤ ਵਡਾ ਹਿੱਸਾ ਅਫਸਰ ਖਾ ਜਾਂਦੇ ਹਨ। ਇਸ ਪਾਸੇ ਬੜੀ ਕੁਰਪਸ਼ਨ ਹੁੰਦੀ ਹੈ। ਉਹ ਡਿਵੈਲਪਮੈਂਟ ਦੇ ਨਾਮ ਉਤੇ ਰਖਿਆ ਪੈਸਾ ਖਾ ਜਾਂਦੇ ਹਨ। ਸਰਕਾਰ ਨੇ ਇਸ ਪਾਸੇ ਕੋਈ ਕਦਮ ਨਹੀਂ ਉਠਾਇਆ ਅਤੇ ਨਾ ਹੀ ਕਿਹਾ ਹੈ ਕਿ ਇਸ ਚੀਜ਼ ਨੂੰ ਰੋਕਣ ਵਾਸਤੇ ਕੋਈ ਵਿਚਾਰਿਆ ਜਾ ਰਿਹਾ ਹੈ।

ਪਰ ਕੈਪੀਟਾ ਇਨਕਮ ਬਾਰੇ ਕਿਹਾ ਗਿਆ ਹੈ ਕਿ ਉਹ ਵਧ ਗਈ ਹੈ। ਅਤੇ ਕਿਹਾ ਗਿਆ ਕਿ ਸਾਡੇ ਸੂਬੇ ਦੀ ਇਕਨਾਮਿਕ ਹਾਲਤ ਬੜੀ ਸ਼ਾਨਦਾਰ ਹੋ ਗਈ ਹੈ। ਠੀਕ ਹੈ ਕਿ ਬੜੇ ਬੜੇ ਧਨਾਢਾਂ ਦੀ ਇਨਕਮ ਵਧ ਗਈ ਹੈ, ਜਿਨ੍ਹਾਂ ਕੋਲ ਇਕ ਇਕ ਹਜ਼ਾਰ ਵਿਘੇ ਜ਼ਮੀਨ ਹੈ, ਜਿਨ੍ਹਾਂ ਦੇ ਸ਼ਰਾਬ ਦੇ ਠੇਕੇ ਹਨ

Original with;
Punjab Vidhan Sabha
Digitized by;
Panjab Digital Library

ਜਾਂ ਜਿਨ੍ਹਾਂ ਦੇ ਵਡੇ ਵਡੇ ਕਾਰਖਾਨੇ ਆਦਿ ਹਨ ਉਨ੍ਹਾਂ ਦੀ ਇਨਕਮ ਵਧ ਗਈ ਹੈ ਪਰ ਇਨ੍ਹਾਂ ਨੇ ਕਹਿ ਦਿਤਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਬਹੁਤ ਵਧ ਗਈ ਹੈ। ਪਰ ਹੋਇਆ ਇਸ ਦੇ ਉਲਟ ਹੈ ਕਿਉਂ ਕਿ ਗਰੀਬ ਲੋਕ ਥਲੇ ਗਏ ਹਨ ਅਤੇ ਅਮੀਰ ਲੋਕ ਉਪਰ ਗਏ ਹਨ । ਇਹ ਜਿਹੜੇ ਲੇਖੇ ਜੋਖੇ ਲਾਉਂਦੇ ਹਨ ਜਾਂ ਲਾਏ ਹਨ ਇਸ ਨਾਲ ਗਰੀਬ ਲੋਕਾਂ ਉਤੇ ਹੀ ਭਾਰ ਪਿਆ ਹੈ। ਗਰੀਬ ਹੋਰ ਗਰੀਬ ਹੋਏ ਹਨ ਅਤੇ ਅਮੀਰਾਂ ਨੂੰ ਹੋਰ ਰਿਆਇਤਾਂ ਮਿਲੀਆਂ ਹਨ।

ਫਿਰ ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਬਿਜਲੀ ਅਤੇ ਸਿੰਜਾਈ ਦੀਆਂ ਸਹੂਲਤਾਂ ਦੇ ਰਹੇ ਹਾਂ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਅੰਗਰੇਜ਼ਾਂ ਦੇ ਰਾਜ ਵਿਚ ਅਸੂਲ ਇਹ ਹੁੰਦਾ ਸੀ ਅਤੇ ਉਹ ਕਹਿੰਦੇ ਸਨ ਕਿ ਟੈਕਸ ਇਸ ਤਰ੍ਹਾਂ ਲਾਇਆ ਜਾਵੇ ਜਿਸ ਨਾਲ ਟੈਕਸ ਦੀ ਉਗਰਾਹੀਂ ਵੀ ਹੋ ਜਾਵੇ ਅਤੇ ਜਿਸ ਉਤੇ ਟੈਕਸ ਲਗਦਾ ਹੈ ਉਸ ਦੀ ਜ਼ਿਆਦਾ ਪੈਦਾਵਾਰ ਹੋਣ ਲਗ ਪਵੇ ਅਤੇ ਜਦੋਂ ਉਸ ਤੇ ਕੀਤਾ ਖਰਚ ਪੂਰਾ ਹੋ ਜਾਵੇ ਤਾਂ ਫਿਰ ਉਸ ਤੋਂ ਕੋਈ ਟੈਕਸ ਨਾ ਲਿਆ ਜਾਵੇ ਕਿਉਂ ਕਿ ਉਹ ਪਰੋਡਕਸ਼ਨ ਵਿਚ ਹਿੱਸਾ ਪਾਉਂਦਾ ਹੈ। ਨਾਲੇ ਇਹ ਕਿ ਜਿਹੜਾ ਉਸ ਉਤੇ ਟੈਕਸ ਲਗਾ ਹੋਇਆ ਸੀ ਉਹ ਪੂਰਾ ਹੋ ਗਿਆ ਹੈ। ਹੁਣ ਉਹ ਮੁਫਤ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਪਰ ਡਿਪਟੀ ਸਪੀਕਰ ਸਾਹਿਬ, ਇਥੇ ਕੀ ਹੋ ਰਿਹਾ ਹੈ ਕਿ ਜਿਹੜੀ ਸਬ ਸਿਡੀ ਦਿਤੀ ਜਾਂਦੀ ਹੈ ਕਿਸਾਨਾਂ ਨੂੰ ਉਸ ਨੂੰ ਵੀ ਖਤਮ ਕੀਤੇ ਜਾਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਗਰੀਬ ਕਿਸਾਨਾਂ ਤੇ ਟੈਕਸ ਲਾ ਲਾਕੇ ਪੈਸੇ ਉਗਰਾਹ ਰਹੇ ਹਨ, ਉਨਾਂ ਤੋਂ ਪੈਸੇ ਹਰ ਤਰ੍ਹਾਂ ਨਾਲ ਵਸੂਲ ਕਰ ਰਹੇ ਹਨ ਪਰ ਫਿਰ ਵੀ ਇਨ੍ਹਾਂ ਦਾ ਢਿਡ ਨਹੀਂ ਭਰ ਰਿਹਾ ਹੈ। ਇਹ ਧਨਾਢ ਕਿਸਾਨਾਂ ਦਾ ਨਾਮ ਲੈ ਲੈ ਕੇ ਸਾਰੇ ਕਿਸਾਨਾਂ ਤੋਂ ਟੈਕਸ ਲੈਣ ਦੀ ਜੋ ਇਨ੍ਹਾਂ ਦੀ ਨੀਤੀ ਨਜ਼ਰ ਆਉਂਦੀ ਹੈ ਇਸ ਦੇ ਨਾਲ ਖ਼ਤਰਨਾਕ ਨਤੀਜੇ ਨਿਕਲਣਗੇ ਔਰ ਆਖਿਰ ਕਿਸਾਨ ਨੂੰ ਮਜਬੂਰ ਹੋ ਕੇ ਉਠਣਾ ਪਵੇਗਾ । ਤੁਸੀਂ ਉਸ ਕਿਸਾਨ ਨੂੰ ਤੰਗ ਕਰ ਰਹੇ ਹੋ ਜਿਸ ਕਿਸਾਨ ਨੇ ਵਿਦੇਸ਼ਾਂ ਤੋਂ ਅਨਾਜ ਲਿਆਉਣ ਤੋਂ ਤੁਹਾਨੂੰ ਰੋਕਿਆ ਹੈ ਅਤੇ ਅਨਾਜ ਦੇ ਮਾਮਲੇ ਵਿਚ ਤੁਹਾਨੂੰ ਆਤਮ ਨਿਰਭਰ ਬਣਾਇਆ ਹੈ ਜੇ ਤੁਸੀਂ ਕਿਸਾਨ ਦੀ ਇਹੀ ਹਾਲਤ ਕਰ ਦੇ ਰਹੇ ਤਾਂ ਫਿਰ ਕਿਧਰੇ ਤੁਹਾਨੂੰ ਉਸੇ ਰਾਹ ਤੇ ਨਾ ਤੁਰਨਾ ਪਏ ਅਤੇ ਵਿਦੇਸ਼ਾਂ ਤੋਂ ਅਨਾਜ ਮੰਗਵਾਉਣਾ ਨਾ ਪਵੇ। ਇਸ ਲਈ ਮੇਰੀ ਬੇਨਤੀ ਹੈ ਕਿ ਕਿਸਾਨਾਂ ਨੂੰ ਵਧ ਤੋਂ ਵਧ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਚੰਗੇ ਭਾਅ ਦੇਣੇ ਚਾਹੀਦੇ ਹਨ।

ਇਥੇ ਸਤਲੁਜ ਜਮਨਾ ਲਿੰਕ ਦੀ ਗਲ ਕੀਤੀ ਗਈ । ਇਸ ਦੇ ਬਾਰੇ ਮੈਂ ਸਾਫ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਨਾਲ ਪੰਜਾਬ ਦੀ ਲਖਾਂ ਏਕੜ ਧਰਤੀ ਬੈਰਾਨ ਹੋ ਜਾਵੇਗੀ । ਦੂਸਰੀਆਂ ਸਟੇਟਾਂ ਨੂੰ ਕਿਸੇ ਕਿਸਮ ਦਾ ਪਾਣੀ ਨਹੀਂ ਦੇਣਾ ਚਾਹੀਦਾ ਹੈ। ਇਥੇ, ਡਿਪਟੀ ਸਪੀਕਰ ਸਾਹਿਬ, ਮਿਸਲੀਡ ਕੀਤਾ ਗਿਆ ਹੈ ਲੋਕਾਂ ਨੂੰ ਕਿ ਉਸ ਦੀ ਜਿਹੜੀ ਮੈਨੇਜਮੈਂਟ ਹੈ ਉਹ ਸਾਡੇ ਕੋਲ ਰਹੇਗੀ। ਉਸ ਦੀ ਮੈਨੇਜਮੈਂਟ ਸਾਡੇ ਕੋਲ ਨਹੀਂ ਰਹੇਗੀ, ਬੀ. ਐਮ. ਬੀ. ਕੋਲ ਉਸ ਦੀ ਮੈਨੇਜਮੈਂਟ ਚਲੀ ਜਾਵੇਗੀ। ਜਿਹੜਾ ਪੰਜਾਬ ਦਾ ਪਾਣੀ ਹੈ ਉਹ ਬੇਸ਼ਕ ਰਾਜਿਸਥਾਨ ਨੂੰ ਚਲਾ ਜਾਵੇ, ਹਰਿਆਣਾ ਸਟੇਟ ਨੂੰ ਚਲਾ ਜਾਵੇ ਪਰ ਇਹ ਪਾਣੀ ਦਿਤਾ ਜਾਵੇ ਜੇ ਸਾਡੇ ਕੋਲ ਫਾਲਤੂ ਹੋਵੇ। ਜੇ ਸਾਡੇ ਕੋਲ ਪਾਣੀ ਫਾਲਤੂ ਹੋਵੇ ਤਾਂ ਜ਼ਰੂਰ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ, ਇਹ ਜੈਨਰਸ ਹੈ ਪਰ ਆਪਣੇ ਰਾਈਟ ਜੋ ਸਾਡੇ ਹਨ ਉਨ੍ਹਾਂ ਨੂੰ ਕੁਰਬਾਨ ਨਹੀਂ ਕੀਤਾ ਜਾਣਾ ਚਾਹੀਦਾ, ਸਾਡੇ ਜੋ ਹਿਤ ਹਨ ਉਹ ਕੁਰਬਾਨ ਨਹੀਂ ਕਰਨੇ ਚਾਹੀਦੇ। ਸਾਨੂੰ ਪਤਾ ਹੈ ਕਿ ਇਨ੍ਹਾਂ ਨੇ ਹਿਤ ਆਪਣੇ ਕਿਉਂ ਕੁਰਬਾਨ ਕੀਤੇ ਹਨ ? ਇਨ੍ਹਾਂ ਨੇ ਆਪਣੇ ਹਿਤ ਆਪਣੀਆਂ ਗੱਦੀਆਂ ਬਚਾਉਣ ਲਈ ਕੁਰਬਾਨ ਕੀਤੇ ਹਨ। ਜਿਹੜਾ ਮੁਕਦਮਾ ਸੁਪਰੀਮ ਕੋਰਟ ਵਿਚੋਂ ਵਾਪਿਸ ਲਿਆ ਗਿਆ ਹੈ ਉਹ ਕੇਂਦਰ ਦੀ ਸਰਕਾਰ ਦੇ ਦਬਾਅ ਨਾਲ ਵਾਪਸ ਲਿਆ ਗਿਆ ਔਰ ਵਾਪਸ ਲੈ ਕੇ ਆਪਣੀਆਂ ਗਦੀਆਂ ਬਚਾਈਆਂ ਗਈਆਂ ਹਨ। ਆਪਣੀਆਂ ਗੱਦੀਆਂ ਦੀ ਖਾਤਰ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਹਿਤਾਂ ਨੂੰ, ਪੰਜਾਬ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਦੇ ਲੋਕਾਂ ਨੂੰ ਵੇਚ ਦਿਤਾ ਹੈ, ਪੰਜਾਬ ਦੇ ਲੋਕ ਇਨ੍ਹਾਂ ਨੂੰ ਕਦੇ ਮੁਆਫ ਨਹੀਂ ਕਰਨਗੇ। (ਥੰਪਿੰਗ) ਪੰਜਾਬ ਦੇ ਵਿਚ ਹੋਰ ਦਰਿਆ ਵੀ ਵਗਦੇ ਹਨ ਜਿਨ੍ਹਾਂ ਦੇ ਨਾਲ ਸਾਡੇ ਪੰਜਾਬ ਦੇ ਘਰ ਢਹਿ ਜਾਂਦੇ ਹਨ, ਖੇਤ ਰੋੜ੍ਹ ਕੇ ਲੈ ਜਾਂਦੇ ਹਨ ਲੇਕਿਨ ਉਨ੍ਹਾਂ ਦੇ ਵਿਚ ਸਾਡੇ ਨਾਲ ਕੋਈ ਹਿਸਾ ਨਹੀਂ ਵੰਡਿਆ ਗਿਆ। ਜੇ ਉਹ ਸੂਬੇ ਸਾਡੇ ਇਸ ਦੇ ਵਿਚ ਹਿਸੇਦਾਰ ਬਣਦੇ ਹਨ ਤਾਂ ਬਾਕੀ ਦੇ ਪਾਣੀ ਨੂੰ ਵੀ ਕਿਉਂ ਨਾ ਸਾਂਝਾ ਕੀਤਾ ਜਾਵੇ, ਉਹ ਵੀ 60:40 ਦੀ ਰੇਸ਼ੋ ਨਾਲ ਸਾਨੂੰ ਕਿਉਂ ਨਾ ਦਿਵਾਇਆ ਜਾਵੇ। ਪੰਜਾਬ ਦਾ ਪਾਣੀ ਪੰਜਾਬ ਵਿਚ ਹੀ ਰਹਿਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਇਹ ਆਪਣੀਆਂ ਗਦੀਆਂ ਬਚਾਉਣ ਦੀ ਗਲ ਤੋਂ ਉਪਰ ਉਠ ਕੇ ਜੁਅਰਤ ਨਾਲ ਮੁਕਾਬਲਾ ਕਰਨਗੇ ਅਤੇ ਪੰਜਾਬ ਦਾ ਪਾਣੀ ਪੰਜਾਬ ਵਿਚ ਰਖਣ ਲਈ ਯਤਨ ਕਰਨਗੇ। ਪੰਜਾਬ ਦਾ ਪਾਣੀ ਪੰਜਾਬ ਵਿਚ ਹੀ ਰਹਿਣ੍ਹਾ ਚਾਹੀਦਾ ਹੈ, ਪੰਜਾਬ ਦਾ ਹਿਸਾ ਪੰਜਾਬ ਵਿਚ ਹੀ ਰਹਿਣਾ ਚਾਹੀਦਾ ਹੈ ਅਤੇ ਜੇ ਕੋਈ ਫਾਲਤੂ ਪਾਣੀ ਹੈ ਤਾਂ ਬੇਸ਼ਕ ਰਾਜਸਥਾਨ ਜਾਂ ਹਰਿਆਣਾ ਲੈ ਜਾਵੇ ਪਰ ਜੋ ਸਾਡਾ ਰਾਈਟ ਹੈ ਉਹ ਸਾਨੂੰ ਨਹੀਂ ਦੇਣਾ ਚਾਹੀਦਾ। ਸਾਨੂੰ ਆਪਣੇ ਰਾਈਟਸ ਜ਼ਰੂਰ ਬਚਾਉਣੇ ਚਾਹੀਦੇ ਹਨ। ਤੁਹਾਨੂੰ ਜੋ ਪੰਜਾਬ ਦੇ ਲੋਕਾਂ ਨੇ ਜ਼ਿੰਮੇਵਾਰੀ ਸੌਂਪੀ ਹੈ ਉਹ ਤੁਹਾਨੂੰ ਪੂਰੀ ਤਰ੍ਹਾਂ ਨਿਭਾਉਣੀ ਚਾਹੀਦੀ ਹੈ ਪਰ ਉਹ ਜ਼ਿੰਮੇਵਾਰੀ ਤੁਸੀਂ ਨਿਭਾ ਨਹੀਂ ਰਹੇ। ਪੰਜਾਬ ਦੇ ਲੋਕ ਹੁਣ ਤੁਹਾਨੂੰ ਕਦੇ ਬਰਦਾਸ਼ਤ ਨਹੀਂ ਕਰਨਗੇ। ਹੁਣ ਸਾਡੀ ਕਿਸਾਨ ਸਭਾ ਨੇ ਹਾਈਕੋਰਟ ਵਿਚ ਮੁਕੱਦਮਾ ਕੀਤਾ ਹੈ ਅਤੇ ਆਖਿਆ ਹੈ ਕਿ ਦਿੱਲੀ ਦੀ ਧਰਤੀ ਵਾਲਿਆਂ ਨੇ ਪੰਜਾਬ ਦੇ ਵਾਸਤੇ ਜੋ ਫੈਸਲਾ ਕੀਤਾ ਹੈ ਉਸ ਦਾ ਉਸ ਨੂੰ ਕੋਈ ਅਧਿਕਾਰ ਨਹੀਂ ਅਤੇ ਇਹ ਪਾਣੀ ਦੀ ਵੰਡ ਗਲਤ ਕੀਤੀ ਗਈ ਹੈ। ਸਾਡੀ ਕਿਸਾਨ ਸਭਾ ਨੇ ਹਾਈ ਕੋਰਟ ਵਿਚ ਜੋ ਇਸ ਦੇ ਬਾਰੇ ਮੁਕਦਮਾ ਕੀਤਾ ਹੈ, ਮੈਨੂੰ ਉਮੀਦ ਹੈ ਕਿ ਇਸ ਦੇ ਅੱਛੇ ਸਿੱਟੇ ਨਿਕਲਣਗੇ। ਜੇ ਪੰਜਾਬ ਦੇ ਲੋਕਾਂ ਨਾਲ ਕੋਈ ਵਧੀਕੀ ਹੋਈ ਤਾਂ ਉਸਦੇ ਲਈ ਉਹ ਉਠਣਗੇ ਅਤੇ ਉਸਦੇ ਜੋ ਸਿਟੇ ਨਿਕਲਣਗੇ ਉਸ ਦੇ ਲਈ ਜ਼ਿੰਮੇਵਾਰ ਪੰਜਾਬ ਦੀ ਸਰਕਾਰ ਹੋਵੇਗੀ ਜਿਸ ਨੇ ਪੰਜਾਬ ਦੇ ਲੋਕਾਂ ਨਾਲ ਵਧੀਕੀ ਕੀਤੀ ਹੈ।

ਡਿਪਟੀ ਸਪੀਕਰ ਸਾਹਿਬ, ਪੀਲੇ ਕਾਰਡਾਂ ਦਾ ਫਿਰ ਸਵਾਲ ਇਥੇ ਆਇਆ ਹੈ। ਪੀਲੇ ਕਾਰਡਾਂ ਦੇ ਬਾਰੇ ਜਿਹੜਾ ਵੀ ਕਾਂਗਰਸ ਪਾਰਟੀ ਦਾ ਆਨਰੇਬਲ ਮੈਂਬਰ ਉਠਦਾ ਹੈ ਉਹੀ ਪੀਲੇ ਕਾਰਡਾਂ ਦੀ ਗਲ ਕਰਦਾ ਹੈ। ਮੈਨੂੰ ਤਾਂ ਲਗਦਾ ਹੈ ਕਿ ਇਨ੍ਹਾਂ ਨੇ ਕੋਈ ਫੈਸਲਾ ਕੀਤਾ ਹੋਇਆ ਹੈ ਕਿ ਹਰ ਇਕ ਨੇ ਪੀਲੇ ਕਾਰਡਾਂ ਦਾ ਜ਼ਿਕਰ ਜ਼ਰੂਰ ਕਰਨਾ ਹੈ, ਪੀਲੇ ਕਾਰਡਾਂ ਦੀ ਗਲ ਜ਼ਰੂਰ ਕਰਨੀ ਹੈ ਨਹੀਂ ਤਾਂ ਸ਼ਾਇਦ ਇਨ੍ਹਾਂ ਨੂੰ ਪਾਰਟੀ ਵਿਚੋਂ ਕਢ ਦੇਣ ਦਾ ਕੋਈ ਫੈਸਲਾ ਕੀਤਾ ਹੋਇਆ ਹੈ। ਪੀਲੇ ਕਾਰਡਾਂ ਦੇ ਬਾਰੇ ਫਿਰ ਮੈਂ ਵੀ ਪੜ੍ਹਿਆ ਕਿ ਸ਼ਾਇਦ ਨਾਮ ਦੇ ਪੀਲੇ ਕਾਰਡ ਹੋਣ ਪਰ ਇਸ ਦਾ ਕੰਮ ਸ਼ਾਇਦ ਲਾਲ ਹੋਵੇ। ਇਸ ਲਈ ਮੈਂ ਵੀ ਪੀਲੇ ਕਾਰਡਾਂ ਬਾਰੇ ਦੇਖਣ ਦੀ ਕੋਸ਼ਿਸ਼ ਕੀਤੀ। ਜਿਹੜੇ ਪੀਲੇ ਕਾਰਡ ਇਹ ਕਹਿੰਦੇ ਹਨ, ਬਣਾਏ ਹਨ, ਉਹ ਇਨਾਂ ਨੇ ਉਹਨਾਂ ਦੇ ਬਣਾਏ ਹਨ ਜਿਨਾਂ ਦੀ ਆਮਦਨ 3600 ਰੁਪਏ ਸਾਲਾਨਾ ਤੋਂ ਘਟ ਹੈ। ਇਨ੍ਹਾਂ ਨੇ ਕਿਹਾ ਹੈ ਕਿ ਪੀਲੇ ਕਾਰਡਾਂ ਵਾਲਿਆਂ ਨੂੰ ਰਿਆਇਤੀ ਭਾਅਾਂ ਤੇ ਜ਼ਰੂਰੀ ਵਸਤਾਂ ਦਿੱਤੀਆਂ ਜਾਣਗੀਆਂ ਔਰ ਇਨ੍ਹਾਂ ਦੇ ਲਈ 10,321 ਪਰਚੂਨ ਦੀਆਂ ਦੁਕਾਨਾਂ ਖੋਲ੍ਹੀਆਂ ਗਈਆਂ ਹਨ ਔਰ ਇਹ ਵੀ ਕਿਹਾ ਹੈ ਕਿ 4.21 ਕਰੋੜ ਰੁਪਿਆ ਸਬਸਿਡੀ ਦੇ ਤੌਰ ਤੇ ਦੇਣਾ ਹੈ। ਜਿਹੜੀ ਗਿਣਤੀ ਇਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬ, ਪਹਿਲਾਂ ਦਸੀ ਸੀ ਪੀਲੇ ਕਾਰਡਾਂ ਦੀ ਉਹ 8.12 ਲਖ ਪਹਿਲਾਂ ਦਸੀ ਸੀ। ਮੁੜ ਕੇ ਇਸ ਗਲ ਨੂੰ ਦੇਖਣ ਲਈ ਕਿ ਕੋਈ ਹੋਰ ਇਸ ਦਾ ਫਾਇਦਾ ਜਾਂ ਲਾਭ ਨਾ ਲੈ ਰਹੇ ਹੋਣ ਇਨ੍ਹਾਂ ਨੇ ਪੀਲੇ ਕਾਰਡਾਂ ਦੀ ਦੁਬਾਰਾ ਪੜਤਾਲ ਕਰਨ ਲਈ ਹੁਕਮ ਕਰ ਦਿਤਾ ਜਿਸ ਦੀ ਕਿ ਇਹ ਦੱਸਦੇ ਹਨ

Original with;
Punjab Vidhan Sabha
Digitized by;
Panjab Digital Library

ਕਿ ਪੜਤਾਲ ਹੋ ਰਹੀ ਹੈ ਅਤੇ ਹੁਣ ਤਕ ਦੁਬਾਰਾ ਪੜਤਾਲ ਕਰਨ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ 13,525 ਜਾਅਲੀ ਕਾਰਡ ਰੱਦ ਕਰ ਦਿਤੇ ਹਨ ਅਤੇ 21,413 ਹੋਰ ਪਾਤਰ ਪਰਿਵਾਰਾਂ ਨੂੰ ਕਾਰਡ ਜਾਰੀ ਕੀਤੇ ਗਏ ਹਨ। ਸੋ ਤਕਰੀਬਨ 8 ਹਜ਼ਾਰ ਕਾਰਡ 8.12 ਲੱਖ ਵਿੱਚ ਹੋਰ ਐਡ ਕਰ ਲਓ ਤਾਂ ਇਹ ਤਕਰੀਬਨ 8 ਲਖ 20 ਹਜ਼ਾਰ ਬਣ ਗਿਆ ਜਿਹੜਾ ਇਨ੍ਹਾਂ ਨੇ ਪੀਲੇ ਕਾਰਡ ਇਸ਼ੂ ਕੀਤੇ ਔਰ ਇਨ੍ਹਾਂ ਕਾਰਡਾਂ ਦੇ ਵਾਸਤੇ ਸਬਸਿਡੀ ਕਿੰਨੀ ਦਿਤੀ ਹੈ? ਸਬਸਿਡੀ 4.21 ਕਰੋੜ ਰੁਪਿਆ। ਮੈਂ ਐਵੇਂ ਹੀ, ਡਿਪਟੀ ਸਪੀਕਰ ਸਾਹਿਬ ਗਲਤੀ ਨਾਲ ਜਮ੍ਹਾਂ ਮਨਫੀ ਕਰਨ ਲਗ ਪਿਆ ਤੇ ਸਾਰੀ ਕੈਲਕੁਲੇਸ਼ਨ ਦੇਖਣ ਲਗ ਪਿਆ। ਜਦੋਂ ਸਾਰਾ ਹਿਸਾਬ ਕਿਤਾਬ ਜਮ੍ਹਾਂ ਮਨਫੀ ਕਰ ਲਿਆ ਤਾਂ ਕੀ ਦੇਖਿਆ ਕਿ ਸਿੱਟਾ ਇਹ ਨਿਕਲਿਆ ਕਿ 50 ਰੁਪਏ ਸਬਸਿਡੀ ਦੇ ਤੌਰ ਤੇ ਇਕ ਪਰਿਵਾਰ ਨੂੰ ਸਾਲ ਦੀ ਮਿਲਦੀ ਹੈ ਔਰ 6 ਜੀਆਂ ਦਾ ਟੱਬਰ ਇਨ੍ਹਾਂ ਨੇ ਆਪ ਮੰਨਿਆ ਹੈ। ਜੇ ਹੁਣ ਹਿਸਾਬ ਲਾ ਕੇ ਦੇਖੀਏ ਤਾਂ ਇਕ ਟੱਬਰ ਵਿਚ ਜੇ 6 ਜੀਅ ਹੋਣ ਤਾਂ 6×8 ਯਾਨੀ 48 ਰੁਪਏ, ਇਕ ਪਰਵਾਰ ਦੇ ਹਰ ਇਕ ਜੀਅ ਦੇ ਹਿਸੇ ਤਕਰੀਬਨ 8 ਰੁਪਏ ਸਾਲ ਦੇ ਸਬਸਿਡੀ ਦੇ ਬਣਦੇ ਹਨ ਜਾਂ ਇਸ ਤਰਾਂ ਸਮਝ ਲਓ ਕਿ ਤਕਰੀਬਨ 3 ਪੈਸੇ ਰੋਜ਼ ਦੇ ਵੀ ਇਕ ਜੀਅ ਦੇ ਨਹੀਂ ਬਣਦੇ। ਡਿਪਟੀ ਸਪੀਕਰ ਸਾਹਿਬ, ਅਜ ਕਲ ਤਾਂ ਜੋ ਕੋਈ ਮੰਗਣ ਵਾਲਾ ਹੈ ਤਾਂ ਉਹ ਮੰਗਤਾ ਵੀ ਤਿੱਕੀ ਨਹੀਂ ਲੈਂਦਾ ਅਤੇ ਖੁਦ ਕਹਿੰਦਾ ਹੈ ਕਿ ਮੈਨੂੰ ਪੰਜੀ ਦਿਓ। ਮੰਗਤੇ ਦਾ ਸਟੈਂਡਰਡ ਵੀ ਪੰਜੀ ਹੈ, ਉਹ ਵੀ ਤਿਕੀ ਨਹੀਂ ਲੈਂਦਾ। ਸੋ ਪੀਲੇ ਕਾਰਡਾਂ ਦੀ ਸਬਸਿਡੀ ਦਾ ਤਾਂ ਇਹ ਹਾਲ ਹੈ। ਪਿਛਲੇ ਸਮੇਂ ਵਿਚ ਜੋ ਇਹ ਪੀਲੇ ਕਾਰਡਾਂ ਦੇ ਢੋਲ ਢਮਕੇ ਵਜਾਉਂਦੇ ਰਹੇ ਇਸ ਬਜਟ ਨੇ ਉਨ੍ਹਾਂ ਦਾ ਅਜ ਪਰਦਾ ਫਾਸ਼ ਕਰ ਦਿਤਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਰਿਊਮਨਰੇਟਿਵ ਪ੍ਰਾਈਸ ਦੇਣ ਦਾ ਸਵਾਲ ਹੈ। ਇਥੇ ਇਸ ਦੇ ਲਈ ਇਕ ਸਾਂਝਾ ਰੈਜ਼ੋਲਿਊਸ਼ਨ ਲਿਆਂਦਾ ਗਿਆ ਸੀ, ਉਹ ਐਵੇਂ ਤਾਂ ਰੈਜ਼ਲਿਊਸ਼ਨ ਨਹੀਂ ਸੀ ਆ ਗਿਆ। ਪੰਜਾਬ ਦੀ ਅਵਾਮ ਉਠੀ, ਉਸ ਨੂੰ ਗੁੱਸਾ ਆਇਆ ਅਤੇ ਉਸ ਨੇ ਗੁੱਸੇ ਵਿਚ ਆ ਕੇ ਆਪਣੇ ਰੋਸ ਵਜੋਂ ਪੰਜਾਬ ਦੀ ਅਸੈਂਬਲੀ ਦਾ ਘੇਰਾਓ ਕੀਤਾ। ਡੈਮੋਕਰੇਸੀ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਆਪਣੇ ਗੁਸੇ ਨੂੰ ਪ੍ਰਗਟ ਕਰਨ ਦਾ ਇਹੀ ਇਕ ਤਰੀਕਾ ਹੈ, ਇਹੀ ਇਕ ਢੰਗ ਹੈ ਕਿ ਜਿਸ ਨਾਲ ਰੋਸ ਪ੍ਰਗਟ ਕੀਤਾ ਜਾ ਸਕਦਾ ਹੈ। ਜਦੋਂ ਕਿਸਾਨ, ਜਦੋਂ ਪੰਜਾਬ ਦੇ ਲੋਕ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਆਏ ਤਾਂ ਉਨ੍ਹਾਂ ਨੂੰ ਆਖਿਆ ਗਿਆ ਕਿ ਅਸੀਂ ਤੁਹਾਨੂੰ ਰੈਮਿਊਨਰੇਟਿਵ ਪ੍ਰਾਈਸ ਦਿਆਂਗੇ। ਇਨ੍ਹਾਂ ਨੇ ਮੰਨ ਲਿਆ। ਇਨ੍ਹਾਂ ਨੇ ਫਿਰ ਕਿਹਾ ਸਾਥੀਓ ਇਹ ਚੰਗਾ ਹੈ ਜੇ ਇਕ ਸਾਂਝਾ ਰੈਜ਼ੋਲਿਊਸ਼ਨ ਕਰ ਲੈਂਦੇ ਹਾਂ। ਸਾਂਝਾ ਰੈਜ਼ੋਲਿਊਸ਼ਨ ਫਿਰ ਲਿਆਂਦਾ ਗਿਆ। ਇਹ ਕਹਿਣ ਲਗੇ ਕਿ ਅਸੀਂ ਕਿਵੇਂ ਰਿਊਮਨਰੇਟਿਵ ਪ੍ਰਾਈਸ ਦੇ ਸਕਦੇ ਹਾਂ, ਉਸ ਦਾ ਬਣੇ ਕੀ, ਕਿਵੇਂ ਇਹ ਸਾਰਾ ਕੁਝ ਹੋਵੇਗਾ। ਫਿਰ ਇੱਥੇ ਬਿਆਨ ਦਿੰਦੇ ਰਹੇ ਕਿ ਆਪਣੀਆਂ ਆਪਣੀਆਂ ਪਰਚੀਆਂ ਸੰਭਾਲ ਕੇ ਰੱਖੋ। ਉਹ ਕਿਸਾਨਾਂ ਨੇ ਆਪਣੇ ਕਲੇਜੇ ਨਾਲ ਲਾ ਕੇ ਰੱਖੀਆਂ ਸਰਦਾਰ ਦਰਬਾਰਾ ਸਿੰਘ ਜੀ ਦੇ ਬਿਆਨ ਆਉਂਦੇ ਰਹੇ ਕਿ ਪਰਚੀਆਂ ਆਪਣੀਆਂ ਸੰਭਾਲ ਕੇ ਰੱਖੋ। ਜੇ ਅਸੀਂ ਕੇਂਦਰ ਸਰਕਾਰ ਤੋਂ ਮੰਗਾਂਗੇ ਉਹ ਤੁਹਾਨੂੰ ਅਸੀਂ ਪੂਰਾ ਭਾਅ ਦਿਵਾਵਾਂਗੇ। ਉਹ ਪਰਚੀਆਂ ਵਿਚਾਰਿਆਂ ਨੇ ਬੜੀਆਂ ਬੜੀਆਂ ਸਾਂਭ ਕੇ ਰਖੀਆਂ ਤੇ ਆਖਿਰ ਤੇ ਹਾਰ ਕੇ ਹੌਕਾ ਭਰ ਕੇ ਡੋਗ ਦਿਤੀਆਂ ਪਰ ਕਿਸੇ ਨੇ ਕੋਈ ਬੋਨਸ ਨਹੀਂ ਦਿਤਾ। ਪਰ ਇਸ ਦੇ ਮੁਕਾਬਲੇ ਵਿਚ ਪਛਮੀ ਬੰਗਾਲ ਦੀ ਸਰਕਾਰ ਨੇ 15 ਰੁਪਏ ਕੁਇੰਟਲ ਮਗਰ ਬੋਨਸ ਆਪਣੇ ਕਿਸਾਨਾਂ ਨੂੰ ਦਿਤਾ ਔਰ ਉਹ 5 ਰੁਪਏ ਕੁਇੰਟਲ ਮਗਰ ਕੈਰਿਜ ਦੇ ਚਾਰਜਿਜ਼ ਵੀ ਖੇਤਾਂ ਤੋਂ ਲੈ ਕੇ ਮੰਡੀ ਤਕ ਲਿਆਉਣ ਦੇ ਦਿੰਦੀ ਹੈ ਹੁਣ ਕਿਸਾਨਾਂ ਨੂੰ ਸਾਡੀ ਪੰਜਾਬ ਸਰਕਾਰ ਕਹਿੰਦੀ ਹੈ ਕਿ ਅਸੀਂ ਕਿਸਾਨਾਂ ਲਈ ਰਿਮਿਊਨਰੇਟਿਵ

Original with;
Punjab Vidhan Sabha
Digitized by;
Panjab Digital Library

[ਪ੍ਰੋਫੈਸਰ ਬਲਵੰਤ ਸਿੰਘ]

ਪ੍ਰਾਈਸ ਦਿਤੀ ਹੈ। 15 ਰੁਪਏ ਅਤੇ 10 ਰੁਪਏ ਦਾ ਜ਼ਿਕਰ ਕਰਦੀ ਹੈ ਕਿ ਵੱਧ ਦਿਤੇ ਹਨ ਲੇਕਿਨ ਇਹ ਸਰਕਾਰ ਇਹ ਨਹੀਂ ਸੋਚਦੀ ਕਿ ਖਾਦ ਦਾ ਭਾਅ ਰਾਤੋਂ ਰਾਤ 70 ਰੁਪਏ ਤੋਂ 117 ਰੁਪਏ ਕਰ ਦਿਤਾ ਹੈ, ਉਸਦਾ ਇਹ ਸਰਕਾਰ ਜ਼ਿਕਰ ਨਹੀਂ ਕਰਦੀ। ਕੀ ਇਹ ਇਨਪੁਟਸ ਵਿਚ ਨਹੀਂ ਆਉਂਦੀ। ਡਿਪਟੀ ਸਪੀਕਰ ਸਾਹਿਬ, ਕੀੜੇ ਮਾਰ ਦਵਾਈਆਂ ਬਲੈਕ ਵਿਚ ਵਿਕਦੀਆਂ ਹਨ, ਕਿਸਾਨਾਂ ਨੂੰ ਜਿਹੜੀ ਇਸ ਦੇ ਲਈ ਵਧ ਪ੍ਰਾਈਸ ਦੇਣੀ ਪੈਂਦੀ ਹੈ ਕੀ ਇਹ ਇਨਪੁੱਟਸ ਵਿਚ ਨਹੀਂ ਹੈ ? ਕੀ ਇਨਪੁੱਟਸ ਦੀਆਂ ਪ੍ਰਾਈਸਿਜ਼ ਨਹੀਂ ਵਧੀਆਂ। ਫਿਰ ਕਿਸਾਨਾਂ ਨੂੰ ਬਿਜਲੀ ਨਹੀਂ ਮਿਲਦੀ ਜਿਸ ਦੇ ਬਾਰੇ ਮਨਿਸਟਰ ਸਾਹਿਬ ਆਪ ਮੰਨੇ ਹਨ ਕਿ ਪਿਛਲੇ ਸਮੇਂ ਵਿਚ ਕਿਸਾਨਾਂ ਨੂੰ ਪੂਰੀ ਬਿਜਲੀ ਨਹੀਂ ਮਿਲ ਸਕੀ। ਕਿਸਾਨ ਨੂੰ ਡੀਜ਼ਲ ਫੂਕਣਾ ਪਿਆ। ਆਪਣਾ ਲਹੂ ਸਾੜ ਕੇ ਫਸਲਾਂ ਪੈਦਾ ਕੀਤੀਆਂ ਪਰ ਉਸ ਨੂੰ ਭਾਅ ਨਹੀਂ ਮਿਲ ਰਿਹਾ। ਮੈਂ ਹੁਣ ਵੀ ਕਹਿਣਾ ਚਾਹੁੰਦਾ ਹਾਂ ਕਿ ਫਸਲਾਂ ਤਿਆਰ ਹਨ ਸਰਕਾਰ ਉਨ੍ਹਾਂ ਦੀਆਂ ਫਸਲਾਂ ਦੀ ਕੀਮਤ ਨਹੀਂ ਮੁਕਰਰ ਕਰ ਰਹੀ। ਐਗਰੀਕਲਚਰਲ ਪ੍ਰਾਈਸ ਕਮਿਸ਼ਨ ਕਹਿੰਦਾ ਹੈ ਕਿ 142 ਰੁਪਏ ਭਾਅ ਦੇਣਾ ਪਰ ਸਰਦਾਰ ਦਰਬਾਰਾ ਸਿੰਘ ਜੀ ਕਹਿੰਦੇ ਹਨ ਕਿ 161 ਰੁਪਏ ਦੁਆਉਣਾ ਹੈ। ਇਹ 161 ਰੁਪਏ ਤੇ ਅੜੇ ਹੋਏ ਹਨ। ਮੈਂ ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਐਲਾਨ ਕਰਨਗੇ ਕਿ 161 ਰੁਪਏ ਭਾਅ ਜ਼ਰੂਰ ਦਿਵਾਉਣਗੇ ਅਤੇ ਜੇ ਉਹ 161 ਰੁਪਏ ਭਾਅ ਨਹੀਂ ਦੇਣਗੇ ਤਾਂ ਅਸੀਂ ਬੋਨਸ ਦੇਵਾਂਗੇ। ਜੇ ਇਹ ਇਸ ਗਲ ਦਾ ਐਲਾਨ ਕਰਨਗੇ ਕਿ ਜੇ ਸੈਂਟਰ ਸਰਕਾਰ ਇਹ ਭਾਅ ਨਹੀਂ ਦੇਵੇਗੀ ਤਾਂ ਅਸੀਂ ਦੇਵਾਂਗੇ, ਅਸੀਂ ਬੋਨਸ ਦੇਵਾਂਗੇ ਤਾਂ ਅਸੀਂ ਸਮਝਦੇ ਹਾਂ ਕਿ ਇਹ ਸਰਕਾਰ ਕਿਸਾਨਾਂ ਦੀ ਹਿਤੈਸ਼ੀ ਹੈ ਅਤੇ ਕਿਸਾਨਾਂ ਦੀ ਰਾਖੀ ਕਰਨਾ ਚਾਹੁੰਦੀ ਹੈ। ਪੰਜਾਬ ਦਾ ਕਿਸਾਨ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਹੀ ਨਹੀਂ ਸਾਰੇ ਹਿੰਦੁਸਤਾਨ ਦੀ ਰੀੜ੍ਹ ਦੀ ਹਡੀ ਹੈ।

ਅਸੀਂ ਡਿਪਟੀ ਸਪੀਕਰ ਸਾਹਿਬ, ਪਿਛਲੇ ਸਮਿਆਂ ਵਿਚ ਪੜ੍ਹਦੇ ਤੇ ਸੁਣਦੇ ਆਏ ਹਾਂ ਕਿ ਗੰਨਿਆਂ ਦੀ ਜੋ ਗੱਲ ਹੈ ਉਸ ਦੀ ਕਰੱਸ਼ਿੰਗ ਕਪੈਸਿਟੀ ਬਹੁਤ ਥੋੜੀ ਹੈ ਜਿਹੜੀ ਕਿ ਵਾਧਾਈ ਜਾ ਸਕਦੀ ਹੈ। ਅੱਜ ਹਾਲਤ ਇਹ ਹੈ ਕਿ ਬਾਉਂਡਿਡ ਗੰਨਾ ਵੀ ਨਹੀਂ ਚੁਕਿਆ ਜਾ ਰਿਹਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਰੱਸ਼ਿੰਗ ਕਪੈਸਿਟੀ ਵਧਾਈ ਜਾਣੀ ਚਾਹੀਦੀ ਹੈ। ਸੈਂਟਰ ਦੀ ਸਰਕਾਰ ਤੋਂ ਮਨਜ਼ੂਰੀ ਆਈ ਹੋਈ ਹੈ। ਸਾਡੀ ਸਰਕਾਰ ਤੁਸੀਂ ਆਪ ਅੰਦਾਜ਼ਾ ਲਗਾ ਲਓ ਕਿ ਕਿਤਨੀ ਕਾਬਲ ਹੈ। ਅਵਲ ਤਾਂ ਸੈਂਟਰ ਦੀ ਸਰਕਾਰ ਮੰਜ਼ੂਰੀ ਨਹੀਂ ਦਿੰਦੀ ਉਹ ਵੀ ਇਸ ਕਰਕੇ ਨਹੀਂ ਦਿੰਦੇ ਕਿਉਂਕਿ ਉਹ ਸਮਝਦੇ ਹਨ ਕਿ ਇਹ ਇਤਨੇ ਲਾਇਕ ਹਨ ਕਿ ਜੇਕਰ ਮਨਜ਼ੂਰੀ ਦੇ ਦਿਤੀ ਤਾਂ ਇਨ੍ਹਾਂ ਨੇ ਲਾਉਣੀਆਂ ਨਹੀਂ ਇਸ ਕਰਕੇ ਮਨਜ਼ੂਰੀ ਦਾ ਕੋਈ ਫਾਇਦਾ ਨਹੀਂ। 6 ਮਿੱਲਾਂ ਦੀ ਮਨਜ਼ੂਰੀ ਮਿਲੀ ਹੋਈ ਹੈ ਪਰ ਲਾਉਂਦੇ ਨਹੀਂ। ਕਿਉਂ ਨਹੀਂ ਲਾਉਂਦੇ ਇਸ ਲਈ ਨਹੀਂ ਕਿ ਇਹ ਲਭਦੇ ਫਿਰਦੇ ਹਨ ਕਿ ਕੋਈ ਸੌਦਾ ਬਣ ਜਾਏ। ਅਗਰ ਤੇ ਸੌਦਾ ਬਣ ਗਿਆ ਤਾਂ ਲਗਾ ਦੇਣਗੇ ਨਹੀਂ ਤਾਂ ਪਈਆਂ ਰਹਿਣਗੀਆਂ। ਲੋਕਾਂ ਦਾ ਗੰਨਾ ਰੁਲ ਰਿਹਾ ਹੈ ਕੋਈ ਚੁਕਣ ਵਾਲਾ ਨਹੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਘਬਰਾਨ ਇਕ ਮਿਲ ਲਾਈ ਹੈ। ਉਥੇ ਕੋਈ ਭੂਮੀ ਨਹੀਂ ਲਈ ਕਾਰਖਾਨੇ ਵਾਸਤੇ ਕੋਈ ਗਲ ਨਹੀਂ ਅਤੇ ਵਜ਼ੀਰ ਸਾਹਿਬ ਉਥੇ ਉਦਘਾਟਨ ਲਈ ਚਲੇ ਗਏ। ਉਥੇ ਮੁਲਾਜ਼ਿਮ ਚਲੇ ਗਏ ਔਰ ਲੋਕਾਂ ਨੂੰ ਕਿਹਾ ਕਿ ਛੇਤੀ ਛੇਤੀ ਇਥੋਂ ਕਣਕ ਕੱਟ ਦਿਓ। ਕਿਉਂਕਿ ਵਜ਼ੀਰ ਸਾਹਿਬ ਨੇ ਉਦਘਾਟਨ ਕਰਨਾ ਹੈ। ਉਨ੍ਹਾਂ ਨੇ ਕਣਕ ਦੇ ਪੈਸੇ ਮੰਗੇ ਤੁਰਤ ਪੈਸੇ ਦਿਤੇ ਗਏ। ਉਥੇ ਕੋਈ ਭੂਮੀ ਨਹੀਂ ਕੋਈ ਪਲਾਨ ਨਹੀਂ। ਇਲਾਨ ਕਰ ਦਿਤਾ ਕਿ ਘਬਰਾਨ ਮਿੱਲ ਲਾ ਦਿਤੀ। ਮੈਂ ਕਹਿੰਦਾ ਹਾਂ ਕਿ ਇਹ ਮਿਲ ਚਾਹੀਦੀ ਸੀ ਰਾਜਪੁਰੇ ਵਿਚ ਕਿਉਂਕਿ ਜਿਥੇ ਇਹ

Original with;
Punjab Vidhan Sabha
Digitized by;
Panjab Digital Library

ਲਾਉਣ ਲਗੇ ਹਨ ਉਸ ਦੇ 10, 15 ਕਿਲੋਮੀਟਰ ਤੇ ਪਹਿਲਾਂ ਹੀ ਇਕ ਮਿੱਲ ਹੈ। ਇਹ ਇਸ ਪਾਸੇ ਧਿਆਨ ਨਹੀਂ ਦੇ ਰਹੇ।

ਹੁਣ ਮੈਂ ਲਾਅ ਐਂਡ ਆਰਡਰ ਦੇ ਬਾਰੇ ਵਿਚ ਥੋੜਾ ਜਿਹਾ ਕਹਿਣਾ ਚਾਹੁੰਦਾ ਹਾਂ। ਪੰਜਾਬ ਦੇ ਅੰਦਰ ਲਾਅ ਆਫ ਜੰਗਲ ਹੈ। ਕੋਈ ਕਾਨੂੰਨ ਦੀ ਵਿਵਸਥਾ ਨਹੀਂ ਕਹਿੰਦੇ ਹਨ ਕਿ ਕਾਨੂੰਨ ਦੀ ਵਿਵਸਥਾ ਬੜੀ ਮਾੜੀ ਹੈ ਇਸ ਲਈ ਦੋ ਬਟਾਲੀਅਨਾਂ ਹੋਰ ਰਖਣੀਆਂ ਹਨ ਪੁਲਿਸ ਵਾਲਿਆਂ ਦੀਆਂ। ਇਹ ਸਪਲੀਮੈਂਟਰੀ ਡਿਮਾਂਡਜ਼ ਵਿਚ ਹਨ। ਇਥੇ ਚਿਠੀ ਵਿਚ ਲਿਖਿਆ ਹੈ ਮੈਂ ਡਿਟੇਲਜ਼ ਦਸ ਸਕਦਾ ਹਾਂ ਮੈਂ ਉਹ ਪੜ੍ਹੀ ਸੀ ਅਤੇ ਉਸ ਵਿਚੋਂ ਨੋਟ ਕੀਤਾ ਸੀ। ਪੰਜਾਬ ਵਿਚ ਥਾਣੇ 201 ਹਨ ਅਤੇ ਚੌਕੀਆਂ 91 ਹਨ ਇਹ ਕੁਲ 292 ਹੋ ਗਏ। ਇਨ੍ਹਾਂ ਵਿਚੋਂ 38 ਰੇਲਵੇ ਚੌਕੀਆਂ ਹਨ ਔਰ ਅਗਰ ਉਹ ਘਟਾ ਵੀ ਦੇਈਏ ਤਾਂ ਬਾਕੀ 254 ਰਹਿ ਜਾਂਦੇ ਹਨ। ਇਨ੍ਹਾਂ ਕੋਲ ਏ. ਐਸ. ਪੀ. ਅਤੇ ਡੀ. ਐਸ. ਪੀ. ਕੁਲ 197 ਹਨ ਔਰ ਚੌਕੀਆਂ ਥਾਣੇ 254 ਹਨ ਯਾਨੀ ਹਰ ਇਕ ਥਾਣੇ ਵਿਚ ਇਕ ਸੁਪਰਡੰਟ ਹੋਵੇਗਾ। ਇੰਨਾ ਭਾਰ ਪਾਇਆ ਜਾ ਰਿਹਾ ਹੈ ਪੰਜਾਬ ਦੇ ਲੋਕਾਂ ਤੇ ਪਰ ਇਸ ਦੇ ਨਤੀਜੇ ਕੀ ਨਿਕਲ ਰਹੇ ਹਨ ਇਸ ਦੇ ਨਤੀਜੇ ਇਹ ਨਿਕਲ ਰਹੇ ਹਨ ਕਿ ਦਾਉਕੇ ਪਿੰਡ ਵਿਚ ਉਥੇ ਭੈਣਾਂ ਨਾਲ ਕੀ ਬੀਤੀ, । ਉਨ੍ਹਾਂ ਨੂੰ ਪ੍ਰੋਟੈਕਟ ਕਰਨ ਵਾਸਤੇ ਕੀ ਕੀਤਾ ਜਾ ਰਿਹਾ ਹੈ ਇਹ ਤੁਹਾਡੇ ਸਾਹਮਣੇ ਹੈ। ਇਹ ਘਟਨਾਵਾਂ ਤਾਂ ਬੀਤ ਰਹੀਆਂ ਹਨ ਕਿਉਂਕਿ ਇਨ੍ਹਾਂ ਨੇ ਆਪਣੇ ਬੁਰਛੇ ਪਾਲ ਰਖੇ ਹਨ ਅਤੇ ਉਹ ਇਹੋ ਜਿਹੇ ਕੰਮ ਕਰਦੇ ਹਨ। ਉਨ੍ਹਾਂ ਨੇ ਇਨ੍ਹਾਂ ਦੀ ਪਾਰਲੀਮੈਂਟ ਦੀਆਂ ਇਲੈਕਸ਼ਨਾਂ ਵਿਚ ਸੇਵਾ ਕੀਤੀ, ਸਰਦਾਰ ਗੁਰਦਿਆਲ ਸਿੰਘ ਢਿਲੋਂ ਦੇ ਇਲੈਕਸ਼ਨਾਂ ਵਿਚ ਇਨ੍ਹਾਂ ਨੇ ਸੇਵਾ ਕੀਤੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਇਲੈਕਸ਼ਨਾਂ ਵਿਚ ਇਨ੍ਹਾਂ ਦੀ ਸੇਵਾ ਕੀਤੀ ਅਤੇ ਆਉਣ ਵਾਲੇ ਇਲੈਕਸ਼ਨਾਂ ਵਿਚ ਫਿਰ ਸੇਵਾ ਕਰਨੀ ਹੈ, ਉਹ ਦਨਦਨਾ ਰਹੇ ਹਨ ਔਰ ਕਹਿੰਦੇ ਹਨ ਕਿ ਸੋਨੇ ਨਾਲ ਤੁਲਾਂਗੇ। ਇਨ੍ਹਾਂ ਦੀ ਸਰਕਾਰ ਮੂੰਹ ਵਿਚ ਉਂਗਲੀਆਂ ਪਾਈ ਬੈਠੀ ਹੈ। ਇਧਰਲੇ ਪਾਸੇ ਬੈਠੇ ਮੇਰੇ ਭਾਈ ਜਿਨ੍ਹਾਂ ਦੀ ਬੁਨਿਆਦ ਹੀ ਮਜ਼ਹਬ ਤੇ ਰਖੀ ਹੋਈ ਹੈ, ਉਨ੍ਹਾਂ ਨੂੰ ਨੀਲੀਆਂ ਪਗਾਂ ਬਨਾ ਦਿਤੀਆਂ ਉਹ ਇਨਾਂ ਨੂੰ ਵੀ ਖਿਚੀ ਫਿਰਦੇ ਹਨ। ਅਜ ਉਹ ਦਨਦਨਾ ਰਹੇ ਹਨ ਔਰ ਉਨ੍ਹਾਂ ਵਾਸਤੇ ਇਕ ਖਤਰਾ ਬਣ ਗਏ ਹਨ। ਹੁਣ ਉਨ੍ਹਾਂ ਨੂੰ ਕਾਬੂ ਕਰਨਾ ਬੜਾ ਮੁਸ਼ਕਿਲ ਹੋ ਗਿਆ ਹੈ।

| 5.23 ਵਜੇ ਸ਼ਾਮ | (ਇਸ ਸਮੇਂ ਸ੍ਰੀ ਓਮ ਪ੍ਰਕਾਸ਼ ਗੁਪਤਾ, ਮੈਂਬਰ ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ) |
|---|---|

ਇਨ੍ਹਾਂ ਨੇ ਫਿਰ ਵਿਰੋਧੀ ਧਿਰ ਨੂੰ ਸਦਿਆ ਔਰ ਅਸੀਂ ਸਾਰਿਆਂ ਨੇ ਆਪਣੀਆਂ ਬਾਹਵਾਂ ਅਗੇ ਕੀਤੀਆਂ ਔਰ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਵੰਡਿਆ ਨਹੀਂ ਜਾਏਗਾ। ਅਗਰ ਪੰਜਾਬ ਦੀਆਂ ਆਪੋਜ਼ੀਸ਼ਨ ਪਾਰਟੀਆਂ ਸਾਥ ਨਾ ਦਿੰਦੀਆਂ ਤਾਂ ਰੂਲਿੰਗ ਪਾਰਟੀ ਬਚ ਨਹੀਂ ਸੀ ਸਕਦੀ। ਪੰਜਾਬ ਦੇ ਵਿਚ ਜਿੰਨੀਆਂ ਵੀ ਵਾਰਦਾਤਾਂ ਹੋਈਆਂ ਜਿੰਨੇ ਵੀ ਕਤਲ ਹੋਏ ਹਨ, ਜਿੰਨੇ ਵੀ ਅਖਬਾਰਾਂ ਵਿਚ ਆਰਟੀਕਲ ਛਪੇ ਹਨ ਉਹ ਰੂਲਿੰਗ ਪਾਰਟੀ ਦੇ ਕਾਰਨ ਹੀ ਹਨ। ਇਨ੍ਹਾਂ ਨੇ ਪੰਜਾਬ ਨੂੰ ਅੱਗ ਦੀ ਭੱਠੀ ਵਿਚ ਝੋਂਕ ਦਿਤਾ ਹੈ। ਸਾਰੀਆਂ ਪਾਰਟੀਆਂ ਨੇ ਆਪਣੀ ਜ਼ਿੰਮੇਵਾਰੀ ਸਮਝ ਕੇ ਇਸ ਨੂੰ ਅੱਛੀ ਤਰਾਂ ਨਿਭਾਇਆ।

**ਸ੍ਰੀ ਸੇਵਾ ਰਾਮ :** ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। ਪ੍ਰੋਫੈਸਰ ਸਾਹਿਬ ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਤੁਸੀਂ ਵਾਈਂਡ ਅਪ ਕਰੋ।

**ਪ੍ਰੋਫੈਸਰ ਬਲਵੰਤ ਸਿੰਘ**: ਚੇਅਰਮੈਨ ਸਾਹਿਬ, ਕੋਈ ਐਸੀ ਗਲ ਤਾਂ ਨਹੀਂ ਸੀ ਮੇਰੇ ਸਾਥੀ ਨੇ ਅਵੇਂ ਟੋਕ ਦਿਤਾ। ਚਲੋ ਠੀਕ ਹੈ ਜੀ।

ਚੇਅਰਮੈਨ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਸ ਗਲ ਤੇ ਅੜ ਨਹੀਂ ਕਿ ਰਾਜਾਂ ਨੂੰ ਵਧੇਰੇ ਅਧਿਕਾਰ ਦਿਤੇ ਜਾਣ, ਪਰ ਕਿਸੇ ਮਜ਼ਹਬ ਵਿਚ ਵੀ ਅਸੀਂ ਮੁਦਾਖਲਤ ਨਹੀਂ ਕਰਨਾ ਚਾਹੁੰਦੇ। ਪਰ ਜਿਹੜਾ ਆਨੰਦਪੁਰ ਸਾਹਿਬ ਦਾ ਮਤਾ ਹੈ ਇਹ ਇਕ ਵਖਰਾ ਕੰਮ ਹੈ, ਇਹ ਇਕ ਅਜੀਬੋ ਗਰੀਬ ਚੀਜ਼ ਹੈ। ਮੈਂ ਦੱਸਦਾ ਹਾਂ ਕਿ ਇਹ ਪੰਜਾਬ ਦਾ ਵਿਰਸਾ ਹੈ ਕਿ ਉਹ ਸਾਮਰਾਜ ਦੇ ਖਿਲਾਫ ਲੜਦਾ ਰਿਹਾ ਹੈ ਐਸਾ ਕੋਈ ਮੌਕਾ ਨਹੀਂ ਕਿ ਅਸੀਂ ਸਾਰੇ ਸਾਮਰਾਜ ਦੇ ਖਿਲਾਫ ਨਾ ਲੜੇ ਹੋਈਏ, ਪਰ ਇਹ ਜਿਹੜਾ ਮਤਾ ਕੀਤਾ ਹੈ ਇਹੋ ਜਿਹੀਆਂ ਗਲਾਂ ਤੇ ਮੇਰੇ ਸਾਥੀਆਂ ਨੂੰ ਕੁਝ ਸੰਕੋਚ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਤੋਂ ਵਖਰੇ ਹੋ ਕੇ ਵਿਖਾਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਹੋਣ ਦੇ ਨਾਤੇ ਸਾਡੀ ਵੀ ਕੁਝ ਜ਼ਿਮੇਵਾਰੀ ਬਣਦੀ ਹੈ ਔਰ ਸਾਨੂੰ ਆਪਣੀ ਜ਼ਿਮੇਵਾਰੀ ਪੂਰੀ ਤਰਾਂ ਨਿਭਾਉਣੀ ਚਾਹੀਦੀ ਹੈ।

ਚੇਅਰਮੈਨ ਸਾਹਿਬ, ਹੁਣ ਮੈਂ ਲਾਅ ਐਂਡ ਆਰਡਰ ਦੀ ਗਲ ਕਰਦਾ ਹਾਂ। ਤੁਸੀਂ ਲਾਅ ਐਂਡ ਆਰਡਰ ਦਾ ਅੰਦਾਜ਼ਾ ਇਸ ਤੋਂ ਲਗਾ ਸਕਦੇ ਹੋ ਕਿ ਸਾਡੇ ਘਨੌਰ ਵਿਚ ਕੀ ਹੋਇਆ। ਇਕ ਬੰਦਾ ਕਟ ਕੇ ਪੁਲਿਸ ਨੇ ਮਾਰ ਦਿਤਾ। ਲੋਕ ਇਕੱਠੇ ਹੋਏ ਤਾਂ ਪੁਲਿਸ ਨੇ ਉਨ੍ਹਾਂ ਤੇ ਗੋਲੀ ਚਲਾ ਦਿਤੀ। ਦੋ ਬੰਦਿਆਂ ਦੇ ਪੇਟ ਵਿਚ ਗੋਲੀਆਂ ਲਗੀਆਂ ਉਹ ਫਟੜ ਹੋ ਗਏ। ਮੈਜਿਸਟੀਰੀਅਲ ਇਨਕੁਆਇਰੀ ਹੋਈ। ਮੈਜਿਸਟੀਰੀਅਲ ਇਨਕੁਆਇਰੀ ਵਿਚ ਮੈਜਿਸਟਰੇਟ ਨੇ ਇਸ ਗਲ ਨੂੰ ਹੋਲਡ ਕੀਤਾ ਕਿ ਥਾਣੇਦਾਰ ਗੈਰ ਜ਼ਿਮੇਵਾਰ ਸੀ ਅਤੇ ਉਸਨੇ ਗੈਰ ਜ਼ਿਮੇਵਾਰੀ ਨਾਲ ਆਪਣਾ ਪਾਰਟ ਪਲੇ ਕੀਤਾ ਅਤੇ ਜਿਹੜਾ ਬੰਦਾ ਮਰਿਆ ਉਹ ਪੁਲਿਸ ਕਸਟੱਡੀ ਵਿਚ ਮਰਿਆ। ਉਹ ਇੰਨਕੁਆਇਰੀ ਦੀ ਫਾਈਲ ਹੀ ਗਾਇਬ ਹੋ ਗਈ। ਕੋਈ ਮੁਕਦਮਾ ਨਹੀਂ ਬਲਿਕ ਥਾਣੇਦਾਰ ਨੂੰ ਪਰਮੋਟ ਕਰਕੇ ਇੰਸਪੈਕਟਰ ਬਣਾ ਦਿਤਾ ਹੈ, ਮੈਨੂੰ ਤਾਂ ਇਹ ਡਰ ਹੈ ਕਿ ਕਿਤੇ ਉਸ ਨੂੰ ਚੀਫ ਮਨਿਸਟਰ ਹੀ ਨਾਂ ਬਣਾ ਦੇਣ (ਘੰਟੀ) ਇਸ ਦੇ ਨਾਲ ਹੀ ਬਸੀ ਪਠਾਣਾਂ ਦੀ ਗਲ ਵੇਖ ਲਵੋ। ਉਥੇ ਜੀਤੇ ਨਾਂ ਦੇ ਬੰਦੇ ਨੂੰ ਸਾੜ ਕੇ ਜਾਨੋਂ ਮਾਰ ਦਿਤਾ ਉਸਦਾ ਪਤਾ ਲਗਾ, ਲੋਕ ਇਕੱਠੇ ਹੋਏ ਉਸ ਦੀ ਮੈਜਿਸਟਰੀਅਲ ਇਨਕੁਆਇਰੀ ਹੋ ਰਹੀ ਹੈ। ਤੁਸੀਂ ਹੈਰਾਨ ਹੋਵੋਗੇ ਕਿ ਵਾਰਦਾਤ ਤੋਂ 5 ਮਿੰਟ ਪਹਿਲਾਂ ਰਿਪੋਟ ਦਰਜ ਹੋਈ (ਘੰਟੀ) ਉਹ 5 ਮਿੰਟ ਪਹਿਲਾਂ ਬਸਤਾ ਬੇ ਸੀ। ਇਹ ਕਾਲਜੇ ਅਤੇ ਕਲੇਜੀ ਵਿਚ ਫਰਕ ਹੀ ਨਹੀਂ ਸਮਝਦੇ। ਉਵੇ ਕੁਝ ਹੋਇਆ ਇਥੇ ਰਿਪੋਰਟ ਕੁਝ ਹੋਰ ਆਈ। (ਘੰਟੀ) ਕੋਈ ਇੰਨਕੁਆਇਰੀ ਨਹੀਂ ਹੋਈ। ਪਿਛਲੇ ਸਮੇਂ ਵਿਚ ਜਿਹੜੀਆਂ ਵਾਰਦਾਤਾਂ ਹੋਈਆਂ।

**ਸ੍ਰੀ ਸਭਾਪਤੀ**: ਪ੍ਰੋਫੈਸਰ ਸਾਹਿਬ ਤੁਸੀਂ ਬੈਠੋ ਤੁਹਾਡਾ ਟਾਈਮ ਹੋ ਗਿਆ ਹੈ।

**ਪ੍ਰੋਫੈਸਰ ਬਲਵੰਤ ਸਿੰਘ**: ਤੁਸੀਂ ਚੇਅਰਮੈਨ ਸਾਹਿਬ, ਦੇਖਿਆ ਹੈ ਕਿ ਪਿਛਲੇ ਸਮੇਂ ਵਿਚ ਮੁਲਾਜ਼ਮਾਂ ਨੇ ਆਪਣੀਆਂ ਮੰਗਾਂ ਵਾਸਤੇ ਕਿੰਨੇ ਮੈਮੋਰੰਡਮ ਸਰਕਾਰ ਨੂੰ ਦਿਤੇ ਕਿੰਨੀਆਂ ਐਜੀਟੇਸ਼ਨਾਂ ਕੀਤੀਆਂ, ਪਰ ਉਨ੍ਹਾਂ ਮੁਲਾਜ਼ਮਾਂ ਦੀਆਂ ਕੋਈ ਮੰਗਾਂ ਨਹੀਂ ਸੁਣੀਆਂ ਜਾ ਰਹੀਆਂ ਔਰ ਨਾ ਹੀ ਕਿਸੇ ਗਲ ਤੇ ਅਮਲ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਇਹ ਹੈ ਕਿ 8, 8 ਸਾਲ ਤੋਂ ਮੁਲਾਜ਼ਮ ਭਾਵੇਂ ਉਹ ਪੀ. ਡਬਲਿਯੂ. ਡੀ. ਵਿਚ ਹਨ ਤੇ ਭਾਵੇਂ ਪਬਲਿਕ ਹੈਲਥ ਵਿਚ ਹਨ ਉਨ੍ਹਾਂ ਸਾਰਿਆਂ ਦੀਆਂ

Original with;
Punjab Vidhan Sabha
Digitized by;
Panjab Digital Library

ਸਰਵਿਸਿਜ਼ ਪਕੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਮੈਂ ਕਹਿੰਦਾ ਹਾਂ ਕਿ ਸਾਰੀਆਂ ਗਲਾਂ ਤਾਂ ਹੀ ਹੋ ਸਕਦੀਆਂ ਹਨ ਜੇਕਰ ਸਰਕਾਰ ਲੋਕਾਂ ਦੀ ਹੋਵੇ, ਪਰ ਜੇ ਸਰਕਾਰ ਹੋਵੇ ਲੋਕਾਂ ਦੀ ਤਾਂ ਉਹ ਲੋਕਾਂ ਤੇ ਹੀ ਹੋਰ ਭਾਰ ਪਾਏਗੀ, ਲੋਕਾਂ ਤੇ ਮੁਸੀਬਤ ਦਾ ਭਾਰ ਲਦੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਕੇ ਬੈਠਦਾ ਹਾਂ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ** (ਬਟਾਲਾ): ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ। ਇਸ ਤੋਂ ਪਹਿਲਾਂ ਮੇਰੇ ਮੋਹਤਰਮ ਦੋਸਤ ਸਰਦਾਰ ਬਲਵੰਤ ਸਿੰਘ ਜਿਹੜੇ ਫੌਰਮਰ ਫਾਈਨਾਂਸ ਮਨਿਸਟਰ ਰਹੇ ਹਨ ਤਿੰਨ ਵਾਰੀ ਉਨ੍ਹਾਂ ਨੇ ਆਪਣੀ ਤਕਰੀਰ ਕੀਤੀ ਔਰ ਉਸ ਦੇ ਵਿਚ ਉਨ੍ਹਾਂ ਨੇ ਇਕ ਗਲ ਕਹੀ ਕਿ ਜਿਹੜਾ ਇਹ ਬਜਟ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪੇਸ਼ ਕੀਤਾ ਹੈ ਇਹ ਕਿਸੇ ਪੁਲੀਟੀਕਲ ਫਿਲਾਸਫੀ, ਕਿਸੇ ਇਕਨਾਮਿਕ ਪਾਲਿਸੀ ਤੇ ਅਧਾਰਿਤ ਨਹੀਂ ਹੈ, ਇਹ ਗਲ ਜੇ ਕੋਈ ਅਨਪੜ੍ਹ ਜਥੇਦਾਰ ਆਖਦਾ ਤਾਂ ਮੈਂ ਸਮਝ ਸਕਦਾ ਸੀ ਪਰ ਜੇ ਸਰਦਾਰ ਬਲਵੰਤ ਸਿੰਘ ਵਰਗਾ ਸਿਆਣਾ ਆਦਮੀ ਅਜਿਹੀ ਗਲ ਕਹੇ ਤਾਂ ਅਫਸੋਸ ਹੁੰਦਾ ਹੈ। ਮੈਂ ਚੇਅਰਮੈਨ ਸਾਹਿਬ ਇਹ ਗਲ ਕਹਾਂਗਾ ਕਿ ਡਾਕਟਰ ਕੇਵਲ ਕ੍ਰਿਸ਼ਨ ਨੇ ਜਿਹੜਾ ਬਜਟ ਪੇਸ਼ ਕੀਤਾ ਹੈ .........

**ਸਰਦਾਰ ਸਰਵਣ ਸਿੰਘ ਫਿਲੌਰ** : ** ** **

**ਸ੍ਰੀ ਸਭਾਪਤੀ**: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ**: ਮੈਂ ਇਹ ਗਲ ਕਹਾਂਗਾ ਕਿ ਇਹ ਜਿਹੜਾ ਬਜਟ ਡਾਕਟਰ ਕੇਵਲ ਕ੍ਰਿਸ਼ਨ ਨੇ ਪੇਸ਼ ਕੀਤਾ ਹੈ ਇਨ੍ਹਾਂ ਨੇ ਠੀਕ ਅੰਕੜੇ ਨਹੀਂ ਦਿਤੇ। ਇਨ੍ਹਾਂ ਨੇ ਸ਼ਾਇਦ ਇਹ It is based on political philosophy, it has an aim in view, with a clear direction and a time-bound programme. ਇਨ੍ਹਾਂ ਨੇ ਠੀਕ ਅੰਕੜੇ ਨਹੀਂ ਦਿਤੇ, ਇਨ੍ਹਾਂ ਸ਼ਾਇਦ ਇਹ ਸਾਰਾ ਪੜ੍ਹਿਆ ਨਹੀਂ। ਇਹ ਸਾਰਾ ਬਜਟ 20 ਪੁਆਇੰਟ ਪ੍ਰੋਗਰਾਮ ਤੇ ਆਧਾਰਿਤ ਹੈ ਜਿਹੜਾ ਕਿ ਦੁਨੀਆਂ ਦੀ ਸਭ ਤੋਂ ਵੱਡੀ ਲੀਡਰ ਸ੍ਰੀਮਤੀ ਇੰਦਰਾ ਗਾਂਧੀ ਨੇ ਇਕ 20 ਪੁਆਇੰਟ ਪ੍ਰੋਗਰਾਮ ਦੇ ਰੂਪ ਵਿਚ ਲੋਕਾਂ ਨੂੰ ਦਿਤਾ ਹੈ। ਤੁਸੀਂ ਵੇਖੋਗੇ ਕਿ ਇਸ ਪ੍ਰੋਗਰਾਮ ਦੇ ਵਿਚ ਦੋ ਡਾਇਰੈਕਸ਼ਨਜ਼ ਹਨ, ਦੋ ਏਮਜ਼ ਇਨ ਵਿਊ ਲੈ ਕੇ ਚਲੇ ਹਨ। ਨੰਬਰ ਇਕ ਤਾਂ ਇਹ ਹੈ ਕਿ ਉਹ ਕਿਹੜੀ ਚੀਜ਼ ਹੈ ਜਿਸ ਕਾਰਣ ਹਿੰਦੁਸਤਾਨ ਦੀ ਐਗਰੀਕਲਚਰਲ ਅਤੇ ਇੰਡਸਟਰੀਅਲ ਪ੍ਰੋਡਕਸ਼ਨ ਵਿਚ ਵਾਧਾ ਨਹੀਂ ਹੋ ਸਕਿਆ। ਨੰਬਰ ਦੋ ਇਹ ਹੈ ਕਿ ਉਹ ਕਿਹੜੀ ਚੀਜ਼ ਹੈ ਜਿਸ ਕਾਰਨ 1947 ਵਿਚ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਇਨ੍ਹਾਂ 35 ਸਾਲਾਂ ਵਿਚ ਲੋਕਾਂ ਦੀਆਂ ਨਜ਼ਰਾਂ ਵਿਚ ਖੜਕਦੀ ਹੈ। ਮੇਰਾ ਕਹਿਣ ਦਾ ਮਤਲਬ ਹੈ ਕਿ ਸਾਡਾ ਜਿਹੜਾ ਬਜਟ ਹੈ ਇਹ ਟੂ ਪਰੋਂਗਡ ਪਾਲਿਸੀ ਨੂੰ ਮੁੱਖ ਰਖ ਕੇ ਚਲਿਆ ਹੈ। ਨੰਬਰ ਇਕ ਤਾਂ ਅਸੀਂ ਬਿਜਲੀ ਦੀ ਖਿਮਤਾ ਵਧਾ ਕੇ ਆਪਣੀ ਐਗਰੀਕਲਚਰਲ ਅਤੇ ਇੰਡਸਟਰੀਅਲ ਪ੍ਰੋਡਕਸ਼ਨ ਨੂੰ ਵਧਾਈਏ। ਦੂਜਾ ਸਾਡਾ ਪ੍ਰੋਗਰਾਮ ਇਹ ਹੈ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੁਲੀਟੀਕਲ ਆਜ਼ਾਦੀ ਤਾਂ ਮਿਲ ਗਈ ਹੈ ਪਰ ਅਜੇ ਵੀ ਉਹ ਆਰਥਕ ਅਤੇ ਸਮਾਜਕ ਤੌਰ ਤੇ ਐਨੇ ਪਛੜੇ ਹੋਏ ਹਨ ਕਿ ਇਕੁਐਲਟੀ ਨਹੀਂ ਆਈ, ਉਨ੍ਹਾਂ ਦੇ ਵਿਚ ਬੜਾ ਡਿਫਰੈਂਸ ਹੈ, ਇਸ ਇਕਨਾਮਿਕ ਇਨਇਕੁਆਲਿਟੀ ਨੂੰ ਦੂਰ ਕਰਨ ਦਾ ਯਤਨ ਕਰਨਾ ਹੈ। ਮੈਂ ਕਹਿਣਾ ਚਾਹਾਂਗਾ ਕਿ ਜਿਹੜਾ ਬਜਟ ਇਨ੍ਹਾਂ ਦੋਹਾਂ ਗਲਾਂ ਤੇ ਆਧਾਰਿਤ ਹੋਵੇ, ਉਸ ਨੂੰ ਇਹ ਕਹਿ ਦੇਣਾ ਕਿ ਕਿਸੇ ਇਕਨਾਮਿਕ ਪਾਲਿਸੀ ਤੇ ਆਧਾਰਿਤ

*Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ]

ਨਹੀਂ, ਇਹ ਗਲ ਮੈਂ ਸਮਝ ਨਹੀਂ ਸਕਿਆ ਕਿ ਸਾਡੇ ਮੋਹਤਰਮ ਸਾਥੀ ਸਰਦਾਰ ਬਲਵੰਤ ਸਿੰਘ ਨੇ ਕਿਥੋਂ ਲਿਆਂਦੀ ਹੈ। ਚੇਅਰਮੈਨ ਸਾਹਿਬ, ਸਾਡੀ 1981-82 ਦੀ ਪਲਾਨ 340 ਕਰੋੜ ਰੁਪਏ ਦੀ ਸੀ ਅਤੇ ਉਸਦੇ ਵਿਚ 40% ਦੇ ਕਰੀਬ ਪੈਸਾ ਬਿਜਲੀ ਦੀ ਪੈਦਾਵਾਰ ਵਧਾਉਣ ਵਾਸਤੇ ਖਰਚਣ ਦਾ ਟੀਚਾ ਰਖਿਆ ਸੀ । ਪਰ 1982-83 ਵਿਚ ਜਦੋਂ ਕਿ ਸਾਡਾ ਬਜਟ 385 ਕਰੋੜ ਰੁਪਏ ਦਾ ਹੈ ਤਾਂ ਉਸਦਾ ਤਕਰੀਬਨ 50% ਹਿਸਾ ਬਿਜਲੀ ਦੀ ਪੈਦਾਵਾਰ ਨੂੰ ਵਧਾਉਣ ਵਾਸਤੇ ਖਰਚ ਕਰਨਾ ਹੈ। 189 ਕਰੋੜ ਰੁਪਿਆ ਬਿਜਲੀ ਦਾ ਉਤਪਾਦਨ ਵਧਾਉਣ ਵਾਸਤੇ ਖਰਚਿਆ ਜਾਵੇਗਾ। ਚੇਅਰਮੈਨ ਸਾਹਿਬ, ਸਾਡੀ ਪਲਾਨ ਪਿਛਲੇ ਸਾਲ ਨਾਲੋਂ 45 ਕਰੋੜ ਰੁਪਏ ਵਧੀ ਹੈ ਪਰ ਬਿਜਲੀ ਤੇ ਜੋ ਖਰਚ ਹੋਣਾ ਹੈ, ਉਹ ਇਸ ਸਾਲ 52 ਕਰੋੜ ਰੁਪਏ ਵਧ ਹੈ। ਜਦੋਂ ਕਿਸਾਨ ਨੂੰ ਆਪਣੀ ਫਸਲ ਨੂੰ ਪਾਣੀ ਦੇਣ ਵਾਸਤੇ ਬਿਜਲੀ ਨਹੀਂ ਮਿਲਦੀ ਤਾਂ ਮੇਰੇ ਆਪੋਜ਼ੀਸ਼ਨ ਦੇ ਸਾਥੀ ਇਸ ਗਲ ਤੇ ਬੜਾ ਰੌਲਾ ਪਾਉਂਦੇ ਹਨ। ਅਸੀਂ ਵੀ ਕਹਿੰਦੇ ਹਾਂ ਕਿ ਕਿਸਾਨ ਨੂੰ ਬਿਜਲੀ ਮਿਲਣੀ ਚਾਹੀਦੀ ਹੈ ਤਾ ਕਿ ਉਹ ਟਿਊਬਵੈੱਲ ਚਲਾ ਸਕੇ ਉਤਪਾਦਨ ਜ਼ਿਆਦਾ ਕਰਕੇ ਦੇਸ਼ ਦੇ ਸਾਂਝੇ ਭੰਡਾਰ ਵਿਚ ਆਪਣਾ ਹਿਸਾ ਪਾ ਸਕੇ। ਚੇਅਰਮੈਨ ਸਾਹਿਬ, ਜਦੋਂ ਇਸ ਪਾਸੇ ਪੈਸੇ ਖਰਚਣ ਦਾ ਨਾਂ ਲਈਏ ਤਾ ਮੇਰੇ ਸਾਥੀ ਉਸਨੂੰ ਅੱਛਾ ਨਹੀਂ ਗਿਣਦੇ । ਚੇਅਰਮੈਨ ਸਾਹਿਬ, ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਅਤੇ ਮੁਕੇਰੀਆਂ ਹਾਈਡਲ ਪ੍ਰਾਜੈਕਟ ਕਾਂਗਰਸ ਰਾਜ ਵਿਚ ਸ਼ੁਰੂ ਕੀਤੇ ਗਏ। ਪਰ ਇਨ੍ਹਾਂ ਦਾ ਇਥੇ ਤਿੰਨ ਸਾਲ ਰਾਜ ਰਿਹਾ। ਇਹ ਆਪਣੇ ਆਪ ਨੂੰ ਕਿਸਾਨਾਂ ਦੇ ਬੜੇ ਹਿਤੈਸ਼ੀ ਕਹਿੰਦੇ ਹਨ। ਇਨ੍ਹਾਂ ਨੇ ਉਨ੍ਹਾਂ ਪਾਵਰ ਪ੍ਰਾਜੈਕਟਾਂ ਲਈ ਕੀ ਕੀਤਾ ਉਹ ਇਨ੍ਹਾਂ ਅੰਕੜਿਆਂ ਤੋਂ ਪਤਾ ਲਗੇਗਾ। ਮੁਕੇਰੀਆਂ ਹਾਈਡਲ ਪ੍ਰਾਜੈਕਟ 1975 ਵਿਚ ਕਾਂਗਰਸ ਰਿਜ਼ੀਮ ਵਿਚ ਸ਼ੁਰੂ ਹੋਇਆ 1975 ਤੋਂ ਲੈ ਕੇ 1980 ਤਕ 8.3 ਕਰੋੜ ਰੁਪਿਆ ਇਸਤੇ ਖਰਚ ਹੋਇਆ। 1980-81 ਵਿਚ ਜਦੋਂ ਸਾਡਾ ਰਾਜ ਆਇਆ ਤਾਂ ਅਸੀਂ ਇਕੋ ਸਾਲ ਵਿਚ 8 ਕਰੋੜ ਰੁਪਿਆ ਖਰਚ ਕਰ ਦਿਤਾ। 1981-82 ਵਿਚ 12.74 ਕਰੋੜ ਰੁਪਿਆ ਖਰਚ ਕੀਤਾ ਅਤੇ 1982-83 ਵਿਚ ਅਸੀਂ 10 ਕਰੋੜ ਰੁਪਏ ਖਰਚ ਕਰ ਰਹੇ ਹਾਂ। ਬਿਜਲੀ ਇਤਨੀ ਜ਼ਰੂਰੀ ਚੀਜ਼ ਹੈ ਕਿ ਇਸ ਤੋਂ ਬਗੈਰ ਇਨਸਾਨ ਤਰੱਕੀ ਕਰਨਾ ਤਾਂ ਕਿਤੇ ਰਹਿ ਗਿਆ, ਜ਼ਿੰਦਗੀ ਅਜ ਐਨੀ ਕੰਪਲੈਕਸ ਹੋ ਚੁਕੀ ਹੈ ਕਿ ਇਸਦੇ ਬਗੈਰ ਆਦਮੀ ਇਕ ਕਦਮ ਵੀ ਨਹੀਂ ਤੁਰ ਸਕਦਾ, ਅਸੀਂ ਇਸਦੇ ਬਗੈਰ ਇਥੇ ਬੋਲ ਵੀ ਨਹੀਂ ਸਕਦੇ। ਅਸੀਂ ਇਸਦੇ ਬਗੈਰ ਰੋਟੀ ਵੀ ਨਹੀਂ ਖਾ ਸਕਦੇ। ਇਸ ਪਾਸੇ ਮੇਰੇ ਸਾਹਮਣੇ ਬੈਠੇ ਸਾਥੀਆਂ ਨੇ ਕੋਈ ਕਦਮ ਨਹੀਂ ਚੁਕਿਆ। ਚੰਗਾ ਹੁੰਦਾ ਅਗਰ ਸਰਦਾਰ ਬਲਵੰਤ ਸਿੰਘ ਆਉਂਦਿਆਂ ਹੀ ਡਾਕਟਰ ਕੇਵਲ ਕ੍ਰਿਸ਼ਨ ਨੂੰ ਵਧਾਈ ਦਿੰਦੇ ਕਿ ਇਹ ਜਿਹੜਾ ਬਿਜਲੀ ਵਾਲੇ ਪਾਸੇ ਤੁਸੀਂ ਪ੍ਰੋਵੀਜ਼ਨ ਕੀਤਾ ਹੈ, ਜਿਸ ਦੇ ਨਾਲ ਸਾਡੇ ਇਹ ਪ੍ਰਾਜੈਕਟ ਜਲਦੀ ਕੰਪਲੀਟ ਹੋਣਗੇ ਅਤੇ ਕਿਸਾਨਾਂ ਦਾ ਪਾਣੀ ਅਤੇ ਬਿਜਲੀ ਦਾ ਮਸਲਾ ਹੱਲ ਹੋਵੇਗਾ, ਇਸ ਲਈ ਤੂੰ ਵਧਾਈ ਦਾ ਪਾਤਰ ਹੈਂ । ਪਰ ਚੇਅਰਮੈਨ ਸਾਹਿਬ, "ਮਿਠਾ ਮਿਠਾ ਹੜਪ, ਕੌੜਾ ਕੌੜਾ ਥੂਹ" ਵਾਲੀ ਗਲ ਕੀਤੀ ਹੈ। ਮੈਨੂੰ ਇਕ ਗਲ ਯਾਦ ਆਈ ਹੈ ਕਿ ਇਕ ਬਚੇ ਨੂੰ ਪੁਛਿਆ ਕਿ ਦਸ ਭਾਈ ਪਪੂ ਇਹ ਫੁਲ ਬੜਾ ਸੋਹਣਾ ਹੈ, ਇਹ ਕਿਸ ਨੇ ਬਣਾਇਆ, ਉਹ ਕਹੇਗਾ ਕਿ ਮੈਂ ਬਣਾਇਆ ਹੈ। ਉਸਨੂੰ ਪੁਛੋਂ ਇਹ ਸੋਫਾਸੈਟ ਬੜਾ ਵਧੀਆ ਹੈ ਇਹ ਕਿਸ ਨੇ ਲਿਆਂਦਾ ਹੈ ਤਾਂ ਉਹ ਕਹੇਗਾ ਕਿ ਮੈਂ ਲਿਆਂਦਾ ਹੈ। ਪਰ ਜੇ ਉਸਨੂੰ ਪੁਛੋ ਇਹ ਪਿਆਲੀ ਕਿਸ ਨੇ ਤੋੜੀ ਹੈ ਤਾਂ ਉਹ ਕਹੇਗਾ ਕਿ ਭਾਪੇ ਨੇ ਤੋੜੀ ਹੈ। ਅਜਿਹਾ ਹੀ ਹਾਲ ਇਨ੍ਹਾਂ ਦਾ ਹੈ। ਜੋ ਚੰਗਾ ਕੰਮ ਹੋਇਆ ਹੈ, ਉਹ ਇਹ ਕਹਿੰਦੇ ਹਨ ਕਿ ਅਸੀਂ ਕੀਤਾ ਹੈ ਪਰ ਜੇ ਪਿਆਲੀ ਭੰਨੀ ਗਈ ਹੈ ਤਾਂ ਉਹ ਸਰਦਾਰ ਦਰਬਾਰਾ ਸਿੰਘ ਨੇ ਭੰਨੀ ਹੈ। ਜੋ ਤੁਸੀਂ ਚੰਗਾ ਕੰਮ ਕੀਤਾ ਹੈ ਅਸੀਂ ਉਸਨੂੰ ਐਕਨਾਲਜ ਕਰਾਂਗੇ। ਜੋ ਚੰਗਾ ਕੰਮ ਕਾਂਗਰਸ ਸਰਕਾਰ ਨੇ ਕੀਤਾ ਹੈ

Original with;
Punjab Vidhan Sabha
Digitized by;
Panjab Digital Library

ਉਹ ਤੁਸੀਂ ਐਕਨਾਲਜ ਕਰੋ । ਇਹ ਇਕ ਪਾਰਲੀਮੈਂਟਰੀ ਕਨਵੈਨਸ਼ਨ ਹੈ। ਇਹ ਹੈਲਦੀ ਅਪੋਜ਼ੀਸ਼ਨ ਦਾ ਰੋਲ ਹੈ।

ਚੇਅਰਮੈਨ ਸਾਹਿਬ, ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਨੂੰ ਮੈਂ ਲੈਂਦਾ ਹਾਂ। ਇਹ ਬੜੀ ਮਹਾਨ ਥਾਂ ਹੈ। ਮੈਂ ਉਮੀਦ ਕਰਦਾ ਸੀ ਕਿ ਇਸ ਵਾਸਤੇ ਇਹ ਚੰਗਾ ਪ੍ਰੋਵੀਜ਼ਨ ਕਰਦੇ। ਇਹ ਪ੍ਰਾਜੈਕਟ ਵੀ ਕਾਂਗਰਸ ਸਰਕਾਰ ਦੁਆਰਾ ਹੀ 1973 ਵਿਚ ਸ਼ੁਰੂ ਕੀਤਾ ਗਿਆ। 1977 ਵਿਚ ਇਹ ਆ ਗਏ। 1973 ਤੋਂ 1980 ਤਕ 43 ਕਰੋੜ 74 ਲੱਖ ਅਤੇ 35 ਹਜ਼ਾਰ ਰੁਪਿਆ ਕੁਲ ਖਰਚ ਕੀਤਾ ਗਿਆ। 1980 81 ਵਿਚ 16 ਕਰੋੜ ਰੁਪਿਆ ਲਗਿਆ। 1981-82 ਵਿਚ 19.74 ਕਰੋੜ ਰੁਪਿਆ ਖਰਚ ਕੀਤਾ ਗਿਆ ਅਤੇ 1982-83 ਵਿਚ 7.84 ਕਰੋੜ ਰੁਪਿਆ ਖਰਚ ਕੀਤਾ ਜਾਵੇਗਾ।

**ਸਰਦਾਰ ਨੱਥਾ ਸਿੰਘ ਦਾਲਮ** : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ** : ਚੇਅਰਮੈਨ ਸਾਹਿਬ, ਜਦੋਂ ਇਨ੍ਹਾਂ ਦੀ ਵਾਰੀ ਆਵੇਗੀ ਤਾਂ ਇਹ ਦਸ ਦੇਣ। ਇਹ ਬੜੇ ਸਿਆਣੇ ਮੈਂਬਰ ਹਨ। ਇਸ ਦੇ ਨਾਲ ਗੁਰੂ ਨਾਨਕ ਥਰਮਲ ਪਲਾਂਟ ਵਿੱਚ ਆਏ ਦਿਨ ਅਸੀਂ ਇਹ ਸੁਣਦੇ ਸੀ ਕਿ ਇਹ ਬੰਦ ਹੋ ਗਿਆ ਹੈ। ਕਦੇ ਕਹਿੰਦੇ ਸੀ ਕਿ ਕੋਇਲਾ ਨਹੀਂ ਮਿਲਿਆ ਅਤੇ ਕੁਝ ਕਹਿੰਦੇ ਸੀ। ਸਰਦਾਰ ਦਰਬਾਰਾ ਸਿੰਘ ਨੇ ਇਸ ਪਲਾਂਟ ਦੀ ਐਫੀਸ਼ੀਐਂਸੀ ਨੂੰ ਵਧਾਉਣ ਦਾ ਯਤਨ ਕੀਤਾ ਹੈ। ਇਸ ਦੇ ਸਿੱਟੇ ਵੱਜੋਂ ਪਿਛਲੇ ਸਾਲਾਂ ਦੀ ਨਿਸਬਤ 1980-81 ਵਿੱਚ 1981-82 ਵਿੱਚ ਸਾਡੀ ਐਫੀਸ਼ੀਐਂਸੀ ਵੱਧੀ ਹੈ। 29.6 ਤੋਂ ਵੱਧ ਕੇ 41.5% ਸਾਡੀ ਪ੍ਰੋਡਕਸ਼ਨ ਹੋ ਗਈ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਦਾ ਇਹ ਵੀ ਫਰਜ਼ ਬਣਦਾ ਸੀ ਕਿ ਉਹ ਇਸ ਗਲ ਦੀ ਵਧਾਈ ਡਾਕਟਰ ਕੇਵਲ ਕ੍ਰਿਸ਼ਨ ਨੂੰ ਦਿੰਦੇ।

ਚੇਅਰਮੈਨ ਸਾਹਿਬ, ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਇਹ ਵੀ ਮਹਿਸੂਸ ਕੀਤਾ ਹੈ ਕਿ ਪਾਣੀ ਜਿਹੜਾ ਹੈ ਕਈ ਦਰਿਆਵਾਂ ਜਾਂ ਨਹਿਰਾਂ ਵਿੱਚ ਉਹ ਵੇਸਟ ਜਾਂਦਾ ਹੈ। ਉਸਦੇ ਵਾਸਤੇ ਮਾਈਕਰੋ ਹਾਈਡਲ ਪ੍ਰਾਜੈਕਟ ਬਣਾਉਣ ਦਾ ਯਤਨ ਕੀਤਾ ਹੈ। ਉਸਦੇ ਵਾਸਤੇ ਇਕ ਸੈਪਰੇਟ ਡਿਪਾਰਟਮੈਂਟ ਬਣਾਇਆ ਹੈ। ਇਹ ਡਿਪਾਰਟਮੈਂਟ ਇਸ ਗੱਲ ਦੀ ਇਨਵੈਸਟੀਗੇਸ਼ਨ ਕਰ ਰਿਹਾ ਹੈ ਕਿ ਕਿਥੇ ਕਿਥੇ ਮਾਈਕਰੋ ਹਾਈਡਲ ਪਲਾਂਟਸ ਲਗਾਕੇ ਬਿਜਲੀ ਦਾ ਉਤਪਾਦਨ ਵਧਾ ਸਕਦੇ ਹਾਂ। ਚੇਅਰਮੈਨ ਸਾਹਿਬ, ਮੈਨੂੰ ਇਹ ਦਸਦੇ ਹੋਏ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਤਕਰੀਬਨ ਪੰਜ ਪ੍ਰਾਜੈਕਟ ਇਹੋ ਜਿਹੇ ਹਨ ਜਿਨ੍ਹਾਂ ਤੇ ਸਰਕਾਰ ਖਰਚ ਕਰ ਰਹੀ ਹੈ। ਇਹ ਥਾਵਾਂ ਹਨ :—
**

1. ਘੱਗਰ ਬ੍ਰਾਂਚ ਉਤੇ ਬੂਹੀ
2. ਘੱਗਰ ਲਿੰਕ ਉਤੇ ਰੋਹਟੀ,
3. ਅਬੋਹਰ ਬ੍ਰਾਂਚ ਉਤੇ ਦੌਦਰ,
4. ਯੂ.ਬੀ.ਡੀ.ਸੀ. ਉਤੇ ਧਾਰੀਵਾਲ,
5. ਘੱਗਰ ਬ੍ਰਾਂਚ ਉਤੇ ਨਦਾਮਪੁਰ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰੱਥ]

ਚੇਅਰਮੈਨ ਸਾਹਿਬ, ਧਾਰੀਵਾਲ ਮੇਰੇ ਸਾਥੀ ਰਾਜਕੁਮਾਰ ਜੀ ਦਾ ਹਲਕਾ ਹੈ ਇਹ ਵੀ ਬਟਾਲੇ ਦੇ ਮੇਰੇ ਨਾਲ ਹੀ ਲਗਦਾ ਇਲਾਕਾ ਹੈ।

ਇਹ ਪ੍ਰਾਜੈਕਟ ਹਨ ਜਿਹੜੇ ਕਿ ਬਣ ਰਹੇ ਹਨ। ਇਸ ਦੇ ਨਾਲ ਹੀ ਚੇਅਰਮੈਨ ਸਾਹਿਬ ਤੁਸੀਂ ਵੇਖੋਗੇ ਕਿ ਤਕਰੀਬਨ 175.5 ਮੈਗਾਵਾਟ ਬਿਜਲੀ ਜਿਹੜੀ ਹੈ ਸੰਨ 1982-83 ਵਿਚ ਵਾਧੂ ਉਪ-ਲੱਬਧ ਹੋ ਜਾਵੇਗੀ। ਮੈਂ ਸਮਝਦਾ ਹਾਂ ਕਿ ਜਿਸ ਬਜਟ ਦੇ ਨਾਲ ਇਤਨੀ ਬਿਜਲੀ ਵਧ ਮਿਲਣ ਲਗੇ, ਉਸ ਤੇ ਆਪਣੀ ਕਮਜ਼ੋਰੀ ਵਿਖਾਲਣੀ ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਨਹੀਂ ਹੈ। ਇਸ ਦੇ ਮੁਕਾਬਲੇ ਵਿਚ ਸੈਕੰਡ ਪੁਆਇੰਟ ਵੀ ਵੇਖ ਲਵੋ ਜਿਸ ਦੇ ਬਾਰੇ ਅਕਾਲੀ ਵੀਰ ਕਹਿੰਦੇ ਹਨ ਕਿ ਇਨ੍ਹਾਂ ਦੀ ਇਕਾਨਮੀ ਠੀਕ ਨਹੀਂ ਹੈ। ਸੈਕੰਡ ਪੁਆਇੰਟ ਹੈ ਵੱਡਿਆਂ ਤੇ ਛੋਟਿਆਂ ਵਿਚੋਂ ਡਿਸਪੈਰਿਟੀ ਰੀਮੂਵ ਕਰਨੀ। ਉਸ ਦੇ ਵਾਸਤੇ ਸਾਡੀ ਸਰਕਾਰ ਹਿੰਦੋਸਤਾਨ ਵਿਚ ਪਹਿਲੀ ਸਰਕਾਰ ਹੈ ਜਿਸ ਨੇ ਗਰੀਬ ਲੋਕਾਂ ਨੂੰ, ਬਿਲੋ ਪਾਵਰਟੀ ਲਾਈਨ ਤੋਂ ਰਹਿ ਰਹੇ ਲੋਕਾਂ ਨੂੰ ਆਈਡੈਂਟੀਫਾਈ ਕੀਤਾ ਹੈ। ਤੁਹਾਨੂੰ (ਵਿਰੋਧੀ ਧਿਰ ਵੱਲ ਇਸ਼ਾਰਾ) ਇਸ ਦੇ ਬਾਰੇ ਸਰਕਾਰ ਨੂੰ ਮੁਬਾਰਿਕਬਾਦ ਦੇਣੀ ਚਾਹੀਦੀ ਸੀ। ਜੇਕਰ ਇਤਨਾਂ ਨਹੀਂ ਸੀ ਕਰਨਾ ਤਾਂ ਘੱਟੋ ਘੱਟ ਇਹ ਹੀ ਕਹਿੰਦੇ ਕਿ ਸਰਕਾਰ ਨੇ ਯਤਨ ਤਾਂ ਕੀਤਾ ਹੈ। ਅਸੀਂ ਯਤਨ ਕੀਤਾ ਹੈ ਕਿ ਜਿਹੜੇ ਲੋਕ 3600 ਰੁਪਏ ਸਾਲਾਨਾ ਦੀ ਆਮਦਨ ਤੋਂ ਘੱਟ ਵਾਲੇ ਹਨ ਉਨ੍ਹਾਂ ਨੂੰ ਗਰੀਬੀ ਤੋਂ ਕਿਸ ਤਰ੍ਹਾਂ ਨਾਲ ਕੱਢਿਆ ਜਾਵੇ। ਇਹ ਹੋ ਸਕਦਾ ਹੈ ਕਿ ਕੁਝ ਗਲਤੀਆਂ ਰਹਿ ਗਈਆਂ ਹੋਣ ਔਰ ਉਹ ਅਸੀਂ ਠੀਕ ਕਰਨ ਦਾ ਵੀ ਯਤਨ ਕੀਤਾ ਹੈ। ਅਸੀਂ ਜਿਹੜੇ 3600 ਤੋਂ ਘਟ ਆਮਦਨ ਵਾਲੇ ਆਦਮੀ ਸਨ ਉਨ੍ਹਾਂ ਨੂੰ ਪੀਲੇ ਕਾਰਡ ਬਣਾ ਕੇ ਉਨ੍ਹਾਂ ਨੂੰ ਸਬ-ਸੀਡਾਈਜ਼ਡ ਰੇਟਸ ਤੇ ਦਾਲਾਂ ਵਗੈਰਾ ਦਿੱਤੀਆਂ ਹਨ। ਅਸੀਂ ਇਹ ਸੋਚਿਆ ਹੈ ਕਿ ਉਨ੍ਹਾਂ ਆਦਮੀਆਂ ਦੀਆਂ ਜਿਹੜੀਆਂ ਤਿੰਨ ਮੁੱਖ ਲੋੜਾਂ ਹਨ, ਗੁੱਲੀ, ਜੁੱਲੀ ਤੇ ਕੁੱਲੀ ਉਨ੍ਹਾਂ ਦਾ ਪ੍ਰਬੰਧ ਕੀਤਾ ਜਾਵੇ। ਪਿਛਲੇ ਸਾਲ ਵਿਚ 4.21 ਕਰੋੜ ਰੁਪਏ ਔਰ ਹੁਣ 4.45 ਕਰੋੜ ਰੁਪਏ ਰੱਖੇ ਗਏ ਹਨ ਤਾਕਿ ਉਨ੍ਹਾਂ ਲੋਕਾਂ ਨੂੰ ਸਬਸੀਡਾਈਜ਼ਡ ਰੇਟਸ ਤੇ ਚੀਜ਼ਾਂ ਮੁਹੱਈਆ ਕੀਤੀਆ ਜਾ ਸਕਣ। ਮੈਨੂੰ ਆਸ ਸੀ ਕਿ ਇਹ ਇਸ ਗੱਲ ਨੂੰ ਐਪ੍ਰੀਸ਼ੀਏਟ ਕਰਨਗੇ ਪਰ ਇਨ੍ਹਾਂ ਨੇ ਨਹੀਂ ਕੀਤਾ। ਸਾਡੀ ਸਰਕਾਰ ਨੇ ਬੇਘਰਿਆਂ ਨੂੰ ਘਰ ਦੇਣ ਵਾਸਤੇ ਜਿਹੜੇ ਪਹਿਲਾਂ 5500 ਰੁਪਏ ਖਰਚੇ ਜਾਂਦੇ ਸਨ ਹੁਣ ਚੌਧਰੀ ਜਗਤ ਰਾਮ ਜੀ ਨੇ, ਉਨ੍ਹਾਂ ਦੇ ਮਹਿਕਮੇਂ ਨੇ 6500 ਰੁਪਏ ਫੀ ਘਰ ਖਰਚ ਕਰਨ ਦਾ ਯਤਨ ਕੀਤਾ ਹੈ। ਉਸ 6500 ਰੁਪਏ ਵਿਚੋਂ ਚੇਅਰਮੈਨ ਸਾਹਿਬ ਗਰੀਬ ਆਦਮੀ ਨੇ ਸਿਰਫ 1000 ਰੁਪਏ ਹੀ ਦੇਣੇ ਹਨ ਔਰ ਉਹ ਵੀ 10-10 ਰੁਪਏ ਮਾਹਵਾਰੀ ਕਿਸ਼ਤਾਂ ਵਿਚ ਦੇਣੇ ਹਨ। ਮੈਂ ਸਮਝਦਾ ਹਾਂ ਕਿ ਇਹ ਮੁਫਤ ਦੇਣ ਵਰਗੀ ਹੀ ਗੱਲ ਹੈ।

ਇਸ ਦੇ ਇਲਾਵਾ ਮੈਂ ਇਕ ਗੱਲ ਹੋਰ ਵੀ ਦੱਸਣੀ ਚਾਹੁੰਦਾ ਹਾਂ ਕਿ ਸੰਨ 1981-82 ਦੇ ਵਿਚ ਛੇ ਹਜ਼ਾਰ ਦੇ ਕਰੀਬ ਘਰ ਕੰਪਲੀਟ ਹੋ ਚੁੱਕੇ ਸਨ ਔਰ ਚਾਰ ਹਜ਼ਾਰ ਘਰ ਇਸ ਸਾਲ ਕੰਪਲੀਟ ਹੋ ਜਾਣਗੇ। ਇਸ ਦੇ ਇਲਾਵਾ ਤੀਸਰਾ ਪੁਆਇੰਟ ਸੀ ਕਿ ਲੋਕਾਂ ਨੂੰ ਰੋਜ਼ਗਾਰ ਦਿੱਤਾ ਜਾਵੇ। ਉਸ ਦੇ ਵਾਸਤੇ ਜਿਹੜੇ ਲੋਕ ਗਰੀਬ ਹਨ, ਮਾੜੇ ਹਨ ਉਨ੍ਹਾਂ ਨੂੰ ਇੰਟਰੈਸਟ ਫਰੀ ਲੋਨ ਦਿੱਤੇ ਹਨ।......

**ਸਰਦਾਰ ਦਲੀਪ ਸਿੰਘ ਪਾਂਧੀ** : ਬਟਾਲੇ ਦੇ ਕਾਂਗਰਸ ਭਵਨ ਦੀ ਗੱਲ ਵੀ ਦੱਸ ਦਿਓ।

**ਸ਼੍ਰੀ ਸਭਾਪਤੀ** : ਪਾਂਧੀ ਸਾਹਿਬ ਇੰਟਰੱਪਸ਼ਨ ਨਾ ਕਰੋ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰੱਥ** : ਪਾਂਧੀ ਸਾਹਿਬ ਬੜੇ ਪੜ੍ਹੇ ਲਿਖੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਮੇਰੀ ਗਲ ਧਿਆਨ ਨਾਲ ਸੁਣ ਲੈਣ। 31 ਜਨਵਰੀ, 1982 ਤੱਕ 27.17

Original with;
Punjab Vidhan Sabha
Digitized by;
Panjab Digital Library

ਕਰੋੜ ਰੁਪਏ ਖਰਚ ਕੀਤੇ ਗਏ ਹਨ ਔਰ 31 ਮਾਰਚ, 1982 ਤੱਕ 32 ਰੁਪਏ ਡਿਸਬਰਸ ਕਰਨੇ ਹਨ । ਇਹ ਸਰਕਾਰ ਦਾ ਟੀਚਾ ਹੈ। ਇਹ ਪੈਸੇ ਗਰੀਬਾਂ ਨੂੰ ਵੰਡੇ ਜਾ ਰਹੇ ਹਨ । ਤਾਕਿ ਉਹ ਆਪਣਾ ਕੋਈ ਕਾਰੋਬਾਰ ਚਲਾ ਲੈਣ। ਜਿਹੜਾ ਪੈਸਾ ਸੰਨ 1980-81 ਵਿਚ ਨਹੀਂ ਸੀ ਦਿੱਤਾ ਗਿਆ ਉਹ ਵੀ ਇਸ ਸਾਲ ਦਿੱਤਾ ਜਾ ਰਿਹਾ ਹੈ। ਇਸ ਨਾਲ ਗਰੀਬ ਲੋਕਾਂ ਨੂੰ ਕਾਫੀ ਰਾਹਿਤ ਮਿਲੀ ਹੈ। ਮੈਂ ਕਹਿੰਦਾ ਹਾਂ ਕਿ ਇਹ ਬਜਟ ਫਿਲਾਸਫੀ ਤੇ ਆਧਾਰਿਤ ਹੈ। ਇਹ ਬਜਟ 20 ਨੁਕਾਤੀ ਇਕਨਾਮਿਕ ਪ੍ਰੋਗਰਾਮ ਨੂੰ ਵੇਖ ਕੇ ਹੀ ਬਣਾਇਆ ਗਿਆ ਹੈ। ਉਸ ਪ੍ਰੋਗਰਾਮ ਵਿਚ ਤੁਸੀਂ ਵੇਖ ਸਕਦੇ ਹੋ ਕਿ ਇਰੀਗੇਸ਼ਨ ਪੋਟੈਂਸ਼ੀਅਲ ਨੂੰ ਵਧਾਉਣ ਬਾਰੇ ਜ਼ਿਕਰ ਹੈ, ਉਸ ਵੱਲ ਸਾਡੀ ਸਰਕਾਰ ਨੇ ਖਾਸ ਧਿਆਨ ਦਿੱਤਾ ਹੈ, ਬੇਘਰਿਆਂ ਦੀ ਸਮੱਸਿਆ ਹੈ, ਉਸ ਨੂੰ ਦੂਰ ਕਰਨ ਤੇ ਸਰਕਾਰ ਲੱਗੀ ਹੋਈ ਹੈ। ਮੈਂ ਸਮਝਦਾ ਹਾਂ ਕਿ ਇਸ ਗੱਲ ਲਈ ਮੇਰੇ ਅਕਾਲੀ ਭਰਾ ਫਾਇਨਾਂਸ ਮਨਿਸਟਰ ਸਾਹਿਬ ਨੂੰ ਜ਼ਰੂਰ ਵਧਾਈ ਦਿੰਦੇ ਕਿ ਉਨ੍ਹਾਂ ਨੇ ਇਸ ਤਰ੍ਹਾਂ ਦਾ ਬਜਟ ਲਿਆ ਕੇ ਚੰਗਾ ਕੰਮ ਕੀਤਾ ਹੈ।

ਚੇਅਰਮੈਨ ਸਾਹਿਬ, ਫਿਰ ਸਵਾਲ ਹੈ ਇਨਟਰੇਸਟ ਫਰੀ ਲੋਨ ਦੇਣ ਦਾ, ਮੈਂ ਉਸ ਦੇ ਬਾਰੇ ਕੁਝ ਸੁਝਾਉ ਦੇਣਾ ਚਾਹੁੰਦਾ ਹਾਂ। ਸਾਡੇ ਕੁਝ ਬੈਂਕਸ ਨੇ ਇਸ ਮਾਮਲੇ ਵਿਚ ਸਰਕਾਰ ਨੂੰ ਪੂਰੀ ਤਰ੍ਹਾਂ ਨਾਲ ਕੋਆਪਰੇਟ ਨਹੀਂ ਕੀਤਾ। ਇਹ ਗੱਲ ਠੀਕ ਹੈ ਕਿ ਅੱਗੇ ਨਾਲੋਂ ਕੰਮ ਵਧਿਆ ਹੈ ਔਰ ਸਾਡੇ ਡਿਵੈਲਪਮੈਂਟ ਮਨਿਸਟਰ ਸਾਹਿਬ ਨੇ ਉਪਰਾਲੇ ਕੀਤੇ ਹਨ ਕਿ ਰੂਰਲ ਏਰੀਏ ਦੀ ਡਿਵੈਲਪਮੈਂਟ ਹੋਵੇ। ਉਨ੍ਹਾਂ ਨੇ ਰੂਰਲ ਡਿਵੈਲਪਮੈਂਟ ਏਜੰਸੀਆਂ 12 ਜ਼ਿਲ੍ਹਿਆਂ ਵਿਚ ਬਣਾ ਦਿੱਤੀਆਂ ਹਨ ਜਿਨ੍ਹਾਂ ਦੇ ਚੇਅਰ-ਮੈਨ ਡਿਪਟੀ ਕਮਿਸ਼ਨਰਜ਼ ਕਨਸਰੰਡ ਹਨ ਤਾਕਿ ਇਸ ਸਮੱਸਿਆ ਤੋਂ ਵੀ ਖਲਾਸੀ ਹੋਵੇ। ਇਸ ਦੇ ਨਾਲ ਹੀ ਰੰਧਾਵਾ ਸਾਹਿਬ ਪਾਸ ਐਨੀਮਲ ਹਸਬੈਂਡਰੀ ਵੀ ਹੈ। ਸਰਕਾਰ ਨੇ ਇਹ ਕੀਤਾ ਹੋਇਆ ਹੈ ਕਿ ਗਾਈਆਂ ਲੈਣ ਲਈ ਲੋਨ ਦੇਣਾ ਹੈ 3000 ਰੁਪਏ ਤੱਕ ਔਰ ਵਾਪਿਸ ਲੈਣਾ ਹੈ 2000 ਰੁਪਏ, ਔਰ 2400 ਰੁਪਏ ਦੇ ਕੇ 1600 ਲੈਣਾ ਹੈ, ਅੱਠ ਸੌ ਸਰਕਾਰ ਨੇ ਆਪ ਪਾਉਣਾ ਹੈ। ਇਹ ਰੁਪਿਆ ਹਰੀਜਨਾਂ ਨੂੰ ਦਿੱਤਾ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਸਰਦਾਰ ਬਲਵੰਤ ਸਿਘ ਹੋਰਾਂ ਨੂੰ ਘੱਟੋ ਘੱਟ ਇਸ ਕੰਮ ਦੀ ਸ਼ਲਾਘਾ ਤਾਂ ਜ਼ਰੂਰ ਹੀ ਕਰਨੀ ਚਾਹੀਦੀ ਸੀ।

ਚੇਅਰਮੈਨ ਸਾਹਿਬ, ਮੈਂ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਬੈਂਕਸ ਪੰਜਾਬ ਸਰਕਾਰ ਦੇ 20 ਨੁਕਾਤੀ ਪ੍ਰੋਗਰਾਮ ਨੂੰ ਇੰਪੀਲੀਮੈਂਟ ਕਰਨ ਵਿਚ ਸਹਾਈ ਨਹੀਂ ਹੁੰਦੇ ਉਨ੍ਹਾਂ ਬੈਂਕਸ ਵਿਚ ਸਾਡੀ ਗੌਰਮਿੰਟ ਦੇ, ਸੈਮੀ ਗੌਰਮਿੰਟ ਅਦਾਰਿਆਂ ਦੇ, ਮਿਉਂਸਪਲ ਕਮੇਟੀਆਂ ਦੇ, ਕਾਰਪੋਰੇਸ਼ਨਾਂ ਦੇ, ਮਾਰਕਿਟ ਕਮੇਟੀਆਂ ਦੇ, ਇੰਪਰੂਵਮੈਂਟ ਟਰੱਸਟਾਂ ਦੇ ਪੈਸੇ ਹਨ, ਉਨ੍ਹਾਂ ਦੇ ਡੀਪਾਜ਼ਿਟਸ ਉਨ੍ਹਾਂ ਬੈਂਕਾਂ ਪਾਸ ਹਨ ਉਹ ਇੰਮੀਜੀਏਟਲੀ ਵਿਦਡਰਾਅ ਕਰਨੇ ਚਾਹੀਦੇ ਹਨ। ਉਨ੍ਹਾਂ ਬੈਂਕਾਂ ਦਾ ਕੋਈ ਹੱਕ ਨਹੀਂ ਹੈ ਕਿ ਉਹ ਸਾਡੇ ਪੈਸੇ ਨੂੰ ਵਰਤੇ ਜੇਕਰ ਉਹ ਸਾਨੂੰ ਕੋਆਪ੍ਰੇਟ ਕਰਨ ਨੂੰ ਤਿਆਰ ਨਹੀਂ ਹਨ । ਜੇਕਰ ਉਹ ਅਮੀਰ ਔਰ ਗਰੀਬ ਦੀ ਡਿਸਪੇਰਿਟੀ ਦੂਰ ਕਰਨ ਨੂੰ ਸਾਡਾ ਸਾਥ ਦੇਣ ਨੂੰ ਤਿਆਰ ਨਹੀਂ ਹਨ, ਸਾਨੂੰ ਇਸ ਕੰਮ ਵਿਚ ਕੋਆਪ੍ਰੇਟ ਕਰਨ ਨੂੰ ਤਿਆਰ ਨਹੀਂ ਹਨ ਤਾਂ ਉਨ੍ਹਾਂ ਪਾਸ ਜੋ ਸਾਡੇ ਡੀਪਾਜ਼ਿਟਸ ਹਨ ਉਹ ਵਿਦਡਰਾਅ ਕਰ ਲੈਣੇ ਚਾਹੀਦੇ ਹਨ।

ਇਸ ਤੋਂ ਇਲਾਵਾ ਡਿਵੈਲਪਮੈਂਟ ਡਿਪਾਰਟਮੈਂਟ ਹੈ। ਪਿਛਲੀ ਵਾਰੀ ਅਕਾਲੀ ਵੀਰਾਂ ਵੱਲੋਂ ਫੁਰਮਾਇਆ ਗਿਆ ਸੀ ਕਿ ਗਲੀਆਂ ਨਾਲੀਆਂ ਪੱਕੀਆਂ ਜਿਹੜੀਆਂ ਕਰਨੀਆਂ ਹਨ ਉਹ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਹੁਣ ਇਹ ਪਿੰਡਾਂ ਵਿਚ ਜਾ ਕੇ ਵੇਖ ਲੈਣ ਕਿ ਹੁੰਦੀਆਂ ਹਨ ਜਾਂ ਨਹੀਂ। 12188 ਪਿੰਡਾਂ ਵਿਚੋਂ 2250 ਪਿੰਡਾਂ ਵਿਚ ਕੰਮ ਕੰਪਲੀਟ ਹੋ ਚੁਕਿਆ ਹੈ ਔਰ ਤਕਰੀਬਨ 600 ਪਿੰਡਾਂ ਵਿਚ ਕੰਮ ਕੰਪਲੀਟ ਹੋ ਜਾਵੇਗਾ। ਹੁਣ ਜਦੋਂ ਅਸੀਂ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ]

ਪਿੰਡਾਂ ਵਿਚ ਜਾਂਦੇ ਹਾਂ ਤਾਂ ਲੋਕ ਕਹਿੰਦੇ ਹਨ ਕਿ ਪਹਿਲਾਂ ਜਦੋਂ ਅਕਾਲੀ ਮਨਿਸਟਰ ਕੋਈ ਆਉਂਦਾ ਸੀ ਤਾਂ ਦੋ ਹਜ਼ਾਰ ਰੁਪਏ ਜਾਂ ਵੱਧ ਤੋਂ ਵੱਧ ਤਿੰਨ ਹਜ਼ਾਰ ਰੁਪਏ ਦੇ ਕੇ ਜਾਂਦਾ ਸੀ ਪਰ ਹੁਣ ਰੰਧਾਵਾ ਸਾਹਿਬ ਕੀ ਕਰਦੇ ਹਨ ਕਿ ਓਵਰਸੀਅਰ ਨੂੰ ਬੁਲਾ ਲਿਆ ਔਰ ਪੁਛਿਆ ਕਿ ਤੂੰ ਭਾਈ ਦੱਸ ਇਸ ਕੰਮ ਦਾ ਕੀ ਐਸਟੀਮੇਟ ਹੈ ਔਰ ਉਸ ਹਿਸਾਬ ਨਾਲ ਕਿਤੇ 50 ਹਜ਼ਾਰ ਕਿਤੇ ਇਕ ਲੱਖ ਰੁਪਿਆ ਦੇ ਜਾਂਦੇ ਹਨ। ਇਸ ਦੇ ਨਾਲ ਜੋ ਲੋਕਾਂ ਦਾ ਸੁਪਨਾ ਸੀ ਉਹ ਸੱਚਾ ਹੋਣ ਲਗਾ ਹੈ।

ਹੁਣ ਮੈਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ। ਚੇਅਰਮੈਨ ਸਾਹਿਬ, ਸਾਡੀ ਟੀਚਰਜ਼ ਯੂਨੀਅਨ ਦੀ ਹਮੇਸ਼ਾ ਮੰਗ ਹੁੰਦੀ ਸੀ ਕਿ ਸਰਕਾਰ 20% ਸੈਂਟਰਲ ਲੈਵਲ ਤੇ ਪੰਜਾਬ ਦੇ ਬਜਟ ਵਿਚ ਐਲੋਕੇਸ਼ਨ ਕਰੇ ਔਰ ਖਰਚ ਕਰੇ। ਮੈਂ ਇਸ ਗੱਲ ਲਈ ਵੀ ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ 22.76% ਬੱਜਟ ਜਿਹੜਾ ਹੈ ਉਹ ਕੇਵਲ ਐਜੂਕੇਸ਼ਨ ਵਾਸਤੇ ਰੱਖਿਆ ਹੈ। (ਥੰਪਿੰਗ)...... ਇਹ ਐਜੂਕੇਸ਼ਨ ਕਿਨ੍ਹਾਂ ਲਈ ਸੀ, ਇਨ੍ਹਾਂ ਨੇ ਇਹ ਐਜੂਕੇਸ਼ਨ ਗਰੀਬਾਂ ਲਈ ਨਹੀਂ ਸ਼ੁਰੂ ਕੀਤੀ ਬਲਕਿ ਵੱਡੇ ਵੱਡੇ ਸਰਮਾਏਦਾਰਾਂ ਔਰ ਸਰਦਾਰਾਂ ਦੇ ਬੱਚਿਆਂ ਲਈ ਸ਼ੁਰੂ ਕੀਤੀ ਸੀ। ਮੈਨੂੰ ਹੈਰਾਨੀ ਹੁੰਦੀ ਹੈ ਵੱਡੇ ਵੱਡੇ ਸਰਦਾਰ ਜਿਹੜੇ ਗਲਾਂ ਤਾਂ ਪੰਜਾਬੀ ਵਿਚ ਕਰਦੇ ਹਨ ਪਰ ਉਨ੍ਹਾਂ ਨੇ ਬੱਚੇ ਇੰਗਲਿਸ਼ ਸਕੂਲਾਂ ਵਿਚ ਪਾ ਦਿੱਤੇ ਔਰ ਪੰਜਾਬੀ ਲਈ ਤਾਂ ਸਾਡੇ ਵਰਗਿਆਂ ਦੇ ਹੀ ਬੱਚੇ ਰਹੇ ਗਏ। ਇਨ੍ਹਾਂ ਨੇ ਆਦਰਸ਼ ਸਕੂਲ ਖੋਲ੍ਹੇ ਪਰ ਆਮ ਲੋਕਾਂ ਦੇ ਬੱਚਿਆਂ ਲਈ ਐਜੂਕੇਸ਼ਨ ਦਾ ਕੋਈ ਖਿਆਲ ਨਹੀਂ ਕੀਤਾ। ਹੁਣ ਸਾਡੀ ਸਰਕਾਰ ਨੇ 1981-82 ਵਿਚ 66 ਮਿਡਲ ਅਤੇ 84 ਹਾਈ ਸਕੂਲ ਖੋਲ੍ਹੇ ਹਨ ਔਰ ਮੈਨੂੰ ਖੁਸ਼ੀ ਹੈ ਕਿ ਜਦੋਂ ਦੀ ਇਹ ਸਰਕਾਰ ਆਈ ਹੈ ਇਸ ਨੇ 418 ਸਕੂਲ ਅਪਗਰੇਡ ਕੀਤੇ ਹਨ। ਇਸ ਸਾਲ ਵਿਚ ਸਰਕਾਰ ਨੇ 50 ਮਿਡਲ ਸਕੂਲ ਅਤੇ 25 ਹਾਈ ਸਕੂਲ ਬਣਾਉਣੇ ਹਨ। ਚੇਅਰ-ਮੈਨ ਸਾਹਿਬ, ਜਿਨ੍ਹਾਂ ਪਿੰਡਾਂ ਵਿਚ ਬੱਚਿਆਂ ਨੂੰ ਸਿਖਿਆ ਨਹੀਂ ਸੀ ਮਿਲਦੀ, ਕੋਈ ਸਿੱਖਿਆ ਦਾ ਪ੍ਰਬੰਧ ਨਹੀਂ ਸੀ, ਉਥੇ ਸਾਡੀ ਸਰਕਾਰ ਨੇ ਸਕੂਲ ਖੋਲ੍ਹੇ ਹਨ। ਇਸ ਸਰਕਾਰ ਨੇ ਹਰ ਪਿੰਡ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਦਿੱਤਾ ਹੈ ਤਾਕਿ ਹਰ ਪਿੰਡ ਦਾ ਹਰ ਬੱਚਾ ਪੜ੍ਹ ਸਕੇ। ਪਰ ਇਹ ਤਾਂ ਕੜਾਹ ਪ੍ਰਸ਼ਾਦ ਤੋਂ ਇਲਾਵਾ ਹਰ ਕਈ ਗੱਲ ਵੀ ਨਹੀਂ ਸਨ ਕਰਦੇ। ਇਨ੍ਹਾਂ ਨੂੰ ਗਰੀਬਾਂ ਦੇ ਬੱਚਿਆਂ ਨੂੰ ਸਿਖਿਆ ਦੇਣ ਲਈ ਵਿਹਲ ਹੀ ਨਹੀਂ ਸੀ। ਇਨ੍ਹਾਂ ਦੇ ਵੇਲੇ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੇ ਬੈਠਣ ਲਈ ਥਾਂ ਨਹੀਂ ਸੀ ਹੁੰਦੀ, ਮੈਨੂੰ ਪਤਾ ਹੈ ਕਿ ਉਸ ਵੇਲੇ ਪਿੰਡਾਂ ਵਿਚ ਕੀ ਹੁੰਦਾ ਸੀ, ਮੀਂਹ ਪੈ ਜਾਵੇ ਛੁੱਟੀ, ਹਨੇਰੀ ਆ ਜਾਵੇ, ਛੁੱਟੀ, ਝੜ ਪੈ ਜਾਵੇ ਛੁੱਟੀ।......

(ਇਸ ਵੇਲੇ ਆਪੋਜ਼ੀਸ਼ਨ ਵਲੋਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ)

** **

ਸ੍ਰੀ ਸਭਾਪਤੀ : ਇਹ ਜੋ ਬੈਠੇ ਬੈਠੇ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰੱਥ:** ਪਹਿਲੇ ਜਿਨ੍ਹਾਂ ਸਕੂਲ ਵਿਚ ਕੋਈ ਬਿਲਡਿੰਗ ਨਹੀਂ ਸੀ, ਸਾਡੀ ਸਰਕਾਰ ਨੇ ਇਸ ਵਲ ਧਿਆਨ ਦਿੱਤਾ ਹੈ। ਸਾਡੀ ਸਰਕਾਰ ਨੇ ਇਨ੍ਹਾਂ ਦੀ ਤਰ੍ਹਾਂ ਨਹੀਂ ਕਿ 1 ਕਰੋੜ 25 ਲੱਖ ਨਾਲ 5 ਸਕੂਲ ਬਣਾ ਦਿੱਤੇ ਹਨ, ਅਸੀਂ ਤਾਂ ਇਕ ਕਰੋੜ ਰੁਪਿਆ ਹਰ ਸਾਲ ਇਸ ਲਈ ਖਰਚਦੇ ਹਾਂ ਅਤੇ ਜਿਨ੍ਹਾਂ ਸਕੂਲਾਂ ਦੀਆਂ ਬਿਲਡਿੰਗਜ਼ ਹਨ ਉਹ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ। 400 ਸਕੂਲਾਂ ਦੀਆਂ ਹਰ ਸਾਲ ਬਿਲਡਿੰਗਾਂ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਲਈ ਹਰ ਸਕੂਲ ਲਈ 25 ਹਜ਼ਾਰ ਰੁਪਿਆ ਸਰਕਾਰ ਦਿੰਦੀ ਹੈ ਅਤੇ 5 ਹਜ਼ਾਰ ਰੁਪਿਆ ਉਥੇ ਦੀ ਕਮਿਊਨਿਟੀ ਇਕੱਠਾ ਕਰਕੇ ਦਿੰਦੀ ਹੈ। ਇਸ ਤੋਂ ਵੀ ਵੱਧ ਇਸ ਕੰਮ ਨੂੰ ਹੋਰ ਤੇਜ਼ ਕਰਨ ਲਈ ਸਾਡੀ ਸਰਕਾਰ ਨੇ ਇਹ ਕੰਮ ਰੰਧਾਵਾ ਸਾਹਿਬ ਨੂੰ ਦੇ ਦਿੱਤਾ ਹੈ ਤਾਕਿ ਪਿੰਡਾਂ ਦੇ ਲੋਕ ਔਰ ਪੰਚਾਇਤਾਂ ਮਿਲਕੇ ਇਸ ਕੰਮ ਨੂੰ ਹੋਰ ਤੇਜ਼ ਕਰ ਸਕਣ। ਔਰ ਇਹ ਕੰਮ ਸਿਰੇ ਚਾੜ੍ਹ ਸਕਣ।

ਇਸ ਤੋਂ ਇਲਾਵਾ ਚੇਅਰਮੈਨ ਸਾਹਿਬ, ਇਕ ਹੋਰ ਯਤਨ ਕੀਤਾ ਗਿਆ ਹੈ ਕਿ ਜਿਹੜੇ ਸਕੂਲ ਹਨ ਉਨ੍ਹਾਂ ਨੂੰ ਵੋਕੇਸ਼ਨਲ ਚਾਲੂ ਕੀਤਾ ਜਾਵੇ ਤਾਂਕਿ ਹਰ ਬੱਚੇ ਨੂੰ ਉਸ ਸਕੂਲ ਵਿਚ ਪੜ੍ਹਨ ਦਾ ਪੂਰਾ ਫਾਇਦਾ ਹੋਵੇ। ਅਸੀਂ ਇਨ੍ਹਾਂ ਦੀ ਤਰ੍ਹਾਂ 25-25 ਲੱਖ ਰੁਪਿਆ ਇਕ ਇਕ ਸਕੂਲ ਤੇ ਖਰਚ ਨਹੀਂ ਕਰ ਰਹੇ, ਆਦਰਸ਼ ਸਕੂਲ ਨਹੀਂ ਬਣਾ ਰਹੇ, ਬਲਕਿ ਜਿਨ੍ਹਾਂ ਨੂੰ ਪਹਿਲੇ ਐਜੂਕੇਸ਼ਨ ਦੀ ਲੋੜ ਹੈ ਉਨ੍ਹਾਂ ਨੂੰ ਪਹਿਲੇ ਐਜੂਕੇਸ਼ਨ ਦੇਣ ਦਾ ਯਤਨ ਕਰ ਰਹੀ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਜੇ ਕਿਸੇ ਕੋਲ 8 ਰੋਟੀਆਂ ਹਨ ਅਤੇ ਪਹਿਲੇ ਉਸ ਨੂੰ 10 ਰੋਟੀਆਂ ਦਿੱਤੀਆਂ ਜਾਣ ਬਲਕਿ ਅਸੀਂ ਇਹ ਚਾਹੁੰਦੇ ਹਾਂ ਕਿ ਜਿਸ ਕੋਲ ਇਕ ਰੋਟੀ ਵੀ ਨਹੀਂ, ਪਹਿਲੇ ਉਸ ਨੂੰ ਰੋਟੀ ਦਿੱਤੀ ਜਾਵੇ।

ਇਸ ਤੋਂ ਇਲਾਵਾ ਸਾਡੀ ਸਰਕਾਰ ਅਡੱਲਟ ਐਜੂਕੇਸ਼ਨ ਲਈ ਵੀ ਬੜਾ ਕੰਮ ਕਰ ਰਹੀ ਹੈ। ਸਾਡੀ ਸਰਕਾਰ ਚਾਹੁੰਦੀ ਹੈ ਕਿ ਜਿਹੜੇ ਜੱਥੇਦਾਰਾਂ ਨੂੰ ਪੜ੍ਹਨ ਦਾ ਮੌਕਾ ਨਹੀਂ ਮਿਲਿਆ ਉਨ੍ਹਾਂ ਨੂੰ ਵੀ ਪੜ੍ਹਾਇਆ ਜਾਵੇ। ਇਸ ਲਈ ਸਰਕਾਰ ਨੇ 15 ਤੋਂ 35 ਸਾਲ ਦੇ ਨੌਜਵਾਨਾਂ ਲਈ ਜਿਹੜੇ ਕਿਸੇ ਬਦਕਿਸਮਤੀ ਕਾਰਣ ਨਹੀਂ ਪੜ੍ਹ ਸਕੇ ਉਨ੍ਹਾਂ ਨੂੰ ਵੀ ਵਿਦਿਆ ਦਿੱਤੀ ਜਾਵੇ। ਇਸ ਤੋਂ ਇਲਾਵਾ ਕਾਲਜਾਂ ਵਿਚ ਵੀ ਆਈ.ਏ.ਐਸ. ਦੀ ਟ੍ਰੇਨਿੰਗ ਵਾਸਤੇ ਪ੍ਰਬੰਧ ਸਾਡੀ ਸਰਕਾਰ ਨੇ ਕੀਤਾ ਹੈ। ਚੇਅਰ-ਮੈਨ ਸਾਹਿਬ, ਇਹ ਤਾਂ ਆਪਣੇ ਰਾਜ ਵੇਲੇ ਬੱਚਿਆਂ ਨੂੰ ਕਿਤਾਬਾਂ ਤੱਕ ਨਹੀਂ ਦੇ ਸਕੇ ਲੇਕਿਨ ਸਾਡੀ ਸਰਕਾਰ ਨੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਕਿਤਾਬਾਂ ਦੀ ਕੀਮਤ ਫਿਕਸ ਕਰ ਦਿੱਤੀ ਹੈ ਔਰ ਇਹ ਸਾਰੀਆਂ ਕਿਤਾਬਾਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਰਾਹੀਂ ਛਪਵਾ ਦਿੱਤੀਆਂ ਗਈਆਂ ਹਨ। ਇਨ੍ਹਾਂ ਦੇ ਵੇਲੇ ਕੀ ਹੁੰਦਾ ਸੀ, ਇਹ ਬੁੱਕ ਸੇਲਰਜ਼ ਨਾਲ ਮਿਲੇ ਹੁੰਦੇ ਸਨ। ਸਕੂਲਾਂ ਵਿਚ ਕਿਤਾਬਾਂ ਪਿਛੇ ਆਉਂਦੀਆਂ ਸਨ ਪਰ ਉਨ੍ਹਾਂ ਦੇ ਕੀ ਨੋਟਸ ਪਹਿਲੇ ਮਾਰਕਿਟ ਵਿਚ ਆ ਜਾਂਦੇ ਸਨ।

**ਸ੍ਰੀ ਸਭਾਪਤੀ** : ਕਿੰਨਾਂ ਸਮਾਂ ਹੋਰ ਲਵੋਗੇ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ 10--15 ਮਿੰਟ ਹੋਰ ਲਵਾਂਗਾ। (ਵਿਘਨ) ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਕਹੋ ਇਹ ਸ਼ਾਂਤੀ ਨਾਲ ਸੁਣਨ। ਹੁਣ ਮੈਂ ਇੰਡਸਟਰੀ ਡਿਪਾਰਟਮੈਂਟ ਦੀ ਗਲ ਕਰਦਾ ਹਾਂ। ਇਸ ਵੇਲੇ ਸਾਰੇ ਪੰਜਾਬ ਵਿਚ ਇੰਡਸਟਰੀ ਨੇ ਕਾਫੀ ਤਰੱਕੀ ਕੀਤੀ ਹੈ। ਸਾਡੀ ਸਰਕਾਰ ਨੇ ਪੰਜਾਬ ਵਿਚ ਹੈਵੀ ਇੰਡਸਟਰੀ ਔਰ ਮੀਡੀਅਮ ਇੰਡਸਟਰੀ ਲਾਉਣ ਦਾ ਕਾਫੀ ਯਤਨ ਕੀਤਾ ਹੈ ਤਾਕਿ ਪੰਜਾਬ ਵਿਚੋਂ ਬੇਰੁਜ਼ਗਾਰੀ ਦੂਰ ਹੋ ਸਕੇ। ਇਸ ਤੋਂ ਇਲਾਵਾ ਵਰਕਰਜ਼ ਨੂੰ ਮਿਨੀਮਮ ਵੇਜਿਜ਼ ਚਾਹੇ ਉਹ ਇੰਡਸਟਰੀ ਦਾ ਹੈ ਜਾਂ ਐਗਰੀਕਲਚਰ ਦਾ ਉਸ ਦੇ ਮਿਨਿਮਮ ਵੇਜਿਜ਼ ਵਧਾਏ ਹਨ। ਅਨ-ਸਕਿਲਡ ਲੇਬਰਜ਼ ਦੇ ਮਿਨੀਮਮ ਵੇਜਿਜ਼ ਫਿਕਸ ਕੀਤੇ ਹਨ ਔਰ, ਫਿਰ ਸਿਰਫ ਇਹ ਮਿਨੀਮਮ ਵੇਜਿਜ਼ ਵਧਾਏ ਹੀ ਨਹੀਂ ਬਲਕਿ ਇਸ ਨੂੰ ਲਾਗੂ ਕਰਾਉਣ ਦਾ ਵੀ ਪੂਰਾ ਯਤਨ ਕੀਤਾ ਹੈ।(ਵਿਘਨ) ਚੇਅਰ-ਮੈਨ ਸਾਹਿਬ, ਜੱਥੇਦਾਰ ਸਾਹਿਬ, ਆਪ ਤਾਂ ਕਰਦੇ ਕੁਝ ਨਹੀਂ ਪਰ ਮੇਰੀ ਗੱਲ ਵੀ ਅੱਜ ਇਨ੍ਹਾਂ ਨੂੰ ਚੰਗੀ ਨਹੀਂ ਲਗਦੀ।

ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਇੰਪਲਾਈਜ਼ ਲਈ ਵੀ ਬੜਾ ਧਿਆਨ ਦਿੱਤਾ ਹੈ। ਸਾਡੀ ਸਰਕਾਰ ਨੇ ਇੰਪਲਾਈਜ਼ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਸਭ ਤੋਂ ਜ਼ਿਆਦਾ ਯਤਨ ਕੀਤਾ ਹੈ। ਪੰਜਾਬ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ]
ਦੇ ਇੰਪਲਾਈਜ਼ ਦੀਆਂ ਜਿੰਨੀਆਂ ਵੀ ਅਨਾਮਲੀਜ਼ ਸਨ ਉਸ ਵਿਚੋਂ 80 ਫੀ ਸਦੀ ਤਕਰੀਬਨ 1.96 ਲੱਖ ਇੰਪਲਾਈਜ਼ ਦੀਆਂ ਅਨਾਮਲੀਜ਼ ਦੂਰ ਕਰ ਦਿਤੀਆਂ ਹਨ ਔਰ ਮੈਂ ਉਮੀਦ ਕਰਦਾ ਹਾਂ ਕਿ ਜਿਨ੍ਹਾਂ ਇੰਪਲਾਈਜ਼ ਦੀਆਂ ਹਾਲੇ ਅਨਾਮਲੀਜ਼ ਰਹਿ ਗਈਆਂ ਹਨ ਉਨ੍ਹਾਂ ਲਈ ਵੀ ਜਲਦੀ ਤੋਂ ਜਲਦੀ ਮੀਟਿੰਗ ਕਰਕੇ ਬਾਕੀ ਦੇ ਜਿਹੜੇ ਇੰਪਲਾਈਜ਼ ਹਨ ਉਨ੍ਹਾਂ ਦੀਆਂ ਅਨਾਮਲੀਜ਼ ਵੀ ਦੂਰ ਕਰ ਦੇਣਗੇ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਚੌਥੇ ਦਰਜੇ ਦੇ ਮੁਲਾਜ਼ਮਾਂ ਵੱਲ ਬਹੁਤ ਧਿਆਨ ਦਿਤਾ ਹੈ। ਇਨ੍ਹਾਂ ਮੇਰੀ ਅਕਾਲੀ ਵੀਰਾਂ ਨੇ ਕਦੇ ਇਨ੍ਹਾਂ ਵੱਲ ਧਿਆਨ ਨਹੀਂ ਸੀ ਦਿਤਾ ਔਰ ਜਿਹੜੇ ਉਨ੍ਹਾਂ ਤੋਂ ਨਫ਼ਰਤ ਕਰਦੇ ਸਨ ਸਾਡੀ ਸਰਕਾਰ ਨੇ ਉਨ੍ਹਾਂ ਵੱਲ ਧਿਆਨ ਕਰਕੇ ਉਨ੍ਹਾਂ ਦਾ ਪੇ ਸਕੇਲ ਜਿਹੜਾ 300--430 ਸੀ ਉਨ੍ਹਾਂ ਨੂੰ ਸਿਲੈਕਸ਼ਨ ਗਰੇਡ ਦੇਕੇ 325--495 ਰੁਪਏ ਦਾ ਗਰੇਡ ਦੇ ਦਿਤਾ ਹੈ। ਸਰਕਾਰ ਨੇ ਕਲਾਸ ਫੋਰ ਇੰਪਲਾਈਜ਼ ਨੂੰ ਪੀਲੇ ਕਾਰਡ ਵਾਲੀਆਂ ਰਿਆਇਤਾਂ ਦਿਤੀਆਂ ਹਨ। ਇਸ ਤੋਂ ਇਲਾਵਾ ਸਰਕਾਰ ਨੇ ਕਰਮਚਾਰੀਆਂ ਨੂੰ 2 ਡੀ. ਏ. ਦੀਆਂ ਕਿਸ਼ਤਾਂ ਦਿਤੀਆਂ ਹਨ ਔਰ ਸਰਕਾਰ ਤੇ 16 ਕਰੋੜ ਰੁਪਏ ਦਾ ਬੋਝ ਪਿਆ ਹੈ ਔਰ ਪੈਨਸ਼ਨਰ ਨੂੰ ਰਿਲੀਫ ਦਿਤਾ ਹੈ, ਪੈਨਸ਼ਨ ਵਿਚ ਵਾਧਾ ਕੀਤਾ ਹੈ। ਜਿਥੇ ਪਹਿਲੇ ਸਰਕਾਰੀ ਇੰਪਲਾਈਜ਼ ਜਦੋਂ ਇਨਸਰਵਿਸ ਵਿਚ ਡੈਥ ਹੋ ਜਾਂਦੀ ਸੀ ਤਾਂ ਉਸ ਨੂੰ ਐਕਸ ਗਰੇਸ਼ੀਆਂ ਗਾਂਟ ਦਿੰਦੀ ਸੀ ਪਰ ਹੁਣ ਸਰਕਾਰ ਨੇ ਇਸ ਦੇ ਨਾਲ ਸੈਂਟਰਲ ਗੌਰਮਿੰਟ ਦੇ ਪੈਟਰਨ ਤੇ ਆਪਣੇ ਕਰਮਚਾਰੀਆਂ ਦੇ ਵਿਚ ਗਰੁੱਪ ਇਨਸ਼ੋਰੈਂਸ ਸਕੀਮ ਲਾਗੂ ਕੀਤੀ ਹੈ ਇਸ ਦੇ ਵਿਚ ਸਰਕਾਰ ਅਤੇ ਕਰਮਚਾਰੀ ਦੋਨੋ ਥੋੜ੍ਹਾ ਥੋੜ੍ਹਾ ਕੰਟਰੀਬਿਊਟ ਕਰਨਗੇ। ਇਸ ਦੇ ਨਾਲ ਸੈਂਸ ਆਫ ਸਕਿਉਰਿਟੀ ਕਾਇਮ ਹੋਵੇਗੀ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਪ੍ਰਾਈਵੇਟ ਸਕੂਲ ਅਤੇ ਕਾਲਜਿਜ਼ ਦੇ ਵਿਚ ਟੀਚਰਜ਼ ਅਤੇ ਨਾਨਟੀਚਿੰਗ ਸਟਾਫ ਵਾਸਤੇ ਵੀ ਪੈਨਸ਼ਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਇਸ ਨੂੰ ਦੇਣ ਵਿਚ ਸਰਕਾਰ ਤੇ ਥੋੜ੍ਹਾ ਜਿਹਾ ਬੋਝ ਪਵੇਗਾ। ਸਰਕਾਰ ਇਸ ਗੱਲ ਨੂੰ ਐਗਜ਼ਾਮਿਨ ਕਰਵਾ ਲਵੇ। ਪ੍ਰਾਈਵੇਟ ਸਕੂਲਾਂ ਅਤੇ ਕਾਲਜਿਜ਼ ਦੇ ਟੀਚਰਜ਼ ਨੂੰ ਇਹ ਆਪਸ਼ਨ ਹੋਣੀ ਚਾਹੀਦੀ ਹੈ ਕਿ ਉਹ ਆਪਣੇ ਜੀ.ਪੀ. ਫੰਡਜ਼ ਸਰਕਾਰ ਕੋਲ ਜਮ੍ਹਾਂ ਕਰਵਾ ਦੇਵੇ ਔਰ ਸਰਕਾਰ ਉਨ੍ਹਾਂ ਨੂੰ ਪੈਨਸ਼ਨ ਦਾ ਹਕਦਾਰ ਬਣਾ ਦੇਵੇ। ਇਸ ਦੇ ਨਾਲ ਸਰਕਾਰ ਕੋਲ 55 ਲੱਖ ਰੁਪਿਆ ਆਵੇਗਾ ਔਰ ਪੈਨਸ਼ਨ ਵਜੋਂ 1.20 ਕਰੋੜ ਰੁਪਿਆ ਦੇਣਾ ਪਵੇਗਾ। ਇਸ ਨੂੰ ਦਿੱਲੀ ਪੈਟਰਨ ਤੇ ਲਾਗੂ ਕਰ ਦਿਓ। ਸਰਕਾਰ ਨੂੰ 55 ਲੱਖ ਰੁਪਏ ਤੇ ਇੰਟ੍ਰਸਟ ਆਵੇਗਾ।

ਸਪੋਰਟ ਦੇ ਬਾਰੇ ਗੱਲ ਇਹ ਹੈ ਕਿ ਜਦੋਂ ਸਾਡੀ ਕੋਈ ਟੀਮ ਹਾਰ ਜਾਂਦੀ ਹੈ ਤਾਂ ਸਾਡੇ ਪੰਜਾਬੀ ਅਤੇ ਲੋਕ ਹਾਏ ਹਾਏ ਅਤੇ ਹੌਕੇ ਭਰਦੇ ਹਨ। ਸਾਡੀ ਸਰਕਾਰ ਨੇ ਜਿਹੜਾ ਰੁਪਿਆ ਇਸ ਵਾਸਤੇ ਰੱਖਿਆ ਹੈ ਉਹ ਬਹੁਤ ਹੀ ਥੋੜ੍ਹਾ ਹੈ। ਇਸ ਨੂੰ ਜ਼ਿਆਦਾ ਕਰਨ ਦੀ ਲੋੜ ਹੈ ਤਾਂ ਹੀ ਇਸ ਕੰਮ ਵਿਚ ਤਰੱਕੀ ਕਰਨ ਦੀ ਲੋੜ ਹੈ। ਇਹ ਅਮਾਊਂਟ ਤੁਹਾਡੀ ਸਰਕਾਰ ਨੇ ਜਿੰਨੀ ਰਖੀ ਸੀ ਉਸ ਨਾਲੋਂ ਦੁਗਣੀ ਹੈ। ਤੁਸੀਂ 23 ਲੱਖ ਰੱਖਿਆ ਸੀ ਔਰ ਇਨ੍ਹਾਂ ਨੇ 43 ਲੱਖ ਰੁਪਿਆ ਕਰ ਦਿੱਤਾ ਹੈ ਪਰ ਇਹ ਵੀ ਬਹੁਤ ਹੀ ਥੋੜ੍ਹਾ ਹੈ। ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਅਤੇ ਲੀਡਰ ਆਫ ਦੀ ਹਾਊਸ ਨੂੰ ਇਸ ਬਾਰੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਇਸ ਵਿਚ ਕਿਵੇਂ ਤਰੱਕੀ ਕੀਤੀ ਜਾ ਸਕਦੀ ਹੈ। ਮੈਂ ਕਹਾਂਗਾ ਕਿ ਇਸ ਕੰਮ ਲਈ ਸਰਕਾਰ ਨੂੰ ਇਕ ਫਲੋਟਿੰਗ ਫੰਡਜ਼ ਕਰੀਏਟ ਕਰ ਦੇਣਾ ਚਾਹੀਦਾ ਹੈ ਔਰ ਚਾਹੇ ਇਸ ਵਾਸਤੇ ਸਪੋਰਟ ਐਸਸ ਕਿਉਂ ਨਾ ਲਗਾਉਣਾ ਪਵੇ। ਇਹ ਭਾਵੇਂ ਇਕ ਰੁਪਏ ਜਾਂ ਦੋ ਰੁਪਏ ਪਰ ਹੋਵੇ ਕਿਸੇ ਆਈਟਮ ਤੇ ਲਗਾ ਦੇਣਾ ਚਾਹੀਦਾ ਹੈ ਔਰ ਇਸ ਨੂੰ ਸਪੋਰਟ ਦੇ ਪਰਪਜ਼ ਤੇ ਇਸਤੇਮਾਲ ਹੋਣਾ ਚਾਹੀਦਾ ਹੈ। ਬਾਦਲ ਸਾਹਿਬ ਕੋਲ ਕਾਫੀ ਪੈਸਾ ਹੈ ਉਹ ਹੀ ਆਪਣੇ ਕੋਲੋਂ ਇਸ ਕੰਮ ਵਾਸਤੇ ਪੈਸਾ ਖਰਚ ਕਰਨ। ਔਰ ਇਸ ਦੀ ਤਰੱਕੀ ਲਈ ਤਹਿਸੀਲ ਲੈਵਲਾਂ ਤੇ ਸਪੋਰਟ ਸਟੇਡੀਅਮ ਬਨਾਉਣੇ ਚਾਹੀਦੇ ਹਨ (ਤਾੜੀਆਂ) ਮੈਂ ਦੱਸਦਾ ਹਾਂ ਕਿ ਪੰਜਾਬ ਵਿਚ ਗੇਮਜ਼ ਹਾਕੀ ਹੈ ਔਰ ਅਥਲੈਟਿਕ

Original with;
Punjab Vidhan Sabha
Digitized by;
Panjab Digital Library

ਏਸ਼ੀਆ ਦੇ ਵਿਚ ਹੈ ਔਰ ਦੂਜੀਆਂ ਗੇਮਾਂ ਨੈਸ਼ਨਲ ਹਨ। ਪੰਜਾਬੀਆਂ ਨੇ ਇਸ ਦੇ ਵਿਚ ਕਾਫੀ ਇਨਾਮ ਜਿੱਤੇ ਹਨ। ਕਰਿਕਟ ਦੀ ਕੁਮੈਂਟਰੀ ਤੇ ਰਿਸਟ੍ਰਿਕਸ਼ਨ ਥੋੜ੍ਹੀ ਜਿਹੀ ਹੋਣੀ ਚਾਹੀਦੀ ਹੈ ਕਿਉਂਕਿ ਸਾਡੇ ਕਲੱਰਕ ਤੋਂ ਲੈ ਕੇ ਸੈਕਟਰੀ ਤੱਕ ਮੈਚ ਦੀ ਕੁਮੈਂਟਰੀ ਹੀ ਰੇਡੀਓ ਤੇ ਸੁਣਦੇ ਰਹਿੰਦੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਇਸ ਨੂੰ ਬਿਲਕੁਲ ਬੰਦ ਕਰ ਦਿੱਤਾ ਜਾਵੇ। ਮੈਨੂੰ ਪਤਾ ਹੈ ਕਿ ਧਾਰੀਵਾਲ ਦੀ ਇਕੱਲੀ ਟੀਮ ਇੰਡੀਆਂ ਦੇ ਵਿਚ ਇਕ ਟੀਮ ਸੀ ਜਿਹੜੀ ਏਸ਼ੀਆ ਦੇ ਵਿਚ ਵਾਲੀ-ਵਾਲ ਦਾ ਕੱਪ ਜਿੱਤ ਕੇ ਲਿਆਈ ਸੀ। ਸਾਡੇ ਪੰਜਾਬੀਆਂ ਦੇ ਵਿਚ ਪੁਟੈਂਸ਼ਅਲ ਹੈ। ਸਪੋਰਟਸ ਮਹਿਕਮੇ ਨੂੰ ਆਰਗੇਨਾਈਜ਼ ਕਰਨ ਦੀ ਲੋੜ ਹੈ। ਪੰਜਾਬ ਵਿਚ 4 ਟੀਮਾਂ ਬਣਾ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਪੰਜਾਬ ਵਿਚ ਟੂਰ ਕਰਨ ਅਤੇ ਖੇਡਾਂ ਕਰਦੀਆਂ ਰਹਿਣ। ਇਸ ਸਪੋਰਟ ਮਹਿਕਮੇ ਵੱਲ ਧਿਆਨ ਦੇਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਇਸ ਗੱਲ ਦੇ ਲਈ ਮੁਬਾਰਕਬਾਦ ਹੈ ਕਿ ਇਨ੍ਹਾਂ ਨੇ ਵਰਕ ਚਾਰਜ਼ਡ ਇੰਪਲਾਈਜ਼ ਤੇ ਗ੍ਰੈਚੂਇਟੀ ਦਾ ਅਸੂਲ ਲਾਗੂ ਕਰ ਦਿੱਤਾ ਹੈ। ਇਹ ਕੰਮ ਪਿਛਲੇ 34 ਸਾਲਾਂ ਦੇ ਵਿਚ ਕੋਈ ਸਰਕਾਰ ਨਹੀਂ ਕਰ ਸਕੀ ਸੀ। ਕਲਾਸ ਫੋਰ ਨੂੰ ਸਾਈਕਲ ਅਲਾਉਂਸ ਦਿੱਤਾ ਜਾ ਰਿਹਾ ਹੈ ਔਰ ਪੁਲਿਸ ਨੂੰ ਆਪੋਜ਼ੀਸ਼ਨ ਹਰ ਗੱਲ ਦੇ ਵਿਚ ਡੀਮਾਰੋਲਾਈਜ਼ ਕਰੀ ਜਾ ਰਹੀ ਹੈ। ਕੁਝ ਪ੍ਰੈਸ ਵਾਲਿਆਂ ਨੇ ਅਤੇ ਆਪੋਜ਼ੀਸ਼ਨ ਨੇ ਅਖਬਾਰਾਂ ਦੀ ਕਟਿੰਗ ਲੈ ਲੈ ਕੇ ਇਸ ਹਾਊਸ ਦੇ ਵਿਚ ਡੀਮਾਰਲਾਈਜ਼ ਕੀਤਾ ਹੈ। ਇਹ ਪੁਲਿਸ ਐਕਸਟਰੀਮਿਸ਼ਟਾਂ ਦੇ ਨਾਲ ਮੁਕਾਬਲਾ ਕਰ ਰਹੀ ਹੈ ਅਤੇ ਇਨ੍ਹਾਂ ਨੂੰ ਖਤਮ ਕਰ ਰਹੀ ਹੈ ਪਰ ਹੋ ਸਕਦਾ ਹੈ ਕਿ ਪੁਲਿਸ ਦੇ ਵਿਚ ਕੁਝ ਬੰਦੇ ਗੰਦੇ ਹੋਣ ਅਤੇ ਚੰਗੇ ਵੀ ਹੁੰਦੇ ਹਨ ਪਰ ਤੁਸੀਂ ਐਕਸਟਰੀਮਿਸਟਾਂ ਨੂੰ ਸ਼ਹਿ ਦੇ ਰਹੇ ਹੋ ਔਰ ਪੁਲਿਸ ਨੂੰ ਡੀਮਾਰੋਲਾਈਜ਼ ਕਰੀ ਜਾ ਰਹੇ ਹੋ। ਜਿਹੜੇ ਪੁਲਿਸ ਅਫਸਰਾਂ ਨੇ ਐਕਸਟਰੀਮਿਸਟਾਂ ਦੇ ਨਾਲ ਮੁਕਾਬਲਾ ਕੀਤਾ ਔਰ ਡੈਥ ਹੋ ਗਈਆਂ ਹਨ ਉਨ੍ਹਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਅਤੇ ਪੈਨਸ਼ਨਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਇਸ ਤੋਂ ਇਲਾਵਾ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਐਕਸਟਰੀਮਿਸਟਾਂ ਨੂੰ ਖ਼ਤਮ ਕੀਤਾ ਜਾਵੇਗਾ। (ਘੰਟੀ) ਇਸੇ ਤਰ੍ਹਾਂ ਅਸੀਂ ਮੈਡੀਕਲ ਕਾਲਜਿਜ਼ ਦੇ ਵਿਚ ਪੂਅਰ ਸਟੂਡੈਂਟਾਂ ਲਈ ਵਜ਼ੀਫੇ ਵੱਧਾ ਦਿੱਤੇ ਹਨ ਅਤੇ ਅਨਇੰਪ-ਲਾਇਮੈਂਟ ਅਲਾਊਂਸ ਨੂੰ ਵਧਾ ਦਿੱਤਾ ਗਿਆ ਹੈ। ਇਸ ਦੀ ਅਮਾਊਂਟ ਡਬਲ ਕਰ ਦਿੱਤੀ ਗਈ ਹੈ ਜਿਹੜੇ ਪਹਿਲੇ ਲੈ ਰਹੇ ਸਨ। ਇਸ ਦੀ ਪਰੋਵੀਜ਼ਨ ਬਜਟ ਦੇ ਵਿਚ ਕੀਤੀ ਗਈ ਹੈ।

ਚੇਅਰਮੈਨ ਸਾਹਿਬ, ਇਸ ਦੇ ਇਲਾਵਾ ਮੈਂ ਇੱਕ ਬੇਨਤੀ ਹੋਰ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਆਦਮੀ ਹਨ, ਉਹ ਟੈਕਸ ਨਹੀਂ ਦੇ ਸਕਦੇ ਔਰ ਜਿਹੜੇ ਅਮੀਰ ਹਨ, ਉਹ ਟੈਕਸ ਦੇਣ ਲਈ ਤਿਆਰ ਨਹੀਂ ਹਨ। ਜੇਕਰ ਥੋੜੀ ਜਿਹੀ ਉਨ੍ਹਾਂ ਨਾਲ ਗੱਲ ਕਰੋ ਤਾਂ ਗੱਲ ਪੈ ਜਾਂਦੇ ਹਨ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਕਨਫੀ-ਡੈਂਸ ਵਿਚ ਲੈ ਕੇ ਪੁੱਛੋ ਕਿ ਕਿਥੇ ਕਿਥੇ ਟਿਕਾਣੇ ਹਨ, ਜਿਥੇ ਅੰਬਾਰ ਲਗੇ ਹੋਏ ਹਨ। ਚੇਅਰਮੈਨ ਸਾਹਿਬ, ਤਾਂਕਿ ਦੇਸ਼ ਦਾ ਭਲਾ ਹੋ ਸਕੇ ਔਰ ਪੰਜਾਬ ਦਾ ਭਲਾ ਹੋ ਸਕੇ। (ਥੰਪਿੰਗ) ਚੇਅਰਮੈਨ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਚੇਅਰਮੈਨ ਸਾਹਿਬ, ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਔਰ ਬੈਠਦਾ ਹਾਂ।

**ਸ਼੍ਰੀ ਗੁਰਦਿਆਲ ਸੈਣੀ** (ਜਲੰਧਰ ਉੱਤਰੀ) : ਚੇਅਰਮੈਨ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਇਸ ਗਲ ਦੀ ਵਧਾਈ ਦਿੰਦਾ ਹਾਂ ਕਿ 260 ਕਰੋੜ ਰੁਪਏ ਦੀ ਯੋਜਨਾ ਤੋਂ 385 ਕਰੋੜ ਰੁਪਏ ਦੀ ਯੋਜਨਾ ਤਕ ਲਿਆਂਦਾ ਹੈ। ਇਹ ਅਕਲ ਅਤੇ ਦਾਨਸ਼ ਦੀ ਗੱਲ ਨਾਲ ਚੇਅਰਮੈਨ ਸਾਹਿਬ, ਬਜਟ ਪੇਸ਼ ਕੀਤਾ ਗਿਆ ਹੈ। ਜੇਕਰ ਪੰਜਾਬ ਦੇ ਲੋਕਾਂ ਨਾਲ ਬਜਟ ਬਾਰੇ ਗਲ ਕਰੋ ਤਾਂ ਪੰਜਾਬ ਦੇ ਲੋਕ

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]
ਕਹਿੰਦੇ ਹਨ ਕਿ ਇਹ ਬਜਟ ਬੜੀ ਸੂਝਬੂਝ ਦੇ ਨਾਲ ਤਿਆਰ ਕੀਤਾ ਗਿਆ ਹੈ। ਪਹਿਲੀ ਵਾਰ ਇਤਨਾ ਚੰਗਾ ਬਜਟ ਪੰਜਾਬ ਵਿਚ ਪੇਸ਼ ਹੋਇਆ ਹੈ। ਸਰਦਾਰ ਬਲਵੰਤ ਸਿੰਘ ਜੀ ਜਦੋਂ ਫਾਈਨਾਂਸ ਮਨਿਸਟਰ ਸਨ ਤਾਂ ਜਾਂਦੇ ਹੋਏ 70 ਕਰੋੜ ਰੁਪਏ ਦਾ ਘਾਟਾ ਛੱਡ ਕੇ ਗਏ ਸਨ। ਕੁਝ ਸਾਥੀ ਚੇਅਰ-ਮੈਨ ਸਾਹਿਬ, ਕਹਿ ਰਹੇ ਹਨ ਕਿ ਪਿਛਲੇ ਸਾਲ ਜੋ ਬਜਟ ਵਿਚ ਟੈਕਸ ਲਗਾਏ ਗਏ ਸੀ, ਉਹ ਵਾਪਿਸ ਲੈਣੇ ਪਏ ਹਨ। ਉਸ ਬਾਰੇ ਮੈਂ ਦਸਦਾ ਹਾਂ ਕਿ ਜੇਕਰ ਉਸ ਵੇਲੇ ਵੀ ਸੂਝ ਬੂਝ ਨਾਲ ਟੈਕਸ ਲਗਾਏ ਜਾਂਦੇ ਤਾਂ ਵਾਪਿਸ ਲੈਣ ਦੀ ਲੋੜ ਨਹੀਂ ਪੈਣੀ ਸੀ। (ਥੰਪਿੰਗ) ਜੋ ਚੇਅਰਮੈਨ ਸਾਹਿਬ, ਹੁਣ ਟੈਕਸ ਲਗਾਏ ਹਨ, ਉਸ ਨਾਲ ਮੈਂ ਸਹਿਮਤ ਹਾਂ। ਸਰਦਾਰ ਬਲਵੰਤ ਸਿੰਘ ਜੀ ਨੂੰ ਚਾਹੀਦਾ ਸੀ ਕਿ ਉਹ ਡਾਕਟਰ ਕੇਵਲ ਕ੍ਰਿਸ਼ਨ ਜੀ ਨੂੰ ਵਧਾਈ ਦਿੰਦੇ। ਜਿਨ੍ਹਾਂ ਨੇ 260 ਕਰੋੜ ਰੁਪਏ ਦੀ ਯੋਜਨਾ ਤੋਂ 385 ਕਰੋੜ ਰੁਪਏ ਤੇ ਲੈ ਆਉਂਦਾ ਹੈ। ਸਾਡੇ ਮੁੱਖ ਮੰਤਰੀ ਸਾਹਿਬ ਨੇ 189 ਕਰੋੜ ਰੁਪਏ ਪਾਵਰ ਦੀ ਸਪਲਾਈ ਵਾਸਤੇ ਰਖੇ ਸਨ। ਇਤਨੇ ਰੁਪਏ ਨਾਲ ਪੰਜਾਬ ਵਿਚ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇਗਾ। ਜਦੋਂ ਅਕਾਲੀ-ਜਨਤਾ ਸਰਕਾਰ ਸੀ ਤਾਂ ਭਾਖੜੇ ਵਿਚ ਪਾਣੀ ਨਹੀਂ ਸੀ ਰਿਹਾ। ਪਰ ਹੁਣ ਸਾਡੀ ਸਰਕਾਰ ਨੇ ਇਸ ਯੋਜਨਾ ਵਾਸਤੇ 189 ਕਰੋੜ ਰੁਪਏ ਰੱਖੇ ਹਨ। ਇਸ ਗੱਲ ਦੀ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ।

ਇਥੇ ਚੇਅਰਮੈਨ ਸਾਹਿਬ, ਲਾਅ ਐਂਡ ਆਰਡਰ ਦੀ ਗੱਲ ਕੀਤੀ ਗਈ ਹੈ। 1974-75 ਵਿਚ ਨੈਕਸੇਲਾਈਟ ਨੇ ਐਮ.ਐਲ.ਏਜ਼ ਨੂੰ ਮਾਰਨਾ ਸ਼ੁਰੂ ਕੀਤਾ ਅਤੇ ਚੰਗੇ ਆਦਮੀਆਂ ਨੂੰ ਮਾਰਨਾ ਸ਼ੁਰੂ ਕੀਤਾ ਸੀ। ਉਸ ਵੇਲੇ ਜਦੋਂ ਮੂਵਮੈਂਟ ਨੂੰ ਦਬਾਇਆ ਗਿਆ। (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, ਨੈਕਸੇਲਾਈਟਸ ਨੇ ਫਿਰ ਆਪਣਾ ਕੰਮ ਸ਼ੁਰੂ ਕੀਤਾ ਸੀ। ਪਰ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਸ ਗੱਲ ਨੂੰ ਦਬਾ ਦਿਤਾ। ਅੱਜ ਪੰਜ ਸਾਲ ਤੋਂ ਤਰਸੇਮ ਚੰਦ ਬਾਹਰ ਹੈ। ਉਹ ਸਾਡੇ ਇਲਾਕੇ ਦਾ ਰਹਿਣ ਵਾਲਾ ਹੈ। ਉਹ ਹਿੰਦੂ ਸੀ ਪਰ ਉਸ ਨੂੰ ਸਿੱਖ ਬਣਾ ਦਿਤਾ ਗਿਆ ਸੀ। ਇਹ ਸਭ ਕੁਝ ਅਕਾਲੀਆਂ ਨੇ ਕਰਵਾਇਆ ਸੀ। ਮੈਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਬੜੀ ਸਮਝਦਾਰੀ ਨਾਲ ਕੰਮ ਕੀਤਾ ਹੈ। ਪੰਜਾਬ ਦੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਠੀਕ ਕੀਤਾ ਹੈ। ਇਸ ਵੇਲੇ ਪੰਜਾਬ ਵਿਚ ਸ਼ਾਂਤੀ ਹੋ ਗਈ ਹੈ।

ਮਾਸਟਰ ਚੰਦ ਸਿੰਘ : ** ** **

**ਸ੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੁਰਦਿਆਲ ਸੈਣੀ** : ਚੇਅਰਮੈਨ ਸਾਹਿਬ, 7 ਸਾਲ ਬਾਅਦ ਇਨ੍ਹਾਂ ਨੇ ਦੋਬਾਰਾ ਮੂਵਮੈਂਟ ਸ਼ੁਰੂ ਕੀਤੀ ਸੀ। ਉਹ ਵੀ ਮੈਂ ਦੱਸ ਦਿੰਦਾ ਹਾਂ। ਆਸਾਮ, ਕੇਰਲਾ ਅਤੇ ਪੰਜਾਬ ਵਿਚ ਇਨ੍ਹਾਂ ਅਕਾਲੀਆਂ ਨੇ ਗੜ ਬੜ ਕਰਾਈ ਸੀ। ਮੈਂ ਸਰਦਾਰ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਗੜ ਬੜ ਨੂੰ ਰੋਕਿਆ ਹੈ। ਚੀਫ ਮਨਿਸਟਰ ਸਾਹਿਬ ਅਤੇ ਸਾਡੇ ਵਿੱਤ

**Expunged as ordered by the Chair

Original with;
Punjab Vidhan Sabha
Digitized by;
Panjab Digital Library

ਮੰਤਰੀ ਸਾਹਿਬ ਖੁਦ ਜਾ ਕੇ ਮਾਸੂਮ ਬੱਚਿਆਂ ਦੇ ਪਰਿਵਾਰਾਂ ਨੂੰ ਜਿਨ੍ਹਾਂ ਦੇ ਮਾਰੇ ਗਏ ਸਨ, ਉਨ੍ਹਾਂ ਨੂੰ ਦੱਸ, ਦੱਸ ਹਜ਼ਾਰ ਰੁਪਏ ਦਿਤੇ । ਤਿੰਨ ਚਾਰ ਲੱਖ ਰੁਪਿਆ ਇੱਕਠਾ ਕੀਤਾ ਗਿਆ। ਜਿਨ੍ਹਾਂ ਦੇ ਮਾਸੂਮ ਬੱਚੇ ਮਾਰੇ ਗਏ ਸਨ, ਉਨ੍ਹਾਂ ਨੂੰ ਪੈਸੇ ਦਿਤੇ । ਹੁਣ ਮੈਂ ਚੇਅਰਮੈਨ ਸਾਹਿਬ, ਆਨੰਦ ਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਤੇ ਆਉਣ ਲਗਾ ਹਾਂ । ਸਰਦਾਰ ਬਲਵੰਤ ਸਿੰਘ ਜੀ ਦੋ ਤਿੰਨ ਗੱਲਾਂ ਦਸਣੀਆਂ ਭੁੱਲ ਗਏ ਹਨ ਜੋ ਕਿ ਆਨੰਦਪੁਰ ਸਾਹਿਬ ਦੇ ਮਤੇ ਵਿਚ ਹਨ । ਚੇਅਰਮੈਨ ਸਾਹਿਬ, ਆਨੰਦਪੁਰ ਸਾਹਿਬ ਦਾ ਜੋ ਮਤਾ ਸੀ, ਉਸ ਵਿਚ ਲਿਖਿਆ ਹੈ ਕਿ ਆਪਣਾ ਵਿਧਾਨ ਬਣੇ, ਜੁਦਾ ਹੱਦ ਬੰਦੀ ਹੋਵੇ, ਜੁਦਾ ਝੰਡਾ ਹੋਵੇ, ਜੁਦਾ ਨਿਸ਼ਾਨ ਆਪਣਾ ਹੋਵੇ। ਇਸ ਤਰ੍ਹਾਂ ਚੇਅਰਮੈਨ ਸਾਹਿਬ, ਇਹ ਅਕਾਲੀ ਮਾਰੇ ਖਾਲਿਸਤਾਨ ਦੀ ਮੰਗ ਕਰਦੇ ਹਨ । ਇਹ ਸਾਰੇ ਇਸ ਗੱਲ ਤੇ ਅਕਾਲੀ ਮਿਲੇ ਹੋਏ ਹਨ । ਮੈਂ ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਜਿਨ੍ਹਾਂ ਨੇ ਇੰਡਸਟਰੀਜ਼ ਵਾਸਤੇ ਬਹੁਤ ਪੈਸਾ ਰਖਿਆ ਹੈ । ਜਿਸ ਤਰ੍ਹਾਂ ਕਿਸਾਨ ਪੰਜਾਬ ਦੀ ਰੀੜ ਦੀ ਹੱਡੀ ਹਨ, ਉਸੇ ਤਰ੍ਹਾਂ ਇੰਡਸਟਰੀ ਵੀ ਪੰਜਾਬ ਦੀ ਰੀੜ ਦੀ ਹੱਡੀ ਹੁੰਦੀ ਹੈ । 189 ਕਰੋੜ ਸਿਰਫ ਇਨ੍ਹਾਂ ਨੇ ਪਾਵਰ ਵਾਸਤੇ ਰੱਖਿਆ ਹੈ। ਅਗਰ ਪਾਵਰ ਆਏਗੀ ਤਾਂ ਹੀ ਇੰਡਸਟਰੀਜ਼ ਵਧੇਗੀ ਔਰ ਖੇਤੀ ਬਾੜੀ ਦੀ ਤਰੱਕੀ ਹੋਏਗੀ । ਅਕਾਲੀਆਂ ਦੀ ਸਰਕਾਰ ਵੇਲੇ ਚਾਹੇ ਕਿਸੇ ਦੀ 5 ਲੱਖ ਦੀ ਸੇਲ ਹੋਵੇ ਚਾਹੇ ਕਿਸੇ ਦੀ 5 ਕਰੋੜ ਦੀ ਸੇਲ ਹੋਵੇ ਹਰ ਇਕ ਨੂੰ ਇੱਕ ਜੈਸਾ ਕੋਲਾ ਦਿਤਾ ਜਾਂਦਾ ਸੀ । ਇਸ ਤਰ੍ਹਾਂ ਹੀ ਆਇਲ ਮਿੱਲਾਂ ਨਾਲ ਹੋਇਆ । ਪਰ ਚਾਹੀਦਾ ਇਹ ਹੈ ਕਿ ਜਿਸ ਕਿਸੇ ਦਾ ਕੋਲੇ ਦਾ ਖਰਚ ਹੋਵੇ ਉਸ ਹਿਸਾਬ ਨਾਲ ਉਸ ਮਿਲ ਨੂੰ ਕੋਲਾ ਮਿਲਣਾ ਚਾਹੀਦਾ ਹੈ। ਪਾਂਧੀ ਸਾਹਿਬ ਨੇ ਗੋਬਿੰਦਗੜ੍ਹਮੰਡੀ ਵਿਖੇ ਕੋਲੇ ਦੇ ਰੈਕਸ ਬਾਰੇ ਕਿਹਾ ਸੀ (ਵਿਘਨ) ਅਕਾਲੀ ਸਰਕਾਰ ਵੇਲੇ ਕੋਲੇ ਦੀ ਕਿੰਨੀ ਸ਼ਾਰਟੇਜ ਸੀ। ਪਰ ਸਾਡੀ ਸਰਕਾਰ ਨੇ ਕੋਲਾ ਲਿਆਉਣ ਦੀ ਖੁਲ੍ਹ ਦੇ ਦਿਤੀ ਜਿਸ ਨਾਲ ਪੰਜਾਬ ਵਿਚ ਕਿੰਨ੍ਹਾ ਕੋਲਾ ਆਇਆ । ਜੋ ਪਾਂਧੀ ਸਾਹਿਬ ਨੇ ਕਿਹਾ ਹੈ ਇਹ ਪਟਿਆਲੇ ਦੇ ਇਕ ਅਖਬਾਰ ਵਾਲੇ ਨਾਲ ਮਿਲੇ ਹੋਏ ਹਨ ਅਤੇ ਅਖਬਾਰ ਵਿਚ ਕਢੱਵਾ ਦਿੰਦੇ ਹਨ। 6 ਗੱਡੀਆਂ ਉਥੇ ਪਈਆਂ ਸਨ ਔਰ ਕੋਈ ਉਸ ਨੂੰ ਚੁਕਣ ਨੂੰ ਤਿਆਰ ਨਹੀਂ ਸੀ। ਇਸ ਬਾਰੇ ਇਨਕੁਆਇਰੀ ਕਰੋ ਔਰ ਜੇਕਰ ਕੋਈ ਜ਼ਿਆਦਤੀ ਸਾਡੀ ਸਰਕਾਰ ਵੇਲੇ ਹੋਈ ਹੋਵੇ ਤਾਂ ਅਸੀਂ ਉਸ ਲਈ ਜ਼ਿੰਮੇਵਾਰ ਹਾਂ। ਕੋਲਾ ਸਾਡੇ ਵੇਲੇ ਇੱਕ ਪੈਸੇ ਦਾ ਬਲੈਕ ਵਿਚ ਨਹੀਂ ਵਿਕਿਆ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ੍ਰੀ ਸਭਾਪਤੀ** । ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਗੁਰਦਿਆਲ ਸੈਣੀ** : ਮੈਂਬਰ ਸਾਹਿਬ ਪੜ੍ਹੇ ਲਿਖੇ ਹਨ । ਇਹ ਆਪਣੇ ਆਪ ਨੂੰ ਐਲ. ਐਲ. ਬੀ. ਕਹਿੰਦੇ ਹਨ । ਇਥੇ ਇੱਕ ਸ੍ਰੀ ਅਮਰ ਨਾਥ ਸ਼ਾਸਤਰੀ ਵੀ ਆਪਣੇ ਆਪ ਨੂੰ ਪੜ੍ਹਿਆ ਲਿਖਿਆ ਕਹਿੰਦਾ ਸੀ ਔਰ ਉਸ ਨੂੰ ਡਾਇਰੈਕਟਰ ਲਗਾਇਆ ਸੀ। ਪਰ ਵੈਰੀਫਿਕੇਸ਼ਨ ਕਰਨ ਤੇ ਪਤਾ ਲਗਿਆ ਕਿ ਉਸ ਕੋਲ ਅਸਲੀ ਡਿਪਲੋਮਾ ਨਹੀਂ ਸੀ । ਇਸ ਤਰ੍ਹਾਂ ਇਨ੍ਹਾਂ ਦੀ ਐਲ. ਐਲ. ਬੀ. ਬਾਰੇ ਵੀ ਪਤਾ ਕਰ ਲੈਣਾ ਚਾਹੀਦਾ ਹੈ ਕਿ ਕਿਤੇ ਇਹ ਵੀ ਗਲਤ ਨਾ ਹੋਵੇ । ਮੈਂ ਰੈਕ ਦੀ ਗੱਲ ਕਰ ਰਿਹਾ ਹਾਂ ਔਰ ਮੈਂ ਰੈਪ ਦੀ ਗਲ ਨਹੀਂ ਕਰ ਰਿਹਾ (ਵਿਘਨ) ਇਸ ਸਾਲ ਵਿਚ ਕਾਫੀ ਕੋਲਾ ਮੰਗਵਾਇਆ ਗਿਆ ਹੈ ਜਿਸ ਕਰ ਕੇ ਮੈਂ ਸਰਕਾਰ ਨੂੰ ਵਧਾਈ ਦਿੰਦਾ ਹਾਂ । ਪਰ ਇਹ ਹੋਰ ਵੀ ਅੱਛਾ ਹੋਵੇ ਜੇਕਰ ਕਲਕੱਤਾ ਵਿਖੇ ਇਕ ਲਾਇਜ਼ਨ ਅਫਸਰ ਮੁਕਰਰ ਕੀਤਾ ਜਾਏ । ਇਸ ਤਰ੍ਹਾਂ ਕਰਨ ਨਾਲ ਪੰਜਾਬ ਵਿਚ ਕੋਲਾ ਹੋਰ ਜ਼ਿਆਦਾ ਆ ਸਕਦਾ ਹੈ। ਪਿਛਲੇ ਸਾਲ ਵਿਚ 9%

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਕੋਲਾ ਆਇਆ ਜਦ ਕਿ ਇਨ੍ਹਾਂ ਦੇ ਵੇਲੇ ਸਿਰਫ 2% ਕੋਲਾ ਆਇਆ ਸੀ। ਮੇਰੀ ਸੁਜੈਸ਼ਨ ਹੈ ਕਿ ਇਕ ਲਾਇਜ਼ਨ ਅਫਸਰ ਕਲਕੱਤੇ ਵਿਖੇ ਲਗਾਉਣਾ ਚਾਹੀਦਾ ਹੈ ਜਿਸ ਨਾਲ ਪੰਜਾਬ ਵਿਚ ਜ਼ਿਆਦਾ ਕੋਲਾ ਆਏਗਾ ਔਰ ਇਥੇ ਦੀ ਇੰਡਸਟਰੀ ਵਿਚ ਵਾਧਾ ਹੋਏਗਾ।

ਇਥੇ ਜੋ ਪੀਲੇ ਕਾਰਡ ਦਿਤੇ ਗਏ ਹਨ, ਇਸ ਲਈ ਸਰਦਾਰ ਬਲਵੰਤ ਸਿੰਘ ਨੂੰ ਵਧਾਈ ਦੇਣੀ ਚਾਹੀਦੀ ਸੀ। ਪਰ ਮੈਨੂੰ ਅਫਸੋਸ ਹੈ ਕਿ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ। ਪੰਜਾਬ ਸਰਕਾਰ ਨੇ ਪਹਿਲੀ ਵਾਰੀ ਇਹ ਪੀਲੇ ਕਾਰਡ ਦਾ ਸਿਸਟਮ ਜਾਰੀ ਕੀਤਾ ਹੈ ਜਿਹੜਾ ਕਿ ਸਾਰੇ ਹਿੰਦੋਸਤਾਨ ਵਿਚ ਹੋਰ ਕਿਸੇ ਸਟੇਟ ਵਿਚ ਨਹੀਂ ਹੈ। ਫਿਰ ਇਨ੍ਹਾਂ ਨੇ ਕਿਹਾ ਕਿ ਇਸ ਲਈ ਰੇਟ ਵਧਾਈ ਜਾਏ, ਜੋ ਕਿ ਵਧਾਈ ਗਈ। ਇਹ ਤਾਂ ਹੀ ਇਨ੍ਹਾ ਨੇ ਕਿਹਾ ਜੇਕਰ ਇਨ੍ਹਾਂ ਨੂੰ ਇਹ ਸਕੀਮ ਚੰਗੀ ਲਗੀ। ਇਸ ਵੇਲੇ ਇਹ ਪੀਲੇ ਕਾਰਡ ਉਨ੍ਹਾਂ ਨੂੰ ਦਿਤੇ ਜਾਂਦੇ ਹਨ ਜਿਨ੍ਹਾਂ ਦੀ ਆਮਦਨ 300 ਰੁਪਏ ਮਹੀਨਾ ਤੱਕ ਹੈ। ਪਰ ਮੇਰੀ ਇਸ ਸਬੰਧੀ ਸੁਜੈਸ਼ਨ ਹੈ ਕਿ ਇਹ ਆਮਦਨ 300 ਰੁਪਏ ਤੋਂ ਵਧਾ ਕੇ 500 ਰੁਪਏ ਮਹੀਨਾ ਕਰ ਦੇਣੀ ਚਾਹੀਦੀ ਹੈ। ਇਸ ਹਿਸਾਬ ਨਾਲ ਪੀਲੇ ਕਾਰਡ ਮਿਲਣੇ ਚਾਹੀਦੇ ਹਨ।

ਹੋਮਲੈਸ ਲਈ ਮਕਾਨ ਬਣਾ ਕੇ ਦੇਣੇ, ਇਹ ਬੜੀ ਅੱਛੀ ਸਕੀਮ ਹੈ। ਇਸ ਲਈ ਚੌਧਰੀ ਜਗਤ ਰਾਮ ਜੀ ਅਤੇ ਆਪਣੀ ਸਰਕਾਰ ਨੂੰ ਮੈਂ ਵਧਾਈ ਦਿੰਦਾ ਹਾਂ। ਕੇ. ਪੀ. ਸਾਹਿਬ ਰੀਹੈਬਲੀਟੇਸ਼ਨ ਦੇ ਮਨਿਸਟਰ ਹਨ। ਇਨ੍ਹਾਂ ਨੇ ਮੇਰਾ ਸਾਰਾ ਇਲਾਕਾ ਦੇਖਿਆ ਹੈ। ਉਥੇ ਅਜਾਇਬ ਨਗਰ, ਬਲਦੇਵ ਨਗਰ ਔਰ ਸਾਈ ਪੁਰ ਵਿਖੇ 1977 ਤੋਂ ਪਹਿਲਾਂ ਦੇ ਲੋਕ ਬੈਠੇ ਹਨ। ਮੇਰੀ ਮੰਗ ਹੈ ਕਿ ਇਨ੍ਹਾਂ ਗਰੀਬ ਆਦਮੀਆਂ ਨੂੰ ਜੋ ਕਿ 1977 ਤੋਂ ਪਹਿਲਾਂ ਦੇ ਬੈਠੇ ਹਨ ਉਨ੍ਹਾਂ ਨੂੰ ਉਜਾੜਿਆ ਨਾ ਜਾਏ ਔਰ ਉਥੇ ਹੀ ਬੈਠੇ ਰਹਿਣ ਦਿਤਾ ਜਾਏ। ਮੇਰੇ ਇਲਾਕੇ ਵਿਚ 1973 ਵਿਚ 567 ਮਕਾਨ ਭਗਤ ਸਿੰਘ ਕਾਲੋਨੀ ਵਿਚ ਬਣਾਏ ਸਨ। ਉਹ ਦੋ ਦੋ ਮਰਲੇ ਦੇ ਮਕਾਨ ਹਨ ਔਰ ਉਥੇ ਫਲੱਸ਼ ਲਗਿਆ ਹੋਇਆ ਹੈ। ਉਨ੍ਹਾਂ ਨੇ ਇਹ ਮਕਾਨ 13,000 ਰੁਪਏ ਵਿਚ ਲਏ ਸੀ। ਇਹ ਮਕਾਨ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ। ਇਹ ਸਾਡੀ ਸਰਕਾਰ ਵੇਲੇ ਹੋਇਆ ਸੀ ਜੋ ਕਿ ਜਨਤਾ ਬਾਅਦ ਇਨ੍ਹਾਂ ਦੀ ਸਰਕਾਰ ਨੇ ਆ ਕੇ ਉਥੇ ਅਨ ਆਥੋਰਾਈਜ਼ਡ ਬੰਦੇ ਲੈ ਆਂਦੇ ਔਰ ਜੋ ਸਾਡੇ ਬੰਦੇ ਸਨ ਉਨ੍ਹਾਂ ਦੀਆਂ ਅਲਾਟਮੈਂਟਸ ਕੈਂਸਲ ਕਰ ਦਿਤੀਆਂ। ਮੇਰੀ ਮੰਗ ਹੈ ਕਿ ਜਿਹੜੇ ਚਾਰ ਸਾਲ ਤੋਂ ਉਨ੍ਹਾਂ ਮਕਾਨਾਂ ਵਿਚ ਬੈਠੇ ਹਨ ਔਰ ਅੰਡਰ ਰੂਲਜ਼ ਪੈਸੇ ਦੇਣ ਨੂੰ ਤਿਆਰ ਹਨ ਉਨ੍ਹਾਂ ਨੂੰ ਉਥੇ ਬੈਠੇ ਰਹਿਣ ਦੇਣਾ ਚਾਹੀਦਾ ਹੈ।

ਹਰੀਜਨ ਬਸਤੀ ਸੁਧਾਰ ਸਕੀਮ ਅਧੀਨ ਇਹ ਮੰਨਦੇ ਹਨ ਕਿ ਰੰਧਾਵਾ ਸਾਹਿਬ ਨੇ ਬਹੁਤ ਅੱਛਾ ਕੰਮ ਕੀਤਾ। ਇਹ ਸਕੀਮ ਪਿੰਡਾਂ ਵਿਚ ਹੈ। ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਹਰੀਜਨ ਬਸਤੀ ਸੁਧਾਰ ਸਕੀਮ ਸ਼ਹਿਰਾਂ ਵਿਚ ਵੀ ਲਾਗੂ ਕੀਤੀ ਜਾਏ। ਸ਼ਹਿਰਾਂ ਦੀਆਂ ਹਰੀਜਨ ਬਸਤੀਆਂ ਵਿਚ ਵੀ ਅੱਛੇ ਮਕਾਨ ਬਣਾਉਣੇ ਚਾਹੀਦੇ ਹਨ। ਇਸ ਸਕੀਮ ਲਈ ਸ਼ਹਿਰਾਂ ਨੂੰ ਇਗਨੋਰ ਨਹੀਂ ਕਰਨਾ ਚਾਹੀਦਾ। ਸ਼ਹਿਰਾਂ ਦੇ ਹਰੀਜਨ ਵੀ ਆਪਣੇ ਪੈਰਾਂ ਤੇ ਖੜ੍ਹੇ ਹੋਣੇ ਚਾਹੀਦੇ ਹਨ। ਇਨ੍ਹਾਂ ਵੇਲੇ ਜਲੰਧਰ ਦੀ ਕਾਰਪੋਰੇਸ਼ਨ ਨੂੰ ਟੁੱਟੀ ਭੱਜੀ ਟਰਾਂਸਪੋਰਟ ਦੇ ਦਿਤੀ। ਉਹ ਕਾਰਪੋਰੇਸ਼ਨ ਨੂੰ 3 ਲੱਖ ਦਾ ਘਾਟਾ ਪੈ ਰਿਹਾ ਸੀ। ਇਹ ਪੈਸੇ ਉਸ ਨੂੰ ਸਰਕਾਰ ਨੂੰ ਦੇਣੇ ਚਾਹੀਦੇ ਹਨ। ਹੁਣ ਸ਼ਰਾਬ ਲਈ ਚੁੰਗੀ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਲੈਂਦਾ ਹੈ ਜਦ ਕਿ ਪਹਿਲਾਂ ਇਹ ਲੋਨ-ਕਾਰਪੋਰੇਸ਼ਨ ਨੂੰ ਜਾਂਦਾ ਸੀ। ਮੇਰੀ ਵਿੱਤ ਮੰਤਰੀ ਜੀ ਅੱਗੇ ਇਹ ਮੰਗ ਹੈ ਕਿ ਇਸ ਟੈਕਸ ਵਿਚੋਂ ਜੋ ਵੀ ਹਿਸਾ

Original with;
Punjab Vidhan Sabha
Digitized by;
Panjab Digital Library

ਬਣਦਾ ਹੈ ਉਹ ਕਾਰਪੋਰੇਸਨ ਨੂੰ ਦੇਣਾ ਚਾਹੀਦਾ ਹੈ ਤਾਕਿ ਕਾਰਪੋਰੇਸ਼ਨ ਦੇ ਕੰਮ ਵੀ ਠੀਕ ਢੰਗ ਨਾਲ ਹੋ ਸਕਣ ।

ਸਾਡੀ ਸਰਕਾਰ ਬਣਨ ਤੋਂ ਪਹਿਲਾਂ ਇਹ ਕਿਹਾ ਗਿਆ ਸੀ ਕਿ ਦਸ ਮਰਲੇ ਮਕਾਨ ਦਾ ਹਾਊਸ ਟੈਕਸ ਮੁਆਫ ਕੀਤਾ ਜਾਏਗਾ । ਇਹ ਵੀ ਹੋਣਾ ਚਾਹੀਦਾ ਹੈ। ਬਾਕੀ ਸੀਵਰੇਜ ਦੀ ਸਕੀਮ ਸਰਦਾਰ ਬਲਵੰਤ ਸਿੰਘ, ਇਨ੍ਹਾਂ ਵੇਲੇ ਵਰਲਡ ਬੈਂਕ ਤੋਂ ਕਰਜ਼ਾ ਲਿਆ ਗਿਆ ਸੀ ਔਰ ਐਗਰੀਮੈਂਟ ਕੀਤਾ ਗਿਆ ਸੀ । ਇਨ੍ਹਾਂ ਨੇ ਕੀਤਾ ਕਿ ਜਿੰਨਾ ਵਾਟਰ ਸਪਲਾਈ ਦਾ ਬਿਲ ਹੋਵੇਗਾ ਉਨ੍ਹਾਂ ਹੀ ਸੀਵਰੇਜ ਦਾ ਬਿਲ ਹੋਵੇਗਾ । ਸਾਡੀ ਸਰਕਾਰ ਵੇਲੇ ਪਹਿਲਾਂ 36 ਰੁਪਏ ਸੀਵਰੇਜ ਟੈਕਸ ਦਾ ਦਿੰਦੇ ਸੀ । ਪਰ ਅਕਾਲੀ ਸਰਕਾਰ ਵੇਲੇ ਇਹ 300 ਰੁਪਿਆ ਬਤੌਰ ਸੀਵਰੇਜ ਟੈਕਸ ਦੇਣਾ ਪੈਂਦਾ ਹੈ । ਇਸ ਨੂੰ ਦੁਬਾਰਾ ਦੇਣਾ ਚਾਹੀਦਾ ਹੈ ਅਤੇ ਇਸ ਵਿਚ ਸੋਧ ਕਰਨੀ ਚਾਹੀਦੀ ਹੈ । (ਵਿਘਨ)

**Mr. Chairman :** The House stands *adjourned till 9.00 A. M. on Tuesday, the 16th March, 1982.

*6.30 P.M. (*The Sabha then adjourned till* 9.00 *A.M. on Tuesday, the* 16*th March,* 1982.)

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## APPENDIX

## TO

## PUNJAB VIDHAN SABHA DEBATES

**Dated 15th March, 1982**

*Vol. IV—No.* 11

## STARRED QUESTIONS AND ANSWERS

### Primary Schools in District Jullundur

***1386 Comrade Sarwan Singh Cheema :** Will the Minister for Education be pleased to state :—

(a) the number of villages in District Jullundur which are without Primary Schools at present ;

(b) the number of Primary Schools which are without buildings in the said district at present ;

(c) the number of Primary Schools for which the buildings were constructed during the year 1981 togetherwith the number of those schools for which buildings are still to be constructed and the time by which those are likely to be constructed in the said district ?

ਸਰਦਾਰ ਹਰਚਰਨ ਸਿੰਘ ਅਜਨਾਲਾ : (ੳ) 79

(ਅ) 116

(ੲ) 21

(ਸ) 116

ਇਮਾਰਤਾਂ ਦੇ ਸਮੇਂ ਦੀ ਮਿਆਦ ਪੰਚਾਇਤਾਂ ਵਲੋਂ ਜ਼ਮੀਨ ਦੇਣ ਅਤੇ ਸਰਕਾਰੀ ਫੰਡਾਂ ਦੀ ਉਪਲਭਤਾ ਤੇ ਨਿਰਭਰ ਹੈ ।

---

### SELECT LIST

***1391 Sardar Baldev Singh Mann :** Will the Minister for Agriculture and Irrigation be pleased to lay on the Table of the House a copy of each Select List prepared by the Government, Department of Irrigation Branch in accordance with the provisions of Sub-Rule (5) of Rule 8 of PSE Class I, P.W.D., Irrigation Branch Rules, 1964 for purpose of promotion of P.S.E. Class-II officers holding cadre and Ex-cadre posts in the P.W.D., Irrigation Branch to P.S.E. Class-I to the post of Executive Engineers for each year from 1960 to 1981 to fill up the posts falling vacant in any particular year together with a copy of the final seniority list of P.S.E. Class-II Officers according to Rule 9 of P.S.E. Class-II (P.W.D. I.B.) Rules, 1941 followed by the Government for preparation of Select Lists from the year 1960 to 1981 ?

Original with;
Punjab Vidhan Sabha
Digitized by;
Panjab Digital Library

**ਚੌਧਰੀ ਕਾਂਸੀ ਰਾਮ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

ਸੂਚਨਾ

3 ਜੁਲਾਈ, 1964 ਤੋਂ ਪਹਿਲਾਂ ਪੰਜਾਬ ਇੰਜੀਨੀਅਰਜ਼ ਸਰਵਿਸ ਕਲਾਸ 1, ਲੋਕ ਨਿਰ- ਮਾਨ ਵਿਭਾਗ (ਸਿੰਚਾਈ ਸ਼ਾਖਾ) ਸੇਵਾ ਨਿਯਮ, 1956 ਲਾਗੂ ਸਨ। ਇਨ੍ਹਾਂ ਨਿਯਮਾਂ ਵਿਚ ਕਲਾਸ 2 ਸੇਵਾ ਤੋਂ ਪੰਜਾਬ ਸਰਵਿਸ ਆਫ ਇੰਜੀਨੀਅਰਜ਼ ਕਲਾਸ 1 ਵਿਚ ਤਰੱਕੀ ਲਈ ਅਫਸਰਾਂ ਦੀ ਸਕਰੀਨਿੰਗ ਕਰਨ ਦਾ ਕੋਈ ਉਪਬੰਧ ਨਹੀਂ ਸੀ।

ਪੰਜਾਬ ਸਰਵਿਸ ਆਫ ਇੰਜੀਨੀਅਰਜ਼, ਲੋਕ ਨਿਰਮਾਣ ਵਿਭਾਗ (ਸਿੰਚਾਈ ਸ਼ਾਖਾ) ਨਿਯਮ, 1964 ਦੇ ਨਿਯਮ 8 ਅਧੀਨ ਸਕਰੀਨਿੰਗ ਪਹਿਲੀ ਵਾਰ ਲਾਗੂ ਕੀਤੀ ਗਈ ਸੀ ਅਤੇ ਪੰਜਾਬ ਸਰਵਿਸ ਆਫ ਇੰਜਨੀਅਰਜ਼ ਕਲਾਸ 1 ਵਿੱਚ ਤਰੱਕੀ ਲਈ ਸਾਲ 1967, 1970, 1972 ਅਤੇ 1978 ਦੇ ਮਹੀਨਾ ਜਨਵਰੀ ਦੀ ਪਹਿਲੀ ਮਿਤੀ ਤਕ ਉਨ੍ਹਾਂ ਦੇ ਸੇਵਾ ਰਿਕਾਰਡ ਦੇ ਆਧਾਰ ਤੇ ਅਫਸਰਾਂ ਦੀ ਸਕਰੀਨਿੰਗ ਕੀਤੀ ਗਈ ਹੈ। ਪੰਜਾਬ ਇੰਜੀਨੀਅਰਜ਼ ਸੇਵਾ, ਕਲਾਸ 2 ਅਫਸਰਾਂ ਤੋਂ ਇਲਾਵਾ ਆਰਜ਼ੀ ਇੰਜੀਨੀਅਰ ਵੀ ਪੰਜਾਬ ਸਰਵਿਸ ਆਫ ਇੰਜੀਨੀਅਰਜ਼ ਕਲਾਸ 1 ਵਿਚ ਸਿੱਧੇ ਤਰੱਕੀ ਯੋਗ ਸਨ। ਇਸ ਲਈ ਇਨ੍ਹਾਂ ਦੋਵੇਂ ਵਖਰੇ ਵਰਗਾਂ ਦੇ ਅਫਸਰਾਂ ਦੀ ਸਾਂਝੀ ਸੀਨੀਆਰਤਾ ਸੂਚੀ ਨਹੀਂ ਬਣਾਈ ਗਈ ਸੀ ਜੋ ਕਿ ਪੰਜਾਬ ਸਰਵਿਸ ਆਫ ਇੰਜੀਨੀਅਰਜ਼ ਕਲਾਸ 1 ਵਿੱਚ ਤਰੱਕੀ ਲਈ ਸਿਲੈਕਟ ਲਿਸਟ ਤਿਆਰ ਕਰਨ ਵਾਸਤੇ ਆਧਾਰ ਬਣਦੀ ਹੋਵੇ। ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਪਦ- ਵਾਨਿਤ ਸਾਲ 1967, 1970 ਅਤੇ 1972 ਦੀਆਂ ਸਿਲੈਕਟ ਲਿਸਟਾਂ ਅਨੁਲਗ 'ੲ', 'ਬੀ', 'ਸੀ' ਤੇ ਹਨ। 1 ਜਨਵਰੀ, 1978 ਨੂੰ ਸੇਵਾ ਰਿਕਾਰਡ ਦੇ ਆਧਾਰ ਤੇ ਜਿਹੜੇ ਅਫਸਰ ਪੰਜਾਬ ਸਰਵਿਸ ਆਫ ਇੰਜੀਨੀਅਰਜ਼ ਕਲਾਸ 1 ਵਿਚ ਤਰੱਕੀ ਲਈ ਯੋਗ ਸਨ, ਉਨ੍ਹਾਂ ਦੀ ਸੂਚੀ ਦੀ ਪ੍ਰਵਾਨਗੀ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਜੁਲਾਈ, 1981 ਵਿਚ ਪ੍ਰਾਪਤ ਹੋਈ। ਕੁਲ 338 ਅਫਸਰਾਂ ਨੂੰ ਫਿਟ ਕਰਾਰ ਦਿਤਾ ਗਿਆ ਸੀ। ਇਨ੍ਹਾਂ ਵਿਚੋਂ 243 ਅਫਸਰਾਂ ਨੂੰ ਕਾਰਜਕਾਰੀ ਇੰਜੀਨੀਅਰਜ਼ ਦੇ ਤਨਖਾਹ ਸਕੇਲ ਵਿੱਚ ਪਹਿਲਾਂ ਤਰੱਕੀ ਦਿੱਤੀ ਜਾ ਚੁਕੀ ਹੈ। ਇਨ੍ਹਾਂ ਦੇ ਨਾਵਾਂ ਦੀ ਸੂਚੀ ਅਨੁਲਗ 'ਡੀ' ਤੇ ਹੈ। ਬਾਕੀ 95 ਅਫਸਰਾਂ ਨੂੰ ਜਦੋਂ ਆਸਾਮੀਆਂ ਉਪਲਬਧ ਹੋਣਗੀਆਂ, ਤਰੱਕੀ ਲਈ ਵਿਚਾਰ ਲਿਆ ਜਾਵੇਗਾ। ਇਸ ਸਮੇਂ ਉਨ੍ਹਾਂ ਦੇ ਨਾਵਾਂ ਦਾ ਵੇਰਵਾ ਸਦਨ ਵਿਚ ਦਸਣਾ ਲੋਕ ਹਿੱਤ ਵਿੱਚ ਨਹੀਂ ਹੈ।

ਅਨੁਲਗ 'ੲ'

1 ਜਨਵਰੀ, 1967 ਤਕ ਦੇ ਰਿਕਾਰਡ ਦੇ ਅਧਾਰ ਤੇ ਯੋਗ ਅਫਸਰਾਂ ਦੀ ਸਿਲੈਕਟ ਲਿਸਟ।

1. ਸ੍ਰੀ ਪਰਦੁਮਨ ਸਿੰਘ
2. ਸ੍ਰੀ ਗੁਰਬਖਸ਼ ਸਿੰਘ (2)
3. ਸ੍ਰੀ ਜੇ. ਕੇ. ਧੀਰ.
4. ਸ੍ਰੀ ਇਕਬਾਲ ਸਿੰਘ
5. ਸ੍ਰੀ ਸੁਲੱਖਣ ਸਿੰਘ ਮਣਕੂ
6. ਸ੍ਰੀ ਸੇਵਾ ਸਿੰਘ ਸੱਖੀ
7. ਸ੍ਰੀ ਰਾਜ ਕੁਮਾਰ ਕਪੂਰ
8. ਸ੍ਰੀ ਪ੍ਰਤਾਪ ਸਿੰਘ
9. ਸ੍ਰੀ ਰਾਮ ਲਾਲ ਅਗਰਵਾਲ
10. ਸ੍ਰੀ ਪੀ. ਆਰ. ਮਹਿਰਾ
11. ਸ੍ਰੀ ਕਰਤਾਰ ਸਿੰਘ ਸੀਤਲ
12. ਸ੍ਰੀ ਚਰਨਜੀਤ ਸਿੰਘ
13. ਸ੍ਰੀ ਕੇਹਰ ਸਿੰਘ ਗਿੱਲ

Original with;
Punjab Vidhan Sabha
Digitized by;
Panjab Digital Library

1. ਸ੍ਰੀ ਐਮ. ਐਸ. ਲਾਂਬਾ
2. ਸ੍ਰੀ ਅਮਰੀਕ ਸਿੰਘ
3. ਸ੍ਰੀ ਐਚ ਐਸ. ਰੋਸ਼ਹਾ
4. ਸ੍ਰੀ ਪਿਆਰਾ ਸਿੰਘ
5. ਸ੍ਰੀ ਏ. ਕੇ. ਉਮਤ
6. ਸ੍ਰੀ ਹੰਸ ਰਾਜ ਚੱਢਾ
7. ਸ੍ਰੀ ਡੀ. ਐਸ. ਢਿਲੋਂ
8. ਸ੍ਰੀ ਪਰੈਹਲਾਦ ਸਿੰਘ
9. ਐਸ. ਕੇ. ਅਗਰਵਾਲ
10. ਸ੍ਰੀ ਚਰਨ ਦਾਸ ਭਾਟੀਆ
11. ਸ੍ਰੀ ਜੇ. ਐਸ. ਸੰਧੂ
12. ਸ੍ਰੀ ਐਨ. ਐਸ. ਗਿੱਲ
13. ਸ੍ਰੀ ਨਿਰੰਜਣ ਸਿੰਘ--3
14. ਸ੍ਰੀ ਕਿਰਪਾਲ ਸਿਘ ਸੈਣੀ
15. ਸ੍ਰੀ ਨਿਰੰਜਣ ਸਿੰਘ ਗਿਲ
16. ਸ੍ਰੀ ਕਰਤਾਰ ਸਿੰਘ
17. ਸ੍ਰੀ ਦੀਨਾ ਨਾਥ
18. ਸ੍ਰੀ ਆਈ. ਪੀ. ਐਸ. ਸੰਧੂ
19. ਸ੍ਰੀ ਐਸ. ਐਲ. ਭਾਟੀਆ
20. ਸ੍ਰੀ ਬੀ. ਕੇ. ਚੱਢਾ
21. ਸ੍ਰੀ ਟੀ. ਡੀ. ਅਗਰਵਾਲ
22. ਸ੍ਰੀ ਭਗਤ ਸਿੰਘ ਸੰਧੂ
23. ਸ੍ਰੀ ਰਤਨ ਸਿੰਘ
24. ਸ੍ਰੀ ਰਾਮ ਸਰਨ
25. ਸ੍ਰੀ ਆਰ. ਪੀ. ਭਾਸਕਰ
26. ਸ੍ਰੀ ਬੰਤਾ ਸਿੰਘ
27. ਸ੍ਰੀ ਤਰਲੋਕ ਨਾਥ
28. ਸ੍ਰੀ ਅੰਮ੍ਰਿਤ ਲਾਲ
29. ਸ੍ਰੀ ਅਵਤਾਰ ਸਿੰਘ
30. ਸ੍ਰੀ ਵਾਈ ਐਸ. ਪੁਰੀ
31. ਸ੍ਰੀ ਜੇ. ਐਸ. ਬਾਜਵਾ
32. ਸ੍ਰੀ ਐਮ. ਐਨ. ਸ਼ਰਮਾ
33. ਸ੍ਰੀ ਏ. ਡੀ. ਕੋਂਕਣੇ
34. ਸ੍ਰੀ ਓ. ਪੀ. ਕਸਤੂਰੀਆ
35. ਸ੍ਰੀ ਕਰਤਾ ਕ੍ਰਿਸ਼ਨ
36. ਸ੍ਰੀ ਟੀ. ਐਸ. ਨਾਗ
37. ਸ੍ਰੀ ਵਾਈ ਪੀ. ਅਗਰਵਾਲ
38. ਸ੍ਰੀ ਐਸ. ਆਰ. ਸੈਣਭਈ
39. ਸ੍ਰੀ ਐਮ. ਐਲ. ਕੋਸ਼ਨ
40. ਸ੍ਰੀ ਏ. ਕੇ. ਚੌਧਰੀ
41. ਸ੍ਰੀ ਜੇ. ਐਸ. ਅਟਵਾਲ
42. ਸ੍ਰੀ ਰਾਜ ਸਿੰਘ
43. ਸ੍ਰੀ ਐਸ. ਡੀ. ਖੰਨਾ
44. ਸ੍ਰੀ ਕੇ. ਕੇ. ਆਹੂਜਾ
45. ਸ੍ਰੀ ਐਮ. ਕੇ. ਕਪੂਰ
46. ਸ੍ਰੀ ਡੀ. ਆਰ. ਮਿੱਤਲ
47. ਸ੍ਰੀ ਮਹੇਸ਼ ਵਰਮਾ
48. ਸ੍ਰੀ ਐਮ. ਐਲ. ਤਲਵਾਰ
49. ਸ੍ਰੀ ਅਮਲੋਕ ਸਿੰਘ
50. ਸ੍ਰੀ ਕੁਲਤਾਰ ਸਿੰਘ ਸਚਦੇਵਾ
51. ਸ੍ਰੀ ਸੁੰਦਰ ਸਿੰਘ—2
52. ਸ੍ਰੀ ਸੀ. ਐਲ. ਲੂਥਰਾ
53. ਸ੍ਰੀ ਐਮ. ਕੇ. ਨਰਸੀਮਿਆਂ
54. ਸ੍ਰੀ ਆਰ. ਪੀ. ਸ਼ਰਮਾ
55. ਸ੍ਰੀ ਡੀ. ਪੀ. ਗੁਪਤਾ
56. ਸ੍ਰੀ ਡਬਲਯੂ. ਐਲ. ਧਾਮ
57. ਸ੍ਰੀ ਐਮ. ਡਬਲਯੂ ਪੋਤਦਾਰ
58. ਸ੍ਰੀ ਆਰ. ਕੇ. ਭਸੀਨ
59. ਸ੍ਰੀ ਕੇ. ਐਲ. ਮਹਿੰਦਰੂ
60. ਸ੍ਰੀ ਬੇਅੰਤ ਸਿੰਘ
61. ਸ੍ਰੀ ਪੀ. ਐਚ. ਦਾਸ
62. ਸ੍ਰੀ ਐਚ ਐਮ. ਸਮਾਨਾ
63. ਸ੍ਰੀ ਬੁਧ ਸਿੰਘ
64. ਸ੍ਰੀ ਭਗਤ ਸਿੰਘ
65. ਸ੍ਰੀ ਐਚ. ਕੇ. ਜੈਨ
66. ਸ੍ਰੀ ਅਨਾਰ ਸਿੰਘ
67. ਸ੍ਰੀ ਸੰਤੋਖ ਸਿੰਘ
68. ਸ੍ਰੀ ਆਰ. ਐਲ. ਆਨੰਦ
69. ਸ੍ਰੀ ਸ਼ਿਵ ਸਿੰਘ
70. ਸ੍ਰੀ ਅਮਰ ਸਿੰਘ
71. ਸ੍ਰੀ ਰਘਬੀਰ ਸਿੰਘ
72. ਸ੍ਰੀ ਗੁਰਬਚਨ ਸਿੰਘ

Original with;
Punjab Vidhan Sabha
Digitized by;
Panjab Digital Library

73. ਸ੍ਰੀ ਵੀ. ਗੋਪਾਲ ਕ੍ਰਿਸ਼ਨ
74. ਸ੍ਰੀ ਆਈ. ਐਮ. ਮਹਿਤਾ
75. ਸ੍ਰੀ ਸਰਦਾਰੀ ਲਾਲ
76. ਸ੍ਰੀ ਵਾਈ ਐਲ. ਸਰਦਾਨਾ
77. ਸ੍ਰੀ ਮਨਸਾ ਸਿੰਘ
78. ਸ੍ਰੀ ਖੁਸੀ ਰਾਮ
79. ਸ੍ਰੀ ਪੀ. ਐਲ. ਤਨੇਜਾ
80. ਸ੍ਰੀ ਕੇ. ਐਸ. ਪਰੇਮ
81. ਸ੍ਰੀ ੳ. ਆਰ. ਮਹਿਤਾ
82. ਸ੍ਰੀ ਆਈ. ਪੀ. ਪੁਰੀ
83. ਸ੍ਰੀ ਕੇਹਰ ਸਿੰਘ
84. ਸ੍ਰੀ ਐਮ. ਐਸ. ਬਰਾੜ
85. ਸ੍ਰੀ ਜੀ. ਐਸ. ਗਰੇਵਾਲ
86. ਸ੍ਰੀ ਵਾਈ. ਪੀ. ਕਪੂਰ
87. ਸ੍ਰੀ ਐਮ. ਪੀ. ਜੈਨ
88. ਸ੍ਰੀ ਐਸ. ਪੀ. ਬੈਕਟਰ
89. ਸ੍ਰੀ ਐਸ. ਐਸ. ਸੰਧੂ
90. ਸ੍ਰੀ ਅਵਤਾਰ ਸਿਘ
91. ਸ੍ਰੀ ਕੇ. ਐਲ. ਗਾਂਧੀ
92. ਸ੍ਰੀ ਐਚ. ਐਸ. ਬੇਦੀ
93. ਸ੍ਰੀ ਜਗਦੀਸ਼ ਚੰਦਰ
94. ਸ੍ਰੀ ਸੁਸ਼ੀਲ ਚੰਦਰ
95. ਸ੍ਰੀ ਜੇ. ਐਸ. ਪਲਟਾ
96. ਸ੍ਰੀ ਐਸ. ਸੀ. ਤੁਲਕਸੇਟਰਾ
97. ਸ੍ਰੀ ਜੇ. ਐਮ. ਐਲ. ਮੇਹਰਾ
98. ਸ੍ਰੀ ਸਤਿੰਦਰ ਸਿੰਘ
99. ਸ੍ਰੀ ਪੀ. ਡੀ. ਖੰਨਾ
100. ਸ੍ਰੀ ਜੀ. ਆਰ. ਕਾਲਰਾ
101. ਸ੍ਰੀ ਜੇ. ਆਰ. ਜਿੰਦਲ
102. ਸ੍ਰੀ ਜੇ. ਐਮ. ਗੁਪਤਾ
103. ਸ੍ਰੀ ਆਰ. ਐਲ. ਚੀਮਾ
104. ਸ੍ਰੀ ਆਰ. ਐਸ. ਚਾਵਲਾ
105. ਸ੍ਰੀ ਸੁਰਜੀਤ ਸਿੰਘ
106. ਸ੍ਰੀ ਬੀ. ਆਰ. ਮਿੱਤਲ
107. ਸ੍ਰੀ ਐਸ. ਐਲ. ਗੁਪਤਾ
108. ਸ੍ਰੀ ਕਰਤਾਰ ਸਿੰਘ-3
109. ਸ੍ਰੀ ਕੇ. ਐਸ. ਗਿੱਲ
110. ਸ੍ਰੀ ਡੀ. ਐਸ. ਆਹੂਜਾ
111. ਸ੍ਰੀ ਕੇ. ਕੇ. ਗੁਪਤਾ
112. ਸ੍ਰੀ ਜੇ. ਆਰ. ਗੋਇਲ
113. ਸ੍ਰੀ ਸੰਤ ਪਾਲ ਜੈਨ
114. ਸ੍ਰੀ ਐਮ. ਐਲ. ਸ਼ਿਕਾਰੀ
115. ਸ੍ਰੀ ਓਮ ਪ੍ਰਕਾਸ਼
116. ਸ੍ਰੀ ਪਵਨ ਕੁਮਾਰ
117. ਸ੍ਰੀ ਆਰ. ਐਲ. ਰਾਵਲਾ
118. ਸ੍ਰੀ ਆਰ. ਐਨ. ਹੂਨ
119. ਸ੍ਰੀ ਐਸ. ਐਸ. ਸੈਣੀ
120. ਸ੍ਰੀ ਮੋਹਨ ਲਾਲ ਜੈਨ
121. ਸ੍ਰੀ ਬੀ. ਕੇ. ਘੱਈ
122. ਸ੍ਰੀ ਜੀ. ਐਸ. ਬੇਦੀ
123. ਸ੍ਰੀ ਏ. ਐਸ. ਮਾਥਰੂ
124. ਸ੍ਰੀ ਜੀ. ਪੀ. ਅਗਰਵਾਲ
125. ਸ੍ਰੀ ਹਰਕਿਸ਼ਨ ਲਾਲ
126. ਸ੍ਰੀ ਐਮ. ਆਰ. ਵਰਮਾ
127. ਸ੍ਰੀ ਮੁਕੰਦ ਸਿੰਘ
128. ਸ੍ਰੀ ਐਚ. ਆਰ. ਅਗਰਵਾਲ
129. ਸ੍ਰੀ ਗੁਰਦਿਆਲ ਸਿੰਘ
130. ਸ੍ਰੀ ਐਮ. ਜੀ. ਸਾਗਰ
131. ਸ੍ਰੀ ਜੇ. ਐਸ. ਸਹਿਗਲ
132. ਸ੍ਰੀ ਚੂਹੜ ਸਿੰਘ
133. ਸ੍ਰੀ ਗੁਰਪਾਲ ਸਿੰਘ
134. ਸ੍ਰੀ ਸੰਤੋਖ ਸਿੰਘ
135. ਸ੍ਰੀ ਜੇ. ਐਲ. ਮੇਹਰ
136. ਸ੍ਰੀ ਹੈ. ਐਸ. ਰਾਮਗੜ੍ਹੀਆ
137. ਸ੍ਰੀ ਪੀ. ਆਰ. ਬਹਿਲ
138. ਸ੍ਰੀ ਐਮ. ਜੀ. ਵਧਵਾ
139. ਸ੍ਰੀ ਐਸ. ਪੀ. ਗੁਪਤਾ
140. ਸ੍ਰੀ ਡੀ. ਪੀ. ਸਿੰਗਲਾ
141. ਸ੍ਰੀ ਉਜਾਗਰ ਸਿੰਘ
142. ਸ੍ਰੀ ਪੀ. ਡੀ. ਗੋਇਲ
143. ਸ੍ਰੀ ਕੇ. ਡੀ. ਗਰੋਵਰ
144. ਸ੍ਰੀ ਅਵਤਾਰ ਸਿੰਘ ਭੰਗਲ
145. ਸ੍ਰੀ ਮਹਿਦਰ ਕੁਮਾਰ ਜੈਨ
146. ਸ੍ਰੀ ਜਸਵੰਤ ਸਿੰਘ ਸੂਲਰ

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ਬੀ'

1 ਜਨਵਰੀ, 1970 ਤਕ ਦੇ ਰਿਕਾਰਡ ਦੇ ਆਧਾਰ ਤੇ ਯੋਗ ਅਫਸਰਾਂ ਦੀ ਸਿਲੈਕਟ ਲਿਸਟ ।

1. ਸ਼੍ਰੀ ਜੀ. ਐਸ. ਬਹਿਲ
2. ਸ਼੍ਰੀ ਵੇਦ ਪ੍ਰਕਾਸ਼ ਸੇਠ
3. ਸ਼੍ਰੀ ਜਸਵੰਤ ਸਿੰਘ
4. ਸ਼੍ਰੀ ਨਰਿੰਦਰ ਸਿੰਘ
5. ਸ਼੍ਰੀ ਧੰਨਾ ਸਿੰਘ
6. ਸ਼੍ਰੀ ਰਾਮ ਪਾਲ ਅਗਰਵਾਲ
7. ਸ਼੍ਰੀ ਯਸ਼ ਪਾਲ ਨਈਅਰ
8. ਸ਼੍ਰੀ ਬਲਦੇਵ ਰਾਜ ਚੱਡਾ
9. ਸ਼੍ਰੀ ਅਨੰਦ ਪ੍ਰਕਾਸ਼
10. ਸ਼੍ਰੀ ਪ੍ਰੇਮ ਸਾਗਰ ਅਗਰਵਾਲ
11. ਸ਼੍ਰੀ ਮਦਨ ਮੋਹਨ ਝੰਬ
12. ਸ਼੍ਰੀ ਕੇ. ਵੀ. ਮੋਦਵਾਨੀ
13. ਸ਼੍ਰੀ ਬਲਦੇਵ ਕ੍ਰਿਸ਼ਨ ਜਿੰਦਲ
14. ਸ਼੍ਰੀ ਰੋਸ਼ਨ ਲਾਲ
15. ਸ਼੍ਰੀ ਰਾਜਿੰਦਰ ਕੁਮਾਰ ਮਲਹੋਤਰਾ
16. ਸ਼੍ਰੀ ਦਵਿੰਦਰ ਸਿੰਘ
17. ਸ਼੍ਰੀ ਸੋਹਨ ਸਿੰਘ ਚੋਡੀਆਲਾ
18. ਸ਼੍ਰੀ ਕੁਲਦੀਪ ਰਾਏ ਪ੍ਰਭਾਕਰ
19. ਸ਼੍ਰੀ ਬਰਿਜ ਭੂਸ਼ਨ ਵਿਸੀਸ਼ਟ
20. ਸ਼੍ਰੀ ਬਰਿਜ ਲਾਲ ਨਾਗਪਾਲ
21. ਸ਼੍ਰੀ ਤਰਲੋਕ ਸਿੰਘ
22. ਸ਼੍ਰੀ ਕ੍ਰਿਪਾਲ ਸਿੰਘ
23. ਸ਼੍ਰੀ ਪਰੇਮ ਪ੍ਰਕਾਸ਼ ਆਰੀਆ
24. ਸ਼੍ਰੀ ਸਤਿਆ ਪਾਲ ਸੋਬਤੀ
25. ਸ਼੍ਰੀ ਹਰਦੀਪ ਸਿੰਘ
26. ਸ਼੍ਰੀ ਪ੍ਰਿੰਸ ਮੋਹਨ ਸੂਦ
27. ਸ਼੍ਰੀ ਚਮਨ ਲਾਲ ਗਰੋਵਰ
28. ਸ਼੍ਰੀ ਜਸਦੀਪ ਸਿੰਘ ਰੋਮਾਨਾ
29. ਸ਼੍ਰੀ ਰਾਜਿੰਦਰ ਕੁਮਾਰ ਅਗਰਵਾਲ
30. ਸ਼੍ਰੀ ਯੂ. ਐਸ. ਚਾਵਲਾ
31. ਸ਼੍ਰੀ ਇਕਬਾਲ ਸਿੰਘ
32. ਸ਼੍ਰੀ ਅਜੀਤ ਸਿੰਘ ਬਿੰਦਰਾ
33. ਸ਼੍ਰੀ ਓ. ਪੀ. ਦੁਗਲ
34. ਸ਼੍ਰੀ ਏ. ਕੇ. ਗੁਪਤਾ
35. ਸ਼੍ਰੀ ਗੁਰਚਰਨ ਸਿੰਘ ਮਹਿੰਦੀਰਤਾ
36. ਸ਼੍ਰੀ ਅਵਤਾਰ ਸਿੰਘ ਰੰਧਾਵਾ
37. ਸ਼੍ਰੀ ਕੇ. ਕੇ. ਜੁਲਕਾ
38. ਸ਼੍ਰੀ ਬੀ. ਬੀ. ਕੌਸ਼ਲ
39. ਸ਼੍ਰੀ ਅਵਤਾਰ ਸਿੰਘ ਨਾਗੀ
40. ਸ਼੍ਰੀ ਸੁਰਿੰਦਰ ਕੁਮਾਰ ਨੰਦਾ
41. ਸ਼੍ਰੀ ਸੁਸ਼ੀਲ ਕੁਮਾਰ ਗੇਂਦ
42. ਸ਼੍ਰੀ ਐਨ. ਐਸ. ਚੌਹਾਨ : ਬਸ਼ਰਤੇ ਕਿ ਸਰਕਾਰ ਨੇ ਇਸ ਅਫਸਰ ਨੂੰ ਤਜਰਬੇ ਦੀ ਸ਼ਰਤ ਵਿਚ ਲੋੜ ਅਨੁਸਾਰ ਛੋਟ ਦੇ ਦਿੱਤੀ ਹੈ ।
43. ਸ਼੍ਰੀ ਸੁਰਜੀਤ ਸਿੰਘ
44. ਸ਼੍ਰੀ ਦਲਜੀਤ ਸਿੰਘ ਸਿੱਧੂ
45. ਸ਼੍ਰੀ ਅਮਰੀਕ ਸਿੰਘ ਗਰੇਵਾਲ
46. ਸ਼੍ਰੀ ਜਗਦੀਸ਼ ਸਿੰਘ ਬਖਸ਼ੀ
47. ਸ਼੍ਰੀ ਗਿਆਨ ਚੰਦ ਓਹਰੀ
48. ਸ਼੍ਰੀ ਐਸ. ਐਨ. ਸਹਿਗਲ
49. ਸ਼੍ਰੀ ਓ. ਐਨ. ਪਾਂਧੀ
50. ਸ਼੍ਰੀ ਅਵਤਾਰ ਸਿੰਘ ਪੰਧੇਰ
51. ਸ਼੍ਰੀ ਅਜੀਤ ਰਾਮ
52. ਸ਼੍ਰੀ ਸਤੀਸ਼ ਕੁਮਾਰ ਓਮਤ :-- ਇਹ ਤਰੱਕੀ ਸ਼੍ਰੀ ਓਮਤ ਦੀ ਗੈਰਹਾਜ਼ਰੀ ਤੇ ਜਿਹੜੀ ਕਾਰਵਾਈ ਹੋਣੀ ਹੈ ਉਸ ਤੇ ਨਿਰਭਰ ਹੋਵੇਗੀ ।
53. ਸ਼੍ਰੀ ਰਾਮ ਮੂਰਤੀ ਧੀਰ
54. ਸ਼੍ਰੀ ਡੀ. ਆਰ. ਸੁਧਾਕਰ
55. ਸ਼੍ਰੀ ਜੀ. ਆਰ. ਸ਼ਰਮਾ
56. ਸ਼੍ਰੀ ਆਰ. ਐਨ. ਗੋਇਲ
57. ਸ਼੍ਰੀ ਬੀ. ਅਸ. ਸਿਸੋਦੀਆ
58. ਸ਼੍ਰੀ ਐਚ. ਸੀ. ਛਤਵਾਲ

Original with;
Punjab Vidhan Sabha
Digitized by;
Panjab Digital Library

59. ਸ੍ਰੀ ਰਮੇਸ਼ ਕੁਮਾਰ ਸੂਦ
60. ਸ੍ਰੀ ਗਿਆਨ ਪਾਲ ਸਿੰਘ ਸੰਧੂ
61. ਸ੍ਰੀ ਵਿਨੋਦ ਕੁਮਾਰ
62. ਸ੍ਰੀ ਏ. ਪੀ. ਭਾਟ
63. ਸ੍ਰੀ ਪੀ. ਐਸ. ਬਸੂਰ
64. ਸ੍ਰੀ ਪੀ. ਐਨ. ਵੈਦ
65. ਸ੍ਰੀ ਜੇ. ਸੀ. ਬਸੂਰ
66. ਸ੍ਰੀ ਆਰ. ਐਸ. ਤੂਰ
67. ਸ੍ਰੀ ਅਜੀਤ ਇੰਦਰ ਸਿੰਘ
68. ਸ੍ਰੀ ਐਸ. ਸੀ. ਸਚਦੇਵਾ
69. ਸ੍ਰੀ ਸੰਤੋਖ ਸਿੰਘ
70. ਸ੍ਰੀ ਓ. ਪੀ. ਝੰਬ
71. ਸ੍ਰੀ ਸੁਖਦੇਵ ਸਿੰਘ
72. ਸ੍ਰੀ ਦੇਵਿੰਦਰ :--

ਇਹ ਅਫਸਰ ਉਨਤੀ ਲਈ ਯੋਗ ਹੈ ਬਸ਼ਰਤੇ ਕਿ ਸਰਕਾਰ ਇਮਤਿਹਾਨ ਦੀ ਢਿਲ ਦੇ ਦੇਵੇ ।

73. ਸ੍ਰੀ ਜਗਦੀਸ਼ ਮਿਤਰ ਗਰੋਵਰ
74. ਸ੍ਰੀ ਮਨ ਮੋਹਨ ਸਿੰਘ
75. ਸ੍ਰੀ ਇਕਬਾਲ ਸਿੰਘ
76. ਸ੍ਰੀ ਹੇਮ ਰਾਮ ਠੁਕਰਾਲ
77. ਸ੍ਰੀ ਪੀ. ਆਰ. ਸੇਠ
78. ਸ੍ਰੀ ਰਤਨ ਸਿੰਘ
79. ਸ੍ਰੀ ਹਰਜੋਤ ਸ਼ਾਹ ਸਿੰਘ
80. ਸ੍ਰੀ ਸੁਰਜੀਤ ਸਿੰਘ
81. ਸ੍ਰੀ ਜਗੀਰ ਸਿੰਘ ਢਿਲੋਂ
82. ਸ੍ਰੀ ਕੇਵਲ ਕ੍ਰਿਸ਼ਨ ਅਗਰਵਾਲ
83. ਸ੍ਰੀ ਹਰਬੰਸ ਸਿੰਘ ਭਾਂਬਰਾ
84. ਸ੍ਰੀ ਸਤਿਆ ਪਰਕਾਸ਼
85. ਸ੍ਰੀ ਸ਼ਾਮ ਲਾਲ ਗਰਗ
86. ਸ੍ਰੀ ਜਗਮੋਹਨ ਸਿੰਘ ਸੰਘੇਰਾ
87. ਸ੍ਰੀ ਗੁਰਦੇਵ ਸਿੰਘ ਬਰਾੜ
88. ਸ੍ਰੀ ਅਮਰਜੀਤ ਸਿੰਘ ਗਿੱਲ
89. ਸ੍ਰੀ ਸੰਤਾ ਰਾਮ ਟਕਿਆਰ
90. ਸ੍ਰੀ ਅਵਤਾਰ ਸਿੰਘ ਔਲੱਖ
91. ਸ੍ਰੀ ਚਰਨਜੀਤ ਸਿੰਘ ਢੀਂਗਰਾ
92. ਸ੍ਰੀ ਜੀ ਐਲ ਸਚਦੇਵਾ
93. ਸ੍ਰੀ ਰਾਮ ਪ੍ਰਤਾਪ
94. ਸ੍ਰੀ ਹਰਦਿਆਲ ਗੁਪਤਾ
95. ਸ੍ਰੀ ਗੁਰਦਿਆਲ ਸਿੰਘ ਰੰਧਾਵਾ
96. ਸ੍ਰੀ ਅਵਤਾਰ ਸਿੰਘ
97. ਸ੍ਰੀ ਅਮਰਦਾਸ ਦੀਵਾਨ
98. ਸ੍ਰੀ ਈਸ਼ਵਰ ਸਰਵ ਸੂਦ

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ਸੀ'

1 ਜਨਵਰੀ, 1972 ਤੱਕ ਦੇ ਰਿਕਾਰਡ ਦੇ ਅਧਾਰ ਤੇ ਯੋਗ ਅਫਸਰਾਂ ਦੀ ਸਿਲੈਕਟ ਲਿਸਟ

1. ਸ੍ਰੀ ਪ੍ਰਕਾਸ਼ ਸਿੰਘ
2. ਸ੍ਰੀ ਜੇ. ਡੀ. ਕਪੂਰ
3. ਸ੍ਰੀ ਸਤਿਆ ਬਰਤ
4. ਸ੍ਰੀ ਅਮਰਜੀਤ ਸਿੰਘ
5. ਸ੍ਰੀ ਹਰਮੰਦਰ ਸਿੰਘ ਨਰੂਲਾ
6. ਸ੍ਰੀ ਪਰਸ਼ੋਤਮ ਲਾਲ ਘਈ
7. ਸ੍ਰੀ ਗੁਰਚਰਨ ਸਿੰਘ
8. ਸ੍ਰੀ ਪੂਰਨ ਸਿੰਘ ਨਰੂਲਾ
9. ਸ੍ਰੀ ਰਜਿੰਦਰ ਸਿੰਘ ਮੁੰਡੇਰ
10. ਸ੍ਰੀ ਐਸ. ਕੇ. ਤਨੇਜਾ
11. ਸ੍ਰੀ ਓ. ਪੀ. ਗੁਪਤਾ
12. ਸ੍ਰੀ ਅਵਤਾਰ ਸਿੰਘ ਬਰਾੜ
13. ਸ੍ਰੀ ਹਰਬੰਸ ਸਿੰਘ ਰੰਧਾਵਾ
14. ਸ੍ਰੀ ਕੇ. ਕੇ. ਐਮ. ਭੰਡਾਰੀ
15. ਸ੍ਰੀ ਸ਼ਾਮ ਲਾਲ ਗੁਪਤਾ
16. ਸ੍ਰੀ ਜੋਗਿੰਦਰ ਸਿੰਘ
17. ਸ੍ਰੀ ਧੰਨ ਲਾਲ ਮਾਗਰ
18. ਸ੍ਰੀ ਐਸ. ਐਲ. ਜੈਨ
19. ਸ੍ਰੀ ਵੀ. ਕੇ. ਅਗਰਵਾਲ
20. ਸ੍ਰੀ ਸੁਰਿੰਦਰ ਮੋਹਨ ਗੋਇਲ
21. ਸ੍ਰੀ ਨਰਿੰਦਰ ਸਿੰਘ
22. ਸ੍ਰੀ ਰਘਬੀਰ ਦਾਸ ਭਾਰਗਵਾ
23. ਸ੍ਰੀ ਅਜੀਤ ਸਿੰਘ ਚਾਵਲਾ
24. ਸ੍ਰੀ ਸਤੀਸ਼ ਚੰਦਰ ਖੰਨਾ
25. ਸ੍ਰੀ ਦਿਆਰ ਸਿੰਘ ਭੰਵਰਾ
26. ਸ੍ਰੀ ਕੇਵਲ ਕ੍ਰਿਸ਼ਨ ਨਈਅਰ
27. ਸ੍ਰੀ ਕਰਮਵੀਰ
28. ਸ੍ਰੀ ਦਰਸ਼ਨ ਸਿੰਘ
29. ਸ੍ਰੀ ਪਿਆਰਾ ਸਿੰਘ
30. ਸ੍ਰੀ ਐਸ. ਐਸ. ਸੋਂਧੀ
31. ਸ੍ਰੀ ਗੁਰਚਰਨ ਸਿੰਘ ਸ਼ਾਹੀ
32. ਸ੍ਰੀ ਰਾਮੇਸ਼ ਚੰਦਰ
33. ਸ੍ਰੀ ਵਾਈ. ਬੀ. ਮਾਥੁਰ
34. ਸ੍ਰੀ ਤਾਰਾ ਸਿੰਘ ਮਾਣਕੂ
35. ਸ੍ਰੀ ਮੋਹਨ ਲਾਲ ਅਰੋੜਾ
36. ਸ੍ਰੀ ਵੀ. ਪੀ. ਮੋਦੀ
37. ਸ੍ਰੀ ਕੇ. ਐਨ. ਸਿੰਘ
38. ਸ੍ਰੀ ਦਲਜੀਤ ਸਿੰਘ ਆਹਲੂਵਾਲੀਆ

(ਸ੍ਰੀ ਆਹਲੂਵਾਲੀਆ ਨੇ ਡੀ. ਪੀ. ਈ. ਅਤੇ ਡੀ. ਆਰ. ਈ. ਦੇ ਇਮਤਿਹਾਨ ਪਾਸ ਨਹੀਂ ਕੀਤੇ ਹੋਏ ਇਹ ਅਫਸਰ ਮਿਲਟਰੀ ਵਿੱਚ ਹੈ। ਇਸ ਕਾਰਨ ਇਨ੍ਹਾਂ ਨੂੰ ਇਹ ਇਮਤਿਹਾਨ ਪਾਸ ਕਰਨ ਲਈ ਚਾਰ ਸਾਲ ਦੇ ਸਮੇਂ ਦੀ ਛੋਟ ਦਿੱਤੀ ਜਾਂਦੀ ਹੈ। ਇਹ ਤਰੱਕੀ ਇਸ ਸ਼ਰਤ ਤੇ ਹੋਵੇਗੀ।)

Original with;
Punjab Vidhan Sabha
Digitized by;
Panjab Digital Library

39. ਸ਼੍ਰੀ ਮਹਿੰਦਰ ਪ੍ਰਤਾਪ ਗੁਪਤਾ

40. ਸ਼੍ਰੀ ਯਸ਼ ਪਾਲ ਕੁਮਾਰ

ਸ਼੍ਰੀ ਕੁਮਾਰ ਨੇ ਡੀ. ਪੀ. ਈ. ਅਤੇ ਡੀ. ਆਰ. ਈ. ਦੇ ਇਮਤਿਹਾਨ ਪਾਸ ਨਹੀਂ ਕੀਤੇ ਹੋਏ। ਕਿਉਂਕਿ ਇਹ ਮਿਲਟਰੀ ਵਿਚ ਹਨ। ਇਸ ਲਈ ਇਨਾਂ ਨੂੰ ਤਰੱਕੀ ਦੇ ਯੋਗ ਸਮਝਿਆ ਜਾਂਦਾ ਹੈ ਬਸ਼ਰਤੇ ਕਿ ਇਹ ਚਾਰ ਸਾਲ ਦੇ ਅੰਦਰ ਅੰਦਰ ਇਹ ਇਮਤਿਹਾਨ ਪਾਸ ਕਰਨ)

41. ਸ਼੍ਰੀ ਅਜੀਤ ਸਿੰਘ ਮਠਾਰੂ

42. ਸ਼੍ਰੀ ਹਰਕਿਸ਼ਨ ਸਿੰਘ ਮਹਿਤਾ

43. ਸ਼੍ਰੀ ਚਮਕੌਰ ਸਿੰਘ ਮੰਡੇਰ

(ਸ਼੍ਰੀ ਮੰਡੇਰ ਨੇ ਡੀ. ਪੀ. ਈ. ਅਤੇ ਡੀ. ਆਰ. ਈ. ਦੇ ਇਮਤਿਹਾਨ ਪਾਸ ਨਹੀਂ ਕੀਤੇ ਹੋਏ ਕਿਉਂਕਿ ਇਹ ਏਅਰ ਫੋਰਸ ਵਿਚ ਹਨ। ਇਸ ਲਈ ਇਨ੍ਹਾਂ ਨੂੰ ਤਰੱਕੀ ਦੇ ਯੋਗ ਸਮਝਿਆ ਜਾਂਦਾ ਹੈ ਬਸ਼ਰਤੇ ਕਿ ਇਹ ਚਾਰ ਸਾਲ ਦੇ ਅੰਦਰ-2 ਇਹ ਇਮਤਿਹਾਨ ਪਾਸ ਕਰਨ)

44. ਸ਼੍ਰੀ ਮਨੋਹਰ ਸਿੰਘ ਚਾਵਲਾ

45. ਸ਼੍ਰੀ ਅਸ਼ੋਕ ਕੁਮਾਰ

46. ਸ਼੍ਰੀ ਭਗਵਾਨ ਦਾਸ ਸਿੰਗਲ

47. ਸ਼੍ਰੀ ਕ੍ਰਿਸ਼ਨ ਕੁਮਾਰ ਸੋਢੀ

(ਸ਼੍ਰੀ ਸੋਢੀ ਨੇ ਡੀ. ਪੀ. ਈ. ਅਤੇ ਡੀ. ਆਰ. ਈ. ਦੇ ਇਮਤਿਹਾਨ ਪਾਸ ਨਹੀਂ ਕੀਤੇ ਹੋਏ ਕਿਉਂਕਿ ਇਹ ਮਿਲਟਰੀ ਡਿਊਟੀ ਤੇ ਹੈਂ ਇਸ ਲਈ ਇਨ੍ਹਾਂ ਨੂੰ ਤਰੱਕੀ ਦੇ ਯੋਗ ਸਮਝਿਆ ਜਾਂਦਾ ਹੈ ਬਸ਼ਰਤੇ ਕਿ ਇਹ ਚਾਰ ਸਾਲ ਦੇ ਅੰਦਰ 2 ਇਮਤਿਹਾਨ ਪਾਸ ਕਰਨ)

48. ਸ਼੍ਰੀ ਜੀ. ਡੀ. ਚੋਪੜਾ

49. ਸ਼੍ਰੀ ਐਚ. ਐਮ. ਕੌੜਾ

50. ਸ਼੍ਰੀ ਸਰਦਾਰ ਸਿੰਘ ਲਬਾਣਾ

51. ਸ਼੍ਰੀ ਗੁਰਚਰਨ ਸਿੰਘ ਘੁੰਮਣ

52. ਸ਼੍ਰੀ ਰਾਮ ਪ੍ਰਕਾਸ਼

53. ਸ਼੍ਰੀ ਅਵਤਾਰ ਸਿੰਘ ਥਿੰਦ

54. ਸ਼੍ਰੀ ਐਚ. ਐਸ. ਸਾਹਨੀ

55. ਸ਼੍ਰੀ ਐਚ. ਸੀ. ਸਾਈਨ ਬੇਰੀ

56. ਸ਼੍ਰੀ ਸੁਰਿੰਦਰ ਸਿੰਘ ਚਹਿਲ

57. ਸ਼੍ਰੀ ਕ੍ਰਿਸ਼ਨ ਕੁਮਾਰ ਗੋਇਲ

58. ਸ਼੍ਰੀ ਪਰੇਮ ਕੁਮਾਰ ਸ਼ਰਮਾ

59. ਸ਼੍ਰੀ ਦਵਾਰਕਾ ਦਾਸ ਅਰੋੜਾ

60. ਸ਼੍ਰੀ ਹੰਸ ਰਾਜ ਵਰਮਾ

61. ਸ਼੍ਰੀ ਜੋਸਫ ਬਖਸ਼

(ਸ਼੍ਰੀ ਬਖਸ਼ ਦੀ ਉੱਨਤੀ ਇਸ ਸ਼ਰਤ ਤੇ ਹੈ ਕਿ ਉਹ ਮਿਤੀ 3 ਮਈ, 1971 ਤੋਂ 2 ਸਾਲ ਦੇ ਅਰਸੇ ਵਿਚ ਡੀ. ਪੀ. ਈ. ਅਤੇ 5 ਸਾਲ ਦੇ ਅਰਸੇ ਵਿਚ ਡੀ. ਆਰ. ਈ. ਦਾ ਇਮਤਿਹਾਨ ਪਾਸ ਕਰੇ। ਇਹ ਢਿੱਲ ਸਰਕਾਰ ਨੇ ਦਿੱਤੀ ਹੋਈ ਹੈ।)

62. ਸ਼੍ਰੀ ਪ੍ਰਭ ਸਿੰਘ ਆਹਲੂਵਾਲੀਆ

63. ਸ਼੍ਰੀ ਜੇ. ਐਨ. ਸੂਦ

64. ਸ਼੍ਰੀ ਆਰ. ਐਸ. ਸੰਧੂ

65. ਸ਼੍ਰੀ ਰਾਮ ਚੰਦ

66. ਸ਼੍ਰੀ ਕੁਲਬੀਰ ਸਿੰਘ ਗਰੇਵਾਲ

Original with;
Punjab Vidhan Sabha
Digitized by;
Panjab Digital Library

67. ਸ੍ਰੀ ਧਰਮ ਪਾਲ ਗੋਇਲ
68. ਸ੍ਰੀ ਦਰਸ਼ਨ ਸਿੰਘ
69. ਸ੍ਰੀ ਜਸਵੰਤ ਸਿੰਘ
70. ਸ੍ਰੀ ਸਤਪਾਲ
71. ਸ੍ਰੀ ਰਾਜਿੰਦਰ ਸਿੰਘ
72. ਸ੍ਰੀ ਸੁਨੀਲ ਕੁਮਾਰ ਬਾਲੀ
73. ਸ੍ਰੀ ਕਰਤਾਰ ਚੰਦ
74. ਸ੍ਰੀ ਗੁਰਪਰਤਾਪ ਸਿੰਘ ਸੋਢੀ
75. ਸ੍ਰੀ ਰਾਜ ਪਾਲ
76. ਸ੍ਰੀ ਹਰਵਿੰਦਰ ਸਿੰਘ ਗਰੇਵਾਲ
77. ਸ੍ਰੀ ਜਗਜੀਤ ਸਿੰਘ ਬੱਗਾ
78. ਸ੍ਰੀ ਪੀ. ਐਸ. ਵਾਸੂਦੇਵਾ
79. ਸ੍ਰੀ ਗੁਰਦਰਸ਼ਨ ਕੁਮਾਰ ਰਸਵੰਤ
80. ਸ੍ਰੀ ਦੇਵਿੰਦਰ ਸਿੰਘ ਬਾਜਵਾ
81. ਸ੍ਰੀ ਚੰਨਣ ਸਿੰਘ ਕਾਹਲੋਂ
82. ਸ੍ਰੀ ਕੁਲਜੀਤ ਸਿੰਘ
83. ਸ੍ਰੀ ਸੁਰੇਸ਼ ਕੁਮਾਰ ਅਗਰਵਾਲ
84. ਸ੍ਰੀ ਤਰਸੇਮ ਲਾਲ ਭੰਡਾਰੀ
85. ਸ੍ਰੀ ਐਨ. ਐਲ. ਗੋਇਲ
86. ਸ੍ਰੀ ਰਘਬੀਰ ਸਿੰਘ
87. ਸ੍ਰੀ ਬਰਿਜ ਮੋਹਨ ਗੁਪਤਾ
88. ਸ੍ਰੀ ਐਮ. ਐਸ. ਬਾਂਸਲ
89. ਸ੍ਰੀ ਰਾਜਿੰਦਰ ਕੁਮਾਰ ਕੱਕੜ
90. ਸ੍ਰੀ ਜੇ. ਐਸ. ਕਾਲੜਾ
91. ਸ੍ਰੀ ਰਨਜੀਤ ਕੁਮਾਰ ਐਰੀ
92. ਸ੍ਰੀ ਐਸ. ਪੀ. ਗਰਗ
93. ਸ੍ਰੀ ਜੇ. ਐਲ. ਮੰਗੇਰ
94. ਸ੍ਰੀ ਇੰਦਰਜੀਤ ਸਿੰਘ
95. ਸ੍ਰੀ ਰਾਮੇਸ਼ਵਰ ਚੰਦਰ ਗੋਇਲ
96. ਸ੍ਰੀ ਬਲਦੇਵ ਸਿੰਘ ਮਾਨ
97. ਸ੍ਰੀ ਸੁਚਾ ਸਿੰਘ
98. ਸ੍ਰੀ ਬਲਬੀਰ ਸਿੰਘ
99. ਸ੍ਰੀ ਮਨੋਹਰ ਲਾਲ ਅਰੋੜਾ
100. ਸ੍ਰੀ ਹਰਬੰਸ ਸਿੰਘ ਖੰਨਾ
101. ਸ੍ਰੀ ਬੀ. ਐਸ. ਬਿਨੈਪਾਲ
102. ਸ੍ਰੀ ਆਰ. ਪੀ. ਚਤਰਥ
103. ਸ੍ਰੀ ਦਲਜੀਤ ਸਿੰਘ ਜਾਵਾ
104. ਸ੍ਰੀ ਦਲਜੀਤ ਸਿੰਘ ਚਹਿਲ
105. ਸ੍ਰੀ ਸੁਰਿੰਦਰ ਕੁਮਾਰ ਗੋਇਲ
106. ਸ੍ਰੀ ਜੋਰਾਵਰ ਸਿੰਘ ਗਿੱਲ
107. ਸ੍ਰੀ ਐਸ. ਡੀ. ਗੁਪਤਾ
108. ਸ੍ਰੀ ਐਸ. ਕੇ. ਪੰਜ
109. ਸ੍ਰੀ ਐਸ. ਡੀ. ਗੁਪਤਾ
110. ਸ੍ਰੀ ਵੇਦ ਪ੍ਰਕਾਸ਼ ਅਗਰਵਾਲ
111. ਸ੍ਰੀ ਮਾਨਕ ਚੰਦ ਵਰਮਾ
112. ਸ੍ਰੀ ਹਰਬੰਸ ਸਿੰਘ ਗਿੱਲ

Original with;
Punjab Vidhan Sabha
Digitized by;
Panjab Digital Library

113. ਸ਼੍ਰੀ ਜਸਮਿੰਦਰ ਸਿੰਘ ਰੰਧਾਵਾ

114. ਸ਼੍ਰੀ ਗੁਰਮਿੰਦਰ ਮੋਹਨ ਸਿੰਘ

115. ਸ਼੍ਰੀ ਕੁਲਵੰਤ ਸਿੰਘ ਔਜਲਾ

116. ਸ਼੍ਰੀ ਰਿਪੂਜੀਤ ਸਿੰਘ ਸੰਧੂ

117. ਸ਼੍ਰੀ ਜਗਜੀਤ ਸਹਾਏ ਜੋਸ਼ੀ

118. ਸ਼੍ਰੀ ਮੋਹਨ ਸਿੰਘ ਘਾਲੀ

119. ਸ਼੍ਰੀ ਭਗਵਾਨ ਦਾਸ ਕਪੂਰ

120. ਸ਼੍ਰੀ ਕੇ.ਕੇ. ਮੈਨੀ

121. ਸ਼੍ਰੀ ਰਾਜ ਕੁਮਾਰ

122. ਸ਼੍ਰੀ ਰਾਜਿੰਦਰ ਸਿੰਘ ਗੋਇਲ

123. ਸ਼੍ਰੀ ਕੈਲਾਸ਼ ਲਾਲ ਕੋਹਲੀ

124. ਸ਼੍ਰੀ ਐਮ. ਐਲ. ਗਰਗ

125. ਸ਼੍ਰੀ ਐਸ. ਕੇ. ਮਹਿਤਾ

126. ਸ਼੍ਰੀ ਬਾਰੂ ਲਾਲ ਗੋਇਲ

127. ਸ਼੍ਰੀ ਜਮੀਅਤ ਸਿੰਘ

128. ਸ਼੍ਰੀ ਗਿਆਨ ਸਿੰਘ

129. ਸ਼੍ਰੀ ਜਗਮੋਹਨ ਕੁਮਾਰ

130. ਸ਼੍ਰੀ ਕ੍ਰਿਸ਼ਨ ਕੁਮਾਰ ਸਧੀਰ

131. ਸ਼੍ਰੀ ਅਜੀਤ ਕੁਮਾਰ ਐਰੀ

132. ਸ਼੍ਰੀ ਓਮ ਪ੍ਰਕਾਸ਼ ਸ਼ਰਮਾ

133.

134. ਸ਼੍ਰੀ ਪਵਨ ਕੁਮਾਰ ਸਿੰਗਲਾ

135. ਸ਼੍ਰੀ ਤਰਸੇਮ ਲਾਲ ਸਿੰਗਲਾ

136. ਸ਼੍ਰੀ ਦੀਵਾਨ ਚੰਦ ਨਾਗਪਾਲ

137. ਸ਼੍ਰੀ ਜਗਤਾਰ ਸਿੰਘ ਵਿਰਕ

138. ਸ਼੍ਰੀ ਬੀ. ਐਸ. ਗਰੇਵਾਲ

139. ਸ਼੍ਰੀ ਭਗਤ ਸਿੰਘ

140. ਸ਼੍ਰੀ ਐਸ. ਕੇ. ਟੰਡਨ

141. ਸ਼੍ਰੀ ਬਰਿਜ ਮੋਹਨ ਚੌਧਰੀ

142. ਸ਼੍ਰੀ ਰਮੇਸ਼ ਚੰਦਰ, ਪੁੱਤਰ ਸ਼੍ਰੀ ਸ਼ਾਮ ਲਾਲ

143. ਸ਼੍ਰੀ ਸ਼ਾਮ ਲਾਲ ਗੁਪਤਾ

144. ਸ਼੍ਰੀ ਸ਼ੋਰੀ ਲਾਲ

145. ਸ਼੍ਰੀ ਸੁਰਜੀਤ ਕੁਮਾਰ ਯਾਖਨੀਖ

146. ਸ਼੍ਰੀ ਪ੍ਰਿਥੀਵਾਲ ਸਿੰਘ ਹੀਰਾ

147. ਸ਼੍ਰੀ ਦਵਾਰਕਾ ਦਾਸ ਵਸ਼ਿਸ਼ਟ

148. ਸ਼੍ਰੀ ਅਨੋਖ ਸਿੰਘ ਸੰਧੂ

149. ਸ਼੍ਰੀ ਐਨ. ਐਸ. ਸਰਵਾਲ

150. ਸ਼੍ਰੀ ਹਰਮੇਲ ਸਿੰਘ ਕੂਲਰ

151. ਸ਼੍ਰੀ ਨਿਰਮਲ ਸਿੰਘ ਨੱਟੂ

152. ਸ਼੍ਰੀ ਬਲਵੀਰ ਸਿੰਘ ਧੰਜੂ

153. ਸ਼੍ਰੀ ਹਰਿੰਦਰ ਕੁਮਾਰ

154. ਸ਼੍ਰੀ ਐਚ. ਐਸ. ਪੀ. ਸੋਹੀ

155. ਸ਼੍ਰੀ ਕੇ. ਐਲ. ਮਹਾਜਨ

156. ਸ਼੍ਰੀ ਗੁਰਦੇਵ ਸਿੰਘ

157. ਸ਼੍ਰੀ ਕ੍ਰਿਸ਼ਨ ਕੁਮਾਰ ਕੱਕੜ

158. ਸ਼੍ਰੀ ਸਤਪਾਲ ਵਰਮਾ

Original with;
Punjab Vidhan Sabha
Digitized by;
Panjab Digital Library

159. ਸ਼੍ਰੀ ਰੌਸ਼ਨ ਲਾਲ

160. ਸ਼੍ਰੀ ਕ੍ਰਿਸ਼ਨ ਗੋਪਾਲ ਅਗਰਵਾਲ

161. ਸ਼੍ਰੀ ਬੀ. ਐਸ. ਮਹੇਦ

162. ਸ਼੍ਰੀ ਐਨ. ਐਸ. ਚਾਵਲਾ

163. ਸ਼੍ਰੀ ਜੇ. ਦਾਸ ਜੈਨ

164. ਸ਼੍ਰੀ ਹਰਕ੍ਰਿਸ਼ਨ ਸਿੰਘ ਸ਼ਰਾਂ

165. ਸ਼੍ਰੀ ਗੁਰਦਰਸ਼ਨ ਸਿੰਘ

166. ਸ਼੍ਰੀ ਹਰੀ ਕ੍ਰਿਸ਼ਨ ਬੱਬਰ

167. ਸ਼੍ਰੀ ਹਰਬੰਸ ਸ਼ਰਮਾ

168. ਸ਼੍ਰੀ ਸਤਿਆ ਸਰੂਪ

169. ਸ਼੍ਰੀ ਮਹਿੰਦਰ ਪਾਲ ਸਿੰਘ

170. ਸ਼੍ਰੀ ਬੀ. ਐਸ. ਕਾਲੜਾ

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ਡੀ'

1 ਜਨਵਰੀ, 1978 ਤਕ ਦੇ ਰਿਕਾਰਡ ਤੇ ਯੋਗ ਅਫਸਰਾਂ ਦੀ ਸਿਲੈਕਟ ਲਿਸਟ ।

ਸਰਵ-ਸ੍ਰੀ

1. ਕੈਪਟਨ ਗੁਰਦੇਵ ਸਿੰਘ
2. ਆਰ. ਡੀ. ਸ਼ਰਮਾ
3. ਗੁਰਦਿਆਲ ਸਿੰਘ ਬੈਂਸ
4. ਸੁਜਾਨ ਸਿੰਘ
5. ਜਸਵੰਤ ਸਿੰਘ
6. ਡੀ. ਡੀ. ਸੂਦ
7. ਕੁੰਦਨ ਸਿੰਘ
8. ਰਘਬੀਰ ਸਿੰਘ
9. ਰਾਮ ਪ੍ਰਕਾਸ਼
10. ਰਾਮ ਖੁਰਾਨਾ
11. ਰਾਮ ਸਰੂਪ ਖੁਰਾਨਾ
12. ਹਰਬੰਸ ਸਿੰਘ ਚੱਡਾ
13. ਪ੍ਰਲਾਦ ਸਿੰਘ
14. ਬਲਦੇਵ ਸਿੰਘ ਸੂਦ
15. ਕੇ. ਕੇ. ਸੋਨੀ
16. ਆਤਮਾ ਸਿੰਘ
17. ਪ੍ਰਿਥੀਪਾਲ ਸਿੰਘ
18. ਗੁਰਬਖਸ਼ ਸਿੰਘ ਲੂਥਰਾ
19. ਕੇਵਲ ਸਿੰਘ
20. ਸੁਰਜੀਤ ਸਿੰਘ ਬਰਾੜ

ਸਰਵ-ਸ੍ਰੀ

21. ਜੋਗਿੰਦਰ ਸਿੰਘ
22. ਕੇ.ਐਲ. ਪੁਰੀ
23. ਹਰਬੰਸ ਸਿੰਘ
24. ਹਰਬੰਸ ਸਿੰਘ ਵਿਰਦੀ
25. ਐਮ. ਐਲ. ਮਲਿਕ
26. ਜੇ.ਐਨ. ਗੁਪਤਾ
27. ਸਤਿਆ ਬਰਤ
28. ਅਮਰਜੀਤ ਸਿੰਘ
29. ਬਲਦੇਵ ਰਾਜ ਸੂਦ
30. ਸੁਰਜੀਤ ਸਿੰਘ ਚੀਮਾ
31. ਐਚ.ਐਮ. ਨਰੂਲਾ
32. ਗੁਰਚਰਨ ਸਿੰਘ
33. ਪੀ.ਐਸ. ਨਰੂਲਾ
34. ਆਰ. ਐਸ. ਮੰਡੇਰ
35. ਚਤਰ ਸਿੰਘ ਗੁਪਤਾ
36. ਪ੍ਰਿਤਪਾਲ ਸਿੰਘ
37. ਐਸ. ਕੇ. ਤਨੇਜਾ
38. ਏ.ਐਸ. ਬਰਾੜ
39. ਐਚ.ਐਸ. ਰੰਧਾਵਾ
40. ਕੇ.ਕੇ.ਐਸ. ਭੰਡਾਰੀ
41. ਓ.ਪੀ. ਕੁੰਦਰਾ

Original with;
Punjab Vidhan Sabha
Digitized by;
Panjab Digital Library

ਸਰਵ-ਸ਼੍ਰੀ

42. ਆਰ.ਐਨ. ਭਸੀਨ
43. ਐਚ.ਪੀ. ਪਾਲ
44. ਐਮ. ਐਲ. ਗੁਪਤਾ
45. ਜੋਗਿੰਦਰ ਸਿੰਘ
46. ਡੀ.ਐਲ. ਨਾਗਰਾ
47. ਐਮ. ਐਲ. ਜੈਨ
48. ਵੀ.ਕੇ. ਅਗਰਵਾਲ
49. ਕ੍ਰਿਸ਼ਨ ਸਿੰਘ
50. ਫਕੀਰ ਸਿੰਘ
51. ਐਸ. ਐਮ. ਗੋਇਲ
52. ਨਰਿੰਦਰ ਸਿੰਘ
53. ਆਰ.ਡੀ. ਭਾਰਗਾਵਾ
54. ਅਜੀਤ ਸਿੰਘ ਚਾਵਲਾ
55. ਪ੍ਰੀਤਮ ਸਿਘ ਗਿੱਲ
56. ਵੀ.ਪੀ. ਸ਼ਰਮਾ
57. ਮੋਤੀ ਰਾਮ ਗੁਪਤਾ
58. ਸਿਕੰਦਰ ਸਿੰਘ ਗਰੇਵਾਲ
59. ਦਯਾ ਸਿੰਘ ਕੁੰਬਰਾ
60. ਕੇ.ਕੇ. ਨਯੀਅਰ
61. ਕਰਮਬੀਰ
62. ਦਰਸ਼ਨ ਸਿੰਘ
63. ਬੀ.ਏ. ਸਕਾਟ
64. ਸੋਹਨ ਲਾਲ

ਸਰਵ-ਸ਼੍ਰੀ

65. ਪਿਆਰਾ ਸਿੰਘ
66. ਸੁਰਜੀਤ ਸਿੰਘ ਸੋਢੀ
67. ਗੁਰਚਰਨ ਸਿੰਘ ਸ਼ਾਹੀ
68. ਵਾਈ.ਈ. ਮਾਥੁਰ
69. ਟੀ.ਐਸ. ਮਨਕੂ
70. ਗੁਰਮੁਖ ਸਿੰਘ ਪਾਲ
71. ਐਸ.ਪੀ. ਦੁਗਲ
72. ਐਮ. ਐਲ. ਅਰੋੜਾ
73. ਵੇਦ ਪ੍ਰਕਾਸ਼ ਮੋਦੀ
74. ਕੇ.ਐਨ. ਸਿੰਘ
75. ਦਲਜੀਤ ਸਿੰਘ ਆਹਲੂਵਾਲੀਆ
76. ਸ਼ਰਨਜੀਤ ਸਿੰਘ
77. ਮਹਿੰਦਰ ਸਿੰਘ
78. ਰਤਨ ਸਿੰਘ
79. ਪੂਰਨ ਸਿੰਘ
80. ਰਾਜਪਾਲ ਸੂਦ
81. ਯਸ਼ਪਾਲ ਕੁਮਾਰ
82. ਏ.ਐਸ. ਮਨਾਰੂ
83. ਐਚ.ਕੇ.ਐਸ. ਮਹਿਤਾ
84. ਸੁਰਿੰਦਰ ਮੋਹਨ
85. ਐਮ. ਐਲ. ਖੋਸਲਾ
86. ਸੀ.ਐਸ. ਮੰਡੇਰ
87. ਐਮ. ਐਸ. ਲੁਬਾਣਾ (ਬੀ.ਸੀ.)

Original with;
Punjab Vidhan Sabha
Digitized by;
Panjab Digital Library

ਸਰਵ-ਸ੍ਰੀ

88. ਐਸ. ਕੇ. ਬਾਲੀ
89. ਐਮ. ਐਸ. ਚਾਵਲਾ
90. ਅਸ਼ੋਕ ਕੁਮਾਰ
91. ਰਾਜ ਕੰਵਰ
92. ਕਰਤਾਰ ਚੰਦ (ਐਸ.ਸੀ.)
93. ਬੀ.ਡੀ. ਸਿੰਗਲ
94. ਜੀ.ਡੀ. ਚੋਪੜਾ
95. ਐਚ.ਐਮ. ਕੋੜਾ
96. ਜੀ.ਐਸ. ਘੁੰਮਣ
97. ਰਾਮ ਪ੍ਰਕਾਸ਼
98. ਏ.ਐਸ. ਥਿੰਦ
99. ਐਸ.ਐਸ. ਸਾਹਨੀ
100. ਐਸ.ਸੀ.ਐਸ. ਬੇਰੀ
101. ਸਤਪਾਲ (ਸੀ.ਸੀ.)
102. ਕੇ.ਕੇ. ਗੋਇਲ
103. ਪ੍ਰੇਮ ਕੁਮਾਰ ਸ਼ਰਮਾ
104. ਡੀ.ਡੀ. ਅਰੋੜਾ
105. ਹੰਸ ਰਾਜ ਵਰਮਾ
106. ਜੋਸਫ ਬਖਸ਼
107. ਪੀ. ਐਸ. ਆਹਲੂਵਾਲੀਆ
108. ਆਰ.ਐਸ. ਸੰਧੂ
109. ਕੇ.ਐਸ. ਗਰੇਵਾਲ
110. ਡੀ.ਪੀ. ਗੋਇਲ

ਸਰਵ-ਸ੍ਰੀ

111. ਦਰਸ਼ਨ ਸਿਘ ਚੋਪੜਾ
112. ਜੇ.ਐਸ. ਖੁਰਾਨਾ
113. ਰਜਿੰਦਰ ਸਿੰਘ
114. ਜੀ.ਪੀ.ਐਸ. ਸੋਢੀ
115. ਰਾਜ ਪਾਲ ਨਾਗਪਾਲ
116. ਐਚ.ਐਸ. ਗਰੇਵਾਲ
117. ਐਸ. ਕੇ. ਰਸਵੰਤ
118. ਡੀ.ਐਸ. ਬਾਜਵਾ
119. ਸੀ.ਐਸ. ਕਾਹਲੋਂ
120. ਕੁਲਜੀਤ ਸਿੰਘ
121. ਐਸ. ਕੇ. ਅਗਰਵਾਲ
122. ਟੀ.ਐਲ. ਭੰਡਾਰੀ
123. ਐਨ. ਐਲ. ਗੋਇਲ
124. ਰਘਬੀਰ ਸਿੰਘ
125. ਸੀ.ਐਮ. ਗੁੱਪਤਾ
126. ਐਮ.ਐਸ. ਬਾਂਸਲ
127. ਜੇ.ਐਸ. ਕਾਲੜਾ
128. ਆਰ.ਕੇ. ਏਰੀ
129. ਐਸ.ਪੀ. ਗਰਗ
130. ਜੇ.ਐਨ. ਖੁੰਗਰ
131. ਇੰਦਰਜੀਤ ਸਿੰਘ ਸੈਣੀ
132. ਆਰ.ਸੀ. ਗੋਇਲ
133. ਸੁੱਚਾ ਸਿੰਘ

Original with;
Punjab Vidhan Sabha
Digitized by;
Panjab Digital Library

| ਸਰਵ-ਸ੍ਰੀ | | ਸਰਵ-ਸ੍ਰੀ | |
|---|---|---|---|
| 134. | ਬਲਬੀਰ ਸਿੰਘ | 157. | ਐਸ. ਕੇ. ਮਹਿਤਾ |
| 135. | ਐਮ. ਐਲ. ਅਰੋੜਾ | 158. | ਐਨ.ਐਸ. ਚਾਵਲਾ |
| 136. | ਆਰ.ਪੀ. ਚਤਰੱਥ | 159. | ਗਿਆਨ ਸਿੰਘ |
| 137. | ਡੀ.ਐਸ. ਚਾਹਲ | 160. | ਜਗਮੋਹਨ ਕੁਮਾਰ |
| 138. | ਐਸ. ਕੇ. ਗੋਇਲ | 161 | ਕੇ.ਕੇ. ਸੰਧੀਰ |
| 139. | ਜੋਗੋਵਾਰ ਸਿੰਘ ਗਿੱਲ | 162. | ਏ.ਕੇ. ਏਰੀ |
| 140. | ਐਸ. ਕੇ. ਪੁੰਜ | 163. | ਪੀ.ਐਸ. ਗੁਲਾਟੀ |
| 141. | ਵੀ.ਪੀ. ਅਗਰਵਾਲ | 164. | ਪੀ.ਕੇ. ਸਿੰਗਲਾ |
| 142. | ਐਮ.ਸੀ. ਵਰਮਾ | 165. | ਟੀ.ਐਲ. ਸਿੰਗਲਾ |
| 143. | ਐਚ.ਐਸ. ਗਿੱਲ | 166. | ਡੀ.ਸੀ. ਨਾਗਪਾਲ |
| 144. | ਜੇ.ਐਸ. ਰੰਧਾਵਾ | 167. | ਜੇ.ਡੀ. ਜੈਨ |
| 145. | ਜੀ.ਐਮ. ਸਿੰਘ | 168. | ਬੀ.ਐਸ. ਗਰੇਵਾਲ |
| 146. | ਆਤਮਾ ਰਾਮ ਕੁਮਾਰ | 169. | ਭਗਤ ਸਿੰਘ |
| 147. | ਕੇ.ਐਸ. ਔਜਲਾ | 170. | ਮਹਿੰਦਰ ਜੀਤ ਸਿੰਘ |
| 148. | ਰਿਪੁਜੀਤ ਸਿੰਘ ਸੰਧੂ | 171. | ਹਰਦਿਤ ਸਿੰਘ |
| 149. | ਜੇ.ਐਸ. ਜੋਸ਼ੀ | 172. | ਸਤਿਆ ਸਰੂਪ |
| 150. | ਐਸ.ਐਸ. ਘਾਲੀ | 173. | ਬੀ.ਐਮ. ਚੌਧਰੀ |
| 151. | ਬੀ.ਡੀ. ਕਪੂਰ | 174. | ਐਚ.ਐਸ. ਸਰਾ |
| 152. | ਕੇ.ਕੇ. ਸੈਨੀ | 175. | ਆਰ.ਸੀ. ਅਗਰਵਾਲ |
| 153. | ਜਮੀਅਤ ਸਿੰਘ (ਐਸ.ਸੀ.) | 176. | ਸ਼ਾਮ ਲਾਲ ਗੁਪਤਾ |
| 154. | ਆਰ.ਐਸ. ਗੋਇਲ | 177. | ਕੇ.ਸੀ. ਕਸ਼ਪ (ਬੀ.ਸੀ.) |
| 155. | ਵੀ.ਕੇ. ਸੈਣੀ | 178. | ਐਸ. ਕੇ. ਜ਼ਖਮੀ |
| 156. | ਐਮ.ਐਲ. ਗਰਗ | 179. | ਡੀ.ਡੀ. ਵਸ਼ਿਸ਼ਟ |

Original with;
Punjab Vidhan Sabha
Digitized by;
Panjab Digital Library

ਸਰਵ-ਸ੍ਰੀ

180. ਏ.ਐਸ. ਸੰਧੂ
181. ਐਨ.ਐਸ. ਸਰਵਾਲ
182. ਐਚ.ਐਸ. ਕੁਨਰ
183. ਐਨ. ਐਸ. ਨਟ
184. ਬੀ.ਐਸ. ਧੰਜੂ
185. ਰਜਿੰਦਰ ਕੁਮਾਰ
186. ਐਚ. ਕੇ. ਬੱਬਰ
187. ਐਚ.ਐਸ.ਪੀ. ਸੂਈ
188. ਕੇ.ਐਲ. ਮਹਾਜਨ
189. ਗੁਰਦੇਵ ਸਿੰਘ
190. ਕੇ.ਕੇ. ਕੱਕੜ
191. ਸੱਤਪਾਲ ਵਰਮਾ
192. ਬਖਸ਼ੀਸ਼ ਸਿੰਘ
193. ਆਰ.ਐਲ. ਵਿਜ
194. ਕੇ.ਜੀ. ਅਗਰਵਾਲ
195. ਬੀ.ਐਸ. ਸ਼ਹੀਦ
196. ਮਹਿੰਦਰ ਪਾਲ ਸਿੰਘ
197. ਹਰਬੰਸ ਸ਼ਰਮਾ
198. ਬੀ.ਐਸ. ਕਾਲੜਾ
199. ਰਾਮ ਕਿਸ਼ਨ (ਐਸ.ਸੀ.)
200. ਐਸ.ਕੇ.ਬੈਂਸ (ਐਸ.ਸੀ.)
201. ਕੇ.ਐਸ. ਸ਼ਰਮਾ
202. ਕੇ.ਕੇ. ਖੋਸਲਾ

ਸਰਵ-ਸ੍ਰੀ

203. ਯੋਗ ਧਿਆਨ ਉਪਲ
204. ਆਰ.ਕੇ. ਗੁਪਤਾ
205. ਡੀ.ਪੀ. ਵਰਮਾ
206. ਆਰ.ਸੀ. ਜਿੰਦਲ
207. ਵੀ.ਕੇ. ਗਰਗ
208. ਐਸ.ਸੀ. ਸਿੰਗਲਾ
209. ਜੀ.ਡੀ. ਗੁਪਤਾ
210. ਐਨ.ਐਸ. ਧੰਜੂ
211. ਮਲਕੀਅਤ ਸਿੰਘ
212. ਵੀ.ਕੇ. ਨੰਦਾ
213. ਰਾਜ ਕੁਮਾਰ
214. ਐਮ.ਐਮ. ਉਤਰੇਜਾ
215. ਕੇ.ਐਸ. ਅਨਤਾ
216. ਬੀ.ਐਸ. ਵਡਾਲੀਆ
217. ਜੇ.ਐਸ. ਢੀਂਗਰਾ
218. ਬੀ.ਐਸ. ਵਿਰਦੀ
219. ਹੇਮ ਚੰਦ ਜੈਨ
220. ਉਤਮ ਚੰਦ
221. ਆਰ.ਕੇ. ਸ਼ਰਮਾ
222. ਆਰ. ਕੇ. ਖੰਨਾ
223. ਐਸ. ਕੇ. ਗਾਡੀ
224. ਐਨ.ਐਸ. ਰਾਓ
225. ਐਸ.ਐਨ. ਮੰਗੂ

Original with;
Punjab Vidhan Sabha
Digitized by;
Panjab Digital Library

| ਸਰਵ-ਸ੍ਰੀ | ਸਰਵ-ਸ੍ਰੀ |
|---|---|
| 226. ਐਮ. ਐਲ. ਅਗਰਵਾਲ | 235. ਐਮ. ਐਸ. ਅਟਵਾਲ |
| 227. ਜੇ.ਐਸ. ਸਿੱਧੂ | 236. ਐਸ.ਐਸ. ਗਿੱਲ |
| 228. ਐਮ. ਡੀ. ਸ਼ਰਮਾ | 237. ਠਾਕਰ ਦਾਸ |
| 229. ਜਗਦੀਸ਼ ਲਾਲ ਅਰੋੜਾ | 238. ਸ਼ਿਵਦੇਵ ਸਿੰਘ ਧਾਲੀਵਾਲ |
| 230. ਜਸਪਾਲ ਸਿੰਘ | 239. ਐਸ.ਐਸ. ਸੰਧੂ |
| 231. ਬੋਧ ਰਾਜ ਗੁਪਤਾ | 240. ਆਰ.ਸੀ. ਜੈਨ |
| 232. ਪੀ.ਐਸ. ਜਵੰਦਾ | 241. ਸੁਖਮਿੰਦਰ ਸਿੰਘ |
| 233. ਪਰਮਜੀਤ ਸਿੰਘ | 242. ਜੇ.ਐਲ. ਗੋਇਲ |
| 234. ਗੋਬਿੰਦ ਰਾਏ ਗੁਪਤਾ | 243. ਜਗਜੀਤ ਸਿੰਘ |

244. ਤੋਂ ਇਨ੍ਹਾਂ ਅਫ਼ਸਰਾਂ ਦੀ ਮਿਤੀ 22-3-1982 ਤਕ ਪਦ-ਉੱਨਤੀ ਨਹੀਂ ਕੀਤੀ
338.

## UNSTARRED QUESTION AND ANSWERS

### Scholarships got on false Affidavits

250 **1. Comrade Sarwan Singh Dharamkot**
**2. Comrade Sohan Singh**
**3. Comrade Buta Singh** } Will the Minister for Education be pleased to state :—

(a) whether the Sarpanch, Sekhakalan, District Faridkot sent any affidavit or a letter to the Education Department or the Government to the effect that some employees residing in the said village got Scholarhsips during the period from April, 1977 to 1978 for their children by filing false affidavits ; if so, the details thereof ;

(b) whether the P.G.O., Faridkot conducted any enquiry against his report to the District Education Officer, Faridkot ;

(c) if the reply to part (b) above be in the affirmative the details of the said report and the action taken thereon ?

**ਸਰਦਾਰ ਹਰਚਰਨ ਸਿੰਘ ਅਜਨਾਲਾ:** (ੳ) ਹਾਂ ਜੀ ਸਰਪੰਚ ਸ਼ੇਖਾ ਕਲਾਂ (ਫਰੀਦਕੋਟ) ਵਲੋਂ ਮਿਤੀ 15 ਅਗਸਤ, 1981 ਨੂੰ ਇਕ ਪੱਤਰ ਪ੍ਰਾਪਤ ਹੋਇਆ। ਜਿਸ ਵਿਚ ਇਹ ਦੋਸ਼ ਲਾਇਆ ਗਿਆ ਸੀ ਕਿ ਸ੍ਰੀ ਬਲਦੇਵ ਸਿੰਘ ਜੇ.ਬੀ.ਟੀ.ਟੀਚਰ ਨੇ ਪਛੜੀਆਂ ਸ਼ਰੇਣੀਆਂ ਦਾ ਆਪਣੀ ਪੁੱਤਰੀ ਦਾ ਵਜ਼ੀਫਾ ਸਾਲ 1976-77 ਵਿਚ ਆਪਣੀ ਘੱਟ ਆਮਦਨ ਦਰਸਾ ਕੇ ਪ੍ਰਾਪਤ ਕੀਤਾ।

(ਅ) ਨਹੀਂ ਜੀ। ਮੁੱਢਲੀ ਪੜਤਾਲ ਉਪ-ਜ਼ਿਲ੍ਹਾ ਪ੍ਰਾਇਮਰੀ ਸਿਖਿਆ ਅਫਸਰ, ਫਰੀਦਕੋਟ ਵਲੋਂ ਫਰਵਰੀ, 1982 ਵਿਚ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

(ੲ) ਸ਼੍ਰੀ ਬਲਦੇਵ ਸਿੰਘ ਨੇ ਆਪਣੀ ਲੜਕੀ ਦਾ ਮਿਤੀ 1 ਅਪ੍ਰੈਲ, 1976 ਤੋਂ 31 ਅਗਸਤ, 1977 ਤਕ ਦਾ ਪਛੜੀਆਂ ਸ਼੍ਰੇਣੀਆਂ ਦਾ ਵਜ਼ੀਫਾ ਹਲਫੀਆ ਬਿਆਨ ਵਿਚ ਆਪਣੀ ਸਾਲਾਨਾ ਆਮਦਨ 3600 ਰੁਪਏ ਦਰਸਾ ਕੇ ਪ੍ਰਾਪਤ ਕੀਤਾ। ਟੀਚਰ ਨੇ ਲਿਖਤੀ ਰੂਪ ਵਿਚ ਮੰਨਿਆ ਹੈ ਕਿ ਉਸ ਨੇ ਇਹ ਵਜ਼ੀਫਾ ਆਪਣੀ ਬੇਸਕ ਤਨਖਾਹ ਤੇ ਕਲੇਮ ਕੀਤਾ ਸੀ। ਪਰ ਬਾਦ ਵਿਚ ਜਦੋਂ ਉਸਨੂੰ ਪਤਾ ਲੱਗਿਆ ਕਿ ਵਜ਼ੀਫਾ ਸਾਰੇ ਸਾਧਨਾਂ ਦੀ ਆਮਦਨ ਦੇ ਆਧਾਰ ਤੇ ਕਲੇਮ ਕੀਤਾ ਜਾਂਦਾ ਹੈ ਤਾਂ ਉਸ ਨੇ ਵਜ਼ੀਫੇ ਦੀ 100.45 ਰੁਪਏ ਦੀ ਰਕਮ ਜਮਾਂ ਕਰਵਾ ਦਿੱਤੀ। ਪੜਤਾਲ ਰਿਪੋਰਟ ਵਿਭਾਗ ਦੇ ਵਿਚਾਰ ਅਧੀਨ ਹੈ।

5459 P.V.S—Govt. Press, Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 1982

Published under the authority of the Punjab Vidhan Sabha and printed by Controller, Ptg., and Sty. Deptt. U.T., Chandigarh.

Original with;
Punjab Vidhan Sabha
Digitized by;
Panjab Digital Library

# Punjab Vidhan Sabha Debates

*16th March, 1982*

Vol. IV—No. 12

**OFFICIAL REPORT**

Chief Reporter
Punjab Vidhan Sabha
Chandigarh

CONTENTS

*Tuesday, the 16th March*, 1982

| | Page |
|---|---|
| Postponed Starred Questions and Answers .. | (12)1 |
| Starred Questions and Answers .. | (12)4 |
| Written Answers to Starred Questions laid on the Table of the House under Rule 38 .. | (12)24 |
| Question of Privilege .. | (12)27 |
| Call Attention Notices under Rule 66 .. | (12)31 |
| Presentation of Reports of Committee on Public Accounts .. | (12)38 |
| General Discussion on Budget Estimates for the year 1982-83 (*Resumption*) .. | (12)38 |
| Extension of Time of the Sitting .. | (12)73 |
| General Discussion on Budget Estimates for the year 1982-83 (*Resumption*) .. | (12)73 |
| Question of Privilege (*Resumption*) .. | (12)76 |

---

PUNJAB VIDHAN SABHA SECRETARIAT, CHANDIGARH

**Price : Rs.** Rs. 34.00 Paise

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

Tuesday, the 16th March, 1982

*The Vidhan Sabha met in the Punjab Vidhan Sabha Hall, Vidhan Bhavan, Chandigarh, at 9·00 A.M. of the Clock. Mr. Speaker (Shri Brij Bhushan Mehra) in the Chair.*

## POSTPONED STARRED QUESTIONS AND ANSWERS

### Factories Covered by ESI Scheme

***1283. Prof. Balwant Singh :** Will the Minister for Welfare and Labour be pleased to state whether there are any factories in the State which are required to be covered by the Employees' State Insurance Scheme but this Scheme has not been made applicable in their cases ; if so, the number thereof alongwith the reasons therefor ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** (ਸਿਹਤ ਮੰਤਰੀ) : ਤਾਜ਼ਾ ਪ੍ਰਾਪਤ ਸੂਚਨਾ ਅਨੁਸਾਰ 116 ਅਜਿਹੀਆਂ ਫੈਕਟਰੀਆਂ ਹਨ ਜੋ ਕਿ ਈ.ਐਸ.ਆਈ. ਐਕਟ 1948 ਦੀ ''ਫੈਕਟਰੀਆਂ' ਦੀ ਪਰਿਭਾਸ਼ਾ ਹੇਠ ਆਉਂਦੀਆਂ ਹਨ ਜਿਨ੍ਹਾਂ ਨੂੰ ਅਜੇ ਈ.ਐਸ.ਆਈ. ਸਕੀਮ ਅਧੀਨ ਲਿਆਉਣਾ ਰਹਿੰਦਾ ਹੈ। ਇਨ੍ਹਾਂ ਵਿਚੋਂ 71 ਫੈਕਟਰੀਆਂ ਨੂੰ ਇਸ ਸਕੀਮ ਅਧੀਨ ਲਿਆਉਣ ਲਈ ਕਦਮ ਉਠਾਏ ਜਾ ਰਹੇ ਹਨ। ਬਾਕੀ ਰਹਿੰਦੀਆਂ ਫੈਕਟਰੀਆਂ ਬਾਰੇ ਇਹ ਜਾਣਨ ਲਈ ਕਿ ਕੀ ਇਨ੍ਹਾਂ ਨੂੰ ਇਸ ਸਕੀਮ ਅਧੀਨ ਲਿਆਉਣਾ ਸੰਭਵ ਹੈ, ਈ.ਐਸ.ਆਈ. ਕਾਰਪੋਰੇਸ਼ਨ ਵਲੋਂ ਸਰਵੇਖਣ ਕੀਤਾ ਜਾਣਾ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਜ਼ਦੂਰਾਂ ਦਾ ਮਸਲਾ ਹੈ ਅਤੇ ਮਹਿਕਮਾ ਉਨ੍ਹਾਂ ਪ੍ਰਤੀ ਕਿੰਨੀ ਲਾਪਰਵਾਹੀ ਵਿਖਾ ਰਿਹਾ ਹੈ। ਵਜ਼ੀਰ ਸਾਹਿਬ ਨੇ ਦਸਿਆ ਹੈ ਕਿ 116 ਫੈਕਟਰੀਆਂ ਵਿਚੋਂ 71 ਫੈਕਟਰੀਆਂ ਨੂੰ ਇਸ ਸਕੀਮ ਅਧੀਨ ਲਿਆਉਣ ਲਈ ਕਦਮ ਉਠਾਏ ਜਾ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਰਹਿੰਦੀਆਂ ਫੈਕਟਰੀਆਂ ਨੂੰ ਇਹ ਕਦੋਂ ਤਕ ਈ.ਐਸ.ਆਈ. ਸਕੀਮ ਦੇ ਤਹਿਤ ਲੈ ਆਉਣਗੇ ?

**ਮੰਤਰੀ** : ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜਿਹੜੀ ਗਲ ਕਹੀ ਹੈ ਮੈਂ ਉਸ ਦਾ ਜਵਾਬ ਬੜਾ ਹੀ ਠੀਕ ਤਰ੍ਹਾਂ ਦਿਤਾ ਹੈ। ਈ.ਐਸ.ਆਈ. ਸਕੀਮ ਗੌਰਮਿੰਟ ਆਫ ਇੰਡੀਆ ਦੀ ਸਕੀਮ ਹੈ। ਉਹੀ ਇਸ ਲਈ ਪੂਰੀ ਤਰ੍ਹਾਂ ਦੇ ਨਾਲ ਇਨਕੁਆਇਰੀ ਕਰਦੇ ਹਨ। ਉਸ ਦੇ ਬਾਅਦ ਉਹ ਪੰਜਾਬ ਗੌਰਮਿੰਟ ਨੂੰ ਮਾਰਕ ਕਰਦੇ ਹਨ। ਇਸ ਦੇ ਵਿਚ ਕਰਾਈਟੇਰੀਆ ਮੁਕੱਰਰ ਕੀਤਾ ਹੋਇਆ ਹੈ। ਬਾਕੀ ਜਿਹੜਾ ਉਨ੍ਹਾਂ ਨੇ ਬਾਕੀ ਰਹਿੰਦੀਆਂ ਫੈਕਟਰੀਆਂ ਦੀ ਗਲ ਕੀਤੀ ਹੈ, ਉਸ ਬਾਰੇ ਮੈਂ ਦੱਸਿਆ ਹੈ ਕਿ 71 ਫੈਕਟਰੀਆਂ ਬਾਰੇ ਕਾਰਵਾਈ ਕਰਨ ਜਾ ਰਹੇ ਹਾਂ। ਬਾਕੀ ਮੈਂ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਥੇ 500 ਇੰਪਲਾਈਜ਼ ਇਕੱਠੇ ਹੋ ਜਾਣ ਉਥੇ ਫੈਸਿਲਟੀਜ਼ ਦੇਣ ਵਾਸਤੇ ਸਾਰਾ ਕੁਝ ਕਰਨਾ ਪੈਂਦਾ ਹੈ। ਜਦ ਤਕ 500 ਆਦਮੀਆਂ ਦੀ ਪੂਰੀ ਰਿਪੋਰਟ ਨਾ ਆ ਜਾਵੇ ਅਸੀਂ ਆਪਣੇ ਆਪ ਫੈਸਿਲੀਟੀਜ਼ ਪ੍ਰੋਵਾਈਡ ਨਹੀਂ ਕਰ ਸਕਦੇ ਸਾਨੂੰ ਡਾਇਰੈਕਸ਼ਨ ਕਾਰਪੋਰੇਸ਼ਨ ਵਲੋਂ ਲੈਣੀ ਪੈਂਦੀ ਹੈ।

Original with;
Punjab Vidhan Sabha
Digitized by;
Panjab Digital Library

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਬੜਾ ਕਲੀਅਰ ਪ੍ਰਸ਼ਨ ਪੁੱਛਿਆ ਸੀ। ਅਸੀਂ ਤੁਹਾਡੀ ਪ੍ਰੋਟੈਕਸ਼ਨ ਚਾਹੁੰਦੇ ਹਾਂ। ਮੈਂ ਪੁੱਛਿਆ ਸੀ ਕਿ ਰਹਿੰਦੀਆਂ ਫੈਕਟਰੀਆਂ ਨੂੰ ਕਦੋਂ ਤਕ ਇਸ ਸਕੀਮ ਦੇ ਤਹਿਤ ਲੈ ਆਉਣਗੇ ?

**ਸ੍ਰੀ ਸਪੀਕਰ**: ਤੁਸੀਂ ਦੱਸ ਦਿਓ ਕਿ ਕਿੰਨੇ ਟਾਈਮ ਵਿਚ ਇਹ ਕਰ ਦਿਉਗੇ ?

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਸਾਨੂੰ ਜਵਾਬ ਲੈ ਕੇ ਦਿਓ। ਕਿਉਂਕਿ ਸੈਂਟਰ ਤੋਂ ਪੈਸਾ ਵੀ ਆਉਂਦਾ ਹੈ। 2% ਮੁਲਾਜ਼ਮਾਂ ਦਾ ਪੈਸਾ ਹੈ ਅਤੇ 4% ਕਨਸਰਨਡ ਫੈਕਟਰੀ ਦਿੰਦੀ ਹੈ ਅਤੇ ਕੁਝ ਸੈਂਟਰ ਦਿੰਦਾ ਹੈ। ਇਸ ਦੇ ਵਿਚ ਇਨ੍ਹਾਂ ਦੀ ਤਾਂ ਕੇਵਲ ਸ਼ਾਬਾਸ਼ ਹੀ ਹੈ ਜੇ ਇਹ ਉਸ ਨੂੰ ਕਰ ਦੇਣ। ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਥੇ ਡਾਕਟਰਾਂ ਦੀ ਗਿਣਤੀ ਵਧਾਉਣਗੇ ? ਕੀ ਇਹ ਡਾਕਟਰਾਂ ਨੂੰ ਉਥੇ ਇਨਸੈਂਟਿਵ ਦੇਣਗੇ ਅਤੇ ਉਨ੍ਹਾਂ ਦਾ ਅਲਾਉਂਸ ਹੋਰ ਵਧਾਉਣਗੇ ਕਿਉਂਕਿ ਡਾਕਟਰ ਈ.ਐਸ.ਆਈ. ਵਾਲੇ ਪਾਸੇ ਜਾਣਾ ਪਸੰਦ ਨਹੀਂ ਕਰਦੇ। ਉਹ ਦੂਜੇ ਪਾਸੇ ਜਾਣਾ ਪਸੰਦ ਕਰਦੇ ਹਨ। ਇਸ ਲਈ ਕੀ ਇਹ ਡਾਕਟਰਾਂ ਨੂੰ ਇਥੇ ਇਨਸੈਂਟਿਵ ਦੇਣਗੇ ਅਤੇ ਡਾਕਟਰਾਂ ਦੀ ਗਿਣਤੀ ਵਧਾਉਣਗੇ ਤਾਕਿ ਉਥੇ 24 ਘੰਟੇ ਦੀ ਸਰਵਿਸ ਹੋ ਸਕੇ ?

**ਮੰਤਰੀ** : ਸਪੀਕਰ ਸਾਹਿਬ, ਜਿਥੋਂ ਤਕ ਡੇਟ ਨਿਸਚਤ ਕਰਨ ਦੀ ਗੱਲ ਹੈ, ਉਹ ਅਸੀਂ ਨਹੀ ਕਰ ਸਕਦੇ ਕਿਉਂਕਿ ਜਦ ਤਕ ਈ.ਐਸ.ਆਈ. ਕਾਰਪੋਰੇਸ਼ਨ ਆਪਣੀ ਕਾਰਵਾਈ ਕੰਪਲੀਟ ਕਰਕੇ ਸਾਨੂੰ ਇਤਲਾਹ ਨਾ ਦੇਵੇ ਉਦੋਂ ਤਕ ਅਸੀਂ ਆਪਣੇ ਆਪ ਡੇਟ ਫਿਕਸ ਨਹੀਂ ਕਰ ਸਕਦੇ।

**ਸ੍ਰੀ ਸਪੀਕਰ** : ਤੁਸੀਂ 71 ਫੈਕਟਰੀਆਂ ਦਾ ਜਲਦੀ ਕਰਵਾ ਦਿਓ।

**ਮੰਤਰੀ**: ਸਪੀਕਰ ਸਾਹਿਬ, ਇਸ ਦਾ ਫੈਸਲਾ ਕਰਨ ਵਾਸਤੇ ਅਸੀਂ ਈ.ਐਸ.ਆਈ. ਨੂੰ ਆਪ ਮੂਵ ਕਰਾਂਗੇ ਤਾਕਿ ਜਲਦੀ ਫੈਸਲਾ ਹੋ ਜਾਵੇ। ਜਿਥੋਂ ਤਕ ਡਾਕਟਰਾਂ ਦੀ ਗਿਣਤੀ ਵਧਾਉਣ ਦਾ ਸਵਾਲ ਹੈ, ਜਿਉਂ ਜਿਉਂ ਹਸਪਤਾਲ ਖੁਲ੍ਹਣਗੇ ਤਿਉਂ ਤਿਉਂ ਡਾਕਟਰ ਵਧਦੇ ਜਾਣਗੇ। ਜਿਹੜੇ ਉਥੇ ਡਾਕਟਰ ਕੰਮ ਕਰਦੇ ਹਨ ਉਨ੍ਹਾਂ ਨੂੰ ਆਲਰੇਡੀ ਅਲਾਉਂਸ ਜ਼ਿਆਦਾ ਦੇ ਰਹੇ ਹਾਂ ਪਰ ਇਸ ਦੇ ਬਾਵਜੂਦ ਵੀ ਇਹ ਸਰਕਾਰ ਦੇ ਜ਼ੇਰੇ ਗੌਰ ਹੈ ਕਿ ਇਸ ਸਕੀਮ ਨੂੰ ਇੰਪਰੂਵ ਕਰਨ ਲਈ ਅਸੀਂ ਕੀ ਹੋਰ ਉਪਰਾਲੇ ਕਰ ਸਕਦੇ ਹਾਂ।

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸੱਚ ਹੈ ਕਿ ਕਾਫੀ ਰੁਪਿਆ ਜਿਹੜਾ ਕਿ ਈ.ਐਸ.ਆਈ. ਸਕੀਮ ਦੇ ਥਲੇ ਪੰਜਾਬ ਦੇ ਵਿਚ ਵਰਤਿਆ ਜਾਣਾ ਚਾਹੀਦਾ ਹੈ ਉਹ ਵਰਤਿਆ ਨਹੀਂ ਜਾ ਸਕਿਆ। ਉਸ ਨੂੰ ਵਰਤਣ ਵਾਸਤੇ ਕੀ ਉਚੇਚੇ ਉਪਰਾਲੇ ਕੀਤੇ ਜਾਣਗੇ ? ਉਸ ਦੇ ਲਈ ਹੈਲਥ ਡਿਪਾਰਟਮੈਂਟ ਅਤੇ ਲੇਬਰ ਡਿਪਾਰਟਮੈਂਟ ਦੀ ਇਕ ਸਾਂਝੀ ਕਮੇਟੀ ਬਣਾਕੇ ਦੁਬਾਰਾ ਸਾਰੀਆਂ ਫੈਕਟਰੀਆਂ ਦਾ ਨਿਰੀਖਣ ਕਰਵਾਇਆ ਜਾਵੇ ਕਿਉਂਕਿ ਕਾਫੀ ਫੈਕਟਰੀਆਂ ਹਨ ਜਿਥੇ 20 ਤੋਂ ਵਧ ਵਰਕਰ ਕੰਮ ਕਰਦੇ ਹਨ ਪਰ ਉਹ ਈ.ਐਸ.ਆਈ. ਸਕੀਮ ਦੇ ਥਲੇ ਨਹੀਂ ਆਉਂਦੀਆਂ। ਖਾਸ ਤੌਰ ਤੇ ਸ਼ੂਗਰ ਮਿਲਜ਼ ਹਨ। ਉਥੋਂ ਦੇ ਵਰਕਰਾਂ ਨੂੰ ਈ.ਐਸ.ਆਈ. ਸਕੀਮ ਦੇ ਥਲੇ ਲਿਆਉਣ ਲਈ ਇਹ ਕੀ ਉਪਰਾਲੇ ਕਰ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ 2-3 ਸਵਾਲ ਕੀਤੇ ਹਨ। ਇਕ ਤਾਂ ਇਨ੍ਹਾਂ ਨੇ ਰੁਪਏ ਦੀ ਗੱਲ ਕੀਤੀ ਹੈ ਕਿ ਉਹ ਵਰਤਿਆ ਨਹੀਂ ਗਿਆ। ਇਸ ਬਾਰੇ ਮੈਂ ਇਨ੍ਹਾਂ ਨੂੰ ਕਹਾਂਗਾ ਕਿ ਅਗਰ ਕੋਈ ਐਸੀ ਗਲ ਹੈ ਤਾਂ ਉਹ ਨੋਟਿਸ ਵਿਚ ਲਿਆ ਦੇਣ ਸਰਕਾਰ ਉਸ ਰੁਪਏ ਨੂੰ ਜ਼ਾਇਆ ਨਹੀਂ

Original with;
Punjab Vidhan Sabha
Digitized by;
Panjab Digital Library

ਹੋਣ ਦੇਵੇਗੀ ਅਤੇ ਉਸ ਰੁਪਏ ਨੂੰ ਮਜ਼ਦੂਰਾਂ ਦੇ ਬੇਨੀਫਿਟ ਵਾਸਤੇ ਇਸਤੇਮਾਲ ਕਰਵਾਏਗੀ ਅਤੇ ਇਸ ਸਕੀਮ ਨੂੰ ਲਾਗੂ ਕਰਵਾਏਗੀ। ਬਾਕੀ ਉਨ੍ਹਾਂ ਨੇ ਸ਼ੂਗਰ ਮਿਲਜ਼ ਬਾਰੇ ਕਿਹਾ ਹੈ। ਕੁਝ ਸੀਜ਼ਨਲ ਕੰਮ ਫੈਕਟਰੀਆਂ ਦਾ ਹੁੰਦਾ ਹੈ ਉਨ੍ਹਾਂ ਵਿਚ ਸ਼ੂਗਰ ਮਿਲਜ਼ ਵੀ ਹਨ ਅਤੇ ਕਾਟਨਜਿਨਿੰਗ ਮਿਲਜ਼ ਵੀ ਹਨ। ਇਹ ਸੀਜ਼ਨਲ ਕੰਮ ਕਰਦੀਆਂ ਹਨ ਪਰ ਇਹ ਇਸ ਜੁਮਰੇ ਵਿਚ ਨਹੀਂ ਆਉਂਦੀਆਂ। ਮੈਂ ਹੋਰ ਵੀ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਜਿਥੇ 20 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ ਅਤੇ ਉਹ ਫੈਕਟਰੀ ਬਿਜਲੀ ਨਾਲ ਚਲਦੀ ਹੈ ਤਾਂ ਉਹ ਫਸਟ ਕੈਟੇਗਰੀ ਵਿਚ ਆਉਂਦੀ ਹੈ। ਜਿਥੇ 10 ਤੋਂ 20 ਤਕ ਮੁਲਾਜ਼ਮ ਹਨ ਉਹ ਸੈਕੰਡ ਕੈਟੇਗਰੀ ਵਿਚ ਆਉਂਦੀ ਹੈ। ਜਿਥੇ ਬਿਜਲੀ ਨਾ ਹੋਵੇ ਅਤੇ ਉਥੇ 20 ਤੋਂ ਜ਼ਿਆਦਾ ਮੁਲਾਜ਼ਮ ਹਨ ਉਹ ਥਰਡ ਕੈਟੇਗਰੀ ਵਿਚ ਆਉਂਦੀ ਹੈ। ਪਹਿਲੀ ਕੈਟੇਗਰੀ ਜਿਥੇ ਕੰਪਲੀਟ ਹੋ ਜਾਵੇ ਉਨ੍ਹਾਂ ਨੂੰ ਵਿਚ ਮਿਲਾਕੇ ਉਸ ਏਰੀਏ ਦੀ ਸਕੀਮ ਲਾਗੂ ਕਰ ਦਿਤੀ ਜਾਂਦੀ ਹੈ।

---

## Link Road from Majitha Town to Railway Station Majitha

***1274. Sardar Parkash Singh Majitha :** Will the Minister for Public Works be pleased to state whether any metalled road has been constructed from Majitha Town, District Amritsar to Railway Station Majitha; if not, the time by which it is proposed to be constructed ?

**ਸਰਦਾਰ ਬੇਅੰਤ ਸਿੰਘ** : ਨਹੀਂ ਜੀ। ਪਰ ਇਕ ਸੜਕ ਸੋਹੀਆਂ ਤੋਂ ਮਜੀਠਾ ਸੜਕ ਤੱਕ 1982-83 ਵਿਚ ਮੁਕੰਮਲ ਕਰਨ ਦੀ ਤਜਵੀਜ਼ ਹੈ। ਇਹ ਸੜਕ ਮਜੀਠਾ ਟਾਊਨ ਤੋਂ ਮਜੀਠਾ ਰੇਲਵੇ ਸਟੇਸ਼ਨ ਤੱਕ ਜਾਣ ਵਾਸਤੇ ਵਰਤੀ ਜਾ ਸਕੇਗੀ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ ਕਿ ਇਕ ਸੜਕ ਸੋਹੀਆਂ ਤੋਂ ਮਜੀਠਾ ਸੜਕ ਤਕ 1982-83 ਵਿਚ ਮੁਕੰਮਲ ਕਰਨ ਦੀ ਤਜਵੀਜ਼ ਹੈ। ਮੈਂ ਇਨ੍ਹਾਂ ਕੋਲੋਂ ਅਸ਼ੋਰੈਂਸ ਚਾਹੁੰਦਾ ਹਾਂ ਕਿ ਕਿਤੇ ਇਹ ਤਜਵੀਜ਼ ਹੀ ਨਾ ਰਹਿ ਜਾਵੇ ਕਿਉਂਕਿ ਇਹ ਜਿਹੜੀ ਸੜਕ ਹੈ ਇਹ ਅੱਜ ਤੋਂ 10--12 ਸਾਲ ਤੋਂ ਪਹਿਲਾਂ ਦੀ ਤਜਵੀਜ਼ ਹੈ। ਇਹ ਰੇਲਵੇ ਸਟੇਸ਼ਨ ਦੀ ਸੜਕ ਹੈ ਇਸ ਕਰਕੇ ਕੰਪਲੀਟ ਨਹੀਂ ਹੋਈ। ਬਾਕੀ ਉਥੇ ਕੋਈ ਝਗੜਾ ਸੀ। ਕੀ ਇਹ ਇਨ੍ਹਾਂ ਦੇ ਨਾਲਜ ਵਿਚ ਹੈ ? ਇਹ ਕੇਵਲ ਇਕ ਫਰਲਾਂਗ ਸੜਕ ਰੇਲਵੇ ਸਟੇਸਨ ਤਕ ਬਣਦੀ ਹੈ, ਇਸ ਲਈ ਕੀ ਇਹ ਇਸ ਬਾਰੇ ਅਸ਼ੋਰੈਂਸ ਦੇਣਗੇ ਕਿ ਇਹ 1982-83 ਵਿਚ ਕੰਪਲੀਟ ਹੋ ਜਾਵੇਗੀ ?

**ਮੰਤਰੀ** : ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਇਹ ਰੇਲਵੇ ਸਟੇਸ਼ਨ ਦੀ ਜ਼ਮੀਨ ਹੈ। ਇਹ ਸੈਂਟਰਲ ਗੌਰਮਿੰਟ ਦੇ ਥਲੇ ਆਉਂਦੀ ਹੈ ਇਸ ਲਈ ਅਸੀਂ ਉਥੇ ਕਿਸ ਤਰ੍ਹਾਂ ਸੜਕ ਬਣਾ ਸਕਾਂਗੇ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਸਪੀਕਰ ਸਾਹਿਬ ਜਿਹੜੀ ਰੇਲਵੇ ਸਟੇਸ਼ਨ ਦੀ ਹਦੂਦ ਵਿਚ ਹੈ ਉਹ ਇਨ੍ਹਾਂ ਨੇ ਪੱਕੀ ਕੀਤੀ ਹੈ। ਇਨਾਂ ਨੇ ਉਹ ਸੜਕ ਪੱਕੀ ਕਰਨੀ ਹੈ ਜਿਹੜੀ ਰੇਲਵੇ ਦੇ ਹਦੂਦ ਤੋਂ ਬਾਹਰ ਹੈ। ਸਰਕਾਰ ਨੇ ਹਰ ਸਟੇਸ਼ਨ ਨੂੰ ਪੰਜਾਬ ਵਿਚ ਲਿੰਕ ਰੋਡ ਨਾਲ ਮਿਲਾ ਦਿਤਾ ਹੈ ਕੇਵਲ ਇਹ ਮਜੀਠਾ ਦੀ ਸੜਕ ਹੀ ਰੇਲਵੇ ਸਟੇਸ਼ਨ ਤਕ ਨਹੀਂ ਜਾਂਦੀ। ਉਸ ਨੂੰ ਕਦੋਂ ਤਕ ਪੱਕਾ ਕਰ ਦੇਣਗੇ ? ਕੀ ਉਸ ਨੂੰ 1982-83 ਵਿਚ ਪੱਕਾ ਕਰ ਦੇਣਗੇ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ ਮੈਂ ਅਰਜ਼ ਕੀਤੀ ਹੈ ਅਤੇ ਫਿਰ ਅਰਜ਼ ਕਰ ਦਿੰਦਾ ਹਾਂ। ਇਹ ਰੇਲਵੇ ਸਟੇਸ਼ਨ ਤਕ ਜਾਣ ਵਾਸਤੇ 350 ਫੁੱਟ ਦਾ ਫਾਸਲਾ ਹੈ ਇਹ ਅਸੀਂ ਆਪ ਨਹੀਂ ਬਣਾ ਸਕਦੇ। ਤੁਸੀਂ ਮਿਉਂਸਪਲ ਕਮੇਟੀ ਨੂੰ ਕਹੋ ਉਹ ਰੇਲਵੇ ਨਾਲ ਕੇਸ ਚੁੱਕ ਲੈਣ।

**ਸਰਦਾਰ ਪ੍ਰਕਾਸ਼ ਸਿੰਘ ਮਜੀਠਾ** : ਜਿਹੜੀ ਮਿਉਂਸਪਲ ਕਮੇਟੀ ਦਾ ਹਿੱਸਾ ਬਣਦੀ ਸੀ ਉਹ ਉਨ੍ਹਾਂ ਨੇ ਸੋਲਿੰਗ ਕਰਵਾ ਦਿਤੀ ਹੈ। ਇਕ ਫਰਲਾਂਗ ਰੇਲਵੇ ਸਟੇਸ਼ਨ ਦਾ ਹਿੱਸਾ ਹੈ, ਕੀ ਉਸ ਨੂੰ 1982-83 ਵਿਚ ਕੰਪਲੀਟ ਕਰ ਦੇਣਗੇ?

**ਮੰਤਰੀ** : ਮੈਂ ਇਸ ਦਾ ਜਵਾਬ ਪਹਿਲਾਂ ਹੀ ਦੇ ਚੁੱਕਾ ਹਾਂ ਕਿ ਇਹ ਸੈਂਟਰਲ ਗੋਰਮਿੰਟ ਨਾਲ ਤੁਅੱਲਕ ਰਖਦਾ ਹੈ ਇਸ ਲਈ ਇਸ ਨੂੰ ਅਸੀਂ ਕਿਵੇਂ ਕਰ ਸਕਦੇ ਹਾਂ।

---

## STARRED QUESTIONS AND ANSWERS

### Number of Tehsildars etc. in the Rehabilitation Department

***1348. Chaudhri Jagjit Singh** : Will the Minister of State for Rehabilitation and Industries be pleased to state :—

(a) the total number of Tehsildars, Kanungoes and Patwaris separately in the Rehabilitation Department at present ;

(b) the number of employees category-wise out of those referred to in part (a) above belonging to the Scheduled Castes ;

(c) whether the number of employees belonging to Scheduled Castes referred to in part (b) above is in accordance with the reservation quota. category wise; if not, the reasons therefor ?

**ਸਰਦਾਰ ਦਰਸ਼ਨ ਸਿੰਘ ਕੇ.ਪੀ.** : ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

**ਸਟੇਟਮੈਂਟ**

| | | | |
|---|---|---|---|
| (ੲ) | (1) | ਤਹਿਸੀਲਦਾਰ (ਸਮੇਤ ਬਰਾਬਰ ਦੀਆਂ/ਬਦਲਵੀਆਂ ਪੋਸਟਾਂ) | 9 |
| | (2) | ਕਾਨੂੰਗੋ | 47 |
| | (3) | ਪਟਵਾਰੀ | 18 |
| (ਬੀ) | (1) | ਤਹਿਸੀਲਦਾਰ (ਸਮੇਤ ਬਰਾਬਰ ਦੀਆਂ/ਬਦਲਵੀਆਂ ਪੋਸਟਾਂ) | 2 |
| | (2) | ਕਾਨੂੰਗੋ | 6 |
| | (3) | ਪਟਵਾਰੀ | 3 |

Original with;
Punjab Vidhan Sabha
Digitized by;
Panjab Digital Library

(ਸੀ) (1) ਵਿਭਾਗੀ ਰੋਸਟਰ ਅਤੇ ਸਰਕਾਰੀ ਹਦਾਇਤਾਂ ਅਨੁਸਾਰ, ਤਹਿਸੀਲਦਾਰ ਦੇ ਕੇਡਰ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦਾ ਰਿਜ਼ਰਵੇਸ਼ਨ ਕੋਟਾ ਠੀਕ ਹੈ।

(2) ਵਿਭਾਗੀ ਰੋਸਟਰ ਅਨੁਸਾਰ ਕਾਨੂੰਗੋਆਂ ਅਤੇ ਪਟਵਾਰੀਆਂ ਦੀ ਕੈਟੇਗਰੀ ਵਿਚ ਅਤੇ ਅਨੁਸੂਚਿਤ ਜਾਤੀਆਂ ਦੇ ਰਿਜ਼ਰਵੇਸ਼ਨ ਕੋਟੇ ਵਿਚ ਕ੍ਰਮਵਾਰ 3 ਅਤੇ 1 ਦੀ ਘਾਟ ਹੈ।

(3) ਇਹ ਟੈਕਨੀਕਲ ਅਸਾਮੀਆਂ ਹਨ, ਅਤੇ ਅਨੁਸੂਚਿਤ ਜਾਤੀਆਂ ਦੇ ਯੋਗ ਉਮੀਦਵਾਰ ਉਪਲਬਧ ਨਾ ਹੋਣ ਕਾਰਨ ਇਹ ਘਾਟ ਪੈਦਾ ਹੋਈ ਹੈ। ਇਹ ਘਾਟ ਭਵਿਖ ਵਿਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਦੀ, ਉਨ੍ਹਾਂ ਦੇ ਯੋਗ ਉਮੀਦਵਾਰਾਂ ਦੀ ਉਪਲਬਧਤਾ ਹੋਣ ਤੇ ਵਿਭਾਗ ਵਿਚ ਖਾਲੀ ਪਈਆਂ ਆਸਾਮੀਆਂ ਤੇ ਨਿਯੁਕਤੀ ਕਰਕੇ ਪੂਰੀ ਕਰ ਦਿਤੀ ਜਾਵੇਗੀ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਦੱਸਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਆਪ ਵੀ ਵੈਲਫੇਅਰ ਕਮੇਟੀ ਦੇ ਚੇਅਰਮੈਨ ਰਹੇ ਹਨ ਅਤੇ ਉਦੋਂ ਇਨ੍ਹਾਂ ਨੇ ਰਿਜ਼ਰ-ਵੇਸ਼ਨ ਦੀ ਕਮੀ ਨੂੰ ਪੂਰਾ ਕਰਨ ਲਈ ਬੜਾ ਯਤਨ ਕੀਤਾ ਸੀ। ਹੁਣ ਇਨ੍ਹਾਂ ਦੇ ਪਾਸ ਰੀਹੈਬਿਲੀ-ਟੇਸ਼ਨ ਦਾ ਮਹਿਕਮਾ ਵੀ ਹੈ ਅਤੇ ਇਸ ਦੇ ਵਿਚ ਇਨ੍ਹਾਂ ਨੇ ਦੱਸਿਆ ਹੈ ਕਿ ਕਾਨੂੰਗੋ ਦੀਆਂ 47 ਅਤੇ ਪਟਵਾਰੀਆਂ ਦੀਆਂ 18 ਅਸਾਮੀਆਂ ਹਨ ਅਤੇ ਇਨ੍ਹਾਂ ਵਿੱਚ ਕ੍ਰਮਵਾਰ ਤਿੰਨ ਅਤੇ ਇਕ ਦੀ ਰਿਜ਼ਰਵੇਸ਼ਨ ਦੇ ਕੋਟੇ ਵਿੱਚ ਕਮੀ ਹੈ। ਨਾਲ ਹੀ ਇਨ੍ਹਾਂ ਨੇ ਦੱਸਿਆ ਹੈ ਕਿ ਜਦੋਂ ਕਾਨੂੰਗੋ, ਪਟਵਾਰੀ ਅਵੇਲੇਬਲ ਹੋਣਗੇ, ਲਾ ਕੇ ਇਹ ਕਮੀ ਪੂਰੀ ਕਰ ਦਿੱਤੀ ਜਾਵੇਗੀ ਕਿਉਂਕਿ ਇਸ ਵੇਲੇ ਇਹ ਅਵੇਲੇਬਲ ਨਹੀਂ ਹਨ। ਮੈਂ ਵਜ਼ੀਰ ਸਾਹਿਬ ਤੋਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਸ ਵੇਲੇ ਰਿਜ਼ਰਵੇਸ਼ਨ ਕੋਟੇ ਦੀ ਕਮੀ ਹੈ ਉਸ ਨੂੰ ਕਦੋਂ ਤਕ ਪੂਰਾ ਕਰ ਲੈਣਗੇ ਕਿਉਂਕਿ ਇਸ ਵੇਲੇ ਬਹੁਤ ਗਿਣਤੀ ਵਿਚ ਕਾਨੂੰਗੋ ਅਤੇ ਪਟਵਾਰੀ ਅਵੇਲੇਬਲ ਹਨ, ਕਦੋਂ ਤਕ ਵਜ਼ੀਰ ਸਾਹਿਬ ਐਡਵਰਟਾਈਜ਼ਮੈਂਟ ਕਰਵਾਕੇ ਇਹ ਪੋਸਟਾਂ ਭਰਨ ਦੀ ਕ੍ਰਿਪਾ ਕਰਨਗੇ ? ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਰਿਜ਼ਰਵੇਸ਼ਨ ਦੀ ਕਮੀ ਨੂੰ ਪੂਰਾ ਕਰਨ ਲਈ, ਕੋਟਾ ਪੂਰਾ ਕਰਨ ਲਈ ਕੀ ਯਤਨ ਕਰ ਰਹੇ ਹਨ ?

**ਰਾਜ ਮੰਤਰੀ** : ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਜੋ ਸਵਾਲ ਕੀਤਾ ਸੀ ਉਸ ਦੇ ਮੁਤਾ-ਬਿਕ ਮੈਂ ਇਨ੍ਹਾਂ ਨੂੰ ਜਵਾਬ ਦੇ ਦਿੱਤਾ ਹੈ ਕਿ ਤਹਿਸੀਲਦਾਰ, ਕਾਨੂੰਗੋ ਅਤੇ ਪਟਵਾਰੀ ਦੀਆਂ ਕਿੰਨੀਆਂ ਕਿੰਨੀਆਂ ਪੋਸਟਾਂ ਹਨ ਅਤੇ ਇਨ੍ਹਾਂ ਵਿਚੋਂ ਸ਼ੈਡਿਊਲਡ ਕਾਸਟਸ, ਬੈਕਵਰਡ ਕਲਾਸ ਦੇ ਵਿਅਕਤੀ ਕਿੰਨੇ ਕਿੰਨੇ ਲਗੇ ਹਨ। ਇਨ੍ਹਾਂ ਪੋਸਟਾਂ ਵਿੱਚ ਤਹਿਸੀਲਦਾਰ ਸਾਢੇ 22% ਹਨ, ਕਾਨੂੰਗੋ ਸਾਢੇ 12% ਹਨ ਅਤੇ ਪਟਵਾਰੀ ਸਾਢੇ 16% ਹਨ। ਜੋ ਕਮੀ ਹੈ, ਇਸ ਨੂੰ ਜਲਦੀ ਤੋਂ ਜਲਦੀ ਪੂਰਾ ਕਰ ਦੇਵਾਂਗੇ।

**ਚੌਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਪੁਛਿਆ ਹੈ ਕਿ ਵਜ਼ੀਰ ਸਾਹਿਬ ਰਿਜ਼ਰਵੇਸ਼ਨ ਦੀ ਕਮੀ ਨੂੰ ਪੂਰਾ ਕਰਨ ਲਈ, ਕੋਟਾ ਪੂਰਾ ਕਰਨ ਲਈ ਕੀ ਯਤਨ ਕਰ ਰਹੇ ਹਨ ? ਕੀ ਵਜ਼ੀਰ ਸਾਹਿਬ ਇਸ ਦੇ ਲਈ ਕੋਈ ਐਕਟ ਬਣਾ ਕੇ, ਕੋਈ ਕਾਨੂੰਨ ਲਿਆ ਕੇ ਇਸ ਕਮੀ ਨੂੰ ਪੂਰਾ ਕਰਨਗੇ ?

**ਰਾਜ ਮੰਤਰੀ** : ਬਹੁਤ ਜਲਦੀ ਕਮੀ ਪੂਰੀ ਕਰ ਦੇਵਾਂਗੇ। ਮੇਰੇ ਹੁੰਦਿਆਂ ਤੁਹਾਨੂੰ ਚਿੰਤਾ ਨਹੀਂ ਕਰਨੀ ਚਾਹੀਦੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿਘ ਪਾਂਧੀ** : ਸਪੀਕਰ ਸਾਹਿਬ, ਪੰਜਾਬ ਸਰਕਾਰ ਦੇ ਅਸੂਲ ਮੁਤਾਬਿਕ, ਹਦਾਇਤਾਂ ਮੁਤਾਬਿਕ ਰਿਜ਼ਰਵੇਸ਼ਨ ਬੜੀ ਘੱਟ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਦੇ ਲਈ ਪੱਕਾ ਪ੍ਰਬੰਧ ਕਰਨ ਲਈ ਕੋਈ ਐਕਟ ਬਣਾਉਣਗੇ, ਕੋਈ ਕਾਨੂੰਨ ਬਣਾਉਣਗੇ ਤਾਂਕਿ ਰੋਜ਼ ਰੋਜ਼ ਦੀ ਕਮੀ ਦਾ ਕੋਈ ਸਵਾਲ ਹੀ ਨਾ ਰਹੇ। ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਸਪੈਸ਼ਲ ਟਰੇਨਿੰਗ ਪਟਵਾਰੀਆਂ ਨੂੰ ਦੇਕੇ ਕੋਟਾ ਪੂਰਾ ਕਰਨਗੇ ?

**ਰਾਜ ਮੰਤਰੀ** : ਸਪੀਕਰ ਸਾਹਿਬ, ਪਟਵਾਰੀਆਂ ਦੀ ਟਰੇਨਿੰਗ ਚਲ ਰਹੀ ਹੈ ਅਤੇ ਅੱਗੇ ਵਾਸਤੇ ਵੀ ਚਲ ਰਹੀ ਹੈ। ਅਸੀਂ ਸੁਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਦੀ ਮਾਰਫਤ ਰਖਦੇ ਹਾਂ। ਰਿਜ਼ਰਵੇਸ਼ਨ ਦੀ ਘਾਟ ਨੂੰ ਪੂਰਾ ਕਰਨ ਲਈ ਅਸੀਂ ਯਤਨ ਕੀਤੇ ਹਨ ਔਰ ਜੋ ਕਮੀ ਹੈ ਉਸ ਨੂੰ ਜਲਦੀ ਤੋਂ ਜਲਦੀ ਪੂਰਾ ਕਰ ਦੇਵਾਂਗੇ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਿਜ਼ਰਵੇਸ਼ਨ ਐਕਟ ਬਣਾਉਣ ਤੋਂ ਬਿਨਾਂ ਇਸ ਦਾ ਬੈਕਲਾਗ ਨਹੀਂ ਪੂਰਾ ਹੋ ਸਕਦਾ, ਕੀ ਵਜ਼ੀਰ ਸਾਹਿਬ ਇਸ ਦੇ ਲਈ ਉਪਰਾਲਾ ਕਰਨਗੇ ਕਿ ਜਲਦੀ ਤੋਂ ਜਲਦੀ ਐਕਟ ਬਣ ਜਾਵੇ ?

**ਸ੍ਰੀ ਸਪੀਕਰ** : ਇਹ ਰੇਪੀਟੀਸ਼ਨ ਹੈ। ਇਸ ਦਾ ਜਵਾਬ ਪਹਿਲਾਂ ਹੀ ਵਜ਼ੀਰ ਸਾਹਿਬ ਨੇ ਦੇ ਦਿੱਤਾ ਹੈ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ: 1400**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

**Credit Limit of the Non-Agricultural Members of the Rural Agricultural Co-operative Societies**

***1506. Prof. Balwant Singh**
**Comrade Saghar Singh** } : Will the Minister of State for Co-operation be pleased to state :—

(a) whether it is a fact that the maximum credit limit of the non-agricultural members of the Rural Agricultural Cooperative Societies has been fixed at Rs. 1,000 and out of that half of the amount is given in the shape of essential commodities ;

(b) if the reply to part (a) above be in the affirmative, whether the depots for supplying essential commodities have been opened in each of the Rural Agricultural Co-operative Societies and the essential commodities are being supplied to them at present ;

(c) if the reply to part (b) above be in the negative, the time by which the said depots are likely to be opened in each of the said societies ;

(d) whether there is any proposal under the consideration of the Government to give the whole amount of credit in cash to the non-agricultural members until depots for supplying essential commodities are opened in each of the said societies?

Original with;
Punjab Vidhan Sabha
Digitized by;
Panjab Digital Library

**ਸ੍ਰੀ ਜੋਗਿੰਦਰ ਪਾਲ ਪਾਂਡੇ** (ਸਿਹਤ ਮੰਤਰੀ) : (ੳ) ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸੇਵਾ ਸਭਾਵਾਂ ਦੇ ਗੈਰ-ਕਾਸ਼ਤਕਾਰ ਮੈਂਬਰਾਂ ਦੀ ਕਰਜ਼ੇ ਦੀ ਹੱਦ 1,000 ਰੁਪਏ ਤੋਂ ਵਧਾਕੇ 1,500 ਰੁਪਏ ਕਰ ਦਿਤੀ ਹੈ । ਇਸ ਵਿਚੋਂ 1,000 ਰੁਪਏ ਨਕਦ ਅਤੇ 500 ਰੁਪਏ ਜ਼ਰੂਰੀ ਵਸਤਾਂ ਦੀ ਖਰੀਦ ਲਈ 100 ਰੁਪਏ ਤੱਕ ਪ੍ਰਤੀ ਮਹੀਨਾ ਦਿਤੇ ਜਾਂਦੇ ਹਨ ।

(ਅ) 2780 ਡੀਪੂ ਹਰ ਇਕ ਖੇਤੀਬਾੜੀ ਸਹਿਕਾਰੀ ਸਭਾ ਵਿਚ ਖੋਲ੍ਹੇ ਗਏ ਹਨ। ਇਹ ਡੀਪੂ ਜ਼ਰੂਰੀ ਵਸਤਾਂ ਦੀ ਵੰਡ ਦਾ ਕੰਮ ਕਰ ਰਹੇ ਹਨ।

(ੲ) ਸਵਾਲ ਹੀ ਪੈਦਾ ਨਹੀਂ ਹੁੰਦਾ ।

(ਸ) ਇਹ ਪਹਿਲਾਂ ਹੀ ਉਪਬੰਧ ਕੀਤਾ ਗਿਆ ਹੈ ਕਿ ਜੇਕਰ ਸਭਾ ਵਿਚ ਜ਼ਰੂਰੀ ਵਸਤਾਂ ਨਾ ਮਿਲਦੀਆਂ ਹੋਣ ਤਾਂ ਗੈਰ-ਕਾਸ਼ਤਕਾਰ ਮੈਂਬਰ ਸਭਾ ਵਲੋਂ ਜ਼ਰੂਰੀ ਵਸਤਾਂ ਦੇ ਨਾ ਹੋਣ ਦਾ ਪ੍ਰਮਾਣ ਪੱਤਰ ਲੈ ਕੇ ਆਪਣੇ ਹੱਦ ਕਰਜ਼ੇ ਦਾ ਜ਼ਰੂਰੀ ਵਸਤਾਂ ਦੀ ਖਰੀਦ ਲਈ ਰਖਿਆ ਹਿੱਸਾ ਵੀ 100 ਰੁਪਏ ਤੱਕ ਪ੍ਰਤੀ ਮਹੀਨੇ ਨਕਦੀ ਦੇ ਰੂਪ ਵਿਚ ਲੈ ਸਕਦੇ ਹਨ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਹਰੀਜਨਾਂ ਦੇ ਬੜੇ ਹੇਜ ਦੀ ਗੱਲ ਕਰਦੀ ਹੈ, ਉਨਾਂ ਨੂੰ ਜ਼ਮੀਨ ਦੇਣ ਲਈ ਵੀ ਬੜੀ ਹੇਜ ਦੀ ਗਲ ਕਰਦੀ ਹੈ, ਕੀ ਇਸ ਅਮਾਉਂਟ ਨੂੰ ਹੋਰ ਵਧਾ ਕੇ ਪੈਰਲਲ ਕਰਨ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਹੱਦ 1,000 ਰੁਪਏ ਤੋਂ ਵਧਾ ਕੇ 1,500 ਰੁਪਏ ਤਾਂ ਪਹਿਲਾਂ ਹੀ ਕਰ ਦਿਤੀ ਹੈ । ਹੋਰ ਦੱਸੋ ਕਿੰਨੀ ਵਧਾਉਣੀ ਚਾਹੀਦੀ ਹੈ ।

**ਪ੍ਰੋਫੈਸਰ ਬਲਵੰਤ ਸਿੰਘ** : ਤੁਸੀਂ 3,600 ਰਪਏ ਘੱਟੋ ਘੱਟ ਆਮਦਨੀ ਮੰਨਦੇ ਹੋ, ਕੀ ਇਸ ਹੱਦ ਨੂੰ 3,600 ਰੁਪਏ ਤਕ ਕਰ ਦਿਓਗੇ ?

**ਮੰਤਰੀ** : ਸਪੀਕਰ ਸਾਹਿਬ, ਇਕ ਹਜ਼ਾਰ ਰੁਪਏ ਤੋਂ ਵਧਾ ਕੇ 1,500 ਰੁਪਏ ਸਰਕਾਰ ਨੇ ਕਰ ਦਿੱਤੀ ਹੈ ਅਤੇ ਇਸ ਤਰ੍ਹਾਂ 500 ਰੁਪਏ ਸਰਕਾਰ ਨੇ ਪਹਿਲਾਂ ਹੀ ਵਧਾ ਦਿਤੇ ਹਨ । ਤੁਸੀਂ ਤਾਂ ਹਿਸਾਬ ਕਿਤਾਬ ਨੂੰ ਚੰਗੀ ਤਰ੍ਹਾਂ ਜਾਣਦੇ ਹੋ ਕਿ ਜਿਨ੍ਹਾਂ ਦੀ ਆਮਦਨੀ 3,600 ਰੁਪਏ ਸਾਲਾਨਾ ਹੋਵੇਗੀ, ਜੇ ਕਰਜ਼ਾ ਹੀ ਉਨ੍ਹਾਂ ਨੂੰ ਇਤਨਾ ਦੇ ਦੇਈਏ ਤਾਂ ਉਹ ਉਤਾਰਣਗੇ ਕਿਸ ਤਰ੍ਹਾਂ ?

**ਸ੍ਰੀ ਗੋਪਾਲ ਕ੍ਰਿਸ਼ਨ ਚਤਰਥ** : ਸਪੀਕਰ ਸਾਹਿਬ, ਅਕਾਲੀਆਂ ਨੇ ਆਪਣੇ ਰਾਜ ਵਿੱਚ ਕੋ-ਆਪਰੇਟਿਵ ਸੁਸਾਇਟੀਆਂ ਨੂੰ ਅਮੈਲਗਾਮੇਟ ਕਰ ਦਿਤਾ ਸੀ ਜਿਸ ਕਰ ਕੇ ਪਿੰਡਾਂ ਦੇ ਲੋਕਾਂ ਨੂੰ ਰਾਸ਼ਨ ਲੈਣ ਦੇ ਲਈ 2-2, 3-3, 4-4 ਮੀਲ ਦੂਰ ਜਾਣਾ ਪੈਂਦਾ ਸੀ। ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਸ ਗੱਲ ਦਾ ਕਦੋਂ ਤਕ ਫੈਸਲਾ ਕਰ ਦੇਣਗੇ ਕਿ ਪਿੰਡਾਂ ਵਿਚ ਸਹਿਕਾਰੀ ਸੇਵਾ ਸਭਾਵਾਂ ਵੱਖ ਵੱਖ ਹੋ ਜਾਣ ਤਾਕਿ ਪਿੰਡਾਂ ਦੇ ਗਰੀਬ ਲੋਕਾਂ ਨੂੰ ਰਾਸ਼ਨ ਲੈਣ ਵਿਚ ਦਿੱਕਤ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਸਵਾਲ ਹੋਰ ਤਰ੍ਹਾਂ ਉਠਾ ਦਿਤਾ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ 2,780 ਡੀਪੂ ਹਰ ਇਕ ਖੇਤੀਬਾੜੀ ਸਹਿਕਾਰੀ ਸਭਾ

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]
ਵਿੱਚ ਖੋਲ੍ਹੇ ਗਏ ਹਨ ਜਿਹੜੇ ਕਿ ਜ਼ਰੂਰੀ ਵਸਤਾਂ ਦੀ ਵੰਡ ਦਾ ਕੰਮ ਕਰ ਰਹੇ ਹਨ । ਜੇ ਫਿਰ ਵੀ ਕੋਈ ਦਿੱਕਤ ਹੈ ਤਾਂ ਉਹ ਸਾਨੂੰ ਦੱਸਣ, ਸਰਕਾਰ ਉਸ ਤੇ ਗੌਰ ਕਰਨ ਲਈ ਤਿਆਰ ਹੈ।

**ਪੰਡਿਤ ਸਰਵਣ ਰਾਮ** : ਸਪੀਕਰ ਸਾਹਿਬ, 5-5, 6-6 ਪਿੰਡਾਂ ਵਿਚ ਇਕ ਇਕ ਕੋਆਪਰੇਟਿਵ ਸੁਸਾਇਟੀ ਹੋਣ ਕਰਕੇ ਉਨ੍ਹਾਂ ਦਾ ਦਾਇਰਾ ਬਹੁਤ ਜ਼ਿਆਦਾ ਹੈ ਅਤੇ ਪਿੰਡਾਂ ਦੇ ਲੋਕਾਂ ਨੂੰ 3-3, 4-4 ਮੀਲ ਤੋਂ ਉਪਰ ਸਸਤੇ ਭਾਅ ਦੀਆਂ ਚੀਜ਼ਾਂ ਲੈਣ ਵਾਸਤੇ ਜਾਣਾ ਪੈਂਦਾ ਹੈ ਜਿਸ ਦੇ ਨਾਲ ਉਨ੍ਹਾਂ ਲੋਕਾਂ ਨੂੰ ਬੜੀ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਹੈ । ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਇਕ ਇਕ ਪਿੰਡ ਵਿਚ ਇਕ ਇਕ ਸੁਸਾਇਟੀ ਨਾ ਹੋ ਸਕੇ ਤਾਂ ਇਹ ਸਸਤੇ ਭਾਅ ਦੀਆਂ ਚੀਜ਼ਾਂ ਪਿੰਡ ਦੀ ਪੰਚਾਇਤ ਨੂੰ ਵੇਚਣ ਵਾਸਤੇ ਦੇ ਦੇਣਗੇ ਤਾਕਿ ਲੋਕਾਂ ਨੂੰ ਤਕਲੀਫ ਨਾ ਹੋਵੇ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਅਰਜ਼ ਕੀਤੀ ਹੈ ਕਿ 2,780 ਡੀਪੂ ਹਨ। ਜੇ ਕਿਸੇ ਨੂੰ ਕੋਈ ਤਕਲੀਫ ਹੈ ਤਾਂ ਉਹ ਸਾਨੂੰ ਦੱਸਣ ਸਰਕਾਰ ਉਸ ਦੇ ਲਈ ਇੰਤਜ਼ਾਮ ਕਰਨ ਨੂੰ ਤਿਆਰ ਹੈ ।

**ਸਰਦਾਰ ਨੱਥਾ ਸਿੰਘ ਦਾਲਮ** : ਸਪੀਕਰ ਸਾਹਿਬ ਮੈਂ ਮਾਨ ਯੋਗ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ, ਇਹ ਗੱਲ ਠੀਕ ਹੈ ਕਿ ਸੁਸਾਇਟੀਆਂ ਨੂੰ ਇਕਠਾ ਕਰਨ ਦੇ ਨਾਲ ਲੋਕਾਂ ਨੂੰ ਕਈ ਵਾਰੀ ਹਾਰਡਸ਼ਿਪ ਦਾ ਸਾਹਮਣਾ ਕਰਨਾ ਪਿਆ ਹੈ, ਮੁੱਖ ਮੰਤਰੀ ਜੀ ਨੇ ਪਿਛਲੇ ਸੈਸ਼ਨ ਵਿੱਚ ਐਸ਼ੋਰੈਂਸ ਦਿੱਤੀ ਸੀ ਕਿ ਇਨ੍ਹਾਂ ਨੂੰ ਅੱਡ ਅੱਡ ਕਰਨ ਵਾਸਤੇ ਵਿਚਾਰ ਕਰਾਂਗੇ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਇੰਪਲੀਮੈਂਟ ਕਰਵਾ ਦੇਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਪਿਛੇ ਜਿਹੇ ਇਹ ਕਿਹਾ ਸੀ ਕਿ ਜਿਹੜੇ ਵਾਇਬਲ ਯੂਨਿਟ ਹਨ ਉਨ੍ਹਾਂ ਨੂੰ ਵੀ ਸਹਾਇਤਾ ਦੇ ਸਕਦੇ ਹਾਂ । ਇਹ ਵੀ ਠੀਕ ਹੈ ਕਿ ਪਿਛਲੇ ਰਾਜ ਵਿੱਚ ਜੋ ਇਹ ਸੁਸਾਇਟੀਆਂ ਇਕੱਠੀਆਂ ਕੀਤੀਆਂ ਗਈਆਂ ਸਨ ਉਨ੍ਹਾਂ ਦੇ ਨਾਲ ਲੋਕਾਂ ਨੂੰ ਬੜੀ ਹਾਰਡਸ਼ਿਪ ਹੁੰਦੀ ਰਹੀ ਹੈ। ਲੋਕਾਂ ਦੀ ਸਹੂਲਤ ਵਾਸਤੇ ਇਹ ਜ਼ਰੂਰੀ ਹੈ ਕਿ ਜ਼ਿਆਦਾ ਤੋਂ ਜ਼ਿਆਦਾ ਇਸ ਦੀ ਵੰਡ ਕੀਤੀ ਜਾਵੇ ਤਾ ਕਿ ਨੇੜੇ ਨੇੜੇ ਲੋਕ ਇਸ ਦਾ ਫਾਇਦਾ ਉਠਾ ਸਕਣ । ਸਾਡੀ ਸਰਕਾਰ ਦੀ ਡੀਪਾਰਟਮੈਂਟ ਨਾਲ ਗੱਲ ਚਲ ਰਹੀ ਹੈ ਔਰ ਅਸੀਂ ਪ੍ਰੈਸ਼ਰ ਪਾਇਆ ਹੈ ਇਸ ਗਲ ਦਾ ਕਿ ਜੇ 5-5, 6-6 ਦੀ ਥਾਂ ਜ਼ਿਆਦਾ ਨਹੀਂ ਤਾਂ ਨੇੜੇ ਨੇੜੇ 2-2 ਵੀ ਕਰ ਦੇਈਏ ਤਾ ਕਿ ਨਜ਼ਦੀਕ ਤੋਂ ਨਜ਼ਦੀਕ ਲੋਕ ਫਾਇਦਾ ਉਠਾ ਸਕਣ ਸਾਡੀ ਕੋਸ਼ਿਸ਼ ਹੈ ਕਿ ਅਸੀਂ ਪੂਰਾ ਚਾਰਾ ਲਾਵਾਂਗੇ । ਇਹ ਠੀਕ ਹੈ ਕਿ ਪਿਛਲੀ ਵਾਰੀ ਕਿਹਾ ਸੀ, ਜਦੋਂ ਸਾਨੂੰ ਸਹੀ ਤਸਵੀਰ ਪ੍ਰਾਪਤ ਹੋ ਜਾਏਗੀ ਅਸੀਂ ਕਰ ਦਿਆਂਗੇ ।

---

ਨਿਸ਼ਾਨਵਾਲਾ ਪ੍ਰਸ਼ਨ ਨੰ: 1302

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੁੱਛ ਨਹੀਂ ਕੀਤਾ ਗਿਆ । )

---

Original with;
Punjab Vidhan Sabha
Digitized by;
Panjab Digital Library

## Construction Work of Ranjitgarh

***1371. Sardar Sarwan Singh Phillaur :** Will the Chief Minister be pleased to state the time by which the construction work of Ranjitgarh (at Phillaur) is likely to be taken in hand ?

**Sardar Darbara Singh :** The construction work is likely to be taken in hand during the Sixth Plan period.

**ਸਰਦਾਰ ਸਰਵਣ ਸਿੰਘ ਫਿਲੌਰ :** ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਜੋ ਜਵਾਬ ਦਿਤਾ ਹੈ ਉਹ ਹੈ ਕਿ ਰਣਜੀਤਗੜ੍ਹ ਦੀ ਜਿਹੜੀ ਉਸਾਰੀ ਦਾ ਕੰਮ ਹੈ ਉਹ ਛੇਵੀਂ ਯੋਜਨਾ ਦੇ ਸਮੇਂ ਦੇ ਦੌਰਾਨ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਜਵਾਬ ਸੁਣ ਕੇ ਮੈਨੂੰ ਬੜੀ ਹੈਰਾਨੀ ਹੋ ਰਹੀ ਹੈ। ਦੋ ਸਾਲ ਬੀਤ ਗਏ ਚੀਫ਼ ਮਨਿਸਟਰ ਸਾਹਿਬ ਨੇ ਇਸ ਸ਼ਹਿਰ ਦਾ ਨੀਂਹ ਪੱਥਰ ਰਖਿਆ ਸੀ। ਮੈਂ ਪੁਛਦਾ ਹਾਂ ਕਿ ਕੀ ਕੋਈ ਲੈਂਡ ਅਕੁਆਇਰ ਕੀਤੀ ਹੈ ਕਿਉਂ ਕਿ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਕੋਈ ਲੈਂਡ ਐਕਿਉਜ਼ੀਸ਼ਨ ਦਾ ਨੋਟੀਫਿਕੇਸ਼ਨ ਨਹੀਂ ਹੋਇਆ। ਲਗਦਾ ਹੈ ਕਿ ਸਰਕਾਰ ਇਸ ਬਾਰੇ ਸੀਰੀਅਸ ਨਹੀਂ ਹੈ। ਅਗਰ ਸੀਰੀਅਸ ਨਹੀਂ ਹੈ ਤਾਂ ਇਨ੍ਹਾਂ ਦੀ ਇਕ ਟੀਮ ਦੂਰਬੀਨ ਲਈ ਫਿਰਦੀ ਹੈ ਅਤੇ ਕਿਸਾਨਾਂ ਨੂੰ ਡਰਾਉਂਦੀ ਫਿਰਦੀ ਹੈ ਉਨ੍ਹਾਂ ਨੂੰ ਤਾਂ ਬਿਠਾ ਦਿਓ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਬਾਰੇ ਸਿਨਸੀਅਰ ਹੈ ?

**ਮੁੱਖ ਮੰਤਰੀ :** ਇਸ ਬਾਰੇ ਮੇਰੀ ਅਰਜ਼ ਹੈ ਕਿ ਸਾਡੀ ਪੂਰੀ ਕੋਸ਼ਿਸ਼ ਹੈ। ਜੋ ਵੀ ਅਸੀਂ ਉਸ ਦਾ ਨਕਸ਼ਾ ਬਣਾਉਣਾ ਹੈ ਉਸ ਦੇ ਲਈ ਇਕ ਇੰਗਲਿਸਤਾਨ ਦੀ ਟੀਮ ਵੇਖਣ ਵਾਸਤੇ ਆਈ ਹੋਈ ਹੈ ਕਿ ਇਸ ਦੀ ਲੇ-ਆਊਟ ਕੀ ਹੈ। ਜੇ ਉਹ ਬਿਨਾਂ ਖਰਚੇ ਤੇ ਆਉਂਦੇ ਹਨ ਤਾਂ ਸਾਨੂੰ ਤਕਲੀਫ ਨਹੀਂ ਹੋਣੀ ਚਾਹੀਦੀ। ਉਹ ਤਾਂ ਇਹ ਵੇਖਦੇ ਹਨ ਕਿ ਦਰਿਆ ਦੇ ਕਿਸ ਪਾਸੇ ਤੇ ਸ਼ਹਿਰ ਵਸਾਇਆ ਜਾ ਸਕਦਾ ਹੈ। ਉਹ ਤਾਂ ਇਕ ਐਡੀਸ਼ਨਲ ਇਨਫਰਮੇਸ਼ਨ ਵਾਸਤੇ ਹਨ। ਇਹ ਤਾਂ ਇਨ੍ਹਾਂ ਦੀ ਦੂਰਬੀਨ ਵਾਲੀ ਗਲ ਹੈ।

ਬਾਕੀ ਉਤਾਰ ਚੜ੍ਹਾਅ ਵਾਲੀਆਂ ਜਿਹੜੀਆਂ ਜ਼ਮੀਨਾਂ ਹਨ ਉਹ ਵੇਖਣੀਆਂ ਪੈਂਦੀਆਂ ਹਨ ਔਰ ਕਿਹੜੀ ਜ਼ਮੀਨ ਅਕੁਆਇਰ ਕਰਨੀ ਹੈ ਉਹ ਵੀ ਵੇਖਣਾ ਹੈ। ਮੈਂ, ਮੈਂਬਰ ਸਾਹਿਬ ਦੀ ਵਾਕ-ਫ਼ੀਅਤ ਲਈ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਹ ਸਾਲ 6 ਮਹੀਨੇ ਦਾ ਕੰਮ ਹੋਵੇ ਤਾਂ ਅਸੀਂ ਫੌਰਨ ਕਰ ਦੇਈਏ। ਸਾਡੀ ਤਾਂ ਸਕੀਮ ਇਹ ਹੈ ਕਿ ਅਸੀਂ ਇਥੇ ਇਕ ਸਮੋਕਲੈਸ ਸਿਟੀ ਬਣਾਉਣਾ ਹੈ ਤਾਕਿ ਲੋਕਾਂ ਦੇ ਚਿਹਰੇ ਨਾ ਬਦਲਣ। ਜਿਹੜਾ ਨਗਰ ਵਸਣਾ ਹੈ ਉਸ ਦਾ ਪੂਰਾ ਨਕਸ਼ਾ ਤਿਆਰ ਕਰ ਕੇ ਜਿੰਨੀਂ ਜ਼ਮੀਨ ਲੋੜ ਹੈ ਐਕੁਆਇਰ ਕਰਨਾ ਚਾਹੁੰਦੇ ਹਾਂ, ਇਹ ਨਹੀਂ ਕਿ ਫੌਰੀ ਤੌਰ ਤੇ ਕੰਨਸਟਰਕਸ਼ਨ ਸ਼ੁਰੂ ਕਰ ਦਿਓ ਭਾਵੇਂ ਉਸ ਦੀ ਰੂਪ-ਰੇਖਾ ਖਰਾਬ ਹੋ ਜਾਏ। ਅਸੀਂ ਇਹ ਨਹੀਂ ਕਰਨਾ ਚਾਹੁੰਦੇ।

**ਸਰਦਾਰ ਬਸੰਤ ਸਿੰਘ ਖਾਲਸਾ :** ਸਪੀਕਰ ਸਾਹਿਬ, ਜਦੋਂ ਸ਼ਹਿਰ ਦੀ ਪਰਪੋਜ਼ਲ ਬਣੀ ਸੀ ਉਸ ਦੀਆਂ ਦੋ ਬੇਸਿਕ ਗੱਲਾਂ ਸਨ। ਪਹਿਲੀ ਗਲ ਤਾਂ ਇਹ ਇਸ ਦਾ ਨਾਉਂ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿਚ ਮਹਾਰਾਜਾ ਰਣਜੀਤ ਸਿੰਘ ਨਗਰ ਪਰਪੋਜ਼ ਕੀਤਾ ਗਿਆ ਸੀ। ਇਹ ਇਕ ਪਰਪੋਜ਼ਲ ਸੀ ਉਸ ਤੇ ਮੁੜ ਕੇ ਵਿਚਾਰ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਲਾਲਾ ਲਾਜਪਤ ਰਾਏ ਨਗਰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨਾਂ ਰੱਖੇ ਗਏ ਹਨ, ਇਹ ਵੀ ਇਸੇ ਤਰ੍ਹਾਂ ਪੂਰਾ ਨਾਂ ਰਖਿਆ ਜਾਏ। ਦੂਸਰਾ ਇਹ ਕਿ ਜਿਹੜੇ ਜ਼ਿਆਦਾ ਵਸੋਂ ਵਾਲੇ ਸ਼ਹਿਰ ਹਨ ਉਨ੍ਹਾਂ ਦੀ ਆਬਾਦੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਸੰਤ ਸਿੰਘ ਖਾਲਸਾ]

ਘਟਾਉਣ ਵਾਸਤੇ ਸ਼ਹਿਰ ਬਣਾਏ ਜਾਣੇ ਸਨ। ਲੁਧਿਆਣਾ ਦੀ ਆਬਾਦੀ ਨੂੰ ਮਦੇ ਨਜ਼ਰ ਰਖਦੇ ਹੋਏ ਇਹ ਇਕ ਮਹਾਰਾਜਾ ਰਣਜੀਤ ਸਿੰਘ ਨਗਰ ਬਣਾਇਆ ਜਾ ਰਿਹਾ ਹੈ। ਮੈਨੂੰ ਪਤਾ ਲਗਾ ਹੈ ਕਿ ਸਤਲੁਜ ਦੇ ਉਰਲੇ ਪਾਰ ਲੁਧਿਆਣੇ ਵਾਲੀ ਸਾਈਡ ਮੇਰੇ ਹਲਕੇ ਵਿਚ ਜ਼ਮੀਨ ਐਕੁਆਇਰ ਕਰ ਰਹੇ ਹਨ। ਮੇਰਾ ਹਲਕਾ ਸਤਲੁਜ ਦੇ ਇਧਰਲੇ ਪਾਸੇ ਹੈ ਇਸ ਲਈ ਜਿਹੜਾ ਸਮੌਕਲੈਂਸ ਸਿਟੀ ਬਣਾਉਣਾ ਚਾਹੁੰਦੇ ਹਨ ਕੀ ਉਸ ਦੇ ਲਈ ਮੇਰੇ ਹਲਕੇ ਦੇ ਪਿੰਡਾਂ ਦੀ ਜ਼ਮੀਨ ਤਾਂ ਐਕੁਆਇਰ ਨਹੀਂ ਕੀਤੀ ਜਾਏਗੀ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਾਡੇ ਪਹਿਲੇ ਆਨਰੇਬਲ ਮੈਂਬਰ ਸਾਹਿਬ ਦੇ ਸੁਆਲ ਦਾ ਜਵਾਬ ਦੇ ਦਿਤਾ ਹੈ ਕਿ ਕੁਝ ਕੰਮ ਇਸ ਪਾਸੇ ਹੋ ਰਿਹਾ ਹੈ। ਮੇਰੀ ਅਰਜ਼ ਹੈ ਕਿ ਅਗਰ ਜ਼ਮੀਨ ਐਕੁਆਇਰ ਨਾ ਕੀਤੀ ਜਾਏ ਤਾਂ ਇਹ ਸਕੀਮ ਕਿਸੇ ਪਾਸੇ ਸਿਰੇ ਨਹੀਂ ਲਗਣੀ। ਅਸੀਂ ਜ਼ਮੀਨ ਤਾਂ ਐਕੁਆਇਰ ਕਰਨੀ ਹੈ। ਇਹ ਤਾਂ ਹੋ ਸਕਦਾ ਹੈ ਕਿ ਜਦੋਂ ਜ਼ਮੀਨ ਐਕੁਆਇਰ ਕਰੀਏ ਤਾਂ ਇਨ੍ਹਾਂ ਨਾਲ ਪੁੱਛ-ਗਿੱਛ ਕਰ ਲਈਏ।

**ਜੱਥੇਦਾਰ ਗੁਰਬਚਨ ਸਿੰਘ ਲਖਮੀਰਵਾਲਾ** : ਸਪੀਕਰ ਸਾਹਿਬ, ਇਕ ਮਹਾਨ ਵਿਅਕਤੀ ਦੇ ਨਾਂ ਤੇ ਨਗਰ ਵਸਾਇਆ ਜਾ ਰਿਹਾ ਹੈ ਅਤੇ ਇਕ ਮਹਾਨ ਵਿਅਕਤੀ ਇਸ ਦੀ ਨੀਂਹ ਰਖ ਕੇ ਆਏ ਹਨ। ਇਕ ਮਹਾਨ ਵਿਅਕਤੀ ਦੇ ਨਾਉਂ ਤੇ ਸ਼ਹਿਰ ਵਸਾਇਆ ਜਾਵੇ, ਇਕ ਮਹਾਨ ਸਖਸ਼ੀਅਤ ਉਸ ਦਾ ਨੀਂਹ ਪੱਥਰ ਰਖ ਕੇ ਆਏ, ਜੇਕਰ ਉਹ ਵਸਾਇਆ ਨਹੀਂ ਜਾਣਾ ਤਾਂ ਨੀਂਹ ਪੱਥਰ ਨਹੀਂ ਰੱਖੇ ਜਾਣੇ ਚਾਹੀਦੇ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਜਜ਼ਬਾਤ ਦੀ ਬਹੁਤ ਕਦਰ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਕਿਸੇ ਸਕੀਮ ਨੂੰ ਨਾਮੁਕੰਮਲ ਬਣਾਉਣ ਦੀ ਬਜਾਏ ਥੋੜਾ ਜਿਹਾ ਅਗਰ ਟਾਈਮ ਜ਼ਿਆਦਾ ਲਗ ਜਾਏ ਤਾਂ ਉਹ ਬੇਹਤਰ ਹੈ।

---

## Release of the remaining three instalments of Additional Dearness Allowance

***1362. 1. Master Chand Singh**
**2. Comrade Sarwan Singh Cheema** } : Will the Minister for Finance be pleased to state the time by which the Government propose to release the remaining three instalments of Additional Dearness Allowance, on the Central pattern, which are due to its employees ?

**ਡਾਕਟਰ ਕੇਵਲ ਕ੍ਰਿਸ਼ਨ** : ਪੰਜਾਬ ਸਰਕਾਰ ਵਲੋਂ ਆਪਣੇ ਕਰਮਚਾਰੀਆਂ ਨੂੰ ਮਹਿੰਗਾਈ ਭੱਤਾ ਕੇਂਦਰੀ ਪਰਨਾਲੀ ਅਨੁਸਾਰ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਹੁਕਮਾਂ ਦੀ ਕਾਪੀ ਪ੍ਰਾਪਤ ਹੋਣ ਤੋਂ ਬਾਅਦ ਮਨਜ਼ੂਰ ਕੀਤਾ ਜਾਂਦਾ ਹੈ। ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ 1 ਜੂਨ, 1981 ਤੱਕ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇਣ ਬਾਰੇ ਹੁਕਮ ਜਾਰੀ ਕਰ ਦਿੱਤੇ ਹਨ। ਮਹਿੰਗਾਈ ਭੱਤੇ ਦੀ ਹੋਰ ਕਿਸ਼ਤ ਦੇ ਅਦਾਇਗੀਯੋਗ ਹੋਣ ਜਾਂ ਪ੍ਰਵਾਨਗੀ ਬਾਰੇ ਭਾਰਤ ਸਰਕਾਰ ਤੋਂ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 1 ਜੂਨ, 1981 ਤਕ ਕਿਸ਼ਤਾਂ ਦੇ ਦਿਤੀਆਂ ਹਨ ਅਤੇ 1981 ਤਕ ਦੀਆਂ 3 ਕਿਸ਼ਤਾਂ ਹੋਰ ਦੇਣੀਆਂ ਰਹਿੰਦੀਆਂ ਹਨ ਅਤੇ ਚੌਥੀ ਕਿਸ਼ਤ ਜਨਵਰੀ, 1982 ਤੋਂ ਡਿਊ ਹੋ ਗਈ ਹੈ। ਕੱਲ ਸੈਂਟਰ ਗੌਰਮਿੰਟ ਨੇ ਸਾਰੀਆਂ ਕਿਸ਼ਤਾਂ

Original with;
Punjab Vidhan Sabha
Digitized by;
Panjab Digital Library

ਆਪਣੇ ਮੁਲਾਜ਼ਮਾਂ ਨੂੰ ਦੇਣ ਦਾ ਇਲਾਨ ਕਰ ਦਿਤਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਇਹ ਚਾਰੇ ਕਿਸ਼ਤਾਂ ਦੇਣ ਲਈ ਕਦੋਂ ਤਕ ਇਲਾਨ ਕਰੇਗੀ, ਇਹ ਸਪਸ਼ਟ ਕਰਨ ?

**ਮੰਤਰੀ :** ਸਪੀਕਰ ਸਾਹਿਬ, 1 ਜਨਵਰੀ, 1978 ਤੋਂ ਸ਼ੁਰੂ ਤਕ 11 ਕਿਸ਼ਤਾਂ ਮੁਲਾਜ਼ਮਾਂ ਨੂੰ ਮਿਲ ਚੁਕੀਆਂ ਹਨ, ਜਿਨ੍ਹਾਂ ਦਾ 44 ਕਰੋੜ ਰੁਪਏ ਦਾ ਭਾਰ ਪਿਆ ਹੈ ਸਰਕਾਰ ਦੇ ਖਜ਼ਾਨੇ ਤੇ, ਦੋ ਕਿਸ਼ਤਾਂ 1978-79 ਵਿਚ ਦਿਤੀਆਂ ਸਨ, ਬਾਕੀ ਸਾਰੀਆਂ ਕਿਸ਼ਤਾਂ 1980-81 ਤੋਂ ਬਾਅਦ ਦਿਤੀਆਂ ਹਨ ਜਿਨ੍ਹਾਂ ਦਾ 36 ਕਰੋੜ ਰੁਪਿਆ ਹੁਣ ਠੀਕਰ ਦਿਤਾ ਗਿਆ ਹੈ । ਸੈਂਟਰ ਤੋਂ ਲਿਖਤੀ ਰੂਪ ਵਿਚ ਅਜੇ ਕੋਈ ਸੂਚਨਾ ਪੰਜਾਬ ਸਰਕਾਰ ਨੂੰ ਨਹੀਂ ਮਿਲੀ । ਮੈਂ ਰਾਤ ਰੇਡਿਓ ਵਿਚ ਵੀ ਸੁਣਿਆ ਸੀ ਅਤੇ ਅੱਜ ਅਖਬਾਰ ਵਿਚ ਵੀ ਪੜ੍ਹਿਆ ਹੈ । ਜਦੋਂ ਸੈਂਟਰ ਗੌਰਮੈਂਟ ਤੋਂ ਸੂਚਨਾ ਆ ਜਾਏਗੀ ਪੰਜਾਬ ਸਰਕਾਰ ਦਿੱਲੀ ਦੇ ਪੈਟਰਨ ਤੇ, ਸੈਂਟਰਲ ਗੌਰਮਿੰਟ ਦੇ ਪੈਟਰਨ ਤੇ ਆਪਣੇ ਮੁਲਾਜ਼ਮਾਂ ਨੂੰ ਕਿਸ਼ਤਾਂ ਦੇਣ ਲਈ ਵਚਨਬੱਧ ਹੈ ਔਰ ਉਹ ਕਿਸ਼ਤਾਂ ਜ਼ਰੂਰ ਦਿਤੀਆਂ ਜਾਣਗੀਆਂ ।

**ਕਾਮਰੇਡ ਸਰਵਣ ਸਿੰਘ ਚੀਮਾ :** ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਸੈਂਟਰ ਗੌਰਮਿੰਟ ਤੋਂ ਕਿਸ਼ਤਾਂ ਦੇਣ ਦੀ ਕਾਪੀ ਇਸ ਸੈਸ਼ਨ ਦੇ ਦੌਰਾਨ ਆ ਜਾਏ ਤਾਂ ਕੀ ਇਹ ਅਸ਼ਿ-ਓਰ ਕਰਨਗੇ ਕਿ ਸੈਸ਼ਨ ਚਲਦੇ ਦੇ ਵਿਚ ਇਹ ਕਿਸ਼ਤਾਂ ਦੇ ਦਿਤੀਆਂ ਜਾਣਗੀਆਂ ?

**ਮੰਤਰੀ :** ਕਾਪੀ ਆਉਣ ਤੇ ਜ਼ਰੂਰ ਵਿਚਾਰ ਕੀਤਾ ਜਾਏਗਾ ।

**ਮਾਸਟਰ ਚੰਦ ਸਿੰਘ :** ਸਪੀਕਰ ਸਾਹਿਬ, ਪਹਿਲਾਂ ਤਾਂ ਮੰਤਰੀ ਜੀ ਨੇ ਇਲਾਨ ਕਰ ਦਿਤਾ ਕਿ ਉਸੇ ਵੇਲੇ ਜ਼ਰੂਰ ਦਿਤੀਆਂ ਜਾਣਗੀਆਂ, ਹੁਣ ਇਹ ਵਿਚਾਰ ਤੇ ਆ ਗਏ ਹਨ ਔਰ ਮੇਰਾ ਖਿਆਲ ਹੈ ਕਿ ਇਹ ਭੱਜਣਗੇ । ਮੈਂ ਪੁੱਛਣਾ ਚਾਹੁੰਦਾ ਹਾਂ ਕਿ 320 ਪੁਆਇੰਟ ਤਕ ਸੈਂਟਰ ਵਾਲਿਆਂ ਨੂੰ ਹਾਊਸ ਰੈਂਟ ਅਲਾਊਂਸ, ਕੰਪਨਸੇਟਰੀ ਅਲਾਊਂਸ ਅਤੇ ਹੋਰ ਸਹੂਲਤਾਂ ਮਿਲਣੀਆਂ ਹਨ, ਕੀ ਇਹ ਵੀ 320 ਪੁਆਇੰਟ ਤਕ ਇਨ੍ਹਾਂ ਦਾ ਡੀ. ਏ. ਮਰਜ ਕਰਨਗੇ ਤਾਕਿ ਇਥੇ ਦੇ ਮੁਲਾਜ਼ਮਾਂ ਨੂੰ ਵੀ ਪੂਰਾ ਪੂਰਾ ਲਾਭ ਮਿਲ ਸਕੇ ?

**ਮੰਤਰੀ :** ਸੈਂਟਰਲ ਪੈਟਰਨ ਦੇ ਮੁਤਾਬਿਕ ਪੰਜਾਬ ਸਰਕਾਰ ਹੁਣ ਤਕ 11 ਕਿਸ਼ਤਾਂ ਦੇ ਚੁੱਕੀ ਹੈ। ਉਸੇ ਪੈਟਰਨ ਦੇ ਮੁਤਾਬਿਕ ਜਿਹੜੀਆਂ ਚਾਰ ਕਿਸ਼ਤਾਂ ਹੋਰ ਸੈਂਟਰਲ ਗੌਰਮਿੰਟ ਨੇ ਹੁਣ ਮਨਜ਼ੂਰ ਕੀਤੀਆਂ ਹਨ, ਉਸੇ ਪੈਟਰਨ ਤੇ ਪੰਜਾਬ ਸਰਕਾਰ ਵੀ ਜ਼ਰੂਰ ਦੇਵੇਗੀ । ਪਰ ਇਸ ਦਾ ਸਮਾਂ ਅਤੇ ਤਾਰੀਖ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ।

---

**Bridge over the Baretta Drain**

***1496. Sardar Parshotam Singh :** Will the Minister for Agriculture and Irrigation be pleased to state whether there is any proposal under the consideration of the Government to construct a bridge over the Baretta drain connecting Village Chak Alisher with Aandianwali in Budhlada Block of Bhatinda District.

**Chaudhri Kanshi Ram :** No, Sir.

**ਸਰਦਾਰ ਪਰਸ਼ੋਤਮ ਸਿੰਘ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਸ ਦਾ ਜਵਾਬ 'ਨਾਂਹ' ਵਿਚ ਦਿਤਾ ਹੈ । ਲੇਕਿਨ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰਖਦੇ ਹੋਏ ਕਿਉਂਕਿ ਬਰਸਾਤ ਦੇ ਮੌਸਮ ਵਿਚ ਲੋਕਾਂ ਦੀ ਆਵਾਜਾਈ ਬੰਦ ਹੋ ਜਾਂਦੀ ਹੈ, ਬੱਸਾਂ ਜਾਣੀਆਂ ਬੰਦ ਹੋ ਜਾਂਦੀਆਂ ਹਨ । ਲੋਕਾਂ ਦੀਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਪੁਰਸ਼ੋਤਮ ਸਿੰਘ]

ਜ਼ਮੀਨਾਂ ਡਰੇਨ ਦੇ ਦੂਜੇ ਪਾਸੇ ਹਨ। ਕੀ ਲੋਕਾਂ ਦੀਆਂ ਮੁਸ਼ਕਲਾਤਾਂ ਨੂੰ ਮੁੱਖ ਰਖਦੇ ਹੋਏ ਇਹ ਪੁਲ ਬਣਾਉਣ ਦੀ ਖੇਚਲ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਸਾਰੇ ਦਾ ਸਾਰਾ ਸਵਾਲ ਹੀ ਰਿਪੀਟ ਕੀਤਾ ਹੈ। ਮੈਂ ਇਸ ਦਾ ਜਵਾਬ ਨਿਮਰਤਾ ਨਾਲ 'ਨੋ ਸਰ' ਵਿਚ ਦੇ ਦਿਤਾ ਹੈ।

**ਸਰਦਾਰ ਪਰਸ਼ੋਤਮ ਸਿੰਘ :** ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਲੋਕਾਂ ਦੀ ਜ਼ਰੂਰਤ ਨੂੰ ਮੁੱਖ ਰਖਦੇ ਹੋਏ, ਦੁਬਾਰਾ ਇਸ ਤੇ ਵਿਚਾਰ ਕਰਣਗੇ ?

**ਮੰਤਰੀ :** ਸਪੀਕਰ ਸਾਹਿਬ, ਪੁਲ ਬਣਾਉਣ ਲਈ ਨਾਰਮਜ਼ ਬਣੇ ਹੋਏ ਹਨ। ਪਿੰਡ ਚੱਕ ਅਲੀ-ਸ਼ੇਰ ਤੋਂ ਅੰਡਿਆਂਵਾਲੀ ਨੂੰ ਕੁਨੈਕਟ ਕਰਨ ਲਈ ਜਿਹੜੀ ਪੁੱਲ ਦੀ ਮੰਗ ਕੀਤੀ ਗਈ ਹੈ, ਇਹ ਉਸ ਨਾਰਮ ਵਿਚ ਨਹੀਂ ਆਉਂਦਾ। 53,000 ਦੀ ਬੁਰਜੀ ਤੇ ਪੁੱਲ ਬਣਾਉਂਦੇ ਹਾਂ। ਇਹ 48,000 ਦੀ ਬੁਰਜੀ ਤੇ ਹੈ। ਪੁੱਲ ਉਥੇ ਆਲ ਰੈਡੀ ਐਗਜ਼ਿਸਟ ਕਰ ਰਿਹਾ ਹੈ। ਬਹੁਤ ਪਬਲਿਕ ਦੀ ਡਿਮਾਂਡ ਹੋਵੇ, ਕੋਈ ਐਸੀ ਗਲ ਨਹੀਂ ਹੈ।

**ਸਰਦਾਰ ਆਤਮਾ ਸਿੰਘ :** ਮੈਂ ਤੁਹਾਡੇ ਰਾਹੀਂ ਮੰਤਰੀ ਮਹੋਦਯ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੁੱਲ ਬਣਾਉਣ ਦੇ ਨਾਰਮਜ਼ ਕੀ ਹਨ, ਇਹ ਕਿਰਪਾ ਕਰਕੇ ਦੱਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਸਰਦਾਰ ਆਤਮਾ ਸਿੰਘ ਨੇ ਤਾਂ ਵਜ਼ੀਰਾਂ ਵਾਲਾ ਸਵਾਲ ਕਰ ਦਿਤਾ ਹੈ। ਨਾਰਮਜ਼ ਮੈਂ ਦੱਸ ਦਿੰਦਾ ਹਾਂ। ਅਗਰ 500 ਮੀਟਰ ਦੇ ਦਰਮਿਆਨ ਫਾਸਲਾ ਹੋਵੇ ਔਰ ਪੁੱਲ ਦੀ ਲਾਗਤ 15 ਤੋਂ 20 ਹਜ਼ਾਰ ਦੀ ਹੋਵੇ ਤਾਂ ਇਹ ਕੰਸਿਡਰ ਕੀਤਾ ਜਾ ਸਕਦਾ ਹੈ। ਅਗਰ ਫਾਸਲਾ 1,000 ਮੀਟਰ ਹੋਵੇ ਅਤੇ ਲਾਗਤ 25,000 ਤੋਂ 50,000 ਹੋਵੇ ਤਾਂ it may be considered ਜੇ 1,500 ਮੀਟਰ ਤੋਂ ਫਾਸਲਾ ਜ਼ਿਆਦਾ ਹੋਵੇ ਅਤੇ ਲਾਗਤ 50 ਹਜ਼ਾਰ ਤੋਂ ਜ਼ਿਆਦਾ ਹੋਵੇ, ਫਿਰ ਵੀ ਉਹ ਕੰਸਿਡਰ ਕੀਤਾ ਜਾ ਸਕਦਾ ਹੈ। ਇਹ ਨਾਰਮਜ਼ ਹਨ।

**ਸਰਦਾਰ ਨੱਥਾ ਸਿੰਘ ਦਾਲਮ :** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਕਿ ਕਈ ਵਾਰੀ ਡਰੇਨਾਂ ਅਤੇ ਰੱਜਬਾਹਿਆਂ ਤੇ ਪੁੱਲ ਬਣਾਏ ਗਏ ਪਰ ਬਾਅਦ ਵਿਚ ਪਿੰਡਾਂ ਵਿੱਚ ਚੱਕਬੰਦੀਆਂ ਹੋਈਆਂ। ਜਿਹੜੇ ਰਸਤੇ ਪਿੰਡਾਂ ਨੂੰ ਪੱਕੀਆਂ ਸੜਕਾਂ ਨਾਲ ਜੋੜਨ ਵਾਲੇ ਸਨ, ਉਹ ਹੋਰ ਰਖੇ ਗਏ। ਕਿਉਂ ਕਿ ਪੁੱਲ ਪਹਿਲਾਂ ਬਣ ਚੁਕੇ ਸਨ ਇਸ ਲਈ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦਾ ਕੋਈ ਲਾਭ ਨਹੀਂ। ਜਦੋਂ ਲੋਕਾਂ ਨੂੰ ਪੱਕੀ ਸੜਕ ਤੇ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਡਰੇਨ ਜਾਂ ਰਜ-ਬਾਹਿਆਂ ਵਿੱਚੋਂ ਨਿਕਲ ਕੇ ਜਾਣਾ ਪੈਂਦਾ ਹੈ। ਇਨ੍ਹਾਂ ਮੁਸ਼ਕਲਾਂ ਨੂੰ ਧਿਆਨ ਵਿਚ ਰਖਦੇ ਹੋਏ ਕੀ ਵਜ਼ੀਰ ਸਾਹਿਬ ਨਾਰਮਜ਼ ਨੂੰ ਰਿਲੈਕਸ ਕਰਨ ਲਈ ਵਿਚਾਰ ਕਰਨਗੇ ?

**ਮੰਤਰੀ :** ਸਪੀਕਰ ਸਾਹਿਬ, ਮੁਰੱਬਾਬੰਦੀ 1958 ਤੋਂ 1962 ਤਕ ਹੋਈ। ਉਸ ਤੋਂ ਪਹਿਲਾਂ ਕੱਸੀਆਂ ਅਤੇ ਸੂਇਆਂ ਉਪਰ ਆਵਾਜਾਈ ਲਈ ਉਥੇ ਰਸਤੇ ਛੱਡੇ ਗਏ ਸਨ ਜਿਥੇ ਪੁੱਲ ਸਨ। 20 ਸਾਲ ਹੋ ਗਏ ਹਨ। ਜੇ ਕੋਈ ਹਾਰਡਸ਼ਿਪ ਦਾ ਕੇਸ ਹੈ ਜਿਥੇ ਕਿ ਰਸਤਾ ਹੈ ਪਰ ਕੱਸੀ ਔਰ ਸੂਏ ਤੇ ਪੁੱਲ ਨਹੀਂ, ਤਾਂ ਮੈਂ ਮਾਨਯੋਗ ਮੈਂਬਰ ਨੂੰ ਗੁਜ਼ਾਰਿਸ਼ ਕਰਾਂਗਾ ਕਿ ਮੈਨੂੰ ਦੱਸ ਦੇਣ, ਮੈਂ ਉਸ ਨੂੰ ਵੇਖ ਲਵਾਂਗਾ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ** ਮਜੀਠਾ : ਸਪਲੀਮੈਂਟਰੀ, ਸਰ ।

**ਸ੍ਰੀ ਸਪੀਕਰ** : ਨਹੀਂ ਜੀ । ਅਗਲਾ ਸਵਾਲ।

---

## Grain Market at Boha in Budhlada Block

***1500. Sardar Parshotam Singh :** Will the Minister for Agriculture and Irrigation be pleased to state whether there is any proposal under the consideration of the Government to have a grain market at Boha in Budhlada Block of Bhatinda District ?

**ਚੌਧਰੀ ਕਾਂਸ਼ੀ ਰਾਮ** : ਜੀ ਹਾਂ। ਸਰਕਾਰ ਨੇ ਬੋਹਾ, ਬੁਢਲਾਡਾ ਬਲਾਕ, ਜ਼ਿਲ੍ਹਾ ਬਠਿੰਡਾ, ਵਿਖੇ ਨਵੀਂ ਅਨਾਜ ਮੰਡੀ ਸਥਾਪਤ ਕਰਨ ਸਬੰਧੀ ਮਨਜ਼ੂਰੀ ਦਿੱਤੀ ਹੋਈ ਹੈ।

**ਸਰਦਾਰ ਪਰਸ਼ੋਤਮ ਸਿੰਘ** : ਬੜੀ ਖੁਸ਼ੀ ਦੀ ਗੱਲ ਹੈ, ਵਜ਼ੀਰ ਸਾਹਿਬ ਨੇ 'ਹਾਂ ਜੀ' ਵਿਚ ਜਵਾਬ ਦਿਤਾ ਹੈ । ਮੈਂ ਇਹ ਪੁਛੱਣਾ ਚਾਹੁੰਦਾ ਹਾਂ ਕਿ ਇਹ ਕਦੋਂ ਤਕ ਇਸ ਨੂੰ ਬਣਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਬੋਹਾ ਵਿਚ ਮੰਡੀ ਬਣਾਉਣ ਦੀ ਮਨਜ਼ੂਰੀ ਦੇ ਦਿਤੀ ਗਈ ਹੈ। ਮਗਰ ਇਹ ਮੰਡੀ ਟਾਪ ਪ੍ਰਾਇਰਟੀ ਦੀ ਕੈਟੇਗਰੀ ਵਿਚ ਨਹੀਂ ਆਉਂਦੀ । ਇਹ ਲੋਅ ਪ੍ਰਾਇਰਟੀ ਵਾਲੀ ਕੈਟੇਗਰੀ ਵਿਚ ਆਉਂਦੀ ਹੈ । ਇਸ ਦੇ ਲਈ ਬੋਰਡ ਨੇ ਫੈਸਲਾ ਵੀ ਕਰ ਲਿਆ ਹੈ ਕਿ 35 ਏਕੜ ਜ਼ਮੀਨ ਲੈ ਲਓ । ਉਸ ਤੋਂ ਬਾਅਦ ਸਾਇਟਿੰਗ ਬੋਰਡ ਜਾਵੇਗਾ । ਫਿਰ ਕਾਲੋਨਾਈਜ਼ੇਸ਼ਨ ਬੋਰਡ ਕੋਲ ਕੇਸ ਜਾਵੇਗਾ । ਇਸ ਪ੍ਰਾਸੈਸ ਵਿਚ ਜਿਤਨੇ ਦਿਨ ਲੱਗਣੇ ਹਨ, ਉਹ ਤਾਂ ਲਗਣਗੇ ਹੀ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਇਹ ਮੰਡੀ ਟਾਪ ਪ੍ਰਾਇਰਟੀ ਵਿਚ ਨਹੀਂ ਆ ਰਹੀ । ਇਹ ਮੰਡੀ ਤਕਰੀਬਨ ਹਰਿਆਣਾ ਅਤੇ ਪੰਜਾਬ ਦੇ ਬਾਰਡਰ ਤੇ ਹੈ। ਕਿਉਂ ਕਿ ਇਥੇ ਮੰਡੀ ਨਹੀਂ ਹੈ ਇਸ ਲਈ ਸਾਰਾ ਅਨਾਜ ਹਰਿਆਣੇ ਵਿੱਚ ਚਲਾ ਜਾਂਦਾ ਹੈ ਅਤੇ ਮਾਰਕਿਟ ਫੀਸ ਦਾ ਸਟੇਟ ਨੂੰ ਲਾਸ ਹੁੰਦਾ ਹੈ। ਮਾਰਕਿਟ ਕਮੇਟੀਆਂ ਕੋਲ ਫੰਡਜ਼ ਵੀ ਵਾਧੂ ਪਏ ਹਨ । ਕੀ ਬਾਰਡਰ ਦੇ ਲੋਕਾਂ ਨੂੰ ਸਹੂਲਤ ਦੇਣ ਲਈ ਇਸ ਮੰਡੀ ਨੂੰ ਟਾਪ ਪ੍ਰਾਇਰਟੀ ਦੇਣਗੇ ਅਤੇ ਇਸ ਲਈ ਕੋਈ ਟਾਈਮ ਫਿਕਸ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਭੂੰਦੜ ਸਾਹਿਬ ਨੇ ਗਲ ਤਾਂ ਇਸ ਤਰ੍ਹਾਂ ਕਹਿ ਦਿਤੀ ਹੈ ਜਿਵੇਂ ਇਨ੍ਹਾਂ ਕੋਲੋਂ ਅਣਗਹਿਲੀ ਹੋ ਗਈ ਹੋਵੇ । ਇਹ ਮੰਡੀ ਹਰਿਆਣੇ ਦੇ ਬਾਰਡਰ ਤੇ ਹੈ । ਪ੍ਰਾਇਰਟੀ ਫਿਕਸ ਕਰਨ ਲਈ ਅਨਾਜ ਦੀ ਅਰਾਈਵਲ ਫਸਲ ਅਸੈਂਸ਼ਿਐਲਟੀ ਹੈ। ਬਾਰਡਰ ਤੇ ਹੋਣਾ ਕੋਈ ਅਸੈਂਸ਼ਿਅਲਟੀ ਨਹੀਂ ਹੈ । ਜਿਤਨੀ ਪ੍ਰਾਇਰਟੀ ਬਣਦੀ ਹੈ ਉਤਨੀ ਹੀ ਅਸੀਂ ਦੇ ਸਕਦੇ ਹਾਂ । ਅਜਿਹੀਆਂ ਮੰਡੀਆਂ ਨੂੰ ਟਾਪ ਪ੍ਰਾਇਰਟੀ ਦੇਣੀ ਬੜੀ ਮੁਸ਼ਕਿਲ ਹੈ। ਕਿਸੇ ਜਗ੍ਹਾ ਐਨਹਾਂਸਮੈਂਟ ਕਰਨੀ ਹੈ ਤਾਂ ਕਰ ਲਵਾਂਗੇ ।

**ਸਰਦਾਰ ਪ੍ਰਿਥੀਪਾਲ ਸਿੰਘ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮੰਡੀਆਂ ਖੋਲ੍ਹਣ ਵੇਲੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੋਈ ਵਿਤਕਰਾ ਰਖੱਦੇ ਹਨ । ਜਦੋਂ ਦੀ ਇਹ ਸਰਕਾਰ ਬਣੀ ਹੈ, ਉਦੋਂ ਦੀ ਅਸੀਂ ਅੰਮ੍ਰਿਤਸਰ ਸ਼ਹਿਰ ਵਿਚ ਮੰਡੀ ਬਣਾਉਣ ਲਈ ਕਹਿ ਰਹੇ ਹਾਂ । ਟਾਪ ਪ੍ਰਾਇਰਟੀ ਵਿਚ ਵੀ ਰੱਖਿਆ ਹੋਇਆ ਹੈ । ਵਜ਼ੀਰ ਸਾਹਿਬ ਦੱਸਣ ਕਿ ਕਦੋਂ ਤਕ ਇਹ ਮੰਡੀ ਬਣਾ ਦੇਣਗੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

Original with;
Punjab Vidhan Sabha
Digitized by;
Panjab Digital Library

**ਸਰਦਾਰ ਹਰਚੰਦ ਸਿੰਘ ਬਰਾੜ** : ਮੈਂ ਤੁਹਾਡੀ ਆਗਿਆ ਨਾਲ ਵਜ਼ੀਰ ਸਾਹਿਬ ਨੂੰ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੋਗੇ ਵਿਚ ਨਵੀਂ ਮੰਡੀ ਬਣਾਈ ਗਈ ਹੈ। ਗੁਝਾਨ ਮੰਡੀ ਹੈ। ਜਦੋਂ ਉਥੇ ਜ਼ਿਆਦਾ ਮਾਲ ਆਉਂਦਾ ਹੈ ਤਾਂ ਲੋਕੀਂ ਸ਼ਹਿਰ ਵਿਚ ਜਾ ਕੇ ਮਾਲ ਸੁਟ ਦਿੰਦੇ ਹਨ। ਕੀ ਵਜ਼ੀਰ ਸਾਹਿਬ ਸ਼ਹਿਰ ਵਾਲੀ ਮੰਡੀ ਨੂੰ ਬੰਦ ਕਰਨ ਦਾ ਯਤਨ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬੜਾ ਰੈਲੇਵੈਂਟ ਸਵਾਲ ਕੀਤਾ ਹੈ। ਮੋਗੇ ਵਿਚ ਨਵੀਂ ਮੰਡੀ ਬਣਾ ਦਿਤੀ ਹੈ। ਸੜਕਾਂ ਬਣੀਆਂ ਹੋਈਆਂ ਹਨ। ਸਭ ਕੁਝ ਠੀਕ ਹੈ। ਮਗਰ ਜਦੋਂ ਉਥੇ ਮਾਲ ਦੀ ਹਿਊਜ ਅਰਾਈਵਲ ਹੁੰਦੀ ਹੈ ਫਿਰ ਲੋਕੀਂ ਬਾਹਰ ਮਾਲ ਲੈ ਜਾਂਦੇ ਹਨ। ਇਹ ਗਲ ਇਨ੍ਹਾਂ ਦੀ ਦਰੁਸਤ ਹੈ। ਇਹ ਉਥੇ ਰੋਜ਼ ਜਾਂਦੇ ਹਨ। ਇਨ੍ਹਾਂ ਦਾ ਆਪਣਾ ਸਿਨਮਾ ਵੀ ਹੈ। ਕਨਸਟਰਕਸ਼ਨ ਸ਼ੁਰੂ ਹੈ। ਜਿਹੜੇ ਪੈਸੇ ਲਾਉਣਗੇ ਆਪੇ ਉਥੇ ਬੈਠ ਜਾਣਗੇ।

**ਸਰਦਾਰ ਬਸੰਤ ਸਿੰਘ ਖਾਲਸਾ** : ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਫੋਕਲ ਪੁਆਇੰਟ ਇਨ੍ਹਾਂ ਨੇ ਬੰਦ ਕਰ ਦਿਤੇ। ਗਰੇਨ ਮਾਰ-ਕਿਟ ਤੁਸੀਂ ਬਣਾ ਲਈਆਂ ਹਨ। ਜਿਹੜੇ ਇਨ੍ਹਾਂ ਦੇ ਵਿਚਾਲੇ ਪਰਚੇਜ਼ਿੰਗ ਸੈਂਟਰ ਹਨ, ਜਿਥੇ ਪਿੰਡਾਂ ਦੇ ਲੋਕ ਸਾਰਾ ਅਨਾਜ ਲਿਆਉਂਦੇ ਹਨ। ਪਰਚੇਜ਼ਿੰਗ ਸੈਂਟਰ ਤੁਸੀਂ ਮਨਜ਼ੂਰ ਕਰ ਕੇ ਭੇਜ ਦਿੰਦੇ ਹੋ ਪਰ ਉਹ ਖੁਲ੍ਹਦੇ ਨਹੀਂ। ਪਰਚੇਜ਼ਿੰਗ ਸੈਂਟਰ ਨਾ ਬਣਨ ਕਰ ਕੇ ਲੋਕਾਂ ਦਾ ਅਨਾਜ ਰੁਲ ਰਿਹਾ ਹੈ। ਜਿਥੇ ਪਰਚੇਜ਼ਿੰਗ ਸੈਂਟਰ ਬਣੇ, ਕੀ ਉਥੇ ਪਕੀਆਂ ਇੱਟਾਂ ਲਗਵਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਗਲ ਤਾਂ ਬੋਹਾ ਦੀ ਮੰਡੀ ਤੋਂ ਚਲੀ ਸੀ ਔਰ ਇਹ ਬਹੁਤ ਦੂਰ ਤਕ ਇਸ ਨੂੰ ਲੈ ਗਏ ਹਨ। ਅਸੀਂ ਪਰਚੇਜ਼ਿੰਗ ਸੈਂਟਰ ਕਿਸਾਨਾਂ ਦੀ ਸੁਵਿੱਧਾ ਲਈ ਖੋਲ੍ਹਦੇ ਹਾਂ ਤਾਂ ਕਿ ਉਨ੍ਹਾਂ ਨੂੰ ਆਪਣਾ ਅਨਾਜ ਲਿਜਾਣ ਲਈ ਬਹੁਤਾ ਲੰਮਾ ਫਾਸਲਾ ਤੈਅ ਨਾ ਕਰਨਾ ਪਵੇ, ਉਸ ਦਾ ਟਰਾਂਸਪੋਰਟੇਸ਼ਨ ਤੇ ਘੱਟ ਖਰਚ ਹੋਵੇ। ਜਿਥੇ ਪਿੰਡਾਂ ਵਾਲੇ ਜ਼ਮੀਨ ਅਵੇਲੇਬਲ ਕਰਦੇ ਹਨ ਅਤੇ ਜਿਤਨੀ ਉਥੇ ਅਰਾਈਵਲ ਹੁੰਦੀ ਹੈ ਉਸੇ ਹਿਸਾਬ ਨਾਲ ਪਰਚੇਜ਼ਿੰਗ ਸੈਂਟਰ ਖੋਲ੍ਹ ਦਿਤਾ ਜਾਂਦਾ ਹੈ। ਮਗਰ ਇਸ ਦੇ ਲਈ ਈਅਰ-ਮਾਰਕਡ ਏਰੀਆ ਕੋਈ ਨਹੀਂ ਹੈ। ਪਿੰਡਾਂ ਵਾਲੀਆਂ ਦੀ ਇਮ-ਦਾਦ ਲੈਣੀ ਪੈਂਦੀ ਹੈ। ਜਿਥੇ ਢੇਰੀਆਂ ਕਰ ਲੈਂਦੇ ਹਨ ਉਥੇ ਪਰਚੇਜ਼ ਸ਼ੁਰੂ ਹੋ ਜਾਂਦੀ ਹੈ। ਜਦੋਂ ਉਹ ਜਮੀਨ ਸਾਡੀ ਨਹੀਂ, ਮਲਕੀਅਤ ਸਾਡੀ ਨਹੀਂ, ਅਸੀਂ ਇਸ ਨੂੰ ਕਿਉਂ ਪੱਕਾ ਕਰਾਂਗੇ।

**ਸ੍ਰੀ ਸੰਤ ਰਾਮ ਸਿੰਗਲਾ** : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਮੰਡੀਆਂ ਨੂੰ ਗੌਰਮਿੰਟ ਨੇ ਡਿਵੈਲਪ ਕੀਤਾ ਹੈ, ਉਥੇ ਡਿਵੈਲਪਮੈਂਟਲ ਚਾਰਜਿਜ਼ ਤਾਂ ਲੋਕਾਂ ਤੇ ਲਗੇ ਹੋਏ ਹਨ ਲੇਕਿਨ ਉਨ੍ਹਾਂ ਵਿਚ ਸਿਵਿਕ ਅਮੈਨਿਟੀਜ਼ ਨਹੀਂ ਹਨ। ਪੈਸਾ ਵੀ ਮਾਰ-ਕੀਟੰਗ ਬੋਰਡ ਪਾਸ ਬੇਸ਼ੁਮਾਰ ਹੈ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਮੰਡੀਆਂ ਗੌਰਮਿੰਟ ਨੇ ਡਿਵੈਲਪ ਕੀਤੀਆਂ ਹਨ ਉਨ੍ਹਾਂ ਵਿਚ ਕੀ ਸਰਕਾਰ ਸਿਵਿਕ ਅਮੈਨਿਟੀਜ਼ ਦੇਵੇਗੀ ?

**ਮੰਤਰੀ** : ਸਪੀਕਰ ਸਾਹਿਬ, ਜਿਹੜੀਆਂ ਅਮੈਨਿਟੀਜ਼ ਐਕਟ ਵਿਚ ਪ੍ਰੋਵਾਈਡਿਡ ਹਨ ਉਹ ਤਾਂ ਪਹਿਲਾਂ ਦਿਤੀਆਂ ਹੋਈਆਂ ਹਨ ਪਰ ਜੇਕਰ ਕਿਤੇ ਕੋਈ ਘਾਟ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਸਾਨੂੰ ਦੱਸ ਦੇਣ ਅਸੀਂ ਉਸ ਨੂੰ ਦੂਰ ਕਰ ਦੇਵਾਂਗੇ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1339**

(ਸਬੰਧਤ ਮਾਨ ਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

---

Original with;
Punjab Vidhan Sabha
Digitized by;
Panjab Digital Library

ਜ਼ੀਰਾ ਵਿਖੇ ਗੌਰਮਿੰਟ ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ

*1254. **ਸਰਦਾਰ ਹਰਚਰਨ ਸਿੰਘ ਹੀਰੋ** : ਕੀ ਵਿਦਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ੀਰਾ ਵਿਖੇ ਦੋਵੇਂ ਪ੍ਰਾਇਮਰੀ ਸਕੂਲਾਂ ਦੀਆਂ ਆਪਣੀਆਂ ਇਮਾਰਤਾਂ ਨਹੀਂ ਹਨ, ਜੇਕਰ ਅਜਿਹੀ ਹੋਵੇ ਤਾਂ ਸਰਕਾਰ ਇਨ੍ਹਾਂ ਸਕੂਲਾਂ ਨੂੰ ਲਗਭਗ ਕਿੰਨੇ ਸਮੇਂ ਤੱਕ ਇਮਾਰਤਾਂ ਮੁਹੱਈਆ ਕਰਨ ਦੀ ਸਥਿਤੀ ਵਿਚ ਹੋਵੇਗੀ ?

**Sardar Harcharan Singh Ajnala** : Yes. Both of these schools will shift to Government Sarai as soon as it is vacated by the Police Department.

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੰਤਰੀ ਜੀ ਨੇ ਇਹ ਤਾਂ ਮੰਨ ਹੀ ਲਿਆ ਹੈ ਕਿ ਜ਼ੀਰਾ ਵਿਚ ਦੋਹਾਂ ਹੀ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਹਨ ਔਰ ਸਕੂਲ ਓਪਨ ਜਗ੍ਹਾ ਵਿਚ ਲਗਦੇ ਹਨ। ਇਨ੍ਹਾਂ ਨੇ ਕਿਹਾ ਹੈ ਕਿ ਉਥੇ ਇਕ ਸਰਾਂ ਦੀ ਬਿਲਡਿੰਗ ਵਿਚ ਜਿਸ ਤੇ ਕਿ ਇਸ ਵੇਲੇ ਪੁਲਿਸ ਦਾ ਕਬਜ਼ਾ ਹੈ ਦੋਹਾਂ ਸਕੂਲਾਂ ਨੂੰ ਸ਼ਿਫਟ ਕਰ ਦੇਣਗੇ ਪਰ ਇਹ ਪੁਰਾਣੀ ਗੱਲ ਹੋ ਚੁਕੀ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਕਿਤਨਾ ਚਿਰ ਤਕ ਪੁਲਿਸ ਪਾਸੋਂ ਉਹ ਬਿਲਡਿੰਗ ਖਾਲੀ ਕਰਵਾ ਲੈਣਗੇ ? ਉਥੇ ਦੀ ਬਲਾਕ ਸੰਮਤੀ ਨੇ ਵੀ ਲਿਖਿਆ ਹੈ ਕਿ ਸਰਕਾਰ ਉਸ ਬਿਲਡਿੰਗ ਨੂੰ ਖਾਲੀ ਕਰਵਾਏ।

**ਮੰਤਰੀ**: ਸਪੀਕਰ ਸਾਹਿਬ, ਇਹ ਠੀਕ ਹੈ ਕਿ ਉਨ੍ਹਾਂ ਸਕੂਲਾਂ ਦੀਆਂ ਆਪਣੀਆਂ ਬਿਲਡਿੰਗਾਂ ਨਹੀਂ ਹਨ ਔਰ ਉਨ੍ਹਾਂ ਵਿਚੋਂ ਇਕ ਪ੍ਰਾਇਮਰੀ ਸਕੂਲ ਲਾਇਬਰੇਰੀ ਵਿਚ ਲਗਦਾ ਹੈ। ਹੁਣ ਇਹ ਫੈਸਲਾ ਹੋ ਚੁਕਿਆ ਹੈ ਕਿ ਪੁਲਿਸ ਵਾਲੇ ਉਸ ਬਿਲਡਿੰਗ ਨੂੰ ਵੇਕੇਟ ਕਰ ਦੇਣਗੇ। ਉਨ੍ਹਾਂ ਨੇ ਲਿਖਿਆ ਹੈ ਕਿ ਉਹ ਆਪਣੇ ਵਾਸਤੇ ਹੋਰ ਕੋਈ ਅਕਾਮੋਡੇਸ਼ਨ ਲੱਭ ਰਹੇ ਹਨ ਔਰ ਉਨ੍ਹਾਂ ਨੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਅਸੀਂ ਬਿਲਡਿੰਗ ਖਾਲੀ ਕਰ ਦੇਵਾਂਗੇ ਤਾਂਕਿ ਸਕੂਲ ਉਥੇ ਸ਼ਿਫਟ ਹੋ ਸਕਣ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਿਉਂਕਿ ਪੁਲਿਸ ਵਾਲਿਆਂ ਨੇ ਕੋਈ ਐਸ਼ੋਰੈਂਸ ਨਹੀਂ ਦਿੱਤੀ ਕਿ ਉਹ ਬਿਲਡਿੰਗ ਨੂੰ ਖਾਲੀ ਕਰ ਦੇਣਗੇ। ਕੀ ਮੁੱਖ ਮੰਤਰੀ ਜੀ ਇਸ ਮਾਮਲੇ ਵਿਚ ਦਖਲ ਅੰਦਾਜ਼ੀ ਕਰਕੇ ਉਸ ਬਿਲਡਿੰਗ ਨੂੰ ਖਾਲੀ ਕਰਵਾ ਦੇਣਗੇ ? ਉਥੇ ਦੀ ਬਲਾਕ ਸੰਮਤੀ ਨੇ ਵੀ ਲਿਖਿਆ ਹੈ ਕਿ ਇਹ ਬਿਲਡਿੰਗ ਖਾਲੀ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਜੀ ਇਹ ਦੱਸਣ ਕਿ ਉਹ ਕਿਤਨਾ ਚਿਰ ਤਕ ਇਸ ਮਾਮਲੇ ਵਿਚ ਇਨਟਰਫੀਅਰ ਕਰਕੇ ਬਿਲਡਿੰਗ ਨੂੰ ਖਾਲੀ ਕਰਵਾ ਦੇਣਗੇ ?

(ਇਸ ਸਮੇਂ ਵਿਦਿਆ ਮੰਤਰੀ ਜੀ ਜਵਾਬ ਦੇਣ ਲਈ ਖੜ੍ਹੇ ਹੋਏ।)

ਨਹੀਂ ਜੀ, ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਤੋਂ ਸਵਾਲ ਪੁਛਿਆ ਹੈ। ਹੋਮ ਡਿਪਾਰਟਮੈਂਟ ਉਨ੍ਹਾਂ ਨੂੰ ਰੀਲੇਟ ਕਰਦਾ ਹੈ। ਇਸ ਲਈ ਉਹ ਜਵਾਬ ਦੇਣ।

**Minister**: It is a part of the question. I am answering to your satisfaction. ਸਪੀਕਰ ਸਾਹਿਬ, ਸਾਨੂੰ ਐਸ. ਐਸ. ਪੀ. ਸਾਹਿਬ ਵਲੋਂ ਲਿਖਿਆ ਆ ਚੁੱਕਾ ਹੈ ਕਿ ਉਹ ਜਲਦੀ ਤੋਂ ਜਲਦੀ ਬਿਲਡਿੰਗ ਵੇਕੇਟ ਕਰ ਦੇਣਗੇ ਤਾਕਿ ਉਹ ਸਕੂਲ ਉਥੇ ਜਲਦੀ ਤੋਂ ਜਲਦੀ ਸ਼ਿਫਟ ਹੋ ਸਕਣ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਿਥੀਪਾਲ ਸਿੰਘ:** ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਰਪਾ ਕੀਤੀ ਹੈ ਕਿ ਪ੍ਰਾਇਮਰੀ ਸਕੂਲਾਂ ਦੀਆਂ ਜਿੱਥੇ ਹਰੀਜਨ ਬਸਤੀਆਂ ਵਿਚ ਬਿਲਡਿੰਗਾਂ ਨਹੀਂ ਹਨ ਉਥੇ ਇਹ 30,000 ਰੁਪਏ ਵਿਚੋਂ 25 ਹਜ਼ਾਰ ਰੁਪਿਆ ਆਪ ਦਿੰਦੇ ਹਨ ਔਰ ਬਾਕੀ ਦਾ ਪੰਜ ਹਜ਼ਾਰ ਬਸਤੀ ਵਾਲੇ ਲੋਕਾਂ ਨੇ ਦੇਣਾ ਹੁੰਦਾ ਹੈ। ਪਰ ਕਈ ਬਸਤੀਆਂ ਵਾਲੇ ਲੋਕ ਉਹ ਪੰਜ ਹਜ਼ਾਰ ਰੁਪਿਆ ਦੇ ਨਹੀਂ ਸਕਦੇ। ਇਸ ਲਈ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਮੰਤਰੀ ਜੀ ਇਹ ਕਿਰਪਾ ਕਰਨਗੇ ਕਿ ਜਿਹੜਾ ਉਪਰਲਾ ਪੰਜ ਹਜ਼ਾਰ ਰੁਪਿਆ ਹੈ ਉਹ ਵੀ ਸਰਕਾਰ ਹੀ ਦੇ ਦਿਆ ਕਰੇ ?

**ਮੰਤਰੀ:** ਸਪੀਕਰ ਸਾਹਿਬ, ਜਿਹੜੀ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਸਕੀਮ ਹੈ ਉਸ ਦੇ ਤਹਿਤ 25 ਹਜ਼ਾਰ ਰੁਪਿਆ ਗੌਰਮਿੰਟ ਆਪਣੇ ਕੋਲੋਂ ਦਿੰਦੀ ਹੈ ਔਰ ਬਾਕੀ ਦਾ ਪਬਲਿਕ ਪਾਰਟੀਸੀਪੇਸ਼ਨ ਦੇ ਤੌਰ ਤੇ ਹੁੰਦਾ ਹੈ। ਇਹ ਪਬਲਿਕ ਪਾਰਟੀਸੀਪੇਸ਼ਨ, ਸਪੀਕਰ ਸਾਹਿਬ, ਬਹੁਤ ਜ਼ਰੂਰੀ ਹੁੰਦੀ ਹੈ ਤਾਕਿ ਲੋਕਾਂ ਵਿਚ ਉਤਸ਼ਾਹ ਕਾਇਮ ਰਹੇ। ਜ਼ਮੀਨ ਦੀ ਔਰ ਥੋੜ੍ਹੇ ਜਿਹੇ ਪੈਸੇ ਦੀ ਸ਼ਰਤ ਹੈ। ਸਪੀਕਰ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਪਹਿਲਾਂ ਤਾਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਵੱਲ ਕੋਈ ਧਿਆਨ ਹੀ ਨਹੀਂ ਸੀ ਦਿੱਤਾ ਗਿਆ ਪਰ ਜਦੋਂ ਦੀ ਸਰਦਾਰ ਦਰਬਾਰਾ ਸਿੰਘ ਜੀ ਦੇ ਜ਼ੇਰੇ ਸਾਇਆ ਇਹ ਸਰਕਾਰ ਆਈ ਹੈ ਇਹ ਇਕ ਕਰੋੜ ਰੁਪਿਆ ਫੀ ਸਾਲ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਤੇ ਖਰਚ ਕਰਦੀ ਹੈ। ਬਾਕੀ ਜਿਹੜਾ ਮਾਨਯੋਗ ਮੈਂਬਰ ਨੇ ਕਿਹਾ ਹੈ ਉਸ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਸਾਰੇ ਪੰਜਾਬ ਦੇ ਵਿਚ ਇਕੋ ਜਿਹੀ ਪਾਲਿਸੀ ਹੈ। ਇਸ ਕਰਕੇ ਮੈਂ ਕੋਈ ਇਸ ਤਰ੍ਹਾਂ ਦੀ ਕਮਿਟਮੈਂਟ ਨਹੀਂ ਕਰਦਾ ਕਿ ਉਹ ਪਬਲਿਕ ਪਾਰਟੀ-ਸੀਪੇਸ਼ਨ ਦਾ ਰੁਪਿਆ ਵੀ ਸਰਕਾਰ ਹੀ ਦੇਵੇ ਔਰ ਇਹ ਪੈਸੇ ਦੀ ਸ਼ਰਤ ਵੀ ਉੜਾ ਦਿਤੀ ਜਾਵੇ। ਮੈਂ ਸਮਝਦਾ ਹਾਂ ਕਿ ਇਹ ਜਿਹੜੀਆਂ ਛੋਟੀਆਂ ਜਿਹੀਆਂ ਕੰਡੀਸ਼ਨਾਂ ਹਨ ਇਹ ਨਿਹਾਇਤ ਹੀ ਅੱਛੀਆਂ ਹਨ।

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, ਵਜ਼ੀਰ ਸਾਹਬ ਨੇ ਦੱਸਿਆ ਹੈ ਕਿ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਤੇ ਹਰ ਸਾਲ ਇਕ ਕਰੋੜ ਰੁਪਿਆ ਖਰਚ ਕੀਤਾ ਜਾਂਦਾ ਹੈ। ਇਕ ਕਰੋੜ ਨਾਲ ਇਨ੍ਹਾਂ ਦੇ ਹਿਸਾਬ ਮੁਤਾਬਿਕ 400 ਸਕੂਲਾਂ ਦੀਆਂ ਬਿਲਡਿੰਗਾਂ ਬਣਦੀਆਂ ਹਨ ਪਰ ਇਹ ਬਣ ਨਹੀਂ ਰਹੀਆਂ। ਇਸ ਦਾ ਕਾਰਣ ਇਹ ਵੀ ਹੋ ਸਕਦਾ ਹੈ ਕਿ ਕੋਈ ਪੰਚਾਇਤ ਪੈਸਾ ਨਹੀਂ ਦੇ ਸਕਦੀ ਔਰ ਕਿਤੇ ਬਿਲਡਿੰਗ ਬਣਾਉਣ ਲਈ ਜਗ੍ਹਾ ਨਹੀਂ ਹੁੰਦੀ। ਇਸ ਦਾ ਨਤੀਜਾ ਇਹ ਹੋ ਰਿਹਾ ਹੈ ਕਿ ਪੈਸਾ ਲੈਪਸ ਹੋ ਰਿਹਾ ਹੈ ਔਰ ਬਿਲਡਿੰਗਾਂ ਬਣ ਨਹੀਂ ਰਹੀਆਂ। ਇਸ ਲਈ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਵਜ਼ੀਰ ਸਾਹਿਬ ਕੋਈ ਹੋਰ ਸਾਧਨ ਲੱਭ ਕੇ, ਵਿਚਾਰ ਕਰਕੇ, ਉਨ੍ਹਾਂ ਬਿਲਡਿੰਗਾਂ ਨੂੰ ਬਣਵਾਉਣ ਦਾ ਯਤਨ ਕਰਨਗੇ ਤਾਂ ਕਿ ਪੈਸਾ ਲੈਪਸ ਨਾ ਹੋਵੇ ?

**ਮੰਤਰੀ:** ਸਪੀਕਰ ਸਾਹਿਬ, ਇਹ ਖਿਆਲਾ ਸਾਹਿਬ ਦੀ ਖੁਸ਼ਫਹਿਮੀ ਹੈ ਕਿ ਪੈਸਾ ਲੈਪਸ ਹੋ ਰਿਹਾ ਹੈ। ਰੁਪਿਆ ਯੂਟੀਲਾਈਜ਼ ਹੋ ਰਿਹਾ ਹੈ। ਜਿਹੜੀਆਂ ਜਗ੍ਹਾ ਸਰਕਾਰ ਨੇ ਮਨਜ਼ੂਰ ਕੀਤੀਆਂ ਹੋਈਆਂ ਹਨ ਉਥੇ ਇਹ ਪੈਸਾ ਖਰਚ ਹੋ ਰਿਹਾ ਹੈ। ਅਗਰ ਕੋਈ ਸਪੈਸੇਫੀਕ ਇਨਸਟਾਂਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਦੱਸ ਦੇਣ।

**ਸਰਦਾਰ ਬਲਦੇਵ ਸਿੰਘ ਖਿਆਲਾ:** ਸਪੀਕਰ ਸਾਹਿਬ, 400 ਬਿਲਡਿੰਗਾਂ ਵਿਚੋਂ ਇਕ ਵੀ ਨਹੀਂ ਬਣੀ ਜੀ। ਨਹੀਂ ਤਾਂ ਇਹ ਦੱਸ ਦੇਣ ਕਿ ਕਿਤਨੀਆਂ ਬਿਲਡਿੰਗਾਂ ਬਣੀਆਂ ਹਨ।

(ਕੋਈ ਉੱਤਰ ਨਹੀਂ ਆਇਆ।)

Original with;
Punjab Vidhan Sabha
Digitized by;
Panjab Digital Library

**Mr. Speaker** : Next question.

## Opening of a High School for Boys at Khanna

*1401. **Sardar Shamsher Singh** : Will the Minister for Education be pleased to state whether there is any proposal for opening a Government High School for Boys at Khanna ; if so, the time by which it is likely to be opened ?

**ਸਰਦਾਰ ਹਰਚਰਨ ਸਿੰਘ ਅਜਨਾਲਾ** : ਨਹੀਂ ਜੀ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਦੋ ਸ਼ਬਦਾਂ ਵਿਚ ਜਵਾਬ ਦਿੰਦਿਆਂ 'ਨਹੀਂ ਜੀ' ਕਿਹਾ ਹੈ। ਦੇਸ਼ ਨੂੰ ਅਜ਼ਾਦ ਹੋਇਆਂ ਕੋਈ 35-36 ਸਾਲ ਹੋ ਚੁੱਕੇ ਹਨ, ਖੰਨਾ ਸ਼ਹਿਰ ਦੀ ਆਬਾਦੀ ਤਕਰੀਬਨ 60 ਹਜ਼ਾਰ ਹੈ ਅਤੇ ਏਸ਼ੀਆ ਦੀ ਬੜੀ ਗ੍ਰੇਨ ਮਾਰਕਿਟ ਵੀ ਹੈ ਪਰ ਉਥੇ ਕੋਈ ਵੀ ਗੌਰਮਿੰਟ ਦਾ ਹਾਈ ਸਕੂਲ ਨਹੀਂ ਹੈ। ਪ੍ਰਾਈਵੇਟ ਸਕੂਲਾਂ ਵਿਚ ਗਰੀਬ ਲੋਕਾਂ ਦੇ ਬੱਚੇ ਇਤਨੀਆਂ ਫੀਸਾਂ ਨਹੀਂ ਦੇ ਸਕਦੇ। ਮੰਤਰੀ ਜੀ ਇਨ੍ਹਾਂ ਚੀਜ਼ਾਂ ਨੂੰ ਮੁੱਖ ਰਖਦੇ ਹੋਏ ਉਥੇ ਹਾਈ ਸਕੂਲ ਖੋਲ੍ਹਣ ਦਾ ਕਿਤਨਾ ਕੁ ਚਿਰ ਤਕ ਪ੍ਰਬੰਧ ਕਰ ਦੇਣਗੇ ? ਅਸੀਂ ਜ਼ਮੀਨ ਜੇਕਰ ਦੇ ਦੇਈਏ ਔਰ ਹੋਰ ਕੋਈ ਸ਼ਰਤ ਹੋਵੇ ਤਾਂ ਉਹ ਵੀ ਪੂਰੀ ਕਰ ਦੇਈਏ ਤਾਂ ਕੀ ਇਹ ਸਕੂਲ ਖੋਲ੍ਹਣ ਨੂੰ ਤਿਆਰ ਹਨ ?

**ਮੰਤਰੀ** : ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜਿੱਥੋਂ ਤੱਕ ਇਸ ਗਲ ਦਾ ਸਵਾਲ ਹੈ ਕਿ ਉਥੇ ਕੋਈ ਸਕੂਲ ਨਹੀਂ ਹੈ ਇਹ ਗਲਤ ਗਲ ਹੈ, ਉਥੇ ਆਲਰੇਡੀ ਦੋ ਪ੍ਰਾਈਵੇਟ ਹਾਇਰ ਸੈਕੰਡਰੀ ਸਕੂਲ ਚਲ ਰਹੇ ਹਨ।

**ਸ਼੍ਰੀ ਸਪੀਕਰ** : ਉਹ ਕਹਿ ਰਹੇ ਹਨ ਕਿ ਉਥੇ ਗੌਰਮਿੰਟ ਹਾਈ ਸਕੂਲ ਨਹੀਂ ਹੈ।

**ਮੰਤਰੀ** : ਸਪੀਕਰ ਸਾਹਿਬ, ਮੈਂ ਉਹੋ ਹੀ ਗੁਜ਼ਾਰਿਸ਼ ਕਰ ਰਿਹਾ ਹਾਂ ਕਿ ਉਨ੍ਹਾਂ ਸਕੂਲਾਂ ਨੂੰ ਸਰਕਾਰ 95% ਗਰਾਂਟ ਦਿੰਦੀ ਹੈ। ਇਨ੍ਹਾਂ ਨੇ ਸਵਾਲ ਕੀਤਾ ਸੀ ਕਿ ਕੀ ਕੋਈ ਪ੍ਰੋਪੋਜ਼ਲ ਖੰਨਾ ਵਿਚ ਸਰਕਾਰੀ ਹਾਈ ਸਕੂਲ ਖੋਲ੍ਹਣ ਦੀ ਸਰਕਾਰ ਦੇ ਅੰਡਰ ਕੰਸਿਡਰੇਸ਼ਨ ਹੈ। ਉਸ ਦਾ ਜਵਾਬ ਹੈ ਕਿ 'ਨਹੀਂ ਜੀ'। ਉਨ੍ਹਾਂ ਨੇ ਹੁਣ ਨਵੀਂ ਗਲ ਕਹੀ ਹੈ ਕਿ ਉਹ ਸਕੂਲ ਵਾਸਤੇ ਜ਼ਮੀਨ ਦੇਣ ਨੂੰ ਔਰ ਜੇਕਰ ਕੋਈ ਹੋਰ ਸ਼ਰਤ ਹੋਵੇ ਤਾਂ ਉਹ ਵੀ ਪੂਰੀ ਕਰਨ ਨੂੰ ਤਿਆਰ ਹਨ। ਮੈਂ ਕਹਾਂਗਾ ਕਿ ਅਗਰ ਕੋਈ ਅਜੇਹੀ ਪ੍ਰਾਪੋਜ਼ੀਸ਼ਨ ਇਨ੍ਹਾਂ ਪਾਸ ਹੈ ਤਾਂ ਇਹ ਸਾਨੂੰ ਦੇ ਦੇਣ ਉਹ ਕੰਸਿਡਰ ਹੋ ਸਕਦੀ ਹੈ।

**ਸਰਦਾਰ ਸ਼ਮਸ਼ੇਰ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਕੰਸਿਡਰ ਕਰ ਲਵਾਂਗੇ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਅਸੀਂ 5/4 ਮਹੀਨਿਆਂ ਵਿਚ ਜ਼ਮੀਨ ਔਰ ਬਿਲਡਿੰਗ ਦਾ ਪ੍ਰਬੰਧ ਕਰ ਦਈਏ ਤਾਂ ਕਿ ਇਹ ਇਸ ਸਾਲ ਉਥੇ ਸਕੂਲ ਖੋਲ੍ਹਣ ਵਾਸਤੇ ਤਿਆਰ ਹਨ ?

**ਮੰਤਰੀ** : ਮੈਂ ਤਾਂ ਕਿਹਾ ਹੈ ਕਿ ਤੁਸੀਂ, ਸਕੂਲ ਲਈ ਜਿਹੜੀਆਂ ਚੀਜ਼ਾਂ ਚਾਹੀਦੀਆਂ ਹਨ, ਉਹ ਤਿਆਰ ਕਰੋ, then it can be considered.

Original with;
Punjab Vidhan Sabha
Digitized by;
Punjab Digital Library

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਪਟਿਆਲਾ, ਰੋਪੜ, ਬਠਿੰਡਾ, ਫਿਰੋਜ਼ਪੁਰ, ਫਰੀਦਕੋਟ ਔਰ ਸੰਗਰੂਰ ਇਨ੍ਹਾਂ ਛੇ ਜ਼ਿਲਿਆਂ ਵਿਚ ਕੁੜੀਆਂ ਦੇ ਸਕੂਲ ਲੁਧਿਆਣਾ ਔਰ ਜਲੰਧਰ ਨਾਲੋਂ ਬਹੁਤ ਘੱਟ ਹਨ। ਕੀ ਸਰਕਾਰ ਇਸ ਵਿਤਕਰੇ ਨੂੰ ਦੂਰ ਕਰਕੇ ਇਨ੍ਹਾਂ ਜ਼ਿਲ੍ਹਿਆਂ ਵਿਚ ਵੀ ਹੋਰ ਲੜਕੀਆਂ ਦੇ ਸਕੂਲ ਖੋਲਣ ਨੂੰ ਤਿਆਰ ਹੈ ?

**ਮੰਤਰੀ** : ਸਪੀਕਰ ਸਾਹਿਬ, ਇਸ ਸਵਾਲ ਵਿਚੋਂ ਤਾਂ ਇਹ ਸਪਲੀਮੈਂਟਰੀ ਅਰਾਈਜ਼ ਨਹੀਂ ਹੁੰਦਾ, ਇਸ ਦੇ ਵਾਸਤੇ ਨਵਾਂ ਨੋਟਿਸ ਚਾਹੀਦਾ ਹੋਵੇਗਾ ਜੀ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗੌਰਮਿੰਟ ਹਾਈ ਸਕੂਲ ਖੋਲ੍ਹਣ ਵਾਸਤੇ ਕੀ ਕਰਾਈਟੇਰੀਆ ਹੈ, ਬੱਚਿਆਂ ਦੀ ਕਿਤਨੀ ਸਟਰੈਂਥ ਚਾਹੀਦੀ ਹੈ।

**ਮੰਤਰੀ** : ਸਕੂਲ ਵਾਸਤੇ ਬਿਲਡਿੰਗ ਵੀ ਚਾਹੀਦੀ ਹੈ, ਜ਼ਮੀਨ ਵੀ ਚਾਹੀਦੀ ਹੈ, ਔਰ ਨੰਬਰ ਆਫ ਸਟੂਡੈਂਟਸ ਵੀ ਪ੍ਰੈਸਕਰਾਈਬ ਕੀਤਾ ਹੋਇਆ ਹੈ।

---

**Setting up a 25-Bed Hospital in Block Zira, District Ferozepur**

*1253. **Sardar Harcharan Singh Hero :** Will the Minister for Health be pleased to state whether there is any proposal under the consideration of Government for setting up 25-bed hospital in Zira Block, District Ferozepur; if so, the time by which it is likely to be set up ?

**ਸ੍ਰੀ ਜੋਗਿੰਦਰ ਪਾਲ ਪਾਂਡੇ** : ਜ਼ੀਰਾ ਬਲਾਕ ਵਿੱਚ ਪਿੰਡ ਕਸੋਆਣਾ ਵਿਖੇ ਇਕ 30 ਬਿਸਤਰਿਆਂ ਦਾ ਦਿਹਾਤੀ ਹਸਪਤਾਲ ਪਹਿਲਾਂ ਹੀ ਮਨਜ਼ੂਰ ਹੋਇਆ ਹੋਇਆ ਹੈ।

**ਸਰਦਾਰ ਹਰਚਰਨ ਸਿੰਘ ਹੀਰੋ** : ਸਪੀਕਰ ਸਾਹਿਬ, ਇਹ ਠੀਕ ਹੈ ਕਿ ਪ੍ਰਾਇਮਰੀ ਹੈਲਥ ਸੈਂਟਰ ਬਹੁਤ ਦੇਰ ਤੋਂ ਚਲ ਰਿਹਾ ਹੈ ਪਰ ਉਸ ਦੇ ਨਾਲ ਸਾਰਾ ਬਲਾਕ ਸਬੰਧਤ ਹੈ। ਉਹ ਬੇਟ ਏਰੀਆ ਵਿਚ ਪੈਂਦਾ ਹੈ ਔਰ ਬਾਰਡਰ ਦਾ ਏਰੀਆ ਹੈ। ਮਲੋਵਾਲ ਵਿਖੇ ਗੌਰਮਿੰਟ ਨੇ ਇਕ 25 ਬੈਡਡ ਹਸਪਤਾਲ ਵੀ ਮਨਜ਼ੂਰ ਕੀਤਾ ਸੀ। ਉਥੇ ਬਿਲਡਿੰਗ ਵੀ ਬਣ ਚੁਕੀ ਹੈ ਪਰ ਹਾਲੇ ਤਕ ਸਟਾਫ ਉਥੇ ਨਹੀਂ ਗਿਆ। ਕੀ ਉਥੇ ਸਟਾਫ ਭੇਜਣ ਦੀ ਖੇਚਲ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਜ਼ੀਰਾ ਬਲਾਕ ਵਿਚ ਹਸਪਤਾਲ ਬਾਰੇ ਕੀਤਾ ਸੀ। ਉਹ ਸੈਂਕਸ਼ਨ ਕੀਤਾ ਜਾ ਚੁਕਾ ਹੈ। ਬਾਕੀ ਜੋ ਸਵਾਲ ਇਹ ਹੁਣ ਕਰ ਰਹੇ ਹਨ ਉਸ ਬਾਰੇ ਇਹ ਨੋਟਿਸ ਦੇ ਦੇਣ ਜਵਾਬ ਦੇ ਦੇਵਾਂਗੇ।

**ਸਰਦਾਰ ਸ਼ਮਸ਼ੇਰ ਸਿੰਘ** : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਹਸਪਤਾਲ ਅਪਗਰੇਡ ਕੀਤੇ ਗਏ ਹਨ ਜਿਸ ਤਰ੍ਹਾਂ ਖੰਨੇ ਦਾ ਹਸਪਤਾਲ 50 ਬਿਸਤਰਿਆਂ ਦਾ ਕਰ ਦਿਤਾ ਗਿਆ ਹੈ। ਇਸੇ ਤਰ੍ਹਾਂ ਹੋਰ ਵੀ ਕਈ ਹਸਪਤਾਲ ਹਨ ਜਿਹੜੇ ਅਪਗਰੇਡ ਕਰ ਦਿੱਤੇ ਗਏ ਹਨ ਪਰ ਉਥੇ ਅਕਾਮੋਡੇਸ਼ਨ ਦੀ ਬੜੀ ਕਮੀ ਹੁੰਦੀ ਹੈ, ਸਟਾਫ ਲਈ ਕੋਈ ਕਮਰੇ ਨਹੀਂ ਹਨ, ਕੀ ਉਨ੍ਹਾਂ ਹਸਪਤਾਲਾਂ ਵਿਚ ਅਕਾਮੋਡੇਸ਼ਨ ਦੀ ਕਮੀ ਪੂਰੀ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ**: ਸਪੀਕਰ ਸਾਹਿਬ, ਇਹ ਜਿਹੜਾ ਕੁਐਸਚਨ ਕੀਤਾ ਗਿਆ ਹੈ ਇਹ ਇਕ ਜਨਰਲ ਕੁਐਸਚਨ ਹੈ। ਸਪੈਸੇਫਿਕ ਕੁਐਸਚਨ ਨਾਲ ਇਸ ਦਾ ਕੋਈ ਸਬੰਧ ਨਹੀਂ।

**ਮਾਸਟਰ ਚੰਦ ਸਿੰਘ**: ਸਪੀਕਰ ਸਾਹਿਬ, ਪਿਛਲੇ ਸਮੇਂ ਵਿਚ ਕਈ ਪਿੰਡਾਂ ਨੇ ਹਸਪਤਾਲਾਂ ਲਈ ਜ਼ਮੀਨ ਵੀ ਦੇ ਦਿਤੀ ਹੈ ਅਤੇ ਹੋਰ ਵੀ ਜਿਹੜੀਆਂ ਸ਼ਰਤਾਂ ਇਨ੍ਹਾਂ ਰਖੀਆਂ ਹਨ ਉਹ ਵੀ ਪੂਰੀਆਂ ਕਰ ਦਿੱਤੀਆਂ ਹਨ ਜਿਸ ਤਰ੍ਹਾਂ ਜ਼ਿਲ੍ਹਾ ਸੰਗਰੂਰ ਵਿਚ ਛਾਜਲੀ ਵਾਲਾ ਪਿੰਡ ਹੈ ਉਸ ਨੇ ਸਾਰੀਆਂ ਸ਼ਰਤਾਂ ਪੂਰੀਆਂ ਕਰ ਦਿਤੀਆਂ ਹਨ ਪਰ ਹੁਣ ਤਕ ਉਥੇ ਹਸਪਤਾਲ ਨਾ ਖੁਲ੍ਹਣ ਦੇ ਕੀ ਕਾਰਨ ਹਨ ?

**ਮੰਤਰੀ**: ਸਪੀਕਰ ਸਾਹਿਬ, ਇਹ ਸਵਾਲ ਤਾਂ ਜ਼ੇਰੇ ਗੌਰ ਹੀ ਨਹੀਂ ਹੈ। ਇਸ ਤਰ੍ਹਾਂ ਦੀਆਂ ਗੱਲਾਂ ਤਾਂ ਇਹ ਬਜਟ ਤੇ ਜਨਰਲ ਡਿਸ਼ਕਸ਼ਨ ਵੇਲੇ ਕਹਿ ਸਕਦੇ ਹਨ ਔਰ ਉਸ ਤੇ ਖਜ਼ਾਨਾ ਮੰਤਰੀ ਜਵਾਬ ਦੇ ਦੇਣਗੇ।

**ਸਰਦਾਰ ਬਲਦੇਵ ਸਿੰਘ ਮਾਨ**: ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਜਿਨ੍ਹਾਂ ਨੇ ਸਵਾਲ ਕੀਤਾ ਹੈ ਉਨ੍ਹਾਂ ਦਾ ਇਹ ਹਾਲ ਹੈ ਕਿ 'ਤੇਲੀ ਵੀ ਕੀਤਾ, ਰੁਖਾ ਵੀ ਖਾਧਾ' ਨਾ ਉਨ੍ਹਾਂ ਨੂੰ ਸਕੂਲ ਮਿਲਿਆ ਅਤੇ ਨਾ ਹੀ ਹਸਪਤਾਲ। ਮੈਂ ਤਾਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਸਕੀਮ ਇਕ ਬਲਾਕ ਵਿਚ 25 ਬਿਸਤਰਿਆਂ ਦਾ ਹਸਪਤਾਲ ਬਣਾਉਣ ਦੀ ਹੈ ਇਸ ਨੂੰ ਅਗੋਂ ਲਈ ਜਾਰੀ ਰਖਣਗੇ, ਬੰਦ ਤਾਂ ਨਹੀਂ ਕਰ ਦੇਣਗੇ ?

**ਮੰਤਰੀ**: ਜਿਹੜੀ ਗੌਰਮਿੰਟ ਦੀ ਸਕੀਮ ਹੈ ਉਸ ਨੂੰ ਬੰਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਪੰਡਿਤ ਸਰਵਣ ਰਾਮ**: ਮੈਂ ਹੈਲਥ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਗੜ੍ਹਸ਼ੰਕਰ ਵਿਖੇ ਬਨਿਆਲ ਪਿੰਡ ਜਿਹੜਾ ਕਿ 17-18 ਕਿਲੋਮੀਟਰ ਦੇ ਫਾਸਲੇ ਤੇ ਪੈਂਦਾ ਹੈ ਕੀ ਉਥੇ ਵੀ 25 ਬੈਡਿਡ ਹਸਪਤਾਲ ਬਣਾਉਣ ਲਈ ਮੰਤਰੀ ਸਾਹਿਬ ਧਿਆਨ ਦੇਣਗੇ ? ਉਥੇ ਹਸਪਤਾਲ ਦੀ ਬੜੀ ਲੋੜ ਹੈ ?

**ਮੰਤਰੀ**: ਆਨਰੇਬਲ ਮੈਂਬਰ, ਆਪਣੇ ਪਿੰਡ ਵਿਚ ਉਥੇ ਕਦੇ ਪ੍ਰੋਗਰਾਮ ਰਖ ਲੈਣ। ਮੈਂ ਇਨ੍ਹਾਂ ਨਾਲ ਜਾ ਕੇ ਵੇਖ ਲਵਾਂਗਾ।

---

**ਨਿਸ਼ਾਨਵਾਲਾ ਪ੍ਰਸ਼ਨ ਨੰ: 1467**

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਟ ਨਹੀਂ ਕੀਤਾ ਗਿਆ)

---

**Crop Burnt by Fire in Village Bara Bhaika, District Faridkot.**

***1505.** **1. Professor Balwant Singh**
**2. Comrade Saghar Singh** } Will the Minister for Revenue be pleased to state:

(a) the names of the farmers of village Bara Bhaika, Tehsil and District Faridkot whose Rabi Crop was burnt by fire in the months of March/April, 1981 ;

Original with;
Punjab Vidhan Sabha
Digitized by;
Panjab Digital Library

[ Professor Balwant Singh ]

(b) the names of the persons out of those mentioned in part (a) above who applied to the Government for compensation for their burnt crops and the action taken by the Government on their application ;

(c) if no compensation has so far been paid to the persons mentioned in part (b) above, the reasons therefore and the time by which the same is likely to be paid to them ?

**ਸਰਦਾਰ ਗੁਰਦਰਸ਼ਨ ਸਿੰਘ** : (ੳ) ਸ੍ਰੀ ਅਜਮੇਰ ਸਿੰਘ ਪੁੱਤਰ ਸ੍ਰੀ ਪੂਰਨ ਸਿੰਘ ਅਤੇ ਸਰਵਸ੍ਰੀ ਗੁਰਨਾਮ ਸਿੰਘ, ਗੁਰਜੰਤ ਸਿੰਘ ਅਤੇ ਬੰਤ ਸਿੰਘ ਪੁੱਤਰ ਸ੍ਰੀ ਅਜਮੇਰ ਸਿੰਘ।

(ਅ) ਸ੍ਰੀ ਅਜਮੇਰ ਸਿੰਘ ਪੁੱਤਰ ਸ੍ਰੀ ਪੂਰਨ ਸਿੰਘ। ਹੋਏ ਨੁਕਸਾਨ ਤੇ ਸਾਲਾਨਾ ਆਮਦਨ ਦੀ ਲੋੜੀਂਦੀ ਪੜਤਾਲ ਫੀਲਡ ਮਾਲ ਅਫਸਰ ਸਾਹਿਬਾਨ ਦੇ ਰਾਹੀਂ ਪੰਜਾਬ ਸਰਕਾਰ ਦੀਆਂ ਨੀਤੀ ਹਦਾਇਤਾਂ ਅਨੁਸਾਰ, ਸਹਾਇਤਾ ਦੇਣ ਲਈ ਉਹਨਾਂ ਦੀ ਯੋਗਤਾ ਤੇ ਵਿਚਾਰ ਲਈ ਕਰਵਾਈ ਗਈ ਸੀ।

(ੲ) ਕੋਈ ਸਹਾਇਤਾ ਅੱਗ ਪੀੜਤਾਂ ਨੂੰ ਸਰਕਾਰ ਦੀਆਂ ਵਰਤਮਾਨ ਨੀਤੀ ਹਦਾਇਤਾਂ ਅਨੁਸਾਰ ਵੰਡੀ ਨਾ ਜਾ ਸਕੀ ਕਿਉਂਜੋ ਉਹਨਾਂ ਵਿਚੋਂ ਹਰ ਇਕ ਦੀ ਸਾਲਾਨਾ ਆਮਦਨ 12,500 ਰੁਪਏ ਸੀ।

**ਪ੍ਰੋਫੈਸਰ ਬਲਵੰਤ ਸਿੰਘ**: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸ਼ਰਤ ਰਖੀ ਹੈ ਕਿ ਕਿਉਂਕਿ ਉਨਾਂ ਦੀ ਆਮਦਨ 12 ਹਜ਼ਾਰ ਰੁਪਏ ਸੀ ਇਸ ਕਰਕੇ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿਤਾ ਜਾ ਸਕਦਾ। ਅੱਜ ਮਹਿੰਗਾਈ ਦਾ ਜ਼ਮਾਨਾ ਹੈ। ਕੀ ਵਜ਼ੀਰ ਸਾਹਿਬ, ਜਿਹੜੀ ਇਹ ਸ਼ਰਤ ਰਖੀ ਹੋਈ ਹੈ ਉਸ ਦੀ ਲਿਮਿਟ ਵਧਾਉਣ ਦਾ ਯਤਨ ਕਰਨਗੇ ? ਅੱਜ ਦੇ ਜ਼ਮਾਨੇ ਵਿਚ ਕਿਸੇ ਦੀ ਆਮਦਨ 12000 ਹੋਣੀ ਬਹੁਤ ਥੋੜ੍ਹੀ ਹੈ। ਇਸ ਕਰਕੇ ਕੀ ਵਜ਼ੀਰ ਸਾਹਿਬ ਜਿਹੜੀ ਹੱਦ ਇਨ੍ਹਾਂ ਨੇ ਫਿਕਸ ਕੀਤੀ ਹੈ ਉਹ ਵਧਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਗੌਰਮਿੰਟ ਦੀਆਂ ਹਦਾਇਤਾਂ ਅਨੁਸਾਰ ਜਿਨ੍ਹਾਂ ਦੀ ਆਮਦਨ 500 ਰੁਪਏ ਮਹੀਨਾ ਤੋਂ ਘੱਟ ਹੁੰਦੀ ਹੈ ਉਨਾਂ ਨੂੰ ਇਸ ਕਿਸਮ ਦੀ ਸਹਾਇਤਾ ਦਿੱਤੀ ਜਾਂਦੀ ਹੈ।

**ਪ੍ਰੋਫੈਸਰ ਬਲਵੰਤ ਸਿੰਘ** : ਸਪੀਕਰ ਸਾਹਿਬ, ਜਿਹੜਾ ਮੈਂ ਸਵਾਲ ਕੀਤਾ ਹੈ ਉਸ ਦਾ ਜਵਾਬ ਨਹੀਂ ਆਇਆ। ਮੇਰਾ ਸਵਾਲ ਇਹ ਸੀ ਕਿ ਕੀ ਇਹ ਆਮਦਨ ਦੀ ਹੱਦ ਵਧਾਉਣ ਦਾ ਯਤਨ ਕਰਨਗੇ ?

**ਮੰਤਰੀ** : ਇਹ ਇਕ ਸੁਝਾਵ ਹੈ, ਗੌਰ ਕਰ ਲਵਾਂਗੇ।

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਹੱਦ 6000 ਰੁਪਏ ਸਾਲਾਨਾ ਦੀ ਰੱਖੀ ਹੈ ਇਹ ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਬਹੁਤ ਥੋੜ੍ਹੀ ਹੈ ਅੱਜ ਜਦ ਕਿ 17 ਸਟੈਂਡਰਡ ਏਕੜ ਜ਼ਮੀਨ ਦਾ ਤਾਂ ਕਾਨੂੰਨ ਹੀ ਬਣ ਗਿਆ ਹੈ। ਇਸ ਲਈ ਕੀ ਵਜ਼ੀਰ ਸਾਹਿਬ ਇਹ ਹੱਦ ਵਧਾਉਣ ਦਾ ਯਤਨ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਇਹ ਮੁਆਵਜ਼ਾ ਸਿਰਫ ਅੱਗ ਨਾਲ ਜਾਂ ਕਿਤੇ ਬਿਜਲੀ ਡਿਗਣ ਨਾਲ ਜੇ ਕੋਈ ਨੁਕਸਾਨ ਹੋਵੇ ਤਾਂ ਹੀ ਦਿਤਾ ਜਾਂਦਾ ਹੈ। ਬਾਕੀ ਜਿਥੋਂ ਤਕ ਹੱਦ ਵਧਾਉਣ ਦਾ ਸਵਾਲ ਹੈ ਆਨਰੇਬਲ ਮੈਂਬਰ ਸਾਹਿਬ ਆਪ 3 ਸਾਲ ਇਥੇ ਵਜ਼ੀਰ ਰਹੇ ਹਨ, ਉਸ ਵੇਲੇ ਇਹ ਹੱਦ ਵਧਾਉਣ ਵਾਸਤੇ ਸੋਚ ਸਕਦੇ ਸਨ।

**ਸਰਦਾਰ ਦਲੀਪ ਸਿੰਘ ਪਾਂਧੀ :** ਪਹਿਲੇ ਤਾਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 1980-81 ਵਿਚ ਇਸ ਮੁਆਵਜ਼ੇ ਅਧੀਨ ਕਿੰਨੇ ਪੈਸੇ ਰੱਖੇ ਗਏ ਸਨ। ਦੂਜਾ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੰਜਾਰੀ ਪਿੰਡ, ਤਹਿਸੀਲ ਨਾਭਾ ਵਿਖੇ ਜਿਹੜਾ ਨੁਕਸਾਨ ਹੋਇਆ ਸੀ, ਉਨਾਂ ਦੇ ਪੈਸੇ ਸੈਟਲ ਵੀ ਹੋ ਗਏ ਸਨ ਪਰ ਸਰਕਾਰ ਨੇ ਅਜੇ ਤਕ ਉਨ੍ਹਾਂ ਨੂੰ ਪੈਸੇ ਨਹੀਂ ਦਿੱਤੇ। ਕੀ ਹੁਣ ਇਹ ਉਨ੍ਹਾਂ ਨੂੰ ਜਲਦੀ ਪੈਸੇ ਦਿਵਾਉਣ ਦਾ ਪ੍ਰਬੰਧ ਕਰਨਗੇ ?

**ਮੰਤਰੀ :** ਇਸ ਵਾਸਤੇ ਇਹ ਵੱਖਰਾ ਨੋਟਿਸ ਦੇ ਦੇਣ, ਜਵਾਬ ਆ ਜਾਵੇਗਾ।

---

## Bus Service from Khalra to Chandigarh

***1355. Comrade Darshan Singh Jhabal** : Will the Minister of State for Transport be pleased to state :—

(a) whether any bus service of Tarn Taran Depot of the Punjab Roadways was being plied from Khalra to Chandigarh via Gugoobuha, Jiobala and Tarn Taran ;

(b) whether it is a fact that the said bus service has since been discontinued ; if so, the reasons therefor ;

(c) whether the Government propose to reintroduce the said bus service keeping in view the difficulty being faced by the public ?

**ਸਰਦਾਰ ਅਵਤਾਰ ਸਿੰਘ ਗਟਵਾਲੀ :** (ੳ) ਨਹੀਂ ਜੀ।

(ਅ) ਤੇ (ੲ) ਸਵਾਲ ਨਹੀਂ ਉਠਦਾ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਮੇਰਾ ਕੁਐਸਚਨ ਇਹ ਸੀ ਕਿ ਕੀ ਖਾਲੜਾ ਤੋਂ ਚੰਡੀਗੜ੍ਹ ਲਈ ਬਸ ਆਉਂਦੀ ਹੈ ਇਨ੍ਹਾਂ ਨੇ ਕਿਹਾ ਹੈ ਕਿ 'ਨਹੀਂ ਜੀ'। ਮੈਂ ਕਹਿੰਦਾ ਹਾਂ ਕਿ ਇਹ ਜਵਾਬ ਬਿਲਕੁਲ ਗਲਤ ਦਿਤਾ ਗਿਆ ਹੈ। ਔਰ ਜੇ ਮੈਂ ਇਨ੍ਹਾਂ ਨੂੰ ਬਸ ਨੰਬਰ ਔਰ ਐਂਟਰੀ ਰਜਿਸਟਰ ਨੰਬਰ ਦਸ ਦੇਵਾਂ ਕਿ ਇਹ ਬਸ ਉਥੋਂ ਚਲਦੀ ਰਹੀ ਹੈ ਔਰ ਬਾਅਦ ਵਿਚ ਬੰਦ ਕੀਤੀ ਗਈ ਤਾਂ ਕੀ ਇਹ ਉਹ ਬਸ ਉਥੋਂ ਚਲਾ ਦੇਣਗੇ ?

**ਰਾਜ ਮੰਤਰੀ :** ਉਥੇ ਵਾਸਤੇ ਕੋਈ ਪਰਮਿਟ ਇਸ਼ੂ ਨਹੀਂ ਹੋਇਆ। ਖਾਲੜਾ ਤੋਂ ਤਰਨਤਾਰਨ ਵਾਸਤੇ ਬਸ ਚਲਦੀ ਹੈ ਔਰ ਫਿਰ ਤਰਨਤਾਰਨ ਤੋਂ ਚੰਡੀਗੜ੍ਹ ਲਈ ਬਸ ਚਲਦੀ ਹੈ। ਜੇ ਇਸ ਤੋਂ ਇਲਾਵਾ ਕੋਈ ਹੋਰ ਗਲ ਹੈ ਤਾਂ ਇਹ ਲਿਖ ਕੇ ਨੋਟਿਸ ਵਿਚ ਲੈ ਆਉਣ ਅਸੀਂ ਵੇਖ ਲਵਾਂਗੇ।

**ਕਾਮਰੇਡ ਦਰਸ਼ਨ ਸਿੰਘ ਝਬਾਲ :** ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਕਿਹਾ ਸੀ ਕਿ ਉਥੋਂ ਬਸ ਚਲਦੀ ਰਹੀ ਹੈ ਇਸ ਲਈ ਜੇ ਮੈਂ ਸਾਰੇ ਸਬੂਤ ਦੇ ਦੇਵਾਂ ਤਾਂ ਕੀ ਇਹ ਉਥੋਂ ਬਸ ਸੇਵਾ ਚਾਲੂ ਕਰ ਦੇਣਗੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ :** ਜੇ ਇਨ੍ਹਾਂ ਨੂੰ ਕੋਈ ਇਤਰਾਜ਼ ਹੈ ਕਿ ਇਹ ਬਸ ਕਿਉਂ ਚਲਦੀ ਰਹੀ ਹੈ ਤਾਂ ਮੈਨੂੰ ਦਸ ਦੇਣ। ਅਸੀਂ ਪੜਤਾਲ ਕਰਵਾ ਲਵਾਂਗੇ।

**ਸ਼੍ਰੀ ਸਪੀਕਰ :** ਉਨ੍ਹਾਂ ਦਾ ਸਵਾਲ ਹੈ ਕਿ ਜੇ ਅੱਗੇ ਬਸ ਚਲਦੀ ਰਹੀ ਹੈ ਤਾਂ ਉਹ ਹੁਣ ਫਿਰ ਚਲਵਾ ਦਿਓ।

**ਮੰਤਰੀ :** ਸਪੀਕਰ ਸਾਹਿਬ, ਖਾਲੜਾ ਤੋਂ ਚੰਡੀਗੜ੍ਹ ਵਿਚਕਾਰ ਅਤੇ ਤਰਨ ਤਾਰਨ ਤੋਂ ਚੰਡੀਗੜ੍ਹ ਵਿਚਕਾਰ ਬਹੁਤ ਬੱਸਾਂ ਚਲਦੀਆਂ ਹਨ ਪਰ ਜਿਹੜੇ ਰੂਟ ਤੇ ਇਹ ਦਸ ਰਹੇ ਹਨ ਉਹ ਇਕਨੌਮੀਕਲ ਨਹੀਂ ਹੋਵੇਗਾ ਕਿ ਉਥੋਂ ਚਲਾਇਆ ਜਾਵੇ।

---

ਨਿਸ਼ਾਨ ਵਾਲਾ ਪ੍ਰਸ਼ਨ ਨੰ: 1438

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਛ ਨਹੀਂ ਕੀਤਾ ਗਿਆ)

---

**Employees Recruited by the Punjab School Education Board.**

***1347. Chaudhri Jagjit Singh :** Will the Minister for Education be pleased to state :—

(a) the total number of employees recruited on adhoc basis by the Punjab School Education Board during the year 1980-81;

(b) the number and names of Harijan employees out of these referred to in part (a) above ;

(c) whether the services of employees referred to in part (a) above have since been regularised ?

**Sardar Harcharan Singh Ajnala :** (a)145

(b) 25

The list of the names of the employees is placed on the Table of the House.

(c) Services of 51 employees have been regularised so far.

ANNEXURE A

| Serial No. | Name of the Employee | Designation |
|---|---|---|
| | *Sarvshri/Shrimati/Miss—* | |
| 1 | Kuldeep Singh | Clerk |
| 2 | Tarsem Singh | ,, |
| 3 | Mohinder Pal | ,, |
| 4 | Ramesh Lal | ,, |

Original with;
Punjab Vidhan Sabha
Digitized by;
Panjab Digital Library

| Serial No. | Name of Employee | Designation |
|---|---|---|
| 5 | Darshan Kumar | Clerk |
| 6 | Tirth Ram | ,, |
| 7 | Nirmal Kaur | ,, |
| 8 | Malkiat Singh | ,, |
| 9 | Mohinder Pal | Mazdoor |
| 10 | Jatinder Kumar | Restorer |
| 11 | Jagdish Kumar | ,, |
| 12 | Itbar Singh | ,, |
| 13 | Mohinder Singh | Peon |
| 14 | Sikander Kumar | ,, |
| 15 | Ram Dyal Singh | ,, |
| 16 | Tarsem Lal | ,, |
| 17 | Jai Pal | ,, |
| 18 | Dhani Ram | ,, |
| 19 | Ram Lal | ,, |
| 20 | Sohan Lal | ,, |
| 21 | Baljit Singh | Sweeper |
| 22 | Chander | ,, |
| 23 | Mohinder Kumar | ,, |
| 24 | Dass Ram | , |
| 25 | Kamal Kumar | ,, |

**ਚੋਧਰੀ ਜਗਜੀਤ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁਦਾ ਹਾਂ ਕਿ 145 ਕਰਮਚਾਰੀਆਂ ਨੂੰ ਭਰਤੀ ਕੀਤਾ ਗਿਆ ਸੀ। ਇਸ ਦੇ ਵਿਚ 25 ਕਰਮਚਾਰੀ ਹਰੀਜਨਾਂ ਦੇ ਸਨ ਇਨ੍ਹਾਂ ਵਿਚ ਕਲਰਕ, ਪੀਅਨ ਅਤੇ ਸਵੀਪਰਜ਼ ਵਗੈਰਾ ਆ ਜਾਂਦੇ ਹਨ। ਇਹ ਸਾਰੇ ਐਡਹਾਕ ਭਰਤੀ ਕੀਤੇ ਗਏ ਸਨ ਔਰ 51 ਕਰਮਚਾਰੀਆਂ ਦੀ ਸਰਵਿਸਿਜ਼ ਨੂੰ ਰੈਗੂਲਰਾਈਜ਼ ਕੀਤਾ ਗਿਆ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਿਸੇ ਹਰੀਜਨ ਦੀ ਸਰਵਿਸ ਨੂੰ ਕਨਫਰਮ ਨਹੀਂ ਕੀਤਾ ਗਿਆ। ਮੈਂ ਦੱਸਦਾ ਹਾਂ ਕਿ ਬਾਲਮੀਕੀਆਂ ਦੇ ਦੋ ਮੁੰਡਿਆਂ ਨੂੰ ਪਹਿਲੇ ਪਰਮਾਨੈਂਟ ਐਪੁਆਇੰਟਮੈਂਟ ਦਿੱਤੀ ਗਈ ਸੀ ਪਰ ਜਿਸ ਵਕਤ ਉਹ ਜੁਆਇਨ ਕਰਨ ਗਏ ਤਾਂ ਪਰਮਾਨੈਂਟ ਦੇ ਆਰਡਰ ਵਾਪਿਸ ਲੈ ਗਏ ਔਰ ਫੇਰ ਉਨ੍ਹਾਂ ਨੂੰ ਚੱਕਰ ਲਗਵਾਉਂਦੇ ਰਹੇ ਔਰ ਬਾਦ ਵਿਚ ਕਹਿ ਦਿੱਤਾ ਕਿ ਤੁਹਾਨੂੰ ਡੇਲੀ ਵੇਜਿਜ਼ ਤੇ ਰਖਿਆ ਜਾਂਦਾ ਹੈ ਔਰ ਹੁਣ 3 ਮਹੀਨਿਆਂ ਲਈ ਰਖਿਆ ਗਿਆ ਹੈ। ਇਨ੍ਹਾਂ ਵਿਚੋਂ ਕਿਸੇ ਨੂੰ ਕਨਫਰਮ ਨਹੀਂ ਕੀਤਾ ਗਿਆ ਹੈ। ਇਸ ਚੋਰ ਤਰੀਕੇ ਨੂੰ ਖਤਮ ਕੀਤਾ ਜਾਵੇ ਔਰ ਐਡਹਾਕ ਭਰਤੀ ਨੂੰ ਬੰਦ ਕੀਤਾ ਜਾਵੇ ਔਰ ਇਹ ਪੋਸਟਾਂ ਨੂੰ ਐਡਵਰਟਾਈਜ਼ਮੈਂਟ ਕਰਕੇ ਜਾਂ ਲੋਕਲ ਐਕਸਚੇਂਜ ਤੋਂ ਪੋਸਟਾਂ

Original with;
Punjab Vidhan Sabha
Digitized by;
Panjab Digital Library

[ਚੌਧਰੀ ਜਗਜੀਤ ਸਿੰਘ]
ਮੰਗਵਾਇਆਂ ਕਰਨ ਔਰ ਹਰੀਜਨਾਂ ਦੇ ਕੇਸਿਜ਼ ਵਿਚ ਜਾਣਬੁਝ ਕੇ ਨਜ਼ਰਸਾਨੀ ਨਹੀਂ ਕੀਤੀ ਜਾਂਦੀ ਹੈ। ਇਸ ਵਿਤਕਰੇ ਨੂੰ ਦੂਰ ਕਰਨ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ ?

**ਮੰਤਰੀ** : ਸਪੀਕਰ ਸਾਹਿਬ, ਇਹ ਮੈਨੂੰ ਲਿਖ ਕੇ ਭੇਜ ਦੇਣ ਔਰ ਮੈਂ ਇਸ ਦੀ ਇਨਕੁਆਇਰੀ ਕਰਵਾ ਲਵਾਂਗਾ ਔਰ ਇਨ੍ਹਾਂ ਨੂੰ ਦੱਸ ਦੇਵਾਂਗਾ। ਐਡਹਾਕ ਭਰਤੀ ਸਬਜੈਕਟ ਟੂ ਅਵੇਲੇਬਿਲਟੀ ਆਫ ਪੋਸਟ ਤੇ ਕੀਤੀ ਜਾਂਦੀ ਹੈ। ਹੁਣ ਵੀ ਇਕ ਕੈਟੇਗਰੀ ਵਿਚ 18.8 % ਰਿਜ਼ਰਵੇਸ਼ਨ ਕੀਤੀ ਗਈ ਹੈ ਅਤੇ 14.5% ਪੋਸਟਾਂ ਇਨ੍ਹਾਂ ਦੀਆਂ ਰੈਗੂਲਰ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਹੁਣ ਅਸੀਂ ਕਹਿ ਦਿੱਤਾ ਹੈ ਕਿ ਤੁਸੀਂ ਭਰਤੀ ਬਕਾਇਦਾ ਤੌਰ ਤੇ ਪੋਸਟਾਂ ਐਡਵਰਟਾਈਜ਼ ਕਰਕੇ ਜਾਂ ਲੋਕਲ ਐਂਪਲਾਇਮੈਂਟ ਐਕਸਚੇਂਜ ਰਾਹੀਂ ਭਰਤੀ ਕਰਿਆ ਕਰੋ।

**Mr. Speaker :** Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Upgradation of Primary Health Centre Jhabal, District Amritsar

***1354. Comrade Darshan Singh Jhabal :** Will the Minister for Health be pleased to state :—

(a) whether the Primary Health Centre, Jhabal, District Amritsar has been upgraded to a hospital ;

(b) if the reply to part (a) above be in the affirmative whether the Government is aware of the fact that the building of the said hospital has been declared unfit for use ; if so, the time by which the new building for the said hospital is likely to be constructed ;

(c) whether sufficient residential accommodation is available for the doctors and other staff posted at the said hospital ?

**ਸ਼੍ਰੀ ਜੋਗਿੰਦਰ ਪਾਲ ਪਾਂਡੇ** : (ੳ) ਪ੍ਰਾਇਮਰੀ ਹੈਲਥ ਸੈਂਟਰ, ਝਬਾਲ, 1978–79 ਦੌਰਾਨ 30 ਬਿਸਤਰਿਆਂ ਦੇ ਹਸਪਤਾਲ ਦੇ ਤੌਰ ਤੇ ਅਪਗਰੇਡ ਕਰਨ ਲਈ ਪ੍ਰਵਾਨ ਕੀਤਾ ਗਿਆ ਸੀ।

(ਅ) ਹਸਪਤਾਲ, ਪ੍ਰਾਇਮਰੀ ਹੈਲਥ ਸੈਂਟਰ ਦੀ ਬਿਲਡਿੰਗ ਜਿਹੜੀ ਕਿ ਵਰਤੋਂ ਲਈ ਫਿਟ ਹੈ, ਵਿਚ ਕੰਮ ਕਰ ਰਿਹਾ ਹੈ।

(ੲ) ਉਥੇ ਨਿਯੁਕਤ ਜ਼ਰੂਰੀ ਅਮਲੇ ਲਈ ਰਿਹਾਇਸ਼ ਦਾ ਕਾਫੀ ਪ੍ਰਬੰਧ ਹੈ।

Original with;
Punjab Vidhan Sabha
Digitized by;
Panjab Digital Library

**Posts of Principals, Lecturers, Librarians etc.**

*1433. 1. **Sardar Sarwan Singh Phillaur**
2. **Sardar Atma Singh** } : Will the Minister for Education be pleased to state :—

(a) the number of posts of Principals, Lecturers, D.P.Es., Librarians, Demonstrators and Laboratory Assistants in Government Colleges as on 1st November, 1981 ;

(b) the number of Scheduled Castes among those referred to in part (a) above category-wise ;

(c) Whether the quota for the Scheduled Castes in the posts referred to in part (b) above is complete, if not the steps Government proposes to take to complete the said quota category-wise ?

**ਸਰਦਾਰ ਹਰਚਰਨ ਸਿੰਘ ਅਜਨਾਲਾ** :(ੲ)

| | | | | |
|---|---|---|---|---|
| | 1 | ਪ੍ਰਿੰਸੀਪਲ | ... | 36 | |
| | 2 | ਲੈਕਚਰਾਰ | ... | 1,730 | |
| | 3 | ਡੀ.ਪੀ.ਈਜ਼ | ... | 22 | |
| | 4. | ਲਾਇਬ੍ਰੇਰੀਅਨਜ਼ | .. | 60 | |
| | 5. | ਡੀਮਾਂਸਟਰੇਟਰ | ... | 3 | |
| | 6. | ਲਬਾਰਟਰੀ ਅਟੈਂਡੈਂਟ | ... | 173 | |
| (ਬੀ) | 1. | ਪ੍ਰਿੰਸੀਪਲ | ... | 7 | 19% |
| | 2. | ਲੈਕਚਰਾਰ | ... | 80 | 4.6% |
| | 3. | ਡੀ.ਪੀ.ਈਜ਼ | .. | 2 | 9% |
| | 4. | ਲਾਇਬ੍ਰੇਰੀਅਨ | ... | ਕੋਈ ਨਹੀਂ | ... |
| | 5. | ਡੀਮਾਂਸਟ੍ਰੇਟਰ | ... | ਕੋਈ ਨਹੀਂ | ... |
| | 6. | ਲਬਾਰਟਰੀ ਅਟੈਂਡੈਂਟ | ... | 45 | 25% |

(ਸੀ) ਪ੍ਰਿੰਸੀਪਲ: ਹਾਂ ਜੀ। ਪ੍ਰਿੰਸੀਪਲਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ ਨੂੰ ਰੀਜ਼ਰਵੇਸ਼ਨ ਪੂਰੀ ਦਿੱਤੀ ਗਈ ਹੈ।

ਲੈਕਚਰਾਰ/ਡੀ.ਪੀ.ਈਜ਼ : ਨਹੀਂ ਜੀ ! ਲੈਕਚਰਾਰ/ਡੀ.ਪੀ.ਈਜ਼ ਸਬੰਧੀ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਦਾ ਕੋਟਾ ਪੂਰਾ ਕਰਨ ਵਾਸਤੇ ਸਿਖਿਆ ਵਿਭਾਗ ਵਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਨੂੰ ਲਿਖਿਆ ਹੋਇਆ ਹੈ।

Original with;
Punjab Vidhan Sabha
Digitized by;
Panjab Digital Library

[ਸਿਖਿਆ ਮੰਤਰੀ]

ਲਾਇਬ੍ਰੇਰੀਅਨਜ਼/ਡੀਮਾਂਸਟਰੇਟਰ : ਨਹੀਂ ਜੀ ! ਪੋਸਟਾਂ ਪੰਜਾਬ ਲੋਕ ਸੇਵਾ ਕਮਿਸ਼ਨ ਵੱਲੋਂ ਸਿੱਧੀ ਭਰਤੀ ਰਾਹੀਂ ਭਰੀਆਂ ਜਾਂਦੀਆਂ ਹਨ ਅਤੇ ਕਮਿਸ਼ਨ ਨੂੰ ਅਨੁਸੂਚਿਤ ਜਾਤੀਆਂ ਦੇ ਉਮੀਦਵਾਰਾਂ ਲਈ ਨਿਰਧਾਰਤ ਕੋਟਾ ਪੂਰਾ ਕਰਨ ਲਈ ਬੇਨਤੀ ਕੀਤੀ ਜਾਵੇਗੀ।

ਲਬਾਰਟਰੀ ਅਟੈਂਡੈਂਟ : ਹਾਂ ਜੀ ! ਲਬਾਰਟਰੀ ਅਟੈਂਡੈਂਟਾਂ ਦੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰੀਜ਼ਰਵੇਸ਼ਨ ਪੂਰੀ ਹੈ।

## Lifting of Sugarcane Bonded by the Sugar Mills

***1372. Master Chand Singh :** Will the Minister of State for Co-operation be pleased to state :—

(a) the total number of Sugar Mills which have been working in the State since the last crushing season ;

(b) the quantity of sugarcane bonded to be lifted from the farmers by each of the Sugar Mills mentioned in part (a) above during the current crushing season ;

(c) whether the said quantity of bonded sugar cane is being lifted by the above mentioned Sugar Mills ; if not, the reasons therefor ?

**ਸਰਦਾਰ ਬੀਰ ਪਾਲ ਸਿੰਘ :** (ੳ) ਰਾਜ ਵਿੱਚ ਅੱਠ ਖੰਡ ਮਿੱਲਾਂ ਪਿਛਲੇ ਗੰਨਾ ਪੀੜਨ ਦੇ ਸੀਜ਼ਨ ਤੋਂ ਕੰਮ ਕਰ ਰਹੀਆਂ ਹਨ ਇਨ੍ਹਾਂ ਵਿਚ ਚਾਰ ਸਹਿਕਾਰੀ ਖੇਤਰ ਵਿਚ ਹਨ, ਦੋ ਨਿਜੀ ਖੇਤਰ ਵਿਚ ਅਤੇ ਦੋ ਸਰਕਾਰੀ ਖੇਤਰ ਵਿਚ ਹਨ।

(ਅ) ਗੰਨੇ ਦੀ ਮਾਤਰਾ ਜੋ ਹਰ ਮਿਲ ਨੂੰ ਚੁੱਕਣ ਲਈ ਬਾਂਡ ਕੀਤੀ ਸੀ ਹੇਠ ਲਿਖੇ ਅਨੁਸਾਰ ਹੈ :—

| | ਮਿੱਲਾਂ ਦਾ ਨਾਂ | | ਖੰਡ ਮਿੱਲਾਂ ਰਾਹੀਂ ਗੰਨਾ ਉਤਪਾਦਕਾਂ ਨਾਲ ਬਾਂਡ ਕੀਤੇ ਗਏ ਗੰਨੇ ਦੀ ਮਾਤਰਾ (ਲੱਖ ਕੁਇੰਟਲਜ਼) |
|---|---|---|---|
| 1 | ਭੋਗਪੁਰ | .. | 27 |
| 2 | ਨਵਾਂ ਸ਼ਹਿਰ | .. | 23 |
| 3 | ਮੋਰਿੰਡਾ | ... | 34.50 |
| 4 | ਬਟਾਲਾ | ... | 32 |

Original with;
Punjab Vidhan Sabha
Digitized by;
Panjab Digital Library

| ਮਿੱਲਾਂ ਦਾ ਨਾਂ | | ਖੰਡ ਮਿੱਲਾਂ ਰਾਹੀਂ ਗੰਨਾਂ ਉਤਪਾਦਕਾਂ ਨਾਲ ਬਾਂਡ ਕੀਤੇ ਗਏ ਗੰਨੇ ਦੀ ਮਾਤਰਾ (ਲੱਖ ਕੁਇੰਟਲਜ਼) |
|---|---|---|
| 5 ਫਗਵਾੜਾ | ... | 18.80 |
| 6 ਧੂਰੀ | ... | 18.17 |
| 7 ਗੁਰਦਾਸਪੁਰ | ... | 23 |
| 8 ਜ਼ੀਰਾ | ... | 18 |

(ੲ) ਖੰਡ ਮਿਲਾਂ ਵਲੋਂ ਬਾਂਡ ਕੀਤਾ ਗੰਨਾ ਚੁੱਕਿਆ ਜਾ ਰਿਹਾ ਹੈ।

## QUESTION OF PRIVILEGE

**ਸ੍ਰੀ ਰਾਮ ਸਵਰੂਪ ਬਾਗੀ** : ** ** **

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਮੈਨੂੰ ਇਕ ਮਰਯਾਦਾ ਦਾ ਮਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਮਿਲਿਆ ਹੈ ਕਿ ਸਰਕਾਰ ਦੇ ਕਿਸੇ ਕਰਮਚਾਰੀ ਨੇ ਚਿੱਠੀ ਲਿਖੀ ਹੈ ਜਿਸ ਦੇ ਵਿਚ ਲਿਖਿਆ ਹੋਇਆ ਹੈ ਕਿ ਆਪੋਜ਼ੀਸ਼ਨ ਦੇ ਮੈਂਬਰਾਂ ਦਾ ਕੋਡ ਆਫ ਕੰਡਕਟ ਬਣਾਉਣ ਲਈ ਬੁਲਾਇਆ ਗਿਆ ਹੈ। ਮੈਂ ਇਸ ਪ੍ਰਿਵਿਲਿਜ ਨੂੰ ਐਗਜ਼ਾਮਿਨ ਕਰ ਰਿਹਾ ਹਾਂ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਸਲਾ ਹੈ ਔਰ ਆਪੋਜ਼ੀਸ਼ਨ ਦੇ ਲੀਡਰਾਂ ਦੀ ਕਿੰਨੀ ਵੱਡੀ ਬੇ-ਇਜ਼ਤੀ ਕੀਤੀ ਗਈ ਹੈ ਕਿ ਇਕ ਆਰਡੀਨਰੀ ਅਫਸਰ ਸਾਨੂੰ ਲਿਖੇ ਕਿ ਤੁਹਾਡਾ ਕੋਡ ਆਫ ਕੰਡਕਟ ਬਣਾਉਣ ਲਈ ਸੀ.ਐਮ. ਸਾਹਿਬ ਕੋਲ 3—30 ਵਜੇ ਅੱਜ ਹਾਜ਼ਰ ਹੋਵੋ। ਸਾਨੂੰ ਮੁਲਜ਼ਮ ਸਮਝ ਕੇ ਪੇਸ਼ ਕਰਨਾ ਚਾਹੁੰਦੇ ਹਨ। ਇਨ੍ਹਾਂ ਨੇ ਸਾਨੂੰ ਮੁਲਜ਼ਮ ਬਣਾਇਆ ਹੋਇਆ ਹੈ ਕਿ ਫਲਾਣੀ ਤਾਰੀਖ ਨੂੰ ਪੇਸ਼ ਹੋਵੇ। ਇਸ ਤੋਂ ਵੱਡੀ ਬੇਇਜ਼ਤੀ ਸਰਕਾਰ ਹੋਰ ਕੀ ਕਰ ਸਕਦੀ ਹੈ। ਸਪੀਕਰ ਸਾਹਿਬ, ਲੈਟਰ ਦੇ ਵਿਚ ਲਿਖਿਆ ਹੋਇਆ ਹੈ ਕਿ......

> "In order to formulate Code of Conduct for legislators both outside and inside the House as well as their relationship with the Civil Services, it has been decided that a meeting of the Leaders of the Opposition Parties/Groups will be held under the Chairmanship of the Chief Minister, Punjab on the 16th March at 3.30 P.M. in the Committee Room........"

ਸਪੀਕਰ ਸਾਹਿਬ, ਇਹ ਲੈਟਰ ਸਿਰਫ ਸਰਕੂਲਰ 6 ਦੇ ਨਾਂ ਇਸ਼ੂ ਕੀਤੀ ਗਈ ਹੈ। ਇਕ ਮੈਨੂੰ ਹੈ, ਡਾਕਟਰ ਭਗਤ ਸਿੰਘ, ਕਾਮਰੇਡ ਬਲਦੇਵ ਸਿੰਘ ਲੰਬਾ, ਮਾਸਟਰ ਚੰਦ ਸਿੰਘ, ਸ੍ਰੀ ਖੁਸ਼ਹਾਲ ਚੰਦ, ਕਾਮਰੇਡ ਰਾਜ ਕੁਮਾਰ ਦੇ ਨਾਂ ਇਸ਼ੂ ਕੀਤੀਆਂ ਗਈਆਂ ਹਨ। ਸਿਰਫ ਸਾਡਾ ਹੀ 6 ਮੈਂਬਰਾਂ ਦਾ ਕੋਡ ਆਫ ਕੰਡਕਟ ਬਣਾਉਣਾ ਹੈ। ਕਿੰਨੀ ਵੱਡੀ ਬੇ-ਇਜ਼ਤੀ ਵਾਲੀ ਗੱਲ ਹੈ। ਇਕ ਜੂਨੀਅਰ ਅਫਸਰ,

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸਰਦਾਰ ਪ੍ਰਕਾਸ਼ ਸਿੰਘ ਬਾਦਲ]
ਓ.ਐਸ.ਡੀ. ਪਾਰਲੀਮੈਂਟਰੀ ਬ੍ਰਾਂਚ ਦੇ ਨੇ ਚਿੱਠੀ ਲਿਖੀ ਹੈ। ਇਸ ਮਸਲੇ ਨੂੰ ਤੁਰੰਤ ਪ੍ਰਿਵਿਲਿਜ ਕਮੇਟੀ ਦੇ ਸਪੁਰਦ ਕਰ ਦਿੱਤਾ ਜਾਵੇ ਔਰ ਐਸੇ ਅਫਸਰ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਜਿਸ ਤਰੀਕੇ ਨਾਲ ਉਸ ਅਫਸਰ ਦੇ ਖਿਲਾਫ ਐਕਸ਼ਨ ਲਿਆ ਜਾ ਸਕਦਾ ਹੈ ਉਹ ਲਿਆ ਜਾਣਾ ਚਾਹੀਦਾ ਹੈ (ਆਪੋਜ਼ੀਸ਼ਨ ਵਲੋਂ ਤਾੜੀਆਂ)

**ਸ਼੍ਰੀ ਸਪੀਕਰ** : ਮੈਂ ਇਸ ਨੂੰ ਐਗਜ਼ਾਮਿਨ ਕਰ ਰਿਹਾ ਹਾਂ।

**ਮਾਸਟਰ ਚੰਦ ਸਿੰਘ** : ਸਪੀਕਰ ਸਾਹਿਬ, ਇਹ ਮੈਟਰ ਮੈਨੂੰ ਵੀ ਰਿਲੇਟ ਕਰਦਾ ਹੈ ਔਰ ਮੈਨੂੰ ਵੀ ਲੈਟਰ ਆਈ ਹੈ। ਇਹ ਲੈਟਰ ਸੀ.ਐਮ. ਸਾਹਿਬ ਆਪ ਭੇਜ ਸਕਦੇ ਸਨ। ਇਸ ਤਰੀਕੇ ਨਾਲ ਹਾਊਸ ਦੇ ਲੀਡਰਾਂ ਦੀ ਤੌਹੀਨ ਕੀਤੀ ਗਈ ਹੈ। ਕੀ ਸਾਡਾ ਹੀ ਕੋਡ ਆਫ ਕੰਡਕਟ ਤੁਸੀਂ ਬਣਾਉਣਾ ਹੈ। ਹਾਊਸ ਦੇ ਵਿਚ ਤੁਸੀਂ ਸਾਨੂੰ ਬੋਲਣ ਨਹੀਂ ਦਿੰਦੇ ਬਾਹਰ ਤੁਸੀਂ ਬੋਲਣ ਨਹੀਂ ਦਿੰਦੇ ਔਰ ਕਹਿੰਦੇ ਹੋ ਕਿ ਤੁਹਾਡਾ ਕੋਡ ਆਫ ਕੰਡਕਟ ਬਣਾਉਣਾ ਹੈ ਕਿ ਤੁਸੀਂ ਕਿਸ ਤਰੀਕੇ ਨਾਲ ਹਾਊਸ ਵਿਚ ਅਤੇ ਬਾਹਰ ਕੰਡਕਟ ਰੱਖਣਾ ਹੈ। ਇਸ ਤਰੀਕੇ ਨਾਲ ਮੈਂਬਰਾਂ ਦੀ ਇੰਡੀਪੈਂਡੈਂਸ ਖਤਮ ਕੀਤੀ ਜਾ ਰਹੀ ਹੈ। ਇਸ ਮਸਲੇ ਨੂੰ ਤੁਸੀਂ ਵਿਚਾਰ ਕਰ ਰਹੇ ਹੋ ਔਰ ਇਸ ਨੂੰ ਪ੍ਰਿਵਿਲਿਜ ਕਮੇਟੀ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ ਤਾਂਕਿ ਸਬੰਧਤ ਅਫਸਰ ਨੂੰ ਸਜ਼ਾ ਮਿਲ ਸਕੇ। ਤੁਸੀਂ ਹਾਊਸ ਦੇ ਵਿਚ ਡੈਮੋਕਰੇਸੀ ਨੂੰ ਕਤਲ ਕਰੀ ਜਾ ਰਹੇ ਹੋ ਔਰ ਸਾਡੇ ਨਾਲ ਇਹ ਧੱਕਾ ਹੈ ਔਰ ਹਾਊਸ ਦੀ ਮਰਯਾਦਾ ਭੰਗ ਹੋਈ ਹੈ।

**ਡਾਕਟਰ ਭਗਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਜੋ ਡਾਕਟਰ ਭਗਤ ਸਿੰਘ ਜੀ ਨੇ ਕਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਵੇ।

**ਵਿਕਾਸ ਮੰਤਰੀ** : ਸਪੀਕਰ ਸਾਹਿਬ, ਤੁਸੀਂ ਡਾਕਟਰ ਭਗਤ ਸਿੰਘ ਜੀ ਨੂੰ ਕਹੋ ਕਿ ਉਹ ਇਹ ਆਪਣਾ ਲਫਜ਼ ਵਾਪਸ ਲੈਣ।

**ਸ਼੍ਰੀ ਸਪੀਕਰ** : ਡਾਕਟਰ ਸਾਹਿਬ, ਤੁਸੀਂ ਇਹ ਆਪਣਾ ਲਫਜ਼ ਵਾਪਸ ਲਵੋ।

**ਡਾਕਟਰ ਭਗਤ ਸਿੰਘ** : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਬੋਲ ਚੁੱਕਾ ਹਾਂ। ਜੇਕਰ ਡੰਮੀ ਲਫਜ਼ ਅਨਪਾਰਲੀਮੈਂਟ ਹੋਵੇ ਤਾਂ ਸਪੀਕਰ ਸਾਹਿਬ, ਮੈਂ ਲਫਜ਼ ਵਾਪਸ ਲਵਾਂਗਾ।

**ਸ਼੍ਰੀ ਸਪੀਕਰ** : ਡਾਕਟਰ ਸਾਹਿਬ, ਤੁਸੀਂ ਇਹ ਲਫਜ਼ ਵਾਪਸ ਲਵੋ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਜੇਕਰ ਤੁਸੀਂ ਡਾਕਟਰ ਸਾਹਿਬ ਦੇ ਅਨਪਾਰਲੀਮੈਂਟ ਲਫਜ਼ ਨੂੰ ਅਨਪਾਰਲੀਮੈਂਟ ਡਿਕਲੇਅਰ ਨਹੀਂ ਕੀਤਾ ਤਾਂ ਮੈਨੂੰ ਵੀ ਕਹਿਣ ਦਾ ਹੱਕ ਹੈ ਕਿ ਮੈਂ ਇਨ੍ਹਾਂ ਦੀ ਸਕਰੀਨਿੰਗ ਕਰਾ ਲੈਂਦਾ ਹਾਂ ਕਿ ਇਹ ਦਰੁਸਤ ਹਨ ਜਾਂ ਨਹੀਂ।

**ਡਾਕਟਰ ਭਗਤ ਸਿੰਘ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸਪੀਕਰ** : ਇਹ ਜੋ ਬੋਲ ਰਹੇ ਹਨ, ਉਹ ਸਾਰਾ ਐਕਸਪੰਜ ਕੀਤਾ ਜਾਵੇ।

**ਸ਼੍ਰੀ ਗੋਪਾਲ ਕ੍ਰਿਸ਼ਨ ਚਤਰਥ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਸ਼੍ਰੀ ਚਤਰਥ ਜੀ ਨੇ ਜੋ ਕਿਹਾ ਹੈ, ਉਹ ਐਕਸਪੰਜ ਕੀਤਾ ਜਾਵੇ ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਮੈਂ ਇਸ ਚੀਜ਼ ਨੂੰ ਕੰਸਿਡਰ ਕਰ ਰਿਹਾ ਹਾਂ। ਮੈਂ ਸਮਝਦਾ ਹਾਂ ਕਿ ਸਪੀਕਰ ਸਾਹਿਬ, ਕੰਸਿਡਰ ਕਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸਾਡਾ ਰਾਈਟ ਹੈ। ਤੁਸੀਂ ਸਪੀਕਰ ਸਾਹਿਬ, 255 ਰੂਲ ਪੜ੍ਹੋ :—

Sub-rule (2) of Rule 255 of the Rules of Procedure and Conduct of Business in the Punjab Vidhan Sabha (Punjab Legislative Assembly) reads as under :—

> "If objection to leave being granted is taken, the Speaker shall request those members, who are in favour of leave being granted to rise in their places and if not less than thirty members rise accordingly, the Speaker shall intimate that leave is granted. If less than thirty members rise, the Speaker shall inform the member that he has not the leave of the House."

ਸਪੀਕਰ ਸਾਹਿਬ, ਤੁਸੀਂ ਮੈਂਬਰਾਂ ਦੇ ਨਾਲ ਗੱਲ ਕਰ ਲਓ । 30 ਤੋਂ ਜ਼ਿਆਦਾ ਤਾਂ ਸਾਡੇ ਹੀ ਮੈਂਬਰ ਹਨ । ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਡੀ ਗੱਲ ਨੂੰ ਮੰਨੋ ਅਤੇ ਇਹ ਮਸਲਾ ਪ੍ਰਿਵਿਲਿਜ ਕਮੇਟੀ ਦੇ ਸਪੁਰਦ ਕਰੋ।

**ਸ਼੍ਰੀ ਸਪੀਕਰ** : ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਦਾ ਧਿਆਨ ਦਿਵਾਉਂਦਾ ਹਾਂ ਕਿ ਮੈਂ ਅਜੇ ਇਸ ਚੀਜ਼ ਨੂੰ ਰਿਜੈਕਟ ਨਹੀਂ ਕੀਤਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਮੈਟਰ ਦੀ ਅਰਜੈਂਸੀ ਨੂੰ ਦੇਖੋ। ਅੱਜ ਸਾਢੇ ਤਿੰਨ ਵਜੇ ਮੀਟਿੰਗ ਹੋਣੀ ਹੈ। ਇਸ ਲਈ ਤੁਹਾਨੂੰ ਫੈਸਲਾ ਹੁਣੇ ਕਰਨਾ ਚਾਹੀਦਾ ਹੈ।

**Mr Speaker:** I will look into the mattet. ਮੈਂ ਕੋਸ਼ਿਸ਼ ਕਰਾਂਗਾ ਕਿ ਅੱਜ ਦੇ ਸੈਸ਼ਨ ਵਿਚ ਹੀ ਇਸ ਚੀਜ਼ ਦਾ ਫੈਸਲਾ ਹੋ ਜਾਵੇ।

**Sardar Ravi Inder Singh** : Sir, Rule clearly provides that a member wishing to raise a question of privilege shall give notice in writing to the Secretary before the commencement of the sitting of the day on which the question is proposed to be raised. The matter has been raised by the Member before the commencement of the sitting and the Speaker has to give his decision . You cannot extend the period. You should have considered the matter and have given your opinion. You cannot delay the matter. (*Interruption*). We request the Chair that there is no alternative either to accept it or reject it. Rules are very clear in the matter. I would like to have your ruling on it. Please satisfy me and then call another hon. Member.

---

**Expunged as ordered by the Chair

Original with;
Punjab Vidhan Sabha
Digitized by;
Panjab Digital Library

**Finance Minister :** Mr. Speaker, I draw your attention to Sub-rule (1) of Rule 255 of the Rules of Procedure and Conduct of Business in the Punjab Vidhan Sabha (Punjab Legislative Assembly) which reads as under :—

> "The Speaker, if he gives consent under rule 252 and holds that the matter proposed to be discussed is in order, shall, after the question and before the list of business is entered upon, call the member concerned who shall rise in his place and, while asking for leave to raise the question of privilege, make a short statement relevant thereto........"

ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਕਿ ਤੁਸੀਂ ਆਪਣੀ ਰੂਲਿੰਗ ਦਿਓ ਪਰ ਕੀ ਤੁਸੀਂ ਆਪਣੀ ਕਨਸੈਂਟ ਦੇ ਦਿੱਤੀ ਹੈ ?

**ਸ਼੍ਰੀ ਸਪੀਕਰ** : ਮੈਟਰ ਅਜੇ ਅੰਡਰ ਕੰਸਿਡਰੇਸ਼ਨ ਹੈ। ਮੈਂ ਅਜੇ ਆਪਣੀ ਕਨਸੈਂਟ ਨਹੀਂ ਦਿੱਤੀ।

**Sardar Ravi Inder Singh :** The decision must be given by Chair at the earliest because time is limited. Rules are implicit. If the notice is given in time you have to give your ruling without delay. You should not delay the matter.

**Mr. Speaker :** Sardar Ravi Inder Singh, Rule 252 is very clear. Rule 252 says that a Member may, with the consent of the Speaker, raise a question involving a breach of privilege......I have not given my consent. I would only say that the matter is under consideration.

**Sardar Ravi Inder Singh :** Sir, Sub-rule (2) of Rule 255 of the Rules of Procedure and Conduct of Business in the Punjab Vidhan Sabha (Punjab Legislative Assembly) says that if objection to leave being granted is taken, the Speaker shall request those members, who are in favour of leave being granted to rise in their places and if not less than thirty members rise accordingly, the Speaker shall intimate that leave is granted. If less than thirty members rise, the Speaker shall inform the member that he has not the leave of the House. Rules are very clear in the matter.

**Mr. Speaker :** I have taken notice of it. I can only say that this matter is under consideration.

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਤੁਹਾਡੀ ਰੂਲਿੰਗ ਤੋਂ ਬਾਅਦ ਅਸੀਂ ਆਪਣਾ ਫੈਸਲਾ ਕਰਨਾ ਹੈ।

**ਸ਼੍ਰੀ ਸਪੀਕਰ** : ਮੈਂ ਇਸ ਚੀਜ਼ ਦਾ ਫੈਸਲਾ ਜਲਦੀ ਕਰ ਦੇਵਾਂਗਾ।

**ਸਰਦਾਰ ਰਵੀ ਇੰਦਰ ਸਿੰਘ** : ਸਪੀਕਰ ਸਾਹਿਬ, ਤੁਸੀਂ ਸਾਨੂੰ ਟਾਈਮ ਦੱਸ ਦਿਓ ਕਿ ਕਦੋਂ ਫੈਸਲਾ ਕਰੋਗੇ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਸਪੀਕਰ ਸਾਹਿਬ, ਕੀ ਤੁਸੀਂ ਅੱਜ ਹਾਊਸ ਦੇ ਐਡਜਰਨ ਹੋਣ ਤੋਂ ਪਹਿਲਾਂ ਪਹਿਲਾਂ ਆਪਣਾ ਫੈਸਲਾ ਦੇ ਦੇਵੋਗੇ ?

**Mr. Speaker :** I am getting the matter expedited. I will do it today.

Original with;
Punjab Vidhan Sabha
Digitized by;
Panjab Digital Library

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਹਾਊਸ ਐਡਜਰਨ ਹੋਣ ਤੋਂ ਪਹਿਲਾਂ ਤੁਹਾਨੂੰ ਫੈਸਲਾ ਦੇ ਦੇਣਾ ਚਾਹੀਦਾ ਹੈ।

**ਸ੍ਰੀ ਸਪੀਕਰ** : ਮੈਂ ਕੋਸ਼ਿਸ਼ ਕਰਾਂਗਾ।

(ਇਸ ਸਮੇਂ ਆਪੋਜ਼ੀਸ਼ਨ ਪਾਰਟੀਆਂ ਦੇ ਸਾਰੇ ਹਾਜ਼ਰ ਮਾਨਯੋਗ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ)

**ਸ੍ਰੀ ਸਪੀਕਰ** : ਤੁਸੀਂ ਬੈਠੋ।

**ਸਰਦਾਰ ਰਵੀ ਇੰਦਰ ਸਿੰਘ** : ਅਸੀਂ ਨਹੀਂ ਬੈਠਦੇ। (ਵਿਘਨ)

**ਸ੍ਰੀ ਸਪੀਕਰ** : ਕਾਮਰੇਡ ਦਯਾ ਸਿੰਘ ਜੀ, ਤੁਸੀਂ ਆਪਣੀ ਕਾਲ ਅਟੇਨਸ਼ਨ ਮੋਸ਼ਨ ਪੜ੍ਹੋ।

**ਆਵਾਜ਼ਾਂ** : ਪਹਿਲਾਂ ਫੈਸਲਾ ਕਰੋ। (ਸ਼ੋਰ)

---

## CALL ATTENTION NOTICES UNDER RULE 66

(ਕ੍ਰਮ ਨੰ: 70)

**ਕਾਮਰੇਡ ਦਯਾ ਸਿੰਘ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਜ਼ਿਲ੍ਹਾ ਤੇ ਤਹਿਸੀਲ ਲੁਧਿਆਣਾ ਵਿਚ ਇਕ ਸਰਕਾਰੀ ਫਾਰਮ ਬੀਜ ਤੇ ਆਲੂ ਫਾਰਮ 15 ਸਾਲ ਦਾ ਪਿੰਡ ਸੇਖੋਵਾਲ ਤੇ ਹੈਦਰਾ ਨਗਰ ਵਿਚ ਸੀ। ਇਸ ਜ਼ਮੀਨ ਵਿਚ ਤਕਰੀਬਨ ਦੋ ਸੌ ਕਿਲਾ ਦੋ ਸਾਲ ਤੋਂ ਵੇਹਲੀ ਪਈ ਸੀ। ਇਸ ਜ਼ਮੀਨ ਤੇ ਇਕ ਇਨਸਪੈਕਟਰ, ਇਕ ਐਸ.ਐਚ.ਓ, ਇਕ ਹਵਾਲਦਾਰ, ਲੁਧਿਆਣਾ ਦੇ ਅਫੀਮ ਦੇ ਕੇਸ ਵਿਚ ਸਸਪੈਂਡ ਹੋਏ ਹੋਏ ਹਨ। ਇਨ੍ਹਾਂ ਪੁਲਿਸ ਵਾਲਿਆਂ ਨੇ ਪਿੰਡਾਂ ਦੇ ਸਰਪੰਚਾਂ ਨਾਲ ਹਲਕੇ ਰਾਈਫਲਾਂ ਲੈ ਕੇ ਤੇ 10 ਟਰੈਕਟਰ ਲੈ ਕੇ ਮਹੀਨਾ ਸਤੰਬਰ ਅਤੇ ਅਕਤੂਬਰ, 1981 ਵਿਚ ਧੱਕੇ ਨਾਲ ਜ਼ਮੀਨ ਵਾਹੀ ਸੀ। ਇਨ੍ਹਾਂ ਦੇ ਖਿਲਾਫ ਥਾਣਾ ਸਾਨ੍ਹੇਵਾਲ ਵਿਚ ਪੁਲਿਸ ਲੈ ਗਏ ਸੀ ਅੱਜ ਤੱਕ ਪਤਾ ਨਹੀਂ ਇਨ੍ਹਾਂ ਦੇ ਖਿਲਾਫ ਕੀ ਕਾਰਵਾਈ ਹੋਈ ਹੈ। ਕਿੰਨਿਆਂ ਦੇ ਚਲਾਨ ਹੋਏ ਹਨ। ਇਸ ਏਰੀਏ ਵਿਚ ਗਰੀਬ ਹਰੀਜਨ ਬੈਠੇ ਹਨ ਜਿਨ੍ਹਾਂ ਤੋਂ ਜ਼ਮੀਨ ਫਾਰਮ ਵਾਲਿਆਂ ਨੇ ਖੋਹੀ ਸੀ ਲੋਕਾਂ ਵਿਚ ਬੜਾ ਰੋਸ ਹੈ ਕਿ ਇਸ ਬਾਰੇ ਪੜਤਾਲ ਕਰਕੇ ਸਦਨ ਵਿਚ ਬਿਆਨ ਦਿੱਤਾ ਜਾਵੇ।

**ਮੁੱਖ ਮੰਤਰੀ** : 3-30 ਵਜੇ ਵਾਲੀ ਅੱਜ ਦੀ ਮੀਟਿਗ ਕੈਂਸਲ ਹੋ ਗਈ ਹੈ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ** : ਕੀ ਅੱਜ ਹਾਊਸ ਐਡਜਰਨ ਹੋਣ ਤੋਂ ਪਹਿਲਾਂ ਤੁਸੀਂ ਆਪਣਾ ਫੈਸਲਾ ਦੇ ਦਿਉਗੇ ?

**ਸ੍ਰੀ ਸਪੀਕਰ** : ਸੀ.ਐਮ. ਸਾਹਿਬ ਨੇ ਕਹਿ ਦਿੱਤਾ ਹੈ ਕਿ 3-30 ਵਜੇ ਵਾਲੀ ਮੀਟਿੰਗ ਕੈਂਸਲ ਹੋ ਗਈ ਹੈ।

**ਮਾਸਟਰ ਬਾਬੂ ਸਿੰਘ** : ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਤੁਸੀਂ ਬਗੈਰ ਸੁਣੇ ਫੈਸਲਾ ਦਿੰਦੇ ਹੋ ਕਿ ਨੋ ਪੁਆਇੰਟ ਆਫ ਆਰਡਰ। ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ। ਸਾਰੇ ਹਾਊਸ ਵੱਲੋਂ ਤੁਸੀਂ ਚੁਣੇ ਹੋਏ ਹੋ (ਵਿਘਨ)

**ਸ੍ਰੀ ਸਪੀਕਰ** : ਮਰਿਆਦਾ ਦਾ ਮਤਾ ਜਿਹੜਾ ਆਇਆ ਹੈ ਮੈਂ ਅਨਾਊਂਸ ਕੀਤਾ ਹੈ ਕਿ ਮੈਂ ਉਸ ਚੀਜ਼ ਨੂੰ ਘੋਖ ਰਿਹਾ ਹਾਂ। ਇਹ ਅੰਡਰ ਕੰਸਿਡਰੇਸ਼ਨ ਹੈ। ਪੌਣੇ ਨੌਂ ਵਜੇ ਮੇਰੇ ਕੋਲ ਮਤਾ ਆਇਆ ਸੀ ਔਰ ਇਮੀਜੀਏਟਲੀ ਉਸ ਨੂੰ ਮੈਂ ਆਪਣੇ ਸਟਾਫ ਨੂੰ ਮਾਰਕ ਕਰ ਦਿੱਤਾ ਸੀ। ਉਹ ਦੇਖ ਰਹੇ ਹਨ। ਜਿਸ ਤਰ੍ਹਾਂ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਕਿ ਇਸ ਬਾਰੇ ਫੈਸਲਾ ਅੱਜ ਹੋਣਾ ਚਾਹੀਦਾ ਹੈ, ਮੈਂ ਕੋਸ਼ਿਸ਼ ਕਰਾਂਗਾ ਕਿ ਅੱਜ ਹੀ ਇਸ ਬਾਰੇ ਫੈਸਲਾ ਦੇਵਾਂ। ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਇਹ ਵੀ ਕਿਹਾ ਹੈ ਕਿ 3-30 ਵਜੇ ਅੱਜ ਮੀਟਿੰਗ ਹੈ। ਉਹ ਮੀਟਿੰਗ ਕੈਂਸਲ ਹੋ ਗਈ ਹੈ। ਪਰ ਜੇਕਰ ਉਹ ਮੀਟਿੰਗ ਕੈਂਸਲ ਹੋ ਗਈ ਹੈ ਫਿਰ ਵੀ ਮੈਂ ਕੋਸ਼ਿਸ਼ ਕਰਾਂਗਾ ਕਿ ਅੱਜ ਹੀ ਇਸ ਬਾਰੇ ਫੈਸਲਾ ਹੋ ਜਾਏ।

(ਇਸ ਵੇਲੇ ਆਪੋਜ਼ੀਸ਼ਨ ਪਾਰਟੀਆਂ ਵੱਲੋਂ ਕਈ ਮਾਨਯੋਗ ਮੈਂਬਰ ਬੋਲ ਰਹੇ ਸਨ ਪਰ ਸ਼ੋਰ ਐਨਾ ਸੀ ਕਿ ਕੁਝ ਸੁਣਾਈ ਨਹੀਂ ਦਿੰਦਾ ਸੀ। ਉਨ੍ਹਾਂ ਵਲੋਂ ਕੁਝ ਨਾਹਰੇ ** ਵੀ ਲਗਾਏ ਗਏ।)

**ਸ੍ਰੀ ਸਪੀਕਰ** : ਫੈਸਲਾ ਅੱਜ ਹੀ ਦਿੱਤਾ ਜਾਏਗਾ। ਇਹ ਜੋ ਨਾਹਰੇਬਾਜ਼ੀ ਹੋ ਰਹੀ ਹੈ ਇਹ ਰਿਕਾਰਡ ਨਾ ਕੀਤੀ ਜਾਏ।

**ਖੇਤੀਬਾੜੀ ਮੰਤਰੀ (ਚੌਧਰੀ ਕਾਂਸ਼ੀ ਰਾਮ)** : ਸਰਕਾਰੀ ਆਲੂ ਬੀਜ ਫਾਰਮ, ਮਤੇਵਾੜਾ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਵਿਚ 1 ਸਤੰਬਰ, 1967 ਤੋਂ ਪਿੰਡ ਸੇਖੋਵਾਲ, ਗਰਚਾ, ਹੈਦਰਨਗਰ ਅਤੇ ਸਲੇਮਪੁਰ ਪਿੰਡਾਂ ਦੀ ਜ਼ਮੀਨ ਤੇ 837 ਏਕੜ ਵਿਚ ਚਾਲੂ ਕੀਤੀ ਗਈ। ਇਸ 837 ਏਕੜ ਜ਼ਮੀਨ ਵਿਚੋਂ ਬਹੁਤ ਸਾਰੀਆਂ ਜ਼ਮੀਨ ਪੱਧਰੀ ਕੀਤੀ ਗਈ। ਪਰੰਤੂ 200 ਏਕੜ ਜ਼ਮੀਨ ਫਾਰਮ ਦੇ ਇਕ ਪਾਸੇ ਪੱਧਰੀ ਕਰਕੇ ਆਲੂ ਬੀਜਣ ਯੋਗ ਬਣਾਉਣ ਲਈ ਰਾਖਵੀਂ ਰੱਖੀ ਗਈ। ਪਰੰਤੂ ਇਹ ਜ਼ਮੀਨ ਪਿਛਲੇ ਦੋ ਸਾਲਾਂ ਵਿਚ ਖਾਲੀ ਨਹੀਂ ਸੀ। ਸਾਲ 1979-80 ਵਿਚ ਇਸ ਜ਼ਮੀਨ ਤੇ 138 ਏਕੜ ਵਿਚ ਕਣਕ, ਬਾਜਰਾ ਅਤੇ ਜੰਤਰ ਦੀ ਕਾਸ਼ਤ ਕੀਤੀ ਗਈ, ਸਾਲ 1980-81 ਵਿਚ ਇਸ ਜ਼ਮੀਨ ਤੇ 51 ਏਕੜ ਵਿਚ ਕਣਕ, ਮਟਰ ਅਤੇ ਸਾਲ 1981-82 ਵਿਚ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਇਸ ਜ਼ਮੀਨ ਤੇ 79 ਏਕੜ ਵਿਚ ਤਾਰਾਮੀਰੇ ਦੀ ਕਾਸ਼ਤ ਕੀਤੀ ਗਈ ਸੀ। ਪਰੰਤੂ ਫਾਰਮ ਦੀ ਜ਼ਮੀਨ ਨੂੰ ਪੱਧਰਾ ਕਰਨ ਦੇ ਮੰਤਵ ਲਈ ਬਜਟ ਦੀ ਘਾਟ ਹੋਣ ਕਾਰਨ ਅਤੇ ਫਾਰਮ ਦੇ ਕੁਝ ਟਰੈਕਟਰ ਖਰਾਬ ਹੋਣ ਕਾਰਨ, ਇਸ ਜ਼ਮੀਨ ਨੂੰ ਇਸ ਸਮੇਂ ਦੌਰਾਨ ਪੱਧਰਾ ਨਹੀਂ ਕੀਤਾ ਜਾ ਸਕਿਆ। ਕੁਝ ਅਣਪਛਾਤੇ ਲੋਕ ਜਿਹੜੇ ਕਿ ਬੰਦੂਕਾਂ ਨਾਲ ਸਨ, ਹਰੇਕ ਟਰੈਕਟਰ ਤੇ 3-3, 4-4 ਆਦਮੀ ਬੈਠੇ ਸਨ, ਮਿਤੀ 7 ਨਵੰਬਰ, 1981 ਨੂੰ 12 ਟਰੈਕਟਰ ਲੈ ਕੇ ਜਿਨ੍ਹਾਂ ਨਾਲ 2 ਹੋਰ ਟਰੱਕ ਹਥਿਆਰਬੰਦ ਆਦਮੀਆਂ ਦੇ ਭਰੇ ਹੋਏ ਸਨ, ਧੱਕੇ ਨਾਲ ਸਰਕਾਰੀ ਜ਼ਮੀਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਬਾਗਬਾਨੀ ਵਿਭਾਗ ਦੇ ਸਬੰਧਤ ਅਫਸਰਾਂ ਨੇ ਡਿਪਟੀ ਕਮਿਸ਼ਨਰ, ਲੁਧਿਆਣਾ ਅਤੇ ਸੀਨੀਅਰ ਪੁਲਿਸ ਕਪਤਾਨ, ਲੁਧਿਆਣਾ ਰਾਹੀਂ ਤੁਰੰਤ ਪੁਲਿਸ ਦਾ ਪ੍ਰਬੰਧ ਕਰਕੇ ਇਸ ਜ਼ਮੀਨ ਤੇ ਪੁਲਿਸ ਰਾਹੀਂ ਕਬਜ਼ਾ ਨਹੀਂ ਹੋਣ ਦਿਤਾ। 6 ਟਰੈਕਟ ਬਤੌਰ ਵਜਾ ਸਬੂਤ ਪੁਲਿਸ ਨੇ ਕਬਜ਼ੇ ਵਿਚ ਲੈ ਲਏ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਸਰਦਾਰ ਮਨਜੀਤ ਸਿੰਘ, ਸਰਪੰਚ ਸੀੜਾ ਦੇ ਭੇਜੇ ਹੋਏ ਆਦਮੀ ਹੇਠਾਂ ਦਿੱਤੇ ਅਨੁਸਾਰ ਸਮੇਤ ਸਰਪੰਚ ਗਿਰਫਤਾਰ ਕੀਤੇ ਗਏ : ਸਰਵਸ਼੍ਰੀ ਮੇਹਰ ਚੰਦ ਪੁੱਤਰ ਕਰਮ ਚੰਦ, ਵਾਸੀ ਪਿੰਡ ਸੀੜਾ, ਪੀ. ਐਸ. ਸਦਰ, ਗਿਆਨ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਸਤੋਵਾਲ, ਹਰਜੰਗ ਸਿੰਘ ਪੁੱਤਰ ਪਰਤਾਪ ਸਿੰਘ ਵਾਸੀ ਸੀੜਾ, ਗੁਰਚਰਨ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਸੀੜਾ, ਪਰਤਾਪ ਸਿੰਘ ਪੁਤਰ ਸੁਰਜਨ ਸਿੰਘ ਵਾਸੀ ਸੀੜਾ। ਕਰਮ ਸਿੰਘ ਪੁੱਤਰ ਇੰਦਰ ਰਾਮ, ਵਾਸੀ ਸੀੜਾ, ਭਾਗੂ ਰਾਮ ਪੁੱਤਰ ਹੀਰਾ, ਵਾਸੀ ਸੀੜਾ। ਹਰਕੀਰਤਨ ਸਿੰਘ ਪੁੱਤਰ ਮਿਹਰ ਸਿੰਘ, ਵਾਸੀ ਸਤੋਵਾਲ। ਮਨਜੀਤ ਸਿੰਘ, ਸਰਪੰਚ ਵਾਸੀ ਸੀੜਾ।

ਸਹਾਇਕ ਸਬਜ਼ੀ ਵਿਕਾਸ ਅਫਸਰ, ਲੁਧਿਆਣਾ ਦੀ ਰਿਪੋਰਟ ਤੇ ਪੁਲਿਸ ਚੌਕੀ ਸਾਹਨੇਵਾਲ ਨੇ ਮੁਕੱਦਮਾ ਨੰਬਰ 172, ਮਿਤੀ 7 ਨਵੰਬਰ, 1981 ਜੇਰ ਦਫਾ 447, 148, 149 ਆਈ. ਪੀ. ਸੀ. ਦਰਜ ਕੀਤਾ। ਇਸ ਕੇਸ ਦਾ ਅਜੇ ਤਕ ਅੰਤਮ ਫੈਸਲਾ ਨਹੀਂ ਹੋਇਆ। ਆਲੂ ਬੀਜ ਫਾਰਮ ਬਣਾਉਣ ਸਮੇਂ ਜਿਹੜੇ ਲੋਕਾਂ ਨੇ ਇਸ ਜ਼ਮੀਨ ਤੇ ਕਬਜ਼ਾ ਕੀਤਾ ਹੋਇਆ ਸੀ ਉਨ੍ਹਾਂ ਨੇ ਲੋਅਰ ਕੋਰਟ ਅਤੇ ਹਾਈ ਕੋਰਟ ਰਾਹੀਂ ਪੱਕੇ ਤੌਰ ਤੇ ਜ਼ਮੀਨ ਲੈਣ ਲਈ ਮੁਕੱਦਮਾ ਕੀਤਾ ਅਤੇ ਇਹ ਸਾਰੇ ਲੋਕ ਛੋਟੀਆਂ ਅਦਾਲਤਾਂ ਅਤੇ ਹਾਈ ਕੋਰਟ ਵਿਚ ਹਾਰ ਗਏ। ਹਾਈ ਕੋਰਟ ਨੇ ਇਨ੍ਹਾਂ ਨੂੰ ਟਰੈਸ ਪਾਸਰਜ਼ ਕਰਾਰ ਦਿਤਾ। ਸਰਕਾਰ ਨੇ ਕਿਸੇ ਹਰੀਜਨ ਪਾਸੋਂ ਜ਼ਮੀਨ ਨਹੀਂ ਖੋਹੀ।

**ਮਾਸਟਰ ਬਾਬੂ ਸਿੰਘ** : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ 255 ਦੇ ਸੈਕੰਡ ਪਾਰਟ ਨੂੰ ਕਲੀਅਰ ਕਰਨ ਬਾਰੇ ਰਿਕੁਐਸਟ ਕੀਤੀ ਸੀ। ਤੁਸੀਂ ਇਹ ਨਹੀਂ ਦਸਿਆ ਕਿ ਗਿਣਤੀ ਕਿੰਨੀ ਸੀ। ਸਪੀਕਰ ਸਾਹਿਬ, ਤੁਸੀਂ ਸਪੀਕਰ ਦੀ ਕੁਰਸੀ ਤੇ ਬੈਠੇ ਹੋ। ਮੈਨੂੰ ਬੜਾ ਦੁੱਖ ਹੈ ਕਿ ਪਹਿਲਾਂ ਤੁਸੀਂ ਕੋਲ ਨੂੰ ਐਫ. ਐਮ. ਕੋਲ ਅਤੇ ਡਿਵੈਲਪਮੈਂਟ ਮਨਿਸਟਰ ਕੋਲ ਭੇਜਿਆ ਅਤੇ ਫਿਰ ਤੁਸੀਂ ਸੀ. ਐਮ. ਕੋਲ ਭੇਜਿਆ। ਸਪੀਕਰ ਸਾਹਿਬ, ਰੂਲਿੰਗ ਤੁਸੀਂ ਦੇਣੀ ਹੈ ਕਿ ਇਸ ਦੇ ਵਿਚ ਕਿੰਨਾ ਪ੍ਰਿਵਿਲਿਜ ਇਨਵਾਲਵਡ ਹੈ। ਇਸ ਲਈ ਤੁਸੀਂ ਇਹ ਮਸਲਾ ਪ੍ਰਿਵਿਲਿਜ ਕਮੇਟੀ ਨੂੰ ਦੇ ਦਿਓ। ਸੀ. ਐਮ. ਨੇ ਉਠ ਕੇ ਕਹਿ ਦਿੱਤਾ ਕਿ ਅੱਜ ਦੀ ਮੀਟਿੰਗ ਮੁਲਤਵੀ ਹੈ। ਸਪੀਕਰ ਸਾਹਿਬ, ਕਾਮਰੇਡ ਰਾਜ ਕੁਮਾਰ ਨੇ ਵੀ ਗੱਲ ਕਹੀ ਸੀ ਕਿ ਕਿਸ ਤਰ੍ਹਾਂ ਇਕ ਛੋਟਾ ਅਫਸਰ ਸੰਮਨ ਭੇਜ ਰਿਹਾ ਹੈ। ਸੀ. ਐਮ. ਆਪ ਮੈਂਬਰਜ਼ ਨੂੰ ਅਤੇ ਲੀਡਰਜ਼ ਨੂੰ ਕਾਲ ਕਰਦੇ ਅਤੇ ਗੱਲ ਕਰਦੇ ਮੈਂਬਰਜ਼ ਦੇ ਕੰਡਕਟ ਬਾਰੇ। ਤੁਸੀਂ ਪੁਲਿਸ ਦਾ ਬੰਦਾ ਭੇਜਿਆ। ਸਪੀਕਰ ਸਾਹਿਬ, ਸਾਰੇ ਆਨਰੇਬਲ ਮੈਂਬਰ ਇਸ ਆਗਸਟ ਹਾਊਸ ਦੇ ਨੁਮਾਇੰਦੇ ਹਨ। ਸਪੀਕਰ ਸਾਹਿਬ, ਮੈਂ ਮਿਸਾਲ ਦੇਣੀ ਚਾਹੁੰਦਾ ਹਾਂ। ਸਰਦਾਰ ਪ੍ਰਤਾਪ ਸਿੰਘ ਕੈਰੋਂ ਉਸ ਵੇਲੇ ਦੇ ਬਹੁਤ ਵੱਡੇ ਸਟਰੌਂਗ ਚੀਫ ਮਨਿਸਟਰ ਮੰਨੇ ਗਏ ਹਨ। ਸ੍ਰੀ ਪ੍ਰਬੋਧ ਚੰਦਰ ਨੇ ਉਨ੍ਹਾਂ ਦੇ ਖਿਲਾਫ ਰੂਲਿੰਗ ਦਿੱਤੀ ਸੀ ਇਸ ਹਾਊਸ ਵਿਚ। ਉਨ੍ਹਾਂ ਦੀ ਇਸ ਇੰਡੀਪੈਂਡੈਂਟ ਰੂਲਿੰਗ ਦੇਣ ਦਾ ਪੰਜਾਬ ਦੀ ਅਸੈਂਬਲੀ ਤੇ ਅਸਰ ਤਾਂ ਹੋਇਆ ਹੀ ਬਲਕਿ ਹਿੰਦੁਸਤਾਨ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਉਨ੍ਹਾਂ ਦੀ ਇੰਡੀਪੈਂਡੈਂਟ ਰੂਲਿੰਗ ਦੇਣ ਦਾ ਅਸਰ ਹੋਇਆ। ਤੁਸੀਂ ਮੇਰਾ ਪੁਆਇੰਟ ਆਫ ਆਰਡਰ ਰਿਜੈਕਟ ਕਰ ਦਿਤਾ। ਉਹ ਕਿਸ ਤਰ੍ਹਾਂ ਕਰ ਦਿੱਤਾ ? (ਥੰਪਿੰਗ)

**ਸ੍ਰੀ ਸਪੀਕਰ** : ਮਾਸਟਰ ਬਾਬੂ ਸਿੰਘ ਜੀ, ਗੱਲ ਇਹ ਹੈ ਕਿ ਇਹ ਇਸ਼ੂ ਕਲੋਜ਼ ਹੋ ਚੁਕਾ ਹੈ। ਕਲਾਜ਼ 255 ਤਾਂ ਲਾਗੂ ਹੁੰਦੀ ਹੈ ਜੇ ਮੈਂ ਕਲਾਜ਼ 251 ਥੱਲੇ ਆਪਣੀ ਕਨਸੈਂਟ ਨਾ ਦਿੱਤੀ ਹੁੰਦੀ। The matter is under consideration ਮੈਂ ਤੁਹਾਡੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਜਿਹੜੀ ਪਾਰਟੀ ਅਫੈਕਟਿਡ ਹੈ ਮੈਂ ਉਸ ਦੇ ਕੁਮੈਂਟਸ ਮੰਗਣੇ ਹੁੰਦੇ ਹਨ Only then I can finally

Original with;
Punjab Vidhan Sabha
Digitized by;
Panjab Digital Library

[ਸ੍ਰੀ ਸਪੀਕਰ]

decide the issue ਅਗਰ ਮੇਰੇ ਕੋਲ ਕੋਈ ਪ੍ਰਿਵਿਲਿਜ਼ ਮੋਸ਼ਨ ਜਾਂ ਕੋਈ ਐਸੀ ਚੀਜ਼ ਰੂਲਜ਼ ਦੇ ਮੁਤਾਬਕ ਆਉਂਦੀ ਹੈ ਤਾਂ ਮੈਂ ਉਸ ਨੂੰ ਲਿਸਟ ਆਫ ਬਿਜ਼ਨੈਸ ਦੇ ਮੁਤਾਬਿਕ ਆਫਟਰ ਕੁਐਸਚਨ ਆਵਰ ਹਾਊਸ ਨੂੰ ਪੜ੍ਹ ਕੇ ਦੱਸਣਾ ਹੁੰਦਾ ਹੈ ਕਿ ਮੇਰੇ ਕੋਲ ਇਹ ਪ੍ਰਿਵਿਲਿਜ ਮੋਸ਼ਨ ਹੈ। ਮੈਂ ਹਾਊਸ ਨੂੰ ਦੱਸ ਦਿਤਾ ਹੈ ਕਿ the matter is under consideration ਸੋ ਮਾਮਲਾ ਸੈਟਲ ਹੋ ਚੁੱਕਾ ਹੈ। The matter is being considered expeditiously ਉਸ ਦਾ ਮੈਂ ਫੈਸਲਾ ਦੇ ਦਿਆਂਗਾ। So it is now a closed matter. ਇਸ ਮਾਮਲੇ ਨੂੰ ਦੁਬਾਰਾ ਰੇਜ਼ ਕਰਨ ਦੀ ਕੀ ਲੋੜ ਹੈ।

**ਮਾਸਟਰ ਬਾਬੂ ਸਿੰਘ** : ਸਪੀਕਰ ਸਾਹਿਬ, ਤੁਸੀਂ ਮੈਟਰ ਕਲੋਜ਼ ਕਰ ਸਕਦੇ ਹੋ ਪਰ ਤੁਸੀਂ ਮੇਰੇ ਪੁਆਇੰਟ ਆਫ ਆਰਡਰ ਨੂੰ ਨੋ ਪੁਆਇੰਟ ਆਫ ਆਰਡਰ ਕਹਿ ਦਿੱਤਾ, ਇਹ ਤੁਹਾਨੂੰ ਨਹੀਂ ਸੀ ਕਰਨਾ ਚਾਹੀਦਾ। ਤੁਸੀਂ ਕਿਹੜੇ ਰੂਲ ਥੱਲੇ ਇਸ ਨੂੰ ਨੋ ਪੁਆਇੰਟ ਆਫ ਆਰਡਰ ਕਿਹਾ ਹੈ। ਤੁਸੀਂ ਕਹਿ ਦਿੰਦੇ ਕਿ ਇਹ ਮਾਮਲਾ ਅੰਡਰ ਕੰਸਿਡਰੇਸ਼ਨ ਹੈ।

**ਕਾਮਰੇਡ ਦਯਾ ਸਿੰਘ** : ਸਪੀਕਰ ਸਾਹਿਬ, ਰੌਲੇ ਗੌਲੇ ਵਿਚ ਵਜ਼ੀਰ ਸਾਹਿਬ ਨੇ ਜਿਹੜਾ ਜਵਾਬ ਦਿੱਤਾ ਹੈ ਉਸ ਦਾ ਪਤਾ ਨਹੀਂ ਲਗ ਸਕਿਆ। ਲੁਧਿਆਣੇ ਜ਼ਿਲ੍ਹੇ ਵਿਚ ਤਕਰੀਬਨ 7-8 ਸੌ ਏਕੜ ਜ਼ਮੀਨ ਤੇ ਇਕ ਸਰਕਾਰੀ ਫਾਰਮ ਬੀਜ ਤੇ ਆਲੂ ਫਾਰਮ 15 ਸਾਲ ਦਾ ਪਿੰਡ ਸੇਖੂਵਾਲ ਤੇ ਹੈਦਰ ਨਗਰ ਵਿਚ ਸੀ। ਉਥੇ ਸਰਕਾਰ ਨੇ ਸਰਕਾਰੀ ਫਾਰਮ ਬਣਾ ਲਿਆ। ਉਹ ਜ਼ਮੀਨ ਪਹਿਲਾਂ ਮੁਜ਼ਾਰਿਆਂ ਕੋਲ ਸੀ। ਸਰਕਾਰ ਨੇ ਉਨ੍ਹਾਂ ਕੋਲੋਂ ਜ਼ਮੀਨ ਖੋਹ ਲਈ। ਸਪੀਕਰ ਸਾਹਿਬ, 2 ਸਾਲ ਤੋਂ 200 ਏਕੜ ਜ਼ਮੀਨ ਵਾਹੀ ਨਹੀਂ ਗਈ ਅਤੇ ਉਹ ਉਸੇ ਤਰ੍ਹਾਂ ਪਈ ਰਹੀ। ਪੁਲਿਸ ਇਨਸਪੈਕਟਰ ਥਾਣੇਦਾਰ ਅਤੇ ਹਵਾਲਦਾਰ ਨੇ ਸਰਪੰਚ ਨਾਲ ਰਲ ਕੇ ਉਸ ਜ਼ਮੀਨ ਤੇ ਕਬਜ਼ਾ ਕਰੀ ਰਖਿਆ। ਇਸ ਬਾਰੇ ਮੈਂ ਕੋਸ਼ਿਸ਼ ਕੀਤੀ ਅਤੇ ਮਨਿਸਟਰ ਤਕ ਮਿਲਿਆ। ਪੁਲਿਸ ਵਾਲਿਆਂ ਨੂੰ ਵੀ ਕਿਹਾ। ਪੁਲਿਸ ਉਨ੍ਹਾਂ ਨੂੰ ਫੜ ਕੇ ਜ਼ਰੂਰ ਲੈ ਗਈ ਪਰ ਉਸ ਦੇ ਬਾਅਦ ਪਤਾ ਨਹੀਂ ਲੱਗਾ ਕਿ ਕੀ ਬਣਿਆ। ਉਹ ਲੋਕ ਕੋਰਟ ਵਿਚ ਚਲੇ ਗਏ। ਵਕੀਲ ਨੇ ਸਾਨੂੰ ਕਿਹਾ ਕਿ ਉਸ ਦਾ ਸਟੇਅ ਮਿਲ ਗਿਆ ਹੈ ਅਤੇ ਉਨ੍ਹਾਂ ਦਾ ਉਸ ਜ਼ਮੀਨ ਤੇ ਕਬਜ਼ਾ ਹੋ ਜਾਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਬਾਦਲ ਸਰਕਾਰ ਦੇ ਵੇਲੇ ਕਿੰਨੀ ਸਾਰੀ ਏਕੜ ਜ਼ਮੀਨ ਤੇ ਕਬਜ਼ਾ ਹੋਇਆ ਸੀ ਅਤੇ ਕਈ ਹਜ਼ਾਰ ਦਰੱਖਤ ਪੁੱਟੇ ਗਏ ਸਨ ਕਿਤੇ ਇਸੇ ਤਰ੍ਹਾਂ ਇਹ ਨਾ ਹੋਵੇ। ਪਿੰਡ ਦੇ ਚੌਧਰੀ ਦਰੱਖਤ ਪੁੱਟ ਕੇ ਲੈ ਗਏ ਸੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ 200 ਏਕੜ ਜ਼ਮੀਨ ਵਾਹੀ ਨਹੀਂ ਗਈ ਅਤੇ ਜੇ ਇਨ੍ਹਾਂ ਕੋਲੋਂ ਨਹੀਂ ਵਗਦੀ ਤਾਂ ਜਿਨ੍ਹਾਂ ਲੋਕਾਂ ਕੋਲੋਂ ਇਹ ਜ਼ਮੀਨ ਖੋਹੀ ਗਈ ਹੈ ਉਨ੍ਹਾਂ ਲੋਕਾਂ ਨੂੰ ਇਹ ਜ਼ਮੀਨ ਦਿਤੀ ਜਾਵੇ ਤਾਂਕਿ ਉਹ ਲੋਕ ਕਹਿਣ ਕਿ ਇਹ ਸਰਕਾਰ ਬੜੀ ਚੰਗੀ ਹੈ ਜਿਹੜੀ ਕਿ ਸਾਨੂੰ ਮੁੜ ਕੇ ਜ਼ਮੀਨ ਦੇ ਰਹੀ ਹੈ। ਇਸ ਬਾਰੇ ਇਹ ਪੂਰੀ ਤਰ੍ਹਾਂ ਜਵਾਬ ਦੇਣ।

**ਖੇਤੀਬਾੜੀ ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਜੋ ਕੁਝ ਕਿਹਾ ਹੈ ਉਸ ਵਿਚ ਉਨ੍ਹਾਂ ਨੇ ਜ਼ਿਆਦਾ ਤੌਖਲਾ ਹੀ ਪ੍ਰਗਟ ਕੀਤਾ ਹੈ। ਮੈਂ ਦੱਸਿਆ ਹੈ ਕਿ 837 ਏਕੜ ਜ਼ਮੀਨ ਤੇ ਸਰਕਾਰ ਦਾ ਫਾਰਮ ਹੈ ਇਹ ਕਹਿੰਦੇ ਹਨ ਕਿ ਫਾਰਮ ਬਣਾਉਣ ਤੋਂ ਪਹਿਲਾਂ ਕੁਝ ਲੋਕਾਂ ਦਾ ਉਥੇ ਕਬਜ਼ਾ ਸੀ। ਮੈਂ ਦੱਸਿਆ ਹੈ ਕਿ ਉਹ ਲੋਅਰ ਕੋਰਟ ਵਿਚ ਗਏ ਅਤੇ ਹਾਈ ਕੋਰਟ ਵਿਚ ਗਏ ਪਰ ਉਹ ਹਾਈ ਕੋਰਟ ਵਿਚ ਹਾਰ ਗਏ। ਉਥੇ ਫਾਰਮ ਅਸਟੇਬਲਿਸ਼ ਹੋ ਗਿਆ ਹੈ। ਇਹ ਵੀ ਠੀਕ ਹੈ ਕਿ 7 ਨਵੰਬਰ, 1981 ਨੂੰ ਉਥੇ ਕੁਝ ਲੋਕਾਂ ਨੇ ਫੋਰਸੀਬਲੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ।

Original with;
Punjab Vidhan Sabha
Digitized by;
Panjab Digital Library

ਉਹ ਬੰਦੇ ਫੜੇ ਗਏ ਹਨ ਅਤੇ ਜ਼ੇਰ ਦਫਾ 447, 148 ਅਤੇ 149 ਆਈ. ਪੀ. ਸੀ. ਦੇ ਥੱਲੇ ਉਨ੍ਹਾਂ ਲੋਕਾਂ ਦੇ ਚਲਾਨ ਕੀਤੇ ਗਏ। ਉਸ ਦੇ ਬਾਅਦ ਇਹ ਕਹਿੰਦੇ ਹਨ ਕਿ ਉਹ ਹਾਈ ਕੋਰਟ ਵਿਚ ਚਲੇ ਗਏ। ਸਪੀਕਰ ਸਾਹਿਬ, ਅਦਾਲਤ ਦਾ ਦਰਵਾਜ਼ਾ ਹਰ ਇਕ ਲਈ ਖੁੱਲ੍ਹਾ ਹੈ। ਸਰਕਾਰ ਕਿਸੇ ਬੰਦੇ ਨੂੰ ਅਦਾਲਤ ਵਿਚ ਜਾਣ ਤੋਂ ਰੋਕ ਨਹੀਂ ਸਕਦੀ। ਸਰਕਾਰ ਨੇ ਉਥੇ ਆਪਣਾ ਫਾਰਮ ਬਣਾਇਆ ਹੈ ਅਤੇ ਉਸ ਜ਼ਮੀਨ ਤੇ ਸਰਕਾਰ ਦਾ ਕਬਜ਼ਾ ਹੈ। ਉਹ ਲੋਕ ਸੀਨੀਅਰ ਸਬ-ਜੱਜ ਦੀ ਕੋਰਟ ਵਿਚ ਗਏ ਕਿ ਸਾਨੂੰ ਸਟੇ ਦਿੱਤੀ ਜਾਵੇ ਮਗਰ ਉਨ੍ਹਾਂ ਨੂੰ ਸਟੇ ਨਹੀਂ ਮਿਲੀ। ਇਹ ਇਸਦੀ ਲੀਗਲ ਪੁਜੀਸ਼ਨ ਹੈ।

(Serial No. 75)

**Shri Sewa Ram :** Sir, I beg to draw the attention of the Government towards a matter of urgent public importance, namely, that the Government has fixed minimum wages for the Industrial Workers. These fixed wages are not being paid to the workers in the State. There prevails great resentment among the industrial workers in the State. I would request the Labour Minister to make a statement on the issue.

**ਸਮਾਜ ਭਲਾਈ ਅਤੇ ਕਿਰਤ ਮੰਤਰੀ (ਚੌਧਰੀ ਜਗਤ ਰਾਮ)**: ਪੰਜਾਬ ਸਰਕਾਰ ਨੇ ਆਪਣੀ ਅਧਿਸੂਚਨਾ ਮਿਤੀ 31 ਦਸੰਬਰ, 1981 ਰਾਹੀਂ 36 ਸ਼ਡਿਊਲ ਰੋਜ਼ਗਾਰਾਂ ਵਿਚ ਘੱਟੋ ਘੱਟ ਉਜਰਤਾਂ ਦੀ ਸੋਧ ਕੀਤੀ ਹੈ। ਇਹ ਸੋਧੀਆਂ ਹੋਈਆਂ ਉਜਰਤਾਂ ਮਿਤੀ 1 ਜਨਵਰੀ, 1982 ਤੋਂ ਲਾਗੂ ਹਨ ਅਤੇ ਇਸ ਅਧਿਸੂਚਨਾ ਅਨੁਸਾਰ ਜਨਵਰੀ, 1982 ਦੀ ਤਨਖਾਹ ਦੀ ਅਦਾਇਗੀ 7 ਫਰਵਰੀ, 1982 ਨੂੰ ਦੇਣੀ ਬਣਦੀ ਸੀ।

ਫੀਲਡ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਵੱਡੇ ਅਦਾਰਿਆਂ ਦੀ ਬਹੁ ਗਿਣਤੀ ਨੇ ਕਿਰਤੀਆਂ ਨੂੰ ਸੋਧੇ ਹੋਏ ਦਰਾਂ ਅਨੁਸਾਰ ਉਜਰਤਾਂ ਦੀ ਅਦਾਇਗੀ ਕਰਨੀ ਸ਼ੁਰੂ ਕਰ ਦਿਤੀ ਹੈ। ਕਿਰਤ ਅਫਸਰਾਂ ਅਤੇ ਕਿਰਤ ਇੰਸਪੈਕਟਰਾਂ ਦੇ ਧਿਆਨ ਵਿਚ ਘੱਟ ਤਨਖਾਹ ਦੇਣ ਬਾਰੇ ਜਿਹੜੇ ਵੀ ਮਾਮਲੇ ਆਏ, ਉਨ੍ਹਾਂ ਨੇ ਤਤਕਾਲ ਉਨ੍ਹਾਂ ਦੇ ਨਿਪਟਾਰੇ ਲਈ ਮੁਦਾਖਲਤ ਕੀਤੀ।

ਕਿਰਤ ਇਨਸਪੈਕਟਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਕਿ ਜਿਥੇ ਵੀ ਪ੍ਰਬੰਧਕ ਉਨ੍ਹਾਂ ਦੀ ਮੁਦਾਖਲਤ ਦੇ ਬਾਵਜੂਦ ਸੋਧੇ ਹੋਏ ਦਰਾਂ ਤੇ ਪੂਰੀਆਂ ਉਜਰਤਾਂ ਨਹੀਂ ਦਿੰਦੇ ਉਹ ਉਨ੍ਹਾਂ ਵਿਰੁਧ ਕਿਰਤ ਕੋਰਟਾਂ ਵਿਚ ਕਲੇਮ ਦਾਇਰ ਕਰ ਦੇਣ ਅਤੇ ਉਸ ਤੋਂ ਬਾਅਦ ਲੋੜ ਅਨੁਸਾਰ ਮਾਲਕਾਂ ਦੇ ਚਲਾਨ ਵੀ ਕਰਨ।

**ਸ੍ਰੀ ਸੇਵਾ ਰਾਮ**: ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਸਾਡੇ ਨੋਟਿਸ ਵਿੱਚ ਇਹ ਗੱਲ ਆਈ ਹੈ ਕਿ ਕਈ ਅਦਾਰੇ ਐਸੇ ਹਨ ਉਹ ਜਿਹੜੀਆਂ ਘੱਟ ਤੋਂ ਘੱਟ ਉਜਰਤਾਂ ਮੁਕੱਰਰ ਹੋਈਆਂ ਹਨ ਉਹ ਦਿੰਦੇ ਨਹੀਂ, ਇਹ ਗਲ ਇਨ੍ਹਾਂ ਨੇ ਐਡਮਿਟ ਕੀਤੀ ਲੇਕਿਨ ਇਸ ਦੇ ਲਈ ਇਨਾਂ ਨੇ ਕਈ ਉਪਰਾਲਾ ਨਹੀਂ ਦੱਸਿਆ ਕਿ ਉਹ ਕੀ ਕਰ ਰਹੇ ਹਨ। ਸਪੀਕਰ ਸਾਹਿਬ, ਲੇਬਰ ਇਨਸਪੈਕਟਰ ਕੋਲ ਕੋਈ ਪਾਵਰ ਨਹੀਂ ਕਿ ਉਹ ਮਿਨੀਮਮ ਵੇਜਿਜ਼ ਜੋ ਮੁਕੱਰਰ ਹੋਈਆਂ ਹਨ ਉਹ ਦਿਵਾ ਸਕੇ ਜਾਂ ਉਸ ਦੇ ਲਈ ਮਜਬੂਰ ਕਰ ਸਕੇ। ਇਸ ਗੱਲ ਦੇ ਪੇਸ਼ੇ ਨਜ਼ਰ ਕਿ ਲੇਬਰ ਅਫਸਰ ਪਾਰਟੀਆਂ ਨੂੰ ਬੁਲਾ ਸਕਦਾ ਹੈ ਲੇਕਿਨ ਉਨ੍ਹਾਂ ਨੂੰ ਕਈ ਸਜ਼ਾ ਨਹੀਂ ਦੇ ਸਕਦਾ, ਫੋਰਸ ਨਹੀਂ ਕਰ ਸਕਦਾ, ਮਨਿਸਟਰ ਸਾਹਿਬ ਕੀ ਕਦਮ ਉਠਾ ਰਹੇ ਹਨ ਜਿਸ ਦੇ ਨਾਲ ਮਿਨੀਮਮ ਵੇਜਿਜ਼ ਜੋ ਵਰਕਰਜ਼ ਦੀ ਹੈ ਉਹ ਮਿਲ ਸਕੇ। ਇਥੇ ਪ੍ਰਾਈਵੇਟ ਟਰਾਂਸਪੋਰਟਰਜ਼ ਹਨ, ਭੱਠੇ ਵਾਲੇ ਹਨ, ਛੋਟੀਆਂ ਫੈਕਟਰੀਆਂ ਵਾਲੇ ਹਨ ਜਿਨ੍ਹਾਂ ਵਿੱਚ ਵਰਕਰਜ਼ ਨੂੰ ਮਿਨੀਮਮ ਵੇਜਿਜ਼ ਨਹੀਂ ਮਿਲਦੀਆਂ।

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੇਵਾ ਰਾਮ]

ਜੋ ਸਹੂਲਤ ਵਰਕਰਜ਼ ਨੂੰ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਦਿਤੀ ਹੈ ਜੇ ਉਨਾਂ ਨੂੰ ਪੂਰੀ ਸਹੂਲਤ ਨਾ ਮਿਲੇ, ਜੇ ਉਹ ਇਸ ਦਾ ਪੂਰਾ ਫਾਇਦਾ ਨਾ ਉਠਾ ਸਕਣ ਤਾਂ ਫਿਰ ਇਸ ਦਾ ਕੀ ਲਾਭ ਹੈ। ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਇਸ ਦੇ ਲਈ ਕੀ ਕਦਮ ਚੁੱਕ ਰਹੇ ਹਨ ?

**ਮੰਤਰੀ:** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਇਸ ਪੰਜਾਬ ਦੀ ਸਰਕਾਰ ਦਾ, ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਦਾ ਗਰੀਬ ਲੋਕਾਂ ਨਾਲ, ਵਰਕਰਜ਼ ਨਾਲ, ਲੇਬਰ ਨਾਲ ਕਿੰਨਾਂ ਹਿੱਤ ਹੈ ਇਸ ਦਾ ਅੰਦਾਜ਼ਾ ਇਸ ਗਲ ਤੋਂ ਲਗਾਇਆਂ ਜਾ ਸਕਦਾ ਹੈ ਕਿ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਪੰਜਾਬ ਦੇ ਵਿੱਚ ਵਰਕਰਜ਼ ਨੂੰ, ਲੇਬਰ ਨੂੰ ਸਭ ਤੋਂ ਜ਼ਿਆਦਾ ਉਜਰਤਾਂ ਦਿੱਤੀਆਂ ਗਈਆਂ ਹਨ। ਇਹ ਇਸ ਕਰਕੇ ਹੀ ਜ਼ਿਆਦਾ ਉਜਰਤਾਂ ਦਿੱਤੀਆਂ ਗਈਆਂ ਹਨ ਕਿਉਂਕਿ ਇਸ ਸਰਕਾਰ ਨੂੰ ਵਰਕਰਾਂ ਨਾਲ, ਗਰੀਬਾਂ ਨਾਲ, ਲੇਬਰ ਨਾਲ ਹਮਦਰਦੀ ਹੈ। ਜੇ ਸਰਕਾਰ ਦੀ ਇਹ ਹਮਦਰਦੀ ਹੈ ਤਾਂ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਇਹ ਵੇਜਿਜ਼ ਦਿਵਾਈਆਂ ਜਾਣਗੀਆਂ ਅਤੇ ਜਿਥੇ ਕਿਧਰੇ ਵੀ ਕੋਈ ਔਕੜ ਆਵੇਗੀ ਉਸਦਾ ਵੀ ਫੈਸਲਾ ਕੀਤਾ ਜਾਵੇਗਾ। ਸਪੀਕਰ ਸਾਹਿਬ, ਮੇਰੇ ਦੋਸਤ ਸ੍ਰੀ ਸੇਵਾ ਰਾਮ ਜੀ ਨੂੰ ਪਤਾ ਹੈ ਕਿ, ਇਹ ਇਨਟੱਕ ਦੇ ਪ੍ਰਧਾਨ ਵੀ ਰਹੇ ਹਨ, ਪਹਿਲਾਂ ਇਕ ਵਿੰਗ ਹੁੰਦਾ ਸੀ, ਹੁਣ ਦੋ ਵਿੰਗ ਬਣਾਏ ਹਨ ਤਾਂਕਿ ਭੱਠੇ ਵਾਲੇ, ਸ਼ੈਲਰਾਂ ਵਾਲੇ, ਖੇਤ ਮਜ਼ਦੂਰ ਨੂੰ ਕੋਈ ਤੰਗ ਨਾ ਕੀਤਾ ਜਾਵੇ। ਜੇ ਸਰਕਾਰ ਦੀ ਮਨਸ਼ਾ ਹੈ, ਸਰਕਾਰ ਦੀ ਖਾਹਸ਼ ਹੈ, ਸਰਕਾਰ ਦੀ ਲੇਬਰ ਦੇ ਨਾਲ, ਵਰਕਰਜ਼ ਦੇ ਨਾਲ ਹਮਦਰਦੀ ਹੈ ਤਾਂ ਕੀ ਵਜ੍ਹਾ ਹੈ ਕਿ ਮਿਨੀਮਮ ਵੇਜਿਜ਼ ਉਨ੍ਹਾਂ ਨੂੰ ਨਾ ਦਿਵਾਏ। ਸਪੀਕਰ ਸਾਹਿਬ, 5 ਤਾਰੀਖ ਨੂੰ ਲੇਬਰ ਅਫਸਰਾਂ, ਇਨਸਪੈਕਟਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਨਾਲ ਦੀ ਨਾਲ ਚੈਕਿੰਗ ਕਰੋ। ਜੇ ਕੋਈ ਚੀਜ਼ ਤੁਹਾਡੇ ਨੋਟਿਸ ਵਿੱਚ ਆਉਂਦੀ ਹੈ ਤਾਂ ਦੱਸੋ। ਪਹਿਲਾਂ ਇਹ੍ਹ ਹੁੰਦਾ ਸੀ ਜੋ ਯੂਨੀਅਨ ਹੈ, ਜੋ ਲੇਬਰ ਹੁੰਦੀ ਹੈ, ਵਰਕਰਜ਼ ਜੋ ਹਨ ਉਹੀ ਕਰਦੇ ਸਨ ਲੇਕਿਨ ਹੁਣ ਲੇਬਰ ਅਫ਼ਸਰ, ਲੇਬਰ ਇਨਸਪੈਕਟਰ ਨੂੰ ਵੀ ਹਦਾਇਤਾਂ ਕਰ ਦਿੱਤੀਆਂ ਹਨ ਕਿ ਤੁਸੀਂ ਵੀ ਕਰੋ।

( ਕ੍ਰਮ ਨੰ: 85)

1. **ਕਾਮਰੇਡ ਬਲਦੇਵ ਸਿੰਘ ਲੂੰਬਾ**
2. **ਸਰਦਾਰ ਪ੍ਰੇਮ ਸਿੰਘ ਲਾਲਪੁਰਾ** : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਪੰਜਾਬ ਦੇ ਬਹੁਤ ਸਾਰੇ ਹਿੱਸੇ ਵਿਚ ਪਿਛਲੇ ਦਿਨੀ ਗੜਿਆਂ ਨਾਲ ਭਾਰੀ ਤਬਾਹੀ ਹੋਈ ਹੈ ਅਤੇ ਬਾਕੀ ਰਹਿੰਦੇ ਹਿੱਸਿਆਂ ਵਿਚ ਭਾਰੀ ਵਰਖਾ ਕਾਰਣ ਫਸਲਾਂ ਤਬਾਹ ਹੋਈਆਂ ਹਨ ਅਤੇ ਇਸ ਮੌਸਮ ਕਾਰਣ ਰਹਿੰਦੀ ਫਸਲ ਨੂੰ ਬੀਮਾਰੀ ਪੈਣ ਦਾ ਵੀ ਖਤਰਾ ਹੈ। ਇਸ ਕਾਰਣ ਪੰਜਾਬ ਦੇ ਲੋਕਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਸਰਕਾਰ ਨੂੰ ਹਾਊਸ ਵਿਚ ਬਿਆਨ ਦੇਣ ਲਈ ਕਿਹਾ ਜਾਵੇ।

**ਖੇਤੀਬਾੜੀ ਤੇ ਸਿੰਚਾਈ ਮੰਤਰੀ (ਚੌਧਰੀ ਬਾਂਸ਼ੀ ਰਾਮ)**: ਸਪੀਕਰ ਸਾਹਿਬ, ਐਂਵੇਂ ਬਾਤ ਦਾ ਇਹ ਬਤੰਗੜ ਬਣਾ ਦਿੰਦੇ ਹਨ। ਫਸਲਾਂ ਤੇ ਪਏ ਗੜਿਆਂ ਦਾ ਇੰਤਜ਼ਾਮ ਕਰਨਾ ਹੈ, ਸਿਰ ਤੇ ਪਏ ਗੜਿਆਂ ਦਾ ਅਸੀਂ ਕੁਝ ਨਹੀਂ ਕਰ ਸਕਦੇ। (ਹਾਸਾ)

ਸੋ, ਸਪੀਕਰ ਸਾਹਿਬ, ਇਸ ਦਾ ਜਵਾਬ ਇਸ ਤਰ੍ਹਾਂ ਹੈ। ਹਾਂ ਇਹ ਠੀਕ ਹੈ ਕਿ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਪਿਛਲੇ ਦਿਨੀ ਗੜੇ ਪਏ ਹਨ ਪਰ ਇਹ ਗੜੇ ਆਮ ਤੌਰ ਤੇ ਬਹੁਤ ਛੋਟੇ

Original with;
Punjab Vidhan Sabha
Digitized by;
Panjab Digital Library

ਸਨ ਪ੍ਰੰਤੂ ਪੰਜਾਬ ਦੇ ਬਹੁਤ ਥੋੜ੍ਹੇ ਰਕਬੇ ਵਿੱਚ ਗੜਿਆਂ ਨਾਲ ਫਸਲ ਦਾ ਨੁਕਸਾਨ 10 ਤੋਂ 25% ਤਕ ਹੈ। ਪਰ ਪਿੰਡਾਂ ਦੀ ਗਿਣਤੀ ਅਤੇ ਰਕਬੇ ਦਾ ਸਹੀ ਅਨੁਮਾਨ ਗਿਰਦਾਵਰੀ ਹੋਣ ਪਿੱਛੋਂ ਹੀ ਲਗ ਸਕਦਾ ਹੈ। ਪਿਛਲੇ ਦਿਨੀ ਵਾਰ ਵਾਰ ਬਾਰਸ਼ਾਂ ਹੋਣ ਨਾਲ ਤੇ ਜ਼ਿਆਦਾ ਦਿਨ ਬੱਦਲਵਾਈ ਰਹਿਣ ਨਾਲ ਕਣਕ ਦੀ ਫਸਲ ਨੂੰ ਬਰਾਊਨ ਰਸਟ ਲੱਗਣ ਦਾ ਜ਼ਰੂਰ ਡਰ ਸੀ। ਪਰ ਅਜੇ ਤਕ ਕਣਕ ਦੀ ਫਸਲ ਇਸ ਬਿਮਾਰੀ ਤੋਂ ਬਚੀ ਰਹੀ ਹੈ। ਜੇਕਰ ਅਗੇ ਤੋਂ ਮੌਸਮ ਠੀਕ ਰਿਹਾ ਤਾਂ ਇਸ ਸਾਲ ਕਣਕ ਦੀ ਫਸਲ ਪਿਛਲੇ ਸਾਲ ਨਾਲੋਂ ਚੰਗੀ ਹੋਵੇਗੀ ਤੇ ਆਸ ਕਰਦੇ ਹਾਂ ਕਿ 80 ਲੱਖ ਟਨ ਦਾ ਟੀਚਾ ਪੂਰਾ ਹੋ ਜਾਵੇਗਾ। ਛੋਲਿਆਂ ਦੀ ਫਸਲ ਤੇ ਜ਼ਿਆਦਾ ਬਾਰਸ਼ਾਂ ਤੇ ਬੱਦਲਵਾਈ ਨੇ ਕੁਝ ਹਿੱਸਿਆਂ ਵਿੱਚ ਮਾੜਾ ਅਸਰ ਕੀਤਾ ਹੈ।

ਸਪੀਕਰ ਸਾਹਿਬ, ਜਿਥੋਂ ਤਕ ਕਣਕ ਦੀ ਫਸਲ ਦਾ ਤਅੱਲਕ ਹੈ ਸਾਰੇ ਮਾਨਯੋਗ ਮੈਂਬਰਾਂ ਨੇ ਮੇਰੀ ਇਸ ਗੱਲ ਦਾ ਹੁੰਗਾਰਾ ਦਿੱਤਾ ਹੈ ਕਿ ਬੜੀ ਪ੍ਰਮਿਸਿੰਗ ਫਸਲ ਹੋਈ ਹੈ। ਸੋ ਕੋਈ ਇਤਨੇ ਤੌਖਲੇ ਵਾਲੀ ਗਲ ਨਹੀਂ ਹੈ।

**ਕਾਮਰੇਡ ਬਲਦੇਵ ਸਿੰਘ ਲੂੰਬਾ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨਾਂ ਨੇ ਆਪਣੇ ਜਵਾਬ ਵਿਚ 3-4 ਗੱਲਾਂ ਕਹੀਆਂ ਹਨ। ਇਨ੍ਹਾਂ ਨੇ ਕਿਹਾ ਕਿ ਕੋਈ ਇਤਨੀ ਤੌਖਲੇ ਵਾਲੀ ਗੱਲ ਨਹੀਂ ਲੇਕਿਨ ਜਵਾਬ ਵਿਚ ਇਨ੍ਹਾਂ ਨੇ ਦੱਸਿਆ ਕਿ ਇਤਨਾ ਵੱਡਾ ਨੁਕਸਾਨ ਨਹੀਂ ਹੋਇਆ, ਯਾਨੀ ਨੁਕਸਾਨ ਤਾਂ ਹੋਇਆ ਹੈ ਲੇਕਿਨ ਇਤਨਾ ਵੱਡਾ ਨੁਕਸਾਨ ਨਹੀਂ ਹੋਇਆ ਇਹ ਗੱਲ ਇਨ੍ਹਾਂ ਨੇ ਮੰਨ ਲਈ ਹੈ। ਫਿਰ ਇਨ੍ਹਾਂ ਨੇ ਇਹ ਕਿਹਾ ਕਿ ਬੀਮਾਰੀ ਦਾ ਕੋਈ ਖਤਰਾ ਸੀ ਲੇਕਿਨ ਲੱਗੀ ਨਹੀਂ ਹੈ। ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਇਹ ਗੱਲ ਸੁਣ ਕੇ, ਸ਼ਾਇਦ ਵਜ਼ੀਰ ਸਾਹਿਬ ਵਜ਼ੀਰ ਬਣਨ ਤੋਂ ਬਾਅਦ ਖੇਤਾਂ ਵਿਚ ਨਹੀਂ ਗਏ ਲਗਦੇ, ਹੁਣ ਤਕ 10% ਬੀਮਾਰੀ ਲੱਗ ਚੁੱਕੀ ਹੈ। ਜਿਹੜਾ ਇਹ ਕਹਿੰਦੇ ਹਨ ਕਿ ਬਿਮਾਰੀ ਕੋਈ ਲਗੀ ਨਹੀਂ ਹੈ, 10% ਬੀਮਾਰੀ ਫਸਲਾਂ ਨੂੰ ਲੱਗ ਚੁੱਕੀ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਜਿਨ੍ਹਾਂ ਥਾਵਾਂ ਤੇ ਵੀ ਗੜੇ ਪਏ ਹਨ ਜਾਂ ਜਿਨ੍ਹਾਂ ਥਾਵਾਂ ਤੇ ਪਾਣੀ ਖੜ੍ਹਨ ਨਾਲ ਫਸਲਾਂ ਪੀਲੀਆਂ ਹੋ ਗਈਆਂ ਹਨ, ਮਰ ਗਈਆਂ ਹਨ ਕੀ ਉਨ੍ਹਾਂ ਥਾਂਵਾਂ ਤੇ ਗਿਰਦਾਵਰੀਆਂ ਕਰਵਾ ਕੇ ਉਨ੍ਹਾਂ ਲੋਕਾਂ ਨੂੰ ਰਿਲੀਫ ਦੇ ਦੇਣਗੇ ? ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਬੀਮਾਰੀ ਲੱਗ ਰਹੀ ਹੈ ਕੀ ਉਸ ਦਾ ਕੋਈ ਇਲਾਜ ਲਭ ਰਹੇ ਹਨ ?

**ਮੰਤਰੀ**: ਸਪੀਕਰ ਸਾਹਿਬ, ਮੇਰਾ ਇਹ ਖਿਆਲ ਨਹੀਂ ਸੀ ਕਿ ਮਾਨਯੋਗ ਮੈਂਬਰ ਸਾਹਿਬ ਠੀਕ ਗੱਲ ਸੁਣ ਕੇ ਇਤਨੇ ਪ੍ਰੀਟਰਬਡ ਹੋ ਜਾਣਗੇ। ਮੈਂਬਰ ਸਾਹਿਬ ਨੂੰ ਸ਼ਾਇਦ ਇਸ ਗੱਲ ਦਾ ਪਤਾ ਹੋਵੇਗਾ ਕਿ ਪਿਛਲੇ ਦਿਨੀ ਇਥੇ ਵਰਲਡ ਦੀ ਰਿਨਾਊਂਡ ਹਸਤੀ ਲੁਧਿਆਣਾ ਐਗਰੀ-ਕਲਚਰਲ ਯੂਨੀਵਰਸਿਟੀ ਵਿਚ ਆਈ ਸੀ ਅਤੇ ਉਹ ਹਿਸਾਰ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਵੀ ਗਏ ਸੀ। ਉਨਾਂ ਦੀਆਂ ਸਟੇਟਮੈਂਟਸ ਵੀ ਅਖਬਾਰਾਂ ਵਿਚ ਤੁਸੀਂ ਪੜ੍ਹੀਆਂ ਹੋਣਗੀਆਂ। ਉਨ੍ਹਾਂ ਨੇ ਕਿਹਾ ਕਿ ਐਤਕੀ ਸਾਲ ਹਿੰਦੁਸਤਾਨ ਦੀ ਫਸਲ ਇਤਨੀ ਅੱਛੀ ਹੈ --
that it would be an all times record to come. This is their assessment.

ਜਿਥੋਂ ਤਕ ਇਨ੍ਹਾਂ ਦੀ ਇਸ ਗੱਲ ਦਾ ਸਵਾਲ ਹੈ ਕਿ ਕਈ ਥਾਂ ਗੜੇ ਪੈ ਗਏ ਜਾਂ ਪਾਣੀ, ਬਾਰਸ਼ਾਂ ਦਾ ਖੜ੍ਹਾ ਹੈ ਉਸ ਦੇ ਬਾਰੇ ਸਰਕਾਰ ਦੀਆਂ ਸਟੈਂਡਿੰਗ ਇਨਸਟਰਕਸ਼ਨਜ਼ ਹਨ

Original with;
Punjab Vidhan Sabha
Digitized by;
Panjab Digital Library

[ਖੇਤੀ ਬਾੜੀ ਤੇ ਸਿੰਚਾਈ ਮੰਤਰੀ]

ਅਤੇ ਗਿਰਦਾਵਰੀਆਂ ਆਪੇ ਉਹ ਕੰਡਕਟ ਕਰਦੇ ਹਨ । ਉਹ ਡਿਊਟੀ ਬਾਊਂਡ ਲੋਕ ਹਨ ਅਤੇ ਉਨ੍ਹਾਂ ਨੇ ਕਰਨੀਆਂ ਹੀ ਹੁੰਦੀਆਂ ਹਨ। ਜੇ ਕੋਈ ਰਿਪੋਰਟ ਉਨ੍ਹਾਂ ਦੀ ਆਵੇਗੀ ਤਾਂ ਉਸ ਤੇ ਮਾਲ ਡੀਪਾਰਟਮੈਂਟ ਆਪੇ ਹੀ ਕੰਮ ਕਰੇਗਾ । ਜਿਥੋਂ ਤਕ ਬਿਮਾਰੀ ਬਾਰੇ ਇਨ੍ਹਾਂ ਨੇ ਕਿਹਾ ਹੈ, ਬਿਮਾਰੀ ਵਾਲੀ ਗੱਲ ਕੋਈ ਇਤਨੀ ਭੈ ਵਾਲੀ ਗੱਲ ਨਹੀਂ ਹੈ।

## PRESENTATION OF REPORTS OF COMMITTEE ON PUBLIC ACCOUNTS

**Chairman, Committee on Public Accounts** (Shri Gopal Krishan Chatrath): Sir, I beg to present—

(i) 42nd Report of the Committee on Public Accounts on the Appropriation Accounts of the Government of Punjab for the year 1972-73 and the Report of the Comptroller and Auditor General of India for the year 1972-73 (Civil) ;

(ii) 43rd Report of the Committee on Public Accounts on the Appropriation Accounts of the Government of Punjab for the years 1973-74, 1974-75, 1975-76, 1976-77, 1977-78 and 1978-79 and the Reports of the Comptroller and Auditor General of India for the years 1973-74, 1974-75, 1975-76, 1976-77, 1977-78 and 1978-79 (Civil)—General Report; and

(iii) 44th Report of the Committee on Public Accounts on the Appropriation Accounts of the Government of Punjab for the years 1975-76 and the Report of the Comptroller and Auditor General of India for the year 1975-76 (Revenue Receipts) (Revenue Department).

**ਸ਼੍ਰੀ ਸਪੀਕਰ** : ਹੁਣ ਬਜਟ ਤੇ ਬਹਿਸ ਹੋਵੇਗੀ । ਸ੍ਰੀ ਗੁਰਦਿਆਲ ਸੈਣੀ, ਜੋ ਕੱਲ੍ਹ ਸਪੀਚ ਕਰ ਰਹੇ ਸਨ, ਉਹ ਸ਼ੁਰੂ ਕਰਨਗੇ ।

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

## GENERAL DISCUSSION ON BUDGET ESTIMTAES FOR THE YEAR 1982-83 (*Resumption*)

**ਪ੍ਰੋਫੈਸਰ ਬਲਵੰਤ ਸਿੰਘ** : ** ** **

**ਸ਼੍ਰੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ਼੍ਰੀ ਗੁਰਦਿਆਲ ਸੈਣੀ** (ਜਲੰਧਰ ਉੱਤਰ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਕੱਲ੍ਹ ਮੈਂ ਬਜਟ ਤੇ ਬੋਲ ਰਿਹਾ ਸੀ ਅਤੇ ਅੱਜ ਮੈਨੂੰ ਬੋਲਣ ਲਈ ਕਿਹਾ ਗਿਆ ਹੈ।

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਪੰਜਾਬ ਵਿਚ ਜਿੰਨੀਆਂ ਵੀ ਜ਼ਿਆਦਤੀਆਂ ਐਕਸਟਰੀਮਿਸਟਸ ਨੇ ਕੀਤੀਆਂ ਹਨ ਔਰ ਹਿੰਦੂ ਸਿੱਖ ਫਸਾਦ ਪੈਦਾ ਕਰਨ ਦੀ ਜੁਰਤ ਕੀਤੀ ਹੈ ਸਾਡੀ ਸਰਕਾਰ ਨੇ ਬੜੇ ਢੰਗ ਨਾਲ ਕਾਬੂ ਕੀਤਾ । ਨਾਲ ਹੀ ਕਲ੍ਹ ਮੈਂ ਇਹ ਵੀ ਦੱਸਿਆ ਸੀ ਕਿ ਜਿੰਨੀਆਂ ਔਰਤਾਂ ਵਿਧਵਾ ਹੋਈਆਂ ਜਿੰਨੇ ਬੱਚੇ ਯਤੀਮ ਹੋਏ ਸਾਡੀ ਸਰਕਾਰ ਨੇ ਘਰ ਘਰ ਜਾ ਕੇ 10 ਹਜ਼ਾਰ ਰੁਪਏ ਦਾ ਰਿਲੀਫ਼ ਅਨਾਊਂਸ ਕੀਤਾ ਅਤੇ ਬੱਚਿਆਂ ਦੀ ਤਾਲੀਮ ਮੁਫ਼ਤ ਦੇਣ ਦਾ ਇੰਤਜ਼ਾਮ ਵੀ ਕੀਤਾ । ਇਸ ਦੇ ਨਾਲ ਹੀ ਡੇਲੀ ਪ੍ਰਤਾਪ ਅਖ਼ਬਾਰ ਦੇ ਸ੍ਰੀ ਚੰਦਰ ਨੇ ਆਪਣੇ ਅਖ਼ਬਾਰ ਵਿਚ ਲੋਕਾਂ ਨੂੰ ਇਨ੍ਹਾਂ ਵਿਧਵਾਵਾਂ ਅਤੇ ਯਤੀਮ ਬੱਚਿਆਂ ਲਈ ਪ੍ਰੇਰਨਾ ਦਿਤੀ ਅਤੇ ਕੋਈ 4 ਲੱਖ ਰੁਪਿਆ ਇਕੱਠਾ ਕੀਤਾ ਉਹ ਰੁਪਿਆ ਉਨਾਂ ਵਿਧਵਾਵਾਂ ਅਤੇ ਯਤੀਮਾਂ ਨੂੰ ਦਿਤਾ ਗਿਆ, ਲੇਕਿਨ ਇਕ ਹੋਰ ਅਖ਼ਬਾਰ ਨੇ ਰਿਲੀਫ਼ ਫੰਡ ਇਕੱਠਾ ਕੀਤਾ । ਡੇਢ ਮਹੀਨਾ ਉਹ ਫ਼ੰਡ ਇਕੱਠਾ ਕਰਦਾ ਰਿਹਾ ਲੇਕਿਨ ਉਸ ਨੇ ਸਾਰਾ ਛਪਾਈ ਅਤੇ ਕਾਗਜ਼ਾਂ ਦਾ ਖਰਚਾ ਵਿਚੋਂ ਕਢਿਆ ਜਦੋਂ ਕਿ ਚੰਦਰ ਜੀ ਨੇ ਐਸਾ ਨਹੀਂ ਕੀਤਾ । ਮੈਂ ਕਹਿੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ । ਔਰ ਜਿਹੜੀਆਂ ਅਖ਼ਬਾਰਾਂ ਅੱਛਾ ਕੰਮ ਕਰਦੀਆਂ ਹਨ ਉਨਾਂ ਅਖਬਾਰਾਂ ਦਾ ਧਿਆਨ ਕਰੇ ਨਾ ਕਿ ਉਨਾਂ ਦਾ ਜਿਹੜੇ ਕਿ ਰਿਲੀਫ ਦੇ ਪੈਸਿਆਂ ਵਿਚੋਂ ਆਪਣੀ ਛਪਾਈ ਦੇ ਪੈਸੇ ਕੱਢਦੇ ਹਨ ।

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਮੈਂ ਸਰਦਾਰ ਬਲਵੰਤ ਸਿਘ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨਾਂ ਦੇ 2, 3 ਸਾਲਾਂ ਵਿਚ ਕੋਈ 100 ਸਕੂਲ ਅਪ ਗਰੇਡ ਹੋਏ ਹੋਣੇ ਹਨ । ਜਦ ਕਿ ਸਾਡੇ 418 ਹੋ ਚੁੱਕੇ ਹਨ ਅਤੇ 50 ਹਾਈ ਕਰਨੇ ਹਨ ਅਤੇ 25 ਮਿਡਲ ਕਰਨੇ ਹਨ ਇਸ ਦੇ ਲਈ ਸਰਕਾਰ ਵਧਾਈ ਦੀ ਪਾਤਰ ਹੈ । ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਨਾਨ-ਟੀਚਿੰਗ ਸਟਾਫ਼ ਸੀ ਉਨ੍ਹਾਂ ਲਈ 12 ਲੱਖ ਰੁਪਿਆ ਪਿਛਲੇ ਸਾਲ ਦਿਤਾ । ਜਿਹੜੀ ਗੱਲ 3 ਸਾਲਾਂ ਤੋਂ ਲਟਕਦੀ ਆ ਰਹੀ ਸੀ ਉਸ ਦਾ ਫੈਸਲਾ ਕਰ ਦਿਤਾ । ਜਿਹੜੇ ਦੂਜੇ ਕਾਲਜਾਂ ਵਿਚ ਗਰੇਡ ਹਨ ਉਹ ਪ੍ਰਾਈਵੇਟ ਕਾਲਜਾਂ ਵਿਚ ਕਰ ਦਿਤੇ । ਇਸ ਦੇ ਲਈ ਮੈਂ ਐਫ. ਐਮ. ਸਾਹਿਬ ਨੂੰ ਮੁਬਾਰਕ ਬਾਦ ਦਿੰਦਾ ਹਾਂ । ਨਾਲ ਹੀ ਕਹਿੰਦਾ ਹਾਂ ਕਿ ਉਨ੍ਹਾਂ ਦਾ ਜਿਹੜਾ ਥੋਹੜਾ ਬਹੁਤ ਰੁਪਿਆ ਰਹਿੰਦਾ ਹੈ ਉਹ ਵੀ ਦੇ ਦੇਣਾ ਚਾਹੀਦਾ ਹੈ। ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਬਣਾ-ਉਣ ਲਈ ਸਾਡੀ ਸਰਕਾਰ ਨੇ ਪਹਿਲ ਦਿਤੀ ਹੈ । ਜਿਨ੍ਹਾਂ ਸਕੂਲਾਂ ਦੀਆਂ ਬਿਲਡਿੰਗਾਂ ਨਹੀਂ ਸਨ ਉਨ੍ਹਾਂ ਲਈ ਸਰਕਾਰ ਨੇ 25 ਹਜ਼ਾਰ ਰੁਪਏ ਦਿਤੇ ਅਤੇ 5 ਹਜ਼ਾਰ ਰੁਪਏ ਪੰਚਾਇਤ ਨੇ ਜਾਂ ਪਿੰਡ ਵਾ-ਲਿਆਂ ਨੇ ਆਪ ਪਾਉਣੇ ਹਨ । ਮੈਂ ਕਹਿੰਦਾ ਹਾਂ ਕਿ ਪਿੰਡਾਂ ਵਿਚ ਜ਼ਮੀਨਾਂ ਸਸਤੇ ਭਾਅ ਤੇ ਮਿਲ ਸਕਦੀਆਂ ਹਨ। ਪਰ ਜੇਕਰ ਇਕ ਕਨਾਲ ਜਗਾ ਸ਼ਹਿਰਾਂ ਵਿਚ ਲੈਣੀ ਹੋਵੇ ਤਾਂ ਦੋ ਲੱਖ ਰੁਪਏ ਦੀ ਮਿਲੇਗੀ । ਸ਼ਹਿਰਾਂ ਵਿਚ ਜ਼ਮੀਨ ਬਹੁਤ ਮਹਿੰਗੀ ਹੈ । ਜਿਹੜਾ ਪੰਜ ਹਜ਼ਾਰ ਹੈ ਉਹ ਤਾਂ ਦਿਤਾ ਜਾ ਸਕਦਾ ਹੈ ਬਾਕੀ ਜ਼ਮੀਨ ਨਹੀਂ ਦਿਤੀ ਜਾ ਸਕਦੀ ਸਰਕਾਰ ਇਸ ਪਾਸੇ ਵੀ ਧਿਆਨ ਦੇਵੇ। ਮੈਨੂੰ ਤਿੰਨ ਚਾਰ ਸਕੂਲ ਮਿਲੇ ਹਨ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ ਉਨਾਂ ਨੇ ਕੁਝ ਸਕੂਲ ਅਪ ਗਰੇਡ ਕੀਤੇ ਹਨ ਪਰ ਸ਼ਹਿਰਾਂ ਨੂੰ ਕੋਈ ਸਕੂਲ ਨਹੀਂ ਦਿਤਾ ਗਿਆ ਇਹ ਸ਼ਹਿਰਾਂ ਵਾਲਿਆਂ ਨਾਲ ਜ਼ਿਆਦਤੀ ਹੈ । ਸ਼ਹਿਰਾਂ ਵਿਚ ਜ਼ਰੂਰ ਸਕੂਲ ਅਪ ਗਰੇਡ ਕਰਨੇ ਚਾਹੀਦੇ ਹਨ। ਹੁਣ ਤਕ ਦੋ ਵਾਰੀ ਸਕੂਲ ਅਪ ਗਰੇਡ ਹੋ ਚੁਕੇ ਹਨ ਪਰ ਮੈਨੂੰ ਇਕ ਵੀ ਨਹੀਂ ਮਿਲਿਆ । ਅੱਗੇ ਵਾਸਤੇ ਇਸ ਗੱਲ ਦਾ ਧਿਆਨ ਰਖਿਆ ਜਾਏ ਕਿ ਸ਼ਹਿਰਾਂ ਵਿਚ ਮਿਡਲ ਅਤੇ ਹਾਈ ਸਕੂਲ ਅਪ ਗਰੇਡ ਕੀਤੇ ਜਾਣ।

ਹਰੀਜਨ ਬਸਤੀਆਂ ਵਾਸਤੇ ਪਿੰਡਾਂ ਵਿਚ ਬੜਾ ਕੰਮ ਕੀਤਾ ਹੈ ਅਤੇ ਬੜਾ ਪੈਸਾ ਦਿਤਾ ਗਿਆ ਹੈ ਪਰ ਸ਼ਹਿਰਾਂ ਵਾਲੇ ਐਵੇਂ ਬੈਠੇ ਹਨ । ਸ਼ਹਿਰਾਂ ਦੀਆਂ ਬਸਤੀਆਂ ਦਾ ਵੀ ਸੁਧਾਰ ਹੋਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਗੁਰਦਿਆਲ ਸੈਣੀ]

ਧਰਮਸ਼ਾਲਾਂ ਕੁਝ ਮਨਜ਼ੂਰ ਹੋ ਚੁਕੀਆਂ ਹਨ, ਪਰ ਉਨਾਂ ਵਾਸਤੇ 10 ਮਰਲੇ ਜ਼ਮੀਨ ਚਾਹੀਦੀ ਹੈ। ਮੈਂ ਕਹਿੰਦਾ ਹਾਂ ਕਿ ਭਾਵੇਂ, 2, 3 ਮਰਲੇ ਜ਼ਮੀਨ ਕਿਉਂ ਨਾ ਹੋਵੇ ਉਨ੍ਹਾਂ ਦੇ ਪੈਸੇ ਰਿਲੀਜ਼ ਕਰ ਦੇਣੇ ਚਾਹੀਦੇ ਹਨ ਤਾ ਕਿ ਉਹ ਲੋਕ ਕਿਸੇ ਸਾਂਝੀ ਜਗ੍ਹਾ ਤੇ ਇਕੱਠੇ ਹੋ ਕੇ ਬੈਠ ਸਕਣ। ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਬਹੁਤ ਸਾਰੀਆਂ ਗੱਲਾਂ ਫੌਜੀਆਂ ਵਾਸਤੇ ਕੀਤੀਆਂ ਹਨ ਅੱਛੀ ਗੱਲ ਹੈ। ਜੋ ਕੁਝ ਫੌਜੀਆਂ ਵਾਸਤੇ ਸਰਕਾਰ ਨੇ ਕੀਤਾ ਹੈ ਸਰਕਾਰ ਉਸ ਦੀ ਵਧਾਈ ਦੀ ਪਾਤਰ ਹੈ। ਇੰਨੇ ਸ਼ਬਦਾਂ ਨਾਲ ਮੈਂ ਇਸ ਬਜਟ ਤੇ ਸਰਕਾਰ ਨੂੰ ਵਧਾਈ ਦਿੰਦਾ ਹਾਂ।

10-51 A.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

**ਸਰਦਾਰ ਸੁਰਜੀਤ ਸਿੰਘ ਬਰਨਾਲਾ** (ਬਰਨਾਲਾ): ਡਿਪਟੀ ਸਪੀਕਰ ਸਾਹਿਬ, ਜਦੋਂ ਐਫ.ਐਮ. ਸਾਹਿਬ ਦੀ ਸਪੀਚ ਦਾ ਕਿਤਾਬਚਾ 78 ਸਫਿਆਂ ਦਾ ਇਕ ਵੱਡਾ ਵਾਲਿਊਮ ਮਿਲਿਆ ਵੇਖ ਕੇ ਹੈਰਾਨੀ ਹੋ ਰਹੀ ਸੀ ਕਿ ਪਤਾ ਨਹੀਂ ਇਸ ਵਿਚ ਕੀ ਕੀ ਗੱਲਾਂ ਅੰਕਿਤ ਕੀਤੀਆਂ ਹੋਣਗੀਆਂ। ਕਿਉਂਕਿ ਹੁਣ ਤਕ ਕਿਸੇ ਵੀ ਐਫ. ਐਮ. ਦੀ ਸਪੀਚ ਦਾ ਐਡਾ ਵੱਡਾ ਵਾਲਿਊਮ ਨਹੀਂ ਸੀ ਮਿਲਿਆ। ਪਰ ਜਿਉਂ ਜਿਉਂ ਐਫ.ਐਮ. ਸਾਹਿਬ ਆਪਣੀ ਸਪੀਚ ਪੜ੍ਹਦੇ ਗਏ ਲੋਕ ਬੋਰ ਹੁੰਦੇ ਚਲੇ ਗਏ। ਅਸੀਂ ਵੇਖ ਰਹੇ ਸੀ ਕਿ ਕਿਸ ਤਰ੍ਹਾਂ ਦੋਹੀਂ ਪਾਸਿਉਂ ਇਧਰ ਵੀ ਤੇ ਉਧਰ ਵੀ ਕਿਵੇਂ ਲੋਕ ਉਬਾਸੀਆਂ ਲੈ ਰਹੇ ਸਨ। ਇਹ ਜਿਹੜਾ ਬਜਟ ਹੈ ਇਸ ਵਿਚ ਰੈਪੀਟੀਸ਼ਨ ਹੀ ਰੈਪੀਟੀਸ਼ਨ ਹੈ। ਹਰ ਜਗ੍ਹਾ ਤੇ ਰੈਪੀਟੀਸ਼ਨ ਹੈ। ਇਕ ਵਾਰੀ ਨਹੀਂ ਦੋ ਵਾਰੀ ਨਹੀਂ ਚਾਰ ਚਾਰ ਵਾਰੀ ਇਕ ਗੱਲ ਨੂੰ ਦੋਹਰਾਇਆ ਗਿਆ ਹੈ। ਇਸ ਕਰ ਕੇ ਇਕ ਬੋਰਿੰਗ ਗਲ ਬਣ ਗਈ ਔਰ ਬਜਟ ਦੇ ਵਿਚ ਕੁਝ ਨਹੀਂ ਸਿਵਾਏ ਟੈਕਸ ਲਗਾਉਣ ਦੇ। ਮੈਂ ਥੋਹੜਾ ਜਿਹਾ ਰੈਪੀਟੀਸ਼ਨਜ਼ ਦਾ ਜ਼ਿਕਰ ਕਰਾਂਗਾ। ਇੰਗਲਿਸ਼ ਦੀ ਕਾਪੀ ਦੇ ਪੇਜ ਦੋ ਤੇ ਜ਼ਿਕਰ ਕੀਤਾ ਹੈ 2700 ਕਰੋੜ ਰੁਪਏ ਦੀ ਪੈਦਾਵਾਰ ਹੋਵੇਗੀ। ਇਹ ਚੀਜ਼ ਇਕ ਜਗਾ ਨਹੀਂ ਕਈ ਜਗਾ ਤੇ ਰਿਪੀਟ ਕੀਤੀ ਹੋਈ ਹੈ। ਇਹ ਗੱਲ ਥਾਂ ਥਾਂ ਤੇ ਰਿਪੀਟ ਕਰਦੇ ਚਲੇ ਗਏ। ਅਗੇ ਜਾ ਕੇ ਐਨੂਅਲ ਪਲਾਨ ਦਾ ਜ਼ਿਕਰ ਆਇਆ ਕਿ ਐਨੂਅਲ ਪਲਾਨ 1982-83 ਦਾ ਵੱਡਾ ਬਣਾ ਦਿਤਾ, ਇਸ ਦੇ ਵਿਚ ਪਾਵਰ ਦਾ ਕੰਪੋਨੈਂਟ ਬਹੁਤ ਵੱਡਾ ਹੈ। ਇਸ ਦੇ ਵਿਚ ਪਾਵਰ ਪਲਾਨ ਬਾਰੇ ਦਸਿਆ ਹੈ ਕਿ ਪਲਾਨ ਦਾ 50% ਤੋਂ ਜ਼ਿਆਦਾ ਭਾਗ (189 ਕਰੋੜ ਰੁਪਿਆ) ਬਿਜਲੀ ਉਤਪਾਦਨ ਲਈ ਲਗਾ ਰਹੇ ਹਾਂ। 385 ਕਰੋੜ ਰੁਪਏ ਦਾ 1982-83 ਦਾ ਪਲਾਨ ਬਣ ਰਿਹਾ ਹੈ। ਸਾਲ 1981-82 ਦੇ ਯੋਜਨਾ ਅਕਾਰ ਦੇ ਮੁਕਾਬਲੇ ਤੇ ਸਾਲਾਨਾ ਯੋਜਨਾ ਦੇ ਸਾਈਜ਼ ਵਿਚ 45 ਕਰੋੜ ਰੁਪਿਆ ਵਧਿਆ ਹੈ। ਪਹਿਲਾਂ ਪਾਵਰ ਵਾਸਤੇ 137 ਕਰੋੜ ਰੁਪਿਆ ਰਖਿਆ ਸੀ ਅਤੇ ਹੁਣ 189 ਕਰੋੜ ਰੁਪਿਆ ਰਖਿਆ ਹੈ। ਪਲਾਨ ਦਾ ਸਾਈਜ਼ 45 ਕਰੋੜ ਵਧਿਆ ਹੈ ਔਰ ਇਧਰ 52 ਕਰੋੜ ਰੁਪਏ ਕਰ ਦਿਤਾ ਹੈ। ਇਸ ਦਾ ਜ਼ਿਕਰ ਪੇਜ - 4 ਤੇ ਆਇਆ ਹੈ, ਫਿਰ ਪੇਜ-10 ਤੇ ਆਇਆ ਹੈ ਅਤੇ ਐਗਜ਼ੈਕਟਲੀ ਇਨ ਬਿਨ ਪੇਜ-8 ਤੇ ਆਇਆ ਹੈ। ਇਸ ਦੇ ਵਿਚ ਵੀ ਇਸ ਤਰ੍ਹਾਂ ਆਇਆ ਹੈ ............

"Highest priority has been given to the generation of power. Almost 50 per cent (Rupees 189 crores) of the total plan outlay of Rs. 385.00 crores is being earmarked for power generation during 1982-83."

Original with;
Punjab Vidhan Sabha
Digitized by;
Panjab Digital Library

ਫਿਰ ਜ਼ਿਕਰ ਕਰ ਦਿਤਾ ਕਿ ਐਨਾ ਵਧਾ ਦਿਤਾ । ਪਹਿਲਾਂ ਐਨਾਂ ਸੀ ਹੁਣ ਐਨਾ ਹੈ; ਫਿਰ ਸਫਾ-18 ਤੇ ਇਸ ਦੀ ਰੈਪੀਟੀਸ਼ਨ ਕੀਤੀ --

"The outlay of power during 1982-83 has been increased to Rs. 189.18 crores as against about Rs. 137 crores in 1981-82."

ਇਹ ਸਾਰੀ ਦੀ ਸਾਰੀ ਰੈਪੀਟੀਸ਼ਨ ਹੋਈ ਹੈ । ਇਥੇ ਹੀ ਨਹੀਂ ਮੁਕਾਇਆ ਪੇਜ-31 ਤੇ ਫਿਰ ਰਿਪੀਟ ਕਰ ਦਿੱਤਾ, ਸਪੀਚ ਲਿਖਣ ਵਾਲੇ ਨੇ ਮਹਿਜ਼ ਸਪੀਚ ਲੰਬੀ ਕਰਨ ਲਈ ਐਸਾ ਕੀਤਾ ਹੈ ।

"The Plan outlay of power during 1982-83 has been raised to Rs. 189.19 crores.."

ਇਕੋ ਗੱਲ ਦਾ ਢੰਡੋਰਾ ਸਪੀਚ ਵਿਚ ਥਾਂ ਥਾਂ ਤੇ ਕਰ ਦਿਤਾ ਅਤੇ ਇਸ ਤਰ੍ਹਾਂ ਡੇਢ ਪੇਜ ਸਿਰਫ ਇਸੇ ਗੱਲ ਦੀ ਰੈਪੀਟੀਸ਼ਨ ਤੇ ਹੀ ਲਾ ਦਿਤਾ। ਇਹ ਚੀਜ਼ 4, 5 ਜਗ੍ਹਾ ਤੇ ਰਿਪੀਟ ਕੀਤ੍ਰੀ ਗਈ ਹੈ । ਇਹ ਨਹੀਂ ਕਿ ਕਿਸੇ ਇਕ ਫੈਕਟ ਨੂੰ ਰਿਪੀਟ ਕੀਤਾ ਗਿਆ ਹੋਵੇ ਬਲ ਕਿ ਹਰ ਇਕ ਫੈਕਟ ਨੂੰ ਰਿਪੀਟ ਕੀਤਾ ਗਿਆ ਹੈ। ਪਹਿਲਾਂ ਇਕ ਥਾਂ ਫੈਕਟਸ ਦਸੇ ਹਨ ਫਿਰ 20 ਨੁਕਾਤੀ ਪ੍ਰੋਗਰਾਮ ਸਕੀਮ ਜਿਹੜੀ ਇਹ ਬਹੁਤ ਵਧੀਆ ਦੱਸਦੇ ਹਨ ਉਸ ਨੂੰ ਲੈ ਕੇ ਰਿਪੀਟ ਕਰ ਦਿਤੇ ਇਹ ਸਿਵਾਏ ਰੈਪੀਟੀਸ਼ਨ ਦੇ ਹੋਰ ਕੋਈ ਗੱਲ ਨਹੀਂ । ਉਧਰਲੇ ਮੈਂਬਰ ਸਾਹਿਬਾਨ ਨੇ ਕਿਉਂ ਕਿ ਵਧਾਈ ਦੇਣੀ ਚਾਹੀਦੀ ਸੀ ਵਧਾਈ ਦੇਣ ਵਾਲੀ ਇਸ ਬਜਟ ਵਿਚ ਕੋਈ ਗੱਲ ਹੀ ਨਹੀਂ । ਸ਼ਾਇਦ ਕਿਸੇ ਐਸੇ ਬੰਦੇ ਨੂੰ ਲਿਖਣ ਵਾਸਤੇ ਇਹ ਸਪੀਚ ਦੇ ਦਿੱਤੀ । ਜਿਸ ਨੇ ਸੋਚਿਆ ਕਿ ਬਜਟ ਵਿਚ ਵੈਸੇ ਤਾਂ ਕੁਝ ਹੈ ਨਹੀਂ ਚਲਣ ਦਿਓ ਨਾ ਤੇ ਕੋਈ ਪੜ੍ਹ ਸਕੇ ਅਤੇ ਨਾ ਕਿਸੇ ਗੱਲ ਦਾ ਕੋਈ ਪਤਾ ਲੱਗ ਸਕੇ ਇਸ ਲਈ ਘਾਲਾ ਮਾਲਾ ਕਰ ਦਿਤਾ। ਜੇਕਰ ਡਾਕਟਰ ਸਾਹਿਬ ਆਪ ਘੋਖਦੇ ਤਾਂ ਇਸ ਵਿਚ ਇਤਨੀ ਰੈਪੀਟੀਸ਼ਨ ਨਾ ਹੁੰਦੀ, ਪਤਾ ਨਹੀਂ ਡਾਕਟਰ ਸਾਹਿਬ ਨੂੰ ਟਾਈਮ ਨਹੀਂ ਮਿਲਿਆ ਹੋਣਾ । ਅਗਰ ਕੋਈ ਗੱਲ ਦੋ ਵਾਰੀ ਆ ਜਾਏ ਤਾਂ ਕੋਈ ਹਰਜ ਵਾਲੀ ਗੱਲ ਨਹੀਂ ਪਰ ਇਹ ਤਾਂ ਕਈ ਕਈ ਵਾਰੀ ਰੈਪੀਟੀਸ਼ਨ ਹੈ। ਕਿਸੇ ਨੇ ਜਿਸ ਤਰ੍ਹਾਂ ਇਹ ਲਿਖ ਦਿਤਾ ਉਸੇ ਤਰ੍ਹਾਂ ਇਥੇ ਪੜ੍ਹ ਦਿਤਾ ਕੋਈ ਗਲ ਬਣੇ ਜਾਂ ਨਾ ਬਣੇ..............ਇਸ ਦਾ ਫਿਕਰ ਨਹੀਂ ਕੀਤਾ ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਦੀ ਤਰੱਕੀ ਵਾਸਤੇ, ਪੰਜਾਬ ਨੂੰ ਬਹੁਤਾ ਖੁਸ਼ਹਾਲ ਬਣਾਉਣ ਵਾਸਤੇ, ਅੱਗੇ ਵਧਾਉਣ ਵਾਸਤੇ, ਇਨ੍ਹਾਂ ਨੇ ਏਹ ਬਜਟ ਲਿਆਂਦਾ ਹੈ । ਪਹਿਲੇ ਪੇਜ ਤੇ ਇਨ੍ਹਾਂ ਨੇ ਆਪਣੀ ਸਪੀਚ ਵਿਚ ਲਿਖਿਆ ਹੈ :

"ਸਭ ਤੋਂ ਪਹਿਲਾਂ ਅਸਾਂ ਸਾਲ 1980-81 ਵਿਚ ਸਾਲਾਨਾ ਯੋਜਨਾ ਦਾ ਖਰਚ ਵਧਾ ਕੇ 300 ਕਰੋੜ ਰੁਪਏ ਕਰ ਦਿਤਾ, ਜਿਹੜਾ ਪਿਛਲੇ ਕਈ ਸਾਲਾਂ ਤੋਂ 260 ਕਰੋੜ ਰੁਪਏ ਦੇ ਉਪਬੰਧ ਤੇ ਅਟਕਿਆ ਖੜ੍ਹਾ ਸੀ ਅਤੇ ਛੇਵੀਂ ਪੰਜ ਸਾਲਾ ਯੋਜਨਾ ਦੇ ਟੀਚੇ ਨੂੰ ਸੋਧ ਕੇ 1,957 ਕਰੋੜ ਰੁਪਏ ਕੀਤਾ, ਜਿਹੜਾ ਪੰਜਵੀਂ ਪੰਜ ਸਾਲਾ ਯੋਜਨਾ ਲਈ 940 ਕਰੋੜ ਰੁਪਏ ਸੀ। ਤਰੱਕੀ ਦੀ ਇਸ ਤੇਜ਼ ਰਫਤਾਰ ਨੂੰ ਜਾਰੀ ਰਖਦੇ ਹੋਏ ਅਸੀਂ 1981-82 ਦੀ ਸਾਲਾਨਾ ਯੋਜਨਾ ਦਾ ਖਰਚ ਵਧਾ ਕੇ 340 ਕਰੋੜ ਰੁਪਏ ਕਰ ਦਿਤਾ ।"

ਹੁਣ ਇਨ੍ਹਾਂ ਨੇ 335 ਕਰੋੜ ਰੁਪਏ ਦੀ ਪਲੈਨ ਬਣਾ ਕੇ ਪੰਜਾਬ ਦੀ ਤਰੱਕੀ ਲਈ ਬੜੀਆਂ ਪਲਾਂਗਾਂ ਪੁਟੀਆਂ ਹਨ । ਪੰਜਾਬ ਤੇ ਬਹੁਤ ਖਰਚ ਇਨ੍ਹਾਂ ਨੇ ਹੁਣ ਕਰਨਾ ਹੈ । ਮਹਿਜ਼ ਇਨ੍ਹਾਂ ਦੀ ਗੱਲ ਸੁਣ ਕੇ ਘਰ ਨੂੰ ਚਲੇ ਜਾਣਾ ਹੋਵੇ ਤਾਂ ਫਿਰ ਤਾਂ ਇਨ੍ਹਾਂ ਦੀ ਗੱਲ ਠੀਕ ਹੈ। ਪਰ ਜੇ ਇਹ ਵੇਖਣਾ ਹੋਵੇ ਕਿ ਇਸ ਵਿਚੋਂ ਕੀ ਨਿਕਲਣਾ ਹੈ ਤਾਂ ਫਿਰ ਐਡਵਰਸ ਕੁਮੈਂਟ ਆਉਂਦਾ ਹੈ । ਜੇ ਫੈਕਟਸ ਸਾਰੇ ਟੇਬੂਲੇਟ ਕਰੀਏ ਤਾਂ ਪਤਾ ਲਗਦਾ ਹੈ ਕਿ ਪੰਜਵੀਂ ਪਲਾਨ ਵਿਚ 940 ਕਰੋੜ ਰੁਪਏ ਖਰਚ ਹੋਏ ਅਤੇ ਉਸੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਹਿਸਾਬ ਨਾਲ ਇਹ ਪੰਜ ਸਾਲਾਂ ਵਿਚ ਖਰਚ ਹੋਣੇ ਸਨ । ਅਖੀਰਲੇ ਸਾਲ 260 ਕਰੋੜ ਖਰਚ ਹੋਏ ਅਤੇ ਇਹ ਕਾਫੀ ਅਮਾਊਂਟ ਸੀ ਉਸ ਪੰਜ ਸਾਲਾ ਪਲਾਨ ਦਾ ਹੁਣ ਪਲਾਨ 1957 ਕਰੋੜ ਰੁਪਏ ਦੀ ਬਣ ਗਈ ਹੈ । ਹਰ ਪਲਾਨ ਦੂਜੀ ਪਲਾਨ ਨਾਲੋਂ ਵੱਧਦੀ ਤੁਰੀ ਜਾਂਦੀ ਹੈ, ਐਲੋਕੇਸ਼ਨ ਵੱਧਦੀ ਚਲੀ ਜਾਂਦੀ ਹੈ । ਇਹ ਪਲਾਨ ਉਪਰੋਂ ਬਣਦੀ ਹੈ । ਪਹਿਲੀ ਪਲਾਨ ਵੀ ਉਪਰੋਂ ਹੀ ਬਣੀ ਸੀ। ਇਸ ਲਈ ਇਹ ਸਾਨੂੰ ਅਕਿਊਜ਼ ਨਹੀਂ ਕਰ ਸਕਦੇ । ਪਹਿਲੀ ਪਲਾਨ ਵੀ ਇਨ੍ਹਾਂ ਦੀ ਸਰਕਾਰ ਨੇ ਹੀ ਅਪਰੂਵ ਕਰਵਾਈ ਸੀ। ਹੁਣ ਵੀ ਪਲਾਨ ਸੈਂਟਰ ਦੀ ਸਰਕਾਰ ਨੇ ਬਣਾਈ ਹੈ। ਇਸ 1957 ਕਰੋੜ ਰੁਪਏ ਦੀ ਪਲਾਨ ਵਿਚੋਂ ਪਹਿਲੇ ਸਾਲ 300 ਕਰੋੜ ਰੁਪਏ ਖਰਚ ਕੀਤੇ ਗਏ, ਦੂਸਰੇ ਸਾਲ ਵਿਚ 340 ਕਰੋੜ ਰੁਪਏ ਖਰਚ ਕੀਤੇ ਗਏ। ਇਸ ਵਾਰੀ 385 ਕਰੋੜ ਰੁਪਏ ਖਰਚ ਹੋਣੇ ਹਨ । ਇਹ ਕੋਈ ਸਿਗਨੀਫੀਕੇਟ ਇਨਕਰੀਜ਼ ਨਹੀਂ ਹੋਈ । ਹੁਣ ਤਕ ਤਿੰਨਾਂ ਸਾਲਾਂ ਵਿਚ 325 ਕਰੋੜ ਰੁਪਿਆ ਖਰਚ ਕਰਨ ਦਾ ਟੀਚਾ ਥਿਆ ਹੈ। ਚੌਥੇ ਅਤੇ ਪੰਜਵੇਂ ਸਾਲ ਲਈ 933 ਕਰੋੜ ਰੁਪਿਆ ਰਹਿ ਗਿਆ ਹੈ ਜ ਕਿ ਇਨ੍ਹਾਂ ਦੋ ਸਾਲਾਂ ਵਿਚ ਖਰਚ ਹੋਣਾ ਹੈ। ਇਸ ਹਿਸਾਬ ਨਾਲ ਇਕ ਸਾਲ ਵਿਚ 466 ਕਰੋੜ ਰੁਪਿਆ ਖਰਚ ਹੋਣਾ ਹੈ। ਇਸ ਲਈ ਇਸ ਸਾਲ ਦੀ ਪਲੈਨ ਵਿੱਚ ਇਨ੍ਹਾਂ ਦੀ ਕੋਈ ਸਿਗਨੀਫੀਕੈਂਟ ਕੰਟਰੀਬਿਊਸ਼ਨ ਨਹੀਂ ਹੈ । ਇਹ ਪਲਾਨ ਤਾਂ ਕੁਦਰਤੀ ਤੌਰ ਤੇ ਵੱਧ ਹੀ ਜਾਣੀ ਹੈ। ਪੇਜ 60 ਤੇ ਇਨ੍ਹਾਂ ਨੇ ਆਪ ਲਿਖਿਆ ਹੋਇਆ ਹੈ ਕਿ ਅਗਲੇ ਸਾਲ ਵਿਚ ਇਨ੍ਹਾਂ ਦੇ ਹੱਥ 466 ਕਰੋੜ ਰੁਪਿਆ ਹੋਵੇਗਾ । ਇਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਬਹੁਤ ਤਰੱਕੀ ਕਰ ਜਾਵੇਗਾ। ਇਨ੍ਹਾਂ ਨੇ ਕੋਈ ਸਿਗਨੀਫਿਕੈਂਟ ਗਲ ਨਹੀਂ ਆਖੀ ਜਿਸ ਦੀ ਦਾਦ ਇਨ੍ਹਾਂ ਨੂੰ ਦਿਤੀ ਜਾ ਸਕੇ । ਪੇਜ-ਤਿੰਨ ਤੇ ਇਨ੍ਹਾਂ ਨੇ ਕਿਹਾ ਹੈ:--

**"This encouraging picture of improvement in the State's economy is duly reflected in the appreciable rise in per capita income."**

ਇਸ ਤੇ ਬੜਾ ਜ਼ੋਰ ਦਿੱਤਾ ਹੈ ਕਿ ਪੰਜਾਬ ਦੀ ਪਰ ਕੈਪੀਟਾ ਇਨਕਮ ਸਾਰਿਆਂ ਨਾਲੋਂ ਵੱਧ ਗਈ ਹੈ। ਮੈਨੂੰ ਵੀ ਲੱਗਿਆ ਕਿ ਜੇ 2664 ਤੋਂ ਵੱਧ ਕੇ ਇਹ 3,000 ਰੁਪਏ ਸਾਲਾਨਾ ਹੋ ਗਈ ਤਾਂ ਜ਼ਰੂਰ ਡਾਕਟਰ ਸਾਹਿਬ ਨੇ ਜਾਦੂ ਕੀਤਾ ਹੈ। ਮੇਰਾ ਜੀਅ ਵੀ ਕਰਦਾ ਸੀ ਕਿ ਮੈਂ ਟੇਬਲ ਨੂੰ ਥੱਪ-ਥਪਾਉਂਦਾ । ਪਰ ਬਾਅਦ ਵਿਚ ਮੈਂ ਕੈਲਕੁਲੇਟ ਕੀਤਾ । ਪਿਛਲੇ ਸਾਲ ਪਰ ਕੈਪੀਟਾ ਇਨਕਮ ਪੰਜਾਬ ਦੇ ਲੋਕਾਂ ਦੀ 2,664 ਰੁਪਏ ਸੀ । ਹੁਣ ਇਹ ਕਹਿੰਦੇ ਹਨ ਕਿ ਸਾਡਾ ਅੰਦਾਜ਼ਾ ਹੈ ਕਿ ਤਿੰਨ ਹਜ਼ਾਰ ਰੁਪਏ ਸਾਲਾਨਾ ਹੋ ਜਾਵੇਗੀ । ਮੈਂ ਵੇਖਿਆ ਕਿ ਇਨਫਲੇਸ਼ਨ ਦਾ ਕੀ ਰੇਟ ਹੈ । ਇਨ੍ਹਾਂ ਨੇ ਆਪ ਮੰਨਿਆ ਹੈ ਕਿ ਇਨਫਲੇਸ਼ਨ ਦਾ ਰੇਟ $12\frac{1}{2}\%$ ਹੈ । ਇਸ ਲਈ ਜੇ 2,664 ਰੁਪਏ ਵਿੱਚ ਜੇ ਇਹ ਇਨਫਲੇਸ਼ਨ ਜਮ੍ਹਾਂ ਕਰ ਦੇਈਏ ਤਾਂ ਇਹ ਪਰ ਕੈਪੀਟਾ ਇਨਕਮ 2,997 ਰੁਪਏ ਸਾਲਾਨਾ ਬਣ ਜਾਂਦੀ ਹੈ ਯਾਨੀ ਤਿੰਨ ਹਜ਼ਾਰ ਰੁਪਏ ਤੋਂ ਤਿੰਨ ਰੁਪਏ ਘੱਟ ਹੈ। ਇਸ ਲਈ ਦਰ ਅਸਲ ਤਿੰਨ ਰੁਪਏ ਸਾਲ ਵਿਚ ਪੰਜਾਬ ਦੇ ਲੋਕਾਂ ਦੀ ਆਮਦਨ ਵੱਧੀ ਹੈ । ਪਰ ਇਹ ਐਡੀਆਂ ਡੀਂਗਾਂ ਮਾਰ ਰਹੇ ਹਨ ਕਿ ਪੰਜਾਬ ਬਹੁਤ ਪਰਾਸਪਰਸ ਹੋ ਗਿਆ ਹੈ । ਦੂਸਰਿਆਂ ਸੂਬਿਆਂ ਨਾਲ ਇਹ ਕੰਪੇਅਰ ਕਰਦੇ ਹਨ । ਕਿਉਂ ਕਿ ਨੈਸ਼ਨਲ ਪਰ ਕੈਪੀਟਾ ਇਨਕਮ ਘੱਟ ਹੈ, ਇਸ ਲਈ ਇਹ ਆਪਣੀ ਪਰ ਕੈਪੀਟਾ ਇਨਕਮ ਦੂਜਿਆਂ ਸੂਬਿਆਂ ਦੇ ਮੁਕਾਬਲੇ ਬਹੁਤ ਸਮਝਦੇ ਹਨ । ਅਗਰ ਇਨਫਲੇਸ਼ਨ ਕੱਢ ਕੇ, ਪਰ ਕੈਪੀਟਾ ਇਨਕਮ 50, 60 ਰੁਪਏ ਵੀ ਇਹ ਵਧਾ ਦਿੰਦੇ ਤਾਂ ਇਹ ਜ਼ਰੂਰ ਵਧਾਈ ਦੇ ਪਾਤਰ ਹੁੰਦੇ । ਪਰ ਇਹ ਗੱਲ ਇਨ੍ਹਾਂ ਤੋਂ ਹੋ ਨਹੀਂ ਸਕੀ । ਡਾਕਟਰ ਸਾਹਿਬ ਨੇ ਕਿਹਾ ਕਿ ਸਾਡੀ ਗੌਰਮਿੰਟ ਨੇ ਇਕ ਹੋਰ ਬਹੁਤ ਵੱਡਾ ਕੰਮ ਕੀਤਾ ਹੈ। ਇਨ੍ਹਾਂ ਦੇ ਮੈਂਬਰ ਵੀ ਕਹਿੰਦੇ ਹਨ ਕਿ ਪੀਲੇ ਕਾਰਡ ਲੋਕਾਂ ਦੇ ਬਣਾ ਦਿੱਤੇ ਹਨ, ਹੁਣ ਤਾਂ ਗਰੀਬਾਂ ਨੂੰ ਮੌਜਾਂ ਹੋ ਗਈਆਂ ਹਨ ।

Original with;
Punjab Vidhan Sabha
Digitized by;
Panjab Digital Library

ਲੋਕਾਂ ਨੂੰ ਬਹੁਤ ਫਾਇਦਾ ਹੋ ਗਿਆ ਹੈ। ਇਹ ਠੀਕ ਹੈ ਕਿ ਲੋਕ ਆਈਡੈਂਟੀਫਾਈ ਹੋ ਗਏ। ਇਹ ਕੋਈ ਨਵੀਂ ਗੱਲ ਨਹੀਂ। ਰੋਜ਼ ਤੁਸੀਂ ਡਿਸਕਸ਼ਨ ਸੁਣ ਦੇ ਹੋ। ਇਸ ਟੈਬੂਲੇਸ਼ਨ ਵਿਚ ਕਈ ਗਲਤੀਆਂ ਵੀ ਹੋ ਗਈਆਂ। ਫਿਰ ਇਹ ਕਹਿੰਦੇ ਹਨ ਕਿ ਇਨ੍ਹਾਂ ਲੋਕਾਂ ਨੂੰ ਆਟਾ, ਦਾਲਾਂ, ਵਨਸਪਤੀ ਘੀ ਦੇਣਾ ਹੈ। ਇਸ ਲਈ 10,000 ਦੁਕਾਨਾਂ ਵੀ ਖੋਲ੍ਹ ਦਿੱਤੀਆਂ ਹਨ ਪਨਸਪ ਦੀਆਂ। ਦੁਕਾਨਾਂ ਤਾਂ ਪਹਿਲਾਂ ਵੀ ਖੁਲ੍ਹੀਆਂ ਹੋਈਆਂ ਸਨ, ਇਨ੍ਹਾਂ ਨੇ ਉਨ੍ਹਾਂ ਦਾ ਨਾਂ ਹੋਰ ਰਖ ਦਿੱਤਾ ਹੈ। ਇਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਬਸਿਡੀ ਦੇ ਰਹੇ ਹਾਂ। ਮੈਂ ਹਿਸਾਬ ਲਾ ਕੇ ਵੇਖਿਆ ਕਿ ਉਨ੍ਹਾਂ ਗਰੀਬਾਂ ਨੂੰ ਇਹ ਕੀ ਦੇ ਰਹੇ ਹਨ ਜਿਨ੍ਹਾਂ ਨੇ ਭੱਜ ਭੱਜ ਕੇ ਆਪਣੇ ਕਾਗਜ਼ ਤਸਦੀਕ ਕਰਵਾਏ ਅਤੇ ਖਰਚ ਕੀਤਾ ਤਾਂ ਜਾ ਕੇ ਇਹ ਪੀਲੇ ਕਾਰਡ ਬਣੇ। ਡਿਪਟੀ ਸਪੀਕਰ ਸਾਹਿਬ, ਇਕ ਇਕ ਪੀਲਾ ਕਾਰਡ ਬਣਾਉਣ ਲਈ, 20, 20 ਜਾਂ 30, 30 ਰੁਪਏ ਉਨ੍ਹਾਂ ਦੇ ਖਰਚ ਹੋਏ। ਪਰ ਮਿਲਿਆ ਕੀ ? ਇਨ੍ਹਾਂ ਦੇ ਹਿਸਾਬ ਮੁਤਾਬਿਕ 8 ਲੱਖ 12 ਹਜ਼ਾਰ ਪਰਵਾਰ ਬਣਦੇ ਹਨ। ਇਕ ਪਰਵਾਰ ਪੰਜ ਬੰਦਿਆਂ ਦਾ ਮੰਨ ਕੇ 40 ਤੋਂ 44 ਲੱਖ ਜੀਅ ਬਣ ਜਾਂਦੇ ਹਨ। ਇਨ੍ਹਾਂ 44 ਲੱਖ ਜੀਆਂ ਨੂੰ ਇਨ੍ਹਾਂ ਨੇ 4 ਕਰੋੜ 45 ਲੱਖ ਰੁਪਏ ਦੀ ਸਬਸਿਡੀ ਦੇਣੀ ਹੈ। ਇਸ ਮੁਤਾਬਿਕ 10 ਰੁਪਏ ਪ੍ਰਤੀ ਜੀਅ ਨੂੰ ਸਾਲ ਦੀ ਸਬਸਿਡੀ ਮਿਲਣੀ ਹੈ। ਇਹ 80, 85 ਪੈਸੇ ਮਹੀਨਾ ਹੀ ਬਣਦੀ ਹੈ। ਇਹ ਜੋ ਸਬਸਿਡੀ ਦੇ ਰਹੇ ਹਨ। ਇਸ ਦੇ ਵਿਚ ਆਟਾ ਵੀ, ਦਾਲਾਂ ਵੀ ਅਤੇ ਵਨਸਪਤੀ ਘੀ ਇਨ੍ਹਾਂ ਨੇ ਦੇਣਾ ਹੈ। ਮੈਂ ਕਹਿੰਦਾ ਹਾਂ ਕਿ ਇਹ 4 ਕਰੋੜ ਦੀ ਸਬਸਿਡੀ ਵੀ ਇਨ੍ਹਾਂ ਗਰੀਬ ਲੋਕਾਂ ਨੂੰ ਨਹੀਂ ਮਿਲਣੀ। ਇਹ ਤਾਂ ਉਨ੍ਹਾਂ ਦੁਕਾਨਾਂ ਵਾਲਿਆਂ ਨੇ ਹੀ ਲੈ ਜਾਣੀ ਹੈ। ਇਹ ਦੁਕਾਨਾਂ ਖੋਲ੍ਹਣ ਵਿਚ ਵੀ ਫੇਵਰੇਟਿਜ਼ਮ ਹੋਈ ਹੈ। ਇਨ੍ਹਾਂ ਪੀਲੇ ਕਾਰਡ ਵਾਲਿਆਂ ਕੋਲ ਤਾਂ ਤਾਂ ਕਾਰਡ ਹੀ ਰਹਿ ਜਾਣੇ ਹਨ। ਚੀਜ਼ ਉਨ੍ਹਾਂ ਨੂੰ ਕੋਈ ਨਹੀਂ ਮਿਲਦੀ। ਰੋਜ਼ ਆਪਣੇ ਸਾਹਮਣੇ ਇਤਰਾਜ਼ ਉਠਾਏ ਜਾਂਦੇ ਹਨ। ਇਹ ਇਨ੍ਹਾਂ ਦੀ ਪੀਲੇ ਕਾਰਡਾਂ ਦੀ ਕਹਾਣੀ ਸੀ।

ਇਸੇ ਤਰ੍ਹਾਂ ਇੰਡਸਟਰੀ ਦਾ ਜ਼ਿਕਰ ਕਰਦਾ ਹਾਂ। ਇਨ੍ਹਾਂ ਨੇ ਕਿਹਾ ਸੀ ਕਿ ਬਠਿੰਡਾ, ਸੰਗਰੂਰ ਅਤੇ ਹੁਸ਼ਿਆਰਪੁਰ, ਜੋ ਬੈਕਵਰਡ ਇਲਾਕੇ ਡਿਕਲੇਅਰ ਕੀਤੇ ਗਏ ਹਨ, ਉਥੇ ਇੰਡਸਟਰੀ ਜਿਹੜੀ ਲਗੇਗੀ ਉਨ੍ਹਾਂ ਨੂੰ 15% ਸਬਸਿਡੀ ਦੇ ਰਹੇ ਹਨ। ਇਸ ਬਾਰੇ ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ, ਡਾਕਟਰ ਸਾਹਿਬ ਉਸ ਨੂੰ ਧਿਆਨ ਨਾਲ ਸੁਣਨ। ਅਗਰ ਚੀਫ ਮਨਿਸਟਰ ਸਾਹਿਬ ਇਥੇ ਬੈਠੇ ਹੁੰਦੇ ਤਾਂ ਮੈਂ ਉਨ੍ਹਾਂ ਨੂੰ ਵੀ ਜ਼ਰੂਰ ਕਹਿੰਦਾ। ਇਹ ਇੰਡਸਟਰੀ ਇਨ੍ਹਾਂ ਜ਼ਿਲ੍ਹਿਆਂ ਵਿਚ ਖਾਸ ਥਾਵਾਂ ਤੇ ਕਨਸੈਂਟਰੇਟ ਹੋ ਰਹੀ ਹੈ। ਸੰਗਰੂਰ ਵਿੱਚ ਲੁਧਿਆਣਾ ਦੇ ਨੇੜੇ ਜਿਹੜਾ ਇਲਾਕਾ ਅਹਿਮਦ ਗੜ੍ਹ ਤੋਂ ਲੈ ਕੇ ਮਲੇਰਕੋਟਲੇ ਦਾ ਹੈ, ਉਥੇ ਸੜਕ ਦੇ ਦੋਹਾਂ ਪਾਸੇ ਜਿਤਨੀ ਜ਼ਮੀਨ ਹੈ, ਜਿਹੜੀ ਕਿ ਬੇਹੱਦ ਉਪਜਾਊ ਹੈ, ਉਹ ਅਕਵਾਇਰ ਕੀਤੀ ਜਾ ਰਹੀ ਹੈ। ਇਸ ਜ਼ਮੀਨ ਦੇ ਕਿਸਾਨ ਕਈ ਇਨਾਮ ਜਿੱਤ ਚੁੱਕੇ ਹਨ ਅਤੇ ਕ੍ਰਿਸ਼ੀ ਪੰਡਿਤ ਵੀ ਬਣੇ ਹੋਏ ਹਨ। ਬਹੁਤ ਉਪਜਾਊ ਜ਼ਮੀਨ ਹੈ। ਅੰਗੂਰਾਂ ਦੇ ਬਾਗ ਵੀ ਲੋਕਾਂ ਨੇ ਲਾਏ ਹੋਏ ਹਨ। ਉਸ ਜ਼ਮੀਨ ਨੂੰ ਅਕਵਾਇਰ ਕਰ ਕੇ ਗੌਰਮਿੰਟ ਇੰਡਸਟਰੀ ਲਈ ਲੋਕਾਂ ਨੂੰ ਦਈ ਜਾ ਰਹੀ ਹੈ। ਇੰਡਸਟਰੀ ਵਾਲੇ ਉਥੇ ਕੌਣ ਆਉਂਦੇ ਹਨ। ਲੁਧਿਆਣੇ ਤੋਂ ਵੱਡੇ ਵਡੇ ਧਨਾਢ ਲੋਕ ਜਿਨ੍ਹਾਂ ਦੇ ਕਾਰਖਾਨੇ ਲੱਗੇ ਹੋਏ ਹਨ ਅਤੇ ਜਿਨ੍ਹਾਂ ਨੂੰ ਹੁਣ ਲੁਧਿਆਣੇ ਜ਼ਮੀਨ ਮਿਲ ਨਹੀਂ ਰਹੀ ਅਹਿਮਦਗੜ੍ਹ ਦੇ ਆਸ ਪਾਸ ਜ਼ਮੀਨ ਲੈ ਰਹੇ ਹਨ। ਉਹ ਲੋਕ ਵੱਡੇ ਵੱਡੇ ਪਲਾਟ ਲੈ ਰਹੇ ਹਨ। ਕਿਸੇ ਨੇ 25 ਏਕੜ ਜ਼ਮੀਨ ਅਕਵਾਇਰ ਕਰ ਲਈ ਹੈ ਅਤੇ ਕਿਸੇ ਨੇ 30 ਏਕੜ ਜ਼ਮੀਨ ਅਕਵਾਇਰ ਕਰ ਲਈ ਹੈ ਅਤੇ ਉਥੇ ਫਾਰਮ ਬਣਾ ਕੇ ਉਨ੍ਹਾਂ ਨੇ ਸਫੈਦੇ ਲਾਏ ਹੋਏ ਹਨ।

ਮੇਰੇ ਕੋਲ ਤਸਵੀਰਾਂ ਹਨ ਉਨ੍ਹਾਂ ਖੇਤਾਂ ਦੀਆਂ ਕਿਸਾਨਾਂ ਦੀਆਂ ਜਿਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਹੋਈਆਂ ਹਨ ਜਿਨ੍ਹਾਂ ਨੂੰ ਮੁਆਵਜ਼ਾ 20-20, 25-25 ਹਜ਼ਾਰ ਫੀ ਏਕੜ ਤੋਂ ਵੱਧ ਦਾ ਨਹੀਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਮਿਲਿਆ। ਜੇਕਰ ਇਹ ਕਾਨੂੰਨ ਦੇ ਮੁਤਾਬਿਕ ਜ਼ਮੀਨ ਖਰੀਦ ਦੇ ਤਾਂ ਕਿਸਾਨ ਨੂੰ ਜ਼ਿਆਦਾ ਪੈਸੇ ਦੇਣੇ ਬਣਦੇ ਸਨ। ਉਥੋਂ 15 ਉਨ੍ਹਾਂ ਕਿਸਾਨਾਂ ਨੂੰ ਹਿਲਣਾ ਪਵੇਗਾ ਔਰ ਡਿਪਟੀ ਸਪੀਕਰ ਸਾਹਿਬ, ਜ਼ਮੀਨ ਆਸਾਨੀ ਨਾਲ ਮਿਲਣੀ ਨਹੀਂ ਹੈ। ਉਨ੍ਹਾਂ ਨੂੰ ਉਥੋਂ ਤਕਰੀਬਨ ਤਕਰੀਬਨ ਹਿਲਾਇਆ ਜਾ ਰਿਹਾ ਹੈ। ਉਥੇ ਬਹੁਤ ਸਾਰੇ ਮੁਸਲਮਾਨ ਲੋਕ ਹਨ ਉਹ ਵਿਚਾਰੇ ਮਲੇਰਕੋਟਲੇ ਨੂੰ ਛੱਡ ਕੇ ਕਿਧਰੇ ਜਾ ਨਹੀਂ ਸਕਦੇ। ਇਸ ਲਈ ਇਹ ਬੜੀ ਭਾਰੀ ਪ੍ਰਾਬਲਮ ਹੈ। ਮੈਂ ਇਸ ਪਾਸੇ ਫਾਇਨੈਂਸ ਮਨਿਸਟਰ ਸਾਹਿਬ ਦਾ ਧਿਆਨ ਦਿਵਾਵਾਂਗਾ ਕਿ ਠੀਕ ਹੈ ਤੁਸੀਂ ਇੰਡਸਟਰੀ ਲਗਾਓ, ਅਸੀਂ ਵੀ ਤੁਹਾਡੀ ਇਸ ਮਾਮਲੇ ਵਿਚ ਸਹਾਇਤਾ ਵਾਸਤੇ ਤਿਆਰ ਹਾਂ ਲੇਕਿਨ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਇਨ-ਡਸਟਰੀ ਇਕੋ ਹੀ ਥਾਂ ਤੇ ਕਨਸੈਂਟਰੇਟ ਨਾ ਕੀਤੀ ਜਾਵੇ। ਸੰਗਰੂਰ ਸਾਰਾ ਜ਼ਿਲ੍ਹਾ ਪਿਆ ਹੈ। ਹੁਣ ਤਾਂ ਪਿੰਡ ਪਿੰਡ ਵਿਚ ਸੜਕਾਂ ਚਲੀਆਂ ਗਈਆਂ ਹਨ ਲੇਕਿਨ ਉਥੇ ਇੰਡਸਟਰੀਐਲਿਸਟ ਜਾਣ ਵਾਸਤੇ ਤਿਆਰ ਨਹੀਂ ਹਨ ਕਿਉਂ ਕਿ ਸਰਕਾਰ ਵਲੋਂ ਜਿਥੇ ਉਹ ਚਾਹੁੰਦੇ ਹਨ ਜ਼ਮੀਨ ਐਕੁਆਇਰ ਕਰ ਕੇ ਦਿਤੀ ਜਾਂਦੀ ਹੈ, ਫਿਰ ਸਬਸਿਡੀ ਮਿਲਦੀ ਹੈ, ਸਰਕਾਰੀ ਖਰਚੇ ਤੇ ਜ਼ਮੀਨ ਐਕੁਆਇਰ ਕਰਕੇ ਦੇ ਦਿਤੀ ਜਾਂਦੀ ਹੈ। ਜਿਸ ਕਿਸੇ ਨੂੰ ਦੋ ਏਕੜ ਜ਼ਮੀਨ ਚਾਹੀਦੀ ਹੈ ਉਹ 20-20 ਏਕੜ ਐਕੁਆਇਰ ਕਰਵਾ ਲੈਂਦਾ ਹੈ। ਉਥੇ ਜ਼ਮੀਨ ਵਿਚ ਫਸਲਾਂ ਖੜੀਆਂ ਹਨ ਔਰ ਉਹ ਜ਼ਮੀਨ ਸਰਕਾਰੀ ਖਰਚੇ ਤੇ ਐਕੁਆਇਰ ਕਰ ਕੇ ਦੇ ਦਿਤੀ ਗਈ ਹੈ। ਉਥੋਂ ਇਕ ਪਿੰਡ ਰਹੇੜਾ ਹੈ ਉਥੋਂ ਦੇ ਲੋਕ ਮੇਰੇ ਪਾਸ ਆਏ ਸਨ। ਉਥੇ ਸਾਰੀ ਦੀ ਸਾਰੀ ਜ਼ਮੀਨ ਐਕੁਆਇਰ ਕਰ ਲਈ ਗਈ ਹੈ। ਉਨਾਂ ਲੋਕਾਂ ਨੂੰ ਹੋਰ ਕਿਤੇ ਜ਼ਮੀਨ ਮਿਲਦੀ ਨਹੀਂ ਹੈ, ਬੜੀ ਫਰਟਾਈਲ ਜ਼ਮੀਨ ਹੈ। ਪਰ ਕੁੱਪ ਵਿਚ ਜਿਥੇ 200 ਏਕੜ ਬੰਜਰ ਜ਼ਮੀਨ ਪਈ ਹੈ ਉਸ ਵੱਲ ਧਿਆਨ ਨਹੀਂ ਕੀਤਾ ਜਾਂਦਾ ਕਿਉਂ ਕਿ ਉਥੇ ਇੰਡਸਟਰੀਐਲਿਸਟ ਜ਼ਮੀਨ ਲੈਣਾ ਨਹੀਂ ਚਾਹੁੰਦੇ। ਧਨਾਢ ਲੋਕਾਂ ਦੀ ਨੀਯਤ ਹੁੰਦੀ ਹੈ ਕਿ ਵਧੀਆ ਜ਼ਮੀਨ ਲਈ ਜਾਵੇ, ਉਸ ਵਿਚ ਫਿਰ ਖੇਤੀ ਕੀਤੀ ਜਾਂਦੀ ਹੈ ਕਿਧਰੇ ਬਾਗ ਵਗੈਰਾ ਬਣਾ ਲਏ ਜਾਂਦੇ ਹਨ। ਉਥੇ ਦੋ ਸੋ ਏਕੜ ਜ਼ਮੀਨ ਕੁੱਪ ਦਾ ਕੱਲਰ ਪਿਆ ਹੈ। ਉਥੇ ਇੰਡਸਟਰੀ ਲਗਾਉਣੀ ਚਾਹੀਦੀ ਹੈ ਪਰ ਜਿਹੜੀ ਸਰਕਾਰ ਨੇ ਜ਼ਮੀਨ ਐਕੁਆਇਰ ਕੀਤੀ ਹੈ ਉਥੇ ਅੰਡਰ ਗਰਾਉਂਡ ਪਾਈਪਾਂ ਰਾਹੀਂ ਇਰੀਗੇਸ਼ਨ ਹੁੰਦੀ ਹੈ ਔਰ ਉਹ ਵਧਿਆ ਜ਼ਮੀਨ ਹੈ। ਉਹ ਜ਼ਮੀਨ ਇੰਡਸਟਰੀਐਲਿਸਟਾਂ ਨੂੰ ਦਿੱਤੀ ਗਈ ਹੈ ਪਰ ਇੰਡਸਟਰੀ ਲੱਗ ਨਹੀਂ ਰਹੀ ਤਿੰਨ ਚਾਰ ਸਾਲ ਹੋ ਚੁਕੇ ਹਨ, ਉਹ ਲੋਕ ਨਫਾ ਕਮਾ ਰਹੇ ਹਨ, ਕਿਸੇ ਵੇਲੇ ਉਹ ਜ਼ਮੀਨ ਵੇਚ ਕੇ ਚਲੇ ਜਾਣਗੇ ਕਿਉਂ ਕਿ ਕੀਮਤਾਂ ਵੱਧਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਜ਼ਮੀਨ ਦਾ ਵੀ ਇਹ ਇਕ ਬੜਾ ਸਕੈਂਡਲ ਹੈ। ਇਸ ਲਈ ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਜ਼ਮੀਨ ਇੰਡਸਟਰੀ ਲਈ ਇਕ ਜਗਾ ਹੀ ਨਾ ਲਵੋ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਜ਼ਮੀਨ ਐਕੁਆਇਰ ਕਰੋ, ਦੋ ਦੋ ਤਿੰਨ ਤਿੰਨ ਮੀਲ ਮੇਨ ਸੜਕ ਤੋਂ ਪਰੇ ਜਾਓ, ਉਥੇ ਲੋਕ ਖੁਸ਼ੀ ਨਾਲ ਜ਼ਮੀਨਾਂ ਦੇਣ ਨੂੰ ਤਿਆਰ ਹਨ। ਉਥੇ ਜ਼ਮੀਨਾਂ ਐਕੁਆਇਰ ਕਰ ਕੇ ਇੰਡਸਟਰੀਐਲਿਸਟਾਂ ਨੂੰ ਬੇਸ਼ਕ ਦਿਓ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ 20 ਪੁਆਇੰਟਸ ਦਾ ਜ਼ਿਕਰ ਕੀਤਾ ਹੈ। ਸਰਦਾਰ ਬਲਵੰਤ ਸਿੰਘ ਹੋਰੀਂ ਉਸ ਬਾਰੇ ਬੜੇ ਹੀ ਵਿਸਥਾਰ ਨਾਲ ਕਹਿ ਗਏ ਹਨ, ਮੈਂ ਤਾਂ ਇਹ ਹੀ ਕਹਾਂਗਾ ਕਿ ਇਹਨਾਂ ਨੇ ਰੇਪੀਟੀਸ਼ਨ ਹੀ ਕੀਤੀ ਹੈ। ਡਾਕਟਰ ਸਾਹਿਬ ਦੀ ਬਜਟ ਸਪੀਚ ਦੇ ਪੇਜ 23 ਵਿਚ ਜ਼ਿਕਰ ਆਇਆ ਹੈ ਕਿ ਅਸੀਂ ਐਡਲਟ ਐਜੂਕੇਸ਼ਨ ਦੇਣੀ ਹੈ। ਉਸ ਲਈ ਫੰਡਜ਼ ਦੀ ਐਲੋਕੇਸ਼ਨ ਬਾਰੇ ਲਿਖਿਆ ਹੈ :--

The total allocation for these programmes in the year 1982-83 is of the order of Rs. 80.47 crores.

Original with;
Punjab Vidhan Sabha
Digitized by;
Panjab Digital Library

80 ਕਰੋੜ 47 ਲੱਖ ਰੁਪਿਆ ਇਸ ਪ੍ਰੋਗਰਾਮ ਲਈ ਰੱਖਿਆ ਹੈ। ਮੈਨੂੰ ਇਹ ਲਗਦਾ ਹੈ ਕਿ ਕੋਈ ਇਨ੍ਹਾਂ ਪਾਸੋਂ ਗਲਤੀ ਨਾਲ ਇਹ ਲਿਖਿਆ ਗਿਆ ਹੈ ਕਿਉਂਕਿ ਐਜੂਕੇਸ਼ਨ ਵਾਸਤੇ ਟੋਟਲ ਆਊਟਲੇਅ 140 ਕਰੋੜ 78 ਲੱਖ ਰੁਪਿਆ ਹੈ ਔਰ ਉਸ ਵਿਚੋਂ ਐਡਲਟ ਐਜੂਕੇਸ਼ਨ ਲਈ 80 ਕਰੋੜ ਤੋਂ ਜ਼ਿਆਦਾ ਰੁਪਿਆ ਇਨ੍ਹਾਂ ਨੇ ਰੱਖਿਆ ਹੈ। ਮੈਂ ਸਮਝਦਾ ਹਾਂ ਕਿ ਇਤਨਾ ਵੱਧ ਖਰਚਾ ਤਾਂ ਨਹੀਂ ਸੀ ਹੋ ਸਕਦਾ। ਸ਼ਾਇਦ ਇਸ ਵਿਚ ਕੋਈ ਗਲਤੀ ਹੋਈ ਹੈ। ਮੈਂ ਇਹ ਮਹਿਸੂਸ ਕਰਦਾ ਹਾਂ। ਇਸ ਦੀ ਦਰੁਸਤੀ ਕਰ ਲਈ ਜਾਵੇ। ਫਿਰ ਪੇਜ਼ 25 ਉਤੇ ਪ੍ਰੋਕਿਉਅਰਮੈਂਟ ਬਾਰੇ ਕਿਹਾ ਗਿਆ ਹੈ ਕਿ ਪ੍ਰਾਇਸਿਜ਼ ਫੂਡਗਰੇਨਜ਼ ਦੀਆਂ ਵਧਾ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਨਾਲ ਇਨ੍ਹਾਂ ਨੇ ਇਹ ਪਲੀਡ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਅਸੀਂ ਕਿਸਾਨ ਦੀ ਜੇਬ ਵਿਚ 155 ਕਰੋੜ ਰੁਪਿਆ ਵਾਧੂ ਪਾ ਦਿੱਤਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਸਾਡੀ ਕੋਸ਼ਿਸ਼ ਕਰਕੇ ਇਹ 155 ਕਰੋੜ ਰੁਪਿਆ ਕਿਸਾਨ ਦੀ ਜੇਬ ਵਿਚ ਵਾਧੂ ਪਿਆ ਹੈ। ਮੈਂ ਸਮਝਦਾ ਹਾਂ ਕਿ ਇਹ ਵੀ ਇਨ੍ਹਾਂ ਨੇ ਕੈਮੋਫਲੇਜ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਗੱਲ ਦਾ ਕ੍ਰੈਡਿਟ ਲਈ ਜਾਣਾ ਮੈਂ ਸਮਝਦਾ ਹਾਂ ਕਿ ਫਾਇਨਾਂਸ ਮਨਿਸਟਰ ਸ਼ਾਹਿਬ ਨੂੰ ਸੋਭਦਾ ਨਹੀਂ। ਬਜਟ ਬਨਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਕਿਸਾਨ ਦੀ ਕਾਸਟ ਆਫ ਪ੍ਰੋਡਕਸ਼ਨ ਵੀ ਦਸਦੇ ਕਿ ਇਤਨੀਂ ਕਾਸਟ ਆਫ ਪ੍ਰੋਡਕਸ਼ਨ ਵੀ ਵਧੀ ਹੈ। ਇਨ੍ਹਾਂ ਨੇ ਇਹ ਤਾਂ ਕਹਿ ਦਿੱਤਾ ਹੈ ਕਿ ਇਨ੍ਹਾਂ ਦੀ ਕੋਸ਼ਿਸ਼ ਕਰਕੇ ਕਣਕ ਦੀ ਕੀਮਤ 13 ਰੁਪਏ ਅਤੇ ਚਾਵਲ ਦੀ ਕੀਮਤ 10 ਰੁਪਏ ਪਰ ਕੁਐਂਟਲ ਵਧੀ ਹੈ। ਇਸ ਤਰ੍ਹਾਂ ਨਾਲ ਇਨ੍ਹਾਂ ਨੇ ਕੈਲਕੂਲੇਟ ਕਰਕੇ 155 ਕਰੋੜ ਰੁਪਿਆ ਬਣਾ ਦਿੱਤਾ ਹੈ। ਪਰ ਇਨ੍ਹਾਂ ਨੂੰ ਚਾਹੀਦਾ ਸੀ ਕਿ ਫਰਟੀਲਾਈਜ਼ਰ ਦੀਆਂ ਕੀਮਤਾਂ ਬਾਰੇ ਵੀ ਦੱਸਦੇ। ਜਿਹੜਾ ਥੈਲਾ 70 ਰੁਪਏ ਦਾ ਸੀ ਉਸ ਦੀ ਕੀਮਤ 117 ਰੁਪਏ ਹੋ ਗਈ ਹੈ, ਡੀਜ਼ਲ ਮਹਿੰਗਾ ਹੋ ਗਿਆ ਹੈ, ਇੰਪਲੀਮੈਂਟਸ ਮਹਿੰਗੇ ਹੋ ਗਏ ਹਨ। ਅਸਲ ਵਿਚ ਜਿਹੜੀ ਅਸਲੀਅਤ ਸੀ ਉਹ ਇਹ ਚਲਾਕੀ ਕਰਕੇ ਲਕੋ ਗਏ ਹਨ। ਚਲਾਕੀ ਵਾਲੀ ਗੱਲ ਬਜਟ ਵਿਚ ਨਹੀਂ ਸੀ ਹੋਣੀ ਚਾਹੀਦੀ ਕਿਉਂਕਿ ਇਹ ਤਾਂ ਸਮੁੱਚੇ ਪੰਜਾਬ ਦੇ ਲੋਕਾਂ ਲਈ ਹੁੰਦਾ ਹੈ। ਇਸ ਚਲਾਕੀ ਵਾਲੀ ਗੱਲ ਨੂੰ ਮੈਂ ਕਨਡੈਮ ਕਰਦਾ ਹਾਂ। ਸਾਢੇ ਸੱਤ ਲੱਖ ਟਨ ਨਿਊਟਰੈਂਟ ਤੋਂ ਵੱਧ ਅਸੀਂ ਫਰਟੀ-ਲਾਈਜ਼ਰ ਵਰਤਦੇ ਹਾਂ। ਜਿਸ ਦਾ 90 ਕਰੋੜ ਰੁਪਿਆ ਕਿਸਾਨਾਂ ਨੂੰ ਵਾਧੂ ਖਰਚਣਾ ਪੈ ਰਿਹਾ ਹੈ, ਡੀਜ਼ਲ ਦਾ ਖਰਚਾ ਵਧ ਗਿਆ ਹੈ, ਇੰਪਲੀਮੈਂਟਸ ਮਹਿੰਗੇ ਹੋ ਗਏ ਹਨ, ਲੇਬਰ ਮਹਿੰਗੀ ਹੋ ਗਈ ਹੈ। ਇਸ ਤਰ੍ਹਾਂ ਨਾਲ ਕਾਸਟ ਆਫ ਪ੍ਰੋਡਕਸ਼ਨ ਕਿਤਨੀ ਵਧ ਗਈ ਹੈ, ਇਹ ਚੀਜ਼ ਇਨ੍ਹਾਂ ਨੇ ਲਕੋ ਲਈ ਹੈ। ਕੀ ਇਹ ਕੋਈ ਕੰਪੀਟੀਸ਼ਨ ਸੀ ਜਿਸ ਵਿਚ ਕਿ ਇਹ ਸਮਝਦੇ ਸਨ ਕਿ ਇਨ੍ਹਾਂ ਨੇ ਕਿਸੇ ਚਲਾਕੀ ਨਾਲ ਜਿੱਤਣਾ ਹੈ? ਨਹੀਂ, ਡਿਪਟੀ ਸਪੀਕਰ ਸਾਹਿਬ, ਬਜਟ ਵਿਚ ਤਾਂ ਸਹੀ ਤਸਵੀਰ ਹੋਣੀ ਚਾਹੀਦੀ ਸੀ। ਕੋਈ ਚੀਜ਼ ਕਿਸੇ ਤੋਂ ਲਕੋਣੀ ਨਹੀਂ ਸੀ ਚਾਹੀਦੀ। ਮੇਰੇ ਖ਼ਿਆਲ ਮੁਤਾਬਿਕ ਕੋਈ 100 ਕਰੋੜ ਰੁਪਏ ਦਾ ਨੁਕਸਾਨ ਇਨ੍ਹਾਂ ਨੇ ਕਿਸਾਨ ਦਾ ਕੀਤਾ ਹੈ। ਇਨਪੁਟਸ ਦੀਆਂ ਪ੍ਰਾਈਸਿਜ਼ ਕਿਸ ਤਰ੍ਹਾਂ ਨਾਲ ਵੱਧਦੀਆਂ ਜਾ ਰਹੀਆਂ ਹਨ ਔਰ ਇਹ ਗਲ ਨਹੀਂ ਪਾ ਸਕੇ, ਰੋਕ ਨਹੀਂ ਸਕੇ।

ਫਿਰ ਇਨ੍ਹਾਂ ਨੇ ਲਿਖਿਆ ਹੈ ਕਿ ਇਨ੍ਹਾਂ ਨੇ ਪਾਵਰ ਪ੍ਰੋਡਕਸ਼ਨ ਦੇ ਮਾਮਲੇ ਵਿਚ ਜ਼ੋਰ ਲਗਾ ਦਿੱਤਾ ਹੈ। ਇਹ ਕਹਿੰਦੇ ਹਨ ਕਿ ਇਸ ਸਾਲ ਦੀ ਪਲਾਨ ਨੂੰ ਪਾਵਰ ਪਲਾਨ ਕਿਹਾ ਜਾਵੇਗਾ। ਪਾਵਰ ਪ੍ਰੋਜੈਕਟ ਕੋਈ ਇਸ ਤਰ੍ਹਾਂ ਦੀਆਂ ਚੀਜ਼ਾਂ ਨਹੀਂ ਹਨ ਜਿਹੜੀਆਂ ਕਿ ਇਕ ਸਾਲ ਵਿਚ ਕੰਪ-ਲੀਟ ਹੋ ਜਾਂਦੀਆਂ ਹਨ, ਇਹ ਤਾਂ ਕਈ ਕਈ ਸਾਲਾਂ ਦੇ ਪਲਾਨਜ਼ ਹੁੰਦੇ ਹਨ। ਬਜਟ ਸਪੀਚ ਦੇ ਪੇਜ਼-31 ਤੇ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਔਰ ਕਿਹਾ ਹੈ ਕਿ ਇਹ ਸਾਡੀ ਕੋਸ਼ਿਸ਼ ਦਾ ਨਤੀਜਾ ਹੈ ਕਿ--

"An additional installed capacity of 175.5 MWs will become available during 1982-83."

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਇਹ ਇਸ ਗੱਲ ਦਾ ਕ੍ਰੈਡਿਟ ਲੈ ਰਹੇ ਹਨ ਕਿ ਅਸੀਂ 175.5 ਮੈਗਾਵਾਟ ਵਾਧੂ ਬਿਜਲੀ ਦੇਣੀ ਹੈ। ਇਹ ਕਹਿੰਦੇ ਹਨ ਕਿ ਅਸੀਂ ਇਸ ਪਾਸੇ ਜ਼ੋਰ ਲਗਾ ਦਿੱਤਾ ਹੈ। ਪਰ ਮੈਂ ਕਹਿੰਦਾ ਹਾਂ ਕਿ ਇਹ ਇਸ ਗੱਲ ਦਾ ਕ੍ਰੈਡਿਟ ਨਹੀਂ ਲੈ ਸਕਦੇ। ਇਹ ਠੀਕ ਹੈ ਕਿ ਥਰਮਲ ਪਲਾਂਟ ਰੋਪੜ ਦਾ ਨੀਂਹ ਪੱਥਰ ਇਨ੍ਹਾਂ ਨੇ ਰੱਖਿਆ ਹੈ ਪਰ ਇਸ ਤੋਂ ਵੱਧ ਹੋਰ ਕੋਈ ਗੱਲ ਨਹੀਂ ਹੈ। ਲੇਕਿਨ ਇਹ ਸਾਰੀਆਂ ਪੁਰਾਣੀਆਂ ਸਕੀਮਾਂ ਹਨ ਜਿਹੜੀਆਂ ਕਿ ਚਲਦੀਆਂ ਆ ਰਹੀਆਂ ਹਨ ਔਰ ਜੋ ਕਿ ਹੁਣ ਮੁਕਣ ਵਾਲੀਆਂ ਸਨ। ਕਿਸੇ ਨੇ 82 ਵਿਚ ਮੁੱਕ ਜਾਣਾ ਹੈ, ਕੋਈ 81 ਵਿਚ ਮੁੱਕ ਗਈ ਹੈ, ਸੋ ਇਹ ਤਾਂ ਪੁਰਾਣੀਆਂ ਹੀ ਸਕੀਮਾਂ ਸਨ ਜਿਨ੍ਹਾਂ ਦਾ ਇਨ੍ਹਾਂ ਨੇ ਜ਼ਿਕਰ ਕਰ ਦਿੱਤਾ ਹੈ ਔਰ ਕ੍ਰੈਡਿਟ ਲੈਣ ਦੀ ਕੋਸ਼ਿਸ਼ ਕੀਤੀ ਹੈ। ਪਰ ਇਸ ਵਿਚ ਕ੍ਰੈਡਿਟ ਵਾਲੀ ਗੱਲ ਕੋਈ ਨਹੀਂ ਹੈ। ਇਹ ਸਕੀਮਾਂ ਅਸੀਂ ਚਾਲੂ ਕੀਤੀਆਂ ਸਨ। ਪੇਜ਼ 31 ਤੇ ਇਨ੍ਹਾਂ ਨੇ ਸ਼ਾਨਨ ਪ੍ਰਾਜੈਕਟ ਦਾ ਜ਼ਿਕਰ ਕੀਤਾ ਹੈ। ਯੂ.ਬੀ.ਡੀ.ਸੀ. ਦਾ ਜ਼ਿਕਰ ਆਇਆ ਹੈ ਪਰ ਇਹ ਸਾਰੇ ਹੀ ਇਸ ਤਰ੍ਹਾਂ ਦੇ ਪ੍ਰਾਜੈਕਟ ਹਨ ਜਿਹੜੇ ਕਿ ਪਹਿਲਾਂ ਦੇ ਚਲਦੇ ਆ ਰਹੇ ਹਨ। ਬਿਆਸ ਯੂਨਿਟ ਹੈ ਉਸ ਨੇ 1983-84 ਵਿਚ ਖਤਮ ਹੋ ਜਾਣਾ ਹੈ। ਉਸ ਤੇ ਕੰਮ ਚਲ ਰਿਹਾ ਹੈ। ਫਿਰ ਇਹ ਉਸ ਵੇਲੇ ਕਹਿਣਗੇ ਕਿ ਸਾਨੂੰ ਕ੍ਰੈਡਿਟ ਦਿਓ ਅਸੀਂ ਇਹ ਕੰਮ ਕੀਤਾ ਹੈ। ਪਰ ਕ੍ਰੈਡਿਟ ਵਾਲੀ ਕੋਈ ਗੱਲ ਨਹੀਂ ਹੈ, ਕਈ ਸਾਲਾਂ ਵਿਚ ਪ੍ਰਾਜੈਕਟਸ ਨੇ ਖ਼ਤਮ ਹੋਣਾ ਹੁੰਦਾ ਹੈ। ਦੂਸਰਿਆਂ ਪ੍ਰਾਜੈਕਟਾਂ ਦਾ ਜ਼ਿਕਰ ਕਰ ਦਿੱਤਾ ਹੈ ਕਿ ਕਦੋਂ ਕਦੋਂ ਖਤਮ ਹੋਣੇ ਹਨ। ਰੋਪੜ ਵਾਲੇ ਨੇ 1983-84 ਵਿਚ ਬਿਜਲੀ ਦੇਣੀ ਹੈ। ਠੀਕ ਹੈ ਅਸੀਂ ਵੀ ਚਾਹੁੰਦੇ ਹਾਂ ਕਿ ਬਿਜਲੀ ਜ਼ਿਆਦਾ ਹੋਵੇ, ਲੇਕਿਨ ਇਹ ਕਹਿਣਾ ਕਿ ਇਸ ਦਾ ਕਰੈਡਿਟ ਸਾਨੂੰ ਦੇ ਦਿਓ ਕਿਉਂਕਿ ਇਸ ਲਈ ਅਸੀਂ ਵਾਧੂ ਪੈਸੇ ਦੇ ਦਿੱਤੇ ਹਨ, ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਖਾਸ ਕਰੈਡਿਟ ਲੈਣ ਵਾਲੀ ਗੱਲ ਨਹੀਂ। ਫਿਰ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿਚ ਇਹ ਕਿਹਾ ਹੈ ਕਿ ਅਸੀਂ ਮਾਈਕਰੋ ਹਾਈਡਲ ਰਿਸੋਰਸਿਜ਼ ਟੈਪ ਕਰ ਰਹੇ ਹਾਂ ਔਰ ਇਸ ਵਾਸਤੇ 5 ਜਗ੍ਹਾ ਤੇ ਇਨਵੈਸਟੀਗੇਸ਼ਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਮੈਂ ਸਮਝਦਾ ਹਾਂ ਕਿ ਇਸ ਵਾਸਤੇ ਕੋਈ ਬਹੁਤੀ ਐਕਸਪਲੋਰ ਕਰਨ ਦੀ ਲੋੜ ਨਹੀਂ। ਇਸ ਪਟਿਆਲਾ ਵਿਚ ਜਦੋਂ ਪਹਿਲੀ ਵਾਰ ਬਿਜਲੀ ਆਈ ਤਾਂ ਉਸ ਵੇਲੇ ਨਿਦਾਮਪੁਰ ਜਿਹੜਾ ਕਿ ਘਗਰ ਬਰਾਂਚ ਤੇ ਹੈ ਉਥੋਂ ਹੀ ਪਹਿਲੀ ਵਾਰ 16 ਮੀਲ ਲੰਬੀ ਲਾਈਨ ਲਿਆਕੇ ਪਟਿਆਲਾ ਵਿਚ ਬਿਜਲੀ ਦੀ ਸਪਲਾਈ ਕੀਤੀ ਗਈ ਸੀ। ਥਰਮਲ ਤਾਂ ਉਥੇ ਬਾਅਦ ਵਿਚ ਬਣਿਆ ਸੀ। ਪਹਿਲਾਂ ਨਿਦਾਮਪੁਰ ਤੇ ਹੀ ਬਿਜਲੀ ਆਉਣੀ ਸ਼ੁਰੂ ਹੋਈ ਸੀ। ਇਸ ਲਈ ਇਸ ਵਿਚ ਕੋਈ ਔਖੀ ਗਲ ਨਹੀਂ। ਔਰ ਨਾ ਹੀ ਇਨ੍ਹਾਂ ਦੀ ਕੋਈ ਕਰੈਡਿਟ ਲੈਣ ਵਾਲੀ ਗਲ ਹੈ। ਠੀਕ ਹੈ ਅਸੀਂ ਵੀ ਚਾਹੁੰਦੇ ਹਾਂ ਕਿ ਇਸ ਤਰ੍ਹਾਂ ਦੇ ਬਿਜਲੀ ਦੇ ਸੈਂਟਰ ਬਣਾਉਣੇ ਚਾਹੀਦੇ ਹਨ ਤਾਕਿ ਕੁਝ ਬਿਜਲੀ ਵੱਧੇ। ਇਸ ਦੀ ਸਾਨੂੰ ਬਹੁਤ ਲੋੜ ਹੈ। ਔਰ ਇਸ ਤਰ੍ਹਾਂ ਦੀ ਬਿਜਲੀ ਸਾਨੂੰ ਹੋਰ ਲੈਣੀ ਚਾਹੀਦੀ ਹੈ। ਪਰ ਇਸ ਵਿਚ ਇਨ੍ਹਾਂ ਨੂੰ ਕਰੈਡਿਟ ਵਾਲੀ ਕੋਈ ਗੱਲ ਨਹੀਂ ਜਾਂਦੀ।

ਫਿਰ ਇਥੇ ਜ਼ਿਕਰ ਆਇਆ ਹੈ ਪਾਣੀ ਦੀ ਵੰਡ ਬਾਰੇ। ਮੈਂ ਦੱਸਦਾ ਹਾਂ ਕਿ ਜਿਹੜਾ ਐਗਰੀਮੈਂਟ ਇਨ੍ਹਾਂ ਨੇ ਕੀਤਾ ਹੈ ਉਸ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ --

> "Under the agreement Punjab has got substantial increase over the earlier share of 3.5 million acre feet"

ਮੈਂ ਇਹ ਪੁੱਛਦਾ ਹਾਂ ਕਿ ਇਹ ਜਿਹੜਾ ਪਾਣੀ 3.5 ਮਿਲਿਅਨ ਏਕੜ ਫੀਟ ਤੋਂ ਵੱਧ ਕੇ 4.22 ਮਿਲਿਅਨ ਏਕੜ ਫੀਟ ਹੋ ਗਿਆ ਹੈ, ਇਹ ਕਿਵੇਂ ਵਾਧਾ ਹੋ ਗਿਆ ਹੈ। ਮੈਂ ਤਾਂ ਸਮਝਦਾ

Original with;
Punjab Vidhan Sabha
Digitized by;
Panjab Digital Library

ਹਾਂ ਕਿ ਇਹ ਜਿਹੜਾ ਐਗਰੀਮੈਂਟ ਹੋਇਆ ਹੈ ਇਸ ਨਾਲ ਪੰਜਾਬ ਦੇ ਇੰਟਰੈਸਟ ਨੂੰ ਕੰਪਲੀਟਲੀ ਸੇਲ ਆਊਟ ਕਰ ਦਿੱਤਾ ਗਿਆ ਹੈ। 3.5 ਮਿਲਿਆਨ ਫੀਟ ਦਾ ਫੈਸਲਾ ਤਾਂ ਕਾਫੀ ਸਮਾਂ ਪਹਿਲੇ ਹੋ ਗਿਆ ਸੀ ਔਰ ਇਹ ਚੁਪ ਕਰਕੇ ਬੈਠ ਗਏ ਸਨ ਕਿ ਇਹ ਫਾਈਨਲ ਡਿਸੀਜ਼ਨ ਹੋ ਗਿਆ ਹੈ, ਪ੍ਰਾਈਮ ਮਨਿਸਟਰ ਸਾਹਿਬਾ ਨੇ ਫੈਸਲਾ ਕਰ ਦਿੱਤਾ ਹੈ, ਇਸ ਲਈ ਇਸ ਵਿਚ ਹੋਰ ਕੁਝ ਨਹੀਂ ਕੀਤਾ ਜਾ ਸਕਦਾ। ਪਰ ਜਦੋਂ ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਉਨ੍ਹਾਂ ਨੇ ਇਹ ਕੇਸ ਰੀਓਪਨ ਕਰਵਾਇਆ ਔਰ ਇਹ ਕਿਹਾ ਕਿ ਇਹ ਜਿਹੜਾ 3.5 ਦਾ ਫੈਸਲਾ ਹੈ ਇਹ ਅਸੀਂ ਨਹੀਂ ਮੰਨਦੇ। ਅਸੀਂ ਹੀ ਪਾਣੀ ਦਾ ਝਗੜਾ ਪਾਇਆ। ਫਿਰ ਸਿਰਫ ਗੌਰਮਿੰਟ ਨਾਲ ਹੀ ਝਗੜਾ ਨਹੀਂ ਪਾਇਆ ਬਲਕਿ ਸੁਪਰੀਮ ਕੋਰਟ ਵਿਚ ਕੇਸ ਕਰ ਦਿੱਤਾ ਔਰ ਸਾਨੂੰ ਇਹ ਜਾਪਦਾ ਸੀ ਕਿ ਸਾਨੂੰ ਇਹ ਕੇਸ ਸੁਪਰੀਮ ਕੋਰਟ ਵਿਚ ਕਰਨ ਨਾਲ ਕੁਝ ਨਾ ਕੁਝ ਲਾਭ ਹੋਵੇਗਾ। ਮੈਨੂੰ ਉਸ ਵੇਲੇ ਦੇ ਹਾਲਾਤ ਬਾਰੇ ਪਤਾ ਹੈ । ਮੈਂ ਉਸ ਵੇਲੇ ਦੀਆਂ ਗਲਾਂ ਹਾਲੇ ਵੀ ਸੀਕਰਟ ਰੱਖਣਾ ਚਾਹੁੰਦਾ ਹਾਂ ਕਿਉਂਕਿ ਕੁਝ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜਿਹੜੀਆਂ ਕਿ ਵਜ਼ੀਰਾਂ ਨੂੰ ਬਾਅਦ ਵਿਚ ਵੀ ਸੀਕਰਟ ਰਖ-ਣੀਆਂ ਪੈਂਦੀਆਂ ਹਨ, ਇਸ ਲਈ ਮੈਂ ਉਹ ਦੱਸਣਾ ਨਹੀਂ ਚਾਹੁੰਦਾ, ਪਰ ਮੈਂ ਇਹ ਅਰਜ਼ ਕਰਾਂਗਾ ਕਿ ਬਾਦਲ ਸਾਹਿਬ ਨੇ ਇਹ ਕੇਸ ਰੀਓਪਨ ਕਰਵਾਈਆ ਸੀ ਤਾਕਿ ਲੋਕਾਂ ਨੂੰ ਸਾਡੇ ਪੰਜਾਬ ਨੂੰ ਫਾਇਦਾ ਹੋਵੇ ਪਰ ਇਨ੍ਹਾਂ ਨੇ ਹੁਣ ਆਕੇ ਉਹ ਕੇਸ ਵਾਪਸ ਲੈ ਲਿੱਤਾ ਹੈ ਸਿਰਫ ਇਸ ਲਈ ਕਿ ਕਿਸੇ ਨਾ ਕਿਸੇ ਤਰੀਕੇ ਹਰਿਆਣੇ ਦੀ ਇਲੈਕਸ਼ਨ ਵਿਚ ਲਾਭ ਹੋਵੇਗਾ । ਸਿਰਫ ਐਨੀ ਗਲ ਨੂੰ ਮੁੱਖ ਰਖਕੇ ਇਨ੍ਹਾਂ ਨੇ ਪੰਜਾਬ ਦੇ ਸਾਰੇ ਇੰਟਰਸਟ ਨੂੰ ਸੇਲ ਆਊਟ ਕਰ ਦਿਤਾ। ਮੈਂ ਸਮਝਦਾ ਹਾਂ ਕਿ ਇਸ ਤੋਂ ਵੱਧ ਬੇਇਨਸਾਫੀ ਹੋਰ ਕੋਈ ਨਹੀਂ ਹੋ ਸਕਦੀ। ਫਿਰ ਮੈਨੂੰ ਇਕ ਹੋਰ ਬੜੀ ਅਜੀਬ ਗਲ ਲਗੀ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਪਾਣੀ ਜਿਹੜਾ ਹੈ ਇਹ ਵੱਧ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਇਹ 24 ਮਾਰਚ, 1976 ਦਾ ਫੈਸਲਾ ਹੈ ਕਿ 3.5 ਮਿਲਿਆਨ ਫੀਟ ਪਾਣੀ ਮਿਲਣਾ ਹੈ। ਫਿਰ ਸਮਝ ਨਹੀਂ ਆਈ ਕਿ ਹੁਣ ਇਹ ਪਾਣੀ ਵੱਧ ਕਿਸ ਤਰ੍ਹਾਂ ਗਿਆ ਕੋਈ ਇਹ ਰਬੜ ਤਾਂ ਹੈ ਨਹੀਂ, ਜਿਸ ਨੂੰ ਖਿਚ ਕੇ ਵਧਾ ਲਿਆ ਹੈ। 1976 ਦੇ ਫੈਸਲੇ ਵੇਲੇ ਇਹ ਪਾਣੀ ਕਿਉਂ ਨਾ ਵਧਿਆ ਔਰ ਹੁਣ ਕਿਸ ਤਰ੍ਹਾਂ ਵੱਧ ਗਿਆ। ਹਾਂ ਜੇ ਇਹ ਕਹਿੰਦੇ ਕਿ ਅਸੀਂ ਪਾਣੀ ਦਾ ਹਿੱਸਾ ਪਹਿਲੇ ਹਿਸਾਬ ਨਾਲ ਹੀ ਐਨਾ ਵੱਧ ਲਿਆ ਹੈ ਤਾਂ ਫਿਰ ਕੋਈ ਗਲ ਸਮਝ ਆ ਸਕਦੀ ਸੀ ਪਰ ਇਨ੍ਹਾਂ ਨੇ ਕਿਹਾ ਹੈ ਕਿ ਪਾਣੀ ਵੱਧ ਗਿਆ ਹੈ। ਇਹ ਸਮਝ ਨਹੀਂ ਆਉਂਦੀ ਕਿ ਇਹ ਝਟਪਟ ਪਾਣੀ ਕਿਸ ਤਰ੍ਹਾਂ ਵਧ ਗਿਆ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਗਲ ਕਹਿ ਕੇ ਇਨ੍ਹਾਂ ਨੂੰ ਕੋਈ ਕਰੈਡਿਟ ਨਹੀਂ ਜਾਂਦਾ। ਫਿਰ ਡਿਪਟੀ ਸਪੀਕਰ ਸਾਹਿਬ, ਪਾਣੀ ਪੰਜਾਬ ਦਾ ਹੈ, ਦਰਿਆ ਪੰਜਾਬ ਵਿਚ ਹਨ ਔਰ ਰਾਈਪੇਰੀਅਨ ਰਾਈਟ ਹਰ ਸਟੇਟ ਚਾਹੁੰਦੀ ਹੈ ਕੋਈ ਵੀ ਸੂਬਾ ਆਪਣੇ ਸਟੇਟ ਦੀ ਪਾਣੀ ਦਾ ਇਕ ਤੁਪਕਾ ਵੀ ਕਿਸੇ ਨੂੰ ਦੇਣਾ ਨਹੀਂ ਚਾਹੁੰਦੇ, ਫਿਰ ਇਨ੍ਹਾਂ ਨੇ ਇਸ ਤਰ੍ਹਾਂ ਦਾ ਐਗਰੀਮੈਂਟ ਕਿਸ ਤਰ੍ਹਾਂ ਕਰ ਲਿਆ। ਡਿਪਟੀ ਸਪੀਕਰ ਸਾਹਿਬ ਤੁਹਾਨੂੰ ਪਤਾ ਹੈ ਕਿ ਨਿਰਬਦਾ ਨਦੀ ਦਾ ਪਾਣੀ ਦਾ ਝਗੜਾ ਸੀ। ਇਸ ਵਿਚ 4 ਸਟੇਟਾਂ ਦਾ ਝਗੜਾ ਸੀ। ਕੋਈ ਵੀ ਸਟੇਟ ਆਪਣਾ ਰਾਈਟ ਨਹੀਂ ਛੱਡਦੀ ਸੀ, ਉਸ ਦਾ ਫੈਸਲਾ ਮੇਰੇ ਸਮੇਂ ਹੋਇਆ ਸੀ ਜਿਹੜਾ ਕਿ ਸਾਰੇ ਜਾਣਦੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦਾ ਐਗਰੀਮੈਂਟ ਇਨ੍ਹਾਂ ਨੂੰ ਨਹੀਂ ਸੀ ਕਰਨਾ ਚਾਹੀਦਾ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਥੀਨ ਡੈਮ ਦਾ ਫੈਸਲਾ ਸਾਡੀ ਸਰਕਾਰ ਵੇਲੇ ਹੋਇਆ ਸੀ। ਔਰ ਉਸ ਵੇਲੇ ਇਹ ਝਗੜਾ ਪਿਆ ਸੀ ਕਿ ਇਸ ਦੀ ਕੰਸਟ੍ਰ-ਕਾਸ਼ਨ ਕੌਣ ਕਰੇਗਾ ਔਰ ਇਹ ਫੈਸਲਾ ਕੀਤਾ ਗਿਆ ਸੀ ਕਿ ਪੰਜਾਬ ਸਰਕਾਰ ਹੀ ਇਸ ਨੂੰ ਕੰਸ-ਟ੍ਰਕਟ ਕਰੇਗੀ। ਇਹ 1977 ਵਿਚ ਫੈਸਲਾ ਹੋ ਗਿਆ ਸੀ। ਉਸ ਵੇਲੇ ਦੀ ਪੰਜਾਬ ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਇਸ ਕੰਮ ਨੂੰ ਟੇਕ ਅਪ ਵੀ ਕਰ ਲਿਆ ਸੀ ਔਰ ਫੰਡਜ਼ ਵਗੈਰਾ ਐਲੋਕੇਟ ਕਰ ਦਿੱਤੇ ਸਨ ਔਰ ਪੈਸਾ ਖਰਚਣਾ ਸ਼ੁਰੂ ਕਰ ਦਿੱਤਾ ਸੀ। ਉਸ ਵੇਲੇ ਇਸ ਪ੍ਰੋਜੈਕਟ ਤੇ 76 ਕਰੋੜ ਰੁਪਿਆ ਲਗਣਾ ਸੀ ਪਰ ਹੁਣ 1980 ਦੀ ਫਿਗਰਜ਼ ਦੇ ਮੁਤਾਬਕ ਇਸ ਤੇ 469 ਕਰੋੜ ਰੁਪਿਆ ਲਗਣਾ ਹੈ, ਜੇ ਇਸੇ ਤਰ੍ਹਾਂ ਇਸ ਕੰਮ ਨੂੰ ਇਹ ਹੋਰ ਲਟਕਾਉਂਦੇ ਰਹੇ ਤਾਂ ਇਹ 600 ਕਰੋੜ ਤਕ ਪਹੁੰਚ ਜਾਵੇਗਾ। ਮੈਂ ਦੱਸਿਆ ਹੈ ਕਿ ਬਾਦਲ ਸਾਹਿਬ ਦੇ ਵੇਲੇ ਇਸ ਦੀ ਕੰਸਟ੍ਰਕਸ਼ਨ ਦਾ ਕੰਮ ਸ਼ੁਰੂ ਹੋ ਗਿਆ ਸੀ ਔਰ ਕਾਫੀ ਪੈਸਾ ਖਰਚਿਆ ਗਿਆ ਸੀ। ਲੇਕਿਨ ਇਨ੍ਹਾਂ ਨੇ ਹੁਣ ਤਕ ਇਸ ਤੇ ਕੋਈ 35 ਕਰੋੜ 38 ਲੱਖ ਖਰਚ ਕੀਤਾ ਹੈ ਔਰ ਹੁਣ 12 ਕਰੋੜ ਰੁਪਿਆ ਹਰ ਸਾਲ ਹੋਰ ਖਰਚਣ ਲਈ ਰਖਦੇ ਹਨ। ਜਿਸ ਹਿਸਾਬ ਨਾਲ ਮਹਿੰਗਾਈ ਵੱਧ ਰਹੀ ਹੈ ਉਸ ਹਿਸਾਬ ਨਾਲ ਤਾਂ ਇਸ ਦੀ ਕਾਸਟ ਆਫ਼ ਕੰਸਟ੍ਰਕਸ਼ਨ ਹੋਰ ਵੱਧ ਜਾਣੀ ਹੈ ਔਰ 600 ਕਰੋੜ ਰੁਪਏ ਤਕ ਪਹੁੰਚ ਜਾਵੇਗੀ ਔਰ ਫਿਰ ਇਹ ਕੰਮ ਪੂਰਾ ਕਿਵੇਂ ਹੋਵੇਗਾ। ਇਨ੍ਹਾਂ ਨੇ ਕਿਹਾ ਹੈ ਕਿ ਰਿਸੋਰਸਿਜ਼ ਮੋਬੇਲਾਈਜ਼ ਕਰ ਰਹੇ ਹਾਂ। ਵਰਲਡ ਬੈਂਕ ਤੋਂ ਇਸ ਲਈ ਪੈਸੇ ਮਿਲ ਸਕਦੇ ਹਨ ਪਰ ਇਸ ਕੰਮ ਲਈ ਪੈਸਾ ਜ਼ਿਆਦਾ ਰਖਣਾ ਚਾਹੀਦਾ ਹੈ ਔਰ ਇਸ ਨੂੰ ਜਲਦੀ ਪੂਰਾ ਕਰਨਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੋਣਾ ਹੈ ਕਿ ਪਿਛੇ ਜਿਹੇ ਹਰਿਆਣੇ ਦੇ ਚੀਫ਼ ਮਨਿਸਟਰ ਨੇ ਇਹ ਅਨਾਊਂਸ ਕੀਤਾ ਕਿ ਪ੍ਰਧਾਨ ਮੰਤਰੀ ਪੰਜਾਬ ਦੇ ਪਿੰਡ ਵਿਚ ਆਕੇ ਨਹਿਰ ਦੀ ਖੁਦਾਈ ਦਾ ਇਨਆਗਰੇਸ਼ਨ ਕਰਨਗੇ। ਹੁਣ ਤੁਸੀਂ ਵੇਖੋ ਪ੍ਰਧਾਨ ਮੰਤਰੀ ਪੰਜਾਬ ਦੇ ਪਿੰਡ ਵਿਚ ਆ ਰਹੇ ਹਨ ਅਤੇ ਪੰਜਾਬ ਦਾ ਚੀਫ਼ ਮਨਿਸਟਰ ਅਨਾਊਂਸ ਨਹੀਂ ਕਰ ਰਿਹਾ, ਔਰ ਗਵਾਂਢੀ ਸੂਬਾ ਹਰਿਆਣੇ ਦਾ ਚੀਫ਼ ਮਨਿਸਟਰ ਇਹ ਅਨਾਊਂਸ ਕਰ ਰਿਹਾ ਹੈ।......

ਸਾਫ ਜ਼ਾਹਿਰ ਹੈ ਕਿ ਹਰਿਆਣੇ ਦੀਆਂ ਇਲੈਕਸ਼ਨਾਂ ਕਰਕੇ ਇਹ ਸੌਦਾ ਕੀਤਾ ਗਿਆ ਤਾਕਿ ਵੋਟਾਂ ਤੇ ਅਸਰ ਪੈ ਸਕੇ ਔਰ ਤੁਸੀਂ ਇਹ ਪੰਜਾਬ ਦੇ ਲੋਕਾਂ ਨਾਲ ਫਰਾਡ ਕੀਤਾ ਹੈ। ਪੰਜਾਬ ਦੇ ਨਾਲ ਪਹਿਲੇ ਹੀ ਧੱਕਾ ਹੋਇਆ ਸੀ ਕਿ 1955 ਵਿਚ ਰਾਜਸਥਾਨ ਨੂੰ 8 ਮਿਲੀਅਨ ਏਕੜ ਫੀਟ ਪਾਣੀ ਦਿੱਤਾ ਗਿਆ ਸੀ ਔਰ ਬਿਜਲੀ ਦਿੱਤੀ ਗਈ ਸ਼ਾਇਦ ਇਨ੍ਹਾਂ ਨੂੰ ਆਉਣ ਵਾਲੇ ਸਮੇਂ ਦੀ ਲੋੜ ਦਾ ਅੰਦਾਜ਼ਾ ਨਹੀਂ ਸੀ। ਰਾਜਸਥਾਨ ਦੇ ਨੇੜੇ ਦੀ ਵੀ ਕੋਈ ਦਰਿਆ ਨਹੀਂ ਜਾਂਦਾ ਪਰ ਪਾਣੀ ਪੰਜਾਬ ਵਿਚੋਂ ਦਿੱਤਾ ਜਾ ਰਿਹਾ ਹੈ। ਪੰਜਾਬ ਨੂੰ 7.20 ਮੀਲੀਅਨ ਏਕੜ ਫੀਟ ਪਾਣੀ ਮਿਲਿਆ ਔਰ ਰਾਜਸਥਾਨ ਨੂੰ 8 ਮੀਲੀਅਨ ਏਕੜ ਫੀਟ। ਇਹ ਪਾਣੀ ਦੀ ਵੰਡ ਬਿਲਕੁਲ ਗਲਤ ਕੀਤੀ ਗਈ ਹੈ। ਅਸੀਂ ਆਕੇ ਇਸ ਮਸਲੇ ਨੂੰ ਦੁਬਾਰਾ ਉਠਾਇਆ ਇਸ ਦਾ ਕਰੈਡਿਟ ਬਾਦਲ ਸਾਹਿਬ ਨੂੰ ਜਾਣਾ ਚਾਹੀਦਾ ਹੈ ਪਰ ਇਹ ਗੱਲ ਬਜਟ ਸਪੀਚ ਵਿਚ ਨਹੀਂ ਕਹੀ ਗਈ। ਇਹ ਮੁਕੱਦਮਾ ਜਦ ਸੁਪਰੀਮ ਕੋਰਟ ਵਿਚ ਚਲਿਆ ਆ ਰਿਹਾ ਸੀ ਔਰ ਉਮੀਦ ਸੀ ਕਿ ਇਸ ਦਾ ਫੈਸਲਾ ਸਾਡੇ ਹੱਕ ਵਿਚ ਹੋ ਜਾਵੇਗਾ ਔਰ ਪਬਲਿਕ ਓਪੀਨੀਅਨ ਵੀ ਏਹੀ ਸੀ ਕਿ ਕੋਰਟ ਵਿਚੋਂ ਕੇਸ ਵਾਪਿਸ ਨਾ ਲਿਆ ਜਾਵੇ ਔਰ ਇਸ ਬਾਰੇ ਦਰਖਾਸਤਾਂ ਦਿੱਤੀਆਂ ਗਈਆਂ। ਲੇਕਿਨ ਇਨ੍ਹਾਂ ਨੇ ਸਾਡੀ ਇਕ ਗੱਲ ਨਹੀਂ ਸੁਣੀ ਔਰ ਕੋਰਟ ਵਿਚੋਂ ਕੇਸ ਵਾਪਿਸ ਲੈ ਲਿਆ। ਇਸ ਤੋਂ ਵੱਡੀ ਸੇਲ ਆਊਟ ਹੋਰ ਕੀ ਹੋ ਸਕਦੀ ਹੈ। ਸੁਪਰੀਮ ਕੋਰਟ ਵਿਚੋਂ ਕੇਸ ਵਾਪਿਸ ਲੈਣ ਨਾਲ ਨੁਕਸਾਨ ਪੰਜਾਬ ਦਾ ਹੋਇਆ ਹੈ।

ਇਥੇ ਹਾਊਸ ਵਿਚ ਕਿਹਾ ਗਿਆ ਸੀ ਕਿ ਐਜੂਕੇਸ਼ਨ ਮਨਿਸਟਰ ਸਾਹਿਬ ਨੂੰ ਵਧਾਈ ਦਿਤੀ ਜਾਵੇ ਕਿ 75 ਸਕੂਲਾਂ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ। ਇਸ ਦੇ ਵਿਚ 25 ਮਿਡਲ ਸਕੂਲਾਂ ਨੂੰ ਹਾਈ ਸਕੂਲ ਕੀਤਾ ਜਾ ਰਿਹਾ ਹੈ ਅਤੇ 50 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਕੀਤਾ ਜਾ ਰਿਹਾ

Original with;
Punjab Vidhan Sabha
Digitized by;
Panjab Digital Library

ਹੈ। ਸਿਰਫ 75 ਸਕੂਲ ਨੂੰ ਅਪਗਰੇਡ ਕਰਨ ਦੀ ਵਧਾਈ ਲੈਣਾ ਚਾਹੁੰਦੇ ਹਨ। ਜਦ ਮੈਨੂੰ ਵੀ ਇਕ ਵਾਰ ਐਜੂਕੇਸ਼ਨ ਮਨਿਸਟਰ ਦੇ ਤੌਰ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਉਦੋਂ ਇਕ ਸਾਲ ਵਿਚ 1970-71 ਦੌਰਾਨ ਮੈਂ 401 ਸਕੂਲਾਂ ਨੂੰ ਅਪਗਰੇਡ ਕੀਤਾ ਸੀ (ਤਾੜੀਆਂ) ਇਸ ਨੂੰ ਤੁਸੀਂ ਰੀਕਾਰਡ ਤੋਂ ਦੇਖ ਸਕਦੇ ਹੋ। ਇਹ ਗੱਲ ਰਿਕਾਰਡ ਤੇ ਹੈ। ਇਹ ਬਖਸ਼ੀਸ਼ ਸੰਤ ਬਾਬਾ ਫਤਿਹ ਸਿੰਘ ਜੀ ਦੀ ਸੀ ਉਨ੍ਹਾਂ ਨੇ ਕਿਹਾ ਸੀ ਕਿ ਕੋਈ ਪਿੰਡ ਸਕੂਲ ਤੋਂ ਬਗੈਰ ਨਾ ਰਹਿ ਜਾਵੇ ਔਰ ਵਿਦਿਆ ਹਰ ਇਕ ਨੂੰ ਮਿਲਣੀ ਚਾਹੀਦੀ ਹੈ। ਅਸੀਂ ਇਕੋ ਸਾਲ ਦੇ ਵਿਚ ਇਤਨੇ ਸਕੂਲਾਂ ਨੂੰ ਅਪਗਰੇਡ ਕਰ ਦਿੱਤਾ ਸੀ। 146 ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਦੇ ਵਿਚ ਤਬਦੀਲ ਕਰ ਦਿੱਤਾ ਸੀ ਔਰ 255 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਅਪਗਰੇਡ ਕੀਤਾ ਗਿਆ ਸੀ।

ਇਕ ਕੰਮ ਸਰਕਾਰ ਨੇ ਚੰਗਾ ਕੀਤਾ ਹੈ ਕਿ ਡੀਫੈਂਸ ਸਰਵਿਸਿਜ਼ ਵਾਸਤੇ ਜਿਨ੍ਹਾਂ ਨੇ ਦੇਸ਼ ਦੀ ਖਾਤਰ ਕੁਰਬਾਨੀਆਂ ਕੀਤੀਆਂ ਅਤੇ ਦੇਸ਼ ਦਾ ਨਾਂ ਉੱਚਾ ਕੀਤਾ। ਉਨ੍ਹਾਂ ਦੇ ਲਈ ਬਜਟ ਵਿਚ ਪ੍ਰੋਵੀਜ਼ਨ ਕੁਝ ਜ਼ਿਆਦਾ ਰੱਖੀ ਹੈ। ਅੱਛੀ ਗੱਲ ਨੂੰ ਅੱਛਾ ਹੀ ਕਹਿਣਾ ਚਾਹੀਦਾ ਹੈ। ਮਹਿੰਗਾਈ ਬਹੁਤ ਵੱਧ ਗਈ ਹੈ ਔਰ ਉਨ੍ਹਾਂ ਦੀਆਂ ਪੈਨਸ਼ਨਾਂ ਬਹੁਤ ਥੋੜ੍ਹੀਆਂ ਹਨ। ਐਕਸ ਸਰਵਿਸਮੈਨ ਦੇ ਬੱਚਿਆਂ ਵਾਸਤੇ ਜੋ ਲੋਅ ਰੈਂਕ ਦੇ ਜਿਵੇਂ ਹਵਾਲਦਾਰ, ਸਿਪਾਹੀ ਵਗੈਰਾ ਹਨ ਉਨ੍ਹਾਂ ਦੇ ਬੱਚਿਆਂ ਦੇ ਲਈ ਆਨੰਦਪੁਰ ਸਾਹਿਬ ਵਿਖੇ ਦਸਮੇਸ਼ ਅਕਾਡਮੀ ਖੋਲ੍ਹੀ ਹੋਈ ਹੈ। ਇਹ ਅਕਾਡਮੀ ਦੇਸ਼ ਦੇ ਬੇਹਤਰੀਨ ਅਕਾਡਮੀਆਂ ਵਿਚੋਂ ਇਕ ਹੈ ਔਰ ਇਨ੍ਹਾਂ ਨੂੰ ਫੰਡਜ਼ ਦੀ ਦਿੱਕਤ ਪੇਸ਼ ਆ ਰਹੀ ਹੈ ਕਿਧਰੇ ਉਨ੍ਹਾਂ ਦਾ ਫੰਡਜ਼ ਦੀ ਦਿੱਕਤ ਕਰਕੇ ਨੁਕਸਾਨ ਨਾ ਹੋ ਜਾਵੇ। ਐਫ. ਐਮ. ਸਾਹਿਬ ਇਸ ਵਲ ਧਿਆਨ ਦੇਣ ਔਰ ਫੰਡਜ਼ ਦੀ ਬਜਟ ਵਿਚ ਪ੍ਰੋਵੀਜ਼ਨ ਕਰ ਦੇਣ। ਬਜਟ ਦੇ ਵਿਚ ਇਹ ਪੁਰਾਣੀਆਂ ਗੱਲਾਂ ਦਾ ਜ਼ਿਕਰ ਕਰੀ ਜਾਂਦੇ ਹਨ ਜਿਨ੍ਹਾਂ ਨੂੰ ਬਾਦਲ ਸਾਹਿਬ ਪਿਛਲੇ 10 ਸਾਲਾਂ ਦੇ ਵਿਚ ਕਰ ਗਏ ਸਨ।

ਸੂਬੇ ਦੀ ਮੰਦੀ ਹਾਲਤ ਦੱਸਦਿਆਂ ਬਜਟ ਸਪੀਚ ਵਿਚ ਲਿਖਿਆ ਹੈ—

> "Thus during the year the financial position of the State deteriorated by a sum of Rs. 14.66 crores.........."

ਇਨ੍ਹਾਂ ਨੇ ਪੰਜਾਬ ਦਾ ਦਿਵਾਲਾ ਕੱਢ ਦਿੱਤਾ ਹੈ। ਪੇਜ--57 ਉਪਰ ਲਿਖਿਆ ਹੈ ਕਿ ਪੰਜਾਬ ਦੇ ਵਿਚ ਹਾਲਾਤ ਬੜੇ ਮੰਦੇ ਹੋ ਗਏ ਔਰ ਪੇਜ 59 ਤੇ 125 ਕਰੋੜ ਰੁਪਏ ਦਾ ਘਾਟਾ ਸ਼ੋ ਕਰ ਦਿੱਤਾ ਹੈ ਔਰ ਫਿਰ ਕਹਿੰਦੇ ਹਨ ਕਿ ਸਾਨੂੰ ਖੁਸ਼ੀ ਹੈ ਕਿ ਸੈਂਟਰ ਸਾਨੂੰ, ਘਾਟੇ ਨੂੰ ਪੂਰਾ ਕਰਨ ਲਈ, ਮੱਦਦ ਦੇ ਰਿਹਾ ਹੈ।

> "The State Government will be allowed to carry an over draft for Rs. 65 crores into the year 1983-84."

ਇਹ ਕਹਿੰਦੇ ਹਨ ਕਿ ਸਾਨੂੰ ਇਸ ਗੱਲ ਦੀ ਵਧਾਈ ਦਿਓ ਕਿ ਸੈਂਟਰ ਨੇ ਸਾਨੂੰ ਇਜਾਜ਼ਤ ਦੇ ਦਿੱਤੀ ਹੈ ਓਵਰਡਰਾਫਟ ਨੂੰ ਅਗਲੇ ਸਾਲ ਵਿਚ ਲਿਜਾਣ ਦੀ। ਇਸ ਦੇ ਵਿਚ ਕਿਹੜੀ ਅੱਛੀ ਗੱਲ ਹੈ। ਫੇਰ ਇਹ ਕਹਿੰਦੇ ਹਨ ਕਿ ਮੋਬਲਾਈਜੇਸ਼ਨ ਆਫ ਟੈਕਸਜ਼। ਇਸ ਬਜਟ ਦੇ ਪਿਛਲੇ 3 ਪੇਜ ਇਸ ਗੱਲ ਦੇ ਹਨ ਕਿ ਕਿਵੇਂ ਲੋਕਾਂ ਤੇ ਟੈਕਸ ਲਗਾਉਣੇ ਹਨ ਅਤੇ ਇਸ ਘਾਟੇ ਨੂੰ ਕਿਵੇਂ ਪੂਰਾ ਕਰਨਾ ਹੈ।

> "The indirect subsidies being given to the farm sector in the shape of lowest canal water rates, and the lowest electricity tariff for tubewells, are of the order of more than Rs. 100.00 crores per annum."

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]

ਜਿਸ ਤਰ੍ਹਾਂ ਇਨ੍ਹਾਂ ਨੂੰ ਅਫਸਰਾਂ ਨੇ ਕਿਹਾ ਉਸ ਤਰ੍ਹਾਂ ਇਹ ਵੀ ਗਿਣਤੀ ਗਿਣਨ ਲਗ ਗਏ ਹਨ। ਅਫਸਰਾਂ ਨੇ ਕਿਹਾ ਕਿ ਕਿਸਾਨ ਹੁਣ ਧਨਾਡ ਬਣ ਗਏ ਹਨ ਔਰ ਸਰਕਾਰ 100 ਕਰੋੜ ਰੁਪਿਆ ਸਬਸਿਡੀ ਵਜੋਂ ਇਨ੍ਹਾਂ ਨੂੰ ਦਿੰਦੀ ਹੈ ਪਰ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡਾ ਪੰਜਾਬ ਸਾਰੇ ਦੇਸ ਨੂੰ ਅਨਾਜ ਪੈਦਾ ਕਰਕੇ ਦਿੰਦਾ ਹੈ ਦੁਨੀਆਂ ਦੇ ਬਹੁਤ ਥੋੜੇ ਮੁਲਕ ਹਨ ਜੋ ਵਾਧੂ ਅਨਾਜ ਪੈਦਾ ਕਰਦੇ ਹਨ ਅਤੇ ਬਾਹਰਲੇ ਮੁਲਕਾਂ ਨੂੰ ਸਪਲਾਈ ਕਰਦੇ ਹਨ ਔਰ ਅਸੀਂ ਵੀ ਅਨਾਜ ਬਾਹਰੋਂ ਲੈਂਦੇ ਹਾਂ। ਅਨਾਜ ਇਕ ਦੇਸ਼ ਵਿਚ ਲਾਜ਼ਮੀ ਚੀਜ਼ ਹੈ। ਅਗਰ ਕਿਸੇ ਦੇਸ਼ ਵਿਚ ਅਨਾਜ ਲੋੜ ਤੋਂ ਘੱਟ ਹੁੰਦਾ ਹੈ ਉਸ ਨੂੰ ਅਨਾਜ ਦੀ ਖਾਤਰ ਦੂਜੇ ਦੇਸ਼ਾਂ ਕੋਲੋਂ ਭੀਖ ਮੰਗਣੀ ਪੈਂਦੀ ਹੈ। ਔਰ ਲੋੜਵੰਦ ਦੇਸ਼ ਦੀ ਇਜ਼ਤ ਨਹੀਂ ਰਹਿੰਦੀ, ਮਾਣ ਨਹੀਂ ਰਹਿੰਦਾ। ਪੰਜਾਬ ਨੇ ਵਾਧੂ ਅਨਾਜ ਪੈਦਾ ਕਰਕੇ ਦੇਸ਼ ਦਾ ਨਾਂ ਉੱਚਾ ਚੁੱਕਣਾ ਸ਼ੁਰੂ ਕਰ ਦਿੱਤਾ ਹੈ। ਇਹ ਉਦਮ ਕਿਸ਼ਾਨ ਦਾ ਹੀ ਹੈ। ਅੰਗਰੇਜ਼ਾਂ ਨੇ ਵੀ ਇਹ ਮੰਨਿਆਂ ਸੀ ਕਿ ਇਸ ਸੈਕਟਰ ਵਿਚ ਕਿਸਾਨਾਂ ਦੀ ਮੱਦਦ ਕਰਨਾ ਸਰਕਾਰ ਦਾ ਫਰਜ਼ ਹੈ ਔਰ ਉਨ੍ਹਾਂ ਨੇ ਰੋਪੜ ਤੋਂ ਅਬੋਹਰ ਤੱਕ ਨਹਿਰ ਕੱਢੀ ਸੀ ਔਰ ਕਿਸਾਨਾਂ ਨੇ ਪਾਣੀ ਵਰਤਿਆ ਸੀ ਔਰ ਕਿਸਾਨਾਂ ਤੋਂ ਉਨ੍ਹਾਂ ਨੇ ਨਹਿਰ ਦਾ ਕੁਝ ਨਹੀਂ ਲਿਆ ਸੀ। ਫੇਰ ਇਹ ਕਹਿੰਦੇ ਹਨ ਕਿ ਅਸੀਂ ਕਿਸਾਨਾਂ ਨੂੰ ਬਿਜਲੀ, ਪਾਣੀ ਸਸਤਾ ਦੇ ਰਹੇ ਹਾਂ। ਇਸ ਨੂੰ ਤੁਸੀਂ ਦੇ ਰਹੇ ਹੋ ਇਹ ਸ਼ੁਰੂ ਬਾਦਲ ਨੇ ਕੀਤਾ ਸੀ। ਇਨਪੁਟਸ ਸਸਤੀਆਂ ਦੇਣ ਕਰਕੇ ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਆਇਆ ਹੈ ਔਰ ਦੇਸ਼ ਨੂੰ ਦਿਸ਼ਾ ਦਿੱਤੀ ਹੈ। ਇਹ ਸਾਰਾ ਕੁਝ ਸਬਸਿਡੀ ਦੇਣ ਕਰਕੇ ਹੋ ਸਕਿਆ ਹੈ। ਐਮਰਜੈਂਸੀ ਦੇ ਦਿਨਾਂ ਦੇ ਵਿਚ ਖਾਦਾਂ ਦੇ ਮੁਲ ਵੱਧ ਗਏ ਸਨ ਲੇਕਿਨ ਸਾਡੀ ਸਰਕਾਰ ਨੇ ਇਨਪੁਟਸ ਤੇ ਖਾਦਾਂ ਦੇ ਰੇਟ ਘੱਟ ਕਰ ਦਿੱਤੇ ਸਨ। ਅਸੀਂ ਆਪਣੇ ਵਕਤ 2 ਸਾਲਾਂ ਦੇ ਵਿਚ ਕਿਸਾਨਾਂ ਦੀ ਬੜੀ ਮੱਦਦ ਕੀਤੀ ਸੀ।

ਅਸੀਂ ਫਰਟੇਲਾਈਜ਼ਰ ਦੇ ਰੇਟ ਘਟਾਏ ਅਤੇ ਕਿਸਾਨਾਂ ਨੂੰ ਅਨਾਜ ਦੀ ਕੀਮਤ ਵੱਧ ਦਿੱਤੀ ਪਰ (ਰੂਲਿੰਗ ਪਾਰਟੀ ਵੱਲ ਇਸ਼ਾਰਾ) ਇਨ੍ਹਾਂ ਨੇ ਆਉਂਦਿਆਂ ਹੀ ਅਗਲੇ ਦਿਨ ਡੀਜ਼ਲ ਅਤੇ ਖਾਦ ਦੇ ਰੇਟ ਵਧਾ ਦਿਤੇ। ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੀ ਵਾਰ ਵੀ ਬੋਲਦਿਆਂ ਕਿਹਾ ਸੀ ਕਿ ਜੇਕਰ ਤੁਸੀਂ ਇਨਪੁਟਸ ਦੇ ਰੇਟ ਵਧਾਈ ਜਾਉਗੇ ਅਤੇ ਕਿਸਾਨ ਦੀ ਫਸਲ ਦੇ ਰੇਟ ਨਹੀਂ ਵਧਾਉਗੇ ਤਾਂ ਕਿਸਾਨ ਮਾਯੂਸ ਹੋ ਜਾਵੇਗਾ। ਕਿਸਾਨ ਦੀ ਹੌਸਲਾ ਅਫਜਾਈ ਕਰਨੀ ਬਹੁਤ ਜ਼ਰੂਰੀ ਹੈ। ਡਿਪਟੀ ਸਪੀਕਰ ਸਾਹਿਬ, ਪਿਛੇ ਸਾਨੂੰ ਅਮਰੀਕਾ ਤੋਂ 15 ਲੱਖ ਟਨ ਅਨਾਜ ਖਰੀਦਣਾ ਪਿਆ ਸੀ। ਸਾਢੇ ਸੱਤ ਲੱਖ ਟਨ ਦਾ ਸੀਕਰਿਟਲੀ ਡੀਲ ਕਰਨਾ ਪਿਆ ਕਿਉਂਕਿ, ਡਿਪਟੀ ਸਪੀਕਰ ਸਾਹਿਬ, ਇਸ ਨਾਲ ਸਾਡੇ ਦੇਸ਼ ਦੀ ਇਜ਼ਤ ਘਟਦੀ ਹੈ। ਜਿਹੜਾ ਅਨਾਜ ਬਾਹਰੋਂ ਮੰਗਵਾਇਆ ਗਿਆ ਸੀ, ਉਸ ਦਾ ਭਾਅ ਸਾਡੇ ਦੇਸ਼ ਨੂੰ 206 ਰੁਪਏ ਕੁਇੰਟਲ ਦੇ ਹਿਸਾਬ ਨਾਲ ਦੇਣਾ ਪਿਆ ਸੀ ਪਰ ਪੰਜਾਬ ਦੇ ਕਿਸਾਨ ਨੂੰ 130 ਰੁਪਏ ਤੋਂ ਵੱਧ ਰੇਟ ਦੇਣ ਲਈ ਤਿਆਰ ਨਹੀਂ ਸਨ। ਸਾਡੇ ਦੇਸ਼ ਵਿਚ ਅਨਾਜ ਦੁਨੀਆਂ ਦੇ ਨਾਲੋਂ ਸਸਤਾ ਹੈ। ਮੇਰੇ ਕੋਲ ਇਤਨਾ ਸਮਾਂ ਨਹੀਂ ਹੈ ਕਿ ਮੈਂ ਇੰਟਰ-ਨੈਸ਼ਨਲ ਫਿਗਰਜ਼ ਅਤੇ ਵਰਲਡ ਬੈਂਕ ਦੀਆਂ ਫਿਗਰਜ਼ ਹਾਊਸ ਨੂੰ ਦੇ ਸਕਾਂ। ਅਸੀਂ ਦੁਨੀਆਂ ਨਾਲੋਂ ਹਿੰਦੁਸਤਾਨ ਵਿਚ ਕਣਕ ਅਤੇ ਚਾਵਲ ਦੇ ਭਾਉ ਸਾਰੀ ਦੁਨੀਆਂ ਵਿਚ ਸਸਤੇ ਹਨ। ਜਦੋਂ ਗਰੀਬ ਆਦਮੀ ਨੂੰ ਇਹ ਕਣਕ ਖਰੀਦਣੀ ਪੈਂਦੀ ਹੈ ਤਾਂ ਇਹ ਮਹਿੰਗੀ ਕਰ ਦਿੰਦੇ ਹਨ। ਕਿਸਾਨਾਂ ਦੀ ਇਹ ਹੌਸਲਾ ਅਫਜ਼ਾਈ ਕਰਦੇ ਨਹੀਂ ਹਨ। ਮੇਰੇ ਕਈ ਸਾਥੀ ਕਹਿਣਗੇ ਕਿ ਇਨ੍ਹਾਂ ਨੇ ਆਪਣੇ ਰਾਜ ਵਿਚ ਕੀਮਤਾਂ ਕਿਉਂ ਨਹੀਂ ਇਨ-ਪੁਟਸ ਦੀਆਂ ਘਟਾਈਆਂ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਾਡੇ ਦੋ ਸਾਲ ਦੇ ਰਾਜ ਸਮੇਂ ਵਿਚ ਅਸੀਂ ਇਨਪੁਟਸ ਦੀਆਂ ਕੀਮਤਾਂ ਘਟਾਈਆਂ ਸਨ ਅਤੇ ਅਨਾਜ ਦੀਆਂ ਕੀਮਤਾਂ ਵਧਾਈਆਂ ਗਈਆਂ ਸਨ। ਸਾਡੇ ਵੇਲੇ ਕਿਸਾਨਾਂ ਨੂੰ ਫਾਇਦਾ

Original with;
Punjab Vidhan Sabha
Digitized by;
Panjab Digital Library

ਹੋਇਆ ਹੈ ਔਰ ਦੇਸ਼ ਨੂੰ ਫਾਇਦਾ ਹੋਇਆ ਹੈ। ਉਸ ਵੇਲੇ ਸਾਡੇ ਦੇਸ਼ ਦੀ ਇੱਜ਼ਤ ਸਾਰੇ ਸੰਸਾਰ ਵਿਚ ਵਧੀ ਸੀ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੇਜ-61 ਤੇ ਜ਼ਿਕਰ ਕੀਤਾ ਹੈ ਕਿ—

> "there is need to make these essential inputs available to the farmers adequately in time. Yet it is only fair that prosperous among the farmers should share their prosperity towards the development of the State."

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਏਥੇ ਇਕਲੇ ਫ਼ਾਰਮਰ ਦਾ ਹੀ ਜ਼ਿਕਰ ਕੀਤਾ ਹੈ। 40 ਕਰੋੜ ਰੁਪਏ ਦੇ ਟੈਕਸ ਸਿਰਫ਼ ਕਿਸਾਨਾਂ ਤੇ ਹੀ ਲਗਾ ਦਿੱਤੇ ਹਨ। ਹੋਰ ਵੱਡੇ ਵੱਡੇ ਇਡਸਟਰੀ-ਲਿਸਟ ਬਾਰ ਨਹੀਂ ਕਿਹਾ ਗਿਆ, ਔਰ ਨਾਂ ਹੀ ਬਲੈਕ ਕਰਨ ਵਾਲਿਆਂ ਵਾਸਤੇ ਤੇ ਧਨਾਢਾਂ ਬਾਰੇ ਦੱਸਿਆ ਗਿਆ ਹੈ ਅਤੇ ਨਾ ਹੀ ਬਿਜਨਸਮੈਨ ਬਾਰੇ ਦਸਿਆ ਗਿਆ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਇਹ ਬਜਟ ਬਾਰੇ ਹਾਊਸ ਨੂੰ ਇੱਥੇ ਨਿੰਦਣਾ ਹੀ ਚਾਹੀਦਾ ਹੈ। ਜੇਕਰ ਕਿਸਾਨ 100 ਰੁਪਏ ਦੀ ਪ੍ਰੋਡਿਊਸ ਕਰਦਾ ਹੈ ਤਾਂ ਉਸ ਤੋਂ ਇੱਕ ਰੁਪਿਆ ਟੈਕਸ ਲੈ ਲਵੋ ਏਹ ਕਿਥੋਂ ਦਾ ਇਨ-ਸਾਫ ਹੈ ਕਿਸਾਨਾਂ ਤੇ ਟੈਕਸ ਅਗੇ ਹੀ ਬਹੁਤ ਹਨ। ਜਦੋਂ ਕਿਸਾਨ ਮੰਡੀ ਵਿਚ ਜਾਂ ਸ਼ਹਿਰ ਵਿਚ ਜਾਂਦਾ ਹੈ ਤਾਂ ਸ਼ਹਿਰ ਵਿਚ ਵੜਨ ਸਾਰ ਹੀ ਕਿਸਾਨ ਤੇ ਆਕਟਰਾਏ ਲਗ ਜਾਂਦਾ ਹੈ। ਇੱਕ ਦੋ ਚੀਜ਼ਾਂ ਨੂੰ ਛੱਡ ਕੇ ਬਾਕੀ ਸਭ ਚੀਜ਼ਾਂ ਤੇ ਆਕਟਰਾਏ ਲਗਦਾ ਹੈ। ਕੇ.ਪੀ. ਸਾਹਿਬ, ਇਥੇ ਬੈਠੇ ਹਨ, ਉਨ੍ਹਾਂ ਨੂੰ ਪਤਾ ਹੈ, ਜਦੋਂ ਉਹ ਆਲੂ ਦੀ ਬੋਰੀ ਲੈ ਕੇ ਜਾਂਦੇ ਹਨ ਤਾਂ ਇੱਕ ਬੋਰੀ ਮਗਰ 60 ਪੈਸੇ ਲੈ ਲੈਂਦੇ ਹਨ। ਡਿਪਟੀ ਸਪੀਕਰ ਸਾਹਿਬ, ਕਿਸਾਨਾਂ ਤੇ ਦੂਹਰੇ, ਤੀਹਰੇ ਟੈਕਸ ਲਗਾਏ ਜਾਂਦੇ ਹਨ। ਗਰੀਬ ਲੋਕਾਂ ਨੂੰ ਖਾਣ ਪੀਣ ਦੀਆਂ ਚੀਜ਼ਾਂ ਸਸਤੀਆਂ ਮਿਲਣੀਆਂ ਚਾਹੀਦੀਆਂ ਹਨ ਪਰ ਗਰੀਬ ਲੋਕਾਂ ਨੂੰ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਸਬਜ਼ੀਆਂ ਅਤੇ ਫਲਾਂ ਤੇ ਵੀ ਆਕਟਰਾਏ ਟੈਕਸ ਲਗਾ-ਇਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਸੇਲਜ਼ ਟੈਕਸ ਵਧਾ ਦਿੱਤਾ ਗਿਆ ਹੈ। ਇਸ ਨਾਲ 13 ਕਰੋੜ ਰੁਪਏ ਦਾ ਭਾਰ ਨਹੀਂ ਪਵੇਗਾ ਸਗੋਂ ਇਸ ਤੋਂ ਵੀ ਜ਼ਿਆਦਾ ਭਾਰ ਕਿਸਾਨਾਂ ਔਰ ਗਰੀਬਾਂ ਤੇ ਪਵੇਗਾ। ਟੈਕਸ ਸਟਰਕਚਰ ਦਾ ਬੋਝ ਕਿਸਾਨਾਂ ਔਰ ਗਰੀਬਾਂ ਤੇ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਬਜਟ ਕਿਸਾਨ ਅਤੇ ਗਰੀਬ ਮਾਰੂ ਹੈ। 125 ਕਰੋੜ ਰੁਪਏ ਦਾ ਘਾਟਾ ਹੈ। ਇਨ੍ਹਾਂ ਨੂੰ ਥੀਨ ਡੈਮ ਲਈ ਪੈਸਾ ਨਹੀਂ ਮਿਲਦਾ। ਪੈਸਾ ਸਾਰਾ ਸੈਂਟਰ ਲੈ ਜਾਂਦਾ ਹੈ। ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਵੀ ਦਸਿਆ ਹੈ ਕਿ ਮਲਾਈ ਤਾਂ ਸੈਂਟਰ ਵਾਲੇ ਲੈ ਜਾਂਦੇ ਹਨ ਅਤੇ ਤੁਹਾਡੇ ਹੱਥ ਛਾਛ ਹੀ ਰਹਿ ਜਾਂਦੀ ਹੈ। ਜੇਕਰ ਸੈਂਟਰ ਵਾਲੇ ਥੋੜ੍ਹਾ ਮੋਟਾ ਪੈਸਾ ਪੰਜਾਬ ਨੂੰ ਦੇ ਦਿੰਦੇ ਹਨ ਤਾਂ ਏਹ ਛਾਲ ਮਾਰਦੇ ਹਨ। ਜੇਕਰ ਸੈਂਟਰ ਵਲੋਂ, ਡਿਪਟੀ ਸਪੀਕਰ ਸਾਹਿਬ, ਛੋਟੀ ਮੋਟੀ ਬਖਸ਼ਸ਼ ਹੋ ਜਾਂਦੀ ਹੈ ਤਾਂ ਛਾਲਾਂ ਮਾਰਨ ਲਗ ਜਾਂਦੇ ਹਨ। ਸੈਂਟਰ ਨੇ ਸੂਬਿਆਂ ਦੀ ਤਰੱਕੀ ਰੋਕ ਦਿੱਤੀ ਹੈ। 125 ਕਰੋੜ ਰੁਪਏ ਦਾ ਜੋ ਘਾਟਾ ਹੈ। ਇਹ ਵੱਧ ਕੇ 150 ਕਰੋੜ ਰੁਪਏ ਹੋ ਜਾਣਾ ਹੈ। ਇਸ ਦਾ ਕੋਈ ਇਲਾਜ ਇਨ੍ਹਾਂ ਪਾਸ ਨਹੀਂ। ਡਿਪਟੀ ਸਪੀਕਰ ਸਾਹਿਬ, ਇਸ ਦਾ ਇਲਾਜ ਇਕੋ ਹੈ ਕਿ ਸਟੇਟਾਂ ਕੋਲ ਵੱਧ ਅਧਿਕਾਰ ਹੋਣੇ ਚਾਹੀਦੇ ਹਨ। ਜਦੋਂ ਅਨੰਦਪੁਰ ਸਾਹਿਬ ਦਾ ਰੈਜ਼ੋ-ਲਿਊਸ਼ਨ ਆ ਜਾਂਦਾ ਹੈ ਤਾਂ ਇਹ ਘਬਰਾ ਜਾਂਦੇ ਹਨ ਅਤੇ ਵਖਰੇ ਵਖਰੇ ਨਾਅਰੇ ਲਗਣੇ ਸ਼ੁਰੂ ਹੋ ਜਾਂਦੇ ਹਨ। ਕੋਈ ਕਹਿੰਦਾ ਹੈ ਕਿ ਇਹ ਵੱਖਵਾਦੀ ਦੀ ਗੱਲ ਕਰਦੇ ਹਨ। ਕੋਈ ਕਹਿੰਦਾ ਹੈ ਏਹ ਦੇਸ਼ ਦੇ ਹਿਤੂ ਨਹੀਂ ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਹੀ ਸਾਰੀਆਂ ਗੱਲਾਂ ਦਾ ਹੱਲ ਹੈ। (ਥੰਪਿਗ) ਵੇਖੋ ਏਹ ਹੁਣੇ ਹੀ ਡਰਨ ਲਗ ਪਏ ਹਨ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ** : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਡਿਪਟੀ ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੈ ਕਿ ਆਨਰੇਬਲ ਮੈਂਬਰ ਨੇ ਮੈਨੂੰ ਇੰਟਰਵੀਨ ਕੀਤਾ ਹੈ ਜੋ ਆਨਰੇਬਲ ਮੈਂਬਰ ਦੀ ਖਾਹਿਸ਼ ਹੈ, ਉਹ ਮੈਂ ਪੂਰੀ ਕਰ ਦਿੰਦਾ ਹਾਂ। ਮੈਂ ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਪੜ੍ਹਕੇ ਸੁਣਾਉਂਦਾ ਹਾਂ।

**ਸ੍ਰੀ ਪਿਆਰਾ ਰਾਮ ਧੰਨੋਵਾਲੀਆ**: ਡਿਪਟੀ ਸਪੀਕਰ ਸਾਹਿਬ, ਇਹ ਰੇਜ਼ੋਲਿਊਸ਼ਨ ਸਾਰਾ ਪੜ੍ਹ ਦੇਣ।

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਡਿਪਟੀ ਸਪੀਕਰ ਸਾਹਿਬ, ਮੈਂ ਸਾਰਾ ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਪੜ੍ਹ ਦਿੰਦਾ ਹਾਂ। ਮੇਰੇ ਕੋਲ ਰੇਜ਼ੋਲਿਊਸ਼ਨ ਦੀ ਅਥੈਂਟੀਕੇਟਿਡ ਕਾਪੀ ਹੈ। ਸਭ ਤੋਂ ਪਹਿਲਾਂ ਮੈਂ ਰਾਜਸੀ ਨਿਸ਼ਾਨੇ ਤੋਂ ਸ਼ੁਰੂ ਕਰਦਾ ਹਾਂ ਕਿ "ਪੰਥਕ ਰਾਜਸੀ ਨਿਸ਼ਾਨਾ ਨਿਸਚੇ ਤੌਰ ਤੇ ਸਾਹਿਬ ਦਸਮ ਪਾਤਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖਾਲਸਾ ਪੰਥ ਦੇ 'ਮਨ ਮੰਦਰ' ਵਿਚ ਉਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ "ਖਾਲਸਾ ਜੀ ਦੇ ਬੋਲ ਬਾਲੇ ਹੈ।"

ਖਾਲਸਾ ਜੀ ਦੇ ਇਸ ਜਨਮ ਸਿਧ ਅਧਿਕਾਰ ਨੂੰ ਦ੍ਰਿਸ਼ਟੀਮਾਨ ਕਰਨ ਲਈ ਲੋੜੀਂਦੇ ਦੇਸ਼-ਕਾਲ ਤੇ ਰਾਜਸੀ ਵਿਧਾਨ ਦੀ ਸਿਰਜਣਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"

ਹਰ ਬੰਦੇ ਦਾ ਅਖਤਿਆਰ ਹੈ ਕਿ ਉਹ ਕੰਸਟੀਚਿਊਸ਼ਨ ਵਿਚ ਅਮੈਂਡਮੈਂਟ ਕਰਨ ਲਈ ਕਹਿ ਸਕਦਾ ਹੈ। ਉਹ ਅਮੈਂਡਮੈਂਟ ਵਾਸਤੇ ਸੁਜੈਸ਼ਨਜ਼ ਦੇ ਸਕਦਾ ਹੈ ਅੌਰ ਜੇਕਰ ਉਸ ਕੋਲ ਬਲ ਹੋਵੇ ਤਾਂ ਅਮੈਂਡਮੈਂਟ ਕਰਵਾ ਵੀ ਸਕਦਾ ਹੈ। ਇਹ ਅਮੈਂਡਮੈਂਟਸ ਹੁੰਦੀਆਂ ਰਹਿੰਦੀਆਂ ਹਨ ਅੌਰ ਅੱਗੇ ਨੂੰ ਵੀ ਹੁੰਦੀਆਂ ਰਹਿਣਗੀਆਂ। ਪਰ ਜਦੋਂ ਕੌਮ ਦਾ ਟਰਾਂਸਲੇਸ਼ਨ ਇਹ ਨੇਸ਼ਨ ਕਰਦੇ ਹਨ ਤਾਂ ਇਹ ਉਸ ਤੋਂ ਘਬਰਾ ਜਾਂਦੇ ਹਨ। ਪ੍ਰਾਈਮ ਮਨਿਸਟਰ ਨਾਲ ਸਾਡੀ ਗਲਬਾਤ ਚੰਡੀਗੜ੍ਹ ਵਿਚ ਹੋਈ ਤਾਂ ਪ੍ਰਾਈਮ-ਮਨਿਸਟਰ ਨੇ ਚਾਰ ਵਾਰੀ ਸਿੱਖ ਕੌਮ ਦਾ ਜ਼ਿਕਰ ਕੀਤਾ। ਉਸ ਵੇਲੇ ਸਰਦਾਰ ਹਰਭਜਨ ਸਿੰਘ ਜੋ ਮਨਿਸਟਰ ਹੁੰਦੇ ਸਨ ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਚਾਰ ਦਫਾ ਸਿੱਖ ਕੌਮ ਕਹਿ ਗਏ ਹੋ ਪਰ ਜਦੋਂ ਇਹ ਇਸ ਤਰ੍ਹਾਂ ਕਹਿੰਦੇ ਹਨ ਤਾਂ ਤੁਸੀਂ ਘਬਰਾ ਜਾਂਦੇ ਹੋ। ਅੱਗੇ ਚਲਕੇ ਇਸ ਮਤੇ ਵਿਚ ਕਿਹਾ ਗਿਆ ਹੈ ਕਿ :----

ਇਸ ਪ੍ਰਯੋਜਨ ਦੀ ਪੂਰਤੀ ਲਈ ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕੇ ਨਾਲ ਯਤਨ ਤੇ ਜਦੋ-ਜਹਿਦ ਕਰੇਗਾ ਕਿ :

(ੳ) ਜਿਹੜੇ ਰਕਬੇ ਤੇ ਇਲਾਕੇ ਪੰਜਾਬ ਨਾਲੋਂ ਤੋੜ ਕੇ ਤੇ ਜਾਣ ਬੁਝ ਕੇ ਪੰਜਾਬੋਂ ਬਾਹਰ ਰਖੇ ਗਏ ਹਨ, ਜਿਹਾ ਕਿ ਗੁਰਦਾਸਪੁਰ ਵਿਚੋਂ ਡਲਹੌਜ਼ੀ, ਅੰਬਾਲਾ ਜ਼ਿਲੇ ਦਾ ਚੰਡੀਗੜ੍ਹ ਪਿੰਜੌਰ, ਕਾਲਕਾ ਅਤੇ ਅੰਬਾਲਾ ਸਦਰ ਆਦਿਕ ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਰੀ ਊਨਾ ਤਹਿਸੀਲ ਨਾਲਾਗੜ੍ਹ......(ਵਿਘਨ)

**Education Minister** : On a Point of Order. May I know whether we are discussing Anandpur Sahib Resolution or the Budget.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : "ਇਹ ਸਾਰੇ ਇਲਾਕੇ ਤੁਰੰਤ ਪੰਜਾਬ ਵਿਚ ਆ ਜਾਣ ਅਤੇ ਇਕੋ ਇੰਤਜ਼ਾਮੀਆਂ ਇਕਾਈ ਬਣ ਜਾਣ।" ਪਰ ਸਾਡੇ ਨਾਲ ਵਿਤਕਰਾ ਕੀਤਾ ਗਿਆ । ਇਥੇ ਬੈਠੇ ਹਨ ਲੀਡਰ ਜਿਹੜੇ ਕਿ ਉਸ ਵੇਲੇ ਕਹਿੰਦੇ ਸਨ ਕਿ ਸਾਡੀਆਂ ਲਾਸ਼ਾਂ ਤੇ ਪੰਜਾਬੀ ਸੂਬਾ ਬਣੇਗਾ ਉਸ ਵੇਲੇ ਇਨ੍ਹਾਂ ਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਸੀ। ਪਰ ਇਨ੍ਹਾਂ ਨੇ ਕਿਹਾ ਕਿ ਇਨ੍ਹਾਂ ਦੀਆਂ ਲਾਸ਼ਾਂ ਤੇ ਪੰਜਾਬੀ ਸੂਬਾ ਬਣੇਗਾ। ਪਰ ਇਸ ਦੇ ਬਾਵਜੂਦ ਸਾਡੀ 20 ਸਾਲਾਂ ਦੀ ਜੱਦੋ-ਜਹਿਦ ਕਰਕੇ ਪੰਜਾਬੀ ਸੂਬਾ ਬਣਿਆ। ਪਰ ਚੰਡੀਗੜ੍ਹ ਪੰਜਾਬੀ ਸੂਬੇ ਤੋਂ ਬਾਹਰ ਰਖ ਲਿਆ। ਫਿਰ ਐਜੀ-ਟੇਸ਼ਨ ਤੋਂ ਬਾਅਦ ਇਹ ਮੰਨੇ ਕਿ ਚੰਡੀਗੜ੍ਹ ਦਾ ਇਲਾਕਾ ਵੀ ਪੰਜਾਬੀ ਸੂਬੇ ਨੂੰ ਦੇ ਦਿਆਂਗੇ।

ਫਿਰ ਇਸ ਮਤੇ ਵਿਚ ਕਿਹਾ ਗਿਆ ਕਿ--

> ਇਸ ਨਵੇਂ ਪੰਜਾਬ ਤੇ ਦੇਸ਼ ਦੇ ਹੋਰ ਸੂਬਿਆਂ ਵਿਚ ਕੇਂਦਰ ਦਾ ਦਖਲ ਕੇਵਲ ਦੇਸ਼ ਦੇ ਡੀਫੈਂਸ, ਪ੍ਰਦੇਸੀ ਮਾਮਲਿਆਂ, ਤਾਰ-ਡਾਕ ਤੇ ਰੇਲਵੇ ਅਤੇ ਕਰੰਸੀ ਦੇ ਮਹਿਕਮਿਆਂ ਤੀਕ ਸੀਮਤ ਹੋਵੇ"

ਇਹ ਗੱਲ ਸਾਰੇ ਦੇਸ਼ ਵਾਸਤੇ ਕਹੀ ਗਈ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਦੇਸ਼ ਦੀ ਵੰਡ ਸਮੇਂ ਜਿਸ ਵੇਲੇ ਇਹ ਵਿਚਾਰ ਚਲ ਰਿਹਾ ਸੀ ਕਿ ਹਿੰਦੁਸਤਾਨ ਔਰ ਪਾਕਿਸਤਾਨ ਨੂੰ ਵੱਖ ਕਰ ਦਿੱਤਾ ਜਾਏ, ਉਸ ਵੇਲੇ ਕਈ ਸੂਝਵਾਨ ਲੋਕਾਂ ਨੇ ਇਹ ਖਿਆਲ ਦਿੱਤਾ ਸੀ ਕਿ ਸੂਬਿਆਂ ਦੇ ਅਖਤਿਆਰ ਵਧਾ ਦਿਓ । ਜੇਕਰ ਇਸ ਤਰ੍ਹਾਂ ਉਸ ਵੇਲੇ ਕਰ ਦਿਤਾ ਜਾਂਦਾ ਤਾਂ ਦੇਸ਼ ਨੂੰ ਦੋ ਹਿੱਸਿਆਂ ਵਿਚ ਵੰਡਣ ਦੀ ਲੋੜ ਨਾ ਪੈਂਦੀ । ਸਾਰੇ ਹਿੰਦੋਸਤਾਨ ਦੀ ਇਕ ਡਿਫੈਂਸ ਹੋਵੇ, ਕਰੰਸੀ ਇਕ ਹੋਣੀ ਚਾਹੀਦੀ ਹੈ, ਕਮਿਊਨੀਕੇਸ਼ਨ ਇਕ ਹੋਣੀ ਚਾਹੀਦੀ ਹੈ ਅਤੇ ਵਿਦੇਸ਼ੀ ਮਾਮਲਿਆਂ ਸੰਬੰਧੀ ਕੰਮ-ਕਾਜ ਸੈਂਟਰ ਕੋਲ ਹੋਣਾ ਚਾਹੀਦਾ ਹੈ।

**ਡਾਕਟਰ ਭਗਤ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਫਿਰ ਇਸ ਮਤੇ ਵਿਚ ਕਿਹਾ ਗਿਆ ਹੈ :—

"ਪੰਜਾਬੋਂ ਬਾਹਰ ਵਸਣ ਵਾਲੀ ਸਿੱਖ ਵਸੋਂ ਅਤੇ ਹੋਰ ਧਾਰਮਕ ਘਟ ਗਿਣਤੀਆਂ ਦੀ ਮੁਅਸਰ ਤਹੱਫਜ਼ਾਤ (ਸੁਰੱਖਿਆ) ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਉਹ ਕਿਸੇ ਵਿਤਕਰੇ ਦਾ ਸ਼ਿਕਾਰ ਨਾ ਹੋ ਸਕਣ"।

ਅਸੀਂ ਕਹਿੰਦੇ ਹਾਂ ਕਿ ਸਾਰੇ ਘਟ ਗਿਣਤੀਆਂ ਦੇ ਲੋਕਾਂ ਦਾ ਖਿਆਲ ਰਖਿਆ ਜਾਏ।

**ਸ੍ਰੀ ਓਮ ਪ੍ਰਕਾਸ਼** ਗੁਪਤਾ : ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਅਸੀਂ ਸਾਰੀਆਂ ਸਟੇਟਾਂ ਵਾਸਤੇ ਕੇਂਦਰ ਵਿਚ ਬਰਾਬਰ ਦੇ ਅਧਿਕਾਰ ਮੰਗ ਰਹੇ ਹਾਂ।

**ਸ਼੍ਰੀ ਗੁਰਦਿਆਲ ਸੈਣੀ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਰਾਮ ਸਵਰੂਪ ਤਿਆਗੀ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਇਸ ਨਾਲੋਂ ਵਧ ਕੰਸਟਰਕਟਿਵ ਗੱਲ ਹੋਰ ਕੋਈ ਹੋ ਨਹੀਂ ਸਕਦੀ। ਮੈਂ ਇਨ੍ਹਾਂ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਤਾਕਿ ਜੋ ਇਨ੍ਹਾਂ ਨੂੰ ਜੋ ਗਲਤ-ਫਹਿਮੀ ਹੋਈ ਹੈ, ਉਹ ਦੂਰ ਹੋ ਜਾਏ (ਵਿਘਨ)

**ਸਰਦਾਰ ਬੀਰਦਵਿੰਦਰ ਸਿੰਘ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਇਹ ਸਿੱਖ ਸਟੇਟ ਦੀ ਗਲ ਕਰਦੇ ਕਰਦੇ ਉਧਰ ਜਾ ਬੈਠੇ ਹਨ । ਇਸ ਵਿਚ ਸਾਨੂੰ ਕੋਈ ਗਿਲਾ ਨਹੀਂ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਤੇ ਵਿਚ ਦਿਤਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਇਹ ਵੀ ਯਤਨ ਕਰੇਗਾ ਕਿ ਹਿੰਦੁਸਤਾਨ ਦਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਬਣਾਇਆ ਜਾਵੇ । ਸਾਡਾ ਕੰਸਟੀਚਿਊਸ਼ਨ ਫੈਡਰਲ ਹੈ ਅਤੇ ਇਹ ਫੈਡਰੇਲਿਜ਼ਮ ਤੇ ਬੇਸਡ ਹੈ। ਡਿਪਟੀ ਸਪੀਕਰ ਸਾਹਿਬ, ਕੰਸਟੀਚਿਊਸ਼ਨ ਬਣਾਉਣ ਵਾਲਿਆਂ ਨੇ ਜਿਨ੍ਹਾਂ ਵਿਚ ਡਾਕਟਰ ਅੰਬੇਦਕਰ ਅਤੇ ਹੋਰ ਬਹੁਤ ਸਾਰੇ ਸੂਝਵਾਨ ਸੱਜਣ ਸਨ, ਉਨ੍ਹਾਂ ਨੇ ਫੈਡਰਲ ਸਟਰੱਕਚਰ ਬਣਾਇਆ ਸੀ ਲੇਕਿਨ ਅਫਸੋਸ ਇਸ ਗਲ ਦਾ ਹੈ ਕਿ ਸਮਾਂ ਲੰਘਦਾ ਗਿਆ ਅਤੇ ਉਹ ਫੈਡਰੇਲਿਜ਼ਮ ਖਤਮ ਹੋ ਗਿਆ ਅਤੇ ਹੁਣ ਉਹ ਨਾਮ ਮਾਤਰ ਹੀ ਰਹਿ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਚਾਹੁੰਦਾ ਹੈ ਕਿ ਸਾਡਾ ਵਿਧਾਨ ਸਹੀ ਅਰਥਾਂ ਵਿਚ ਫੈਡਰਲ ਹੋਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਰੂਸ ਵਿਚ ਵੀ ਇਸ ਕਿਸਮ ਦਾ ਫੈਡ-ਰਲ ਵਿਧਾਨ ਹੈ। ਕਨੇਡਾ, ਅਮਰੀਕਾ ਅਤੇ ਹੋਰ ਬਹੁਤ ਮੁਲਕਾਂ ਵਿਚ ਇਸ ਤਰ੍ਹਾਂ ਦਾ ਵਿਧਾਨ ਹੈ। ਇਸ ਲਈ ਮੈਂ ਕਹਾਂਗਾ ਕਿ ਸਹੀ ਮਾਹਨਿਆਂ ਵਿਚ ਇਸ ਨੂੰ ਫੈਡਰਲ ਬਣਾਉਣਾ ਚਾਹੀਦਾ ਹੈ।

ਫਿਰ, ਡਿਪਟੀ ਸਪੀਕਰ ਸਾਹਿਬ, ਇਸ ਦੇ ਵਿਚ ਦਿਤਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਸ਼ਰਾਬ ਤੇ ਹੋਰ ਨਸ਼ਿਆਂ ਦੀ ਮਨਾਹੀ ਚਾਹੁੰਦਾ ਹੈ ਅਤੇ ਪਬਲਿਕ ਥਾਵਾਂ ਤੇ ਨਸ਼ਿਆਂ ਦੀ ਵਰਤੋਂ ਤੇ ਤਮਾਕੂ ਪੀਣ ਦੀ ਮਨਾਹੀ ਦਾ ਮੁਦੱਈ ਹੈ ਅਤੇ ਇਸ ਤੇ ਪਾਬੰਦੀ ਲਈ ਯਤਨ ਕਰੇਗਾ। ਇਸ ਕਿਸਮ ਦੀਆਂ ਗੱਲਾਂ ਇਸ ਵਿਚ ਅੰਕਿਤ ਹਨ। ਕਦੇ ਸਮਾਂ ਸੀ, ਡਿਪਟੀ ਸਪੀਕਰ ਸਾਹਿਬ, ਜਦੋਂ ਸਾਡੇ ਦੇਸ਼ ਅੰਦਰ ਜੰਜੂ ਲਹਿੰਦੇ ਸੀ। ਤੁਹਾਨੂੰ ਪਤਾ ਹੈ ਕਿ ਕਸ਼ਮੀਰ ਤੋਂ ਪੰਡਿਤ ਅਨੰਦਪੁਰ ਸਾਹਿਬ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਆਏ। ਉਹ ਆਕੇ ਰੋਏ ਅਤੇ ਕੁਰਲਾਏ । ਗੁਰੂ ਤੇਗ ਬਹਾਦਰ ਨੇ ਉਨ੍ਹਾਂ ਦੀ ਬਾਂਹ ਫੜੀ ਸੀ ਹਾਲਾਂ ਕਿ ਗੁਰੂ ਜੀ ਆਪ ਜੰਞੂ ਦੇ ਧਾਰਨੀ ਨਹੀਂ ਸਨ, ਉਹ ਜੰਞੂ ਨਹੀਂ ਸੀ ਪਹਿਨਦੇ ਅਤੇ ਉਸ ਧਰਮ ਨੂੰ ਮੰਨਣ ਵਾਲੇ ਨਹੀਂ ਸਨ ਲੇਕਿਨ ਫਿਰ ਵੀ ਉਨ੍ਹਾਂ ਨੇ ਉਨ੍ਹਾਂ ਦੀ ਰੱਖਿਆ ਕੀਤੀ ਅਤੇ ਦਿੱਲੀ ਵਿਚ ਜਾ ਕੇ ਆਪਣਾ ਸੀਸ ਦਿੱਤਾ। ਇਹ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਹੈ । ਇਹ ਅਨੰਦਪੁਰ ਸਾਹਿਬ ਦੀ ਵਿਚਾਰਧਾਰਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਨਵਾਂ ਇਨਸਾਨ ਪੈਦਾ ਕਰ ਦਿਤਾ। ਇਹ ਅਨੰਦਪੁਰ ਸਾਹਿਬ ਦੀ ਹੀ ਵਿਚਾਰਧਾਰਾ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗਿੱਦੜਾਂ ਤੋਂ ਸ਼ੇਰ ਬਣਾਏ ਅਤੇ ਚਿੜੀਆਂ ਤੋਂ ਬਾਜ਼ ਤੁੜਵਾਏ। ਇਹ ਅਨੰਦਪੁਰ ਸਾਹਿਬ ਦੀ ਹੀ ਵਿਚਾਰਧਾਰਾ ਹੈ ਕਿ ਕਦੇ ਜਰਵਾਣੇ ਆ ਕੇ ਇਥੋਂ ਦੀ ਦੌਲਤ ਤੇ ਇਜ਼ਤ ਲੁੱਟ ਕੇ ਲੈ ਜਾਂਦੇ ਸਨ ਅਤੇ ਉਸ ਨੂੰ ਬੰਦ ਕੀਤਾ। ਇਹ ਆਨੰਦਪੁਰ ਸਾਹਿਬ ਦੀ ਵਿਚਾਰਧਾਰਾ ਹੈ ਕਿ ਕਾਬਲ ਅਤੇ ਕੰਧਾਰ ਤੇ ਕਬਜ਼ਾ ਕੀਤਾ ਅਤੇ ਜਮਰੌਦ ਤੇ ਝੰਡਾ ਝੁਲਾਇਆ। ਇਹ ਉਥੋਂ ਦੀ ਵਿਚਾਰ ਧਾਰਾ ਹੈ ਕਿ ਜਿਹੜੇ ਲੋਕ ਉਸ ਸਮੇਂ ਵਿਦੇਸ਼ੀਆਂ ਦੇ ਹਮਲੇ ਨਾਲ ਕਾਇਰ ਹੋ ਗਏ ਸਨ, ਕਮਜ਼ੋਰ ਹੋ ਗਏ ਸਨ ਉਨ੍ਹਾਂ ਨੂੰ ਜਰਵਾਣਿਆਂ ਦਾ ਮੁਕਾਬਲਾ ਕਰਨਾ ਸਿਖਾਇਆ।

ਹੁਣ ਮੈਂ ਇਕ ਦੋ ਗੱਲਾਂ ਆਪਣੇ ਕਮਿਊਨਿਸਟ ਭਾਈਆਂ ਨੂੰ ਵੀ ਦੱਸ ਦੇਣਾ ਚਾਹੁੰਦਾ ਹਾਂ। (ਵਿਘਨ) ਇਸ ਮਤੇ ਵਿਚ ਇਹ ਵੀ ਹੈ ਕਿ ਅਕਾਲੀ ਦਲ ਖੇਤੀਬਾੜੀ ਦੇ ਆਧੁਨਿਕ-ਕਰਣ ਦੀ ਭਰਪੂਰ ਕੋਸ਼ਿਸ਼ ਕਰੇਗਾ ਅਤੇ ਇਹ ਵੀ ਵਿਚਾਰੇਗਾ ਕਿ ਮੱਧ-ਸ਼੍ਰੇਣੀ ਛੋਟੇ ਅਤੇ ਗਰੀਬ ਕਿਸਾਨ ਵੀ ਏਜੰਸੀਆਂ ਰਾਹੀਂ ਮਿਲ ਰਹੇ ਕਰਜ਼ਿਆਂ ਅਤੇ ਸਾਧਨਾ ਦਾ ਕਿਵੇਂ ਲਾਭ ਉਠਾ ਸਕਦੇ ਹਨ। ਅਕਾਲੀ ਦਲ ਭਰਪੂਰ ਕੋਸ਼ਿਸ਼ ਕਰੇਗਾ ਕਿ ਖੇਤੀਬਾੜੀ ਦੀ ਉਪਜ ਦੀਆਂ ਕੀਮਤਾਂ ਮੱਧ-ਦਰਜੇ ਦੇ ਕਿਸਾਨਾਂ ਦੀ ਪੈਦਾਵਾਰ ਤੇ ਖਰਚੇ ਦੀ ਬੁਨਿਆਦ ਤੇ ਨੀਯਤ ਹੋ ਜਾਣ। ਕੀਮਤਾਂ ਨੂੰ ਬਿਜਾਈ ਤੋਂ ਕਾਫੀ ਪਹਿਲਾਂ ਹੀ ਸੂਚਿਤ ਕਰ ਦਿਤਾ ਜਾਣਾ ਚਾਹੀਦਾ ਹੈ। ਕੀਮਤਾਂ ਨੀਯਤ ਕਰਨ ਦਾ ਅਧਿਕਾਰ ਲਾਜ਼ਮੀ ਤੌਰ ਤੇ ਰਾਜ ਸਰਕਾਰ ਕੋਲ ਹੋਣਾ ਚਾਹੀਦਾ ਹੈ। ਇਹ ਸੋਸ਼ਲਿਸਟ ਵਿਚਾਰਧਾਰਾ ਹੈ। ਫਿਰ ਅਕਾਲੀ ਦਲ ਅੰਨ ਵਪਾਰ ਦੇ ਸੰਪੂਰਣ ਕੌਮੀਕਰਨ ਦਾ ਹਮਾਇਤ ਕਰਦਾ ਹੈ ਅਤੇ ਰਾਜ ਸਰਕਾਰ ਤੇ ਸਰਕਾਰੀ ਏਜੰਸੀਆਂ ਰਾਹੀਂ ਅੰਨ ਅਤੇ ਦੂਜੀਆਂ ਹੋਰ ਫਸਲਾਂ ਦੀ ਥੋਕ ਦੇ ਵਪਾਰ ਦਾ ਪੂਰਨ ਤੌਰ ਤੇ ਸਰਕਾਰੀ-ਕਰਨ ਕਰਨ ਲਈ ਹਰ ਕਦਮ ਉਠਾਏਗਾ। ਅਕਾਲੀ ਦਲ ਚਾਹੁੰਦਾ ਹੈ ਕਿ ਉਹ ਸਾਰੇ ਖਪਤਕਾਰੀ ਉਦਯੋਗ ਜੋ ਜ਼ਰੂਰੀ ਵਸਤੂਆਂ ਨਾਲ ਸਬੰਧਤ ਹਨ, ਕੌਮੀ ਕਰ ਲਏ ਜਾਣ ਤਾਕਿ ਕੀਮਤਾਂ ਨੂੰ ਕਾਬੂ ਹੇਠ ਰਖਿਆ ਜਾ ਸਕੇ ਅਤੇ ਗਰੀਬ ਖਪਤਕਾਰ ਦੀ ਉਦਯੋਗਕਾਰੀਆਂ ਅਤੇ ਦਲਾਲਾਂ ਰਾਹੀਂ ਲੁੱਟ-ਖਸੁੱਟ ਨੂੰ ਖਤਮ ਕੀਤਾ ਜਾ ਸਕੇ। ਡਿਪਟੀ ਸਪੀਕਰ ਸਾਹਿਬ, ਇਸ ਕਿਸਮ ਦੀਆਂ ਗਲਾਂ ਇਸ ਵਿਚ ਹਨ। ਇਹ ਕਿਸੇ ਖਾਸ ਤਬਕੇ ਵਾਸਤੇ ਨਹੀਂ ਹੈ ਬਲਕਿ ਇਹ ਸਾਰੇ ਦੇਸ਼ ਦੇ ਲਾਭ ਵਾਸਤੇ ਰੇਜ਼ੋਲਿਊਸ਼ਨ ਹੈ।

ਅਗੇ ਜਾ ਕੇ ਇਸ ਵਿਚ ਕਾਮੇ, ਮੱਧ-ਸ਼੍ਰੇਣੀ ਦੇ ਨੌਕਰੀ ਪੇਸ਼ਾ ਲੋਕ ਅਤੇ ਖੇਤੀਬਾੜੀ ਦੇ ਕਾਮਿਆਂ ਦਾ ਜ਼ਿਕਰ ਆਉਂਦਾ ਹੈ।

**ਸ੍ਰੀ ਡਿਪਟੀ ਸਪੀਕਰ** : ਤੁਸੀਂ ਵਾਈਂਡ ਅੱਪ ਕਰੋ। ਤੁਹਾਡੇ ਇਕ ਘੰਟਾ 10 ਮਿੰਟ ਹੋ ਗਏ ਹਨ ।

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਡਿਪਟੀ ਸਪੀਕਰ ਸਾਹਿਬ, ਮੈਂ ਥੋੜ੍ਹਾ ਜਿਹਾ ਹੋਰ ਟਾਈਮ ਲਵਾਂਗਾ। ਮੈਂ ਕਾਮੇ, ਮੱਧ-ਸ਼੍ਰੇਣੀ ਦੇ ਨੌਕਰੀ ਪੇਸ਼ਾ ਲੋਕ ਅਤੇ ਖੇਤੀਬਾੜੀ ਦੇ ਕਮਿਆਂ ਬਾਰੇ ਦੱਸਣ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਰਜੀਤ ਸਿੰਘ ਬਰਨਾਲਾ]
ਲੱਗਾ ਹਾਂ। ਇਸ ਵਿਚ ਦਿਤਾ ਗਿਆ ਕਿ ਅਕਾਲੀ ਦਲ ਇਨ੍ਹਾਂ ਗਲਾਂ ਲਈ ਭਰਪੂਰ ਕੋਸ਼ਿਸ਼ ਕਰੇਗਾ :

(ੳ) ਉਦਯੋਗਿਕ ਕਾਮਿਆਂ ਲਈ ਲੋੜ ਦੇ ਆਧਾਰ ਤੇ ਘੱਟੋ ਘੱਟ ਵੇਤਨ।

(ਅ) ਸਰਕਾਰੀ ਕਰਮਚਾਰੀਆਂ ਦੀ ਰਹਿਣੀ-ਬਹਿਣੀ ਦੇ ਮਿਆਰ ਵਿਚ ਲਗਾਤਾਰ ਸੁਧਾਰ।

(ੲ) ਖੇਤੀਬਾੜੀ ਦੇ ਕਾਮਿਆਂ ਲਈ ਘੱਟੋ ਘੱਟ ਤਨਖਾਹ ਬਾਰੇ ਪੁਨਰ-ਵਿਚਾਰ ਅਤੇ ਜੇ ਲੋੜ ਮਹਿਸੂਸ ਹੋਵੇ ਤਾਂ ਵੇਤਨ ਵਿਚ ਵਾਧਾ।

(ਸ) ਮੌਜੂਦਾ ਲੇਬਰ ਵਿਧਾਨਕਾਰੀ ਦੀਆਂ ਤਰੁੱਟੀਆਂ ਦੂਰ ਕਰਨਾ ਤਾਕਿ ਕਾਮਿਆਂ ਤੇ ਮਜ਼ਦੂਰਾਂ ਦੀ ਰਹਿਣੀ-ਬਹਿਣੀ ਯਕੀਨਨ ਚੰਗੀ ਹੋਵੇ।

(ਹ) ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਸਮਾਜ ਦੇ ਸਭ ਤੋਂ ਗਰੀਬ ਲੋਕਾਂ ਵਾਸਤੇ ਘਰ ਬਨਾਉਣ ਲਈ ਲੋੜੀਂਦੇ ਜ਼ਰੂਰੀ ਕਦਮ ਉਠਾਉਣੇ।

ਇਹ ਵੀ ਕਹਿੰਦੇ ਹਨ ਕਿ ਅਸੀਂ ਇਸ ਪਾਸੇ ਕੁਝ ਕਰਨ ਲੱਗੇ ਹਾਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਗਲ 1973 ਵਿਚ ਕਹੀ ਸੀ ਜੋ ਇਹ ਹੁਣ ਕਹਿੰਦੇ ਹਨ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਆਰਥਿਕ ਨੀਤੀ ਦਾ ਜ਼ਿਕਰ ਕਰਕੇ ਖਤਮ ਕਰ ਦਿਆਂਗਾ। ਅਕਾਲੀ ਦਲ ਦੀ ਮੰਗ ਹੈ ਕਿ ਟੈਕਸ ਦੇ ਸਮੁੱਚੇ ਢਾਂਚੇ ਨੂੰ ਕੁਝ ਇਸ ਤਰ੍ਹਾਂ ਮੁੜ ਵਿਚਾਰਿਆ ਜਾਵੇ ਕਿ ਟੈਕਸ ਦੀ ਚੋਰੀ ਅਤੇ ਕਾਲੇ ਧਨ ਦੇ ਸਾਰੇ ਲਾਲਚ ਪੂਰੀ ਤਰ੍ਹਾਂ ਜੜ੍ਹੋਂ ਪੁੱਟੇ ਜਾਣ। ਅਕਾਲੀ ਦਲ ਇਕ ਅਜਿਹੇ ਟੈਕਸ ਸਿਸਟਮ ਦੀ ਹਮਾਇਤ ਕਰਦਾ ਹੈ ਜਿਸ ਨਾਲ ਟੈਕਸ ਦੀ ਕਾਟ ਸੁਖਾਲੀ ਅਤੇ ਆਮ ਲੋਕਾਂ ਨੂੰ ਚੱਕਰਾਂ ਵਿਚ ਪਾਉਣ ਵਾਲੀ ਨਾ ਹੋਵੇ। ਅਜੋਕੀ ਟੈਕਸ-ਪ੍ਰਨਾਲੀ ਜਾਂ ਸਿਰਫ ਗਰੀਬਾਂ ਨੂੰ ਦਿੰਦੀ ਹੈ ਅਤੇ ਅਮੀਰਾਂ ਲਈ ਵਡੇ ਵਡੇ ਬਚਾਓ ਦੇ ਰਾਹ ਰਹਿਣ ਦਿੰਦੀ ਹੈ। ਅਕਾਲੀ ਦਲ ਅਮਲੀਕਰਣ ਦੇ ਹੱਕ ਵਿਚ ਹੈ ਤਾਕਿ ਦੇਸ਼ ਵਿਚ ਮੁਕਾਬਲੇ ਤੇ ਚਲ ਰਹੇ ਕਾਲੇ ਧਨ ਦੇ ਆਰਥਿਕ ਪ੍ਰਬੰਧਾਂ ਦਾ ਵਿਕਾਸ ਕੀਤਾ ਜਾ ਸਕੇ।

**ਸਰਦਾਰ ਬੀਰਦਵਿੰਦਰ ਸਿੰਘ** : ** ** **

**Mr. Deputy Speaker** : This is no Point of Order.

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਮੈਂ ਆਨਰੇਬਲ ਮੈਂਬਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਕੋਈ ਟੀਕਾ ਟਿਪਣੀ ਕਰਨੀ ਹੋਵੇ ਤਾਂ ਫਿਰ ਸਾਰੀ ਸਪੀਚ ਸੁਣਨੀ ਚਾਹੀਦੀ ਹੈ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਕਿ ਵਿਚੋਂ ਜਾ ਕੇ ਚਾਹ ਪੀ ਕੇ ਆ ਗਏ ਅਤੇ ਆਕੇ ਟੀਕਾ ਟਿਪਣੀ ਕਰਨ ਲੱਗੇ ਇਹ ਗੱਲ ਠੀਕ ਨਹੀਂ ਹੈ। ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਮੈਂ ਕਿਉਂ ਇਸ ਨੂੰ ਪੜ੍ਹਨ ਲਗਾ ਹਾਂ। ਅੱਜ ਬਜਟ ਦੇ ਘਾਟੇ ਦੀਆਂ ਗੱਲਾਂ ਕਿਉਂ ਹੋ ਰਹੀਆਂ ਹਨ ? ਮੈਂ ਸਾਰਾ ਕੁਝ ਦੱਸ ਰਿਹਾ ਹਾਂ। (ਵਿਘਨ)

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਕੇ. ਪੀ. ਜੀ ਅਨੁਸੂਚਿਤ ਜਾਤੀਆਂ ਬਾਰੇ ਪੁੱਛਦੇ ਹਨ । ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਕਿ ਸ਼੍ਰੋਮਣੀ ਅਕਾਲੀ ਦਲ ਇਨ੍ਹਾਂ ਬਾਰੇ ਕੀ ਚਾਹੁੰਦਾ ਹੈ । ਇਸ ਮਤੇ ਅਨੁਸਾਰ ਅਕਾਲੀ ਦਲ ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਦੂਸਰੇ ਕਮਜ਼ੋਰ ਵਰਗਾਂ ਦਾ ਆਰਥਿਕ ਮਿਆਰ, ਉਨ੍ਹਾਂ ਨੂੰ ਵਿਦਿਅਕ ਸਹੂਲਤਾਂ, ਨੌਕਰੀ ਅਤੇ ਦੂਸਰੀਆਂ ਕਈ ਹੋਰ ਰਿਆਇਤਾਂ ਦੇ ਕੇ ਉਚਾ ਕਰਨ ਦੀ ਕੋਸ਼ਿਸ਼ ਕਰੇਗਾ । ਤਾ ਕਿ ਉਹ ਵੀ ਸਮਾਜ ਦੇ ਦੂਸਰੇ ਵਰਗਾਂ ਦੇ ਬਰਾਬਰ ਆ ਜਾਣ । ਇਨ੍ਹਾਂ ਸ਼੍ਰੇਣੀਆਂ ਨੂੰ ਅੰਨ ਸਸਤੇ ਦਰਾਂ ਤੇ ਦਿਤਾ ਜਾਵੇਗਾ । (ਥੰਪਿੰਗ) ਅਕਾਲੀ ਦਲ ਅਨੁਸੂਚਿਤ ਜਾਤੀਆਂ ਅਤੇ ਸਮਾਜ ਦੇ ਦੂਸਰੇ ਕਮਜ਼ੋਰ ਵਰਗਾਂ ਲਈ ਇਹ ਕੁਝ ਚਾਹੁੰਦਾ ਹਾਂ । ਡਿਪਟੀ ਸਪੀਕਰ ਸਾਹਿਬ, ਇਹ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੀ ਵਿਚਾਰਧਾਰਾ ਤੋਂ ਇਨ੍ਹਾਂ ਨੂੰ ਗੁਰੇਜ਼ ਨਹੀਂ ਕਰਨਾ ਚਾਹੀਦਾ । ਇਨ੍ਹਾਂ ਨੂੰ ਤਾਂ ਇਸ ਦਾ ਮੁਦਈ ਬਣਨਾ ਚਾਹੀਦਾ ਹੈ । ਇਹ ਜੋ ਕੁਝ ਅਸੀਂ ਇਨਾਂ ਨੂੰ ਦੱਸ ਰਹੇ ਹਾਂ ਇਸ ਨਾਲ ਸੂਬੇ ਦੀ ਫਾਈਨੈਂਸ਼ਲ ਪੁਜ਼ੀਸ਼ਨ ਚੰਗੀ ਹੋ ਸਕਦੀ ਹੈ, ਇਸ ਨਾਲ ਦੇਸ਼ ਦੀ ਇੰਟੈਗਰੇਸ਼ਨ ਵਧੇਗੀ ਅਤੇ ਦੇਸ਼ ਦਾ ਫੈਡਰਲ ਢਾਂਚਾ ਮਜ਼ਬੂਤ ਹੋਵੇਗਾ । ਅੱਜ ਇਹ ਫੈਡਰੇਲਿਜ਼ਮ ਨੂੰ ਖਤਮ ਕਰ ਕੇ ਸਾਰੀ ਤਾਕਤ ਨੂੰ ਕੇਂਦਰਤ ਕਰੀ ਜਾ ਰਹੇ ਹਨ । (ਘੰਟੀ) ਇਹ ਕਹਿੰਦੇ ਹਨ ਕਿ ਸਾਡੀ ਲੀਡਰ ਬਹੁਤ ਵੱਡਾ ਹੈ ਅਤੇ ਬਹੁਤ ਚੰਗਾ ਹੈ । ਪਰ ਅਸੀਂ ਕਹਿੰਦੇ ਹਾਂ ਕਿ ਸਾਡਾ ਦੇਸ਼ ਵੀ ਵੱਡਾ ਅਤੇ ਮਜ਼ਬੂਤ ਹੋਣਾ ਚਾਹੀਦਾ ਹੈ । ਸਾਡਾ ਦੇਸ਼ ਬਲ-ਵਾਨ ਹੋਣਾ ਚਾਹੀਦਾ ਹੈ । ਕਿਸੇ ਵੇਲੇ ਸਾਡੇ ਦੇਸ਼ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ । ਇਸ ਪਾਸੇ ਵਲ ਨੂੰ ਤੁਰਿਆ ਜਾਵੇ ਅਤੇ ਫੈਡਰਲ ਸਟਰਕੱਚਰ ਦੇਸ਼ ਦੇ ਅੰਦਰ ਲਿਆਂਦਾ ਜਾਵੇ । ਸਾਰੇ ਵਰਗ ਦੇ ਲੋਕਾਂ ਨੂੰ ਖੁਸ਼ ਕੀਤਾ ਜਾਵੇ । ਕਿਤੇ ਘੱਟ ਗਿਣਤੀ ਦੇ ਲੋਕ ਇਹ ਮਹਿਸੂਸ ਨਾ ਕਰਨ ਕਿ ਸਾਡੇ ਵਾਸਤੇ ਕੁਝ ਨਹੀਂ ਕੀਤਾ ਜਾ ਰਿਹਾ । ਇਸ ਤਰ੍ਹਾਂ ਸਾਡਾ ਦੇਸ਼ ਮਜ਼ਬੂਤ ਹੋਵੇਗਾ । ਕਿਸੇ ਵਰਗ ਨਾਲ ਧੱਕਾ ਨਹੀਂ ਹੋਣਾ ਚਾਹੀਦਾ । ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਅਤੇ ਤੁਸੀਂ ਵੀ ਮਹਿਸੂਸ ਕਰੋਗੇ ਕਿ ਸਾਡੇ ਨਾਲ ਬੇਹੱਦ ਧੱਕਾ ਹੋ ਰਿਹਾ ਹੈ । ਕਿਸੇ ਵੇਲ ਫੌਜ ਵਿਚ ਸਾਡੀ ਗਿਣਤੀ 22% ਹੁੰਦੀ ਸੀ ਪਰ ਹੁਣ ਕੋਸ਼ਿਸ਼ ਹੈ ਕਿ ਇਹ ਗਿਣਤੀ 2% ਤੇ ਲਿਆਂਦੀ ਜਾਵੇ । ਅੱਜ ਵੀ ਮੁੰਡੇ ਫੌਜ ਵਿਚ ਜਾਣ ਲਈ ਤਿਆਰ ਹਨ । ਪਹਿਲੇ ਵੀ ਸਾਡੇ ਮੁੰਡਿਆਂ ਨੇ ਫੌਜ ਵਿਚ ਜਾ ਕੇ ਦੇਸ਼ ਦਾ ਨਾਮ ਕਾਫੀ ਉਚਾ ਕੀਤਾ ਹੈ । ਇਹ ਜਿਹੜੀ 22% ਤੋਂ ਘਟਾ ਕੇ 2% ਕਰਨ ਦੀ ਕੋਸ਼ਿਸ਼ ਹੈ ਇਹ ਫੌਜ ਨੂੰ ਕਮਜ਼ੋਰ ਕਰਨ ਅਤੇ ਦੇਸ਼ ਨੂੰ ਕਮਜ਼ੋਰ ਕਰਨ ਦੀ ਗਲ ਹੈ । ਫੌਜ ਦੇ ਵਿਚ ਦੂਸਰਿਆਂ ਸੂਬਿਆਂ ਦੇ ਲੋਕ ਵੀ ਜਾਂਦੇ ਸੀ, ਪੰਜਾਬ ਦੇ ਲੋਕ ਵੀ ਜਾਂਦੇ ਸੀ । ਹਰਿਆਣੇ ਦੇ ਲੋਕ, ਪਹਾੜਾਂ ਦੇ ਲੋਕ, ਮਹਾਰਾਸ਼ਟਰੀ ਲੋਕ ਅਤੇ ਹੋਰ ਦੂਸਰੇ ਲੋਕ ਫੌਜ ਵਿਚ ਜਾਂਦੇ ਸੀ । ਸਾਡੀ ਫੌਜ ਵਿਚ ਇਕ ਤਕੜੀ ਫੌਜ ਸੀ । ਇਸ ਨੂੰ ਕਮਜ਼ੋਰ ਨਹੀਂ ਕਰਨਾ ਚਾਹੀਦਾ । ਗਿਣਤੀ ਦੇ ਆਧਾਰ ਤੇ ਜੋ ਸਿਲ ਸਿਲਾ ਸ਼ੁਰੂ ਕੀਤਾ ਗਿਆ ਹੈ ਇਸ ਦੇ ਨਾਲ ਬੜੀ ਮੁਸ਼ਕਿਲ ਹੋ ਜਾਵੇਗੀ । ਫਿਰ ਆਪਣੇ ਦੇਸ਼ ਦਾ ਤਜਰਬਾ ਵੀ ਹੈ ਕਿ ** ** **
ਇਸ ਲਈ ਮੇਰੀ ਬੇਨਤੀ ਹੈ ਕਿ ਸਾਨੂੰ ਮਜ਼ਬੂਤੀ ਦੀ ਗਲ ਕਰਨੀ ਚਾਹੀਦੀ ਹੈ । ਸਾਡਾ ਦੇਸ਼ ਮਜ਼ਬੂਤ ਹੋਵੇ, ਸਾਡੇ ਦੇਸ਼ ਦੀ ਫੌਜ ਮਜ਼ਬੂਤ ਹੋਵੇ, ਇਸ ਦੇ ਲਈ ਸਾਨੂੰ ਗਿਣਤੀ ਦੇ ਆਧਾਰ ਤੇ ਭਰਤੀ ਨਹੀਂ ਕਰਨੀ ਚਾਹੀਦੀ ।

**ਸ਼੍ਰੀ ਵਿਨੋਦ ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਫੌਜ ਤੇ ਬੜੇ ਡੇਰੋਗੇਟਰੀ ਰਿਮਾਰਕਸ ਕੀਤੇ ਹਨ । ਇਨ੍ਹਾਂ ਨੇ ਕਿਹਾ ਹੈ ਕਿ ਉਹ ** ** **

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਨੋਦ ਸ਼ਰਮਾ]

ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਇਸ ਤਰ੍ਹਾਂ ਦੀ ਗੱਲ ਨਹੀਂ ਕਰਨੀ ਚਾਹੀਦੀ। ਸਾਡੇ ਦੇਸ਼ ਦੀ ਜੋ ਡੀਫੈਂਸ ਹੈ ਉਹ ਦੁਨੀਆਂ ਵਿਚ ਮੰਨੀ ਹੋਈ ਡੀਫੈਂਸ ਹੈ। ਉਸ ਦੇ ਬਾਰੇ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਰਿਮਾਰਕਸ ਐਕਸਪੰਜ ਕਰਨੇ ਚਾਹੀਦੇ ਹਨ।

**ਸ੍ਰੀ ਡਿਪਟੀ ਸਪੀਕਰ**: ਇਹ ਰਿਮਾਰਕਸ ਐਕਸਪੰਜ ਕਰ ਦਿਤੇ ਜਾਣ।

**ਸਰਦਾਰ ਸੁਰਜੀਤ ਸਿੰਘ ਬਰਨਾਲਾ**: ਡਿਪਟੀ ਸਪੀਕਰ ਸਾਹਿਬ, ਮੈਂ ਕੋਈ ਡੇਰੋਗੇਟਰੀ ਰਿਮਾਰਕਸ ਨਹੀਂ ਕੀਤੇ। ਮੇਰੇ ਰਿਮਾਰਕਸ ਐਕਸਪੰਜ ਨਹੀਂ ਹੋਣੇ ਚਾਹੀਦੇ। ਮੈਂ ਤਾਂ ਇਹੀ ਬੇਨਤੀ ਕੀਤੀ ਹੈ ਕਿ ਸਾਡੇ ਦੇਸ਼ ਦੀ ਫੌਜ ਬਹੁਤ ਮਜ਼ਬੂਤ ਹੋਣੀ ਚਾਹੀਦੀ ਹੈ। ਮੈਂ ਤਾਂ ਇਸ ਗਲ ਦਾ ਮੁਦਈ ਹਾਂ ਅਸੀਂ ਤਾਂ **ਚਾਹੁੰਦੇ ਹਾਂ ਕਿ ਸਾਡੇ ਦੇਸ਼ ਦੀ ਫੌਜ ਮਜ਼ਬੂਤ ਹੋਵੇ ਪਰ ਇਹ ਗਿਣਤੀ ਦੇ ਆਧਾਰ ਤੇ ਮਜ਼ਬੂਤ ਨਹੀਂ ਹੋ ਸਕਦੀ। ਕੱਲ ਨੂੰ ਕੋਈ ਕਹੇ ਕਿ ਫਲਾਣੇ ਸੂਬੇ ਦੀ ਗਿਣਤੀ ਜ਼ਿਆਦਾ ਹੈ ਇਸ ਲਈ ਫੁਟਬਾਲ ਦੀ ਟੀਮ, ਹਾਕੀ ਦੀ ਟੀਮ ਵਿਚ ਉਸ ਸੂਬੇ ਨੂੰ ਜ਼ਿਆਦਾ ਰਿਪਰੇਜ਼ੈਂਟੇਸ਼ਨ ਦਿਤੀ ਜਾਵੇ ਤਾਂ ਇਹ ਠੀਕ ਨਹੀਂ ਹੋਵੇਗਾ। ਜੁਤੀਆਂ ਤਾਂ ਹੁਣ ਵੀ ਖੇਡਾਂ ਵਿਚ ਖਾਂਦੇ ਹਾਂ, ਅਗੇ ਨੂੰ ਹੋਰ ਵੀ ਜ਼ਿਆਦਾ ਖਾਇਆ ਕਰਾਂਗੇ। ਸੋ ਮੈਂ ਤਾਂ ਇਹੀ ਗਲ ਕਹਿਣੀ ਚਾਹੁੰਦਾ ਹਾਂ ਕਿ ਗਿਣਤੀ ਦੇ ਆਧਾਰ ਤੇ ਭਰਤੀ ਨਹੀਂ ਹੋਣੀ ਚਾਹੀਦੀ। ਇਸ ਲਈ ਸਾਡੇ ਕੁਝ ਗਿਲੇ ਹਨ, ਸ਼ਿਕਵੇ ਹਨ ਜੋ ਅਸੀਂ ਕਹਿਣਾ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਦੇਸ਼ ਦੀ ਫੌਜ ਤਾਕਤ ਵਰ ਹੋਣੀ ਚਾਹੀਦੀ ਹੈ, ਦਲੇਰ ਹੋਣੀ ਚਾਹੀਦੀ ਹੈ, ਕਿਸੇ ਤੇ ਜਾ ਕੇ ਉਹ ਚੜ੍ਹ ਸਕੇ। ਮੈਂ ਨਾ ਕੋਈ ਡੇਰੋਗੇਟਰੀ ਰਿਮਾਰਕਸ ਕੀਤੇ ਹਨ ਅਤੇ ਨਾ ਮੇਰੀ ਕੋਈ ਕਰਨ ਦੀ ਮਨਸ਼ਾ ਹੈ। ਜੇ ਕੋਈ ਸਾਨੂੰ ਵਿਤਕਰੇ ਨਜ਼ਰ ਆਉਂਦੇ ਹਨ ਉਨ੍ਹਾਂ ਦੀ ਗਲ ਕਰਨੀ ਹੈ ਕਿ ਉਹ ਦੂਰ ਕਰਨੇ ਚਾਹੀਦੇ ਹਨ। ਅਸੀਂ ਇਹ ਚਾਹੁੰਦੇ ਹਾਂ ਕਿ ਕੋਈ ਸੂਬਾ, ਕੋਈ ਵਰਗ ਕਮਜ਼ੋਰ ਨਹੀਂ ਹੋਣਾ ਚਾਹੀਦਾ। ਪਰ ਸਾਡੇ ਨਾਲ ਹਮੇਸ਼ਾਂ ਵਿਤ-ਕਰਾ ਹੁੰਦਾ ਹੈ। ਇਥੇ ਇੰਡਸਟਰੀ ਦਾ ਜ਼ਿਕਰ ਕੀਤਾ ਹੈ। ਇੰਡਸਟਰੀ ਦੂਸਰਿਆਂ ਸੂਬਿਆਂ ਨੂੰ ਬਹੁਤ ਦਿੱਤੀ ਗਈ ਹੈ ਪਰ ਸਾਨੂੰ ਘੱਟ ਦਿਤੀ ਗਈ ਹੈ। ਇਹ ਸਾਡੇ ਨਾਲ ਵਿਤਕਰਾ ਹੈ। ਸਾਨੂੰ ਵਡੀ ਇੰਡਸਟਰੀ ਤਾਂ ਕੋਈ ਦਿੱਤੀ ਹੀ ਨਹੀਂ ਗਈ। ਬੇਸਿਕ ਇੰਡਸਟਰੀ ਸਾਨੂੰ ਨਹੀਂ ਆਈ, ਕੋਈ ਵਡੀ ਇੰਡਸਟਰੀ ਸਾਨੂੰ ਨਹੀਂ ਮਿਲੀ। ਜੇ ਅਸੀਂ ਕੋਈ ਗਲ ਕਹਿੰਦੇ ਹਾਂ ਤਾਂ ਇਹ ਸਾਨੂੰ ਕਹਿੰਦੇ ਹਨ ਕਿ ਅਲੱਗ ਹੋਣ ਵਾਲੀ ਗਲ ਕਰਦੇ ਹਨ। ਅਸੀਂ ਕੋਈ ਅਲੱਗ ਹੋਣ ਦੀਆਂ ਗਲਾਂ ਨਹੀਂ ਕਰਦੇ, ਅਸੀਂ ਦੇਸ਼ ਦੇ ਵਿਚ ਬਰਾਬਰ ਭਾਈਵਾਲ ਬਣ ਕੇ ਰਹਿਣਾ ਚਾਹੁੰਦੇ ਹਾਂ। ਇਹ ਸਾਡਾ ਦੇਸ਼ ਹੈ ਅਤੇ ਅਸੀਂ ਬਰਾਬਰ ਦੇ ਭਾਈਵਾਲ ਹਾਂ। (ਥੰਪਿੰਗ) ਜੇ ਸਾਨੂੰ ਤੁਸੀਂ ਦੂਸਰੇ ਦਰਜੇ ਦੇ ਤੁਸੀਂ ਸ਼ਹਿਰੀ ਬਣਾਉਣਾ ਚਾਹੁੰਦੇ ਹਾਂ ਤਾਂ ਅਸੀਂ ਦੂਸਰੇ ਦਰਜੇ ਦੇ ਸ਼ਹਿਰੀ ਬਣਨ ਲਈ ਬਿਲਕੁਲ ਤਿਆਰ ਨਹੀਂ ਹਾਂ। ਔਰ ਉਸ ਦੇ ਲਈ ਅਸੀਂ ਲੜਨ ਨੂੰ ਤਿਆਰ ਹਾਂ। (ਥੰਪਿੰਗ) ਸੋ, ਡਿਪਟੀ ਸਪੀਕਰ ਸਾਹਿਬ, ਇਹ ਸੀ ਅਨੰਦਪੁਰ ਸਾਹਿਬ ਦਾ ਰੇਜ਼ੋਲਿਊਸ਼ਨ ਜੋ ਮੈਂ ਆਪ ਦੇ ਸਾਹਮਣੇ ਰਖਿਆ ਹੈ।

ਆਖਿਰ ਵਿਚ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਕਿਸਾਨਾਂ ਤੇ ਹੋਰ ਟੈਕਸ ਲਾਇਆ ਗਿਆ ਹੈ ਇਹ ਨਹੀਂ ਲਗਣਾ ਚਾਹੀਦਾ। ਕਿਸਾਨ ਤਾਂ ਅੱਗੇ ਹੀ ਘਬਰਾਹਟ ਵਿਚ ਸੀ ਅਤੇ ਇਹ ਟੈਕਸ ਲਾਉਣ ਤੋਂ ਬਾਅਦ ਉਹ ਹੋਰ ਘਬਰਾਹਟ ਵਿਚ ਹੋ ਗਿਆ ਹੈ। ਜੇ ਆਕ-ਟਰਾਏ ਉਸ ਨੂੰ ਦੇਣਾ ਪੈਂਦਾ ਹੈ, ਕਮ-ਅਜ਼-ਕਮ ਉਹ ਤਾਂ ਜ਼ਰੂਰ ਚਾਹੀਦਾ ਹੈ। ਕੋਈ ਐਸੀ ਸਕੀਮ ਵੀ

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਬਣਦੀ ਸੀ ਕਿ ਇਹ ਵਿਦਡਰਾ ਕਰ ਲਵਾਂਗੇ। ਸੋ ਮੈਂ ਸੁਝਾਅ ਦੇਵਾਂਗਾ ਕਿ ਜਿਹੜੀਆਂ ਚੀਜ਼ਾਂ ਗਰੀਬ ਲੋਕਾਂ ਦੇ ਖਾਣ ਵਾਲੀਆਂ ਹਨ ਜਿਸ ਤਰ੍ਹਾਂ ਸਬਜ਼ੀਆਂ ਹਨ, ਦੁੱਧ ਹੈ, ਅੰਡਾ ਹੈ ਜਾਂ ਇਸ ਤਰ੍ਹਾਂ ਦੀਆਂ ਹੋਰ ਨਿੱਕੀਆਂ ਨਿੱਕੀਆਂ ਚੀਜ਼ਾਂ ਜਿਹੜੀਆਂ ਗਰੀਬ ਲੋਕ ਵਰਤਦੇ ਹਨ ਉਨ੍ਹਾਂ ਚੀਜ਼ਾਂ ਤੇ ਆਕਟਰਾਈ ਵਿਦਡਰਾ ਕਰ ਲਓ। ਇਕ ਜ਼ਿਕਰ ਇਥੇ ਆਇਆ ਹੈ ਕਿ ਬੀਅਰ ਤਾਂ ਹਟਾ ਲਵਾਂਗੇ। ਇਹ ਬੀਅਰ ਤੋਂ ਹਟਾਉਣ ਨੂੰ ਤਿਆਰ ਹਨ ਜੋ ਵਡੇ ਵਡੇ ਲੋਕ ਵਰਤਦੇ ਹਨ ਪਰ ਇਨ੍ਹਾਂ ਨਿਕੀਆਂ ਨਿਕੀਆਂ ਚੀਜ਼ਾਂ ਤੇ ਜੋ ਗਰੀਬ ਆਦਮੀ ਵਰਤਦਾ ਹੈ ਉਨ੍ਹਾਂ ਤੇ ਹਟਾਉਣ ਲਈ ਤਿਆਰ ਨਹੀਂ। ਜਿਸ ਨਾਲ ਧਨਾਢਾਂ ਨੂੰ ਫਾਇਦਾ ਹੁੰਦਾ ਹੈ, ਜਿਸ ਚੀਜ਼ ਤੇ ਧਨਾਢ ਲੋਕ, ਵਡੇ ਵਡੇ ਲੋਕ ਕਾਬੂ ਪਾਈ ਬੈਠੇ ਹਨ ਉਸ ਉਤੇ ਹਟਾਉਣ ਲਈ ਤਾਂ ਇਹ ਤਿਆਰ ਹਨ ਪਰ ਇਨਾਂ ਚੀਜ਼ਾਂ ਤੇ ਜੋ ਗਰੀਬ ਆਦਮੀ ਵਰਤਦਾ ਹੈ ਉਨ੍ਹਾਂ ਤੇ ਨਹੀਂ ਹਟਾਉਣਾ ਚਾਹੁੰਦੇ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਦੇ ਨਾਲ ਗਰੀਬ ਕਿਸਾਨ ਨੂੰ ਫਾਇਦਾ ਹੁੰਦਾ ਹੈ, ਗਰੀਬ ਖਪਤਕਾਰ ਨੂੰ ਫਾਇਦਾ ਹੁੰਦਾ ਹੈ ਉਸ ਤੇ ਇਹ ਆਕਟਰਾਏ ਹਟਾਉਣ ਲਈ ਵਿਚਾਰ ਕਰੇ। ਕੋਈ ਬਿਮਾਰ ਆਦਮੀ ਹੁੰਦਾ ਹੈ ਉਹ ਫਲ ਖਾਂਦਾ ਹੈ, ਸਬਜ਼ੀਆਂ ਖਾਂਦਾ ਹੈ ਜਾਂ ਹੋਰ ਇਸ ਤਰ੍ਹਾਂ ਨਿਕੀਆਂ ਮੋਟੀਆਂ ਚੀਜ਼ਾਂ ਜਿਹੜੀਆਂ ਉਸ ਨੂੰ ਜ਼ਰੂਰਤ ਪੈਂਦੀਆਂ ਹਨ ਉਸ ਤੇ ਇਹ ਆਕਟਰਾਏ ਜ਼ਰੂਰ ਵਿਦਡਰਾ ਕਰਨੀ ਚਾਹੀਦੀ ਹੈ। ਇਹ ਜਿਹੜਾ ਤੁਸੀਂ 1% ਕਿਸਾਨ ਤੇ ਲਾ ਦਿਤਾ ਹੈ ਇਹ ਉਨ੍ਹਾਂ ਨਾਲ ਬਹੁਤ ਜ਼ਿਆਦਤੀ ਕੀਤੀ ਹੈ। ਕਿਸਾਨ ਤਾਂ ਹਰ ਜਗ੍ਹਾ ਲੁਟਿਆ ਜਾ ਰਿਹਾ ਹੈ ਹਰ ਵਾਰੀ ਲੁੱਟਿਆ ਜਾ ਰਿਹਾ ਹੈ. ਜੇ ਉਸ ਦੀ ਉਪਜ ਤੇ 1% ਹੋਰ ਤੁਸੀਂ ਇਹ ਲਾ ਦਿਤਾ ਤਾਂ ਇਸ ਦੇ ਨਾਲ ਉਹ ਹੋਰ ਲੁਟਿਆ ਜਾਵੇਗਾ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਨੂੰ ਵਾਪਸ ਲੈਣਾ ਚਾਹੀਦਾ ਹੈ। ਹੋਰ ਕਿਸੇ ਪਾਸਿਉਂ ਅਮੀਰਾਂ ਤੋਂ ਲੈ ਲਓ। ਸਾਡੀ ਰਾਇ ਲੈ ਲਿਆ ਕਰੋ ਅਸੀਂ ਤੁਹਾਨੂੰ ਕੋਈ ਚੰਗੀ ਰਾਇ ਹੀ ਦੇਵਾਂਗੇ। ਜੇ ਕਿਸੇ ਵਡੀ ਥਾਂ ਨਸ਼ਤਰ ਲਾਇਆ ਜਾ ਸਕਦਾ ਹੈ, ਕਿਸੇ ਵਡੀ ਥਾਂ ਤੋਂ ਖ਼ੂਨ ਨਚੋੜਿਆ ਜਾ ਸਕਦਾ ਹੈ ਤਾਂ ਉਥੋਂ ਵਸੂਲ ਕਰਨਾ ਚਾਹੀਦਾ ਹੈ, ਗਰੀਬ ਲੋਕਾਂ ਦਾ ਖ਼ੂਨ ਨਿਚੋੜਨ ਦੀ ਕੋਸ਼ਿਸ਼ ਕਰਨੀ ਨਹੀਂ ਚਾਹੀਦੀ। ਇਨ੍ਹਾਂ ਸ਼ਬਦਾਂ ਨਾਲ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਮਾਸਟਰ ਬਾਬੂ ਸਿੰਘ** (ਰਾਮਪੁਰਾ ਫੂਲ): ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਬਜਟ ਹੈ ਇਹ ਡਾਇਰੈਕਸ਼ਨ-ਲੈਸ ਬਜਟ ਹੈ, ਇਸ ਦੇ ਵਿੱਚ ਕੋਈ ਡਾਇਰੈਕਸ਼ਨ ਨਹੀਂ ਮਿਲਦੀ। No major step has been suggested to serve one legged crisis ridden agriculture economy to convert into agro industrial economy ਇਸ ਦੇ ਬਾਰੇ ਕੋਈ ਖਾਸ ਧਿਆਨ ਨਹੀਂ ਦਿਤਾ। 40 ਕਰੋੜ ਰੁਪਏ ਦਾ ਜੋ ਭਾਰ ਹੈ ਉਹ ਆਮ ਤੌਰ ਤੇ ਵੀਕਰ ਸੈਕਸ਼ਨ ਤੇ ਜਾਂ ਕਿਸਾਨ ਤੇ ਹੀ ਪਾਇਆ ਗਿਆ ਹੈ। ਇਸ ਕਰਕੇ ਇਸ ਬਜਟ ਨੂੰ ਐਂਟੀ ਪੀਪਲ, ਐਂਟੀ ਫਾਰਮਰ, ਐਂਟੀ ਪੂਅਰ ਬਜਟ ਕਿਹਾ ਜਾ ਸਕਦਾ ਹੈ।

**ਸ਼੍ਰੀ ਰਾਮ ਲਾਲ ਚਿੱਟੀ**: ਡਿਪਟੀ ਸਪੀਕਰ ਸਾਹਿਬ, ਫਾਈਨਾਂਸ ਮਨਿਸਟਰ ਸਾਹਿਬ ਅਤੇ ਐਕਸ ਫਾਈਨਾਂਸ ਮਨਿਸਟਰ ਸਾਹਿਬ ਕੋਨੇ ਵਿਚ ਖੜ੍ਹੇ ਮੀਟਿੰਗ ਕਰ ਰਹੇ ਹਨ। ਇਸ ਤਰ੍ਹਾਂ ਕੋਨੇ ਵਿਚ ਬੈਠ ਕੇ ਉਹ ਮੀਟਿੰਗ ਨਹੀਂ ਕਰ ਸਕਦੇ।

12.17 P.M. (ਇਸ ਸਮੇਂ ਸਰਦਾਰ ਲਾਲ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਭਾਪਤੀ ਦੀ ਕੁਰਸੀ ਸੰਭਾਲੀ)

**ਮਾਸਟਰ ਬਾਬੂ ਸਿੰਘ**: ਚੇਅਰਮੈਨ ਸਾਹਿਬ, ਬਜਟ ਦਾ ਭਾਰ ਗਰੀਬ ਲੋਕਾਂ ਤੇ ਪਾਇਆ ਗਿਆ ਹੈ। ਇਸ ਦੇ ਨਾਲ ਜਿਹੜੀ ਇਹ ਫੀਲਿੰਗ ਦਿੱਤੀ ਹੈ ਉਸ ਦੇ ਨਾਲ ਸਾਡੇ ਦਿਲ ਨੂੰ ਹੋਰ ਵੀ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਬੜਾ ਦੁੱਖ ਹੋਇਆ ਹੈ। ਇਹ ਇਕ ਗਲਤ ਪ੍ਰੰਪਰਾ ਚਲ ਪਈ ਹੈ ਕਿ ਕਾਮਨ ਮੈਨ ਤੇ ਜੋ ਟੈਕਸ ਲਾਉਣੇ ਹਨ, ਗਰੀਬਾਂ ਤੇ ਜੋ ਟੈਕਸ ਲਾਉਣੇ ਹਨ ਉਹ ਬਜਟ ਵਿਚ ਨਾ ਲਾਈਏ ਬਲਕਿ ਇਸ ਤੋਂ ਪਿੱਛੋਂ ਆਰਡੀਨੈਂਸ ਰਾਹੀਂ ਗਰੀਬ ਲੋਕਾਂ ਤੇ ਹੋਰ ਟੈਕਸ ਲਾ ਦੇਈਏ। ਇਹ ਜੋ ਸਰਕਾਰ ਦੀ ਪ੍ਰੰਪਰਾ ਹੈ ਇਹ ਬਹੁਤ ਮਾੜੀ ਹੈ। ਇਸ ਤੇ ਸਾਨੂੰ ਬੜਾ ਦੁੱਖ ਹੈ। ਇਹ ਟੈਕਸ ਬਾਅਦ ਵਿਚ ਨਹੀਂ ਲਗਣੇ ਚਾਹੀਦੇ। ਅਡੀਸ਼ਨਲ ਫੰਡਜ਼ ਦੇ ਬਾਰੇ ਮੈਂ ਸੁਝਾਓ ਦੇਣਾ ਚਾਹੁੰਦਾ ਹਾਂ। ਸਾਡੇ ਫਾਈਨਾਂਸ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਦੇ ਪੇਜ ਇਕ ਤੇ ਕਿਹਾ ਹੈ। ਮੈਂ ਸਭ ਤੋਂ ਵਡੀ ਗਲ ਕਹਿਣੀ ਚਾਹੁੰਦਾ ਹਾਂ ਟੈਕਸਿਜ਼ ਬਾਰੇ। ਅਗਰ ਇਹ ਛੋਟੇ ਲੋਕਾਂ ਨੂੰ ਫਾਇਦਾ ਪਹੁੰਚਾਉਣਾ ਚਾਹੁੰਦੇ ਹਨ ਤਾਂ ਗਰੇਡਿਡ ਟੈਕਸ ਹੋਣੇ ਚਾਹੀਦੇ ਸਨ। ਜਿਨੀਂ ਜ਼ਿਆਦਾ ਇਨਕਮ ਹੋਵੇ, ਸਲੈਬ ਦੇ ਮੁਤਾਬਿਕ ਉਨ੍ਹਾਂ ਜ਼ਿਆਦਾ ਟੈਕਸ ਲਗ ਜਾਏਗਾ। ਜਿਹੜੇ 3,600 ਰੁਪਏ ਵਾਲੇ ਹਨ ਉਨ੍ਹਾਂ ਤੇ ਉਨ੍ਹਾਂ ਦੇ ਮੁਤਾਬਕ ਕਰ ਦਿਓ।

ਰੀਟਰੇਂਚਮੈਂਟ ਐਂਡ ਰਿਸੋਰਸਿਜ਼ ਕਮੇਟੀਆਂ ਪਹਿਲਾਂ ਵੀ ਬਣਦੀਆਂ ਰਹੀਆਂ ਸਾਡੇ ਸਰਦਾਰ ਹਰੀ ਸਿੰਘ ਇਕ ਪੁਰਾਣੇ ਐਮ. ਐਲ. ਸੀ. ਸਨ ਔਰ ਉਹ ਪਾਕਿਸਤਾਨ ਬਣਨ ਤੋਂ ਪਹਿਲਾਂ ਐਮ. ਐਲ. ਏ. ਵੀ ਰਹੇ ਉਨ੍ਹਾਂ ਨੇ ਇਕ ਰਿਪੋਰਟ ਦਿਤੀ ਸੀ ਖਰਚੇ ਘਟਾਉਣ ਵਾਸਤੇ ਅਗਰ ਉਸ ਦੀ ਰਿਪੋਰਟ ਤੇ ਅਮਲ ਕਰ ਲੈਣ ਤਾਂ ਪਤਾ ਨਹੀਂ ਕਿਨਾਂ ਰੁਪਿਆ ਬੱਚ ਸਕਦਾ ਹੈ।

ਇਸੇ ਤਰ੍ਹਾਂ ਇੰਸਟੀਚਿਊਸ਼ਨ ਆਫ ਫਾਈਨਾਂਸ ਪੇਜ 9 ਤੇ ਹੈ। ਇਹ ਇਕ ਨਵੀਂ ਟੈਕਨੀਕ ਹੈ to control the State Finances in agricultural development and loans etc. 35 ਕਰੋੜ ਰੁਪਏ ਦਾ ਲੋਨ ਲਿਆ ਹੈ ਸੀਵਰੇਜ ਬੋਰਡ ਤੋਂ ਅਤੇ ਪੀ, ਐਸ, ਈ, ਬੀ, ਤੋਂ। ਇਸ ਦੇ ਨਾਲ ਹੀ 90 ਕਰੋੜ ਰੁਪਏ ਪੰਜਾਬ ਫਾਈਨਾਂਸਲ ਕਾਰਪੋਰੇਸ਼ਨ ਤੋਂ 1980-81 ਵਿਚ 125 ਕਰੋੜ ਰੁਪਏ ਰਖੇ ਸਨ 1981-82 ਵਿਚ 225 ਕਰੋੜ ਰੁਪਏ ਅਤੇ 1982-83 ਵਿਚ ਕੁਲ ਜੋੜ 250 ਕਰੋੜ ਰੁਪਏ ਬਣਦਾ ਹੈ। ਚੇਅਰਮੈਨ ਸਾਹਿਬ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਫਾਈਨਾਂਸ਼ਲ ਇੰਸਟੀਚਿਊਸ਼ਨਾਂ ਤੇ ਕੋਈ ਪੰਜਾਬ ਦੀ ਅਸੈਂਬਲੀ ਦਾ ਕੰਟਰੋਲ ਨਹੀਂ। ਨਾ ਪੀ. ਏ. ਪੀ. ਦਾ ਕੰਟਰੋਲ ਹੈ ਜਿਸ ਤਰ੍ਹਾਂ ਮਰਜ਼ੀ ਆਉਂਦੀ ਹੈ ਇਹ ਕਾਰਪੋਰੇਸ਼ਨਾਂ ਵਾਲੇ ਕਰੀ ਜਾਂਦੇ ਹਨ। ਕੋਈ ਕਿਸੇ ਨਿਯਮ ਵਿਚ ਬੱਧੇ ਹੋਏ ਨਹੀਂ ਹਨ। ਅਫਸਰਸ਼ਾਹੀ ਹੈ ਸੋਹਲੇ ਗਾਉਂਦੇ ਹਨ। ਸਾਡੇ ਹਾਊਸ ਦਾ ਕੋਈ ਕੰਟਰੋਲ ਹੋਵੇ ਇਸ ਬਾਰੇ ਸੂਚਨਾ ਚਾਹੀਦਾ ਹੈ ਔਰ ਇਨ੍ਹਾਂ ਤੇ ਕਈ ਖਾਸ ਚੈਕ ਹੋਣਾ ਚਾਹੀਦਾ ਹੈ।

ਚੇਅਰਮੈਨ ਸਾਹਿਬ, ਐਕਸਪੈਂਡੀਚਰ ਦਾ ਸੁਆਲ ਹੈ। ਜਿਥੋਂ ਤਕ ਡਿਵੈਲਪਮੈਂਟ ਦੀ ਗਲ ਹੈ ਇਸ ਵਿਚ ਕੁਰਪਸ਼ਨ ਹੋ ਰਹੀ ਹੈ, ਫਜ਼ੂਲ ਖਰਚੀਆਂ ਹੋ ਰਹੀਆਂ ਹਨ, ਮਿਸ ਮੈਨੇਜਮੈਂਟ ਨਾਲ ਪੈਸਾ ਜ਼ਾਇਆ ਹੋ ਰਿਹਾ ਹੈ। ਇਸ ਨੂੰ ਬਚਾਉਣ ਦੀ ਲੋੜ ਹੈ ਤਾਂ ਕਿ ਲੋਕਾਂ ਨੂੰ ਇਨਸਾਫ ਦੇ ਸਕੀਏ।

ਬਾਕੀ ਸੈਂਟਰ ਵਲੋਂ ਸਾਡੇ ਮੋਟੇ ਪੈਸੇ ਐਕਸਾਈਜ਼ ਦੇ ਹੁੰਦੇ ਹਨ। ਸਟੇਟ ਤੋਂ ਉਹ ਲੈ ਜਾਂਦੇ ਹਨ ਜਦ ਕਿ ਡਿਵੈਲਪਮੈਂਟ ਦੇ ਕੰਮਾਂ ਦੀ ਜ਼ਿਮੇਵਾਰੀ ਸਟੇਟਾਂ ਤੇ ਹੈ। ਸੈਂਟਰ ਪੈਸੇ ਨਹੀਂ ਦਿਦਾ ਭਿਖਾਰੀਆਂ ਵਾਂਗ ਮੰਗਣੇ ਪੈਂਦੇ ਹਨ।

ਫਿਰ ਇਥੇ ਇੰਡਸਟਰੀ ਦਾ ਸੁਆਲ ਹੈ। 1981-82 ਵਿਚ ਪ੍ਰੋਵੀਜ਼ਨ ਸੀ 4.94% ਔਰ 1982-83 ਵਿਚ ਇਸ ਬਜਟ ਵਿਚ 3.38% ਦਸੀ ਗਈ ਹੈ। ਇਹ ਤਾਂ 1981-82 ਨਾਲੋਂ ਵੀ ਫਿਗਰਜ਼ ਘੱਟ

Original with;
Punjab Vidhan Sabha
Digitized by;
Panjab Digital Library

ਗਈਆਂ ਹਨ। ਐਸੇ ਹਾਲਾਤ ਵਿਚ ਸਾਡੀ ਇੰਡਸਟਰੀ ਤਰਕੀ ਕਿਥੋਂ ਕਰੇਗੀ । ਪੰਜ ਸਾਲਾ ਪਲਾਨ ਵਿਚ ਦਿਸਦਾ ਹੈ ਕਿ ਇਹ ਕਰਾਈਸਿਜ਼ ਸਾਡੀ ਅਕਾਨੋਮੀ ਦਾ ਵੱਧ ਗਿਆ ਹੈ ਘਟ ਨਹੀਂ ਸਕਦਾ। ਬਾਕੀ ਗਵਰਨਰ ਸਾਹਿਬ ਦੇ ਐਡਰੈਸ ਵਿਚ ਕਈ ਗੱਲਾਂ ਕਹੀਆਂ ਗਈਆਂ ਹਨ ਉਹ ਸਾਡੇ ਫਾਇਨੈਂਸ ਮਨਿਸਟਰ ਸਾਹਿਬ ਦੀ ਸਪੀਚ ਵਿਚ ਮੁਤਜ਼ਾਦ ਹਨ । ਉਸ ਵਿਚ ਦਸਿਆ ਗਿਆ ਹੈ ਕਿ ਅਟਾਮਿਕ ਪਲਾਂਟ ਲਾਇਆ ਜਾਏਗਾ ਪਰ ਇਥੇ ਇਕ ਲਫਜ਼ ਵੀ ਨਹੀਂ ਆਇਆ। ਬਾਕੀ ਮੈਂ ਸਮਝਦਾ ਹਾਂ ਕਿ ਸਰਦਾਰ ਬੀਰ ਪਾਲ ਸਿੰਘ ਭਾਵੇਂ ਉਦਘਾਟਨ ਮਨਿਸਟਰ ਹੀ ਹਨ ਉਹ ਜਗ੍ਹਾ ਜਗ੍ਹਾ ਉਦਘਾਟਨ ਕਰਦੇ ਫਿਰਦੇ ਹਨ. ਕੁਝ ਗਲਾਂ ਠੀਕ ਹਨ ਮੈਂ ਵਧਾਈ ਵੀ ਦਿੰਦਾ ਹਾਂ .........

**ਸ੍ਰੀ ਰਾਮ ਸਵਰੂਪ ਬਾਗੀ** : ਚੇਅਰਮੈਨ ਸਾਹਿਬ. ਇਨ੍ਹਾਂ ਨੇ ਗਲਤ ਕਹਿ ਦਿਤਾ, ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੇਵਲ ਉਦਘਾਟਨ ਮਨਿਸਟਰ ਨਹੀਂ ਬਲਕਿ ਕਈ ਮਿਲਾਂ ਚਾਲੂ ਹੋ ਚੁਕੀਆਂ ਹਨ । ਸਪਿੰਨਿੰਗ ਮਿਲਾਂ ਸ਼ੁਰੂ ਕਰਾ ਦਿਤੀਆਂ ਹਨ ..............

**ਮਾਸਟਰ ਬਾਬੂ ਸਿੰਘ** : ਮੈਂ ਤਾਂ ਉਨ੍ਹਾਂ ਦੀ ਪ੍ਰਸੰਸ਼ਾ ਕਰ ਰਿਹਾ ਹਾਂ ਇਹ ਪ੍ਰਸੰਸ਼ਾ ਵੀ ਨਹੀਂ ਸੁਣ ਸਕਦੇ।

**ਚੇਅਰਮੈਨ ਸਾਹਿਬ.** ਮੈਂ ਇਕ ਚੀਜ਼ ਨੋਟ ਕਰਾਉਣਾ ਚਾਹੁਦਾ ਹਾਂ. ਰੰਧਾਵਾ ਸਾਹਿਬ ਬੈਠੇ ਹਨ. ਕਿ ਜਿਸ ਤਰ੍ਹਾਂ ਸਾਡੇ ਖਬਲ ਹੁੰਦਾ ਹੈ ਅਸੀ ਬੜੀ ਪੁਰਾਣੀ ਕੀਮਤ ਤੇ ਦੇ ਦਿੰਦੇ ਹਾਂ। ਇਸ ਦੇ ਨਾਲ ਸਾਡੇ ਕਾਗਜ਼ ਇੰਡਸਟਰੀ ਲਾਈ ਜਾ ਸਕਦੀ ਹੈ। ਜਿਹੜਾ ਕਾਗਜ਼ ਅਸੀਂ ਬਾਹਰੋਂ ਮੰਗਾਉਂਦੇ ਹਾਂ ਉਹ ਸ਼ਾਰਟੇਜ ਪੂਰੀ ਕੀਤੀ ਜਾ ਸਕਦੀ ਹੈ।

ਛੋਟੀ ਜਿਹੀ ਗਲ ਹੈ ਸਾਡੇ ਵਜ਼ੀਰ ਸਾਹਿਬ ਜਾਣਦੇ ਹਨ ਅਸੀਂ ਐਮ. ਐਲ. ਏ. ਜਾਂਦੇ ਹਨ ਹਿਮਾਚਲ ਪ੍ਰਦੇਸ਼ ਵਿਚ. ਇਕ ਛੋਟੀ ਜਿਹੀ ਆਈਟਮ ਹੈ ਯਾਨੀ ਉਹ ਫਲਾਂ ਵਿਚੋਂ ਜੂਸ ਕੱਢਦੇ ਹਨ ਬਸਾਂ ਦੇ ਅਡਿਆਂ ਤੇ ਜਾ ਕੇ ਵੇਖ ਦਿੱਲੀ. ਬੰਬਈ ਅਤੇ ਕਲਕਤਾ ਉਥੇ ਲਿਖਿਆ ਹਇਆ ਹੈ। ਮੈਂ ਕਹਿੰਦਾ ਹਾਂ ਕਿ ਸਾਡੀ ਹੋਰਟੀਕਲਚਰ ਇੰਡਸਟਰੀ ਨੂੰ ਹੋਰ ਵਧਾਉਣਾ ਚਾਹੀਦਾ ਹੈ। ਸਬਜ਼ੀਆਂ ਦੇ ਫਲਾਂ ਦੇ ਇਸੈਂਸ ਕਢਣੇ ਚਾਹੀਦੇ ਹਨ ਤਾ ਕਿ ਸਾਡਾ ਪੰਜਾਬ ਵੀ ਤਰਕੀ ਕਰ ਸਕੇ। ਸਾਨੂੰ ਪਬਲਿਸਿਟੀ ਵੀ ਦੇਣੀ ਚਾਹੀਦੀ ਹੈ ਜਿਸ ਤਰਾਂ ਹਿਮਾਚਲ ਪ੍ਰਦੇਸ਼ ਨੇ ਥਾਂ ਥਾਂ ਤੇ ਦਿਤੀ ਹੋਈ ਹੈ।

ਚੇਅਰਮੈਨ ਸਾਹਿਬ, ਸੋਲਰ ਅਨਰਜੀ ਬਾਰੇ ਇਸ ਵਿਚ ਕੋਈ ਜ਼ਿਕਰ ਨਹੀਂ । ਰੋਪੜ ਦੇ ਥਰਮਲ ਪਲਾਂਟ ਦਾ ਜ਼ਿਕਰ ਹੈ। ਸਾਡੇ ਬਠਿੰਡਾ ਥਰਮਲ ਪਲਾਂਟ ਦਾ ਦੇਖ ਲਵੋ । ਉਥੇ ਕੋਲੇ ਦੀ ਕਮੀ ਰਹਿੰਦੀ ਹੈ ਜਾਂ ਫਿਰ ਕੋਲਾ ਪੱਥਰ ਵਾਲਾ ਹੁੰਦਾ ਹੈ ਕੋਈ ਨਾ ਕਈ ਗਲ ਹੁੰਦੀ ਰਹਿੰਦੀ ਹੈ । ਫਿਰ ਵੇਖੋ ਕਿ ਕੋਲਾ ਕਿਥੋਂ ਟਰਾਂਸਪੋਰਟ ਹੋ ਕੇ ਆਉਂਦਾ ਹੈ। ਸਾਡੇ ਪੰਜਾਬ ਦੇ ਨੇੜੇ ਤਾਂ ਕੋਈ ਕੋਲੇ ਦੀਆਂ ਮਾਈਨਜ਼ ਨਹੀਂ ਹਨ। ਅਗਰ ਇਹ ਥਰਮਲ ਪਲਾਂਟਸ ਯੂ. ਪੀ. ਜਾਂ ਬਿਹਾਰ ਵਿਚ ਲਗਾਏ ਜਾਣ ਤਾਂ ਸਾਨੂੰ ਸਸਤੀ ਬਿਜਲੀ ਮਿਲ ਸਕਦੀ ਹੈ ਖੰਬੇ ਤਾਂ ਪਹਿਲੋਂ ਹਰ ਜਗ੍ਹਾ ਲਗੇ ਹਏ ਹਨ। ਇਹ ਜਿਹੜਾ ਸਬ ਸਟੈਂਡਰਡ ਕੋਲਾ ਆਉਂਦਾ ਹੈ ਇਸ ਦਾ ਖਿਆਲ ਕਰਨਾ ਚਾਹੀਦਾ ਹੈ ਫਿਰ ਇਸ ਦੇ ਬਾਦ ਕਿੰਨੇ ਮਣ ਰਾਖ ਬਣਦੀ ਹੈ। ਅੱਜ ਦੋ ਯੂਨਿਟ ਚਲਦੇ ਹਨ ਤਾਂ ਕਦੇ 3 ਅਤੇ ਫਿਰ ਕਦੇ ਇਕ ਇਸ ਵਲ ਪੂਰਾ ਪੂਰਾ ਧਿਆਨ ਦੇਣਾ ਚਾਹੀਦਾ ਹੈ। ਇਹ ਬੜੀ ਜ਼ਰੂਰੀ ਗਲ ਹੈ ।

ਇਸ ਤੋਂ ਅੱਗੇ ਮੈਂ ਬੇਨਤੀ ਕਰਦਾ ਹਾਂ ਕਿ ਇੰਡਸਟਰੀ ਦਾ ਸਰਵੇ ਹਾਲੇ ਤਕ ਨਹੀਂ ਕਰਾਇਆ ਗਿਆ। ਅਸੀਂ ਇਕ ਅਗੇ ਸਰਵੇ ਕਰਾਇਆ ਹੈ ਉਸ ਦੇ ਸਿੱਟੇ ਸਾਡੇ ਸਾਹਮਣੇ ਹਨ । 36 ਸੌ ਰੁਪਏ ਤੋਂ ਘੱਟ ਆਮਦਨ ਵਾਲੇ ਸਾਡੇ ਪੰਜਾਬ ਵਿਚ 40,02, 400 ਐਸੇ ਬੰਦੇ ਹਨ ਜਿਹੜੇ ਲੋ ਇਨਕਮ ਦੇ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਹਨ । ਉਸ ਦੇ ਲਈ ਪਲੈਨਿੰਗ ਬਣਾਈਆਂ ਜਾਣ ਉਨ੍ਹਾਂ ਦਾ ਕੀ ਬਣਾਉਣਾ ਹੈ ਇਹ ਸੋਚਣਾ ਹੈ। ਸਾਡੇ ਕੋਲ ਇੰਡਸਟਰੀ ਡਿਪਾਰਟਮੈਂਟ ਹੈ. ਸਮਾਲ ਸਕੇਲ ਇੰਡਸਟਰੀ ਹੈ. ਪੀ. ਐਸ. ਆਈ. ਡੀ. ਸੀ. ਹੈ। ਇਹ ਸਾਰੇ ਇਕ ਹੋਣੇ ਚਾਹੀਦੇ ਹਨ ਤਾਂ ਕਿ ਇੰਡਸਟਰੀ ਤਰੱਕੀ ਕਰ ਸਕੇ। ਇਕ ਸੱਜਣ ਹੋਰ ਕਰਦਾ ਹੈ ਦੂਜਾ ਸੱਜਣ ਹੋਰ ਕੁਝ ਕਰਦਾ ਹੈ। ਇਸ ਕਸ਼ਮਕਸ਼ ਵਿਚ ਸੂਬੇ ਦਾ ਨੁਕਸਾਨ ਹੋ ਰਿਹਾ ਹੈ। ਸਾਡੀ ਲੇਬਰ ਪਾਲਿਸੀ ਵੀ ਬੜੀ ਇਫੈਕਟਿਵ ਹੈ। ਠੀਕ ਹੈ ਚੰਗੀ ਗਲ ਹੈ ਮੀਨੀਮਮ ਵੇਜਿਜ਼ ਲਾਗੂ ਕੀਤੇ ਹਨ 340 ਰੁਪਏ ਮਹਾਵਾਰ । ਇਹ ਅੱਛੀ ਗਲ ਹੈ ਪਰ ਇਸ ਨੂੰ ਇੰਪਲੀਮੈਂਟ ਕਰਾਉਣ ਦੀ ਗਲ ਹੈ। ਥਾਂ ਥਾਂ ਤੇ ਝਗੜੇ ਪੈਂਦੇ ਹਨ। ਲੁਧਿਆਣਾ, ਜਗਰਾਉਂ ਔਰ ਹੁਣ ਕੋਟਕਪੂਰਾ ਵਿਚ ਹੜਤਾਲ ਚਲ ਰਹੀ ਹੈ। ਇਹ ਜਿਹੜੇ ਲੈਂਡ ਲਾਰਡ ਹਨ, ਕਾਰਖਾਨੇਦਾਰ ਹਨ ਇਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਕਿਹਾ ਜਾਵੇ ਔਰ ਸਖਤ ਐਕਸ਼ਨ ਲਿਆ ਜਾਣਾ ਚਾਹੀਦਾ ਹੈ ਔਰ ਗਰੀਬਾਂ ਨੂੰ ਉਨ੍ਹਾਂ ਦਾ ਹਕ ਮਿਲਣਾ ਚਾਹੀਦਾ ਹੈ। ਇਹ ਸਾਡੀ ਸਰਕਾਰ ਦੀ ਕਲੀਅਰਲੀ ਅੰਡੀਮਸ਼ਨ ਹੈ ਕਿ ਕੋਈ ਵੀ ਹੈਵੀ ਇੰਡਸਟਰੀ ਸੈਂਟਰ ਤੋਂ ਇਹ ਲਿਆ ਨਹੀਂ ਸਕੀ। ਅਟਾਮਿਕ ਜਾਂ ਸੋਲਰ ਜਾਂ ਕੋਈ ਹੋਰ ਨਵਾਂ ਪਲਾਂਟ ਨਹੀਂ ਆਇਆ। ਬੜੇ ਅਫਸੋਸ ਦੀ ਗਲ ਹੈ ਕਿ ਡੀਜ਼ਲ ਪੈਟਰੋਲ ਦੀ ਪਰ ਕੈਪੀਟਾ ਕੰਨਜ਼ੰਪਸ਼ਨ ਪੰਜਾਬ ਵਿਚ ਜ਼ਿਆਦਾ ਹੋਵੇ ਔਰ ਰੀਫਾਨਰੀ ਹਰਿਆਣਾ ਦੇ ਕਰਨਾਲ ਲਗਾਈ ਜਾਵੇ। ਇਹ ਰੀਫਾਈਨਰੀ ਸਾਡੇ ਪੰਜਾਬ ਵਿਚ ਹੋਣੀ ਚਾਹੀਦੀ ਹੈ । ਇਸ ਦੇ ਨਾਲ ਹੀ ਮੈਂ ਇਕ ਸਨਸਨੀ ਖੇਜ਼ ਗਲ ਦਸਦਾ ਹਾਂ ਕਿ ਇਕ ਵਾਰੀ ਮੈਂ ਨਾਭੇ ਸਕੂਟਰ ਇੰਡਸਟਰੀ ਦੇਖਣ ਚਲਾ ਗਿਆ ਮੈ ਨੂੰ ਦਸਿਆ ਗਿਆ ਕਿ ਇਥੇ ਕੋਈ ਸਕੂਟਰ ਨਹੀਂ ਬਣਦੇ ਪਰ ਉਸ ਥਾਂ ਤੇ ਕੌਲੀਆਂ ਅਤੇ ਡੌਂਗੇ ਬਣ ਰਹੇ ਹਨ। ਚੇਅਰਮੈਨ ਸਾਹਿਬ, ਉਹ ਸਕੂਟਰ ਇੰਡਸਟਰੀ ਫੇਲ ਹੋ ਗਈ ਹੈ । ਇਕ ਪਾਸੇ ਸਕੂਟਰਜ਼ ਦੀ ਬਲੈਕ ਚਲ ਰਹੀ ਹੈ ਦੂਜੇ ਪਾਸੇ ਸਾਡੇ ਇਹ ਇੰਡਸਟਰੀ ਫੇਲ ਹੋ ਗਈ ਹੈ । ਇਸ ਦੇ ਕੀ ਕਾਰਣ ਹਨ ਇਸ ਬਾਰੇ ਕਿਸੇ ਨੇ ਕੋਈ ਜਾਂਚ ਨਹੀਂ ਕੀਤੀ।

ਬਠਿੰਡਾ ਸਪਿਨਿੰਗ ਮਿੱਲ ਲਗੀ ਸੀ । ਪਹਿਲਾਂ ਸਰਕਾਰ ਨੇ ਸੋਚਿਆ ਕਿ ਕੋਈ ਜੁਆਇੰਟ ਸੈਕਟਰ ਵਿਚ ਲਾਈ ਜਾਏ ............... ਜੁਆਇੰਟ ਸੈਕਟਰ ਨਹੀਂ ਲਭਿਆ । ਫਿਰ ਫਿਰ ਅਸਿਸਟਡ ਸੈਕਟਰ ਵਿਚ ਲਾਉਣ ਦੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਕਹਿੰਦੇ ਕਿ ਪਬਲਿਕ ਸੈਕਟਰ ਵਿਚ ਲਾਉਣੀ ਹੈ। ਬਾਅਦ ਵਿਚ ਇਸ ਦਾ ਕੀ ਹਾਲ ਹੋਇਆ ਉਸ ਬਾਰੇ ਬਰਨਾਲਾ ਸਾਹਿਬ ਦਸ ਗਏ ਹਨ । ਕਿਸਾਨ ਤੇ ਤਾਂ ਛੁਰੀ ਹਰ ਵੇਲੇ ਤਿਆਰ ਹਨ। ਉਨ੍ਹਾਂ ਦੀਆਂ ਜ਼ਮੀਨਾਂ ਸਸਤੇ ਭਾਵਾਂ ਤੇ ਅਕਵਾਇਰ ਕਰ ਲੈਂਦੇ ਹਨ। ਪਰ ਉਹ ਲੋਕ ਇੰਡਸਟਰੀ ਚਾਲੂ ਨਹੀਂ ਕਰਦੇ। ਉਨਾਂ ਲੋਕਾਂ ਦੇ ਖਿਲਾਫ ਸਰਕਾਰ ਕੋਈ ਐਕਸ਼ਨ ਨਹੀਂ ਲੈਂਦੀ । ਸਪਿੰਨਿੰਗ ਮਿਲ ਹੁਣ ਅੱਗੇ ਵੇਚ ਦਿਤੀ ਹੈ । ਜਿਨਾਂ ਨੇ ਪੰਜ ਰੁਪਏ ਗਜ਼ ਕਿਸਾਨਾਂ ਤੋਂ ਜ਼ਮੀਨ ਲਈ ਸੀ ਉਹ ਅੱਜ 200 ਰੁਪਏ ਗਜ਼ ਹੋ ਗਈ ਹੈ । ਚੇਅਰਮੈਨ ਸਾਹਿਬ, ਨੈਸ਼ਨੇਲਾਈਜ਼ਡ ਕੋਲ ਇੰਡਸਟਰੀ ਸੀ ਇੰਗਲੈਂਡ ਵਿਚ। ਉਸ ਨੂੰ ਡੀਨੈਸ਼ਨੇਲਾਈਜ਼ ਕਰਨ ਦਾ ਮਤਾ ਪਾਸ ਕਰ ਦਿਤਾ। ਡੀਨੈਸ਼ਨੇਲਾਈਜ਼ੇਸ਼ਨ ਤੇ ਉਥੋਂ ਦੀ ਸਰਕਾਰ ਓਵਰ-ਥਰੋ ਹੋ ਗਈ। ਲੇਕਿਨ ਇਥੇ ਕੋਈ ਐਕਸ਼ਨ ਨਹੀਂ ਲਿਆ ਜਾਂਦਾ। ਮੋਹਾਲੀ ਇਲੈਕਟ੍ਰੋਨਿਕਸ ਦੀ ਫੈਕਟਰੀ ਲਗੀ ਹੈ। ਉਹ ਵੀ ਘਾਟੇ ਵਿਚ ਜਾ ਰਹੀ ਹੈ। ਚੀਫ਼ ਮਨਿਸਟਰ ਸਾਹਿਬ ਨੇ ਪਿਛਲੇ ਬਜਟ ਸੈਸ਼ਨ ਵਿੱਚ ਕਿਹਾ ਸੀ ਕਿ ਕਿ ਲਾਈਟ ਵਹੀਕਲਜ਼ ਬਣਾਉਣ ਵਾਸਤੇ ਪੰਜਾਬ ਵਿੱਚ ਯੂਨਿਟ ਲੈ ਕੇ ਆਉਣਾ ਹੈ। ਜੋ ਮੋਟਰ ਹੈਡਜ਼ ਦੀ ਇੰਡਸਟਰੀ ਲਾਉਣੀ ਸੀ ਉਸ ਦਾ ਕੀ ਅੰਜਾਮ ਹੋਇਆ। ਉਹ ਡੀ. ਸੀ. ਐਮ. ਵਾਲਿਆਂ ਨੂੰ ਦੇ ਦਿਤੀ। ਉਹ ਪਤਾ ਨਹੀਂ ਕਿਥੇ ਭੱਜ ਗਏ ਹਨ । ਇਥੇ ਲਭਦੇ ਹੀ ਨਹੀਂ ਹਨ ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਮੈਂ ਦੋ ਚਾਰ ਸਕੈਂਡਲਾਂ ਬਾਰੇ ਦਸਣਾ ਚਾਹੁੰਦਾ ਹਾਂ। ਸਾਡੀ ਸਰਕਾਰ ਵਾਕਈ ਅਗਰ ਕੁਰੱਪਸ਼ਨ ਦੂਰ ਕਰਨਾ ਚਾਹੁੰਦੀ ਹੈ ਅਤੇ ਲੋਕਾਂ ਨੂੰ ਸਵੱਛ ਰਾਜ ਦੇਣਾ ਚਾਹੁੰਦੀ ਹੈ ਤਾਂ ਇਨ੍ਹਾਂ ਗੱਲਾਂ ਬਾਰੇ ਧਿਆਨ ਨਾਲ ਸੁਣਨ। ਪੰਜਾਬ ਵਿਚ ਇਸ ਸਾਲ ਰਾਈਸ ਬਾਹਰ ਭੇਜਿਆ ਗਿਆ ਕਲੀਨਜ਼ਿਗ ਵਾਸਤੇ। ਉਸ ਦੇ ਵਿਚ ਪੰਜਾਬ ਨੂੰ ਲੱਖਾਂ ਰੁਪਿਆ ਦਾ ਘਾਟਾ ਪਿਆ ਹੈ। ਹਰਿਆਣਾ ਅਤੇ ਹੋਰ ਸੂਬਿਆਂ ਵਿੱਚ ਰਾਈਸ ਪਾਲਿਸ਼ ਕਰਾਉਣ ਲਈ ਭੇਜਿਆ ਤਾਂ ਉਸ ਵਿੱਚ ਘਾਟਾ ਪਿਆ ਹੈ। ਪੋਲਟਰੀ ਫਾਰਮਿੰਗ ਤੇ ਵੀ ਇਸ ਦਾ ਅਫੈਕਟ ਪਿਆ ਹੈ। ਇਸ ਦੀ ਪੜਤਾਲ ਕਰ ਲੈਣ ਕਿ ਕੌਣ ਜ਼ਿਮੇਵਾਰ ਹੈ। ਜ਼ਿਮੇਵਾਰ ਅਫਸਰ ਤੇ ਪੂਰਾ ਐਕਸ਼ਨ ਲੈਣਾ ਚਾਹੀਦਾ ਹੈ। ਇਕ ਹੋਰ ਗਲ ਮੈਂ ਦਸਣਾ ਚਾਹੁੰਦਾ ਹਾਂ ਕਿ ਆਯੁਰਵੈਦਿਕ ਦੇ ਡਾਇਰੈਕਟਰ ਸਨ ਉਨਾਂ ਨੂੰ ਪਹਿਲਾਂ ਸਸਪੈਂਡ ਕਰ ਦਿਤਾ। ਪਤਾ ਨਹੀਂ ਬਾਅਦ ਵਿੱਚ ਉਹ ਕਿਵੇਂ ਬਹਾਲ ਹੋ ਗਿਆ। ਇਸ ਦੀ ਪੜਤਾਲ ਕੀਤੀ ਜਾਵੇ ਕਿ ਕਿਨਾਂ ਰੀਜ਼ਨਜ਼ ਕਰ ਕੇ ਉਸ ਨੂੰ ਸੱਸਪੈਂਡ ਕੀਤਾ ਗਿਆ ਅਤੇ ਫਿਰ ਹੁਣ ਕਿਉਂ ਬਹਾਲ ਕੀਤਾ ਗਿਆ ਹੈ। ਕਈ ਜ਼ਿਲ੍ਹਿਆਂ ਵਿਚ ਸੀ. ਐਮ. ਓ. ਨਹੀਂ ਲਗਾਏ ਗਏ, ਪੋਸਟਾਂ ਖਾਲੀ ਪਈਆਂ ਹਨ ਕਿਉਂਕਿ ਹਾਲੇ ਸੌਦੇ ਨਹੀਂ ਹੋਏ। ਚੇਅਰਮੈਨ ਸਾਹਿਬ 1 ਮਾਰਚ, 1982 ਨੂੰ ਇਕ ਇੰਜੀਨੀਅਰ ਨੇ ਸੀ. ਐਮ. ਸਾਹਿਬ ਨੂੰ ਚਿੱਠੀ ਲਿਖੀ ਕਿ 23 ਲੱਖ ਰੁਪਏ ਦਾ ਗਬਨ ਹੈ। ਉਸ ਦੇ ਵਿੱਚ ਇਹ ਬੰਦੇ ਹਿੱਸੇਦਾਰ ਹਨ। ਇਹ ਘਪਲਾ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ ਵਿੱਚ ਹੈ ਜਿਸ ਨੂੰ ਬਹੁਤ ਛੇਤੀ ਤੇ ਉਦਮ ਨਾਲ, ਕਾਹਲੀ ਨਾਲ ਬਣਾ ਕੇ ਪੰਜਾਬ ਦਾ ਫਾਇਦਾ ਇਹ ਸਰਕਾਰ ਕਰਨਾ ਚਾਹੁੰਦੀ ਹੈ। ਉਸ ਤੇ ਕੋਈ ਐਕਸ਼ਨ ਨਹੀਂ ਹੋਇਆ। ਅਫਸਰ ਦਨਦਨਾਉਂਦੇ ਫਿਰਦੇ ਹਨ। ਉਸ ਇੰਜੀਨੀਅਰ ਨੂੰ ਸੱਸਪੈਂਡ ਕਰ ਦਿੱਤਾ ਗਿਆ ਹੈ ਕਿ ਉਹ ਕਿਉਂ ਅਜਿਹੀਆਂ ਸ਼ਿਕਾਇਤਾਂ ਕਰਦਾ ਫਿਰਦਾ ਹੈ। ਇਸ ਦੇ ਬਾਰੇ 27 ਅਕਤੂਬਰ, 1981 ਨੂੰ ਖਬਰ ਛਪੀ ਅਨੰਦਪੁਰ ਸਾਹਿਬ ਪ੍ਰਾਜੈਕਟ ਰੈਕਟ'। ਉਸ ਤੋਂ ਬਾਅਦ ਫਿਰ ਇਕ ਖਬਰ ਛਪੀ ਅਖਬਾਰ ਵਿੱਚ 22 ਅਕਤੂਬਰ, 1981 ਨੂੰ "ਦੀ ਮੇਸ ਐਟ ਅਨੰਦ ਪੁਰ ਸਾਹਿਬ ਹਾਈਡਲ ਪ੍ਰਾਜੈਕਟ" ਇਸੇ ਤਰ੍ਹਾਂ ਰਾਮ ਪੁਰਾਫੂਲ ਦੇ ਬਾਰੇ ਖਿਆਲਾ ਸਾਹਿਬ ਨੇ ਜ਼ਿਕਰ ਕੀਤਾ ਹੈ। ਸਾਡੀ ਰਾਜ਼ਸੀ ਪਾਰਟੀ ਦੇ ਪੰਜ ਬੰਦਿਆਂ ਨੇ 5 ਟਰਕਾਂ ਦੀਆਂ ਚੇਸੀਆਂ ਲੈ ਕੇ 50-60 ਹਜ਼ਾਰ ਰੁਪਏ ਬਲੈਕ ਲੈ ਕੇ ਬਾਹਰ ਵੇਚ ਦਿੱਤੀਆਂ। ਕੁਝ ਰਾਮਪੁਰਾ ਫੂਲ ਵਿਚ ਵੀ ਵੇਚੀਆਂ ਗਈਆਂ। ਪਰ ਇਸ ਦੀ ਪੜਤਾਲ ਕਰਵਾਉਣ ਨੂੰ ਕੋਈ ਤਿਆਰ ਨਹੀਂ। ਇਸ ਤੋਂ ਇਲਾਵਾ ਕਣਕ ਦਾ ਸਕੈਂਡਲ ਹੈ। ਸਰਕਾਰ ਨੇ ਬਾਹਰਲੇ ਸੂਬਿਆਂ ਵਿਚ ਕਣਕ ਭੇਜਣੀ ਬੰਦ ਕਰ ਦਿਤੀ। ਉਸ ਦੇ ਬਾਵਜੂਦ ਫੇਕ ਨਾਵਾਂ ਤੇ ਗੱਡੀਆਂ ਭੇਜੀਆਂ ਜਾ ਰਹੀਆਂ ਹਨ। ਇਕ ਗੱਡੀ ਵਿਚ 10, 15 ਹਜ਼ਾਰ ਰੁਪਿਆ ਬਚਦਾ ਹੈ। ਪਰ ਇਸ ਦੀ ਕੋਈ ਪੜਤਾਲ ਨਹੀਂ ਹੋਈ।

ਚੇਅਰਮੈਨ ਸਾਹਿਬ, ਫਲੱਡ ਕੰਟਰੋਲ ਦੇ ਬਾਰੇ 1981-82 ਵਿੱਚ 550 ਲੱਖ ਰੁਪਏ ਰੱਖੇ ਸਨ। ਲੇਕਿਨ 1982-83 ਵਿੱਚ ਸਿਰਫ 400 ਲੱਖ ਰੁਪਿਆ ਇਸ ਲਈ ਰਖਿਆ ਗਿਆ ਹੈ। ਇਹ ਗੱਲ ਤਾਂ ਸਾਫ ਨਜ਼ਰ ਆਉਂਦੀ ਹੈ ਕਿ ਫਲੱਡ ਨੇ ਜ਼ਿਮੀਂਦਾਰ ਦੀ ਜ਼ਮੀਨ ਤੇ ਫਸਲ ਦਾ ਨੁਕਸਾਨ ਕਰਨਾ ਹੈ। ਇਸ ਪਰਪਜ਼ ਲਈ ਪਲੈਨ ਵੀ ਘਟਾ ਦਿਤੀ ਹੈ। ਚੇਅਰਮੈਨ ਸਾਹਿਬ, ਤੁਸੀਂ ਟ੍ਰਿਬਿਊਨ ਦਾ ਐਡੀਟੋਰੀਅਲ ਵੀ ਦੇਖਿਆ ਹੋਣਾ ਹੈ। ਉਸ ਵਿਚ ਦਸਿਆ ਹੈ ਕਿ ਸਾਡੀ ਸਰਕਾਰ ਸਿਟੀਜ਼ਨਜ਼ ਦੀ ਕਿਤਨੀ ਹਿਤੈਸ਼ੀ ਹੈ। ਸੇਲਜ਼ ਟੈਕਸ ਤੋਂ ਟੋਟਲ ਰੈਵੇ ਨਿਊ ਸਟੇਟ ਨੂੰ 32% ਹੈ ਜਿਹੜਾ ਕਿ 246.80 ਕਰੋੜ ਰੁਪਏ ਬਣਦਾ ਹੈ। ਟੋਟਲ ਰੈਵੇਨਿਊ 781.55 ਕਰੜ ਰੁਪਏ ਹੈ। ਐਕਸਾਈਜ਼ ਵਿਚੋਂ 14% ਆਉਂਦਾ ਹੈ ਜਿਹੜਾ ਕਿ 111,70 ਕਰੋੜ ਰੁਪਏ ਬਣਦਾ ਹੈ। ਸੈਂਟਰਲ ਏਡ 13% ਹੈ ਅਤੇ ਇਹ 98.69 ਕਰੋੜ ਬਣਦੀ ਹੈ ਅੱਜ ਕਿਸਾਨਾਂ ਦਾ ਵੀ ਰੋਲ ਦੂਜੇ ਪਾਸੇ ਵੇਖਿਆ ਜਾਵੇ। 200 ਕਰੋੜ ਰੁਪਏ ਦੀ ਫਾਰਨ ਐਕਸਚੇਂਜ ਇਹ ਕਿਸਾਨ ਕਮਾ ਕੇ ਦਿੰਦੇ ਹਨ ਜੇ ਬਾਹਰੋਂ ਸਾਡਾ ਦੇਸ਼ ਕਣਕ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਮੰਗਾਉਂਦਾ ਹੈ ਤਾਂ ਉਹ 200 ਰੁਪਏ ਕੁਇੰਟਲ ਤੋਂ ਉਪਰ ਪੈਂਦੀ ਹੈ ਪਰ ਜੇ ਪੰਜਾਬ ਦਾ ਕਿਸਾਨ ਕਣਕ ਦਾ ਭਾਅ ਮੰਗਦਾ ਹੈ ਤਾਂ ਨਾਂ ਕਰ ਦਿੰਦੇ ਹਨ । ਚੇਅਰਮੈਨ ਸਾਹਿਬ, ਇਕ ਐਗਰੀਕਲ-ਚਰਲ ਪ੍ਰਾਈਸ ਕਮਿਸ਼ਨ ਬਣਾਇਆ ਹੋਇਆ ਹੈ ਉਸ ਦੀ ਸਿਫਾਰਸ਼ ਹੈ ਕਿ ਕਣਕ ਦਾ ਭਾਅ 142 ਰੁਪਏ ਕੁਇੰਟਲ ਦੇਣਾ ਚਾਹੀਦਾ ਹੈ । ਸਾਡੀ ਸਰਕਾਰ ਆਪ ਮੰਨਦੀ ਹੈ ਕਿ ਇਹ ਹਾਲੇ ਵੀ ਘਟ ਹੈ। ਮੈਂ ਕਹਿੰਦਾ ਹਾਂ ਕਿ ਇਸ ਕਮਿਸ਼ਨ ਦੀ ਕੀ ਲੋੜ ਹੈ ਇਹ ਜਸਟੀਫਿਕੇਸ਼ਨ ਹੀ ਨਹੀਂ ਦੇ ਸਕਦਾ ਕਿ ਇਨ੍ਹਾਂ ਕਾਰਣਾਂ ਕਰਕੇ ਕਣਕ ਦੀ ਕੀਮਤ ਇਤਨੀ ਹੋਣੀ ਚਾਹੀਦੀ ਹੈ । ਇਹ ਬੜੇ ਅਫਸੋਸ ਦੀ ਗੱਲ ਹੈ । ਜੇ ਗੁਜਰਾਤ ਵਿਚ ਪਿਆਜ਼ ਲਈ ਸਪੋਰਟ ਪ੍ਰਾਈਸ ਦਿਤੀ ਜਾ ਸਕਦੀ ਹੈ ਤਾਂ ਪੰਜਾਬ ਵਾਲੇ ਕਿਸ ਤਰ੍ਹਾਂ ਕਹਿੰਦੇ ਹਨ ਕਿ ਵੀਟ ਦੀ ਸਪੋਰਟ ਪ੍ਰਾਈਸ ਨਹੀਂ ਦਿਤੀ ਜਾ ਸਕਦੀ। ਇਸ ਗੱਲ ਤੇ ਧਿਆਨ ਨਾਲ ਸੋਚਣਾ ਚਾਹੀਦਾ ਹੈ। ਫੇਰ ਬੋਨਸ ਕੋਈ ਨਹੀਂ। ਸੈਂਟਰ ਵਾਲੇ ਕਹਿੰਦੇ ਹਨ ਕਿ ਅਸੀਂ ਕੋਈ ਬੋਨਸ ਨਹੀਂ ਦੇਣਾ । ਪੰਜਾਬ ਸੈਂਟਰਲ ਪੂਲ ਵਿਚ 50% ਹਿੱਸਾ ਕਣਕ ਦਾ ਪਾ-ਉਂਦਾ ਹੈ, ਫਿਰ ਵੀ ਉਸ ਦੇ ਵਾਸਤੇ ਕੋਈ ਇਨਸੈਂਟਿਵ ਨਾ ਹੋਵੇ, ਤਾਂ ਇਹ ਚੰਗੀ ਗਲ ਨਹੀਂ ਹੈ। ਸਰਦਾਰ ਬਲਵੰਤ ਸਿੰਘ ਨੇ ਠੀਕ ਕਿਹਾ ਹੈ ਕਿ ਜਾਂ ਤਾਂ ਇਸ ਗਲ ਤੇ ਕਨਫਰਟੇਸ਼ਨ ਕਰਨ ਜਾਂ ਫਿਰ ਨੱਕ ਰਗੜਨ । ਪਰ ਪੈਸਾ ਪੰਜਾਬ ਲਈ ਜ਼ਰੂਰ ਲੈ ਕੇ ਆਉਣ। ਬਰਨਾਲਾ ਸਾਹਿਬ ਨੇ ਵੀ ਕਿਹਾ ਹੈ ਉਹ ਮੈਂ ਰਿਪੀਟ ਨਹੀਂ ਕਰਨਾ ਚਾਹੁੰਦਾ । ਅੱਜ ਇਨਪੁੱਟਸ ਕਿਤਨੀਆਂ ਮਹਿੰਗੀਆਂ ਹੋ ਗਈਆਂ ਹਨ । ਖਾਦ ਦਾ, ਟਰੈਕਟਰ ਦਾ, ਡੀਜ਼ਲ ਦਾ, ਦਵਾਈ ਦਾ ਕੀ ਰੇਟ ਹੋ ਗਿਆ ਹੈ। ਲੇਬਰ ਵੀ ਅੱਗੇ ਨਾਲੋਂ ਮਹਿੰਗੀ ਹੋ ਗਈ ਹੈ । ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਫੈਕਟ ਵੇਖ ਕੇ ਫਿਰ ਸਾਨੂੰ ਬੋਨਸ ਦੇਣਾ ਚਾਹੀਦਾ ਹੈ । ਬੰਗਾਲ ਵਿਚ ਸੀ. ਪੀ ਐਮ. ਵਾਲਿਆਂ ਦੀ ਸਰਕਾਰ ਹੈ। ਉਨ੍ਹਾਂ ਨੇ 15 ਰੁਪਏ ਅਤੇ 5 ਰੁਪਏ ਬੋਨਸ ਦਿਤਾ ਹੈ। ਮੈਂ ਵਜ਼ੀਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪੈਦਾਵਾਰ ਦੀ ਮਾਰਕੀਟਿੰਗ ਬਾਰੇ ਕਿਉਂ ਨਹੀਂ ਸੋਚਿਆ ਜਾਂਦਾ। ਆਲੂ ਪੈਦਾ ਹੁੰਦਾ ਹੈ। ਉਸ ਦੀ ਮਾਰਕਿਟ ਕਿਥੇ ਬਣਾਉਣੀ ਹੈ। ਇਸ ਬਾਰੇ ਸੋਚਣਾ ਚਾਹੀਦਾ ਹੈ। ਭਾਵੇਂ ਬਾਦਲ ਸਾਹਿਬ ਦੀ ਸਰਕਾਰ ਵੇਲੇ ਇਹ ਗਲ ਅਮਲ ਵਿਚ ਨਹੀਂ ਸੀ ਆ ਸਕੀ ਪਰ ਇਹ ਕਹਿੰਦੇ ਸਨ ਕਿ ਅਫਰੀਕਨ ਕੰਟਰੀਜ਼ ਵਿਚ ਆਲੂ ਭੇਜਣੇ ਹਨ। ਇਸ ਤਰ੍ਹਾਂ ਫਾਰਨ ਐਕਸਚੇਂਜ ਵੀ ਕਮਾਈ ਜਾਵੇਗੀ ਅਤੇ ਜ਼ਿਮੀਂਦਾਰਾਂ ਨੂੰ ਵੀ ਫਾਇਦਾ ਹਵੇਗਾ । ਜਲੰਧਰ 60 ਰੁਪਏ ਦੇ ਭਾਅ ਆਲੂ ਵਿਕਦੇ ਸਨ ਜਦੋਂ ਇਥੇ ਅਸ਼ੋਰੈਂਸ ਦਿਤੀ ਗਈ ਕਿ ਆਲੂ 50 ਰੁਪਏ ਕੁਇੰਟਲ ਤੋਂ ਘੱਟ ਰੇਟ ਤੇ ਨਹੀਂ ਵਿਕਣਗੇ ਤਾਂ ਉਹ 50 ਰੁਪਏ ਕੁਇੰਟਲ ਵਿਕਣੇ ਸ਼ੁਰੂ ਹੋ ਗਏ । ਸਾਡੀ ਸਰਕਾਰ ਨੂੰ ਜਿਣਸ ਦੀ ਮਾਰਕੀਟਿੰਗ ਵਾਸਤੇ ਸੋਚਣਾ ਚਾਹੀਦਾ ਹੈ । ਇਸ ਬਾਰੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ । ਇਕ ਹੋਰ ਸੀਰੀਅਸ ਪੁਆਇੰਟ ਹੈ ਜਿਹੜਾ ਸਾਰਿਆਂ ਨੂੰ ਰਿਲੇਟ ਕਰਦਾ ਹੈ। ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਇਕ ਹਾਈ ਪਾਵਰਡ ਕਮਿਸ਼ਨ ਬਣਾਉਣਾ ਚਾਹੀਦਾ ਹੈ। ਇਥੇ ਐਲੀਗੇਸ਼ਨਜ਼ ਲਗਾਏ ਜਾਂਦੇ ਹਨ ਕਿ ਐਮ. ਐਲ. ਏ. ਅਤੇ ਅਤੇ ਵਜ਼ੀਰਾਂ ਨੇ ਆਪਣੀਆਂ ਜਾਇਦਾਦਾਂ ਵਧਾ ਲਈਆਂ ਹਨ । ਇਸ ਬਾਰੇ ਇਕ ਹਾਈ ਪਾਵਰਡ ਕਮਿਸ਼ਨ ਹੋਵੇ ਜਿਹੜਾ ਕਿ ਵੱਡੇ ਵੱਡੇ ਅਫਸਰਾਂ, ਵਜ਼ੀਰਾਂ ਅਤੇ ਐਮ. ਐਲ. ਏਜ਼ ਦੀ ਇਨਕੁਆਇਰੀ ਕਰੇ ਅਤੇ ਜੇ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੋਵੇ ਤਾਂ ਉਨਾਂ ਨੂੰ ਸਜ਼ਾ ਦਾ ਭਾਗੀ ਬਣਾਵੇ। ਪਰ ਪਤਾ ਨਹੀਂ ਕਿਉਂ ਇਹ ਹਾਈ ਪਾਵਰਡ ਕਮਿਸ਼ਨ ਬਣਾਉਣ ਤੋਂ ਸਰਕਾਰ ਝਿਝਕ ਰਹੀ ਹੈ। (ਵਿਰੋਧੀ ਧਿਰਾਂ ਵੱਲੋਂ ਤਾੜੀਆਂ) ਮੈਂ ਸਮਝਦਾ ਹਾਂ ਕਿ ਵਜ਼ੀਰਾਂ ਨੂੰ ਚਾਹੀਦਾ ਹੈ ਕਿ ਉਹ ਦਸਣ ਕਿ ਸਾਡੀ ਇਨੀ ਪ੍ਰਾਪਰਟੀ ਹੈ। ਪ੍ਰਾਪਰਟੀ ਸਟੇਟਮੈਂਟ ਤੋਂ ਪਤਾ ਲਗ ਜਾਵੇਗਾ ਕਿ ਪਿਛਲੇ ਸਾਲਾਂ ਨਾਲੋਂ ਕਿਤਨੀ ਉਨ੍ਹਾਂ ਦੀ ਪ੍ਰਾਪਰਟੀ ਵਧੀ ਹੈ । ਉਹ ਆਪਣੇ ਆਪ ਪਤਾ ਲਗ ਜਾਵੇਗਾ।

Original with;
Punjab Vidhan Sabha
Digitized by;
Panjab Digital Library

ਚੇਅਰਮੈਨ ਸਾਹਿਬ, ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਹ ਮੇਰੇ ਵੀਰ 35 ਸਾਲਾਂ ਤੋਂ ਰਾਜ ਕਰਦੇ ਆ ਰਹੇ ਹਨ ਪਰ ਸਾਡਾ ਮਾਰਲ ਸਟੈਂਡਰਡ ਕਿਥੇ ਜਾ ਰਿਹਾ ਹੈ, ਇਸ ਵੱਲ ਧਿਆਨ ਨਹੀਂ ਦੇ ਰਹੇ। ਅੱਜ ਹਵਾਈ ਜਹਾਜ਼ਾਂ ਵਿਚ ਵੀ ਪੈਟਰੋਲ ਵਿਚ ਅਡੱਲਟਰੇਸ਼ਨ ਹੁੰਦੀ ਹੈ। ਜਿਸ ਹਵਾਈ ਜਹਾਜ਼ ਨੇ ਬੰਦਿਆਂ ਨੂੰ ਲੈ ਕੇ ਜਾਣਾ ਹੈ, ਜਿਸ ਦੀ ਅਡੱਲਟਰੇਸ਼ਨ ਨਾਲ ਮਸ਼ੀਨਰੀ ਫੇਲ ਹੋ ਸਕਦੀ ਹੈ ਔਰ ਬੰਦੇ ਮਰ ਵੀ ਸਕਦੇ ਹਨ ਉਥੇ ਵੀ ਅਡੱਲਟਰੇਸ਼ਨ ਹੁੰਦੀ ਹੈ। ਅੱਜ ਹਰ ਜਗ੍ਹਾ ਅਡੱਲ-ਟਰੇਸ਼ਨ ਹੋ ਰਹੀ ਹੈ। ਕਿਸਾਨ ਪਿੱਟ ਰਿਹਾ ਹੈ ਉਸ ਦੇ ਟਰੈਕਟਰ ਵਾਸਤੇ ਜੋ ਡੀਜ਼ਲ ਲਗਦਾ ਹੈ ਉਸ ਵਿਚ ਪਟਰੋਲ ਪੰਪਾਂ ਵਾਲੇ ਮਿੱਟੀ ਦਾ ਤੇਲ ਪਾ ਕੇ ਅਡਲਟਰੇਸ਼ਨ ਕਰਦੇ ਹਨ ਪਰ ਸਰਕਾਰ ਦਾ ਐਕਸ਼ਨ ਬੜਾ ਹੀ ਢਿੱਲਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਅਡਲਟਰੇਸ਼ਨ ਕਰਨ ਵਾਲਿਆਂ ਦੇ ਖਿਲਾਫ ਸਖਤ ਐਕਸ਼ਨ ਲੈਣ। ਕੀੜੇ ਮਾਰ ਦਵਾਈਆ ਜਿਹੜੀਆ ਕਿ ਕਿਸਾਨ ਵਰਤਦਾ ਹੈ ਉਨ੍ਹਾਂ ਵਿਚ ਵੀ ਅਡੱਲਟਰੇਸ਼ਨ ਹੁੰਦੀ ਹੈ। ਸਾਡਾ ਮਾਰਲ ਕਿਥੇ ਜਾ ਰਿਹਾ ਹੈ। ਇਸ ਵੱਲ ਸੋਚਣ ਦੀ ਲੋੜ ਹੈ। ਇਨ੍ਹਾਂ ਦੇ 20 ਨੁਕਾਤੀ ਪ੍ਰੋਗਰਾਮ ਵਿਚ ਆਇਆ ਹੈ ਕਿ ਸਮਗਲਰਾਂ ਨੂੰ ਤੇ ਬਲੈਕੀਆਂ ਨੂੰ ਹੱਥ ਪਾਉਣਾ ਹੈ ਪਰ ਜਿਹੜੇ ਅਡੱਲਟਰੇਸ਼ਨ ਕਰਦੇ ਹਨ ਉਨ੍ਹਾਂ ਨੂੰ ਵੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ।

ਚੇਅਰਮੈਨ ਸਾਹਿਬ, ਫਿਰ ਵੀਕਰ ਸੈਕਸ਼ਨ ਲਈ ਸਹਾਇਤਾ ਰਕਮ ਨਹੀਂ ਰੱਖੀ ਗਈ। ਗਰੀਬ ਮੁਲਾਜ਼ਮ ਲਈ ਕੁਝ ਨਹੀਂ ਰੱਖਿਆ ਗਿਆ। ਸੈਂਟਰ ਦੀ ਸਰਕਾਰ ਨੇ ਚਾਰ ਡੀ. ਏ. ਦੀਆਂ ਹੋਰ ਕਿਸ਼ਤਾਂ ਦੇ ਦਿੱਤੀਆਂ ਹਨ ਪਰ ਪੰਜਾਬ ਦੀ ਸਰਕਾਰ ਨੇ ਡੀ. ਏ. ਦੇਣ ਵਾਸਤੇ ਕੋਈ ਪੈਸਾ ਨਹੀਂ ਰੱਖਿਆ। ਗਰੀਬ ਮੁਲਾਜ਼ਮ ਨੂੰ ਵੀ ਸਰਕਾਰ ਨੇ ਨਜ਼ਰ ਅੰਦਾਜ਼ ਕੀਤਾ ਹੈ। ਮਹਿੰਗਾਈ ਬਕਾਇਦਾ ਵਧਦੀ ਜਾ ਰਹੀ ਹੈ। ਇਨ੍ਹਾਂ ਨੂੰ ਪੈਸਾ ਬਜਟ ਵਿਚ ਮੁਲਾਜ਼ਮਾਂ ਵਾਸਤੇ ਰੱਖਣਾ ਚਾਹੀਦਾ ਸੀ।

ਚੇਅਰਮੈਨ ਸਾਹਿਬ, ਟਰਾਂਸਪੋਰਟ ਮੰਤਰੀ ਜੀ ਇਸ ਵੇਲੇ ਹਾਊਸ ਵਿਚ ਨਹੀਂ ਹਨ ਮੈਂ ਉਨ੍ਹਾਂ ਨੂੰ ਕੁਝ ਗੱਲਾਂ ਕਹਿਣਾ ਚਾਹੁੰਦਾ ਸੀ। ਮੇਰੇ ਖੱਬੇ ਪਾਸੇ ਸਰਦਾਰ ਦਿਲਬਾਗ ਸਿੰਘ ਜੀ ਬੈਠੇ ਹਨ ਉਨ੍ਹਾਂ ਨੇ ਇਨ੍ਹਾਂ ਨੂੰ ਵੀ ਦਸ਼ਾਂਦਾ ਦੇ ਦਿਤਾ ਹੈ। ਚੇਅਰਮੈਨ ਸਾਹਿਬ, ਤੁਹਾਨੂੰ ਵੀ ਪਤਾ ਹੈ ਕਿ ਪਿਛਲੀ ਭਾਰਤ-ਪਾਕ ਜੰਗ ਵਿਚ ਟਰੱਕਾਂ ਵਾਲਿਆਂ ਨੇ ਸਾਡੇ ਦੇਸ਼ ਦੀ ਕਿਤਨੀ ਸੇਵਾ ਕੀਤੀ ਸੀ। ਕਿਸ ਤਰ੍ਹਾਂ ਨਾਲ ਟਰੱਕਾਂ ਰਾਹੀ ਸਾਡੇ ਲੜ ਰਹੇ ਨੌਜਵਾਨਾਂ ਪਾਸ ਐਮੋਨਿਊਸ਼ਨ ਪਹੁੰਚਾਇਆ ਸੀ ਹੋਰ ਸਾਮਾਨ ਪਹੁੰਚਾਇਆ ਸੀ। ਉਸ ਵੇਲੇ ਵੀ ਸਰਕਾਰ ਨੇ ਇਨ੍ਹਾਂ ਨੂੰ ਦਸ਼ਾਂਦਾ ਦੇ ਦਿੱਤਾ ਸੀ ਔਰ ਹੁਣ ਵੀ ਦਸ਼ਾਂਦਾ ਦੇ ਦਿੱਤਾ ਹੈ। ਪਰ ਇਹ ਇਸ ਗੱਲ ਨੂੰ ਨਹੀਂ ਵੇਖਦੇ ਕਿ ਇਸ ਦਾ ਲੋਕਾਂ ਤੇ ਕੀ ਅਸਰ ਪਵੇਗਾ ਔਰ ਇਸ ਦਾ ਟਰੱਕ ਓਪ੍ਰੇਟਰਾਂ ਤੇ ਕੀ ਅਸਰ ਪਵੇਗਾ। ਇਹ ਵੀ ਵੇਖਣਾ ਚਾਹੀਦਾ ਸੀ। ਚੇਅਰਮੈਨ ਸਾਹਿਬ, ਤੁਹਾਨੂੰ ਯਾਦ ਹੋਣਾ ਹੈ ਕਿ ਇਥੇ ਹਾਊਸ ਵਿਚ ਯੂਨੈਨੀਮਸਲੀ ਇਕ ਰੈਜ਼ੋਲਿਊਸ਼ਨ ਪਾਸ ਹੋਇਆ ਸੀ ਕਿ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇ ਪਰ ਉਸ ਦੇ ਵਾਸ਼ਤੇ ਸਰਕਾਰ ਨੇ ਕੋਈ ਪੈਸਾ ਨਹੀਂ ਰੱਖਿਆ। ਇਹ ਕੁਝ-ਕੁਝ ਪੈਸਾ ਜ਼ਰੂਰ ਰਖਦੇ ਭਾਵੇ ਇਕ ਲੱਖ ਹੀ ਰੱਖ ਦਿੰਦੇ ਤਾਕਿ ਤੋਰ ਤਾਂ ਤੁਰ ਪੈਂਦੀ ਪਰ ਉਹ ਵੀ ਨਹੀਂ ਕੀਤਾ। ਸਰਦਾਰ ਬੀਰਦਵਿੰਦਰ ਸਿੰਘ ਜੀ ਵੀ ਇਕ ਦੋ ਵਾਰੀ ਦਿੱਲੀ ਗਏ ਹਨ। ਇਨ੍ਹਾਂ ਨੂੰ ਵੀ ਪਤਾ ਹੈ ਕਿ ਹਰਿਆਣੇ ਦੀਆਂ ਏਅਰਕੰਡੀਸ਼ਨ ਬੱਸਾਂ ਚਲਦੀਆਂ ਹਨ, ਤੇ ਉਨ੍ਹਾਂ ਦੇ ਨਾਈਟ ਸਰਵਿਸ ਚਲਦੀ ਹੈ ਪਰ ਸਾਡੇ ਨਾ ਏਅਰਕੰਡੀਸ਼ਨਡ ਬੱਸਾਂ ਚਲਦੀਆਂ ਹਨ ਤੇ ਨਾ ਹੀ ਨਾਈਟ ਸਰਵਿਸ ਵੱਲ ਕੋਈ ਧਿਆਨ ਦਿਤਾ ਜਾਂਦਾ ਹੈ। ਸਾਡੇ ਡਰਾਈਵਰ ਸਗੋਂ ਗਿਲਾ ਕਰਦੇ ਹਨ ਕਿ ਸਾਨੂੰ ਨਾਈਟ ਸਰਵਿਸ ਨਹੀਂ ਦਿਤੀ ਜਾਂਦੀ। ਫਿਰ ਡਰਾਈਵਰਾਂ ਨੂੰ ਵਰਦੀਆਂ ਵੀ ਨਹੀਂ ਦਿਤੀਆਂ ਜਾਂਦੀਆਂ। ਸਰਕਾਰ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਨੇ ਬਜਟ ਵਿਚ ਟਰਾਂਸਪੋਰਟ ਲਈ 5.98 ਕਰੋੜ ਰੁਪਿਆ ਰਖਿਆ ਸੀ ਪਰ ਇਸ ਸਾਲ 4.42 ਕਰੋੜ ਰੁਪਿਆ ਟਰਾਂਸਪੋਰਟ ਲਈ ਰਖਿਆ ਹੈ। ਇਹ ਕਹਿੰਦੇ ਹਨ ਕਿ ਟਰਾਂਸਪੋਰਟ ਨੂੰ ਸੁਧਾਰਨਾ ਹੈ ਪਰ ਪੈਸਾ ਅੱਗੇ ਨਾਲੋਂ ਵੀ ਘਟਾ ਦਿੱਤਾ ਹੈ। ਫਿਰ ਟਰਾਂਸਪੋਰਟ ਵਿਚ ਘਾਟਾ ਪੈਂਦਾ ਹੈ ਔਰ ਉਹ ਹੇਰਾ ਫੇਰੀਆਂ ਕਰਕੇ ਪੈਂਦਾ ਹੈ। ਪਿੱਛੇ ਜਿਹੇ ਦੋ ਟਰੱਕ ਸਰੀਏ ਦੇ ਫੜੇ ਗਏ ਸਨ, ਗੋਬਿੰਦਗੜ੍ਹ ਤੋਂ ਮਾਲ ਮੰਗਵਾਇਆ ਗਿਆ ਸੀ, ਪੀ. ਆਰ. ਟੀ. ਸੀ. ਵਾਲਿਆਂ ਨੇ ਚਾਰ ਸੌ ਕੁਇੰਟਲ ਮਾਲ ਮੰਗਵਾਇਆ ਸੀ ਪਰ ਉਸ ਸਰੀਏ ਦੀ 600 ਰੁਪਏ ਕੁਇੰਟਲ ਦੇ ਹਿਸਾਬ ਨਾਲ ਰਸੀਦ ਕਟੀ ਹੈ। ਪਤਾ ਨਹੀਂ ਹੈ ਕਿ ਸਰਕਾਰ ਉਸ ਕੇਸ ਵਿਚ ਕੋਈ ਐਕਸ਼ਨ ਲੈਂਦੀ ਹੈ ਕਿ ਨਹੀਂ ਲੈਂਦੀ। ਸ਼ਾਇਦ ਇਹ ਮੁਲਜ਼ਮਾਂ ਨੂੰ ਛੱਡ ਹੀ ਦੇਣਗੇ। ਜੇਕਰ ਕੋਈ ਸਿਫਾਰਸ਼ ਪੈ ਗਈ ਤਾਂ ਇਨ੍ਹਾਂ ਨੇ ਕੋਈ ਐਕਸ਼ਨ ਨਹੀਂ ਲੈਣਾ। ਚੇਅਰਮੈਨ ਸਾਹਿਬ, ਜਦੋਂ ਇਕ-ਇਕ, ਦੋ ਦੋ ਬੱਸਾਂ ਵਾਲੇ ਪ੍ਰਾਫਿਟ ਵਿਚ ਚਲਦੇ ਹਨ ਤਾਂ ਫਿਰ ਸਾਡੀਆਂ ਬੱਸਾਂ ਦਾ ਪਹੀਆ ਜਾਮ ਕਿਉਂ ਹੁੰਦਾ ਹੈ। ਮੈਂ ਇਮਾਨਦਾਰੀ ਨਾਲ ਦੱਸਦਾ ਹਾਂ ਕਿ ਪਹਿਲਾਂ ਜਦੋਂ ਡਰਾਈਵਰ ਮੋਟਰ ਵਿਚ ਬੈਠ ਕੇ ਉਸ ਨੂੰ ਚਲਾਉਣ ਲਗਦਾ ਸੀ ਤਾਂ ਉਹ ਕੰਨਾ ਨੂੰ ਹੱਥ ਲਗਾ ਕੇ ਪ੍ਰਮਾਤਮਾ ਨੂੰ ਯਾਦ ਕਰਦਾ ਹੁੰਦਾ ਸੀ ਤਾਂ ਗੱਡੀ ਸਟਾਰਟ ਕਰਦਾ ਹੁੰਦਾ ਸੀ ਪਰ ਹੁਣ ਇਹ ਹਾਲਤ ਹੋ ਗਈ ਹੈ ਕਿ ਸਵਾਰੀ ਗੱਡੀ ਵਿਚ ਬੈਠਣ ਲੱਗੀ ਕੰਨ ਨੂੰ ਹੱਥ ਲਗਾ ਕੇ ਪ੍ਰਮਾਤਮਾ ਨੂੰ ਯਾਦ ਕਰਦੀ ਹੈ ਤਾਕਿ ਉਹ ਜਿਊਂਦੀ ਵਾਪਸ ਘਰ ਆ ਜਾਵੇ....

**ਸ਼੍ਰੀ ਸੰਤ ਰਾਮ ਸਿੰਗਲਾ** : ** ** **

**Mr. Chairman** : This is no point of order,

**ਮਾਸਟਰ ਬਾਬੂ ਸਿੰਘ** : ਚੇਅਰਮੈਨ ਸਾਹਿਬ, ਇਹ ਤਾਂ ਆਪਣੇ ਘਰੋਂ ਜਾ ਕੇ ਪੁੱਛ ਲੈਣ ਕਿ ਜਦੋਂ ਇਹ ਇਥੇ ਆਉਂਦੇ ਹਨ ਤਾਂ ਘਰ ਵਾਲਿਆਂ ਨੂੰ ਚਿੰਤਾ ਹੁੰਦੀ ਹੈ ਜਾਂ ਨਹੀਂ ਹੁੰਦੀ ਕਿਉਂਕਿ ਇਨ੍ਹਾਂ ਨੇ ਵੀ ਬੱਸ ਚੜ੍ਹ ਕੇ ਹੀ ਆਉਣਾ ਹੁੰਦਾ ਹੈ। (ਹਾਸਾ) ਚੇਅਰਮੈਨ ਸਾਹਿਬ, ਭਾਵੇਂ ਮੋਟਰ ਹੈ ਜਾਂ ਟਰੱਕ ਹੈ ਅਸੀਂ ਉਨ੍ਹਾਂ ਬਾਰੇ ਆਮ ਤੌਰ ਤੇ ਸੁਣਦੇ ਰਹਿੰਦੇ ਹਾਂ ਕਿ ਫਲਾਣੇ ਥਾਂ ਟੱਕਰ ਹੋ ਗਈ ਹੈ ਔਰ ਇਤਨੇ ਆਦਮੀ ਮਰ ਗਏ ਹਨ। ਕਦੇ ਸੁਣਦੇ ਹਾਂ ਕਿ ਐਕਸੀਡੈਂਟ ਹੋ ਗਿਆ ਹੈ ਔਰ 10 ਆਦਮੀ ਮਰ ਗਏ ਹਨ। ਚੇਅਰਮੈਨ ਸਾਹਿਬ, ਰੋਡਵੇਜ਼ ਦੀ ਗੱਲ ਵੇਖੋ, 16 ਕਰੋੜ ਰੁਪਏ ਦਾ ਘਾਟਾ ਹੈ। ਚੀਫ ਸੈਕਟਰੀ ਸਾਹਿਬ ਨੇ ਇਕ ਹਾਈ ਪਾਵਰਡ ਕਮੇਟੀ ਬਣਾਈ ਹੈ ਜਿਹੜੀ ਕਿ ਇਸ ਗਲ ਦੀ ਪੜਤਾਲ ਕਰੇਗੀ ਕਿ ਕੀ ਕਾਰਪੋਰੇਸ਼ਨ ਤੋੜਨੀ ਹੈ ਜਾਂ ਨਹੀਂ। ਪੈਪਸੂ ਰੋਡ ਟ੍ਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ। ਪਰ ਇਹ ਸਰਕਾਰ ਇਹ ਚੀਜ਼ ਨਹੀਂ ਸੋਚਦੀ ਕਿ ਹਰਿਆਣਾ ਟਰਾਂਸਪੋਰਟ ਪ੍ਰਾਫਿਟ ਵਿਚ ਜਾ ਰਹੀ ਹੈ, ਹਿਮਾਚਲ ਪ੍ਰਦੇਸ਼ ਵਿਚ ਟਰਾਂਸਪੋਰਟ ਠੀਕ ਚਲ ਰਹੀ ਹੈ ਇਥੇ ਕਿਉਂ ਘਾਟਾ ਪੈ ਰਿਹਾ ਹੈ। ਇਸ ਪਾਸੇ ਵੱਲ ਸੋਚਣਾ ਚਾਹੀਦਾ ਹੈ। ਘਪਲੇਬਾਜ਼ੀ ਕਰਕੇ ਹੀ, ਹੇਰਾਫੇਰੀ ਕਰਕੇ ਹੀ ਸਾਡੀ ਟਰਾਂਸਪੋਰਟ ਘਾਟੇ ਵਿਚ ਜਾ ਰਹੀ ਹੈ। ਇਸ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਇਹ ਮੈਂ ਠੀਕ ਗਲ ਕਹਿੰਦਾ ਹਾਂ ਕਿ ਹੁਣ ਇਸ ਨੂੰ ਕਾਰਪੋਰੇਸ਼ਨ ਨਹੀਂ ਕਹਿੰਦੇ ਲੋਕ ਕਾਰੱਪਸ਼ਨ ਕਹਿੰਦੇ ਹਨ (ਹਾਸਾ) ਮੈਂ ਰਾਮਪੁਰਾ ਫੂਲ ਦੀ ਗੱਲ ਦੱਸਦਾ ਹਾਂ। ਇਸ ਸੈਸ਼ਨ ਦੇ ਦਿਨਾਂ ਵਿਚ ਮੈਂ ਪਿਛਲੇ ਦਸਾਂ ਦਿਨਾਂ ਵਿਚ ਉਥੇ ਤਿੰਨ ਚਾਰ ਵਾਰੀ ਗਿਆ ਹਾਂ ਪਤਾ ਨਹੀਂ ਹੈ ਕਿ ਬੱਸ ਵਿਚ ਕੀ ਨੁਕਸ ਹੁੰਦਾ ਹੈ ਉਸਦਾ ਹਮੇਸ਼ਾ ਹੀ ਰਸਤੇ ਵਿਚ ਪਟਰੋਲ-ਪੰਪ ਹਵਾ ਲੈ ਜਾਂਦਾ ਹੈ ਔਰ ਗੱਡੀ ਖੜ੍ਹੀ ਹੋ ਜਾਂਦੀ ਹੈ। ਫਿਰ ਹੈਰਾਨਗੀ ਦੀ ਗੱਲ ਇਹ ਹੈ ਕਿ ਬੱਸ ਵਿਚ ਫਸਟ ਏਡ ਦਾ ਸਮਾਨ ਨਹੀਂ ਹੁੰਦਾ,

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਡਰਾਈਵਰ ਪਾਸ ਕੋਈ ਸੰਦ ਨਹੀਂ ਹੈ, ਕੋਈ ਚਾਬੀ ਵਗੈਰਾ ਨਹੀਂ ਹੈ ਜਿਸ ਨਾਲ ਕਿ ਬੱਸ ਨੂੰ ਠੀਕ ਕਰ ਸਕੇ। ਫਿਰ ਕੋਈ ਟਰੱਕ ਵਾਲਾ ਕੋਲੋਂ ਦੀ ਲੰਘਦਾ ਹੈ ਤਾਂ ਉਸ ਪਾਸੋਂ ਰੈਂਚ ਲੈ ਕੇ ਗੱਡੀ ਨੂੰ ਠੀਕ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਕਮ-ਅਜ਼-ਕਮ ਇਸ ਤਰ੍ਹਾਂ ਦੀਆਂ ਚੀਜ਼ਾਂ ਤਾਂ ਮੋਟਰਾਂ ਵਿੱਚ ਹੋਣੀਆਂ ਚਾਹੀਦੀਆਂ ਹਨ।

ਚੇਅਰਮੈਨ ਸਾਹਿਬ, ਹੁਣ ਮੈਂ ਇਕ ਗਲ ਰੰਧਾਵਾ ਸਾਹਿਬ ਨੂੰ ਕਹਿਣੀ ਚਾਹੁੰਦਾ ਹਾਂ। ਇਹ ਇਨ੍ਹਾਂ ਦੇ ਹੱਲ ਕਰਨ ਵਾਲਾ ਮਸਲਾ ਹੈ। ਫਤਹਿਗੜ੍ਹ ਚੂੜੀਆਂ ਵਿਚ ਡੇਅਰੀ ਪਲਾਂਟ ਲਗਿਆ ਹੋਇਆ ਹੈ ਉਹ ਪ੍ਰਾਈਵੇਟ ਪਾਰਟੀ ਦਾ ਹੈ ਉਸ ਦੇ ਨਾਲ ਹੀ ਵੇਰਕਾ ਦਾ ਪਲਾਂਟ ਹੈ। ਹੁੰਦਾ ਕੀ ਹੈ ਕਿ ਪ੍ਰਾਈਵੇਟ ਪਲਾਂਟ ਵਾਲੇ ਉਸ ਇਲਾਕੇ ਵਿਚੋਂ ਦੁੱਧ ਲੈ ਜਾਂਦੇ ਹਨ ਔਰ ਵੇਰਕਾ ਪਲਾਂਟ ਫੇਲ੍ਹ ਹੁੰਦਾ ਜਾ ਰਿਹਾ ਹੈ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਕੋਈ ਏਰੀਆ ਫਿਕਸ ਹੋਣਾ ਚਾਹੀਦਾ ਹੈ। ਇਹ ਹੋਣਾ ਚਾਹੀਦਾ ਹੈ ਕਿ ਇਸ ਇਸ ਏਰੀਆ ਵਿਚੋਂ ਪ੍ਰਾਈਵੇਟ ਡੇਅਰੀ ਵਾਲੇ ਦੁੱਧ ਨਹੀਂ ਲੈ ਸਕਦੇ। ਉਹ ਹੁਣ ਦੁੱਧ ਤੋਂ ਘਿਓ ਬਣਾਉਣ ਲਗ ਪਏ ਹਨ। ਠੀਕ ਹੈ ਪਰ ਸਾਨੂੰ ਵੇਰਕਾ ਪਲਾਂਟ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਦਾ ਜੋ ਘਿਓ ਹੈ ਉਹ 30 ਰੁਪਏ ਵਿਕਦਾ ਹੈ ਔਰ ਸਾਡੇ ਵਾਲਾ 35 ਰੁਪਏ ਕਿਲੋ ਵਿਕਦਾ ਹੈ ਫਿਰ ਸਾਡੇ ਵਾਲਾ ਘਿਓ ਕੌਣ ਲਵੇਗਾ ? ਇਸ ਲਈ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ।

ਹੁਣ ਥੀਨ ਡੈਮ ਦੀ ਗੱਲ ਹੈ। ਜੇਕਰ ਵਾਕਿਆ ਹੀ ਇਹ ਮਨਿਸਟਰੀ ਸੀਰੀਅਸ ਹੈ ਤਾਂ ਇਸ ਪਾਸੇ ਕਾਫੀ ਧਿਆਨ ਦੇਣਾ ਚਾਹੀਦਾ ਸੀ। ਕਾਫੀ ਫੰਡ ਇਸ ਲਈ ਰੱਖਣੇ ਚਾਹੀਦੇ ਸਨ ਜਿਹੜੇ ਕਿ ਨਹੀਂ ਰੱਖੇ ਗਏ। ਫਿਰ ਹਸਪਤਾਲਾਂ ਦੀ ਗੱਲ ਹੈ। ਸੰਨ 1981-82 ਵਿਚ ਜਿਤਨਾ ਪੈਸਾ ਰਖਿਆ ਗਿਆ ਸੀ ਉਸ ਤੋਂ ਵੀ ਘੱਟ ਇਸ ਸਾਲ ਦੇ ਬਜਟ ਵਿਚ ਹਸਪਤਾਲਾਂ ਲਈ ਰਖਿਆ ਗਿਆ ਹੈ। ਫਿਰ ਕਹਿੰਦੇ ਹਨ ਕਿ ਅਸੀਂ 9 ਲੱਖ ਤੋਂ ਵੱਧ ਬੱਚਿਆਂ ਦਾ ਡਾਕਟਰੀ ਮੁਆਇਨਾ ਕੀਤਾ ਹੈ ਔਰ ਕਹਿੰਦੇ ਹਨ ਕਿ ਤਿੰਨ ਸਾਲਾਂ ਵਿਚ ਸਾਰੇ ਬੱਚਿਆਂ ਨੂੰ ਇਸ ਸਕੀਮ ਅਧੀਨ ਲਿਆਂਦਾ ਜਾਣਾ ਹੈ। ਪਰ ਜੋ ਪੈਸਾ ਹੈ ਉਹ ਉਸ ਤੋਂ ਵੀ ਘਟ ਰਖਿਆ ਹੈ। ਪੈਸਾ ਪਿਛਲੇ ਸਾਲ ਨਾਲੋਂ 84.93 ਲੱਖ ਘਟ ਕਰ ਦਿਤਾ ਹੈ। ਮੈਨੂੰ ਸਮਝ ਨਹੀਂ ਆਉਂਦੀ ਹੈ ਇਹ ਇਸ ਪੈਸੇ ਨਾਲ ਕਿਸ ਤਰ੍ਹਾਂ ਲੋਕਾਂ ਦਾ ਇਲਾਜ ਕਰਨਗੇ ਔਰ ਕਿਥੋਂ ਦਵਾਈਆਂ ਲੋਕਾਂ ਨੂੰ ਦੇਣਗੇ। ਫਾਰਮਾਸਿਸਟ ਵੀ 21-22 ਤਾਰੀਕ ਨੂੰ ਮੁਜ਼ਾਹਰਾ ਕਰ ਰਹੇ ਹਨ। ਪੈਰਾਮੈਡੀਕਲ ਵਾਲੇ ਵੀ ਬੈਠੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਜਦੋਂ ਡਾਕਟਰ ਸਾਹਿਬ ਜਵਾਬ ਦੇਣ ਤਾਂ ਇਸ ਬਾਰੇ ਜਸਟੀਫਿਕੇਸ਼ਨ ਦੇਣ। ਇਸੇ ਤਰ੍ਹਾਂ ਹੀ ਐਸ. ਐਮ. ਓਜ਼. ਦੀਆਂ ਪੋਸਟਾਂ ਖਾਲੀ ਪਈਆਂ ਹਨ ਔਰ ਸਰਕਾਰ ਪਾਸ ਐਸ. ਐਮ. ਓ. ਰੈਂਕ ਦੇ ਡਾਕਟਰ ਵੀ ਹਨ। ਇਸ ਲਈ ਉਨ੍ਹਾਂ ਨੂੰ ਪ੍ਰਮੋਟ ਕਰਕੇ ਐਸ. ਐਮ. ਓਜ਼ ਲਗਾਉਣਾ ਚਾਹੀਦਾ ਹੈ ਤਾਂਕਿ ਲੋਕਾਂ ਦਾ ਇਲਾਜ਼ ਠੀਕ ਤਰ੍ਹਾਂ ਨਾਲ ਹੋ ਸਕੇ। ਇਕ ਅਲਾਈਡ ਸਰਵਿਸਿਜ਼ ਦੀ ਗੱਲ ਹੈ। ਜਿਹੜਾ 1981-82 ਵਿਚ ਇਸ ਤੇ ਖਰਚ ਕੀਤਾ ਸੀ ਉਹ ਬਜਟ ਦਾ 13.22% ਸੀ ਪਰ ਹੁਣ 1982-83 ਵਿਚ ਇਹ 12.42% ਖਰਚ ਕਰਨਾ ਹੈ। ਤੁਸੀਂ ਵੇਖੋ ਇਸ ਤੇ ਵੀ ਖਰਚ ਘਟਾ ਦਿੱਤਾ ਹੈ। ਸੈਂਟਰ ਵਾਲਿਆਂ ਨੇ ਇਨ੍ਹਾਂ ਨੂੰ ਜਵਾਬ ਦੇ ਦਿਤਾ ਹੈ ਕਿ ਉਹ ਪੈਸੇ ਦੇ ਨਹੀਂ ਸਕਦੇ। ਇਸ ਤਰ੍ਹਾਂ ਨਾਲ ਜ਼ਿਮੀਦਾਰਾਂ ਨੂੰ ਸਪੋਰਟ ਪ੍ਰਾਈਸ ਔਰ ਬੋਨਸ ਵਗੈਰਾ ਕਿਥੋਂ ਦੇਣਗੇ?

ਹੁਣ ਮੈਂ ਐਜੂਕੇਸ਼ਨ ਦੇ ਬਾਰੇ ਕੁਝ ਬੇਨਤੀ ਕਰਨੀ ਚਾਹੁੰਦਾ ਹਾਂ। ਐਜੂਕੇਸ਼ਨ ਮਨਿਸਟਰ ਸਾਹਿਬ ਇਸ ਵਲ ਖਾਸ ਧਿਆਨ ਦੇਣ। 1981-82 ਵਿਚ ਜਿਹੜਾ ਇਸ ਵਾਸਤੇ ਪੈਸਾ ਰਖਿਆ ਸੀ ਉਹ 140.18 ਲੱਖ ਰੁਪਇਆ ਰਖਿਆ ਸੀ ਪਰ ਹੁਣ ਇਸ ਸਾਲ 131.32 ਲੱਖ ਰਖਿਆ ਹੈ ਜਦ ਕਿ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਮਹਿੰਗਾਈ ਅੱਗੇ ਨਾਲੋਂ 25% ਵੱਧ ਗਈ ਹੈ। ਪਰ ਇਨ੍ਹਾਂ ਨੇ ਇਸ ਲਈ ਵੀ ਪੈਸਾ ਘਟਾ ਦਿਤਾ ਹੈ। ਇਸ ਨਾਲ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਇਨ੍ਹਾਂ ਦਾ ਫਿਜ਼ੀਕਲ ਟਾਰਗੇਟ ਹੈ ਉਹ ਰਿਡਿਊਸ ਹੀ ਹੋਵੇਗਾ ਵੱਧੇਗਾ ਨਹੀਂ। ਫਿਰ ਇਨ੍ਹਾਂ ਨੇ 1981-82 ਵਿਚ 66 ਮਿਡਲ ਸਕੂਲ ਅਤੇ 84 ਹਾਈ ਸਕੂਲ ਖੋਲ੍ਹੇ ਔਰ ਹੁਣ ਇਹ ਕਹਿੰਦੇ ਹਨ ਕਿ 50 ਮਿਡਲ ਔਰ 25 ਹਾਈ ਸਕੂਲ ਖੋਲ੍ਹਣੇ ਹਨ। ਜਿਸ ਹਿਸਾਬ ਨਾਲ ਇਹ ਚਲ ਰਹੇ ਹਨ ਇਸ ਹਿਸਾਬ ਨਾਲ ਇਹ ਕੀ ਤਰੱਕੀ ਕਰਨਗੇ। ਕਹਿਣ ਨੂੰ ਤਾਂ ਇਹ ਕਹਿੰਦੇ ਹਨ ਕਿ ਅਸੀਂ ਪੰਜਾਬ ਵਿਚ ਵਿਦਿਆ ਆਮ ਕਏ ਦੇਣੀ ਹੈ ਪਰ ਮੈਂ ਸਮਝਦਾ ਹਾਂ ਕਿ ਜਿਸ ਹਿਸਾਬ ਨਾਲ ਇਹ ਸਕੂਲ ਖੋਲ੍ਹ ਰਹੇ ਹਨ ਉਸ ਹਿਸਾਬ ਨਾਲ ਤਾਂ ਐਜੂਕੇਸ਼ਨ ਦਾ ਮਿਆਰ ਹੋਰ ਥੱਲੇ ਨੂੰ ਜਾਏਗਾ।

**ਸ਼੍ਰੀ ਗੋਪਾਲ ਕਿਸ਼ਨ ਚਤਰਥ** : ਚੇਅਰਮੈਨ ਸਾਹਿਬ, ਇਨ੍ਹਾਂ ਨੇ ਆਪਣੀ ਗਰੈਜੂਏਸ਼ਨ ਵੇਲੇ ਅੰਗਰੇਜ਼ੀ ਨਹੀਂ ਪੜ੍ਹੀ ਹੋਣੀ। ਇਸ ਸਰਕਾਰ ਨੇ ਇਹ ਲਿਖਿਆ ਹੈ ਕਿ ਐਜੂਕੇਸ਼ਨ ਵਿਚ ਕੁਆਲੀਟੇਟਿਵ ਇੰਮਪਰੂਵਮੈਂਟ ਕਰਨੀ ਹੈ। ਇਹ ਤਾਂ ਕਿਸੇ ਨੇ ਨਹੀਂ ਕਿਹਾ ਕਿ ਐਜੂਕੇਸ਼ਨ ਨੂੰ ਆਮ ਕਰ ਦੇਣਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ** ** **

**ਸ਼੍ਰੀ ਸਭਾਪਤੀ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਮਾਸਟਰ ਬਾਬੂ ਸਿੰਘ** : ਚੇਅਰਮੈਨ ਸਾਹਿਬ, ਪਿਛਲੇ ਸੈਸ਼ਨ ਵਿਚ ਇਕ ਸਰਵਸੰਮਤੀ ਨਾਲ ਮਤਾ ਪਾਸ ਹੋਇਆ ਸੀ ਕਿ ਇਕ ਰਿਫਾਰਮ ਕਮਿਸ਼ਨ ਬਣਾਇਆ ਜਾਵੇਗਾ। ਹੁਣ ਇਕ ਸਾਲ ਬਾਅਦ ਤਾਂ ਉਹ ਰਿਫਾਰਮ ਕਮਿਸ਼ਨ ਬਣਿਆ ਹੈ, ਉਹ ਵੀ ਰਿਫਾਰਮ ਕਮਿਸ਼ਨ ਨਹੀਂ ਬਲਕਿ ਸਿਰਫ ਕਮਿਸ਼ਨ ਬਣਿਆ ਹੈ ਔਰ ਪਤਾ ਨਹੀਂ ਇਹ ਕਦੋਂ ਕੰਮ ਕਰੇਗਾ ਔਰ ਕਦੋਂ ਇਸ ਦੀ ਰਿਪੋਰਟ ਆਏਗੀ ਸ਼ਾਇਦ 2-3 ਸਾਲ ਤਾਂ ਇਸ ਦੀ ਰਿਪੋਰਟ ਆਉਣ ਵਿਚ ਇਹ ਲਾ ਦੇਣਗੇ।

ਇਕ ਮੈਨੂੰ ਹੋਰ ਬੜਾ ਹੀ ਅਫਸੋਸ ਹੈ ਕਿ ਪੰਜਾਬ ਵਿਚ ਕੋਈ ਇਕ ਲੱਖ ਦੇ ਕਰੀਬ ਟੀਚਰਜ਼ ਹਨ, ਚਤਰਥ ਸਾਹਿਬ ਉਨ੍ਹਾਂ ਦੇ ਨੁਮਾਇੰਦੇ ਰਹੇ ਹਨ। ਇਨ੍ਹਾਂ ਨੂੰ ਸਭ ਪਤਾ ਹੈ ਕਿ ਉਨ੍ਹਾਂ ਦੀਆਂ ਕੀ ਤਕਲੀਫਾਂ ਹਨ। ਪਰ ਇਨ੍ਹਾਂ ਨੇ ਉਨ੍ਹਾਂ ਵਾਸਤੇ ਕੋਈ ਪੈਸਾ ਨਹੀਂ ਰਖਿਆ। ਫਿਰ ਇਹ ਕਿਸ ਤਰ੍ਹਾਂ ਨਾਲ ਐਜੂਕੇਸ਼ਨ ਵਿਚ ਤਰੱਕੀ ਕਰਨਗੇ ?

ਹੁਣ ਮੈਂ ਕਮਿਊਨਿਟੀ ਸਰਵਿਸਿਜ਼ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਇਨ੍ਹਾਂ ਨੇ ਇਸ ਵਾਸਤੇ 17.38% ਪੈਸਾ ਰਖਿਆ ਸੀ ਪਰ ਹੁਣ 14.55% ਪੈਸਾ ਰਖਿਆ ਹੈ। ਇਸ ਨਾਲ ਇਹ ਵੀਕਰ ਸੈਕਸ਼ਨ ਦੀ ਬੇਹਤਰੀ ਕਿਸ ਤਰ੍ਹਾਂ ਕਰਨਗੇ। ਇਨ੍ਹਾਂ ਨੂੰ ਤਾਂ ਇਸ ਵਾਸਤੇ ਵੱਧ ਪੈਸੇ ਰੱਖਣੇ ਚਾਹੀਦੇ ਸਨ। ਪਰ ਇਹ ਤਾਂ ਇਸ ਪਾਸੇ ਘਟਦੇ ਜਾ ਰਹੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਤਰ੍ਹਾਂ ਨਾਲ ਤਰੱਕੀ ਵਲ ਜਾਣਗੇ। ਇਨ੍ਹਾਂ ਨੇ ਜਿਹੜਾ ਬਜਟ ਪੇਸ਼ ਕੀਤਾ ਹੈ ਉਸ ਬਾਰੇ 'ਇੰਡੀਅਨ ਐਕਸਪ੍ਰੈਸ ਵਿਚ ਵੀ ਇਹ ਆਇਆ ਹੈ ਕਿ—

> Even the F. M. seems to be ignorant about the Plan in money terms but in real terms there would be squeeze.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਇਸ ਤਰ੍ਹਾਂ ਨਾਲ ਬਜਟ ਸਕੁਈਜ਼ ਕਰ ਦਿਤਾ ਗਿਆ ਹੈ। ਇਹ ਤਾਂ ਜਿਸ ਤਰ੍ਹਾਂ ਬਿਓਰੋਕਰੇਸੀ ਨੇ ਬਜਟ ਬਣਾ ਕੇ ਦੇ ਦਿੱਤਾ ਹੈ ਉਸੇ ਤਰ੍ਹਾਂ ਹੀ ਇਨ੍ਹਾਂ ਨੇ ਪੇਸ਼ ਕਰ ਦਿਤਾ। ਲੋਕਾਂ ਦੀ ਬੇਹਤਰੀ ਦਾ ਕੋਈ ਧਿਆਨ ਨਹੀਂ ਰਖਿਆ ਗਿਆ। ਇਨ੍ਹਾਂ ਨੇ ਆਪਣੇ ਬਜਟ ਵਿਚ ਵੀਕਰ ਸੈਕਸ਼ਨ ਲਈ ਜਿਨ੍ਹਾਂ ਦੀ ਅਬਾਦੀ ਕੋਈ 14 ਲੱਖ 24 ਹਜ਼ਾਰ ਦੇ ਕਰੀਬ ਹੈ ਉਨ੍ਹਾਂ ਲਈ 2 ਲੱਖ ਰੁਪਿਆ ਰਖਿਆ ਹੈ। ਹੁਣ ਤੁਸੀਂ ਦੱਸੋ ਕਿ ਇਸ ਨਾਲ ਵੀਕਰ ਸੈਕਸ਼ਨ ਦੀ ਕੀ ਤਰੱਕੀ ਹੋਵੇਗੀ। ਜੇ ਇਸ ਪੈਸੇ ਨੂੰ ਇਨ੍ਹਾਂ ਵੀਕਰ ਸੈਕਸ਼ਨ ਵਿਚ ਵੰਡਿਆ ਜਾਵੇ ਤਾਂ 5 ਪੈਸੇ ਇਕ ਬੰਦੇ ਦੇ ਹਿੱਸੇ ਆਉਂਦੇ ਹਨ। 5 ਪੈਸੇ ਨਾਲ ਉਸ ਦਾ ਕੀ ਬਣੇਗਾ।

ਹੁਣ ਮੈਂ ਥੋੜ੍ਹਾ ਜਿਹਾ ਖਾਲਿਸਤਾਨ ਦੇ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਲਾਅ ਐਂਡ ਆਰਡਰ ਦੀ ਜੋ ਹਾਲਤ ਪੰਜਾਬ ਵਿਚ ਰਹੀ ਹੈ ਉਹ ਤੁਹਾਨੂੰ ਪਤਾ ਹੀ ਹੈ। ਸੰਤ ਭਿੰਡਰਾਂਵਾਲੇ ਚੰਦੋਕਲਾਂ ਚਲੇ ਗਏ ਔਰ ਇਨ੍ਹਾਂ ਨੇ ਉਸਨੂੰ ਫੜਨ ਵਾਸਤੇ ਹਜ਼ਾਰਾਂ ਨਹੀਂ ਲੱਖਾਂ ਰੁਪਏ ਪੈਟਰੋਲ ਤੇ ਹੀ ਖਰਚ ਕਰ ਦਿੱਤੇ ਹੋਣੇ ਹਨ। ਪਰ ਉਹ ਇਨ੍ਹਾਂ ਦੀ ਮਰਜ਼ੀ ਨਾਲ ਨਹੀਂ ਫੜਿਆ ਗਿਆ। ਫਿਰ ਇਨ੍ਹਾਂ ਦਾ ਡੀ. ਆਈ. ਜੀ. ਕਹਿੰਦਾ ਹੈ ਕਿ ਉਸ ਦੀ ਗ੍ਰਿਫਤਾਰੀ ਦੇ ਵਾਰੰਟ ਉਸ ਨੂੰ ਵਿਖਾ ਦਿੱਤੇ ਸਨ, ਐਸ. ਐਸ. ਪੀ. ਕਹਿੰਦਾ ਹੈ ਕਿ ਨਹੀਂ ਵਿਖਾਏ ਗਏ। ਪਹਿਲਾਂ ਤਾਂ ਇਨ੍ਹਾਂ ਦੇ ਪੁਲਿਸ ਵਾਲਿਆਂ ਵਿਚ ਹੀ ਕੋਆਰਡੀਨੇਸ਼ਨ ਨਹੀਂ। ਕੋਈ ਕੁਝ ਕਹਿੰਦਾ ਹੈ ਔਰ ਕੋਈ ਕੁਝ ਕਹਿੰਦਾ ਹੈ। ਫਿਰ ਮਹਿਤਾ ਚੌਕ ਵਿਚ ਪੁਲਿਸ ਨੇ ਘੇਰਾਓ ਕਰ ਲਿਆ ਔਰ ਫਿਰ ਉਸ ਨੂੰ ਪੁੱਛਦੇ ਹਨ ਕਿ ਤੁਸੀਂ ਦੱਸੋ ਕਿਹੜੀ ਤਾਰੀਖ ਨੂੰ ਅਤੇ ਕਿਸ ਸਮੇਂ ਗ੍ਰਿਫਤਾਰੀ ਦਿਓਗੇ। ਇਕ ਪਾਸੇ ਤਾਂ ਉਸ ਨੂੰ ਤੁਸੀਂ ਉਸ ਨੂੰ ਕਾਤਲ ਕਹਿੰਦੇ ਹੋ, ਫਿਰ ਉਸ ਨੂੰ ਗ੍ਰਿਫਤਾਰ ਕਰਨ ਲਈ ਪੁੱਛਦੇ ਹੋ ਅਤੇ ਫਿਰ ਛੱਡ ਹੀ ਦਿਤਾ ਜਾਂਦਾ ਹੈ। ਸਾਨੂੰ ਸਮਝ ਨਹੀਂ ਆਉਂਦੀ ਕਿ ਇਹ ਕਿਸ ਕਿਸਮ ਦੀਆਂ ਗੱਲਾਂ ਕਰਦੇ ਹਨ। ਫਿਰ ਇਕ ਮੈਂ ਇਹ ਦਸਦਾ ਹਾਂ ਕਿ ਇਸ ਵਿਚ ਕੋਈ ਲੁੱਕੀ ਛੁਪੀ ਗੱਲ ਤਾਂ ਨਹੀਂ ਹੈ ਕਿ ਖਾਲਿਸਤਾਨ ਦੀ ਆਵਾਜ਼ ਸਿਰਫ ਹਿੰਦੁਸਤਾਨ ਵਿਚ ਹੀ ਨਹੀਂ ਬਾਹਰਲੇ ਮੁਲਕਾਂ ਦਾ ਵੀ ਇਸ ਵਿਚ ਹੱਥ ਹੈ। ਇਥੇ ਸਾਰੇ ਐਮ. ਐਲ. ਏਜ਼ ਨੂੰ ਵੀ ਖਾਲਿਸਤਾਨ ਦੇ ਨੋਟ ਛਾਪ ਕੇ ਦਿੱਤੇ ਗਏ ਹਨ। ਸਾਰੀ ਸਾਫ ਗਲ ਹੋ ਗਈ ਹੈ ਕਿ ਕੈਨੇਡਾ, ਜਰਮਨ, ਅਮਰੀਕਾ ਸਭ ਹਿੰਦੁਸਤਾਨ ਦੇ ਹਿੱਤ ਵਿਚ ਨਹੀਂ ਬਲਕਿ ਹਿੰਦੁਸਤਾਨ ਦੇ ਖਿਲਾਫ ਪਾਕਿਸਤਾਨ ਨਾਲ ਮਿਲਕੇ ਸਾਜ਼ਿਸ਼ਾਂ ਕਰ ਰਹੇ ਹਨ। ਇਸ ਲਈ ਪ੍ਰਧਾਨ ਮੰਤਰੀ ਨੇ ਵੀ ਕਿਹਾ ਹੈ ਕਿ ਇਸ ਵਿਚ ਬਾਹਰਲੇ ਮੁਲਕਾਂ ਦਾ ਹੱਥ ਹੈ। ਇਸ ਲਈ ਇਕ ਗੱਲ ਮੈਂ ਅਕਾਲੀ ਪਾਰਟੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਸ ਗੱਲ ਦਾ ਸਪੱਸ਼ਟੀਕਰਨ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਦਾ ਜਗਜੀਤ ਸਿੰਘ ਨਾਲ ਕੋਈ ਤੁਅੱਲਕ ਹੈ ਜਾਂ ਨਹੀਂ। ਇਹ ਜਿਹੜੇ ਭੁਲੇਖੇ ਹਨ ਇਨ੍ਹਾਂ ਨੂੰ ਇਹ ਦੂਰ ਕਰਨੇ ਚਾਹੀਦੇ ਹਨ।

12.59 P.M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਅੱਜ ਬਰਨਾਲਾ ਜੀ ਨੇ ਆਪਣੀ ਸਪੀਚ ਕਰਦੇ ਹੋਏ ਇਸ ਬਾਰੇ ਥੋੜ੍ਹਾ ਜਿਹਾ ਸਪੱਸ਼ਟੀਕਰਨ ਦਿੱਤਾ ਵੀ ਹੈ ਪਰ ਜੇ ਇਹ ਸਪਸ਼ਟੀਕਰਨ ਪਹਿਲੇ ਕਰ ਦਿੰਦੇ ਤਾਂ ਚੰਗਾ ਰਹਿੰਦਾ। ਫਿਰ ਯੂ. ਐਨ. ਓ. ਦੀ ਮੈਂਬਰਸ਼ਿਪ ਬਾਰੇ ਵੀ ਇਹ ਸਪਸ਼ਟੀਕਰਨ ਦੇਣ ਤਾਂਕਿ ਜਿਹੜਾ ਭੁਲੇਖਾ ਹੈ ਉਹ ਦੂਰ ਹੋ ਸਕੇ।

ਸਾਡੇ ਪ੍ਰਾਈਮ ਮਨਿਸਟਰ ਸਾਹਿਬਾ ਨੂੰ ਫੈਡਰਲ ਢਾਂਚੇ ਨੂੰ ਕਾਇਮ ਰਖਣਾ ਵਾਸਤੇ ਇਕ ਮੀਟਿੰਗ ਰਖਣੀ ਚਾਹੀਦੀ ਹੈ। ਇਕ ਸਾਡੀ ਪ੍ਰਾਈਮ ਮਨਿਸਟਰ ਸਾਹਿਬਾ ਨੂੰ ਮੀਟਿੰਗ ਕਰਨੀ ਚਾਹੀਦੀ ਹੈ

Original with;
Punjab Vidhan Sabha
Digitized by;
Panjab Digital Library

[ਮਾਸਟਰ ਬਾਬੂ ਸਿੰਘ]

ਜਿਸ ਦੇ ਵਿਚ ਸਾਰੇ ਸੂਬਿਆਂ ਦੇ ਚੀਫ ਮਨਿਸਟਰ ਹੋਣ ਅਤੇ ਉਸ ਮੀਟਿੰਗ ਵਿਚ ਪ੍ਰਾਈਮ ਮਨਿਸਟਰ ਸਾਹਿਬਾ ਚੇਅਰਮੈਨ ਹੋਵੇ ਕਿ ਦੇਸ਼ ਦੇ ਵਿਚ ਏਕਤਾ ਕਿਸ ਤਰੀਕੇ ਨਾਲ ਕਾਇਮ ਕੀਤੀ ਜਾ ਸਕਦੀ ਹੈ ਔਰ ਸੂਬਿਆਂ ਦੀ ਤਰੱਕੀ ਕਿਸ ਤਰ੍ਹਾਂ ਹੋ ਸਕਦੀ ਹੈ। ਕਿਉਂਕਿ ਡਿਵੈਲਪਮੈਂਟ ਦੀ ਜ਼ਿੰਮੇਵਾਰੀ ਸੂਬਿਆਂ ਦੀ ਹੈ ਔਰ ਇਸ ਤੇ ਖਰਚਾ ਸੈਂਟਰ ਦੀ ਸਰਕਾਰ ਤੋਂ ਲੈਣਾ ਪੈਂਦਾ ਹੈ। ਸਾਨੂੰ ਆਪਣੀ ਡਿਵੈਲਪਮੈਂਟ ਵਾਸਤੇ ਸੈਂਟਰ ਤੋਂ ਭੀਖ ਮੰਗਣੀ ਪੈਂਦੀ ਹੈ। ਜਿਸ ਤਰ੍ਹਾਂ ਸੈਂਟਰ ਸਾਡੇ ਐਕਸਾਈਜ਼ ਵਿਚੋਂ 85% ਹਿੱਸਾ ਲੈ ਜਾਂਦਾ ਹੈ। ਇਸੇ ਲਈ ਇਹ ਪੈਸਾ ਸਾਨੂੰ ਹੀ ਮਿਲਣਾ ਚਾਹੀਦਾ ਹੈ। ਜਿਸ ਤਰ੍ਹਾਂ ਅਨਾਜ ਦਾ ਮਸਲਾ, ਪਾਣੀ ਦਾ ਮਸਲਾ, ਹੈ, ਐਗਰੀਕਲਚਰਲ ਪ੍ਰਾਈਸ ਦਾ ਮਸਲਾ ਹੈ। ਇਨ੍ਹਾਂ ਨੂੰ ਇਕੱਠੇ ਬੈਠ ਕੇ ਫੈਸਲਾ ਕਰਨਾ ਚਾਹੀਦਾ ਹੈ। ਮੈਂ ਐਸ.ਜੀ.ਪੀ.ਸੀ.ਦੇ ਤਰੀਕੇ ਨੂੰ ਵੈਲਕਮ ਕਰਦਾ ਹਾਂ ਔਰ ਉਨ੍ਹਾਂ ਨੇ ਆਵਾਜ਼ ਸੈਂਟਰ ਕੋਲ ਉਠਾਈ ਕਿ ਸਾਡੇ ਨਾਲ ਵਿਤਕਰਾ ਹੋ ਰਿਹਾ ਹੈ ਪਾਕਿਸਤਾਨ ਦੇ ਵਿਚ ਜਾ ਰਹੇ ਜਥੇ ਦੀ ਗਿਣਤੀ ਵਧਾਈ ਜਾਵੇ ਜਿਸ ਨੂੰ ਹੁਣ ਸੈਂਟਰ ਦੀ ਸਰਕਾਰ ਮੰਨ ਗਈ ਹੈ। ਔਰ ਇਸੇ ਤਰਾਂ ਇਨ੍ਹਾਂ ਦੀ 5 ਤਾਰੀਖ ਨੂੰ ਪ੍ਰਾਈਮ ਮਨਿਸਟਰ ਨਾਲ ਮੀਟਿੰਗ ਹੋ ਰਹੀ ਹੈ। ਇਸ ਤਰੀਕੇ ਨਾਲ ਕਾਫੀ ਮਸਲੇ ਹੱਲ ਹੋ ਸਕਦੇ ਹਨ ਔਰ ਕਾਫੀ ਬਰਨਿੰਗ ਮਸਲੇ ਹੱਲ ਹੋ ਸਕਦੇ ਹਨ ਜਿਵੇਂ ਫੌਜ ਵਿਚ ਪਹਿਲੇ 22% ਪੰਜਾਬੀਆਂ ਦੀ ਭਰਤੀ ਹੁੰਦੀ ਸੀ ਔਰ ਹੁਣ ਇਹ 2% ਰਹਿ ਗਈ ਹੈ। ਇਹ ਵਾਕਈ ਇਨਜਸਟਿਸ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਸੰਵਿਧਾਨ ਦੇ ਵਿਚ ਇੰਟਰ-ਸਟੇਟ ਕੌਂਸਲ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਤਾਂ ਕਿ ਸਟੇਟਾਂ ਦੇ ਮਸਲੇ ਇਸ ਕੌਂਸਿਲ ਵਿਚ ਮੀਟ ਆਊਟ ਹੋ ਸਕਣ।

ਡਿਪਟੀ ਸਪੀਕਰ ਸਾਹਿਬ, ਗਵਰਨਰਾਂ ਦੀਆਂ ਪੋਸਟਾਂ ਸੁਪਰਫਲੂਅਸ ਹਨ ਇਨ੍ਹਾਂ ਨੂੰ ਅਬਾਲਿਸ਼ ਕਰ ਦੇਣਾ ਚਾਹੀਦਾ ਹੈ। ਜਿਸ ਤਰੀਕੇ ਨਾਲ ਕੇਰਲਾ ਦੇ ਵਿਚ ਗਵਰਨਰ ਨੇ ਮਾਈਨਾਰਿਟੀ ਸਰਕਾਰ ਨੂੰ ਰਖਿਆ ਹੋਇਆ ਹੈ। ਕਲ ਹੀ ਇਕ ਮੈਂਬਰ ਸਰਕਾਰ ਦਾ ਸੀ. ਪੀ. ਐਮ. ਵਿਚ ਚਲਾ ਗਿਆ ਹੈ ਔਰ ਮਾਈਨਾਰਿਟੀ ਸਰਕਾਰ ਹਾਲੇ ਵੀ ਚਲੀ ਆ ਰਹੀ ਹੈ। ਕਈ ਦਿਨਾਂ ਤੋਂ ਸਪੀਕਰ ਦੀ ਕਾਸਟਿੰਗ ਵੋਟ ਨਾਲ ਬਚੀ ਰਹੀ ਹੈ। ਕੇਰਲਾ ਦੀ ਮਾਈਨਾਰਿਟੀ ਸਰਕਾਰ ਲੋਕਾਂ ਤੇ ਮੜ੍ਹੀ ਹੋਈ ਹੈ। ਅਗਰ ਇਸ ਤਰ੍ਹਾਂ ਆਪੋਜ਼ੀਸ਼ਨ ਦੀ ਸਰਕਾਰ ਹੁੰਦੀ ਤਾਂ ਹੁਣ ਤਕ ਤੋੜ ਦਿਤੀ ਹੁੰਦੀ ਜਿਸ ਤਰ੍ਹਾਂ ਇਨ੍ਹਾਂ ਨੇ ਆਸਾਮ ਵਿਚ ਕੀਤਾ ਸੀ। ਇਹ ਗਵਰਨਰ ਸੈਂਟਰ ਦੇ ਇਸ਼ਾਰੇ ਤੇ ਨਾਚ ਕਰਦੇ ਹਨ। ਇਨ੍ਹਾਂ ਪੋਸਟਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ।

ਅਗਲੀ ਗੱਲ ਸਾਡੀ ਸਟੇਟ ਵਿਚ ਐਡਹਾਕਇਜ਼ਮ ਦੀ ਬੜੀ ਵੱਡੀ ਬਿਮਾਰੀ ਪੈਦਾ ਹੋ ਰਹੀ ਹੈ 16 17 ਸਾਲ ਹੋ ਗਏ ਇੰਜੀਨੀਅਰਿੰਗ, ਇਰੀਗੇਸ਼ਨ, ਸੈਕਰੀਟੇਰੀਏਟ ਵਿਚ ਮੁਲਾਜ਼ਮ ਕੰਮ ਕਰ ਰਹੇ ਹਨ ਪਰ ਹਾਲੇ ਤਕ ਪੱਕੇ ਨਹੀਂ ਕੀਤੇ ਗਏ ਔਰ 6-7 ਸਾਲ ਦੀ ਸਿਲਾਈ ਟੀਚਰਾਂ ਦੀ ਸਰਵਿਸ ਹੋ ਚੁੱਕੀ ਹੈ ਉਨ੍ਹਾਂ ਨੂੰ ਟਰਮੀਨੇਸ਼ਨਾਂ ਦੇ ਨੋਟਿਸ ਆ ਗਏ ਹਨ। 15 ਅਗਸਤ ਨੂੰ ਮਨਿਸਟਰ ਸਾਹਿਬ ਕਹਿ ਕੇ ਆਏ ਸਨ ਕਿ 100 ਵੋਕੇਸ਼ਨਲ ਸਕੂਲ ਖੋਲ੍ਹੇ ਜਾਣਗੇ ਚੀਫ ਸੈਕਟਰੀ ਦੇ ਆਰਡਰ ਹਨ ਕਿ ਇਕ ਸਾਲ ਦੀ ਸਰਵਿਸ ਵਾਲੇ ਨੂੰ ਰੈਗੂਲਰ ਕੀਤਾ ਜਾਵੇਗਾ ਉਸ ਨੂੰ ਕੱਢਿਆ ਨਹੀਂ ਜਾਵੇਗਾ ਫੇਰ ਇਹ ਨੋਟਿਸ ਕਿਉਂ ਦਿੱਤੇ ਗਏ ਹਨ। ਇਸੇ ਤਰ੍ਹਾਂ ਜੇ.ਬੀ.ਟੀ. ਕਲਰਕ ਅਤੇ ਹੋਰ ਪੋਸਟਾਂ ਤੇ ਐਡਹਾਕ ਮੁਲਾਜ਼ਮ ਲਗੇ ਹੋਏ ਹਨ ਇਸ ਬਿਮਾਰੀ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਔਰ ਖਾਲੀ ਪੋਸਟਾਂ ਤੇ ਇਨ੍ਹਾਂ ਨੂੰ ਪੱਕੇ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਐਡਹਾਕ ਮੁਲਾਜ਼ਮਾਂ ਨੂੰ ਨਾ ਪੈਨਸ਼ਨ ਮਿਲਦੀ ਹੈ, ਨਾ ਗਰੈ-ਚਿਉਟੀ ਮਿਲਦੀ ਹੈ।

Original with;
Punjab Vidhan Sabha
Digitized by;
Panjab Digital Library

ਦਿਆਲਪੁਰਾ ਭਾਈ ਵਿਚ ਪੁਲਿਸ ਦੇ ਐਕਸ਼ਨ ਬਾਰੇ ਮੈਂ ਇਕ ਐਡਜਰਨਮੈਂਟ ਮੋਸ਼ਨ ਦਿਤੀ ਸੀ ਜਿਸ ਨੂੰ ਤੁਸੀਂ ਡਿਸਅਲਾਓ ਕਰ ਦਿਤਾ ਹੈ। ਇਥੇ ਪੁਲਿਸ ਨੇ 18-19 ਸਾਲ ਦੇ ਮੁੰਡੇ ਨੂੰ ਉਸਦੀ ਮਾਂ ਦੇ ਸਾਹਮਣੇ ਨੰਗਾ ਕਰ ਦਿਤਾ ਔਰ ਉਸ ਦੀ ਮਾਂ ਸਿਰ ਨੀਵਾਂ ਕਰਕੇ ਬੈਠੀ ਰਹੀ। ਪੁਲਿਸ ਨੇ ਉਸ ਹਰੀਜਨ ਨੂੰ ਨੰਗਾ ਕਰਕੇ ਕੁੱਟਿਆ। ਸਰਕਾਰ ਨੂੰ ਇਨ੍ਹਾਂ ਕੇਸਿਜ਼ ਵਿਚ ਪਰੈਸਟਿਜ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ ਸਗੋਂ ਇਸ ਤਰ੍ਹਾਂ ਦੇ ਕੇਸ ਵਿਚ ਪੁਲਿਸ ਅਫਸਰ ਦੇ ਖਿਲਾਫ ਐਕਸ਼ਨ ਲੈ ਕੇ ਤਬਦੀਲ ਕਰ ਦੇਣਾ ਚਾਹੀਦਾ ਹੈ। ਜੇਕਰ ਤੁਸੀਂ ਉਸ ਦੀ ਮਦਦ ਹੀ ਕਰਨੀ ਹੈ ਫੇਰ ਤੁਸੀਂ ਉਸ ਨੂੰ ਹੋਰ ਚੰਗਾ ਥਾਣਾ ਦੇ ਦਿਓ। 2 ਡਾਕਟਰਾਂ ਨੂੰ ਪੈਰਾਂ ਵਿਚ ਹਥਕੜੀਆਂ ਪਾ ਦਿੱਤੀਆਂ ਗਈਆਂ। ਇਹ ਇਕ ਏ. ਐਸ. ਆਈ. ਨੇ ਕੀਤਾ ਸੀ। ਪਰ ਜਦੋਂ ਅਸੀਂ ਐਕਸ਼ਨ ਲੈਣ ਲਈ ਮੰਗ ਕੀਤੀ ਉਸ ਨੂੰ ਕਿਹਾ ਕੁਝ ਨਹੀਂ ਸਗੋਂ ਹੋਰ ਕਿਸੇ ਨੂੰ ਸਸਪੈਂਡ ਕਰ ਦਿੱਤਾ। ਮੈਂ ਕਹਿੰਦਾ ਹਾਂ ਕਿ ਕਸੂਰਵਾਰ ਅਫਸਰ ਨੂੰ ਉਸੇ ਵੇਲੇ ਸਜ਼ਾ ਦੇ ਦੇਣੀ ਚਾਹੀਦੀ ਹੈ। ਇਸੇ ਤਰ੍ਹਾਂ ਤੀਰਥ ਰਾਮ ਦਾ ਕੇਸ ਸੀ। ਸੀ. ਐਮ. ਸਾਹਿਬ ਨੇ ਕਿਹਾ ਕਿ ਉਹ 10 ਨੰਬਰੀ ਸੀ ਪਰ ਜਦੋਂ ਇਨਕੁਆਇਰੀ ਕੀਤੀ ਤਾਂ ਪਤਾ ਲੱਗਾ ਕਿ ਫੜਿਆ ਹੋਇਆ ਤੀਰਥ ਰਾਮ ਹੋਰ ਕੋਈ ਹੈ। ਫੇਰ ਤੁਸੀਂ ਰਿਪੋਰਟ ਦੇਣ ਵਾਲੇ ਅਫ਼ਸਰ ਦੇ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ। ਇਸੇ ਤਰ੍ਹਾਂ ਅਜੀਤ ਰਾਮ ਦਾ ਕੇਸ ਸੀ ਉਸ ਨੂੰ ਟਾਰਚੱਰ ਕਰਕੇ ਉਸਨੂੰ ਥਾਣੇ ਵਿਚ ਮਾਰ ਦਿੱਤਾ ਪਰ ਰਿਪੋਰਟ ਪੁਲਿਸ ਨੇ ਦਿੱਤੀ ਕਿ ਉਸ ਨੂੰ ਅਫੀਮ ਨਾ ਮਿਲਣ ਕਰਕੇ ਉਹ ਮਰ ਗਿਆ। ਟਾਰਚੱਰ ਨੂੰ ਲੁਕਾਉਣ ਦੀ ਖਾਤਰ ਸਰਕਾਰ ਵੀ ਝੂਠ ਬੋਲਦੀ ਹੈ। ਲੋਕਾਂ ਨੇ ਮੰਗ ਕੀਤੀ ਕਿ ਉਸ ਪੁਲਿਸ ਅਫ਼ਸਰ ਨੂੰ ਤਬਦੀਲ ਕਰ ਦਿੱਤਾ ਜਾਵੇ। ਇਸ ਮੰਗ ਵਿਚ ਸਰਦਾਰ ਹਰਬੰਸ ਸਿੰਘ ਐਕਸ- ਐਮ. ਐਲ. ਏ. ਜਲਾਲਾਬਾਦ ਦੇ ਅਕਾਲੀ ਵਰਕਰਜ਼ ਔਰ ਸੀ. ਪੀ. ਐਮ. ਦੇ ਵਰਕਰਾਂ ਨੇ ਡੀਮਾਂਡ ਕੀਤੀ ਪਰ ਉਸ ਨੂੰ ਤਬਦੀਲ ਨਹੀਂ ਕੀਤਾ ਗਿਆ। ਇਤਨੇ ਮਾਮੂਲੀ ਸਟੈਪਸ ਲਈ ਸਰਕਾਰ ਨਹੀਂ ਮੰਨੀ ਔਰ ਇਸ ਦੇ ਨਾਲ ਲੋਕਾਂ ਦੇ ਵਿਚ ਜਿਹੜੀ ਰਿਜ਼ੈਂਟਮੈਂਟ ਸੀ ਉਹ ਘਟ ਸਕਦੀ ਸੀ ਅਤੇ ਐਜੀਟੇਸ਼ਨ ਖਤਮ ਹੋ ਸਕਦੀ ਸੀ। ਇਹੋ ਜਿਹੇ ਫਾਲਸ ਪ੍ਰੈਸਟੀਜ ਇਸ਼ੂ ਤੇ ਅੜੇ ਨਹੀਂ ਰਹਿਣਾ ਚਾਹੀਦਾ। ਬਲਕਿ ਸਰਕਾਰ ਨੂੰ ਕਸੂਰਵਾਰ ਅਫ਼ਸਰ ਦੇ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਇਨ੍ਹਾਂ ਲਫਜ਼ਾਂ ਦੇ ਨਾਲ ਮੈਂ ਕਹਿੰਦਾ ਹਾਂ ਕਿ ਇਹ ਬਜਟ ਐਂਟੀ ਫਾਰਮਰ, ਐਂਟੀ ਪੂਅਰ ਬਜਟ ਹੈ। ਮਹਿੰਗਾਈ 25-30% ਵੱਧ ਗਈ ਹੈ ਜਦ ਕਿ ਸਰਕਾਰ ਨੇ 12% ਰਾਹਤ ਦਿੱਤੀ ਹੈ। ਸਰਕਾਰ ਕਹਿੰਦੀ ਹੈ ਕਿ ਹੁਣ ਲਾਅ ਐਂਡ ਆਰਡਰ ਬਹੁਤ ਚੰਗਾ ਹੈ। ਇਸ ਸਟੇਟ ਦੇ ਲਾਅ ਐਂਡ ਆਰਡਰ ਦੀ ਤਸਵੀਰ ਇਸ ਗੱਲ ਤੋਂ ਨਜ਼ਰ ਆ ਜਾਂਦੀ ਹੈ ਕਿ ਇਕ ਸੀ. ਐਮ. ਦੀ ਪੱਗ ਲੈ ਜਾਵੇ ਔਰ ਉਹ ਕਹਿ ਦੇਵੇ ਕਿ ਮੇਰੀ ਪੱਗ ਹਾਲੇ ਨਹੀਂ ਲੱਥੀ ਇਸ ਤੋਂ ਵੱਡੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਵੱਧੀਆ ਕੀ ਹੋ ਸਕਦੀ ਹੈ।

**ਸ੍ਰੀ ਵਿਨੋਦ ਸ਼ਰਮਾ** (ਬਨੂੜ): ਮਾਨਯੋਗ ਡਿਪਟੀ ਸਪੀਕਰ ਸਾਹਿਬ, ਜਿਹੜਾ ਬਜਟ ਡਾਕਟਰ ਸਾਹਿਬ ਨੇ ਇਸ ਸਦਨ ਵਿਚ ਪੇਸ਼ ਕੀਤਾ ਹੈ ਇਹ ਬੜਾ ਸੋਚ ਸਮਝ ਕੇ ਅਤੇ ਸੂਝਵਾਨਤਾ ਨਾਲ ਤਿਆਰ ਕਰਕੇ ਪੇਸ਼ ਕੀਤਾ ਗਿਆ ਹੈ। ਇਸ ਬਜਟ ਦੇ ਵਿਚ ਪੰਜਾਬ ਦੇ ਲੋਕਾਂ ਦੇ ਮਿਆਰ ਨੂੰ ਉੱਚਾ ਚੁੱਕਿਆ ਗਿਆ ਹੈ।

**ਸਰਦਾਰ ਦਲੀਪ ਸਿੰਘ ਪਾਧੀ**: ** ** **

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ:** ਡਿਪਟੀ ਸਪੀਕਰ ਸਾਹਿਬ, ਪਾਂਧੀ ਸਾਹਿਬ, ਪਹਿਲੇ ਆਪਣੀ ਪਾਲਿਸੀ ਹੀ ਦੱਸ ਦੇਣ ਕੀ ਹੈ। ਸਰਦਾਰ ਬਲਵੰਤ ਸਿੰਘ ਐਕਸ-ਫਾਈਨਾਂਸ ਮਨਿਸਟਰ ਨੇ ਕੱਲ ਇੱਥੇ ਹਾਊਸ ਵਿਚ ਬੋਲਦੇ ਹੋਏ ਸਾਰੇ ਫੈਕਟਸ ਨੂੰ ਨਜ਼ਰ ਅੰਦਾਜ਼ ਕਰ ਦਿੱਤਾ। ਇਨ੍ਹਾਂ ਨੇ ਜਿਹੜੀ ਸਪੀਚ ਕੀਤੀ ਉਸਦੀ ਕੋਈ ਅਹਿਮੀਅਤ ਨਹੀਂ ਹੈ। ਇਸੇ ਤਰ੍ਹਾਂ ਅੱਜ ਐਕਸ ਸੈਂਟਰਲ ਮਨਿਸਟਰ ਬਰਨਾਲਾ ਜੀ ਨੇ ਬਜਟ ਤੇ ਸਪੀਚ ਕੀਤੀ। ਇਨ੍ਹਾਂ ਨੂੰ ਬਜਟ ਦੇ ਵਿਚ ਖਿਲਾਫ ਬੋਲਣ ਲਈ ਕੁਝ ਲੱਭਾ ਨਹੀਂ ਔਰ ਇਹ ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਨੂੰ ਲੈ ਕੇ ਬੈਠ ਗਏ ਔਰ ਇਥੇ ਹਾਊਸ ਵਿਚ ਡਿਸਕਸ ਕਰਨਾ ਸ਼ੁਰੂ ਕਰ ਦਿੱਤਾ। ਮੈਂ ਦੱਸਦਾ ਹਾਂ ਕਿ ਅਕਾਲੀਆਂ ਦੇ ਰਾਜ ਵਿਚ ਕਦੇ ਵੀ ਬਜਟ 260 ਕਰੋੜ ਰੁਪਏ ਤੋਂ ਵੱਧ ਨਹੀਂ ਗਿਆ ਸੀ ਜਦ ਕਿ ਹੁਣ ਇਹ ਵੱਧ ਕੇ ਡਿਪਟੀ ਸਪੀਕਰ ਸਾਹਿਬ, 385 ਕਰੋੜ ਰੁਪਏ ਦਾ ਪਲਾਨ ਹੈ। ਜਿਹੜਾ ਢਾਂਚਾ ਵਿਗੜ ਚੁੱਕਾ ਸੀ, ਉਸਨੂੰ ਠੀਕ ਕਰਨ ਲਈ ਪੰਜਾਬ ਸਰਕਾਰ ਨੇ ਕੰਮ ਕੀਤਾ ਹੈ। ਮੈਂ ਇਸ ਗਲ ਦੀ, ਡਿਪਟੀ ਸਪੀਕਰ ਸਾਹਿਬ, ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ। 189 ਕਰੋੜ ਰੁਪਿਆ ਬਿਜਲੀ ਵਾਸਤੇ ਬਜਟ ਵਿਚ ਰਖਿਆ ਗਿਆ ਹੈ

**ਸਰਦਾਰ ਆਤਮਾ ਸਿੰਘ:** ** ** **

**ਸ੍ਰੀ ਡਿਪਟੀ ਸਪੀਕਰ:** ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ:** ਅਸੀਂ ਐਗਰੀਕਲਚਰ ਵਿਚ ਬਹੁਤ ਤਰੱਕੀ ਕਰ ਰਹੇ ਹਾਂ। ਮੇਰੇ ਮਾਨਯੋਗ ਮੈਂਬਰ ਪਿੰਡਾਂ ਵਿਚ ਜਾਂਦੇ ਹਨ ਅਤੇ ਦੇਖਦੇ ਹਨ ਕਿ ਜਿਤਨੀ ਜ਼ਮੀਨ ਪੰਜਾਬ ਵਿਚ ਅੱਜ ਹੈ, ਉਹ ਵੱਧ ਨਹੀਂ ਸਕਦੀ। ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿਚ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਪੜ੍ਹਿਆ ਗਿਆ ਅਤੇ ਕਿਹਾ ਗਿਆ ਕਿ ਪੰਜਾਬ ਦੇ ਕੁਝ ਹਿਸੇ ਜਿਹੜੇ ਪੰਜਾਬ ਤੋਂ ਬਾਹਰ ਰਹਿ ਗਏ ਹਨ, ਉਹ ਹਿਸੇ ਪੰਜਾਬ ਵਿਚ ਸ਼ਾਮਲ ਕੀਤੇ ਜਾਣ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਆਪਸ ਵਿਚ ਕੋਈ ਫੈਸਲਾ ਨਹੀਂ ਹੁੰਦਾ ਹੈ। ਕੋਈ ਕਹਿੰਦਾ ਹੈ ਕਿ ਇਲਾਕੇ ਜਿਹੜੇ ਰਹਿ ਗਏ ਹਨ, ਉਹ ਪੰਜਾਬ ਵਿਚ ਸ਼ਾਮਲ ਨਹੀਂ ਕਰਨੇ ਚਾਹੀਦੇ ਹੋਰ ਕੋਈ ਕਹਿੰਦਾ ਹੈ ਕਿ ਉਹ ਇਲਾਕੇ ਜਿਹੜੇ ਰਹਿ ਗਏ ਹਨ, ਉਹ ਸ਼ਾਮਲ ਕਰਨੇ ਚਾਹੀਦੇ ਹਨ। ਅਕਾਲੀਆਂ ਦਾ ਪ੍ਰਧਾਨ ਲੌਂਗੋਵਾਲ ਹੋਰ ਕੁਝ ਕਹਿੰਦਾ ਹੈ। ਇਨ੍ਹਾਂ ਦੀਆਂ ਛੇ, ਸੱਤ ਪਾਰਟੀਆਂ ਬਣੀਆਂ ਹੋਈਆਂ ਹਨ। ਸਭ ਪਾਰਟੀਆਂ ਦੇ ਵਿਚਾਰ ਅਲੱਗ, ਅਲੱਗ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਤਕ ਪੰਜਾਬ ਦੀ ਇੰਡਸਟਰੀਜ਼ ਨੂੰ ਉਤਾਂਹ ਨਹੀਂ ਚੁਕਿਆ ਜਾਂਦਾ ਉਦੋਂ ਤਕ ਪੰਜਾਬ ਦੇ ਨੌਜਵਾਨ ਜਿਹੜੇ ਬੇਰੋਜ਼ਗਾਰ ਹਨ, ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲ ਸਕਦਾ। ਪੰਜਾਬ ਦੀ ਇੰਡਸਟਰੀਜ਼ ਨੂੰ ਉਪਰ ਚੁੱਕਣ ਵਾਸਤੇ ਪੰਜਾਬ ਸਰਕਾਰ ਨੇ ਬਿਜਲੀ ਲਈ 189 ਕਰੋੜ ਰੁਪਿਆ ਰਖਿਆ ਹੈ। ਇਸ ਗਲ ਦੀ ਮੈਂ ਪੰਜਾਬ ਸਰਕਾਰ ਨੂੰ ਵਧਾਈ ਦਿੰਦਾ ਹਾਂ। ਪੰਜਾਬ ਦੀ ਤਰੱਕੀ ਵਾਸਤੇ ਔਰ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਜਿਹੜੀ ਚੀਜ਼ ਦੀ ਫੌਰੀ ਜ਼ਰੂਰਤ ਹੈ, ਉਸ ਵਲ ਸਾਡੀ ਸਰਕਾਰ ਨੇ ਧਿਆਨ ਦਿਤਾ ਹੈ। ਦੂਸਰਾ ਡਿਪਟੀ ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਹੋਰਾਂ ਨੇ ਕਰਜ਼ਿਆਂ ਦਾ ਜ਼ਿਕਰ ਕੀਤਾ ਹੈ। ਹਰੀਜਨ ਅਤੇ ਗਰੀਬ ਲੋਕਾਂ ਨੂੰ ਪੰਜ, ਪੰਜ ਹਜ਼ਾਰ ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਡਿਪਟੀ ਸਪੀਕਰ ਸਾਹਿਬ,

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਮੈਨੂੰ ਸਮਝ ਨਹੀਂ ਆਉਂਦੀ ਹੈ ਕਿ ਕਰੋੜਾਂ ਰੁਪਏ ਗਰੀਬਾਂ ਨੂੰ ਮਿਲਣ ਬਾਰੇ ਆਬਜੈਕਸ਼ਨ ਸਰਦਾਰ ਬਲਵੰਤ ਸਿੰਘ ਜੀ ਵਲੋਂ ਕਿਉਂ ਕੀਤਾ ਜਾਂਦਾ ਹੈ। 3600 ਰੁਪਏ ਸਾਲਾਨਾ ਇਨਕਮ ਵਾਲਿਆਂ ਨੂੰ ਜੋ ਕਿ ਗਰੀਬੀ ਦੀ ਲਾਈਨ ਤੋਂ ਥੱਲੇ ਹਨ, ਉਨ੍ਹਾਂ ਨੂੰ ਸੱਸਤੇ ਰੇਟ ਤੇ ਪੰਜਾਬ ਸਰਕਾਰ ਚੀਜ਼ਾਂ ਮੁਹੱਈਆ ਕਰ ਰਹੀ ਹੈ । ਉਸ ਲਈ ਮੈਂ ਆਪਣੀ ਸਰਕਾਰ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਪਿਛਲੇ ਡੇਢ ਸਾਲ ਤੋਂ 20,000 ਮਕਾਨ ਗਰੀਬ ਹਰੀਜਨਾਂ ਅਤੇ ਗਰੀਬ ਲੋਕਾਂ ਲਈ ਬਣਾਕੇ ਦਿੱਤੇ ਹਨ। ਉਨ੍ਹਾਂ ਗਰੀਬ ਲੋਕਾਂ ਨੂੰ 27.17 ਕਰੋੜ ਰੁਪਏ ਦਿਤੇ ਹਨ। 33% ਸਬਸਿਡੀ, ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਗਰੀਬਾਂ ਨੂੰ ਦਿਤੀ ਗਈ ਹੈ। ਮੇਰੇ ਖਿਆਲ ਵਿਚ ਇਤਨੀ ਸਬਸਿਡੀ ਪਹਿਲਾਂ ਕਿਸੇ ਹੋਰ ਸਰਕਾਰ ਨੇ ਨਹੀਂ ਦਿਤੀ। 92,968 ਲੋਕਾਂ ਨੂੰ ਇਸਦਾ ਫਾਇਦਾ ਹੋਇਆ ਹੈ। 1981-82 ਵਿਚ 19.56 ਕਰੋੜ ਰੁਪਏ ਸ਼ੈਡਿਊਲਡ ਕਾਸਟਸ ਅਤੇ ਬੈਕਵਰਡ ਕਲਾਸ ਦੇ ਬੰਦਿਆਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਬਜਟ ਵਿਚ ਰਖਿਆ ਗਿਆ ਸੀ। ਇਸ ਨਾਲ 9727 ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਦਾ ਧਿਆਨ ਗਰੀਬਾਂ ਵਲ ਗਿਆ ਹੈ। ਗਰੀਬਾਂ ਲਈ ਬਹੁਤ ਸਰਾਹਨਾ ਯੋਗ ਕੰਮ ਚੁਕਿਆ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਪਹਿਲੀ ਸਰਕਾਰ ਨੇ ਤਾਂ ਲੈਂਡ ਲਾਰਡਜ਼ ਦਾ ਹੀ ਖਿਆਲ ਰਖਿਆ । ਸਾਡੀ ਸਰਕਾਰ ਨੇ ਕੰਡੀ ਏਰੀਆ ਅਤੇ ਬੇਟ ਏਰੀਆ ਲਈ ਬਹੁਤ ਸਕੀਮਾਂ ਬਣਾਈਆਂ ਹਨ ਜਿਸ ਨਾਲ ਕੰਡੀ ਏਰੀਆ ਅਤੇ ਬੇਟ ਏਰੀਆ ਦੇ ਲੋਕਾਂ ਨੂੰ ਫਾਇਦਾ ਹੋਵੇਗਾ। ਉਨ੍ਹਾਂ ਦਾ ਜੀਵਨ ਪੱਧਰ ਸੁਧਰੇਗਾ। ਡਿਪਟੀ ਸਪੀਕਰ ਸਾਹਿਬ, ਮੇਰੇ ਕੁਝ ਭਰਾਵਾਂ ਨੇ 20 ਨੁਕਾਤੀ ਪ੍ਰੋਗਰਾਮ ਦਾ ਜ਼ਿਕਰ ਕੀਤਾ ਹੈ । ਸਾਡੀ ਪੰਜਾਬ ਸਰਕਾਰ ਵਲੋਂ ਕਰੋੜਾਂ ਰੁਪਏ 20 ਨੁਕਾਤੀ ਪ੍ਰੋਗਰਾਮ ਤੇ ਖਰਚ ਕੀਤੇ ਜਾਣਗੇ। ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਜੀ ਨੇ ਬੜੀ ਸੂਝ ਬੂਝ ਦੇ ਨਾਲ ਇਹ 20 ਨੁਕਾਤੀ ਪ੍ਰੋਗਰਾਮ ਬਣਾਇਆ ਹੈ। ਇਸ ਪ੍ਰੋਗਰਾਮ ਨਾਲ ਗਰੀਬਾਂ ਦਾ ਪੱਧਰ ਉੱਚਾ ਹੋਵੇਗਾ ਅਤੇ ਪਛੜੇ ਹੋਏ ਵਰਗਾਂ ਦਾ ਸੁਧਾਰ ਹੋਵੇਗਾ ਅਤੇ ਦੇਸ਼ ਤਰੱਕੀ ਕਰੇਗਾ।

**ਸਰਦਾਰ ਪ੍ਰਕਾਸ਼ ਸਿੰਘ ਬਾਦਲ**: ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸਪੀਕਰ ਸਾਹਿਬ ਨੇ ਕਿਹਾ ਸੀ ਕਿ ਹਾਊਸ ਐਡਜਰਨ ਹੋਣ ਤੋਂ ਪਹਿਲਾਂ ਪਹਿਲਾਂ ਮੈਂ ਆਪਣੀ ਰੂਲਿੰਗ ਦੇਵਾਂਗਾ। ਹਾਊਸ ਐਡਜਰਨ ਹੋਣ ਵਿਚ 15 ਮਿੰਟ ਬਾਕੀ ਰਹਿ ਗਏ ਹਨ ਪਰ ਸਪੀਕਰ ਸਾਹਿਬ ਵਲੋਂ ਅਜੇ ਤਕ ਕੋਈ ਰੂਲਿੰਗ ਨਹੀਂ ਆਈ।

---

## EXTENSION OF TIME OF THE SITTING

**Mr. Deputy Speaker**: Is it the pleasure of the House that the time of the sitting of the House be extended for half an hour?

(Voices Yes, yes)

**Mr. Deputy Speaker** : The time of the sitting of the House is extended upto 2.00 P. M.

---

## GENERAL DISCUSSION ON BUDGET ESTIMATES FOR THE YEAR 1982-83 *(Resumption)*

**ਸ੍ਰੀ ਵਿਨੋਦ ਸ਼ਰਮਾ** : ਡਿਪਟੀ ਸਪੀਕਰ ਸਾਹਿਬ, ਪੰਜਾਬ ਦੀ ਜਦੋਂ ਤਰੱਕੀ ਹੋ ਰਹੀ ਹੈ ਤਾਂ ਆਪੋਜ਼ੀਸ਼ਨ ਦੇ ਵੀਰਾਂ ਨੇ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਪਾਉਣ ਦਾ ਤਹੱਈਆ ਕਰ ਲਿਆ ਹੈ। ਇਥੇ ਸਦਨ ਵਿਚ ਅਨੰਦਪੁਰ ਸਾਹਿਬ ਦਾ ਮਤਾ ਪੜ੍ਹਕੇ ਹਾਊਸ ਦਾ ਵਕਤ ਖਰਾਬ ਕੀਤਾ ਗਿਆ ਹੈ।

Original with;
Punjab Vidhan Sabha
Digitized by;
Panjab Digital Library

[ਸ੍ਰੀ ਵਿਨੋਦ ਸ਼ਰਮਾ]

ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦੇ ਮਤੇ ਦਾ ਇਥੇ ਕੋਈ ਸਬੰਧ ਨਹੀਂ ਹੈ। ਇਨ੍ਹਾਂ ਦੀ ਪਾਰਟੀ ਦੇ ਪੰਜ ਛੇ ਹਿੱਸੇ ਹੋ ਚੁਕੇ ਹਨ। ਇਨ੍ਹਾਂ ਦੀ ਪਾਰਟੀ ਸਿਰਫ 10--15% ਨੂੰ ਰਿਪਰਜ਼ੈਂਟ ਕਰਦੀ ਹੈ। ਇਹ ਰੈਜ਼ੋਲਿਉਸ਼ਨ ਆਪਣੀ ਪਾਰਟੀ ਵਿਚ ਪੜ੍ਹਨ ਔਰ ਇਥੇ ਹਾਊਸ ਵਿਚ ਪੜ੍ਹਨ ਦੀ ਕੋਈ ਜ਼ਰੂਰਤ ਨਹੀਂ ਹੈ। ਇਥੇ ਸਰਦਾਰ ਬਲਵੰਤ ਸਿੰਘ ਹੋਰਾਂ ਨੇ ਕਿਹਾ ਹੈ ਕਿ ਅਸੀਂ ਜਮਰੋਦ ਦੇ ਕਿਲੇ ਵਿਚ ਹਿੰਦੂਆਂ ਦੀਆਂ ਔਰਤਾਂ ਨੂੰ ਬਚਾਇਆ ਹੈ। ਮੈਨੂੰ, ਡਿਪਟੀ ਸਪੀਕਰ ਸਾਹਿਬ, ਸਮਝ ਨਹੀਂ ਆਉਂਦੀ ਕਿ ਇਹ ਕਿਹੜੀ ਸ਼ਤਾਬਦੀ ਦੀ ਗੱਲ ਕਰਦੇ ਹਨ। ਹਿੰਦੁਸਤਾਨ ਵਿਚ ਜਦੋਂ ਕੋਈ ਵੀ ਮੌਕਾ ਆਇਆ ਤਾਂ ਸਾਡੇ ਸਿੱਖ ਗੁਰੂਆਂ ਨੇ ਸਾਰੇ ਧਰਮਾਂ ਦੀ ਰਕਸ਼ਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਵੀ ਕਿਸੇ ਧਰਮ ਜਾਂ ਕਿਸੇ ਤੇ ਵੀ ਆਂਚ ਆਈ ਤਾਂ ਸਿੱਖ ਗੁਰੂਆਂ ਨੇ ਮਦਦ ਕੀਤੀ। ਉਨ੍ਹਾਂ ਨੇ ਆਪਣੀ ਸਪੀਚ ਵਿਚ ਕਿਹਾ ਹੈ ਕਿ--

> "The life of mankind whether Hindus or Muslims is one. The same should be nourished and all recognised no distinction amongst them. (Interruption and noise).

**ਸ੍ਰੀ ਡਿਪਟੀ ਸਪੀਕਰ** : ਸਾਰੇ ਆਨਰੇਬਲ ਮੈਂਬਰ ਸਾਹਿਬਾਨ ਜੋ ਸ੍ਰੀ ਵਿਨੋਦ ਸ਼ਰਮਾ ਜੀ ਬੋਲ ਰਹੇ ਹਨ, ਉਨ੍ਹਾਂ ਨੂੰ ਸੁਣਨ।

**ਸ੍ਰੀ ਵਿਨੋਦ ਸ਼ਰਮਾ** : ਇਕਬਾਲ ਨੇ ਠੀਕ ਕਿਹਾ ਹੈ:--

"ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ.
ਹਿੰਦੀ ਹੈਂ ਹਮ ਵਤਨ ਹੈ ਹਿੰਦੁਸਤਾਨ ਹਮਾਰਾ"।

ਬਾਦਲ ਸਾਹਿਬ ਦਾ ਮੈਂ ਬੜਾ ਸਤਿਕਾਰ ਕਰਦਾ ਹਾਂ। ਇਨ੍ਹਾਂ ਨੇ ਕਿਹਾ ਕਿ ਮੈਂ ਨੈਸ਼ਨਲਿਸਟ ਹਾਂ। ਮੈਂ ਇਨ੍ਹਾਂ ਦੀ ਬੜੀ ਕਦਰ ਕਰਦਾ ਹਾਂ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦਾ ਹਰ ਸ਼ਹਿਰੀ ਨੈਸ਼ਨਲਿਸਟ ਹੋਣਾ ਚਾਹੀਦਾ ਹੈ। ਬਾਦਲ ਸਾਹਿਬ ਇਸ ਗਲ ਨੂੰ ਮੁੱਖ ਰਖਦੇ ਹਨ ਕਿ ਪੰਜਾਬ ਦੇ ਜੋ ਫਾਇਦੇ ਹੋਣੇ ਹਨ ਉਸ ਲਈ ਲੜਾਈ ਹੋਣੀ ਚਾਹੀਦੀ ਹੈ। ਇਹ ਠੀਕ ਹੈ ਕਿ ਪੰਜਾਬ ਦੇ ਫਾਇਦਿਆਂ ਲਈ ਲੜਾਈ ਲੜਨੀ ਚਾਹੀਦੀ ਹੈ (ਘੰਟੀ) ਮੈਂ ਹਾਲੇ ਕਾਫੀ ਕੁਝ ਕਹਿਣਾ ਹੈ। ਪਰ ਬਾਦਲ ਸਾਹਿਬ ਨੇ ਕੁਝ ਗੱਲਾਂ ਅਜਿਹੀਆਂ ਕਹੀਆਂ ਜਿਨ੍ਹਾਂ ਬਾਰੇ ਬਹੁਤ ਦੁੱਖ ਹੁੰਦਾ ਹੈ। ਇਹ ਬੜੇ ਜ਼ਿੰਮੇਵਾਰ ਆਦਮੀ ਹਨ ਔਰ ਆਪੋਜ਼ੀਸ਼ਨ ਦੇ ਲੀਡਰ ਹਨ। ਇਨ੍ਹਾਂ ਦੀ ਬਹੁਤ ਜ਼ਿਆਦਾ ਮਾਨਤਾ ਹੈ। ਪਰ ਪਤਾ ਨਹੀਂ ਇਹ ਜਾਣ ਬੁਝ ਕੇ ਜਾਂ ਇਨ੍ਹਾਂ ਦੀਆਂ ਕੁਝ ਮਜਬੂਰੀਆਂ ਹਨ ਜਿਨ੍ਹਾਂ ਕਰਕੇ ਇਹ ਚੁਪ ਰਹਿੰਦੇ ਹਨ ਜਾਂ ਨਾਨ-ਕੁਮਿੱਟਲ ਰਹਿੰਦੇ ਹਨ ਜਾਂ ਜਾਣ ਬੁਝਕੇ ਇਹ ਹਵਾ ਦੇਣਾ ਚਾਹੁੰਦੇ ਹਨ। ਮੇਰੇ ਸਾਹਮਣੇ ਅਖਬਾਰ ਪਏ ਹਨ।

There was a news in the Indian Express dated 19th January, 1982 under the heading 'Dal-L to fight cases of alleged killers.' Mr. Harchand Singh Longowal, Akali Dal (L) President said that "The Akali Dal (L) would fight the cases of alleged killers indicted by the State Government in recent shooting incidents."

**ਸ੍ਰੀ ਵਿਨੋਦ ਸ਼ਰਮਾ** : ** ** **

(Noises in the House)

The police is after that killer to arrest him.

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

ਜੋ ਬਹੁਤ ਹੀ ਜ਼ਿੰਮੇਵਾਰ ਦਲ ਦੇ ਪ੍ਰੈਜ਼ੀਡੈਂਟ ਹਨ, ਉਹ ਇਹ ਗਲ ਕਰ ਰਹੇ ਹਨ (ਵਿਘਨ) ਡਿਪਟੀ ਸਪੀਕਰ ਸਾਹਿਬ, ਇਹ ਸਮਝ ਨਹੀਂ ਆਉਂਦੀ ਕਿ ਕਿਉਂ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ। ਸਾਡਾ ਇਕ ਦੇਸ਼ ਹੈ ਔਰ ਸਾਰੇ ਤੁਸੀਂ ਇਸ ਦੇਸ਼ ਦੇ ਵਾਸੀ ਹੋ। ਪਰ ਫਿਰ ਕਿਉਂ ਇਥੇ ਪੰਜਾਬ ਵਿਚ ਘਿਰਣਾ ਦਾ ਵਾਤਾਵਰਨ ਪੈਦਾ ਕਰਨਾ ਚਾਹੁੰਦੇ ਹਨ। ਜਿਨ੍ਹਾਂ ਨੇ ਕਤਲੇ ਆਮ ਕੀਤਾ ਹੈ ਉਨ੍ਹਾਂ ਵਾਸਤੇ ਤੁਹਾਨੂੰ ਆਪਣੀ ਪਾਰਟੀ ਵਿਚ ਫੈਸਲਾ ਕਰਨਾ ਚਾਹੀਦਾ ਹੈ।

**ਵੈਦ ਕਰਤਾਰ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ** : ਮੇਰੇ ਤੋਂ ਪਹਿਲਾਂ ਮਾਸਟਰ ਬਾਬੂ ਸਿੰਘ ਜੀ ਨੇ ਵੀ ਕਿਹਾ ਹੈ। ਗੁਰਦਾਸਪੁਰ ਤੋਂ ਸੰਤ ਭਿੰਡਰਾਂਵਾਲਾ ਦੀ ਸਟੇਟਮੈਂਟ ਹੈ।

In the 'Hindustan Times' dated 29th October, 1981, "Mr. Bhindranwala also suggested separate flights of the Indian Airlines for the Sikhs to enable them to carry kirpans. He added that the crew members of such flights should also be Sikhs. He also rebuked the Sikhs who condemned the Hijackers."

ਸਾਡੇ ਦੇਸ਼ ਵਿਚੋਂ ਹਵਾਈ ਜਹਾਜ਼ ਨੂੰ ਹਾਈਜੈਕ ਕਰਕੇ ਦੂਸਰੇ ਦੇਸ਼ ਨੂੰ ਲੈ ਜਾਇਆ ਜਾਏ, ਇਹ ਸਾਡੇ ਦੇਸ਼ ਦੀ ਬੇਇਜ਼ਤੀ ਹੈ। (ਵਿਘਨ) ਇਸ ਮਾਮਲੇ ਨੂੰ ਇੰਟਰਨੈਸ਼ਨਲ ਲੇਵਲ ਤੇ ਲਿਜਾਣ ਦੀ ਕੋਸ਼ਿਸ਼ ਕੀਤੀ ਗਈ।

**ਵੈਦ ਕਰਤਾਰ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ** : ਇਨ੍ਹਾਂ ਵਲੋਂ ਆਵਾਜ਼ ਆਈ ਸੀ ਕਿ ਜੇਕਰ ਇਹ ਮੁਜਰਮ ਨਹੀਂ ਪਕੜ ਸਕਦੇ ਤਾਂ ਸਾਨੂੰ ਦੱਸੋ। ਇਸ ਦਾ ਮਤਲਬ ਹੋਇਆ ਕਿ ਇਨ੍ਹਾਂ ਪਾਸ ਉਹ ਰਹਿੰਦੇ ਹਨ (ਵਿਘਨ) ਧਾਰਮਿਕ ਸਥਾਨਾਂ ਵਿਚ ਮੁਜਰਮਾਂ ਨੂੰ ਪਨਾਹ ਦਿੱਤੀ ਜਾਏ ਇਹ ਠੀਕ ਨਹੀਂ ਹੈ।

**ਸਰਦਾਰ ਆਤਮਾ ਸਿੰਘ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਵਿਨੋਦ ਸ਼ਰਮਾ** : ਮੈਂ ਇਹ ਗੱਲਾਂ ਨੂੰ ਇਸ ਕਰਕੇ ਸਦਨ ਦੇ ਸਾਹਮਣੇ ਲਿਆ ਰਿਹਾ ਹਾਂ ਕਿਉਂਕਿ ਕੁਝ ਮੈਂਬਰਾਂ ਨੇ ਕਿਹਾ ਹੈ ਔਰ ਉਹ ਅਖਬਾਰਾਂ ਵਿਚ ਛਪਿਆ ਹੈ ਕਿ ਸਿਖ ਉਸ ਨੂੰ ਮੰਨਿਆਂ ਜਾਏਗਾ ਜਿਹੜਾ ਐਸ. ਐਸ. ਪੀ. ਭੱਟੀ. ਜਿਹੜਾ ਆਪਣੀ ਡਿਊਟੀ ਕਰ ਰਿਹਾ ਹੈ ਔਰ ਜਿਸ ਨੇ ਆਪਣੀ ਡਿਊਟੀ ਕੀਤੀ ਹੈ, ਉਸ ਬਾਰੇ ਇਹ ਕਿਹਾ ਗਿਆ ਹੈ ਕਿ ਜਿਹੜਾ ਉਸ ਨੂੰ ਜ਼ਿੰਦਾ ਜਲਾਏਗਾ ਉਸ ਨੂੰ ਸਿੱਖ ਮੰਨਿਆ ਜਾਏਗਾ। ਇਸ ਦਾ ਮਤਲਬ ਹੋਇਆ ਕਿ ਸਿੱਖ ਸਿਰਫ ਉਸ ਨੂੰ ਮੰਨਿਆ ਜਾ ਸਕਦਾ ਹੈ ਜਿਹੜਾ ਇਹੋ ਜਿਹਾ ਵਾਤਾਵਰਣ ਪੈਦਾ ਕਰੇ।

**ਸਰਦਾਰ ਬਸੰਤ ਸਿੰਘ ਖਾਲਸਾ** : ** ** **

---

**Expunged as ordered by the Chair.

Original with;
Panjab Vidhan Sabha
Digitized by;
Panjab Digital Library

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਰਵੀ ਇੰਦਰ ਸਿੰਘ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦੋ ਪ੍ਰਿੰਸੀਪਲਜ਼ ਇਨਵਾਲਵਡ ਹਨ। ਇੱਕ ਪ੍ਰਿੰਸੀਪਲ ਇਨਵਾਲਵਡ ਹੈ ਕਿ ਜਿਹੜਾ ਵਿਅਕਤੀ ਹਾਊਸ ਵਿਚ ਨਾ ਹੋਵੇ ਔਰ ਆਪਣੇ ਆਪਣੇ ਨੂੰ ਪ੍ਰੋਟੈਕਟ ਨਾ ਕਰ ਸਕੇ ......

1.30 P.M. (ਇਸ ਸਮੇਂ ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸ਼ਰਮਾ ਸਾਹਿਬ ਕਾਂਗਰਸ ਬੈਂਚ ਤੋਂ ਬੋਲ ਰਹੇ ਹਨ ਇਨ੍ਹਾਂ ਨੇ ਕੁਝ ਰੈਫਰੈਂਸ ਕੀਤਾ ਹੈ ਉਨ੍ਹਾਂ ਵਿਅਕਤੀਆਂ ਦੇ ਮੁਤਅੱਲਕ ਬਾਈ ਨੇਮ ਜਿਹੜੇ ਵਿਅਕਤੀ ਇਸ ਹਾਊਸ ਵਿਚ ਮੌਜੂਦ ਨਹੀਂ ਔਰ ਆਪਣੇ ਆਪ ਨੂੰ ਡੀਫੈਂਡ ਨਹੀਂ ਕਰ ਸਕਦੇ। ਦੂਜੀ ਗੱਲ ਇਹ ਹੈ ਕਿ ਇਨ੍ਹਾਂ ਨੇ ਜੋ ਰੈਫਰੈਂਸ ਕੀਤਾ ਹੈ ਕੁਝ ਐਸੇ ਵਿਅਕਤੀਆਂ ਦੇ ਮੁਤਅੱਲਕ ਹੈ ਜਿਨ੍ਹਾਂ ਬਾਰੇ ਕੇਸ ਸਰਕਾਰ ਨੇ ਅਦਾਲਤ ਵਿਚ ਦਿੱਤਾ ਹੋਇਆ ਹੈ ਲੇਕਿਨ ਅਜੇ ਤਕ ਉਨ੍ਹਾਂ ਕੇਸਿਜ਼ ਬਾਰੇ ਫੈਸਲਾ ਨਹੀਂ ਹੋਇਆ। ਇਹ ਜਿਹੜਾ ਮਾਮਲਾ ਸਬਜੁਡਿਸ ਹੈ ਇਸ ਬਾਰੇ ਕਿਸੇ ਬੰਦੇ ਨੂੰ ਕਾਤਲ ਕਹਿਣਾ ਬੀਫੋਰ ਡਿਸੀਜ਼ਨ ਆਫ ਦੀ ਕੇਸ, ਇਹ ਠੀਕ ਨਹੀਂ ਹੈ।

I think that this is a matter which should be expunged and should not form part of the proceedings.

**Mr. Speaker** : Stands expunged.

---

## QUESTION OF PRIVILEGE
## (*Resumption*)

**ਸ਼੍ਰੀ ਸਪੀਕਰ** : ਮੈਂ ਪਹਿਲਾਂ ਹਾਊਸ ਨੂੰ ਵਾਅਦਾ ਕੀਤਾ ਸੀ ਕਿ ਮੈਂ ਅੱਜ ਪ੍ਰਿਵਿਲਿਜ ਮੋਸ਼ਨ ਤੇ ਆਪਣੀ ਰੂਲਿੰਗ ਦਿਆਂਗਾ। ਉਹ ਜਿਹੜੀ ਪ੍ਰਿਵਿਲਿਜ ਮੋਸ਼ਨ ਸੀ ਉਹ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਸਪੱਸ਼ਟੀਕਰਨ ਵਾਸਤੇ ਭੇਜੀ ਸੀ। ਉਨ੍ਹਾਂ ਨੇ ਉਸ ਦਾ ਜਵਾਬ ਦਿਤਾ ਹੈ। ਉਨ੍ਹਾਂ ਨੇ ਲਿਖਿਆ ਹੈ :—

'Today, the Leader of Opposition and some Opposition Leaders have drawn the attention of the hon. Speaker to the alleged violation of the privilege of the Members of the House by the issue of a notice of a meeting proposed to be held under the Chairmanship of the Chief Minister, Punjab, this afternoon to discuss the formulation of Code of Conduct for the Legislators outside and inside the House as well as their relation ship with the Civil Serviees.

The question of Code of Conduet for Legislators has been the subject matter of various recommendations by the Administrative Reforms Commission, Santhanam Commission of Enquiry and has also figured in the Conference of Chief Whips at different times. When the Department of Parliamentary Affairs submitted the matter to me I had said that during the course of the Assembly Session, O'pposition Leaders of the Assembly should be contacted and their opinion sought in the matter.

I fully appreciate that the Code of Conduct can only be finally formulated and adopted by this August Houseinits own wisdom. At best, as Leader of the Government, I can only place some proposals before the hon. Speaker and that, too, after consulting the hon. Leader of the Opposition and other senior Legislators.

In view of the feeling of the hon. Members, I have already cancelled the meeting and an issuing directions that in future, no such notiecs should be issued to the hon. Members other than under my signatures or that of my Cabinet colleagues, as the case may be.'

Original with;
Punjab Vidhan Sabha
Digitized by;
Panjab Digital Library

In view of the above clarification I do not give my consent to the question of privilege being raised.

The House stands adjourned till 9.00 A.M. on Wednesday, the 17th March, 1982.

*

*1.33 P.M. (*The Sabha then adjourned till* 9.00 *A.M. on Wednesday, the* 17*th March,* 1982)

**

**

5460 PVS—Govt. Press, Chd.

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

Original wi...
Punjab Vid...n Sabha
Digitized by...
Panjab Digital Library

© 1982

Published under the authority of the Punjab Vidhan Sabha and printed by Controller, Ptg., and Sty. Deptt. U.T., Chandigarh.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digiti
Panjab Digital Library

RB-19115

44.

Chief ...
Punjab ... Sabha
Chandig...

Original with:
Punjab Vidhan Sabha
Digitized by:
Panjab Digital Library